# ਕਵੀ ਸੰਤਰੇਣ ਕ੍ਰਿਤ ਗੁਰੂ ਨਾਨਕ ਵਿਜੈ ਗ੍ਰੰਥ : ਇਕ ਅਧਿਐਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਸੋਸ਼ਲ-ਸਾਇੰਸਿਜ਼ ਫ਼ੈਕਲਟੀ ਅਧੀਨ ਧਰਮ ਅਧਿਐਨ ਵਿਭਾਗ ਵਿਚ

ਪੀਐਚ. ਡੀ. ਦੀ ਉਪਾਧੀ ਹਿਤ ਪ੍ਰਸਤੁਤ

ਖੋਜ-ਪ੍ਰਬੰਧ

*2019*


*ਨਿਗਰਾਨ*

19/8/19

**ਡਾ. ਬਲਵਿੰਦਰਜੀਤ ਕੌਰ ਭੱਟੀ**

ਪ੍ਰੋਫ਼ੈਸਰ ਅਤੇ ਮੁਖੀ

ਪੰਜਾਬ ਇਤਿਹਾਸ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ।

*ਖੋਜਾਰਥੀ*

Mallinder Singh

**ਮਲਕਿੰਦਰ ਸਿੰਘ**


PUNJABI UNIVERSITY PATIALA


**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,**

**ਪੰਜਾਬੀ ਯੂਨੀਵਰਸਿਟੀ, ਪਟਿਆਲਾ।**



Scanned by CamScanner

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਮਲਕਿੰਦਰ ਸਿੰਘ ਨੇ **ਕਵੀ ਸੰਤਰੇਣ ਕ੍ਰਿਤ ਗੁਰੂ ਨਾਨਕ ਵਿਜੈ ਗ੍ਰੰਥ : ਇਕ ਅਧਿਐਨ** ਵਿਸ਼ੇ ਉਤੇ ਪੀਐਚ. ਡੀ. (ਧਰਮ ਅਧਿਐਨ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਖੋਜ-ਕਾਰਜ ਹੈ ਅਤੇ ਉਸਦੇ ਨਿਜੀ ਅਕਾਦਮਿਕ ਪ੍ਰਯਤਨ ਦਾ ਫਲ ਹੈ। ਮੈਂ ਇਸ ਖੋਜ-ਕਾਰਜ ਨੂੰ ਪੀਐਚ. ਡੀ.(ਧਰਮ ਅਧਿਐਨ) ਦੀ ਉਪਾਧੀ ਲਈ ਪੂਰੀ ਤਰ੍ਹਾਂ ਯੋਗ ਸਮਝਦੀ ਹੋਈ, ਇਸਦੇ ਮੁਲਾਂਕਣ ਲਈ ਪ੍ਰਸਤੁਤ ਕਰਨ ਦੀ ਸਿਫ਼ਾਰਿਸ਼ ਕਰਦੀ ਹਾਂ।

ਮਿਤੀ:- 19/08/2019

ਨਿਗਰਾਨ

ਬਲਵਿੰਦਰਜੀਤ ਕੌਰ 19/8/19

**ਡਾ. ਬਲਵਿੰਦਰਜੀਤ ਕੌਰ ਭੱਟੀ**

ਪ੍ਰੋਫ਼ੈਸਰ ਅਤੇ ਮੁਖੀ

ਪੰਜਾਬ ਇਤਿਹਾਸ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ।

Scanned by CamScanner

## ਘੋਸ਼ਣਾ-ਪੱਤਰ

ਮੈਂ ਇਹ ਬਿਆਨ ਕਰਦਾ ਹਾਂ ਕਿ **ਕਵੀ ਸੰਤਰੇਣ ਕ੍ਰਿਤ ਗੁਰੂ ਨਾਨਕ ਵਿਜੈ ਗ੍ਰੰਥ : ਇਕ ਅਧਿਐਨ** ਵਿਸ਼ੇ ਉਤੇ ਪੀਐਚ. ਡੀ. (ਧਰਮ ਅਧਿਐਨ) ਦੀ ਡਿਗਰੀ ਲਈ ਕੀਤਾ ਗਿਆ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿਤਾ ਗਿਆ ਹੋਵੇ।

ਨਿਗਰਾਨ

ਬਲਵਿੰਦਰਜੀਤ ਕੌਰ 19/8/19

**ਡਾ. ਬਲਵਿੰਦਰਜੀਤ ਕੌਰ ਭੱਟੀ**

ਪ੍ਰੋਫ਼ੈਸਰ ਅਤੇ ਮੁਖੀ

ਪੰਜਾਬ ਇਤਿਹਾਸ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਖੋਜਾਰਥੀ

Malkinder Singh

**ਮਲਕਿੰਦਰ ਸਿੰਘ**

Scanned by CamScanner

# ਤਤਕਰਾ


ਪੰਨਾ

ਭੂਮਿਕਾ i-v

ਅਧਿਆਇ-ਪਹਿਲਾ 1-34

ਕਵੀ ਸੰਤਰੇਣ : ਜੀਵਨ, ਰਚਨਾਵਾਂ ਤੇ ਸਮਕਾਲੀ ਹਾਲਾਤ

ਅਧਿਆਇ-ਦੂਜਾ 35-90

ਗੁਰੂ ਨਾਨਕ ਵਿਜੈ ਗ੍ਰੰਥ : ਸਰਵੇਖਣ ਤੇ ਵਿਵਰਣ

ਅਧਿਆਇ-ਤੀਜਾ 91-543

ਗੁਰੂ ਨਾਨਕ ਵਿਜੈ ਗ੍ਰੰਥ : ਵਿਸ਼ਲੇਸ਼ਣ ਤੇ ਮੁਲੰਕਣ

ਅਧਿਆਇ-ਚੌਥਾ 544-894

ਗੁਰੂ ਨਾਨਕ ਵਿਜੈ ਗ੍ਰੰਥ : ਇਤਿਹਾਸਕ/ਮਿਥਿਹਾਸਕ ਨਾਂ ਤੇ ਥਾਂ

ਸਾਰ 895-899

ਅੰਤਿਕਾ 900-906

ਪੁਸਤਕ ਸੂਚੀ 907-917

## ਜੀਵਨ

ਸੰਤਰੇਣ ਦੇ ਨਾਮ ਅਗੇ ਵਿਦਵਾਨਾਂ ਨੇ ਸ਼ਰਧਾ ਨਾਲ ਯੋਗ ਸ਼ਬਦ ਲਗਾ ਕੇ ਸੰਬੋਧਨ ਕੀਤਾ ਹੈ। ਪਿਆਰਾ ਸਿੰਘ ਪਦਮ ਨੇ ਮਹਾਤਮਾ[1], ਬਾਵਾ[2] ਕਿਹਾ ਹੈ, ਪ੍ਰੋ. ਬੱਦਨ ਨੇ ਸੰਤ[3] ਕਿਹਾ ਹੈ, ਸਚਿਦਾਨੰਦ ਸ਼ਰਮਾ ਨੇ ਕਵੀ[4] ਕਿਹਾ ਹੈ। ਪ੍ਰੋ. ਹਰਨਾਮ ਸਿੰਘ ਸ਼ਾਨ ਨੇ ਜਿਥੇ ਆਪਣੇ ਕਵੀਤਾ ਸੰਗ੍ਰਹਿ ਵਿਚ ਬਾਕੀ ਕਵੀਆਂ ਨੂੰ ਸਿਰਫ ਨਾਮ ਨਾਲ ਸੰਬੋਧਨ ਕੀਤਾ ਹੈ ਉਥੇ ਸੰਤਰੇਣ ਨੂੰ ਬਾਵਾ ਸੰਤਰੇਣ[5] ਕਿਹਾ ਹੈ। ਬਲਵੀਰ ਸਿੰਘ ਨੰਦਾ ਨੇ ਮਹਾਤਮਾ ਕਵੀ[6] ਕਿਹਾ ਹੈ। ਰਤਨ ਸਿੰਘ ਜੱਗੀ ਨੇ ਉਦਾਸੀ ਸੰਤ[7] ਕਿਹਾ ਹੈ। ਸਮਸ਼ੇਰ ਸਿੰਘ ਅਸ਼ੋਕ ਨੇ ਤਾਂ ਸੰਤਰੇਣ ਨੂੰ ਮਹਾਂਕਵੀ[8] ਕਿਹਾ ਹੈ।

ਕਾਨ੍ਹ ਸਿੰਘ ਨਾਭਾ ਨੇ ਇਨ੍ਹਾਂ ਨਾਵਾਂ ਦੇ ਅਰਥ ਇਹ ਕੀਤੇ ਹਨ, ਮਹਾਤਮਾ ਦਾ ਅਰਥ- ਵਡੇ ਦਿਲ ਵਾਲਾ, ਉਦਾਰਾਤਮਾ, ਸ਼੍ਰੇਸ਼ਠ ਜਾਂ ਉਤੱਮ।[9] ਬਾਵਾ ਦਾ ਅਰਥ - ਸਾਧੂ ਅਤੇ ਬਜ਼ੁਰਗ।[10] ਬਾਬਾ ਦੇ ਅਰਥ -

---

[1] ਪਦਮ, ਪਿਆਰਾ ਸਿੰਘ, *ਮਹਾਤਮਾ ਸੰਤਰੇਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978, ਪੰਨਾ 1.

[2] ਉਹੀ, *ਕਲਮ ਦੇ ਧਨੀ ਭਾਗ ਪਹਿਲਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966, ਪੰਨਾ 230.

[3] ਬੱਦਨ, ਬਲਦੇਵ ਸਿੰਘ, *ਪੰਜਾਬ ਦੇ ਸੰਤ ਕਵਿ,* ਨੈਸ਼ਨਲ ਬੁਕ ਟਰਸਟ ਇੰਡੀਆ, ਨਵੀਂ ਦਿੱਲੀ, 2006, ਪੰਨਾ 402.

[4] मैथिल, सच्चिदानंद शर्मा, *उदासी सम्प्रदाय और कवि संत रेण,* साहित्य सदन देहरादून, 1967, पृष्ठ 68.

[5] ਸ਼ਾਨ, ਹਰਨਾਮ ਸਿੰਘ, *ਪੁਰਾਣਾ ਮਾਖਿਉਂ,* ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਦੂਜੀ ਵਾਰ, 1961, ਪੰਨਾ 17, 175.

[6] ਨੰਦਾ, ਬਲਵੀਰ ਸਿੰਘ, *ਪੁਰਾਤਨ ਸਿੱਖ ਸੰਪ੍ਰਦਾਇ,* ਜਸਲੀਨ ਪ੍ਰਕਾਸ਼ਨ, ਚੰਡੀਗੜ੍ਹ, 1984, ਪੰਨਾ 10.

[7] ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼ ਭਾਗ ਦੂਜਾ,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 1540.

[8] ਅਸ਼ੋਕ, ਸਮਸ਼ੇਰ ਸਿੰਘ, *ਪੰਜਾਬੀ ਦੁਨੀਆ,* ਜਿਲਦ ਦੂਜੀ, ਅੰਕ 10, ਮਹਿਕਮਾ ਪੰਜਾਬੀ, ਪਟਿਆਲਾ, ਦਸੰਬਰ 1951, ਪੰਨਾ 25.

[9] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 934.

[10] ਉਹੀ, ਪੰਨਾ 860.

ਪਿਤਾ, ਬਾਪ, ਦਾਦਾ, ਪ੍ਰਧਾਨ, ਮਹੰਤ ਜਾਂ ਸ੍ਰੇਸ਼ਠ।[11] ਸੰਤ ਦੇ ਅਰਥ - ਮਨ ਇੰਦ੍ਰੀਆਂ ਨੂੰ ਜਿਸ ਨੇ ਟਿਕਾਇਆ ਹੈ, ਵਿਦਵਾਨ, ਪੰਡਿਤ, ਉਤੱਮ, ਸ੍ਰੇਸ਼ਠ।[12] ਕਵੀ ਦੇ ਅਰਥ - ਜੋ ਰਚਨਾ ਕਰੇ, ਵਿਆਖਿਆ ਕਰੇ, ਵਾਲਮੀਕਿ, ਬ੍ਰਹਮ, ਪੰਡਿਤ ਆਦਿ।[13]

ਜੇ ਕਿਸੇ ਸਖਸ਼ੀਅਤ ਵਿਚ ਬਹੁਤੇ ਗੁਣ ਹੋਣ ਅਸੀ ਤਾਂ ਹੀ ਉਸ ਵਿਅਕਤੀ ਨੂੰ ਇਤਨਾ ਮਾਣ ਦਿੰਦੇ ਹਾਂ। ਸੋ ਉਪਰੋਕਤ ਵੰਨਗੀਆਂ ਤੋਂ ਇਹ ਸਿੱਧ ਹੁੰਦਾ ਹੈ ਕਿ ਜਿਥੇ ਸੰਤਰੇਣ ਇਕ ਵਿਦਵਾਨ ਸਨ ਉਥੇ ਉੱਚ ਕੋਟੀ ਦੇ ਕਵੀ, ਤਪਸੱਵੀ ਅਤੇ ਤਿਆਗੀ ਵੀ ਸਨ।

ਭੂਦਨ ਜੋ ਕਿ ਜ਼ਿਲ੍ਹਾ ਸੰਗਰੂਰ (ਪੰਜਾਬ) ਦਾ ਇਕ ਪਿੰਡ ਹੈ, ਮਲੇਰਕੋਟਲਾ ਤੋਂ ਰਾਏਕੋਟ ਜਾਣ ਵਾਲੀ ਸੜਕ ਤੋਂ ਦੱਖਣ ਵਾਲੇ ਪਾਸੇ ਚਾਰ-ਪੰਜ ਕਿਲੋਮੀਟਰ ਉਤੇ ਸਥਿਤ ਹੈ, ਜਿਥੇ ਕਵੀ ਸੰਤਰੇਣ ਦਾ ਨਿਵਾਸ ਸੀ। ਇਥੇ ਕਵੀ ਦੀ ਯਾਦ ਵਿਚ ਇਕ ਮੰਦਿਰ ਦੀ ਤਰ੍ਹਾਂ ਛੋਟਾ ਜਿਹਾ ਡੇਰਾ ਬਣਿਆ ਹੋਇਆ ਹੈ। ਡੇਰੇ ਦੇ ਨਾਮ 150 ਬਿਘੇ ਜ਼ਮੀਨ ਵੀ ਹੈ। ਹੁਣ ਮਹੰਤ ਹਰਲਾਲ ਦਾਸ ਜੀ ਇਸ ਡੇਰੇ ਦੀ ਸੇਵਾ ਸੰਭਾਲ ਕਰ ਰਹੇ ਹਨ। ਸੰਤਰੇਣ ਜੀ ਬਾਰੇ ਜਿੰਨੀ ਵੀ ਜਾਣਕਾਰੀ ਹੈ ਉਹ ਸਭ ਇਸੇ ਸਥਾਨ ਤੋਂ ਹੀ ਮਿਲਦੀ ਹੈ। ਸੰਤਰੇਣ ਬਾਰੇ ਵਿਦਵਾਨਾਂ ਦੀ ਖੋਜ ਦਾ ਮੁਖ ਆਧਾਰ, ਇਸ ਡੇਰੇ ਵਲੋਂ ਸੰਪਾਦਿਤ ਪੁਸਤਕ ਸ੍ਰੀ ਸੰਤਰੇਣੁ ਗ੍ਰੰਥਾਵਲੀ ਅਤੇ ਭੂਦਨ ਡੇਰੇ ਦੇ ਗੱਦੀਦਾਰ ਹਰਲਾਲ ਦਾਸ ਜਾਂ ਫਿਰ ਸੰਤਰੇਣ ਦੀਆਂ ਰਚਨਾਵਾਂ ਹੀ ਹਨ।

ਕਵੀ ਸੰਤਰੇਣ ਦਾ ਜਨਮ ਬਿਕਰਮੀ ਸੰਮਤ 1798 (1741 ਈ.) ਨੂੰ ਜੰਮੂ ਕਸ਼ਮੀਰ ਦੀ ਰਾਜਧਾਨੀ ਸ੍ਰੀ ਨਗਰ ਵਿਖੇ ਪੰਡਿਤ ਹਰੀ ਵਲਭ ਗੌੜ ਅਤੇ ਮਾਤਾ ਸਵਿਤ੍ਰੀ ਦੀ ਕੁਖੋਂ ਗੌੜ ਬ੍ਰਾਹਮਣ ਪਰਿਵਾਰ ਦੇ ਘਰ ਹੋਇਆ ਸੀ। ਇਹ ਅਪਣੀ ਮਾਂ-ਬਾਪ ਦੀ ਇਕਲੌਤੀ ਸੰਤਾਨ ਸੀ।[14] ਉਂਝ ਤਾਂ ਸਾਰੇ ਸ੍ਰੋਤ

---

[11] ਉਹੀ, ਪੰਨਾ 845.

[12] ਉਹੀ, ਪੰਨਾ 243.

[13] ਉਹੀ, ਪੰਨਾ 312.

[14] ਰਾਮਦਾਸ ਵੈਦ, *ਸ੍ਰੀ ਸੰਤ ਰੇਣੁ ਗ੍ਰੰਥਾਵਲੀ,* ਸੰਤਰੇਣਾਸ਼੍ਰਮ, ਭੂਦਨ, 1953, ਪੰਨਾ 1.

ਹੀ ਇਸ ਜਨਮ ਸਥਾਨ ਨਾਲ ਸਹਿਮਤ ਹਨ ਪਰ ਪਿਆਰਾ ਸਿੰਘ ਪਦਮ ਨੇ ਕਵੀ ਦਾ ਜਨਮ ਪਿੰਡ ਸੰਗਤਪੁਰਾ ਜ਼ਿਲ੍ਹਾ ਅੰਮ੍ਰਿਤਸਰ ਵੀ ਦਸਿਆ ਹੈ, ਆਪ ਦੇ ਅਨੁਸਾਰ," ਮਹੰਤ ਤਪੀਆ ਸਿੰਘ ਧਮਧਾਣ ਸਾਹਿਬ ਵਾਲੇ ਦੱਸਦੇ ਹਨ ਕਿ ਉਨ੍ਹਾਂ ਦੇ ਵਿਦਿਆ-ਗੁਰੂ ਨਿਰਮਲੇ ਸਾਧੂ ਬਚਿਤ੍ਰ ਸਿੰਘ (ਰਾਮਰੂਪ) ਜੁਆਨੀ ਵਿਚ ਉਨ੍ਹਾਂ ਪਾਸੋਂ ਪੜ੍ਹੇ ਸਨ, ਉਹ ਇਹੋ ਕਿਹਾ ਕਰਦੇ ਸਨ ਕਿ ਬਾਬਾ ਸੰਤਰੇਣ ਸੰਗਤਪੁਰੇ ਦੇ ਜੰਮਪਲ ਸਨ। ਪਰ ਪਹਿਲੇ ਸ੍ਰੋਤ ਅਨੁਸਾਰ ਆਪ ਦਾ ਜਨਮ ਸਿਰੀ ਨਗਰ (ਕਸ਼ਮੀਰ) ਵਿਚ ਹੋਇਆ।"[15]

ਪਿਆਰਾ ਸਿੰਘ ਪਦਮ ਹੀ ਅਜਿਹੇ ਹਨ ਜਿਨ੍ਹਾਂ ਨੇ ਸੰਗਤਪੁਰੇ ਦਾ ਜ਼ਿਕਰ ਕੀਤਾ ਹੈ ਬਾਕੀ ਸਾਰੇ ਵਿਦਵਾਨਾਂ ਨੇ ਸੰਤਰੇਣ ਦਾ ਜਨਮ ਸ੍ਰੀ ਨਗਰ ਵਿਚ ਹੀ ਦਸਿਆ ਹੈ। ਮਹੰਤ ਮੁਕਤ ਰਾਮ ਦੇ ਗੁਰੂ ਮਹੰਤ ਮਦਨ ਗੋਪਾਲ ਦੇ ਦਸੇ ਅਨੁਸਾਰ ਜਨਮ ਮਿਤੀ ਅਤੇ ਸਥਾਨ ਦੀ ਪੁਸ਼ਟੀ ਮੁਕਤ ਰਾਮ ਨੇ ਹਰਿਦੁਆਰ ਜਾ ਕੇ ਉਸ ਪੰਡੇ ਤੋਂ ਬਹੀ ਦੀ ਛਾਣ-ਬੀਨ ਕੀਤੀ ਜੋ ਕਿ ਸੰਤਰੇਣ ਜੀ ਦੇ ਕੁਟੰਬ ਦਾ ਪੁਰੋਹਿਤ ਸੀ। ਉਥੋਂ ਇਸ ਨੂੰ ਕਵੀ ਸੰਤਰੇਣ ਦੇ ਮਾਤਾ ਪਿਤਾ ਆਦਿ ਦੀ ਜਾਣਕਾਰੀ ਪ੍ਰਾਪਤ ਹੋਈ। ਜਿਥੇ ਕਵੀ ਦਾ ਨਾਮ ਸੰਤਰੇਣ ਅਲੂਣੀਆ ਲਿਖਿਆ ਹੋਇਆ ਸੀ।[16]

ਕਵੀ ਸੰਤਰੇਣ ਕੁਝ ਸਮਾਂ ਸ੍ਰੀ ਨਗਰ ਰਹੇ ਫਿਰ ਪੰਜਾਬ ਵਲ ਆ ਗਏ। ਪੰਜਾਬ ਵਿਚ ਆਪ ਦੀ ਭੇਟ ਸਾਹਿਬ ਦਾਸ[17] ਨਾਲ ਹੋਈ ਜੋ ਕਿ ਇਕ ਉਦਾਸੀ ਸਾਧੂ ਸਨ ਅਤੇ ਭੂਦਨ ਡੇਰੇ ਵਿਚ ਰਹਿ ਰਹੇ ਸਨ। ਸਾਹਿਬ ਦਾਸ ਅਪਣੇ ਸਮੇਂ ਦੇ ਪ੍ਰਸਿੱਧ ਕਵੀ ਹੋਏ। ਇਨ੍ਹਾਂ ਦਾ ਜਨਮ 1745 ਸੰਵਤ ਤੋਂ 1750 ਸੰਵਤ (1688 ਈ.) ਵਿਚ ਹੋਇਆ ਅੰਦਾਜ਼ਾ ਲਗਾਇਆ ਜਾਂਦਾ ਹੈ, ਸਾਹਿਬ ਦਾਸ ਦਾ ਗੁਰੂ ਰਾਮ ਕੁੰਵਰ (ਇਹ

---

[15] ਪਦਮ, ਪਿਆਰਾ ਸਿੰਘ, *ਮਹਾਤਮਾ ਸੰਤਰੇਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978, ਪੰਨਾ 1.

[16] ਰਾਮਦਾਸ ਵੈਦ, *ਸ੍ਰੀ ਸੰਤ ਰੇਣੁ ਗ੍ਰੰਥਾਵਲੀ,* ਸੰਤਰੇਣਾਸ਼੍ਰਮ, ਭੂਦਨ, 1953, ਪੰਨਾ 1.

[17] ਸਾਹਿਬ ਦਾਸ ਦੀ ਜਨਮ ਮਿਤੀ ਦਾ ਸਿਰਫ ਅੰਦਾਜ਼ਾ ਹੀ ਹੈ। ਆਪ ਦੀਆਂ ਪੰਜ ਰਚਨਾਵਾਂ ਹਨ- ਲਵ ਕੁਸ਼, ਭਗਤ ਸੁਦਾਮਾ ਦੀ ਕਥਾ, ਭਰਤ ਬਾਰਾਮਾਂਹ, ਪ੍ਰੇਮ ਪਚੀਸੀ ਅਤੇ ਗ੍ਰੰਥ ਸਾਮੁੰਦ੍ਰੀਕ। ਸਾਹਿਬ ਦਾਸ ਆਪਣੀ ਰਚਨਾ ਲਵ ਕੁਸ਼ ਦੀ ਕਥਾ ਵਿਚ ਸੰਤਰੇਣ ਦਾ ਜ਼ਿਕਰ ਕਰਦਾ ਹੈ। ਸਾਹਿਬ ਦਾਸ ਦੇ ਜੀਵਨ ਬਾਰੇ ਖੋਜ ਕਰਨਾ ਅਜੇ ਬਾਕੀ ਹੈ।

ਬਾਬਾ ਬੁਢਾ ਜੀ ਦੇ ਵੰਸ਼ ਵਿਚੋਂ ਸਨ) ਦਸਿਆ ਜਾਂਦਾ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ ਅਤੇ ਗੁਰੂ ਜੀ ਨੇ ਰਾਮ ਕੁੰਵਰ ਨੂੰ ਅੰਮ੍ਰਿਤ ਛਕਾ ਕੇ, ਨਾਮ ਗੁਰਬਖਸ਼ ਸਿੰਘ ਰਖਿਆ ਸੀ। ਅੰਦਾਜ਼ਾ ਲਗਾਇਆ ਜਾਂਦਾ ਹੈ ਕਿ 1765 ਸੰਵਤ ਅਤੇ 1770 ਸੰਵਤ ਵਿਚ ਸਾਹਿਬ ਦਾਸ ਨੇ ਰਾਮ ਕੁੰਵਰ ਨੂੰ ਅਪਣਾ ਗੁਰੂ ਬਣਾਇਆ ਹੋਵੇਗਾ।[18] ਸਾਹਿਬ ਦਾਸ ਦਾ ਜਨਮ ਅਲਾਲ ਰੇਲਵੇ ਸਟੇਸ਼ਨ ਨੇੜੇ ਪਿੰਡ ਹੇੜੀ ਕੇ ਵਿਚ ਜੱਟਾਂ ਦੇ ਘਰ ਹੋਇਆ ਮੰਨਿਆ ਜਾਂਦਾ ਹੈ।[19] ਸਾਹਿਬ ਦਾਸ ਤੋਂ ਕਵੀ ਸੰਤਰੇਣ ਨੇ ਗੁਰ ਦੀਖਿਆ ਲਈ ਅਤੇ ਛੰਦਾਂ ਆਦਿ ਬਾਰੇ ਗੂੜ ਗਿਆਨ ਪ੍ਰਾਪਤ ਕੀਤਾ। ਅਪਣੇ ਗੁਰੂ ਬਾਰੇ ਕਵੀ ਨੇ ਅਪਣੀਆਂ ਰਚਨਾਵਾਂ ਵਿਚ ਵੀ ਜ਼ਿਕਰ ਕੀਤਾ ਹੈ।[20] ਜਿਸ ਤਰ੍ਹਾਂ ਆਪ ਨੇ ਅਪਣੇ ਗੁਰੂ ਨੂੰ ਸਤਿਕਾਰ ਦਿਤਾ ਹੈ ਅਤੇ ਗੁਰੂ ਦੀ ਮਹਿਮਾ ਅਪਣੀਆਂ ਰਚਨਾਵਾਂ ਵਿਚ ਕੀਤੀ ਹੈ।[21] ਉਸੇ ਤਰ੍ਹਾਂ ਕਵੀ ਦੇ ਗੁਰੂ ਸਾਹਿਬ ਦਾਸ ਨੇ ਵੀ ਅਪਣੇ ਚੇਲੇ ਨਾਲ ਅਟੁੱਟ ਬੰਧਨ ਦੀ ਛਾਪ ਅਪਣੀਆਂ ਰਚਨਾਵਾਂ ਵਿਚ ਪੇਸ਼ ਕੀਤੀ ਹੈ। ਸਾਹਿਬ ਦਾਸ ਅਪਣੀ ਰਚਨਾ ਲਵ-ਕੁਸ਼ ਦੀ ਕਥਾ ਵਿਚ ਸੰਤਰੇਣ ਬਾਰੇ ਇੰਞ ਲਿਖਦੇ ਹਨ-

चरण सिस परस करि दरस मनि हरख अति सोक संताप तजि भवन आए॥

कहन अरदास प्रभ पास इह दास की दान दीजै संतरेन पाए॥[22]

---

[18] सहगल, मनमोहन, *पंजाब का हिन्दी साहित्य,* लीना पब्लिशर्ज, पटियाला, तिथी हीन, पृष्ठ 174.

[19] ਰਣਧੀਰ ਸਿੰਘ, *ਉਦਾਸੀ ਸਿਖਾਂ ਦੀ ਵਿਥਿਆ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1959, ਪੰਨਾ 153.

[20] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 36-

ਸਵਯੈ॥ ਗੁਰ ਨਾਨਕ ਕੋ ਹਰਿ ਆਪ ਦਯੋ ਸਚੁਖੰਡ ਗੁਰੂ ਜਬ ਆਪ ਸਿਧਾਯੋ॥ ਗੁਰ ਆਦਿ ਨਾਰਾਯਣ ਤੇ ਅਭਿਨੰਦਨ ਲੇਕਰਿ ਸੋ ਜਲੁ ਬਾਹਰਿ ਆਯੋ॥ ਸੁਤ ਕੋ ਪੁਨਿ ਅੰਗਦ ਕੋ ਗੁਰ ਨਾਨਕ ਆਪ ਸੁ ਮੰਤਰ ਆਇ ਸੁਣਾਯੋ॥ ਤਿਨਕੋ ਗੁਰ ਨਾਨਕ ਜੋਇ ਦਯੋ ਗੁਰ ਸਾਹਿਬ ਦਾਸ ਸੁ ਮੋਹਿ ਬਤਾਯੋ॥2॥

[21] ਉਹੀ, ਪਤਰਾ 6-

ਸਾਹਿਬਦਾਸ ਸਿਰੀ ਗੁਰ ਕੋ ਅਭਿਬੰਦਨ ਦ੍ਵੈ ਕਰਿ ਜੋਰ ਹਮਾਰੀ॥

[22] साहब दास, *लव कुश कथा,* भाषा विभाग, पंजाब, 1977, पृष्ठ 147.

ਸਾਹਿਬ ਦਾਸ ਤੋਂ ਸਿਖਿਆ ਪ੍ਰਾਪਤ ਕਰ ਕੇ ਕਵੀ ਦੱਖਣ ਮਹਾਂਰਾਸ਼ਟਰ ਗਿਆ, ਜਿਥੇ ਕਵੀ ਨੇ ਬਾਲਾਪੁਰ ਪੀਠ ਵਿਚ ਬਹੁਤਾ ਸਮਾਂ ਬਤੀਤ ਕੀਤਾ। ਬਾਲਾਪੁਰ ਪੀਠ ਕਵੀ ਉਸ ਸਥਾਨ ਉਤੇ ਰਿਹਾ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਜਾ ਕੇ ਬਾਬਾ ਦਿਆਲ ਦਾਸ ਨੇ ਗੁਰੂ ਨਾਨਕ ਦੇਵ ਜੀ ਦਾ ਯਾਦਗਾਰੀ ਸਥਾਨ ਬਣਵਾਇਆ ਸੀ।[23] ਬਾਲਾਪੁਰ ਪੀਠ ਦਾ ਜ਼ਿਕਰ ਕਵੀ ਨੇ ਅਪਣੀ ਰਚਨਾ ਵਿਚ ਵੀ ਕੀਤਾ ਹੈ-

ਅਸਥੂਲ ਸਰੀਰ ਬਾਲਾਪੁਰ ਪੈਠ ਮੈ ਸੂਖਮ ਦੇਹਿ ਸੁ ਸੰਗਤਿ ਮਾਨੋ॥
ਪੁਨਿ ਕਾਰਨ ਦੇਹਿ ਚੁਗਾਨ ਕੇ ਬੀਚ ਮੈ ਰਾਮ ਕੋ ਨਾਮ ਨਿਸਾਨ ਗਡਾਨੋ॥
ਫੁਨਿ ਜਾਗ੍ਰਿਤ ਸੁਪਨਿ ਸਖੋਪਤਿ ਕੋਠਰੀ ਡੇਵਢੀ ਔਰ ਦਲਾਨ ਬਖਾਨੋ॥
ਤੁਰੀਆ ਪਦ ਆਸਣ ਮੈ ਨਿਤ ਬੈਠਿ ਕਏ ਸੰਤਰੇਣ ਕੀ ਸੰਗਤਿ ਜਾਨੋ॥7॥[24]

ਕਵੀ ਨੇ ਬਾਲਾਪੁਰ ਪੀਠ ਵਿਚ ਇਕ ਡੇਰਾ ਵੀ ਬਣਾਇਆ ਸੀ। ਕਵੀ ਬਾਲੂ ਹਸਨਾ ਦੀ ਪਧਤੀ ਵਿਚੋਂ ਸੀ।[25] ਦੱਖਣ ਤੋਂ ਸੰਤਰੇਣ ਮਦਰਾਸ, ਨੇਪਾਲ, ਉਤਰ ਪ੍ਰਦੇਸ਼ (ਕਿਦਾਰ ਨਾਥ), ਸਿੰਧ ਅਤੇ ਬਲੋਚਿਸਤਾਨ ਵਿਚ ਵੀ ਗੁਰਮਤ ਦੇ ਪ੍ਰਚਾਰ ਲਈ ਗਿਆ। ਗੁਰਮਤ ਦੇ ਪ੍ਰਚਾਰ ਨੂੰ ਜਾਰੀ ਰੱਖਣ ਲਈ ਕਵੀ ਨੇ ਕਈ ਡੇਰੇ ਬਣਾਏ ਜਿਨ੍ਹਾਂ ਵਿਚੋਂ ਇਕ ਡੇਰਾ ਗੁਜਰਾਂਵਾਲਾ ਵੀ ਸੀ, ਜਿਸਨੂੰ ਮਹਾਰਾਜਾ ਰਣਜੀਤ ਸਿੰਘ ਨੇ ਦੋ ਪਿੰਡਾਂ ਦੀ ਜਾਗੀਰ ਵੀ ਲਾਈ ਸੀ। ਮਹੰਤ ਮੁਕਤ ਰਾਮ ਨੇ ਸਾਨੂੰ ਦਸਿਆ ਕਿ ਗੁਜਰਾਂਵਾਲਾ ਡੇਰੇ ਨਾਲ ਉਨ੍ਹਾਂ ਦਾ ਸੰਪਰਕ ਸੀ, ਪਰ ਦੇਸ਼ ਵੰਡ ਸਮੇਂ ਤੋਂ ਬਾਦ ਉਨ੍ਹਾਂ ਨਾਲੋਂ ਸੰਪਰਕ ਟੁੱਟ ਗਿਆ ਹੈ।

ਇਸੇ ਤਰ੍ਹਾਂ ਕਵੀ ਨੇ ਤਿੰਨ ਡੇਰੇ ਇਲਾਕਾ ਹਿਲਾਣੀ (ਸਿੰਧ) ਵਿਚ ਵੀ ਬਣਾਏ ਸਨ, ਇਹ ਵੀ ਦੇਸ਼ ਵੰਡ ਸਮੇਂ ਤਕ ਮੌਜੂਦ ਸਨ। ਇਸ ਤਰ੍ਹਾਂ ਕਵੀ ਸੰਤਰੇਣ ਨੇ ਸਾਰੀ ਉਮਰ ਦੇਸ਼ ਵਿਦੇਸ਼ ਘੁੰਮ ਕੇ ਗੁਰਮਤ ਦਾ

---

[23] ਰਣਧੀਰ ਸਿੰਘ, *ਉਦਾਸੀ ਸਿਖਾਂ ਦੀ ਵਿਥਿਆ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1959, ਪੰਨਾ 154.

[24] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 43.

[25] ਉਹੀ, ਪਤਰਾ 5.

ਗੁਰ ਬਾਲੂ ਹਸਨਾ ਹਰਿ ਜਸੁ ਰਸਨਾ ਅੰਮ੍ਰਿਤ ਅਸਨਾ ਨਾਮ ਹਰੀ॥

ਪ੍ਰਚਾਰ ਕੀਤਾ। ਕਵੀ ਕੁੰਭ ਦੇ ਮੇਲੇ ਉਤੇ ਸਾਧੂਆਂ ਨਾਲ ਜਾਂਦਾ ਰਹਿੰਦਾ ਸੀ। 1833 (1776 ਈ.) ਬਿਕਰਮੀ ਵਿਚ ਕਵੀ ਸੰਤ ਪ੍ਰੀਤਮ ਦਾਸ ਨਿਰਬਾਣ ਨੂੰ ਮਿਲੇ, ਉਦੋਂ ਆਪ ਨੇ ਉਦਾਸੀਨ ਭੇਖ ਨੂੰ ਸੰਗਠਿਤ ਕਰਨ ਦੀ ਵਿਚਾਰ ਬਣਾਈ ਸੀ। ਪਰ ਕਿਸੇ ਕਾਰਨਾਂ ਕਰਕੇ ਇਹ ਸੇਵਾ ਤਿੰਨ ਸਾਲ ਬਾਦ ਪ੍ਰਯਾਗ ਰਾਜ ਦੇ ਕੁੰਭ ਦੇ ਮੇਲੇ ਮੌਕੇ 'ਸਰਬ ਉਦਾਸੀਨ ਪੰਚਾਇਤੀ ਅਖਾੜਾ' ਦੀ ਨੀਂਹ ਰੱਖ ਕੇ ਨੇਪਰੇ ਚੜ੍ਹੀ।

ਅੰਤਿਮ ਸਮਾਂ ਆਪ ਨੇ ਪਿੰਡ ਭੂਦਨ ਵਿਚ ਹੀ ਬਤੀਤ ਕੀਤਾ। ਇਥੇ ਹੀ ਸੰਤਰੇਣ ਦਾ 130 ਸਾਲ ਦੀ ਦੀਰਘ ਆਯੂ ਭੋਗਣ ਉਪਰੰਤ ਫੱਗਣ ਸੁਦੀ 12 ਸੰਮਤ 1928 ਬਿ. (1871 ਈ.) ਨੂੰ ਦੇਹਾਂਤ ਹੋ ਗਿਆ।[26] ਇਕ ਮਾਈ ਹੀਰਾ ਬਾਈ, ਸੰਤਰੇਣ ਦੀ ਸ਼ਰਧਾਲੂ ਸੀ ਅਤੇ ਦੱਖਣ ਤੋਂ ਨਾਲ ਆਈ ਸੀ। ਉਹ ਸੰਤਰੇਣ ਨਾਲ ਬੜੀ ਅਨੰਨ ਸ਼ਰਧਾ ਰੱਖਦੀ ਸੀ। ਮਾਈ ਹੀਰਾ ਬਾਈ, ਸੇਠ ਭਗਤ ਲਾਲ ਦੀ ਸਪੁਤ੍ਰੀ ਸੀ ਜਿਸ ਨੂੰ ਕੋੜ੍ਹ ਹੋ ਗਿਆ ਸੀ ਅਤੇ ਮੰਨਿਆ ਜਾਂਦਾ ਹੈ ਕਿ ਸੰਤਰੇਣ ਨੇ ਨਾਮ ਦੀ ਕ੍ਰਿਪਾ ਨਾਲ ਇਸ ਦਾ ਕੋੜ੍ਹ ਦਾ ਰੋਗ ਦੂਰ ਕੀਤਾ ਸੀ ਅਤੇ ਇਹ ਆਪ ਦੀ ਸੇਵਕ ਬਣ ਗਈ ਸੀ।[27] ਉਸ ਨੇ ਆਪ ਦੀ ਪਕੀ ਸਮਾਧ ਬਣਵਾ ਦਿਤੀ ਸੀ ਜੋ ਹੁਣ ਤੱਕ ਮੌਜੂਦ ਹੈ। ਇਸੇ ਮਾਈ ਦਾ ਜ਼ਿਕਰ ਸੰਤਰੇਣ ਜੀ ਨੇ ਅਪਣੀ ਰਚਨਾ ਵਿਚ ਵੀ ਕੀਤਾ ਹੈ-

ਦਖਣ ਦੇਸ ਵਿਖੈ ਇਕ ਗੰਗਾ ਮੋਰਨਾ॥ ਪਰਮ ਸੁ ਪਾਵਨ ਤੀਰਥ ਤਹਿ ਸਮ ਹੋਰਨਾ॥
ਤਿਸ ਕੇ ਤਟ ਮੈ ਬਸਤੀ ਏਕ ਸੁ ਜਾਨੀਯੈ॥ ਹੋ ਇਕ ਬਾਈ ਤਹਿ ਰਹੈ ਸੁ ਜਾਨ ਮਹਾਨਿਯੈ॥90॥
ਰਾਮ ਲਾਲ ਤਹਿ ਪਿਤਾ ਭਗਤਿ ਭਗਵਾਨ ਕੀ॥ ਸੀਲ ਧਰਮ ਮੈ ਮਨੋ ਸੁ ਦੂਜੀ ਜਾਨਕੀ॥
ਹੀਰਾ ਤਿਸ ਕਾ ਨਾਮੰ ਜਨਮੰ ਜਾਨ ਮਹਾਨਿਯੈ॥ ਹੋ ਕਰਮਾਬਾਈ ਕਾ ਅਵਤਾਰ ਸੁ ਜਾਨਿਯੈ॥91॥[28]

---

[26] ਰਾਮਦਾਸ ਵੈਦ, *ਸ੍ਰੀ ਸੰਤ ਰੇਣੁ ਗ੍ਰੰਥਾਵਲੀ,* ਸੰਤਰੇਣਾਸ਼੍ਰਮ, ਭੂਦਨ, 1953, ਪੰਨਾ 2-4.

[27] ਰਣਧੀਰ ਸਿੰਘ, *ਉਦਾਸੀ ਸਿਖਾਂ ਦੀ ਵਿਥਿਆ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1959, ਪੰਨਾ 154.

[28] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1848.

ਸੰਤਰੇਣ ਇਕ ਮਹਾਨ ਉਦਾਸੀ ਸਾਧੂ ਸਨ। ਇਤਨੇ ਵਡੇ ਮਹਾਨ ਗ੍ਰੰਥਾਂ ਦੀ ਰਚਨਾ ਇਕ ਵਿਦਵਾਨ ਸਖਸ਼ੀਅਤ ਦੀ ਕਲਮ ਵਿਚੋਂ ਹੀ ਨਿਕਲ ਸਕਦੀ ਹੈ। ਉਦਾਸੀ ਸਾਧੂ ਹੋਣ ਕਰਕੇ ਕਵੀ ਦੀ ਚੇਲਾ ਪਧਤੀ ਸ੍ਰੀ ਚੰਦ ਤੋਂ ਚਲਦੀ ਹੈ ਪਰ ਇਸ ਬਾਰੇ ਸ੍ਰੋਤਾਂ ਵਿਚ ਥੋੜ੍ਹਾ ਵਖਰੇਂਵਾ ਦੇਖਣ ਨੂੰ ਮਿਲਦਾ ਹੈ। ਸਚਿਦਾਨੰਦ ਸ਼ਰਮਾ ਨੇ ਕਵੀ ਦੀ ਚੇਲਾ ਪਧਤੀ ਹੇਠ ਲਿਖੇ ਅਨੁਸਾਰ ਦਿਤੀ ਹੈ-

1. ਸ੍ਰੀ ਚੰਦ।

2. ਬਾਬਾ ਗੁਰਦਿਤਾ।

3. ਸ੍ਰੀ ਬਾਲੂ ਹਸਨਾ।

4. ਬਾਬਾ ਬ੍ਰਹਮਦਾਸ।[29]

5. ਬਾਬਾ ਮਾਨ ਦਾਸ।

6. ਬਾਬਾ ਸੇਵਾਦਾਸ।

7. ਬਾਬਾ ਰਾਮਚਿਰਾਦਾਸ।

8. ਬਾਬਾ ਰਾਮਦੱਤਾਸ।

9. ਬਾਬਾ ਦੁਲੀਚੰਦਦਾਸ।

---

[29] ਪੰਡਿਤ ਬ੍ਰਹਮਾਨੰਦ ਜੀ ਉਦਾਸੀਨ ਅਪਣੀ ਪੁਸਤਕ *ਗੁਰੂ ਉਦਾਸੀਨ ਮੱਤ ਦਰਪਨ*, ਦੇ ਪੰਨਾ ਨੰ-23 ਤੇ ਬਾਲੂ ਹਸਨਾ ਜੀ ਦੇ ਚੇਲਿਆਂ ਦੇ ਨਾਮ ਇਹ ਦਸੇ ਹਨ- ਬਾਬਾ ਗੋਦੜੀ ਦਾਸ ਜੀ, ਬਾਬਾ ਰੂਪ ਥਲ ਜੀ, ਬਾਬਾ ਜਾਦੋ ਰਾਇ ਜੀ, ਬਾਬਾ ਪੂਰਣ ਦਾਸ ਜੀ, ਸੇਵਾ ਦਾਸ ਜੀ, ਲਾਲ ਦਾਸ ਜੀ ਦਰਯਾਈ, ਬਾਵਾ ਬੁੱਢਾ ਜੀ, ਪ੍ਰਮੇਸ੍ਵਰਦਾਸ ਜੀ ਅਤੇ ਰਾਮ ਰਾਇ ਜੀ। ਇਨ੍ਹਾਂ ਤੋਂ ਇਲਾਵਾ ਰਣਧੀਰ ਸਿੰਘ ਅਪਣੀ ਪੁਸਤਕ *ਉਦਾਸੀ ਸਿਖਾਂ ਦੀ ਵਿਥਿਆ* ਦੇ ਪੰਨਾ ਨੰ 136 ਤੇ ਸਿਰਫ ਦੋ ਨਾਮ ਅਜਿਹੇ ਦਸਦੇ ਹਨ ਜੋ ਉਪਰੋਕਤ ਪੁਸਤਕ ਵਿਚ ਨਹੀਂ ਹਨ ਉਹ ਨਾਮ ਹਨ- ਦਰਗਾਹੀ ਅਤੇ ਹਰਿਦਯਾਲ। ਸੋ ਇਨ੍ਹਾਂ ਮੁਖ ਰਚਨਾਵਾਂ ਵਿਚ ਕਿਧਰੇ ਵੀ ਬ੍ਰਹਮਦਾਸ ਦਾ ਜ਼ਿਕਰ ਨਹੀਂ ਹੈ ਲੇਖਕ ਨੇ ਇਹ ਨਾਮ ਪਤਾ ਨਹੀਂ ਕਿਸ ਹਵਾਲੇ ਨਾਲ ਪਾਇਆ ਹੈ।

10. ਬਾਬਾ ਕੰਡਾਦਾਸ।

11. ਬਾਬਾ ਗੁਰੂਦਯਾਲ ਦਾਸ।

12. ਬਾਬਾ ਫੂਲਦਾਸ।

13. ਬਾਬਾ ਗੁਲਾਬ ਦਾਸ।

14. ਬਾਬਾ ਸਾਹਿਬ ਦਾਸ।[30]

15. ਸੰਤਰੇਣ।

ਸੰਤਰੇਣ ਤੋਂ ਬਾਅਦ ਮੁਕਤ ਰਾਮ ਚੌਥੇ ਮਹੰਤ ਸਨ-

1. ਮਹੰਤ ਰਾਮਸ਼ਰਣ।

2. ਮਹੰਤ ਮਦਨ ਗੋਪਾਲ।

3. ਮਹੰਤ ਮੁਕਤ ਰਾਮ ਗਿਆਨੀ।[31]

ਉਪਰੋਕਤ ਚੇਲਾ ਪਧਤੀ ਤੋਂ ਇਲਾਵਾ ਇਕ ਚੇਲਾ ਪਧਤੀ ਭੂਦਨ ਡੇਰੇ ਵਲੋਂ 2012 ਵਾਲੇ ਪੰਜਾਬੀ ਵਿਚ ਛਾਪੇ ਨਾਨਕ ਵਿਜੈ ਗ੍ਰੰਥ ਦੀ ਭੂਮਿਕਾ ਵਿਚ ਵੀ ਦਿਤੀ ਗਈ ਹੈ, ਜਿਸ ਦਾ ਉਪਰੋਕਤ ਪਧਤੀ ਨਾਲੋਂ ਵਖਰੇਵਾਂ ਹੈ-

---

[30] ਸਚਿਦਾਨੰਦ ਸ਼ਰਮਾ ਨੇ ਇਹ ਪਧਤੀ ਕਿਥੋਂ ਲਈ ਹੈ ਇਸਦਾ ਕੋਈ ਹਵਾਲਾ ਨਹੀਂ ਦਿੱਤਾ ਗਿਆ। ਪਰ ਇਸ ਪਧਤੀ ਨੂੰ ਰਣਧੀਰ ਸਿੰਘ ਦੁਆਰਾ ਲਿਖਤ *ਉਦਾਸੀ ਸਿਖਾਂ ਦੀ ਵਿਥਿਆ* ਪੁਸਤਕ ਵਿਚ ਪੰਨਾ ਨੰ-158 ਉਤੇ ਦੇਖਿਆ ਜਾ ਸਕਦਾ ਹੈ ਜੋ ਕਿ ਭੈਰੋਆਲ ਸਥਾਨ ਦੇ ਸੰਤ ਨਰੈਣ ਦਾਸ ਦੀ ਪਧਤੀ ਹੈ ਇਹ ਪਧਤੀ ਇਉਂ ਲਿਖੀ ਗਈ ਹੈ- "ਬਾਬਾ ਪੂਰਨ ਦਾਸ ਜੀ ਤੋਂ ਬਾਦ ਸੰਤ ਦਿਆਲਦਾਸ ਜੀ, ਮਾਨਦਾਸ ਜੀ, ਸੇਵਾਦਾਸ, ਰਾਮ ਚੇਰਾ, ਰਾਮ ਦਿੱਤਾ, ਦੁਨੀ ਚੰਦ, ਝੰਡਾ ਦਾਸ, ਗੁਰਦਿਆਲ, ਫੂਲ ਦਾਸ, ਗੁਲਾਬ ਦਾਸ, ਸਾਹਿਬ ਦਾਸ, ਚਰਨ ਦਾਸ, ਮੁਕਤ ਰਾਮ, ਸਰੂਪ ਦਾਸ, ਮੌਜ ਦਰਿਯਾ ਤੋਂ ਸੰਤ ਨਰੈਣ ਦਾਸ ਜੀ।" ਅਸਲ ਵਿਚ ਸਚਿਦਾਨੰਦ ਸ਼ਰਮਾ ਨੇ ਸਾਹਿਬ ਦਾਸ ਕਰਕੇ ਹੀ ਇਹ ਪਧਤੀ ਦੇ ਦਿਤੀ ਹੋਵੇਗੀ।

[31] मैथिल, सच्चिदानंद शर्मा, *उदासी सम्प्रदाय और कवि संत रेण,* साहित्य सदन देहरादून, 1967, पृष्ठ 68, 74.

1. ਸ੍ਰੀ ਚੰਦ।

2. ਬਾਬਾ ਗੁਰਦਿਤਾ।

3. ਬਾਲੂ ਹਸਨਾ।

4. ਦਿਆਲ ਦਾਸ।

5. ਬਾਬਾ ਮਾਨ ਦਾਸ।

6. ਰੂੜ ਮੱਲ।

7. ਲੱਧੂ ਮਲ।

8. ਬੁੱਧ ਮੱਲ।

9. ਸੁੱਖਰਾਮ।[32]

10. ਸੰਤ ਪ੍ਰਸਾਦ। (ਇਨ੍ਹਾਂ ਨੇ ਭੂਦਨ ਵਿਖੇ ਉਦਾਸੀ ਡੇਰਾ ਸਥਾਪਿਤ ਕੀਤਾ)

11. ਸਾਹਿਬ ਦਾਸ।

12. ਸੰਤਰੇਣ।

ਸੋ ਉਪਰੋਕਤ ਪਧਤੀਆਂ ਤੋਂ ਇਲਾਵਾ ਤੀਜੀ ਚੇਲਾ ਪਧਤੀ ਜੋ ਮਿਲਦੀ ਹੈ ਜਿਸਦਾ ਕਿ ਉਪਰੋਕਤ ਦੋਨੋਂ ਚੇਲਾ ਪਧਤੀਆਂ ਆਧਾਰ ਹਨ ਉਹ ਹੇਠ ਲਿਖੇ ਅਨੁਸਾਰ ਹੈ-

---

[32] ਇਹ ਪਧਤੀ ਭੂਦਨ ਡੇਰੇ ਵਲੋਂ ਲਿਖੀ ਗਈ ਹੈ ਜੋ ਕਾਫੀ ਹੱਦ ਤੀਕ ਠੀਕ ਜਾਪਦੀ ਹੈ। ਇਹ ਪਧਤੀ ਵੀ ਰਣਧੀਰ ਸਿੰਘ ਦੁਆਰਾ ਰਚਿਤ *ਉਦਾਸੀ ਸਿਖਾਂ ਦੀ ਵਿਥਿਆ* ਦੇ ਪੰਨਾ ਨੰ 152-53 ਉਤੇ ਦਰਜ ਹੈ ਜੋ ਕਿ ਬਿਲਕੁਲ ਸਹੀ ਹੈ। ਪਰ ਸੁੱਖਰਾਮ ਜੀ ਦਾ ਜ਼ਿਕਰ ਕਿਧਰੇ ਵੀ ਨਹੀਂ ਮਿਲਦਾ। ਸੋ ਬੁਧਮੱਲ ਦਾ ਚੇਲਾ ਸੰਤ ਪ੍ਰਸਾਦ ਬਣਦਾ ਹੈ। ਇਥੇ ਸੁੱਖਰਾਮ ਜੀ ਦਾ ਨਾਮ ਕਿਸ ਹਵਾਲੇ ਨਾਲ ਲਿਖਿਆ ਗਿਆ ਉਸਦਾ ਜ਼ਿਕਰ ਭੂਦਨ ਡੇਰੇ ਵਾਲਿਆਂ ਨੇ ਨਹੀਂ ਕੀਤਾ। ਅਸਲ ਵਿਚ ਸੁੱਖਰਾਮ ਜੀ ਇਸ ਪਧਤੀ ਵਿਚ ਹੈ ਹੀ ਨਹੀਂ ਜੇ ਹੋਏ ਵੀ ਤਾਂ ਸਿਰਫ ਸੇਵਕ ਹੀ ਹੋਣਗੇ ਮਹੰਤ ਨਹੀਂ ਕਿਉਂਕਿ ਸੰਤ ਪ੍ਰਸਾਦ ਤੋਂ ਹੀ ਸਾਹਿਬ ਦਾਸ ਨੇ ਸਿਖਿਆ ਲਈ ਹੈ।

1. ਬਾਬਾ ਬਾਲੂ ਹਸਨਾ।

2. ਬਾਬਾ ਪੂਰਨ ਦਾਸ।

3. ਬਾਬਾ ਦਿਆਲ ਦਾਸ।

4. ਬਾਬਾ ਮਾਨ ਦਾਸ।

5. ਬਾਬਾ ਰੂੜ੍ਹ ਮੱਲ।

6. ਬਾਬਾ ਲੱਧਾ ਮੱਲ।

7. ਬਾਬਾ ਬੁੱਧ ਮੱਲ।

8. ਬਾਬਾ ਸੰਤ ਪ੍ਰਸਾਦਿ।

9. ਬਾਬਾ ਸਾਹਿਬ ਦਾਸ।

10. ਬਾਬਾ ਸੰਤਰੇਣ।

11. ਬਾਬਾ ਰਾਮਸਰਨ।

12. ਬਾਬਾ ਮਦਨ ਗੋਪਾਲ।

13. ਸੰਤ ਮੁਕਤ ਰਾਮ[33]

ਸੰਤ ਮੁਕਤ ਰਾਮ ਦੇ ਚੇਲੇ ਮਹੰਤ ਹਰਲਾਲ ਦਾਸ ਹਨ ਜੋ ਕਿ ਬਚਪਨ ਤੋਂ ਹੀ ਮਹੰਤ ਮੁਕਤ ਰਾਮ ਦੀ ਸੇਵਾ ਵਿਚ ਸੀ। ਲਗਪਗ 85 ਸਾਲ ਦੀ ਉਮਰ ਵਿਚ 26-05-2014 ਨੂੰ ਸੰਤ ਮੁਕਤ ਰਾਮ ਦਾ ਦਿਹਾਂਤ ਹੋ ਗਿਆ ਸੋ ਇਸ ਤੋਂ ਬਾਦ ਹੁਣ ਮਹੰਤ ਹਰਲਾਲ ਦਾਸ ਜੀ ਡੇਰੇ ਦੀ ਸੇਵਾ ਸੰਭਾਲ ਕਰ ਰਹੇ ਹਨ। ਜੋ ਡੇਰੇ ਵਿਚ ਵੈਦਗਿਰੀ ਚਲ ਰਹੀ ਸੀ, ਉਹ ਵੀ ਅਜੇ ਤੀਕ ਮੌਜੂਦ ਹੈ ਜਿਸ ਦੀ ਸੇਵਾ ਵੀ ਮਹੰਤ ਹਰਲਾਲ ਦਾਸ ਹੀ ਕਰ ਰਹੇ ਹਨ।

[33] ਰਣਧੀਰ ਸਿੰਘ, *ਉਦਾਸੀ ਸਿਖਾਂ ਦੀ ਵਿਥਿਆ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1959, ਪੰਨਾ 152-53.

ਸੰਤਰੇਣ ਦੇ ਤਿੰਨ ਡੇਰੇ ਜੋ ਹਿਲਾਣੀ (ਸਿੰਧ) ਵਿਚ ਸਨ ਉਥੇ ਆਪ ਜੀ ਦੀਆਂ ਤਿੰਨ ਗੱਦੀਆਂ ਚਲਦੀਆਂ ਸਨ, ਜਿਨ੍ਹਾਂ ਦੀਆਂ ਗੁਰ ਪ੍ਰਣਾਲੀਆਂ ਹੇਠ ਲਿਖੇ ਅਨੁਸਾਰ ਹਨ-

**ਪਹਿਲੀ ਗੱਦੀ-**

ਸ੍ਰੀ ਬਾਵਾ ਸੰਤਰੇਣ - ਸ੍ਰੀ ਬਾਵਾ ਸੁਕਦੇਵ- ਸ੍ਰੀ ਬਾਵਾ ਸੁਖਰਾਮਦਾਸ- ਸ੍ਰੀ ਬਾਵਾ ਸੰਤੋਖਦਾਸ- ਸ੍ਰੀ ਬਾਵਾ ਸੰਗਤਦਾਸ- ਸ੍ਰੀ ਬਾਵਾ ਸਵਰੂਪਦਾਸ।

**ਦੂਜੀ ਗੱਦੀ-**

ਸ੍ਰੀ ਬਾਵਾ ਸੰਤਰੇਣ- ਸ੍ਰੀ ਬਾਵਾ ਸੁਕਦੇਵ- ਸ੍ਰੀ ਬਾਵਾ ਸ਼ਾਮਦਾਸ- ਸ੍ਰੀ ਬਾਵਾ ਮਾਣਕਦਾਸ- ਸ੍ਰੀ ਬਾਵਾ ਨਰੈਣਦਾਸ- ਸ੍ਰੀ ਬਾਵਾ ਕਿਸ਼ਨਦਾਸ- ਸ੍ਰੀ ਬਾਵਾ ਹਰੀਦਾਸ।

**ਤੀਜੀ ਗੱਦੀ-**

ਸ੍ਰੀ ਬਾਵਾ ਸੰਤਰੇਣ- ਸ੍ਰੀ ਬਾਵਾ ਸੁਕਦੇਵ- ਸ੍ਰੀ ਬਾਵਾ ਸੰਤਦਾਸ- ਸ੍ਰੀ ਬਾਵਾ ਸੰਤਬਖਸ਼- ਸ੍ਰੀ ਬਾਵਾ ਗੁਰਬਖਸ਼- ਸ੍ਰੀ ਬਾਵਾ ਮੇਹਰਬਖਸ਼- ਸ੍ਰੀ ਬਾਵਾ ਗੁਰਦਾਸ- ਸ੍ਰੀ ਬਾਵਾ ਗਰੀਬਦਾਸ- ਸ੍ਰੀ ਬਾਵਾ ਧਿਆਨਦਾਸ- ਸ੍ਰੀ ਬਾਵਾ ਅਮ੍ਰਦਾਸ।[34]

ਇਸ ਤੋਂ ਇਲਾਵਾ ਮਹੰਤ ਜੈਰਾਮਦਾਸ ਟਿੰਡਾਅਲਾਯਾਰ ਜ਼ਿਲ੍ਹਾ ਹੈਦਰਾਵਾਦ (ਸਿੰਧ) ਵਿਚ ਵੀ ਅਸਥਾਨ ਹੈ, ਇਹ ਅਸਥਾਨ ਵੀ ਹਿਲਾਣੀ ਵਾਲੀ ਪ੍ਰੰਪਰਾ ਦੀ ਸ਼ਾਖ ਹੈ ਇਸ ਦੀ ਗੁਰ ਪ੍ਰਣਾਲੀ ਇਸ ਪ੍ਰਕਾਰ ਹੈ-

ਸ੍ਰੀ ਬਾਵਾ ਸੰਤਰੇਣ- ਸ੍ਰੀ ਬਾਵਾ ਸੁਕਦੇਵ- ਸ੍ਰੀ ਬਾਵਾ ਬ੍ਰਹਮਦਾਸ- ਸ੍ਰੀ ਬਾਵਾ ਪ੍ਰੇਮਦਾਸ- ਸ੍ਰੀ ਬਾਵਾ ਬੁੱਧਦਾਸ- ਸ੍ਰੀ ਬਾਵਾ ਜੈਰਾਮਦਾਸ।

---

[34] ਪੰਡਿਤ ਬ੍ਰਹਮਦਾਸ ਜੀ ਉਦਾਸੀਨ, *ਗੁਰੂ ਉਦਾਸੀਨ ਮੱਤ ਦਰਪਨ,* ਸ੍ਰੀ ਅਮਰਦਾਸ ਜੀ ਉਦਾਸੀਨ ਸੰਪਾਦਿਕ ਧਰਮਬੀਰ, ਸਖਰ (ਸਿੰਧੁ), 1923, ਪੰਨਾ 188-89.

ਉਪਰੋਕਤ ਵੰਨਗੀਆਂ ਤੋਂ ਇਲਾਵਾ ਸੰਤਰੇਣ ਦੇ ਦੋ ਚੇਲਿਆਂ ਬਾਰੇ ਵੀ ਜ਼ਿਕਰ ਮਿਲਦਾ ਹੈ। ਜਿਨ੍ਹਾਂ ਵਿਚ ਭਗਤ ਰੇਣ ਅਤੇ ਗੋਬਿੰਦ ਰਾਮ ਸਨ। ਇਹ ਦੋਨੋਂ ਵੀ ਵਧੀਆ ਕਵੀ ਹੋਏ ਹਨ। ਭਗਤ ਰੇਣ ਦੀ ਕਾਵਿ ਰਚਨਾ ਬਾਲਾ ਪੁਰ ਪੀਠ ਵਿਚ ਰਹਿ ਗਈ ਦੱਸੀ ਜਾਂਦੀ ਹੈ ਅਤੇ ਗੋਬਿੰਦ ਦਾਸ ਬਾਰੇ ਜਾਣਕਾਰੀ ਮਿਲਦੀ ਹੈ ਕਿ ਇਹ ਯੂਰਪ ਚਲਿਆ ਗਿਆ ਸੀ ਅਤੇ ਉਥੇ ਦੇ ਕੌਂਸਲ ਦੇ ਜੱਜਾਂ ਨੂੰ ਸੰਸਕ੍ਰਿਤ ਪੜ੍ਹਾਉਂਦਾ ਸੀ।[35]

ਇਨ੍ਹਾਂ ਤੋਂ ਇਲਾਵਾ ਮਾਈ ਹੀਰਾ ਬਾਈ ਅਤੇ ਸੁਕਦੇਵ ਵੀ ਆਪ ਦੇ ਚੇਲੇ ਸਨ। ਸੰਤਰੇਣ ਬਾਰੇ ਬਾਕੀ ਅਨੁਮਾਨ ਅਸੀਂ ਆਪ ਦੀਆਂ ਰਚਨਾਵਾਂ ਤੋਂ ਲਗਾ ਸਕਦੇ ਹਾਂ। ਕਵੀ ਅਪਣੇ ਆਪ ਨੂੰ ਤੁਛ ਸਮਝਦੇ ਹੋਏ ਪਰਮਾਤਮਾ ਨੂੰ ਹੀ ਸਭ ਕੁਝ ਕਰਨ ਵਾਲਾ ਮੰਨਦਾ।[36] ਕਵੀ ਦੀ ਨਿਮਰਤਾ ਦਾ ਅੰਦਾਜਾ ਅਸੀਂ ਇਸ ਤੋਂ ਲਗਾ ਸਕਦੇ ਹਾਂ ਕਿ ਉਹ ਕਹਿੰਦਾ ਹੈ ਕਿ ਉਸ ਦੇ ਔਗੁਣ ਅਸਮਾਨ ਦੇ ਤਾਰਿਆਂ ਤੋਂ ਵੀ ਜ਼ਿਆਦਾ ਹਨ। ਕਵੀ ਅਪਣੀ ਰਚਨਾ ਵਿਚ ਕਹਿੰਦਾ ਹੈ ਕਿ ਰੇਤ ਦੇ ਕਿਣਕਿਆਂ ਜਿੰਨੇ ਮੇਰੇ ਅਵਗੁਣ ਹਨ।[37] ਆਪਣੇ ਆਪ ਨੂੰ ਮਤਿ ਹੀਨਾ ਸਮਝਣਾ ਆਦਿ ਅਨੇਕਾਂ ਪ੍ਰਕਾਰ ਦੀਆਂ ਵੰਨਗੀਆਂ ਆਪ ਦੀਆਂ ਰਚਨਾਵਾਂ ਵਿਚੋਂ ਸਹਿਜ ਹੀ ਮਿਲਦੀਆਂ ਹਨ।[38]

---

[35] ਅਸ਼ੋਕ, ਸਮਸ਼ੇਰ ਸਿੰਘ, *ਪੰਜਾਬੀ ਦੁਨੀਆ,* ਜਿਲਦ ਦੂਜੀ, ਅੰਕ 10, ਮਹਿਕਮਾ ਪੰਜਾਬੀ, ਪਟਿਆਲਾ, ਦਸੰਬਰ 1951, ਪੰਨਾ 39.

[36] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 39-

ਜੈਸੇ ਕੋਊ ਲਘੂ ਬਾਲ ਬੋਲ ਨਾ ਸਕੈ ਬਿਸਾਲ ਬੋਲਿਆ ਤੋ ਚਾਹੇ ਪਰ ਬੋਲ ਨਾ ਸਕਤਿ ਹੈ॥ ਰੋਟੀ ਕੋ ਓਟੀ ਕਹੈ ਮਾਤਾ ਕੋ ਸੋ ਆਤਾ ਕਹੈ ਚੂਚੀ ਕੋ ਸੋ ਊਚੀ ਕਹੈ ਤੋਤਲਾ ਬੋਲਤਿ ਹੈ॥ ਤੋਤਲਿ ਬਚਨਿ ਸੁਨਿ ਮਾਨਤਿ ਨ ਬੁਰਾ ਪੁਨਿ ਜਨਨੀ ਕਹਤਿ ਬਾਲ ਬੋਲਨਿ ਸਿਖਤਿ ਹੈ॥ ਤੈਸੇ ਕਵਿ ਬੁਧਿਵਾਨ ਔਰ ਸੰਤ ਜੋ ਮਹਾਨ ਬਾਲਕ ਸਮਾਨ ਜਾਨ ਬੁਰਾ ਨਾ ਮਨਤਿ ਹੈ॥25॥ ਤੈਸੇ ਮਮ ਛੰਦ ਪਰਬੰਧ ਹੂੰ ਕੋ ਗਯਾਨ ਨਾਹਿ ਲਘੁ ਪੁਨਿ ਦੀਰਘ ਨ ਅੱਛਰ ਸੁ ਜਾਨ ਹੈ॥ ਸੁਰ ਪੁਨਿ ਬਯੰਜਨ ਪਲੂਤ ਹੂੰ ਕੋ ਗਯਾਨ ਨਾਹਿ ਸੁਭਾਸੁਭ ਗੁਣ ਕੀ ਨ ਮੋਹਿ ਸੁ ਪਛਾਨ ਹੈ॥ ਤੁਕ ਛੰਦ ਭੰਗ ਦੋਊ ਅਰਥ ਨਾ ਮਿਲੈ ਕੋਊ ਬਾਲਕ ਸਮਾਨ ਗਿਰਾ ਤੋਤਰ ਸਮਾਨ ਹੈ॥ ਸੰਤ ਕਵਿ ਬੁਧਿਵਾਨ ਪਰਮ ਦਿਆਲ ਜਾਨ ਮਾਨਤਿ ਨ ਗੈਰ ਸੰਤ ਕਰੁਣਾ ਕੀ ਖਾਨ ਹੈ॥26॥

[37] ਉਹੀ, ਪਤਰਾ 1828-

ਸੰਤਰੇਣ ਇਕ ਜਪ ਤਪ ਕਰਨ ਵਾਲੇ ਸਾਧੂ ਸੀ[39] ਅਤੇ ਇਸ ਨੇ ਬਹੁਤਾ ਸਮਾਂ ਬਾਲਾਪੁਰ ਪੀਠ ਵਿਚ ਹੀ ਬਤੀਤ ਕੀਤਾ ਹੈ।[40] ਪਰਮਾਤਮਾ ਅਤੇ ਗੁਰੂ ਸਾਹਿਬਾਨ ਉਪਰ ਅਟੁਟ ਵਿਸ਼ਵਾਸ ਸੀ[41] ਅਤੇ

---

ਹਮਰੇ ਮਹਿ ਔਗੁਣਿ ਹੈਂ ਜਿਤਨੇ ਤਿਤਨੇ ਨਭ ਮਾਹਿ ਨਹੀ ਗੁਰ ਤਾਰੇ॥ ਬਰਖਾ ਜਲੁ ਬੂੰਦਿ ਨਹੀ ਤਿਤਨੀ ਚਹੁ ਮਾਸ ਪਰੈ ਜਿਤਨੀ ਹਰਿ ਧਾਰੇ॥ ਅਵਨੀ ਸਿਕਤਾ ਕਨ ਨਾ ਤਿਤਨੇ ਜਿਤਨੇ ਮਮ ਔਗੁਣਿ ਆਹਿ ਉਦਾਰੇ॥ ਮਮ ਔਗੁਣਿ ਕਾ ਕਛੁ ਪਾਰ ਨਹੀ ਲਿਖਤੇ ਲਿਖਤੇ ਜਮ ਦਾਸ ਸੁ ਹਾਰੇ॥54॥

[38] ਉਹੀ, ਪਤਰਾ 1851-

ਮੈ ਮਤਿ ਹੀਨ ਬੁਧਿ ਕਾ ਹੀਨਾ॥ ਰਾਮ ਗ੍ਰੰਥ ਇਹੁ ਪੂਰਾ ਕੀਨਾ॥ ਮੋ ਮੈ ਸਕਤੀ ਨਾਹਿ ਨ ਰਾਈ॥ ਇਹ ਸਭ ਸਕਤਿ ਰਾਮ ਕੀ ਭਾਈ॥122॥ ਪ੍ਰੇਰਿਓ ਮੋਹਿ ਜਯੁ ਰਾਮ ਉਦਾਰੇ॥ ਤਿਉ ਤਿਉ ਮੈ ਲਿਖ ਅੱਛਰ ਡਾਰੇ॥ ਪ੍ਰਣਵਿ ਤਾਹਿ ਸੁ ਸਾਰੰਗ ਪਾਣੀ॥ ਜਾਸ ਕ੍ਰਿਪਾ ਗੁਰ ਕਥਾ ਵਖਾਣੀ॥123॥

[39] ਉਹੀ, ਪਤਰਾ 3-

ਜਪ ਤਪ ਸਾਧਨ ਅਲਪ ਭਨ ਸੱਤਿਨਾਮੁ ਇਕ ਮੁਖਿ ਕਹਯੋ॥ ਜਪ ਤਪ ਸਾਧਨ ਸਰਬ ਤਜਿ ਸੰਤਰੇਣ ਸੋ ਉਰ ਗਹਯੋ॥22॥

[40] ਉਹੀ, ਪਤਰਾ 43-

ਰਹਤੇ ਕਿਸ ਠੋਰ ਸੁ ਮੋਹਿ ਕਹੋ ਕਿਸ ਠੋਰ ਵਿਖੇ ਅਸਥਾਨ ਤੁਮਾਰੋ॥ ਕਹ ਆਸਣ ਬੈਸਣਿ ਹੈ ਤੁਮਰਾ ਪੁਨਿ ਕੌਨ ਤੁਮੇ ਮੁਹਿ ਭਾਖ ਸੁ ਸਾਰੋ॥ ਇਸਟੰ ਤੁਮਰਾ ਪੁਨਿ ਕੌਨ ਅਹੇ ਪੁਨਿ ਕੌਨ ਅਹੇ ਤਵਿ ਨਾਮ ਉਚਾਰੋ॥ ਇਤਿਨਾ ਬਰਤਾਂਤਿ ਕਹੋ ਹਮਕੋ ਅਪਨਾ ਮੁਹਿ ਸੇਵਕ ਜਾਨ ਉਧਾਰੋ॥6॥ ਬਰਨ ਛੰਦ॥ ਅਸਥੂਲ ਸਰੀਰ ਬਾਲਾਪੁਰ ਪੀਠ ਮੇਂ ਸੂਖਮ ਦੇਹ ਸੁ ਸੰਗਤਿ ਮਾਨੋ॥ ਪੁਨ ਕਾਰਨ ਦੁਹ ਚੁਗਾਨ ਕੇ ਬੀਚ ਮੈ ਰਾਮ ਕੇ ਨਾਮ ਨਿਸ਼ਾਨ ਗਡਾਨੋ॥ ਫੁਨ ਜਾਗ੍ਰਿਤਿ ਸੁਫਨ ਸਖੋਪਤਿ ਕੋਠਰੀ ਡੇਵਢੀ ਔਰ ਦਲਾਨ ਬਖਾਨੇ॥ ਤੁਰੀਆ ਪਦ ਆਸਣ ਮੈ ਨਿਤ ਬੈਠਕ ਏ ਸੰਤਰੇਣ ਕੀ ਸੰਗਤਿ ਜਾਨੋ॥

[41] ਉਹੀ, ਪਤਰਾ 2-

ਇਕ ਔਰ ਕਰੋ ਤੁਮ ਪੈ ਬਿਨਤੀ ਇਕਦਾਂਤ ਸੁਨੋ ਮਨ ਲਾਇ ਹਮਾਰੀ॥ ਸੁ ਸਿਰੀ ਗੁਰ ਕੀਰਤਿ ਕੇ ਕਰਬੇ ਕਉ ਮੋਹਿ ਕਰੀ ਪ੍ਰਭ ਆਜ ਤਿਆਰੀ॥ ਤੁਮਰੀ ਕਿਰਪਾ ਬਿਨ ਅੱਛਰ ਏਕ ਨ ਸੰਤਹਿ ਰੇਣ ਸਕੈ ਸੁ ਉਚਾਰੀ॥ ਤੁਮ ਆਦਿ ਸੁ ਮੱਧਯ ਸਮਾਪਤਿ ਕੇ ਲਗ ਬੋਲਤ ਜਾਹੁ ਸੁ ਆਪ ਅਗਾਰੇ॥14॥

ਨਿਮਰਤਾ ਭਾਵ ਤਾਂ ਕਵੀ ਦੀਆਂ ਰਚਨਾਵਾਂ ਵਿਚ ਥਾਂ ਥਾਂ ਦੇਖਣ ਨੂੰ ਮਿਲਦਾ ਹੈ।[42] ਸਿਖ ਧਰਮ ਲਈ ਇਸ ਨੇ ਆਪਣਾ ਸਾਰਾ ਜੀਵਨ ਲੇਖੇ ਲਾਇਆ ਹੈ, ਰਚਨਾਵਾਂ ਵਿਚ ਵੀ ਸਰਵ-ਪ੍ਰਥਮ ਗੁਰੂਆਂ ਦੀ ਬੰਦਨਾਂ ਕਰਕੇ ਹੀ ਕੋਈ ਵੀ ਰਚਨਾ ਲਿਖਣੀ ਆਰੰਭ ਕੀਤੀ ਹੈ।[43] ਸੰਤਰੇਣ ਪੂੰਜੀਵਾਦੀ ਸੋਚ ਤੋਂ ਬਿਲਕੁਲ ਹੀ ਨਿਰਲੇਪ ਸੀ ਪਰ ਫਿਰ ਵੀ ਪੂੰਜੀ ਨੂੰ ਜੀਵਨ ਦੇ ਬਸਰ ਲਈ ਜਰੂਰੀ ਸਮਝਦੇ ਸੀ।[44] ਇੰਨਾ ਗਿਆਨ ਹੋਣ ਦੇ ਬਾਵਜੂਦ ਵੀ ਅਪਣੇ ਆਪ ਨੂੰ ਇਕ ਬਾਲਕ ਦੀ ਭਾਂਤੀ ਹੀ ਸਮਝਦੇ ਸੀ।[45] ਜਿਥੇ ਕਵੀ ਸਿਖ ਧਰਮ ਪ੍ਰਤੀ ਬਹੁਤ ਹੀ ਜ਼ਿਆਦਾ ਨਿਸ਼ਠਾ ਰਖਦਾ ਸੀ ਉਥੇ ਹੀ ਇਸ ਦੇ ਜੀਵਨ ਉਪਰ ਹਿੰਦੂ ਧਰਮ ਦਾ ਵੀ ਕਾਫੀ ਪ੍ਰਭਾਵ ਰਚਨਾਵਾਂ ਵਿਚੋਂ ਦੇਖਣ ਨੂੰ ਮਿਲਦਾ ਹੈ। ਪੌਰਾਣਿਕ ਦੇਵੀ-ਦੇਵਤਿਆਂ ਬਾਰੇ ਗੂੜ੍ਹ ਗਿਆਨ ਤੋਂ ਹਿੰਦੂ ਧਰਮ ਦੇ ਪ੍ਰਭਾਵ ਦਾ ਸਹਿਜ ਹੀ ਅਨੁਮਾਨ ਲਗ ਜਾਂਦਾ ਹੈ, ਇਸ ਦੇ ਨਾਲ ਹੀ ਇਨ੍ਹਾਂ ਵਿਚ ਨਿਸ਼ਠਾ ਅਤੇ ਆਸਥਾ ਵੀ

---

[42] ਉਹੀ, ਪਤਰਾ 3-

ਅਲਪ ਬੁੱਧਿ ਮਮ ਹੀਨ ਮਲੀਨ ਸੁ ਨਾਹਿ ਬਿਚਾਰ॥ ਕਰੁਣ ਸਿੰਧ ਦਿਆਲ ਤੋਹਿ ਬਿਨ ਕਉਨ ਹਮਾਂਰ॥ ਕਹ ਦਾਸਨ ਕੋ ਦਾਸ ਮੋਰ ਬਿਨਤੀ ਸੁਨਿ ਲੀਜੈ॥ ਤੁਮਨੈ ਕਰੇ ਜੋ ਚਰਿਤ ਮੋਰ ਰਸਨਾ ਧਰਿ ਦੀਜੈ॥

[43] ਉਹੀ, ਪਤਰਾ 4-

ਪਿਰਥਮਿ ਨਾਨਕ ਦੇਉ ਗੁਰੂ ਅੰਗਦ ਪੁਨਿ ਜਾਨੇ॥ ਅਮਰਦਾਸ ਗੁਰ ਰਾਮਦਾਸ ਅਰਜਨ ਪਹਿਚਾਨੇ॥ ਹਰਿ ਗੁਬਿੰਦ ਹਰਿ ਰਾਇ ਸਿਰੀ ਕ੍ਰਿਸਨ ਸੁ ਕਹਯੈ॥ ਤੇਗ ਬਹਾਦਰ ਬਹੁਰਿ ਗੁਰੂ ਗੋਬਿੰਦ ਸੁ ਹਯੈ॥ ਹਰਿ ਗੁਰ ਕੇ ਅਵਤਾਰ ਏ ਬਿਘਨ ਹਰਨ ਮੰਗਲ ਕਰਨ॥ ਹਰਿ ਗੁਰ ਦੀਨ ਦਿਆਲ ਸਦਿ ਸੰਤਰੇਣ ਸੇਵਕ ਸਰਨ॥39॥

[44] ਉਹੀ, ਪਤਰਾ 4-

ਮਾਯਾ ਬਿਨ ਜਗ ਕਾਰਜੰ ਸਿੱਧ ਨ ਹੋਵੈ ਕੋਇ॥ ਮਾਯਾ ਜਗ ਪਰਧਾਨ ਹੈ ਲੋਕ ਬੇਦ ਕਹ ਦੋਇ॥37॥

[45] ਉਹੀ, ਪਤਰਾ 38-39-

ਜਦਪਿ ਨਾਹਿ ਜਥਾਰਥ ਬੋਲ॥ ਬਾਣੀ ਅਰਥ ਨ ਕਛੁ ਮੁਖਿ ਖੋਲੇ॥ ਤਦਪਿ ਸੁਣਿ ਕਰਿ ਤੋਤਰਿ ਬਾਤਾ॥ ਮਨ ਮੈ ਹਰਖ ਹੋਯਿ ਪਿਤ ਮਾਤਾ॥23॥ ਤਿਉ ਮੁਹਿ ਛੰਦ ਬਿਬੇਕ ਸੁ ਨਾਹੀ॥ ਸਭਿ ਦੂਖਣਿ ਮਮ ਛੰਦਨ ਮਾਹੀ॥ ਤਿਉ ਬੁਧਿਵਾਨ ਕਵਿਸੁਰ ਜੇਤੇ॥ ਹਮਰੇ ਮਾਤ ਪਿਤਾ ਸਭਿ ਤੇਤੇ॥24॥

ਪ੍ਰਤਖ ਜਾਹਿਰ ਹੁੰਦੀ ਹੈ, ਰਚਨਾਵਾਂ ਵਿਚ ਤੀਰਥਾਂ ਦੇ ਜ਼ਿਕਰ ਤੋਂ ਉਨ੍ਹਾਂ ਵਿਚ ਵਿਸ਼ਵਾਸ ਬਾਰੇ ਪਤਾ ਲਗ ਜਾਂਦਾ ਹੈ।[46]

ਸੰਤਰੇਣ ਦੇ ਜੀਵਨ ਨਾਲ ਸੰਬੰਧਿਤ ਪਿੰਡ ਭੂਦਨ ਵਿਖੇ ਕਾਫੀ ਦੰਦ ਕਥਾਵਾਂ ਪ੍ਰਚਲਿਤ ਹਨ ਅਤੇ ਲੋਕਾਂ ਨੂੰ ਕਵੀ ਉਪਰ ਅਥਾਹ ਵਿਸ਼ਵਾਸ ਹੈ, ਉਹ ਕਵੀ ਨੂੰ ਸੰਤ ਜਾਂ ਕੋਈ ਮਹਾਂਪੁਰਸ਼ ਦੇ ਤੁਲ ਸਮਝਦੇ ਸਨ। ਇਸ ਲਈ ਸੰਤਰੇਣ ਨਾਲ ਬਹੁਤ ਸਾਰੀਆਂ ਦੰਦ ਕਥਾਵਾਂ ਵੀ ਜੁੜੀਆਂ ਹੋਈਆਂ ਹਨ, ਜਿਨ੍ਹਾਂ ਵਿਚੋਂ ਕੁਝ ਹੇਠ ਲਿਖੇ ਅਨੁਸਾਰ ਹਨ-

ਪਿੰਡ ਭੂਦਨ ਵਿਚ ਇਕ ਜਾਤੀ ਨਾਮਕ ਨੰਬਰਦਾਰ ਰਹਿੰਦਾ ਸੀ। ਉਸ ਦੀ ਘਰਵਾਲੀ ਮਰ ਗਈ ਅਤੇ ਉਸ ਦੇ ਸੋਨੇ ਦੇ ਗਹਿਣੇ ਆਦਿ ਉਸ ਦੇ ਸਹੁਰੇ ਘਰ ਰਹਿ ਗਏ ਸਨ। ਜਦ ਨੰਬਰਦਾਰ ਨੇ ਗਹਿਣੇ ਵਾਪਸ ਮੰਗੇ ਤਾਂ ਸਹੁਰੇ ਨੇ ਇਨਕਾਰ ਕਰ ਦਿਤਾ ਸੀ। ਸਿਟੇ ਵਜੋਂ ਨੰਬਰਦਾਰ ਅਪਣੇ ਸਹੁਰੇ ਉਤੇ ਕੇਸ ਪਾਉਣ ਲਗਾ ਸੀ। ਇਸ ਗਲ ਦਾ ਪਤਾ ਜਦ ਸੰਤਰੇਣ ਨੂੰ ਲਗਾ ਤਾਂ ਉਨ੍ਹਾਂ ਨੇ ਜਾਤੀ ਨੰਬਰਦਾਰ ਨੂੰ ਬੁਲਾ ਕੇ ਸਮਝਾਇਆ ਤੇ ਕੇਸ ਪਾਉਣ ਤੋਂ ਰੋਕਿਆ। ਇਸ ਗਲ ਤੇ ਸੰਤਰੇਣ ਜੀ ਨੇ ਇਕ ਕੁੰਡਲੀਆ ਲਿਖਿਆ ਸੀ-

ਅਰਜ਼ੀ ਤੇ ਗਰਜ਼ੀ ਭਏ, ਘਰ ਕੀ ਛੋਡੀ ਆਸ।
ਇਤ ਉਤ ਹੀ ਭਟਕਤ ਫਿਰਿਓ, ਕੌਡੀ ਰਹੀ ਨ ਪਾਸ।
ਕੌਡੀ ਰਹੀ ਨ ਪਾਸ, ਅੰਨ ਨਹੀਂ ਰਹਯੋ ਗੇਹ ਮੈਂ।
ਧਨ ਕਵਨ ਹਵਾਲ, ਰਕਤ ਨਹੀਂ ਰਹਯੋ ਸੁ ਦੇਹ ਮੈਂ।
ਸੰਤ ਰੇਣ ਇਮ ਕਹੈ, ਸੈਂਕੜੇ ਵਾਰੀ ਵਰਜੀ।
ਸੁਣੋ ਸਿਆਣੇ ਲੋਕ, ਭੂਲ ਮਤ ਪਾਇਓ ਅਰਜ਼ੀ।[47]

---

[46] ਉਹੀ, ਪਤਰਾ 20-

ਅਬ ਬੰਦੋ ਸਭਿ ਬਿਪ੍ਰ ਮਹਾਨਾਂ॥ ਹਰਿ ਸਿਵ ਕਥਾ ਜੁ ਪੜਹਿ ਪੁਰਾਂਨਾਂ॥ ਕਥਾ ਸੁਣਾਇ ਸੁ ਪਾਤਿਕ ਹਰੈ॥ ਸਭਿ ਜੀਵਨ ਕੋ ਪਾਵਨ ਕਰੈਂ॥4॥ ਜਗ ਕੇ ਮਾਹਿ ਸੁ ਤੀਰਥ ਜੇਤੇ॥ ਦ੍ਵਿਜ ਚਰਨਨ ਮੈ ਬਸੈਂ ਸੁ ਤੇਤੇ॥

ਇਸੇ ਤਰ੍ਹਾਂ ਇਕ ਹੋਰ ਦੰਦ ਕਥਾ ਹੈ ਕਿ ਇਕ ਪ੍ਰਭ ਦਿਆਲ ਪੰਡਿਤ ਨਾਮ ਦਾ ਵਿਅਕਤੀ ਜੋ ਕਿ ਪਿੰਡ ਭੂਦਨ ਵਿਚ ਰਹਿੰਦਾ ਸੀ। ਇਕ ਦਿਨ ਉਸ ਪੰਡਿਤ ਦੀ ਲੜਕੀ ਦੇ ਸੰਤਰੇਣ ਦੇ ਡੇਰੇ ਤੋਂ ਥੋੜੀ ਦੂਰੀ ਤੇ ਟੋਭੇ ਉਤੇ ਗਹਿਣੇ ਗੁਆਚ ਗਏ। ਜਦ ਉਸ ਨੇ ਸੰਤਰੇਣ ਦਾ ਨਾਮ ਲੈ ਕੇ ਸੁਖਣਾ ਸੁਖੀ ਤਾਂ ਜਲਦ ਹੀ ਗਹਿਣੇ ਲਭ ਗਏ। ਲੜਕੀ ਦਾ ਪਿਤਾ ਇਸ ਖੁਸ਼ੀ ਵਿਚ ਸਵਾ ਰੁਪਈਏ ਦੇ ਪਤਾਸੇ ਵੰਡਣ ਲਈ ਸੰਤਰੇਣ ਜੀ ਦੇ ਡੇਰੇ ਤੇ ਆਇਆ। ਡੇਰੇ ਵਿਚ ਕਦਮ ਰਖਦੇ ਸਾਰ ਹੀ ਸੰਤਰੇਣ ਸਹਿਜੇ ਹੀ ਬੋਲੇ ਕਿ ਅਛਾ ਪੰਡਿਤ ਜੀ ਹੁਣ ਸਾਨੂੰ ਗਹਿਣੇ ਲਭਣ ਲਈ ਵੀ ਲਾ ਲਿਆ। ਪੰਡਿਤ ਹੈਰਾਨ ਹੋ ਗਿਆ ਕਿ ਸੰਤਰੇਣ ਨੂੰ ਇਹ ਗਲ ਬਿਨਾਂ ਦਸੇ ਕਿਵੇਂ ਪਤਾ ਲਗ ਗਈ।

ਇਸੇ ਤਰ੍ਹਾਂ ਹੀ ਭੂਦਨ ਤੋਂ ਥੋੜ੍ਹੀ ਦੂਰੀ ਤੇ ਪਿੰਡ ਸਿਕੰਦਰਪੁਰੇ ਦੇ ਕੁਝ ਲੋਕ ਬਿਮਾਰ ਹੋ ਗਏ ਸਨ। ਉਥੋਂ ਦਾ ਇਕ ਵਸਨੀਕ ਸੀ ਬੂਟੀ, ਜਿਸ ਨੇ ਸੰਤਰੇਣ ਤੋਂ ਇਕ ਵਿਅਕਤੀ ਨੂੰ ਦਵਾਈ ਲੇਣ ਲਈ ਭੇਜਿਆ। ਕਹਿੰਦੇ ਹਨ ਕਿ ਸੰਤਰੇਣ ਅਜੇ ਸਮਾਧੀ ਤੋਂ ਉਠੇ ਹੀ ਸਨ ਕਿ ਇਕ ਕਿਕਰ ਵਲ ਇਸ਼ਾਰਾ ਕਰਕੇ ਬੋਲੇ ਕਿ ਜੇ ਕੋਈ ਬਿਮਾਰ ਵਿਅਕਤੀ ਇਸ ਕਿਕਰ ਦੀ ਲੁੰਗ ਅਜ ਹੀ ਖਾ ਲਵੇਗਾ ਤਾਂ ਉਸਦਾ ਬੁਖਾਰ ਹਟ ਜਾਵੇਗਾ। ਉਸ ਵਿਅਕਤੀ ਨੇ ਕਿਕਰ ਦੀ ਲੁੰਗ ਤੋੜੀ ਅਤੇ ਜਿਨ੍ਹਾਂ ਬੀਮਾਰਾਂ ਨੂੰ ਖਵਾਈ ਉਨ੍ਹਾਂ ਦਾ ਬੁਖਾਰ ਹਟ ਗਿਆ। ਪਤਾ ਲਗਣ ਤੇ ਲੋਕਾਂ ਨੇ ਲੁੰਗ ਤੋੜਨੀ ਸ਼ੁਰੂ ਕਰ ਦਿਤੀ। ਜੋ ਵੀ ਉਸ ਕਿਕਰ ਦੀ ਲੁੰਗ ਉਸ ਦਿਨ ਤੋੜ ਕੇ ਲੈ ਗਏ ਉਹ ਠੀਕ ਹੋ ਗਏ ਅਤੇ ਜਿਨ੍ਹਾਂ ਨੇ ਬਾਦ ਵਿਚ ਲੁੰਗ ਤੋੜ ਕੇ ਖਾਦੀ ਉਨ੍ਹਾਂ ਦਾ ਬੁਖਾਰ ਨਾ ਹਟਿਆ।[48]

---

[47] ਅਸ਼ੋਕ, ਸਮਸ਼ੇਰ ਸਿੰਘ, *ਪੰਜਾਬੀ ਦੁਨੀਆ,* ਜਿਲਦ ਦੂਜੀ, ਅੰਕ 10, ਮਹਿਕਮਾ ਪੰਜਾਬੀ, ਪਟਿਆਲਾ ਦਸੰਬਰ 1951 ਪੰਨਾ-27.

[48] ਉਹੀ, ਪੰਨਾ ਨੰ 27-28.

ਕਵੀ ਦੀ ਯਾਦ ਵਿਚ ਫਗਣ ਸੁਦੀ ਦਸਵੀਂ ਨੂੰ ਬਰਸੀ ਦੇ ਸਮੇਂ ਸਮਾਗਮ ਵੀ ਹੁੰਦਾ ਹੈ ਜਿਸ ਵਿਚ ਇਲਾਕੇ ਅਤੇ ਦੂਰ-ਦੁਰਾਡੇ ਤੋਂ ਸੰਗਤਾਂ ਬੜੀ ਸ਼ਰਧਾ ਨਾਲ ਪੁਜਦੀਆਂ ਹਨ। ਹਰ ਮਹੀਨੇ ਦੀ ਸੰਗ੍ਰਾਂਦ ਨੂੰ ਸੰਗਤਾਂ ਡੇਰੇ ਵਿਚ ਹਾਜ਼ਰੀਆਂ ਭਰਦੀਆਂ ਹਨ।

## ਰਚਨਾਵਾਂ

ਸੰਤਰੇਣ ਦੀਆਂ ਬਹੁਤ ਸਾਰੀਆਂ ਰਚਨਾਵਾਂ ਹਨ, ਜਿਨ੍ਹਾਂ ਵਿਚੋਂ ਕੁਝ ਪ੍ਰਕਾਸ਼ਿਤ ਹੋ ਚੁਕੀਆਂ ਹਨ ਅਤੇ ਕੁਝ ਕੁ ਹਥ ਲਿਖਤ ਰੂਪ ਵਿਚ ਹੀ ਮਿਲਦੀਆਂ ਹਨ। ਕੁਝ ਅਜਿਹੀਆਂ ਰਚਨਾਵਾਂ ਦਾ ਜ਼ਿਕਰ ਵੀ ਮਿਲਦਾ ਹੈ ਜੋ ਕਿ ਲੋਕਾਂ ਦੇ ਗਾਲਬਾਨ ਜ਼ਬਾਨੀ ਹੀ ਯਾਦ ਹਨ ਅਤੇ ਪੀੜ੍ਹੀ ਦਰ ਪੀੜ੍ਹੀ ਚੱਲੀਆਂ ਆ ਰਹੀਆਂ ਹਨ ਜਿਵੇਂ ਪੰਚ ਪਰਮੇਸ਼ਰ ਸਤੋਤ੍ਰ ਜੋ ਕਿ 'ਸਰਬ ਉਦਾਸੀਨ ਪੰਚਾਇਤੀ ਅਖਾੜਾ' ਦੀ ਆਰਤੀ ਦੇ ਤੌਰ ਤੇ ਰੋਜ਼ਾਨਾ ਪੜ੍ਹਿਆ ਜਾਂਦਾ ਹੈ। ਅਜਿਹੀਆਂ ਅਨੇਕਾਂ ਰਚਨਾਵਾਂ ਮਿਲਦੀਆਂ ਹਨ ਜਿਨ੍ਹਾਂ ਤੋਂ ਆਪ ਦੀ ਸਾਹਿਤਿਕ ਯੋਗਤਾ ਉਭਰ ਕੇ ਸਾਡੇ ਸਾਹਮਣੇ ਆਉਂਦੀ ਹੈ। ਇਸ ਸਤੋਤ੍ਰ ਦੀ ਰਚਨਾ 1833 (1776 ਈ.) ਸੰਮਤ ਵਿਚ ਕੀਤੀ ਸੀ।[49]

ਕਵੀ ਦੀਆਂ ਮੁਖ ਪੰਜ ਰਚਨਾਵਾਂ ਹਨ ਜਿਸ ਬਾਰੇ ਸ੍ਰੀ ਸੰਤਰੇਣੁ ਗ੍ਰੰਥਾਵਲੀ ਪੁਸਤਕ ਵਿਚ ਲਿਖਿਆ ਹੈ,"ਸ੍ਰੀ ਸੰਤ ਜੀ ਨੇ ਕ੍ਰਮ ਅਨੁਸਾਰ ਪੰਜ ਪੁਸਤਕਾਂ ਕਵੀਤਾ ਵਿਚ ਲਿਖੀਆਂ ਸਨ - ਮਨ ਪ੍ਰਬੋਧ, ਸ੍ਰੀ ਗੁਰੂ ਨਾਨਕ ਵਿਜੈ, ਸ੍ਰੀ ਗੁਰੂ ਨਾਨਕ ਬੋਧ, ਬਚਨ ਸੰਗ੍ਰਹ (ਅਨਭੈ ਅੰਮ੍ਰਿਤ ਗ੍ਰੰਥ) ਅਤੇ ਉਦਾਸੀ ਬੋਧ ਇਹ ਪੰਜ ਪੁਸਤਕਾਂ ਉਨ੍ਹਾਂ ਦੀਆਂ ਕਾਵਯ-ਰਚਨਾਵਾਂ ਹਨ।[50] ਇਨ੍ਹਾਂ ਪੰਜ ਰਚਨਾਵਾਂ ਦਾ ਜ਼ਿਕਰ ਸੰਤਰੇਣ ਜੀ ਅਪਣੀ ਰਚਨਾ ਉਦਾਸੀ ਬੋਧ ਵਿਚ ਵੀ ਕਰਦੇ ਹਨ।[51] ਇਨ੍ਹਾਂ ਪੰਜ ਰਚਨਾਵਾਂ ਦੀ ਮੁਢਲੀ ਜਾਣਕਾਰੀ ਨਿਮਨ-ਲਿਖਤ ਅਨੁਸਾਰ ਹੈ-

---

[49] ਰਾਮਦਾਸ ਵੈਦ, *ਸ੍ਰੀ ਸੰਤਰੇਣੁ ਗ੍ਰੰਥਾਵਲੀ,* ਸੰਤਰੇਣਾਸ਼੍ਰਮ, ਭੂਦਨ, 1953, ਪੰਨਾ 2.

[50] ਉਹੀ, ਦੇਖੋ ਭੂਮਿਕਾ, ਪੰਨਾ-ਗ.

[51] ਸੰਤਰੇਣ, *ਉਦਾਸੀ ਬੋਧ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 316-17-

## 1. ਮਨ ਪ੍ਰਬੋਧ

ਮਨ ਪ੍ਰਬੋਧ ਅਤੇ ਬਚਨ ਸੰਗ੍ਰਹਿ ਤਾਂ 1953 ਈ. ਵਿਚ ਰਾਮਦਾਸ ਵੈਦ ਨੇ ਸੰਤਰੇਣਾਸ਼੍ਰਮ, ਭੂਦਨ, ਮਾਲੇਰਕੋਟਲਾ ਤੋਂ ਪ੍ਰਕਾਸ਼ਿਤ ਕਰਵਾ ਦਿਤੀਆਂ ਹਨ। ਸੰਤਰੇਣ ਦੇ ਹਥਾਂ ਨਾਲ ਲਿਖੀ ਹੋਈ ਇਸ ਰਚਨਾ ਦਾ ਅਕਾਰ $6^{1/2}$ "× $4^{3/4}$ " ਹੈ। ਇਸ ਦੇ ਕੁਲ ਪਤਰੇ 83 ਅਤੇ ਛੰਦ 166 ਹਨ।[52] ਇਸ ਗ੍ਰੰਥ ਦੇ ਸਿਰਲੇਖ ਤੋਂ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਸ ਵਿਚ ਮਨ ਨੂੰ ਸਮਝਾਉਣ ਦੀ ਗਲ ਹੋ ਸਕਦੀ ਹੈ ਇਹ ਅਨੁਮਾਨ ਬਿਲਕੁਲ ਠੀਕ ਹੈ। ਇਸ ਦਾ ਵਿਸ਼ਾ ਮਨ ਨਾਲ ਹੀ ਸੰਬੰਧਤ ਹੈ। ਇਸ ਵਿਚ ਦਾਰਸ਼ਨਿਕ ਵਿਚਾਰ[53], ਪੂੰਜੀਵਾਦੀ ਸੋਚ ਬਾਰੇ ਵਿਚਾਰ[54], ਪਰਮਾਤਮਾ ਬਾਰੇ ਵਿਚਾਰ[55], ਦੂਜਿਆਂ ਦੇ ਔਗੁਣਾਂ ਦੀਆਂ ਗਲਾਂ ਬਾਰੇ ਵਿਚਾਰ[56] ਕਿਸੇ ਨੂੰ ਦੁਖ ਨਾ ਦੇਣ ਬਾਰੇ ਵਿਚਾਰ[57], ਮਨ ਨੂੰ ਕਾਬੂ ਕਰਨਾ ਔਖਾ ਹੈ ਬਲਕਿ ਮਨ

---

ਦੋਹਰਾ॥ ਪਾਂਚ ਗਰੰਥ ਕਰਾਇ ਗੁਰ ਹਮ ਤੇ ਆਪ ਸੁ ਜਾਨ॥ ਜੀਵਨ ਕੀ ਕਲਿਆਣ ਹਿਤ ਸਤਿਗੁਰ ਆਪ ਸੁ ਮਾਨ॥ ਅੜਿਲ॥ ਮਨ ਪਰਬੋਧ ਗਰੰਥ ਸੋ ਪਰਥਮਿ ਜਾਨਿਯੈ॥ ਦੁਤਿਯੈ ਨਾਨਕ ਬਿਜੈ ਗਰੰਥ ਮਹਾਨਿਯੈ॥ ਤ੍ਰਿਤਿਯੈ ਨਾਨਕ ਬੋਧ ਗਰੰਥ ਸੁ ਜਾਨ ਰੇ॥ ਹੋ ਬਚਿਨ ਸੰਗ੍ਰਹਿ ਗਰੰਥ ਸੁ ਚਤੁਰਥ ਮਾਨ ਰੇ॥82॥ ਪੰਚਮ ਇਹੁ ਉਦਾਸੀ ਗਰੰਥ ਬੋਧ ਮਹਾਨਿਯੈ॥ ਜੀਵਨ ਤਰਨਿ ਉਪਾਇ ਸੁ ਖਾਤਰ ਜਾਨਿਯੈ॥ ਔਰ ਪਰੋਜਨ ਨਾਹਿ ਕਰਨਿ ਕਾ ਆਨ ਰੇ॥ ਹੋ ਜੀਵਨ ਕੀ ਕਲਿਆਨ ਸੁ ਖਾਤਰ ਜਾਨ ਰੇ॥

[52] ਰਾਮਦਾਸ ਵੈਦ, *ਸ੍ਰੀ ਸੰਤਰੇਣੁ ਗ੍ਰੰਥਾਵਲੀ*, ਸੰਤਰੇਣਾਸ਼੍ਰਮ, ਭੂਦਨ, 1953, ਦੇਖੋ ਭੂਮਿਕਾ, ਪੰਨਾ ਘ.

[53] ਉਹੀ, ਪੰਨਾ-3-

ਮਨ ਮਾਨੁਖ ਦੇਹਿ ਮਿਲੈ ਨ ਪੁਨੈ ਪੁਨ, ਦੇਖਿ ਬਿਚਾਰ ਭਲੀ ਪਰਕਾਰੇ। ਸਸਤੀ ਮਹਗੀ ਨਹਿ ਮੋਲ ਮਿਲੈ, ਨਹਿ ਹਾਟ ਬਿਕੈ ਨਰ ਦੇਹਿ ਉਦਾਰੇ॥6॥

[54] ਉਹੀ, ਪੰਨਾ 6-

ਇਮ ਸੰਤਹਿ ਰੇਣ ਕਹੈ ਮਨ ਕੋ, ਧਨਵਾਨਨ ਕੇ ਸਤਿ ਜਾਇ ਦੁਆਰੇ॥15॥

[55] ਉਹੀ, ਪੰਨਾ 7-

ਇਮ ਸੰਤਹਿ ਰੇਣ ਕਹੈ ਮਨ ਕੋ ਭਜ ਲੇ ਹਰਿ ਕੋ ਮਨ ਬਾਰਮ ਬਾਰੇ॥20॥

[56] ਉਹੀ, ਪੰਨਾ 8-

ਨੇ ਹੀ ਸਭ ਨੂੰ ਕਾਬੂ ਕੀਤਾ ਹੋਇਆ ਹੈ[58] ਆਦਿਕ ਵਿਸ਼ਿਆਂ ਨੂੰ ਬਹੁਤ ਹੀ ਖ਼ੂਬਸੂਰਤ ਢੰਗ ਰਾਹੀਂ ਬਿਆਨ ਕੀਤਾ ਹੋਇਆ ਹੈ। ਇਸ ਦੇ ਆਰੰਭਿਕ ਸ਼ਬਦ ਇਹ ਹਨ-

ੴ ਸਤਿਗੁਰ ਪ੍ਰਸਾਦਿ॥

ਅਥ ਸ੍ਰੀ ਮਨ ਪ੍ਰਬੋਧ ਗ੍ਰੰਥ ਲਿਖਯਤੇ

ਛਪੈ ਛੰਦ - ਗੁਰਪਗ ਨੌਕਾ ਗਹੋ ਰਹੋ ਕਿਉਂ ਬੈਠ ਕਿਨਾਰੇ।

ਅਤਿ ਦੁਸਤਰਿ ਭਵ ਸਿੰਧ ਤਾਹਿ ਤੇ ਪਰੋ ਸੁ ਪਾਰੇ।

ਨਿਜ ਮਨ ਕੋ ਪਰਬੋਧ ਰਾਮ ਵਲਿ ਮਨ ਕੋ ਲਾਵਉ।

ਰਾਮ ਨਾਮ ਕੋ ਸਿਮਰ ਮੁਕਤਿ ਇਸ ਤਨ ਮੈਂ ਪਾਵਉ।

ਪੁਨਿ ਪੁਨਿ ਮਿਲੈ ਨ ਨਰ ਸੁ ਤਨ ਭਾਰਥ ਖੰਡ ਮੈ ਜਨਮ ਪੁਨਿ।

ਸੰਤਰੇਣ ਸਭਿ ਕਾਜ ਤਜਿ ਸਿਮਰੋ ਹਰਿ ਗੁਰ ਕੇ ਸੁ ਗੁਨਿ॥1॥[59]

---

ਮਨ ਔਗੁਨਿ ਔਰਨ ਕੇ ਬਰਨੈ, ਅਪਨੇ ਸਭ ਔਗੁਨਿ ਮੂੜਿ ਛਪਾਵੈ। ਬਟ ਬੀਜ ਸਮੰ ਪਰ ਔਗੁਨਿ ਹੈ, ਤਿਸਕੋ ਕਰਿ ਤੂੰ ਮਨ ਮੇਰ ਦਖਾਵੈ। ਅਪਨਾ ਮਨ ਔਗੁਨਿ ਮੇਰੇ ਸਮੰ ਤਿਸ ਕੋ ਮਨ ਤੂੰ ਬਟ ਬੀਜ ਜਨਾਵੈ। ਇਮ ਸੰਤਹਿ ਰੇਣ ਕਹੈ ਮਨ ਕੋ ਪਰ ਔਗੁਨਿ ਢਾਪ ਤਬੈ ਸੁਖ ਪਾਵੈ॥21॥

[57] ਉਹੀ, ਪੰਨਾ 9-

ਪਰ ਕੋ ਤਿਮ ਹੀ ਦੁਖ ਦੇਇ ਜੁਊ ਉਲਟਾ ਪੁਨਿ ਸੋ ਦੁਖ ਹੋਇ ਇਸੀ ਕੋ॥24॥

[58] ਉਹੀ, ਪੰਨਾ 16-

ਰਿਖ ਪੀਰ ਫਕੀਰ ਗੁਨੀਰ ਬਡੇ ਮਨ ਰੇ ਤੁਮ ਤੇ ਸਬ ਹੀ ਭਸ ਭੀਤੇ।  ਤੁਮ ਕੋ ਬਸ ਨਾਹਿ ਸਕੇ ਕਰਿ ਏ ਅਪਨੈ ਬਸ ਤੈ ਸਭ ਹੀ ਕਰ ਲੀਤੇ।

ਸੁਰ ਮਾਨਵ ਕੀ ਗਨਤੀ ਕਿਨ ਮੈ ਰਸ ਚੂਸ ਕਰੇ ਤੁਮ ਦਾਨਵ ਕੀਤੇ। ਇਮ ਸੰਤਹਿ ਰੇਣ ਕਹੈ ਮਨ ਕੋ ਬ੍ਰਹਮਾ ਸ਼ਿਵ ਆਦਿਕ ਤੈ ਸਭਿ ਜੀਤੇ॥45॥

[59] ਉਹੀ, ਪੰਨਾ 1.

## 2. ਸ੍ਰੀ ਗੁਰੂ ਨਾਨਕ ਵਿਜੈ

ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ ਜਿਸਨੂੰ ਕਿ ਦੇਵਨਾਗਰੀ ਲਿਪੀ ਵਿਚ ਲਿਪੀਅੰਤਰਣ ਕਰਕੇ ਤਿੰਨ ਜਿਲਦਾਂ ਵਿਚ ਭਾਸ਼ਾ ਵਿਭਾਗ ਨੇ 1978 ਈ. ਵਿਚ ਛਾਪਿਆ ਸੀ ਅਤੇ 2012 ਈ. ਵਿਚ ਇਸੇ ਗ੍ਰੰਥ ਨੂੰ ਗੁਰਮੁਖੀ ਅੱਖਰਾਂ ਵਿਚ ਭੂਦਨ ਡੇਰੇ ਵਲੋਂ ਛਾਪਿਆ ਗਿਆ ਹੈ। ਇਸ ਹਥ ਲਿਖਤ ਦਾ ਅਕਾਰ $7^{3/4}$ "×12" ਹੈ। ਇਸ ਦੇ 1860 ਪਤਰੇ ਹਨ। ਇਸ ਦੇ ਪ੍ਰਤੀ ਪਤਰੇ ਤੇ ਅੰਦਾਜਨ 24 ਸਤਰਾਂ ਹਨ। ਇਸ ਵਿਚ 20 ਖੰਡ, 347 ਅਧਿਆਇ ਹਨ। ਇਸ ਗ੍ਰੰਥ ਦਾ ਵਿਸ਼ਾ ਗੁਰੂ ਨਾਨਕ ਦੇਵ ਜੀ ਦਾ ਜੀਵਨ ਹੈ। ਜਿਸਨੂੰ ਕਵੀ ਨੇ ਬਹੁਤ ਹੀ ਖੂਬਸੂਰਤ ਢੰਗ ਨਾਲ ਵਰਨਣ ਕੀਤਾ ਹੈ। ਸਾਖੀਆਂ ਦਾ ਬਾਲੇ ਵਾਲੀ ਜਨਮ ਸਾਖੀ ਨਾਲ ਸੁਮੇਲ ਇਸ ਗਲ ਦੀ ਹਾਮੀ ਭਰਦਾ ਹੈ ਕਿ ਇਹ ਰਚਨਾ ਬਾਲੇ ਵਾਲੀ ਜਨਮ ਸਾਖੀ ਤੋਂ ਪ੍ਰਭਾਵਿਤ ਹੈ।

ਇਹ ਮਹਾਂਕਾਵਿ ਬ੍ਰਿਜ ਭਾਸ਼ਾ ਅਤੇ ਪੰਜਾਬੀ ਦੀ ਰਲਵੀਂ-ਮਿਲਵੀਂ ਮਿਸ਼ਰਿਤ ਬੋਲੀ ਵਿਚ ਲਿਖਿਆ ਗਿਆ ਹੈ। ਇਸ ਤੋਂ ਇਲਾਵਾ ਫ਼ਾਰਸੀ ਅਤੇ ਸੰਸਕ੍ਰਿਤ ਸ਼ਬਦਾਂ ਦੀ ਵੀ ਚੋਖੀ ਵਰਤੋਂ ਕੀਤੀ ਗਈ ਹੈ। ਕਵੀ ਨੇ ਇਸ ਧਾਰਮਿਕ ਗ੍ਰੰਥ ਵਿਚ ਆਪਣੇ ਇਸ਼ਟ ਗੁਰੂ ਨਾਨਕ ਦੇਵ ਜੀ ਦੀਆਂ ਧਾਰਮਿਕ ਯਾਤਰਾਵਾਂ ਅਤੇ ਉਦਾਸੀਆਂ ਦਾ ਵਿਸਤ੍ਰਿਤ ਵਰਨਣ ਕੀਤਾ ਹੈ। ਕਵੀ ਨੇ ਛੰਦਾਂ ਦੀ ਵਰਤੋਂ ਕਰ ਕੇ ਸਹਿਜ ਹੀ ਵਿਸ਼ਵਾਸ ਕਰਾ ਦਿਤਾ ਹੈ ਕਿ ਆਪ ਨੂੰ ਛੰਦ ਸ਼ਾਸਤਰ ਉਤੇ ਪੂਰਨ ਅਧਿਕਾਰ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਇਸ ਲਿਖਤ ਦਾ ਪਰਮ-ਉਦੇਸ਼ ਹੈ। ਕਵੀ ਨੇ ਇਸ ਗ੍ਰੰਥ ਦੀ ਵਡਿਆਈ ਅਪਣੇ ਆਪ ਹੀ ਇਸ ਗ੍ਰੰਥ ਵਿਚ ਕੀਤੀ ਹੈ। ਇਸ ਗ੍ਰੰਥ ਦੇ ਲਿਖਣ ਬਾਰੇ ਵੀ ਕਵੀ ਦੀ ਅਪਣੀ ਮਨੋਵਿਗਿਆਨਕ ਘਟਨਾ ਹੈ।[60] ਗੁਰੂ

---

[60] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 35-

ਜਾਉ ਕਿਦਾਰੇ ਮੁਨੀ ਮਹਾਨਾ॥ ਤਯਾਗੋ ਤਹਿ ਅਪਨੇ ਮੈ ਪ੍ਰਾਨਾ॥ ਬਹੁਤਿ ਕਾਇ ਮੈ ਕਹੌਂ ਸ੍ਵਾਮੀ॥ ਤੁਮ ਸਭਿ ਜਾਨਹੁ ਅੰਤਰਿਜਾਮੀ॥79॥

ਨਾਨਕ ਦੇਵ ਜੀ ਉਪਰ ਆਪ ਨੂੰ ਅਥਾਹ ਵਿਸ਼ਵਾਸ ਸੀ ਤਾਂ ਹੀ ਆਪ ਨੇ ਇੰਨਾ ਵਡਾ ਗ੍ਰੰਥ ਲਿਖਿਆ।[61] ਇਸ ਰਚਨਾ ਦੇ ਮੁਢਲੇ ਸ਼ਬਦ ਹੇਠ ਲਿਖੇ ਹਨ-

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰੁ ਪ੍ਰਸਾਦਿ॥1॥ਜਪੁ॥

ਓਅੰ ਸਤਿਨਾਮੁ॥2॥ ਓਅੰ ਕਰਤਾ ਪੁਰਖੁ ਏ ਨਮਹ॥3॥ ਓਅੰ ਸ੍ਰੀ ਗੁਰ ਨਾਨਕ ਏ ਨਮਹ॥4॥

ਓਅੰ ਸਤਿ ਬਾਵਾ ਨਾਨਕ॥5॥ ਓਅੰ ਸਤਿ ਕਰਤਾਰ ਏ ਨਮਹ॥6॥ ਓਅੰ ਵਾਹਗੁਰੂ ਸਤਿ॥7॥

ਇਤਿ ਮੰਤ੍ਰੰ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕੁ ਹੋਸੀ ਭੀ ਸਚੁ॥1॥ ਇਤਿ ਉਪਦੇਸੰ॥[62]

**3. ਸ੍ਰੀ ਗੁਰੂ ਨਾਨਕ ਬੋਧ**

ਸ੍ਰੀ ਗੁਰੂ ਨਾਨਕ ਬੋਧ ਤੋਂ ਬਿਨਾਂ ਚਾਰੋਂ ਹਥ ਲਿਖਤਾਂ ਭੂਦਨ ਡੇਰੇ ਵਿਚ ਸੰਭਾਲੀਆਂ ਹੋਈਆਂ ਹਨ। ਪਰ ਇਸ ਗ੍ਰੰਥ ਦੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ ਸਿਰਫ ਉਦਾਸੀ ਬੋਧ ਵਿਚ ਹੀ ਜ਼ਿਕਰ ਮਿਲਦਾ ਹੈ।

**4. ਅਨਭੈ ਅਮ੍ਰਿਤ (ਬਚਨ ਸੰਗ੍ਰਹ)**

ਅਨਭੈ ਅਮ੍ਰਿਤ ਜਾਂ ਬਚਨ ਸੰਗ੍ਰਹ 1953 ਈ. ਵਿਚ ਮਨ ਪ੍ਰਬੋਧ ਨਾਲ ਹੀ ਸ੍ਰੀ ਸੰਤਰੇਣ ਗ੍ਰੰਥਾਵਲੀ ਪੁਸਤਕ ਵਿਚ ਭੂਦਨ ਡੇਰੇ ਵਲੋਂ ਸੰਪਾਦਿਤ ਹੋ ਚੁਕੀ ਹੈ। ਇਸ ਦੇ 110 ਪਤਰੇ ਹਨ। ਇਸ ਦਾ ਅਕਾਰ 5 $^{1/2}$ " × 8 $^{1/4}$ " ਹੈ। ਇਸ ਦੇ ਅਧਿਆਇ 14 ਹਨ। ਇਹ ਵੇਦਾਂਤ ਦਾ ਇਕ ਸਾਧਾਰਣ ਗ੍ਰੰਥ ਹੈ। ਇਸ ਰਚਨਾ ਦੇ ਮੁਢਲੇ ਸ਼ਬਦ ਹੇਠ ਲਿਖੇ ਅਨੁਸਾਰ ਹਨ-

ੴ ਸਤਿਗੁਰ ਪ੍ਰਸਾਦਿ।

ਦੋਹਰਾ - ਗੁਰ ਗਣੇਸ਼ ਗੁਰ ਸਾਰਦਾ, ਗੁਰ ਪਰਬ੍ਰਹਮ ਸਰੂਪ।

---

[61] ਉਹੀ, ਪਤਰਾ 37-

ਗੁਰ ਨਾਨਕ ਸੋ ਭਰਮ ਮਿਟਾਯੋ॥ ਚਾਹਿਤ ਮੈ ਤਿਸ ਕੇ ਗੁਨਿ ਗਾਯੋ॥(ਮੰਗਲਖੰਡ, ਅਧਿਆਇ 8)

[62] ਉਹੀ, ਪਤਰਾ 1.

ਗੁਰ ਪਦ ਕੋ ਪਰਣਾਮ ਕਰਿ, ਬਰਨੋ ਗ੍ਰੰਥ ਅਨੂਪ॥1॥

ਛਪੈ ਛੰਦ- ਪਾਰਸ ਚਿੰਤਾਮਣੀ ਬਿਬੁਧ ਤਰ ਔਰ ਉਦਾਰੇ।

ਕਾਮਧੇਨ ਰਿਧ ਸਿਧ ਨਿਧ ਪੁਨਿ ਔਰ ਅਪਾਰੇ।

ਕਨਿਕੰ ਰਤਨੰ ਬਿਭੌ ਔਰ ਜਗ ਆਹਿ ਸੁ ਜੇਤੀ।

ਤਨ ਮਨ ਧਨ ਲੈ ਸਰਬ ਅਰਪਿਯੈ ਗੁਰ ਕੋ ਤੇਤੀ।

ਹੋਇ ਨ ਤਊ ਉਰੀਰਣੰ ਗੁਰ ਤੇ ਜਿਨਿ ਦਯੋ ਧਯਾਨ ਉਰ।

ਅਨਿਕ ਬਾਰ ਗੁਰ ਕੋ ਨਮੋ ਪੂਰਨ ਬ੍ਰਹਮ ਸੁ ਆਹਿ ਗੁਰ॥2॥[63]

**5. ਉਦਾਸੀ ਬੋਧ**

ਇਸ ਗ੍ਰੰਥ ਵਿਚ ਉਦਾਸੀ ਸੰਪ੍ਰਦਾਇ ਬਾਰੇ ਜਾਣਕਾਰੀ ਹੈ। ਇਸ ਦੇ 319 ਪਤਰੇ ਹਨ। ਇਸ ਦਾ ਅਕਾਰ 10 3/4 " × 9 ¾ " ਹੈ। ਅੰਦਾਜਨ ਇਸ ਦੇ ਪ੍ਰਤੀ ਪਤਰੇ ਤੇ 12 ਸਤਰਾਂ ਹਨ। ਇਸ ਦੀ ਰਚਨਾ ਸੰਮਤ 1915 ਬਿ. (1858 ਈ.) ਵਿਚ ਹੋਈ ਸੀ।[64] ਇਸ ਰਚਨਾ ਦੇ 32 ਅਧਿਆਇ ਅਤੇ 2520 ਸਲੋਕ ਹਨ। ਇਸ ਗ੍ਰੰਥ ਵਿਚ ਉਦਾਸੀ ਸੰਪ੍ਰਦਾਇ ਦੇ ਆਰੰਭ ਬਾਰੇ ਵਿਚਾਰ ਹਨ। ਕਵੀ ਨੇ ਉਦਾਸੀ ਪੰਥ ਦਾ ਆਰੰਭ ਓਅੰਕਾਰ ਤੋਂ ਮੰਨਿਆ ਹੈ।[65] ਜਿਸਨੂੰ ਕਿ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਤੇ ਪੈਰੋਕਾਰਾਂ ਨੇ ਇਸ

---

[63] ਰਾਮਦਾਸ ਵੈਦ, *ਸ੍ਰੀ ਸੰਤ ਰੇਣੁ ਗ੍ਰੰਥਾਵਲੀ,* ਸੰਤਰੇਣਾਸ਼੍ਰਮ, ਭੂਦਨ, 1953, ਪੰਨਾ 59.

[64] ਸੰਤਰੇਣ, *ਉਦਾਸੀ ਬੋਧ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 319-20-

ਛਪੈ ਛੰਦ॥ ਸੰਮਤਿ ਉਨੀ ਸੈ ਸੋਲ੍ਹਾਂ ਪੁਨਿ ਬਰਸਿ ਪਛਾਨੇ। ਪਾਚ ਮਾਸ ਦਿਨ ਪਾਚ ਬਰਸਿ ਤੇ ਕਮ ਪਹਚਾਨੋ॥ ਮੰਗਲਵਾਰ ਬਿਜੈ ਦਸਮੀ ਸੁਭ ਘਰੀ ਉਦਾਰੇ। ਭਯੋ ਗਰੰਥ ਸਪੂਰਨ ਤਾਂ ਦਿਨ ਲੇਹੁ ਬਿਚਾਰੇ॥......................................ਸਮਤਿ 1915॥25॥ ਸਲੋਕ1520॥

[65] ਉਹੀ, ਪਤਰਾ-2-

ੳ ਅੰਕਾਰ ਤੇ ਭਏ ਉਦਾਸੀ। ਸੋਹੰ ਤੇ ਜਾਨੋ ਸੰਨਾਸੀ ॥

ਪੰਥ ਨੂੰ ਅਗੇ ਵਧਾਇਆ।[66] ਕਵੀ ਨੇ ਗੁਰੂ ਨਾਨਕ ਦੇਵ ਜੀ ਨੂੰ ਹੀ ਸ੍ਰੀ ਚੰਦ ਅਤੇ ਗੁਰੂ ਅੰਗਦ ਦੇਵ ਜੀ ਦਾ ਮੂਲ ਦਸਿਆ ਹੈ ਅਤੇ ਇਨ੍ਹਾਂ ਦੋਵਾਂ ਨੂੰ ਡਾਲ (ਟਾਹਣੀਆਂ/ਸ਼ਾਖਾਵਾਂ) ਕਿਹਾ ਹੈ।[67] ਇਸ ਤੋਂ ਇਲਾਵਾ ਇਸ ਰਚਨਾ ਵਿਚ ਕਵੀ ਨੇ ਉਦਾਸੀ ਸੰਪ੍ਰਦਾਇ ਦੀਆਂ ਪਧਤੀਆਂ ਉਤੇ ਵੀ ਚਾਨਣਾ ਪਾਇਆ ਹੈ ਕਿ ਇਸ ਸੰਪਰਦਾਇ ਦੇ ਚਾਰ ਧੂਣੇ ਹਨ ਅਤੇ ਇਨ੍ਹਾਂ ਧੂਣਿਆਂ ਦੇ ਗੱਦੀਦਾਰਾਂ ਦੇ ਨਾਮ ਵੀ ਦਸੇ ਹਨ।[68] ਇਸੇ ਤਰ੍ਹਾਂ ਉਸ ਸਮੇਂ ਦੀ ਇਸਤਰੀ ਦੀ ਦਸ਼ਾ ਬਾਰੇ ਵੀ ਇਸ ਰਚਨਾ ਤੋਂ ਪਤਾ ਲਗਦਾ ਹੈ ਕਿ ਦਾਜ ਆਦਿ ਵਰਗੀਆਂ ਕੂੜ ਪ੍ਰਥਾਵਾਂ ਉਸ ਸਮੇਂ ਵੀ ਪ੍ਰਚਲਿਤ ਸਨ ਜਿਨ੍ਹਾਂ ਦਾ ਆਪ ਨੇ ਵਿਰੋਧ ਕੀਤਾ ਹੈ।[69] ਬ੍ਰਾਹਮਣਵਾਦ ਉਤੇ ਵੀ ਕਰਾਰੀ ਚੋਟ ਮਾਰ ਕੇ ਆਪ ਨੇ ਬ੍ਰਾਹਮਣ ਦਾ ਅਸਲ ਸਰੂਪ ਦਸਿਆ ਹੈ।[70] ਪਰਮਾਤਮਾ ਬਾਰੇ ਵਿਚਾਰ ਵੀ

---

[66] ਉਹੀ, ਪਤਰਾ 313-

ਸੱਤਿਨਾਮ ਤਾਹਿ ਬੀਜ ਸੁ ਜਾਨੋ॥ ਗੁਰ ਨਾਨਕ ਤਹਿ ਮੂਲ ਪਛਾਨੋ॥50॥ ਗੁਰ ਸ੍ਰੀ ਚੰਦ ਅੰਗਦੰ ਜੋਇ॥ ਪੁੱਤਰ ਤਿਸ ਤੇ ਭਏ ਸੁ ਦੋਇ॥ ਅਮਰਦਾਸ ਬਾਬਾ ਗੁਰਦਿੱਤਾ॥ ਡਾਲੇ ਭਏ ਸੁ ਦੋਇ ਪਵਿੱਤਾ॥ ਰਾਮਦਾਸ ਗੁਰ ਧੂੰਣੀ ਚਾਰ॥ ਉਪ ਡਾਲੇ ਤਹ ਲੇਹ ਬਿਚਾਰ॥

[67] ਉਹੀ, ਪਤਰਾ 314-

ਗੁਰੂ ਨਾਨਕ ਤਾ ਮੂਲ ਹੈ॥ ਸ੍ਰੀ ਚੰਦ ਅੰਗਦ ਡਾਲ॥

[68] ਉਹੀ, ਪਤਰਾ 309-

ਪਹਲਾ ਬਾਲੂ ਹਸਨਾ ਜਾਨ॥ ਦੂਜਾ ਪੁਨਿ ਮਸਤ ਮਹਾਨ॥ ਤੀਜਾ ਗੋਇੰਦ ਜਾਨ ਉਦਾਰੇ॥ ਚੌਥਾ ਫੂਲ ਸੁ ਚਾਰ ਉਚਾਰੇ॥23॥

[69] ਉਹੀ, ਪਤਰਾ 73-

ਕੰਨਿਆ ਕਾ ਪੈਸਾ ਜੋ ਲਏ॥ ਪੈਸਾ ਲੇਕਰਿ ਕੰਨਯਾ ਦਏ॥ ਭੋਗੇ ਨਰਕ ਸੋ ਪੁਰਖ ਬਿਨਾਨੀ॥ ਅਨਿਕ ਜਨਮ ਤੇ ਹੋਵੇ ਹਾਨੀ॥

[70] ਉਹੀ, ਪਤਰਾ 82-

ਚੌਪਈ॥ ਬੇਦ ਅਭਿਆਸ ਬੇਦ ਅਚਾਰ॥ ਰਹਿਣੀ ਕਹਿਣੀ ਬੇਦ ਆਧਾਰ॥ ਉਤਮ ਮਾਰਗ ਮੈ ਬਿਰਖੁੱਧਿ॥ ਨਾਇ ਧੋਇ ਤਨ ਰਾਖੇ ਸੁਧਿ॥2॥

ਕੁਲਾ ਚਾਰ ਪੁਲਿ ਦੇਸ ਅਚਾਰ॥ ਬਿਰਧ ਅਚਾਰੰ ਧਰਮ ਅਚਾਰ॥ ਕਹੇ ਪਚੀਸ ਅਚਾਰੰ ਪਾਛੇ॥ ਬਰਤੇ ਤਿਨ ਅਨੁਸਾਰ ਜੋ ਆਛੇ॥3॥ ਐਸਾ ਬਾਹਮਣ ਹਯੇ ਜੋਊ॥ ਸਤ ਪਾਤਰ ਤੁਮ ਜਾਨੋ ਸੋਊ॥

ਇਸ ਰਚਨਾ ਵਿਚ ਮਿਲਦੇ ਹਨ। ਅਦ੍ਵੈਤ ਬ੍ਰਹਮ ਦੇ ਸੰਕਲਪ ਬਾਰੇ ਵੀ ਬਹੁਤ ਖੂਬਸੂਰਤ ਢੰਗ ਨਾਲ ਵਿਚਾਰ ਪੇਸ਼ ਕੀਤੇ ਗਏ ਹਨ।[71] ਸੋ ਇਸ ਰਚਨਾ ਦਾ ਵਿਸ਼ਾ ਧਾਰਮਿਕ ਹੈ ਜਿਸ ਵਿਚ ਉਦਾਸੀ ਸੰਪ੍ਰਦਾਇ ਬਾਰੇ ਜ਼ਿਕਰ ਹੈ। ਇਸ ਨਾਲ ਹੀ ਇਤਿਹਾਸਕ ਪਖ ਤੋਂ ਵੀ ਇਹ ਇਕ ਅਮੁਲ ਰਚਨਾ ਹੈ।

**6. ਫੁਟਕਲ**

ਸਭ ਵਿਦਵਾਨਾਂ ਨੇ ਇਨ੍ਹਾਂ ਪੰਜ ਰਚਨਾਵਾਂ ਨੂੰ ਹੀ ਮੁਖ ਮੰਨਿਆ ਹੈ, ਪਰ ਪਿਆਰਾ ਸਿੰਘ ਪਦਮ ਨੇ ਕੁਝ ਹੋਰ ਵੀ ਫੁਟਕਲ ਰਚਨਾਵਾਂ ਦੱਸੀਆਂ ਹਨ ਜਿਨ੍ਹਾਂ ਨੂੰ 1959 ਈ. ਵਿਚ ਮਹਾਂ ਕਵੀ ਸੰਤਰੇਣ ਦੇ ਨਾਮ ਦੀ ਪੁਸਤਕ ਵਿਚ ਛਾਪਿਆ ਹੈ। ਪਿਆਰਾ ਸਿੰਘ ਪਦਮ ਨੇ ਜੋ ਫੁਟਕਲ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਦਿਤਾ ਹੈ-

1. ਗੁਰ ਮਹਿਮਾ। 2. ਗੁਰ-ਗਿਆਨ ਮਹਾਤਮ। 3. ਵੈਰਾਗ ਛੰਦ। 4. ਗਿਆਨ ਛੰਦ। 5. ਗੁਰਸਿਖ ਸੰਥਾ ਫਲ ਰੂਪ ਭਜਨ। 6. ਦੋਹਰੇ ਸਾਧ ਰੀਤਿ ਕੇ। 7. ਰਾਜਨੀਤਿ। 8. ਕਾਯਾ ਮਹਾਤਮ। 9. ਦੋਹਰੇ ਸਿਧਾਂਤ ਕੇ। 10. ਸ਼ਬਦ। 11. ਕਬਿੱਤ ਮਗਨ ਰਸ ਭੇਦ ਕੇ। 12. ਰੇਖਤੇ। 13. ਝੂਲਣੇ। 14. ਮਾਝਾਂ। 15. ਸਾਧਾਂ ਦੇ ਲੱਖਣਾਂ ਦੀਆਂ ਮਾਝਾਂ। 16. ਸੀਹਰਫੀਆਂ। 17. ਗੁਰਸਿਖ ਸੰਬਾਦ (ਵਾਰਤਕ) ਆਦਿ।[72]

ਉਪਰੋਕਤ ਰਚਨਾਵਾਂ ਤੋਂ ਇਲਾਵਾ ਪਿਆਰਾ ਸਿੰਘ ਪਦਮ ਦਸਦੇ ਹਨ ਕਿ ਸੁਣਿਆ ਜਾਂਦਾ ਹੈ ਕਿ ਆਪ ਜੀ ਨੇ ਇਕ ਜਪੁਜੀ ਦਾ ਟੀਕਾ ਵੀ ਕੀਤਾ ਸੀ। ਅਸੀਂ ਉਪਰੋਕਤ ਪਦਮ ਦੁਆਰਾ ਦਸੀਆਂ ਗਈਆਂ ਰਚਨਾਵਾਂ ਸੰਬੰਧੀ ਮੁਕਤ ਰਾਮ ਨਾਲ ਗਲਬਾਤ ਕੀਤੀ ਤਾਂ ਉਨ੍ਹਾਂ ਨੇ ਨਹੀਂ ਮੰਨਿਆ ਕਿ ਇਹ ਰਚਨਾਵਾਂ ਸੰਤਰੇਣ ਦੀਆਂ ਹਨ, ਉਨ੍ਹਾਂ ਦੀ ਦਲੀਲ ਇਹ ਸੀ ਕਿ ਜੇ ਇਹ ਰਚਨਾਵਾਂ ਉਨ੍ਹਾਂ ਦੀਆਂ ਹੁੰਦੀਆਂ ਤਾਂ ਭੂਦਨ

---

[71] ਉਹੀ, ਪਤਰਾ 234-223-

ਬ੍ਰਹਮ ਏਕੁ ਅਦ੍ਵੈਤਿ ਬੇਦ ਨਿਤੁ ਭਾਖਈ॥............... .................ਬ੍ਰਹਮ ਵਿਖੈ ਦ੍ਵੈਤ ਨਾਹਿ ਐਸੇ ਬੇਦ ਭਾਖੇ ਤਾਂਹਿ॥ ਕਹੇ ਸੰਤ ਰੇਣ ਬ੍ਰਹਮ ਅਦ੍ਵੈਤਿ ਜਾਨਿਯੈ॥

[72] ਪਦਮ, ਪਿਆਰਾ ਸਿੰਘ, *ਮਹਾਤਮਾ ਸੰਤਰੇਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978, ਪੰਨਾ 4.

ਡੇਰੇ ਵਿਚ ਹੀ ਹੁੰਦੀਆਂ ਹੋਰ ਸਥਾਨ ਤੇ ਕਿਵੇਂ ਗਈਆਂ। ਪਰ ਬਾਕੀ ਵਿਦਵਾਨ ਇਨ੍ਹਾਂ ਰਚਨਾਵਾਂ ਨੂੰ ਇਸੇ ਸੰਤਰੇਣ ਦਾ ਮੰਨਦੇ ਹਨ।

## ਸਮਕਾਲੀ ਹਾਲਾਤ

ਸੰਤਰੇਣ ਦੀ ਉਮਰ ਦੀਰਘ ਹੋਣ ਕਰਕੇ ਲਗਪਗ ਡੇਢ ਸਦੀ ਨੂੰ ਅਪਣੇ ਕਲਾਵੇ ਵਿਚ ਲੈਂਦੀ ਹੈ। 130 ਸਾਲਾਂ ਦੌਰਾਨ ਰਾਜਨੀਤਕ, ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਪ੍ਰਵਿਰਤੀਆਂ ਵਿਚ ਬਹੁਤ ਬਦਲਾਅ ਆਏ ਸਨ, ਜਿਨ੍ਹਾਂ ਦੀ ਸੰਖਿਪਤ ਚਰਚਾ ਨਿਮਨਲਿਖਤ ਅਨੁਸਾਰ ਹੈ-

**ਰਾਜਨੀਤਕ ਹਾਲਾਤ-**

ਰਾਜਨੀਤਕ ਤੌਰ ਤੇ ਸੰਤਰੇਣ ਜੀ ਦੇ ਸਮਕਾਲੀ ਜੀਵਨ ਵਿਚ ਕਈ ਮੋੜ ਆਏ ਸਨ। 1716 ਈ. ਤੋਂ 1745 ਈ. ਦੇ ਸਮੇਂ ਨੂੰ ਇਤਿਹਾਸਕਾਰਾਂ ਨੇ ਪੰਜਾਬ ਵਿਚ ਸਿੱਖਾਂ ਉਪਰ ਮਹਾਂ-ਸੰਕਟਮਈ ਕਿਹਾ ਹੈ।[73] ਇਸ ਸੰਕਟਮਈ ਸਮੇਂ ਦਾ ਅੰਤ ਜ਼ਕਰੀਆ ਖਾਨ ਦੀ ਮੌਤ ਦੇ ਨਾਲ ਹੁੰਦਾ ਹੈ ਜ਼ਕਰੀਆ ਖਾਨ ਦੀ ਮੌਤ ਜੁਲਾਈ, 1745 ਈ. ਵਿਚ ਹੋਈ ਸੀ।[74] ਸੰਤਰੇਣ ਦਾ ਜਨਮ ਇਸ ਸੰਕਟਮਈ ਸਮੇਂ ਦੇ ਅਖੀਰ ਦੇ ਸਾਲਾਂ ਵਿਚ ਹੋਇਆ। ਸੰਤਰੇਣ ਦੇ ਜਨਮ ਸਮੇਂ ਪੰਜਾਬ ਦੇ ਹਾਲਾਤ ਬਹੁਤ ਹੀ ਜਿਆਦਾ ਭਿਆਨਕ ਸਨ ਸਿਖਾਂ ਦੇ ਸਿਰਾਂ ਦੇ ਮੁਲ ਪੈਂਦੇ ਸਨ। 1741 ਈ. ਵਿਚ ਕਵੀ ਦਾ ਜਨਮ ਹੋਇਆ ਅਤੇ 5 ਸਾਲ ਬਾਦ ਹੀ ਪੰਜਾਬ ਵਿਚ ਵੱਡਾ ਘੱਲੂਘਾਰਾ ਹੋਇਆ ਸੀ।[75] ਬਿਨਾ ਸ਼ਕ ਇਹ ਪੰਜਾਬ ਦਾ ਸੰਕਟਮਈ ਸਮੇਂ ਤੋਂ ਬਾਹਰ ਆਉਣ ਦਾ ਸਮਾਂ ਹੈ ਪਰ ਫਿਰ ਵੀ ਪੰਜਾਬ ਦੇ ਸਿਖਾਂ ਦੇ ਹਾਲਾਤ ਬਹੁਤ ਮਾੜੇ ਸਨ।

---

[73] ਡਾ. ਸੁਖਦਿਆਲ ਸਿੰਘ, *ਸ਼ਿਰੋਮਣੀ ਸਿੱਖ ਇਤਿਹਾਸ(1708-1799) ਜਿਲਦ ਦੂਜੀ,* ਸੰਗਮ ਪਬਲੀਕੇਸ਼ਨਜ਼, ਸਮਾਣਾ, 2010, ਪੰਨਾ 47.

[74] ਉਹੀ, ਪੰਨਾ 75.

[75] ਉਹੀ, ਪੰਨਾ 86.

ਜੇ ਅਸੀਂ ਸਭ ਤੋਂ ਪਹਿਲਾਂ ਰਾਜਨੀਤਕ ਹਾਲਾਤਾਂ ਦੀ ਗੱਲ ਕਰੀਏ ਤਾਂ ਅਸੀਂ ਦੇਖਦੇ ਹਾਂ ਕਿ 1741 ਈ. ਸਮਾਂ ਸਿਖਾਂ ਦੇ ਰਾਜ ਦੇ ਸਥਾਪਿਤ ਹੋਣ ਦਾ ਸਮਾਂ ਸੀ।ਜਿਸ ਵਿਚ ਸਿਖ ਸੰਘਰਸ਼ ਦੀ ਪੁਨਰ-ਸੁਰਜੀਤੀ ਹੋਈ ਸੀ। ਜ਼ਕਰੀਆ ਖਾਨ ਦੀ ਮੌਤ ਤੋਂ ਬਾਦ ਅਬਦੁਲਾ ਸੂਬੇਦਾਰ ਬਣਿਆ ਅਤੇ ਇਸ ਨੇ ਸਿਰਫ 6 ਮਹੀਨੇ ਹੀ ਹਕੂਮਤ ਕੀਤੀ ਸੀ।[76] ਇਸ ਤੋਂ ਬਾਦ ਯਾਹਈਆ ਖਾਨ ਸੂਬੇਦਾਰ ਬਣਿਆ ਸੀ।[77] ਇਸ ਤੋਂ ਬਾਦ ਮੀਰ ਮੰਨੂੰ ਦੇ ਤਸੀਹੇ ਵੀ ਸਿਖਾਂ ਨੇ 1753 ਈ. ਤੱਕ ਝੱਲੇ ਸਨ।[78] ਅਹਿਮਦ ਸ਼ਾਹ ਅਬਦਾਲੀ ਦੇ ਜ਼ੁਲਮਾਂ ਨੂੰ ਸਹਿੰਦੇ ਹੋਏ ਸਿਖਾਂ ਨੇ ਮਿਸਲਾਂ ਰਾਹੀਂ ਅਪਣਾ ਪੂਰਨ ਤੌਰ ਤੇ ਸਿਖ ਰਾਜ ਕਾਇਮ ਕੀਤਾ ਸੀ। 1765 ਈ. ਵਿਚ ਸਿਖਾਂ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਹਰਾ ਕੇ ਖਾਲਸਾ ਰਾਜ ਦੀ ਸਥਾਪਨਾ ਕੀਤੀ।[79]

ਅਠਾਰਵੀਂ ਸਦੀ ਦੇ ਅੰਤ ਤਕ ਲੋਕ-ਰਾਜ ਰੂਪ ਸਿਖਾਂ ਦੀਆਂ ਪ੍ਰਸਿਧ 12 ਮਿਸਲਾਂ ਸਮੁਚੇ ਸਿਖ-ਰਾਜ ਵਿਚ ਸ਼ਾਮਲ ਹੋਣ ਤੇ ਆਪਣੇ ਆਪ ਖ਼ਤਮ ਹੋ ਗਈਆਂ ਤੇ ਰਣਜੀਤ ਸਿੰਘ ਦੇ ਕਾਰਣ 1799 ਈ. ਨੂੰ ਲਾਹੌਰ ਉਸ ਦੇ ਅਧਿਕਾਰ ਵਿਚ ਆ ਗਿਆ।[80]

1802 ਈ. ਵਿਚ ਪੰਜਾਬ ਦਾ ਸ਼ਾਸਕ ਬਣ ਕੇ ਸੰਪੂਰਨ ਖਾਲਸਾ ਰਾਜ ਸਥਾਪਿਤ ਕਰਕੇ ਮਹਾਰਾਜਾ ਦੀ ਉਪਾਧੀ ਧਾਰਨ ਕੀਤੀ ਸੀ। ਮਹਾਰਜਾ ਰਣਜੀਤ ਸਿੰਘ ਸਾਰੇ ਧਰਮਾਂ ਨੂੰ ਪਿਆਰ ਕਰਨ ਵਾਲਾ ਸੀ। 1839 ਈ. ਨੂੰ ਮਹਾਰਾਜਾ ਰਣਜੀਤ ਸਿੰਘ ਦਾ ਦਿਹਾਂਤ ਹੋ ਗਿਆ।[81]

ਇਸ ਤੋਂ ਬਾਦ ਸਿਖਾਂ ਵਿਚ ਹਲਚਲ ਮਚ ਗਈ। ਪੰਜਾਬ ਦੇ ਰਾਜਨੀਤਕ ਪ੍ਰਸਥਿਤੀਆਂ ਵਿਚ ਇੰਨੀ ਜਿਆਦਾ ਅਫੜਾ ਤਫੜੀ ਫੈਲੀ ਕਿ ਸਿਖ ਰਾਜ ਦੀ ਸ਼ਾਨੋ ਸ਼ੌਕਤ ਮਿਟੀ ਵਿਚ ਮਿਲ ਗਈ। ਸਿਖ

---

[76] ਉਹੀ, ਪੰਨਾ 82.

[77] ਉਹੀ, ਪੰਨਾ 84

[78] ਉਹੀ, ਪੰਨਾ 139.

[79] ਉਹੀ, ਪੰਨਾ 233.

[80] ਅਸ਼ੋਕ, ਸ਼ਮਸ਼ੇਰ ਸਿੰਘ, *ਅਠਾਰ੍ਹਵੀਂ ਸਦੀ ਦਾ ਪੰਜਾਬ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1996, ਪੰਨਾ 110.

[81] ਗਿੱਲ, ਰਛਪਾਲ ਸਿੰਘ, *ਪੰਜਾਬ ਕੋਸ਼ ਜਿਲਦ ਦੂਜੀ,* ਭਾਸ਼ਾ ਵਿਭਾਗ, ਪੰਜਾਬ, 2004, ਪੰਨਾ 832.

ਸਰਦਾਰਾਂ ਦੀ ਆਪਸੀ ਜੰਗ-ਬੰਦੀ ਸ਼ੁਰੂ ਹੋ ਗਈ, ਇਸ ਨਾਲ ਸਿਖ ਕੌਮ ਦਾ ਮਨੋਬਲ ਬਿਲਕੁਲ ਹੀ ਢਹਿ ਢੇਰੀ ਹੋ ਗਿਆ ਸੀ।

ਅੰਗਰੇਜ਼ਾਂ ਨੇ ਸਭ ਕੁਝ ਵਿਉਂਤ ਦੇ ਅਨੁਸਾਰ ਸਮੇਂ ਦੀ ਨਜ਼ਾਕਤ ਦਾ ਫਾਇਦਾ ਉਠਾਉਂਦੇ ਹੋਏ ਅਤੇ ਡੋਗਰਿਆਂ ਦੀ ਸ਼ਹਿ ਉਤੇ 13 ਦਸੰਬਰ 1845 ਈ. ਵਿਚ ਸਤਲੁਜ ਦਰਿਆ ਨਾ ਪਾਰ ਕਰਨ ਦੀ ਸੰਧੀ ਤੋੜ ਕੇ ਪੰਜਾਬ ਉਤੇ ਹਮਲਾ ਕਰ ਦਿਤਾ ਸੀ।[82] ਜਿਸ ਵਿਚ ਸਿਖਾਂ ਦੀ ਹਾਰ ਹੋਈ ਅਤੇ ਅੰਗਰੇਜ਼ਾਂ ਦੀ ਜਿਤ। ਇਸ ਜਿਤ ਨੇ ਅੰਗਰੇਜ਼ਾਂ ਦੀ ਜਿਤ ਲਈ ਪੰਜਾਬ ਦਾ ਰਸਤਾ ਖੋਲ੍ਹ ਦਿਤਾ ਸੀ। 1857 ਈ. ਦਾ ਗਦਰ ਵੀ ਸੰਤਰੇਣ ਦੇ ਸਮਕਾਲੀ ਜੀਵਨ ਦੀ ਇਕ ਅਹਿਮ ਘਟਨਾ ਹੈ। ਰਾਜਨੀਤਕ ਪਖ ਤੋਂ ਇਸ ਸਮੇਂ ਨੂੰ ਸਿਖ ਰਾਜ ਦਾ ਅੰਤ ਅਤੇ ਨਵੇਂ ਯੁਗ ਦੀ ਸ਼ੁਰੂਆਤ ਕਿਹਾ ਜਾ ਸਕਦਾ ਹੈ। ਮੁਖ ਰੂਪ ਵਿਚ ਇਸ ਸਮੇਂ ਦੌਰਾਨ ਸਿਖਾਂ ਉਪਰ ਮੀਰ ਮੰਨੂ ਦੇ ਤਸ਼ੱਦਦ, ਅਬਦਾਲੀ, ਅਫਗਾਨੀ ਅਤੇ ਅਹਿਮਦ ਸ਼ਾਹ ਅਬਦਾਲੀ ਆਦਿ ਦਾ ਸਮਾਂ ਸੀ। ਜਿਸ ਦੌਰਾਨ ਦਲ ਖਾਲਸਾ, ਸਿਖਾਂ ਦੇ ਰਾਜ ਦੀ ਸਥਾਪਨਾ ਅਤੇ ਸਿਖ ਮਿਸਲਾਂ ਦੀ ਅਹਿਮ ਭੂਮਿਕਾ ਸੀ। ਸੰਤਰੇਣ ਜੀ ਨੇ ਇਸ ਸਾਰੇ ਰਾਜਨੀਤਕ ਉਤਰਾਅ-ਚੜ੍ਹਾਅ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ ਸੀ। ਕਵੀ ਜਿਆਦਾ ਸਮਾਂ ਬਾਲਾ ਪੁਰ ਪੀਠ ਰਿਹਾ ਇਸ ਕਰਕੇ ਇਸ ਦਾ ਬਹੁਤ ਪ੍ਰਭਾਵ ਇਸ ਉਪਰ ਨਹੀਂ ਪਿਆ ਪਰ ਕਵੀ ਦਾ ਆਪਣੇ ਇਲਾਕੇ ਵਿਚ ਪੂਰਾ ਦਬਦਬਾ ਵੀ ਸੀ। ਸਾਰੇ ਧਰਮਾਂ ਦੇ ਲੋਕ ਸਤਿਕਾਰ ਕਰਦੇ ਸੀ। ਰਾਜਨੀਤਕ ਪ੍ਰਵਿਰਤੀਆਂ ਵਜੋਂ ਇਹ ਸਮਾਂ ਸਿਖਾਂ ਦੇ ਪੰਜਾਹ ਸਾਲ ਦੇ ਰਾਜ ਦਾ ਅੰਤ ਅਤੇ ਨਵੇਂ ਯੁਗ ਦੀ ਸ਼ੁਰੂਆਤ ਸੀ।

**ਧਾਰਮਿਕ ਹਾਲਾਤ-**

ਮਹਾਰਾਜਾ ਰਣਜੀਤ ਸਿੰਘ ਹਿੰਦੂਆਂ, ਮੁਸਲਮਾਨਾਂ, ਸਿਖਾਂ ਆਦਿ ਸਭ ਨੂੰ ਇਕ ਸਮਾਨ ਦ੍ਰਿਸ਼ਟੀ ਤੋਂ ਹੀ ਦੇਖਦਾ ਸੀ। ਆਪ ਨੇ ਅਪਣੇ ਸਮੇਂ ਦੌਰਾਨ ਗੁਰਦੁਆਰਿਆਂ, ਮੰਦਰਾਂ  ਅਤੇ ਮਸੀਤਾਂ ਨੂੰ ਖੁਲ੍ਹੇ ਦਿਲ ਨਾਲ

---

[82] ਗੰਡਾ ਸਿੰਘ, *ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ,* ਪੰਜਾਬੀ ਸਾਹਿਤ ਐਕਾਡਮੀ, ਲੁਧਿਆਣਾ, 1957, ਪੰਨਾ 105.

ਜਾਗੀਰਾਂ ਦਿਤੀਆਂ ਸਨ। ਰਣਜੀਤ ਸਿੰਘ ਦੇ ਰਾਜ ਸਮੇਂ ਧਰਮ ਦੀ ਸਭ ਨੂੰ ਅਜ਼ਾਦੀ ਸੀ। ਕਵੀ ਦੇ ਸਮੇਂ ਦੌਰਾਨ ਬਹੁਤ ਸਾਰੇ ਲੇਖਕਾਂ ਨੇ ਆਪਣੀਆਂ ਧਾਰਮਿਕ ਰਚਨਾਵਾਂ ਕੀਤੀਆਂ ਜਿਨ੍ਹਾਂ ਵਿਚੋਂ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਕੁਝ ਕੁ ਇਹ ਹਨ- ਗਿਆਨ ਰਤਨਾਵਲੀ (1750 ਈ.), ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ (1769 ਈ.) ਕ੍ਰਿਤ ਭਾਈ ਕੇਸਰ ਸਿੰਘ ਛਿੱਬਰ, ਸ੍ਰ ਗੁਰ ਮਹਿਮਾ ਪ੍ਰਕਾਸ (1776 ਈ.) ਕ੍ਰਿਤ ਬਾਵਾ ਸਵਰੂਪ ਚੰਦ ਭੱਲਾ, ਜਨਮ ਸਾਖੀ ਗੁਰੂ ਨਾਨਕ ਸ਼ਾਹ (1781 ਈ.) ਕ੍ਰਿਤ ਭਾਈ ਸੰਤਦਾਸ ਛਿੱਬਰ, ਸ੍ਰੀ ਗੁਰੂ ਨਾਨਕ ਬੰਸ ਪ੍ਰਕਾਸ਼ (1815 ਈ.) ਕ੍ਰਿਤ ਬਾਵਾ ਸੁਖਵਾਸੀ ਰਾਇ, ਸ੍ਰੀ ਗੁਰੂ ਨਾਨਕ ਪ੍ਰਕਾਸ਼ (1823 ਈ.) ਕ੍ਰਿਤ ਭਾਈ ਸੰਤੋਖ ਸਿੰਘ, ਗੁਰ ਕੀਰਤਿ ਪ੍ਰਕਾਸ਼ (1834 ਈ.) ਕ੍ਰਿਤ ਬੀਰ ਸਿੰਘ ਬੱਲ, ਸ੍ਰੀ ਗੁਰੂ ਨਾਨਕ ਚੰਦ੍ਰ ਚੰਦ੍ਰਿਕਾ (1860 ਈ.) ਕ੍ਰਿਤ ਰਤਨ ਹਰਿ ਉਦਾਸੀ, ਸ੍ਰੀ ਗੁਰੂ ਨਾਨਕ ਸੂਰਯੋਦਯ (1869 ਈ.) ਕ੍ਰਿਤ ਬਾਵਾ ਗਣੇਸ਼ ਸਿੰਘ ਬੇਦੀ। ਸੰਤਰੇਣ ਦੇ ਸਮੇਂ ਦੌਰਾਨ ਜੋ ਧਾਰਮਿਕ ਲਹਿਰਾਂ ਮੌਜੂਦ ਸਨ ਉਨ੍ਹਾਂ ਦੀ ਸੰਖੇਪ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ-

**ਉਦਾਸੀ ਸੰਪਰਦਾ**

ਉਦਾਸੀ ਸੰਪਰਦਾ ਦੇ ਵਿਚ ਵਿਸ਼ਵਾਸ ਰਖਣ ਵਾਲੇ ਇਹ ਮੰਨਦੇ ਹਨ ਕਿ ਇਹ ਸੰਪਰਦਾ ਦਾ ਮੁਢ ਓਅੰਕਾਰ ਤੋਂ ਬਝਾ ਸੀ।ਫਿਰ ਸ੍ਰੀ ਚੰਦ (ਗੁਰੂ ਨਾਨਕ ਦੇਵ ਜੀ ਦੇ ਪੁਤਰ) ਨੇ ਇਸ ਸੰਪਰਦਾ ਰਾਂਹੀ ਸਿਖ ਧਰਮ ਦਾ ਪ੍ਰਚਾਰ ਕੀਤਾ ਸੀ।[83] ਪਰ ਸਿਖ ਇਸ ਧਾਰਨਾ ਉਤੇ ਜ਼ਿਆਦਾ ਜ਼ੋਰ ਦਿੰਦੇ ਹਨ ਕਿ ਇਸ ਸੰਪਰਦਾ ਦਾ ਮੁਢ ਸ੍ਰੀ ਚੰਦ ਤੋਂ ਬਝਾ ਸੀ। ਸੰਤਰੇਣ ਇਸ ਸੰਪਰਦਾ ਵਿਚੋਂ ਹੀ ਸਨ। ਸੋ ਸੰਤਰੇਣ ਦੇ ਸਮੇਂ ਇਸ ਸੰਪਰਦਾ ਦਾ ਵੀ ਪੂਰਾ ਪ੍ਰਭਾਵ ਜ਼ੋਰਾਂ ਤੇ ਸੀ।

**ਨਿਰਮਲ ਸੰਪਰਦਾ**

ਨਿਰਮਲ ਸੰਪਰਦਾ ਵੀ ਸੰਤਰੇਣ ਸਮੇਂ ਇਕ ਅਹਿਮ ਸੰਪਰਦਾ ਰਹੀ ਹੈ। ਉਦਾਸੀਆਂ ਅਤੇ ਨਿਰਮਲਿਆਂ ਦੇ ਕਾਫੀ ਨਿਯਮ ਆਦਿ ਮਿਲਦੇ ਹਨ। ਨਿਰਮਲ ਸੰਪਰਦਾ ਦੇ ਅਰੰਭ ਸੰਬੰਧੀ ਭਾਵੇਂ ਵਿਦਵਾਨ

[83] ਗਿੱਲ, ਰਛਪਾਲ ਸਿੰਘ, *ਪੰਜਾਬ ਕੋਸ਼ ਜਿਲਦ ਪਹਿਲੀ,* ਭਾਸ਼ਾ ਵਿਭਾਗ, ਪੰਜਾਬ, 2004, ਪੰਨਾ 7.

ਵਖ-ਵਖ ਰਾਇ ਰਖਦੇ ਆਏ ਹਨ, ਪਰੰਤੂ ਫਿਰ ਵੀ ਬਹੁਤ ਸਾਰੇ ਪ੍ਰਸਿਧ ਅਤੇ ਨਾਮਵਰ ਵਿਦਵਾਨ ਨਿਰਮਲ ਪੰਥ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਹੀ ਹੋਇਆ ਮੰਨਦੇ ਹਨ [84], ਅਜਿਹਾ ਨਿਰਮਲ ਸੰਪਰਦਾ ਦੇ ਪੈਰੋਕਾਰਾਂ ਦਾ ਮੰਨਣਾ ਹੈ। ਜਦਕਿ ਬਾਕੀ ਸਿਖ ਸੰਪਰਦਾਵਾਂ ਆਦਿ ਦਾ ਮੰਨਣਾ ਹੈ ਕਿ ਇਸ ਸੰਪਰਦਾ ਦਾ ਆਰੰਭ ਗੁਰੂ ਗੋਬਿੰਦ ਸਿੰਘ ਜੀ ਤੋਂ ਹੋਇਆ ਸੀ ਜਦ ਗੁਰੂ ਸਾਹਿਬ ਨੇ ਪੰਜ ਸਿੰਘਾਂ ਨੂੰ ਕਾਸ਼ੀ ਬ੍ਰਹਮ ਵਿਦਿਆ ਪੜ੍ਹਨ ਲਈ ਭੇਜਿਆ ਸੀ।[85] ਇਸ ਸੰਪਰਦਾ ਦਾ ਵੀ ਸੰਤਰੇਣ ਸਮੇਂ ਪੂਰਾ ਪ੍ਰਭਾਵ ਸੀ। ਅਕਸਰ ਪ੍ਰਯਾਗ ਦੇ ਮੇਲੇ ਤੇ ਉਦਾਸੀ ਅਤੇ ਨਿਰਮਲੇ ਇਕਠੇ ਹੁੰਦੇ ਰਹਿੰਦੇ ਸਨ। ਸਿਖ ਇਤਿਹਾਸ ਨੂੰ ਸਾਂਭਣ ਵਿਚ ਇਸ ਸੰਪਰਦਾ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ।

**ਨਾਮਧਾਰੀ ਸੰਪਰਦਾ**

ਨਾਮਧਾਰੀ ਸੰਪਰਦਾ ਦਾ ਆਰੰਭ ਰਾਮ ਸਿੰਘ ਦੁਆਰਾ ਕੀਤਾ ਗਿਆ ਹੋਇਆ। ਰਾਮ ਸਿੰਘ ਦਾ ਜਨਮ ਫਰਵਰੀ ਦੀ ਬਸੰਤ ਪੰਚਮੀ ਨੂੰ 1816 ਈ. ਨੂੰ ਜੱਸਾ ਸਿਘ ਦੇ ਘਰ ਹੋਇਆ।[86] ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਦ ਆਈ ਸਿਖ ਧਰਮ ਵਿਚ ਗਿਰਾਵਟ ਕਾਰਨ ਹੀ ਸਤਿਗੁਰੂ ਰਾਮ ਸਿੰਘ ਨੂੰ ਇਹ ਸੰਪਰਦਾ ਦਾ ਆਰੰਭ ਕਰਨਾ ਪਿਆ ਅਜਿਹਾ ਇਸ ਸੰਪਰਦਾ ਦੇ ਪੈਰੋਕਾਰਾਂ ਦਾ ਮੰਨਣਾ ਹੈ। ਸੋ ਸੰਤਰੇਣ ਦੇ ਅੰਤਿਮ 14 ਕੁ ਸਾਲਾਂ ਵਿਚ ਹੀ ਇਸ ਸੰਪਰਦਾ ਦਾ ਆਰੰਭ ਹੋਇਆ ਸੀ।

**ਸੇਵਾ ਪੰਥੀ ਸੰਪਰਦਾ**

ਇਸ ਸੰਪਰਦਾ ਦਾ ਆਰੰਭ ਭਾਈ ਕਨ੍ਹਈਆ ਤੋਂ ਮੰਨਿਆ ਜਾਂਦਾ ਹੈ। ਜਿਸ ਦਾ ਸੰਬੰਧ ਸਿਖ ਧਰਮ ਨਾਲ ਹੈ। ਭਾਈ ਕਨ੍ਹਈਆ ਤੋਂ ਬਾਦ, ਭਾਈ ਸਹਿਜ ਰਾਮ, ਭਾਈ ਰਾਣਾ ਰਾਮ, ਭਾਈ ਲਛਮਣ ਰਾਮ, ਭਾਈ ਨਾਰਾਇਣ ਰਾਮ ਆਦਿਕ ਨਾਮ ਇਸ ਸੰਪਰਦਾ ਦੀਆਂ ਪ੍ਰਸਿਧ ਸ਼ਖਸੀਅਤਾਂ ਹਨ। ਪਹਿਲਾਂ ਇਹ

---

[84] ਗੁਰਮੀਤ ਸਿੰਘ, *ਨਿਰਮਲ ਸੰਪ੍ਰਦਾਇ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2009, ਪੰਨਾ 17.

[85] ਗਿੱਲ, ਰਛਪਾਲ ਸਿੰਘ, *ਪੰਜਾਬ ਕੋਸ਼ ਜਿਲਦ ਪਹਿਲੀ,* ਭਾਸ਼ਾ ਵਿਭਾਗ, ਪੰਜਾਬ, 2004, ਪੰਨਾ 252.

[86] Bajwa, Fauja Singh (Dr.), *Kuka Movement,* Vishav Namdhari Sangat, Sri Bhaini Sahib, Second Edition, 2017, Page 4.

ਸਹਿਜਧਾਰੀ ਸਨ, ਪਰ ਬਾਬਾ ਸਾਹਿਬ ਸਿੰਘ ਬੇਦੀ ਦੇ ਪ੍ਰਭਾਵ ਵਿਚ ਇਹ ਵੀ ਸਿੰਘ ਸਜਣ ਲਗ ਗਏ। ਸੰਤਰੇਣ ਦੇ ਸਮੇਂ ਇਹ ਸੰਪਰਦਾ ਵੀ ਮੌਜੂਦ ਸੀ।[87]

**ਗੁਲਾਬਦਾਸੀ ਸੰਪਰਦਾ**

1809 ਈ. ਵਿਚ ਹਮੀਰੇ ਰਟੌਲ ਦੇ ਘਰ ਜਨਮੇ ਗੁਲਾਬ ਦਾਸ ਤੋਂ ਚਲੀ ਸੰਪਰਦਾ ਨੂੰ ਗੁਲਾਬਦਾਸ ਸੰਪਰਦਾ ਕਿਹਾ ਗਿਆ ਹੈ। ਗੁਲਾਬ ਦਾਸ ਨੇ ਕੁਝ ਸਮਾਂ ਸਿੰਘਾਂ ਦੀ ਨੌਕਰੀ ਕੀਤੀ। ਹੀਰਾ ਦਾਸ ਉਦਾਸੀ ਤੋਂ ਸਿਖਿਆ ਪਰਾਪਤ ਕੀਤੀ। ਇਸ ਦੇ ਰਚੇ ਹੋਏ ਸ਼ਬਦਾਂ ਦੇ ਸੰਗ੍ਰਹਿ ਦਾ ਨਾਂ `ਉਪਦੇਸ਼ ਵਿਲਾਸ` ਹੈ।[88] ਸੋ ਇਹ ਸੰਪ੍ਰਦਾ ਵੀ ਉਸ ਸਮੇਂ ਮੌਜੂਦ ਸੀ।

**ਬ੍ਰਹਮੋ ਸਮਾਜ**

19ਵੀਂ ਸਦੀ ਦੀ ਇਕ ਸੰਪਰਦਾ ਬ੍ਰਹਮੋ ਸਮਾਜ ਵੀ ਸੀ। ਇਸਦਾ ਆਰੰਭ 23 ਜਨਵਰੀ, 1830 ਈ. ਵਿਚ ਰਾਜਾ ਰਾਮ ਮੋਹਨ ਰਾਇ ਨੇ ਕੀਤਾ ਸੀ। ਬ੍ਰਹਮੋ ਸਮਾਜ ਨਿਰਗੁਣ ਬ੍ਰਹਮ ਦੀ ਉਪਾਸਨਾ ਉਤੇ ਜ਼ੋਰ ਦਿੰਦਾ ਹੈ।[89] ਇਸ ਸੰਪਰਦਾ ਦਾ ਜਨਮ ਵੀ ਸੰਤਰੇਣ ਦੇ ਜੀਵਨ ਕਾਲ ਦੌਰਾਨ ਹੀ ਹੋਇਆ ਸੀ।

ਧਾਰਮਿਕ ਪਖ ਤੋਂ ਮਾਹਰਾਜਾ ਰਣਜੀਤ ਸਿੰਘ ਦਾ ਰਾਜ ਉਸ ਸਮੇਂ ਦੇ ਕਵੀਆਂ, ਧਾਰਮਿਕ ਸਖਸ਼ੀਅਤਾਂ ਆਦਿ ਲਈ ਬਹੁਤ ਹੀ ਵਧੀਆ ਸੀ। ਕਿਉਂਕਿ ਮਾਹਾਰਾਜਾ ਰਣਜੀਤ ਸਿੰਘ ਨੇ ਅਪਣੇ ਰਾਜ ਕਾਲ ਦੌਰਾਨ ਧਾਰਮਿਕ ਪਖਪਾਤ ਤੋਂ ਉਪਰ ਉਠ ਕੇ ਇਨ੍ਹਾਂ ਨੂੰ ਬਹੁਤ ਉਤਸ਼ਾਹਿਤ ਕੀਤਾ ਸੀ। ਸੋ ਸੰਤਰੇਣ ਲਈ ਵੀ ਇਹ ਸਮਾਂ ਲਾਹੇਵੰਦ ਸਿਧ ਹੋਇਆ ਜਿਸ ਦੌਰਾਨ ਆਪ ਨੇ ਅਜਿਹੀਆਂ ਪ੍ਰਮੁਖ, ਰਚਨਾਵਾਂ ਸਿਰਜ ਕੇ ਉਦਾਸੀ ਸੰਪਰਦਾ, ਸਿਖ ਧਰਮ ਦੇ ਸਾਹਿਤ ਵਿਚ ਅਹਿਮ ਯੋਗਦਾਨ ਪਾਇਆ ਹੈ। ਸਾਹਿਤਕਿ ਪਖ ਤੋਂ

---

[87] ਗਿੱਲ, ਰਛਪਾਲ ਸਿੰਘ, *ਪੰਜਾਬ ਕੋਸ਼ ਜਿਲਦ ਪਹਿਲੀ,* ਭਾਸ਼ਾ ਵਿਭਾਗ, ਪੰਜਾਬ, 2004, ਪੰਨਾ 418.

[88] ਉਹੀ, ਪੰਨਾ 775.

[89] ਉਹੀ, ਪੰਨਾ 564.

ਜੇਕਰ ਨਜ਼ਰ ਮਾਰੀਏ ਤਾਂ ਮੋਹਨ ਸਿੰਘ ਦੀਵਾਨਾ ਮਹਾਰਾਜਾ ਰਣਜੀਤ ਸਿੰਘ ਸਮੇਂ ਦੇ ਸਾਹਿਤ ਦਾ ਮੁਲਾਂਕਣ ਕਰਦੇ ਸਮੇਂ ਹੇਠ ਲਿਖੇ ਤਥਾਂ ਨੂੰ ਪੇਸ਼ ਕਰਦਾ ਹੈ-

1. ਪੰਜਾਬੀ ਬੋਲੀ ਵਿਚ ਬਹੁਤ ਸਾਰੀ ਸੈਨਿਕ ਸ਼ਬਦਾਵਲੀ ਆ ਚੁਕੀ ਸੀ।

2. ਹਿੰਦੂਆਂ ਅਤੇ ਸਿਖਾਂ ਨੇ ਬਹੁਤ ਸਾਰੀਆਂ ਮੁਸਲਮਾਨੀ ਇਤਿਹਾਸਿਕ ਅਤੇ ਮਿਥਿਹਾਸਿਕ ਘਟਨਾਵਾਂ ਨੂੰ ਆਪਣੀਆਂ ਸਾਹਿਤਕਿ ਰਚਨਾਵਾਂ ਕਿਰਤਾਂ ਦਾ ਵਿਸ਼ਾ ਬਣਾਇਆ ਅਤੇ ਇਸੇ ਤਰ੍ਹਾਂ ਹੀ ਮੁਸਲਮਾਨਾਂ ਨੇ ਹਿੰਦੂਆਂ ਤੇ ਸਿਖਾਂ ਦੇ ਪ੍ਰਸਿਧ ਸਾਕਿਆਂ ਨੂੰ ਕਵੀਤਾ ਦਾ ਰੂਪ ਦਿਤਾ ਸੀ।

3. ਸਭਿਆਚਾਰਕ ਮਿਲਵਰਤਨ ਨਾਲ ਲਾਹੌਰ ਅਤੇ ਅੰਮ੍ਰਿਤਸਰ ਦੀ ਬੋਲੀ ਟਕਸਾਲੀ ਪੰਜਾਬੀ ਦੇ ਰੂਪ ਵਿਚ ਨਿਖਰ ਕੇ ਸਾਹਮਣੇ ਅਉਣ ਲਗ ਗਈ ਸੀ।

4. ਸਿਧੇ ਅਤੇ ਅਸਿਧੇ ਸ਼ਾਹੀ ਪ੍ਰਭਾਵ ਥਲੇ ਬਹੁਤ ਸਾਰੀਆਂ ਵਾਰਤਕ ਅਤੇ ਕਾਵਿ ਰਚਨਾਵਾਂ ਕੀਤੀਆਂ ਗਈਆਂ ਸਨ।

5. ਫ਼ਾਰਸੀ ਦਾ ਗਲਬਾ ਪਹਿਲਾਂ ਵਾਂਗ ਜਾਰੀ ਰਿਹਾ।

6. ਨਿਰਮਲਿਆਂ ਤੇ ਉਦਾਸੀਆਂ ਨੇ ਗੁਰਮਤਿ ਸਾਹਿਤ ਦੀ ਵਿਆਖਿਆ ਲਈ ਪੰਜਾਬੀ ਵਾਰਤਕ ਨੂੰ ਆਪਣਾ ਵਾਹਨ ਬਣਾਇਆ, ਭਾਵੇਂ ਇਹ ਵਾਰਤਕ ਸਧੂਕੜੀ ਹੀ ਸੀ।

7. ਮੁਸਲਮਾਨ ਲਿਖਾਰੀਆਂ ਨੇ ਹਰਮਨ ਪਿਆਰੀਆਂ ਰੁਮਾਂਟਿਕ ਕਥਾਵਾਂ ਨੂੰ ਜੋ ਗਿਣਤੀ ਵਿਚ ਬਹੁਤ ਵਧ ਗਈਆਂ ਸਨ ਆਪਣੇ ਵਿਸ਼ੇਸ਼ ਧਿਆਨ ਦਾ ਵਿਸ਼ਾ ਬਣਾਇਆ।

8. ਉਰਦੂ ਗ਼ਜ਼ਲ ਅਤੇ ਮਨਸਵੀ ਦਾ ਪੰਜਾਬੀ ਅਨੁਕਰਣ ਹੋਣ ਲਗਾ ਸੀ।[90]

**ਆਰਥਿਕ ਅਤੇ ਸਾਮਾਜਿਕ ਹਾਲਾਤ-**

---

[90] Mohan Singh Diwana, *A History Of Punjabi Literature,* Khalsa College, Amritsar, edition second 1956, page 68.

ਸੰਤਰੇਣ ਦਾ ਸਮਕਾਲੀ ਸਮਾਜ ਜਾਗੀਰਦਾਰ ਪ੍ਰਧਾਨ ਸਮਾਜ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਵਜ਼ੀਰ, ਜਰਨੈਲ, ਸੂਬੇਦਾਰ, ਦੀਵਾਨ ਆਦਿ ਮੱਧਕਾਲੀਨ ਸਮਾਜ ਵਾਲੇ ਹੀ ਸਨ। ਕਿਸਾਨ ਅਤੇ ਕਿਰਤੀ ਸ਼੍ਰੇਣੀ ਵਿਚ ਸਿਖਾਂ ਦੀ ਚੜ੍ਹਤ ਨਾਲ ਜੱਟ ਜਾਗੀਰਦਾਰ ਬਣ ਗਏ ਸਨ। ਵਸੋਂ ਦਾ ਵਡਾ ਹਿਸਾ ਛੋਟੇ ਕਿਸਾਨਾਂ, ਕਾਰੀਗਰਾਂ ਅਤੇ ਕੰਮੀਆਂ ਦਾ ਸੀ। ਜਾਗੀਰਦਾਰ ਸਾਰੇ ਧਰਮਾਂ ਵਿਚ ਹੀ ਮੌਜੂਦ ਸਨ। ਸਿਖ ਸਰਦਾਰਾਂ ਨੇ ਆਪਣੀ ਸ਼੍ਰੇਣੀ ਲਈ ਵਡੀਆਂ-ਵਡੀਆਂ ਹਵੇਲੀਆਂ ਬਣਾਈਆਂ ਹੋਈਆਂ ਸਨ। ਅੰਗਰੇਜ਼ਾਂ ਦਾ ਰਾਜ ਆਉਣ ਨਾਲ ਇਨ੍ਹਾਂ ਜਾਗੀਰਦਾਰਾਂ ਦੇ ਮਾਣ-ਸਨਮਾਨ ਉਤੇ ਸੱਟ ਵੱਜੀ ਕਿਉਂਕਿ ਇਨ੍ਹਾਂ ਦੀਆਂ ਜਾਗੀਰਾਂ ਜ਼ਬਤ ਕਰ ਲਈਆਂ ਗਈਆਂ ਸਨ। ਇਵੇਂ ਸਿਖ ਕੇਵਲ ਆਪਣੇ ਰਾਜ ਭਾਗ ਤੋਂ ਵਾਂਝੇ ਹੀ ਨਹੀਂ ਹੋਏ ਸਗੋਂ ਉਨ੍ਹਾਂ ਦੇ ਗੁਲਾਮ ਵੀ ਬਣੇ।

ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿਚ ਪੰਜਾਬ ਵਿਚ ਦਸਤਕਾਰੀ ਦਾ ਕੰਮ ਕੰਮੀ-ਕਮੀਣ ਅਤੇ ਛੋਟੇ ਕਿਸਾਨ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਤ ਹੋਣ ਪਿਛੋਂ ਪੰਜਾਬ ਦੇ ਲੋਕਾਂ ਨੇ ਸਦੀਆਂ ਪਿਛੋਂ ਅਮਨ ਚੈਨ ਦਾ ਸਾਹ ਲਿਆ ਸੀ। ਭਾਵੇਂ ਸਮਾਜ ਧਰਮ ਜ਼ਾਤਾਂ ਵਿਚ ਵੰਡਿਆ ਹੋਇਆ ਸੀ ਪਰ ਇਕ ਦੂਜੇ ਨਾਲ ਸਾਂਝ ਅਤੇ ਸੁਖਾਵੇਂ ਸਬੰਧ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤਕ ਸਿਖਿਆ ਦਾ ਢੰਗ ਪ੍ਰੰਪਰਾਗਤ ਹੀ ਸੀ। ਗੁਰਦੁਆਰਿਆਂ, ਡੇਰਿਆਂ, ਧਰਮਸ਼ਾਲਾਵਾਂ, ਮੰਦਰਾਂ ਅਤੇ ਮਸੀਤਾਂ ਵਿਚ ਬਚਿਆਂ ਨੂੰ ਪੜ੍ਹਾਇਆ ਜਾਂਦਾ ਸੀ। ਇਹ ਸਿਖਿਆ ਮੁਖ ਤੌਰ ਤੇ ਧਾਰਮਿਕ ਰੁਚੀ ਵਾਲੀ ਹੀ ਹੁੰਦੀ ਸੀ।[91] ਸੋ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪ੍ਰਬੰਧ ਵਿਚ ਪੂੰਜੀ ਤੌਰ ਤੇ ਸਿਖ ਕਾਫੀ ਤਕੜੇ ਸੀ। ਵੈਸੇ ਤਾਂ ਸਾਧੂ ਸੰਤਾਂ ਨੂੰ ਪੂੰਜੀ ਨਾਲ ਲਗਾਉ ਨਹੀਂ ਹੁੰਦਾ ਪਰ ਫਿਰ ਵੀ ਗੁਜ਼ਰਾਨ ਲਈ ਪੂੰਜੀ ਦੀ ਬਹੁਤ ਜ਼ਰੂਰਤ ਹੁੰਦੀ ਹੈ। ਕਵੀ ਦੇ ਜਨਮ ਸਮੇਂ ਤਾਂ ਪੰਜਾਬ ਦੇ ਹਾਲਾਤ ਬਹੁਤੇ ਚੰਗੇ ਨਹੀ ਸਨ ਪਰ ਮਾਹਾਰਾਜਾ ਰਣਜੀਤ ਸਿੰਘ ਤੋਂ ਬਾਦ ਪੰਜਾਬ ਦੇ ਆਰਥਿਕ ਹਾਲਾਤ ਕਾਫੀ

[91] ਭਗਤ ਸਿੰਘ, *ਮਹਾਰਾਜਾ ਰਣਜੀਤ ਸਿੰਘ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1983, ਪੰਨਾ 147.

ਸੁਧਰ ਚੁਕੇ ਸੀ। ਕਵੀ ਘੁਮੰਕੜ ਪ੍ਰਵਿਰਤੀ ਵਾਲਾ ਸਾਧੂ ਹੋਣ ਕਰਕੇ ਇਸ ਨੇ ਬਹੁਤਾ ਸਮਾਂ ਯਾਤਰਾ ਵਿਚ ਹੀ ਬਤੀਤ ਕੀਤਾ। ਕਵੀ ਦੇ ਸਮੇਂ ਪੰਜਾਬ ਦੇ ਲੋਕਾਂ ਦਾ ਮੁਖ ਕਿੱਤਾ ਕਿਰਸਾਨੀ ਹੀ ਸੀ। ਪੰਜਾਬ ਦੇ ਲੋਕਾਂ ਦਾ ਆਰਥਿਕ ਪਖ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਮਜ਼ਬੂਤ ਸੀ ਇਸ ਸਮੇਂ ਦੌਰਾਨ ਲੋਕਾਂ ਦਾ ਮੁੱਖ ਕਿੱਤਾ ਖੇਤੀ ਬਾੜੀ ਸੀ। ਖੇਤੀਬਾੜੀ ਤੋਂ ਬਿਨਾਂ ਉਸ ਸਮੇਂ ਪਸ਼ੂ ਵੀ ਇਕ ਕੀਮਤੀ ਧਨ ਸੀ। ਇਸ ਤੋਂ ਇਲਾਵਾ ਉਦਯੋਗ ਵਿਚ ਸੂਤੀ ਅਤੇ ਉਨੀ ਕਪੜੇ ਦਾ ਉਦਯੋਗ ਵੀ ਪ੍ਰਮੁਖ ਸੀ। ਕਾਗਜ਼, ਸ਼ਸਤਰ, ਲਕੜੀ, ਚਮੜਾ ਆਦਿ ਵੀ ਪ੍ਰਮੁਖ ਉਦਯੋਗ ਸਨ। ਵਾਪਾਰ ਵੀ ਉਸ ਸਮੇਂ ਦਾ ਇਕ ਅਹਿਮ ਆਰਥਿਕ ਸਾਧਨ ਸੀ। ਵਾਪਾਰ ਵਿਚ ਅਨਾਜ, ਦਾਲਾਂ, ਖੰਡ, ਘਿਉ, ਕਪੜਾ, ਕਾਗਜ਼, ਸੋਨਾ, ਚਾਂਦੀ ਅਦਿ ਸ਼ਾਮਿਲ ਸੀ।[92]

ਕਵੀ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਗੁਜਰਾਂਵਾਲਾ ਇਲਾਕੇ ਦੇ ਡੇਰੇ ਨੂੰ ਦੋ ਪਿੰਡਾ ਦੀ ਜਾਗੀਰ ਲਾਈ ਹੋਈ ਸੀ। ਜੋ ਕਿ ਬਾਦ ਵਿਚ ਅਣਗਹਿਲੀ ਕਰਕੇ ਡੇਰੇ ਦੇ ਸਰਪ੍ਰਸਤਾਂ ਕੋਲੋਂ ਲੈ ਲਈ ਗਈ। ਇਸੇ ਤਰ੍ਹਾਂ 150 ਬਿਘੇ ਜ਼ਮੀਨ ਅੱਜ ਵੀ ਭੂਦਨ ਡੇਰੇ ਦੇ ਨਾਮ ਹਨ ਜਿਸ ਨੂੰ ਕਿ ਮੌਕੇ ਦੇ ਸਰਪ੍ਰਸਤ ਹਰਲਾਲ ਦਾਸ ਜੀ ਸਾਂਭ ਰਹੇ ਹਨ। ਪਿੰਡ ਭੂਦਨ ਤੋਂ ਪਤਾ ਚੱਲਦਾ ਹੈ ਕਿ ਸੰਤਰੇਣ ਜੀ ਨੇ ਗਾਵਾਂ ਵੀ ਰਖੀਆਂ ਹੋਈਆਂ ਸਨ ਜਿਸ ਨਾਲ ਮੁਸਾਫਿਰਾਂ ਜਾਂ ਡੇਰੇ ਆਉਣ ਵਾਲੀਆਂ ਸੰਗਤਾਂ ਨੂੰ ਲੰਗਰ ਦਾ ਪ੍ਰਬੰਧ ਕੀਤਾ ਜਾਂਦਾ ਸੀ। ਹਰਲਾਲ ਦਾਸ ਜੀ ਨੇ ਵੀ ਇਸ ਪ੍ਰੰਪਰਾ ਨੂੰ ਉਸੇ ਤਰ੍ਹਾਂ ਚਾਲੂ ਰਖਣ ਦੀ ਕੋਸ਼ਿਸ਼ ਕੀਤੀ ਹੋਈ ਹੈ।

ਉਪਰੋਕਤ ਵੰਨਗੀਆਂ ਵਿਚ ਅਸੀਂ ਸੰਤਰੇਣ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖਿਪਤ ਚਰਚਾ ਕੀਤੀ ਹੈ। ਜੇਕਰ ਸਮੁਚੇ ਰੂਪ ਵਿਚ ਦੇਖਿਆ ਜਾਵੇ ਤਾਂ ਕਵੀ ਸੰਤਰੇਣ ਦੇ ਜੀਵਨ ਕਾਲ ਦੌਰਾਨ ਪਰਸਥਿਤੀਆਂ ਵਿਚ ਕਾਫੀ ਉਤਰਾਅ ਚੜਾਅ ਆਇਆ ਇਹੋ ਜਿਹੇ ਨਾਜ਼ੁਕ ਹਾਲਾਤ ਵੀ ਆਏ ਕਿ ਸਾਹਿਤ ਦੀ ਸਿਰਜਨਾ ਕਰਨਾ ਕਾਫੀ ਜਟਿਲ ਕਾਰਜ ਸੀ ਪਰ ਸੰਤਰੇਣ ਨੇ ਆਪਣੇ ਦ੍ਰਿੜ ਇਰਾਦੇ ਨਾਲ ਆਪਣੀਆਂ ਰਚਨਾਵਾਂ ਨੂੰ ਬਹੁਤ ਹੀ ਖੂਬਸੂਰਤੀ ਨਾਲ ਨੇਪਰੇ ਚਾੜਿਆ ਹੈ।

---

[92] ਉਹੀ, ਪੰਨਾ 170-90.

## ਸਰਵੇਖਣ

ਗੁਰੂ ਨਾਨਕ ਵਿਜੈ ਗ੍ਰੰਥ 18ਵੀਂ ਸਦੀ ਦੀ ਰਚਨਾ ਹੈ। ਜਿਵੇਂ ਕਿ ਅਸੀਂ ਪਿਛੇ ਜ਼ਿਕਰ ਕਰ ਆਏ ਹਾਂ ਕਿ ਇਸ ਗ੍ਰੰਥ ਨੂੰ ਹਿੰਦੀ ਅਤੇ ਗੁਰਮੁਖੀ ਵਿਚ ਛਾਪਿਆ ਜਾ ਚੁਕਾ ਹੈ। ਪਰ ਇਸ ਗ੍ਰੰਥ ਬਾਰੇ ਅਜੇ ਤੀਕ ਕੋਈ ਵੀ ਖੋਜ ਕਾਰਜ ਨਹੀਂ ਹੋਇਆ ਪਰ ਇਸ ਦੇ ਰਚਨਾਕਾਰ ਬਾਰੇ ਬਹੁਤ ਸਾਰੇ ਵਿਦਵਾਨਾਂ ਨੇ ਅਪਣੇ ਵਿਚਾਰ ਦਸੇ ਹਨ, ਜਿਸ ਵਿਚ ਇਸ ਗ੍ਰੰਥ ਨੂੰ ਵੀ ਮੁਖ ਅਧਾਰ ਬਣਾਇਆ ਹੋਇਆ ਹੈ। ਜਿਨ੍ਹਾਂ ਮੁਖ ਲੇਖਕਾਂ ਨੇ ਸੰਤਰੇਣ ਬਾਰੇ ਜਾਂ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਜਾਣਕਾਰੀ ਦਿਤੀ ਹੈ ਉਨ੍ਹਾਂ ਦਾ ਇਕ ਸਰਵੇਖਣ ਹੇਠ ਲਿਖੇ ਅਨੁਸਾਰ ਹੈ-

1910 ਈ. ਵਿਚ ਸਭ ਤੋਂ ਪਹਿਲੀ ਪੁਸਤਕ *ਮਾਝਾਂ ਸੰਤਰੈਣਕੀਆਂ* ਛਪੀ ਇਸ ਪੁਸਤਕ ਵਿਚ ਕਵੀ ਦੀ ਰਚਨਾ ਮਾਝਾਂ ਨੂੰ ਛਾਪਿਆ ਗਿਆ, ਜਿਸਨੂੰ ਚੌਧਰੀ ਬੂਟਾ ਮੱਲ ਅਣਦ ਨੇ ਗੁਲਸ਼ਨ ਪੰਜਾਬ ਪਰੈਸ ਰਾਵਲਪਿੰਡੀ ਤੋਂ ਛਪਵਾਇਆ ਸੀ। ਇਸ ਪੁਸਤਕ ਦੇ ਕੁਲ 48 ਪੰਨੇ ਹਨ। ਇਸ ਪੁਸਤਕ ਵਿਚ ਸੰਤਰੇਣ ਦਾ ਨਾਮ ਸੰਤਰੈਣ ਛਾਪਿਆ ਗਿਆ ਹੈ। ਇਕ ਪੁਸਤਕ ਹੋਰ *ਮਾਂਝਾ ਸੰਤਰੈਣ* ਪ੍ਰਾਪਤ ਹੁੰਦੀ ਹੈ, ਜੋ ਕਿ ਮਿਤੀਹੀਣ ਹੈ ਅਤੇ ਤੀਜੀ ਵਾਰ ਛਪੀ ਹੈ। ਇਸ ਪੁਸਤਕ ਨੂੰ ਰਾਮਦਾਸ ਤਿਲਕ ਰਾਜ ਨੇ ਰਾਇਲ ਪ੍ਰਿਟਿੰਗ ਪ੍ਰੈਸ ਲਾਹੌਰ ਤੋਂ ਛਪਵਾਇਆ ਸੀ। ਇਸ ਪੁਸਤਕ ਦੇ 36 ਪੰਨੇ ਹਨ। ਪੰਡਿਤ ਬ੍ਰਹਮਾਨੰਦ ਉਦਾਸੀਨ ਦੁਆਰਾ 1923 ਈ. ਵਿਚ ਸਖਰ ਪ੍ਰਿੰਟਿਗ ਪ੍ਰੈਸ, ਸਿੰਧ ਤੋਂ ਪ੍ਰਕਾਸ਼ਿਤ *ਗੁਰੂ ਉਦਾਸੀਨ ਮਤ ਦਰਪਨ* ਵਿਚ ਇਸ ਕਵੀ ਦੇ ਜੀਵਨ, ਰਚਨਾਵਾਂ ਆਦਿ ਬਾਰੇ ਮੁਢਲੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਵਿਚ ਸੰਤਰੇਣ ਜੀ ਦੇ ਹਿਲਾਣੀ ਇਲਾਕੇ ਵਿਚ ਡੇਰਿਆਂ ਦੀ ਚੇਲਾ ਪੱਧਤੀ ਅਤੇ ਪੁਸਤਕ ਛਪਣ ਵੇਲੇ ਤਕ ਗੱਦੀਦਾਰ ਬਾਰੇ ਜਾਣਕਾਰੀ ਹੈ।

1953 ਈ. ਵਿਚ ਸੰਤਰੇਣਾਸ਼੍ਰਮ ਭੂਦਨ ਤੋਂ ਰਾਮਦਾਸ ਵੈਦ ਵਲੋਂ ਪ੍ਰਕਾਸ਼ਿਤ ਪੁਸਤਕ *ਸ੍ਰੀ ਸੰਤਰੇਣ ਗ੍ਰੰਥਾਵਲੀ* ਵਿਚ ਵੀ ਕਵੀ ਸੰਤਰੇਣ ਬਾਰੇ ਜਾਣਕਾਰੀ ਅੰਕਿਤ ਹੈ। ਵਿਦਵਾਨਾਂ ਨੇ ਇਸੇ ਪੁਸਤਕ ਦੇ ਆਧਾਰ ਉਤੇ ਕਵੀ ਦੇ ਜੀਵਨ ਬਾਰੇ ਖੋਜ ਕਾਰਜ ਕੀਤੇ ਹਨ। ਇਸ ਪੁਸਤਕ ਦੀ ਸ਼ੁਰੂਆਤ ਵਿਚ ਕਵੀ ਦੇ ਜੀਵਨ ਅਤੇ ਰਚਨਾਵਾਂ ਬਾਰੇ ਵਿਚਾਰ ਪ੍ਰਸਤੁਤ ਕੀਤੇ ਹਨ, ਜਿਨ੍ਹਾਂ ਵਿਚ ਕਵੀ ਦੇ ਜਨਮ ਸਥਾਨ, ਮਾਤਾ-ਪਿਤਾ, ਸਿਖਿਆ, ਯਾਤਰਾਵਾਂ, ਚੇਲਾ ਪੱਧਤੀ, ਰਚਨਾਵਾਂ ਆਦਿ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।

ਇਸ ਤੋਂ ਬਾਅਦ ਕਵੀ ਦੀਆਂ ਦੋ ਰਚਨਾਵਾਂ ਮਨ ਪ੍ਰਬੋਧ ਅਤੇ ਅਨਭੈ ਅੰਮ੍ਰਿਤ ਸਾਗਰ ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ। ਇਹ ਪੁਸਤਕ ਸੰਤਰੇਣ ਦੇ ਜੀਵਨ ਬਾਰੇ ਜਾਣਕਾਰੀ ਲਈ ਇਕ ਸਹਾਇਕ ਪੁਸਤਕ ਹੈ। ਇਹ ਪੁਸਤਕ ਇਕ ਉਪਰਾਲਾ ਕੀਤਾ ਗਿਆ ਸੀ ਸੰਤਰੇਣ ਦੀਆਂ ਰਚਨਾਵਾਂ ਨੂੰ ਸੰਪਾਦਿਤ ਕਰਨ ਦਾ। ਇਸ ਲਈ ਇਸ ਪੁਸਤਕ ਨੂੰ ਭਾਗ ਪਹਿਲਾ ਦਾ ਨਾਮ ਦਿਤਾ ਗਿਆ ਸੀ ਅਤੇ ਅਗਲੇ ਭਾਗ ਵਿਚ ਕਵੀ ਦੀਆਂ ਬਾਕੀ ਰਚਨਾਵਾਂ ਨੂੰ ਛਾਪਣ ਦੀ ਵਿਉਂਤ ਸੀ। ਪਰ ਕਿਸੇ ਕਾਰਨ ਕਰ ਕੇ ਇਹ ਉਪਰਾਲਾ ਇਸ ਪੁਸਤਕ ਤੱਕ ਹੀ ਸੀਮਤ ਰਿਹਾ।

ਰਣਧੀਰ ਸਿੰਘ ਦੁਆਰਾ 1959 ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਪ੍ਰਕਾਸ਼ਿਤ ਪੁਸਤਕ *ਉਦਾਸੀ ਸਿਖਾਂ ਦੀ ਵਿਥਿਆ* ਵਿਚ ਗੁਰੂ ਉਦਾਸੀਨ ਮਤ ਦਰਪਨ ਪੁਸਤਕ ਵਾਲੇ ਹੀ ਵੇਰਵੇ ਹਨ ਪਰ ਇਸ ਪੁਸਤਕ ਵਿਚ ਸੰਤਰੇਣ ਜੀ ਦੀ ਬਾਲੂ ਹਸਨਾ ਤੋਂ ਸੰਤਰੇਣ ਤਕ ਦੀ ਚੇਲਾ ਪੱਧਤੀ ਵੀ ਦਿਤੀ ਹੈ। ਜਿਸ ਤੋਂ ਹੀ ਅਗੇ ਬਾਕੀ ਲੇਖਕਾਂ ਨੇ ਇਸੇ ਚੇਲਾ ਪੱਧਤੀ ਨੂੰ ਅਧਾਰ ਬਣਾ ਕੇ ਅਪਣੀਆਂ ਪੁਸਤਕਾਂ ਵਿਚ ਲੇਖ ਲਿਖੇ ਹਨ।

1959 ਈ. ਦੀ ਹੀ ਇਕ ਪੁਸਤਕ ਹੋਰ ਮਿਲਦੀ ਹੈ। ਜਿਸਦਾ ਲੇਖਕ ਪਿਆਰਾ ਸਿੰਘ ਪਦਮ ਹੈ। ਇਹ ਪੁਸਤਕ *ਮਹਾਂਕਵੀ ਸੰਤਰੇਣ* ਸਿਰਲੇਖ ਅਧੀਨ ਛਾਪੀ ਗਈ ਸੀ। ਜਿਸ ਵਿਚ ਲੇਖਕ ਨੇ ਪੁਸਤਕ ਦੇ ਆਰੰਭ ਵਿਚ ਕਵੀ ਦੇ ਜੀਵਨ ਅਤੇ ਰਚਨਾਵਾਂ ਬਾਰੇ ਮੁਢਲੀ ਜਾਣਕਾਰੀ ਦਿਤੀ ਹੈ। ਇਸ ਪੁਸਤਕ ਵਿਚ ਮਾਝਾਂ ਸੰਤਰੇਣ ਅਤੇ ਸੀਹਰਫੀਆਂ ਨੂੰ ਸੰਪਾਦਿਤ ਕੀਤਾ ਗਿਆ ਹੈ। ਇਹ ਸੰਤਰੇਣ ਦੀਆਂ ਪ੍ਰਮੁਖ ਰਚਨਾਵਾਂ ਵਿਚ ਨਹੀਂ ਹਨ ਸਗੋਂ ਫੁਟਕਲ ਰਚਨਾਵਾਂ ਹਨ ਅਤੇ ਬਹੁਤ ਹੀ ਛੋਟੇ ਆਕਾਰ ਦੀਆਂ ਹਨ। ਇਨ੍ਹਾਂ ਰਚਨਾਵਾਂ ਦੀ ਹੱਥ ਲਿਖਤ ਪਿਆਰਾ ਸਿੰਘ ਪਦਮ ਕੋਲ ਸੀ ਅਤੇ ਭੂਦਨ ਡੇਰੇ ਕੋਲ ਕੋਈ ਵੀ ਪ੍ਰਤੀ ਮੌਜੂਦ ਨਹੀਂ ਸੀ।

ਪਿਆਰਾ ਸਿੰਘ ਪਦਮ ਦੁਆਰਾ ਪ੍ਰਕਾਸ਼ਿਤ ਇਕ ਹੋਰ ਪੁਸਤਕ *ਮਹਾਤਮਾ ਸੰਤਰੇਣ* ਜਿਸਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 1978 ਈ. ਵਿਚ ਪ੍ਰਕਾਸ਼ਿਤ ਕੀਤਾ ਮਿਲਦੀ ਹੈ। ਇਹ ਵੀ ਕਵੀ ਦੀਆਂ ਫੁਟਕਲ ਰਚਨਾਵਾਂ ਦਾ ਸੰਗ੍ਰਹਿ ਹੈ ਜਿਸ ਵਿਚ; ਗੁਰੂ ਮਹਿਮਾ, ਗੁਰ ਗਯਾਨ ਮਹਾਤਮ, ਵੈਰਾਗ ਛੰਦ, ਦੋਹਰੇ ਸਾਧ ਰੀਤਿ ਕੇ, ਦੋਹਰੇ ਰਾਜਨੀਤਿ ਕੇ ਆਦਿ 14 ਕੁ ਰਚਨਾਵਾਂ ਸ਼ਾਮਿਲ ਹਨ। ਲੇਖਕ ਨੇ ਇਸ

ਪੁਸਤਕ ਦੇ ਆਰੰਭ ਵਿਚ ਸੰਤਰੇਣ ਅਤੇ ਉਸਦੇ ਗੁਰੂ ਸਾਹਿਬ ਦਾਸ ਦੀ ਫੋਟੋ (ਜੋ ਕਿ ਕਿਸੇ ਸ਼ਰਧਾਲੂ ਨੇ ਬਣਾਈ ਸੀ ਅਤੇ ਭੂਦਨ ਡੇਰੇ ਵਿਚ ਮੌਜੂਦ ਹੈ) ਵੀ ਛਾਪੀ ਹੈ ਅਤੇ ਨਾਲ ਹੀ ਨਾਨਕ ਵਿਜੈ ਗ੍ਰੰਥ ਦੇ ਮੁਢਲਾ ਅਤੇ ਅੰਤਮ ਪਤਰਾ ਵੀ ਛਾਪਿਆ ਹੈ। ਲੇਖਕ ਨੇ ਕਵੀ ਦੇ ਜੀਵਨ ਅਤੇ ਰਚਨਾਵਾਂ ਬਾਰੇ ਜਾਣਕਾਰੀ ਦੇਣ ਤੋਂ ਬਾਅਦ ਰਚਨਾਵਾਂ ਦਾ ਇਤਿਹਾਸਕ, ਧਾਰਮਿਕ ਅਤੇ ਕਾਵਿ ਪੱਖ ਤੋਂ ਸੰਖਿਪਤ ਅਧਿਐਨ ਵੀ ਕੀਤਾ ਹੈ।

**ਹਿੰਦੀ ਪੁਸਤਕਾਂ**

1963 ਈ. ਵਿਚ ਭਾਰਤੀ ਸਾਹਿਤਯ ਮੰਦਿਰ ਦਿੱਲੀ ਤੋਂ ਪ੍ਰਕਾਸ਼ਿਤ ਪੁਸਤਕ *ਗੁਰਮੁਖੀ ਲਿਪੀ ਮੇਂ ਹਿੰਦੀ-ਕਾਵਯ* ਵਿਚ ਵੀ ਕਵੀ ਸੰਤਰੇਣ ਅਤੇ ਉਸਦੀਆਂ ਰਚਨਾਵਾਂ ਬਾਰੇ ਵਿਚਾਰ ਪ੍ਰਸਤੁਤ ਕੀਤੇ ਗਏ ਹਨ। ਇਸ ਪੁਸਤਕ ਵਿਚ ਲੇਖਕ ਨੇ ਕਵੀ ਦੀਆਂ ਰਚਨਾਵਾਂ ਨੂੰ ਉਦਾਸੀ ਸੰਤਾਂ ਦੀ ਬਾਣੀ ਸਿਰਲੇਖ ਅਧੀਨ ਸਭ ਤੋਂ ਮੁਢਲੇ ਸਥਾਨ ਉਤੇ ਰਖਿਆ ਹੈ। ਜਿਸ ਵਿਚ ਕਵੀ ਦੇ ਜੀਵਨ ਦੀ ਜਾਣਕਾਰੀ ਤੋਂ ਬਾਅਦ ਰਚਨਾਵਾਂ ਦਾ ਪੱਖ ਛੋਹਿਆ ਗਿਆ ਹੈ। ਜਿਸ ਵਿਚ ਲੇਖਕ ਨੇ ਸੰਖੇਪ ਰੂਪ ਵਿਚ ਰਚਨਾਵਾਂ ਦਾ ਸਿਧਾਂਤਕ, ਵਿਹਾਰਕ, ਨਾਰੀ ਭਾਵਨਾ, ਰਸ , ਅਲੰਕਾਰ, ਭਾਸ਼ਾ ਆਦਿ ਬਾਰੇ ਵਿਚਾਰ ਪ੍ਰਸਤੁਤ ਕੀਤੇ ਹਨ। ਇਤਿਹਾਸਕ ਪੱਖ ਦੇ ਸਿਰਲੇਖ ਅਧੀਨ ਨਾਨਕ ਵਿਜੈ ਗ੍ਰੰਥ ਦਾ ਸੰਖੇਪ ਰੂਪ ਵਿਚ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ।

ਸਚਿਦਾਨੰਦ ਸ਼ਰਮਾ ਵਲੋਂ 1967 ਈ. ਵਿਚ ਸੰਪਾਦਿਤ ਪੁਸਤਕ *ਉਦਾਸੀ ਸੰਪ੍ਰਦਾਇ ਔਰ ਕਵੀ ਸੰਤਰੇਣ* ਵੀ ਮਿਲਦੀ ਹੈ। ਜਿਸਨੂੰ ਸਾਹਿਤਯ ਸਦਨ ਦੇਹਰਾਦੂਨ ਵਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਜਿਸ ਵਿਚ ਲੇਖਕ ਨੇ ਕਵੀ ਦੀਆਂ ਰਚਨਾਵਾਂ ਨੂੰ ਆਧਾਰ ਬਣਾਇਆ ਹੈ। ਇਸ ਪੁਸਤਕ ਵਿਚ ਲੇਖਕ ਨੇ ਸਭ ਤੋਂ ਪਹਿਲਾਂ ਉਦਾਸੀ ਸੰਪ੍ਰਦਾਇ ਦੇ ਉਦਭਵ ਅਤੇ ਵਿਕਾਸ ਦੀ ਵਿਚਾਰ ਪ੍ਰਸਤੁਤ ਕੀਤੀ ਹੈ। ਇਸ ਤੋਂ ਬਾਅਦ ਕਵੀ ਸੰਤਰੇਣ ਦੇ ਜੀਵਨ ਅਤੇ ਰਚਨਾਵਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਹੈ। ਫਿਰ ਕਵੀ ਦੀਆਂ ਰਚਨਾਵਾਂ ਦਾ ਅਧਿਐਨ ਕੀਤਾ ਹੈ ਜਿਸ ਵਿਚ ਕਾਵਿ ਸਾਧਨਾ, ਕਾਵਿ ਦਾ ਮੁਲੰਕਣ ਅਤੇ ਨਿਰਗੁਣ ਸੰਪ੍ਰਦਾਵਾਂ ਵਿਚ ਕਵੀ ਦੀਆਂ ਰਚਨਾਵਾਂ ਦਾ ਸਥਾਨ ਦੱਸਣ ਦਾ ਯਤਨ ਕੀਤਾ ਹੈ। ਸੋ ਇਸ ਪੁਸਤਕ ਵਿਚ ਕਵੀ ਦੀਆਂ ਰਚਨਾਵਾਂ ਦਾ ਕਲਾ ਪੱਖ ਤੋਂ ਅਧਿਐਨ ਕੀਤਾ ਗਿਆ ਹੈ।

ਜਯ ਭਗਵਾਨ ਗੋਯਲ ਵਲੋਂ ਸੰਪਾਦਿਤ ਪੁਸਤਕ *ਗੁਰਮੁਖੀ ਲਿਪੀ ਮੇਂ ਹਿੰਦੀ-ਸਾਹਿਤਯ* 1970 ਈ. ਵਿਚ ਹਿੰਦੀ ਸਾਹਿਤਯ ਸੰਸਾਰ, ਦਿੱਲੀ ਤੋਂ ਪ੍ਰਕਾਸ਼ਿਤ ਹੋਈ। ਇਸ ਵਿਚ ਲੇਖਕ ਨੇ ਗੁਰੂ ਨਾਨਕ ਵਿਜੈ ਗ੍ਰੰਥ ਦਾ ਇਤਿਹਾਸ ਅਤੇ ਮਿਥਕੀਕਰਣ ਨਾਮ ਦੇ ਸਿਰਲੇਖ ਅਧੀਨ ਇਸ ਗ੍ਰੰਥ ਦਾ ਅਧਿਐਨ ਕੀਤਾ ਹੈ। ਜਿਸ ਵਿਚ ਕਵੀ ਦੇ ਜੀਵਨ ਬਾਰੇ ਮੁਢਲੀ ਜਾਣਕਾਰੀ ਤੋਂ ਬਾਅਦ ਨਾਨਕ ਵਿਜੈ ਗ੍ਰੰਥ ਦੇ ਕਥਾ ਤੱਤ, ਅਧਿਆਤਮਕ ਤੱਤ, ਵਸਤੂ ਵਰਨਣ ਅਤੇ ਪ੍ਰਕਿਰਤੀ ਚਿਤਰਣ, ਛੰਦ ਵਿਧਾਨ ਆਦਿਕ ਦੀ ਸੰਖਿਪਤ ਜਾਣਕਾਰੀ ਪ੍ਰਸਤੁਤ ਕੀਤੀ ਹੈ।

ਸ਼ੋਭਾ ਪਰਾਸ਼ਰ ਵਲੋਂ 1997 ਵਿਚ ਪ੍ਰਕਾਸ਼ਿਤ ਪੁਸਤਕ *ਉਦਾਸੀ ਸੰਪ੍ਰਦਾਇ ਕਾ ਹਿੰਦੀ ਇਤਿਹਾਸ* ਪੀਯੂਸ਼ ਪ੍ਰਕਾਸ਼ਨ ਤੋਂ ਛਪੀ ਹੈ। ਇਹ 208 ਪੰਨਿਆਂ ਦੀ ਪੁਸਤਕ ਹੈ। ਇਸ ਵਿਚ ਸੰਤਰੇਣ ਨੂੰ ਪ੍ਰਮੁਖ ਉਦਾਸੀ ਮੰਨ ਕੇ ਆਰੰਭ ਵਿਚ ਰਖਿਆ ਗਿਆ ਹੈ। ਪੰਨਾ 67 ਤੋਂ 84 ਤੱਕ ਸੰਤਰੇਣ ਬਾਰੇ ਵਿਚਾਰ ਕੀਤੀ ਗਈ ਹੈ, ਜਿਸ ਵਿਚ ਮੁਖ ਰੂਪ ਵਿਚ ਰਚਨਾਵਾਂ ਦਾ ਹੀ ਵੱਖ-ਵੱਖ ਪੱਖਾਂ ਤੋਂ ਸੰਖੇਪ ਰੂਪ ਵਿਚ ਅਧਿਐਨ ਕੀਤਾ ਗਿਆ ਹੈ; ਜਿਸ ਵਿਚ ਸਾਹਿਤਿਕ ਮੁਲੰਕਣ, ਨਾਰੀ ਭਾਵਨਾ, ਸਮਾਜਿਕ ਨਿਆਂ, ਬ੍ਰਹਮ, ਮਾਯਾ, ਰਸ ਯੋਜਨਾ, ਪ੍ਰਕਿਰਤੀ ਚਿਤ੍ਰਣ, ਛੰਦ ਯੋਜਨਾ ਆਦਿਕ ਵਿਸ਼ਿਆਂ ਦਾ ਜ਼ਿਕਰ ਕੀਤਾ ਗਿਆ ਹੈ।

**ਪੱਤ੍ਰਿਕਾਵਾਂ**

ਉਪਰੋਕਤ ਪੁਸਤਕਾਂ ਤੋਂ ਬਿਨਾਂ ਸੰਤਰੇਣ ਬਾਰੇ ਕੁਝ ਕੁ ਪੱਤ੍ਰਿਕਾਵਾਂ ਵਿਚ ਵੀ ਜ਼ਿਕਰ ਆਇਆ ਹੈ। ਜਿਨ੍ਹਾਂ ਤੋਂ ਆਪ ਦੇ ਜੀਵਨ ਅਤੇ ਰਚਨਾਵਾਂ ਬਾਰੇ ਹੋਰ ਵੀ ਵਿਚਾਰ ਧਿਆਨ ਗੋਚਰੇ ਹੋਏ ਹਨ। ਜੂਨ, ਦਸੰਬਰ 1973 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਛਪੀ *ਨਾਨਕ ਪ੍ਰਕਾਸ਼* ਪੱਤ੍ਰਿਕਾ ਜਿਸਨੂੰ ਡਾ. ਤਾਰਨ ਸਿੰਘ ਨੇ ਸੰਪਾਦਕ ਕੀਤਾ, ਵਿਚ ਵੀ 'ਸ੍ਰੀਮਤ ਨਾਨਕ ਬਿਜੈ ਗ੍ਰੰਥ' ਸਿਰਲੇਖ ਅਧੀਨ ਇਕ ਪਰਚਾ ਮਿਲਦਾ ਹੈ, ਜਿਸਦਾ ਲੇਖਕ ਡਾ. ਜਯ ਭਗਵਾਨ ਗੋਇਲ ਹੈ। ਇਸ ਵਿਚ ਲੇਖਕ ਨੇ ਗ੍ਰੰਥ ਨੂੰ ਕਥਾ ਤੱਤ ਅਤੇ ਅਧਿਆਤਮਿਕ ਤੱਤ ਤੋਂ ਵਿਚਾਰਿਆ ਹੈ। ਪਰਚੇ ਦੇ ਆਰੰਭ ਵਿਚ ਇਸ ਗ੍ਰੰਥ ਦੇ ਛੰਦਾਂ ਅਲੰਕਾਰਾਂ ਪਤਰਿਆਂ ਆਦਿ ਬਾਰੇ ਸੰਖੇਪ ਜਾਣਕਾਰੀ ਦਿਤੀ ਹੈ। ਜੂਨ, ਦਸੰਬਰ 1974 ਦੀ *ਨਾਨਕ ਪ੍ਰਕਾਸ਼* ਪੱਤ੍ਰਿਕਾ ਜਿਸ ਨੂੰ ਡਾ. ਤਾਰਨ ਸਿੰਘ ਨੇ ਸੰਪਾਦਨ ਕਰਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਛਪਵਾਇਆ ਸੀ। ਇਸ ਵਿਚ

ਇਕ ਪਰਚਾ ਸੰਤਰੇਣ ਬਾਰੇ ਵੀ ਛਪਿਆ ਹੈ, ਜਿਸਦਾ ਲੇਖਕ ਪਿਆਰਾ ਸਿੰਘ ਪਦਮ ਹੈ। ਬਾਬਾ ਸੰਤਰੇਣ ਤੇ ਸ੍ਰੀਮਤਿ ਨਾਨਕ ਬਿਜੈ ਗ੍ਰੰਥ ਸਿਰਲੇਖ ਅਧੀਨ ਛਪੇ ਇਸ ਪਰਚੇ ਵਿਚ ਕਵੀ ਦਾ ਜੀਵਨ ਅਤੇ ਬਹੁਤ ਹੀ ਸੁਚਜੇ ਢੰਗ ਨਾਲ ਗ੍ਰੰਥ ਦਾ ਵੇਰਵਾ ਦਿਤਾ ਗਿਆ ਹੈ। ਇਸ ਵਿਚ ਲੇਖਕ ਨੇ ਕਵੀ ਦੀਆਂ ਰਚਨਾਵਾਂ ਬਾਰੇ ਵੀ ਜਾਣਕਾਰੀ ਦਿਤੀ ਹੈ, ਨਾਲ ਹੀ ਨਾਨਕ ਵਿਜੈ ਗ੍ਰੰਥ ਦਾ ਇਤਿਹਾਸਕ ਪੱਖ, ਧਾਰਮਿਕ ਪੱਖ, ਉਦਾਸੀਆਂ ਬਾਰੇ, ਕਾਵਿ ਪੱਖ, ਭਾਸ਼ਾ ਅਦਿਕ ਬਾਰੇ ਬਹੁਤ ਹੀ ਸੁਚਜੇ ਢੰਗ ਨਾਲ ਅਧਿਐਨ ਕੀਤਾ ਹੈ। ਸੋ ਉਪਰੋਕਤ ਸਾਰੀਆਂ ਹੀ ਰਚਨਾਵਾਂ ਵਿਚ ਮਾਤਰ ਕਵੀ ਦੇ ਜੀਵਨ, ਰਚਨਾਵਾਂ ਅਤੇ ਇਨ੍ਹਾਂ ਰਚਨਾਵਾਂ ਦੀ ਵਖ-ਵਖ ਪਖਾਂ ਉਪਰ ਸੰਖਿਪਤ ਚਰਚਾ ਹੀ ਕੀਤੀ ਗਈ ਹੈ।

## ਵਿਵਰਣ

**ਕਥਾ-ਸਾਰ**

ਸੰਤਰੇਣ ਇਕ ਵਾਰ ਅਪਣਾ ਸਰੀਰ ਤਿਆਗਣ ਜਾ ਰਿਹਾ ਸੀ ਰਸਤੇ ਵਿਚ ਬਾਲਮੀਕ ਰਿਸ਼ੀ ਮਿਲਿਆ ਅਤੇ ਰਿਸ਼ੀ ਨੇ ਕਿਹਾ ਕਿ ਅਜੇ ਤਾਂ ਰਮਾਇਣ ਵਾਂਗ ਇਕ ਕਥਾ ਲਿਖਣੀ ਹੈ ਜੋ ਕਿ ਜਿਸ ਨਾਲ ਉਸ ਨੂੰ ਪ੍ਰਸਿਧੀ ਪ੍ਰਾਪਤ ਹੋਵੇਗੀ। ਸੋ ਕਵੀ ਨੇ ਅਪਣਾ ਸਰੀਰ ਤਿਆਗਣ ਦਾ ਫ਼ੈਸਲਾ ਬਦਲ ਲਿਆ। ਇਕ ਵਾਰ ਸੰਤਰੇਣ ਦਖਣ ਵਾਲੇ ਪਾਸੇ ਪਰਾਸ਼ਰ ਨਗਰੀ ਵਿਚ ਗਏ, ਜਿਥੇ ਕਲੇਸਰ ਦੇਵਤਾ ਦਾ ਮੇਲਾ ਲਗਦਾ ਸੀ, ਉਥੇ ਉਸ ਨੂੰ ਇਕ ਰਾਜਾ ਮਿਲਿਆ ਜਿਸ ਨੇ ਉਸ ਦੀ ਸੰਪ੍ਰਦਾਇ ਆਦਿ ਬਾਰੇ ਪੁਛਿਆ, ਉਦੋਂ ਸੰਤਰੇਣ ਨੇ ਇਹ ਕਥਾ ਉਸ ਰਾਜੇ ਨੂੰ ਸੁਣਾਈ । ਗੁਰੂ ਨਾਨਕ ਦੇਵ ਜੀ ਦੀ ਜੋ ਕਥਾ ਕਵੀ ਨੇ ਰਾਜੇ ਨੂੰ ਸੁਣਾਈ ਉਹ ਕਥਾ ਵਾਮ ਦੇਵ ਰਿਸ਼ੀ ਨੇ ਗੁਰੂ ਅੰਗਦ ਦੇਵ ਜੀ ਨੂੰ ਸੁਣਾਈ ਸੀ।

ਸਭ ਤੋਂ ਪਹਿਲਾਂ ਕਵੀ ਗਣੇਸ਼ , ਰਾਮ, ਨਾਨਕ, ਸ੍ਰੀ ਚੰਦ ਅਤੇ ਲਖਮੀ ਦਾਸ , ਉਦਾਸੀਆਂ ਦੇ ਧੂਣਿਆਂ ਦੇ ਸੰਸਥਾਪਕਾਂ , ਸਾਧੂ, ਸੰਤਾਂ, ਸਿਖਾਂ, ਆਪਣੇ ਗੁਰੂ ਸਾਹਿਬ ਦਾਸ , ਭਗਵਾਨ, ਮੀਹਾਂ ਜੀ ਅਤੇ ਬਖ਼ਤ ਮੱਲ, ਬ੍ਰਹਮਾ, ਵਿਸ਼ਣੂ, ਸ਼ਿਵ, ਕ੍ਰਿਸ਼ਣ, ਤੀਰਥਾਂ, ਰਿਸ਼ੀਆਂ, ਕਵੀਆਂ, ਦੇਵੀ, ਦੇਵਤਿਆਂ, ਨਦੀਆਂ, ਰੁੱਖਾਂ ਗੁਰਧਾਮਾਂ, ਆਦਿ ਦੀ ਬੰਦਨਾ ਕਰ ਕੇ ਵਿਸ਼ਣੂ ਦੁਆਰਾ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦਾ ਕਾਰਣ ਦੱਸਦਾ ਹੈ। ਇਸ ਤੋਂ ਬਾਅਦ ਫਿਰ ਜਨਕ ਦੀ ਕਥਾ ਦਸੀ ਗਈ ਹੈ ਕਿ ਇਕ ਵਾਰ ਜਨਕ ਨੇ

ਆਪਣੇ ਪੁੰਨਾਂ ਨਾਲ ਨਰਕ ਨੂੰ ਖ਼ਾਲੀ ਕਰ ਦਿਤਾ ਸੀ। ਇਸ ਤੋਂ ਬਾਅਦ ਫਿਰ ਤੋਂ ਉਹ ਪਾਪੀ ਲੋਕ ਧਰਤੀ ਉਤੇ ਆ ਗਏ। ਫਿਰ ਜਨਕ ਨੇ ਭਗਵਾਨ ਅਗੇ ਪ੍ਰਾਰਥਨਾ ਕੀਤੀ ਤਾਂ ਭਗਵਾਨ ਨੇ ਕਿਹਾ ਕਿ ਮੈਂ ਅਵਤਾਰ ਧਾਰ ਕੇ ਇਨ੍ਹਾਂ ਪਾਪੀਆਂ ਦਾ ਉਦਾਰ ਕਰਾਂਗਾ। ਇਸ ਤੋਂ ਬਾਅਦ ਰਾਜਾ ਅੰਬਰੀਸ਼ ਨੇ ਵੀ ਭਗਵਾਨ ਅਗੇ ਕਲਯੁਗ ਦੇ ਪ੍ਰਭਾਵ ਤੋਂ ਲੋਕਾਂ ਨੂੰ ਮੁਕਤ ਕਰਨ ਦੀ ਬੇਨਤੀ ਕੀਤੀ ਤਾਂ ਭਗਵਾਨ ਨੇ ਨਾਨਕ ਦਾ ਅਵਤਾਰ ਧਾਰ ਕੇ ਲੋਕਾਂ ਨੂੰ ਮੁਕਤ ਕਰਨ ਦਾ ਵਚਨ ਦਿਤਾ। ਫਿਰ ਕਸ਼ਯਪ ਅਤੇ ਅਦਿਤੀ ਨੇ ਵੀ ਸੈਂਕੜੇ ਸਾਲਾਂ ਤਕ ਤਪ ਕੀਤਾ। ਜਦ ਭਗਵਾਨ ਨੇ ਦਰਸ਼ਨ ਦਿਤੇ ਤਾਂ ਉਨ੍ਹਾਂ ਨੇ ਧਰਤੀ ਉਤੇ ਪੁਤਰ ਦੇ ਰੂਪ ਵਿਚ ਅਵਤਾਰ ਧਾਰਨ ਦੀ ਮੰਗ ਕੀਤੀ, ਜਿਸ ‘ਤੇ ਭਗਵਾਨ ਨੇ ਅਵਤਾਰ ਧਾਰਨ ਦਾ ਵਚਨ ਦਿਤਾ। ਇਸ ਸਮੇਂ ਦੌਰਾਨ ਭਾਰਤ ਉਤੇ ਮੁਸਲਮਾਨਾਂ ਦਾ ਅਧਿਕਾਰ ਹੋ ਗਿਆ ਜਿਸ ਤੇ ਉਨ੍ਹਾਂ ਨੇ ਹਿੰਦੂਆਂ , ਬ੍ਰਾਹਮਣਾਂ ਆਦਿ ਤੇ ਅਤਿਆਚਾਰ ਸ਼ੁਰੂ ਕਰ ਦਿਤਾ ਸੀ। ਇਨ੍ਹਾਂ ਅਤਿਆਚਾਰਾਂ ਤੋਂ ਤੰਗ ਆ ਕੇ ਧਰਤੀ ਕੰਬਣ ਲਗੀ ਅਤੇ ਸ਼ੇਸ਼ਨਾਗ ਪਾਪਾਂ ਦੇ ਵਜ਼ਨ ਨਾਲ ਦਬਣ ਲਗ ਗਿਆ ਤਾਂ ਦੋਨੋਂ ਭਗਵਾਨ ਕੋਲ ਗਏ । ਦੋਨਾਂ ਨੇ ਆਪਣੇ ਕਸ਼ਟਾਂ ਦੀ ਵਾਰਤਾ ਸੁਣਾਈ। ਭਗਵਾਨ ਨੇ ਕਿਹਾ ਕਿ ਜਲਦੀ ਹੀ ਮੈਂ ਕਸ਼ਯਪ ਦੇ ਅਵਤਾਰ ਕਾਲੂ ਦੇ ਘਰ ਤਲਵੰਡੀ ਵਿਚ ਨਾਨਕ ਦੇ ਰੂਪ ਵਿਚ ਅਵਤਾਰ ਲੈ ਕਿ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਆਪਣੇ ਪੈਰੋਕਾਰ ਬਣਾ ਕੇ ਸੰਸਾਰ ਦਾ ਉਦਾਰ ਕਰਾਂਗਾ। ਭਗਵਾਨ ਨੇ ਬਾਕੀ ਦੇਵਤਿਆਂ ਅਤੇ ਹੋਰ ਯੋਗ ਮਾਇਆ ਨੂੰ ਵੀ ਅਵਤਾਰ ਲੈਣ ਲਈ ਕਿਹਾ। ਨਾਰਦ ਦੇ ਸਰਾਪ ਕਰਕੇ ਉਸਨੂੰ ਮਰਾਸੀ ਦੇ ਘਰ ਜਨਮ ਲੈਣਾ ਪਿਆ।

ਨਾਰਦ ਨੇ ਮਰਦਾਨੇ ਦੇ ਰੂਪ ਵਿਚ ਅਵਤਾਰ ਲਿਆ ਅਤੇ ਬ੍ਰਹਮਾ ਨੇ ਹਰਿਦਯਾਲ ਬ੍ਰਾਹਮਣ ਦੇ ਰੂਪ ਵਿਚ ਅਵਤਾਰ ਲਿਆ। ਸ਼ਿਵਰਾਮ ਦੇ ਘਰ ਕਸ਼ਯਪ ਨੇ ਕਾਲੂ ਦੇ ਰੂਪ ਵਿਚ ਜਨਮ ਲਿਆ ਸੀ । ਕਾਲੂ ਦਾ ਵਿਆਹ ਅਦਿਤੀ ਦੀ ਅਵਤਾਰ ਨਾਲ ਬਹੁਤ ਹੀ ਧੂਮਧਾਮ ਨਾਲ ਹੋਇਆ ਸੀ। ਸਾਰੇ ਦੇਵਤਿਆਂ ਨੇ ਕਾਲੂ ਦੇ ਸੇਵਕਾਂ ਦੇ ਰੂਪ ਵਿਚ ਜਨਮ ਲਿਆ ਸੀ। ਵਿਆਹ ਤੋਂ ਥੋੜ੍ਹੇ ਸਮੇਂ ਬਾਅਦ ਚਤੁਰਭੁਜ ਨੇ ਕਾਲੂ ਦੀ ਪਤਨੀ ਨੂੰ ਜੋ ਕਿ ਗਰਭ ਅਵਸਥਾ ਵਿਚ ਸੀ, ਨੂੰ ਦਰਸ਼ਨ ਦਿਤੇ ਅਤੇ ਫਿਰ ਬਾਲਕ ਦੇ ਰੂਪ ਵਿਚ ਪਲੰਘ ਉਤੇ ਲੇਟ ਗਿਆ। ਪੁਤਰ ਦੀ ਖ਼ੁਸ਼ੀ ਵਿਚ ਕਾਲੂ ਅਤੇ ਸ਼ਿਵਰਾਮ ਨੇ ਬਹੁਤ ਦਾਨ ਪੁੰਨ ਅਤੇ ਭੋਜ ਕੀਤੇ ਸਨ। ਸਾਰੇ ਨਗਰ ਵਿਚ ਕਈ ਦਿਨ ਤੀਕ ਉਤਸਵ ਮਨਾਏ ਗਏ ਸਨ। ਨਾਨਕ ਜੀ ਪੀੜੇ ਤੇ ਪਏ ਰਹਿੰਦੇ ਅਤੇ ਦੇਵਤੇ

ਮਨੁਖ ਰੂਪ ਵਿਚ ਨਾਨਕ ਜੀ ਦੇ ਦਰਸ਼ਨ ਕਰਦੇ ਰਹਿੰਦੇ ਸਨ। ਇਕ ਦਿਨ ਗੋਰਖ ਵੀ ਆਇਆ ਤਾਂ ਨਾਨਕ ਨੇ ਅਪਣਾ ਮੂੰਹ ਖੋਲ੍ਹ ਕੇ ਅਪਣਾ ਵਿਰਾਟ ਰੂਪ ਦਿਖਾਇਆ ਸੀ। ਗੋਰਖ ਨੇ ਨਾਨਕ ਜੀ ਦੇ ਘਰ ਪੁਤਰ ਰੂਪ ਵਿਚ ਜਨਮ ਲੈਣ ਦਾ ਵਚਨ ਦਿਤਾ ਸੀ।

ਦੋ ਸਾਲ ਦੀ ਉਮਰ ਵਿਚ ਨਾਨਕ ਜੀ ਨੂੰ ਇਕ ਭਾਟੀ ਨਾਮ ਦਾ ਠਗ ਚੁਕ ਕੇ ਲੈ ਗਿਆ ਸੀ ਅਤੇ ਉਹ ਨਾਨਕ ਜੀ ਦੇ ਗਹਿਣੇ ਖੋਹਣ ਦੀ ਕੋਸ਼ਿਸ਼ ਕਰ ਰਿਹਾ ਸੀ । ਪਰ ਨਾਨਕ ਨੇ ਚਮਤਕਾਰ ਨਾਲ ਉਸ ਨੂੰ ਪਾਪਾਂ ਤੋਂ ਛੁਟਕਾਰਾ ਦਿਵਾ ਦਿਤਾ ਅਤੇ ਉਸਨੂੰ ਇਕਾਦਸ਼ੀ ਦਾ ਵਰਤ ਰਖਣ ਦਾ ਵਚਨ ਕੀਤਾ। ਇਸ ਤਰ੍ਹਾਂ ਨਾਨਕ ਦੇ ਚਮਤਕਾਰ ਦੀ ਗਲ ਸਾਰੇ ਇਲਾਕੇ ਵਿਚ ਫੈਲ ਗਈ ਸੀ। ਹਿੰਦੂ ਅਤੇ ਮੁਸਲਮਾਨ ਲੋਕ ਨਾਨਕ ਨੂੰ ਅਵਤਾਰ ਮੰਨ ਕੇ ਉਨ੍ਹਾਂ ਦੇ ਦਰਸ਼ਨਾਂ ਨੂੰ ਆਉਣ ਲਗ ਗਏ ਸਨ। ਰਾਏ ਬੁਲਾਰ ਜੋ ਕਿ ਤਲਵੰਡੀ ਦਾ ਰਾਜਾ ਸੀ ਉਹ ਨਾਨਕ ਨੂੰ ਖ਼ੁਦਾ ਦਾ ਅਵਤਾਰ ਮੰਨਦਾ ਸੀ ਅਤੇ ਨਾਨਕ ਦਾ ਭਗਤ ਸੀ। ਨਾਨਕ ਨੇ ਇਕ ਬ੍ਰਾਹਮਣ ਨੂੰ ਵਿਦਿਆ ਅਤੇ ਵੇਦ ਦਾ ਦਾਨ ਦਿਤਾ ਸੀ। ਸਿਧਾਂ ਆਦਿ ਨੇ ਵੀ ਆ ਕੇ ਨਾਨਕ ਦੇ ਦਰਸ਼ਨ ਕੀਤੇ ਅਤੇ ਨਾਨਕ ਨੂੰ ਬ੍ਰਹਮਾ ਦਾ ਅਵਤਾਰ ਦਸਿਆ ਸੀ। ਇਸ ਤੋਂ ਬਾਅਦ ਨਾਨਕ ਨੇ ਇਕ ਕੋਹੜੀ ਨੂੰ ਕੋਹੜ ਦੇ ਰੋਗ ਤੋਂ ਮੁਕਤੀ ਵੀ ਚਮਤਕਾਰ ਢੰਗ ਨਾਲ ਦਿਵਾਈ ਸੀ।

ਕੁਝ ਵਡਾ ਹੋਣ ਤੇ ਨਾਨਕ ਬਾਲਕਾਂ ਨੂੰ ਆਪਣੇ ਨਾਲ ਲੈ ਕੇ ਰਾਮ -ਨਾਮ ਦਾ ਮਹਤਵ ਦਸਦਾ ਅਤੇ ਕੀਰਤਨ ਕਰਵਾਉਂਦਾ ਰਹਿੰਦਾ ਸੀ। ਇਸ ਸਮੇਂ ਦੌਰਾਨ ਨਾਨਕ ਨੇ ਆਪਣੇ ਪਿਤਾ ਦੀ ਦੁਕਾਨ ਤੇ ਅਨੇਕਾਂ ਚਮਤਕਾਰ ਕੀਤੇ ਜਿਸ ਨਾਲ ਸਾਰੇ ਹੀ ਨੌਕਰਾਂ , ਕਾਲੂ ਦਾ ਭਾਈ ਲਾਲੂ ਆਦਿ ਨਾਨਕ ਨੂੰ ਅਵਤਾਰ ਮੰਨਣ ਲਗ ਗਏ ਸਨ। ਫਿਰ ਨਾਨਕ ਨੇ ਆਪਣੇ ਘਰ ਆਏ ਇਕ ਬ੍ਰਾਹਮਣ ਨੂੰ ਉਸ ਦੀਆਂ ਲੜਕੀਆਂ ਦੇ ਵਿਆਹ ਲਈ ਦੇਵੀ ਤੋਂ ਧਨ ਦਿਵਾਇਆ ਸੀ। ਫਿਰ ਇਕ ਜੋਗੀ ਨੂੰ ਭੰਡਾਰਾ ਕਰਨ ਲਈ ਆਪਣੀ ਮੂਲਵਾਨ ਮਾਲਾ ਦਾਨ ਵਿਚ ਦਿਤੀ ਸੀ। ਉਪਰੋਕਤ ਕਾਰਨਾਂ ਕਰ ਕੇ ਕਾਲੂ ਗੁਸੇ ਹੋ ਗਿਆ ਜਿਸ 'ਤੇ ਹਰਿਦਯਾਲ ਪੰਡਿਤ ਨੇ ਕਾਲੂ ਨੂੰ ਯਾਦ ਦਿਵਾ ਦਿਤਾ ਕਿ ਨਾਨਕ ਬ੍ਰਹਮਾ ਦਾ ਅਵਤਾਰ ਹੈ।

ਇਸ ਉਪਰੰਤ ਨਾਨਕ ਜੀ ਨੂੰ ਪੜ੍ਹਨ ਲਈ ਭੇਜਿਆ ਗਿਆ ਪਰ ਨਾਨਕ ਜੀ ਨੇ ਆਪਣੇ ਗੁਰੂ ਨੂੰ ਹੀ ਪੜ੍ਹਾਉਣਾ ਸ਼ੁਰੂ ਕਰ ਦਿਤਾ ਸੀ। ਨਾਨਕ ਨੇ ਆਪਣੇ ਗੁਰੂ ਨੂੰ ਵਰਣਮਾਲਾ ਦੇ ਬਵੰਜਾ ਅਖਰਾਂ ਦੇ ਗੂੜ੍ਹ ਅਰਥ ਦਸੇ ਸਨ। ਜਲਦੀ ਹੀ ਨਾਨਕ ਦੀ ਪੜ੍ਹਾਈ ਸਮਾਪਤ ਹੋ ਗਈ ਸੀ। ਇਸ ਤੋਂ ਬਾਅਦ ਨਾਨਕ ਨੂੰ

ਖਟਦਰਸ਼ਨ ਪੜਾਉਣ ਲਈ ਇਕ ਹੋਰ ਗੁਰੂ ਕੋਲ ਭੇਜਿਆ ਗਿਆ ਸੀ। ਪਰ ਨਾਨਕ ਪਹਿਲਾਂ ਤੋਂ ਹੀ ਵੇਦਾਂ , ਉਪਨਿਸ਼ਦਾਂ ਅਤੇ ਪੁਰਾਣਾ ਦਾ ਗੂੜ੍ਹ ਗਿਆਨ ਰਖਦਾ ਸੀ। ਇਸ ਕਾਰਨ ਨਾਨਕ ਗੁਰੂ ਨੂੰ ਅਧਿਆਤਮਕ ਉਪਦੇਸ਼ ਦਿੰਦਾ ਸੀ। ਇਸ ਉਪਰੰਤ ਸਭ ਬ੍ਰਾਹਮਣ ਵੀ ਨਾਨਕ ਨੂੰ ਭਗਵਾਨ ਦਾ ਅਵਤਾਰ ਮੰਨਣ ਲਗ ਗਏ ਸਨ।

ਇਕ ਦਿਨ ਨਾਨਕ ਇਕ ਰੁੱਖ ਦੇ ਥੱਲੇ ਬ੍ਰਹਿਮੰਡ ਵਿਚ ਆਪਣੇ ਪ੍ਰਾਣ ਚੜ੍ਹਾਏ ਬੈਠਾ ਸੀ ਕਿ ਇਕ ਰਾਖਸ਼ ਨੇ ਉਸ ਨੂੰ ਦਬੋਚ ਲਿਆ। ਪਰ ਨਾਨਕ ਨੂੰ ਛੂੰਹਦੇ ਸਾਰ ਹੀ ਸਿਧਾ ਸਵਰਗ ਨੂੰ ਚਲਾ ਗਿਆ ਸੀ। ਇਸ ਤੋਂ ਬਾਅਦ ਨਾਨਕ ਦੀਆਂ ਗਾਵਾਂ ਨੇ ਕਿਸੇ ਪਠਾਣ ਦੇ ਖੇਤ ਉਜਾੜ ਦਿਤੇ ਗੁਸੇ ਵਿਚ ਪਠਾਣ ਨੇ ਨਾਨਕ ਦੀਆਂ ਗਾਵਾਂ ਵੇਚ ਦਿਤੀਆਂ, ਬਾਅਦ ਵਿਚ ਨਾਨਕ ਨੇ ਖੇਤ ਹਰੇ ਕਰ ਦਿਤੇ ਅਤੇ ਗਾਵਾਂ ਚਮਤਕਾਰ ਨਾਲ ਫਿਰ ਤੋਂ ਬਣਾ ਦਿਤੀਆਂ ਸਨ ਇਸ ਤਰਾਂ ਅਨੇਕਾਂ ਚਮਤਕਾਰੀ ਕਥਾਵਾਂ ਕੀਤੀਆਂ ਸਨ।

ਇਕ ਵਾਰ ਨਾਨਕ ਇਕ ਸਥਾਨ ਤੇ ਬਿਨਾਂ ਭੋਜਨ ਗ੍ਰਹਿਣ ਕੀਤੇ ਬੈਠਾ ਰਿਹਾ। ਸਾਰੇ ਨਗਰ ਵਾਲੇ ਪ੍ਰੇਸ਼ਾਨ ਹੋ ਗਏ ਅਤੇ ਨਗਰ ਵਿਚ ਹਾਹਾਕਾਰ ਮਚ ਗਈ। ਬੜੀ ਮੁਸ਼ਕਿਲ ਨਾਲ ਹਰਿਦਯਾਲ ਪੰਡਿਤ ਦੇ ਕਹਿਣ ਤੇ ਨਾਨਕ ਨੇ ਭੋਜਨ ਖਾਧਾ ਸੀ। ਫਿਰ ਪੰਡਿਤ ਹਰਿਦਯਾਲ ਨੇ ਲੋਕਾਂ ਨੂੰ ਦਸਿਆ ਕਿ ਨਾਨਕ ਭਗਵਾਨ ਦਾ ਅਵਤਾਰ ਹੈ। ਇਸ ਤੋਂ ਬਾਅਦ ਨਾਨਕ ਨੇ ਲੋਕਾਂ ਨੂੰ ਇਕ ਸ਼ਬਦ ਸੁਣਾ ਕੇ ਉਪਦੇਸ਼ ਦਿਤਾ ਸੀ।

ਹੁਣ ਨਾਨਕ ਦੀ ਭੈਣ ਸੱਤ ਸਾਲ ਦੀ ਹੋ ਗਈ ਸੀ। ਇਹ ਮੀਰਾਂਬਾਈ ਦੀ ਅਵਤਾਰ ਸੀ। ਕਾਲੂ ਨੇ ਇਸ ਦਾ ਵਿਆਹ ਕਰਨ ਦਾ ਫ਼ੈਸਲਾ ਕੀਤਾ ਅਤੇ ਰਾਏ ਬੁਲਾਰ ਦੇ ਕਹਿਣ ਤੇ ਨਾਨਕੀ ਦਾ ਮੰਗਣਾ ਸੁਲਤਾਨ ਪੁਰ ਦੇ ਬਾਦਸ਼ਾਹ ਦੌਲਤ ਖਾਂ ਲੋਧੀ ਦੇ ਦੀਵਾਨ ਪਰਮਾਨੰਦ ਦੇ ਪੁਤਰ ਜੈਰਾਮ ਜੋ ਕਿ ਗਿਰਧਰ ਦਾ ਅਵਤਾਰ ਸੀ, ਨਾਲ ਕਰ ਦਿਤਾ ਸੀ। ਇਸ ਵਿਆਹ ਵਿਚ ਸੁਲਤਾਨ ਪੁਰ ਦਾ ਬਾਦਸ਼ਾਹ ਅਤੇ ਹੋਰ ਦੂਜੇ ਰਾਜੇ ਵੀ ਸ਼ਾਮਿਲ ਹੋਏ ਸਨ। ਬਹੁਤ ਸਾਰਾ ਦਹੇਜ ਦਿਤਾ ਗਿਆ ਅਤੇ ਰਾਇ ਬੁਲਾਰ ਨੇ ਕਈ ਪਿੰਡ ਨਾਨਕੀ ਨੂੰ ਭੇਟ ਕੀਤੇ ਸਨ।

ਕੁਝ ਸਮੇਂ ਬਾਅਦ ਜਦ ਨਾਨਕ ਥੋੜ੍ਹਾ ਹੋਰ ਵਡਾ ਹੋਇਆ ਤਾਂ ਕਾਲੂ ਨੇ ਨਾਨਕ ਨੂੰ ਰੁਪਏ ਦੇ ਕੇ ਖਰਾ ਸੌਦਾ ਕਰਨ ਲਈ ਭੇਜਿਆ ਸੀ। ਇਸ ਸਮੇਂ ਨਾਨਕ, ਬਾਲਾ, ਮਰਦਾਨਾ ਅਤੇ ਇਕ ਹੋਰ ਬ੍ਰਾਹਮਣ ਉਨ੍ਹਾਂ ਨਾਲ ਗਿਆ ਸੀ। 12 ਕੋਹ ਦੀ ਦੂਰੀ ਉਤੇ ਉਨ੍ਹਾਂ ਨੂੰ ਕੁਝ ਉਦਾਸੀ ਸਾਧੂ ਮਿਲੇ। ਨਾਨਕ ਨੇ ਉਨ੍ਹਾਂ ਨਾਲ

ਵਿਚਾਰ ਕੀਤੀ ਅਤੇ ਉਨ੍ਹਾਂ ਸਾਧੂਆਂ ਨੂੰ ਭੋਜਨ ਖੁਆ ਦਿਤਾ ਸੀ। ਜਦ ਬਾਲੇ ਨੇ ਮਨ੍ਹਾ ਕੀਤਾ ਤਾਂ ਨਾਨਕ ਨੇ ਕਿਹਾ ਕਿ ਇਹ ਸੱਚਾ ਸੌਦਾ ਹੈ ਅਤੇ ਘਰ ਵਾਪਸ ਆ ਗਏ। ਸਾਧੂਆਂ ਨੂੰ ਉਨ੍ਹਾਂ ਦੇ ਮਹੰਤ ਸੰਤਰੇਣ ਨੇ ਦਸਿਆ ਕਿ ਇਹ ਬਾਲਕ ਭਗਵਾਨ ਦਾ ਅਵਤਾਰ ਹੈ ਅਤੇ ਅਗੇ ਜਾ ਕੇ ਆਪਣੇ ਪੰਥ ਦਾ ਆਚਾਰੀਆ ਬਣ ਕੇ ਉਦਾਸੀ ਪੰਥ ਦਾ ਉਦਾਰ ਅਤੇ ਪ੍ਰਚਾਰ ਕਰੇਗਾ।

ਜਦ ਘਰ ਆ ਕੇ ਕਾਲੂ ਨੇ ਬਾਲੇ ਤੋਂ ਸਾਧੂਆਂ ਨੂੰ ਭੋਜਨ ਖੁਆਉਣ ਦੀ ਗਲ ਸੁਣੀ ਤਾਂ ਕਾਲੂ ਨੇ ਗੁਸੇ ਵਿਚ ਨਾਨਕ ਨੂੰ ਥਪੜ ਮਾਰਿਆ। ਇਸ ਉਪਰੰਤ ਨਾਨਕ ਅਲੋਪ ਹੋ ਕੇ ਹਰਿਦੁਆਰ ਚਲਾ ਗਿਆ ਜਿਸ ਨਾਲ ਨਗਰ ਵਿਚ ਹਾਹਾਕਾਰ ਮਚ ਗਈ। ਕਾਲੂ ਅਤੇ ਨਾਨਕ ਦੀ ਮਾਤਾ ਰੋਣ ਲਗ ਗਏ। ਸਭ ਲੋਕ ਨਾਨਕ ਨੂੰ ਲਭਣ ਲਗ ਗਏ। ਇਸੇ ਸਮੇਂ ਭਗਵਾਨ ਨੇ  ਰੋਡੇ ਖਤਰੀ ਦੇ ਰੂਪ ਵਿਚ ਕਈ ਖੱਚਰ ਸ਼ਕਰ ਦੇ ਨਾਨਕ ਦੀ ਮਾਤਾ ਨੂੰ ਇਹ ਕਹਿ ਕੇ ਦੇ ਗਿਆ ਕਿ ਨਾਨਕ ਨੇ ਖ਼ਰੀਦ ਕੇ ਭੇਜੀ ਹੈ। ਜਦੋਂ ਨਾਨਕ ਦੀ ਮਾਤਾ ਤੋਂ ਕਾਲੂ ਨੂੰ ਇਹ ਸਭ ਪਤਾ ਲਗਾ ਤਾਂ ਕਾਲੂ ਨੇ ਬਾਲੇ ਨੂੰ ਝੂਠ ਬੋਲਣ ਕਰ ਕੇ ਝਿੜਕਾਂ ਦਿਤੀਆਂ।

ਹਰਿਦੁਆਰ ਵਿਚ ਨਾਨਕ ਦੀ ਭੇਟ ਗੋਰਖ ਨਾਥ ਆਦਿ ਸਿੱਧਾਂ ਨਾਲ ਹੋਈ। ਗੋਰਖ ਨਾਥ ਨੇ ਕਈ ਚਮਤਕਾਰ ਦਿਖਾ ਕੇ ਨਾਨਕ ਨੂੰ ਅਪਣਾ ਚੇਲਾ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਨਾਨਕ ਨੇ ਵੀ ਆਪਣੇ ਚਮਤਕਾਰਾਂ ਨਾਲ ਗੋਰਖ ਦੇ ਚਮਤਕਾਰਾਂ ਨੂੰ ਪ੍ਰਭਾਵਹੀਣ ਕਰ ਦਿਤਾ। ਗੋਰਖ ਨਾਥ ਨੇ ਜਦ ਨਾਨਕ ਨੂੰ ਕੋਈ ਵਰ ਮੰਗਣ ਲਈ ਕਿਹਾ ਤਾਂ ਨਾਨਕ ਨੇ ਸਵਾ ਪੈਰ ਗ਼ਰੀਬੀ ਦਾ ਵਰ ਮੰਗਿਆ ਜੋ ਗੋਰਖ ਨਾਥ ਕੋਲ ਨਹੀਂ ਸੀ। ਗੋਰਖ ਨਾਥ ਤਿੰਨਾਂ ਲੋਕਾਂ ਵਿਚ ਗਿਆ ਪਰ ਉਸ ਨੂੰ ਕਿਤੋਂ ਵੀ ਗ਼ਰੀਬੀ ਨਾ ਮਿਲੀ। ਵਿਸ਼ਣੂ ਨੇ ਕਿਹਾ ਕਿ ਮੇਰੇ ਅਵਤਾਰ ਨਾਨਕ ਦੇ ਕੋਲ ਗ਼ਰੀਬੀ ਹੈ ਉਸ ਕੋਲੋਂ ਮੰਗ ਲਵੋ। ਗੋਰਖ ਨਾਥ ਨੇ ਵਾਪਸ ਆਕੇ ਨਾਨਕ ਤੋਂ ਖਿਮਾ ਮੰਗੀ ਅਤੇ ਵਚਨ ਭੰਗ ਨਾ ਹੋਵੇ ਇਸ ਲਈ ਨਾਨਕ ਦੇ ਘਰ ਪੁਤਰ ਰੂਪ ਵਿਚ ਅਵਤਾਰ ਲੈਣ ਦਾ ਵਚਨ ਦਿਤਾ। ਜਦੋਂ ਰਾਇ ਬੁਲਾਰ ਘਰ ਆਇਆ ਤਾਂ ਨਾਨਕ ਨੂੰ ਘਰ ਨਾ ਦੇਖ ਕੇ ਬੇਹੋਸ਼ ਹੋ ਗਿਆ ਅਤੇ ਜਦ ਹੋਸ਼ ਆਈ ਤਾਂ ਹਾਏ ਨਾਨਕ ਹਾਏ ਨਾਨਕ ਕਹਿਣ ਲਗਾ ਤਾਂ ਤੁਰੰਤ ਨਾਨਕ ਪ੍ਰਗਟ ਹੋ ਗਿਆ ਅਤੇ ਸਭ ਨੇ ਖ਼ੁਸ਼ੀ ਮਨਾਈ।

ਇਸੇ ਤਰ੍ਹਾਂ ਇਕ ਵੇਰ ਕਾਲੂ ਨੇ ਕਿਸੇ ਬ੍ਰਾਹਮਣ ਦੀ ਕੰਨ੍ਹਿਆਂ ਲਈ ਉਸ ਨੂੰ ਇਕ ਸੌ ਰੁਪਏ ਦਾਨ ਦਿਤੇ ਅਤੇ ਪਰਚੀ ਉਤੇ ਲਿਖ ਕੇ ਕਿਹਾ ਕਿ ਨਾਨਕ ਤੋਂ ਦੁਕਾਨ ਤੋਂ ਲੈ ਲਵੇ। ਜਦ ਪਰਚੀ ਨਾਨਕ ਨੇ ਫੜੀ

ਤਾਂ ਉਸ ਤੇ ਇਕ ਸੌ ਤੋਂ ਦਸ ਹਜ਼ਾਰ ਰੁਪਏ ਕਰ ਦਿਤੇ ਜਿਸ ਤੇ ਕਾਲੂ ਨੇ ਨਾਨਕ ਨੂੰ ਸ਼ਾਬਾਸ਼ ਦਿਤੀ ਅਤੇ ਲੋਕਾਂ ਨੂੰ ਲਗਿਆ ਕਿ ਨਾਨਕ ਨੂੰ ਕਾਲੂ ਨੇ ਮਾਰਿਆ ਹੈ ਇਹ ਗਲ ਰਾਇ ਬੁਲਾਰ ਕੋਲ ਪਹੁੰਚ ਗਈ ਜਿਸ ਤੇ ਰਾਇ ਬੁਲਾਰ ਨੇ ਕਾਲੂ ਨੂੰ ਝਿੜਕਿਆ। ਕਾਲੂ ਨੇ ਕਿਹਾ ਕੇ ਮੈਂ ਤਾਂ ਮਜ਼ਾਕ ਕਰ ਰਿਹਾ ਸੀ ਮੈਨੂੰ ਪਤਾ ਹੈ ਕਿ ਨਾਨਕ ਭਗਵਾਨ ਦਾ ਅਵਤਾਰ ਹੈ।

ਅਚਲ ਬਟਾਲੇ ਤੋਂ ਨਾਨਕ ਲਈ ਰਿਸ਼ਤਾ ਆਇਆ ਪਰ ਰਾਇ ਬੁਲਾਰ ਨੇ ਗ਼ਰੀਬੀ ਕਰ ਕੇ ਨਾਹ ਕਰ ਦਿਤੀ। ਸੁਲਖਣੀ ਯੋਗ ਮਾਇਆ ਦੀ ਅਵਤਾਰ ਸੀ। ਉਸ ਨੇ ਨਾਨਕ ਨੂੰ ਪਤੀ ਦੇ ਰੂਪ ਵਿਚ ਪਾਉਣ ਲਈ ਦੇਵੀ ਦੀ ਪੂਜਾ ਕੀਤੀ ਅਤੇ ਵਰਤ ਰਖੇ ਸਨ। ਦੇਵੀ ਨੇ ਵਰ ਦਿਤਾ ਕਿ ਉਸਦਾ ਵਿਆਹ ਨਾਨਕ ਨਾਲ ਹੀ ਹੋਵੇਗਾ ਅਤੇ ਕਿਹਾ ਕਿ ਇਹ ਗਲ ਆਪਣੇ ਪਿਤਾ ਨੂੰ ਵੀ ਦਸ ਦੇ। ਸੁਲਖਣੀ ਨੇ ਇਹ ਗਲ ਆਪਣੀ ਮਾਤਾ ਨੂੰ ਦਸ ਦਿਤੀ ਅਤੇ ਮੂਲਚੰਦ ਬਹੁਤ ਖ਼ੁਸ਼ ਹੋਇਆ , ਅੰਤ ਵਿਚ ਅਜਿਤਾ ਰੰਧਾਵੇ ਦੀ ਮਦਦ ਨਾਲ ਨਾਨਕ ਨਾਲ ਮੰਗਣਾ ਹੋਇਆ।

ਜਦੋਂ ਮੰਗਣੇ ਦਾ ਉਤਸਵ ਜੋ ਕਈ ਦਿਨਾਂ ਤਕ ਚਲਦਾ ਰਿਹਾ ਸਮਾਪਤ ਹੋਇਆ ਤਾਂ ਨਾਨਕ ਨੂੰ ਕਿਸੇ ਕੰਮ ਤੇ ਲਗਾਉਣ ਦਾ ਵਿਚਾਰ ਆਇਆ। ਨਾਨਕ ਦੇ ਭਣੋਈਏ ਜੈਰਾਮ ਨੇ ਨਾਨਕ ਨੂੰ ਆਪਣੇ ਨਾਲ ਲੈ ਜਾਣ ਦੀ ਗਲ ਕਹੀ। ਇਸ ਤੋਂ ਪਹਿਲਾਂ ਕਾਲੂ ਨੇ ਨਾਨਕ ਨੂੰ ਪੰਦਰਾਂ ਸੌ ਰੁਪਏ ਲਗਾ ਕੇ ਦੁਕਾਨ ਕਰ ਕੇ ਦਿਤੀ ਸੀ ਪਰ ਨਾਨਕ ਨੇ ਸਾਰੀ ਦੁਕਾਨ ਗਰੀਬਾਂ ਨੂੰ ਲੁਟਾ ਦਿਤੀ ਸੀ। ਅੰਤ ਨਾਨਕ ਜੈਰਾਮ ਨਾਲ ਸੁਲਤਾਨਪੁਰ ਆ ਗਿਆ।

ਜੈਰਾਮ ਨੇ ਨਾਨਕ ਨੂੰ ਬਾਲੇ ਨਾਲ ਪੰਜ ਸੌ ਰੁਪਏ ਦੇ ਕੇ ਦੁਕਾਨ ਕਰਨ ਲਈ ਬਾਜ਼ਾਰ ਵਿਚ ਭੇਜਿਆ। ਉਥੇ ਨਾਨਕ ਨੇ ਕੁਝ ਧਨ ਇਕ ਬ੍ਰਾਹਮਣ ਨੂੰ ਦਾਨ ਕਰ ਦਿਤਾ ਅਤੇ ਬਚੇ ਰੁਪਇਆਂ ਨਾਲ ਇਕ ਗਰੀਬ ਤੋਂ ਅਜਿਹੀਆਂ ਵਸਤੂਆਂ ਖ਼ਰੀਦੀਆਂ, ਜਿਨ੍ਹਾਂ ਨੂੰ ਕੋਈ ਵੀ ਖਰੀਦਦਾ ਨਹੀਂ ਸੀ। ਜਦ ਬਾਲੇ ਨੇ ਇਹ ਸਭ ਜੈਰਾਮ ਨੂੰ ਦਸਿਆ ਤਾਂ ਉਸ ਨੂੰ ਚਿੰਤਾ ਹੋਣ ਲਗ ਗਈ। ਪਰ ਜਦੋਂ ਨਾਨਕ ਨੇ ਆ ਕੇ ਹਿਸਾਬ ਦਿਤਾ ਤਾਂ ਡੇਢ ਗੁਣਾ ਲਾਭ ਹੋਇਆ ਸੀ। ਇਸ ਤੇ ਭੈਣ ਤੇ ਜੈਰਾਮ ਬਹੁਤ ਖ਼ੁਸ਼ ਹੋਏ।

ਇਸ ਤੋਂ ਬਾਅਦ ਜੈਰਾਮ ਨਾਨਕ ਨੂੰ ਦੌਲਤ ਖਾਂ ਲੋਧੀ ਕੋਲ ਲੈ ਕੇ ਗਿਆ ਜਿਸ ਤੇ ਨਾਨਕ ਨੂੰ ਉਥੇ ਕੰਮ ਲਗਾ ਦਿਤਾ ਗਿਆ ਸੀ। ਨਾਨਕ ਮੋਦੀਖਾਨਾ ਚਲਾਉਣ ਲਗ ਗਿਆ ਸੀ। ਕੁਝ ਸਮਾਂ ਬਾਅਦ ਬਾਲਾ

ਛੁਟੀ ਲੈ ਕੇ ਵਾਪਸ ਚਲਾ ਗਿਆ ਤਾਂ ਕੰਮ ਜ਼ਿਆਦਾ ਹੋਣ ਕਰ ਕੇ ਨਾਨਕ ਤੋਂ ਸਿਮਰਨ ਵੀ ਨਹੀਂ ਸੀ ਹੁੰਦਾ ਤਾਂ ਭਗਵਾਨ ਖੁਦ ਬਾਲੇ ਦਾ ਰੂਪ ਧਾਰ ਕੇ ਨਾਨਕ ਨਾਲ ਕੰਮ ਕਰਵਾਉਣ ਲਗ ਗਏ ਸਨ।

ਕਿਸੇ ਦੀ ਸ਼ਿਕਾਇਤ ਤੇ ਜਦ ਦੌਲਤ ਖਾਂ ਨੇ ਹਿਸਾਬ ਲਿਆ ਤਾਂ ਤਿੰਨ ਸੌ ਰੁਪਏ ਜ਼ਿਆਦਾ ਨਿਕਲੇ ਜਿਸ ਤੇ ਉਹ ਰੁਪਏ ਨਾਨਕ ਨੂੰ ਦੇ ਦਿਤੇ। ਮੋਦੀਖਾਨਾ ਬਹੁਤ ਹੀ ਵਧੀਆ ਢੰਗ ਨਾਲ ਚਲ ਰਿਹਾ ਸੀ। ਨਾਨਕ ਤੋਂ ਜੋ ਕੁਝ ਵੀ ਕੋਈ ਮੰਗਦਾ ਨਾਨਕ ਉਹ ਕੁਝ ਹੀ ਉਸ ਨੂੰ ਦੇ ਦਿੰਦਾ ਲੋਕ ਨਾਨਕ ਦੇ ਮੋਦੀਖਾਨੇ ਤੇ ਆਉਣ ਲਗ ਗਏ ਸਨ। ਇਸ ਤਰ੍ਹਾਂ ਕਈ ਦੁਕਾਨਾਂ ਬੰਦ ਹੋ ਗਈਆਂ ਤਾਂ ਉਨ੍ਹਾਂ ਨੇ ਫਿਰ ਦੌਲਤ ਖਾਂ ਨੂੰ ਸ਼ਿਕਾਇਤ ਕੀਤੀ ਕਿ ਨਾਨਕ ਮੋਦੀਖਾਨਾ ਲੁਟਾ ਰਿਹਾ ਹੈ। ਦੌਲਤ ਖਾਂ ਨੇ ਜਦ ਹਿਸਾਬ ਦੇਖਿਆ ਤਾਂ ਤੀਹ ਹਜ਼ਾਰ ਰੁਪਏ ਜ਼ਿਆਦਾ ਸੀ। ਦੌਲਤ ਖਾਂ ਨੇ ਸ਼ਿਕਾਇਤ ਕਰਨ ਵਾਲਿਆਂ ਨੂੰ ਦੰਡ ਦੇ ਕੇ ਉਨ੍ਹਾਂ ਤੋਂ ਰੁਪਏ ਲੇ ਕੇ ਨਾਨਕ ਨੂੰ ਦੇ ਦਿਤੇ ਸਨ।

ਨਾਨਕ ਨੇ ਤਿੰਨ ਹਜ਼ਾਰ ਰੁਪਏ ਘਰ ਭੇਜ ਦਿਤੇ ਅਤੇ ਬਾਕੀ ਜੈਰਾਮ ਨੂੰ ਕਹਿ ਕੇ ਗਰੀਬਾਂ ਵਿਚ ਵੰਡ ਦਿਤੇ। ਕਾਲੂ ਖ਼ੁਸ਼ ਹੋ ਕੇ ਸੁਲਤਾਨਪੁਰ ਨਾਨਕ ਦਾ ਪਤਾ ਲੈਣ ਲਈ ਆਇਆ। ਇਸ ਸਮੇਂ ਭਗਵਾਨ ਬਾਲੇ ਦੇ ਵਾਪਸ ਆਉਣ ਦਾ ਪਤਾ ਲਗਣ ਕਰ ਕੇ ਚਲੇ ਗਏ ਸਨ। ਇਸੇ ਸਮੇਂ ਦੌਰਾਨ ਪਰਮਾਨੰਦ ਨੇ ਬ੍ਰਾਹਮਣ ਦਾ ਭੇਸ ਬਦਲ ਕੇ ਕਾਲੂ ਤੋਂ ਦਸ ਹਜ਼ਾਰ ਰੁਪਏ ਮੰਗੇ ਤਾਂ ਕਾਲੂ ਨੇ ਲਿਖ ਕੇ ਨਾਨਕ ਕੋਲ ਭੇਜਿਆ ਨਾਨਕ ਨੇ ਰੁਪਏ ਦੇ ਦਿਤੇ ਅਤੇ ਸਹੁਰੇ ਪਰਮਾਨੰਦ ਨੂੰ ਪਹਿਚਾਣ ਲਿਆ ਇਹ ਸਭ ਨਾਨਕ ਨੇ ਕਾਲੂ ਨੂੰ ਦਸਿਆ। ਪਰਮਾਨੰਦ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਤਾਂ ਉਹ ਰੁਪਏ ਵਾਪਸ ਕਰਨ ਗਿਆ ਤਾਂ ਕਾਲੂ ਨੇ ਕਿਹਾ ਕਿ ਗਰੀਬਾਂ ਵਿਚ ਵੰਡ ਦਿਉ ਕਿਉਂਕਿ ਦਿਤੀ ਹੋਈ ਵਸਤੂ ਵਾਪਸ ਨਹੀਂ ਲਈ ਜਾਂਦੀ। ਇਸੇ ਦੌਰਾਨ ਕਾਲੂ ਵਾਪਸ ਚਲਾ ਗਿਆ।

ਫਿਰ ਮਰਦਾਨਾ ਵੀ ਨਾਨਕ ਕੋਲ ਆ ਗਿਆ ਤਾਂ ਨਾਨਕ ਨੇ ਮਰਦਾਨੇ ਨੂੰ ਅਪਣਾ ਚੋਲਾ ਅਤੇ ਰਾਗ ਰਾਗਣੀਆਂ ਬਖਸ਼ ਦਿਤੀਆਂ ਸਨ ਫਿਰ ਨਾਨਕ , ਬਾਲਾ ਅਤੇ ਮਰਦਾਨਾ ਭਗਵਾਨ ਦੇ ਧਿਆਂਨ ਵਿਚ ਮਸਤ ਰਹਿੰਦੇ ਸਨ।

ਉਧਰ ਵਿਆਹ ਦਾ ਦਿਨ ਕੱਢ ਕੇ ਮੂਲ ਚੰਦ ਨੇ ਸਾਹਾ ਭੇਜ ਦਿਤਾ। ਰਾਇ ਬੁਲਾਰ ਨੇ ਨਾਨਕ ਨੂੰ ਲੈਣ ਲਈ ਇਕ ਵਿਅਕਤੀ ਨੂੰ ਸੁਲਤਾਨਪੁਰ ਭੇਜ ਦਿਤਾ ਅਤੇ ਕਾਲੂ ਨੂੰ ਤਿਆਰੀਆਂ ਕਰਨ ਲਈ ਕਿਹਾ।

ਨਾਨਕ ਨੇ ਸਭ ਤੋਂ ਵਿਦਾ ਲਈ ਅਤੇ ਆਪਣੀ ਭੈਣ ਅਤੇ ਭਣੋਈਏ ਨਾਲ ਆਪਣੇ ਘਰ ਆ ਗਿਆ। ਇਨ੍ਹਾਂ ਨਾਲ ਦੋਲਤ ਖਾਂ ਨੇ ਅਪਣਾ ਪੁਤਰ ਵੀ ਭੇਜ ਦਿਤਾ ਸੀ।

ਵਿਆਹ ਤੋਂ ਕਈ ਦਿਨ ਪਹਿਲਾਂ ਹੀ ਤਿਆਰੀਆਂ ਸ਼ੁਰੂ ਹੋ ਗਈਆਂ ਸਨ। ਕਾਲੂ ਨੇ ਸਾਕ ਸੰਬੰਧੀਆਂ , ਸਾਧੂਆਂ, ਬ੍ਰਾਹਮਣਾਂ ਆਦਿ ਸਭ ਨੂੰ ਬੁਲਾਇਆ ਸੀ। ਸਾਰੇ ਹੀ ਨਗਰ ਨੂੰ ਪੂਰੀ ਤਰ੍ਹਾਂ ਨਾਲ ਸਜਾਇਆ ਗਿਆ ਅਤੇ ਭਾਂਤਿ-ਭਾਂਤਿ ਦੀਆਂ ਮਿਠਾਈਆਂ ਅਤੇ ਸਵਾਦਿਸ਼ਟ ਭੋਜਨ ਤਿਆਰ ਕੀਤੇ ਗਏ ਸਨ।

ਤਲਵੰਡੀ ਤੋਂ ਬਾਰਾਤ ਸਜ ਕੇ ਚਲੀ, ਬਾਰਾਤ ਨਾਲ ਹਾਥੀ, ਘੋੜੇ, ਸਿਪਾਹੀ, ਰਥ ਅਤੇ ਇਸਤ੍ਰੀਆਂ ਲਈ ਪਾਲਕੀਆਂ ਆਦਿ ਸਭ ਪ੍ਰਬੰਧ ਸਨ। ਸਾਰੇ ਹੀ ਰਸਤੇ ਆਨੰਦ ਲੈਂਦੀ ਹੋਈ ਬਾਰਾਤ ਲਾਹੌਰ ਪਹੁੰਚ ਗਈ। ਬਾਰਾਤ ਨਾਲ ਹਜ਼ਾਰਾਂ ਲੋਕਾਂ ਲਈ ਪੰਜ ਹਜ਼ਾਰ ਵਹਿੰਗੀਆਂ ਉਪਰ ਭੋਜਨ ਸਮਗਰੀ ਸੀ। ਦੇਵਤਿਆਂ ਨੇ ਬਾਰਾਤ ਉਪਰ ਫੁਲਾਂ ਦੀ ਵਰਖਾ ਕੀਤੀ। ਬਾਰਾਤ ਵਿਚ ਸੱਤ ਰਾਜੇ ਸ਼ਾਮਿਲ ਸਨ ਅਤੇ ਦਿਲੀ ਤੋਂ ਉਥੋਂ ਦਾ ਰਾਜਾ ਵੀ ਬਾਰਾਤ ਵਿਚ ਸ਼ਾਮਿਲ ਹੋ ਗਿਆ ਸੀ।

ਲਾਹੌਰ ਵਿਚ ਦੁਨੀਚੰਦ ਖਤਰੀ ਅਤੇ ਪਰਮਾਨੰਦ ਨੇ ਬਾਰਾਤ ਨੂੰ ਰੋਕ ਲਿਆ ਅਤੇ ਤੇਰ੍ਹਾਂ ਦਿਨ ਤੀਕ ਬਾਰਾਤ ਦੀ ਸੇਵਾ ਕੀਤੀ। ਇਥੋਂ ਚਲ ਕੇ ਬਾਰਾਤ ਉਥੇ ਪਹੁੰਚੀ ਜਿਥੇ ਇਖਵਾਕੂ ਨੇ ਤਪ ਕੀਤਾ ਸੀ। ਨਾਨਕ ਨੇ ਸਭ ਨੂੰ ਇਖਵਾਕੂ ਦੇ ਤਪ ਦੀ ਕਥਾ ਸੁਣਾਈ। ਫਿਰ ਬਾਰਾਤ ਅਗੇ ਪਹੁੰਚੀ ਤਾਂ ਰਾਇ ਬੁਲਾਰ ਨੇ ਇਕ ਵਿਅਕਤੀ ਨੂੰ ਅਗੇ ਜਾ ਕੇ ਬਾਰਾਤ ਦੀ ਸੂਚਨਾ ਦੇਣ ਲਈ ਕਿਹਾ।

ਜਦ ਬਾਰਾਤ ਨਗਰ ਵਿਚ ਪਹੁੰਚੀ ਤਾਂ ਬਹੁਤ ਹੀ ਧੂਮਧਾਮ ਨਾਲ ਸਵਾਗਤ ਕੀਤਾ ਗਿਆ। ਬਾਰਾਤੀਆਂ ਨੂੰ ਇਕ ਅੰਬਾਂ ਦੇ ਬਾਗ ਵਿਚ ਠਹਿਰਾਇਆ ਗਿਆ ਸੀ ਜੋ ਕਿ ਚਰਪਟ ਰਾਇ ਦਾ ਸੀ। ਹਰ ਰੋਜ਼ ਬਾਰਾਤੀਆਂ ਨੂੰ ਛਤੀ ਪ੍ਰਕਾਰ ਦੇ ਭੋਜਨ ਕਰਵਾਏ ਜਾਂਦੇ ਸਨ। ਪੁਰਾਣਾਂ ਦੀ ਕਥਾ ਹੁੰਦੀ ਅਤੇ ਅਨੇਕਾਂ ਸਾਧੂ ਨਾਨਕ ਦੇ ਦਰਸ਼ਨ ਨੂੰ ਆਉਂਦੇ ਰਹਿੰਦੇ ਸਨ ਇਸ ਤਰ੍ਹਾਂ ਆਉਣ ਵਾਲਿਆਂ ਦੀ ਭੀੜ ਲਗੀ ਰਹਿੰਦੀ ਸੀ। ਦੇਵਤੇ ਅਤੇ ਦੇਵ ਪਤਨੀਆਂ ਵੀ ਮਨੁਖ ਰੂਪ ਵਿਚ ਬਾਰਾਤ ਵਿਚ ਸ਼ਾਮਿਲ ਸਨ। ਵਿਆਹ ਤੋਂ ਬਾਅਦ ਬਾਰਾਤ ਨੂੰ ਅਜਿਤੇ ਰੰਧਾਵੇ ਨੇ ਵਾਪਸ ਭੇਜ ਦਿਤਾ। ਮੂਲਚੰਦ ਨੇ ਬਹੁਤ ਸਾਰਾ ਦਹੇਜ ਦਿਤਾ। ਵਸਤੂਆਂ ਆਦਿ ਦਾ ਤਾਂ ਵਰਨਣ ਹੀ ਨਹੀਂ ਕੀਤਾ ਜਾ ਸਕਦਾ ਇੰਨਾ ਦਹੇਜ ਸੁਲਖਣੀ ਨੂੰ ਦਿਤਾ ਸੀ। ਹਾਥੀ , ਘੋੜੇ,

ਦਾਸ, ਦਾਸੀਆਂ ਆਦਿ ਬਹੁਤ ਕੁਝ ਦਹੇਜ ਵਿਚ ਦਿਤਾ ਸੀ ਅੰਤ ਬਾਰਾਤ ਵਿਦਾ ਹੋ ਕੇ ਬਟਾਲੇ ਤੋਂ ਵਾਪਸ ਤਲਵੰਡੀ ਆ ਗਈ। ਕੁਝ ਸਮੇਂ ਬਾਅਦ ਨਾਨਕ ਫਿਰ ਸੁਲਤਾਨਪੁਰ ਆਪਣੇ ਭੈਣ ਭਣੋਈਏ ਕੋਲ ਆ ਗਿਆ।

ਸੁਲਤਾਨਪੁਰ ਪਹੁੰਚ ਕੇ ਨਾਨਕ ਨੇ ਮੋਦੀਖਾਨੇ ਦਾ ਕੰਮ ਸ਼ੁਰੂ ਕਰ ਦਿਤਾ ਅਤੇ ਲੋਕਾਂ ਨੂੰ ਉਪਦੇਸ਼ ਦੇਣ ਲਗ ਗਿਆ। ਇਥੇ ਨਾਨਕ ਨੇ ਇਕ ਕੋਹੜੀ ਅਤੇ ਇਕ ਮਿਰਗੀ ਅਦਿ ਰੋਗਾਂ ਤੋਂ ਪੀੜਤ ਮੁਸਲਮਾਨ ਨੂੰ ਰੋਗ ਤੋਂ ਮੁਕਤ ਕੀਤਾ। ਨਾਨਕ ਦਾ ਜਸ ਚਾਰੇ ਪਾਸੇ ਫੈਲ ਗਿਆ ਜਸ ਸੁਣ ਕੇ ਦੋਲਤ ਖਾਂ ਨੇ ਨਾਨਕ ਨੂੰ ਬੁਲਾਇਆ ਅਤੇ ਕਿਹਾ ਕਿ ਜੇ ਮੇਰਾ ਕੁਤਾ ਕੁਰਾਨ ਪੜ੍ਹਨ ਲਗ ਜਾਵੇ ਤਾਂ ਮੈਂ ਮੰਨ ਜਾਵਾਂਗਾ ਕਿ ਤੇਰਾ ਰਾਮ ਵੀ ਕੁਝ ਹੈ ਤਾਂ ਨਾਨਕ ਨੇ ਕੁਤੇ ਤੇ ਹਥ ਫੇਰਿਆ ਤਾਂ ਕੁਤਾ ਕੁਰਾਨ ਪੜ੍ਹਨ ਲਗ ਗਿਆ। ਦੌਲਤ ਖਾਂ ਨਾਨਕ ਦੇ ਪੈਰਾਂ ਵਿਚ ਡਿਗ ਗਿਆ।

ਵਿਆਹ ਤੋਂ ਬਾਅਦ ਨਾਨਕ ਘਰ ਵਾਪਸ ਨਹੀਂ ਗਿਆ ਇਸ ਤੋਂ ਨਾਨਕ ਦੀ ਸੱਸ ਚੰਦੋਂ ਨੇ ਸਮਝਿਆ ਕਿ ਨਾਨਕ ਮੇਰੀ ਪੁਤਰੀ ਤੋਂ ਨਾਖੁਸ਼ ਹੈ। ਉਸਨੇ ਬਹੁਤ ਹੱਲਾ ਕੀਤਾ। ਉਹ ਮੂਲਚੰਦ ਨਾਲ ਸੁਲਤਾਨਪੁਰ ਆਈ ਅਤੇ ਨਾਨਕ ਨੂੰ ਘਰ ਭੇਜਣ ਲਈ ਕਿਹਾ, ਜਿਸਤੋਂ ਕਿ ਉਹ ਦੋਹਤੇ ਦਾ ਸੁਖ ਭੋਗ ਸਕੇ। ਨਾਨਕੀ ਨੇ ਇਹ ਗਲ ਨਾਨਕ ਨੂੰ ਕਹੀ ਤਾਂ ਨਾਨਕ ਨੇ ਕਿਹਾ ਸੁਲਖਣੀ ਨੂੰ ਇਥੇ ਹੀ ਬੁਲਾ ਲਉ। ਨਾਨਕੀ ਨੇ ਸੁਲਖਣੀ ਨੂੰ ਸੁਲਤਾਨਪੁਰ ਬੁਲਾ ਲਿਆ ਤਾਂ ਨਾਨਕ ਨੇ ਸੁਲਖਣੀ ਨੂੰ ਪੁਛਿਆ ਕਿ ਕੀ ਇਛਾ ਹੈ ਤਾਂ ਸੁਲਖਣੀ ਨੇ ਕਿਹਾ ਕਿ ਮੇਰੇ ਤੇ ਕ੍ਰਿਪਾ ਰਖੋ। ਹਰਿਦਯਾਲ ਪੰਡਿਤ ਨੇ ਦੋਨਾਂ ਤੋਂ ਪੂਜਾ ਕਰਵਾਈ। ਨਾਨਕ ਨੇ ਹਰਿਦਯਾਲ ਨੂੰ ਇਕ ਫਲ ਦਿਤਾ , ਗੋਰਖ ਨਾਥ ਦਾ ਅੰਸ਼ ਮੌਕਾ ਦੇਖ ਕੇ ਉਸ ਵਿਚ ਵੜ ਗਿਆ। ਜਦ ਹਰਿਦਯਾਲ ਨੇ ਵਾਹਿਗੁਰੂ ਕਹਿ ਕੇ ਫਲ ਸੁਲਖਣੀ ਦੀ ਗੋਦ ਵਿਚ ਰਖਿਆ ਤਾਂ ਉਹ ਫਲ ਬਾਲਕ ਦੇ ਰੂਪ ਵਿਚ ਬਦਲ ਗਿਆ ਅਤੇ ਦੇਖਦੇ ਹੀ ਦੇਖਦੇ ਪੰਜ ਸਾਲ ਦੇ ਬਾਲਕ ਦੇ ਸਮਾਨ ਖੇਡਣ ਲਗ ਗਿਆ। ਇਹ ਘਟਨਾ ਚੇਤ ਸੁਦੀ ਪੰਚਮੀ, ਸੰਵਤ 1558 ਦੀ ਹੈ। ਨਾਨਕ ਨੇ ਸੁਲਖਣੀ ਨੂੰ ਪੁਤਰ ਦੇ ਨਾਲ ਤਲਵੰਡੀ ਭੇਜ ਦਿਤਾ।

ਕਾਲੂ ਨੇ ਖ਼ੁਸ਼ੀ ਵਿਚ ਦਾਨ ਦਿਤੇ ਅਤੇ ਉਤਸਵ ਮਨਾਇਆ। ਸ੍ਰੀ ਚੰਦ ਹੌਲੀ ਹੌਲੀ ਪੰਜ ਸਾਲ ਦਾ ਹੋਇਆ। ਉਹ ਹਮੇਸ਼ਾ ਹੀ ਧਿਆਨ ਵਿਚ ਮਸਤ ਰਹਿੰਦਾ ਸੀ। ਇਕ ਦਿਨ ਸ੍ਰੀ ਚੰਦ ਮੇਲਾ ਦੇਖਣ ਗਿਆ ਤਾਂ ਉਥੇ ਸਿਧਾਂ ਨੂੰ ਭੰਡਾਰਾ ਕੀਤਾ ਜਦ ਭੰਡਾਰੇ ਵਿਚ ਲੱਡੂ ਸਮਾਪਤ ਹੋ ਗਏ ਤਾਂ ਸ੍ਰੀ ਚੰਦ ਨੇ ਆਪਣੀ ਸ਼ਕਤੀ

ਨਾਲ ਭੰਡਾਰੇ ਨੂੰ ਲੱਡੂਆਂ ਨਾਲ ਭਰ ਦਿਤਾ। ਜਦ ਨਾਨਕ ਘਰ ਆਇਆ ਅਤੇ ਸ੍ਰੀ ਚੰਦ ਨੂੰ ਘਰ ਨਾ ਦੇਖਕੇ ਕਾਲੂ ਤੇ ਨਾਨਕ ਦੀ ਮਾਤਾ ਪ੍ਰੇਸ਼ਾਨ ਸਨ। ਨਾਨਕ ਨੇ ਕਿਹਾ ਕਿ ਫਿਕਰ ਨਾ ਕਰੋ ਸ੍ਰੀ ਚੰਦ ਜਲਦੀ ਹੀ ਘਰ ਵਾਪਸ ਆ ਜਾਵੇਗਾ ਅਤੇ ਕਿਹਾ ਕਿ ਇਕ ਪੋਤਾ ਹੋਰ ਹੋਵੇਗਾ। ਇਹ ਬਚਨ ਸੁਣ ਕੇ ਨਾਨਕ ਦੀ ਮਾਤਾ ਸੁਲਖਣੀ ਨੂੰ ਲੈ ਆਈ। ਨਾਨਕ ਨੇ ਸੁਲਖਣੀ ਨੂੰ ਇਕ ਲੌਂਗ ਦਿਤਾ। ਉਸ ਤੋਂ ਲਖਮੀ ਦਾਸ ਬਣ ਗਿਆ। ਨਾਨਕ ਨੇ ਕਿਹਾ ਕਿ ਇਹ ਧਰਮਰਾਜ ਦਾ ਅਵਤਾਰ ਹੈ।

ਭਗਵਾਨ ਇਕ ਬਲੋਚ ਬਣ ਕੇ ਧਰਤੀ ਤੇ ਇਹ ਦੇਖਣ ਆਏ ਕਿ ਨਾਨਕ ਕਿਤੇ ਸੰਸਾਰਿਕ ਬੰਧਨਾਂ ਵਿਚ ਤਾਂ ਨਹੀਂ ਫਸ ਗਿਆ। ਜਦ ਭਗਵਾਨ ਨੇ ਆ ਕੇ ਦੇਖਿਆ ਤਾਂ ਨਾਨਕ ਨੇ ਇਕ ਹੋਰ ਚਮਤਕਾਰ ਕੀਤਾ ਜਿਸ ਤੋਂ ਭਗਵਾਨ ਖ਼ੁਸ਼ ਹੋ ਕੇ ਵਾਪਸ ਚਲੇ ਗਏ। ਕੁਝ ਦਿਨ ਬਾਅਦ ਨਾਨਕ ਸੁਲਤਾਨਪੁਰ ਚਲੇ ਗਏ।

ਸੁਲਤਾਨਪੁਰ ਪਹੁੰਚਣ ਤੇ ਕਿਸੇ ਨੇ ਇਕ ਵਾਰ ਫਿਰ ਸ਼ਿਕਾਇਤ ਕਰ ਦਿਤੀ ਕਿ ਨਾਨਕ ਲੋਕਾਂ ਨੂੰ ਅਨਾਜ ਦੇ ਭੰਡਾਰ ਲੁਟਾਈ ਜਾਂਦਾ ਹੈ। ਦੌਲਤ ਖਾਂ ਨੇ ਜਾਂਚ ਦੇ ਹੁਕਮ ਦਿਤੇ ਪਰ ਜਾਂਚ ਵਿਚ ਅਨਾਜ ਦੇ ਭੰਡਾਰ ਭਰੇ ਹੋਏ ਪਾਏ ਗਏ। ਇਸ ਤੋਂ ਬਾਅਦ ਉਸਨੇ ਫਿਰ ਕਦੇ ਵੀ ਨਾਨਕ ਤੋਂ ਹਿਸਾਬ ਨਾ ਲੈਣ ਦਾ ਪ੍ਰਣ ਕੀਤਾ ਅਤੇ ਨਾਨਕ ਦੀ ਪ੍ਰਸ਼ੰਸਾ ਕੀਤੀ।

ਇਕ ਦਿਨ ਨਾਨਕ ਇਸ਼ਨਾਨ ਕਰਨ ਗਏ ਤਾਂ ਭਗਵਾਨ ਨੇ ਨਾਨਕ ਦੇ ਸਾਥੀਆਂ ਨੂੰ ਵਾਪਸ ਭੇਜ ਦਿਤਾ ਅਤੇ ਨਾਨਕ ਨੂੰ ਆਪਣੇ ਕੋਲ ਬੁਲਾ ਲਿਆ। ਲੋਕਾਂ ਨੂੰ ਲਗਾ ਕਿ ਨਾਨਕ ਡੁਬ ਗਿਆ ਹੈ। ਨਾਨਕ ਪਾਣੀ ਵਿਚ ਅਲੋਪ ਹੋ ਗਿਆ। ਭਗਵਾਨ ਦੇ ਦਰਸ਼ਨ ਕਰ ਕੇ ਨਾਨਕ ਨੇ ਭਗਵਾਨ ਦੀ ਉਸਤਤੀ ਕੀਤੀ ਅਤੇ ਭਗਵਾਨ ਨੇ ਪ੍ਰਸੰਨ ਹੋ ਕੇ ਨਾਨਕ ਨੂੰ ਅੰਮ੍ਰਿਤ ਦਿਤਾ ਜਿਸ ਨੂੰ ਪੀ ਕੇ ਨਾਨਕ ਨਾਮ ਰੂਪ ਹੋ ਗਿਆ। ਨਾਨਕ ਨੇ ਕਿਹਾ ਕਿ ਮੈਨੂੰ ਆਸ਼ੀਰਵਾਦ ਦੇਵੋ ਤਾਂ ਭਗਵਾਨ ਨੇ ਕਿਹਾ ਰਚਿੰਕ ਮਾਤਰ ਵੀ ਫਰਕ ਨਹੀਂ ਹੈ , ਮੈਂ ਤੂੰ ਹਾਂ ਅਤੇ ਤੂੰ ਮੈਂ । ਫਿਰ ਭਗਵਾਨ ਨੇ ਨਾਨਕ ਦੇ ਸਿਰ ਤੇ ਤਿਲਕ ਲਗਾ ਕੇ ਕਿਹਾ ਕਿ ਮੈਂ ਤੈਨੂੰ ਜਗਤਗੁਰੂ ਬਣਾ ਦਿਤਾ ਹੈ । ਇਸ ਉਪਰੰਤ ਭਗਵਾਨ ਨੇ ਨਾਨਕ ਨੂੰ ਉਦਾਸੀ ਭੇਖ ਧਾਰਨ ਕਰਵਾਇਆ ਅਤੇ ਆਪ ਨਾਨਕ ਦੇ ਗੁਰੂ ਬਣ ਗਏ। ਇਸ ਤੇ ਭਗਵਾਨ ਨੇ ਨਾਨਕ ਦੇ ਜਪੁ ਨੂੰ ਅਸ਼ੀਰਵਾਦ ਦਿਤਾ ਕਿ ਜੋ ਇਸਨੂੰ ਪੜੇਗਾ ਉਸਦਾ ਕਲਿਆਣ ਹੋਵੇਗਾ। ਇਸ ਤੋਂ ਬਾਅਦ ਨਾਨਕ ਵਰੁਣਦੇਵ ਨੂੰ ਮਿਲੇ ਅਤੇ ਵਰੁਣਦੇਵ ਤੋਂ

ਆਪਣੀ ਪੂਜਾ ਕਰਵਾਕੇ ਨਾਨਕ ਭਗਵੇ ਕਪੜੇ ਪਾ ਕੇ ਸਰਗੁਣ ਤੋਂ ਨਿਰਗੁਣ ਹੋ ਕੇ ਪਾਣੀ ਤੋਂ ਬਾਹਰ ਆਇਆ।

ਲੋਕ ਨਾਨਕ ਨੂੰ ਲਭਣ ਲਈ ਨਦੀ ਦੇ ਕਿਨਾਰੇ ਤੇ ਖੜੇ ਸਨ ਦੌਲਤ ਖਾਂ ਲੋਧੀ ਦੇ ਸੈਨਿਕ ਵੀ ਮੌਜੂਦ ਸਨ। ਸੈਨਿਕਾਂ ਨੇ ਦੌਲਤ ਖਾਂ ਨੂੰ ਦਸਿਆ ਕਿ ਨਾਨਕ ਆ ਗਿਆ ਹੈ। ਦੌਲਤ ਖਾਂ ਨੇ ਸੈਨਿਕਾਂ ਨੂੰ ਨਾਨਕ ਨੂੰ ਬੁਲਾਉਣ ਲਈ ਆਦੇਸ਼ ਦਿਤਾ। ਪਰ ਨਾਨਕ ਨੇ ਕਿਹਾ ਕਿ ਉਸ ਨੂੰ ਖਾਨ ਦਾ ਡਰ ਨਹੀਂ ਹੈ, ਇਸ ਤੇ ਦੌਲਤ ਖਾਂ ਲੋਧੀ ਖੁਦ ਹੀ ਡਰ ਕੇ ਨਾਨਕ ਕੋਲ ਆ ਗਿਆ ਅਤੇ ਪੁਛਿਆ ਕਿ ਉਹ ਉਸਦੇ ਬੁਲਾਉਣ ਤੇ ਕਿਉਂ ਨਹੀਂ ਆਇਆ। ਨਾਨਕ ਨੇ ਜਵਾਬ ਦਿਤਾ ਕਿ ਪਹਿਲਾਂ ਉਹ ਉਸਦਾ ਨੌਕਰ ਸੀ, ਪਰ ਹੁਣ ਨਹੀਂ ਅਤੇ ਨਾ ਹੀ ਉਸ ਨੂੰ ਨਾਨਕ ਨਾਲ ਪਿਆਰ ਹੈ, ਇਸਤੇ ਦੌਲਤ ਖਾਂ ਲੋਧੀ ਨੇ ਨਾਨਕ ਤੋਂ ਮੁਆਫੀ ਮੰਗੀ।

ਨਾਨਕ ਦਾ ਨਵਾਂ ਰੂਪ ਦੇਖ ਕੇ ਨਾਨਕੀ ਰੋਣ ਲਗ ਗਈ ਤਾਂ ਨਾਨਕ ਨੇ ਉਪਦੇਸ਼ ਦਿਤਾ ਕੇ ਸੰਸਾਰ ਵਿਚ ਸਾਰੇ ਹੀ ਕਿਸ਼ਤੀ ਦੇ ਯਾਤਰੀ ਸਮਾਨ ਹਨ ਤੂੰ ਦੁਖੀ ਨਾ ਹੋ। ਨਾਨਕ ਨੇ ਉਪਦੇਸ਼ ਦਿਤਾ ਕਿ ਨਾ ਕੋਈ ਹਿੰਦੂ ਹੈ ਅਤੇ ਨਾ ਕੋਈ ਮੁਸਲਮਾਨ , ਸਾਰੇ ਹੀ ਇਕ ਹਨ। ਜਦ ਲੋਕਾਂ ਨੇ ਇਹ ਗਲ ਕਾਜ਼ੀ ਨੂੰ ਦਸੀ ਤਾਂ ਕਾਜ਼ੀ ਗੁਸੇ ਹੋ ਗਿਆ ਅਤੇ ਉਸਨੇ ਨਾਨਕ ਨੂੰ ਬੁਲਾਇਆ। ਜਦ ਨਾਨਕ ਕਾਜ਼ੀ ਕੋਲ ਗਿਆ ਤਾਂ ਲੋਕਾਂ ਨੇ ਨਾਨਕ ਨੂੰ ਸਲਾਮ ਕੀਤਾ ਪਰ ਕਾਜ਼ੀ ਨੇ ਨਾ ਕੀਤਾ ਤਾਂ ਨਾਨਕ ਨੇ ਚਮਤਕਾਰ ਨਾਲ ਕਾਜ਼ੀ ਨੂੰ ਜ਼ਮੀਨ ਨਾਲ ਚਿਪਕਾ ਦਿਤਾ। ਫਿਰ ਨਾਨਕ ਨੇ ਉਪਦੇਸ਼ ਦਿਤਾ ਕਾਜ਼ੀ ਨੇ ਨਮਾਜ਼ ਪੜਨ ਲਈ ਕਿਹਾ ਤਾਂ ਨਾਨਕ ਰਾਜ਼ੀ ਹੋ ਗਿਆ। ਜਦ ਕਾਜ਼ੀ ਨਮਾਜ਼ ਲਈ ਉਠਣ ਲਗਾ ਤਾਂ ਜ਼ਮੀਨ ਨਾਲ ਚਿਪਕੇ ਹੋਣ ਕਾਰਨ ਉਠ ਨਾ ਸਕਿਆ ਤਾਂ ਨਾਨਕ ਤੋਂ ਖਿਮਾ ਮੰਗੀ ਫਿਰ ਉਠ ਸਕਿਆ। ਫਿਰ ਜਦੋਂ ਨਮਾਜ਼ ਪੜ ਕੇ ਹਟੇ ਤਾਂ ਨਾਨਕ ਹਸਣ ਲਗੇ ਜਦ ਕਾਰਨ ਪੁਛਿਆ ਤਾਂ ਨਾਨਕ ਨੇ ਦਸਿਆ ਕੇ ਕਿਸੇ ਦਾ ਵੀ ਮਨ ਨਮਾਜ਼ ਵਿਚ ਨਹੀਂ ਸੀ। ਕਾਜ਼ੀ ਆਪਣੇ ਨਵੇਂ ਜੰਮੇ ਵਛੇ ਬਾਰੇ ਸੋਚ ਰਿਹਾ ਸੀ ਅਤੇ ਦੌਲਤ ਖਾਂ ਲੋਧੀ ਦਾ ਮਨ ਕੰਧਾਰ ਗਿਆ ਹੋਇਆ ਸੀ। ਫਿਰ ਨਾਨਕ ਨੇ ਸਭ ਨੂੰ ਉਪਦੇਸ਼ ਦਿਤਾ।

ਇਸ ਤੋਂ ਬਾਅਦ ਨਾਨਕ ਬਾਜ਼ਾਰ ਵਿਚ ਗਿਆ ਤਾ ਦੇਖਦਾ ਹੈ ਕਿ ਬਾਜ਼ਾਰ ਵਿਚ ਕੁਝ ਸਾਧੂ ਭੁਖੇ ਹਨ। ਉਨ੍ਹਾਂ ਨੂੰ ਕਿਸੇ ਨੇ ਭੋਜਨ ਨਹੀਂ ਦਿਤਾ ਸੀ ਤਾਂ ਨਾਨਕ ਨੇ ਬਾਲਕਾਂ ਨੂੰ ਨਾਲ ਲੈ ਕੇ ਦੁਕਾਨਾਂ ਲੁਟਾ

ਦਿਤੀਆਂ। ਇਸਦੀ ਸ਼ਿਕਾਇਤ ਦੌਲਤ ਖਾਂ ਨੂੰ ਦੁਕਾਨਦਾਰਾਂ ਨੇ ਕੀਤੀ ਦੌਲਤ ਖਾਂ ਨੇ ਸੈਨਿਕਾਂ ਨੂੰ ਦੇਖਣ ਭੇਜਿਆ ਤਾਂ ਉਨ੍ਹਾਂ ਆ ਕੇ ਦੇਖਿਆ ਕਿ ਦੁਕਾਨਾਂ ਤਾਂ ਭੰਡਾਰ ਨਾਲ ਭਰੀਆਂ ਪਈਆਂ ਹਨ।

ਨਾਨਕ ਨੂੰ ਇਕ ਬ੍ਰਾਹਮਣ ਨੇ ਆ ਕੇ ਦਸਿਆ ਕਿ ਉਸਦੀ ਬੇਟੀ ਅੱਠ ਸਾਲ ਦੀ ਹੋ ਗਈ ਹੈ ਅਤੇ ਵਿਆਹੁਣ ਦੇ ਯੋਗ ਹੈ ਪਰ ਉਸ ਕੋਲ ਧਨ ਨਹੀਂ ਹੈ। ਨਾਨਕ ਨੇ ਚਿਠੀ ਲਿਖ ਕੇ ਜਵਾਲਾਮੁਖੀ ਦੇਵੀ ਤੋਂ ਧਨ ਬ੍ਰਾਹਮਣ ਨੂੰ ਦਿਵਾ ਦਿਤਾ। ਨਾਨਕ ਰਾਤ ਸਮੇਂ ਜੰਗਲ ਵਿਚ ਚਲਾ ਗਿਆ ਅਤੇ ਉਥੇ ਧਿਆਨ ਲਗਾ ਕੇ ਬੈਠ ਗਿਆ ਸਵੇਰ ਨੂੰ ਪਿੰਡ ਵਿਚ ਇਕ ਬ੍ਰਾਹਮਣ ਦੇ ਘਰ ਭੋਜਨ ਛਕਣ ਆਏ। ਬ੍ਰਾਹਮਣ ਦੀ ਪਤਨੀ ਨੇ ਬ੍ਰਾਹਮਣ ਤੋਂ ਪਹਿਲਾਂ ਨਾਨਕ ਨੂੰ ਭੋਜਨ ਦੇ ਦਿਤਾ ਇਸ ਤੇ ਬ੍ਰਾਹਮਣ ਗੁਸੇ ਹੋ ਗਿਆ। ਰਾਤ ਨੂੰ ਜਦ ਉਹ ਕਥਾ ਕਰਨ ਗਿਆ ਤਾਂ ਉਸ ਨੂੰ ਅੱ ਖਰ ਨਾ ਦਿਖੇ ਨਾਨਕ ਤੋਂ ਮੁਆਫੀ ਮੰਗਣ ਤੋਂ ਬਾਅਦ ਉਸਦੀਆਂ ਅੱਖਾਂ ਠੀਕ ਹੋ ਗਈਆਂ।

ਇਸ ਤੋਂ ਬਾਅਦ ਨਾਨਕ ਇਕਲਾ ਰਹਿਣ ਲਗ ਗਿਆ ਸੀ ਕੰਮਕਾਜ ਸਭ ਛਡ ਦਿਤੇ ਸਨ। ਇਸ ਗਲ ਦਾ ਪਤਾ ਜਦ ਸੁਲਖਣੀ ਦਾ ਮਾਤਾ ਨੂੰ ਲਗਾ ਤਾਂ ਉਹ ਜੈਰਾਮ ਨੂੰ ਨਾਲ ਲੈ ਕੇ ਨਾਨਕ ਕੋਲ ਗਈ। ਨਾਨਕ ਨੇ ਆਪਣੇ ਕਈ ਰੂਪ ਬਣਾ ਲਏ ਤਾਂ ਉਹ ਨਿਰਾਸ਼ ਹੋ ਕੇ ਵਾਪਸ ਚਲੇ ਗਏ। ਫਿਰ ਮੂਲਚੰਦ ਕਈ ਲੋਕਾਂ ਨੂੰ ਨਾਲ ਲੈ ਕੇ ਨਾਨਕ ਨੂੰ ਸਮਝਾਉਣ ਆਇਆ ਪਰ ਨਾਨਕ ਨੇ ਉਨ੍ਹਾਂ ਨੂੰ ਉਪਦੇਸ਼ ਦਿਤਾ। ਇਸ ਤੇ ਸਾਮਾ ਬ੍ਰਾਹਮਣ ਨੇ ਕਿਹਾ ਕੇ ਮੈਂ ਤਾਂ ਨਾਨਕ ਦਾ ਮੁਰੀਦ ਹੋ ਗਿਆ ਹਾਂ। ਉਹ ਕਹਿੰਦਾ ਕਿ ਨਾਨਕ ਠੀਕ ਕਹਿੰਦਾ ਹੈ ਕਿ ਸਭ ਕੁਝ ਰਾਮ ਨਾਮ ਵਿਚ ਹੀ ਸਮਾਇਆ ਹੋਇਆ ਹੈ। ਨਿਰਾਸ਼ ਹੋ ਕੇ ਮੂਲ ਚੰਦ ਦੌਲਤ ਖਾਂ ਲੋਧੀ ਕੋਲ ਆ ਗਿਆ ਅਤੇ ਨਾਨਕ ਦੇ ਸਾਧ ਹੋਣ ਦੀ ਗਲ ਦਸੀ। ਦੌਲਤ ਖਾਂ ਨੇ ਨਾਨਕ ਨੂੰ ਸਮਝਾਇਆ ਪਰ ਨਾਨਕ ਨਾ ਮੰਨਿਆ । ਨਾਨਕ ਨੇ ਮੂਲਚੰਦ ਨੂੰ ਕਿਹਾ ਕਿ ਮੈ ਜਲਦੀ ਹੀ ਵਾਪਸ ਆਵਾਂਗਾ, ਇਹ ਸਮਝਾ ਕੇ ਮੂਲਚੰਦ ਨੂੰ ਵਾਪਸ ਭੇਜ ਦਿਤਾ। ਮੂਲਚੰਦ ਨੇ ਤਲਵੰਡੀ ਵਿਚ ਸੂਚਨਾ ਭਿਜਵਾ ਦਿਤੀ ਕਿ ਨਾਨਕ ਸਾਧੂ ਹੋ ਕੇ ਜਾ ਰਿਹਾ ਹੈ ਤਾ ਕਾਲੂ ਨੇ ਮਰਦਾਨੇ ਨੂੰ ਸੁਲਤਾਨਪੁਰ ਭੇਜ ਕੇ ਜੈਰਾਮ ਨੂੰ ਰਾਹ ਖਰਚ ਦੇਣ ਨੂੰ ਕਿਹਾ।

ਮਰਦਾਨੇ ਨੇ ਆ ਕੇ ਸਭ ਕੁਝ ਨਾਨਕ ਨੂੰ ਦਸਿਆ । ਨਾਨਕ ਨੇ ਬਾਲੇ ਨੂੰ ਇਕ ਥਾਂ ਤੋਂ ਰਬਾਬ ਲਿਆਉਣ ਲਈ ਕਿਹਾ। ਰਬਾਬ ਲਿਆ ਕੇ ਮਰਦਾਨੇ ਨੇ ਬਜਾਈ ਤਾਂ ਨਾਨਕ ਨੇ ਅਨੇਕਾਂ ਸ਼ਬਦ ਗਾਇਨ

ਕੀਤੇ ਅਤੇ ਧਿਆਨ ਵਿਚ ਡੁਬ ਗਏ। ਨਾਨਕ ਨੇ ਮਰਦਾਨੇ ਨੂੰ ਆਪਣੇ ਨਾਲ ਚਲਨ ਲਈ ਕਿਹਾ ਤਾਂ ਮਰਦਾਨਾ ਜੈਰਾਮ ਤੋਂ ਰਾਹ ਖਰਚ ਲਈ 20 ਰੁਪਏ ਲੈ ਆਇਆ। ਨਾਨਕ ਨੇ ਮਰਦਾਨੇ ਨੂੰ ਝਿੜਕਿਆ ਕੇ ਧਨ ਮੰਗ ਕਿ ਲੈ ਕੇ ਆਇਆ ਹੈ ਅਤੇ ਪਥਰਾਂ ਨੂੰ ਚਾਂਦੀ ਵਿਚ ਬਦਲ ਕੇ ਕਿਹਾ ਕਿ ਲੈ ਜਿੰਨਾ ਧਨ ਚਾਹੀਦਾ ਹੈ ਚੁਕ ਲੈ। ਮਰਦਾਨੇ ਨੇ ਮੁਆਫੀ ਮੰਗੀ।

ਨਾਨਕ ਨੇ ਬਾਲੇ ਅਤੇ ਮਰਦਾਨੇ ਨੂੰ ਨਾਲ ਲਿਆ ਅਤੇ ਪਾਨੀਪਤ ਚਲੇ ਗਏ ਕਿਉਂਕਿ ਉਥੋਂ ਦੇ ਪੀਰ ਨੇ ਨਾਨਕ ਨੂੰ ਯਾਦ ਕੀਤਾ ਸੀ। ਪੀਰ ਨਾਲ ਨਾਨਕ ਦਾ ਧਾਰਮਿਕ ਸੰਬਾਅਦ ਹੋਇਆ। ਇਕ ਸ਼ੇਖ ਦੇ ਪ੍ਰਸ਼ਨਾਂ ਤੇ ਉੱਤਰ ਵੀ ਨਾਨਕ ਨੇ ਦਿਤੇ ਅਤੇ ਫਿਰ ਉਨ੍ਹਾਂ ਨੂੰ ਉਪਦੇਸ਼ ਨਾਲ ਸਤੁੰਸ਼ਟ ਕਰ ਕੇ ਬਾਲੇ ਮਰਦਾਨੇ ਸਮੇਤ ਦਿਲੀ ਗਏ।

ਦਿਲੀ ਵਿਚ ਨਾਨਕ ਇਕ ਹਾਥੀਵਾਨ ਦੇ ਘਰ ਠਹਿਰੇ। ਉਹ ਦਿਲੀ ਦੇ ਬਾਦਸ਼ਾਹ ਇਬ੍ਰਾਹਿਮ ਲੋਧੀ ਦਾ ਹਾਥੀ ਵਾਨ ਸੀ। ਉਸ ਹਾਥੀਵਾਨ ਦਾ ਹਾਥੀ ਮਰ ਗਿਆ ਤਾਂ ਉਹ ਰੋਣ ਲਗ ਗਿਆ ਕਿ ਹੁਣ ਉਨ੍ਹਾਂ ਦਾ ਗੁਜ਼ਾਰਾ ਕਿਵੇਂ ਹੋਵੇਗਾ। ਨਾਨਕ ਨੇ ਕ੍ਰਿਪਾ ਕਰ ਕੇ ਹਾਥੀ ਨੂੰ ਜਿਉਂਦਾ ਕਰ ਦਿਤਾ। ਇਸ ਚਮਤਕਾਰ ਦਾ ਪਤਾ ਬਾਦਸ਼ਾਹ ਨੂੰ ਵੀ ਲਗ ਗਿਆ ਤਾਂ ਉਹ ਨਾਨਕ ਦੇ ਦਰਸ਼ਨ ਕਰਨ ਲਈ ਆਇਆ। ਨਾਨਕ ਨੇ ਬਾਦਸ਼ਾਹ ਨੂੰ ਉਪਦੇਸ਼ ਦਿਤਾ। ਇਥੋਂ ਨਾਨਕ ਅਣਦਣ ਗਏ ਜਿਥੇ ਇਕ ਔਘੜ ਯੋਗੀ ਸੀ ਜੋ ਕਿ ਆਪਣੇ ਬੀਰਾਂ ਨਾਲ ਸਾਰੇ ਨਗਰ ਨੂੰ ਤੰਗ ਕਰਦਾ ਸੀ ਅਤੇ ਉਸਨੇ ਅਨੇਕਾਂ ਲੋਕਾਂ ਨੂੰ ਮਾਰ ਵੀ ਦਿਤਾ ਸੀ। ਨਾਨਕ ਨੇ ਉਸ ਨੂੰ ਸਚ ਦਾ ਮਾਰਗ ਦਿਖਾਇਆ ਅਤੇ ਅਨੇਕਾਂ ਲੋਕਾਂ ਨੂੰ ਉਸ ਤੋਂ ਮੁਕਤ ਕਰਵਾਇਆ। ਨਾਨਕ ਨੇ ਫਿਰ ਔਘੜ ਯੋਗੀ ਨੂੰ ਉਪਦੇਸ਼ ਦਿਤਾ ਅਤੇ ਉਸਦੀਆਂ ਸ਼ੰਕਾਵਾਂ ਨੂੰ ਦੂਰ ਕੀਤਾ। ਫਿਰ ਉਥੋਂ ਨਾਨਕ ਸੁਨਾਮ ਗਏ। ਇਸੇ ਸਮੇਂ ਨਾਨਕੀ ਨੇ ਭਰਾ ਨੂੰ ਯਾਦ ਕੀਤਾ ਤਾਂ ਉਸੇ ਸਮੇਂ ਨਾਨਕੀ ਕੋਲ ਜਾ ਕੇ ਭੋਜਨ ਕੀਤਾ ਅਤੇ ਬਾਲੇ ਨੂੰ ਤਲਵੰਡੀ ਭੇਜ ਕੇ ਖੁਦ ਏਮਨਾਬਾਅਦ ਚਲੇ ਗਏ।

ਏਮਨਾਬਾਅਦ ਨਾਨਕ ਲਾਲੋ ਦੇ ਘਰ ਗਏ। ਉਸ ਨੇ ਨਾਨਕ ਦਾ ਨਾਮ ਤਾਂ ਸੁਣਿਆ ਸੀ ਪਰ ਦਰਸ਼ਨ ਨਹੀਂ ਸਨ ਕੀਤੇ ਅਤੇ ਅੱਜ ਦਰਸ਼ਨ ਕਰ ਕੇ ਨਿਹਾਲ ਹੋ ਗਿਆ। ਫਿਰ ਉਸਨੇ ਨਾਨਕ ਨੂੰ ਭੋਜਨ ਖੁਆਇਆ ਮਰਦਾਨੇ ਨੇ ਨਾਨਕ ਨੂੰ ਪੁਛਿਆ ਕਿ ਇਹ ਕੌਣ ਹੈ ਤਾਂ ਨਾਨਕ ਨੇ ਦਸਿਆ ਕਿ ਇਹ ਪੂਰਨ ਪੁਰੁਸ਼ ਹੈ ਅਤੇ ਫਿਰ ਨਾਨਕ ਨੇ ਉਸ ਨੂੰ ਪਿਛਲੇ ਜਨਮ ਦੀ ਸਾਖੀ ਸੁਣਾਈ। ਜਦ ਨਾਨਕ ਜਾਣ ਲਗਾ ਤਾਂ

ਲਾਲੋ ਨੇ ਇਕ ਮਹੀਨਾ ਰੁਕਣ ਦੀ ਬੇਨਤੀ ਕੀਤੀ ਤਾਂ ਨਾਨਕ ਨੇ ਮਰਦਾਨੇ ਨੂੰ ਤਲਵੰਡੀ ਭੇਜ ਦਿਤਾ ਅਤੇ ਆਪ ਲਾਲੋ ਕੋਲ ਰੁਕ ਗਏ।

ਇਕ ਦਿਨ ਖਤਰੀ ਨੇ ਨਾਨਕ ਨੂੰ ਭੋਜਨ ਲਈ ਸਦਿਆ ਪਰ ਨਾਨਕ ਨਾ ਗਿਆ । ਖਤਰੀ ਗੁਸੇ ਹੋ ਗਿਆ ਅਤੇ ਨਾਨਕ ਨੂੰ ਪੁਛਿਆ ਕੇ ਉਹ ਇਕ ਸ਼ੂਦਰ ਦੇ ਘਰ ਭੋਜਨ ਖਾਂਦਾ ਹੈ ਪਰ ਮੇਰੇ ਘਰ ਨਹੀਂ ਕਿਉਂ ? ਤਾਂ ਨਾਨਕ ਨੇ ਭੋਜਨ ਮੰਗਾਇਆ ਅਤੇ ਪਹਿਲਾ ਖਤਰੀ ਦਾ ਭੋਜਨ ਫੜ ਕੇ ਮੁਠੀ ਵਿਚ ਘੁਟਿਆ ਤਾਂ ਉਸ ਵਿਚੋਂ ਖੂਨ ਨਿਕਲਿਆ ਅਤੇ ਜਦ ਲਾਲੋ ਦਾ ਭੋਜਨ ਘੁਟਿਆ ਉਸ ਵਿਚੋਂ ਦੁਧ ਨਿਕਲਿਆ। ਨਾਨਕ ਨੇ ਕਿਹਾ ਕੇ ਤੇਰੀ ਕਮਾਈ ਲੋਕਾਂ ਦਾ ਖੂਨ ਚੂਸ ਕੇ ਕੀਤੀ ਹੋਈ ਹੈ ਇਸ ਲਈ ਮੈਂ ਤੇਰਾ ਭੋਜਨ ਨਹੀਂ ਛਕਿਆ ਸੀ।

ਖਤਰੀ ਨੇ ਗੁਸੇ ਵਿਚ ਰਹਮਤ ਖਾਂ ਨੂੰ ਕਿਹਾ ਕੇ ਨਾਨਕ ਨੂੰ ਆਪਣੇ ਬੇਟੇ ਦੇ ਰੋਗ ਤੋਂ ਮੁਕਤੀ ਦਿਵਾਉਣ ਲਈ ਕਹੋ ਜੇ ਉਸਨੇ ਨਾ ਠੀਕ ਕੀਤਾ ਤਾਂ ਉਸ ਨੂੰ ਸਜ਼ਾ ਦਿਉ। ਰਹਿਮਤ ਖਾਂ ਨੇ ਨਾਨਕ ਅਤੇ ਹੋਰ ਕਈ ਫਕੀਰਾਂ ਨੂੰ ਸਦਿਆ ਅਤੇ ਕਿਹਾ ਕੇ ਮੇਰੇ ਬੇਟੇ ਨੂੰ ਠੀਕ ਕਰੋ ਨਹੀਂ ਮੈਂ ਤੁਹਾਨੂੰ ਸਜ਼ਾ ਦੇਵਾਂਗਾ। ਨਾਨਕ ਨੇ ਇਕ ਸ਼ਬਦ ਉਸ ਦੇ ਬੇਟੇ ਦੇ ਕੰਨ ਵਿਚ ਕਿਹਾ ਤਾਂ ਉਹ ਮਰ ਗਿਆ ਕ੍ਰੋਧ ਵਿਚ ਰਹਿਮਤ ਖਾਂ ਨੇ ਕਿਹਾ ਕੇ ਇਨ੍ਹਾਂ ਸਭ ਨੂੰ ਬੇਟੇ ਨਾਲ ਹੀ ਕਬਰ ਵਿਚ ਦਫਨਾ ਦੇਵੋ। ਨਾਨਕ ਨੂੰ ਇਸ ਗਲ ਤੇ ਗੁਸਾ ਆ ਗਿਆ ਤਾਂ ਉਸਨੇ ਇਕ ਸ਼ਬਦ ਕਹਿ ਕੇ ਆਪਣੀ ਬਾਣੀ ਕਾਬੁਲ ਦੇ ਬਾਦਸ਼ਾਹ ਬਾਬਰ ਕੋਲ ਭੇਜੀ। ਬਾਬਰ ਨੇ ਕਤਲੇਆਮ ਮਚਾ ਦਿਤਾ। ਨਾਨਕ ਨੇ ਲਾਲੋ ਅਤੇ ਗਾਵਾਂ ਨੂੰ ਬਚਾ ਲਿਆ ਬਾਬਰ ਨੇ ਬਹੁਤ ਲੁਟ ਕੀਤੀ। ਨਾਨਕ ਨੇ ਕਿਹਾ ਕੇ ਪਾਪੀਆਂ ਆਦਿ ਨੂੰ ਮਰਵਾਉਣ ਵਿਚ ਕਿਸੇ ਦਾ ਵੀ ਦੋਸ਼ ਨਹੀਂ ਹੁੰਦਾ। ਨਾਨਕ ਨੇ ਕਿਹਾ ਕੇ ਮੈਂ ਜੀਵਾਂ ਨੂੰ ਤਾਰਨ ਲਈ ਅਵਤਾਰ ਲਿਆ ਹੈ। ਮੇਰਾ ਪੁਤਰ ਸ੍ਰੀ ਚੰਦ ਉਦਾਸੀ ਮਤ ਨੂੰ ਚਲਾਵੇਗਾ। ਉਹ ਗੋਰਖ ਨਾਥ ਦਾ ਅਵਤਾਰ ਹੈ। ਇਸ ਤੋਂ ਬਾਅਦ ਨਾਨਕ ਨੇ ਭਗਵੇ ਭੇਖ ਅਤੇ ਵਰਣਾਸ਼੍ਰਮ ਧਰਮ ਦੀ ਵਿਆਖਿਆ ਕੀਤੀ।

ਇਸ ਤੋਂ ਬਾਅਦ ਦੌਲਤ ਖਾਂ ਲੋਧੀ ਨੇ ਨਾਨਕ ਨੂੰ ਯਾਦ ਕੀਤਾ ਤਾਂ ਨਾਨਕ ਦੌਲਤ ਖਾਂ ਕੋਲ ਪਹੁੰਚ ਗਏ। ਉਸ ਨੇ ਦਸਿਆ ਕੇ ਦਿਲੀ ਦੇ ਬਾਦਸ਼ਾਹ ਨੂੰ ਦੋ ਕਰੋੜ ਰੁਪਏ ਦੇਣ ਨਾਲ ਉਸਦਾ ਖਜ਼ਾਨਾ ਖ਼ਾਲੀ ਹੋ ਗਿਆ ਹੈ ਤਾਂ ਨਾਨਕ ਨੇ ਖਜ਼ਾਨਾ ਫਿਰ ਭਰ ਦਿਤਾ ਅਤੇ ਫਿਰ ਏਮਨਾਬਾਅਦ ਲਾਲੋ ਦੇ ਘਰ ਆ ਗਏ।

ਨਾਨਕ ਨੇ ਆਪਣੇ ਸਰੂਪ ਦਾ ਧਿਆਨ ਧਰ ਕੇ ਤਪ ਕੀਤਾ ਅਤੇ ਉਜੜੇ ਹੋਏ ਨਗਰ ਨੂੰ ਫਿਰ ਤੋਂ ਆਬਾਅਦ ਕਰ ਦਿਤਾ। ਮਰਦਾਨੇ ਦੇ ਵਾਪਸ ਆਉਣ ਤੋਂ ਬਾਅਦ ਨਾਨਕ ਫਿਰ ਤਲਵੰਡੀ ਚਲੇ ਗਏ ਜਿਥੇ ਹਰ ਰੋਜ਼ ਪੁਰਾਣਾਂ ਦੀ ਕਥਾ ਕਰਦੇ ਅਤੇ ਲੋਕਾਂ ਨੂੰ ਸਿਧੇ ਰਸਤੇ ਪਾਉਂਦੇ। ਇਸੇ ਸਮੇ ਨਾਨਕ ਅਤੇ ਕਾਲੂ ਕੋਲ ਨਾਰਦ ਆਇਆ ਅਤੇ ਨਾਨਕ ਨਾਲ ਕੁਝ ਗੁਪਤ ਵਾਰਤਾ ਕਰ ਕੇ ਚਲਾ ਗਿਆ।

ਕੁਝ ਸਮੇਂ ਬਾਅਦ ਨਾਨਕ ਫਿਰ ਮਰਦਾਨੇ ਨੂੰ ਨਾਲ ਲੈ ਕੇ ਯਾਤਰਾ ਤੇ ਚਲੇ ਗਏ। ਰਸਤੇ ਵਿਚ ਇਕ ਪਿੰਡ ਤੋਂ ਨਾਨਕ ਨੇ ਭੇਟ ਸਵੀਕਾਰ ਕੀਤੇ ਅਤੇ ਉਨ੍ਹਾਂ ਨੂੰ ਉਪਦੇਸ਼ ਦੇ ਕੇ ਅਗੇ ਚਲੇ ਗਏ। ਇਸ ਤੋਂ ਬਾਅਦ ਨਾਨਕ ਇਕ ਸ਼ੇਖ ਕੋਲ ਗਏ ਜੋ ਕੇ ਨਾਨਕ ਨੂੰ ਲੁਟਨਾ ਚਾਹੁੰਦਾ ਸੀ ਪਰ ਨਾਨਕ ਨੇ ਚਮਤਕਾਰ ਨਾਲ ਉਸ ਨੂੰ ਸਚ ਦਾ ਮਾਰਗ ਦਿਖਾਇਆ ਅਤੇ ਜੋ ਧਨ ਉਸ ਨੇ ਲੋਕਾਂ ਤੋਂ ਲੁਟਿਆ ਸੀ ਉਹ ਲੋਕਾਂ ਨੂੰ ਵਾਪਸ ਦੁਆ ਦਿਤਾ। ਉਸ ਨੂੰ ਅਪਣਾ ਪੈਰੋਕਾਰ ਬਣਾ ਕੇ ਉਪਦੇਸ਼ ਦੇ ਕੇ ਅਗੇ ਭੈਰੋਵਾਲ ਪਿੰਡ ਗਏ। ਭੈਰੋਵਾਲ ਵਿਚ ਇਕ ਤੁਲਸਾ ਨਾਮ ਦਾ ਬਾਣੀਆ ਸੀ ਅਤੇ ਦੇਵੀ ਦਾ ਉਪਾਸਕ ਸੀ ਅਤੇ ਦੇਵੀ ਨੂੰ ਹੀ ਸਭ ਤੋਂ ਵੱਡੀ ਮੰਨਦਾ ਅਤੇ ਦਸਦਾ ਸੀ। ਉਸ ਨੇ ਨਾਨਕ ਨਾਲ ਵੇਦ ਵਿਚਾਰ ਕੀਤੇ ਉਹ ਨਾਨਕ ਨੂੰ ਹਰਾਉਣਾ ਚਾਹੁੰਦਾ ਸੀ ਪਰ ਨਾਨਕ ਉਸ ਨੂੰ ਸਿਧੇ ਰਸਤੇ ਤੇ ਲੈ ਆਇਆ। ਫਿਰ ਉਸ ਬਾਣੀਏ ਨੇ ਮੁਆਫੀ ਮੰਗੀ। ਨਾਨਕ ਫਿਰ ਤਲਵੰਡੀ ਆਇਆ ਅਤੇ ਇਕ ਮਹੀਨਾ ਉਥੇ ਰਹੇ। ਸਭ ਤੋਂ ਵਿਦਾ ਲੇ ਕੇ ਅਤੇ ਉਪਦੇਸ਼ ਦੇ ਕੇ ਨਾਨਕ ਅਲੋਪ ਹੋ ਗਏ ਅਤੇ ਕੁਰੂਕਸ਼ੇਤਰ ਵਿਚ ਪ੍ਰਗਟ ਹੋਏ ਜਿਥੇ ਕੇ ਸੂਰਜ ਗ੍ਰਹਿਣ ਦਾ ਮੇਲਾ ਲਗਦਾ ਹੈ। ਇਥੇ ਨਾਨਕ ਦੀ ਭੇਟ ਇਕ ਦੱਤਦਿਗੰਬਰ ਸਾਧੂ ਨਾਲ ਹੋਈ। ਜਿਸ ਨੂੰ ਲੋਕ ਮਾਰਨ ਲਈ ਆ ਰਹੇ ਸਨ ਕਿਉਂਕਿ ਉਨ੍ਹਾਂ ਨੂੰ ਸ਼ਕ ਸੀ ਕਿ ਉਹ ਸਾਧੂ ਮਾਸ ਖਾਂਦਾ ਹੈ। ਨਾਨਕ ਨੇ ਉਸ ਦੀ ਰਖਿਆ ਕੀਤੀ ਅਤੇ ਲੋਕਾਂ ਨੂੰ ਉਪਦੇਸ਼ ਦੇ ਕੇ ਸਮਝਾਇਆ।

ਇਥੋਂ ਤਲਵੰਡੀ ਹੁੰਦੇ ਹੋਏ ਬਾਲਾ ਅਤੇ ਮਰਦਾਨੇ ਨੂੰ ਨਾਲ ਲੈ ਕੇ ਦਿਲੀ ਗਏ ਕਿਉਂਕਿ ਉਥੇ ਇਕ ਬ੍ਰਾਹਮਣ ਦਾ ਹਾਥੀ ਮਰਨ ਕਰ ਕੇ ਬਾਦਸ਼ਾਹ ਨੇ ਹਾਥੀ ਨੂੰ ਜੀਵਾਉਣ ਲਈ ਬਹੁਤ ਸਾਰੇ ਸਾਧੂਆਂ ਨੂੰ ਬੰਦੀ ਬਣਾਇਆ ਹੋਇਆ ਸੀ। ਉਥੇ ਜਾ ਕੇ ਨਾਨਕ ਨੇ ਅਨੇਕਾਂ ਚਮਤਕਾਰ ਕੀਤੇ ਅਤੇ ਇਬ੍ਰਾਹਿਮ ਖਾਂ ਲੋਧੀ ਨੂੰ ਹੈਰਾਨ ਕਰ ਦਿਤਾ। ਉਸਨੇ ਨਾਨਕ ਅਤੇ ਹੋਰ ਸਾਧੂਆਂ ਨੂੰ ਤੰਗ ਕਰਨ ਲਈ ਮੁਆਫੀ ਮੰਗੀ। ਉਥੋਂ ਨਾਨਕ ਆਪਣੇ ਦੋਵਾਂ ਸਾਥੀਆਂ ਨਾਲ ਇਹ ਭਵਿਖਵਾਣੀ ਕਰ ਕੇ ਚਲੇ ਗਏ ਕਿ ਇਸ ਦਾ ਰਾਜ ਸੱਤ ਮਹੀਨੇ ਅਤੇ

ਸੱਤ ਦਿਨ ਤੋਂ ਜ਼ਿਆਦਾ ਨਹੀਂ ਚਲੇਗਾ। ਠੀਕ ਸਮੇਂ ਤੇ ਬਾਬਰ ਸੈਨਾ ਲੈ ਕੇ ਆ ਗਿਆ ਅਤੇ ਦੌਲਤ ਖਾਂ ਲੋਧੀ ਨੂੰ ਹਰਾ ਕੇ ਸੁਲਤਾਨ ਪੁਰ ਤੇ ਅਧਿਕਾਰ ਕਰ ਕੇ ਫਿਰ ਦਿਲੀ ਵਲ ਚੜਾਈ ਕਰ ਦਿਤੀ। ਪਾਨੀਪਤ ਵਿਚ ਇਬ੍ਰਾਹਿਮ ਅਤੇ ਬਾਬਰ ਦੀਆਂ ਸੈਨਾ ਵਿਚ ਭਾਰੀ ਯੁਧ ਹੋਇਆ ਅਤੇ ਸੱਤਵੇਂ ਦਿਨ ਬਾਬਰ ਨੇ ਇਬ੍ਰਾਹਿਮ ਨੂੰ ਹਰਾ ਕੇ ਦਿਲੀ ਤੇ ਅਧਿਕਾਰ ਕਰ ਲਿਆ।

ਇਥੋਂ ਚਲ ਕੇ ਨਾਨਕ ਭੈਰੋਵਾਲ ਗਏ ਅਤੇ ਉਥੇ ਇਕ ਸ਼ਬਦ ਨਾਲ ਇਕ ਸਾਧੂ ਦਾ ਕੋਹੜ ਦਾ ਰੋਗ ਦੂਰ ਕੀਤਾ। ਇਥੇ ਹੀ ਇਕ ਬ੍ਰਾਹਮਣ ਦੇ ਸ਼ੰਕੇ ਵੀ ਦੂਰ ਕੀਤੇ। ਫਿਰ ਨਾਨਕ ਕਿੜੀਪਠਾਨ ਗਏ। ਉਥੇ ਲੋਕ ਨਾਨਕ ਦਾ ਮਜ਼ਾਕ ਉਡਾਉਣ ਲਗੇ ਤਾਂ ਨਾਨਕ ਨੇ ਉਨ੍ਹਾਂ ਦੀ ਜ਼ੁਬਾਨ ਰੋਕ ਦਿਤੀ ਅਤੇ ਉਨ੍ਹਾਂ ਦੁਆਰਾ ਮੁਆਫੀ ਮੰਗਣ ਤੋਂ ਬਾਅਦ ਨਾਨਕ ਨੇ ਸਭ ਨੂੰ ਠੀਕ ਕਰਕੇ ਆਪਣੇ ਪੇਰੋਕਾਰ ਬਣਾਇਆ।

ਇਥੋਂ ਨਾਨਕ ਅਚੱਲ ਬਟਾਲੇ ਵਾਲੇ ਪਾਸੇ ਗਏ। ਰਸਤੇ ਵਿਚ ਸੈਦਪੁਰ ਵਿਚ ਕੁਝ ਸਾਧੂ ਮਿਲੇ ਜੋ ਕਿ ਭੁਖੇ ਸਨ। ਨਾਨਕ ਨੇ ਬਾਲੇ ਅਤੇ ਮਰਦਾਨੇ ਨੂੰ ਉਨ੍ਹਾਂ ਲਈ ਭੋਜਨ ਲੈਣ ਲਈ ਭੇਜਿਆ। ਪਰ ਕਿਸੇ ਨੇ ਵੀ ਉਨ੍ਹਾਂ ਨੂੰ ਭੋਜਨ ਨਾ ਦਿਤਾ ਤਾਂ ਨਾਨਕ ਨੂੰ ਗੁਸਾ ਆ ਗਿਆ ਅਤੇ ਇਕ ਸ਼ਬਦ ਉਚਾਰਨ ਕੀਤਾ ਤਾਂ ਬਾਬਰ ਸੈਨਾ ਲੈ ਕੇ ਸੈਦਪੁਰ ਆ ਗਿਆ ਅਤੇ ਨਗਰ ਨੂੰ ਨਸ਼ਟ ਕਰ ਦਿਤਾ। ਸਿਰਫ ਇਕ ਬ੍ਰਾਹਮਣ ਹੀ ਬਚਿਆ ਜੋ ਕਿ ਡਰ ਕਾਰਣ ਭੋਜਨ ਲੈ ਆਇਆ ਸੀ। ਬਾਬਰ ਨਾਨਕ ਨੂੰ ਵੀ ਫੜ ਕੇ ਲੈ ਗਿਆ। ਜਦ ਨਾਨਕ ਨੇ ਬਾਬਰ ਨੂੰ ਅਨੇਕਾਂ ਚਮਤਕਾਰ ਦਿਖਾਏ ਤਾਂ ਬਾਬਰ ਨੇ ਨਾਨਕ ਦੇ ਕਹਿਣ ਤੇ ਸਾਰੇ ਬੰਦੀਆਂ ਨੂੰ ਛਡ ਦਿਤਾ। ਨਾਨਕ ਨੇ ਬਾਬਰ ਨੂੰ ਵਰ ਦਿਤਾ ਕੇ ਤੇਰਾ ਰਾਜ ਪੀੜ੍ਹੀ-ਦਰ-ਪੀੜ੍ਹੀ ਚਲੇਗਾ। ਫਿਰ ਸੈਦਪੁਰ ਵਾਪਸ ਆ ਗਏ। ਨਾਨਕ ਨੇ ਉਥੋਂ ਦੇ ਲੋਕਾਂ ਦੀ ਮਦਦ ਕੀਤੀ ਅਤੇ ਉਨ੍ਹਾਂ ਨੂੰ ਉਪਦੇਸ਼ ਦਿਤਾ ਅਤੇ ਉਥੋਂ ਚਲ ਕੇ ਮਿੱਠੇ ਦੇ ਕੋਟਲੇ ਆ ਗਏ। ਉਥੇ ਆਪ ਸ਼ੇਖ ਮਿਠੇ ਨੂੰ ਮਿਲੇ ਜਿਸਨੂੰ ਆਪਣੀ ਸ਼ਕਤੀ ‘ਤੇ ਬਹੁਤ ਅੰਹਕਾਰ ਸੀ। ਨਾਨਕ ਨੇ ਸਾਰੀ ਸ਼ਕਤੀ ਸਾਹ ਨਾਲ ਆਪਣੇ ਵਿਚ ਖਿਚ ਲਈ। ਸ਼ੇਖ ਮਿਠੇ ਨੂੰ ਉਪਦੇਸ਼ ਦਿਤਾ ਅਤੇ ਚਮਤਕਾਰ ਦਿਖਾਏ। ਉਹ ਨਾਨਕ ਦਾ ਪੈਰੋਕਾਰ ਬਣ ਗਿਆ।

ਫਿਰ ਨਾਨਕ ਲਾਹੌਰ ਗਏ। ਉਥੇ ਦੁਨੀਚੰਦ ਖਤਰੀ ਨੂੰ ਉਪਦੇਸ਼ ਦਿਤਾ ਅਤੇ ਉਸ ਦੇ ਪਾਪ ਨਾਲ ਕਮਾਇਆ ਸਾਰਾ ਧਨ ਦਾਨ ਕਰਵਾ ਦਿਤਾ ਅਤੇ ਉਸ ਦੇ ਮਰੇ ਹੋਏ ਬਾਪ ਜੋ ਕਿ ਗਿਦੜ ਦੀ ਜੂਨ ਵਿਚ ਸੀ ਉਸਦਾ ਉਦਾਰ ਕੀਤਾ। ਇਥੋਂ ਫਿਰ ਨਾਨਕ ਆਪਣੇ ਘਰ ਆ ਗਏ। ਘਰ ਆ ਕੇ ਨਾਨਕ ਨੇ ਲੋਕਾਂ ਨੂੰ ਅਨੇਕਾਂ

ਚਮਤਕਾਰ ਦਿਖਾਏ ਅਤੇ ਉਪਦੇਸ਼ ਦਿਤਾ। ਇਥੇ ਬਹੁਤ ਸਾਰੇ ਲੋਕਾਂ ਨੂੰ ਅਪਣਾ ਪੈਰੋਕਾਰ ਬਣਾਇਆ। ਇਥੋਂ ਫਿਰ ਆਪ ਲਾਹੌਰ ਗਏ ਅਤੇ ਉਥੇ ਇਕ ਖਤਰੀ ਨੇ ਨਾਨਕ ਨੂੰ ਮਾਇਆ ਦਿਖਾਉਣ ਲਈ ਕਿਹਾ ਤਾਂ ਨਾਨਕ ਨੇ ਮਾਇਆ ਦਾ ਚਮਤਕਾਰ ਦਿਖਾਇਆ।

ਇਥੋਂ ਫਿਰ ਨਾਨਕ ਲਾਲੋ ਕੋਲ ਗਏ ਅਤੇ ਉਸ ਨੂੰ ਜਪੁਜੀ ਦਾ ਮਹਤਵ ਦਸਿਆ। ਇਸ ਤੋਂ ਬਾਅਦ ਸੀਹਾ ਗਏ ਅਤੇ ਉਥੇ ਜਵਾਲਾਦੇਵੀ ਆਪ ਦੀ ਸੇਵਾ ਕਰਨ ਲਗੀ। ਇਥੇ ਹੀ ਭਗੀਰਥ ਵੀ ਨਾਨਕ ਦਾ ਪੈਰੋਕਾਰ ਬਣ ਗਿਆ। ਨਾਨਕ ਫਿਰ ਤਲਵੰਡੀ ਚਲੇ ਗਏ। ਉਥੇ ਆਪ ਨੇ ਇਕ ਤਾਲਾਬ ਬਣਾਇਆ ਜਿਥੇ ਲੋਕ ਇਸ਼ਨਾਨ ਕਰ ਕੇ ਪਾਪ ਮੁਕਤ ਹੋ ਜਾਂਦੇ। ਇਥੇ ਸਪਤ ਰਿਸ਼ੀ , ਨਾਰਦ, ਪਰਾਸ਼ਰ ਅਤੇ ਅਨੇਕਾਂ ਹੀ ਦੇਵਤੇ ਨਾਨਕ ਦੇ ਦਰਸ਼ਨ ਕਰਨ ਆਏ। ਵਸ਼ਿਸ਼ਟ ਨੇ ਦੇਵਤਿਆ ਨੂੰ ਦਸਿਆ ਕਿ ਇਹ ਤਾਲਾਬ ਚਯਵਨ ਰਿਸ਼ੀ ਦੇ ਸਥਾਨ ਤੇ ਬਣਿਆ ਹੈ ਅਤੇ ਇਥੇ ਰਾਮ ਨੇ ਤੀਰ ਮਾਰ ਕੇ ਪਾਤਾਲ ਤੋਂ ਜਲ ਕਢਿਆ ਸੀ। ਨਾਨਕ ਅਤੇ ਰਿਸ਼ੀਆਂ ਵਿਚ ਕਾਫੀ ਲੰਮਾ ਵਾਰਤਾਲਾਪ ਹੋਇਆ।

ਇਥੋਂ ਨਾਨਕ ਸ਼ਾਹਦਰਾ ਗਏ। ਇਥੇ ਇਕ ਖਤਰੀ ਅਤੇ ਇਕ ਕਾਜ਼ੀ ਨੂੰ ਉਪਦੇਸ਼ ਦੇ ਕੇ ਉਨ੍ਹਾਂ ਨੂੰ ਆਪਣੇ ਪੈਰੋਕਾਰ ਬਣਾਇਆ। ਫਿਰ ਉਹ ਬਟਾਲੇ ਗਏ ਤਾਂ ਮੂਲਚੰਦ ਲੁਕ ਗਿਆ। ਨਾਨਕ ਨੇ ਸਰਾਪ ਦੇ ਕੇ ਉਸ ਨੂੰ ਮਾਰ ਦਿਤਾ ਅਤੇ ਅਜਿਤੇ ਰੰਧਾਵੇ ਨੂੰ ਉਪਦੇਸ਼ ਦੇ ਕੇ ਅਪਣਾ ਪੈਰੋਕਾਰ ਬਣਾਇਆ।

ਇਸ ਤੋਂ ਬਾਅਦ ਨਾਨਕ ਨੇ ਬਾਲੇ ਅਤੇ ਮਰਦਾਨੇ ਨੂੰ ਨਾਲ ਲੈ ਕੇ ਅਚਲ ਤੀਰਥ ਦੀ ਯਾਤਰਾ ਕੀਤੀ। ਇਥੇ ਆਪ ਨੇ ਬਿਨਾਂ ਸਰੀਰ ਨੂੰ ਕਸ਼ਟ ਦਿਤੇ ਤਪ ਕੀਤਾ ਅਤੇ ਲੋਕਾਂ ਨੂੰ ਵੀ ਬਿਨਾਂ ਕਸ਼ਟ ਤਪ ਕਰਨ ਲਈ ਕਿਹਾ ਅਤੇ ਇਥੇ ਬਹੁਤ ਸਾਰੇ ਲੋਕਾਂ ਨੂੰ ਅਪਣਾ ਪੈਰੋਕਾਰ ਬਣਾ ਲਿਆ। ਇਥੇ ਨਾਨਕ ਨੇ ਅਨੇਕਾਂ ਰੂਪ ਧਾਰਨ ਕਰ ਕੇ ਆਪਣੇ ਭਗਤਾਂ ਦੀ ਸੇਵਾ ਕੀਤੀ। ਨਾਨਕ ਦੇ ਤਪ ਕਰ ਕੇ ਅਨੇਕਾਂ ਚਮਤਕਾਰੀ ਘਟਨਾਵਾਂ ਹੋਈਆਂ। ਗੋਰਖ ਨਾਥ ਅਤੇ ਸਿਧਾਂ ਨੇ ਨਾਨਕ ਦੇ ਦਰਸ਼ਨ ਕੀਤੇ ਅਤੇ ਕਾਫੀ ਵਾਰਤਾਲਾਪ ਵੀ ਕੀਤੇ। ਗੋਰਖ ਨਾਥ ਨੂੰ ਨਾਨਕ ਨੇ ਆਪਣੇ ਚਮਤਕਾਰਾਂ ਨਾਲ ਹੈਰਾਨ ਕਰ ਦਿਤਾ ਤਾਂ ਗੋਰਖ ਨਾਥ ਨੇ ਨਾਨਕ ਤੋਂ ਮੁਆਫੀ ਮੰਗੀ। ਨਾਨਕ ਨੇ ਗੋਰਖ ਨਾਥ ਨੂੰ ਕਿਹਾ ਕੇ ਉਹ ਉਦੋਂ ਤਕ ਸਤਲੁਜ ਅਤੇ ਬਿਆਸ ਦੇ ਵਿਚਕਾਰ ਦੇ ਸਥਾਨ ਤੇ ਜਾ ਕੇ ਰਹੇ ਜਦੋਂ ਤਕ ਕਿ ਮੈਂ (ਨਾਨਕ) ਬਾਬਾ ਗੁਰਦਿਤਾ ਦੇ ਰੂਪ ਵਿਚ ਅਵਤਾਰ ਨਾ ਲੈ ਲਵਾਂ ਅਤੇ ਗੋਰਖ ਨਾਥ ਚਲਾ ਗਿਆ।

ਇਥੋਂ ਨਾਨਕ ਬੀਕਾਨੇਰ ਗਏ। ਉਥੇ ਆਕਾਲ ਪਿਆ ਹੋਇਆ ਸੀ। ਨਾਨਕ ਦੇ ਚਮਤਕਾਰ ਨਾਲ ਉਥੋਂ ਦਾ ਆਕਾਲ ਦੂਰ ਹੋ ਗਿਆ ਅਤੇ ਫਿਰ ਗੁਜਰਾਤ ਚਲੇ ਗਏ। ਉਥੇ ਜੈਨੀਆਂ ਨਾਲ ਵਾਰਤਾਲਾਪ ਕਰ ਕੇ ਉਨ੍ਹਾਂ ਦਾ ਮਨ ਭਗਵਾਨ ਦੀ ਭਗਤੀ ਵਿਚ ਲਗਾ ਦਿਤਾ ਅਤੇ ਅਨੇਕਾਂ ਚਮਤਕਾਰ ਵੀ ਦਿਖਾਏ। ਪੁਸ਼ਕਰ ਦੇ ਸਥਾਨ ਤੇ ਇਸ਼ਨਾਨ ਕਰ ਕੇ ਨਾਨਕ ਫਿਰ ਜੈਪੁਰ ਆ ਗਏ ਉਥੇ ਵੀ ਆਪ ਨੇ ਅਨੇਕਾਂ ਚਮਤਕਾਰ ਦਿਖਾਏ ਅਤੇ ਲੋਕਾਂ ਦੇ ਦੁਖ ਦੂਰ ਕੀਤੇ। ਇਥੋਂ ਫਿਰ ਉਜੈਨ ਗਏ ਉਥੇ ਲੋਕਾਂ ਨੂੰ ਉਪਦੇਸ਼ ਦਿਤਾ , ਦਾਨ ਕੀਤਾ, ਇਕ ਅੰਨੇ ਨੂੰ ਦੋ ਅੱਖਾਂ ਦਿਤੀਆਂ ਅਤੇ ਇਕ ਕੋਹੜੀ ਨੂੰ ਰੋਗ ਮੁਕਤ ਕੀਤਾ। ਇਥੇ ਹੀ ਇਕ ਰਾਖਸ਼ ਦਾ ਉਦਾਰ ਕੀਤਾ ਅਤੇ ਸ਼ਿਕਾਰ ਨੂੰ ਸਚ ਦਾ ਮਾਰਗ ਦਸਿਆ।

ਇਸ ਤੋਂ ਬਾਅਦ ਨਾਨਕ ਚਾਂਗਦੇਵ ਦੇ ਮੇਲੇ ਤੇ ਗਏ ਇਥੇ ਜੰਗਮ ਅਤੇ ਦੋ ਬ੍ਰਾਹਮਣਾਂ ਦੇ ਪ੍ਰਸ਼ਨਾਂ ਦਾ ਉਤਰ ਦੇ ਕੇ ਉਨ੍ਹਾਂ ਨੂੰ ਸੰਤੁਸ਼ਟ ਕੀਤਾ। ਇਥੋਂ ਨਾਨਕ ਚਤੁਰ ਸੁਰੰਗੀ ਨੂੰ ਦਰਸ਼ਨ ਦੇ ਕੇ ਪੰਚਵਟੀ ਗਏ। ਇਥੇ ਅਨੇਕਾਂ ਰਿਸ਼ੀਆਂ ਨੇ ਨਾਨਕ ਦਾ ਉਠਕੇ ਸਵਾਗਤ ਕੀਤਾ ਅਤੇ ਆਪਣੇ ਪ੍ਰਸ਼ਨਾਂ ਦੇ ਉਤਰ ਸੁਣ ਕੇ ਅਪਣਾ ਅਗਿਆਨ ਦੂਰ ਕੀਤਾ। ਇਥੇ ਹੀ ਨਾਨਕ ਨੇ ਹਿੰਦੂ ਅਤੇ ਮੁਸਲਮਾਨਾਂ ਨੂੰ ਰਾਮ ਰਹੀਮ ਦੀ ਏਕਤਾ ਦਾ ਉਪਦੇਸ਼ ਦਿਤਾ। ਇਥੇ ਹੀ ਗੋਰਖ ਨਾਥ ਅਤੇ ਸਿਧਾਂ ਨਾਲ ਵੀ ਭੇਟ ਹੋਈ ਅਤੇ ਉਨ੍ਹਾਂ ਨੇ ਕੁਝ ਚਮਤਕਾਰ ਵੀ ਦਿਖਾਏ।

ਇਥੋਂ ਚਲ ਕੇ ਨਾਨਕ ਪੰਡਰ ਪੁਰ ਪਹੁੰਚੇ। ਇਥੇ ਦੋ ਸਾਧੂਆਂ ਨਾਲ ਧਰਮ ਸੰਬੰਧੀ ਸੰਬਾਅਦ ਹੋਇਆ। ਨਾਨਕ ਨੇ ਉਥੋਂ ਦੇ ਲੋਕਾਂ ਨੂੰ ਪਾਣੀ ਦੀ ਕਮੀ ਕਰ ਕੇ ਚਮਤਕਾਰ ਨਾਲ ਪਾਣੀ ਪੈਦਾ ਕੀਤਾ। ਫਿਰ ਗੋਰਖ ਨਾਥ ਆਦਿ ਦੇ ਯਾਦ ਕਰਨ ਕਰ ਕੇ ਉਨ੍ਹਾਂ ਨੂੰ ਮਾਨਸਰੋਵਰ ਜਾ ਕੇ ਨਾਨਕ ਨੇ ਦਰਸ਼ਨ ਦਿਤੇ ਅਤੇ ਉਥੋਂ ਬਾਲੇ ਅਤੇ ਮਰਦਾਨੇ ਨੂੰ ਨਾਲ ਲੈ ਕੇ ਸੁਮੇਰ ਪਰਬਤ ਦੀ ਯਾਤਰਾ ਕੀਤੀ। ਇਥੋਂ ਬੈਕੁੰਠ ਹੁੰਦੇ ਹੋਏ ਸੁਰਪੁਰੂ ਜਾ ਕੇ ਨਾਨਕ ਕੇ ਸੰਤਾਂ ਨੂੰ ਦਰਸ਼ਨ ਦਿਤੇ ਅਤੇ ਖੁਦ ਕਾਂਮਖਿਆ ਦੇਵੀ ਦੇ ਦਰਸ਼ਨ ਕਰ ਕੇ ਪੂਰਬ ਦਿਸ਼ਾ ਵੱਲ ਤੋਂ ਪੰਡਰਪੁਰ ਪਹੁੰਚੇ। ਉਹ ਥਾਂ ਥਾਂ ਤੇ ਲੋਕਾਂ ਲਈ ਸੰਗਤਾਂ ਬਣਾ ਕੇ ਲੋਕਾਂ ਦਾ ਭਲਾ ਕਰਦੇ ਰਹੇ। ਫਿਰ ਬਿਦਰ ਨਗਰ ਵਿਚ ਗਏ। ਉਥੋਂ ਹਾਜ਼ੀਆਂ ਨਾਲ ਮਿਲ ਕੇ ਮੱਕੇ ਦੀ ਯਾਤਰਾ ਤੇ ਨਿਕਲ ਗਏ।

ਨਾਨਕ ਬਾਲੇ ਅਤੇ ਮਰਦਾਨੇ ਨੂੰ ਨਾਲ ਲੈ ਹਾਜ਼ੀਆਂ ਤੋਂ ਪਹਿਲਾਂ ਹੀ ਸ਼ਕਤੀ ਨਾਲ ਮੱਕੇ ਪਹੁੰਚ ਗਏ। ਮੱਕੇ ਤੋਂ ਬਾਹਰ ਨਾਨਕ ਇਕ ਮਸਜਿਦ ਦੇ ਬਾਹਰ ਸੌਂ ਗਏ ਅਤੇ ਉਨ੍ਹਾਂ ਦੇ ਪੈਰ ਖ਼ੁਦਾ ਦੇ ਘਰ ਵਲ

ਸੀ। ਇਕ ਵਿਅਕਤੀ ਨੇ ਗੁਸੇ ਹੋ ਕੇ ਨਾਨਕ ਨੂੰ ਪੈਰ ਦੂਸਰੇ ਪਾਸੇ ਕਰਨ ਨੂੰ ਕਿਹਾ ਤਾਂ ਨਾਨਕ ਨੇ ਕਿਹਾ ਜਿਸ ਪਾਸੇ ਖ਼ੁਦਾ ਦਾ ਘਰ ਨਹੀਂ ਮੇਰੇ ਪੈਰ ਉਸ ਪਾਸੇ ਕਰ ਦਵੇ । ਉਸ ਨੇ ਨਾਨਕ ਦੇ ਪੈਰ ਇਕ ਪਾਸੇ ਕਰ ਦਿਤੇ ਤਾਂ ਖ਼ੁਦਾ ਦਾ ਘਰ ਵੀ ਉਸੇ ਪਾਸੇ ਨੂੰ ਘੁੰਮ ਗਿਆ। ਇਥੇ ਨਾਨਕ ਨੇ ਅਨੇਕਾਂ ਚਮਤਕਾਰ ਕਰ ਕੇ ਮੁਸਲਮਾਨਾਂ ਨੂੰ ਹੈਰਾਨ ਕਰ ਦਿਤਾ। ਹਾਜ਼ੀਆਂ , ਮੁੱਲਾਂ ਅਤੇ ਈਮਾਮਾਂ ਨੇ ਨਾਨਕ ਨੂੰ ਅਨੇਕਾਂ ਕਸ਼ਟ ਦੇ ਕੇ ਮੁਸਲਮਾਨ ਬਣਾਉਣ ਦਾ ਯਤਨ ਕੀਤਾ ਪਰ ਨਾਨਕ ਨੇ ਆਪਣੀ ਸ਼ਕਤੀ ਨਾਲ ਉਨ੍ਹਾਂ ਨੂੰ ਹਰਾ ਦਿਤਾ। ਇਥੇ ਹੀ ਹਮੀਦ ਕਾਰੂੰ ਨੂੰ ਆਪਣੀ ਸ਼ਕਤੀ ਦਿਖਾ ਕੇ ਅਤੇ ਉਪਦੇਸ਼ ਦੇ ਕੇ ਉਸ ਨੂੰ ਅਪਣਾ ਪੈਰੋਕਾਰ ਬਣਾਇਆ।

ਮੱਕੇ ਤੋਂ ਨਾਨਕ ਆਪਣੇ ਦੋਨਾਂ ਸੇਵਕਾਂ ਨਾਲ ਮਦੀਨੇ ਪਹੁੰਚੇ। ਇਥੇ ਵੀ ਮੁਸਲਮਾਨਾਂ ਦੇ ਆਗੂਆਂ ਨੇ ਨਾਨਕ ਨੂੰ ਮੁਸਲਮਾਨ ਬਣਾਉਣ ਦਾ ਯਤਨ ਕੀਤਾ ਪਰ ਸਭ ਨੂੰ ਹਾਰ ਮੰਨਣੀ ਪਈ। ਇਸੇ ਸਮੇਂ ਦੌਰਾਨ ਨਾਨਕੀ ਨੇ ਯਾਦ ਕੀਤਾ ਤਾਂ ਨਾਨਕ ਨੇ ਤੁਰੰਤ ਸੁਲਤਾਨਪੁਰ ਜਾ ਕੇ ਉਸ ਨੂੰ ਦਰਸ਼ਨ ਦਿਤੇ ਅਤੇ ਫਿਰ ਮਦੀਨੇ ਆ ਗਏ।

ਮਦੀਨੇ ਤੋਂ ਮੁੱਲਾਂ ਅਤੇ ਇਮਾਮਾਂ ਨੂੰ ਨਾਲ ਲੈ ਕੇ ਸਵਰਗ ਅਤੇ ਪਾਤਾਲ ਲੋਕ ਦੀ ਯਾਤਰਾ ਕੀਤੀ। ਸਾਰੇ ਲੋਕਾਂ ਨੇ ਨਾਨਕ ਨੂੰ ਭਗਵਾਨ ਕਹਿ ਕੇ ਸਵਾਗਤ ਕੀਤਾ। ਨਾਨਕ ਦੀ ਸ਼ਕਤੀ ਦੇਖ ਕੇ ਸਾਥੀ ਨਾਨਕ ਨੂੰ ਖ਼ੁਦਾ ਮੰਨਣ ਲਗ ਗਏ। ਮਦੀਨਾ ਵਾਪਸ ਆ ਕੇ ਉਨ੍ਹਾਂ ਨੇ ਨਾਨਕ ਨਾਲ ਕੀਤੀ ਗਈ ਸਵਰਗ ਦੀ ਯਾਤਰਾ ਬਾਰੇ ਮੁਸਲਮਾਨਾਂ ਨੂੰ ਦਸਿਆ। ਸਾਰੇ ਮੁਸਲਮਾਨਾਂ ਨੇ ਨਾਨਕ ਤੋਂ ਮੁਆਫੀ ਮੰਗੀ ਅਤੇ ਸਾਰੇ ਹੀ ਨਾਨਕ ਦੇ ਪੈਰੋਕਾਰ ਬਣ ਗਏ। ਪੀਰ ਬਹਾਉਦੀਨ , ਰੁਕਨਦੀਨ ਆਦਿ ਨੂੰ ਉਪਦੇਸ਼ ਦੇ ਕੇ ਅਤੇ ਸਚ ਦਾ ਮਾਰਗ ਦਸ ਕੇ ਨਾਨਕ ਸੁਲਤਾਨਪੁਰ ਵਾਪਸ ਆ ਗਏ।

ਕੁਝ ਸਮੇਂ ਬਾਅਦ ਨਾਨਕ ਬਾਲੇ ਅਤੇ ਮਰਦਾਨੇ ਨੂੰ ਨਾਲ ਲੈ ਕੇ ਸਚੁਖੰਡ ਦੀ ਯਾਤਰਾ ਤੇ ਗਏ। ਸੂਖਮ ਸਰੀਰ ਧਾਰਣ ਕਰ ਕੇ ਤਿੰਨੇ ਅਨੇਕਾਂ ਪਰਬਤਾਂ ਨੂੰ ਲੰਘਦੇ ਹੋਏ ਸੁਮੇਰ ਪਰਬਤ ਤੇ ਪਹੁੰਚੇ। ਇਥੇ ਨਾਨਕ ਦੀ ਭੇਟ ਗੋਰਖ ਨਾਥ ਅਤੇ ਸਿਧਾਂ ਨਾਲ ਹੋਈ। ਉਨ੍ਹਾਂ ਨੇ ਅਨੇਕਾਂ ਚਮਤਕਾਰਾਂ ਨਾਲ ਨਾਨਕ ਨੂੰ ਅਪਣਾ ਮੁਰੀਦ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਸਭ ਨਾਨਕ ਤੋਂ ਹਾਰ ਗਏ ਅਤੇ ਉਨ੍ਹਾਂ ਨੇ ਨਾਨਕ ਤੋਂ ਮੁਆਫੀ ਮੰਗੀ। ਸਚੁਖੰਡ ਦੇ ਰਸਤੇ ਵਿਚ ਨਾਨਕ ਨੂੰ ਧ੍ਰੂ ਭਗਤ , ਦੱਤ ਆਦਿ ਅਨੇਕਾਂ ਰਿਸ਼ੀ ਮਿਲੇ। ਨਾਨਕ ਨੇ ਉਨ੍ਹਾਂ ਨੂੰ ਉਪਦੇਸ਼ ਦਿਤਾ ਅਤੇ ਉਨ੍ਹਾਂ ਦੇ ਪ੍ਰਸ਼ਨਾਂ ਦੇ ਉਤਰ ਦਿਤੇ। ਮਰਦਾਨੇ ਨੂੰ ਸੁਮੇਰ ਪਰਬਤ ਤੇ ਛਡ

ਕੇ ਉਹ ਵਿਸ਼ਣੂ ਲੋਕ ਵਿਚ ਗਏ। ਉਥੇ ਵਿਸ਼ਣੂ ਨੂੰ ਮਿਲ ਕੇ ਅਤੇ ਆਪਣੀ ਪੂਜਾ ਕਰਵਾਕੇ ਬਾਲੇ ਨੂੰ ਉਥੇ ਛਡ ਕੇ ਆਪ ਅਗੇ ਗਏ। ਅਨੇਕਾਂ ਲੋਕਾਂ ਨੂੰ ਪਾਰ ਕਰ ਕੇ ਉਹ ਅੰਤ ਵਿਚ ਮਹਾਂਵਿਸ਼ਣੂ ਦੇ ਸ਼ੂਨੰਯ ਲੋਕ ਵਿਚ ਗਏ। ਉਥੇ ਸੁੰਦਰੀਆਂ ਨੇ ਨਾਨਕ ਨੂੰ ਆਪਣੇ ਪ੍ਰੇਮ ਜਾਲ ਵਿਚ ਫਸਾਕੇ ਸਚੁਖੰਡ ਵਿਚ ਜਾਣ ਤੋਂ ਰੋਕਣਾ ਚਾਹਿਆ। ਪਰ ਨਾਨਕ ਨੂੰ ਅਡੋਲ ਦੇਖ ਹਰਿਸ਼ਕਤੀ ਨੇ ਨਾਨਕ ਨੂੰ ਸਚੁਖੰਡ ਵਿਚ ਪ੍ਰਵੇਸ਼ ਕਰਨ ਦਿਤਾ। ਨੌਂ ਦਰਵਾਜਿਆਂ ਨੂੰ ਪਾਰ ਕਰਨ ਉਪਰੰਤ ਨਾਨਕ ਨੇ ਦਸਵੇਂ ਦਰਵਾਜੇ ਵਿਚ ਪ੍ਰਵੇਸ਼ ਕਰ ਕੇ ਭਗਵਾਨ ਦੇ ਦਰਸ਼ਨ ਕੀਤੇ। ਭਗਵਾਨ ਦੀ ਪ੍ਰਾਰਥਨਾ ਕਰ ਕੇ ਨਾਨਕ ਬਾਲੇ ਅਤੇ ਮਰਦਾਨੇ ਨੂੰ ਨਾਲ ਲੈ ਕੇ ਫਿਰ ਮਾਤ ਲੋਕ ਤੇ ਆ ਗਿਆ।

ਕੁਝ ਸਮਾਂ ਘਰ ਰਹਿ ਕੇ ਫਿਰ ਰਾਮੇਸ਼ਵਰ ਦੀ ਯਾਤਰਾ ਤੇ ਨਿਕਲ ਗਏ। ਸਬ ਤੋਂ ਪਹਿਲਾਂ ਕਾਲਕਾ ਪਰਬਤ ਤੇ ਗਏ ਅਤੇ ਲੋਕਾਂ ਨੂੰ ਉਪਦੇਸ਼ ਦੇ ਕੇ ਅੰਤ ਵਿਚ ਸੁਤੀਖਣ ਮੁਨੀ ਦੇ ਆਸ਼ਰਮ ਵਿਚ ਪਹੁੰਚੇ। ਇਥੇ ਸਾਧੂਆਂ ਨਾਲ ਗੋਸ਼ਟੀ ਕਰ ਕੇ ਰਾਮੇਸ਼ਵਰ ਪਹੁੰਚੇ। ਇਥੇ ਗੋਰਖ ਨਾਥ ਅਤੇ ਸਿਧਾਂ ਨਾਲ ਆਪ ਦਾ ਵਾਰਤਾਲਾਪ ਹੋਇਆ। ਸਿਧਾਂ ਨੂੰ ਸੰਤੁਸ਼ਟ ਕਰ ਕੇ ਨਾਨਕ ਆਪਣੇ ਸੇਵਕਾਂ ਸਮੇਤ ਲੰਕਾ ਪਹੁੰਚੇ। ਉਥੇ ਧਰਮ ਦਾ ਪ੍ਰਚਾਰ ਕਰ ਕੇ ਫਿਰ ਵਾਪਸ ਅਚਲ ਬਾਟਾਲੇ ਆ ਗਏ।

ਇਥੋਂ ਨਾਨਕ ਨੇ ਆਸਾ ਦੇਸ ਦੀ ਯਾਤਰਾ ਕੀਤੀ। ਉਥੇ ਆਪਦੀ ਭੇਟ ਅਘੋਰੀ ਸਾਧੂਆਂ ਨਾਲ ਹੋਈ। ਨਾਨਕ ਨੇ ਅਨੇਕਾਂ ਚਮਤਕਾਰਾਂ ਨਾਲ ਉਨ੍ਹਾਂ ਨੂੰ ਆਪਣੇ ਪੈਰੋਕਾਰ ਬਣਾ ਲਿਆ ਅਤੇ ਉਨ੍ਹਾਂ ਨੂੰ ਮੁਕਤੀ ਦਿਤੀ। ਇਥੇ ਹੀ ਨਾਨਕ ਨੂੰ ਸ਼ੇਖ ਫਰੀਦ ਮਿਲਿਆ ਅਤੇ ਉਸ ਨੂੰ ਵੀ ਨਾਨਕ ਨੇ ਸਚ ਦਾ ਉਪਦੇਸ਼ ਦੇ ਕੇ ਅਪਣਾ ਮੁਰੀਦ ਬਣਾ ਲਿਆ। ਉਥੋਂ ਲੋਕਾਂ ਨੂੰ ਉਪਦੇਸ਼ ਦਿੰਦੇ ਹੋਏ ਅਤੇ ਆਪਣੇ ਮੁਰੀਦ ਬਣਾਉਂਦੇ ਹੋਏ ਅੰਤ ਨਾਨਕੀ ਨੂੰ ਦਰਸ਼ਨ ਦੇਣ ਲਈ ਸੁਲਤਾਨਪੁਰ ਪਹੁੰਚੇ। ਫਿਰ ਤਲਵੰਡੀ ਗਏ, ਕੁਝ ਸਮਾਂ ਘਰ ਰਹਿ ਕੇ ਫਿਰ ਪੂਰਬੀ ਯਾਤਰਾ ਤੇ ਨਿਕਲ ਗਏ ਅਤੇ ਨਾਨਕਮਤਾ , ਸੂਰਜਕੁੰਡ, ਕਾਸ਼ੀ ਆਦਿ ਸਥਾਨਾਂ ਤੇ ਗਏ। ਫਿਰ ਕੌਰੂ ਦੇਸ ਅਤੇ ਕੀੜੀਨਗਰ ਗਏ।

ਇਸ ਤੋਂ ਬਿਨਾਂ ਨਾਨਕ ਨੇ ਆਪਣੇ ਮਤ ਦਾ ਪਰਚਾਰ ਕਰਨ ਲਈ ਅਨੇਕਾਂ ਸਥਾਨਾਂ ਦੀਆਂ ਯਾਤਰਾਵਾਂ ਵੀ ਕੀਤੀਆਂ, ਜਿਸ ਵਿਚ ਸਿੰਗਲਾਦੀਪ, ਬਸ਼ਹਰ, ਵਿਸ਼ਵੰਭਰਪੁਰ, ਦੇਵਗੰਧਾਰ ਸ਼ਹਿਰ, ਲੰਕਾ, ਪਾਕਪਟਨ, ਅੰਗਦ ਦੇਸ , ਕਸ਼ਮੀਰ ਆਦਿ ਪ੍ਰਮੁਖ ਹਨ। ਇਨ੍ਹਾਂ ਯਾਤਰਾਵਾਂ ਦੌਰਾਨ ਨਾਨਕ ਨੇ ਅਨੇਕਾਂ

ਰਾਜਿਆਂ, ਸ਼ਾਹੂਕਾਰਾਂ, ਰਾਖਸ਼ਾਂ, ਆਦਿ ਨੂੰ ਉਪਦੇਸ਼ ਦਿਤਾ ਅਤੇ ਧਰਮ ਦਾ ਮਾਰਗ ਦਸ ਕੇ ਆਪਣੇ ਮੁਰੀਦ ਬਣਾਇਆ।

ਅੰਤ ਵਿਚ ਰਾਵੀ ਦੇ ਪਾਰ ਕਰਤਾਰਪੁਰ ਨਾਮ ਦੇ ਨਗਰ ਦੀ ਸਥਾਪਨਾ ਕੀਤੀ ਅਤੇ ਇਥੋਂ ਪੰਜਾਬ ਦੇ ਅਨੇਕਾਂ ਸਥਾਨਾਂ ਦੀ ਯਾਤਰਾ ਕੀਤੀ ਅਤੇ ਲੋਕਾਂ ਨੂੰ ਸਚ ਦੇ ਮਾਰਗ ਤੇ ਚਲਣ ਦਾ ਉਪਦੇਸ਼ ਦਿਤਾ। ਇਸੇ ਸਮੇਂ ਆਪ ਦੀ ਭੇਟ ਲਹਿਣੇ ਨਾਲ ਹੋਈ ਜੋ ਆਪ ਦਾ ਬਹੁਤ ਵਡਾ ਭਗਤ ਬਣ ਗਿਆ। ਅੰਤ ਵਿਚ ਲਹਿਣੇ ਨੂੰ ਅੰਗਦ ਨਾਮ ਦੇ ਕੇ ਗੁਰਗੱਦੀ ਸੌਂਪ ਕੇ ਆਪ ਜੋਤੀ ਜੋਤ ਸਮਾ ਗਏ।

ਉਪਰੋਕਤ ਪ੍ਰਸੰਗ ਵਿਚ ਅਸੀਂ ਚਰਚਿਤ ਗ੍ਰੰਥ ਦਾ ਕਥਾ ਸਾਰ ਪ੍ਰਸਤੁਤ ਕੀਤਾ ਹੈ। ਜੇਕਰ ਇਸ ਗ੍ਰੰਥ ਦੇ ਆਕਾਰ ਦੀ ਗੱਲ ਕਰੀਏ ਤਾਂ ਇਹ ਇਕ ਵਡ-ਅਕਾਰੀ ਰਚਨਾ ਹੈ, ਜਿਸ ਵਿਚ 347 ਅਧਿਆਇ ਹਨ। ਇਸ ਗ੍ਰੰਥ ਦੇ ਛੰਦਾਂ ਦੀ ਗਿਣਤੀ, ਅਧਿਆਇ ਅਤੇ ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ-

**1) ਮੰਗਲ ਖੰਡ**

ਮੰਗਲ ਖੰਡ ਨਾਲ ਇਸ ਗ੍ਰੰਥ ਦਾ ਆਰੰਭ ਹੁੰਦਾ ਹੈ। ਜਿਵੇਂ ਕਿ ਨਾਮ ਤੋਂ ਹੀ ਪ੍ਰਤੀਤ ਹੁੰਦਾ ਹੈ ਕਿ ਇਸ ਵਿਚ ਕਿਸੇ ਦੀ ਉਸਤਤਿ ਜਾਂ ਮੰਗਲਾਚਰਣ ਹੋ ਸਕਦਾ ਹੈ। ਇਸ ਵਿਚ ਮੰਗਲਾਚਰਣ ਹੀ ਹੈ। ਕਵੀ ਦੁਆਰਾ 1 ਤੋਂ 97 ਪਤਰਿਆਂ ਉਪਰ ਮੰਗਲਾਚਰਣ ਲਿਖਣ ਸਦਕਾ ਹੀ ਉਸ ਦੀ ਵਿਦਵਤਾ ਦਾ ਗੂੜ੍ਹ ਪ੍ਰਭਾਵ ਪੈਂਦਾ ਹੈ। ਇਸ ਖੰਡ ਦੇ ਆਰੰਭ ਵਿਚ ਮੂਲ ਮੰਤਰ ਹੈ। ਅੰਤ ਵਿਚ ਕਵੀ ਵਲੋਂ ਆਪਣੇ ਗੁਰੂ ਦੀ ਬੰਦਨਾ ਕਰਕੇ ਸਮਾਪਤੀ ਕੀਤੀ ਹੈ। ਮੰਗਲ ਖੰਡ ਦੇ ਅੰਤ ਤਕ ਇਸ ਵਿਚ 16 ਅਧਿਆਇ ਹਨ। 16ਵੇਂ ਆਧਿਆਇ ਵਿਚ ਕਵੀ ਨੇ ਇਸ ਗ੍ਰੰਥ ਦੀ ਉਪਮਾ ਕੀਤੀ ਹੈ ਅਤੇ ਇਸ ਨੂੰ ਪੜ੍ਹਨ ਦਾ ਮਹਾਤਮ ਵੀ ਦਸਿਆ ਹੈ। ਇਸ ਗ੍ਰੰਥ ਨੂੰ ਪੜ੍ਹਨ ਨਾਲ ਸਭ ਮਨੋਰਥ ਪੂਰੇ ਹੋਣਗੇ ਅਜਿਹੇ ਅਨੁਮਾਨ ਨਾਲ ਕਵੀ ਨੇ ਇਸ ਖੰਡ ਦਾ ਅੰਤ ਕੀਤਾ ਹੈ। ਹਰ ਇਕ ਅਧਿਆਇ ਵਿਚ ਲਗਭਗ 60 ਕੁ ਦੇ ਕਰੀਬ ਛੰਦ ਹਨ ਪਰ ਕਿਤੇ ਕਿਤੇ ਛੰਦਾਂ ਦੀ ਗਿਣਤੀ 80 ਤਕ ਵੀ ਪੁਜ ਜਾਂਦੀ ਹੈ। ਕਵੀ ਦੁਆਰਾ ਇਨ੍ਹਾਂ ਅਧਿਆਵਾਂ ਨੂੰ ਵਖ-ਵਖ ਸਿਰਲੇਖ ਵੀ

ਦਿਤੇ ਹਨ ਜਿਵੇਂ; ਮੰਗਲਾ ਚਰਣਿ, ਚਰਨ ਗੁਰੂ ਮਹਿਮਾ, ਸੰਤ ਮਹਿਮਾ, ਹਰਿ ਜਨ ਮਹਿਮਾ ਆਦਿ। ਮੰਗਲ ਖੰਡ ਦੇ ਅਧਿਆਵਾਂ, ਛੰਦਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ-

| **ਅਧਿਆਇ ਨੰਬਰ** | **ਛੰਦਾਂ ਦੀ ਗਿਣਤੀ** | **ਅਧਿਆਇ ਦਾ ਆਰੰਭਿਕ ਪਤਰਾ ਨੰਬਰ** | **ਅਧਿਆਇ ਦਾ ਅੰਤਿਮ ਪਤਰਾ ਨੰਬਰ** |
|---|---|---|---|
| 1 | 57 | 1 | 6 |
| 2 | 54 | 6 | 11 |
| 3 | 67 | 11 | 16 |
| 4 | 57 | 16 | 20 |
| 5 | 64 | 20 | 25 |
| 6 | 43 | 25 | 29 |
| 7 | 86 | 29 | 36 |
| 8 | 60 | 36 | 42 |
| 9 | 60 | 43 | 48 |
| 10 | 59 | 48 | 56 |
| 11 | 50 | 56 | 62 |
| 12 | 62 | 62 | 68 |
| 13 | 69 | 68 | 75 |
| 14 | 65 | 75 | 81 |
| 15 | 85 | 81 | 90 |
| 16 | 78 | 90 | 97 |
| **ਕੁਲ ਛੰਦ** | 1016 | | |

## 2) ਬ੍ਰਹਮ ਖੰਡ

ਗੁਰੂ ਨਾਨਕ ਵਿਜੈ ਗ੍ਰੰਥ ਦਾ ਦੂਜਾ ਖੰਡ ਬ੍ਰਹਮ ਖੰਡ ਹੈ। ਇਸ ਖੰਡ ਵਿਚ 17 ਅਧਿਆਇ ਹਨ। ਇਸ ਖੰਡ ਵਿਚ ਵੀ ਕਵੀ ਨੇ ਇਕ ਅਧਿਆਇ ਵਿਚ ਲਗਪਗ ਔਸਤਨ 67 ਕੁ ਛੰਦ ਰਚੇ ਹਨ। ਛੰਦਾਂ ਦੀ ਗਿਣਤੀ 84-85 ਤਕ ਵੀ ਪੁਜ ਜਾਂਦੀ ਹੈ। ਇਸ ਖੰਡ ਦਾ ਆਰੰਭ ਕਵੀ ਭਗਤੀ ਦੇ ਮਹਾਤਮ ਤੋਂ ਕਰਦਾ ਹੈ। ਇਹ ਖੰਡ ਪਤਰਾ ਨੰਬਰ 98 ਤੋਂ 213 ਵਿਚ ਲਗਪਗ 115 ਪਤਰਿਆਂ `ਤੇ ਦਰਜ ਹੈ। ਪਹਿਲੇ ਖੰਡ ਅਨੁਸਾਰ ਹੀ ਕਵੀ ਇਸ ਖੰਡ ਦਾ ਅੰਤ 17ਵੇਂ ਅਧਿਆਇ ਵਿਚ ਇਸ ਗ੍ਰੰਥ ਦੀ ਮਹਿਮਾ ਕਰਕੇ ਹੀ ਕਰਦਾ ਹੈ। ਕਵੀ ਇਸ ਗ੍ਰੰਥ ਨੂੰ ਮੁਕਤੀ ਦਾ ਸਾਧਨ ਦਸਦਾ ਹੈ। ਇਸ ਖੰਡ ਦੇ ਛੰਦਾਂ, ਅਧਿਆਵਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ-

| **ਅਧਿਆਇ ਨੰਬਰ** | **ਛੰਦਾਂ ਦੀ ਗਿਣਤੀ** | **ਅਧਿਆਇ ਦਾ ਆਰੰਭਿਕ ਪਤਰਾ ਨੰਬਰ** | **ਅਧਿਆਇ ਦਾ ਅੰਤਿਮ ਪਤਰਾ ਨੰਬਰ** |
|---|---|---|---|
| 1 | 85 | 98 | 107 |
| 2 | 56 | 107 | 112 |
| 3 | 62 | 112 | 118 |
| 4 | 63 | 118 | 126 |
| 5 | 52 | 126 | 131 |
| 6 | 72 | 131 | 138 |
| 7 | 71 | 138 | 146 |
| 8 | 54 | 146 | 152 |
| 9 | 65 | 152 | 159 |
| 10 | 70 | 159 | 165 |
| 11 | 63 | 165 | 171 |

| **ਅਧਿਆਇ ਨੰਬਰ** | **ਛੰਦਾਂ ਦੀ ਗਿਣਤੀ** | **ਅਧਿਆਇ ਦਾ ਆਰੰਭਿਕ ਪਤਰਾ ਨੰਬਰ** | **ਅਧਿਆਇ ਦਾ ਅੰਤਿਮ ਪਤਰਾ ਨੰਬਰ** |
|---|---|---|---|
| 12 | 84 | 171 | 179 |
| 13 | 67 | 179 | 186 |
| 14 | 62 | 186 | 191 |
| 15 | 80 | 191 | 200 |
| 16 | 75 | 200 | 206 |
| 17 | 75 | 206 | 213 |
| **ਕੁਲ ਛੰਦ** | 1156 | | |

**3) ਨਾਨਕ ਬਿਲਾਸ ਖੰਡ**

ਨਾਨਕ ਬਿਲਾਸ ਖੰਡ ਇਸ ਗ੍ਰੰਥ ਦਾ ਅਧਿਆਇ ਪੱਖ ਤੋਂ ਦੂਜਾ ਵਡਾ ਖੰਡ ਹੈ ਇਸ ਵਿਚ ਕੁਲ 24 ਅਧਿਆਇ ਸ਼ਾਮਿਲ ਕੀਤੇ ਗਏ ਹਨ। ਇਹ ਖੰਡ ਪਤਰਾ 213 ਤੋਂ ਆਰੰਭ ਹੋ ਕੇ ਪਤਰਾ 378 ਤਕ ਲਗਭਗ 165 ਪਤਰਿਆਂ ਉਪਰ ਦਰਜ ਹੈ। ਇਸ ਖੰਡ ਦੇ ਪਹਿਲੇ ਅਧਿਆਇ ਦਾ ਆਰੰਭ ਕਵੀ ਨੇ ਗੁਰੂ ਨਾਨਕ ਦੇਵ ਜੀ ਨੂੰ ਪਰਮਾਤਮਾ ਦਾ ਸਰੂਪ ਦਰਸਾ ਕੇ ਕੀਤਾ ਹੈ। ਇਸ ਖੰਡ ਵਿਚ ਕਵੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਲ ਅਵਸਥਾ ਦੀ ਕਥਾ ਦਾ ਜ਼ਿਕਰ ਬਹੁਤ ਹੀ ਵਿਸਥਾਰ ਨਾਲ ਕੀਤਾ ਹੈ। 24ਵੇਂ ਅਧਿਆਇ ਦੇ ਅੰਤ ਵਿਚ ਕਵੀ ਬਹੁਤ ਹੀ ਨਿਮਰਤਾ ਨਾਲ ਇਸ ਖੰਡ ਦੀ ਸਮਾਪਤੀ ਕਰਦਾ ਹੈ, ਉਹ ਕਹਿੰਦਾ ਹੈ ਕਿ ਗੁਰੂ ਨੇ ਆਪਣੀ ਕਿਰਪਾ ਨਾਲ ਹੀ ਇਸ ਖੰਡ ਨੂੰ ਸੰਪੂਰਨ ਕਰਵਾਇਆ ਹੈ। ਇਸ ਖੰਡ ਦੇ ਅਧਿਆਵਾਂ, ਛੰਦਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ-

| ਅਧਿਆਇ ਨੰਬਰ | ਛੰਦਾਂ ਦੀ ਗਿਣਤੀ | ਅਧਿਆਇ ਦਾ ਆਰੰਭਿਕ ਪਤਰਾ ਨੰਬਰ | ਅਧਿਆਇ ਦਾ ਅੰਤਿਮ ਪਤਰਾ ਨੰਬਰ |
|---|---|---|---|
| 1 | 66 | 213 | 219 |
| 2 | 66 | 219 | 226 |
| 3 | 70 | 226 | 232 |
| 4 | 72 | 232 | 238 |
| 5 | 61 | 238 | 244 |
| 6 | 60 | 244 | 251 |
| 7 | 53 | 251 | 257 |
| 8 | 102 | 257 | 265 |
| 9 | 75 | 265 | 273 |
| 10 | 95 | 273 | 281 |
| 11 | 57 | 281 | 286 |
| 12 | 72 | 286 | 293 |
| 13 | 59 | 293 | 298 |
| 14 | 126 | 298 | 309 |
| 15 | 145 | 309 | 322 |
| 16 | 83 | 322 | 329 |
| 17 | 83 | 329 | 336 |
| 18 | 59 | 336 | 343 |
| 19 | 69 | 343 | 349 |

| ਅਧਿਆਇ ਨੰਬਰ | ਛੰਦਾਂ ਦੀ ਗਿਣਤੀ | ਅਧਿਆਇ ਦਾ ਆਰੰਭਿਕ ਪਤਰਾ ਨੰਬਰ | ਅਧਿਆਇ ਦਾ ਅੰਤਿਮ ਪਤਰਾ ਨੰਬਰ |
|---|---|---|---|
| 20 | 90 | 349 | 357 |
| 21 | 58 | 357 | 362 |
| 22 | 95 | 362 | 366 |
| 23 | 55 | 366 | 371 |
| 24 | 101 | 371 | 378 |
| **ਕੁਲ ਛੰਦ** | 1872 | | |

**4) ਧਰਮ ਉਦਯੋਗ ਖੰਡ**

ਧਰਮ ਉਦਯੋਗ ਖੰਡ ਇਸ ਗ੍ਰੰਥ ਦਾ ਚੌਥਾ ਖੰਡ ਹੈ। ਇਸ ਵਿਚ ਕੁਲ 22 ਅਧਿਆਇ ਸ਼ਾਮਿਲ ਕੀਤੇ ਗਏ ਹਨ। ਇਹ ਖੰਡ ਪਤਰਾ 378 ਤੋਂ ਆਰੰਭ ਹੋ ਕੇ ਪਤਰਾ 518 ਤਕ ਦਰਜ ਹੈ। ਇਸ ਖੰਡ ਵਿਚ ਕਵੀ ਨੇ ਬਾਲ ਅਵਸਥਾ ਤੋਂ ਬਾਅਦ ਦੀ ਕਥਾ ਅੰਕਿਤ ਕੀਤੀ ਹੈ। ਕਵੀ ਇਸ ਖੰਡ ਦਾ ਆਰੰਭ ਗੁਰੂ ਨਾਨਕ ਦੀ ਅੱਠ ਸਾਲ ਦੀ ਆਯੂ ਤੋਂ ਕਰਦਾ ਹੈ। ਕਵੀ ਇਸ ਖੰਡ ਦੇ ਅੰਤਿਮ ਬਾਈਵੇਂ ਅਧਿਆਇ ਵਿਚ ਗੁਰੂ ਨਾਨਕ ਦੇਵ ਜੀ ਦੇ ਵਿਆਹ ਹੋਣ ਤੋਂ ਪਹਿਲਾਂ ਦਾ ਜ਼ਿਕਰ ਹੈ। ਗੁਰੂ ਨਾਨਕ ਦੇਵ ਜੀ ਕਵੀ ਦਾ ਇਸ਼ਟ ਹੈ, ਇਸ ਲਈ ਕਵੀ ਇਸ ਖੰਡ ਦਾ ਅੰਤ ਵੀ ਦੀਨ ਦਿਆਲ ਨੂੰ ਦਰਸ਼ਨ ਦੇਣ ਦੀ ਬੇਨਤੀ ਨਾਲ ਕਰਦਾ ਹੈ। ਇਸ ਖੰਡ ਦੇ ਅਧਿਆਵਾਂ, ਛੰਦਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ -

| ਅਧਿਆਇ ਨੰਬਰ | ਛੰਦਾਂ ਦੀ ਗਿਣਤੀ | ਅਧਿਆਇ ਦਾ ਆਰੰਭਿਕ ਪਤਰਾ ਨੰਬਰ | ਅਧਿਆਇ ਦਾ ਅੰਤਿਮ ਪਤਰਾ ਨੰਬਰ |
|---|---|---|---|
| 1 | 76 | 378 | 385 |
| 2 | 68 | 385 | 392 |

| ਅਧਿਆਇ ਨੰਬਰ | ਛੰਦਾਂ ਦੀ ਗਿਣਤੀ | ਅਧਿਆਇ ਦਾ ਆਰੰਭਿਕ ਪਤਰਾ ਨੰਬਰ | ਅਧਿਆਇ ਦਾ ਅੰਤਿਮ ਪਤਰਾ ਨੰਬਰ |
|---|---|---|---|
| 3 | 52 | 392 | 396 |
| 4 | 84 | 396 | 406 |
| 5 | 63 | 406 | 411 |
| 6 | 57 | 411 | 416 |
| 7 | 58 | 417 | 424 |
| 8 | 52 | 424 | 430 |
| 9 | 61 | 430 | 435 |
| 10 | 59 | 435 | 441 |
| 11 | 67 | 441 | 447 |
| 12 | 68 | 447 | 454 |
| 13 | 81 | 454 | 461 |
| 14 | 63 | 461 | 469 |
| 15 | 66 | 469 | 475 |
| 16 | 89 | 475 | 483 |
| 17 | 89 | 483 | 489 |
| 18 | 79 | 489 | 495 |
| 19 | 57 | 495 | 501 |
| 20 | 65 | 501 | 506 |
| 21 | 80 | 506 | 512 |
| 22 | 78 | 512 | 518 |
| **ਕੁਲ ਛੰਦ** | 1512 | | |

### 5) ਬਿਵਾਹ ਖੰਡ

ਬਿਵਾਹ ਖੰਡ ਇਸ ਗ੍ਰੰਥ ਦਾ ਪੰਜਵਾਂ ਅਹਿਮ ਖੰਡ ਹੈ। ਇਸ ਵਿਚ ਕੁਲ 20 ਅਧਿਆਇ ਸ਼ਾਮਿਲ ਕੀਤੇ ਗਏ ਹਨ। ਇਹ ਖੰਡ ਪਤਰਾ 521 ਤੋਂ ਆਰੰਭ ਹੋ ਕੇ ਪਤਰਾ 620 ਤਕ ਦਰਜ ਹੈ। ਇਸ ਖੰਡ ਵਿਚ ਕਵੀ ਨੇ ਗੁਰੂ ਨਾਨਕ ਦੇਵ ਜੀ ਦੇ ਵਿਆਹ ਦਾ ਬਹੁਤ ਹੀ ਵਿਸਥਾਰ ਨਾਲ ਵਰਨਣ ਕੀਤਾ ਹੈ। ਹੋਰ ਕਿਸੇ ਜਨਮਸਾਖੀ ਜਾਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਰਚਨਾ ਵਿਚ ਇਸ ਤਰ੍ਹਾਂ ਦਾ ਵਿਸਥਾਰ ਕਿਧਰੇ ਦੇਖਣ ਨੂੰ ਨਹੀਂ ਮਿਲਦਾ। 100 ਪਤਰਿਆਂ ਵਿਚ ਵਿਆਹ ਦਾ ਵਿਸਥਾਰ ਹੀ ਇਸ ਖੰਡ ਦੀ ਵਿਲਖਣਤਾ ਹੈ। ਗੁਰੂ ਨਾਨਕ ਦੇਵ ਜੀ ਦੀ ਬੰਦਨਾ ਕਰਨ ਤੋਂ ਬਾਅਦ ਹੀ ਕਵੀ ਵਿਆਹ ਦੀ ਕਥਾ ਦਾ ਆਰੰਭ ਕਰਦਾ ਹੈ। ਇਸ ਤਰ੍ਹਾਂ ਕਵੀ ਨੇ ਗੁਰਮਤਿ ਵਿਚ ਗ੍ਰਹਸਥੀ ਜੀਵਨ ਦੇ ਸੰਕਲਪ ਨੂੰ ਬਹੁਤ ਹੀ ਵਿਸਥਾਰ ਨਾਲ ਇਸ ਖੰਡ ਵਿਚ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। 20ਵੇਂ ਅਧਿਆਇ ਵਿਚ ਕਵੀ ਇਸ ਖੰਡ ਦੀ ਸਮਾਪਤੀ ਵੀ ਗ੍ਰਹਸਥੀ ਜੀਵਨ ਨੂੰ ਦ੍ਰਿੜ ਕਰਵਾ ਕੇ ਹੀ ਕਰਦਾ ਹੈ। ਇਸ ਖੰਡ ਦੇ ਅਧਿਆਵਾਂ, ਛੰਦਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ-

| **ਅਧਿਆਇ ਨੰਬਰ** | **ਛੰਦਾਂ ਦੀ ਗਿਣਤੀ** | **ਅਧਿਆਇ ਦਾ ਆਰੰਭਿਕ ਪਤਰਾ ਨੰਬਰ** | **ਅਧਿਆਇ ਦਾ ਅੰਤਿਮ ਪਤਰਾ ਨੰਬਰ** |
|---|---|---|---|
| 1 | 64 | 518 | 523 |
| 2 | 84 | 523 | 528 |
| 3 | 66 | 528 | 533 |
| 4 | 51 | 533 | 536 |
| 5 | 64 | 536 | 541 |
| 6 | 62 | 541 | 546 |
| 7 | 66 | 546 | 552 |
| 8 | 58 | 552 | 557 |

| ਅਧਿਆਇ ਨੰਬਰ | ਛੰਦਾਂ ਦੀ ਗਿਣਤੀ | ਅਧਿਆਇ ਦਾ ਆਰੰਭਿਕ ਪਤਰਾ ਨੰਬਰ | ਅਧਿਆਇ ਦਾ ਅੰਤਿਮ ਪਤਰਾ ਨੰਬਰ |
|---|---|---|---|
| 9 | 38 | 557 | 561 |
| 10 | 60 | 561 | 566 |
| 11 | 91 | 566 | 575 |
| 12 | 53 | 575 | 581 |
| 13 | 101 | 581 | 588 |
| 14 | 69 | 588 | 593 |
| 15 | 78 | 593 | 598 |
| 16 | 72 | 598 | 603 |
| 17 | 71 | 603 | 608 |
| 18 | 58 | 608 | 612 |
| 19 | 79 | 612 | 616 |
| 20 | 50 | 616 | 620 |
| **ਕੁਲ ਛੰਦ** | 1335 | | |

**6) ਉਦਾਸੀ ਖੰਡ**

ਉਦਾਸੀ ਖੰਡ ਇਸ ਗ੍ਰੰਥ ਦਾ ਛੇਵਾਂ ਖੰਡ ਹੈ। ਇਸ ਵਿਚ ਕੁਲ 21 ਅਧਿਆਇ ਸ਼ਾਮਿਲ ਕੀਤੇ ਗਏ ਹਨ। ਇਹ ਖੰਡ ਪਤਰਾ 620 ਤੋਂ ਆਰੰਭ ਹੋ ਕੇ ਪਤਰਾ 721 ਤਕ ਦਰਜ ਹੈ। ਇਸ ਖੰਡ ਦਾ ਆਰੰਭ ਕਵੀ ਨੇ ਗੁਰੂ ਨਾਨਕ ਦੇਵ ਜੀ ਨੂੰ ਪੂਰਨ ਬ੍ਰਹਮ ਦਾ ਰੂਪ ਦਰਸਾ ਕੇ ਕੀਤਾ ਹੈ। ਕਵੀ ਨੇ ਇਸ ਖੰਡ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀਆਂ ਯਾਰਤਾਵਾਂ ਨੂੰ ਵਿਸਥਾਰ ਨਾਲ ਵਰਨਣ ਕਰਨ ਦਾ ਯਤਨ ਕੀਤਾ

ਹੈ। ਗੁਰੂ ਜੀ ਦੇ ਪ੍ਰਚਾਰ ਦਾ ਮਨੋਰਥ ਕਵੀ ਨੇ ਰਾਮ  ਨਾਮ ਦੇ ਪ੍ਰਚਾਰ ਨੂੰ ਦਸ ਕੇ ਖੰਡ ਦੀ ਸਮਾਪਤੀ ਕੀਤੀ ਹੈ। ਇਸ ਖੰਡ ਦੇ ਅਧਿਆਵਾਂ, ਛੰਦਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ-

| **ਅਧਿਆਇ ਨੰਬਰ** | **ਛੰਦਾਂ ਦੀ ਗਿਣਤੀ** | **ਅਧਿਆਇ ਦਾ ਆਰੰਭਿਕ ਪਤਰਾ ਨੰਬਰ** | **ਅਧਿਆਇ ਦਾ ਅੰਤਿਮ ਪਤਰਾ ਨੰਬਰ** |
|---|---|---|---|
| 1 | 36 | 620 | 626 |
| 2 | 53 | 626 | 631 |
| 3 | 52 | 631 | 634 |
| 4 | 70 | 634 | 638 |
| 5 | 73 | 638 | 643 |
| 6 | 86 | 643 | 648 |
| 7 | 58 | 648 | 652 |
| 8 | 68 | 652 | 656 |
| 9 | 55 | 656 | 662 |
| 10 | 66 | 662 | 667 |
| 11 | 80 | 668 | 673 |
| 12 | 86 | 673 | 679 |
| 13 | 79 | 679 | 686 |
| 14 | 103 | 686 | 693 |
| 15 | 68 | 693 | 699 |
| 16 | 26 | 699 | 700 |
| 17 | 61 | 700 | 704 |

| ਅਧਿਆਇ ਨੰਬਰ | ਛੰਦਾਂ ਦੀ ਗਿਣਤੀ | ਅਧਿਆਇ ਦਾ ਆਰੰਭਿਕ ਪਤਰਾ ਨੰਬਰ | ਅਧਿਆਇ ਦਾ ਅੰਤਿਮ ਪਤਰਾ ਨੰਬਰ |
|---|---|---|---|
| 18 | 45 | 704 | 707 |
| 19 | 71 | 707 | 711 |
| 20 | 62 | 711 | 716 |
| 21 | 63 | 716 | 721 |
| **ਕੁਲ ਛੰਦ** | 1361 | | |

**7) ਪ੍ਰਤਾਪ ਖੰਡ**

ਪ੍ਰਤਾਪ ਖੰਡ ਇਸ ਗ੍ਰੰਥ ਦਾ ਸਤਵਾਂ ਖੰਡ ਹੈ। ਇਸ ਵਿਚ ਕੁਲ 13 ਅਧਿਆਇ ਸ਼ਾਮਿਲ ਕੀਤੇ ਗਏ ਹਨ। ਇਹ ਖੰਡ ਪਤਰਾ 721 ਤੋਂ ਆਰੰਭ ਹੋ ਕੇ ਪਤਰਾ 780 ਤਕ ਦਰਜ ਹੈ। ਖੰਡ ਦਾ ਆਰੰਭ ਕਵੀ ਗੁਰਮਤਿ ਦਰਸ਼ਨ ਤੋਂ ਕਰਦਾ ਹੋਇਆ ਪਰਮਾਤਮਾ ਨੂੰ ਮਨ ਬੁਧੀ ਅਤੇ ਬਾਣੀ ਤੋਂ ਪਰ੍ਹਾਂ ਦਸਦਾ ਹੈ। ਅੰਤਿਮ ਅਧਿਆਇ ਵਿਚ ਕਵੀ ਨੇ ਅਜਿਤੇ ਦੀ ਕਥਾ ਅੰਕਿਤ ਕਰ ਕੇ ਇਸ ਖੰਡ ਦੀ ਸਮਾਪਤੀ ਕੀਤੀ ਹੈ। ਇਸ ਖੰਡ ਦੇ ਅਧਿਆਵਾਂ, ਛੰਦਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ -

| ਅਧਿਆਇ ਨੰਬਰ | ਛੰਦਾਂ ਦੀ ਗਿਣਤੀ | ਅਧਿਆਇ ਦਾ ਆਰੰਭਿਕ ਪਤਰਾ ਨੰਬਰ | ਅਧਿਆਇ ਦਾ ਅੰਤਿਮ ਪਤਰਾ ਨੰਬਰ |
|---|---|---|---|
| 1 | 77 | 721 | 726 |
| 2 | 70 | 726 | 731 |
| 3 | 45 | 731 | 735 |
| 4 | 51 | 735 | 739 |
| 5 | 63 | 739 | 743 |

| **ਅਧਿਆਇ ਨੰਬਰ** | **ਛੰਦਾਂ ਦੀ ਗਿਣਤੀ** | **ਅਧਿਆਇ ਦਾ ਆਰੰਭਿਕ ਪਤਰਾ ਨੰਬਰ** | **ਅਧਿਆਇ ਦਾ ਅੰਤਿਮ ਪਤਰਾ ਨੰਬਰ** |
|---|---|---|---|
| 6 | 53 | 743 | 748 |
| 7 | 72 | 748 | 752 |
| 8 | 68 | 752 | 758 |
| 9 | 53 | 758 | 763 |
| 10 | 59 | 763 | 769 |
| 11 | 74 | 769 | 773 |
| 12 | 71 | 773 | 777 |
| 13 | 64 | 777 | 780 |
| **ਕੁਲ ਛੰਦ** | 820 | | |

**8) ਖਡੂਰੀ ਖੰਡ**

ਖਡੂਰੀ ਖੰਡ ਇਸ ਗ੍ਰੰਥ ਦਾ ਅੱਠਵਾਂ ਖੰਡ ਹੈ। ਇਸ ਵਿਚ ਕੁਲ 20 ਅਧਿਆਇ ਸ਼ਾਮਿਲ ਕੀਤੇ ਗਏ ਹਨ। ਇਹ ਖੰਡ ਪਤਰਾ 781 ਤੋਂ ਆਰੰਭ ਹੋ ਕੇ ਪਤਰਾ 880 ਤਕ ਦਰਜ ਹੈ। ਲਗਪਗ 100 ਪਤਰਿਆਂ ਦੇ ਖੰਡ ਦਾ ਆਰੰਭ ਕਵੀ ਅਚਲ ਬਟਾਲੇ ਦੇ ਮੇਲੇ ਤੋਂ ਕਰਦਾ ਹੈ। ਇਸ ਖੰਡ ਦੀ ਸਮਾਪਤੀ ਕਵੀ ਨਾਨਕ ਝੀਰਾ ਦੇ ਅਸਥਾਨ ਦੀ ਕਥਾ ਨਾਲ ਕਰਦਾ ਹੈ। ਇਸ ਖੰਡ ਦੇ ਅਧਿਆਵਾਂ, ਛੰਦਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ-

| **ਅਧਿਆਇ ਨੰਬਰ** | **ਛੰਦਾਂ ਦੀ ਗਿਣਤੀ** | **ਅਧਿਆਇ ਦਾ ਆਰੰਭਿਕ ਪਤਰਾ ਨੰਬਰ** | **ਅਧਿਆਇ ਦਾ ਅੰਤਿਮ ਪਤਰਾ ਨੰਬਰ** |
|---|---|---|---|
| 1 | 68 | 781 | 787 |

| ਅਧਿਆਇ ਨੰਬਰ | ਛੰਦਾਂ ਦੀ ਗਿਣਤੀ | ਅਧਿਆਇ ਦਾ ਆਰੰਭਿਕ ਪਤਰਾ ਨੰਬਰ | ਅਧਿਆਇ ਦਾ ਅੰਤਿਮ ਪਤਰਾ ਨੰਬਰ |
|---|---|---|---|
| 2 | 54 | 787 | 792 |
| 3 | 101 | 792 | 800 |
| 4 | 101 | 800 | 808 |
| 5 | 81 | 808 | 814 |
| 6 | 83 | 815 | 820 |
| 7 | 56 | 820 | 824 |
| 8 | 68 | 824 | 828 |
| 9 | 60 | 828 | 831 |
| 10 | 92 | 831 | 836 |
| 11 | 66 | 836 | 840 |
| 12 | 67 | 840 | 843 |
| 13 | 77 | 843 | 847 |
| 14 | 96 | 847 | 852 |
| 15 | 62 | 852 | 755 |
| 16 | 98 | 755 | 861 |
| 17 | 70 | 861 | 864 |
| 18 | 110 | 864 | 870 |
| 19 | 116 | 870 | 875 |
| 20 | 101 | 875 | 880 |

| | |
|---|---|
| **ਕੁਲ ਛੰਦ** | 1627 |

**9) ਮਦੀਨਾ ਮਕੇਸ਼ਵਰ ਖੰਡ**

ਮਦੀਨਾ ਮਕੇਸ਼ਵਰ ਖੰਡ ਇਸ ਗ੍ਰੰਥ ਦਾ ਨੌਵਾਂ ਖੰਡ ਹੈ। ਇਸ ਵਿਚ ਕੁਲ 21 ਅਧਿਆਇ ਸ਼ਾਮਿਲ ਕੀਤੇ ਗਏ ਹਨ। ਇਹ ਖੰਡ ਪਤਰਾ 881 ਤੋਂ ਆਰੰਭ ਹੋ ਕੇ ਪਤਰਾ 978 ਤਕ ਦਰਜ ਹੈ। ਮੂਲ ਮੰਤਰ ਤੋਂ ਆਰੰਭ ਕਰਕੇ ਕਵੀ ਮੱਕੇ ਅਤੇ ਮਦੀਨੇ ਦੀ ਸਾਖੀ ਦਾ ਜ਼ਿਕਰ ਕਰਦਾ ਹੈ। ਇਸ ਦੀ ਸਮਾਪਤੀ ਭਗਤੀ ਦੀ ਮਹਿਮਾ ਦਸ ਕੇ ਭਗਤੀ ਕਰਨ ਵਲ ਪ੍ਰੇਰਨਾ ਦੇ ਕੇ ਕੀਤੀ ਗਈ ਹੈ। ਇਸ ਖੰਡ ਦੇ ਅਧਿਆਵਾਂ, ਛੰਦਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ-

| **ਅਧਿਆਇ ਨੰਬਰ** | **ਛੰਦਾਂ ਦੀ ਗਿਣਤੀ** | **ਅਧਿਆਇ ਦਾ ਆਰੰਭਿਕ ਪਤਰਾ ਨੰਬਰ** | **ਅਧਿਆਇ ਦਾ ਅੰਤਿਮ ਪਤਰਾ ਨੰਬਰ** |
|---|---|---|---|
| 1 | 80 | 881 | 885 |
| 2 | 31 | 885 | 887 |
| 3 | 52 | 887 | 890 |
| 4 | 36 | 890 | 892 |
| 5 | 56 | 892 | 895 |
| 6 | 47 | 896 | 898 |
| 7 | 122 | 898 | 905 |
| 8 | 103 | 905 | 913 |
| 9 | 43 | 913 | 915 |
| 10 | 34 | 915 | 919 |
| 11 | 41 | 919 | 923 |

| ਅਧਿਆਇ ਨੰਬਰ | ਛੰਦਾਂ ਦੀ ਗਿਣਤੀ | ਅਧਿਆਇ ਦਾ ਆਰੰਭਿਕ ਪਤਰਾ ਨੰਬਰ | ਅਧਿਆਇ ਦਾ ਅੰਤਿਮ ਪਤਰਾ ਨੰਬਰ |
|---|---|---|---|
| 12 | 55 | 923 | 927 |
| 13 | 62 | 927 | 931 |
| 14 | 104 | 931 | 938 |
| 15 | 116 | 938 | 945 |
| 16 | 85 | 945 | 951 |
| 17 | 94 | 951 | 956 |
| 18 | 35 | 956 | 959 |
| 19 | 68 | 959 | 965 |
| 20 | 133 | 965 | 975 |
| 21 | 49 | 975 | 978 |
| **ਕੁਲ ਛੰਦ** | 1446 | | |

**10) ਸੁਮੇਰ ਖੰਡ**

ਸੁਮੇਰ ਖੰਡ ਇਸ ਗ੍ਰੰਥ ਦਾ ਦਸਵਾਂ ਖੰਡ ਹੈ। ਇਸ ਵਿਚ ਕੁਲ 21 ਅਧਿਆਇ ਅੰਕਿਤ ਕੀਤੇ ਗਏ ਹਨ। ਇਹ ਖੰਡ ਪਤਰਾ 978 ਤੋਂ ਆਰੰਭ ਹੋ ਕੇ ਪਤਰਾ 1089 ਤਕ ਦਰਜ ਹੈ। ਇਸ ਖੰਡ ਦਾ ਆਰੰਭ ਕਵੀ ਸੁਮੇਰ ਪਰਬਤ ਦੀ ਯਾਤਰਾ ਲਈ ਰਵਾਨਾ ਹੋਣ ਤੋਂ ਕਰਦਾ ਹੈ। ਕਵੀ ਨੇ ਗੁਰੂ ਨਾਨਕ ਦੇਵ ਜੀ ਦੀ ਸਿਧਾਂ ਨਾਲ ਗੋਸਟਿ ਦੀ ਕਥਾ ਨੂੰ ਬਹੁਤ ਹੀ ਵਿਸਥਾਰ ਨਾਲ ਇਸ ਖੰਡ ਵਿਚ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਅੰਤ ਵਿਚ ਕਵੀ ਨੇ ਇਸ ਖੰਡ ਦੀ ਸਮਾਪਤੀ ਜੀਵਨ ਦੇ ਅੰਤਿਮ ਸੱਚ ਨਾਲ ਜੋੜ ਕੇ ਇਸ

ਜੀਵਨ ਨੂੰ ਨਾਸ਼ਵਾਨ ਦਸ ਕੇ ਕੀਤੀ ਹੈ। ਇਸ ਖੰਡ ਦੇ ਅਧਿਆਵਾਂ, ਛੰਦਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ-

| **ਅਧਿਆਇ ਨੰਬਰ** | **ਛੰਦਾਂ ਦੀ ਗਿਣਤੀ** | **ਅਧਿਆਇ ਦਾ ਆਰੰਭਿਕ ਪਤਰਾ ਨੰਬਰ** | **ਅਧਿਆਇ ਦਾ ਅੰਤਿਮ ਪਤਰਾ ਨੰਬਰ** |
|---|---|---|---|
| 1 | 102 | 978 | 985 |
| 2 | 81 | 985 | 991 |
| 3 | 68 | 991 | 996 |
| 4 | 60 | 996 | 1003 |
| 5 | 41 | 1003 | 1007 |
| 6 | 91 | 1007 | 1012 |
| 7 | 88 | 1012 | 1017 |
| 8 | 93 | 1017 | 1023 |
| 9 | 102 | 1023 | 1029 |
| 10 | 96 | 1029 | 1036 |
| 11 | 62 | 1036 | 1039 |
| 12 | 103 | 1039 | 1044 |
| 13 | 58 | 1044 | 1048 |
| 14 | 124 | 1048 | 1055 |
| 15 | 80 | 1056 | 1060 |
| 16 | 85 | 1060 | 1064 |
| 17 | 90 | 1064 | 1067 |

| ਅਧਿਆਇ ਨੰਬਰ | ਛੰਦਾਂ ਦੀ ਗਿਣਤੀ | ਅਧਿਆਇ ਦਾ ਆਰੰਭਿਕ ਪਤਰਾ ਨੰਬਰ | ਅਧਿਆਇ ਦਾ ਅੰਤਿਮ ਪਤਰਾ ਨੰਬਰ |
|---|---|---|---|
| 18 | 133 | 1067 | 1075 |
| 19 | 90 | 1075 | 1080 |
| 20 | 81 | 1080 | 1085 |
| 21 | 69 | 1085 | 1089 |
| **ਕੁਲ ਛੰਦ** | 1797 | | |

**11) ਰਾਮੇਸ਼ਰ ਖੰਡ**

ਰਾਮੇਸ਼ਰ ਖੰਡ ਇਸ ਗ੍ਰੰਥ ਦਾ ਗਿਆਰਵਾਂ ਖੰਡ ਹੈ। ਇਸ ਵਿਚ ਕੁਲ 18 ਅਧਿਆਇ ਸ਼ਾਮਿਲ ਕੀਤੇ ਗਏ ਹਨ। ਇਹ ਖੰਡ ਪਤਰਾ 1089 ਤੋਂ ਆਰੰਭ ਹੋ ਕੇ ਪਤਰਾ 1154 ਤਕ ਦਰਜ ਹੈ। ਕਵੀ ਇਸ ਖੰਡ ਦਾ ਆਰੰਭ ਸਚਖੰਡ ਤੋਂ ਕਰਦਾ ਹੈ। ਕਵੀ ਇਸ ਖੰਡ ਦੀ ਸਮਾਪਤੀ ਗਿਆਨ ਦੀ ਪ੍ਰਾਪਤੀ ਦੀ ਗਲ ਕਰਕੇ ਕਰਦਾ ਹੈ। ਇਸ ਖੰਡ ਦੇ ਅਧਿਆਵਾਂ, ਛੰਦਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ-

| ਅਧਿਆਇ ਨੰਬਰ | ਛੰਦਾਂ ਦੀ ਗਿਣਤੀ | ਅਧਿਆਇ ਦਾ ਆਰੰਭਿਕ ਪਤਰਾ ਨੰਬਰ | ਅਧਿਆਇ ਦਾ ਅੰਤਿਮ ਪਤਰਾ ਨੰਬਰ |
|---|---|---|---|
| 1 | 55 | 1089 | 1093 |
| 2 | 56 | 1093 | 1096 |
| 3 | 48 | 1096 | 1098 |
| 4 | 81 | 1098 | 1103 |
| 5 | 78 | 1103 | 1107 |
| 6 | 74 | 1107 | 1111 |

| ਅਧਿਆਇ ਨੰਬਰ | ਛੰਦਾਂ ਦੀ ਗਿਣਤੀ | ਅਧਿਆਇ ਦਾ ਆਰੰਭਿਕ ਪਤਰਾ ਨੰਬਰ | ਅਧਿਆਇ ਦਾ ਅੰਤਿਮ ਪਤਰਾ ਨੰਬਰ |
|---|---|---|---|
| 7 | 91 | 1111 | 1115 |
| 8 | 58 | 1115 | 1118 |
| 9 | 78 | 1118 | 1122 |
| 10 | 134 | 1122 | 1128 |
| 11 | 60 | 1128 | 1133 |
| 12 | 82 | 1133 | 1137 |
| 13 | 96 | 1137 | 1141 |
| 14 | 30 | 1142 | 1143 |
| 15 | 32 | 1143 | 1145 |
| 16 | 87 | 1145 | 1149 |
| 17 | 30 | 1149 | 1151 |
| 18 | 64 | 1151 | 1154 |
| **ਕੁਲ ਛੰਦ** | 1234 | | |

**12) ਗਿਆਨ ਖੰਡ**

ਗਿਆਨ ਖੰਡ ਇਸ ਗ੍ਰੰਥ ਦਾ ਬਾਰ੍ਹਵਾਂ ਖੰਡ ਹੈ। ਇਸ ਵਿਚ ਕੁਲ 17 ਅਧਿਆਇ ਸ਼ਾਮਿਲ ਕੀਤੇ ਗਏ ਹਨ। ਇਹ ਖੰਡ ਪਤਰਾ 1154 ਤੋਂ ਆਰੰਭ ਹੋ ਕੇ ਪਤਰਾ 1220 ਤਕ ਦਰਜ ਹੈ। ਇਸ ਖੰਡ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੀਆਂ ਅਗਲੀਆਂ ਯਾਤਰਾਵਾਂ ਬਾਰੇ ਦਸਦੇ ਹੋਏ ਕੀਤਾ ਹੈ ਅਤੇ ਇਸ ਖੰਡ ਦੀ

ਸਮਾਪਤੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਨਾਲ ਕੀਤੀ ਹੈ। ਇਸ ਖੰਡ ਦੇ ਅਧਿਆਵਾਂ, ਛੰਦਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ-

| **ਅਧਿਆਇ ਨੰਬਰ** | **ਛੰਦਾਂ ਦੀ ਗਿਣਤੀ** | **ਅਧਿਆਇ ਦਾ ਆਰੰਭਿਕ ਪਤਰਾ ਨੰਬਰ** | **ਅਧਿਆਇ ਦਾ ਅੰਤਿਮ ਪਤਰਾ ਨੰਬਰ** |
|---|---|---|---|
| 1 | 89 | 1154 | 1160 |
| 2 | 93 | 1160 | 1166 |
| 3 | 90 | 1166 | 1174 |
| 4 | 64 | 1174 | 1178 |
| 5 | 57 | 1178 | 1181 |
| 6 | 57 | 1181 | 1184 |
| 7 | 35 | 1184 | 1186 |
| 8 | 35 | 1186 | 1189 |
| 9 | 66 | 1189 | 1191 |
| 10 | 56 | 1191 | 1195 |
| 11 | 95 | 1196 | 1101 |
| 12 | 42 | 1101 | 1103 |
| 13 | 70 | 1103 | 1207 |
| 14 | 62 | 1207 | 1210 |
| 15 | 73 | 1210 | 1214 |
| 16 | 56 | 1214 | 1217 |
| 17 | 68 | 1217 | 1220 |

| ਕੁਲ ਛੰਦ | 1108 |
|---|---|

**13) ਨਾਨਕ ਮਤਾ ਖੰਡ**

ਨਾਨਕ ਮਤਾ ਖੰਡ ਇਸ ਗ੍ਰੰਥ ਦਾ ਤੇਰਵ੍ਹਾਂ ਖੰਡ ਹੈ। ਇਸ ਵਿਚ ਕੁਲ 12 ਅਧਿਆਇ ਸ਼ਾਮਿਲ ਕੀਤੇ ਗਏ ਹਨ। ਇਹ ਖੰਡ ਪਤਰਾ 1221 ਤੋਂ ਆਰੰਭ ਹੋ ਕੇ ਪਤਰਾ 1283 ਤਕ ਦਰਜ ਹੈ। ਖੰਡ ਦਾ ਆਰੰਭ ਪੂਰਬ ਦੀ ਯਾਤਰਾ ਤੋਂ ਬਾਅਦ ਮੇਰਠ ਪਹੁੰਚਣ ਤੋਂ ਹੁੰਦਾ ਹੈ ਅਤੇ ਖੰਡ ਦੀ ਸਮਾਪਤੀ ਕਵੀ ਕੀੜੀ ਦੇਸ ਦੀ ਕਥਾ ਨਾਲ ਗੁਰੂ ਨਾਨਕ ਦੇਵ ਜੀ ਵਲੋਂ ਉਪਦੇਸ਼ ਦੇ ਕੇ ਕਰਦਾ ਹੈ। ਇਸ ਖੰਡ ਦੇ ਅਧਿਆਵਾਂ, ਛੰਦਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ-

| ਅਧਿਆਇ ਨੰਬਰ | ਛੰਦਾਂ ਦੀ ਗਿਣਤੀ | ਅਧਿਆਇ ਦਾ ਆਰੰਭਿਕ ਪਤਰਾ ਨੰਬਰ | ਅਧਿਆਇ ਦਾ ਅੰਤਿਮ ਪਤਰਾ ਨੰਬਰ |
|---|---|---|---|
| 1 | 119 | 1221 | 1229 |
| 2 | 81 | 1229 | 1234 |
| 3 | 69 | 1234 | 1241 |
| 4 | 58 | 1241 | 1244 |
| 5 | 50 | 1244 | 1248 |
| 6 | 61 | 1248 | 1251 |
| 7 | 69 | 1251 | 1256 |
| 8 | 82 | 1256 | 1262 |
| 9 | 86 | 1262 | 1267 |
| 10 | 61 | 1267 | 1274 |
| 11 | 66 | 1274 | 1278 |

| ਅਧਿਆਇ ਨੰਬਰ | ਛੰਦਾਂ ਦੀ ਗਿਣਤੀ | ਅਧਿਆਇ ਦਾ ਆਰੰਭਿਕ ਪਤਰਾ ਨੰਬਰ | ਅਧਿਆਇ ਦਾ ਅੰਤਿਮ ਪਤਰਾ ਨੰਬਰ |
|---|---|---|---|
| 12 | 84 | 1278 | 1283 |
| **ਕੁਲ ਛੰਦ** | 886 | | |

**14) ਪਲਖਦੀਪ ਖੰਡ**

ਪਲਖਦੀਪ ਖੰਡ ਇਸ ਗ੍ਰੰਥ ਦਾ ਚੌਦਵਾਂ ਖੰਡ ਹੈ। ਇਸ ਵਿਚ ਕੁਲ 14 ਅਧਿਆਇ ਸ਼ਾਮਿਲ ਕੀਤੇ ਗਏ ਹਨ। ਇਹ ਖੰਡ ਪਤਰਾ 1283 ਤੋਂ ਆਰੰਭ ਹੋ ਕੇ ਪਤਰਾ 1347 ਤਕ ਦਰਜ ਹੈ। ਇਸ ਖੰਡ ਵਿਚ ਕਵੀ ਨੇ ਗੁਰੂ ਨਾਨਕ ਦੇਵ ਜੀ ਦੀ ਸਿੰਗਲਾਦੀਪ ਦੀ ਯਾਤਰਾ ਦਾ ਅਰੰਭ ਇਸ ਖੰਡ ਵਿਚ ਕੀਤਾ ਹੈ । ਆਰੰਭ ਵਿਚ ਕਵੀ ਨੇ ਬਹੁਤ ਸਾਰੇ ਫੁਲ, ਫਲਾਂ ਅਤੇ ਮੇਵਿਆਂ ਦਾ ਬਹੁਤ ਹੀ ਖ਼ੂਬਸੂਰਤੀ ਨਾਲ ਵਰਨਣ ਕੀਤਾ ਹੈ। ਜੋ ਕਿ ਆਪਣੇ ਆਪ ਵਿਚ ਹੀ ਇਕ ਦਿਲਚਸਪ ਵਿਸ਼ਾ ਹੈ। ਕਵੀ ਨੇ ਆਪਣੇ ਆਸ਼ੇ ਅਨੁਸਾਰ ਗੁਰਮਤਿ ਦੀ ਵਿਚਾਰ ਵੀ ਭਲੀ-ਭਾਂਤ ਦਰਸਾਈ ਹੈ। ਗੁਰਮਤਿ ਦੀ ਵਿਚਾਰ ਨਾਲ ਹੀ ਕਵੀ ਇਸ ਖੰਡ ਦੀ ਸਮਾਪਤੀ ਕਰਦਾ ਹੈ। ਇਸ ਖੰਡ ਦੇ ਅਧਿਆਵਾਂ, ਛੰਦਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ-

| ਅਧਿਆਇ ਨੰਬਰ | ਛੰਦਾਂ ਦੀ ਗਿਣਤੀ | ਅਧਿਆਇ ਦਾ ਆਰੰਭਿਕ ਪਤਰਾ ਨੰਬਰ | ਅਧਿਆਇ ਦਾ ਅੰਤਿਮ ਪਤਰਾ ਨੰਬਰ |
|---|---|---|---|
| 1 | 106 | 1283 | 1289 |
| 2 | 92 | 1289 | 1296 |
| 3 | 51 | 1296 | 1300 |
| 4 | 84 | 1300 | 1306 |
| 5 | 52 | 1306 | 1310 |

| **ਅਧਿਆਇ ਨੰਬਰ** | **ਛੰਦਾਂ ਦੀ ਗਿਣਤੀ** | **ਅਧਿਆਇ ਦਾ ਆਰੰਭਿਕ ਪਤਰਾ ਨੰਬਰ** | **ਅਧਿਆਇ ਦਾ ਅੰਤਿਮ ਪਤਰਾ ਨੰਬਰ** |
|---|---|---|---|
| 6 | 51 | 1310 | 1314 |
| 7 | 75 | 1314 | 1319 |
| 8 | 32 | 1319 | 1321 |
| 9 | 62 | 1321 | 1325 |
| 10 | 68 | 1325 | 1329 |
| 11 | 79 | 1329 | 1334 |
| 12 | 78 | 1334 | 1339 |
| 13 | 63 | 1339 | 1343 |
| 14 | 56 | 1343 | 1347 |
| **ਕੁਲ ਛੰਦ** | 949 | | |

**15) ਸਿੰਗਲਾਦੀਪ ਖੰਡ**

ਸਿੰਗਲਾਦੀਪ ਖੰਡ ਇਸ ਗ੍ਰੰਥ ਦਾ ਪੰਦਰਵਾਂ ਖੰਡ ਹੈ। ਇਸ ਵਿਚ ਕੁਲ 13 ਅਧਿਆਇ ਸ਼ਾਮਿਲ ਕੀਤੇ ਗਏ ਹਨ। ਇਹ ਖੰਡ ਪਤਰਾ 1348 ਤੋਂ ਆਰੰਭ ਹੋ ਕੇ ਪਤਰਾ 1426 ਤਕ ਦਰਜ ਹੈ। ਗੁਰੂ ਨਾਨਕ ਦੇਵ ਜੀ ਦੇ ਸਿੰਗਲਾਦੀਪ ਪਹੁੰਚਣ ਤੋਂ ਕਵੀ ਨੇ ਇਸ ਖੰਡ ਦਾ ਆਰੰਭ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਆਉਣ ਦੀ ਕਥਾ ਨਾਲ ਇਸ ਖੰਡ ਦੀ ਸਮਾਪਤੀ ਹੁੰਦੀ ਹੈ। ਇਸ ਖੰਡ ਦੇ ਅਧਿਆਵਾਂ, ਛੰਦਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ –

| ਅਧਿਆਇ ਨੰਬਰ | ਛੰਦਾਂ ਦੀ ਗਿਣਤੀ | ਅਧਿਆਇ ਦਾ ਆਰੰਭਿਕ ਪਤਰਾ ਨੰਬਰ | ਅਧਿਆਇ ਦਾ ਅੰਤਿਮ ਪਤਰਾ ਨੰਬਰ |
|---|---|---|---|
| 1 | 51 | 1348 | 1354 |
| 2 | 33 | 1354 | 1358 |
| 3 | 53 | 1359 | 1366 |
| 4 | 57 | 1366 | 1371 |
| 5 | 90 | 1371 | 1379 |
| 6 | 56 | 1379 | 1384 |
| 7 | 77 | 1384 | 1390 |
| 8 | 65 | 1390 | 1394 |
| 9 | 83 | 1394 | 1400 |
| 10 | 85 | 1400 | 1406 |
| 11 | 143 | 1406 | 1414 |
| 12 | 116 | 1414 | 1421 |
| 13 | 91 | 1421 | 1426 |
| **ਕੁਲ ਛੰਦ** | 1000 | | |

**16) ਮੁਲਤਾਨ ਖੰਡ**

ਮੁਲਤਾਨ ਖੰਡ ਇਸ ਗ੍ਰੰਥ ਦਾ ਸੋਲਵ੍ਹਾਂ ਖੰਡ ਹੈ। ਇਸ ਵਿਚ ਕੁਲ 13 ਅਧਿਆਇ ਸ਼ਾਮਿਲ ਕੀਤੇ ਗਏ ਹਨ। ਇਹ ਖੰਡ ਪਤਰਾ 1426 ਤੋਂ ਆਰੰਭ ਹੋ ਕੇ ਪਤਰਾ 1498 ਤਕ ਦਰਜ ਹੈ। ਗੁਰੂ ਨਾਨਕ ਦੇਵ ਜੀ ਦੇ ਪਟਨੇ ਵਲ ਨੂੰ ਜਾਣ ਦੀ ਕਥਾ ਤੋਂ ਕਵੀ ਨੇ ਇਸ ਖੰਡ ਦਾ ਆਰੰਭ ਕੀਤਾ ਹੈ। ਅੰਤ

ਵਿਚ ਨਨਕਾਣੇ ਵਿਚ ਗੁਰੂ ਨਾਨਕ ਦੇਵ ਜੀ ਦੇ ਆਉਣ `ਤੇ ਇਸ ਖੰਡ ਦੀ ਸਮਾਪਤੀ ਹੁੰਦੀ ਹੈ। ਇਸ ਖੰਡ ਦੇ ਅਧਿਆਵਾਂ, ਛੰਦਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ-

| **ਅਧਿਆਇ ਨੰਬਰ** | **ਛੰਦਾਂ ਦੀ ਗਿਣਤੀ** | **ਅਧਿਆਇ ਦਾ ਆਰੰਭਿਕ ਪਤਰਾ ਨੰਬਰ** | **ਅਧਿਆਇ ਦਾ ਅੰਤਿਮ ਪਤਰਾ ਨੰਬਰ** |
|---|---|---|---|
| 1 | 53 | 1426 | 1430 |
| 2 | 64 | 1430 | 1435 |
| 3 | 71 | 1435 | 1441 |
| 4 | 63 | 1441 | 1446 |
| 5 | 61 | 1446 | 1452 |
| 6 | 53 | 1452 | 1457 |
| 7 | 60 | 1457 | 1465 |
| 8 | 55 | 1465 | 1470 |
| 9 | 69 | 1470 | 1476 |
| 10 | 58 | 1476 | 1481 |
| 11 | 60 | 1481 | 1486 |
| 12 | 45 | 1486 | 1493 |
| 13 | 60 | 1493 | 1498 |
| **ਕੁਲ ਛੰਦ** | 772 | | |

**17) ਬਰਨ ਖੰਡ**

ਬਰਨ                    ਖੰਡ ਇਸ ਗ੍ਰੰਥ ਦਾ ਸਤਾਰਵ੍ਹਾਂ ਖੰਡ ਹੈ। ਇਸ ਵਿਚ ਕੁਲ 10 ਅਧਿਆਇ ਸ਼ਾਮਿਲ ਹਨ। ਇਹ ਖੰਡ ਪਤਰਾ 1498 ਤੋਂ ਆਰੰਭ ਹੋ ਕੇ ਪਤਰਾ 1572 ਤਕ ਦਰਜ ਹੈ। ਪੰਜਾਬ ਦੀ ਯਾਤਰਾ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦਾ ਘਰ ਵਾਪਸੀ ਤੋਂ ਇਸ ਖੰਡ ਦਾ ਆਰੰਭ ਹੁੰਦਾ ਹੈ। ਮਾਤਾ ਸੁਲਖਣੀ ਜੀ ਅਤੇ ਗੁਰੂ ਨਾਨਕ ਦੇਵ ਜੀ ਦੇ ਵਾਰਤਾਲਾਪ ਨਾਲ ਅੰਤਿਮ ਅਧਿਆਇ ਦੀ ਸਮਾਪਤੀ ਕੀਤੀ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਸ਼ਾਮਿਲ ਹਨ। ਇਸ ਖੰਡ ਦੇ ਅਧਿਆਵਾਂ, ਛੰਦਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ -

| **ਅਧਿਆਇ ਨੰਬਰ** | **ਛੰਦਾਂ ਦੀ ਗਿਣਤੀ** | **ਅਧਿਆਇ ਦਾ ਆਰੰਭਿਕ ਪਤਰਾ ਨੰਬਰ** | **ਅਧਿਆਇ ਦਾ ਅੰਤਿਮ ਪਤਰਾ ਨੰਬਰ** |
|---|---|---|---|
| 1 | 66 | 1498 | 1506 |
| 2 | 63 | 1506 | 1511 |
| 3 | 68 | 1511 | 1517 |
| 4 | 55 | 1517 | 1523 |
| 5 | 70 | 1523 | 1529 |
| 6 | 61 | 1529 | 1536 |
| 7 | 116 | 1536 | 1543 |
| 8 | 80 | 1544 | 1549 |
| 9 | 192 | 1549 | 1564 |
| 10 | 54 | 1564 | 1572 |
| **ਕੁਲ ਛੰਦ** | 825 | | |

**18) ਤਿਲੰਗ ਜੀਵ ਦੇਵ ਖੰਡ**

ਤਿਲੰਗ                    ਜੀਵ ਦੇਵ ਖੰਡ ਇਸ ਗ੍ਰੰਥ ਦਾ ਅਠਾਰਵ੍ਹਾਂ ਖੰਡ ਹੈ। ਇਸ ਵਿਚ ਕੁਲ 10 ਅਧਿਆਇ ਸ਼ਾਮਿਲ ਕੀਤੇ ਗਏ ਹਨ। ਇਹ ਖੰਡ ਪਤਰਾ 1572 ਤੋਂ ਆਰੰਭ ਹੋ ਕੇ ਪਤਰਾ 1630 ਤਕ ਦਰਜ ਹੈ। ਤਲਵੰਡੀ ਤੋਂ ਯਾਤਰਾ ਆਰੰਭ ਕਰਨ ਦੀ ਕਥਾ ਨਾਲ ਇਸ ਖੰਡ ਦਾ ਆਰੰਭ ਹੁੰਦਾ ਹੈ ਅਤੇ ਹਰਿਦੁਆਰ ਤੋਂ ਵਾਪਿਸ ਤਲਵੰਡੀ ਦੀ ਕਥਾ ਨਾਲ ਇਸ ਖੰਡ ਦੀ ਸਮਾਪਤੀ ਹੁੰਦੀ ਹੈ। ਇਸ ਖੰਡ ਦੇ ਅਧਿਆਵਾਂ, ਛੰਦਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ-

| **ਅਧਿਆਇ ਨੰਬਰ** | **ਛੰਦਾਂ ਦੀ ਗਿਣਤੀ** | **ਅਧਿਆਇ ਦਾ ਆਰੰਭਿਕ ਪਤਰਾ ਨੰਬਰ** | **ਅਧਿਆਇ ਦਾ ਅੰਤਿਮ ਪਤਰਾ ਨੰਬਰ** |
|---|---|---|---|
| 1 | 98 | 1572 | 1584 |
| 2 | 54 | 1584 | 1592 |
| 3 | 104 | 1592 | 1599 |
| 4 | 95 | 1599 | 1607 |
| 5 | 61 | 1607 | 1614 |
| 6 | 56 | 1614 | 1620 |
| 7 | 36 | 1620 | 1623 |
| 8 | 29 | 1623 | 1625 |
| 9 | 54 | 1625 | 1628 |
| 10 | 31 | 1628 | 1630 |
| **ਕੁਲ ਛੰਦ** | 618 | | |

**19) ਕਸ਼ਮੀਰ ਖੰਡ**

ਕਸ਼ਮੀਰ ਖੰਡ ਇਸ ਗ੍ਰੰਥ ਦਾ ਉਨ੍ਹੀਵਾਂ ਖੰਡ ਹੈ। ਇਸ ਵਿਚ ਕੁਲ 29 ਅਧਿਆਇ ਸ਼ਾਮਿਲ ਕੀਤੇ ਗਏ ਹਨ। ਇਹ ਖੰਡ ਪਤਰਾ 1631 ਤੋਂ ਆਰੰਭ ਹੋ ਕੇ ਪਤਰਾ 1767 ਤਕ ਦਰਜ ਹੈ। ਛੰਦਾਂ, ਪਤਰਿਆਂ, ਅਧਿਆਵਾਂ ਦੇ ਪੱਖ ਤੋਂ ਇਹ ਸਭ ਤੋਂ ਵਡਾ ਖੰਡ ਹੈ। ਕਵੀ ਦਾ ਜਨਮ ਵੀ ਕਸ਼ਮੀਰ ਦਾ ਹੈ, ਸੋ ਇਹ ਵੀ ਇਸ ਖੰਡ ਦੇ ਵਡਾ ਹੋਣ ਦਾ ਇਕ ਕਾਰਨ ਹੋ ਸਕਦਾ, ਜਿਸ ਕਰਕੇ ਕਸ਼ਮੀਰ ਖੰਡ ਵਿਚ ਕਵੀ ਨੇ ਬਹੁਤ ਹੀ ਵਿਸਥਾਰ ਨਾਲ ਕਥਾਵਾਂ ਦਾ ਜ਼ਿਕਰ ਕੀਤਾ ਹੈ। ਇਸ ਖੰਡ ਦਾ ਆਰੰਭ ਕਵੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਕਸ਼ਮੀਰ ਦੀ ਯਾਤਰਾ ਸ਼ੁਰੂ ਕਰਨ ਦੀ ਕਥਾ ਤੋਂ ਕੀਤੀ ਹੈ। ਇਸ ਦੀ ਸਮਾਪਤੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਦੇ ਕੇ ਕੀਤੀ ਹੈ ਕਿ ਜਿਸ ਮਨੁਖ ਦੇ ਮਨ ਵਿਚ ਸੰਸਾ ਹੈ ਉਹ ਕਿਤਨਾ ਵੀ ਧੰਨਵਾਨ ਕਿਉਂ ਨਾ ਹੋਵੇ ਸਭ ਕੁਝ ਵਿਅਰਥ ਹੈ। ਇਸ ਖੰਡ ਦੇ ਅਧਿਆਵਾਂ, ਛੰਦਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ-

| **ਅਧਿਆਇ ਨੰਬਰ** | **ਛੰਦਾਂ ਦੀ ਗਿਣਤੀ** | **ਅਧਿਆਇ ਦਾ ਆਰੰਭਿਕ ਪਤਰਾ ਨੰਬਰ** | **ਅਧਿਆਇ ਦਾ ਅੰਤਿਮ ਪਤਰਾ ਨੰਬਰ** |
|---|---|---|---|
| 1 | 52 | 1631 | 1635 |
| 2 | 64 | 1635 | 1639 |
| 3 | 52 | 1639 | 1642 |
| 4 | 86 | 1642 | 1647 |
| 5 | 68 | 1647 | 1653 |
| 6 | 87 | 1653 | 1658 |
| 7 | 78 | 1658 | 1662 |
| 8 | 72 | 1662 | 1667 |
| 9 | 60 | 1667 | 1672 |
| 10 | 85 | 1672 | 1680 |

| ਅਧਿਆਇ ਨੰਬਰ | ਛੰਦਾਂ ਦੀ ਗਿਣਤੀ | ਅਧਿਆਇ ਦਾ ਆਰੰਭਿਕ ਪਤਰਾ ਨੰਬਰ | ਅਧਿਆਇ ਦਾ ਅੰਤਿਮ ਪਤਰਾ ਨੰਬਰ |
|---|---|---|---|
| 11 | 61 | 1680 | 1683 |
| 12 | 96 | 1684 | 1689 |
| 13 | 70 | 1689 | 1693 |
| 14 | 69 | 1693 | 1698 |
| 15 | 71 | 1698 | 1702 |
| 16 | 61 | 1702 | 1706 |
| 17 | 63 | 1706 | 1711 |
| 18 | 54 | 1711 | 1715 |
| 19 | 67 | 1715 | 1720 |
| 20 | 65 | 1720 | 1724 |
| 21 | 76 | 1724 | 1728 |
| 22 | 45 | 1728 | 1732 |
| 23 | 36 | 1732 | 1734 |
| 24 | 99 | 1734 | 1741 |
| 25 | 78 | 1741 | 1745 |
| 26 | 77 | 1745 | 1750 |
| 27 | 50 | 1750 | 1753 |
| 28 | 97 | 1753 | 1760 |
| 29 | 98 | 1760 | 1767 |

| ਕੁਲ ਛੰਦ | 2037 |
|---|---|

**20) ਕਰਤਾਰਪੁਰ ਖੰਡ**

ਕਰਤਾਰਪੁਰ ਖੰਡ ਇਸ ਗ੍ਰੰਥ ਦਾ ਅੰਤਿਮ ਅਤੇ ਬੀਹਵਾਂ ਖੰਡ ਹੈ। ਇਸ ਵਿਚ ਕੁਲ 16 ਅਧਿਆਇ ਸ਼ਾਮਿਲ ਕੀਤੇ ਗਏ ਹਨ। ਇਹ ਖੰਡ ਪਤਰਾ 1768 ਤੋਂ ਆਰੰਭ ਹੋ ਕੇ ਪਤਰਾ 1860 ਤਕ ਦਰਜ ਹੈ। ਗੁਰੂ ਅੰਗਦ ਦੇਵ ਜੀ ਦੀ ਕਥਾ ਤੋਂ ਕਵੀ ਨੇ ਇਸ ਖੰਡ ਦਾ ਆਰੰਭ ਕੀਤਾ ਹੈ। ਅੰਤ ਵਿਚ ਕਵੀ ਨੇ ਇਸ ਗ੍ਰੰਥ ਦੀ ਮਹਿਮਾ ਕੀਤੀ ਹੈ। ਇਸ ਨੂੰ ਪੜਨ ਦਾ ਫਲ ਦਸਿਆ ਹੈ। ਅੰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਲੋਕ *ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ* ਅੰਕਿਤ ਕਰਕੇ ਇਸ ਖੰਡ ਅਤੇ ਗ੍ਰੰਥ ਨੂੰ ਸੰਪੂਰਨ ਕੀਤਾ ਹੈ। ਇਸ ਖੰਡ ਦੇ ਅਧਿਆਵਾਂ, ਛੰਦਾਂ, ਪਤਰਿਆਂ ਦਾ ਵਿਵਰਣ ਨਿਮਨ ਲਿਖਤ ਅਨੁਸਾਰ ਹੈ-

| **ਅਧਿਆਇ ਨੰਬਰ** | **ਛੰਦਾਂ ਦੀ ਗਿਣਤੀ** | **ਅਧਿਆਇ ਦਾ ਆਰੰਭਿਕ ਪਤਰਾ ਨੰਬਰ** | **ਅਧਿਆਇ ਦਾ ਅੰਤਿਮ ਪਤਰਾ ਨੰਬਰ** |
|---|---|---|---|
| 1 | 36 | 1768 | 1770 |
| 2 | 86 | 1770 | 1776 |
| 3 | 82 | 1776 | 1780 |
| 4 | 110 | 1780 | 1788 |
| 5 | 34 | 1788 | 1790 |
| 6 | 59 | 1790 | 1797 |
| 7 | 57 | 1797 | 1801 |
| 8 | 26 | 1801 | 1804 |
| 9 | 47 | 1804 | 1808 |

| **ਅਧਿਆਇ ਨੰਬਰ** | **ਛੰਦਾਂ ਦੀ ਗਿਣਤੀ** | **ਅਧਿਆਇ ਦਾ ਆਰੰਭਿਕ ਪਤਰਾ ਨੰਬਰ** | **ਅਧਿਆਇ ਦਾ ਅੰਤਿਮ ਪਤਰਾ ਨੰਬਰ** |
|---|---|---|---|
| 10 | 54 | 1808 | 1814 |
| 11 | 94 | 1814 | 1822 |
| 12 | 56 | 1822 | 1828 |
| 13 | 88 | 1828 | 1836 |
| 14 | 46 | 1836 | 1839 |
| 15 | 140 | 1839 | 1852 |
| 16 | 51 | 1852 | 1860 |
| **ਕੁਲ ਛੰਦ** | 1066 | | |

ਉਪਰੋਕਤ ਅਸੀਂ ਗੁਰੂ ਨਾਨਕ ਵਿਜੈ ਗ੍ਰੰਥ ਦੇ ਪਤਰਿਆਂ ਛੰਦਾਂ ਅਤੇ ਅਧਿਆਵਾਂ ਦੀ ਸੂਚੀ ਤਿਆਰ ਕੀਤੀ ਹੈ, ਇਸ ਵਿਚੋਂ ਸਾਨੂੰ ਨਿਮਨ ਲਿਖਤ ਅਨੁਸਾਰ ਕੁਲ ਛੰਦਾਂ ਦੀ ਗਿਣਤੀ ਪ੍ਰਾਪਤ ਹੋਈ ਹੈ-

1016+1156+1872+1512+1335+1361+820+1627+1446+1797+1234+1108+886+949+1000+772+825+618+2037+1066=24437

ਇਸ ਵਿਚ ਕੁਲ ਅਧਿਆਇ 347, ਪਤਰੇ 1860 ਅਤੇ ਛੰਦਾਂ ਦੀ ਗਿਣਤੀ 24437 ਹੋਈ ਹੈ,

ਪਰ ਕਵੀ ਨੇ ਗ੍ਰੰਥ ਦੇ ਅੰਤ ਵਿਚ ਛੰਦਾਂ ਦੀ ਕੁਲ ਗਿਣਤੀ 24382 ਦਸੀ ਹੈ [1] ਪਰ ਜਦੋਂ ਅਸੀਂ ਛੰਦਾਂ ਦੀ ਗਿਣਤੀ ਕਰਦੇ ਹਾਂ ਤਾਂ ਇਹ 24437 ਹੁੰਦੀ ਹੈ ਭਾਵ 55 ਛੰਦ ਇਸ ਵਿਚ ਜਿਆਦਾ ਹੈ, ਇਸ ਦਾ ਕਾਰਨ ਵਡੀ ਰਚਨਾ ਹੋਣਾ ਵੀ ਹੋ ਸਕਦਾ ਹੈ। ਸੋ ਉਪਰੋਕਤ ਪ੍ਰਸੰਗਾਂ ਵਿਚ ਅਸੀਂ ਚਰਚਿਤ ਗ੍ਰੰਥ ਦੇ ਬਾਰੇ ਪਹਿਲਾਂ ਪ੍ਰਕਾਸ਼ਿਤ ਪੁਸਤਕਾਂ, ਪਰਚਿਆਂ ਆਦਿ ਬਾਰੇ ਸੰਖਪਿਤ ਚਰਚਾ ਕੀਤੀ ਜਿਸ ਅਸੀਂ ਦੇਖਿਆ ਕਿ

[1] ਸੰਤਰੇਣ,*ਗੁਰੂ ਨਾਨਕ ਵਿਜੈ ਗ੍ਰੰਥ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1860.

ਅਕਾਦਮਿਕ ਪੱਧਰ ਉਪਰ ਅਜੇ ਤੀਕ ਕਿਸੇ ਉਪਾਧੀ ਹਿਤ ਖੋਜ ਕਾਰਜ ਪ੍ਰਸਤੁਤ ਨਹੀਂ ਕੀਤਾ ਗਿਆ ਅਤੇ ਨਾ ਹੀ ਸਿਧੇ ਤੌਰ ਉਪਰ ਇਸ ਗ੍ਰੰਥ ਉਪਰ ਖੋਜ ਕਾਰਜ ਹੋਇਆ ਹੈ। ਇਸ ਦੇ ਕਥਾ ਸਾਰ ਤੋਂ ਅਸੀਂ ਇਸ ਦੀ ਕਥਾ ਬਾਰੇ ਸਹਿਜ ਹੀ ਜਾਣਨ ਦਾ ਯਤਨ ਵੀ ਕੀਤਾ ਹੈ। ਅੰਤ ਵਿਚ ਇਸ ਦੇ ਪਤਰਿਆਂ, ਛੰਦਾਂ ਦੀ ਸੂਚੀ ਬਣਾਈ ਹੈ, ਜਿਸ ਵਿਚ ਇਸ ਦੇ ਅਸਲ ਛੰਦਾਂ ਦੀ ਗਿਣਤੀ ਸਾਡੇ ਸਾਹਮਣੇ ਆਈ ਹੈ।

# ਦਾਰਸ਼ਨਿਕ ਵਿਸ਼ਲੇਸ਼ਣ

ਗੁਰੂ ਨਾਨਕ ਵਿਜੈ ਗ੍ਰੰਥ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਹੈ। ਇਸ ਲਈ ਇਸ ਵਿਚ ਦਾਰਸ਼ਨਿਕ ਵਿਚਾਰਧਾਰਾ ਹੋਣੀ ਸੁਭਾਵਿਕ ਹੈ। ਕਵੀ ਨੇ ਅਨੇਕਾਂ ਥਾਵਾਂ 'ਤੇ ਗੁਰਬਾਣੀ ਵਿਚੋਂ ਹਵਾਲੇ ਦੇ ਕੇ ਆਪਣੀ ਗੱਲ ਦੀ ਪ੍ਰੋੜਤਾ ਕੀਤੀ ਹੈ। ਸੋ ਗੁਰਬਾਣੀ ਆਧਾਰਿਤ ਇਸ ਗ੍ਰੰਥ ਵਿਚ ਦਾਰਸ਼ਨਿਕ ਵਿਚਾਰ ਆਮ ਹੀ ਮਿਲ ਜਾਂਦੇ ਹਨ। ਗੁਰਮਤਿ ਨਿਰੀ ਬੌਧਿਕ ਫਲਸਫਾ ਨਹੀਂ ਹੈ ਅਤੇ ਨਾ ਹੀ ਇਸ ਦਾ ਅਭਾਵ ਹੈ। ਦਰਸ਼ਨ ਦੇ ਦੋ ਪਖ ਪ੍ਰਮੁਖ ਹਨ , ਪਹਿਲਾ ਸਿਧਾਂਤਕ ਅਤੇ ਦੂਜਾ ਕ੍ਰਿਆਸ਼ੀਲ। ਸਾਡਾ ਇਥੇ ਸੰਬੰਧ ਦਰਸ਼ਨ ਦੇ ਪਹਿਲੇ ਪਖ ਭਾਵ ਸਿਧਾਂਤਕ ਪਖ ਨਾਲ ਹੈ। ਸਿਧਾਂਤਕ ਪਖ ਦੇ ਤਿੰਨ ਪ੍ਰਮੁਖ ਪ੍ਰਸ਼ਨ ਹਨ-

1. ਜਗਤ ਪਸਾਰੇ ਦੀ ਮੂਲ ਸਮਗਰੀ ਕੀ ਹੈ? (ਭਾਵ ਜਗਤ ਕੀ ਹੈ?)
2. ਇਸ ਦਾ ਕਾਦਰ-ਕਰਤਾ ਕੌਣ ਹੈ? (ਪਰਮਸਤ)
3. ਇਸ ਵਿਚ ਮਨੁਖ ਦਾ ਕੀ ਸਥਾਨ ਹੈ? (ਜੀਵ ਜਾਂ ਮਨੁਖ ਕੀ ਹੈ?)[1]

ਸੋ ਇਹ ਦਰਸ਼ਨ ਦੇ ਬੁਨਿਆਦੀ ਪ੍ਰਸ਼ਨ ਹਨ। ਇਨ੍ਹਾਂ ਪ੍ਰਸ਼ਨਾਂ ਦੇ ਆਧਾਰ 'ਤੇ ਹੀ ਅਸੀਂ ਇਥੇ ਇਸ ਗ੍ਰੰਥ ਦਾ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਾਂਗੇ। ਇਨ੍ਹਾਂ ਪ੍ਰਸ਼ਨਾਂ ਦਾ ਅਧਿਐਨ ਕ੍ਰਮਵਾਰ ਨਿਮਨਲਿਖਤ ਰਹੇਗਾ-

1. ਕਾਦਰ-ਕਰਤਾ(ਪਰਮਸਤ)
2. ਜਗਤ ਪਾਸਾਰੇ ਦੀ ਮੂਲ ਸਮਗਰੀ ਕੀ ਹੈ? (ਜਗਤ ਜਾਂ ਸ੍ਰਿਸ਼ਟੀ)
3. ਮਨੁਖ ਦਾ ਜਗਤ ਵਿਚ ਕੀ ਸਥਾਨ ਹੈ? (ਜੀਵ ਜਾਂ ਮਨੁਖ)

## ਪਰਮਸਤ

ਧਰਮ ਚਿੰਤਨ ਵਿਚ ਈਸ਼ਵਰਵਾਦ ਅਤੇ ਅਨਈਸ਼ਵਰਵਾਦ ਦੋ ਪ੍ਰਮੁਖ ਯੁਕਤੀਆਂ ਦੁਆਰਾ ਪਰਮਸਤ ਦੀ ਵਿਚਾਰ ਕੀਤੀ ਜਾਂਦੀ ਹੈ। ਗੁਰਮਤਿ ਦਰਸ਼ਨ ਵਿਚ ਪਰਮਸਤ ਬਾਰੇ ਨਾ ਤਾਂ ਸਬੂਤ ਪ੍ਰਸਤੁਤ ਕੀਤੇ ਗਏ ਅਤੇ ਨਾ ਹੀ ਵਿਕਾਸਵਾਦੀ ਧਾਰਨਾ ਦੀ ਸਵੀਕ੍ਰਿਤੀ ਹੈ।

---

[1] ਵਜ਼ੀਰ ਸਿੰਘ, *ਧਰਮ ਦਾ ਦਾਰਸ਼ਨਿਕ ਪੱਖ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1999, ਪੰਨਾ 21.

ਅਸੀਂ ਵਿਚਾਰ ਕਰਨੀ ਹੈ ਕਿ ਵਿਚਾਰਾਧੀਨ ਕ੍ਰਿਤ ਵਿਚ ਪਰਮਸਤ ਦਾ ਸਰੂਪ ਕਿਵੇਂ ਦਾ ਹੈ? ਪਰਮਸਤ ਦੇ ਅਰਥ ਕੀ ਹਨ? ਜਾਂ ਫਿਰ ਸਯੁੰਕਤ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਮੂਲ ਪ੍ਰਸ਼ਨ ਹੈ- ਪਰਮਸਤ ਕੀ ਹੈ? ਇਹ ਪ੍ਰਸ਼ਨ ਜੁਗਾ-ਜੁਗਾਂਤਰਾਂ ਤੋਂ ਚਲਿਆ ਆ ਰਿਹਾ ਹੈ। ਦਰਸ਼ਨ ਜਾਂ ਅਧਿਆਤਮਕ ਮਾਰਗ ਦਾ ਇਹ ਅਹਿਮ ਅਤੇ ਮੁਢਲਾ ਪ੍ਰਸ਼ਨ ਹੈ। ਇਸ ਪ੍ਰਸ਼ਨ ਬਾਰੇ ਧਰਮ ਗ੍ਰੰਥਾਂ ਵਿਚ ਜ਼ਿਕਰ ਜਰੂਰ ਮਿਲ ਜਾਂਦਾ ਹੈ। ਕਵੀ ਦੁਆਰਾ ਪਰਮਸਤ ਦਾ ਪ੍ਰਸਤੁਤ ਕੀਤਾ ਗਿਆ ਸਰੂਪ ਗੁਰਬਾਣੀ ਆਧਾਰਿਤ ਹੈ, ਇਸ ਲਈ ਸਰਵ-ਪ੍ਰਥਮ ਗੁਰਬਾਣੀ ਵਿਚ ਇਸ ਦੇ ਉਤਰ ਦੀ ਪੜਚੋਲ ਖੋਜ ਕਾਰਜ ਦੀ ਮੰਗ ਹੈ। ਇਸ ਲਈ ਅਸੀਂ ਇਹ ਵਿਚਾਰ ਪ੍ਰਸਤੁਤ ਕਰਾਂਗੇ ਕਿ ਗੁਰਬਾਣੀ ਅਨੁਸਾਰ ਪਰਮਸਤ ਕੀ ਹੈ?

## ਗੁਰਬਾਣੀ ਅਨੁਸਾਰ ਪਰਮਸਤ ਦਾ ਸਰੂਪ-

ਧਾਰਮਿਕ ਸਮੁਦਾਇ ਨੇ ਪਰਮਸਤ ਦੇ ਪ੍ਰਥਾਇ ਅਨੇਕਾਂ ਪ੍ਰਯਾਯਵਾਚੀ ਸ਼ਬਦਾਂ ਦੀ ਵਰਤੋਂ ਕੀਤੀ ਹੈ; ਪਰਮਾਤਮਾ, ਹਰਿ, ਨਿਰੰਜਨ, ਗੋਬਿੰਦ, ਭਗਵਾਨ, ਖਾਲਿਕ, ਗਨੀ, ਅਲਾਹ, ਪ੍ਰਭੂ, ਰੱਬ, ਵਿਸ਼ਨੂੰ, ਗੋਪਾਲ, ਪਰਮੇਸ਼ਵਰ, ਪਾਰਬ੍ਰਹਮ, ਮੁਰਾਰੀ, ਠਾਕੁਰ, ਗੋਸਾਂਈ, ਸੁਆਮੀ, ਦੀਨਾਨਾਥ, ਮਾਧੋ ਇਤਿਆਦਿਕ। ਪਰਮਸਤ ਦੀ ਸੰਪੂਰਨ ਪਰਿਭਾਸ਼ਾ ਜਾਂ ਸਰੂਪ ਸਪਸ਼ਟ ਕਰਨਾ ਅਤਿ-ਜਟਿਲ ਕਾਰਜ ਹੈ। ਇਸ ਦਾ ਗਿਆਨ ਅਰਜਿਤ ਕਰਨ ਹਿਤ ਅਸੀਂ ਇਸ ਪ੍ਰਥਾਇ ਵਰਤੇ ਜਾਂਦੇ ਸ਼ਬਦਾਂ ਵਿਚੋਂ ਕੁਝ ਇਕ ਦੇ ਸ਼ਾਬਦਿਕ ਅਰਥਾਂ ਦੀ ਪੜਚੋਲ ਕਰਾਂਗੇ। ਪਰਮਸਤ ਦੋ ਸ਼ਬਦਾਂ ਪਰਮ ਅਤੇ ਸਤ ਦੀ ਸੰਗਮਤਾ ਤੋਂ ਬਣਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਪਰਮ ਅਤੇ ਸਤ ਦੇ ਅਰਥ ਇਸ ਤਰ੍ਹਾਂ ਹਨ- ਪਰਮ ਦੇ ਅਰਥ ਅਤਜੰਤ, ਸਭ ਤੋਂ ਵਧ ਕੇ, ਪਹਿਲਾ, ਆਦਜ, ਕਰਤਾਰ ਹਨ [2] ਅਤੇ ਸਤ ਦੇ ਸੱਚ, ਸਤਯ ਪਰਮਾਤਮਾ, ਬ੍ਰਹਮ। [3] ਭਾਈ ਜੀ ਪਰਮਸਤ ਦੇ ਪ੍ਰਯਾਯਵਾਚੀ ਸ਼ਬਦਾਂ ਵਿਚੋਂ ਪਰਮੇਸੁਰ ਸ਼ਬਦ ਦੇ ਅਰਥ ਸਭ ਤੋਂ ਵਡਾ, ਸ੍ਵਾਮੀ, ਕਰਤਾਰ, ਪਾਰਬ੍ਰਹਮ, ਵਾਹਗੁਰੂ ਕਰਦੇ ਹਨ ।[4] ਬ੍ਰਹਮ ਸ਼ਬਦ[5] ਨੂੰ ਬ੍ਰਿਹ ਧਾਤੂ ਤੋਂ ਨਿਕਲਿਆ ਮੰਨਦੇ ਹਨ ਜਿਸ ਦਾ

---

[2] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 2628.

[3] ਉਹੀ, ਪੰਨਾ 560.

[4] ਉਹੀ, ਪੰਨਾ 2631.

ਅਰਥ ਹੈ ਵਧਣਾ। ਇਸ ਤਰ੍ਹਾਂ ਬ੍ਰਹਮ ਦੇ ਅਰਥ ਸਭ ਤੋਂ ਜ਼ਿਆਦਾ ਵਧਿਆ ਹੋਇਆ, ਕਰਤਾਰ, ਜਗਨਨਾਥ, ਵਾਹਗੁਰੂ[6] ਹੋ ਜਾਂਦੇ ਹਨ। ਜ਼ਿਆਦਾਤਰ ਵਿਦਵਿਤ ਪੁਰਸ਼ਾਂ ਨੇ ਪਰਮਸਤ ਦੇ ਸਰੂਪ ਨੂੰ ਪ੍ਰਸਤੁਤ ਕਰਨ ਲਈ ਪਰਮਸਤ ਨੂੰ ਬਿਜਲੀ, ਅਕਾਸ਼, ਵਾਯੂ, ਅਗਨੀ ਆਦਿਕ ਸੰਗਿਆ ਰਾਹੀਂ ਵੀ ਜਾਣਿਆ ਗਿਆ ਹੈ। ਇਸ ਪ੍ਰਸ਼ਨ ਦਾ ਉਤਰ ਗੁਰਬਾਣੀ ਵਿਚ ਬਹੁਤ ਹੀ ਸਪਸ਼ਟ ਅਤੇ ਵਿਸਥਾਰ ਨਾਲ ਪ੍ਰਸਤੁਤ ਕੀਤਾ ਗਿਆ ਹੈ। ਗੁਰਬਾਣੀ ਵਿਚ ਪਰਮਸਤ ਦੇ ਸਰੂਪ ਦਾ ਨਿਰਣੈ ਇਸ ਤਰ੍ਹਾਂ ਕੀਤਾ ਹੈ-

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥[7]

ਪਰਮਸਤ ਦੇ ਗਿਆਤਾ ਬਾਰੇ ਕਿਹਾ ਹੈ ਕਿ ਜਿਵੇਂ ਗੂੰਗੇ ਦੁਆਰਾ ਗੁੜ ਖਾ ਕੇ ਗੁੜ ਦੇ ਗੁਣ ਜਾਂ ਸਵਾਦ ਬਾਰੇ ਬਿਆਨ ਕਰਨਾ ਅਸੰਭਵ ਹੈ ਉਸੇ ਤਰ੍ਹਾਂ ਹੀ ਪਰਮਸਤ ਦਾ ਸਰੂਪ ਵੀ ਅਕਥਨੀਯ ਹੈ। ਯਥਾ-

ਜਿਨਿ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੁੰਗੇ ਮਿਠਿਆਈ॥
ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ॥[8]

ਸੋ ਗਿਆਤਾ ਵੀ ਉਸ ਨੂੰ ਬਿਆਨ ਕਰਨ ਵਿਚ ਅਸਮਰਥ ਹੈ, ਕਿਉਂਕਿ ਪਰਮਸਤ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਨੂੰ ਸਤ ਚਿਤ ਆਨੰਦ, ਕਾਰਣਾਂ ਦਾ ਕਾਰਣ, ਜੋ ਸ੍ਰਿਸ਼ਟੀ ਦਾ ਇਕ ਰਸ ਰਹਿਣ ਵਾਲਾ ਮੂਲ ਕਾਰਣ ਹੈ, ਜਿਸ ਤੋਂ ਸਭ ਕੁਝ ਪ੍ਰਕਾਸ਼ ਹੁੰਦਾ ਹੈ ਵੀ ਕਿਹਾ ਗਿਆ ਹੈ।[9] ਗਣੇਸ਼ ਸਿੰਘ ਬੇਦੀ ਆਪਣੀ ਰਚਨਾ ਬ੍ਰਹਮ ਬੋਧ ਵਿਚ ਬ੍ਰਹਮ ਦੇ ਲਛਣਾਂ ਦਾ ਬਿਆਨ ਕਰਨ ਦਾ ਯਤਨ ਕਰਦਾ ਹੋਇਆ ਕਹਿੰਦਾ ਹੈ ਕਿ ਉਹ ਨਾ ਨੇੜੇ ਹੈ ਅਤੇ ਨਾ ਹੀ ਦੂਰ ਹੈ। ਯਥਾ-

---

[5] ਕਿਉਂਕਿ ਬ੍ਰਹਮ ਵੀ ਪਰਮਾਤਮਾ ਜਾਂ ਪਰਮਸਤ ਲਈ ਵਰਤਿਆ ਜਾਂਦਾ ਹੈ। ਗੁਰਮਤਿ ਅਨੁਸਾਰ ਬ੍ਰਹਮ ਵੀ ਪਰਮਾਤਮਾ ਦਾ ਇਕ ਨਾਮ ਹੈ, ਇਸ ਲਈ ਇਸ ਦੇ ਸ਼ਾਬਦਿਕ ਅਰਥਾਂ ਬਾਰੇ ਜਾਣ ਕੇ ਸਾਨੂੰ ਪਰਮਸਤ ਦੇ ਗੁਣਾਂ ਦਾ ਗਿਆਨ ਹੋ ਸਕਦਾ ਹੈ।

[6] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 671.

[7] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1.

[8] ਉਹੀ, ਪੰਨਾ 635.

[9] ਭਾਈ ਵੀਰ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸੱਤਵੀਂ ਵਾਰ, 2003, ਪੰਨਾ 481.

ਨਹਿ ਹਰਿ ਕਾਰਨ ਕੋਇ ਨਾਹ ਕਾਹੂ ਹਰਿ ਕਾਰਨ।

ਨਹ ਮਾਨਵ ਸਮ ਰੂਪ ਤਾਹ ਕੋ ਕਰਤ ਉਚਾਰਨ।

ਨਹ ਊਰਧ ਨਹਿ ਮੱਧ ਕਹੂ ਬਲ ਮਾਹਿ ਬਿਰਾਜੈ।

ਨਹ ਜਗ ਸੋ ਸਨਬੰਧ ਨਾਹਨਜਾਰੋ ਹਰਿ ਰਾਜੈ।

ਪੁਨ ਨਹਿ ਬਾਹਰ ਸੰਸਾਰ ਤੇ ਨਹਿ ਅੰਤਰ ਜਾਨਜੋ ਪਰੈ।

ਸੰਭੁਜ ਮ੍ਰਿਗਿੰਦ ਇਮ ਸੁਨਤ ਹੀ ਹੋਤ ਸੁ ਚਿਤ ਚਕ੍ਰਤ ਨਰੈ॥34॥[10]

ਵਾਸਤਵ ਵਿਚ ਇਹ ਕੇਵਲ ਪਦਾਰਥਕ ਜਗਤ ਦੀ ਆਤਮਾ ਹੀ ਨਹੀਂ ਬਲਕਿ ਪਦਾਰਥ ਵੀ ਹੈ ਅਤੇ ਆਤਮਾ ਵੀ ਹੈ। ਪਰਮਸਤ *ਸਭੁ ਕਿਛੁ ਆਪੇ ਆਪਿ ਦੂਜਾ ਕਹਾ ਕੇਹੁ* ਕਥਨ ਅਨੁਸਾਰ ਕੇਵਲ ਇਕ ਹੋਂਦ ਹੈ।[11]

ਪਰਮਸਤ ਨੂੰ ਹੋਰ ਸਮਝਣ ਲਈ ਇਸ ਦੇ ਵਿਭਿੰਨ ਰੂਪਾਂ ਦੀ ਚਰਚਾ ਅਤਿ-ਜ਼ਰੂਰੀ ਹੈ। ਮੁਖ ਰੂਪ ਵਿਚ ਇਸ ਨੂੰ ਦੋ ਰੂਪਾਂ ਵਿਚ ਚਿਤਰਿਆ ਜਾਂਦਾ ਹੈ- 1. ਨਿਰਗੁਣ 2. ਸਰਗੁਣ।[12] ਇਸ ਨੂੰ ਵਿਦਵਾਨਾਂ ਨੇ ਸਿਰਜਨਾ ਰਹਿਤ ਅਤੇ ਸਿਰਜਨਾ ਸਮੇਤ ਵੀ ਕਿਹਾ ਹੈ।[13]

**ਨਿਰਗੁਣ**

ਪਰਮਸਤ ਦਾ ਗਿਆਨ ਅਰਜਿਤ ਕਰਨ ਲਈ ਇਸ ਦੇ ਵਿਭਿੰਨ ਰੂਪਾਂ ਦੀ ਵਿਚਾਰ ਕਰਨ ਲਗਿਆਂ ਸਰਵ-ਪ੍ਰਥਮ ਨਿਰਗੁਣ ਰੂਪ ਸਾਹਮਣੇ ਆਉਂਦਾ ਹੈ। ਇਸ ਸਰੂਪ ਦੀ ਵਿਚਾਰ ਕੀਤੇ ਬਿਨਾਂ ਅਸੀਂ ਪਰਮਸਤ ਨੂੰ ਚੰਗੀ ਤਰ੍ਹਾਂ ਸਮਝ ਨਹੀਂ ਸਕਦੇ। ਧਾਰਮਿਕ ਸਮੁਦਾਇ ਅਤੇ ਵਿਦਵਿਤ ਪੁਰਸ਼ਾਂ ਨੇ ਇਸ ਸਰੂਪ ਨੂੰ ਸੁੰਨ ਜਾਂ ਸ਼ੂੰਨਯ ਕਿਹਾ ਹੈ। ਨਿਰਗੁਣ ਸਰੂਪ ਨੂੰ ਬਿਆਨ ਕਰਨਾ ਅਤਿ ਜਟਿਲ ਕਾਰਜ ਹੈ,

---

[10] ਵੀਰਪਾਲ ਕੌਰ (ਸੰਪਾ.), *ਗਣੇਸ਼ ਸਿੰਘ ਬੇਦੀ ਕ੍ਰਿਤ ਬ੍ਰਹਮ ਬੋਧ ਗ੍ਰੰਥ,* ਰਿਗੀ ਪਬਲੀਕੇਸ਼ਨ, ਖੰਨਾ, 2016, ਪੰਨਾ 84.

[11] ਮਨਜੀਤ ਕੌਰ (ਸੰਪਾ.), *ਗ੍ਰੰਥ ਭਰਮ ਤੋੜ,* ਹਰਭਜਨ ਸਿੰਘ (ਡਾ.), *ਗੁਰਮਤਿ ਅਦ੍ਵੈਤ,* 2015, ਨਿਰਮਲ ਆਸ਼ਰਮ, ਰਿਸ਼ੀਕੇਸ਼, ਪੰਨਾ 47.

[12] ਮਨਮੋਹਨ ਸਿੰਘ (ਡਾ.), *ਗੁਰਮਤਿ ਕਾਵਿ ਦਾ ਬਹੁ-ਪੱਖੀ ਅਧਿਅਨ,* ਮਨਦੀਪ ਪ੍ਰਕਾਸ਼ਨ, ਨਵੀਂ ਦਿਲੀ, 1993, ਪੰਨਾ 1.

[13] ਡਾ. ਬਲਕਾਰ ਸਿੰਘ, *ਸਿੱਖ ਅਧਿਐਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ 131.

ਕਿਉਂਕਿ ਇਹ ਗਿਆਨ ਇੰਦ੍ਰੀਆਂ ਤੋਂ ਪਰ੍ਹਾਂ ਦਾ ਗਿਆਨ ਹੈ ਅਤੇ ਬਿਆਨ ਕਰਨ ਲਈ ਸ਼ਬਦਾਂ ਦੀ ਅਣਹੋਂਦ ਹੈ। ਨਿਰਗੁਣ ਪਰਮਸਤ ਨੂੰ ਹੀ ਨਿਰਾਕਾਰ, ਨਿਰਵਿਸ਼ੇਸ਼, ਸਿਰਜਨਾ ਰਹਿਤ ਇਤਿਆਦਿਕ ਕਿਹਾ ਗਿਆ ਹੈ।

ਨਿਰਗੁਣ ਪਰਮਸਤ ਤੋਂ ਬਾਅਦ ਹੀ ਉਸ ਦਾ ਸਰਗੁਣ ਸਰੂਪ ਵਿਚ ਵਿਸਥਾਰ ਹੋਇਆ ਮੰਨਿਆ ਜਾਂਦਾ ਹੈ। ਨਿਰਗੁਣ ਅਕਥ [14], ਅਲੇਖ [15], ਅਨੰਤ [16], ਅਥਾਹ [17], ਅਨੂਪ [18], ਅਦ੍ਰਿਸ਼ਟ [19], ਅਟਲ [20], ਇਕਤਵ[21], ਨਿਰਾਲਾ[22], ਅਬਰਨ[23], ਅਰੂਪ[24] ਇਤਿਆਦਿਕ ਹੈ।

---

[14] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 2-

ਕਥਨਾ ਕਥੀ ਨ ਆਵੈ ਤੋਟਿ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥

[15] ਉਹੀ, ਪੰਨਾ 5-

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥

[16] ਉਹੀ, ਪੰਨਾ 1021-

ਅਲਖੁ ਨਾ ਲਖਣਾ ਜਾਈ ਹੈ॥

[17] ਉਹੀ, ਪੰਨਾ 5-

ਤਾ ਕੇ ਅੰਤ ਨ ਪਾਏ ਜਾਹਿ॥

[18] ਉਹੀ, ਪੰਨਾ 856-

ਸੂਰਤਿ ਮੂਰਤਿ ਆਦਿ ਅਨੂਪੁ॥

[19] ਉਹੀ, ਪੰਨਾ 222-

ਅਦਿਸਟੁ ਦਿਸੈ ਤਾ ਕਹਿਆ ਜਾਇ॥

[20] ਉਹੀ, ਪੰਨਾ 1034-

ਅਟਲੁ ਅਡੋਲੁ ਅਤੋਲੁ ਮੁਰਾਰੇ॥

[21] ਉਹੀ, ਪੰਨਾ 7-

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥

[22] ਉਹੀ, ਪੰਨਾ 1027-

ਹਰਿ ਅਗਮ ਅਗਾਹੁ ਅਗਾਧਿ ਨਿਰਾਲਾ॥

**ਸਰਗੁਣ**

ਜੋ ਦੂਜਾ ਸਰੂਪ ਪਰਮਸਤ ਬਾਰੇ ਨਿਸ਼ਚਿਤ ਕੀਤਾ ਮਿਲਦਾ ਹੈ ਉਹ ਹੈ ਸਰਗੁਣ ਜਾਂ ਸਗੁਣ। ਨਿਰਗੁਣ ਸਰੂਪ ਤੋਂ ਹੀ ਪਰਮਸਤ ਆਪਣੇ ਸਰਗੁਣ ਸਰੂਪ ਵਿਚ ਆਉਂਦਾ ਹੈ। ਸਰਗੁਣ ਦਾ ਅਰਥ ਹੈ ਗੁਣਾਂ ਸਮੇਤ ਜਾਂ ਅਕਾਰ ਸਹਿਤ ਇਤਿਆਦਿਕ। ਸਰਗੁਣ ਪਰਮਸਤ ਨੂੰ ਹੀ ਸਗੁਣ, ਸਵਿਸ਼ੇਸ਼, ਕਾਰਜ-ਪਰਮਸਤ, ਸਿਰਜਨਾ ਸਹਿਤ ਆਦਿ ਕਿਹਾ ਗਿਆ ਹੈ। ਸਰਗੁਣ ਪਰਮਸਤ ਜਗਤ ਰੂਪ ਵਿਚ ਦ੍ਰਿਸ਼ਟੀ-ਗੋਚਰ ਹੈ। ਸਾਰੀ ਸ੍ਰਿਸ਼ਟੀ ਸਰਗੁਣ ਪਰਮਸਤ ਦਾ ਹੀ ਪਾਸਾਰਾ ਹੈ। ਗੁਰਬਾਣੀ ਵਿਚ ਅਨੰਤ ਹੀ ਗੁਣ ਸਰਗੁਣ ਪਰਮਸਤ ਦੇ ਹਨ- ਪੁਰਖ/ਨਾਰੀ[25], ਖਾਣੀ/ਬਾਣੀ[26], ਦਿਆਲ/ਕ੍ਰਿਪਾਲ/ਨਿਰਾਲਮ[27], ਦਾਨੀ[28], ਦੁਖ-ਭੰਜਨ[29] ਇਤਿਆਦਿਕ।

---

[23] ਉਹੀ, ਪੰਨਾ 1239-

ਜੇ ਕਿਹੁ ਹੋਇ ਤਾ ਕਿਹੁ ਦਿਸੈ ਜਾਪੈ ਰੂਪੁ ਨਾ ਜਾਤਿ॥

[24] ਉਹੀ, ਪੰਨਾ 97-

ਤਿਸ ਰੂਪ ਵਰਨ ਨਹੀ ਰੇਖਿਆ ਸਾਚੇ ਸਬਦਿ ਨੀਸਾਣਾ॥

[25] ਉਹੀ, ਪੰਨਾ 1020-

ਆਪੇ ਪੁਰਖੁ ਆਪੇ ਹੀ ਨਾਰੀ॥ਆਪੇ ਪਾਸਾ ਆਪੇ ਸਾਰੀ॥ ਆਪੇ ਪਿੜ ਬਾਧੀ ਜਗੁ ਖੇਲੈ॥ਆਪੇ ਕੀਮਤਿ ਪਾਈ ਹੇ॥

[26] ਉਹੀ, ਪੰਨਾ 1021-

ਖਾਣੀ ਬਾਣੀ ਤੁਝਹਿ ਸਮਾਣੀ॥

[27] ਉਹੀ, ਪੰਨਾ 1038-

ਜਹ ਦੇਖਾ ਤਹ ਦੀਨ ਦਇਆਲਾ॥ ਆਇ ਨਾ ਜਾਈ ਪ੍ਰਭੁ ਕਿਰਪਾਲਾ॥ ਜੀਆ ਅੰਦਰਿ ਜੁਗਤਿ ਸਮਾਈ ਰਹਿਓ ਨਿਰਾਲਮੁ ਰਾਇਆ॥

[28] ਉਹੀ, ਪੰਨਾ 934-

ਦਇਆ ਦਾਨੁ ਦਇਆਲੁ ਤੂ ਕਰਿ ਕਰਿ ਦੇਖਣਹਾਰੁ॥

[29] ਉਹੀ, ਪੰਨਾ 934-

ਦਾਲਦ ਭੰਜਨ ਦੁਖ ਦਲਣ ਗੁਰਮੁਖਿ ਗਿਆਨੁ ਧਿਆਨੁ॥

ਗੁਰਬਾਣੀ ਆਧਾਰਿਤ ਜੇ ਵਿਚਾਰ ਕਰੀਏ ਤਾਂ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਨਿਰਗੁਣ ਤੋਂ ਹੀ ਸਰਗੁਣ ਹੋਂਦ ਵਿਚ ਆਇਆ ਹੈ। ਦੂਜੇ ਸ਼ਬਦਾਂ ਵਿਚ ਜੇ ਅਸੀਂ ਕਹੀਏ ਕਿ ਨਿਰਗੁਣ ਪਰਮਸਤ ਨੇ ਹੀ ਸਰਗੁਣ ਰੂਪ ਵਟਾਇਆ ਹੈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ, ਗੁਰਬਾਣੀ ਫੁਰਮਾਨ ਹੈ-

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥

ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤਿ ਸਮੋਇ॥[30]

ਇਥੇ ਇਹ ਵੀ ਸਪਸ਼ਟ ਹੈ ਕਿ ਨਿਰਗੁਣ ਅਤੇ ਸਰਗੁਣ ਪਰਮਸਤ ਇਕ ਹੈ। ਅਸਲ ਵਿਚ ਇਹ ਇਕ ਅਸਲੀਅਤ ਦੇ ਦੋ ਪਖ ਹਨ। ਸੋ ਪਰਮਸਤ ਅੰਤਿਮ ਸੱਚ ਦੀ ਦ੍ਰਿਸ਼ਟੀ ਤੋਂ ਪਰਮਸਤ ਨਿਰਗੁਣ ਅਤੇ ਵਿਵਹਾਰਕ ਦ੍ਰਿਸਟੀ ਤੋਂ ਪਰਮਸਤ ਸਰਗੁਣ ਹੈ। ਯਥਾ-

ਨਿਰਗੁਣ ਸਰਗੁਣ ਆਪੇ ਸੋਈ॥ ਤੂੰ ਨਿਰਗੁਣ ਤੂੰ ਸਰਗੁਨੀ॥[31]

ਸਰਗੁਣ ਨਿਰਗੁਣ ਨਿਰੰਕਾਰ ਸੁੰਨ ਸਮਾਧੀ ਆਪਿ॥[32]

ਨਿਰੰਕਾਰ ਆਕਾਰ ਆਪਿ ਨਿਰਗੁਣ ਸਰਗੁਣ ਏਕ॥[33]

**ਗੁਰੂ ਨਾਨਕ ਵਿਜੈ ਗ੍ਰੰਥ ਵਿਚ ਪਰਮਸਤ ਬਾਰੇ ਵਿਚਾਰ-**

ਉਪਰੋਕਤ ਵਿਚਾਰਾਂ ਤੋਂ ਇਹ ਸਪਸ਼ਟ ਹੈ ਕਿ ਨਿਰਗੁਣ ਦਾ ਸਰਗੁਣ ਪ੍ਰਸਾਰ ਹੀ ਪਰਮਸਤ ਹੈ। ਪਰ ਇਸ ਤੋਂ ਬਿਨਾਂ ਵਿਚਾਰਾਧੀਨ ਕ੍ਰਿਤ ਵਿਚ ਪਰਮਸਤ ਦੇ ਸਰੂਪ ਬਾਰੇ ਹੋਰ ਵੀ ਵਿਚਾਰ ਸੰਕਿਲਤ ਕੀਤੇ ਹਨ ਜੋ ਕਿ ਹਥਲੇ ਖੋਜ ਕਾਰਜ ਦੇ ਚਰਚਿਤ ਵਿਚਾਰ ਨੂੰ ਸਪਸ਼ਟ ਕਰਨ ਹਿਤ ਸਹਾਈ ਸਿਧ ਹੋਣਗੇ, ਇਸ ਲਈ ਇਨ੍ਹਾਂ ਨੂੰ ਨਿਮਨਾਂਕਿਤ ਅਨੁਸਾਰ ਵਰਗੀਕ੍ਰਿਤ ਕਰਕੇ ਸਮਿਖਿਆ ਕਰਨੀ ਸਰਲ ਰਹੇਗੀ-

-ਨਿਰਗੁਣ/ਸਰਗੁਣ

---

[30] ਉਹੀ, ਪੰਨਾ 19.

[31] ਉਹੀ, ਪੰਨਾ 211.

[32] ਉਹੀ, ਪੰਨਾ 290.

[33] ਉਹੀ, ਪੰਨਾ 250.

-ਅਦ੍ਵੈਤਵਾਦ/ਏਕਤਾ/ਇਕਤਵ

- ਜਗਤ ਆਧਾਰ/ਸਰਵ-ਵਿਆਪੀ/ਸਥਿਰ

- ਪਰਮੇਸਰ ਅਤੇ ਗੁਰੂ ਦੀ ਸਮਾਨਤਾ

-ਪਰਮਸਤਾ ਦਾ ਸਿਮਰਨ

-ਪਰਮਸਤਾ ਦੇ ਦਰ ਦਾ ਵਰਨਣ ਅਤੇ ਮਨੁਖੀਕਰਨ

**ਨਿਰਗੁਣ/ਸਰਗੁਣ**

ਗੁਰਬਾਣੀ ਅਨੁਸਾਰ ਕਵੀ ਵੀ ਪਰਮਸਤ ਦੇ ਦੋ ਲਛਣਾਂ ਬਾਰੇ ਵਿਚਾਰ ਪ੍ਰਗਟ ਕਰਦਾ ਹੈ। ਜੋ ਕਿ ਵਿਚਾਰਾਧੀਨ ਕ੍ਰਿਤ ਵਿਚ ਇਸ ਪ੍ਰਕਾਰ ਹੈ-

ਲੱਖਣ ਦੋਇ ਬ੍ਰਹਮ ਕੇ ਕਹੋਂ ਸੁ ਤੁਹਿ ਸੁਜਾਨ॥

ਏਕ ਸਰੂਪ ਟਟਸਤਿ ਦੁਇ ਬ੍ਰਹਮਿ ਏਕ ਪਹਿਚਾਨ॥42॥

ਸਤਿ ਚਿਤ ਆਨੰਦ ਰੂਪ ਜੋ ਨਿਰਗੁਨਿ ਰਹਿਤ ਵਿਕਾਰ॥

ਕਹਯੋ ਸਰੂਪ ਸੁਲਖਣੰ ਸਮਝੋ ਆਪ ਉਦਾਰ॥43॥[34]

ਸਰਵ-ਪ੍ਰਥਮ ਪਰਮਸਤਾ ਦਾ ਨਿਰਗੁਣ ਸਰੂਪ ਸੀ ਅਤੇ ਅੰਤ ਵਿਚ ਵੀ ਨਿਰਗੁਣ ਸਰੂਪ ਹੀ ਰਹੇਗਾ। ਕਵੀ ਵੇਦਾਂ ਦਾ ਹਵਾਲਾ ਦੇ ਕੇ ਇਸ ਵਿਚਾਰ ਦੀ ਪੁਸ਼ਟੀ ਕਰਦਾ ਹੈ ਕਿ ਜਦ ਪਰਲੈ ਭਾਵ ਨਿਰਗੁਣ ਵਿਚ ਸਰਗੁਣ ਲੀਨ ਹੋ ਗਿਆ, ਉਸ ਸਮੇਂ ਨਿਰਗੁਣ ਦਾ ਹੋਣਾ ਸ੍ਵੈ-ਪ੍ਰਮਾਣਿਤ ਹੈ, ਯਥਾ-

ਨਿਰਗੁਣ ਬ੍ਰਹਮ ਬੇਦ ਜਹ ਕਹੈ॥

ਸਭ ਕੋ ਪਰਲੈ ਕਰਿ ਜੋ ਰਹੈ॥[35]

---

[34] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1603.

[35] ਉਹੀ, ਪਤਰਾ ਨੰ 819.

ਨਿਰਗੁਣ ਸਰੂਪ ਬਾਰੇ ਇਹ ਕਵੀ ਦਾ ਇਹ ਦ੍ਰਿਸ਼ਟੀਕੋਣ ਹੈ ਕਿ ਉਹ ਸਾਰੇ ਜਗਤ ਦਾ ਚਾਲਕ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤੁਲਨਾ ਨਿਰਗੁਣ ਬ੍ਰਹਮ ਨਾਲ ਕਰਕੇ ਇਹ ਮੰਨਿਆ ਕੇ ਤੇਰੇ ਤੋਂ ਬਿਨਾਂ ਦੂਜਾ ਹੋਰ ਕੋਈ ਵੀ ਨਹੀ ਹੈ-

ਨਿਰਗੁਨਿ ਪੂਰਨ ਬ੍ਰਹਮ ਜੋ ਸਭ ਕਾ ਚਾਲਕਿ ਜੋਇ॥

ਹੇ ਨਾਨਕ ਸੋ ਤੁਹੀ ਹੈਂ ਤੁਮ ਬਿਨ ਅਵਰ ਨ ਕੋਇ॥17॥[36]

ਕਵੀ ਇਸ ਵਿਚਾਰ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਨਿਰਗੁਣ ਤੋਂ ਹੀ ਸਰਗੁਣ ਦਾ ਪ੍ਰਸਾਰ ਹੋਇਆ ਹੈ। ਨਿਰਗੁਣ ਅਤੇ ਸਰਗੁਣ ਵਿਚਕਾਰ ਜੋ ਕੜੀ ਹੈ, ਉਹ ਫੁਰਨਾ ਮੰਨਦਿਆਂ ਨਿਸ਼ਚੈ ਨਾਲ ਇਹ ਕਿਹਾ ਕਿ ਨਿਰਗੁਣ ਨੂੰ ਫੁਰਨਾ ਫੁਰਿਆ ਤਾਂ ਉਹ ਸਰਗੁਣ ਸਰੂਪ ਵਿਚ ਪ੍ਰਗਟ ਹੋ ਗਿਆ-

ਯੋਂ ਫੁਰਨਾ ਫੁਰਿਯੋ ਉਰ ਮਾਹਿ॥ ਏਕਹੁ ਬਹੁਤਿ ਹੁਵੋ ਮੈ ਤਾਂਹਿ॥

ਤਿਸ ਫੁਰਨੇ ਕੋ ਮਾਯਾ ਕਹਯੈ॥ ਤਿਸ ਤੇ ਏਹੁ ਵਿਸ੍ਵ ਸਭਿ ਪਯੈ॥16॥[37]

ਰਾਮੇਸਰ ਖੰਡ ਵਿਚ ਇਸ ਭੇਦ ਤੋਂ ਵੀ ਪਰਦਾ ਚੁਕਣ ਦਾ ਪ੍ਰਯਤਨ ਕੀਤਾ ਹੈ ਕਿ ਸਧਾਰਨ ਜਿਗਿਆਸੀ ਦੇ ਮਨ ਵਿਚ ਇਹ ਪ੍ਰਸ਼ਨ ਪੈਦਾ ਹੋਣਾ ਸੁਭਾਵਿਕ ਹੈ ਕਿ ਫੁਰਨਾ ਤਾਂ ਉਸ ਨੂੰ ਫੁਰਦਾ ਹੈ ਜਿਸ ਦੀ ਦੇਹ ਹੋਵੇ, ਮਨ ਹੋਵੇ। ਕਵੀ ਇਸ ਗੱਲ ਤੋਂ ਭਲੀ-ਭਾਂਤਿ ਜਾਣੂੰ ਸੀ, ਇਸ ਲਈ ਪ੍ਰਸ਼ਨੋਤਰੀ ਸ਼ੈਲੀ ਦੁਆਰਾ ਇਸ ਦਾ ਉਤਰ ਦਿਤਾ ਹੈ। ਰਾਇ ਬੁਲਾਰ ਨੂੰ ਗੁਰੂ ਜੀ ਉਪਦੇਸ਼ ਦਿੰਦੇ ਹਨ, ਉਦੋਂ ਉਹ ਪੁਛਦਾ ਹੈ ਕਿ ਬ੍ਰਹਮ ਇਕ ਰਸ ਹੈ, ਉਹ ਮਨ-ਰਹਿਤ ਹੈ, ਫਿਰ ਮਨ ਤੋਂ ਬਿਨਾਂ ਫੁਰਨਾ ਕਿਵੇਂ ਸਿਰਜਿਤ ਹੋਇਆ? ਬ੍ਰਹਮ ਪੰਜ ਤਤਾਂ ਦੀ ਦੇਹ ਨਹੀਂ ਹੈ, ਉਹ ਕਾਇਆਂ ਤੋਂ ਰਹਿਤ ਹੈ ਅਤੇ ਅਬਿਨਾਸ਼ੀ ਹੈ। ਕ੍ਰਿਪਾ ਕਰਕੇ ਮੇਰਾ ਇਹ ਸੰਸਾ ਨਿਵਿਰਤ ਕਰੋ ਕਿ ਇਹ ਫੁਰਨਾ ਕਿਵੇਂ ਘਟਿਤ ਹੋਇਆ-

ਬ੍ਰਹਮ ਏਕ ਰਸ ਆਹਿ ਮਹਾਂਨ॥ ਬ੍ਰਹਮ ਮਾਹਿ ਮਨ ਨਾਹਿ ਸੁਜਾਨ॥

ਮਨ ਬਿਨੁ ਫੁਰਨਾ ਨਾਹਿ ਸੁ ਹੋਇ॥ ਪੁਨਿ ਤਨੁ ਬਿਨੁ ਮਨ ਹੋਇ ਨ ਸੋਇ॥17॥

---

[36] ਉਹੀ, ਪਤਰਾ ਨੰ 810.

[37] ਉਹੀ, ਪਤਰਾ ਨੰ 1151.

ਬ੍ਰਹਮ ਮਾਹਿ ਨਹਿ ਦੇਹਿ ਇਹੁ ਪੰਚ ਤਤ ਕੀ ਜੋਇ॥

ਬ੍ਰਹਮ ਤੋ ਆਪ ਬਿਦੇਹਿ ਹੈ ਅਬਨਾਸੀ ਇਕ ਸੋਇ॥18॥

ਤਨੁ ਮਨ ਨਾਹਿ ਬ੍ਰਹਮ ਕੇ ਮਾਹਿ॥ ਮਨ ਬਿਨੁ ਫੁਰਨਾ ਹੋਵੈ ਨਾਹਿ॥

ਕੈਸੇ ਫੁਰਨਾ ਤਾ ਕੋ ਭਯੋ॥ ਇਹੁ ਹਮਰੇ ਮਨ ਸੰਸਾ ਹਯੋ॥19॥[38]

ਇਸ ਦੇ ਉਤਰ ਵਜੋਂ ਕਵੀ ਕਹਿੰਦਾ ਹੈ ਕਿ ਬ੍ਰਹਮ ਦੇ ਸ੍ਵੈ-ਪ੍ਰਕਾਸ਼ਿਤ ਹੋਣ ਕਰਕੇ ਉਸ ਕੋਲ ਇਹ ਸਮਰਥਾ ਹੈ, ਆਪ ਹੀ ਉਹ ਮਨ ਬਣਿਆ ਅਤੇ ਆਪ ਹੀ ਫੁਰਨਾ ਬਣਿਆ। ਫਿਰ ਇਸ ਫੁਰਨੇ ਤੋਂ ਪ੍ਰਸਾਰ ਰੂਪੀ ਪਰਪੰਚ ਸਜਿਤ ਕਰ ਦਿਤਾ-

ਬ੍ਰਹਮ ਸੁਯੰ ਪਰਕਾਸ ਸੁ ਹਯੈ॥ ਸਭਿ ਸਮਰਥਤਾ ਤਾ ਮੈ ਪਯੈ॥

ਆਪ ਹੀ ਬ੍ਰਹਮ ਭਯੋ ਮਨ ਸੋਇ॥ ਆਪ ਹੀ ਫੁਰਨਾ ਜਾਨੋ ਓਇ॥20॥

ਫੁਰਨੇ ਤੇ ਪਰਪੰਚ ਇਹੁ ਖੜਾ ਭਯਾ ਸਭਿ ਜਾਨ॥

ਫੁਰਨੇ ਮਾਤਰਿ ਜਾਨ ਸਭਿ ਸਾਚੋ ਨਾਹਿ ਪਛਾਨ॥21॥[39]

ਅਲੌਕਿਕ ਗੱਲ ਇਹ ਹੈ ਕਿ ਫੁਰਨਾ ਅਕਥਨੀਯ ਹੈ। ਪਰ ਇਹ ਸਪਸ਼ਟ ਜ਼ਰੂਰ ਹੈ ਕਿ ਉਸ ਵਿਚ ਕੁਝ ਵੀ ਊਣਤਾਈ ਨਹੀਂ ਸੀ। ਇਸ ਤਰ੍ਹਾਂ ਨਿਰਗੁਣ ਤੋਂ ਸਰਗੁਣ ਸਰੂਪ ਦਾ ਪ੍ਰਸਾਰ ਹੁੰਦਾ ਹੈ, ਜਦੋਂ ਦੁਬਾਰਾ ਫੁਰਨਾ ਫੁਰਦਾ ਹੈ ਤਾਂ ਸਰਗੁਣ ਤੋਂ ਨਿਰਗੁਣ ਸਰੂਪ ਵਿਚ ਤਬਦੀਲ ਹੋ ਜਾਂਦਾ ਹੈ, ਅਜਿਹਾ ਸੁਭਾਅ ਕਵੀ ਨੇ ਪਰਮਸਤ ਦਾ ਦਸਣ ਦਾ ਯਤਨ ਕੀਤਾ ਹੈ।-

ਨਿਰਗੁਣਿ ਤੇ ਜੋ ਭਯੋ ਸਫੁਰਨਿ॥ ਸਰਗੁਨਿ ਵਹੀ ਪਛਾਨੋ ਸੁਰਨਿ॥

ਨਿਰਗੁਨਿ ਤੇ ਫੁਰਨਾ ਭਯੋ ਜਬੈ॥ ਪਰ ਕਛੁ ਊਨ ਨ ਭਯੋ ਸੁ ਤਬੈ॥30॥

ਫੁਰਨੇ ਕਾ ਕਛੁ ਰੂਪ ਨ ਰੇਖ॥ ਵਹੀ ਸੁ ਨਿਰਗੁਨਿ ਜਾਨ ਅਲੇਖ॥

ਪੁਨਿ ਫੁਰਨਾ ਤਿਨ ਲੀਨ ਸੁ ਕਯੋ॥ ਪੁਨਿ ਨਿਰਗੁਨਿ ਕਾ ਨਿਰਗੁਨਿ ਭਯੋ॥31॥[40]

---

[38] ਉਹੀ, ਪਤਰਾ ਨੰ 1151.

[39] ਉਹੀ.

ਵਿਚਾਰਾਧੀਨ ਕ੍ਰਿਤੀ ਵਿਚ ਇਸ ਨੂੰ ਜਲ ਅਤੇ ਤਰੰਗ ਦੇ ਦ੍ਰਿਸ਼ਟਾਂਤ ਨਾਲ ਵੀ ਸਮਝਾਇਆ ਗਿਆ ਹੈ ਕਿ ਜਿਸ ਤਰ੍ਹਾਂ ਜਲ ਵਿਚੋਂ ਤਰੰਗ ਪੈਦਾ ਹੁੰਦੀ ਹੈ, ਉਸੇ ਪ੍ਰਕਾਰ ਨਾਲ ਮੰਨੋ ਕਿ ਨਿਰਗੁਣ ਵਿਚੋਂ ਸਰਗੁਣ ਸਰੂਪ ਪੈਦਾ ਹੋਇਆ। ਜਲ ਅਤੇ ਤਰੰਗ ਵਿਚ ਕੋਈ ਭੇਦ ਨਹੀਂ ਕੀਤਾ ਜਾ ਸਕਦਾ ਅਤੇ ਦੇਖਣ ਨੂੰ ਦੋਨੋਂ ਵਖਰੇ-ਵਖਰੇ ਜਾਪਦੇ ਹਨ, ਉਸੇ ਪ੍ਰਕਾਰ ਨਿਰਗੁਣ ਅਤੇ ਸਰਗੁਣ ਸਰੂਪ ਹੈ। ਫਿਰ ਜਿਸ ਭਾਂਤਿ ਤਰੰਗ ਕੁਝ ਸਮੇਂ ਬਾਅਦ ਫਿਰ ਤੋਂ ਜਲ ਵਿਚ ਸਮਾ ਜਾਂਦੀ ਹੈ, ਸਰਗੁਣ ਸਰੂਪ ਵੀ ਉਸੇ ਭਾਂਤਿ ਨਿਰਗੁਣ ਵਿਚ ਸਮਾ ਜਾਂਦਾ ਹੈ, ਪਰ ਇਨ੍ਹਾਂ ਵਿਚ ਕੋਈ ਭਿੰਨਤਾ ਨਹੀਂ ਹੈ। ਯਥਾ-

ਜਲ ਤੇ ਉਪਜੈ ਜੋਇ ਤਰੰਗ॥ ਸੋ ਜਲੁ ਰੂਪ ਜਾਨ ਸਰਬੰਗ॥
ਲੀਨ ਹੋਇ ਜਬ ਜਲੁ ਮੈ ਉਇ॥ ਪੁਨਿ ਜਲੁ ਕਾ ਜਲੁ ਜਾਨੋ ਸੋਇ॥32॥
ਜਲੁ ਤਰੰਗ ਮੈ ਭੇਦ ਨ ਕੋਊ॥ ਏਕ ਰੂਪ ਤੁਮ ਜਾਨੋ ਦੋਊ॥[41]

ਵਿਚਾਰਾਧੀਨ ਕ੍ਰਿਤੀ ਵਿਚ ਨਿਰਗੁਣ ਤੇ ਸਰਗੁਣ ਸਰੂਪ ਬਾਰੇ ਸੰਖਿਪਤ ਰੂਪ ਵਿਚ ਵਿਚਾਰ ਅੰਕਿਤ ਕੀਤੇ ਹਨ। ਪਰੰਪਰਾਗਤ ਚਲੰਤ ਪ੍ਰਮਾਣਾਂ ਅਨੁਸਾਰ ਪਰਮਸਤ ਦੇ ਸਰੂਪ ਨੂੰ ਨਿਰਗੁਣ ਅਤੇ ਸਰਗੁਣ ਦੋ ਰੂਪਾਂ ਵਿਚ ਅੰਕਿਤ ਕਰਨਾ ਇਸ ਗੱਲ ਦੀ ਸਵੀਕ੍ਰਿਤੀ ਹੈ ਕਿ ਕਵੀ ਨੇ ਪਰੰਪਰਾਗਤ ਸਿਧਾਂਤਾ ਨੂੰ ਖੰਡਿਤ ਨਹੀਂ ਕੀਤਾ ਬਲਕਿ ਸੰਜੁਗਤ ਕਰਕੇ ਪ੍ਰਸਤੁਤ ਕਰਨ ਦਾ ਪ੍ਰਯਤਨ ਕੀਤਾ ਹੈ-

ਨਿਰਗੁਣ ਸਰਗੁਣ ਰੂਪ ਦ੍ਵੈ ਪਾਰਬ੍ਰਹਮ ਕੇ ਜਾਨ॥
ਨਾਮ ਦੋਊ ਕੇ ਮਧ ਮੈ ਸਾਖੀ ਰੂਪ ਪਛਾਨ॥38॥[42]

ਪਰਮਸਤ ਦੇ ਨਿਰਗੁਣ ਸਰਗੁਣ ਸਰੂਪ ਨੂੰ ਮੰਨਦਾ ਹੋਇਆ ਕਵੀ ਗੁਰਮਤਿ ਦੇ ਮੂਲ-ਸਿਧਾਂਤ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਪਰਮਾਤਮਾ ਬਿਨਾ ਰੂਪ ਤੋਂ, ਸਰਬ ਗੁਣ ਸੰਪੂਰਨ, ਬਿਨਾ ਨਾਮ ਤੋਂ, ਨਿਰਾਕਾਰ ਅਤੇ ਅਨੇਕਾਂ ਹੀ ਨਾਵਾਂ ਵਾਲਾ ਹੈ। ਪਰਮਾਤਮਾ ਦਾ ਕੋਈ ਵੀ ਰੰਗ

---

40 ਉਹੀ, ਪਤਰਾ ਨੰ 845.

41 ਉਹੀ.

42 ਉਹੀ, ਪਤਰਾ ਨੰ 1123.

ਨਹੀਂ ਹੈ, ਉਹ ਹੀ ਇਸ ਜਗਤ ਤਾ ਮੂਲ ਹੈ। ਮਾਇਆ ਉਸ ਦੀ ਕ੍ਰਿਤੀ ਹੀ ਨਹੀਂ ਬਲਕਿ ਉਹ ਮਾਇਆ ਦੇ ਤਿੰਨਾਂ ਗੁਣਾਂ ਵਿਚ ਵਿਦਮਾਨ ਵੀ ਹੈ। ਪਰਮਾਤਮਾ ਦੇ ਨਿਵਾਸ ਅਤੇ ਭੇਖ ਬਾਰੇ ਮਨੁਖ ਨੂੰ ਕੋਈ ਗਿਆਨ ਨਹੀਂ ਹੋ ਸਕਦਾ। ਉਹ ਪਰਿਪੂਰਣ ਗਿਆਨ ਇੰਦ੍ਰੀਆਂ ਦੇ ਵਸ਼ ਵਿਚ ਨਾ ਆਉਣ ਕਰਕੇ ਬਿਆਨ ਤੋਂ ਪਰ੍ਹਾਂ ਹੈ। ਉਸ ਨੂੰ ਮਨ, ਬੁਧੀ ਅਤੇ ਬੋਲ ਕੇ ਨਹੀਂ ਸਮਝਿਆ ਜਾ ਸਕਦਾ। ਜੇਕਰ ਅਸੀਂ ਉਸ ਦੇ ਗੁਣਾਂ ਨੂੰ ਬਿਆਨ ਕਰਨਾ ਹੋਵੇ ਤਾਂ ਮਨੁਖੀ ਅਲਪ-ਬੁਧੀ ਉਸ ਦੇ ਸਰਬ- ਗੁਣਾਂ ਨੂੰ ਬੋਲ ਅਤੇ ਲਿਖ ਕੇ ਉਜਾਗਰ ਨਹੀਂ ਕਰ ਸਕਦੀ ਭਾਵ ਉਹ ਅਕਥ ਹੈ। ਇਸ ਲਈ ਕਵੀ ਉਸ ਨੂੰ ਵਾਰ-ਵਾਰ ਨਮਸਕਾਰ ਕਰਦਾ ਹੈ-

ਗੁਬਿੰਦੰ ਮੁਕੰਦੰ ਮੁਨਿੰਦੰ ਸੁਰਿੰਦੰ॥ ਨਿਰਾਕਾਰ ਰੂਪੰ ਨ ਨਾਦੰ ਨ ਬਿਦੰ॥
ਤੁਰੀਓਇ ਮੂਲੰ ਕਲਾ ਤੋ ਅਪਾਰੀ॥ ਨਮਾਮੰ ਨਮਾਮੰ ਨਮਾਮੰ ਹਮਾਰੀ॥8॥
ਗੁਣੰ ਮਾਇ ਤੀਤੰ ਪਰੇਸੰ ਅਪਾਰੇ॥ ਵਿਸੰ ਮਾਇ ਰੂਪੰ ਜੁਗੰ ਤੂੰ ਅਧਾਰੇ॥
ਸੁਤੈ ਸਿਧ ਰੂਪੰ ਨ ਈਹੰ ਉਦਾਰੀ॥ ਨਮਾਮੰ ਨਮਾਮੰ ਨਮਾਮੰ ਹਮਾਰੀ॥9॥
ਨਹੀ ਜਾਨ ਜਾਈ ਕਛੂ ਰੂਪ ਰੇਖੰ॥ ਕਹਾ ਬਾਸ ਤੇਰੋ ਫਿਰੈ ਕੌਨ ਭੇਖੰ॥
ਨਹੀ ਤੋਰ ਨਾਮੰ ਨ ਰੂਪੰ ਉਦਾਰੀ॥ ਨਮਾਮੰ ਨਮਾਮੰ ਨਮਾਮੰ ਹਮਾਰੀ॥10॥
ਮਨੰ ਬੁਧਿ ਬਾਣੀ ਪਰੇ ਬੇਦ ਗਾਵੈ। ਕਹਤੋ ਬਖਾਨੋ ਕਹੇ ਮੈ ਨ ਆਵੈ॥
ਸਭੀ ਨਾਮ ਰੂਪੰ ਸੁ ਤੇਰੋ ਉਦਾਰੀ॥ ਨਮਾਮੰ ਨਮਾਮੰ ਨਮਾਮੰ ਹਮਾਰੀ॥1॥[43]

ਸੋ ਉਪਰੋਕਤ ਪ੍ਰਸੰਗ ਤੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਵਿਚਾਰਾਧੀਨ ਕ੍ਰਿਤੀ ਵਿਚਲਾ ਪਰਮਸਤ ਨਿਰਗੁਣ ਵੀ ਹੈ ਅਤੇ ਸਰਗੁਣ ਵੀ ਹੈ, ਭਾਵ ਨਿਰਗੁਣ-ਸਰਗੁਣ ਸਰੂਪ ਹੈ।

**ਅਦ੍ਵੈਤਵਾਦ/ਏਕਤਾ/ਇਕਤਵ**

ਹੁਣ ਜਿਗਿਆਸੀ ਦੇ ਮਨ ਵਿਚ ਇਸ ਪ੍ਰਸ਼ਨ ਦੀ ਉਤਪਤੀ ਯਕੀਨੀ ਹੈ ਕਿ ਜੇ ਪਰਮਸਤ ਦੇ ਦੋ ਰੂਪ ਹਨ ਤਾਂ ਫਿਰ ਇਹ ਦ੍ਵੈਤ ਦੀ ਭ੍ਰਾਂਤਿ ਨੂੰ ਜਨਮ ਦੇਵੇਗਾ। ਕਵੀ ਇਸ ਪ੍ਰਸ਼ਨ ਤੋਂ ਵੀ ਭਲੀ-ਭਾਂਤਿ ਜਾਣੂੰ ਹੈ, ਇਸ ਲਈ ਹੀ ਸਰਵ-ਪ੍ਰਥਮ ਪਰਮਸਤ ਦੀ ਹੋਂਦ ਬਾਰੇ ਨਿਰਣਾ ਕਰਦਾ ਹੈ ਕਿ ਨਿਰਸੰਦੇਹ ਉਸ ਦੇ ਅਨੇਕਾਂ

[43] ਉਹੀ, ਪਤਰਾ ਨੰ 99.

ਨਾਮ ਹੋਣ ਕਰਕੇ ਕੋਈ ਉਸਨੂੰ ਰਾਮ ਕਹਿੰਦਾ ਹੈ ਅਤੇ ਕੋਈ ਰਹੀਮ , ਪਰ ਉਸ ਦੀ ਏਕਤਾ ਉਤੇ ਸ਼ੰਕਾ ਜ਼ਾਹਿਰ ਨਹੀਂ ਕੀਤਾ ਜਾ ਸਕਦਾ-

ਤੈਸੇ ਸਾਹਿਬੁ ਏਕ ਹੈ ਨਾਮ ਅਨੇਕ ਸੁ ਜਾਨ॥

ਹਿੰਦੂ ਤਾ ਕੋ ਰਾਮ ਕਹੈ ਤੁਰਕ ਰਹੀਮ ਬਖਾਨ॥48॥[44]

ਦੋ ਰੂਪਾਂ ਦੀ ਸਵੀਕ੍ਰਿਤੀ ਵਿਚੋਂ ਦ੍ਵੈਤ ਦੀ ਭ੍ਰਾਂਤਿ ਨੂੰ ਨਸ਼ਟ ਕਰਨ ਹਿਤ ਵਿਚਾਰਾਧੀਨ ਕ੍ਰਿਤ ਵਿਚ ਅਨੇਕ ਦ੍ਰਿਸ਼ਟਾਂਤ ਦਿਤੇ ਹਨ। ਰਮੇਸਰ ਖੰਡ ਵਿਚ ਨਿਰਗੁਣ ਤੇ ਸਰਗੁਣ ਦੀ ਤੁਲਨਾ ਮਾਲਾ ਦੇ ਮਣਕਿਆਂ ਨਾਲ ਕਰ ਕੇ ਇਕਤਵ ਦਾ ਨਿਸ਼ਚੇ ਨਾਲ ਨਿਰਣੈ ਕਰਨ ਦਾ ਸਫਲ ਪ੍ਰਯੋਜਨ ਹੈ-

ਨਿਰਗੁਣ ਸਰਗੁਣ ਰੂਪ ਜੁ ਦੋਇ॥ ਦੋਨੋ ਮਣੀਏ ਜਾਨੋ ਸੋਇ॥

ਰਾਮ ਨਾਮ ਧਾਗੇ ਸਮ ਜਾਨ॥ ਦੋਨੋ ਮਾਹਿ ਪਰੋਯੋ ਮਾਨ॥39॥[45]

ਵਾਸਤਵ ਵਿਚ ਅਦ੍ਵੈਤਵਾਦ ਦਾ ਸਿਧਾਂਤ ਵੈਦਿਕ ਅਤੇ ਸੂਫੀ ਚਿੰਤਨਧਾਰਾ ਵਿਚ ਦੇਖਣ ਨੂੰ ਮਿਲਦਾ ਹੈ। ਪਰ ਇਨ੍ਹਾਂ ਦੀ ਚਿੰਤਨਧਾਰਾ ਵਿਚ ਸੰਕੀਰਣਤਾ ਹੋਣ ਕਰਕੇ ਬ੍ਰਹਮ ਨੂੰ ਸਮੇਟਣ ਵਾਲੀ ਹੈ, ਬਲਕਿ ਗੁਰਮਤਿ ਦੀ ਵਿਚਾਰਧਾਰਾ ਬ੍ਰਹਮ ਦੇ ਪ੍ਰਸਾਰ ਵਾਲੀ ਹੈ। [46] ਕਵੀ ਦੁਆਰਾ ਇਸੇ ਪ੍ਰਸਾਰ ਵਾਲੀ ਵਿਚਾਰਧਾਰਾ ਨੂੰ ਸੰਕਿਲਤ ਕਰਨਾ ਸ੍ਵੈ-ਪ੍ਰਮਾਣਿਤ ਕਰਦਾ ਹੈ ਕਿ ਉਹ ਗੁਰਮਤਿ ਦੇ ਅਦ੍ਵੈਤਵਾਦ ਦਾ ਪੂਰਨ ਗਿਆਤਾ ਹੈ।

ਪਰ ਸੋ ਬ੍ਰਹਮ ਅਦ੍ਵੈਤਿ ਹੈ ਨਾਹਿ ਦ੍ਵੈਤਿ ਤਿਸ ਮਾਇ॥

ਏਕ ਬ੍ਰਹਮ ਕੀਉ ਸਿਧ ਗੁਰ ਇਸ ਮੈ ਸੰਸਾ ਨਾਹਿ॥28॥

ਬ੍ਰਹਮ ਮਾਹਿ ਕਛੁ ਦ੍ਵੈਤਿ ਨਹਿ ਦ੍ਵੈਤਿ ਕਲਪਨਾ ਮਾਹਿ॥

---

[44] ਉਹੀ, ਪਤਰਾ ਨੰ 850.

[45] ਉਹੀ, ਪਤਰਾ ਨੰ 1123.

[46] ਮਨਜੀਤ ਕੌਰ (ਸੰਪਾ.), *ਗ੍ਰੰਥ ਭਰਮ ਤੋੜ ਅਤੇ ਹੋਰ ਰਚਨਾਵਾਂ ਕ੍ਰਿਤ ਸੰਤ ਮੋਹਰਿ ਸਿੰਘ ਨਿਰਮਲੇ,* ਡਾ. ਹਰਭਜਨ ਸਿੰਘ, *ਗੁਰਮਤਿ ਅਦ੍ਵੈਤ,* ਨਿਰਮਲ ਆਸ਼ਰਮ, ਰਿਸ਼ੀਕੇਸ਼, 2015, ਪੰਨਾ 51.

ਬ੍ਰਹਮ ਆਪ ਅਦ੍ਵੈਤਿ ਹੈ ਇਸ ਮੈ ਸੰਸਾ ਨਾਹਿ॥29॥[47]

ਵਿਚਾਰਾਧੀਨ ਕ੍ਰਿਤੀ ਵਿਚ ਇਸ ਨੂੰ ਪ੍ਰਮਾਣਿਤ ਕਰਨ ਹਿਤ ਅਨੇਕਾਂ ਦ੍ਰਿਸ਼ਟਾਤਾਂ ਵਿਚੋਂ ਖੋਜ-ਕਾਰਜ ਦੇ ਸਹਾਇਤਾ ਹਿਤ ਨਿਮਨਾਂਕਿਤ ਵਿਚਾਰ ਉਲੇਖਣੀਯ ਹਨ-

ਏਕ ਵਿਸਵ ਏਕ ਵਿਸਵ ਵਾਲਾ॥ ਐਸੇ ਕਿਉ ਨਹਿ ਸਮਝੈ ਦਯਾਲਾ॥

ਕਨਿਕ ਕੁੰਡਿਲ ਵਤਿ ਬ੍ਰਹਮ ਪਛਾਨੈ॥ ਕਨਿਕ ਬ੍ਰਹਮ ਕੁੰਡਿਲ ਵਿਸ੍ਵ ਮਾਨੈ॥1॥[48]

ਰਾਇ ਬੁਲਾਰ ਵਲੋਂ ਪ੍ਰਸ਼ਨ ਉਤਪੰਨ ਕੀਤਾ ਗਿਆ ਹੈ ਕਿ ਜੇਕਰ ਪਰਮਸਤ ਇਕ ਹੈ ਤਾਂ ਇਕ ਵਿਸ਼ਵ ਤੇ ਇਕ ਵਿਸ਼ਵ ਵਾਲਾ ਹੈ? ਜਾਂ ਫਿਰ ਕੀ ਇਨ੍ਹਾਂ ਦਾ ਸੰਬੰਧ ਕੰਨ ਅਤੇ ਕੁੰਡਲ ਵਾਲਾ ਹੈ? ਬ੍ਰਹਮ ਕੰਨ ਅਤੇ ਵਿਸ਼ਵ ਕੁੰਡਲ ਦੀ ਭਾਂਤਿ ਹੋਵੇਗਾ। ਪਰ ਗੁਰਮਤਿ ਸਿਧਾਤਾਂ ਵਿਚ ਰੰਚਕ ਮਾਤਰ ਵੀ ਦ੍ਵੈਤ ਦੀ ਸੰਭਾਵਨਾ ਉਤਪੰਨ ਨਹੀਂ ਹੁੰਦੀ ਇਸੇ ਲਈ ਇਥੇ ਵੀ ਦ੍ਵੈਤ ਦੀ ਭ੍ਰਾਂਤਿ ਉਤਪੰਨ ਹੋਣ ਕਾਰਣ ਗੁਰੂ ਜੀ ਨੇ ਉਪਦੇਸ਼ ਦਿਤਾ ਕਿ ਇਹ ਦੋਨੋ ਹੀ ਵਿਚਾਰ ਅਦ੍ਵੈਤ ਲਈ ਖਰੇ ਨਹੀਂ ਹਨ। ਯਥਾ-

ਏਕ ਵਿਸੂ ਏਕ ਵਿਸੂ ਵਾਲਾ॥ ਐਸੇ ਤੁਮ ਨੈ ਕਹਯੋ ਦਿਆਲਾ॥

ਏ ਤੋ ਦੁਊ ਭਿੰਨ ਭਯੇ ਐਸੇ॥ ਇਕ ਰਾਜਾ ਇਕ ਪਰਜਾ ਜੈਸੇ॥2॥

ਕਨਿਕ ਕੁੰਡਲੁ ਵਤਿ ਪੁਨਿ ਤੈ ਕਹਯੋ॥ ਇਹੁ ਭੀ ਵਾਕ ਜਥਾਰਥ ਨ ਹਯੋ॥

ਇਹੁ ਭੀ ਬਿਰਥਾ ਬਚਨਿ ਤੁਮਾਰੰ॥ ਅਬ ਇਸ ਕਾ ਤੁਮ ਸੁਨੋ ਬਿਚਾਰੰ॥3॥

ਕਨਿਕ ਕੁੰਡਿਲ ਵਤਿ ਮਾਨੈ ਜਬੈ॥ ਬ੍ਰਹਮ ਮਾਹਿ ਦੁਖਣਿ ਆਇ ਤਬੈ॥

ਕਾਰਣ ਕਾਰਜ ਭਾਵ ਸੁ ਜੋਊ॥ ਬ੍ਰਹਮ ਮਾਹਿ ਆਇ ਤਬ ਸੋਊ॥4॥

ਕਨਿਕ ਸੁ ਕਾਰਣ ਕੁੰਡਲ ਕਾਰਜ॥ ਬ੍ਰਹਮ ਮਾਹਿ ਇਹੁ ਬਨੈ ਨ ਆਰਜ॥

ਕਲਪਤਿ ਵਿਸ੍ਵ ਬ੍ਰਹਮ ਕੇ ਮਾਹੀ॥ ਕਾਰਣ ਕਾਰਜ ਬਨੈ ਸੁ ਨਾਹੀ॥5॥[49]

---

[47] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1148.

[48] ਉਹੀ, ਪਤਰਾ ਨੰ 1149.

[49] ਉਹੀ, ਪਤਰਾ ਨੰ 1149.

ਕਿਉਂਕਿ ਜੇਕਰ ਉਪਰੋਕਤ ਵਿਚਾਰਾਂ ਨੂੰ ਸਹੀ ਮੰਨ ਲਿਆ ਜਾਵੇ ਤਾਂ ਇਹ ਤਾਂ ਇਸ ਤਰ੍ਹਾਂ ਪ੍ਰਤੀਤ ਹੋਣਗੇ ਜਿਵੇਂ ਰਾਜਾ ਅਤੇ ਪ੍ਰਜਾ ਹੋਵੇਗੀ, ਇਸ ਲਈ ਕਦਾਚਿਤ ਵੀ ਇਕ ਵਿਸ਼ਵ ਅਤੇ ਇਕ ਵਿਸ਼ਵ ਵਾਲਾ ਨਹੀਂ ਕਿਹਾ ਜਾ ਸਕਦਾ। ਦੂਜੀ ਵਿਚਾਰ ਇਸ ਤਰ੍ਹਾਂ ਖੰਡਿਤ ਹੋ ਜਾਂਦੀ ਹੈ ਕਿ ਕੰਨ ਕਾਰਣ ਹੈ ਅਤੇ ਕੁੰਡਲ ਕਾਰਜ ਇਹ ਵੀ ਦ੍ਵੈਤ ਦੀ ਭ੍ਰਾਂਤਿ ਨੂੰ ਜਨਮ ਦਿੰਦਾ ਹੈ। ਵਾਸਤਵ ਵਿਚ ਵਿਸ਼ਵ ਬ੍ਰਹਮ ਵਿਚ ਪੂਰਨ ਰੂਪ ਵਿਚ ਲਿਪਤ ਹੈ ਅਤੇ ਅਖੰਡਿਤ ਹੈ । ਮਾਯਾ ਜਿਸ ਦੁਆਰਾ ਵਿਸ਼ਵ ਦੀ ਉਤਪਤੀ ਹੋਈ ਹੈ ਉਹ ਬ੍ਰਹਮ ਤੋਂ ਭਿੰਨ ਨਹੀਂ ਹੈ। ਵਿਚਾਰਾਧੀਨ ਕ੍ਰਿਤੀ ਵਿਚ ਕਵੀ ਦੇ ਦ੍ਰਿਸ਼ਟੀਕੋਣ ਤੋਂ ਸਹੀ ਦ੍ਰਿਸ਼ਟਾਂਤ ਅਗਨੀ ਅਤੇ ਉਸ ਦੀ ਤਪਸ਼ ਦਾ ਹੈ। ਅਗਨੀ ਤੋਂ ਤਪਸ਼ ਅਤੇ ਪ੍ਰਕਾਸ਼ ਪੈਦਾ ਹੁੰਦਾ ਹੈ, ਜਿਸ ਦੇ ਪ੍ਰਭਾਵ ਨੂੰ ਦੂਰ ਤਕ ਮਹਿਸੂਸ ਕੀਤਾ ਜਾ ਸਕਦਾ ਹੈ, ਉਸੇ ਭਾਂਤਿ ਨਿਰਗੁਣ ਤੋਂ ਸਰਗੁਣ ਦੀ ਹੋਂਦ ਹੈ। ਜਿਤਨਾ ਸਮਾਂ ਲਕੜੀਆਂ ਅਗਨੀ ਵਿਚ ਰਹਿੰਦੀਆਂ ਹਨ, ਉਤਨਾ ਸਮਾਂ ਅਗਨੀ ਦੀਆਂ ਲਪਟਾਂ ਨਿਕਲਦੀਆਂ ਰਹਿੰਦੀਆਂ ਹਨ। ਜਦੋਂ ਲਕੜੀਆਂ ਜਲ ਕੇ ਕੋਲਾ ਬਣ ਜਾਂਦੀਆਂ ਹਨ ਤਾਂ ਲਪਟਾਂ ਅਤੇ ਪ੍ਰਕਾਸ਼ ਲੁਪਿਤ ਹੋ ਜਾਂਦੇ ਹਨ। ਪਰ ਅਜੇ ਵੀ ਉਨ੍ਹਾਂ ਵਿਚ ਤਪਸ਼ ਵਿਦਮਾਨ ਹੁੰਦੀ ਹੈ। ਇਸੇ ਭਾਂਤਿ ਬ੍ਰਹਮ ਹੈ ਉਹ ਅਗਨੀ ਦਾ ਭਾਂਤਿ ਹੈ ਜਿਤਨਾ ਸਮਾਂ ਉਸ ਦਾ ਹੁਕਮ ਹੈ ਉਹ ਲਪਟਾਂ ਤੇ ਪ੍ਰਕਾਸ਼ ਦਾ ਪ੍ਰਸਾਰ ਕਰਦਾ ਹੈ ਤੇ ਫਿਰ ਤਪਸ਼ ਵਾਂਗ ਸੰਕੁਚਿਤ ਵੀ ਹੋ ਜਾਂਦਾ ਹੈ। ਇਸੇ ਭਾਂਤਿ ਇਸ ਵਿਚ ਦ੍ਵੈਤ ਦੀ ਭ੍ਰਾਂਤੀ ਉਤਪੰਨ ਨਹੀਂ ਹੁੰਦੀ -

ਮਾਯਾ ਕਲਪਿਤ ਬ੍ਰਹਮ ਮੈਂ ਕਲਪਿਤ ਵਿਸ੍ਵ ਸੁ ਜਾਨ॥

ਕਾਰਣ ਕਾਰਜ ਦੁਊ ਕਾ ਅਧਿਸਟਾਂਨ ਸੁ ਮਾਨ॥9॥

ਵਾਦੀ ਵਾਚ॥ ਚੌਪਈ॥

ਮਾਯਾ ਸਕਤਿ ਬ੍ਰਹਮ ਕੀ ਹਯੈ॥ ਬ੍ਰਹਮ ਤੇ ਭਿੰਨ ਨਾਹਿ ਸੋ ਪਯੈ॥

ਅਗਨਿ ਉਸਨਿ ਵਤਿ ਤਾਕੋ ਜਾਨੋ॥ ਪੁਨਿ ਪ੍ਰਕਾਸ ਵਤਿ ਤਾਂਹਿ ਪਛਾਨੋ॥

ਉਸਨਤਿ ਅਰੁ ਪਰਕਾਸ ਸੁ ਜਾਨ॥ ਨਾਹਿ ਅਗਨਿ ਤੇ ਭਿੰਨ ਮਹਾਨ॥

ਸਤਿਗੁਰ ਕਹਯੋ ਨ ਐਸੇ ਕੋਇ॥ ਉਸਨਤਿ ਬਾਹਰਿ ਮਾਲਮ ਹੋਇ॥10॥

ਦੋਹਰਾ॥

ਅਗਨਿ ਗਈ ਤੇ ਉਸਨਤਾ ਰਹੇ ਸੁ ਜਾਨ ਸੁਜਾਨ॥

ਕਾਰਣ ਕਾਰਜ ਭਾਉ ਸੋ ਆਵੈ ਜਾਨ ਮਹਾਨ॥11॥

ਅਗਨੀ ਕਾਠ ਜਰਾਇ ਕਰਿ ਸਾਂਤਿ ਹੋਇ ਸੋ ਜਾਨ॥

ਰਹੈ ਉਸਨਤਾ ਰਾਖ ਮੈ ਕਾਰਜ ਤਾਹਿ ਮਹਾਨ॥12॥[50]

ਇਥੇ ਜਿਗਿਆਸੀ ਦੇ ਮਨ ਵਿਚ ਇਹ ਦਵੰਦਾਤਮਕ ਪ੍ਰਸ਼ਨ ਪੈਦਾ ਹੋਣਾ ਨਿਸ਼ਚਿਤ ਹੈ ਕਿ ਜਦੋਂ ਨਿਰਗੁਣ ਤੇ ਸਰਗੁਣ ਵਿਚ ਕੋਈ ਭੇਦ ਨਹੀਂ ਹੈ ਫਿਰ ਸਚ/ਝੂਠ, ਚੰਗਾ/ਮਾੜਾ ਇਤਿਆਦਿਕ ਦਾ ਵਜੂਦ ਕੀ ਹੈ? ਗੁਰਮਤਿ ਦਰਸ਼ਨ ਵਿਚ ਇਸ ਦਾ ਉਤਰ ਨਾਨਾ ਪ੍ਰਕਾਰ ਦੀ ਰਚਨਾ ਨੂੰ ਦਸਿਆ ਗਿਆ ਹੈ। ਵਾਸਤਵ ਵਿਚ ਅਦ੍ਵੈਤ ਦਰਸ਼ਨ ਦੀ ਇਕ ਵਡੀ ਸਮਸਿਆ ਅਗਿਆਨ, ਅਵਿਦਿਆ, ਹਨੇਰਾ, ਬੁਰਾਈ ਇਤਿਆਦਿਕ ਦੀ ਉਤਪਤੀ ਬਾਰੇ ਹੈ, ਜੇ ਬ੍ਰਹਮ ਸਿਰਜਕ ਮੰਨਿਆ ਜਾਵੇ ਤਾਂ ਬਦੀ ਉਸ 'ਤੇ ਆਰੋਪਿਤ ਹੁੰਦੀ ਹੈ। ਸਾਮੀ ਧਰਮਾਂ ਨੇ ਕਹਿ ਦਿਤਾ ਕਿ ਇਹ ਸ਼ੈਤਾਨ ਦੁਆਰਾ ਸਿਰਜਿਤ ਹੈ। ਫਿਰ ਇਥੇ ਦ੍ਵੈਤ ਦਾ ਜਨਮ ਹੋ ਜਾਂਦਾ ਹੈ।[51] ਗੁਰਮਤਿ ਦਰਸ਼ਨ ਵਿਚ ਇਹ ਸ੍ਵੈ-ਨਿਰਣਿਤ ਹੈ ਕਿ ਕਾਦਰ ਨੇ ਸੰਸਾਰ ਦੇ ਵਿਵਹਾਰ ਨੂੰ ਚਲਾਉਣ ਲਈ ਹੀ ਹਨੇਰਾ, ਅਗਿਆਨ, ਅਵਿਦਿਆ ਇਤਿਆਦਿਕ ਨੂੰ ਸਿਰਜਿਤ ਕੀਤਾ ਹੈ । ਭਾਈ ਗੁਰਦਾਸ ਜੀ ਨੇ ਇਸ ਪ੍ਰਥਾਇ ਦ੍ਰਿਸ਼ਟਾਂਤ ਦਿਤਾ ਹੈ ਕਿ ਜਿਸ ਤਰ੍ਹਾਂ ਦੀਵੇ ਦੀ ਕਾਲਖ਼ ਦਾ ਸੁਰਮਾ ਇਸਤ੍ਰੀ ਦਾ ਸ਼ਿੰਗਾਰ ਬਣਦਾ ਹੈ, [52] ਉਸੇ ਭਾਂਤਿ ਅਗਿਆਨ, ਅਵਿਦਿਆ, ਹਨੇਰਾ ਇਤਿਆਦਿਕ ਹੀ ਗਿਆਨ, ਵਿਦਿਆ, ਪ੍ਰਕਾਸ਼ ਦੇ ਅਸਤਿਤ੍ਵ ਅਤੇ ਪਹਿਚਾਨ ਦਾ ਕਾਰਣ ਹਨ, ਇਨ੍ਹਾਂ ਕਾਰਣ ਹੀ ਜੀਵ ਸਕ੍ਰਿਯ ਹਨ।

---

[50] ਉਹੀ, ਪਤਰਾ ਨੰ 1149.

[51] ਮਨਜੀਤ ਕੌਰ (ਸੰਪਾ.), *ਗ੍ਰੰਥ ਭਰਮ ਤੋੜ ਅਤੇ ਹੋਰ ਰਚਨਾਵਾਂ ਕ੍ਰਿਤ ਸੰਤ ਮੋਹਰਿ ਸਿੰਘ ਨਿਰਮਲੇ,* ਡਾ. ਹਰਭਜਨ ਸਿੰਘ, *ਗੁਰਮਤਿ ਅਦ੍ਵੈਤ,* ਨਿਰਮਲ ਆਸ਼ਰਮ, ਰਿਸ਼ੀਕੇਸ਼, 2015, ਪੰਨਾ 53.

[52] ਚਾਕਰ, ਅਮਰ ਸਿੰਘ, *ਵਾਰਾਂ ਭਾਈ ਗੁਰਦਾਸ ਜੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011, ਪੰਨਾ 29, ਵਾਰ ਦੂਜੀ ਪਾਉੜੀ 8-

ਦੀਵਾ ਬਲੈ ਬਸੰਤਰਹੁ ਚਾਨਣੁ ਅਨ੍ਹੇਰੇ॥ ਦੀਪਕ ਵਿਚਹੁ ਮਸੁ ਹੋਇ ਕੰਮ ਆਇ ਲਿਖੇਰੇ॥ ਕਜਲ ਹੋਵੈ ਕਾਮਣੀ ਸੰਗਿ ਭਲੇ ਭਲੇਰੇ॥ ਮਸਵਾਣੀ ਹਰਿ ਜਸੁ ਲਿਖੈ ਦਫਤਰ ਅਗਲੇਰੇ॥ ਬਿਰਖੋਂ ਬਿਰਖ ਉਪਾਇਦਾ ਫਲ ਫੁਲ ਘਨੇਰੇ॥ ਆਪੇ ਆਪਿ ਵਰਤਦਾ ਗੁਰਮੁਖਿ ਚਉਫੇਰੇ॥

ਕਵੀ ਨੇ ਇਸ ਪ੍ਰਸ਼ਨ ਦਾ ਉਤਰ ਸੋਨੇ ਦੇ ਦ੍ਰਿਸ਼ਟਾਂਤ ਰਾਂਹੀ ਵਿਕਅਤ ਕੀਤਾ ਹੈ ਕਿ ਜੇਕਰ ਸੋਨੇ ਤੋਂ ਅਨਿਕ ਭਾਂਤਿ ਦੇ ਗਹਿਣੇ ਬਣਾ ਲਏ ਜਾਣ, ਉਸ ਗਹਿਣੇ ਦੀ ਕੀਮਤ ਵੀ ਸੋਨੇ ਕਰਕੇ ਹੀ ਹੋਵੇਗੀ। ਪਰ ਸੋਨੇ ਅਤੇ ਗਹਿਣੇ ਵਿਚ ਕੋਈ ਵੀ ਭੇਦ ਨਹੀਂ ਹੁੰਦਾ ਬਲਕਿ ਗਹਿਣੇ ਦੇ ਆਦਿ, ਮਧ ਅਤੇ ਅੰਤ ਵਿਚ ਸੋਨਾ ਹੀ ਵਿਦਮਾਨ ਹੁੰਦਾ ਹੈ, ਸਿਰਫ ਉਸ ਦੇ ਅਕਾਰ ਦਾ ਪ੍ਰਸਾਰ ਕੀਤਾ ਜਾਂਦਾ ਹੈ। ਇਥੇ ਇਹ ਸਪਸ਼ਟ ਵੀ ਕਰ ਦਿਤਾ ਕਿ ਸੋਨਾ ਸ਼ੁਧ ਹੀ ਰਹਿੰਦਾ ਹੈ ਭਾਵੇਂ ਉਸ ਦੇ ਕਿਤਨੇ ਹੀ ਆਭੂਸ਼ਣ ਜਾਂ ਆਕਾਰ ਕਿਉਂ ਨਾ ਬਦਲ ਦਿਤੇ ਜਾਣ। ਉਸੇ ਪ੍ਰਕਾਰ ਨਿਰਗੁਣ ਸਰੂਪ ਸੋਨੇ ਦੀ ਭਾਂਤਿ ਸ਼ੁਧ ਸਰੂਪ ਨੂੰ ਧਾਰਨ ਕਰ ਕੇ ਰਖਦਾ ਹੈ । ਇਸੇ ਭਾਂਤਿ ਬ੍ਰਹਮ ਤੋਂ ਅਨਿਕ-ਭਾਂਤਿ ਜੀਵ-ਅਜੀਵ ਦਾ ਵਿਸਤਾਰ ਹੋਇਆ ਹੈ। ਯਥਾ-

ਤਿਨ ਨਿਰਗੁਨਿ ਸਰਗੁਨਿ ਪਹਿਚਾਨ॥ ਏਕ ਰੂਪ ਸੋ ਦੋਇ ਮਹਾਨ॥33॥
ਜਿਉ ਕੰਚਨ ਕਾ ਭੂਖਣ ਬਯੋ॥ ਪਰ ਕੰਚਨ ਕਾ ਮੋਲ ਨ ਗਯੋ॥
ਕੰਚਨ ਆਦਿ ਮਧਯਾ ਅਵਸਾਨ॥ ਤਿਉ ਨਿਰਗੁਨਿ ਕਾ ਨਿਰਗੁਨਿ ਜਾਨ॥34॥
ਕੰਚਨ ਭੂਖਣ ਮਾਹਿ ਨ ਭੇਦ॥ ਭੇਦ ਕਰੈ ਸੋ ਜਾਨ ਲਬੇਦ॥
ਨਾਹਿ ਜਥਾਰਥ ਵਾਕ ਸੁ ਜਾਨ॥ ਦੇਖਿ ਬਿਚਾਰ ਸੁ ਭਲੇ ਮਹਾਨ॥35॥
ਭੇਦ ਨ ਨਿਰਗੁਨਿ ਸਰਗੁਨਿ ਮਾਹਿ॥ ਏਕ ਰੂਪ ਦੋਇ ਜਾਨੋ ਤਾਹਿ॥
ਇਉ ਗੁਰ ਨਾਨਕ ਨੈ ਜਬ ਕਹਯੋ॥ ਪਰਮ ਅਨੰਦ ਤਾਹਿ ਮਨ ਲਹਯੋ॥36॥[53]

ਬ੍ਰਹਮ ਦੀ ਪਰਿਪੂਰਣਤਾ ਬਾਰੇ ਪਰਿਪਕ ਕਵੀ ਉਸ ਦੀ ਉਕਾਈ ਬਾਰੇ ਸੰਸਾ ਵਿਅਕਤ ਨਹੀਂ ਕਰਦਾ ਬਲਕਿ ਇਹ ਉਸ ਦੇ ਦ੍ਰਿਸ਼ਟੀਕੋਣ ਅਨੁਸਾਰ ਉਸ ਵਿਚ ਕਿਸੇ ਪ੍ਰਕਾਰ ਵੀ ਦ੍ਵੈਤ ਦੀ ਕੋਈ ਗੁੰਜਾਇਸ਼ ਹੋ ਹੀ ਨਹੀਂ ਸਕਦੀ -

ਬ੍ਰਹਮ ਏਕ ਪਰਿਪੂਰਣ ਹਯੈ॥
ਰੰਚਕ ਨਾਹਿ ਦ੍ਵੈਤਿ ਤਹ ਪਯੈ॥45॥[54]

[53] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 846.

[54] ਉਹੀ, ਪਤਰਾ ਨੰ 841.

ਉਪਰੋਕਤ ਵਿਚਾਰ ਦੀ ਪ੍ਰੋੜ੍ਹਤਾ ਕਵੀ ਖਡੂਰੀ ਖੰਡ ਵਿਚ ਹੀ ਕਰਦਾ ਹੈ ਕਿ ਇਸ ਗੱਲ ਵਿਚ ਕਿਸੇ ਪ੍ਰਕਾਰ ਦਾ ਕੋਈ ਸ਼ੰਕਾ ਨਹੀਂ ਹੈ ਕਿ ਨਿਰਗੁਣ ਅਤੇ ਸਰਗੁਣ ਵਿਚ ਕੋਈ ਭੇਦ ਹੈ। ਬਲਕਿ ਇਨ੍ਹਾਂ ਵਿਚ ਰੰਚਕ ਮਾਤਰ ਵੀ ਭੇਦ ਨਹੀਂ ਕੀਤਾ ਜਾ ਸਕਦਾ-

ਨਿਰਗੁਣਿ ਸਰਗੁਣਿ ਏਕੈ ਸੋਇ॥ ਯਾਹਿ ਵਿਖੈ ਸੰਸਾ ਨਹੀ ਕੋਇ॥

ਜੋ ਨਿਰਗੁਣਿ ਸੋ ਸਰਗੁਣਿ ਜਾਨ॥ ਇਸ ਮੈ ਭੇਦ ਨ ਰੰਚਕਿ ਮਾਨ॥26॥[55]

ਜਿਗਿਆਸੀ ਦੇ ਅਗਲੇ ਪ੍ਰਸ਼ਨ ਦੀ ਸੰਭਾਵਨਾਂ ਅਨੇਕਾਂ ਨਾਵਾਂ ਨੂੰ ਲੈ ਕੇ ਹੋ ਸਕਦੀ ਹੈ। ਵਿਚਾਰਾਧੀਨ ਕ੍ਰਿਤੀ ਵਿਚ ਇਹ ਨਿਰਣੈ ਕੀਤਾ ਗਿਆ ਹੈ ਕਿ ਬੇਸ਼ਕ ਉਸਦੇ ਅਨੇਕਾਂ ਨਾਮ ਹਨ, ਪਰ ਫਿਰ ਵੀ ਪਾਰਬ੍ਰਹਮ ਇਕ ਹੈ। ਉਸਦੇ ਅਨੇਕਾਂ ਨਾਮ ਭਿੰਨ-ਭਿੰਨ ਹੋਣ ਦੇ ਬਾਵਜੂਦ ਵੀ ਉਸ ਦੀ ਏਕਤਾ ਵਿਚ ਭਿੰਨਤਾ ਪੈਦਾ ਨਹੀਂ ਹੁੰਦੀ, ਸਗੋਂ ਅਖੰਡਿਤਾ ਦਾ ਦ੍ਰਿੜ ਨਿਸ਼ਚਾ ਉਤਪੰਨ ਹੁੰਦਾ ਹੈ। ਇਹ ਰਹਸ ਗੂੜ੍ਹ ਚਿੰਤਨ ਤੋਂ ਹੀ ਪ੍ਰਾਪਤ ਹੋ ਸਕਦਾ ਹੈ-

ਸਾਹਿਬੁ ਏਕ ਹੈ ਨਾਹਿ ਅਨੇਕ॥ ਦੇਖੋ ਕਰਿ ਮਨਿ ਮਾਹਿ ਬਿਬੇਕ॥45॥

ਸਾਹਿਬੁ ਏਕ ਨਾਮੁ ਬਹੁ ਹਯੈ॥ ਨਾਮੁ ਭੇਦ ਤੇ ਭੇਦ ਨ ਕਹਯੈ॥[56]

ਕਵੀ ਦੇ ਦ੍ਰਿਸ਼ਟੀਕੋਣ ਤੋਂ ਨਿਰਗੁਣ ਅਤੇ ਸਰਗੁਣ ਪਰਮਾਤਮਾ ਦੇ ਦੋ ਸਰੂਪ ਹੋਣ ਕਾਰਣ ਖੰਡਿਤ ਨਹੀਂ ਹੋ ਸਕਦੇ, ਸਧਾਰਨ ਵਿਅਕਤੀ ਅਗਿਆਨ-ਮੂਲ ਪਰਮਸਤ ਨੂੰ ਅਨੇਕ ਮੰਨ ਲੈਂਦਾ ਹੈ। ਯਥਾ-

ਨਿਰਗੁਨਿ ਸਰਗੁਨਿ ਦੋਨੋ ਏਕ॥

ਬਿਨ ਜਾਨੇ ਜਨ ਕਹੈਂ ਅਨੇਕ॥62॥[57]

ਉਪਰੋਕਤ ਵਿਚਾਰਾਂ ਅਨੁਸਾਰ ਕਵੀ ਨੇ ਪਰਮਸਤ ਬਾਰੇ ਵਿਚਾਰ ਅੰਕਿਤ ਕੀਤੇ ਹਨ। ਪਰਮਸਤ ਨਿਰਗੁਣ ਤੋਂ ਸਰਗੁਣ ਸਰੂਪ ਵਿਚ ਪ੍ਰਸਾਰ ਕਰਦਾ ਹੈ। ਆਪ ਹੀ ਨਿਰਗੁਣ ਅਤੇ ਸਰਗੁਣ ਹੈ। ਉਹ ਇਕ

---

[55] ਉਹੀ, ਪਤਰਾ ਨੰ 845.

[56] ਉਹੀ, ਪਤਰਾ ਨੰ 851.

[57] ਉਹੀ, ਪਤਰਾ ਨੰ 410.

ਰਸ ਹੈ। ਉਹ ਅਦ੍ਵੈਤ ਹੈ। ਨਿਰਗੁਣ ਸਰਗੁਣ ਸਰੂਪ ਕੋਈ ਵਖਰੀ ਹੋਂਦ ਨਹੀਂ ਸਗੋਂ ਇਕਤਵ ਦੀ ਲਖਾਇਕ ਹੈ। ਉਹ ਆਕਾਰ ਅਤੇ ਨਿਰਾਕਾਰ ਦੋਵਾਂ ਵਿਚ ਵਿਦਮਾਨ ਹੈ। ਉਹ ਹੀ ਖੇਲ ਕਰਤਾ ਅਤੇ ਖੇਲ ਰਚੈਤਾ ਹੈ। ਉਸ ਨੇ ਆਪ ਹੀ ਨਿਰਗੁਣ ਅਤੇ ਸਰਗੁਣ ਨਾਮ ਥਾਪੇ ਹਨ । ਨਿਰਸੰਦੇਹ ਪਰਮਸਤ ਨਿਰਮੈਲ ਹੈ, ਇਸ ਕਾਰਣ ਉਸ ਦੇ ਸਰੂਪ ਵੀ ਮੈਲ-ਰਹਿਤ ਹਨ। ਪਰਮਸਤ ਦੇ ਅਨੇਕਾਂ ਨਾਮ, ਅਕਾਰ, ਹੋਣ ਦੇ ਬਾਵਜੂਦ ਵੀ ਉਸ ਦੀ ਅਖੰਡਤਾ ਭੰਗ ਨਹੀਂ ਹੁੰਦੀ ਅਜਿਹਾ ਨਿਰਣੈ ਵਿਚਾਰਾਧੀਨ ਕ੍ਰਿਤੀ ਵਿਚ ਦੇਖਣ ਨੂੰ ਮਿਲਦਾ ਹੈ। ਸੋ ਭਲੀ-ਭਾਂਤਿ ਅਸੀਂ ਕਹਿ ਸਕਦੇ ਹਾਂ ਕਿ ਕਵੀ ਗੁਰਮਤਿ-ਅਦ੍ਵੈਤ ਦੇ ਸਿਧਾਂਤ ਦਾ ਗੂੜ੍ਹ ਗਿਆਤਾ ਹੈ।

**ਜਗਤ ਆਧਾਰ/ਸਰਵ-ਵਿਆਪੀ/ਸਥਿਰ**

ਪਰਮਸਤਾ ਦੇ ਅਨੰਤ ਗੁਣਾਂ ਵਿਚੋਂ ਵਿਚਾਰਾਧੀਨ ਕ੍ਰਿਤੀ ਵਿਚ ਜਗਤ ਦੇ ਆਧਾਰ ਬਾਰੇ ਇਹ ਦ੍ਰਿਸ਼ਟੀਕੋਣ ਅੰਕਿਤ ਹੈ ਕਿ ਪਾਰਬ੍ਰਹਮ ਸਮਸਤ ਵਿਸ਼ਵ ਦਾ ਕਰਤਾ ਹੈ, ਇਹ ਗੱਲ ਸਾਡੀ ਸਮਝ ਤੋਂ ਭਾਵ ਬੁਧੀ, ਮਨ ਅਤੇ ਬਾਣੀ ਤੋਂ ਅਲਪ-ਗਿਆਨ ਹੋਣ ਕਰਕੇ ਪਰ੍ਹਾਂ ਹੈ-

ਪਰਮੇਸ਼ਵਰ ਪਾਰਬ੍ਰਹਮ ਜੋ ਸੋ ਸਭ ਵਿਸ਼ਵ ਅਧਾਰ॥
ਮਨ ਬਾਣੀ ਬੁਧਿ ਤੇ ਪਰੇ ਤਾਹਿ ਨਮਾਮਿ ਹਮਾਰ॥1॥
ਅੰਤਰਿ ਬ੍ਰਹਮ ਸਰੂਪ ਜੋ ਬਾਹਰ ਸਤਿਗੁਰ ਰੂਪ॥
ਤਿਸ ਸਰੂਪ ਕੋ ਨਮਨ ਕਰਿ ਬਰਨੋ ਕਥਾ ਅਨੂਪ॥2॥[58]

ਸੰਸਾਰ ਵਿਚ ਅਨੰਤ ਨਾਵਾਂ ਦੀ ਮੌਜੂਦਗੀ ਹੈ, ਕੋਈ ਵੀ ਵਸਤੂ ਅਨਾਮ ਨਹੀਂ ਹੈ। ਇਥੇ ਦ੍ਵੈਤ ਦੀ ਭ੍ਰਾਂਤਿ ਜਨਮ ਲੈਂਦੀ ਹੈ ਪਰ ਅਸੀਂ ਉਪਰੋਕਤ ਕਵੀ ਦੇ ਦ੍ਰਿਸ਼ਟੀਕੋਣ ਦਾ ਵਿਸ਼ੇਸ਼ਗ ਚਿੰਤਨ ਕੀਤਾ ਹੈ, ਜਿਸ ਵਿਚ ਸਪਸ਼ਟ ਹੈ ਕਿ ਬ੍ਰਹਮ ਦਾ ਅਸਤਿਤ੍ਵ ਅਦ੍ਵੈਤ ਹੈ । ਸੋ ਇਤਨੇ ਨਾਵਾਂ ਦੀ ਅਨੇਕਤਾ ਦੇ ਬਾਵਜੂਦ ਵੀ ਉਸ ਦੇ ਸੁਭਾਅ ਕਰਕੇ ਉਹ ਇਕ ਹੈ। ਬ੍ਰਹਮ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੈ , ਜਿਸਨੂੰ ਇ ਸ ਗੱਲ ਦਾ ਗਿਆਨ ਹੋ ਗਿਆ ਉਹ ਜਾਣ ਲੈਂਦਾ ਹੈ ਕਿ ਪਰਮਸਤਾ ਹੀ ਸਭ ਦਾ ਆਧਾਰ ਹੈ ਅਤੇ ਇਹ ਨਿਸ਼ਚਾ ਉਸਨੂੰ ਪਰਮਗਤਿ ਪ੍ਰਾਪਤ ਕਰਾਉਂਦਾ ਹੈ-

---

[58] ਉਹੀ, ਪਤਰਾ ਨੰ 72.

ਨਾਮ ਰੂਪ ਸਭ ਬ੍ਰਹਮ ਹੈ ਬ੍ਰਹਮ ਬਿਨਾ ਕਛੁ ਨਾਹਿ॥

ਅਸਿ ਨਿਹਚਾ ਜਹਿ ਮਨ ਵਿਖੇ ਲਹੈ ਪਰਮਗਤਿ ਤਾਹਿ॥44॥[59]

ਵਿਚਾਰਾਧੀਨ ਕ੍ਰਿਤੀ ਵਿਚ ਪਰਮਸਤਾ ਦੀ ਸਰਵ-ਵਿਆਪਕਤਾ ਦੀ ਵਿਚਾਰ ਪ੍ਰਸਤੁਤ ਕਰਦੇ ਹੋਏ ਅਕਿੰਤ ਕੀਤਾ ਗਿਆ ਹੈ ਕਿ ਹਿਰਦੈ ਦੇ ਅੰਦਰ ਅਤੇ ਬਾਹਰ ਉਸ ਦੀ ਹੋਂਦ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ, ਇਹ ਸਤਯ ਕਥਨ ਸਿਰਫ ਗੁਰੂ ਕ੍ਰਿਪਾ ਦੁਆਰਾ ਹੀ ਪ੍ਰਕਾਸ਼ਿਤ ਹੋ ਸਕਦਾ ਹੈ-

ਜਿਸਨੈ ਤੁਮ ਕੋ ਦੀਉ ਸਰੀਰ॥ ਸੋ ਭਗਵਤਿ ਜਾਨੋ ਰਘਬੀਰ॥

ਸਭ ਕੈ ਹਿਰਦੈ ਅੰਤਰਿ ਬਾਹਰਿ॥ ਗੁਰ ਕਿਰਪਾ ਤੇ ਦੀਸੈ ਜਾਹਰਿ॥66॥[60]

ਨਿਰਸੰਦੇਹ ਜੀਵ ਪਰਮਸਤਾ ਦਾ ਅੰਸ਼ ਹੈ ਇਸ ਲਈ ਇਨ੍ਹਾਂ ਵਿਚ ਭੇਦ ਨਹੀਂ ਕੀਤਾ ਜਾ ਸਕਦਾ। ਇਸ ਲਈ ਸ੍ਵੈ-ਪ੍ਰਮਾਣਿਤ ਹੈ ਕਿ ਜੀਵ ਦਾ ਅਧਾਰ ਬ੍ਰਹਮ ਹੈ ਤੇ ਉਹ ਸਰਬ-ਵਿਆਪੀ ਹੈ। ਯਥਾ-

ਅਭੇਦ ਹ੍ਵੈ ਜੀਵ ਅਰੁ ਬ੍ਰਹਮ ਕਾ ਜੀਵ ਤੇ ਬ੍ਰਹਮ ਹ੍ਵੈ ਆਪ ਓਈ॥[61]

ਪਾਰਬ੍ਰਹਮ ਦੀ ਸਰਵ-ਵਿਆਪਕਤਾ ਜਿਹੇ ਜਟਿਲ ਸਿਧਾਂਤ ਨੂੰ ਅਧਿਕ ਸਪਸ਼ਟ ਕਰਨ ਹਿਤ ਕਵੀ ਨੇ ਇਨ੍ਹਾਂ ਵਿਚਾਰਾਂ ਦਾ ਪ੍ਰਸਤੁਤੀਕਰਨ ਨਾਨਕਮਤਾ ਖੰਡ ਵਿਚ ਕੀਤਾ ਹੈ ਕਿ ਜਿਵੇਂ ਦੁਧ ਵਿਚ ਘਿਓ ਲੁਪਿਤ ਹੈ, ਉਸੇ ਪ੍ਰਕਾਰ ਹੀ ਵਿਸ਼ਵ ਵਿਚ ਬ੍ਰਹਮ ਦੀ ਸਰਵ-ਵਿਆਪਕਤਾ ਵਿਦਮਾਨ ਹੈ। ਇਸਨੂੰ ਦੇਖਣ ਦਾ ਮਾਤਰ ਸਾਧਨ ਗੁਰੂ ਹੈ। ਇਸ ਦ੍ਰਿਸ਼ਟਾਂਤ ਦਾ ਉਲੇਖ ਇੰਞ ਵਰਣਿਤ ਹੈ-

ਰਾਮ ਮਿਲਯੋ ਸਭ ਰੂਪਨਿ ਮਾਹਿ ਜਿਵੇ ਦੁਧ ਮਾਹਿ ਸੁ ਤੂਪ ਮਿਲਾਲਾ॥

ਨਾਹਿ ਗੁਰੂ ਬਿਨਿ ਰਾਮ ਸੁ ਦੀਸਤ ਰਾਮ ਅਰੂਪ ਸਰੂਪ ਨਿਰਾਲਾ॥1॥[62]

---

[59] ਉਹੀ, ਪਤਰਾ ਨੰ 839.

[60] ਉਹੀ, ਪਤਰਾ ਨੰ 1333.

[61] ਉਹੀ, ਪਤਰਾ ਨੰ 793.

[62] ਉਹੀ, ਪਤਰਾ ਨੰ 1251.

ਜਗਤ ਦੀ ਨਾਸ਼ਮਾਨਤਾ ਦਾ ਜ਼ਿਕਰ ਕਰਦਿਆਂ ਇਹ ਨਿਰਣੈ ਕੀਤਾ ਹੈ ਕਿ ਸਰਬ-ਜਗਤ ਮਿਥਿਆ ਹੈ ਭਾਵ ਅਸਥਾਈ, ਅਸਥਿਰ, ਚਲਣਹਾਰ ਇਤਿਆਦਿਕ ਹੈ। ਜੇਕਰ ਕਿਸੇ ਦੀ ਹੋਂਦ ਸਥਾਈ ਜਾਂ ਸਥਿਰ ਹੈ ਤਾਂ ਉਹ ਹੈ ਪਰਮਾਤਮਾ। ਉਹ ਸਤਯ-ਸਰੂਪ ਸਿਰਜਨਹਾਰ ਮਾਤਰ ਅਸਥਿਰ ਹੈ-

ਮਰੇ ਸੁ ਮਿਥਿਆ ਹ੍ਵੈ ਗਏ ਰਹੇ ਸੁ ਚਲਣਹਾਰ॥

ਅਸਥਿਰ ਇਕ ਭਗਵਾਨ ਹੈ ਸਾਚਾ ਸਿਰਜਨਹਾਰ॥34॥[63]

ਵਿਚਾਰਾਧੀਨ ਕ੍ਰਿਤੀ ਵਿਚ ਜਗਤ ਨੂੰ ਫੁਰਨਾ ਕਿਹਾ ਹੈ, ਇਸ ਵਿਚਾਰ ਦਾ ਖੋਜ ਕਾਰਜ ਵਿਚ ਉਪਰੋਕਤ ਵਿਸਤ੍ਰਿਤ ਵਿਵਰਣ ਕੀਤਾ ਗਿਆ ਹੈ। ਇਹ ਇਕ ਨਿਰੰਤਰ ਪ੍ਰਵਾਹ ਹੈ ਨਿਰਗੁਣ ਤੋਂ ਸਰਗੁਣ ਅਤੇ ਸਰਗੁਣ ਤੋਂ ਨਿਰਗੁਣ। ਜਗਤ ਦਾ ਫੁਰਨਾ ਜਾਂ ਮਿਥਿਆ ਹੋਣ ਕਾਰਨ ਨਿਰਗੁਣ ਵਿਚ ਲੀਨ ਹੋਣਾ ਉਸ ਲਈ ਅਨਿਵਾਰਿਯ ਹੈ, ਭਾਵ ਸਤਯ/ਸ਼ੁਧ/ਸਥਿਰ ਰੂਪ ਨਿਰਗੁਣ ਹੀ ਹੈ। ਯਥਾ-

ਫੁਰਨੇ ਕਾ ਕਛੁ ਰੂਪ ਨ ਰੇਖ॥ ਵਹੀ ਸੁ ਨਿਰਗੁਨਿ ਜਾਨ ਅਲੇਖ॥

ਪੁਨਿ ਫੁਰਨਾ ਤਿਨ ਲੀਨ ਸੁ ਕਯੋ॥ ਪੁਨਿ ਨਿਰਗੁਨਿ ਕਾ ਨਿਰਗੁਨਿ ਭਯੋ॥31॥[64]

ਉਪਰੋਕਤ ਵਿਚਾਰਾਂ ਦੀ ਸਨਮੁਖਤਾ ਵਿਚ ਅਸੀਂ ਕਹਿ ਸਕਦੇ ਹਾਂ ਕਿ ਕਵੀ ਦੇ ਦ੍ਰਿਸ਼ਟੀਕੋਣ ਤੋਂ ਪਰਮਸਤ ਜਗਤ-ਅਧਾਰ, ਸਰਵ-ਵਿਆਪਕ ਅਤੇ ਸਥਿਰ ਹੋਣ ਬਾਰੇ ਕੀਤਾ ਗਿਆ ਪ੍ਰਸਤੁਤੀਕਰਨ ਦਾ ਪ੍ਰਯਤਨ ਸਫਲ ਹੈ।

**ਪਰਮੇਸਰ ਅਤੇ ਗੁਰੂ ਦੀ ਸਮਾਨਤਾ**

ਉਪਰੋਕਤ ਦੀ ਨਿਰੰਤਰਤਾ ਵਿਚ ਗੁਰੂ ਅਤੇ ਪਰਮਸਤ ਦੀ ਸਮਤਾ ਬਾਰੇ ਵੀ ਦ੍ਰਿਸ਼ਟੀਕੋਣ ਵਿਚਾਰਾਧੀਨ ਕ੍ਰਿਤੀ ਵਿਚ ਦੇਖਣ ਨੂੰ ਸਹਿਜ ਹੀ ਮਿਲ ਜਾਂਦਾ ਹੈ। ਸਰਵ-ਪ੍ਰਥਮ ਇਸ ਗੱਲ ਨੂੰ ਦ੍ਰਿਸ਼ਟੀ-ਗੋਚਰੇ ਰਖਣਾ ਜ਼ਰੂਰੀ ਹੋਵੇਗਾ ਕਿ ਨਿਰਗੁਣ ਦਾ ਸਰਗੁਣ ਸਰੂਪ ਵਿਚ ਪ੍ਰਸਾਰ ਦਾ ਕੋਈ ਕਾਰਣ ਜ਼ਰੂਰ ਹੈ। ਇਥੇ ਇਹ ਵੀ ਸਪਸ਼ਟ ਹੈ ਕਿ ਨਿਰਗੁਣ ਤੇ ਸਰਗੁਣ ਸਰੂਪ ਵਿਚ ਕਿਸੇ ਪ੍ਰਕਾਰ ਦਾ ਕੋਈ ਭੇਦ ਨਹੀਂ ਹੈ ।

---

[63] ਉਹੀ, ਪਤਰਾ ਨੰ 1247.

[64] ਉਹੀ, ਪਤਰਾ ਨੰ 846.

ਇਹ ਨਿਰਣੈ ਖੋਜ ਕਾਰਜ ਵਿਚ ਪਹਿਲਾਂ ਹੀ ਕਰ ਦਿਤਾ ਗਿਆ ਹੈ ਕਿ ਪ੍ਰਭੂ ਨੇ ਸਾਰੀ ਕੁਦਰਤ ਦਾ ਖੇਲ ਰਚਾਇਆ ਅਤੇ ਫਿਰ ਜਗਤ ਨੂੰ ਬਣਾਇਆ ਹੈ। ਜਗਤ ਵਿਚ ਵਿਦਮਾਨ ਜੀਵ ਪਰਮਾਤਮਾ ਦੀ ਅੰਸ਼ ਹੈ। ਪਰਿਪੂਰਣ ਪਰਮਾਤਮਾ ਨਿਰਭਉ ਹੈ। ਸਾਰੀ ਕੁਦਰਤ ਉਸ ਦਾ ਭੈ ਮੰਨਦੀ ਹੈ ਅਤੇ ਉਹ ਸਾਰਿਆਂ ਦੇ ਮਨਾਂ ਦੀ ਜਾਨਣ ਵਾਲਾ ਹੈ।

ਉਪਰੋਕਤ ਅਸੀਂ ਚਰਚਾ ਕਰ ਆਏ ਹਾਂ ਕਿ ਅਵਿਦਿਆ, ਹਨੇਰੇ, ਅਗਿਆਨ ਇਤਿਆਦਿਕ ਦੀ ਹੋਂਦ ਦਾ ਵੀ ਕੋਈ ਕਾਰਣ ਹੈ। ਮਨੁਖ ਅਹੰਕਾਰ-ਗ੍ਰਸਤ, ਅਲਪ-ਗਿਆਨ, ਇਤਿਆਦਿਕ ਵਿਕ੍ਰਿਤੀਆਂ ਕਰਕੇ ਪਰਮਸਤਾ ਤੋਂ ਦੂਰ ਹੈ। ਜੀਵ ਦੀ ਮੰਜ਼ਿਲ ਪਰਮਸਤ ਵਿਚ ਲੀਨਤਾ ਹੈ, ਇਸ ਲਈ ਇਸ ਦੂਰੀ ਨੂੰ ਖਤਮ ਕਰਨ ਹਿਤ ਇਕ ਮਾਰਗ-ਦਰਸ਼ਕ ਦੀ ਲੋੜ ਅਤਿ-ਅਨਿਵਾਰਿਯ ਹੈ। ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਇਹ ਮਾਰਗ-ਦਰਸ਼ਨ ਮਾਤਰ ਗੁਰੂ ਹੀ ਕਰ ਸਕਦਾ ਹੈ ਅਤੇ ਉਸ ਦੀ ਕ੍ਰਿਪਾ ਦੁਆਰਾ ਹੀ ਲੀਨਤਾ ਦੀ ਪ੍ਰਾਪਤੀ ਹੋ ਸਕਦੀ ਹੈ। ਯਥਾ-

ਜਿਸਕੀ ਕੁਦਰਤਿ ਕਾ ਇਹੁ ਖੇਲੁ॥ ਪਾਂਚ ਤਤ ਕਾ ਕਰਿਯੋ ਮੇਲੁ॥
ਪਿੰਡ ਬ੍ਰਹਮੰਡ ਸਾਜਨਾ ਸਾਜੀ॥ ਸੁਪਨਿ ਮਨੋਰਥ ਗਰੂੜਿ ਬਾਜੀ॥64॥
ਉਤਪਤਿ ਪਰਲੈ ਪਾਲਨ ਕਰੈ॥ ਨਿਰਭੈ ਨਾਹਿ ਕਿਸੀ ਸਿਉ ਡਰੈ॥
ਬ੍ਰਹਮਾਦਿਕ ਤਿਸ ਕਾ ਭੈ ਮਾਨੇ॥ ਪੁਨਿ ਸਭ ਕੇ ਮਨ ਕੀ ਸੋ ਜਾਨੇ॥65॥
ਜਿਸਨੈ ਤੁਮ ਕੋ ਦੀਉ ਸਰੀਰ॥ ਸੋ ਭਗਵਤਿ ਜਾਨੋ ਰਘਬੀਰ॥
ਸਭ ਕੈ ਹਿਰਦੈ ਅੰਤਰਿ ਬਾਹਰਿ॥ ਗੁਰ ਕਿਰਪਾ ਤੇ ਦੀਸੈ ਜਾਹਰਿ॥66॥[65]

ਗੁਰੂ ਦੀ ਸਮਦ੍ਰਿਸ਼ਟੀ ਹੀ ਇਕ ਅਤੇ ਅਨੇਕ ਦੇ ਵਿਚਿਤ੍ਰ ਵਿਸਮਯ ਨਾਟਕ ਨੂੰ ਦੇਖ ਸਕਦੀ ਹੈ, ਇਹ ਸਮਦ੍ਰਿਸ਼ਟੀ ਗੁਰੂ ਨੂੰ ਪਰਮਸਤਾ ਤੋਂ ਪ੍ਰਾਪਤ ਹੋਈ ਹੈ ਕਿਉਂਕਿ ਇਨ੍ਹਾਂ ਦੋਨਾਂ ਵਿਚ ਵੀ ਕੋਈ ਭਿੰਨਤਾ ਨਹੀਂ ਹੈ, ਬਲਕਿ ਕਵੀ ਨੂੰ ਵਿਸ਼ਵਾਸ ਹੈ ਕਿ ਗੁਰੂ ਤੋਂ ਬਿਨਾਂ ਮੁਕਤੀ ਨਹੀਂ ਹੋ ਸਕਦੀ। ਯਥਾ-

ਗੁਰ ਪਰਮੇਸ੍ਰੁਰ ਤੇ ਬਡੋ ਗੁਰ ਸਮ ਅਵਰੁ ਨ ਕੋਇ॥

---

[65] ਉਹੀ, ਪਤਰਾ ਨੰ 1333.

ਹਮਰੈ ਮਨ ਬਿਸਵਾਸ ਇਹੁ ਗੁਰ ਬਿਨ ਮੁਕਤਿ ਨ ਹੋਇ॥22॥[66]

ਗੁਰੂ ਅਤੇ ਪਰਮਾਤਮਾ ਦੀ ਸਮਤਾ ਭਾਵ ਦੀ ਵਿਚਾਰ ਸੰਕਿਲਤ ਕਰਦਿਆਂ ਕਵੀ ਕਹਿੰਦਾ ਹੈ ਕਿ ਜਿਸ ਤਰ੍ਹਾਂ ਪਰਮਾਤਮਾ ਅਲੇਖ ਹੈ ਉਸੇ ਭਾਂਤਿ ਗੁਰੂ ਵੀ ਅਲੇਖ ਹੈ। ਇਨ੍ਹਾਂ ਦੋਨਾਂ ਦੇ ਗੁਣਾਂ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ-

ਦੇਖੈ ਕਰਿ ਜੋ ਆਪ ਬਿਚਾਰੇ॥ ਪਰਮੇਸ੍ਵਰ ਸਮ ਗੁਰੂ ਉਦਾਰੇ॥

ਗੁਰ ਪਰਮੇਸ੍ਵਰ ਦੋਊ ਅਲੇਖ॥ ਪਰਮੇਸ੍ਵਰ ਤੇ ਗੁਰੂ ਬਿਸੇਖ॥38॥[67]

ਵਿਚਾਰਾਧੀਨ ਕ੍ਰਿਤੀ ਵਿਚ ਗੁਰੂ ਦੀ ਮਹਿਮਾ ਕਰਦਿਆਂ ਕਿਹਾ ਹੈ ਕਿ ਗੁਰੂ ਦੇ ਕੋਲ ਵਿਅਕਤੀ ਜਿਸ ਵੀ ਮਨਸ਼ਾ ਨਾਲ ਆਉਂਦਾ ਹੈ, ਉਸ ਦੀ ਉਹ ਮਨਸ਼ਾ ਪੂਰੀ ਹੁੰਦੀ ਹੈ। ਇਸ ਪ੍ਰਥਾਇ ਦ੍ਰਿਸ਼ਟਾਂਤ ਖਡੂਰੀ ਖੰਡ ਵਿਚ ਅੰਕਿਤ ਕੀਤਾ ਹੈ ਕਿ ਜੇ ਕੋਈ ਸਿਖ ਜਨਮਾਂ-ਜਨਮਾਂਤਰਾਂ ਦੀ ਮੈਲ ਲੈ ਕੇ ਗੁਰੂ ਕੋਲ ਅਉਂਦਾ ਹੈ, ਤਾਂ ਗੁਰੂ ਰਾਮ-ਨਾਮ ਦੀ ਸਾਬੁਣ ਨਾਲ ਉਸਦੇ ਜਨਮਾਂ-ਜਨਮਾਂਤਰਾਂ ਦੀ ਮੈਲ਼ ਸਾਫ ਕਰ ਦਿੰਦਾ ਹੈ। ਇਸ ਕ੍ਰਿਆ ਨੂੰ ਛਿੰਨ-ਪਲ ਵੀ ਨਹੀਂ ਲਗਦਾ। ਇਸੇ ਪ੍ਰਕਾਰ ਜੇ ਕੋਈ ਸਿਖ ਰੋਗੀ ਬਣ ਕੇ, ਲੋਹਾ ਬਣ ਕੇ, ਮੂਕ ਬਣ ਕੇ ਅਤੇ ਮਿੱਟੀ ਬਣ ਕੇ ਆਵੇ ਤਾਂ ਗੁਰੂ ਉਸਦੀ ਮਨਸ਼ਾ ਅਨੁਸਾਰ ਹੀ ਉਸਦੀ ਕਾਮਨਾ ਪੂਰਨ ਕਰਦਾ ਹੈ-

ਤਰ ਸਮ ਸਿਖ ਆਇ ਸਰਨੀ ਪਰੈ॥ ਚੰਦਨ ਹੋਇ ਸੁ ਚੰਦਨ ਕਰੈ॥

ਬਹੁਰਿ ਜਾਤਰਾ ਸਮ ਸਿਖ ਆਵੈ॥ ਗੰਗਾ ਹ੍ਵੈ ਕਰਿ ਪਾਪ ਮਿਟਾਵੈ॥9॥

ਲੋਹੁ ਸਮਾ ਜੁ ਆਵੈ ਕੋਇ॥ ਕੰਚਨ ਕਰੈ ਸੁ ਪਾਰਸ ਹੋਇ॥

ਮੈਲੇ ਕਪੜੇ ਸਮ ਸਿਖ ਆਵੈ॥ ਧੋਬੀ ਹੋਇ ਸੁ ਦਾਗ ਮਿਟਾਵੈ॥10॥

ਰਾਮ ਨਾਮ ਕਾ ਸਾਬੁਣ ਲਾਇ॥ ਗਯਾਨ ਨੀਰ ਤਹਿ ਮਾਹਿ ਮਿਲਾਇ॥

ਦੁਭਿਧਾ ਪਾਪ ਦ੍ਵੈਤਿ ਅਗਯਾਨ॥ ਇਹੀ ਦਾਗ ਸਭ ਨਿਹਚੈ ਜਾਨ॥11॥

---

[66] ਉਹੀ, ਪਤਰਾ ਨੰ 793.

[67] ਉਹੀ, ਪਤਰਾ ਨੰ 794.

ਜਨਮ-ਜਨਮ ਕੇ ਦਾਗ ਸੁ ਜੇਤੇ॥ ਖਿਨ ਮੈ ਤਾਹਿ ਉਤਾਰੈ ਤੇਤੇ॥

ਨੀਲੇ ਪਟ ਸਮ ਜੋ ਸਿਖ ਆਵੈ॥ ਗੁਰੂ ਮਮੀਰਾ ਹੋਇ ਮਿਟਾਵੈ॥12॥

ਮੂਕ ਸਮਾਨ ਆਇ ਜੁਉ ਬਾਲ॥ ਬਾਣੀ ਹ੍ਵੈ ਗੁਰ ਕਰੈ ਵਚਾਲ॥

ਤਪਤ ਮਾਨ ਸਿਖ ਜੋਉ ਆਵੈ॥ ਸਸਿ ਹ੍ਵੈ ਸੀਤਲ ਤਾਹਿ ਬਨਾਵੈ॥13॥

ਮਾਟੀ ਕੇ ਸਮ ਆਇ ਜੁ ਚਾਤਰਿ॥ ਹੋਇ ਘੁਮਾਰ ਕਰੇ ਸਤਿਪਾਤਰਿ॥

ਰੋਗੀ ਕੇ ਸਮ ਸਿਖ ਜੋ ਆਵੇ॥ ਹੋਇ ਧੰਨਤਰਿ ਰੋਗ ਮਿਟਾਵੈ॥14॥[68]

ਉਪਰੋਕਤ ਵਿਚਾਰਾਂ ਨੂੰ ਸਨਮੁਖ ਰਖ ਕੇ ਅਸੀਂ ਨਿਸ਼ਚੇ ਨਾਲ ਕਹਿ ਸਕਦੇ ਹਾਂ ਕਿ ਕਵੀ ਨੇ ਪਰਮਾਤਮਾ ਦਾ ਰੂਪ ਹੀ ਗੁਰੂ ਨੂੰ ਦਰਸਾਉਣ ਦਾ ਪ੍ਰਯਤਨ ਕੀਤਾ ਹੈ। ਗੁਰੂ ਨੂੰ ਪਰਮਾਤਮਾ ਦੇ ਸਮ ਦਰਸਾ ਕੇ ਕਵੀ ਨੇ ਅਨੇਕਾਂ ਗੁਣਾਂ ਦਾ ਵਿਸਥਾਰ ਵੀ ਕੀਤਾ ਹੈ ਕਿ ਉਹ, ਅਲੇਖ, ਸ਼ੀਤਲ, ਬੈਦ ਇਤਿਆਦਿਕ ਹੈ। ਨਿਸ਼ਚਿਤ ਹੀ ਇਹ ਸਾਰੇ ਗੁਣ ਪਰਮਾਤਮਾ ਵਿਚ ਵੀ ਵਿਦਮਾਨ ਹਨ।

**ਪਰਮਸਤਾ ਦਾ ਨਾਮ-ਸਿਮਰਨ**

ਗੁਰਮਤਿ ਦੇ ਮੂਲ ਸਿਧਾਂਤ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦੇ ਅਨੁਸਾਰ ਹੀ ਕਵੀ ਜੀਵ ਨੂੰ ਇਹ ਉਪਦੇਸ਼ ਦ੍ਰਿੜ ਕਰਵਾਉਂਦਾ ਹੈ। ਇਨ੍ਹਾਂ ਵਿਚ *ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ* ਅਨੁਸਾਰ ਨਾਮ ਸਿਮਰਨ ਸਰਵ-ਸ੍ਰੇਸ਼ਟ ਹੈ। ਵਿਚਾਰਾਧੀਨ ਕ੍ਰਿਤੀ ਵਿਚ ਵੀ ਨਾਮ ਸਿਮਰਨ ਦੀ ਮਹਿਮਾ ਦ੍ਰਿੜ ਕਰਵਾਈ ਗਈ ਹੈ। ਪਰਮਸਤ ਬਾਰੇ ਦਾਰਸ਼ਨਿਕ ਵਿਚਾਰ ਪ੍ਰਸਤੁਤ ਕਰਦਿਆਂ ਨਾਮ ਸਿਮਰਨ ਬਾਰੇ ਵੀ ਵਿਚਾਰ ਵਰਣਿਤ ਹਨ। ਨਾਮ ਨੂੰ ਮਨੁਖਾਂ ਵਿਚ ਰਾਜੇ ਦੀ ਭਾਂਤਿ ਸ਼ਿਰੋਮਣੀ ਅਤੇ ਪਾਪ/ਕਲੇਸ਼-ਹਰਣ ਵਾਲਾ ਕਹਿ ਕੇ ਇਸ ਦੀ ਸ੍ਰੇਸ਼ਠਤਾ ਨੂੰ ਦਰਸਾਉਣ ਦਾ ਯਤਨ ਕੀਤਾ ਹੈ। ਕਵੀ ਦੇ ਦ੍ਰਿਸ਼ਟੀਕੋਣ ਤੋਂ ਨਾਮ ਹੀ ਗੁਰੂ ਰੂਪ ਵਿਚ ਵਰਤਦਾ ਹੈ ਅਤੇ ਜੀਵਾਂ ਦਾ ਉਧਾਰ -ਕਰਤਾ ਹੈ। ਜਗਤ ਵਿਚ ਪਰਮਾਤਮਾ ਦੇ ਬਹੁ-ਭਾਂਤਿ ਨਾਮ ਉਸ ਦੇ ਅਨੰਤ ਗੁਣਾਂ ਕਰਕੇ ਪ੍ਰਚਲਿਤ ਹੋਏ ਹਨ। ਬ੍ਰਹਮ ਖੰਡ ਵਿਚ ਇਸ ਬਾਰੇ ਵਿਸਤ੍ਰਿਤ ਵਰਨਣ ਕੀਤਾ ਗਿਆ ਹੈ। ਯਥਾ-

[68] ਉਹੀ, ਪਤਰਾ ਨੰ 791-92.

ਜਿਉ ਜਿਉ ਕੀਨੇ ਕਰਮ ਮੈ ਤਿਨ ਕੈ ਹੇਤਿ ਸੁ ਜਾਨ॥

ਤਿਉ ਤਿਉ ਮੇਰੇ ਨਾਮ ਤਿਨ ਰਾਖੇ ਆਪ ਮਹਾਨ॥11॥[69]

ਕਵੀ ਕਹਿੰਦਾ ਹੈ ਕਿ ਪਰਮਾਤਮਾ ਦੇ ਗੁਣਾਂ ਦੇ ਆਧਾਰਿਤ ਅਨੰਤ ਨਾਮ ਪੈ ਗਏ ਹਨ ਜਿਵੇਂ, ਆਦਿ-ਨਰਾਯਣ, ਪਰਮਾਤਮਾ , ਰਘੁਬੀਰ , ਰਾਮ , ਵਾਹਗੁਰੂ , ਕ੍ਰਿਸਨ , ਬ੍ਰਹਮ , ਗੁਬਿੰਦ , ਗੁਪਾਲ , ਇਠਲ , ਵਿਠਲ, ਵਿਸਨੂੰ, ਸਤਿਨਾਮ, ਮੱਛ, ਕੱਛ, ਬਾਵਨ, ਵਰਾਹ, ਭਗਵਾਨ, ਤਾਪ-ਨਿਵਾਰਣ ਵਾਲਾ, ਬੋਧ, ਮਨ ਨੂੰ ਸੋਧਣ ਵਾਲਾ, ਕਲਗੀ , ਕਰਤਾਰ , ਪਾਰਬ੍ਰਹਮ , ਨਿਰੰਜਨ , ਪੁਰਸੋਤਮ , ਕਮਲੋਚਨ , ਮੁਕੰਦ , ਮਰਾਰੀ , ਵਿਸ੍ਵਨਾਥ, ਸਹਸ੍ਰਬਾਹੂ, ਜਗਨਾਥ, ਬਿਸ੍ਵਪਾਲ, ਕਾਲ, ਦੀਨ-ਦਿਆਲ, ਮਨ-ਚਾਲਕ, ਜਨ-ਪਾਲਕ, ਦੁਖ-ਟਾਲਕ, ਅਘ -ਮੋਚਨ, ਜਗ -ਲੋਚਨ, ਹਰ -ਸੋਚਨ, ਮਤਿ -ਦਾਇਕ, ਸੁਖ -ਦਾਇਕ, ਸਭ -ਲਾਇਕ, ਪ੍ਰਾਨ -ਅਧਾਰਾ, ਜਗਤੇਸ੍ਵਰ, ਪਰਮੇਸ੍ਵਰ , ਅਖਲੇਸ੍ਵਰ , ਨਾਨਕ , ਸਭ -ਜਾਨਕ, ਵਿਸ੍ਵ ਦਾ ਵਰਤਾਰ ਇਤਿਆਦਿਕ। ਜਿਸ ਭਾਂਤਿ ਸੰਤਾ, ਭਗਤਾਂ ਨੂੰ ਪਰਮਾਤਮਾ ਦੇ ਗੁਣਾਂ ਦੀ ਪ੍ਰਤੀਤੀ ਹੋਈ, ਉਸੇ ਭਾਂਤਿ ਉਨ੍ਹਾਂ ਨੇ ਨਾਮ ਰਖ ਲਏ। ਯਥਾ-

ਜਨ ਏਕ ਕਰੈ ਮੁਹਿ ਆਦਿ ਨਰਾਯਣ ਏਕ ਕਹੈ ਪਰਮਾਤਮ ਭਾਈ॥

ਰਘਬੀਰ ਕਹੈਂ ਇਕ ਰਾਮ ਕਹੈਂ ਇਕ ਵਾਹਗੁਰੂ ਕਹ ਮੋਹਿ ਬੁਲਾਈ॥

ਕ੍ਰਿਸਨੰ ਇਕ ਬ੍ਰਹਮ ਹੈ ਹਮ ਕੋ ਜਨ ਏਕ ਗੁਬਿੰਦ ਗੁਪਾਲ ਅਲਾਈ॥

ਇਕ ਇਠਲ ਵਿਠਲ ਨਾਮ ਕਹੈ ਜਿਸਨੂੰ ਵਿਸਨੂ ਕਹਿ ਅੰਤ ਨ ਆਈ॥12॥

ਸਤਿਨਾਮੁ ਕਹੈ ਇਕ ਸੱਤਜ ਕਹੈਂ ਇਕ ਚਿੰਦ ਕਹੈ ਸੁ ਅਨੰਦ ਉਦਾਰੀ॥

ਇਕ ਮੱਛ ਕਹੈਂ ਇਕ ਕੱਛ ਕਹੈਂ ਇਕ ਬਾਵਨ ਔਰ ਵਰਾਹਿ ਉਚਾਰੀ॥

ਮੁਨਿ ਰਾਮ ਕਹੈਂ ਸੁਖਧਾਮ ਕਹੈਂ ਭਗਵਾਨ ਕਹੈਂ ਭਵਤਾਪ ਨਿਵਾਰੀ॥

ਇਕ ਬੋਧ ਕਹੈਂ ਪਰਬੋਧ ਕਹੈਂ ਮਨ ਸੋਧ ਕਹੈਂ ਕਲਗੀ ਬਨਵਾਰੀ॥13 ॥

ਕਰਤਾਰ ਕਹੈਂ ਪਾਰਬ੍ਰਹਮ ਕਹੈਂ ਇਕ ਔਰ ਨਿਰੰਜਨ ਨਾਮ ਉਚਾਰੇ॥

---

[69] ਉਹੀ, ਪਤਰਾ ਨੰ 113.

ਪੁਰਸੋਤਮ ਏਕ ਕਹੈਂ ਹਮ ਕੋ ਕਮਲੋਚਨਿ ਏਕ ਮੁਕੰਦ ਮਰਾਰੇ॥

ਵਿਸ੍ਵਨਾਥ ਕਹੈਂ ਬਹੁ ਹਾਥ ਕਹੈਂ ਸਭਿ ਸਾਥ ਕਹੈਂ ਪਲ ਨਾਹਿ ਨਿਆਰੇ॥

ਸਰਬਗ ਕਹੈਂ ਧਰਮੱਗ ਕਹੈਂ ਇਕ ਜੱਗ ਕਹੈਂ ਜਗਨਾਥ ਉਦਾਰੇ॥14॥

ਬਿਸ੍ਵਪਾਲ ਕਹੈਂ ਇਕ ਕਾਲ ਕਹੈਂ ਇਕ ਦੀਨ ਦਿਆਲ ਸੁ ਨਾਮ ਉਚਾਰੇ॥

ਮਨ ਚਾਲਕ ਤੂੰ ਜਨ ਪਾਲਕ ਤੂੰ ਦੁਖ ਟਾਲਕ ਤੂੰ ਤੁਮਰੈ ਬਲਿਹਾਰੇ॥

ਅਘ ਮੋਚਨਿ ਤੂੰ ਜਗਲੋਚਨਿ ਤੂੰ ਹਰਿ ਸੋਚਨਿ ਤੂੰ ਬਹੁ ਰੂਪ ਤੁਮਾਰੇ॥

ਮਤਿ ਦਾਇਕ ਤੂੰ ਸੁਖਦਾਇਕ ਤੂੰ ਸਭਿ ਲਾਇਕ ਤੂੰ ਹਰਿ ਪ੍ਰਾਨ ਅਧਾਰੇ॥15 ॥

ਜਗਤੇਸ੍ਵਰ ਤੂੰ ਪਰਮੇਸ੍ਵਰ ਤੂੰ ਅਖਲੇਸ੍ਵਰ ਤੂੰ ਕਰਤਾਰ ਹਮਾਰੇ॥

ਪੁਨਿ ਨਾ ਕ ਤੂੰ ਭਵ ਮਾਨਕ ਤੂੰ ਸਭਿ ਜਾਨਕ ਤੂੰ ਵਿਸ੍ਵ ਕਾ ਵਰਤਾਰੇ॥

ਭਵਭੰਜਨ ਤੂੰ ਮਨਰੰਜਨ ਤੂੰ ਅਰਗੰਜ ਅਨੰਤ ਸੁ ਭਾਰ ਉਤਾਰੇ॥

ਇਮ ਨਾਮ ਉਚਾਰ ਕਰੈਂ ਹਮਰੇ ਅਪਨੇ ਅਪਨੇ ਮਮ ਸੰਤ ਸਾ ਸਾਰੇ॥16 ॥[70]

ਖਡੂਰੀ ਖੰਡ ਵਿਚ ਇਸ ਵਿਚਾਰ ਨੂੰ ਵਿਸ਼ੇਸ਼ਗਤ ਸਵੀਕ੍ਰਿਤੀ ਦਿਤੀ ਹੈ ਕਿ ਕੋਈ ਵੀ ਵਸਤੂ ਨਾਮ ਬਿਨਾਂ ਨਹੀਂ ਹੈ। ਜੇਕਰ ਕਿਸੇ ਵਸਤੂ ਦਾ ਨਾਮ ਨਾ ਹੋਵੇ ਤਾਂ ਉਹ ਅਪ੍ਰਗਟਨੀਯ ਹੋਵੇਗੀ, ਜਿਵੇਂ ਹੀ ਉਸ ਦਾ ਕੋਈ ਨਾਮ ਨਿਸ਼ਚਿਤ ਕਰ ਦਿਤਾ ਜਾਏ ਤਾਂ ਉਸ ਦਾ ਪ੍ਰਗਟਾਵਾ ਸੰਭਵ ਹੈ ਅਤੇ ਤੁਰੰਤ ਉਸਦਾ ਭੇਦ ਵਿਅਕਤ ਹੋ ਜਾਂਦਾ ਹੈ। ਯਥਾ-

ਨਾਮ ਬਿਨਾ ਨਾਮੀ ਨਹੀ ਨਹੀ ਨਾਮੀ ਬਿਨ ਨਹਿ ਨਾਮੁ॥

ਦੋਨੋ ਏਕ ਸਰੂਪ ਹੈਂ ਨਾਮ ਸੁ ਨਾਮੀ ਰਾਮ॥40॥

ਨਾਮੀ ਨਾਮ ਸੁ ਏਕ ਹੀ ਅਗਨਿ ਉਸਨਤਾ ਜਿਉ॥

ਅਗਨੀ ਉਸਨਤਾ ਏਕ ਹੀ ਨਾਮੀ ਨਾਮ ਸੁ ਤਿਉ॥41॥

ਖਾਂਡ ਬਿਨਾ ਗੋੜੀ ਨਹੀਂ ਨਹੀ ਗੋੜੀ ਬਿਨ ਖਾਂਡ॥

---

[70] ਉਹੀ, ਪਤਰਾ ਨੰ 113-14.

ਗੋੜੀ ਖਾਂਡ ਸੁ ਏਕ ਹੀ ਇਹੋ ਤੋ ਸਮਝੈ ਰਾਂਡ॥42॥[71]

ਜਿਥੇ ਵਿਚਾਰਾਧੀਨ ਕ੍ਰਿਤੀ ਵਿਚ ਪਰਮਾਤਮਾ ਦੀ ਵਿਸ਼ਾਲਤਾ ਦਾ ਬਹੁ-ਪੱਖੀ ਸਰੂਪ ਅਨੰਤ ਨਾਵਾਂ ਨਾਲ ਪ੍ਰਗਟ ਕਰਨ ਦਾ ਸਫਲ ਪ੍ਰਯਤਨ ਹੈ, ਉਥੇ ਇਨ੍ਹਾਂ ਨਾਵਾਂ ਦੇ ਸਿਮਰਨ ਨਾਲ ਪਰਮਸਤਾ ਵਿਚ ਅਭੇਦ ਹੋਣ ਦੇ ਗੁਝੇ ਰਹਸ ਨੂੰ ਵੀ ਸਰਲਤਾ ਨਾਲ ਬਿਆਨ ਕੀਤਾ ਹੈ। ਮੁਕਤੀ ਦਾ ਇਕ ਮਾਤਰ ਸਾਧਨ ਨਾਮ-ਸਿਮਰਨ ਹੈ, ਅਜਿਹਾ ਦ੍ਰਿੜ ਨਿਸ਼ਚਾ ਕਵੀ ਦਾ ਹੈ। ਯਥਾ-

ਰਾਮ ਬਿਨਾ ਤਿਨ ਕਉਨ ਛੁਡਾਵੈ॥ ਸੰਤਰੇਣ ਇਉ ਗੁਰੂ ਬਤਾਵੈ॥

ਰਾਮ ਨਾਮ ਬਿਨੁ ਮੁਕਤਿ ਨ ਹੋਇ॥ ਸੰਤ ਬੇਦ ਇਮ ਭਾਖੈਂ ਦੋਇ॥58॥[72]

ਚਰਚਿਤ ਵਿਚਾਰ ਦੀ ਨਿਰੰਤਰਤਾ ਵਿਚ ਭਜਨ ਜਾਂ ਸਿਮਰਨ ਅਲੌਕਿਕ ਮਾਰਗ ਹੈ, ਜਿਸ ਦੇ ਅਨੁਸਾਰੀ ਹੀ ਮੋਕਸ਼ ਜਾਂ ਜੀਵਨ ਮੁਕਤੀ ਦੀ ਪਦਵੀ ਸੰਭਵ ਹੈ। ਇਹ ਜਨਮਾਂ-ਜਨਮਾਂਤਰਾਂ ਦੇ ਅਗਿਆਨ-ਗ੍ਰਸਿਤ ਕੀਤੇ ਸਰਬ-ਕਰਮਾਂ ਨੂੰ ਸਮਾਪਤ ਕਰ ਦਿੰਦਾ ਹੈ।-

ਪਰਮੇਸ੍ਵਰ ਕਾ ਕਰਿ ਕੈ ਭਜਨੰ ਜਨਮਾਂਤਰ ਕੇ ਸੁ ਲਏ ਭਵ ਲਾਹੇ॥

ਵਹਿ ਜੀਵਤਿ ਹੀ ਨਰ ਮੋਖ ਭਯੋ ਪਰਮੇਸ੍ਵਰ ਮੈ ਜਿਸ ਕਾ ਚਿਤ ਰਾਹੇ॥16॥[73]

ਸੰਤਰੇਣ ਨੇ ਪਰਮਾਤਮਾ ਦੇ ਅਨੰਤ ਨਾਵਾਂ ਦਾ ਜ਼ਿਕਰ ਕਰਦਿਆਂ, ਨਾਮ-ਸਿਮਰਨ ਦੀ ਮਹਿਮਾ ਦਾ ਵਿਆਖਿਆਨ ਕੀਤਾ ਹੈ। ਇਸ ਮਾਰਗ ਨੂੰ ਦਰਸਾਉਣ ਵਾਲਾ ਦ੍ਰਸ਼ਟਾਤਾ ਮਾਤਰ ਗੁਰੂ ਹੈ। ਗੁਰਮਤਿ ਦੇ ਮੂਲ ਸਿਧਾਂਤਿਕ ਨਜ਼ਰੀਏ ਦੀ ਪਰਖ ਅਨੁਸਾਰ ਅਤਿ-ਨੇੜੇ ਪ੍ਰਤੀਤ ਹੁੰਦੇ ਇਹ ਵਿਚਾਰ, ਵਿਚਾਰਾਧੀਨ ਕ੍ਰਿਤੀ ਵਿਚ ਅੰਕਿਤ ਹਨ, ਇਨ੍ਹਾਂ ਦੀ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਵਖਰੀ ਮਹਤਾ ਹੈ।

**ਪਰਮਸਤਾ ਦੇ ਦਰ ਦਾ ਵਰਨਣ**

---

[71] ਉਹੀ, ਪਤਰਾ ਨੰ 103.

[72] ਉਹੀ, ਪਤਰਾ ਨੰ 1440.

[73] ਉਹੀ, ਪਤਰਾ ਨੰ 876.

ਸਰਵ-ਪ੍ਰਥਮ ਇਸ ਗੱਲ ‘ਤੇ ਵਿਚਾਰ ਵਿਅਕਤ ਕਰਨੇ ਖੋਜ ਕਾਰਜ ਲਈ ਅਤਿ ਜ਼ਰੂਰੀ ਹਨ ਕਿ ਕਵੀ ਨੇ ਆਪਣੀ ਲੋੜ ਅਨੁਸਾਰ ਪਰਮਸਤ ਦਾ ਮਨੁਖੀਕਰਣ ਕੀਤਾ ਹੈ। ਬ੍ਰਹਮ ਖੰਡ ਦਾ ਆਰੰਭ ਪੌਰਾਣਿਕ ਕਥਾਵਾਂ ਦੁਆਰਾ ਕੀਤਾ ਗਿਆ ਹੈ। ਜਿਸ ਵਿਚ ਜਨਕ ਰਾਜੇ ਦੀ ਕਥਾ ਦਾ ਵਰਨਣ ਹੈ। ਨਿਰਸੰਦੇਹ ਵਿਚਾਰਾਧੀਨ ਕ੍ਰਿਤੀ ਵਿਚ ਪਰਮਾਤਮਾ ਦਾ ਮਨੁਖੀਕਰਣ ਕੀਤਾ ਗਿਆ ਹੈ, ਪਰ ਇਸ ਵਿਚ ਪਰਮਸਤ ਦੇ ਗੁਣਾਂ ਨੂੰ ਉਘਾੜਨ ਦਾ ਵੀ ਯਤਨ ਹੈ। ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਇੰਵ ਭਾਸਦਾ ਹੈ ਕਿ ਪਰਮਾਤਮਾ ਦਾ ਇਕ ਖਾਸ ਸਥਾਨ 'ਤੇ ਵਾਸਾ ਹੈ। ਨਿਮਨਾਂਕਿਤ ਵਿਚਾਰਾਂ ਵਿਚ ਇਹ ਗੱਲ ਸ੍ਵੈ-ਪ੍ਰਮਾਣਿਤ ਹੋ ਜਾਵੇਗੀ। ਬ੍ਰਹਮ ਖੰਡ ਵਿਚ ਰਾਜੇ ਜਨਕ ਦਾ ਪਰਮ-ਪੁਰਖ ਕੋਲ ਜਾਣਾ ਇਹ ਹੀ ਸਿਧ ਕਰਦਾ ਹੈ-

ਜਨਕਿ ਬਿਦੇਹਿ ਸੁ ਇਕ ਸਮੈ ਪਰਮ ਪੁਰਖੁ ਪੈ ਜਾਇ॥

ਅਸਤੁਤਿ ਕਰੀ ਪ੍ਰਣਾਮ ਕਰਿ ਸਾਦਰ ਨਿੰਮਰ ਭਾਇ॥7॥[74]

ਜਿਥੇ ਪਰਮਾਤਮਾ ਦਾ ਵਾਸਾ ਹੈ ਉਸ ਦਰ ਜਾਂ ਸਥਾਨ ਦਾ ਉਲੇਖ ਕਰਨ ਦਾ ਪ੍ਰਯਤਨ ਵੀ ਕੀਤਾ ਮਿਲਦਾ ਹੈ। ਉਪਰੋਕਤ ਵਿਚਾਰਾਂ ਦੀ ਪ੍ਰੋੜ੍ਹਤਾ ਸੁਮੇਰ ਖੰਡ ਵਿਚ ਹੋ ਜਾਂਦੀ ਹੈ, ਜਿਥੇ ਗੁਰੂ ਜੀ ਸਿਧਾਂ ਨਾਲ ਚਰਚਾ ਕਰਕੇ ਸਚ ਖੰਡ ਨੂੰ ਜਾਂਦੇ ਹਨ। ਇਸ ਤੋਂ ਵੀ ਸਪਸ਼ਟ ਹੈ ਕਿ ਪਰਮਾਤਮਾ ਸਚ ਖੰਡ ਵਿਚ ਵਿਦਮਾਨ ਹੈ। ਜਿਥੇ ਬ੍ਰਹਮ ਲੋਕ, ਵਿਸ਼ਨੂੰ ਲੋਕ, ਦੁਰਗਾ ਲੋਕ ਇਤਿਆਦਿਕਾਂ ਦਾ ਰਸਤਾ ਤੈਅ ਕਰਕੇ ਪਹੁੰਚਿਆ ਜਾ ਸਕਦਾ ਹੈ ਅਤੇ ਉਥੇ ਕੋਈ ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਨਹੀਂ ਜਾ ਸਕਿਆ । ਇਸ ਲਈ ਵਿਚਾਰਾਧੀਨ ਕ੍ਰਿਤੀ ਵਿਚ ਪਰਮਾਤਮਾ ਦੇ ਦਰ ਦਾ ਉਲੇਖ ਕਰਦਿਆਂ ਕਿਹਾ ਹੈ ਕਿ ਉਸ ਬਾਰੇ ਦਸਣਾ ਅਤਿ-ਜਟਿਲ ਹੀ ਨਹੀਂ ਬਲਕਿ ਅਕਥਨੀਯ ਹੈ। ਮਹਾਂ ਸੁੰਨ ਵਿਚ ਉਹ ਕਿਲ੍ਹਾ ਬਣਿਆ ਹੋਇਆ ਹੈ, ਇਹ ਸਾਰਾ ਪਸਾਰਾ ਕੁਦਰਤ ਦਾ ਹੀ ਹੈ। ਇਹ ਅਲੌਕਿਕ ਕਿਲ੍ਹਾ ਅਮੁਲੀਕ ਹੀਰਿਆਂ, ਲਾਲਾਂ, ਅਦਭੁਤ ਮਣੀਆਂ, ਅਨੰਤ ਭਾਂਤਿ ਦੇ ਰੰਗਾਂ, ਸੋਨੇ ਦੇ ਚੂਨੇ ਇਤਿਆਦਿਕ ਕੀਮਤੀ ਪਦਾਰਥਾਂ ਦੁਆਰਾ ਸਿਰਜਿਤ ਹੈ। ਯਥਾ-

ਸੁੰਨਿ ਨਗਰਿ ਹਰਿ ਕੋਟਿ ਬਨਾਯੋ॥ ਕੁਦਰਤਿ ਕਾ ਸਭ ਖੇਲੁ ਰਚਾਯੋ॥

ਅਦਭੁਤਿ ਹੀਰੇ ਲਾਲ ਲਗਾਏ॥ ਤਿਨ ਕੀ ਕੀਮਤਿ ਕਹੀ ਨ ਜਾਏ॥47॥

---

[74] ਉਹੀ, ਪਤਰਾ ਨੰ 99.

ਅਦਭੁਤਿ ਮਣੀ ਲਗੀ ਤਿਸ ਮਾਹਿ॥ ਭਾਂਤਿ ਭਾਂਤਿ ਕੇ ਰੰਗ ਸਜਾਏ॥

ਕੰਚਨ ਚੂਨਾ ਇਨਾਂ ਮਣੀ॥ ਇਕ ਤੇ ਏਕ ਅਮੋਲਕਿ ਕਣੀ॥48॥[75]

ਜਗਤ ਵਿਚ ਜਿਤਨੇ ਵੀ ਅਮੁਲੀਕ ਰਤਨ ਇਤਿਆਦਿਕ ਮੌਜ਼ੂਦ ਹਨ, ਸਾਰੇ ਇਨ੍ਹਾਂ ਦੀ ਹੀ ਨਕਲ ਹਨ ਅਤੇ ਇਨ੍ਹਾਂ ਦਾ ਕੋਈ ਅੰਤ ਜਾਂ ਪਾਰ ਨਹੀਂ ਹੈ। ਇਨ੍ਹਾਂ ਦੀ ਚਮਕਾਹਟ ਵੀ ਅਲੌਕਿਕ ਹੈ, ਇਸੇ ਭਾਂਤਿ ਹੀਰੇ ਮੋਤੀ ਜੜਿਤ ਬੁਰਜੀਆਂ ਉਸਾਰੀਆਂ ਹੋਈਆਂ ਹਨ। ਇਸ ਸ਼ਾਨਦਾਰ ਅਤੇ ਵਡੇ ਕਿਲ੍ਹੇ ਦੇ ਬਾਹਰ ਇਕ ਖਾਈ ਵੀ ਹੈ, ਕਿਲ੍ਹੇ ਦੇ ਨੌ ਦਰਵਾਜ਼ਿਆਂ 'ਤੇ ਵਡੇ-ਵਡੇ ਨਗਾਰੇ ਹਰ ਸਮੇਂ ਵਜਦੇ ਹਨ -

ਮਾਤ ਲੋਕ ਮੈ ਰਤਨਿ ਸੁ ਜੇਤੇ॥ ਤਿਨ ਕੀ ਨਕਲਿ ਅਹੇ ਸਭ ਤੇਤੇ॥

ਤਿਨ ਰਤਨੋ ਕਾ ਅੰਤ ਨ ਪਾਰੰ॥ ਅਦਭੁਤਿ ਤਿਨ ਕੀ ਜੋਤਿ ਅਪਾਰੰ॥49॥

ਝਿਲਿ ਮਿਲਿ ਝਿਲਿ ਮਿਲਿ ਝਮਕੈ ਜੋਤਿ॥ ਦਰਸਨਿ ਕਰਤਿ ਮੁਕਤਿ ਨਹ ਹੋਤਿ॥

ਇਸੀ ਭਾਂਤਿ ਕੇ ਬੁਰਜਿ ਉਸਾਰੇ॥ ਹੀਰੇ ਮੋਤੀ ਲਾਇ ਸਵਾਰੇ॥50॥

ਖਾਈ ਅਰੁ ਪਰ ਕੋਟਾ ਭਾਰੀ॥ ਅਨਿਕ ਬੈਠਕਾ ਤਾਹਿ ਮਝਾਰੀ॥

ਪਰਕੋਟੇ ਕੋ ਨਉ ਦਰਿਵਾਜੇ॥ ਦੁਾਰ ਦੁਾਰ ਪਰਿ ਨਉਬਤਿ ਬਾਜੇ॥51॥[76]

ਇਨ੍ਹਾਂ ਦਰਵਾਜ਼ਿਆਂ ਤੋਂ ਬਿਨਾਂ ਇਕ ਦਸਵਾਂ ਦਰਵਾਜ਼ਾ ਵੀ ਹੈ, ਜਿਸਦੀ ਚਾਬੀ ਸਤਿਗੁਰ ਦੇ ਕੋਲ ਹੁੰਦੀ ਹੈ। ਸਤਿਗੁਰ ਹੀ ਉਸ ਦਾ ਰਖਵਾਰਾ ਹੈ, ਉਥੇ ਅਨਹਦ ਨਾਦ ਦੇ ਨਗਾਰੇ ਵਜ ਰਹੇ ਹਨ। ਇਸ ਦੇ ਦਰਵਾਜ਼ੇ ਹਮੇਸ਼ਾ ਬੰਦ ਰਹਿੰਦੇ ਹਨ ਤੇ ਸਤਿਗੁਰ ਹੀ ਇਨ੍ਹਾਂ ਨੂੰ ਖੋਲ ਸਕਦਾ ਹੈ। ਜਿਥੇ ਸਤਿਗੁਰ ਦਾ ਨਿਵਾਸ ਹੈ, ਉਸ ਸਥਾਨ ਦਾ ਨਾਮ ਬੇਗਮਪੁਰ ਹੈ ਅਤੇ ਬੇਗਮਪੁਰ ਤੋਂ ਅਗੇ ਸਚ ਖੰਡ ਹੈ ਜਿਥੇ ਕੁਦਰਤ ਰੂਪੀ ਅਖੰਡ ਜੋਤ ਵਿਦਮਾਨ ਹੈ। ਯਥਾ-

ਦਸਵਾ ਦੁਾਰ ਅਉਰ ਇਕ ਆਗੇ॥ ਤਿਸ ਕੇ ਪਾਟ ਰਹੈ ਸਦ ਲਾਗੇ॥

ਤਿਸ ਦਰਿ ਕੇ ਸਤਿਗੁਰ ਰਖਵਾਰੇ॥ ਤਿਸ ਪਰ ਅਨਹਦਿ ਘੁਰਹਿ ਨਗਾਰੇ॥52॥

---

[75] ਉਹੀ, ਪਤਰਾ ਨੰ 1063.

[76] ਉਹੀ.

ਤਿਸ ਦਰਿ ਕੀ ਕੀਲੀ ਗੁਰਪਾਸੰ॥ ਬੇਗਮਪੁਰਿ ਮੈ ਗੁਰ ਕਾ ਬਾਸੰ॥

ਬੇਗਮਪੁਰਿ ਕਾ ਸਤਿਗੁਰ ਰਾਜਾ॥ ਤਿਸ ਪੁਰਿ ਕਾ ਸੋ ਹੈ ਦਰਿਵਾਜਾ॥53॥

ਹਰਿ ਕੁਦਰਤਿ ਕਾ ਚਾਨਣ ਤਹਾਂ॥ ਬੇਗਮਪੁਰੀ ਮਨੋਹਰਿ ਜਹਾਂ॥

ਬੇਗਮਪੁਰਿ ਪਰਿ ਹੈ ਸਚੁ ਖੰਡ॥ ਤਹ ਕੁਦਰਤਿ ਕੀ ਜੋਤ ਅਖੰਡ॥54॥[77]

ਇਸ ਕਿਲ੍ਹੇ ਦੀ ਸ਼ਿਖਰ 'ਤੇ ਬਹੁਤ ਹੀ ਅਦਭੁਤ ਮੀਨਾਕਾਰੀ ਕੀਤੀ ਹੋਈ ਹੈ ਅਤੇ ਉਚੇ ਝੰਡੇ ਹਵਾ ਵਿਚ ਝੂਲ ਰਹੇ ਹਨ-

ਪਰਕੋਟੇ ਕੇ ਕਿੰਗੁਰੇ ਮੀਨਾਕਾਰੀ ਜਾਨ॥

ਤੁੰਗ ਧ੍ਵਜਾ ਤਿਨ ਊਪਰੇ ਫਰਰੇ ਉਡਹਿ ਮਹਾਨ॥55॥[78]

ਸਚਖੰਡ ਵਿਚ ਜਿਸ ਤਖ਼ਤ ਉਪਰ ਪਰਮਾਤਮਾ ਸ਼ੋਭਿਤ ਹੈ ਉਸ ਬਾਰੇ ਕਿਸੇ ਨੂੰ ਕੋਈ ਭੇਦ ਨਹੀਂ ਹੈ, ਇਹ ਨਿਰਾਲਾ ਹੈ। ਉਹ ਤਖ਼ਤ ਸੋਨੇ ਦਾ ਬਣਿਆ ਹੈ। ਇੰਞ ਪ੍ਰਤੀਤ ਹੁੰਦਾ ਹੈ, ਜਿਵੇਂ ਲਖਾਂ ਹੀ ਸੂਰਜਾਂ ਦੇ ਉਜਾਲੇ ਦੀ ਇਕਤਰਤਾ ਉਸ ਦੇ ਅਗੇ ਫਿਕੀ ਹੋਵੇ । ਲਖਾਂ ਹੀ ਸੂਰਜ, ਚੰਦਰਮਾਂ, ਬ੍ਰਹਮਾ ਵਿਸ਼ਨੂੰ, ਰਿਸ਼ੀ, ਦੇਵੀ, ਦੇਵਤੇ ਇਤਿਆਦਿਕ ਨਿਰੰਤਰ ਉਸ ਦਾ ਸਿਮਰਨ ਕਰਦੇ ਹਨ, ਪਰ ਉਹ ਵੀ ਉਸ ਦੀ ਸ਼ੋਭਾ ਨੂੰ ਬਿਆਨ ਨਹੀਂ ਕਰ ਸਕਦੇ ਕਿਉਂਕਿ ਉਹ ਆਪ ਅਤੇ ਉਸ ਦਾ ਸਥਾਨ ਅਕਥਨੀਯ ਹੈ।ਯਥਾ-

ਸਚੁ ਖੰਡ ਮੈ ਤਖਤਿ ਰਚਾਯੰ॥ ਤਿਸ ਕੇ ਭੇਦ ਨ ਕਿਸੈ ਲਖਾਯੰ॥

ਸਚੁ ਖੰਡ ਕਾ ਭੇਦ ਨਿਰਾਲਾ॥ ਲਖਹੁ ਰਵਿ ਕਾ ਤਹਾ ਉਜਾਲਾ॥57॥

ਹੇਮ ਤਖਤਿ ਪਰ ਰਾਮ ਬਿਰਾਜੇ॥ ਲਖਹੁ ਰਵਿ ਸਸਿ ਪਿਖ ਤਹ ਲਾਜੇ॥

ਝਿਲਿ ਮਿਲਿ ਝਿਲਿ ਮਿਲਿ ਤਖਤਿ ਸੁ ਕਰੇ॥ ਰਤਨਿ ਅਮੋਲਕਿ ਤਾਹਿ ਸੁ ਜਰੇ॥58॥

ਰਿਖ ਮੁਨਿ ਦੇਵੀ ਦੇਣ ਉਦਾਰੇ॥ ਨਿਸ ਦਿਨੁ ਸਿਮਰਹਿ ਅਲਖ ਅਪਾਰੇ॥

ਬ੍ਰਹਮਾ ਬਿਸਨੂ ਰਹੇ ਗੁਨਿ ਗਾਈ॥ ਹਰਿ ਕੇ ਸੋਭਾ ਕਹੀ ਨ ਜਾਈ॥59॥[79]

---

[77] ਉਹੀ.

[78] ਉਹੀ.

ਉਪਰੋਕਤ ਵਿਚਾਰਾਂ ਦੀ ਸੰਮਿਸ਼੍ਰਤਤਾ ਅਸੀਂ ਮਦੀਨਾ ਮਕੇਸ੍ਵਰ ਖੰਡ ਵਿਚ ਵੀ ਵੇਖਦੇ ਹਾਂ ਜਿਥੇ ਗੁਰੂ ਨਾਨਕ ਦੇਵ ਜੀ ਰੁਕਨਦੀਨ ਨੂੰ ਅਲਾਹ ਦੇ ਘਰ ਬਾਰੇ ਦਸਦੇ ਹਨ। ਇਸ ਖੰਡ ਵਿਚ ਜਿਥੇ ਕੁਝ ਕੁ ਦੁਹਰਾ ਕੀਤਾ ਹੈ ਉਥੇ ਕੁਝ ਕੁ ਨਵਾਂ ਪ੍ਰਸਤੁਤ ਕਰਨ ਦਾ ਯਤਨ ਵੀ ਹੈ। ਦੁਹਰਾ ਵਿਚ ਅਮੁਲੀਕ ਹੀਰਿਆਂ, ਲਾਲਾਂ, ਅਦਭੁਤ ਮਣੀਆਂ, ਅਨੰਤ ਭਾਂਤਿ ਦੇ ਰੰਗਾਂ, ਸੋਨੇ ਦੇ ਚੂਨੇ, ਚਮਕਾਹਟਾਂ ਹੀਰੇ ਮੋਤੀ ਜੜਿਤ 12 ਬੁਰਜੀਆਂ, ਨੌ ਦਰਵਾਜ਼ਿਆਂ, ਅਦਭੁਤ ਮੀਨਾਕਾਰੀ, ਉਚੇ ਝੂਲ ਰਹੇ ਝੰਡਿਆਂ, ਲਖਾਂ ਹੀ ਸੂਰਜਾਂ ਦੇ ਉਜਾਲੇ ਦੀ ਇਕਤਰਤਾ ਇਤਿਆਦਿਕ ਦਾ ਵਰਨਣ ਹੈ। [80] ਨਵੀਨ ਵਿਚਾਰਾਂ ਦਾ ਪ੍ਰਯਾਸ ਇੰਝ ਹੈ, ਕਿਲ੍ਹੇ ਦੇ 52 ਕਿੰਗੁਰਿਆਂ ਤੇ ਤੋਪਚੀ ਪਹਿਰਾ ਦੇ ਰਹੇ ਹਨ, ਇਹ ਕਿਸੇ ਨੂੰ ਵੀ ਅੰਦਰ ਨਹੀਂ ਵੜਨ ਦਿੰਦੇ। ਇਨ੍ਹਾਂ ਤੋਂ ਬਿਨਾਂ ਅਨੰਤ ਸੂਰਮੇ ਪਿਆਦਿਆਂ ਦੇ ਰੂਪ ਵਿਚ ਰਖਵਾਲੀ ਕਰਦੇ ਨਜ਼ਰ ਆਉਂਦੇ ਹਨ। ਯਥਾ-

ਗਿਰਦ ਮਹਲ ਦੈ ਕੋਟ ਹੈ ਬਾਵਨ ਕਿੰਗੁਰੇ ਤਿਸੁ॥

ਕਿੰਗੁਰੇ ਕਿੰਗੁਰੇ ਤੋਪਚੀ ਵੜਨਿ ਨ ਦੇਵਨਿ ਕਿਸੁ॥

ਸਤਿ ਸਮੁੰਦ੍ਰ ਖਾਈਆ ਨਦੀਆਂ ਅੰਤ ਨ ਪਾਰ॥

ਕਈ ਰਖਵਾਲੇ ਸੂਰਮੇ ਪਿਆਦੇ ਤੈ ਅਸਵਾਰ॥

ਇਕ ਮਹਲ ਦੁਇ ਬਾਰੀਆ ਸਿਵ ਸਕਤੀ ਸੁਲਤਾਨ॥

---

[79] ਉਹੀ.

[80] ਉਹੀ, ਪਤਰਾ- 1063-64-

ਨਾਨਕ ਆਖੈ ਰੁਕਨਦੀ ਦਰਗਹ ਦੀ ਸੁਧਿ ਲੇਇ॥ ਰੰਗ ਅਜਾਇਬੁ ਮਹਲ ਦਾ ਹੀਰੇ ਲਾਲ ਜੜੇਇ॥ ਮੋਤੀ ਤੇ ਯਾਕੂਤੀਆਂ ਮਣੀ ਜੁ ਬੁਰਜਾ ਨਾਲਿ॥ ਲਖਿ ਮਹਤਾਬਿ ਅਫਤਾਬਿ ਲਖਿ ਰੋਸਨਿ ਬਲਨਿ ਮਸਾਲਿ॥ ਰੰਗਿ ਮਹਲੁ ਹੈ ਕੁਦਰਤੀ ਤਿਸੁ ਵਿਚਿ ਤਖਤੁ ਸੁਲਤਾਨ॥ ਬੈਠਾ ਸਚਾ ਪਾਤਸਾਹੁ ਸੁਲਤਾਨਾ ਸੁਲਤਾਨ॥ ਬਾਰਹ ਬੁਰਜੁ ਮਹਲ ਦੇ ਨਉ ਦਰਵਾਜੇ ਨਾਲਿ॥ ਪੰਜਿ ਖਵਾਸਿ ਹੈ ਪਾਹਰੂ ਚਉਕੀ ਦੇ ਨਿਸ ਮਾਲਿ॥ ਬੁਰਜਿ ਸਵਾਰੇ ਜਰੀ ਦੇ ਮੀਨਾਕਾਰੀ ਰਾਸਿ ॥ ਬਣੇ ਚਉਗਾਠ ਛਜੜੇ ਬਾਵਨ ਚੰਦਨਿ ਕਾਰਿ॥ ਪਥਰੁ ਪਾਰਸ ਲਾਈਐ ਪਾਰਿਜਾਤਿ ਸੰਗਿ ਬਾਗੁ॥ਕਾਮਧੇਨ ਲਖਿ ਲਛਮੀਆਂ ਹੋਇ ਗੋਲੀ ਕਰਨਿ ਅਰਦਾਸਿ ॥ ਲਿਪਨਿ ਮੇਦ ਕਥੂਰੀਆਂ ਚੋਏ ਬਹੁ ਪਰਕਾਰ॥ ਰੰਗ ਅਜਾਇਬ ਬੈਠਕਾ ਗਾੜਾ ਮੁਸਕ ਅਪਾਰਿ॥ ਨਉ ਦਰਵਾਜੇ ਮਹਲ ਦੇ ਦਸਵਾ ਬੁਰਜ ਮਹਲੁ॥ ਹਉਂ ਹਯਾਤੀ ਪੁਰ ਭਰੇ ਤਿਸ ਵਿਚਿ ਕਉਲ ਅਚਲ॥

ਖਿੜਕੀ ਖੋਲਿ ਦੀਦਾਰ ਦੇਨ ਬੁਹੁਤਿ ਵਧਾਇਨਿ ਮਾਨ॥[81]

ਇਨ੍ਹਾਂ ਤੋਂ ਬਿਨਾਂ ਇਸ ਪਵਿਤਰ ਸਥਾਨ 'ਤੇ ਨਿਰੰਤਰ ਨਗਾਰੇ, ਸ਼ੰਖ, ਸ਼ਹਿਨਾਈਆਂ, ਬੰਸੁਰੀਆਂ, ਬਾਂਗਾ, ਬਿਗੁਲ, ਸਿੰਙੀਆਂ, ਸਾਰੰਗੀਆਂ, ਰਬਾਬ, ਇਤਿਆਦਿਕ ਨਾਦ ਵਜਦੇ ਰਹਿੰਦੇ ਹਨ। ਜਿਸ ਤੋਂ ਅਨਿਕ ਭਾਂਤਿ ਦੇ ਰਾਗਾਂ ਦੀਆਂ ਧੁਨੀਆਂ ਉਤਪੰਨ ਹੋ ਕੇ ਅਨਹਦ ਨਾਦ ਪੈਦਾ ਕਰਦੀਆਂ ਹਨ। ਨਾਇਕਾਵਾਂ ਵਾਰੋ-ਵਾਰੀ ਛਤੀਹ ਰਾਗਨੀਆਂ ਅਤੇ ਛੇ ਰਾਗਾਂ ਨੂੰ ਗਉਂਦੀਆਂ ਰਹਿੰਦੀਆਂ ਹਨ। ਅਜਿਹਾ ਅਲੌਕਿਕ, ਅਦਭੁਤ, ਵਿਸਮਯਪੂਰਨ, ਵਿਚਿਤ੍ਰ ਵਾਤਾਵਰਨ ਉਥੇ ਸਿਰਜਿਆ ਹੋਇਆ ਹੈ। ਯਥਾ-

ਗੈਬੀ ਵਜਨਿ ਨਉਬਤੀ ਸੰਖ ਨਗਾਰੇ ਭੇਰ॥

ਸੁਰਨਾਈ ਤੇ ਮੁਰਲੀਆ ਨਾਦਿ ਅਨਾਹਦਿ ਢੇਰ॥

ਬਾਂਗਾ ਬੁਰਗਾ ਸਿਙੀਆ ਸਾਰੰਗੀਆ ਰਬਾਬਿ॥

ਵਜਨਿ ਜਰਸਾ ਕੈਸੀਆ ਜੇਤੇ ਰਾਗਹਿ ਸਾਜਿ॥

ਗਾਵਹਿ ਛਤੀਸ ਰਾਗਨੀ ਖਟਿ ਅਲਾਪਹਿ ਰਾਗਿ॥

ਗਾਵਹਿ ਸੰਗਿ ਹੀ ਨਾਇਕਾ ਵਾਰੋ ਵਾਰੀ ਜਾਗਿ॥[82]

ਵਿਚਾਰਾਧੀਨ ਕ੍ਰਿਤੀ ਵਿਚ ਜਿਥੇ ਲੋੜ ਅਨੁਸਾਰ ਪਰਮਸਤਾ ਦਾ ਮਨੁਖੀਕਰਨ ਕੀਤਾ ਗਿਆ ਹੈ, ਉਥੇ ਉਸ ਦੇ ਦਰ ਦਾ ਵਰਨਣ ਵੀ ਕੀਤਾ ਹੈ। ਜੋ ਕਿ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਕਿਸੇ ਰਾਜੇ ਦਾ ਮਹਲ ਹੋਵੇ, ਉਸ ਦੇ ਪਹਿਰੇਦਾਰ ਵੀ ਇਸੇ ਭਾਂਤਿ ਵਰਣਿਤ ਹਨ। ਉਸ ਸਥਾਨ 'ਤੇ ਅਨੰਤ ਪ੍ਰਕਾਰ ਦੇ ਸਾਜ਼ ਵਜ ਰਹੇ ਹਨ ਅਤੇ ਅਨਹਦ ਨਾਦ ਦੀ ਉਤਪਤੀ ਹੁੰਦੀ ਹੈ, ਛੇ ਰਾਗਾਂ ਅਤੇ 36 ਰਾਗਨੀਆਂ ਦਾ ਗਾਇਣ ਵੀ ਨਿਰੰਤਰ ਚਲਦਾ ਰਹਿੰਦਾ ਹੈ।

ਉਰਪੋਕਤ ਪ੍ਰਸੰਗ ਵਿਚ ਅਸੀਂ ਪਰਮਸਤ ਬਾਰੇ ਕਵੀ ਦੇ ਦ੍ਰਿਸ਼ਟੀਕੋਣ ਦੀ ਵਿਚਾਰ ਕੀਤੀ ਹੈ। ਕਵੀ ਨੇ ਪਰਮਸਤ ਬਾਰੇ ਵਿਸਤ੍ਰਿਤ ਜਾਣਕਾਰੀ ਦਿਤੀ ਹੈ, ਜੋ ਕਿ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ

[81] ਉਹੀ, ਪਤਰਾ ਨੰ 960.

[82] ਉਹੀ.

ਸੰਬੰਧਿਤ ਹੋਣ ਨਾਤੇ ਇਸ ਵਿਚ ਸਿਧਾਂਤਕ ਅਤੇ ਵਿਹਾਰਕ ਵਿਚਾਰਾਂ ਦੀ ਬਹੁਲਤਾ ਹੈ। ਇਸ ਲਈ ਬਹੁਤ ਥਾਵਾਂ 'ਤੇ ਗੁਰੂ ਨਾਨਕ ਦੇਵ ਜੀ ਤੋਂ ਹੀ ਪਰਮਾਤਮਾ ਦੇ ਗੁਣਾਂ ਦਾ ਵਿਸਥਾਰ ਕਰਵਾਇਆ ਹੈ। ਨਿਰਗੁਣ ਅਤੇ ਸਰਗੁਣ ਸਰੂਪ ਦੀ ਗੱਲ ਬਾਰ ਬਾਰ ਹੋਣ ਦੇ ਨਾਲ-ਨਾਲ ਹੋਰ ਗੁਣਾਂ ਦਾ ਵਿਸਥਾਰ ਵੀ ਵਖ -ਵਖ ਥਾਵਾਂ 'ਤੇ ਗੁਰੂ ਜੀ ਦੁਆਰਾ ਉਪਦੇਸ਼ ਦੇਣ ਸਮੇਂ ਹੀ ਕੀਤਾ ਹੈ। ਪਰਮਸਤ ਨੂੰ ਹੀ ਜਗਤ ਦਾ ਜਨਮਦਾਤਾ ਅਤੇ ਪਾਲਣਹਾਰ ਦਸਿਆ ਹੈ। ਸੋ ਅਸੀਂ ਦੇਖਦੇ ਹਾਂ ਕਿ ਕਵੀ ਨੇ ਭਾਵੇਂ ਪਰਮਸਤ ਦੇ ਸਰੂਪ ਪ੍ਰਤੀ ਸਿਧੇ ਰੂਪ ਵਿਚ ਵਿਆਖਿਆ ਨਾ ਕੀਤੀ ਹੋਵੇ, ਪਰ ਜਿਤਨੀ ਵੀ ਵਿਆਖਿਆ ਦਾ ਪ੍ਰਯਤਨ ਹੈ, ਉਹ ਗੁਰਬਾਣੀ ਦੀ ਸੇਧ ਵਿਚ ਹੀ ਨਿਰੁਪਤ ਕੀਤਾ ਹੈ। ਇਸ ਸਮੁਚੀ ਕ੍ਰਿਤ ਦੇ ਦ੍ਰਿਸ਼ਟੀਕੋਣ ਅਨਸਾਰ ਪਰਮਾਤਮਾ ਇਕ , ਅਕਾਲ, ਬੇਅੰਤ, ਅਰੂਪ, ਅਲੇਖ ਅਤੇ ਜੀਵਾਂ ਦਾ ਹਮਦਰਦ ਹੈ।

## ਸ੍ਰਿਸ਼ਟੀ ਰਚਨਾ

ਸ੍ਰਿਸ਼ਟੀ ਰਚਨਾ ਦਰਸ਼ਨ ਦੀ ਪਰਮਸਤ ਤੋਂ ਬਾਅਦ ਦੂਜੀ ਅਹਿਮ ਸਮਸਿਆ ਹੈ। ਫਲਸਫੇ ਦੇ ਅਧੀਨ ਵਿਸ਼ਵ ਰਚਨਾ ਦਾ ਅਧਿਐਨ ਕਰਨ ਵਾਲੇ ਭਾਗ ਨੂੰ ਵਿਸ਼ਵ ਵਿਗਿਆਨ ਵੀ ਕਿਹਾ ਜਾਂਦਾ ਹੈ। ਸ੍ਰਿਸ਼ਟੀ ਸੰਬੰਧੀ ਚੇਤਨਤਾ ਆਦਿ-ਮਾਨਵ ਦੀ ਬੌਧਿਕਤਾ ਵਿਚ ਵਿਦਮਾਨ ਸੀ, ਪਰ ਇਸ ਵਿਚ ਵਿਗਿਆਨਕ ਯੁਕਤੀਆਂ ਦੇ ਅਭਾਵ ਹੋਣ ਨਾਲ-ਨਾਲ ਜ਼ਿਆਦਾਤਰ ਚੇਤਨਤਾ ਅਸਚਰਜਮੁਖੀ ਤੇ ਕਾਲਪਨਿਕ ਸੀ। ਵਾਸਤਵ ਵਿਚ ਆਦਿ-ਮਾਨਵ ਦੀਆਂ ਵਿਚਾਰ-ਪ੍ਰਣਾਲੀਆਂ ‘ਵਿਸ਼ਵਾਸ` ਅਤੇ ‘ਵਿਸਮਾਦ` ਦੀ ਸੰਗਮਤਾ ‘ਤੇ ਅਧਾਰਿਤ ਹਨ । ਸਰਵ ਪ੍ਰਥਮ ਗੁਰਮਤਿ ਦਰਸ਼ਨ ਅਨੁਸਾਰ ਇਸ ਪ੍ਰਸ਼ਨ ਸੰਬੰਧੀ ਜੋ ਵਿਚਾਰ ਮਿਲਦੇ ਹਨ ਉਨ੍ਹਾਂ ਦੀ ਸੰਖਿਪਤ ਵਿਚਾਰ ਕਰਨੀ ਉਚਿਤ ਰਹੇਗੀ । ਸਮੁਚਿਤ ਬ੍ਰਹਿਮੰਡ ਦ੍ਰਿਸ਼ਟਮਾਨ/ਅਦ੍ਰਿਸ਼ਟਮਾਨ ਜਾਂ ਭੌਤਿਕ/ਅਭੌਤਿਕ ਸਿਰਜਿਆ ਹੈ, ਉਸ ਪਾਸਾਰੇ ਨੂੰ ਹੀ ਸ੍ਰਿਸ਼ਟੀ ਕਿਹਾ ਗਿਆ ਹੈ। ਗੁਰਬਾਣੀ ਵਿਚ ਵਰਤੇ ਗਏ ਸ਼ਬਦ ਜਾਂ ਸਮਾਸਾਂ ਵਿਚੋਂ ਕੁਦਰਤਿ ਸ਼ਬਦ ਰਾਹੀਂ ‘ਸ੍ਰਿਸ਼ਟੀ ਕੀ ਹੈ` ਦਾ ਵਿਸਤ੍ਰਿਤ ਉਤਰ ਮਿਲਦਾ ਹੈ-

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥

ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥

ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥

ਕੁਦਰਤਿ ਖਾਣਾ ਪੀਣਾ ਪੈਨ੍ਣ ਕੁਦਰਤਿ ਸਰਬ ਪਿਆਰੁ॥

ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥

ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥

ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥

ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥੨॥[83]

ਗੁਰਬਾਣੀ ਅਕਾਲ ਦੁਆਰਾ ਸ੍ਰਿਸ਼ਟੀ ਨੂੰ ਅਫੁਰ ਦਾ ਸਫੁਰ, ਫੁਰਨਾ, ਨਿਰਗੁਣ ਦੇ ਸਰਗੁਣ ਸਰੂਪ ਵਿਚ ਪ੍ਰਗਟਾਵੇ ਨੂੰ ਸਵੀਕ੍ਰਿਤ ਕਰਦੀ ਹੋਈ, ਨਿਰਣੈ ਕਰਦੀ ਹੈ ਕਿ ਸ੍ਰਿਸ਼ਟੀ ਦੇ ਆਦਿ ਵਿਚ ਕੁਝ ਨਹੀਂ ਸੀ। ਵਾਸਤਵਕ ਵਿਚ ਕੁਝ ਨਹੀਂ ਦਾ ਭਾਵ ਦ੍ਰਿਸ਼ਟਮਾਨ ਜਗਤ ਪਰਪੰਚ ਦੀ ਹੋਂਦ ਤੋਂ ਹੈ। ਸਰਵ ਪ੍ਰਥਮ ਜਗਤ ਜਾਂ ਦ੍ਰਿਸ਼ਟਮਾਨ ਦਾ ਦ੍ਰਸ਼ਟਾ ਸਰੂਪ ਵਿਚ ਨਿਰੂਪਣ ਸੀ, ਜਿਸ ਨੂੰ ਗੁਰਬਾਣੀ ਵਿਚ ਨਿਰਗੁਣ ਸਰੂਪ ਕਿਹਾ ਗਿਆ ਹੈ, ਜਦ ਨਿਰਗੁਣ ਸਰੂਪ ਦਾ ਫੁਰਨਾ ਹੋਇਆ ਤਾਂ ਬ੍ਰਹਿਮੰਡੀ ਪਸਾਰਾ ਪਸਰ ਗਿਆ। ਅਨੰਤ ਬ੍ਰਹਿਮੰਡ ਦੇ ਆਕਾਰ ਬਾਰੇ ਨਿਰਣੈ, ਪਸਰਿਆ ਪਸਾਰਾ ਅਤੇ ਘਟੀ ਘਟਨਾ ਨੂੰ ਕਰਤਾ ਹੀ ਜਾਣਦਾ ਹੈ, ਕਦੋਂ ਘਟੀ?[84]

ਵਾਸਤਵਿਕਤਾ ਇਹ ਹੈ ਕਿ ਇਹ ਰਹਸ ਗੁਪਤ ਰਖਿਆ ਗਿਆ ਹੈ, ਇਸ ਲਈ ਇਸ ਦਾ ਭੇਤ ਜਾਣਿਆ ਨਹੀਂ ਜਾ ਸਕਦਾ-

ਆਪੇ ਸ੍ਰਿਸਟਿ ਸਾਜੀਅਨੁ ਆਪਿ ਗੁਪਤੁ ਰਖੇਸਾ॥[85]

ਆਪਿ ਨਿਰੰਕਾਰ ਆਕਾਰੁ ਹੈ ਆਪੇ ਆਪੇ ਕਰੈ ਸੁ ਥੀਆ॥[86]

---

[83] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 464.

[84] ਉਹੀ, ਪੰਨਾ 4-

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

[85] ਉਹੀ, ਪੰਨਾ 955.

ਗੁਰਬਾਣੀ ਅਨੁਸਾਰ ਇਹ ਨਿਰਣੈ ਵੀ ਹੋ ਚੁਕਾ ਹੈ ਕਿ ਇਹ ਰਚਨਾ ਸਥਿਰ ਨਹੀਂ ਸਗੋਂ ਇਹ ਚਲਾਇਮਾਨ, ਪਰਿਵਰਤਨਸ਼ੀਲ ਹੈ, ਇਸ ਕਰਕੇ ਇਹ ਝੂਠ, ਕੂੜ, ਬਾਜੀਗਰ ਦੀ ਬਾਜੀ, ਪਾਣੀ ਦਾ ਬੁਲਬੁਲਾ, ਮਾਇਆ ਜਾਂ ਭੁਲੇਖਾ ਹੈ। ਕਰਤੇ ਦਾ ਕ੍ਰਿਤ ਵਿਚ ਵਿਦਮਾਨ ਹੋਣਾ, ਇਸ ਨੂੰ ਵੀ ਆਪਣੇ ਵਾਂਗ ਬੇਅੰਤ, ਅਸੀਮ, ਵਿਸਤ੍ਰਿਤ ਬਣਾ ਦਿੰਦਾ ਹੈ ਜੋ ਮਨੁਖੀ ਅਲਪ-ਬੁਧੀ ਦੀ ਪਕੜ ਵਿਚ ਨਹੀਂ ਆ ਸਕਦਾ-

ਸਾਸਿ ਗਿਰਾਸਿ ਸਮਾਲਦਾ ਕਰਿ ਬ੍ਰਹਮੰਡ ਕਰੋੜਿ ਸੁਮਾਰਾ॥
ਰੋਮ ਰੋਮ ਵਿਚਿ ਰਖਿਓਨੁ ਓਅੰਕਾਰ ਅਕਾਰੁ ਵਿਥਾਰਾ॥[87]

ਉਪਰੋਕਤ ਵਿਚਾਰਾਂ ਤੋਂ ਇਹ ਪ੍ਰਤਖ ਰੂਪ ਵਿਚ ਸਪਸ਼ਟ ਹੈ ਕਿ ਪਰਮਾਤਮਾ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ। ਇਹ ਵਿਚਾਰ ਵੀ ਗੁਰਮਤਿ ਦੀ ਸਵੀਕ੍ਰਿਤੀ ਹੈ ਕਿ ਪਰਮਾਤਮਾ ਸ੍ਰਿਸ਼ਟੀ ਵਿਚ ਵਿਦਮਾਨ ਹੈ, ਭਾਵ ਅਭੇਦ ਹੈ। ਡਾ. ਤਾਰਨ ਸਿੰਘ ਨੇ ਗੁਰਮਤਿ ਅਨੁਸਾਰ ਵਿਸ਼੍ਵ-ਰਚਨਾ ਦਾ ਕਾਰਣ ਨੂੰ ਸੁੰਨ-ਸਮਾਧਿ, ਭਾਣਾ, ਵਿਸਮਾਦੁ, ਹੁਕਮ, ਕਵਾਉ ਅਤੇ ਸਚੁ ਦਸਿਆ ਹੈ।[88] ਵਿਚਾਰਾਧੀਨ ਕ੍ਰਿਤੀ ਦਾ ਸ੍ਰਿਸ਼ਟੀ ਸੰਬੰਧੀ ਵਿਚਾਰ-ਪ੍ਰਬੰਧ ਵੀ ਉਪਰੋਕਤ ਅਧਾਰਾਂ `ਤੇ ਹੀ ਨਿਰਭਰ ਹੈ। ਅਸੀਂ ਖੋਜ ਕਾਰਜ ਨੂੰ ਸਰਲ ਬਣਾਉਣ ਹਿਤ ਇਸ ਦਾ ਨਿਮਨਲਿਖਤ ਅਨੁਸਾਰ ਵਰਗੀਕ੍ਰਿਤ ਕਰਕੇ ਅਧਿਐਨ ਕਰਾਂਗੇ-

- ਸ੍ਰਿਸ਼ਟੀ ਤੋਂ ਪਹਿਲਾਂ ਦੀ ਸਥਿਤੀ
- ਸ੍ਰਿਸ਼ਟੀ ਰਚਨਾ ਕਿਵੇਂ ਹੋਈ
- ਸ੍ਰਿਸ਼ਟੀ ਦਾ ਅਕਾਰ
- ਸ੍ਰਿਸ਼ਟੀ ਦਾ ਅਧਾਰ
- ਸ੍ਰਿਸ਼ਟੀ ਦੀ ਲੀਨਤਾ

---

[86] ਉਹੀ, ਪੰਨਾ 551.

[87] ਚਾਕਰ, ਅਮਰ ਸਿੰਘ, *ਵਾਰਾਂ ਭਾਈ ਗੁਰਦਾਸ ਜੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011, ਪੰਨਾ 82, ਵਾਰ ਅਠਵੀਂ ਪਾਉੜੀ 2.

[88] ਪ੍ਰੀਤਮ ਸਿੰਘ(ਸੰਪਾ.), *ਸਿੱਖ ਫ਼ਲਸਫ਼ੇ ਦੀ ਰੂਪ ਰੇਖਾ*, ਡਾ. ਤਾਰਨ ਸਿੰਘ, *ਗੁਰਮਤਿ ਵਿਚ ਵਿਸ਼੍ਵ-ਰਚਨਾ ਦਾ ਸਿਧਾਂਤ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਦੂਜੀ ਵਾਰ, 2001, ਪੰਨਾ 43-47.

## ਸ੍ਰਿਸ਼ਟੀ ਤੋਂ ਪਹਿਲਾਂ ਦੀ ਸਥਿਤੀ

ਗੁਰਬਾਣੀ ਵਿਚ ਇਹ ਨਿਰਣੈ ਭਲੀ-ਭਾਂਤਿ ਕੀਤਾ ਹੈ ਕਿ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਧੁੰਧੂਕਾਰਾ ਸੀ।[89] ਵਿਗਿਆਨ ਨੇ ਬਿਗ ਬੈਂਗ ਵਿਸਫੋਟ ਨਾਲ ਬ੍ਰਹਿਮੰਡ ਦੇ ਜਨਮ ਦੀ ਜੋ ਸਿਧਾਂਤ ਪੇਸ਼ ਕੀਤਾ ਹੈ, ਉਹ ਪਿਛਲੇ ਕਈ ਦਹਾਕਿਆਂ ਤੋਂ ਸਿਧਾਂਤਕ ਵਿਹਾਰਕ ਪਧਰ ਉਤੇ ਪੂਰਾ ਉਤਰ ਰਿਹਾ ਹੈ। ਮਨੁਖ ਦੀ ਜਿਗਿਆਸਾ ਇਹ ਜਾਣਨ ਦੀ ਤੀਬਰ ਰਹੀ ਕਿ ਬ੍ਰਹਿਮੰਡ ਤੋਂ ਪਹਿਲਾ ਕੀ ਸੀ? ਇਸ ਦਾ ਅੰਤ ਕੀ ਹੋਵੇਗਾ? ਗਣਿਤਕ/ਵਿਗਿਆਨਕ ਸਮੀਕਰਨਾਂ, ਬ੍ਰਹਿਮੰਡ ਦੇ ਜਨਮ ਬਿੰਦੂ ਉਤੇ ਵੀ ਜਵਾਬ ਦੇ ਜਾਂਦੀਆਂ ਹਨ ਅਤੇ ਅੰਤ/ਕਿਆਮਤ ਦੇ ਛਿਣ ਉਤੇ ਵੀ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਮੁਚੇ ਪਸਾਰੇ ਦੇ ਸੁੰਨ ਵਿਚੋਂ ਹੀ ਪੈਦਾ ਹੋਣ ਅਤੇ ਇਸੇ ਵਿਚ ਸਮਾ ਕੇ ਖ਼ਤਮ ਹੋਣ ਦਾ ਸੰਕਲਪ ਪੇਸ਼ ਕਰਦੀ ਹੈ।[90]

ਵਿਚਾਰਾਧੀਨ ਕ੍ਰਿਤੀ ਵਿਚ ਵੀ ਇਸੇ ਪ੍ਰਕਾਰ ਦੇ ਵਿਚਾਰਾਂ ਦੀ ਪੁਸ਼ਟੀ ਕੀਤੀ ਹੈ, ਜਿਸਨੂੰ ਗੌਰ ਨਾਲ ਵਾਚਣ ‘ਤੇ ਇੰਞ ਭਾਸਦਾ ਹੈ ਕਿ ਇਹ ਗੁਰਬਾਣੀ ਦੀ ਵਿਆਖਿਆ ਦਾ ਹੀ ਪ੍ਰਯਤਨ ਹੋਵੇ। ਛਤੀਹ ਜੁਗ ਤੀਕ ਧੁੰਧੂਕਾਰੇ ਅਤੇ ਘੋਰ ਗੁਬਾਰ ਵਾਲੀ ਪ੍ਰਸਥਿਤੀ ਦਰਸਾ ਕੇ ਇਹ ਅਨੁਭੂਤੀ ਕਰਵਾਈ ਹੈ ਕਿ ਪਰਮਾਤਮਾ ਸ੍ਵੈ-ਸੰਕੁਚਿਤ ਸੀ ਜਾਂ ਸਰਲ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਨਿਜ-ਸਰੂਪ ਵਿਚ ਮਗਨ ਸੀ। ਕਵੀ ਨੇ ਪਰਮਾਤਮਾ ਦੀ ਸ੍ਵੈ-ਸੰਕੁਚਿਤ ਦੀ ਸਥਿਤੀ ਨੂੰ ਸਰਲਤਾ ਪੂਰਵਕ ਸਮਝਾਉਣ ਹਿਤ ਰਾਜੇ ਦਾ ਦ੍ਰਿਸ਼ਟਾਂਤ ਦਿਤਾ ਹੈ ਕਿ ਜਿਵੇਂ ਇਕ ਰਾਜਾ ਆਪਣੇ ਮਹਿਲ ਵਿਚ ਸੌਂ ਰਿਹਾ ਹੋਵੇ ਉਸ ਦੀ ਪ੍ਰਵਾਨਗੀ ਤੋਂ ਬਿਨਾਂ ਉਸ ਨੂੰ ਕੋਈ ਨਹੀਂ ਜਗਾ ਸਕਦਾ ਅਤੇ ਜਦ ਉਹ ਜਾਗ ਜਾਵੇ, ਫਿਰ ਆ ਕੇ ਦੀਬਾਨ ਲਾ ਲਵੇ। ਇਸੇ ਪ੍ਰਕਾਰ ਸਮਾਧੀ-ਲੀਨ ਤੋਂ ਬਾਅਦ ਰਾਜੇ ਦੀ ਭਾਂਤਿ ਪਰਮਾਤਮਾ ਨੇ ਦੀਬਾਨ ਲਗਾਇਆ ਅਤੇ ਮਕੜੀ ਦੇ ਤੰਤਾਂ ਵਾਂਗ ਨਿਜ ਤੋਂ ਅਨੰਤ ਸ੍ਰਿਸ਼ਟੀ ਦੀ ਰਚਨਾ ਆਰੰਭ ਕਰ ਦਿਤੀ। ਯਥਾ-

---

[89] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1035-

ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥੧॥

[90] ਧੀਰ, ਕੁਲਦੀਪ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਗਿਆਨਕ ਅੰਤਰ-ਦ੍ਰਿਸ਼ਟੀਆਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015, ਪੰਨਾ 121.

ਛਤੀਹ ਜੁਗ ਤਬ ਧੁੰਧੂਕਾਰੰ॥ ਬਰਤੈ ਤਾਹਿ ਸੁ ਘੋਰ ਗੁਬਾਰੰ॥

ਨਿਜ ਸਰੂਪ ਮੈ ਮਗਨਿ ਸੁ ਹੋਇ॥ ਖੇਲੁ ਸਕੋਚ ਆਪ ਹਰਿ ਸੋਇ॥42॥

ਖੇਲੁ ਸਕੋਚ ਅਪਾ ਪਰਬੀਨ॥ ਨਿਜ ਸਰੂਪ ਮੈ ਹੋਇ ਸੁ ਲੀਨ॥

ਜਿਮ ਭੂਪਤਿ ਕੋ ਸਭਾ ਉਠਾਈ॥ ਨਿਜ ਮਹਲੋ ਮੈ ਸੋਵੈ ਜਾਈ॥43॥

ਕਿੰਚਤ ਕਾਲੁ ਭੂਪ ਤਹ ਸੋਇ॥ ਨਿਜ ਇਛਿਆ ਤੇ ਊਠੈ ਓਇ॥

ਉਠ ਕਰਿ ਲਾਵੈ ਆਇ ਦੁਬਾਨ॥ ਤਿਮ ਹੀ ਸੋ ਪਰਮਾਤਮ ਜਾਨ॥44॥

ਛੋਡਿ ਸਮਾਧਿ ਸਿਰੀ ਹਰਿ ਸੋਇ॥ ਨਿਜ ਇਛਾ ਕਰਿ ਸਾਵਧਿ ਹੋਇ॥

ਉਰਤੇ ਮਕਰੀ ਤੰਤੂ ਜੈਸੇ॥ ਕਾਢਤਿ ਹੈ ਹਰਿ ਜਾਨਹੁ ਤੈਸੇ॥45॥[91]

ਕਵੀ ਦਾ ਦ੍ਰਿਸ਼ਟੀਕੋਣ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਘੋਰ ਗੁਬਾਰ ਦੀ ਪ੍ਰਸਥਿਤੀ ਬਿਆਨਦਿਆਂ ਬ੍ਰਹਿਮੰਡ ਦੀ ਅਨੰਤਤਾ ਨੂੰ ਪ੍ਰਮਾਣੀਕਤਾ ਦਿੰਦੇ ਹੋਏ, ਸ੍ਰਿਸ਼ਟੀਆਂ ਦੀ ਬਹੁਤਾਂਤ ਨੂੰ ਵੀ ਸਵੀਕ੍ਰਿਤ ਕਰਦਾ ਹੈ। ਯਥਾ-

ਨਿਜ ਇਛਾ ਤੇ ਸ੍ਰਿਸਟ ਉਪਾਵੈ॥ ਤਿਨ ਸ੍ਰਿਸੀਟ ਕਾ ਅੰਤ ਨਾ ਆਵੈ॥

ਹਰਿ ਕੇ ਇਕ ਇਕ ਰੋਮ ਮਝਾਰੇ॥ ਅਨਿਕ ਸ੍ਰਿਸਟੀ ਭਰੀ ਉਦਾਰੇ॥46॥[92]

ਘੋਰ ਗੁਬਾਰ ਨੂੰ ਸ਼ੂਨਯ ਜਾਂ ਸੁੰਨ ਵੀ ਕਿਹਾ ਜਾਂਦਾ ਹੈ। ਸੁੰਨ ਸ਼ਬਦ ਨੂੰ ਵਿਦਵਿਤ ਪੁਰਸ਼ਾਂ ਨੇ ਕਈ ਅਰਥਾਂ ਵਿਚ ਵਰਤਿਆ ਹੈ ਪਰ ਖੋਜ ਕਾਰਜ ਹਿਤ ਦੋ ਅਰਥ ਉਚਿਤ ਹਨ- 1. ਸ਼ੂਨਯ (ਬ੍ਰਹਿਮੰਡ ਰਚਨਾ ਤੋਂ ਪਹਿਲਾਂ ਦੀ ਸਥਿਤੀ) 2. ਸੁੰਨ (ਅਕਾਸ਼) । ਗੁਰਬਾਣੀ ਵਿਚ ਸੁੰਨ ਨੂੰ ਇਸੇ ਭਾਂਤਿ ਨਿਮਨਾਂਕਿਤ ਵਚਨਾਂ ਦੁਆਰਾ ਦਰਸਾਇਆ ਗਿਆ ਹੈ-

ਆਪਹਿ ਸੁੰਨ ਆਪਹਿ ਸੁਖ ਆਸਨ॥ ਆਪਹਿ ਸੁਨਤ ਆਪ ਹੀ ਜਾਸਨ॥[93]

---

[91] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1048.

[92] ਉਹੀ, ਪਤਰਾ 1048.

[93] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 250.

ਸਰਗੁਣ ਨਿਰਗੁਣ ਨਿਰੰਕਾਰ ਸੁੰਨ ਸਮਾਧੀ ਆਪਿ॥

ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥[94]

ਸੁੰਨਹੁ ਚੰਦੁ ਸੂਰਜੁ ਗੈਣਾਰੇ॥ ਤਿਸ ਕੀ ਜੋਤਿ ਤ੍ਰਿਭਵਣ ਸਾਰੇ॥

ਸੁੰਨੇ ਅਲਖ ਅਪਾਰ ਨਿਰਾਲਮੁ ਸੁੰਨੇ ਤਾੜੀ ਲਾਇਦਾ॥[95]

ਇਹ ਨਿਰਣੈ ਸ੍ਵੈ-ਸਿਧ ਹੈ ਕਿ ਸੁੰਨ ਸ਼ਬਦ ਦਾ ਅਰਥ ਗੁਰਬਾਣੀ ਵਿਚ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਸਥਿਤੀ ਨੂੰ ਬਿਆਨਣ ਲਈ ਵਰਤਿਆ ਹੈ। ਸੁੰਨ ਸ਼ਬਦ ਦੀ ਵਰਤੋਂ ਗੁਰਬਾਣੀ ਵਿਚ ਇਸ ਤੋਂ ਇਲਾਵਾ ਆਤਮਾ ਲਈ ਕੀਤੀ ਮਿਲਦੀ ਹੈ-

ਸੁੰਨਹਿ ਸੁੰਨੁ ਮਿਲਿਆ ਸਮਦਰਸੀ ਪਵਨ ਰੂਪ ਹੋਇ ਜਾਵਹਿਗੇ॥੧॥[96]

ਹਥਲੇ ਖੋਜ ਕਾਰਜ ਦੀ ਜਟਿਲ ਸਮਸਿਆ ਇਹ ਹੈ ਕਿ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਸਥਿਤੀ ਬਾਰੇ ਵਿਚਾਰਾਧੀਨ ਕ੍ਰਿਤੀ ਵਿਚ ਸੰਖਿਪਤ ਚਰਚਾ ਮਕੇਸ੍ਵਰ ਖੰਡ ਵਿਚ ਹੋਈ ਹੈ, ਇਹ ਖੰਡ ਇਸਲਾਮ ਧਰਮ ਨਾਲ ਸੰਬੰਧਿਤ ਹੋਣ ਕਰਕੇ ਇਸ ਵਿਚ ਸਾਮੀ ਧਰਮਾਂ ਦੇ ਵਿਚਾਰ ਸੰਕਿਲਤ ਹੋਣੇ ਸੁਭਾਵਿਕ ਸੀ। ਸਧਾਰਨ ਪਾਠਕ ਦੀ ਦ੍ਰਿਸ਼ਟੀ ਅਨੁਸਾਰ ਕਵੀ ਦੁਆਰਾ ਪ੍ਰਗਟਾਏ ਵਿਚਾਰ ਪਰੰਪਰਾਗਤ ਜਾਂ ਇਸਲਾਮਿਕ ਪ੍ਰਭਾਵਿਤ ਹੋਏ ਭਾਸਣਗੇ ਅਤੇ ਉਹ ਨਿਰਣੈ ਕਰੇਗਾ ਕਿ ਕਵੀ ਨੂੰ ਸੁੰਨ ਦੀ ਵਾਸਤਵਿਕਤਾ ਦਾ ਅਲਪ-ਗਿਆਨ ਹੈ। ਪਰ ਵਾਸਤਵਿਕਤਾ ਇਹ ਹੈ ਕਿ ਕ੍ਰਿਤ ਦੀ ਮੰਗ ਅਨੁਸਾਰ ਸਾਮੀ ਧਰਮਾਂ ਦੇ ਵਿਚਾਰਾਂ ਦਾ ਪ੍ਰਸਤੁਤੀਕਰਨ ਆਵਸ਼ਕ ਹੋਣ ਕਰਕੇ ਇਸ ਨੂੰ ਅਕਾਸ਼ ਨਾਲ ਸੰਬੰਧਿਤ ਕਰਦੇ ਹੋਏ, ਸੱਤ ਸੁੰਨ (ਅਕਾਸ਼) ਮੰਨ ਕੇ ਇਹ ਦਸਣ ਦਾ ਯਤਨ ਕੀਤਾ ਹੈ ਕਿ ਨਿਰਗੁਣ ਇਨ੍ਹਾਂ ਤੋਂ ਉਪਰ ਮਹਾਂ ਸੁੰਨ ਵਿਚ ਸ਼ੋਭਿਤ ਹੈ, ਭਾਵ ਨਿਰਗੁਣ ਹੀ ਸਰਵ-ਸ੍ਰੇਸ਼ਟ ਹੈ-

ਸੁੰਨਿ ਸੁੰਨਿ ਪਰਿ ਸੁੰਨਿ ਹੈ ਸੁੰਨਿ ਪਰਿ ਸੁੰਨਿ॥

ਸਪਤਮ ਸੁੰਨਹੁ ਊਪਰੇ ਮਹਾਂ ਸੁੰਨਿ ਨਿਰਗੁੰਨਿ॥68॥[97]

---

[94] ਉਹੀ, ਪੰਨਾ 290.

[95] ਉਹੀ, ਪੰਨਾ 1037.

[96] ਉਹੀ, ਪੰਨਾ 1103.

ਗੁਰਮਤਿ ਅਨੁਸਾਰ ਅਸੀਂ ਪਰਮਸਤ ਵਾਲੇ ਭਾਗ ਵਿਚ ਵਿਚਾਰ ਕਰ ਆਏ ਹਾਂ ਕਿ ਨਿਰਗੁਣ ਤੋਂ ਸਰਗੁਣ ਨੇ ਸਰੂਪ ਧਾਰਿਆ ਹੈ। ਕਵੀ ਨੇ ਸਰਵ-ਪ੍ਰਥਮ ਅਲਾਹ ਨੂੰ ਸਵੀਕਾਰਿਆ ਹੈ ਤੇ ਫਿਰ ਉਸ ਤੋਂ ਹੀ ਸ੍ਰਿਸ਼ਟੀ ਪੈਦਾ ਹੋਈ ਮੰਨੀ ਹੈ । ਜੇਕਰ ਚਲੰਤ ਵਿਚਾਰ ਅਨੁਸਾਰ ਸਮੀਖਿਆ ਕੀਤੀ ਜਾਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਸ੍ਰਿਸ਼ਟੀ ਰਚਨਾ ਤੋਂ ਪਹਿਲਾ ਅਲਾਹ ਜਾਂ ਪਰਮਾਤਮਾ ਵਿਦਮਾਨ ਸੀ। ਇਥੇ ਵੀ ਕਵੀ ਦੀ ਇਹੀ ਪ੍ਰੌੜਤਾ ਕਰਨੀ ਇਸ ਨੂੰ ਗੁਰਮਤਿ ਦੇ ਅਨੁਕੂਲ ਬਣਾਉਂਦੀ ਹੈ, ਜੋ ਕਿ ਨਿਮਨਾਂਕਿਤ ਵਿਚਾਰ ਤੋਂ ਸਪਸ਼ਟ ਹੋ ਜਾਂਦਾ ਹੈ-

ਅੱਬਲ ਏਕ ਖੁਦਾਇਸਾ ਦੂਜਾ ਅਵਰ ਨ ਕੋਇ॥

ਬਹੁਰਿ ਖੁਦਾਇ ਨੈ ਕੁਦਰਤਿ ਸਾਜੀ ਦੂਜੀ ਸੋਇ॥67॥[98]

ਨਿਰਸੰਦੇਹ ਵਿਚਾਰਾਧੀਨ ਕ੍ਰਿਤੀ ਵਿਚ ਸੁੰਨ ਬਾਰੇ ਸੰਖਿਪਤ ਵਿਚਾਰ ਅੰਕਿਤ ਕੀਤੇ ਗਏ ਹਨ ਪਰ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਸਿਰਫ ਅਲਾਹ ਨੂੰ ਹੀ ਸਵੀਕ੍ਰਿਤ ਕੀਤਾ ਹੈ-

ਅਬਲ ਸੁ ਏਕ ਖੁਦਾਇ ਦੂਸਰੀ ਕੁਦਰਤਿ ਕਹਯੈ॥

ਸਚੁ ਪਰਿ ਜਿਨਾ ਯਕੀਨ ਤੀਸਰੇ ਫਕਰ ਸੁ ਹਯੈ॥[99]

ਕਵੀ ਅਪਣੀ ਗੱਲ ਨੂੰ ਸਹੀ ਸਾਬਿਤ ਕਰਨ ਲਈ ਹਦੀਸਾਂ ਦਾ ਹਵਾਲਾ ਦਿੰਦਾ ਹੈ ਕਿ ਇਨ੍ਹਾਂ ਧਾਰਮਿਕ ਗ੍ਰੰਥਾਂ ਵਿਚ ਵੀ ਇਹ ਹੀ ਅੰਕਿਤ ਹੈ ਕਿ ਸਭ ਤੋਂ ਪਹਿਲਾਂ ਇਕ ਖੁਦਾ ਸੀ, ਜਿਸ ਨੇ ਜਹਾਨ ਨੂੰ ਸਿਰਜਿਆ ਹੈ-

ਵਿਚ ਹਦੀਸਾ ਜੋ ਲਿਖਾ ਤਿਸ ਦਾ ਸੁਣੋ ਬਿਆਨ॥

ਅਬਲ ਏਕ ਖੁਦਾਇ ਸਾ ਸਿਰਜਿਆ ਤਿਸ ਜਹਾਨ॥6॥

ਨੂਰੋ ਕੀਏ ਫਰੇਸਤੇ ਕੀਤੋ ਹੁਕਮ ਖੁਦਾਇ॥

---

[97] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1066.

[98] ਉਹੀ, ਪਤਰਾ 934.

[99] ਉਹੀ, ਪਤਰਾ 939.

ਲਿਆਵਉ ਮਿਟੀ ਜਾਇਕੈ ਹਕਤਾਲਾ ਫੁਰਮਾਇ॥7॥[100]

ਉਪਰੋਕਤ ਵਿਚਾਰਾਂ ਨੂੰ ਸਨਮੁਖ ਰਖ ਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਕਵੀ ਨੇ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਸਥਿਤੀ ਵਿਸਤ੍ਰਿਤ ਰੂਪ ਵਿਚ ਬਿਆਨ ਨਹੀਂ ਕੀਤੀ, ਪਰ ਫਿਰ ਵੀ ਇਸ ਦੀ ਕ੍ਰਿਤ ਵਿਚ ਅਣਹੋਂਦ ਵੀ ਨਹੀਂ ਹੈ। ਕਵੀ ਨੇ ਧੁੰਧੂਕਾਰ, ਘੋਰ ਗੁਬਾਰ ਇਤਿਆਦਿਕ ਰੂਪ ਵਿਚ ਪਹਿਲਾਂ ਦੀ ਸਥਿਤੀ ਨੂੰ ਗੁਰਮਤਿ ਦੇ ਅਨੁਕੂਲ ਸੰਖਿਪਤ ਚਰਚਾ ਕਰਕੇ ਦਰਸਾਇਆ ਹੈ। ਧਾਰਮਿਕ ਸਮੁਦਾਇ ਦੀਆਂ ਅਨੇਕਾਂ ਸਮਸਿਆਵਾਂ ਵਿਚ ਇਕ ਸੰਗਮਤਾ ਇਹ ਹੈ ਕਿ ਪਰਮਸਤ ਇਕ ਹੈ ਅਤੇ ਉਸ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ। ਰਚਨਾ ਕਰਨ ਦਾ ਢੰਗ ਵਖਰਾ-ਵਖਰਾ ਦਰਸਾਉਣ ਦੇ ਬਾਵਜੂਦ ਵੀ ਸਮੁਚਿਤ ਧਾਰਮਿਕ ਸਮੁਦਾਇ ਸ੍ਰਿਸ਼ਟੀ ਸਾਜਣ ਸੰਬੰਧੀ ਕੋਈ ਸੰਦੇਹ ਪ੍ਰਗਟ ਨਹੀਂ ਕਰਦੇ ਕਿ ਇਹ ਇਕਤਵ ਵਿਚੋਂ ਨਹੀਂ ਸਜੀ ਹੈ, ਬਲਕਿ ਪ੍ਰੋੜਤਾ ਕਰਦੇ ਹਨ। ਕਵੀ, ਸਾਮੀ ਧਰਮਾਂ ਅਤੇ ਗੁਰਮਤਿ ਦੀ ਸੰਗਮਤਾ ਤੋਂ ਭਲੀ-ਭਾਂਤਿ ਜਾਣੂੰ ਹੈ, ਇਸ ਲਈ ਸ਼ਾਇਦ ਸ੍ਰਿਸ਼ਟੀ ਸੰਬੰਧੀ ਅਧਿਕਤਰ ਵਿਚਾਰ ਸਾਮੀ ਧਰਮਾਂ ਵਿਚੋਂ ਦਰਸਾ ਕੇ ਧਾਰਮਿਕ ਸੰਕੀਰਣਤਾਂ ਦੀਆਂ ਹਦਾਂ ਤੋੜ ਕੇ ਅਭਿਲਾਸ਼ੀਆਂ ਨੂੰ ਇਕਤਵ ਦੀ ਅਨੁਭੂਤੀ ਕਰਵਾਉਣ ਵਿਚ ਸਫਲ ਰਿਹਾ ਹੈ। ਕਵੀ ਦੇ ਲਈ ਇਕ ਮਜ਼ਬੂਰੀ ਇਹ ਸੀ ਕਿ ਸ੍ਰਿਸ਼ਟੀ ਰਚਨਾ ਦੀ ਵਿਚਾਰ ਉਸਨੂੰ ਮਕੇਸ੍ਵਰ ਖੰਡ ਵਿਚ ਅੰਕਿਤ ਕਰਨੀ ਪਈ ਜੋ ਕਿ ਜਟਿਲ ਕਾਰਜ ਸੀ, ਪਰ ਬੁਧੀਮਾਨਤਾ ਨਾਲ ਕਵੀ ਨੇ ਗੁਰਮਤਿ ਦੇ ਅਨੁਕੂਲ ਹੀ ਇਸ ਦਾ ਸਫਲ ਲਿਖਣ ਕੀਤਾ।

**ਸ੍ਰਿਸ਼ਟੀ ਰਚਨਾ ਕਿਵੇਂ ਹੋਈ**

ਵਿਚਾਰਾਧੀਨ ਕ੍ਰਿਤੀ ਵਿਚ ਸ੍ਰਿਸ਼ਟੀ ਰਚਨਾ ਸੰਬੰਧੀ ਸੰਕਿਲਤ ਵਿਚਾਰਾਂ ਦਾ ਦ੍ਰਿਸ਼ਟੀਕੋਣ, ਵਾਸਤਵਿਕ ਵਿਚ ਬਹੁਪਖੀ ਸੰਮਿਸ਼੍ਰਿਤ ਹੋਣ ਕਰਕੇ ਨਿਰਣੈ ਕਰਨਾ ਕਠਿਨ ਹੈ। ਖੋਜ ਕਾਰਜ ਦੀ ਸਰਲਤਾ ਹਿਤ ਇਸ ਨੂੰ ਨਿਮਨਾਂਕਿਤ ਅਨੁਸਾਰ ਵਰਗੀਕ੍ਰਿਤ ਕਰਕੇ ਅਧਿਐਨ ਕਰਨਾ ਉਚਿਤ ਰਹੇਗਾ-

-ਜੜ੍ਹ ਅਤੇ ਚੇਤਨ

-ਵੇਦਾਂਤਿਕ ਦ੍ਰਿਸ਼ਟੀਕੋਣ

---

[100] ਉਹੀ, ਪਤਰਾ 939.

-ਇਸਲਾਮਿਕ ਦ੍ਰਿਸ਼ਟੀਕੋਣ

-ਗੁਰਮਤਿ ਦ੍ਰਿਸ਼ਟੀਕੋਣ

ਵਰਗੀਕ੍ਰਿਤ ਕਰਨ ਦਾ ਕਾਰਨ ਇਹ ਹੈ ਕਿ ਕ੍ਰਿਤ ਵਿਚ ਵੇਦਾਂਤਿਕ, ਇਸਲਾਮਿਕ ਅਤੇ ਗੁਰਮਤਿ ਦੀ ਸੰਮਿਸ਼੍ਰਿਤਾ ਰਾਹੀਂ ਸ੍ਰਿਸ਼ਟੀ ਦੀ ਰਚਨਾ ਦਾ ਉਲੇਖ ਵਰਣਿਤ ਕੀਤਾ ਹੈ-

**ਜੜ੍ਹ ਅਤੇ ਚੇਤਨ**

ਸ੍ਰਿਸ਼ਟੀ ਰਚਨਾ ਸੰਬੰਧੀ ਕਵੀ ਦਾ ਇਹ ਦ੍ਰਿਸ਼ਟੀਕੋਣ ਹੈ ਕਿ ਸਜਿਤ ਸ੍ਰਿਸ਼ਟੀ ਦੋ ਭਾਂਤਿ ਦੀ ਹੈ- ਜੜ੍ਹ ਅਤੇ ਚੇਤਨ। ਜਿਸ ਨੂੰ ਅਸੀਂ ਚੇਤਨ ਜਾਂ ਅਚੇਤਨ ਵੀ ਕਹਿ ਸਕਦੇ ਹਾਂ। ਸਰਲ ਸ਼ਬਦਾਂ ਵਿਚ ਚਲਾਇਮਾਨ ਅਤੇ ਦੂਜੀ ਅਚਲ ਨੂੰ ਇਹ ਦੋ ਭਾਂਤਿ ਕਿਹਾ ਗਿਆ ਹੈ । ਪਰ ਇਨ੍ਹਾਂ ਦਾ ਸ੍ਰੋਤ ਪਰਮਾਤਮਾ ਹੈ, ਉਹ ਸਭ ਵਿਚ ਵਿਦਮਾਨ ਹੈ ਅਤੇ ਸਭ ਦੀ ਪਾਲਣਾ ਕਰਦਾ ਹੈ-

ਜੜਿ ਚੇਤਨ ਇਹੁ ਵਿਸ ਸੁ ਜੇਤੀ॥ ਭਗਵਤਿ ਤੇ ਉਪਜੀ ਇਹੁ ਤੇਤੀ॥੫॥

ਸਭਿ ਜੀਵਨ ਮੈ ਬਿਯਾਪਕ ਸੋਇ॥ ਤਿਸ ਬਿਨੁ ਖਾਲੀ ਠਾਉਰ ਨ ਕੋਇ॥

ਸਭ ਕੀ ਆਪ ਕਰੈ ਪ੍ਰਤਿਪਾਰੇ॥ ਇਹ ਭੀ ਸਮਝੈ ਆਪ ਉਦਾਰੇ॥[101]

ਕ੍ਰਿਤੀ ਵਿਚ ਬਹੁਤ ਹੀ ਦ੍ਰਿੜਤਾ ਨਾਲ ਇਸਦਾ ਪ੍ਰਮਾਣੀਕਰਨ ਕਰਨ ਦਾ ਯਤਨ ਕੀਤਾ ਹੈ ਕਿ ਸ੍ਰਿਸ਼ਟੀ ਦੋ ਭਾਂਤਿ ਹੀ ਹੈ, ਜੋ ਕਿ ਪਰਮਾਤਮਾ ਤੋਂ ਉਪਜੀ ਹੋਈ ਹੈ ਅਤੇ ਇਸ ਦਾ ਗਿਆਨ ਅਰਜਿਤ ਕਰਨਾ ਜਟਿਲ ਕਾਰਜ ਹੈ-

ਜੜਿ ਚੇਤਨ ਦ੍ਵੈ ਭਾਂਤਿ ਕੀ ਸ੍ਰਿਸਟਿ ਰਚੀ ਭਗਵਾਨ॥

ਬੇਦ ਨੈਨ ਸੋ ਦੇਖਿਯੋ ਤਬ ਤਹਿ ਪਰੈ ਪਛਾਨ॥64॥[102]

ਜਿਹੜੀ ਦੋ ਭਾਂਤਿ ਸ੍ਰਿਸ਼ਟੀ ਸਾਨੂੰ ਭਾਸ ਰਹੀਂ ਹੈ ਉਸ ਦੇ ਅੰਦਰ ਅਤੇ ਬਾਹਰ ਪਰਮਾਤਮਾ ਆਪ ਹੀ ਵਿਦਮਾਨ ਹੈ-

---

[101] ਉਹੀ, ਪਤਰਾ 309.

[102] ਉਹੀ, ਪਤਰਾ 1110.

ਜੜਿ ਚੇਤਨ ਦ੍ਵੈ ਭਾਤ ਕਿ ਸ੍ਰਿਸਟਿ ਰਚੀ ਭਗਵਾਨ॥

ਅੰਤਰਿ ਬਾਹਰਿ ਸ੍ਰਿਸਟਿ ਕੈ ਬਜਾਪਸੁ ਰਹਯੋ ਮਹਾਨ॥12॥[103]

ਚੇਤਨਤਾ ਅਤੇ ਅਚੇਤਨਤਾ ਕਰਕੇ ਸ੍ਰਿਸ਼ਟੀ ਦੀ ਹੋਂਦ ਸੰਭਵ ਹੈ, ਜਿਵੇਂ ਜਲ ਵਿਚ ਤਰੰਗ ਪੈਦਾ ਹੁੰਦੀ ਹੈ ਉਸ ਪ੍ਰਕਾਰ ਪਰਮਾਤਮਾ ਵਿਚੋਂ ਇਹ ਪੈਦਾ ਹੁੰਦੀ ਹੈ। ਯਥਾ-

ਜੜਿ ਚੇਤਨ ਵਿਸੂ ਅਹੇ ਜਿਤਨੀ॥ ਪਰਮੇਸ੍ਵਰ ਤੇ ਉਪਜੀ ਤਿਤਨੀ॥

ਪਰਮੇਸ੍ਵਰ ਮੇ ਸੁਰ ਲੀਨ ਸੁ ਹ੍ਵੈ॥ ਜਿਮ ਜੀਵਨ ਫੇਨਿ ਤਰੰਗ ਸੁ ਦ੍ਵੈ॥45॥[104]

ਉਪਰੋਕਤ ਵਿਚਾਰ ਚੇਤਨ ਅਤੇ ਜੜ੍ਹ ਸੰਬੰਧੀ ਮਿਲੇ ਸ਼ਬਦਾਂ ਦੀ ਸੰਖਿਪਤ ਸਮਿਖਿਆ ਹੈ । ਇਥੇ ਇਕ ਸੰਗਮਤਾ ਹੈ ਕਿ ਸ੍ਰਿਸ਼ਟੀ ਦੀ ਰਚਨਾ ਜੜ੍ਹ ਤੇ ਚੇਤਨ ਦੋ ਭਾਂਤਿ ਹੈ, ਪਰ ਇਸ ਵਿਚ ਪਰਮਾਤਮਾ ਦੀ ਵਿਦਮਾਨਤਾ ਦੀ ਸਵੀਕ੍ਰਿਤੀ ਇਸ ਦ੍ਰਿਸ਼ਟੀਕੋਣ ਨੂੰ ਗੁਰਮਤਿ ਦੇ ਸਮੀਪ ਲਿਆ ਖੜ੍ਹਾ ਕਰ ਦਿੰਦੀ ਹੈ।

**ਵੇਦਾਂਤਿਕ ਦ੍ਰਿਸ਼ਟੀਕੋਣ**

ਨਿਰਸੰਦੇਹ ਕਵੀ ਦੇ ਦ੍ਰਿਸ਼ਟੀਕੋਣ ਤੋਂ ਸ੍ਰਿਸ਼ਟੀ ਰਚਨਾ ਨੂੰ ਜੜ੍ਹ ਅਤੇ ਚੇਤਨ ਦੋ ਭਾਂਤਿ ਦਾ ਪ੍ਰਵਾਨ ਕੀਤਾ ਹੈ। ਪਰ ਕਵੀ ਨੇ ਸ੍ਰਿਸ਼ਟੀ ਰਚਨਾ ਬਾਰੇ ਮਨੂ ਸਮ੍ਰਿਤੀ ਅਤੇ ਭਵਿਖ ਪੁਰਾਣ ਨਾਲ ਸੰਬੰਧਿਤ ਵਿਚਾਰ ਅੰਕਿਤ ਕਰਕੇ ਵਾਸਤਵਿਕ ਵਿਚ ਵੇਦਾਂਤਿਕ ਦ੍ਰਿਸ਼ਟੀ ਨੂੰ ਵੀ ਸਵੀਕ੍ਰਿਤ ਕੀਤਾ ਹੈ। ਪਰਮਸਤਾ ਦੀ ਸਰਵ-ਸ੍ਰੇਸ਼ਠਤਾ ਪ੍ਰਤੀ ਕਿਸੇ ਪ੍ਰਕਾਰ ਦਾ ਸੰਦੇਹ ਕ੍ਰਿਤ ਵਿਚੋਂ ਪ੍ਰਗਟ ਨਹੀਂ ਹੁੰਦਾ। ਪਰ ਸ੍ਰਿਸ਼ਟੀ ਦੀ ਰਚਨਾ ਪੂਰਨ ਤੌਰ ‘ਤੇ ਵੇਦਾਂਤਿਕ ਦ੍ਰਿਸ਼ਟੀਕੋਣ ਤੋਂ ਦਰਸਾਉਣ ਦਾ ਯਤਨ ਕਵੀ ਦੁਆਰਾ ਕੀਤਾ ਗਿਆ ਹੈ, ਜੋ ਕਿ ਗੁਰਮਤਿ ਦੇ ਸਿਧਾਂਤ ਨਾਲ ਮੇਲ ਨਹੀਂ ਖਾਂਦਾ। [105] ਸੰਤਰੇਣ ਅਨੁਸਾਰ ਸਰਵ-ਪ੍ਰਥਮ ਮੂਲ ਪ੍ਰਕਿਰਤੀ ਨਾਮ ਦੀ ਧੁਨੀ ਉਤਪੰਨ ਹੋਈ, ਜਿਸ ਤੋਂ ਸ੍ਰਿਸ਼ਟੀ ਦਾ ਪਸਾਰਾ ਸੰਭਵ ਹੋ ਸਕਿਆ-

ਪਰਮ ਪੁਰਖੁ ਤੇ ਧੁਨੀ ਉਠੀ ਸੋ ਜਾਨਿਯੈ॥

---

[103] ਉਹੀ, ਪਤਰਾ 299.

[104] ਉਹੀ, ਪਤਰਾ 1562.

[105] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 4-

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

ਮੂਲ ਪ੍ਰਕਿਰਤੀ ਨਾਮੁ ਸੋ ਤਾਹਿ ਬਖਾਨਿਯੈ॥

ਬਰਤੈ ਤਾਹਿ ਅਭਿੰਨ ਪ੍ਰਛਿੰਨ ਨ ਹੋਵਈ॥

ਹੋ ਏਕ ਮੇਕ ਹ੍ਵੈ ਬਰਤੈ ਤਾਹਿ ਸੋ ਦੋਵਈ॥27॥[106]

ਕਵੀ ਦੇ ਵੇਦਾਂਤਿਕ ਰੰਗਣ ਦੀ ਸੰਖਿਪਤ ਸਮਿਖਿਆ ਕਰ ਲੈਣੀ ਉਚਿਤ ਰਹੇਗੀ । ਕਵੀ ਅਨੁਸਾਰ ਸਰਵ ਪ੍ਰਥਮ ਨਿਰੰਕਾਰ ਦੇ ਹਿਰਦੈ ਵਿਚ ਮਨਸਾ ਉਪਜੀ ਜਿਸ ਤੋਂ ਅਕਾਸ਼, ਪਾਣੀ, ਪ੍ਰਿਥਵੀ ਇਤਿਆਦਿਕ ਤਤ ਬਣ ਗਏ। ਇਸ ਤਰ੍ਹਾਂ ਉਪਜੇ ਤਤਾਂ ਨੂੰ ਮਿਲਾ ਕੇ ਇਕ ਅੰਡਾ ਬਣ ਗਿਆ-

ਸਤਿਗੁਰ ਕਹਯੋ ਸੁਨੋ ਮਰਦਾਨਾ॥ ਅਬ ਪਿਰਥਮਿ ਤੇ ਕਹੌਂ ਮਹਾਨਾ॥

ਨਿਰੰਕਾਰ ਜਬ ਕੀਉ ਅਕਾਰੇ॥ ਪਹਲੇ ਮਨਸਾ ਕਰੀ ਉਦਾਰੇ॥6॥

ਪਰਬ੍ਰਹਮਹੁ ਮਨਸਾ ਭਵ ਲਯੋ॥ ਪਰ ਕਛੁ ਬ੍ਰਹਮਾ ਸੁ ਕਮ ਨਹਿ ਭਯੋ॥

ਸਭ ਕੀ ਕਾਰਨ ਭਈ ਸੁ ਜਾਨ॥ ਅਬ ਤਹ ਕਾਰਜ ਕਰੌਂ ਬਖਾਨ॥7॥

ਮਨਸਾ ਚੇਤਨੁ ਪਾਇ ਸਮੀਪ॥ ਅਗਨਿ ਘਾਮ ਜਿਉ ਤਿਉ ਪੁਨਿ ਦੀਪ॥

ਮਨਸਾ ਤੇ ਪੁਨਿ ਭਯੋ ਅਕਾਸੰ॥ ਅਕਾਸੋ ਪੁਨਿ ਪਵਨ ਪ੍ਰਕਾਸੰ॥8॥

ਪਉਨਹੁ ਤੇਜ ਤੇਜ ਤੇ ਪਾਨੀ॥ ਪਾਨੀ ਤੇ ਪ੍ਰਿਥਮੀ ਪ੍ਰਗਟਾਨੀ॥

ਆਪ ਤੇਜਵਾਇ ਮਹੀ ਅਕਾਸ॥ ਪਾਚ ਤਤ ਇਹੁ ਭਏ ਪ੍ਰਕਾਸ॥9॥

ਸਬਦ ਸਪਰਸ ਰੂਪ ਰਸ ਗੰਧ॥ ਇਹੁ ਤਨੁ ਮਾਤ੍ਰਾ ਇਨ ਕੀ ਸੰਧ॥

ਇਕ ਇਕ ਕੀ ਪਰਕਿਰਤੀ ਜਾਨ॥ ਪਾਚ ਪਾਚ ਹੈ ਜਾਨ ਮਹਾਨ॥10॥

ਇਕ ਇਕ ਤਤ ਕੇ ਦੁਇ ਦੁਇ ਭਾਗ॥ ਕੀਨੇ ਆਪ ਸੁ ਹਰਿ ਬਡਿਭਾਗ॥

ਇਕ ਇਕ ਭਾਗ ਤਹ ਰਹਯੋ ਕਿਨਾਰ॥ ਇਕ ਇਕ ਕੇ ਪੁਨਿ ਕੀਨੇ ਚਾਰ॥11॥

ਜੋ ਜੋ ਅੰਸ ਮਿਲਿਉ ਜਿਸ ਮਾਹਿ॥ ਸੋ ਸੋ ਦਯੋ ਮਿਲਾਇ ਸੁ ਤਾਹਿ॥

ਬੈਰ ਭਾਵ ਤਿਨ ਕਾ ਮਿਟਿ ਗਯੋ॥ ਪੁਨਿ ਤਿਨ ਤੇ ਇਕ ਅੰਡਾ ਭਯੋ॥12॥[107]

---

[106] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1669.

ਇਹ ਅੰਡਾ ਨਿਤਾਪ੍ਰਤਿ ਵਡਾ ਹੋਣਾ ਸ਼ੁਰੂ ਹੋ ਗਿਆ ਅਤੇ ਜਦ ਇਹ ਪੂਰਨ ਰੂਪ ਵਿਚ ਪਰਿਪਕ ਹੋ ਗਿਆ ਫਿਰ ਵਾਯੂ ਦੇ ਵੇਗ ਨਾਲ ਇਸ ਦੇ ਦੋ ਹਿਸੇ ਹੋ ਗਏ ਜਿਸ ਤੋਂ ਜਗਤ ਅਤੇ ਜਲ ਦਾ ਪ੍ਰਵਾਹ ਵਹਿ ਤੁਰਿਆ। ਯਥਾ-

ਨਿਤ ਪ੍ਰਤਿ ਬਢਨਿ ਸੁ ਲਾਗੁਯੋ ਅੰਡ॥ ਹਰਿ ਪ੍ਰਭ ਸਤਾ ਆਹਿ ਅਖੰਡ॥

ਪਰਪਕ ਅੰਡ ਯੋ ਜਬ ਸੋਇ॥ ਪਵਨ ਬੇਗ ਭਯੇ ਖੰਡ ਸੁ ਦੋਇ॥13॥

ਤਿਸ ਤੇ ਨਿਕਲੀ ਜਗ ਕੀ ਖਾਨ॥ ਬਹੁਰਿ ਜਲੁ ਸਾਈ ਠਾਰਾਨ॥

ਹਰਿ ਪ੍ਰਭ ਲੀਲਾ ਲਖੀ ਨ ਜਾਇ॥ ਆਪ ਸੁ ਜਲੁ ਸਾਈ ਭੇਟੇ ਆਇ॥14॥[108]

ਉਸ ਜਲ ਵਿਚ ਕਮਲ ਦੀ ਉਤਪਤੀ ਹੋਈ ਤੇ ਫਿਰ ਬ੍ਰਹਮਾ ਦੀ। ਬ੍ਰਹਮਾ ਉਸ ਦੀ ਨਾਭਿ ਵਿਚ ਅੰਤ ਜਾਨਣ ਲਈ ਬਹੁਤ ਸਾਲ ਭ੍ਰਮਦਾ ਰਿਹਾ। ਸ਼ਿਵ ਤੇ ਵਿਸ਼ਨੂੰ ਦੀ ਉਤਪਤੀ ਹੋਣ 'ਤੇ ਉਹ ਵੀ ਨਾਭਿ ਦਾ ਅਨੰਤ ਭਾਲਦੇ ਭ੍ਰਮਦੇ ਥਕ ਗਏ ਅਤੇ ਫਿਰ ਉਨ੍ਹਾਂ ਨੇ ਸਾਜਣ ਵਾਲੇ ਦੀ ਕੋਟਿ-ਕੋਟਿ ਉਸਤਤੀ ਕੀਤੀ-

ਤਾਸ ਨਾਭਿ ਤੇ ਕਮਲਿਕ ਭਯੋ॥ ਕਮਲ ਨਾਲ ਤੇ ਅਜ ਭਵ ਲਯੋ॥

ਅਜ ਮਨ ਮਾਹਿ ਬਿਚਾਰ ਪਕਾਯੋ॥ ਮੈ ਕਹ ਰਹਯੋ ਕਹਾ ਤੇ ਆਯੋ॥15॥

ਅਬ ਲਗੁ ਮੈ ਕਹ ਰਹਯੋ ਮਹਾਨ॥ ਦੇਖੋ ਮੈ ਅਪਨਾ ਅਸਥਾਨ॥

ਇਉ ਬਿਚਾਰ ਤਿਨ ਮਨ ਮੈ ਕਯੋ॥ ਬਹੁਰਿ ਨਾਭਿ ਕਾ ਰਸਤਾ ਲਯੋ॥16॥

ਦੋਹਰਾ॥

ਖੋਜਨ ਗਯੋ ਸੁ ਨਾਭ ਕੋ ਅੰਤ ਨ ਆਯੋ ਤਾਹਿ॥

ਬੀਤੇ ਬਰਸਿ ਅਨੇਕ ਤਹ ਫਿਰਤ ਨਾਭ ਕੇ ਮਾਹਿ॥17॥

ਚੌਪਈ॥

---

[107] ਉਹੀ, ਪਤਰਾ 1007-08.

[108] ਉਹੀ.

ਬਿਸਨੁ ਸਿਵ ਪੁਨਿ ਉਤਿਪਤਿ ਭਏ॥ ਸੋ ਭੀ ਤਿਸ ਕੋ ਖੋਜਨ ਗਏ॥

ਬਰਸਿ ਅਨੇਕ ਫਿਰੇ ਤਿਸ ਮਾਹਿ॥ ਅੰਤ ਨਾਲ ਕਾ ਆਯੋ ਨਾਹਿ॥18॥

ਲਖ ਬਿਅੰਤ ਤਿਨਿ ਸੀਸ ਨਿਵਾਏ॥ ਤਿਨੋ ਫਿਰਿ ਪੁਨਿ ਊਪਰਿ ਆਏ॥

ਊਪਰਿ ਆਇ ਕਰੀ ਪਰਸੰਸਾ॥ ਹੇ ਪ੍ਰਭ ਪੂਰਨ ਅਨਭਵ ਬੰਸਾ॥19॥

ਤੁਮਰੀ ਗਤਿ ਮਿਤਿ ਲਖੀ ਨ ਜਾਇ॥ ਤੂੰ ਬਿਅੰਤ ਤਵ ਅੰਤ ਨ ਆਇ॥

ਅਸਤੁਤਿ ਕਰਤਿ ਭਏ ਲੈ ਲੀਨ॥ ਜਲੁ ਸਾਈ ਪੁਨਿ ਆਗਯਾ ਕੀਨ॥20॥[109]

ਇਸ ਤਰ੍ਹਾਂ ਕਰਤਾਰ ਨੇ ਮਹਾ ਸ਼ਕਤੀ ਨੂੰ ਆਦੇਸ਼ ਦਿਤਾ ਕਿ ਉਹ ਅਪਣੇ ਤਿੰਨ ਸਰੂਪ ਪ੍ਰਗਟ ਕਰੇ, ਉਸ ਨੇ ਲਛਮੀ, ਸਵਿਤਰੀ ਅਤੇ ਪਾਰਬਤੀ ਦੇ ਸਰੂਪ ਬਣਾ ਲਏ। ਇਸ ਪ੍ਰਕਾਰ ਤਿੰਨਾ ਪੁਰਖਾਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਨਾਲ ਇਨ੍ਹਾਂ ਦਾ ਵਿਆਹ ਕਰ ਦਿਤਾ ਅਤੇ ਇਨ੍ਹਾਂ ਦਾ ਕੰਮ- ਬ੍ਰਹਮਾ ਦਾ ਸ੍ਰਿਸ਼ਟੀ ਰਚਣਾ, ਵਿਸ਼ਨੂੰ ਦਾ ਪਾਲਣ ਕਰਨਾ ਅਤੇ ਸ਼ਿਵ ਦਾ ਵਿਨਾਸ਼ ਕਰਨਾ ਨਿਸ਼ਚਿਤ ਕਰ ਦਿਤਾ-

ਮਹਾ ਸਕਤਿ ਕੋ ਆਗਿਆ ਕੀਨੀ ਹਰਿ ਕਰਤਾਰ॥

ਤੀਨ ਸਰੂਪ ਸੁ ਧਾਰ ਕਰਿ ਆਵਹੁ ਬਾਹਰਿ ਵਾਰ॥21॥

ਲਖਮੀ ਅਉਰ ਸਵਿਤਰੀ ਪਾਰਬਤੀ ਪੁਨਿ ਜਾਨ॥

ਤਿਸੀ ਨਾਲ ਤੇ ਭਈ ਸੋ ਤੀਨੋ ਸਕਤਿ ਮਹਾਨ॥22॥

ਚੌਪਈ॥

ਇਉ ਤ੍ਰੈ ਪੁਰਖੁ ਤੀਨ ਹੀ ਨਾਰ॥ ਉਤਪਤਿ ਕਰੇ ਸੁ ਹਰਿ ਕਰਤਾਰ॥

ਉਸ ਕੀ ਉਸ ਕੋ ਦਈ ਬਿਵਾਹਿ॥ ਏਹੁ ਚਲਾਯੋ ਭਗਵਤਿ ਰਾਹਿ॥23॥

ਤੀਨੋ ਕੋ ਤਿਨ ਕਾਮ ਬਤਾਏ॥ ਸਰਵਨਿ ਕਰੋ ਸੁ ਤੁਮ ਮਨ ਲਾਏ॥

ਬ੍ਰਹਮਾ ਰਚੈ ਬਿਸਨੁ ਪ੍ਰਤਿਪਾਰੇ॥ ਸਿਵ ਸਭ ਕੋ ਪਰਲੈ ਕਰਿ ਡਾਰੇ॥24॥[110]

---

[109] ਉਹੀ.

[110] ਉਹੀ.

ਕਵੀ ਅਨੁਸਾਰ ਇਸ ਪ੍ਰਕਾਰ ਪ੍ਰਿਥਵੀ ਦੀ ਰਚਨਾ ਕੀਤੀ ਗਈ ਤੇ ਇਸ ਦਾ ਅਕਾਰ 56 ਕਰੋੜ ਜੋਜਨ ਹੈ-

ਕਰਿ ਸੰਖੇਪ ਕਹਯੋ ਹਮ ਏਹੁ॥ ਯਾਹਿ ਬਿਖੈ ਕਛੁ ਨਾਹਿ ਸੰਦੇਹੁ॥

ਇਉ ਪਿਰਥਮਿ ਹਰਿ ਮਹੀ ਸਵਾਰੀ॥ ਛਪਨਿ ਕੋਟਿ ਸੁ ਜੋਜਨ ਸਾਰੀ॥25॥[111]

ਸੋ ਉਪਰੋਕਤ ਪ੍ਰਿਥਵੀ ਦੀ ਰਚਨਾ ਦੇ ਕਿਆਸ ਦਾ ਅਧਾਰ ਵੇਦਾਂਤਿਕ ਦ੍ਰਿਸ਼ਟੀਕੋਣ ਤੋਂ ਹੈ, ਸੋ ਇਸ ਤੋਂ ਕਵੀ ਉਪਰ ਵੇਦਾਂਤ ਦਾ ਪ੍ਰਭਾਵ ਸਾਫ ਨਜ਼ਰ ਪੈਂਦਾ ਹੈ।

ਉਪਰੋਕਤ ਵਿਚਾਰਾਂ ਦੇ ਸਨਮੁਖ *ਗੁਰੂ ਗ੍ਰੰਥ ਸੰਕੇਤ ਕੋਸ਼* ਵਿਚ ਬ੍ਰਹਿਮੰਡ ਬਾਰੇ ਇਹ ਵਿਚਾਰ ਅੰਕਿਤ ਕੀਤੇ ਗਏ ਹਨ-

*ਬ੍ਰਹਿਮੰਡ ਦੇ ਅਰਥ ਹਨ ਬ੍ਰਹਮ ਦਾ ਅੰਡਾ ਅਰਥਾਤ ਗੋਲਾਕਾਰ ਪ੍ਰਿਥਵੀ। ਮਨੂ ਸਿਮ੍ਰਿਤੀ ਤੇ ਪੁਰਾਣਾਂ ਵਿਚ ਕਥਾ ਹੈ ਕਿ ਜਗਤ ਰਚਨਾ ਤੋਂ ਪਹਿਲਾਂ ਇਕ ਸੋਨੇ ਰੰਗਾ ਅੰਡਾ ਪੈਦਾ ਹੋਇਆ ਜੋ ਹਜ਼ਾਰ ਵਰ੍ਹੇ ਪਿਛੋਂ ਫੁੱਟ ਕੇ ਦੋ ਟੋਟੇ ਹੋ ਗਿਆ ਜਿਸ ਤੋਂ ਸੱਤ ਉਪਰਲੇ ਤੇ ਸੱਤ ਹੇਠਲੇ ਲੋਕ ਬਣੇ। ਸੱਤ ਆਕਾਸ਼ ਇਹ ਹਨ-*

*ਭੂਰ, ਭੁਵਰ, ਸੁਵਰ, ਮਹਰ, ਜਨ, ਤਪ, ਸਤ ਤੇ ਸੱਤ ਪਾਤਾਲ ਇਹ ਹਨ - ਅਤਲ, ਬਿਤਲ, ਸੁਤਲ, ਤਲਾਤਲ, ਰਸਾਤਲ, ਮਹਾਂਤਲ, ਪਾਤਾਲ।*

*ਧਰਤੀ ਦਾ ਚੌਥਾ ਹਿੱਸਾ ਖ਼ੁਸ਼ਕ ਤੇ ਬਾਕੀ ਪਾਣੀ ਹੈ। ਇਹ ਸਾਰਾ ਖੇਤਰ ਉੱਨੀ ਕਰੋੜ ਸੱਤਰ ਲੱਖ ਵਰਗ ਮੀਲ ਹੈ।*[112]

ਇਸ ਤਰ੍ਹਾਂ ਕਵੀ ਨੇ ਜੋ ਵਿਚਾਰ ਪ੍ਰਗਟ ਕੀਤੇ ਹਨ ਉਹ ਸ੍ਵੈ -ਪ੍ਰਮਾਣਿਤ ਹਨ ਕਿ ਇਨ੍ਹਾਂ ਦਾ ਅਧਾਰ ਵੇਦਾਂਗ ਵਾਲਾ ਹੈ। ਵਿਚਾਰਾਧੀਨ ਕ੍ਰਿਤੀ ਵਿਚ ਸਤਿਗੁਨ , ਰਜਗੁਨ ਅਤੇ ਤਮਗੁਨ ਤੋਂ ਜਗਤ ਦੇ ਨਿਰਮਿਤ ਹੋਣ ਦਾ ਦ੍ਰਿਸ਼ਟਾਂਤ ਵੀ ਵੇਦਾਂਤ ਦੀ ਅਨੁਭੂਤੀ ਦਾ ਅਭਾਸ ਕਰਵਾਉਂਦਾ ਹੈ-

---

[111] ਉਹੀ, ਪਤਰਾ 1008.

[112] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 218-19.

ਤੀਨ ਭਾਗ ਸੁ ਆਪੇ ਭਈ॥ ਸਭਿ ਸ੍ਰਿਸਟੀ ਤਿਸਨੈ ਨਿਰਮਈ॥

ਸਤਿਗੁਨਿ ਰਜਗੁਨਿ ਤਮਗੁਨਿ ਤੀਨ॥ ਤ੍ਰਿਬਿਧ ਜਗਤਿ ਰਚਿਯੋ ਪਰਬੀਨ॥32॥[113]

ਉਪਰੋਕਤ ਵਿਚਾਰਾਂ ਤੋਂ ਸ੍ਵੈ-ਪ੍ਰਮਾਣਿਤ ਹੋ ਜਾਂਦਾ ਹੈ ਕਿ ਕਵੀ ਨੇ ਸ੍ਰਿਸ਼ਟੀ ਦੀ ਰਚਨਾ ਨੂੰ ਵੇਦਾਂਤਿਕ ਰੰਗਣ ਅਨੁਸਾਰ ਪ੍ਰਸਤੁਤ ਕਰਨ ਦਾ ਪ੍ਰਯਤਨ ਕੀਤਾ ਹੈ।

**ਇਸਲਾਮਕ ਦ੍ਰਿਸ਼ਟੀਕੋਣ**

ਸਾਮੀ ਧਰਮਾਂ ਦੀ ਸ੍ਰਿਸ਼ਟੀ ਰਚਨਾ ਸੰਬੰਧੀ ਸਮਾਨਤਾ ਹੋਣ ਕਰਕੇ ਇਸਲਾਮ ਵਿਚ ਵੀ ਯਹੋਵਾਹ ਪਰਮੇਸ਼ਵਰ ਦੁਆਰਾ ਆਦਮ ਅਤੇ ਹਵਾ ਦੀ ਸਾਰੇ ਸੰਤਾਨ ਹੋਣਾ ਪ੍ਰਵਾਨਿਆ ਹੈ। ਕਵੀ ਨੇ ਇਸਲਾਮਿਕ ਧਰਮ ਗ੍ਰੰਥਾਂ ਦਾ ਹਵਾਲਾ ਦੇ ਕੇ ਸਰਵ-ਪ੍ਰਥਮ ਅਲਾਹ ਦਾ ਹੋਣਾ ਨਿਯਤ ਕੀਤਾ ਹੈ, ਜਿਸ ਤੋਂ ਨੂਰ ਉਪਜਿਆ, ਫਰਿਸ਼ਤੇ ਉਪਜੇ-

ਵਿਚ ਹਦੀਸਾ ਜੋ ਲਿਖਾ ਤਿਸ ਦਾ ਸੁਣੋ ਬਿਆਨ॥

ਅਬਲ ਏਕ ਖੁਦਾਇ ਸਾ ਸਿਰਜਿਆ ਤਿਸ ਜਹਾਨ॥6॥

ਨੂਰੋ ਕੀਏ ਫਰੇਸਤੇ ਕੀਤੋ ਹੁਕਮ ਖੁਦਾਇ॥

ਲਿਆਵਉ ਮਿਟੀ ਜਾਇਕੈ ਹਕਤਾਲਾ ਫੁਰਮਾਇ॥7॥[114]

ਮਕੇਸ੍ਵਰ ਖੰਡ ਵਿਚ ਹੀ ਵਿਚਾਰਾਧੀਨ ਕ੍ਰਿਤੀ ਵਿਚ ਇਸਲਾਮਿਕ ਯੁਕਤੀਆਂ ਦੀ ਵਿਚਾਰ ਕੀਤੀ ਗਈ ਹੈ। ਜਿਸ ਵਿਚ ਸਰਵ -ਪ੍ਰਥਮ ਅਲਾਹ ਦੀ ਹੋਂਦ ਨੂੰ ਨਿਰਸੰਸੇ ਸਹਿਤ ਪ੍ਰਵਾਨਿਤ ਕਰਕੇ ਉਸਤੋਂ ਕੁਦਰਤਿ ਦਾ ਰਚਿਤ ਹੋਣਾ ਸੰਕਿਲਤ ਹੈ-

ਅਬਲ ਸੁ ਏਕ ਖੁਦਾਇ ਦੂਸਰੀ ਕੁਦਰਤਿ ਕਹਯੈ॥

ਸਚੁ ਪਰਿ ਜਿਨਾ ਯਕੀਨ ਤੀਸਰੇ ਫਕਰ ਸੁ ਹਯੈ॥[115]

---

[113] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1641.

[114] ਉਹੀ, ਪਤਰਾ 939.

[115] ਉਹੀ.

ਕਵੀ ਦਾ ਇਸਲਾਮਿਕ ਯੁਕਤੀਆਂ ਰਾਹੀਂ ਸ੍ਰਿਸ਼ਟੀ ਰਚਨਾ ਦੀ ਵਿਚਾਰ ਕਰਦਿਆਂ ਖ਼ੁਦਾ ਦਾ ਸਭ ਤੋਂ ਪਹਿਲਾਂ ਵਿਦਮਾਨਿਤ ਹੋਣਾ ਕ੍ਰਿਤੀ ਵਿਚ ਸੰਕਲਿਤ ਹੈ , ਜਿਸ ਤੋਂ ਸਾਰੀ ਕਾਇਨਾਤ ਸਜਿਤ ਹੋ ਕੇ ਸਕ੍ਰਿਯ ਹੋਈ-

ਅੱਬਲ ਏਕ ਖੁਦਾਇਸਾ ਦੂਜਾ ਅਵਰ ਨ ਕੋਇ॥

ਬਹੁਰਿ ਖੁਦਾਇ ਨੈ ਕੁਦਰਤਿ ਸਾਜੀ ਦੂਜੀ ਸੋਇ॥67॥[116]

ਸਾਮੀ ਧਰਮਾਂ ਦੀ ਧਾਰਨਾ ਅਨੁਸਾਰ ਮਕੇਸੂਰ ਖੰਡ ਵਿਚ ਕਾਜੀਆਂ ਨੂੰ ਉਪਦੇਸ਼ ਦਿੰਦੇ ਹੋਏ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸਭ ਤੋਂ ਪਹਿਲਾਂ ਇਕ ਖ਼ੁਦਾ ਸੀ, ਜੋ ਕਾਲ ਰਹਿਤ ਸੀ। ਖ਼ੁਦਾ ਸ੍ਵੈ-ਸੰਕੁਚਿਤ ਸੀ ਜਿਸ ਤੋਂ ਨੂਰ ਨਿਰਮਿਤ ਹੋਇਆ ਤੇ ਫਿਰ ਖਾਕ ਦਾ ਬੁਤ ਬਣਾਇਆ-

ਆਖੈ ਨਾਨਕ ਸਾਹਿ ਜੀ ਸਚੁ ਸੁਣਹੋ ਚਾਰ ਇਮਾਮ॥

ਅਵਲ ਸਾਹਿਬ ਆਪ ਸੀ ਹੋਰ ਨ ਦੂਜਾ ਜਾਣ॥

ਬੇਨਮੂਨ ਬੇਚਗੂਨ ਹੈ ਜਨਮ ਮਰਨ ਵਿਚਿ ਨਾਹਿ॥

ਇਕੋ ਇਕ ਖੁਦਾਇ ਸੀ ਹੋ ਰਮਿਆ ਸਭਣਾ ਮਾਹਿ॥

ਨਾ ਤਦਿ ਬਾਅਦ ਨ ਆਪਸੀ ਨਾ ਤਦਿ ਗਨ ਨ ਖਾਕ॥

ਸਾਹਿਬੁ ਅਪਣੇ ਖਿਆਲ ਤੇ ਲੀਤ ਸੁ ਨੂਰੁ ਜਗਾਇ॥

ਨੂਰਹੁ ਉਪਜੀ ਬਾਅਦ ਫਿਰ ਬਾਅਦਹੁ ਆਬ ਉਪਾਇ॥

ਆਬਹੁ ਆਤਸ ਉਪਜੀ ਆਤਸ ਤੇ ਫਿਰ ਖਾਕ॥

ਖਾਕੀ ਬੁਤ ਬਣਾਇਆ ਨਾਉ ਧਰਿਆ ਆਦਮ ਪਾਕ॥

ਅਵਲ ਖੁਦ ਖੁਦਾਇ ਸੀ ਕੁਦਰਤਿ ਨੂਰ ਕਹਾਇ॥[117]

[116] ਉਹੀ, ਪਤਰਾ 934.

[117] ਉਹੀ, ਪਤਰਾ 958.

ਉਸ ਦਾ ਨਾਮ ਆਦਮ ਰਖਿਆ ਅਤੇ ਫਿਰ ਨਾਰੀ ਬਣਾਈ ਜਿਸ ਦਾ ਨਾਮ ਹਵਾ ਰਖਿਆ ਗਿਆ ਇਸ ਤਰ੍ਹਾਂ ਕਵੀ ਨੇ ਸ੍ਰਿਸ਼ਟੀ ਦਾ ਆਰੰਭਿਤ ਹੋਣਾ ਸਵੀਕ੍ਰਿਤ ਕੀਤਾ ਹੈ। ਯਥਾ-

ਕੁਦਰਤਿ ਸਿਰਜੇ ਆਦਮੁ ਹਵਾਇ॥ ਤਿਨ ਭੀ ਕੀਤਾ ਬਹੁਤਾ ਦਵਾਇ॥

ਸਾਤ ਚੀਜਿ ਜਿਨ ਮਿਲੀ ਵਕਾਈ॥ ਸੋ ਭੀ ਮਉਤੇ ਕੀਏ ਫਨਾਹੀ॥2॥[118]

ਉਪਰੋਕਤ ਅੰਕਿਤ ਕਥਨਾਂ ਤੋਂ ਸ੍ਵੈ-ਸਿਧ ਹੋ ਜਾਂਦਾ ਹੈ ਕਿ ਕਵੀ ਨੇ ਇਸਲਾਮਿਕ ਦ੍ਰਿਸ਼ਟੀਕੋਣ ਤੋਂ ਸ੍ਰਿਸ਼ਟੀ ਦੇ ਆਰੰਭ ਨੂੰ ਵੀ ਸਵੀਕ੍ਰਿਤ ਕੀਤਾ ਹੈ।

**ਗੁਰਮਤਿ ਦ੍ਰਿਸ਼ਟੀਕੋਣ**

ਕਵੀ ਨੇ ਗੁਰਮਤਿ ਦੇ ਸਿਧਾਂਤ ਨੂੰ ਦ੍ਰਿਸ਼ਟੀ-ਗੋਚਰੇ ਰਖ ਕੇ ਸ੍ਰਿਸ਼ਟੀ ਰਚਨਾ ਨੂੰ ਫੁਰਨਾ ਦਸਦਿਆਂ ਇਕ ਤੋਂ ਅਨੇਕ ਹੋਣਾ ਪ੍ਰਮਾਣੀਕ ਕੀਤਾ ਹੈ, ਜਿਸ ਵਿਚੋਂ ਮਾਇਆ ਪੈਦਾ ਹੋਈ ਅਤੇ ਉਸ ਨੇ ਸਾਰੇ ਪਸਾਰੇ ਨੂੰ ਪਸਾਰਿਆ-

ਯੌਂ ਫੁਰਨਾ ਫੁਰਿਯੋ ਉਰ ਮਾਹਿ॥ ਏਕਹੁ ਬਹੁਤਿ ਹੁਵੋ ਮੈ ਤਾਹਿ॥

ਤਿਸ ਫੁਰਨੇ ਕੋ ਮਾਯਾ ਕਹਯੈ॥ ਤਿਸ ਤੇ ਏਹੁ ਵਿਸ੍ਵ ਸਭਿ ਪਯੈ॥16॥[119]

ਗੁਰਮਤਿ ਅਨੁਸਾਰ ਪਰਮਾਤਮਾ ਹੀ ਸ੍ਰਿਸ਼ਟੀ ਦੀ ਰਚਨਾ ਬਾਰੇ ਜਾਣ ਸਕਦਾ ਹੈ, ਜਿਸ ਨੂੰ ਗੁਰਬਾਣੀ ਨੇ *ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ* ਕਹਿ ਕੇ ਨਿਰਣੈ ਕੀਤਾ ਹੈ । ਗੁਰਮਤਿ ਦ੍ਰਿਸ਼ਟੀਕੋਣ ਤੋਂ ਕਵੀ ਨੇ ਉਤਪਤਿ-ਮੂਲ ਦੀ ਸਰਵ-ਸ੍ਰੇਸ਼ਠਤਾ ਅਤੇ ਜਗਤ ਵਿਚਕਾਰ ਅਭਿੰਨਤਾ ਦੇ ਵਿਚਾਰ ਨੂੰ ਬਰਕਰਾਰ ਰਖਿਆ ਹੈ-

ਜਗ ਕਾ ਕਾਰਨ ਬ੍ਰਹਮ ਸੁ ਹਯੈ॥ ਤਿਸ ਤੇ ਭਿੰਨ ਨਹੀ ਕੁਊ ਪਯੈ॥

ਰੂਪ ਰੰਗ ਫਿਰਿ ਕਹ ਤੇ ਆਏ॥ ਕਾਰਨ ਕੇ ਕਾਰਜ ਮੈ ਜਾਏ॥76॥[120]

---

[118] ਉਹੀ, ਪਤਰਾ 1448-49.

[119] ਉਹੀ, ਪਤਰਾ 1151.

[120] ਉਹੀ, ਪਤਰਾ 1064.

ਗੁਰਮਤਿ ਦੀ ਭਾਂਤਿ *ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ* ਅਨੁਸਾਰ ਕਵੀ ਵੀ ਸ੍ਰਿਸ਼ਟੀ ਰਚਨਾ ਨੂੰ ਅਨਕਿ ਵਿਧੀਆਂ ਦੁਆਰਾ ਸਜਿਤ ਹੋਇਆ ਪ੍ਰਵਾਨਿਤ ਕਰਕੇ ਉਨ੍ਹਾਂ ਦੀ ਪਾਲਣਾ ਤੇ ਲੀਨਤਾ ਬਾਰੇ ਦਸਣ ਦਾ ਪ੍ਰਯਤਨ ਕਰਦਾ ਹੈ-

ਸਭ ਗੁਣ ਮਈ ਸੁ ਹੈ ਪਰਧਆਨੇ॥ ਗੁਣਿ ਖੋਭਣੀ ਬੇਦ ਬਖਾਨੇ॥

ਬਿਬਿਧ ਪ੍ਰਕਾਰ ਸ੍ਰਿਸਟਿ ਰਚ ਧਰੇ॥ ਉਤਿ ਪਤਿ ਪਾਲਨ ਪਰਲੈ ਕਰੇ॥23॥[121]

ਜਗਤ ਦੀ ਉਤਪਤੀ ਤੋਂ ਪਾਲਣ ਤੀਕ ਸਾਰੇ ਕਰਮਾਂ ਦਾ ਚਾਲਕ ਪਰਮਾਤਮਾ ਹੈ, ਜਿਸ ਕਰਕੇ ਸਰਬ-ਹੋਂਦ ਸੰਭਵ ਹੈ। ਇਸ ਲਈ ਸਿੰਗਲਾਦੀਪ ਵਿਚ ਗੁਰੂ ਜੀ ਉਸ ਦੀ ਭਗਤੀ ਦੀ ਮੰਗ ਕਰਦੇ ਹਨ-

ਜਿਸ ਤੇ ਇਹੁ ਜਗ ਪਰਗਟਿ ਹੋਇ॥ ਅਰੁ ਸਭਿ ਕੋ ਪ੍ਰਤਿਪਾਲੈ ਜੋਇ॥

ਸਭਿ ਇੰਦ੍ਰਯ ਕਾ ਚਾਲਕ ਜੋਊ॥ ਨਾਨਕ ਕਹੈ ਰਾਮ ਹੈ ਸੋਊ॥65॥[122]

ਪਰਮ ਪੁਰਖੁ ਪਰਮਾਤਮਾ ਹੈ ਸਭਿ ਵਿਸ੍ਵ ਅਧਾਰ॥

ਭਗਤੀ ਹਮ ਕੋ ਦੀਜੀਐ ਜਿਸ ਤੇ ਹੋਇ ਉਧਾਰ॥ 57॥[123]

ਪਰਮਸਤ ਦੀ ਵਿਚਾਰ ਵਿਚ ਅਸੀਂ ਸਮੀਖਿਆ ਕੀਤੀ ਹੈ ਕਿ ਸਰਵ-ਪ੍ਰਥਮ ਪਰਮਾਤਮਾ ਨਿਰਗੁਣ ਅਵਸਥਾ ਵਿਚ ਸੀ, ਜਿਸ ਨੂੰ ਅਫੁਰ ਅਵਸਥਾ ਵੀ ਕਿਹਾ ਹੈ। ਫਿਰ ਫੁਰਨੇ ਤੋਂ ਸਰਗੁਣ ਅਵਸਥਾ ਵਿਚ ਰੂਪਾਂਤਰਨ ਹੋਇਆ ਜਿਸ ਨੂੰ ਅਸੀਂ ਜਗਤ ਕਹਿੰਦੇ ਹਾਂ। ਉਸ ਫੁਰਨੇ ਦਾ ਕਿਸੇ ਨੂੰ ਵੀ ਕੋਈ ਅਨੁਭਵ ਨਹੀਂ ਹੈ ਅਤੇ ਨਾ ਹੀ ਕੋਈ ਜਾਣ ਸਕਦਾ ਹੈ, ਕਿਉਂਕਿ ਨਿਰਗੁਣ/ਸਰਗੁਣ ਅਲੇਖਣੀਯ ਹੈ। ਯਥਾ-

ਨਿਰਗੁਣਿ ਤੇ ਜੋ ਭਯੋ ਸਫੁਰਨਿ॥ ਸਰਗੁਨਿ ਵਹੀ ਪਛਾਨੋ ਸੁਰਨਿ॥

ਨਿਰਗੁਨਿ ਤੇ ਫੁਰਨਾ ਭਯੋ ਜਬੈ॥ ਪਰ ਕਛੁ ਊਨ ਨ ਭਯੋ ਸੁ ਤਬੈ॥30॥

---

[121] ਉਹੀ, ਪਤਰਾ 837.

[122] ਉਹੀ, ਪਤਰਾ 818.

[123] ਉਹੀ, ਪਤਰਾ 1371.

ਫੁਰਨੇ ਕਾ ਕਛੁ ਰੂਪ ਨ ਰੇਖ॥ ਵਹੀ ਸੁ ਨਿਰਗੁਨਿ ਜਾਨ ਅਲੇਖ॥[124]

ਵਿਚਾਰਾਧੀਨ ਕ੍ਰਿਤੀ ਵਿਚ ਇਸ ਨੂੰ ਮਕੜੀ ਦਾ ਦ੍ਰਿਸ਼ਟਾਂਤ ਦੇ ਕੇ ਵੀ ਅੰਕਿਤ ਕੀਤਾ ਹੈ, ਕਿ ਜਿਵੇਂ ਇਕ ਮਕੜੀ ਆਪਣੇ ਅੰਦਰੋਂ ਹੀ ਤੰਤ ਕਢਦੀ ਹੈ ਉਸੇ ਭਾਂਤਿ ਪਰਮਾਤਮਾ ਨੇ ਵੀ ਜਗਤ ਰੂਪੀ ਤੰਤ ਬਾਹਰ ਕਢੇ ਅਤੇ ਸਾਰਾ ਕੁਝ ਸਕ੍ਰਿਯ ਹੋ ਗਿਆ। ਇਹ ਸਾਰਾ ਖੇਲ ਉਸ ਦੀ ਨਿਜ-ਇਛਾ ਕਰਕੇ ਹੀ ਉਪਜਿਆ ਹੈ ਜਿਸ ਦੇ ਰੋਮ-ਰੋਮ ਵਿਚ ਅਨੰਤ ਸ੍ਰਿਸ਼ਟੀਆਂ ਦਾ ਪ੍ਰਵਾਹ ਚਲਣ ਕਰਕੇ ਇਹ ਵੀ ਅਲੇਖਣੀਯ ਹੈ-

ਛੋਡਿ ਸਮਾਧਿ ਸਿਰੀ ਹਰਿ ਸੋਇ॥ ਨਿਜ ਇਛਾ ਕਰਿ ਸਾਵਧਿ ਹੋਇ॥

ਉਰਤੇ ਮਕਰੀ ਤੰਤੂ ਜੈਸੇ॥ ਕਾਢਤਿ ਹੈ ਹਰਿ ਜਾਨਹੁ ਤੈਸੇ॥45॥

ਨਿਜ ਇਛਾ ਤੇ ਸ੍ਰਿਸਟ ਉਪਾਵੈ॥ ਤਿਨ ਸ੍ਰਿਸੀਟ ਕਾ ਅੰਤ ਨਾ ਆਵੈ॥

ਹਰਿ ਕੇ ਇਕ ਇਕ ਰੋਮ ਮਝਾਰੇ॥ ਅਨਿਕ ਸ੍ਰਿਸਟੀ ਭਰੀ ਉਦਾਰੇ॥46॥[125]

ਕਵੀ ਭਲੀ-ਭਾਂਤਿ ਜਾਣੂੰ ਹੈ ਕਿ ਅਭਲਾਸ਼ੀ ਨੂੰ ਇਹ ਭ੍ਰਾਂਤੀ ਹੋ ਜਾਵੇਗੀ ਕਿ ਮਕੜੀ ਤੇ ਉਸ ਦੇ ਤੰਤਾਂ ਦੀ ਹੋਂਦ ਦ੍ਵੈਤ ਨੂੰ ਜਨਮ ਦਿੰਦੀ ਹੈ ਭਾਵ ਸਧਾਰਨ ਪਾਠਕ ਸਮਝੇਗਾ ਕਿ ਜੇ ਪਰਮਾਤਮਾ ਮਕੜੀ ਦੀ ਭਾਂਤਿ ਤੰਤ ਉਤਪੰਨ ਕਰਦਾ ਹੈ ਤਾਂ ਦੋਨਾਂ ਦੀ ਹੋਂਦ ਵੀ ਵਖਰੀ ਭਾਸਦੀ ਹੈ। ਇਸ ਲਈ ਕਵੀ ਨੇ ਸੁਮੇਰ ਖੰਡ ਵਿਚ ਹੀ ਉਪਰੋਕਤ ਤੋਂ ਪਹਿਲਾਂ ਇਹ ਨਿਰਣੈ ਕਰ ਦਿਤਾ ਸੀ ਕਿ ਪਰਮਾਤਮਾ ਇਸ ਤਰ੍ਹਾਂ ਜਗਤ ਵਿਚ ਵਿਦਮਾਨ ਹੈ ਜਿਵੇਂ ਲਕੜ ਵਿਚ ਅਗਨੀ, ਦੁਧ ਵਿਚ ਘਿਓ ਅਤੇ ਮਹਿੰਦੀ ਵਿਚ ਰੰਗ। ਇਸ ਭਾਂਤਿ ਕਿਸੇ ਪ੍ਰਕਾਰ ਦੀ ਦ੍ਵੈਤ ਭਾਵਨਾ ਇਨ੍ਹਾਂ ਵਿਚੋਂ ਉਤਪੰਨ ਨਹੀਂ ਹੁੰਦੀ-

ਬਿਆਪਕ ਬ੍ਰਹਮ ਜਗਤਿ ਕੇ ਮਾਹਿ॥ ਅਗਨਿ ਕਾਠ ਵਤਿ ਸੰਸੈ ਨਾਹਿ॥

ਤਿਲ ਮੈ ਤੇਲ ਦੂਧ ਮੈ ਤੂਪ॥ ਮਹਦੀ ਮੈ ਰੰਗ ਭਯੁ ਇਕ ਰੂਪ॥56॥

ਤੈਸੇ ਬ੍ਰਹਮ ਚਰਾਚਰ ਮਾਹਿ॥ ਬਿਯਾਪ ਰਹੁਉ ਪਰ ਦੀਸੈ ਨਾਹਿ॥[126]

---

[124] ਉਹੀ, ਪਤਰਾ 846.

[125] ਉਹੀ, ਪਤਰਾ 1046.

[126] ਉਹੀ, ਪਤਰਾ 1024.

ਰਾਮੇਸਰ ਖੰਡ ਵਿਚ ਕਵੀ ਨੇ ਇਸ ਦੀ ਪ੍ਰੋੜਤਾ ਕਰਦਿਆਂ ਕਿਹਾ ਹੈ ਕਿ ਉਤਪਤਿ-ਮੂਲ ਤੇ ਜਗਤ ਵਿਚ ਕਿਸੇ ਪ੍ਰਕਾਰ ਦੀ ਵੀ ਦ੍ਵੈਤ ਨਹੀਂ, ਸਗੋਂ ਅਭਿੰਨ ਅਤੇ ਇਕ ਰੂਪ ਦੀ ਏਕਤਾ ਵਿਦਮਾਨ ਹੈ-

ਵਿਸ੍ਰ ਬ੍ਰਹਮ ਕਾ ਏਕਤਾ ਆਹਿ ਦ੍ਵੈਤਿ ਨਹਿ ਕਾਇ॥

ਵਿਸ੍ਰ ਬ੍ਰਹਮ ਤੇ ਭਿੰਨ ਨਹਿ ਏਕ ਰੂਪ ਦੁਇ ਸਾਇ॥1॥[127]

ਵਿਚਾਰਾਧੀਨ ਕ੍ਰਿਤੀ ਵਿਚ ਸ੍ਰਿਸ਼ਟੀ ਨੂੰ ਕਲਪਿਤ ਮੰਨਦੇ ਹੋਏ ਸਤਯ ਸਵੀਕ੍ਰਿਤ ਕੀਤਾ ਹੈ। ਕਿਉਂਕਿ ਨਿਰਸੰਦੇਹ ਪਾਠਕ ਦੇ ਮਨ ਵਿਚ ਇਹ ਪ੍ਰਸ਼ਨ ਪੈਦਾ ਹੋਣਾ ਸੀ ਕਿ ਕੀ ਜਗਤ ਕਲਪਨਾ/ਝੂਠ ਹੈ ਜਾਂ ਸਤਯ? ਸ਼ਾਰੀਰਕ-ਸਤਰ 'ਤੇ ਜੀਣ ਵਾਲਾ ਮਨੁਖ ਇਸ ਨੂੰ ਚਿਰ-ਸਥਾਈ ਮੰਨ ਬੈਠਦਾ ਹੈ, ਇਸ ਲਈ ਕਵੀ ਨੇ ਜਗਤ ਨੂੰ ਕਲਪਿਤ ਕਹਿ ਕੇ ਉਸ ਨੂੰ ਅਸਥਿਰਤਾ ਅਤੇ ਨਾਸ਼ਮਾਨਤਾ ਦੀ ਸਮ੍ਰਿਤੀ ਕਰਵਾਈ ਹੈ-

ਵਿੱਸ੍ਰ ਚਰਾਚਰਿ ਹਯੈ ਜੇਤੀ॥ ਜਾਨੇ ਸੁਤ ਸਮ ਜੰਨ ਸੁ ਤੇਤੀ॥

ਵਿੱਸ੍ਰ ਬ੍ਰਹਮ ਤੇ ਉਤਪਤਿ ਹੋਈ॥ ਪਰ ਕਲਪਤਿ ਵਿਸ੍ਰ ਸੱਤਿ ਨ ਕੋਈ॥6॥[128]

ਚਰਚਿਤ ਵਿਚਾਰ ਵਿਚ ਉਪਰੋਕਤ ਸਤਰਾਂ ਇਕ ਸਥਾਨ 'ਤੇ ਭ੍ਰਾਂਤੀ ਪੈਦਾ ਕਰਦੀਆਂ ਦਿਸ ਰਹੀਆਂ ਹਨ ਕਿ *ਕਲਪਿਤ ਮੰਨਦੇ ਹੋਏ ਸਤਯ* ਇਹ ਕਿਵੇਂ ਸੰਭਵ ਹੈ? ਇਥੇ ਕਹਿਣ ਤੋਂ ਭਾਵ ਹੈ ਕਿ ਜੋ ਮਨੁਖ ਸ਼ਾਰੀਰਕ-ਸਤਰ 'ਤੇ ਜੀਅ ਰਿਹਾ ਹੈ ਉਸ ਲਈ ਜਗਤ ਕਲਪਿਤ/ਝੂਠ ਹੈ ਅਤੇ ਜਿਸ ਨੇ ਸਰੀਰ ਅਸਥਾਈ ਮੰਨ ਕੇ ਅਧਿਆਤਮਕ-ਪਧਰ ਉਤੇ ਵਿਚਰਣ ਆਰੰਭ ਕਰ ਦਿਤਾ, ਉਸ ਲਈ ਸਤਯ ਹੈ। ਇਸ ਨੂੰ ਹੋਰ ਸਰਲ ਕਰਨ ਹਿਤ ਇਤਨੀ ਕੁ ਵਿਚਾਰ ਕਾਫੀ ਹੈ ਕਿ ਪਰਮਾਤਮਾ ਸਤਯ ਹੈ ਅਤੇ ਉਸ ਦਾ ਸਰਗੁਣ ਸਰੂਪ ਜਗਤ ਹੈ, ਇਸ ਲਈ ਜਗਤ ਦਾ ਸਤਯ ਹੋਣਾ ਸ੍ਵੈ-ਪ੍ਰਮਾਣਤਿ ਹੋ ਜਾਂਦਾ ਹੈ। ਜਗਤ ਤੇ ਪਰਮਾਤਮਾ ਵਿਚ ਕੋਈ ਭਿੰਨਤਾ ਨਹੀਂ ਹੈ-

ਇਹੁ ਵਿਸ੍ਰ ਬ੍ਰਹਮ ਹੀ ਹਯੈ॥ ਬ੍ਰਹਮ ਤੇ ਭਿੰਨ ਵਿਸ੍ਰ ਨਹਿ ਕਹਯੈ॥

ਤਉ ਇਸ ਵਿਸ੍ਰ ਵਿਖੈ ਮਨ ਲਾਇ॥ ਸਹਜਿ ਹੀ ਮੁਕਤਿ ਜੀਵ ਇਹੁ ਪਾਇ॥4॥[129]

---

[127] ਉਹੀ, ਪਤਰਾ 1149.

[128] ਉਹੀ, ਪਤਰਾ 201.

[129] ਉਹੀ, ਪਤਰਾ 1149.

ਗੁਰਮਤਿ ਦਾ ਨਿਰਣੈ ਮਨੁਖਾ ਦੇਹੀ ਗੋਬਿੰਦ ਨੂੰ ਮਿਲਣ ਲਈ ਹੀ ਹੈ।[130] ਇਸ ਨਿਰਣੈ ਤੋਂ ਦੋ ਵਿਚਾਰ ਸ੍ਵੈ-ਅਨੁਮਾਨਿਤ ਹੁੰਦੇ ਹਨ, ਕਿ ਪਰਮਾਤਮਾ ਨੂੰ ਮਿਲਣ ਲਈ- 1.ਮਨੁਖਾ ਦੇਹੀ 2.ਜਗਤ ਦਾ ਹੋਣਾ ਅਤਿ-ਆਵਸ਼ਕ ਹੈ, ਕਿਉਂਕਿ ਜੇ ਜਗਤ ਹੋਵੇਗਾ ਤਾਂ ਹੀ ਮਨੁਖ ਦੀ ਹੋਂਦ ਸੰਭਵ ਹੋ ਸਕਦੀ ਹੈ। ਹੁਣ ਧਿਆਨ ਨਾਲ ਕਵੀ ਦੀਆਂ ਉਪਰੋਕਤ ਸਤਰਾਂ ਨੂੰ ਵਾਚੀਏ- *ਤਉ ਇਸ ਵਿਸ੍ਵ ਵਿਖੈ ਮਨ ਲਾਇ॥ ਸਹਜਿ ਹੀ ਮੁਕਤਿ ਜੀਵ ਇਹੁ ਪਾਇ॥* ਸਧਾਰਨ ਪਾਠਕ ਇਥੇ ਟਪਲਾ ਖਾ ਜਾਵੇਗਾ ਕਿ ਮਨ ਜਗਤ ਵਿਚ ਲਗਾਉਣਾ ਹੈ, ਜਿਸ ਨਾਲ ਮੁਕਤੀ ਦੀ ਪ੍ਰਾਪਤੀ ਹੋਵੇਗੀ, ਪਰ ਇਸਦਾ ਭਾਵ ਇਤਨਾ ਨਹੀਂ ਹੈ। ਹਕੀਕਤ ਵਿਚ ਕਵੀ ਇਹ ਕਹਿ ਰਿਹਾ ਹੈ ਕਿ ਜਗਤ ਪਰਮਾਤਮਾ ਦਾ ਸਰੂਪ ਹੈ ਅਤੇ ਇਹ ਹੀ ਉਹ ਸਥਾਨ ਹੈ, ਜਿਥੇ ਮਨੁਖ ਨੂੰ ਜੀਵਨ ਮੁਕਤੀ ਮਿਲਣੀ ਹੈ। ਨਿਮਨਾਂਕਿਤ ਸਤਰਾਂ ਵਿਚ ਕਵੀ ਨੇ ਮਨੁਖਾ ਦੇਹੀ ਦੀ ਸ੍ਰੇਸ਼ਠਤਾ ਨੂੰ ਦਰਸਾ ਕੇ ਇਸ ਵਿਚਾਰ ਉਤੇ ਮੋਹਰ ਲਗਾ ਦਿਤੀ ਹੈ-

ਹਮਨੈ ਉਤਿਪਤਿ ਕੀਉ ਪ੍ਰਾਨੀ ॥ ਇਸ ਹੀ ਖਾਤਰਿ ਸੋਇ ਬਿਨਾਨੀ॥
ਮਾਨੁਖ ਦੇਹਿ ਵਿਖੈ ਮੁਹਿ ਪਾਵੈ॥ ਅਵਰ ਜੂਨਿ ਮੈ ਆਵੈ ਜਾਵੈ॥30॥
ਮੋ ਮਿਲਿਨੇ ਕਾ ਕਰੈ ਉਪਾਇ॥ ਤਬ ਮੈ ਇਸਕੀ ਕਰੋਂ ਸਹਾਇ॥
ਦੁਰਲਭ ਮਾਨੁਖ ਦੇਹਿ ਉਦਾਰੇ॥ ਨਾਹਿ ਮਿਲੈ ਇਹੁ ਬਾਰਮਬਾਰੇ॥31॥
ਮੋਹਿ ਦਯਾ ਤੇ ਦੇਹਿ ਸੁ ਪਾਈ॥ ਬਿਰਥੀ ਤਾਹਿ ਨ ਖੋਵੇ ਭਾਈ॥[131]

ਅੰਤ ਵਿਚ ਕਵੀ ਨੇ ਇਹ ਵੀ ਨਿਰਣੈ ਕਰਦਿਆਂ ਕਿਹਾ ਹੈ ਕਿ ਇਸ ਅਭੇਦਤਾ ਦਾ ਮਾਤਰ ਗਿਆਨਮਈ ਦ੍ਰਿਸ਼ਟੀ ਨਾਲ ਹੀ ਅਭਾਸ ਹੋ ਸਕਦਾ ਹੈ-

ਨਾਮ ਰੂਪ ਇਹੁ ਵਿਸੁ ਸੁ ਜੇਤੀ॥ ਬ੍ਰਹਮ ਰੂਪ ਦੇਖੈ ਸਭ ਤੇਤੀ॥
ਵਿਸੁ ਬ੍ਰਹਮ ਤੇ ਭਿੰਨ ਨ ਹਯੈ॥ ਗਜਾਨ ਦ੍ਰਿਸਟਿ ਕਰਿ ਜਬ ਹੀ ਲਹਯੈ॥108॥[132]

---

[130] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 12-

ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

[131] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 110.

[132] ਉਹੀ, ਪਤਰਾ 320.

ਇਸ ਤਰ੍ਹਾਂ ਵਿਚਾਰਾਧੀਨ ਕ੍ਰਿਤੀ ਵਿਚ ਸ੍ਰਿਸ਼ਟੀ ਰਚਨਾ ਬਾਰੇ ਇਹ ਵਿਚਾਰ- ਸ੍ਰਿਸ਼ਟੀ ਦਾ ਬ੍ਰਹਮ ਵਿਚੋਂ ਪੈਦਾ ਹੋਣਾ ਜਾਂ ਨਿਰਗੁਣ ਦਾ ਸਰਗੁਣ ਸਰੂਪ ਧਾਰਨ ਕਰਨਾ, ਜਗਤ ਅਤੇ ਪਰਮਾਤਮਾ ਦੀ ਅਭੇਦਤਾ, ਜਗਤ ਦਾ ਸਤਯ ਰੂਪ ਇਤਿਆਦਿਕ ਸੰਕਲਨ ਕਵੀ ਦਾ ਗੁਰਮਤਿ ਪ੍ਰਤਿ ਨਿਹਚੇ ਨੂੰ ਸਾਬਿਤ ਕਰਨ ਦਾ ਪ੍ਰਯਤਨ ਹੈ।

ਉਪਰੋਕਤ ਵਿਚਾਰਾਂ ਨੂੰ ਸਨਮੁਖ ਰਖ ਕੇ ਇਹ ਨਿਰਣੈ ਕੀਤਾ ਜਾ ਸਕਦਾ ਹੈ ਕਿ ਕਵੀ ਨੇ ਸ੍ਰਿਸ਼ਟੀ ਰਚਨਾ ਦਾ ਅਧਾਰ, ਪ੍ਰਚਲਿਤ ਰੂੜ੍ਹੀਵਾਦੀ ਪਰੰਪਰਾਵਾਂ ਨੂੰ ਬਣਾਇਆ ਹੈ। ਇੰਞ ਜਾਪਦਾ ਹੈ ਕਿ ਕ੍ਰਿਤੀ ਵਿਚ ਜੇਕਰ ਵੇਦਾਂਤ ਦੀ ਵਿਚਾਰ ਚਲ ਰਹੀ ਹੈ ਉਥੇ ਕਵੀ ਨੇ ਵੇਦਾਂਤਿਕ, ਜਿਥੇ ਇਸਲਾਮ ਦੀ ਉਥੇ ਇਸਲਾਮਿਕ ਅਤੇ ਜਿਥੇ ਗੁਰਮਤਿ ਦੀ ਉਥੇ ਗੁਰਮਤਿ ਦੇ ਅਨੁਸਾਰ ਵਿਚਾਰ ਪ੍ਰਸਤੁਤ ਕਰ ਦਿਤੇ। ਨਿਰਣਾਇਕ ਦ੍ਰਿਸ਼ਟੀ ਤੋਂ ਅਸੀਂ ਕਹਿ ਸਕਦੇ ਹਾਂ ਕਿ ਕ੍ਰਿਤੀ ਵਿਚ ਸ੍ਰਿਸ਼ਟੀ ਦੀ ਰਚਨਾ ਬਾਰੇ ਅਨਿਕ ਵਿਧੀਆਂ ਦੀ ਵਿਚਾਰ ਜਿਥੇ ਇਸਦੀ ਗੁਰਮਤਿ ਨਾਲ ਨੇੜਤਾ ਨੂੰ ਸਿਧ ਕਰਦੀ ਹੈ ਉਥੇ ਇਸਨੂੰ ਵਿਗਿਆਨਕ-ਯੁਕਤੀਆਂ ਦੇ ਸਮੀਪ ਵੀ ਲਿਆਉਂਦੀ ਹੈ।

**ਸ੍ਰਿਸ਼ਟੀ ਦਾ ਆਕਾਰ**

ਸ੍ਰਿਸ਼ਟੀ ਰਚਨਾ ਤੋਂ ਬਾਅਦ ਇਕ ਅਹਿਮ ਪ੍ਰਸ਼ਨ ਧਾਰਮਿਕ ਸਮੁਦਾਇ ਦੇ ਅਗੇ ਇਹ ਸੀ ਕਿ ਇਸ ਦਾ ਪਸਾਰਾ ਕਿਤਨਾ ਵਡਾ ਹੈ ਭਾਵ ਅਕਾਰ ਕੀ ਹੈ? ਕਵੀ ਨੇ ਇਸ ਦਾ ਨਿਰਣੈ ਕਰਨ ਦਾ ਪ੍ਰਯਤਨ ਗੁਰਮਤਿ ਅਧਾਰਿਤ ਕੀਤਾ ਹੈ। ਗੁਰਮਤਿ ਵਿਚ ਅਨੰਤ ਖੰਡ, ਪਤਾਲ[133], ਕੋਟਿ ਅਕਾਸ[134], ਕੋਟਿ ਬ੍ਰਹਿਮੰਡ[135] ਦਸੇ ਹਨ। ਵਿਚਾਰਾਧੀਨ ਕ੍ਰਿਤੀ ਵਿਚ ਵੀ ਪਰਮਾਤਮਾ ਦੇ ਰੋਮ ਰੋਮ ਵਿਚ ਅਨੰਤ ਬ੍ਰਹਿਮੰਡ ਹੋਣ ਨੂੰ ਸਵੀਕ੍ਰਿਤ ਕਰਕੇ ਗੁਰਬਾਣੀ ਦੀ ਪ੍ਰੋੜ੍ਹਤਾ ਕੀਤੀ ਹੈ-

---

[133] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1283-

ਖੰਡ ਪਤਾਲ ਅਸੰਖ ਮੈ ਗਣਤ ਨ ਹੋਈ॥

[134] ਉਹੀ, ਪੰਨਾ 5-

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥

[135] ਉਹੀ, ਪੰਨਾ 276-

ਭਗਵਤਿ ਗੁੱਲਰ ਪੇਡ ਸਮ ਫਲੁ ਸਮ ਬਹੁ ਬ੍ਰਹਮੰਡ॥

ਭਗਵਤਿ ਕੇ ਇਕ ਰੋਮ ਮੈ ਕਈ ਖੰਡ ਬ੍ਰਹਮੰਡ॥36॥[136]

ਪਰਮਾਤਮਾ ਨੂੰ ਇਕ ਰੁਖ ਦੇ ਰੂਪ ਵਿਚ ਦਰਸਾ ਕੇ ਕਵੀ ਨੇ ਪ੍ਰਯਤਨ ਕੀਤਾ ਹੈ ਕਿ ਅਨੰਤ ਬ੍ਰਹਿਮੰਡ ਉਸ ਦੇ ਫਲ ਦੀ ਭਾਂਤਿ ਹਨ। ਜੋ ਕਿ ਉਸ ਦੀ ਨਿਜ-ਇਛਾ ਵਿਚੋਂ ਉਪਜੇ ਹਨ, ਇਸ ਦਾ ਕੋਈ ਅੰਤ ਨਹੀਂ ਪਾਇਆ ਜਾ ਸਕਦਾ-

ਨਿਜ ਇਛਾ ਤੇ ਸ੍ਰਿਸਟ ਉਪਾਵੈ॥ ਤਿਨ ਸ੍ਰਿਸਟੀ ਕਾ ਅੰਤ ਨਾ ਆਵੈ॥

ਹਰਿ ਕੇ ਇਕ ਇਕ ਰੋਮ ਮਝਾਰੇ॥ ਅਨਿਕ ਸ੍ਰਿਸਟੀ ਭਰੀ ਉਦਾਰੇ॥46॥[137]

ਕਵੀ ਨੇ ਸ੍ਰਿਸ਼ਟੀ ਨੂੰ ਅਨੰਤ ਕਿਹਾ ਹੈ, ਪਰਮਾਤਮਾ ਦੇ ਰੋਮ-ਰੋਮ ਵਿਚ ਅਨੇਕਾਂ ਹੀ ਬ੍ਰਹਿਮੰਡ ਸਮਾਏ ਹੋਏ ਦਸੇ ਹਨ, ਇਸ ਦੀ ਇਕ ਉਦਾਹਰਨ ਸੁਮੇਰ ਖੰਡ ਵਿਚ ਦੇਖਣ ਨੂੰ ਮਿਲਦੀ ਹੈ। ਜਿਸ ਤੋਂ ਸਹਿਜ ਹੀ ਸ੍ਰਿਸ਼ਟੀ ਦੀ ਅਸੀਮਤਾ ਦੀ ਅਨੁਭੂਤੀ ਹੋ ਜਾਂਦੀ ਹੈ। ਬਾਲਾ ਗੁਰੂ ਜੀ ਨੂੰ ਅਭਿਲਾਸ਼ੀ ਦੇ ਰੂਪ ਵਿਚ ਪੁਛਦਾ ਹੈ ਕਿ ਅਕਾਸ਼ ਦਾ ਕੋਈ ਅਨੁਮਾਨ ਲਗਾਇਆ ਜਾ ਸਕਦਾ ਹੈ?

ਬਾਲੈ ਭਾਖਿਉ ਗੁਰੂ ਮਹਾਨ॥ ਕਛੁ ਨਭ ਕਾ ਭੀ ਹੈ ਪਰਮਾਨ॥

ਸਤਿਗੁਰ ਕਹਯੋ ਸੁਨੋ ਸੁਖਦਾਈ॥ ਸਰਵਨਿ ਕਰੋ ਤਾਹਿ ਮਨ ਲਾਈ॥62॥[138]

ਕਵੀ ਇਸ ਦਾ ਉਤਰ ਗੁਰੂ ਜੀ ਦੁਆਰਾ ਦਿੰਦਾ ਹੋਇਆ ਕਹਿੰਦਾ ਹੈ ਕਿ ਪ੍ਰਿਥਵੀ ਤੋਂ ਅਕਾਸ਼ ਦੀ ਦੂਰੀ ਚੌਂਤੀ ਪਰਬ, ਉਨਤਰ ਅਰਬ, ਅਠਤਾਲੀ ਨੀਲ, ਪਚਾਨਵੇ ਪਦਮ, ਸਤਰ ਕਰੋੜ, ਪੈਹਠ ਲਖ, ਪਚਾਨਵੇਂ ਹਜ਼ਾਰ, ਪੰਜ ਸੌ ਜੋਜਨ ਹੈ। ਇਸ ਤੋਂ ਅਗੇ ਪਰਮਾਤਮਾ ਜਾਣਦਾ ਹੈ। ਇਸ ਤਰ੍ਹਾਂ ਇਕ ਗਿਣਤੀ ਦਸ ਕੇ ਕਵੀ ਨੇ ਸ੍ਰਿਸ਼ਟੀ ਨੂੰ ਅਸੀਮ ਦਸਣ ਦਾ ਸਫਲ ਯਤਨ ਕੀਤਾ ਹੈ-

ਚੁਉਤੀ ਬਾਲਾ ਜਾਨੋ ਪਰਬ 34॥ ਬਹੁਰਿ ਉਣਤਰਿ ਜਾਨੋ ਅਰਬ 69॥

---

ਕਈ ਕੋਟਿ ਅਕਾਸ ਬ੍ਰਹਮੰਡ॥

[136] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੁਦਨ, ਪਤਰਾ 894.

[137] ਉਹੀ, ਪਤਰਾ 1046.

[138] ਉਹੀ, ਪਤਰਾ 1010.

ਅਠਤਾਲੀ ਪੁਨਿ ਨੀਲ ਪਛਾਨ 48॥ ਪੁਨਿ ਪਚਾਨਵੈ ਪਦਮ ਮਹਾਨ 95॥63॥

ਸਤਰ ਕਰੋੜਂ ਪੈਹਠਿ ਲਾਖ॥ ਇਹੁ ਗਨਤੀ ਤੂੰ ਮਨ ਮੈ ਰਾਖ॥

ਪੁਨਿ ਪਚਾਨਵੈ ਜਾਨ ਹਜ਼ਾਰ 95॥

ਬਹੁਰਿ ਪਾਚ ਸੈ ਜਾਨ ਉਦਾਰ॥64॥ 34,69,48,85,70,65,95,500॥

ਦੋਹਰਾ॥

ਛਿਤ ਅਕਾਸ ਕਾ ਅੰਤਰਾ ਇਤਿਨੇ ਜੋਜਨ ਜਾਨ॥

ਆਗੇ ਕੀ ਗਤਿ ਅਗਮ ਹੈ ਜਾਨੈ ਗੁਰ ਭਗਵਾਨ॥65॥[139]

ਵਾਸਤਵ ਵਿਚ ਕਵੀ ਨੇ ਇਹ ਪ੍ਰਮਾਣਿਤ ਕੀਤਾ ਹੈ ਕਿ ਅਨੇਕਾਂ ਹੀ ਬ੍ਰਹਿਮੰਡ, ਅਕਾਸ਼, ਪਤਾਲ, ਬ੍ਰਹਮਾ, ਵਿਸ਼ਨੂੰ, ਮਹੇਸ਼ ਇਤਿਆਦਿਕ ਸ੍ਰਿਸ਼ਟੀ ਵਿਚ ਵਿਦਮਾਨ ਹਨ। ਸ੍ਰਿਸ਼ਟੀ ਦੀ ਵਿਸ਼ਾਲਤਾ ਨੂੰ ਬਿਆਨਦਿਆਂ ਕ੍ਰਿਤ ਵਿਚ ਇਥੋਂ ਤੀਕ ਸਵੀਕ੍ਰਿਤ ਕੀਤਾ ਹੈ ਕਿ ਅਸੀਮ ਸ੍ਰਿਸ਼ਟੀ ਵਿਚ ਜਦੋਂ ਕਿਸੇ ਬ੍ਰਹਿਮੰਡ ‘ਤੇ ਪ੍ਰਲਯ ਆਉਂਦੀ ਹੈ ਤਾਂ ਦੂਜੇ ਬ੍ਰਹਿਮੰਡ ਨੂੰ ਗਿਆਤ ਵੀ ਨਹੀਂ ਹੁੰਦਾ। ਭਾਵ ਅਨੇਕਾਂ ਹੀ ਬ੍ਰਹਿਮੰਡ ਵਿਦਮਾਨ ਹਨ, ਯਥਾ-

ਹਰਿ ਕੇ ਇਕ ਇਕ ਰੋਮ ਮਝਾਰੀ॥ ਭਰੇ ਕੋਟਿ ਬ੍ਰਹਮੰਡ ਉਦਾਰੀ॥

ਕਈ ਬੇਦ ਪੁਨਿ ਕਈ ਉਤਾਰ॥ ਰਿਖ ਮੁਨਿ ਕਾ ਕਛੁ ਅੰਤ ਨ ਪਾਰ॥29॥

ਬ੍ਰਹਮਾ ਬਿਸਨ ਮਹੇਸ ਅਨੇਕ॥ ਇਕ ਇਕ ਰੋਮ ਵਿਖੈ ਵਹਿ ਏਕ॥

ਇਕ ਬ੍ਰਹਮੰਡ ਪ੍ਰਲੈ ਜਬ ਹੋਇ॥ ਮਾਲਮ ਹੋਇ ਨ ਦੂਜੇ ਸੋਇ॥30॥

ਤਿਸ ਹਰਿ ਕਾ ਕਛੁ ਅੰਤ ਨ ਪਾਰ॥ ਤਹਾ ਜਾਇ ਕਿਆ ਕਰੋ ਉਦਾਰ॥

ਈਹਾਂ ਰਹੋ ਹਮਾਰੇ ਪਾਸ॥ ਤਹਾਂ ਜਾਣ ਕੀ ਛੋਡੋ ਆਸ॥31॥[140]

---

[139] ਉਹੀ, ਪਤਰਾ 1010.

[140] ਉਹੀ, ਪਤਰਾ 1041.

ਸ੍ਰਿਸ਼ਟੀ ਦੇ ਅਕਾਰ ਦੀ ਵਿਚਾਰ ਕਵੀ ਨੇ ਬਹੁਤ ਹੀ ਸੰਖਿਪਤ ਕੀਤੀ ਹੈ ਪਰ ਅਸੀਂ ਕਹਿ ਸਕਦੇ ਹਾਂ ਕਿ ਇਹ ਇਕ ਸਫਲ ਯਤਨ ਹੈ। ਨਿਰਸੰਦੇਹ ਕਵੀ ਦੇ ਦ੍ਰਿਸ਼ਟੀਕੋਣ ਤੋਂ ਬ੍ਰਹਿਮੰਡ ਬਾਰੇ ਅਨੁਭੂਤੀ ਅਜ ਦੀਆਂ ਵਿਗਿਆਨਕ ਯੁਕਤੀਆਂ ਅਨੁਸਾਰ ਸਹੀ ਜਾਪਦੀ ਹੈ। ਦੂਰੀ ਦੇ ਅਨੁਮਾਨ ਵਿਚ ਸ਼ੰਕੇ ਹਨ ਪਰ ਬ੍ਰਹਿਮੰਡ ਦੀ ਅਸੀਮਤਾ ਨੂੰ ਵਿਗਿਆਨ ਨੇ ਵੀ ਸਵੀਕ੍ਰਿਤ ਕੀਤਾ ਹੈ, ਜੋ ਕਿ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਨਵੀਨ ਚਾਨਣਾ ਪਾਉਂਦੀ ਨਜ਼ਰ ਆਉਂਦੀ ਹੈ।

**ਸ੍ਰਿਸ਼ਟੀ ਦਾ ਆਧਾਰ**

ਖੋਜ ਕਾਰਜ ਦੀ ਸਰਲਤਾ ਲਈ ਵਰਗੀਕ੍ਰਿਤ ਅਨੁਸਾਰ ਹੁਣ ਅਸੀਂ ਵਿਚਾਰ ਕਰਨੀ ਹੈ ਕਿ ਪ੍ਰਿਥਵੀ/ਬ੍ਰਹਿਮੰਡ/ਜਗਤ/ ਇਤਿਆਦਿਕ ਦਾ ਆਧਾਰ ਕੀ ਹੈ ਭਾਵ ਕਿਸ ਦੇ ਆਸਰੇ ਇਹ ਸਾਰਾ ਕੁਝ ਖੜ੍ਹਾ ਹੈ। ਕਵੀ ਨੇ ਪ੍ਰਿਥਵੀ ਦਾ ਅਧਾਰ ਦਾ ਚਲੰਤ ਰੂੜ੍ਹੀਵਾਦੀ ਵਿਚਾਰਾਂ ਨੂੰ ਬਣਾਇਆ ਹੈ, ਪਰ ਪ੍ਰਗਟਾਵੇ ਵਿਚ ਨਵੀਨਤਾ ਦੀ ਵਰਤੋਂ ਕੀਤੀ ਹੈ। ਕ੍ਰਿਤ ਵਿਚ ਇਹ ਭਲੀ-ਭਾਂਤਿ ਪ੍ਰਮਾਣਿਤ ਕੀਤਾ ਗਿਆ ਹੈ ਕਿ ਵਿਸ਼ਵ ਦਾ ਆਧਾਰ ਪਰਮਾਤਮਾ ਹੈ-

ਪਰਮ ਪੁਰਖੁ ਪਰਮਾਤਮਾ ਹੈ ਸਭਿ ਵਿਸ੍ਵ ਅਧਾਰ॥

ਭਗਤੀ ਹਮ ਕੋ ਦੀਜੀਐ ਜਿਸ ਤੇ ਹੋਇ ਉਧਾਰ॥ 57॥[141]

ਕਵੀ ਜੜ੍/ਚੇਤਨ ਦਾ ਅਧਾਰ ਪਰਮ-ਪੁਰਖ਼ ਨੂੰ ਮੰਨਦਾ ਹੋਇਆ ਸਾਰਿਆਂ ਵਿਚ ਵਿਆਪਕ ਦਰਸਾ ਕੇ ਪਾਲਣਹਾਰਾ ਵੀ ਦਸਦਾ ਹੈ। ਜਿਸ ਸਦਕਾ ਉਸੇ ਅਧਾਰਿਤ ਹੀ ਸਰਬ-ਪਾਲਣਾ ਹੋ ਰਹੀ ਹੈ-

ਜੜਿ ਚੇਤਨ ਇਹੁ ਵਿਸ ਸੁ ਜੇਤੀ॥ ਭਗਵਤਿ ਤੇ ਉਪਜੀ ਇਹੁ ਤੇਤੀ॥੫॥

ਸਭਿ ਜੀਵਨ ਮੈ ਬਿਯਾਪਕ ਸੋਇ॥ ਤਿਸ ਬਿਨੁ ਖਾਲੀ ਠਾਉਰ ਨ ਕੋਇ॥

ਸਭ ਕੀ ਆਪ ਕਰੈ ਪ੍ਰਤਿਪਾਰੇ॥ ਇਹ ਭੀ ਸਮਝੈ ਆਪ ਉਦਾਰੇ॥[142]

---

[141] ਉਹੀ, ਪਤਰਾ 1371.

[142] ਉਹੀ, ਪਤਰਾ 309.

ਸੰਕੀਰਣਤਾ ਦੀਆਂ ਹਦਾਂ ਟਪ ਕੇ ਪਰਮਾਤਮਾ ਨੂੰ ਸਰਬ-ਪਾਲਕ ਮੰਨਣਾ, ਜਿਥੇ ਕ੍ਰਿਤੀ ਨੂੰ ਵਿਗਿਆਨਕ ਯੁਕਤੀਆਂ ਦੇ ਨੇੜੇ ਲੈ ਕੇ ਆਉਂਦਾ ਹੈ, ਉਥੇ ਹੀ ਪਰੰਪਰਾਗਤ ਚਲੰਤ ਮਿਥਿਹਾਸਕ ਪ੍ਰਮਾਣਾਂ ਦੀ ਨਵੀਨਤਾ ਇਸ ਨੂੰ ਅਧੁਨਿਕਤਾ ਦੇ ਪ੍ਰਮਾਣੀਕ ਮਿਆਰਾਂ ਦੇ ਨੇੜੇ ਵੀ ਲੈ ਜਾਂਦੀ ਹੈ। ਸੁਮੇਰ ਖੰਡ ਵਿਚ ਪ੍ਰਿਥਵੀ ਦੇ ਅਧਾਰ ਬਾਰੇ ਸੰਸੇ ਨੂੰ ਨਿਵਿਰਤ ਕਰਦਿਆਂ ਕਛੂ ਦੀ ਪਿਠ 'ਤੇ ਵਿਦਮਾਨ ਹੋਣ ਨੂੰ ਸਵੀਕ੍ਰਿਤੀ ਦਿਤੀ ਹੈ। ਪਰ ਕਛੂ ਦਾ ਅਧਾਰ ਅਗਮ ਪ੍ਰਭੂ ਨੂੰ ਦਸਣਾ ਪਰੰਪਰਾਗਤ ਰੂੜ੍ਹੀਵਾਦੀ ਸਿਧਾਂਤਾ ਨੂੰ ਦਰੁਸਤ ਕਰਨ ਦਾ ਠੇਠ ਉਪਰਾਲਾ ਹੈ-

ਕੂਰਮ ਕਿਸ ਕੀ ਪੀਠ ਪਰ ਕਹੋ॥ ਹਮਰੇ ਮਨ ਕਾ ਸੰਸਾ ਦਹੋ॥

ਸੁਣਿ ਕਰਿ ਕਹਯੋ ਗੁਰੂ ਸੁਖਦਾਈ॥ ਪਰਸਨ ਭਲਾ ਕੀਉ ਤੈ ਭਾਈ॥56 ॥

ਦੋਹਰਾ॥

ਕੂਰਮ ਹੈ ਸੋ ਧਰਮ ਪਰ ਧਰਮ ਸੁ ਸਤਾ ਅਧਾਰ॥

ਸਤਾ ਸੋ ਹਰਿ ਪ੍ਰਭੂ ਕੀ ਹਰਿ ਪ੍ਰਭ ਅਗਮ ਅਪਾਰ॥57॥

ਹਰਿ ਸਤਾ ਕੈ ਆਸਰੈ ਕਈ ਕੋਟਿ ਬ੍ਰਹਮੰਡ॥

ਹਰਿ ਪ੍ਰਭ ਸਦਾ ਸੁਤੰਤਰੰ ਸਤਾ ਸਦਾ ਅਖੰਡ॥58॥[143]

ਕਵੀ ਪਾਰਬ੍ਰਹਮ/ਪਰਮੇਸ੍ਵਰ/ਪਰਮਾਤਮਾ/ਬ੍ਰਹਮ ਨੂੰ ਸ੍ਰਿਸ਼ਟੀ/ਬ੍ਰਹਿਮੰਡ/ਮਨੁਖ/ਪ੍ਰਿਥਵੀ ਇਤਿਆਦਿਕ ਸਰਬ-ਅਧਾਰਿਤ/ਸਰਬ-ਪਾਲਕ ਮੰਨਦਾ ਹੋਇਆ ਵਾਰ-ਵਾਰ ਨਮਸਕਾਰ ਕਰਦਿਆਂ ਉਸ ਦੀ ਵਿਦਮਾਨਤਾ ਨੂੰ ਅੰਦਰ ਬਾਹਰ ਸਵੀਕਾਰ ਕਰਦਾ ਹੈ। ਯਥਾ-

ਪਰਮੇਸ੍ਵਰ ਪਰਬ੍ਰਹਮ ਜੋ ਜੋ ਸਭਿ ਵਿਸ੍ਵ ਅਧਾਰ॥

ਮਨ ਬਾਣੀ ਬੁਧਿ ਤੇ ਪਰੇ ਤਾਹਿ ਨਮਾਮਿ ਹਮਾਰ॥1॥

ਅੰਤਰਿ ਬ੍ਰਹਮ ਸਰੂਪ ਜੋ ਬਾਹਰਿ ਸਤਿਗੁਰ ਰੂਪ॥

ਤਿਸ ਸਰੂਪ ਕੋ ਨਮਨਿ ਕਰਿ ਬਰਨੋ ਕਥਾ ਅਨੂਪ॥2॥[144]

---

[143] ਉਹੀ, ਪਤਰਾ 1009-10.

ਉਪਰੋਕਤ ਸਮੀਖਿਆ ਤੋਂ ਅਭਾਸ ਹੁੰਦਾ ਹੈ ਕਿ ਵਿਚਾਰਾਧੀਨ ਕ੍ਰਿਤੀ ਵਿਚ ਪਰਮਾਤਮਾ ਨੂੰ ਹੀ ਸਰਬ-ਪਾਲਕ ਦਸ ਕੇ ਸਰਬ-ਅਧਾਰ ਦਰਸਾਇਆ ਹੈ। ਇਸ ਨਾਲ ਕਵੀ ਨੇ ਪਰੰਪਰਾਗਤ ਰੂੜ੍ਹੀਵਾਦੀ ਪ੍ਰਮਾਣਾਂ ਦਾ ਨਵੀਨੀਕਰਨ ਕਰਨ ਦਾ ਵੀ ਸਫਲ ਉਪਰਾਲਾ ਕੀਤਾ ਹੈ। ਸੋ ਕਵੀ ਇਹ ਦਸਣ ਵਿਚ ਸਫਲ ਰਿਹਾ ਕਿ ਸ੍ਰਿਸ਼ਟੀ ਦਾ ਅਧਾਰ ਪਰਮਸਤਾ ਹੈ।

**ਸ੍ਰਿਸ਼ਟੀ ਦੀ ਲੀਨਤਾ**

ਧਾਰਮਿਕ ਸਮੁਦਾਇ ਦੇ ਗ੍ਰੰਥ ਇਸ ਵਿਚਾਰ ਨੂੰ ਵਾਰ-ਵਾਰ ਯਾਦ ਦਿਵਾਉਂਦੇ ਹਨ ਕਿ ਜਗਤ ਵਿਚ ਜੋ ਉਤਪੰਨ ਹੋਇਆ ਹੈ, ਉਹ ਨਸ਼ਟ ਵੀ ਜ਼ਰੂਰ ਹੋਵੇਗਾ। ਸਰਵ-ਪ੍ਰਥਮ ਇਹ ਵਿਚਾਰ ਕਰ ਲੈਣੀ ਉਚਿਤ ਰਹੇਗੀ ਕਿ ਕੀ ਲੀਨਤਾ, ਪ੍ਰਲਯ ਅਤੇ ਨਾਸ਼ਵਾਨਤਾ ਵਿਚ ਕੋਈ ਭਿੰਨਤਾ ਹੈ? ਸਧਾਰਨ ਪਾਠਕ ਆਮ ਤੌਰ 'ਤੇ ਇਨ੍ਹਾਂ ਨੂੰ ਇਕ ਹੀ ਸਮਝੇਗਾ। ਬਹੁਤੀ ਥਾਵਾਂ 'ਤੇ ਇਸ ਨੂੰ ਇਕ ਦੂਜੀ ਦੀ ਥਾਂ ਵਰਤਦਾ ਵੀ ਹੈ। ਇਸ ਦਾ ਨਿਰਣੈ ਕਰਨਾ ਵਿਚਾਰ ਲਈ ਅਤਿ ਜ਼ਰੂਰੀ ਹੈ।

ਵਿਚਾਰਾਧੀਨ ਕ੍ਰਿਤੀ ਵਿਚ ਸ੍ਰਿਸ਼ਟੀ ਦੇ ਅੰਤ ਦੀ ਪ੍ਰਸਥਿਤੀ ਪ੍ਰਗਟਾਉਣ ਲਈ ਜੋ ਸ਼ਬਦ ਵਰਤੇ ਹਨ ਉਹ ਹਨ ਲੀਨ ਜਾਂ ਪਰਲੈ। ਕਿਤੇ ਵੀ ਕਵੀ ਨੇ ਸ੍ਰਿਸ਼ਟੀ ਦੇ ਅੰਤ ਦੇ ਲਈ ਨਾਸ਼ਵਾਨ/ਨਸ਼ਵਰ ਇਤਿਆਦਿਕ ਪ੍ਰਯਾਯਵਾਚੀ ਸ਼ਬਦ ਨਹੀਂ ਵਰਤੇ। ਭਾਈ ਕਾਨ੍ਹ ਸਿੰਘ ਨਾਭਾ ਇਨ੍ਹਾਂ ਸ਼ਬਦਾਂ ਦੇ ਅਰਥ ਇਸ ਤਰ੍ਹਾਂ ਕਰਦੇ ਹਨ-

1) ਨਾਸ਼- ਨਾਸ਼, ਵਿਨਾਸ਼ ਜਾਂ ਤਬਾਹੀ।[145]

2) ਨਾਸ਼ਵਾਨ- ਨਾਸ਼ ਹੋਣ ਵਾਲਾ. ਅਨਿਤਜ।[146]

3) ਲੀਨ- ਮਿਲਿਆ ਹੋਇਆ।[147]

4) ਪਰਲਉ- ਲਯ (ਲੀਨ) ਹੋਣ ਦਾ ਭਾਵ। ਜਾਂ ਜਗਤ ਦੇ ਲਯ ਹੋਣ ਦੀ ਦਸ਼ਾ।[148]

---

[144] ਉਹੀ, ਪਤਰਾ 721.

[145] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 2422.

[146] ਉਹੀ, ਪੰਨਾ 2422.

[147] ਉਹੀ, ਪੰਨਾ 3740

5) ਪ੍ਰਲਯ- ਚੰਗੀ ਤਰ੍ਹਾਂ ਲੀਨ ਹੋਣਾ।[149]

ਉਪਰੋਕਤ ਅਰਥਾਂ ਤੋਂ ਇਹ ਸਿਧ ਹੋ ਜਾਂਦਾ ਹੈ ਕਿ ਸ੍ਰਿਸ਼ਟੀ ਬਾਰੇ ਨਾਸ਼/ਨਸ਼ਵਰ/ਨਾਸ਼ਵਾਤਾ ਇਤਿਆਦਿਕ ਸ਼ਬਦਾਂ ਦੀ ਵਰਤੋਂ ਕਰਨੀ ਅਗਿਆਨ-ਮੂਲ ਹੋਵੇਗੀ, ਕਿਉਂਕਿ ਸ੍ਰਿਸ਼ਟੀ ਦੀ ਰਚਨਾ ਨਿਰਗੁਣ ਦੀ ਸਰਗੁਣ ਅਵਸਥਾ ਹੈ ਅਤੇ ਨਿਰਗੁਣ/ਸਰਗੁਣ ਅਬਿਨਾਸ਼ੀ ਹੈ ।[150] ਸ੍ਰਿਸ਼ਟੀ ਦੇ ਅੰਤ ਬਾਰੇ ਲੀਨ/ਪ੍ਰਲਯ/ਪ੍ਰਲੈਅ/ਪਰਲਉ ਇਤਿਆਦਿਕ ਪ੍ਰਯਾਯਵਾਚੀ ਸ਼ਬਦਾਂ ਦੀ ਵਰਤੋਂ ਅਤਿ-ਉਚਿਤ ਹੈ। ਕ੍ਰਿਤੀ ਵਿਚ ਸ੍ਰਿਸ਼ਟੀ ਦੀ ਲੀਨਤਾ/ਪ੍ਰਲਯ ਦੀ ਵਿਚਾਰ ਵੀ ਸੰਖਿਪਤ ਰੂਪ ਵਿਚ ਅੰਕਿਤ ਕੀਤੀ ਹੈ। ਲੀਨਤਾ ਦੀ ਵਿਧੀ ਵੀ ਉਹੀ ਹੈ ਜੋ ਉਤਪਤੀ ਦੀ ਹੈ, ਅਜਿਹਾ ਦ੍ਰਿਸ਼ਟੀਕੋਣ ਕਵੀ ਦਾ ਹੈ-

ਜੈਸੇ ਉਪਜੈ ਵਿੱਸ੍ਵ ਇਹੁ ਤੈਸੇ ਹੋਵੈ ਲੀਨ॥

ਲੈ ਹ੍ਵੈ ਬਾਚੈ ਬ੍ਰਹਮ ਜੇ ਨਾਨਕ ਤਿਸ ਕੋ ਚੀਨ॥97॥[151]

ਕ੍ਰਿਤੀ ਵਿਚ ਸ੍ਰਿਸ਼ਟੀ ਦੀ ਲੀਨਤਾ ਨੂੰ ਵਾਰ-ਵਾਰ ਸਵੀਕ੍ਰਿਤ ਕੀਤਾ ਗਿਆ ਹੈ। ਲੀਨ ਕਿਸ ਵਿਚ ਹੋਣਾ ਹੈ? ਇਸ ਪ੍ਰਸ਼ਨ ਦਾ ਉਤਰ ਵੀ ਸਪਸ਼ਟ ਕਰਦਿਆਂ ਕਿਹਾ ਹੈ ਕਿ ਪਰਮਾਤਮਾ ਜਿਸ ਤੋਂ ਇਹ ਉਪਜੀ ਹੈ, ਉਸੇ ਵਿਚ ਹੀ ਹੋਣਾ ਨਿਯਤ ਹੈ। ਜਿਸ ਤਰ੍ਹਾਂ ਜਲ ਵਿਚ ਤਰੰਗਾਂ ਉਠ ਕੇ ਜਲ ਵਿਚ ਹੀ ਅਭੇਦ ਹੋ ਜਾਂਦੀਆਂ ਹਨ ਉਸੇ ਭਾਂਤਿ ਸ੍ਰਿਸ਼ਟੀ ਨੇ ਲੀਨ ਹੋਣਾ ਹੈ-

ਜੜਿ ਚੇਤਨ ਵਿਸੂ ਅਹੇ ਜਿਤਨੀ॥ ਪਰਮੇਸ੍ਵਰ ਤੇ ਉਪਜੀ ਤਿਤਨੀ॥

ਪਰਮੇਸ੍ਵਰ ਮੇ ਸੁਰ ਲੀਨ ਸੁ ਹ੍ਵੈ॥ ਜਿਮ ਜੀਵਨ ਫੇਨਿ ਤਰੰਗ ਸੁ ਦ੍ਵੈ॥ 45॥

… … … … … … … … … … … … … … … … … …

ਸਤਿ ਚਿਤ ਆਨੰਦ ਰੂਪ ਜੋ ਨਿਤ ਲਖਣ ਇਹੁ ਜਾਨ॥

ਵਿਸ੍ਵ ਉਪਜੈ ਪੁਨਿ ਲੀਨ ਹ੍ਵੈ ਜਾਨ ਅਨਿਤ ਮਹਾਂਨ॥ 47॥[152]

---

[148] ਉਹੀ, ਪੰਨਾ 2633.

[149] ਉਹੀ, ਪੰਨਾ 2825.

[150] ਨੋਟ- ਇਸ ਦੀ ਵਿਚਾਰ ਅਸੀਂ ਪਰਮਸਤਾ ਵਾਲੇ ਭਾਗ ਵਿਚ ਕਰ ਆਏ ਹਾਂ।

[151] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ੍ਰਮ, ਭੂਦਨ, ਪਤਰਾ 869.

ਸੰਤਰੇਣ ਨੇ ਸ੍ਰਿਸ਼ਟੀ ਦੀ ਲੀਨਤਾ ਨੂੰ ਇਨ੍ਹਾਂ ਦ੍ਰਿਸ਼ਟਾਤਾਂ ਰਾਹੀਂ ਪ੍ਰਸਤੁਤ ਕੀਤਾ ਹੈ- ਮਿਟੀ ਦੇ ਭਾਂਡਿਆਂ ਦਾ ਮੂਲ-ਅਸਤਿਤ੍ਵ ਮਿਟੀ ਹੈ, ਇਸ ਲਈ ਸ੍ਵੈ-ਪ੍ਰਮਾਣਿਤ ਹੈ ਕਿ ਉਹਨਾਂ ਦਾ ਆਦਿ-ਅੰਤ ਵੀ ਹੋਵੇਗਾ ਤਾਂ ਵੀ ਉਹ ਮਿਟੀ ਹੀ ਰਹੇਗੀ। ਸੋਨੇ ਦੇ ਗਹਿਣਿਆਂ ਦਾ ਮੂਲ-ਅਸਤਿਤ੍ਵ ਸੋਨਾ ਹੈ ਉਹਨਾਂ ਦਾ ਆਦਿ-ਅੰਤ ਵੀ ਸੋਨਾ ਹੀ ਹੋਵੇਗਾ। ਕਵੀ ਕਹਿੰਦਾ ਹੈ ਕਿ ਇਸੇ ਤਰ੍ਹਾਂ ਸ੍ਰਿਸ਼ਟੀ ਹੈ ਇਸ ਦਾ ਮੂਲ-ਅਸਤਿਤ੍ਵ ਪਰਮਾਤਮਾ ਹੈ ਅਤੇ ਆਦਿ-ਅੰਤ ਵਿਚ ਉਹ ਹੀ ਵਿਦਮਾਨ ਰਹੇਗਾ। ਯਥਾ-

॥ਮਾਟੀ ਕੇ ਬਾਸਨਿ ਹੈਂ ਜੇਤੇ॥ ਮਾਟੀ ਕੇ ਨਹਿ ਭਿੰਨ ਸੁ ਤੇਤੇ॥4॥

ਆਦਿ ਮੱਧ ਅੰਤਿ ਪਹਿਚਾਨੋ॥ ਮਾਟੀ ਰੂਪ ਤਾਂਹਿ ਸਭਿ ਜਾਨੋ॥

ਹਾਟਕ ਕੇ ਭੂਖਨਿ ਹੈ ਜੋਊ॥ ਹਾਟਕ ਤੇ ਸਿਖ ਭਿੰਨ ਨ ਸੋਊ॥5॥

ਹਾਟਕ ਰੂਪ ਤਾਹਿ ਸਭਿ ਜਾਨ॥ ਤਿਸ ਤੇ ਭਿੰਨ ਨ ਰੰਚਕ ਮਾਨ॥

ਤੇਸੈ ਇਹੁ ਸਭਿ ਵਿਸ੍ਵ ਸੁ ਜੇਤੀ॥ ਪਾਰਬ੍ਰਹਮ ਤੇ ਭਿੰਨ ਨ ਤੇਤੀ॥6॥

ਨਾਮ ਰੂਪ ਜੇਤਾ ਕਛੁ ਜਾਨ॥ ਭਗਵਤਿ ਰੂਪ ਤਾਹਿ ਪਹਿਚਾਨ॥

ਤਿਸ ਹੀ ਤੇ ਉਤਪਤਿ ਹ੍ਵੈ ਸਾਰੀ॥ ਅੰਤ ਲੀਨ ਹ੍ਵੈ ਤਾਹਿ ਮਝਾਰੀ॥7॥

ਮਧ ਮੈ ਅਉਰ ਨਾਹਿ ਪਹਿਚਾਨ॥ ਭਗਵਤਿ ਰੂਪ ਵਿਸ੍ਵ ਸਭਿ ਜਾਨ॥

ਯਹਿ ਨਿਹਚਾ ਉਰ ਮੈ ਦਿੜ ਹੋਇ॥ ਕਾਰਨਿ ਦ੍ਰਿਸਟਿ ਪਛਾਨੋ ਸੋਇ॥8॥[153]

ਸ੍ਰਿਸ਼ਟੀ ਦਾ ਅੰਤ ਜੋ ਕਿ ਲੀਨਤਾ/ਪ੍ਰਲਯ ਹੈ, ਇਕ ਵਾਰ ਦੀ ਪ੍ਰਕਿਰਿਆ ਨਹੀਂ ਬਲਕਿ ਅਨੰਤ ਵਾਰ ਇਹ ਪਸਾਰਾ ਪਸਰ ਕੇ ਲੀਨ ਹੋਇਆ ਹੈ, ਅਜਿਹਾ ਨਿਰਣੈ ਵੀ ਵਿਚਾਰਾਧੀਨ ਕ੍ਰਿਤੀ ਦੇ ਦ੍ਰਿਸ਼ਟੀਕੋਣ ਅਨੁਸਾਰ ਅੰਕਿਤ ਕੀਤਾ ਗਿਆ ਹੈ-

ਪੀਰ ਪਕੰਬਰਿ ਕਈ ਹਜਾਰੰ॥ ਗਣਤੀ ਕਰਤਿ ਨ ਆਇ ਸੁ ਪਾਰੰ॥

ਕਈ ਬਾਰ ਸ੍ਰਿਸਟੀ ਹ੍ਵੈ ਗਈ॥ ਕਈ ਬਾਰ ਪਰਲੈ ਪੁਨਿ ਭਈ॥74॥[154]

---

[152] ਉਹੀ, ਪਤਰਾ 1572.

[153] ਉਹੀ, ਪਤਰਾ 707.

[154] ਉਹੀ, ਪਤਰਾ 335.

ਇਨ੍ਹਾਂ ਸਾਰੀਆਂ ਵਿਚਾਰਾਂ ਵਿਚ ਇਕ ਅਲੌਕਿਕ ਗੱਲ ਇਹ ਹੈ ਕਿ ਵਾਰ-ਵਾਰ ਪ੍ਰਲਯ ਹੋਣ ਦੇ ਬਾਅਦ ਵੀ ਪਰਮਾਤਮਾ ਵਿਚ ਕਿਸੇ ਪ੍ਰਕਾਰ ਦੀ ਤਬਦੀਲੀ ਨਹੀਂ ਹੁੰਦੀ, ਬਲਕਿ ਉਸ ਦਾ ਅਸਤਿਤ੍ਵ ਤਬਦੀਲੀਯ-ਹੀਣ ਹੈ। ਤਬਦੀਲੀਯ-ਹੀਣ ਹੋਣ ਦੇ ਨਾਲ ਹੀ ਉਸ ਦਾ ਅਸਤਿਤ੍ਵ ਨਿਰਲੇਪ ਵੀ ਹੈ, ਅਨੰਤ ਵਾਰ ਉਤਪਤਿ ਅਤੇ ਪ੍ਰਲਯ ਉਸ ਦੀ ਇਕ-ਰਸ ਵਿਆਪਕਤਾ ਨੂੰ ਪ੍ਰਭਾਵਿਤ ਨਹੀਂ ਕਰ ਸਕਦੀ-

ਘਟ ਮਟ ਮਹਾ ਅਕਾਸ ਮੈ ਉਤਿਪਤਿ ਪਰਲੈ ਹੋਇ॥
ਉਤਪਤਿ ਘਟ ਮਟ ਨਾਸ ਮੈ ਨਭ ਜਿਉ ਕਾ ਤਿਉ ਸੋਇ॥17॥
ਨਭ ਉਪਜੈ ਬਿਨਸੈ ਨਹੀ ਘਟ ਮਟ ਸੰਗ ਉਦਾਰਿ॥
ਬਜਾਪਕਿ ਧਰਮ ਅਕਾਸ ਕਾ ਤਿਉ ਪਰਬ੍ਰਹਮ ਬਿਚਾਰਿ॥18॥
ਤਿਉ ਜਗ ਉਪਜੈ ਬ੍ਰਹਮ ਮੈ ਬਹੁਰਿ ਲੀਨ ਭੀ ਹੋਇ॥
ਪਰ ਪਰਬ੍ਰਹਮ ਅਲੇਪ ਹੈ ਸਦਾ ਏਕ ਰਸ ਸੋਇ॥19॥
ਸਲੋਕ॥ ਜਗੁ ਉਤਪਤਿ ਪਰਲੇ ਹੋਵੇ ਉਪਜਿ ਉਪਜਿ ਕਈ ਬਾਰ॥
ਨਭ ਜਿਉ ਬ੍ਰਹਮ ਅਲੇਪ ਸੋ ਤਿਸੁ ਕਿਛੁ ਨਾਹਿ ਬਿਕਾਰ॥20॥[155]

ਵਿਚਾਰਾਧੀਨ ਕ੍ਰਿਤੀ ਵਿਚ ਜਿਥੇ ਸ੍ਰਿਸ਼ਟੀ ਦੀ ਲੀਨਤਾ/ਪ੍ਰਲਯ ਨੂੰ ਸਵੀਕ੍ਰਿਤ ਕੀਤਾ ਹੈ, ਉਥੇ ਇਹ ਵੀ ਨਿਰਣੈ ਕੀਤਾ ਹੈ ਕਿ ਇਹ ਪ੍ਰਕਿਰਿਆ ਕਈ ਵਾਰ ਹੋਈ ਹੈ, ਜਿਸ ਦਾ ਕੋਈ ਅੰਤ ਨਹੀਂ ਹੈ। ਇਤਨੀ ਵਾਰ ਉਤਪਤਿ/ਪ੍ਰਲਯ ਤੋਂ ਬਾਅਦ ਵੀ ਪਰਮਾਤਮਾ ਇਸ ਦੇ ਪ੍ਰਭਾਵ ਤੋਂ ਮੁਕਤ ਅਤੇ ਤਬਦੀਲੀਯ-ਹੀਣ ਹੈ। ਸ੍ਰਿਸ਼ਟੀ ਦੀ ਲੀਨਤਾ ਬਾਰੇ ਸੰਖਿਪਤ ਵਿਚਾਰ ਕਵੀ ਨੇ ਪ੍ਰਸਤੁਤ ਕੀਤੇ ਹਨ, ਜੋ ਕਿ ਆਪਣੀ ਵਿਚਾਰ ਨੂੰ ਪ੍ਰਸਤੁਤ ਕਰਨ ਹਿਤ ਬਹੁਤ ਹੀ ਸ੍ਰੇਸ਼ਟ ਹਨ, ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਇਹ ਪ੍ਰਯਤਨ ਸਫਲ ਹੈ।

ਉਪਰੋਕਤ ਵਿਚਾਰਾਂ ਨੂੰ ਸਨਮੁਖ ਰਖਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਕਵੀ ਨੇ ਬੁਧੀਮਾਨਤਾ ਨਾਲ ਸ੍ਰਿਸ਼ਟੀ ਰਚਨਾ ਸੰਬੰਧੀ ਵਿਚਾਰ ਲਿਖਤ ਵਿਚ ਅੰਕਿਤ ਕੀਤੇ ਹਨ। ਖੋਜ ਕਾਰਜ ਦੀ

[155] ਉਹੀ, ਪਤਰਾ 1640.

ਸਰਲਤਾ ਲਈ ਅਸੀਂ ਇਸ ਨੂੰ ਪੰਜ ਭਾਗਾਂ ਵਿਚ ਵੰਡ ਕੇ ਅਧਿਐਨ ਕੀਤਾ ਹੈ । ਜਿਸ ਵਿਚ ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਇਹ ਨਿਰਣੈ ਕੀਤਾ ਜਾ ਸਕਦਾ ਹੈ ਕਿ ਕਵੀ ਨੇ ਜਿਥੇ ਪਰੰਪਰਾਗਤ ਰੂੜ੍ਹੀਵਾਦੀ ਵਿਚਾਰਾਂ ਦਾ ਸਹਾਰਾ ਲਿਆ ਹੈ ਉਥੇ ਉਨ੍ਹਾਂ ਨੂੰ ਨਵੀਂ ਸੇਧ ਦੇਣ ਦੀ ਕੋਸ਼ਿਸ਼ ਵੀ ਕੀਤੀ ਹੈ । ਸ੍ਰਿਸ਼ਟੀ ਨਾਲ ਸੰਬੰਧਿਤ ਵੇਦਾਂਤਿਕ, ਇਸਲਾਮਿਕ, ਗੁਰਮਤਿ ਦੀਆਂ ਵਿਚਾਰਾਧਾਰਾਵਾਂ ਦੀ ਸੰਮਿਸ਼੍ਰਿਤਾ ਦੇਖਣ ਨੂੰ ਮਿਲਦੀ ਹੈ। ਸਾਰੰਸ਼ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਕਵੀ ਦਾ ਦ੍ਰਿਸ਼ਟੀਕੋਣ ਹੋਰ ਧਰਮਾਂ ਦੇ ਅਨੁਕੂਲ ਵੀ ਹੈ, ਪਰ ਫਿਰ ਵੀ ਇਹ ਗੁਰਮਤਿ, ਵਿਗਿਆਨਕ ਯੁਗਤੀਆਂ ਅਤੇ ਨਵੀਨਤਾ ਦੇ ਜ਼ਿਆਦਾ ਨੇੜੇ ਪ੍ਰਤੀਤ ਹੁੰਦਾ ਹੈ।

## ਮਨੁਖ

ਦਰਸ਼ਨ ਦੀ ਤੀਜੀ ਪ੍ਰਮੁਖ ਸਮਸਿਆ ਹੈ ਮਨੁਖ ਜਾਂ ਜੀਵ। ਸੰਸਾਰ ਵਿਚ ਸਾਰੇ ਧਰਮਾਂ ਦਾ ਕੇਂਦਰੀ ਧੁਰਾ ਮਨੁਖ ਹੈ। ਧਰਮ ਜਾਂ ਦਰਸ਼ਨ ਦਾ ਮਨੁਖ ਅਤੇ ਕੁਦਰਤ ਦੀ ਵਿਚਾਰ ਤੋਂ ਬਿਨਾਂ ਹੋਰ ਕੋਈ ਮਨੋਰਥ ਨਹੀਂ ਹੈ। ਇਹ ਮਨੁਖੀ ਜ਼ਿੰਦਗੀ ਨੂੰ ਬਿਆਨ ਕਰਦੇ ਹਨ। ਸਾਰੇ ਹੀ ਧਰਮਾਂ ਦੇ ਪ੍ਰਮੁਖ ਪ੍ਰਸ਼ਨ ਪਰਮਸਤ, ਸ੍ਰਿਸ਼ਟੀ ਦੀ ਰਚਨਾ, ਅਤੇ ਜੀਵ ਬਾਰੇ ਹਨ। ਪਹਿਲੇ ਦੋ ਪ੍ਰਸ਼ਨਾਂ ਦੀ ਵਿਚਾਰ ਕਰਨ ਉਪਰੰਤ ਅੰਤਿਮ ਪ੍ਰਸ਼ਨ- ਮਨੁਖ ਕੀ ਹੈ? ਇਹ ਜਾਨਣਾ ਸਾਡੀ ਵਿਚਾਰ ਦੀ ਮੰਗ ਹੈ। ਸੋ ਇਥੇ ਅਸੀਂ ਮਨੁਖ ਬਾਰੇ ਵਿਸਤ੍ਰਿਤ ਵਿਚਾਰ ਕਰਾਂਗੇ। ਇਸ ਪ੍ਰਸ਼ਨ ਨੂੰ ਵਰਤਮਾਨ ਮਾਨਵਵਾਦ ਦੇ ਯੁਗ ਵਿਚ, ਜਦੋਂ ਕਿ ਦਰਸ਼ਨ ਜਿਹੇ ਵਿਸ਼ਿਆਂ ਦੀ ਰੁਚੀ ਪਦਾਰਥ, ਵਿਗਿਆਨ ਅਤੇ ਇਥੋਂ ਤਕ ਕੀ ਪਰਮਾਤਮਾ ਤੋਂ ਵੀ ਮੁੜ ਮਨੁਖ ਤੇ ਜ਼ਿਆਦਾ ਕੇਂਦ੍ਰਿਤ ਹੋਈ ਹੈ, ਸਮਝਣਾ ਬੜਾ ਜਰੂਰੀ ਹੈ। ਮਨੁਖ ਆਪਣੇ ਨਿਜ ਦੀ ਸੋਝੀ ਦੁਆਰਾ ਹੀ, ਵਰਤਮਾਨ ਗੁੰਝਲਦਾਰ ਜੀਵਨ-ਘੋਲ ਵਿਚ ਸਫਲ ਹੋ ਸਕਦਾ ਹੈ। ਪਰ ਮਨੁਖ ਨੂੰ ਜਾਨਣ ਦੀ ਸਮਸਿਆ ਕੇਵਲ ਵਰਤਮਾਨ ਯੁਗ ਦੀ ਹੀ ਸਮਸਿਆ ਨਹੀਂ। ਵਿਸ਼ਵ-ਚਿੰਤਨ ਦੇ ਇਤਿਹਾਸ ਵਿਚ ਮਨੁਖ ਦਾ ਆਪਣੇ ਆਪ ਨੂੰ ਸਮਝਣ ਦਾ ਇਕ ਬੜਾ ਲੰਮਾ ਇਤਿਹਾਸ ਹੈ। ਜਦੋਂ ਤੋਂ ਮਨੁਖ ਵਿਚ ਸਵੈ-ਚੇਤੰਨਤਾ ਦਾ ਉਦੈ ਹੋਇਆ ਹੈ, ਉਹ ਉਦੋਂ ਤੋਂ ਹੀ ਆਪਣੇ ਆਪ ਨੂੰ ਜਾਨਣ ਲਈ ਯਤਨਸ਼ੀਲ ਰਿਹਾ ਹੈ।[156]

---

[156] ਡਾ. ਦਰਸ਼ਨ ਸਿੰਘ, *ਧਰਮ ਅਧਿਐਨ ਅਤੇ ਸਿੱਖ ਅਧਿਐਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰਨਾ 149-50.

ਪਰ ਵਿਚਾਰਾਧੀਨ ਵਿਸ਼ੇ ਦਾ ਸੰਬੰਧ ਮਨੁਖ ਅਤੇ ਗੁਰਮਤਿ ਨਾਲ ਹੈ ਇਸ ਲਈ ਮਨੁਖ ਦੀ ਬਣਤਰ ਬਾਰੇ ਗੁਰਮਤਿ ਅਨੁਸਾਰ ਵਿਚਾਰ ਜ਼ਰੂਰੀ ਹੈ। ਗੁਰਮਤਿ ਦਰਸ਼ਨ ਅਨੁਸਾਰ ਆਤਮਾ ਅਤੇ ਰਕਤ-ਬੂੰਦ ਦੇ ਮਿਸ਼ਰਣ ਤੋਂ ਮਨੁਖ ਪੈਦਾ ਹੁੰਦਾ ਹੈ। ਸ਼ੇਰ ਸਿੰਘ ਆਪਣੀ ਪੁਸਤਕ ਫਿਲਾਸਫ਼ੀ ਆਫ਼ ਸਿਖਇਜ਼ਮ ਵਿਚ ਲਿਖਦੇ ਹਨ-

*The union of the two is man. The soul in man is Jivatma, which is the light of God....................Thus there are two main constituents of the human being. One is soul and the other is the body. The two are one in essence, but one is subtle (ਸੂਖਮ) and the other is gross (ਸਥੂਲ). The gross is made of Rakat and Bund.*[157]

ਇਥੇ ਇਹ ਸਪਸ਼ਟ ਹੈ ਕਿ ਜੇਕਰ ਅਸੀਂ ਮਨੁਖ ਦੀ ਬਣਤਰ ਦੀ ਪੜਚੋਲ ਕਰਨੀ ਹੋਵੇ ਤਾਂ ਇਸ ਨੂੰ ਦੋ ਹਿਸਿਆਂ ਵਿਚ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ- ਦੇਹ (ਸਰੀਰ) ਅਤੇ ਆਤਮਾ। ਸੋ ਪਹਿਲਾਂ ਅਸੀਂ ਮਨੁਖੀ ਦੇਹ ਜਾਂ ਸਰੀਰ ਦੀ ਬਣਤਰ ਦੀ ਵਿਚਾਰ ਕਰਾਂਗੇ।

**ਦੇਹ**

ਮਨੁਖੀ ਸਰੀਰ ਹੱਡੀਆਂ, ਮਾਸ, ਰਕਤ, ਚਮੜੀ, ਵਾਲਾਂ ਆਦਿ ਤੋਂ ਬਣਿਆਂ ਹੈ। ਪਰ ਜਿਤਨਾ ਚਿਰ ਇਸ ਵਿਚ ਆਤਮਾ ਨਹੀਂ ਉਤਨਾ ਸਮਾਂ ਇਸ ਦੀ ਕੋਈ ਹੋਂਦ ਨਹੀਂ। ਦੇਹ ਦੀ ਬਣਤਰ ਬਾਰੇ ਭਗਤ ਕਬੀਰ ਜੀ ਦੇ ਇਸ ਸ਼ਬਦ ਵਿਚ ਇਸ਼ਾਰਾ ਮਾਤਰ ਵਿਚਾਰ ਸੰਕਲਿਤ ਕੀਤੇ ਗਏ ਹਨ-

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥
ਹਾਡ ਮਾਸ ਨਾੜੀਂ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥੧॥[158]

ਮਨੁਖੀ ਸਰੀਰ ਇਨ੍ਹਾਂ ਪ੍ਰਮੁਖ ਤਤਾਂ ਤੋਂ ਬਣਿਆ ਹੈ; ਹਵਾ, ਪਾਣੀ, ਧਰਤੀ, ਅਕਾਸ਼ ਅਤੇ ਅਗਨੀ। ਅਸੀਂ ਇਥੇ ਸਿਰਫ ਮਨੁਖ ਦੀ ਬਣਤਰ ਬਾਰੇ ਹੀ ਵਿਚਾਰ ਪ੍ਰਸਤੁਤ ਕਰਾਂਗੇ। ਗੁਰਮਤਿ ਅਨੁਸਾਰ

---

[157] Sher Singh, *Philosophy Of Sikhism,* SGPC, Sri Amritsar, Fifth Time, 2003, Page-193.

[158] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 659.

ਮਨੁਖਾ ਦੇਹੀ ਮੁਖ ਰੂਪ ਵਿਚ ਪੰਜ ਤਤਾਂ ਕਰਕੇ ਹੀ ਹੋਂਦ ਵਿਚ ਆਈ ਹੈ। ਮਨੁਖਾ ਦੇਹੀ ਦੇ ਪੰਜ ਤਤਾਂ ਬਾਰੇ ਪਿਆਰਾ ਸਿੰਘ ਪਦਮ ਦੇ ਚਲੰਤ ਪ੍ਰਮਾਣ ਵਾਚਦੇ ਹਾਂ-

*ਭਾਰਤੀ ਮਨੌਤ ਅਨੁਸਾਰ- ਪ੍ਰਿਥਵੀ, ਪੌਣ, ਪਾਣੀ, ਅਗਨੀ ਤੇ ਅਕਾਸ਼ ਪੰਜ ਮੂਲ ਤੱਤ ਹਨ ਜਿਨ੍ਹਾਂ ਤੋਂ ਸਾਰੀ ਸ੍ਰਿਸ਼ਟੀ ਦੀ ਸਾਜਨਾ ਹੋਈ ਹੈ। ਵਰਤਮਾਨ ਵਿਗਿਆਨ ਨੇ ਵਧੇਰੇ ਵਿਸ਼ਲੇਸ਼ਨ ਬਾਅਦ ਇਹ ਗਿਣਤੀ 92 ਤੱਕ ਦੱਸੀ ਹੈ। ਪਰੰਤੂ ਜਦੋਂ ਤੱਕ ਇਹ ਮਸ਼ੀਨੀ ਸਾਧਨ ਨਹੀਂ ਸੀ ਬਣੇ ਤੇ ਬਾਰੀਕ ਪੁਣ-ਛਾਣ ਨਹੀਂ ਸੀ ਹੋਈ, ਉਦੋਂ ਤੱਕ ਪੰਚ ਤੱਤ ਹੀ ਮੂਲ ਮੰਨੇ ਜਾਂਦੇ ਸਨ ਤੇ ਭਾਰਤੀ ਗ੍ਰੰਥਾਂ ਵਿਚ ਇਨ੍ਹਾਂ ਵੱਲ ਹੀ ਸੰਕੇਤ ਹੈ। ਨਾਲ ਹੀ ਧਰਮੀ ਮਹਾਂਪੁਰਸ਼ਾਂ ਇਹ ਵੀ ਆਖਿਆ ਹੈ ਕਿ ਇਹ ਤੱਤ ਕੋਈ ਆਪਣੇ ਆਪ ਬਣੀ ਵਸਤੂ ਨਹੀਂ ਬਲਕਿ ਇਨ੍ਹਾਂ ਨੂੰ ਪੈਦਾ ਕਰਨ ਵਾਲਾ ਵੀ ਪਰਮੇਸ਼ਵਰ ਹੈ, ਉਸੇ ਦੀ ਸੱਤਾ ਨਾਲ ਇਹ ਤੱਤ ਜੁੜ ਕੇ ਸਰੀਰ ਦਾ ਢਾਂਚਾ ਤਿਆਰ ਕਰਦੇ ਹਨ।*[159]

ਇਸ ਤਰ੍ਹਾਂ ਇਹ ਤਾਂ ਸਪਸ਼ਟ ਹੈ ਕਿ ਭਾਰਤੀ ਮਨੌਤ ਵਿਚ ਮਨੁਖੀ ਸਰੀਰ ਦੀ ਬਣਤਰ ਦੇ ਮੁਖ ਕਾਰਕ ਪੰਜ ਤਤ ਮੰਨੇ ਗਏ ਹਨ, ਜਿਸ ਨੂੰ ਗੁਰਬਾਣੀ ਨੇ ਵੀ ਪ੍ਰਵਾਨ ਕੀਤਾ-

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥੧੧॥[160]

ਗੁਰਬਾਣੀ ਅਨੁਸਾਰ ਇਨ੍ਹਾਂ ਦਾ ਸ੍ਰੋਤ ਪਰਮਾਤਮਾ ਹੈ ਅਤੇ ਇਸਦਾ ਅੰਤ ਵੀ ਪਰਮਾਤਮਾ ਵਿਚ ਲੀਨ ਹੋ ਕੇ ਹੁੰਦਾ ਹੈ। ਭਗਤ ਕਬੀਰ ਵੀ ਗੁਰਬਾਣੀ ਵਿਚ ਇਸ ਵਿਚਾਰ ਦੀ ਪ੍ਰੋੜਤਾ ਕਰਦੇ ਹੋਏ ਕਹਿੰਦੇ ਹਨ ਕਿ ਇਨ੍ਹਾਂ ਪੰਜ ਤਤਾਂ ਨੇ ਮਿਲ ਕੇ ਹੀ ਕਾਇਆ ਜਾਂ ਦੇਹ ਨੂੰ ਬਣਾਇਆ ਹੈ-

ਪੰਚ ਤਤੁ ਮਿਲਿ ਕਾਇਆ ਕੀਨੀ੍ ਤਤੁ ਕਹਾ ਤੇ ਕੀਨੁ ਰੇ॥
ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ॥2॥[161]

---

[159] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 212.

[160] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1427.

[161] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 870.

ਮਨੁਖਾ ਦੇਹੀ ਬਾਰੇ ਵਿਚਾਰਾਧੀਨ ਕ੍ਰਿਤ ਵਿਚੋਂ ਗੁਰਬਾਣੀ ਨਾਲ ਸਹਿਜ ਹੀ ਸੰਗਮਤਾ ਦ੍ਰਿਸ਼ਮਾਨ ਹੋ ਜਾਂਦੀ ਹੈ। ਕਵੀ ਵੀ ਮਨੁਖਾ ਦੇਹੀ ਨੂੰ ਪੰਜ ਤਤਾਂ ਤੋਂ ਪੈਦਾ ਹੋਈ ਮੰਨਦਾ ਹੈ ਅਤੇ ਇਸ ਦਾ ਕਰਤਾ ਪਰਮਾਤਮਾ ਨੂੰ ਦਸਦਾ ਹੈ। ਉਸ ਦੇ ਫੁਰਨੇ ਨਾਲ ਹੀ ਮਨੁਖ ਦੀ ਹੋਂਦ ਸੰਭਵ ਹੋ ਸਕੀ ਹੈ-

ਪਿਰਥਮ ਪਰਮੇਸਰ ਥਾ ਏਕ॥ ਪੁਰਖ ਪਰਕ੍ਰਿਤਿ ਮਹ ਤਤ ਹੇਕ॥

ਪੰਚ ਤਤ ਨਹਿ ਦੇਹਿ ਅਕਾਰੰ॥ ਈਸ੍ਵਰ ਜੀਵਨ ਵਿਸੇ ਬਿਕਾਰੰ॥43॥[162]

ਇਸੇ ਤਰ੍ਹਾਂ ਸਿੰਗਲਾਦੀਪ ਖੰਡ ਵਿਚੋਂ ਵੀ ਅਨੁਭੂਤੀ ਹੋ ਜਾਂਦੀ ਹੈ ਕਿ ਸਿਰਫ ਮਨੁਖੀ ਦੇਹ ਹੀ ਨਹੀਂ ਬਲਕਿ ਸਾਰੇ ਜੀਵਾਂ ਦੀ ਹੋਂਦ ਇਨ੍ਹਾਂ ਪੰਜ ਤਤਾਂ ਵਿਚੋਂ ਹੀ ਉਪਜੀ ਹੈ। ਕ੍ਰਿਤ ਵਿਚ ਵਾਰ ਵਾਰ ਇਸ ਵਿਚਾਰ ਦੀ ਪ੍ਰੋੜਤਾ ਕਰਨਾ ਕਿ ਸਾਰੇ ਹੀ ਮਨੁਖ ਪੰਜ ਤੱਤਾਂ ਤੋਂ ਬਣੇ ਹਨ ਅਤੇ ਈਸ਼ਵਰ ਦੀ ਕ੍ਰਿਪਾ ਕਰਕੇ ਪੈਦਾ ਹੋਏ ਹਨ, ਜਿਥੇ ਕਵੀ ਦੀ ਬੁਧੀਮਾਨਤਾ ਨੂੰ ਦਰਸਾਉਂਦਾ ਹੈ ਉਥੇ ਦੇਹ ਦੀ ਬਣਤਰ ਬਾਰੇ ਵੀ ਗਿਆਨ ਦਿੰਦਾ ਹੈ-

ਪੰਚ ਤਤ ਤੇ ਸਭ ਤਨੁ ਭਏ॥ ਈਸ੍ਵਰ ਤੇ ਨਿਰਮਏ॥

ਸੂਖਮ ਥੂਲ ਦੇਹਿ ਸਭ ਜੇਤੇ॥ ਪਾਚ ਤਤ ਤੇ ਉਪਜੇ ਤੇਤੇ॥ 69॥[163]

ਕ੍ਰਿਤੀ ਵਿਚ ਇਹ ਗੱਲ ਸਪਸ਼ਟ ਕੀਤੀ ਹੈ ਕਿ ਜੋ ਦੁਖ-ਸੁਖ ਹੈ, ਉਹ ਸਿਰਫ ਦੇਹ ਤੀਕ ਹੀ ਸੀਮਤ ਹੈ। ਆਤਮਾ ਦਾ ਦੁਖ-ਸੁਖ ਨਾਲ ਕੋਈ ਸੰਬੰਧ ਨਹੀਂ ਹੈ। ਵਾਸਤਵਿਕ ਵਿਚ ਸਾਰੇ ਹੀ ਦੁਖ-ਸੁਖ ਮਨੁਖਾ ਦੇਹਾਂ ਲਈ ਸਮਾਨਾਂਤਰ ਹੁੰਦੇ ਹਨ ਅਤੇ ਇਹ ਗਿਆਨ ਸੰਤ ਜਨ ਹੀ ਜਾਣਦੇ ਹਨ-

ਪਾਚ ਤੱਤ ਕੇ ਤਨ ਸਬੈ ਸੁਖ ਦੁਖ ਸਬੈ ਸਮਾਨ॥

ਗੁਰਮੁਖਿ ਹਰਿ ਜਨ ਸੰਤ ਜੋ ਜਾਨੈ ਏਹੁ ਗਿਆਨ॥32॥[164]

ਸੰਤਰੇਣ ਨੇ ਮਨੁਖਾ ਦੇਹ ਦੇ ਪੰਜ ਤਤਾਂ ਨੂੰ ਜੜ ਅਤੇ ਆਤਮਾ ਨੂੰ ਚੇਤਨ ਕਿਹਾ ਹੈ। ਕਸ਼ਮੀਰ ਖੰਡ ਦੀਆਂ ਨਿਮਨਲਿਖਤ ਸਤਰਾਂ ਤੋਂ ਸਹਿਜ ਹੀ ਅਨੁਮਾਨ ਲਗ ਜਾਂਦਾ ਹੈ ਕਿ ਕਵੀ ਪੰਜ ਤਤਾਂ ਨਾਲੋਂ

---

[162] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1405.

[163] ਉਹੀ, ਪਤਰਾ 1405.

[164] ਉਹੀ, ਪਤਰਾ 324.

ਆਤਮਾ ਨੂੰ ਪ੍ਰਾਥਿਮਕਤਾ ਦਿੰਦਾ ਹੈ। ਕਵੀ ਨੇ ਸਿਧੇ ਰੂਪ ਵਿਚ ਪ੍ਰਮਾਣਿਤ ਕੀਤਾ ਹੈ ਕਿ ਪੰਜ ਤਤ ਮਿਲ ਕੇ ਦੇਹ ਤਾਂ ਬਣਾ ਦਿੰਦੇ ਹਨ, ਪਰ ਜਿਤਨਾ ਸਮਾਂ ਚੇਤਨ ਆਤਮਾ ਉਸ ਵਿਚ ਵਿਦਮਾਨ ਨਹੀਂ ਹੁੰਦੀ, ਉਤਨਾ ਸਮਾਂ ਉਹ ਦੇਹ ਭੂਤ ਸਮਾਨ ਭਾਵ ਜੜ ਰੂਪ ਹੁੰਦੀ ਹੈ ਅਤੇ ਆਤਮਾ ਦੀ ਵਿਦਮਾਨਤਾ ਕਰਕੇ ਹੀ ਪੂਰਨ ਰੂਪ ਵਿਚ ਉਸ ਨੂੰ ਮਨੁਖ ਕਿਹਾ ਜਾ ਸਕਦਾ ਹੈ-

ਪੰਚ ਭੂਤਿ ਤੇ ਉਤਿਪਤਿ ਭਏ॥ ਪਰਮ ਪੁਰਖੁ ਆਤਮ ਨਿਰਮਏ॥40॥

ਪੰਚ ਭੂਤਿ ਜੜ ਨਿਹਚੈ ਜਾਨ॥ ਤਿਨ ਮੇ ਚੇਤਨ ਆਤਮ ਮਾਨ॥

ਤਿਨ ਮੈ ਆਤਮ ਹੈ ਅਨਸੂਤਿ॥ ਆਤਮ ਬਿਨੁ ਜੜ ਪਾਚੋ ਭੂਤਿ॥41॥[165]

ਨਿਰਸੰਦੇਹ ਕਵੀ ਦਾ ਮਨੋਰਥ ਦੇਹੀ ਦੀ ਬਣਤਰ ਦਸਣਾ ਨਹੀਂ ਹੈ ਪਰ ਫਿਰ ਵੀ ਕਵੀ ਨੇ ਜ਼ਰੂਰਤ ਅਨੁਸਾਰ ਇਸ ਦਾ ਬਿਆਨ ਕਰਨ ਦਾ ਸਫਲ ਯਤਨ ਕੀਤਾ ਹੈ। ਰਚਨਾ ਵਿਚ ਕਵੀ ਦਾ ਦ੍ਰਿਸ਼ਟੀਕੋਣ ਦ੍ਰਿੜਤਾ ਨਾਲ ਮਨੁਖਾ ਦੇਹੀ ਦਾ ਪੰਜ ਤਤਾਂ ਤੋਂ ਉਪਜੇ ਹੋਣ ਦੇ ਵਿਚਾਰ ਦਾ ਪ੍ਰਗਟਾਅ ਕਰ ਦਾ ਹੈ, ਇਹ ਜਿਥੇ ਦਰਸ਼ਨ ਦੇ ਮਨੁਖ ਪ੍ਰਤੀ ਪ੍ਰਸ਼ਨ ਦਾ ਉਤਰ ਹੈ, ਉਥੇ ਸਹਿਜ ਹੀ ਕਵੀ ਗੁਰਬਾਣੀ ਵਿਚ ਪਰਿਪਕ ਹੋਣ ਦਾ ਵੀ ਗਿਆਤਾ ਪ੍ਰਤੀਤ ਹੁੰਦਾ ਹੈ।

**ਆਤਮਾ**

ਮਨੁਖਾ ਦੇਹੀ ਦੀ ਵਿਚਾਰ ਕਰਨ ਤੋਂ ਬਾਅਦ ਹੁਣ ਅਸੀਂ ਆਤਮਾ ਦੀ ਵਿਚਾਰ ਕਰਦੇ ਹਾਂ। ਜਦੋਂ ਧਰਮ ਜੀਵ ਦੀ ਗੱਲ ਕਰਦੇ ਹਨ ਤਾਂ ਉਸ ਸਮੇਂ ਆਤਮਾ ਦੀ ਵਿਚਾਰ ਹੋਣੀ ਸੁਭਾਵਿਕ ਹੈ। ਸਾਰੇ ਧਰਮਾਂ ਨੇ ਆਪਣੇ-ਆਪਣੇ ਮਤ ਅਨੁਸਾਰ ਆਤਮਾ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ। ਇਕ ਦਿਲਚਸਪ ਗੱਲ ਇਹ ਹੈ ਕਿ ਜਿਤਨੀ ਵਿਚਾਰ ਆਤਮਾ ਬਾਰੇ ਧਰਮ ਵਿਚ ਕੀਤੀ ਗਈ ਹੈ, ਹੋਰ ਕਿਤੇ ਵੀ ਇਹ ਵਿਚਾਰ ਦੇਖਣ ਨੂੰ ਨਹੀਂ ਮਿਲਦੀ। ਸ੍ਰਿਸ਼ਟੀ ਵਿਚ ਜੇਕਰ ਆਤਮਾ ਨਹੀਂ ਤਾਂ ਸ੍ਰਿਸ਼ਟੀ ਦੀ ਰਚਨਾ ਸੰਭਵ ਨਹੀਂ ਅਤੇ ਆਤਮਾ ਨੂੰ ਪਰਮਾਤਮਾ ਦੀ ਅੰਸ਼ ਕਹਿਣ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਪਰਮਾਤਮਾ ਵਿਚ ਅਭੇਦ ਹੋਣ ਲਈ ਇਕ ਮਾਤਰ ਸਾਧਨ ਆਤਮਾ ਹੀ ਹੈ। ਧਾਰਮਿਕ ਖੇਤਰ ਵਿਚ ਵਿਸਤ੍ਰਿਤ

---

[165] ਉਹੀ, ਪਤਰਾ 1642.

ਵਿਸ਼ਲੇਸ਼ਣ ਕਰਨ 'ਤੇ ਅਸੀਂ ਇਹ ਨਿਰਣੈ ਕਰ ਸਕਦੇ ਹਾਂ ਕਿ ਆਤਮਾ ਅਤਿ ਸੂਖਮ ਹੈ। ਜੇਕਰ ਅਸੀਂ ਆਤਮਾ ਨੂੰ ਮਨੁਖੀ ਸਰੀਰ ਦਾ ਹਿਸਾ ਕਹਿ ਲਈਏ ਤਾਂ ਪ੍ਰਸ਼ਨ ਇਹ ਪੈਦਾ ਹੋ ਜਾਂਦਾ ਹੈ ਕਿ ਜੇ ਆਤਮਾ ਨਹੀਂ, ਤਾਂ ਕੀ ਸਰੀਰ ਦਾ ਕੋਈ ਵਜ਼ੂਦ ਹੈ? ਪਰ ਇਸ ਦਾ ਉਤਰ ਵੀ ਇਸੇ ਪ੍ਰਸ਼ਨ ਵਿਚੋਂ ਲਭਿਆ ਜਾ ਸਕਦਾ ਹੈ। ਜੇਕਰ ਸਰੀਰ ਨਹੀਂ ਹੈ, ਤਾਂ ਕੀ ਆਤਮਾ ਦਾ ਕੋਈ ਵਜ਼ੂਦ ਹੈ? ਸਧਾਰਨ ਤੌਰ 'ਤੇ ਇਹ ਅਨੁਭੂਤੀ ਹੋਵੇਗੀ ਕਿ ਆਤਮਾ ਦਾ ਸਰੀਰ ਬਿਨਾਂ ਵਜ਼ੂਦ ਨਹੀਂ ਹੈ। ਪਰ ਜੇਕਰ ਥੋੜੇ ਧਿਆਨ ਨਾਲ ਧਰਮ ਦੀ ਕਸਵਟੀ 'ਤੇ ਵਿਚਾਰ ਕਰੀਏ ਤਾਂ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਆਤਮਾ ਪਰਮਾਤਮਾ ਦਾ ਸਰੂਪ ਹੈ। ਇਸ ਲਈ ਇਸ ਦਾ ਸਰੀਰ ਤੋਂ ਬਿਨਾਂ ਵੀ ਵਜ਼ੂਦ ਹੈ। ਪਰ ਸਰੀਰ ਦਾ ਆਤਮਾ ਤੋਂ ਬਿਨਾਂ ਕੋਈ ਵਜ਼ੂਦ ਨਹੀਂ ਹੈ।

ਆਤਮਾ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਦਾ ਯਤਨ ਕਰਨ ਲਈ ਅਸੀਂ ਆਤਮਾ ਬਾਰੇ ਚਲੰਤ ਪ੍ਰਮਾਣ ਦੀ ਗੱਲ ਕਰਦੇ ਹਾਂ-

*ਮਨੁਖ ਜਾਂ ਪ੍ਰਾਣੀ ਮਾਤਰ ਅੰਦਰ ਸਮਾਈ ਚੇਤਨਾ 'ਆਤਮਾ' ਹੈ। ਇਸਦਾ ਸਥੂਲ ਰੂਪ ਭਾਵੇਂ ਕੋਈ ਨਹੀਂ ਦਿਸਦਾ, ਵੈਸੇ ਇਹ ਪਰਮਾਤਮਾ ਦੀ ਅੰਸ਼ ਹੋਣ ਕਰਕੇ ਅਜਰ, ਅਮਰ ਤੇ ਨਿੱਤ ਹੈ: ਇਸਦਾ ਸਰੂਪ ਸਤ, ਚਿਤ ਅਨੰਦ ਦੱਸਿਆ ਗਿਆ ਹੈ। 'ਐਤਰੇਯ ਉਪਨਿਸ਼ਦ' ਨੇ ਆਤਮਾ ਨੂੰ ਮੂਲ ਤੱਤ ਤੇ ਸੰਸਾਰ ਦਾ 'ਆਦਿ ਕਾਰਣ' ਆਖਿਆ ਹੈ, ਮਾਂਡੂਕ ਉਪਨਿਸ਼ਧ ਇਸ ਨੂੰ ਬ੍ਰਹਮ ਕਹਿੰਦਾ ਹੈ, ਇਸੇ ਤਰ੍ਹਾਂ ਵੇਦਾਂਤ-ਵਾਕਾਂ ਵਿਚ ਇਸਨੂੰ ਬ੍ਰਹਮ ਨਾਲ ਬਿਲਕੁਲ ਅਭੇਦ ਨਿਰੂਪਣ ਕੀਤਾ ਗਿਆ ਹੈ। ਕਬੀਰ ਸਾਹਿਬ 'ਰਾਮ ਕੀ ਅੰਸ਼' ਆਖਦੇ ਹਨ ਤੇ ਗੁਰੂਆਂ ਆਤਮਾ ਨੂੰ 'ਜੋਤਿ ਸਰੂਪ' ਕਹਿਕੇ ਯਾਦ ਕੀਤਾ ਹੈ। ਇਸੇ ਕਰਕੇ ਭਗਤੀ ਲਹਿਰ ਦੇ ਸੰਤਾਂ, ਪਰਮਾਤਮਾ ਦਾ ਗਿਆਨ ਪ੍ਰਾਪਤ ਕਰਨ ਲਈ, ਆਤਮ-ਚੀਨਣ ਉਤੇ ਬਹੁਤ ਜ਼ੋਰ ਦਿਤਾ ਹੈ।*[166]

ਇਨ੍ਹਾਂ ਵਿਚਾਰਾਂ ਤੋਂ ਸਪਸ਼ਟ ਹੈ ਕਿ ਗੁਰਮਤਿ ਅਨੁਸਾਰ ਆਤਮਾ ਪਰਮਾਤਮਾ ਦਾ ਸਰੂਪ ਹੈ। ਪਰਮਾਤਮਾ ਹੀ ਮਨੁਖ ਦੀ ਦੁਬਿਧਾ ਨੂੰ ਖਤਮ ਕਰ ਸਕਦਾ ਹੈ-

---

[166] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 26.

ਆਤਮਾ ਪਰਮਾਤਮਾ ਏਕੋ ਕਰੈ॥

ਅੰਤਰ ਕੀ ਦੁਬਿਧਾ ਅੰਤਰਿ ਮਰੈ॥1॥[167]

ਆਤਮਾ ਤੇ ਪਰਮਾਤਮਾ ਦੀ ਏਕਤਾ ਕਰਕੇ ਹੀ ਗੁਰੂ ਨਾਨਕ ਦੇਵ ਜੀ ਆਤਮ ਚੀਨਣ 'ਤੇ ਜ਼ੋਰ ਦੇ ਰਹੇ ਹਨ-

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥

ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤ ਹੋਈ॥6॥[168]

ਗੁਰਮਤਿ ਅਨੁਸਾਰ ਪਰਮਾਤਮਾ ਹੀ ਆਤਮਾ ਹੈ ਅਤੇ ਆਤਮਾ ਹੀ ਪਰਮਾਤਮਾ ਹੈ। ਇਸ ਨੂੰ ਅਸੀਂ ਸਮੁੰਦਰ ਅਤੇ ਉਸ ਦੀ ਬੂੰਦ ਦੇ ਹਵਾਲੇ ਨਾਲ ਸਮਝਣ ਦਾ ਯਤਨ ਕਰਾਂਗੇ। ਸਮੁੰਦਰ ਅਤੇ ਉਸ ਦੀ ਇਕ ਬੂੰਦ ਵਿਚ ਕੋਈ ਭੇਦ ਨਹੀਂ, ਉਸੇ ਤਰ੍ਹਾਂ ਹੀ ਪਰਮਾਤਮਾ ਅਤੇ ਆਤਮਾ ਵਿਚ ਕੋਈ ਭਿੰਨਤਾ ਨਹੀਂ ਹੈ। ਜੇਕਰ ਬੂੰਦ ਸਮੁੰਦਰ ਵਿਚ ਮਿਲ ਜਾਂਦੀ ਹੈ ਤਾਂ ਉਸ ਨੂੰ ਵਖ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਹ ਸਮੁੰਦਰ ਦੇ ਸਾਰੇ ਗੁਣਾਂ ਨੂੰ ਆਪਣੇ ਵਿਚ ਸਮੋਈ ਬੈਠੀ ਹੈ, ਉਸੇ ਤਰ੍ਹਾਂ ਆਤਮਾ ਵਿਚ ਵੀ ਕੋਈ ਭਿੰਨਤਾ ਨਹੀਂ ਹੈ, ਉਸ ਵਿਚ ਵੀ ਪਰਮਾਤਮਾ ਵਾਲੇ ਸਾਰੇ ਗੁਣ ਸਮਾਏ ਹੋਏ ਹਨ। ਯਥਾ-

ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ॥[169]

ਕਵੀ ਦਾ ਮਨੋਰਥ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਵੇਰਵਿਆਂ ਨੂੰ ਲਿਖਣਾ ਸੀ। ਇਸ ਲਈ ਸਿਧੇ ਤੌਰ 'ਤੇ ਆਤਮਾ ਦੀ ਵਿਚਾਰ ਨਹੀਂ ਕੀਤੀ ਪਰ ਗੁਰੂ ਜੀ ਦੇ ਉਪਦੇਸ਼ਾਂ ਨੂੰ ਕਲਮ ਬੱਧ ਕਰਨ ਲਗਿਆਂ ਆਤਮਾ ਦੀ ਵਿਚਾਰ ਹੋਣੀ ਸੁਭਾਵਿਕ ਸੀ। ਇਸ ਲਈ ਕਿਤੇ-ਕਿਤੇ ਵਿਚਾਰਾਧੀਨ ਕ੍ਰਿਤੀ ਵਿਚ ਆਤਮਾ ਬਾਰੇ ਵਿਚਾਰ ਪ੍ਰਸਤੁਤ ਕਰਨ ਦੇ ਪ੍ਰਯਤਨ ਕੀਤੇ ਹਨ। ਗੁਰਮਤਿ ਦਰਸ਼ਨ ਅਧਾਰਿਤ ਹੀ

---

[167] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 661.

[168] ਉਹੀ, ਪੰਨਾ 421.

[169] ਉਹੀ, ਪੰਨਾ 1153.

ਕਵੀ ਨੇ ਵੀ ਆਤਮਾ ਅਤੇ ਪਰਮਾਤਮਾ ਦੀ ਸੰਗਮਤਾ ਨੂੰ ਪ੍ਰਸਤੁਤ ਕਰਦੇ ਹੋਏ ਜੀਵਾਤਮਾ ਨੂੰ ਘਟ ਦੇ ਸਮਾਨ ਦਸ ਕੇ ਪਰਮਾਤਮਾ ਨੂੰ ਸਾਗਰ ਸਮਾਨ ਦਸਿਆ ਹੈ-

ਸਾਗਰ ਜਿਉ ਪਰ ਪੂਰਣ ਜਾਨ ਪਰਾਤਮਾ॥

ਹੋ ਘਟ ਕੇ ਸਮ ਸੁ ਜਾਨ ਸੰਤ ਜੀਵਾਤਮਾ॥10॥[170]

ਇਸੇ ਤਰ੍ਹਾਂ ਆਤਮਾ ਨੂੰ ਪਰਮਾਤਮਾ ਦੀ ਅੰਸ਼ ਮੰਨਦਿਆਂ ਹੋਇਆਂ ਕਿਹਾ ਗਿਆ ਹੈ ਕਿ ਜਿਵੇਂ ਰੁਖ ਦੀ ਛਾਂ ਹੁੰਦੀ ਹੈ ਉਸੇ ਤਰ੍ਹਾਂ ਹੀ ਆਤਮਾ ਪਰਮਾਤਮਾ ਦੀ ਛਾਂ ਹੈ-

ਬਿਰਛ ਬੀਜ ਦ੍ਵੈ ਨਾਹਿ ਏਕ ਹੀ ਰੂਪ ਸੁ ਦੋਊ॥

ਤਰ ਛਾਯਾਂ ਜਿਉ ਜਾਨ ਵਿੱਸੂ ਪਰਮੇਸ੍ਰ ਸੋਊ॥[171]

ਕਵੀ ਆਤਮਾ ਨੂੰ ਅਬਿਨਾਸ਼ੀ ਵੀ ਮੰਨਦਾ ਹੈ, ਕਿਉਂਕਿ ਆਤਮਾ ਪਰਮਾਤਮਾ ਦੀ ਅੰਸ਼ ਹੈ ਇਨ੍ਹਾਂ ਵਿਚ ਕੋਈ ਭਿੰਨਤਾ ਨਹੀਂ, ਪਰਮਾਤਮਾ ਅਬਿਨਾਸ਼ੀ ਹੈ ਅਜਿਹਾ ਧਾਰਮਿਕ ਵਿਚਾਰ ਹੋਣ ਕਰਕੇ ਆਤਮਾ ਦਾ ਅਬਿਨਾਸ਼ੀ ਹੋਣਾ ਸ੍ਵੈ ਪ੍ਰਮਾਣਿਤ ਹੋ ਜਾਂਦਾ ਹੈ। ਆਤਮਾ ਦੀ ਅਮਰਤਾ ਕਰਕੇ ਹੀ ਕਵੀ ਕਹਿੰਦਾ ਹੈ ਕਿ ਆਤਮਾ ਸਿਰਫ ਉਸ ਦੀ ਹੀ ਮਿਤਰ ਹੈ ਜੋ ਅਬਿਨਾਸ਼ੀ ਹੈ ਇਸ ਲਈ ਨਾਸ਼ਵਾਨ ਵਸਤੂ ਦੀ ਵਾਸਤਵਿਕਤਾ ਵਿਚ ਆਤਮਾ ਮਿਤਰ ਜਾਂ ਸਨੇਹੀ ਹੋ ਹੀ ਨਹੀਂ ਸਕਦੀ-

ਅਬਿਨਾਸੀ ਹੈ ਆਤਮਾ ਨਾਸਵੰਤ ਸਭਿ ਦੇਹਿ॥

ਆਤਮ ਬੰਧੂ ਕਉਨ ਕਾ ਨਾਸ ਕਾ ਕਾਇ ਸਨੇਹਿ॥38॥[172]

ਆਤਮਾ ਦੇ ਸ਼ੁਧ ਸਰੂਪ ਭਾਵ ਪਰਮਾਤਮਾ ਨਾਲ ਏਕਤਾ ਦੀ ਵਿਚਾਰ ਨੂੰ ਹੀ ਪ੍ਰਾਥਿਮਕਤਾ ਦੇਣੀ ਕ੍ਰਿਤ ਦੀ ਵਿਲਖਣਤਾ ਹੈ। ਆਤਮਾ ਤੇ ਪਰਮਾਤਮਾ ਦੀ ਏਕਤਾ ਪ੍ਰਤੀ ਕਵੀ ਦਾ ਕਿਸੇ ਪ੍ਰਕਾਰ ਕੋਈ ਸੰਦੇਹ ਨਹੀਂ ਹੈ। ਪ੍ਰਤਾਪ ਖੰਡ ਵਿਚ ਕਵੀ ਨੇ ਏਕਤਾ ਨੂੰ ਸਥਾਪਿਤ ਕਰਨ ਲਈ ਸਪ ਅਤੇ ਕੰਜ ਦਾ

---

[170] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 876.

[171] ਉਹੀ, ਪਤਰਾ 875.

[172] ਉਹੀ, ਪਤਰਾ 1247.

ਦ੍ਰਿਸ਼ਟਾਂਤ ਦਿਤਾ ਹੈ। ਨਿਰਸੰਦੇਹ ਆਤਮਾ ਦਾ ਦੇਹ ਨਾਲ ਗੂੜ੍ਹ ਸੰਬੰਧ ਹੈ ਪਰ ਇਹ ਸਿਰਫ ਇਤਨਾ ਹੀ ਹੈ , ਜਿਤਨਾ ਕਿ ਇਕ ਸਪ ਦਾ ਕੰਜ ਨਾਲ ਹੁੰਦਾ ਹੈ , ਭਾਵ ਬੁੜ-ਚਿਰੀ ਹੈ। ਆਤਮਾ ਸਤਯ ਅਤੇ ਚੇਤਨ ਹੈ, ਇਸ ਨੂੰ ਕੋਈ ਦੁਖ ਨਹੀਂ ਇਹ ਵੀ ਪੂਰਨ ਰੂਪ ਵਿਚ ਸਪਸ਼ਟ ਕਰਨ ਦਾ ਪ੍ਰਯਤਨ ਕੀਤਾ ਹੈ-

ਪਰਮਾਤਮ ਆਤਮ ਸੱਤਯ ਅਹੇ ਪੁਨਿ ਚੇਤਨ ਹੈ ਦੁਖ ਨਾਹਿ ਨ ਰੰਚਕਿ॥

ਤਨ ਆਤਮ ਕਾ ਸਨਬੰਧ ਕਹੂੰ ਤੁਮ ਜਾਨਹੁ ਯੌਂ ਜਿਮ ਹੀ ਸਪ ਕੰਚਕਿ॥53॥

ਸਪ ਕੰਜ ਮਿਲੇ ਪਰ ਨਾਹਿ ਮਿਲੇ ਤਜਿ ਕੰਚਕ ਸੋ ਬਿਲ ਮੈ ਘੁਸ ਜਾਵੈ॥

ਸਪ ਭਿੰਨ ਅਰੇ ਜਿਮ ਕੰਚਕ ਤੇ ਤਨ ਤੇ ਤਿਮ ਆਤਮ ਭਿੰਨ ਲਖਾਵੈ॥

ਬਨਤਾ ਸੁਤ ਮਾਤ ਪਿਤਾ ਸਗਲੇ ਤਨ ਛੂਟਤਿ ਸੋ ਤਨ ਸੰਗ ਸਿਧਾਵੈ॥

ਇਸ ਕੇ ਕਰਮੰ ਇਸ ਸੰਗ ਚਲੈਂ ਸਿਖ ਕ ਗੁਰ ਨਾਨਕ ਆਪ ਬਤਾਵੈ॥54॥[173]

ਇਨ੍ਹਾਂ ਵਿਚਾਰਾਂ ਤੋਂ ਸਪਸ਼ਟ ਹੈ ਕਿ ਕਵੀ ਦਾ ਦੇਹ ਪ੍ਰਤੀ ਦ੍ਰਿਸ਼ਟੀਕੋਣ ਇਹ ਹੈ ਕਿ ਇਹ ਪੰਜ ਤਤਾਂ ਤੋਂ ਉਪਜੀ ਹੈ ਪਰ ਆਤਮਾ ਤੋਂ ਬਿਨਾਂ ਇਸ ਦੀ ਹੋਂਦ ਜੜ ਹੈ, ਵਿਚਾਰਾਧੀਨ ਕ੍ਰਿਤੀ ਵਿਚ ਆਤਮਾ ਨੂੰ ਪਰਮਾਤਮਾ ਦਾ ਸਰੂਪ ਦਸਿਆ ਗਿਆ ਹੈ, ਜੋ ਕਿ ਗੁਰਮਤਿ ਦੇ ਅਨੁਕੂਲ ਹੈ।

ਇਨ੍ਹਾਂ ਵਿਚਾਰਾਂ ਤੋਂ ਬਿਨਾਂ ਕਵੀ ਨੇ ਮਨੁਖ ਨਾਲ ਸੰਬੰਧਿਤ ਅਜਿਹੇ ਵਿਚਾਰਾਂ ਨੂੰ ਵੀ ਪ੍ਰਸਤੁਤ ਕੀਤਾ ਹੈ, ਜੋ ਕਿ ਵਿਚਾਰਾਧੀਨ ਵਿਸ਼ੇ ਨਾਲ ਸੰਬੰਧਿਤ ਹਨ ਅਤੇ ਇਹ ਦਰਸ਼ਨ ਦੇ ਮਨੁਖ ਵਾਲੇ ਪ੍ਰਸ਼ਨ ਵਿਚ ਸਹਾਇਕ ਹਨ, ਜਿਨ੍ਹਾਂ ਦੀ ਨਿਮਨਲਿਖਤ ਅਨੁਸਾਰ ਵਰਗੀਕ੍ਰਿਤ ਕਰਕੇ ਪੜਚੋਲ ਕਰਨ ਦਰੁਸਤ ਰਹੇਗੀ-

***-ਮਨੁਖ ਦਾ ਪੈਦਾ ਹੋਣਾ ਅਤੇ ਗਰਭ ਅਵਸਥਾ***

***-ਵਿਕਾਰ***

***-ਸਰੀਰ ਦੀ ਨਾਸ਼ਵਾਨਤਾ***

***-ਕਰਮ ਸਿਧਾਂਤ ਅਤੇ ਆਵਾਗਵਨ***

***-ਮੁਕਤੀ ਦੇ ਸਾਧਨ ਅਤੇ ਜੀਵਨ ਮੁਕਤੀ***

---

[173] ਉਹੀ, ਪਤਰਾ 769.

**ਮਨੁਖ ਦਾ ਪੈਦਾ ਹੋਣਾ ਅਤੇ ਗਰਭ ਅਵਸਥਾ**

ਗੁਰਮਤਿ ਦਰਸ਼ਨ ਇਸ ਵਿਚਾਰ ਨੂੰ ਸਵੀਕ੍ਰਿਤ ਕਰਦਾ ਹੈ ਕਿ ਮਨੁਖਾ ਜਨਮ ਹੀ ਸਰਵ ਸ੍ਰੇਸ਼ਟ ਹੈ, ਮਾਤਰ ਇਸੇ ਜੋਨੀ ਵਿਚ ਸਚਿਆਰ ਅਵਸਥਾ ਪ੍ਰਾਪਤ ਕੀਤੀ ਜਾ ਸਕਦੀ ਹੈ। ਇਥੇ ਅਸੀਂ ਕਵੀ ਅਨੁਸਾਰ ਮਨੁਖ ਦੇ ਪੈਦਾ ਹੋਣ ਦੇ ਕਾਰਨ ਅਤੇ ਫਿਰ ਗਰਭ ਅਵਸਥਾ ਦੇ ਸਮੇਂ ਦੀ ਵਿਚਾਰ ਪ੍ਰਸਤੁਤ ਕਰਨੀ ਹੈ। ਉਪਰੋਕਤ ਅਸੀਂ ਵਿਚਾਰ ਕਰ ਆਏ ਹਾਂ ਕਿ ਮਨੁਖਾ ਦੇਹੀ ਪੰਜ ਤਤਾਂ ਦੇ ਮੇਲ ਤੋਂ ਬਣੀ ਹੈ ਤੇ ਆਤਮਾ ਕਾਰਨ ਹੀ ਇਸਦੀ ਹੋਂਦ ਮੰਨੀ ਜਾ ਸਕਦੀ ਹੈ। ਹੁਣ ਪ੍ਰਸ਼ਨ ਇਹ ਹੈ ਕਿ ਕਵੀ ਦੀ ਕੀ ਦ੍ਰਿਸ਼ਟੀਕੋਣ ਹੈ ਕਿ ਸਰਵ ਪ੍ਰਥਮ ਮਨੁਖ ਜਗਤ ਵਿਚ ਕਿਵੇਂ ਆਇਆ? ਇਸ ਪ੍ਰਸ਼ਨ ਦਾ ਉਤਰ ਕਵੀ ਨੇ ਸਿੰਗਲਾਦੀਪ ਖੰਡ ਵਿਚ ਅੰਕਿਤ ਕੀਤਾ ਹੈ।

ਜ਼ਿਕਰ ਇਸ ਤਰ੍ਹਾਂ ਹੈ- ਜਦੋਂ ਗੁਰੂ ਜੀ ਪੁਸ਼ਕਰ ਦੀਪ ਦੇ ਰਾਜੇ ਜਯੰਵਤ ਕੋਲ ਗਏ । ਰਾਜਾ ਵਲੋਂ ਮਨੁਖ ਬਾਰੇ ਜਿਗਿਆਸੀ ਭਾਵਨਾ ਨਾਲ ਗੁਰੂ ਨਾਨਕ ਦੇਵ ਜੀ ਨੂੰ ਪ੍ਰਸ਼ਨ ਕੀਤੇ ਗਏ ਹਨ। ਰਾਜੇ ਦੀ ਜਿਗਿਆਸਾ ਮਨੁਖ, ਪਰਮਸਤਾ, ਸਿਮਰਨ ਇਤਿਆਦਿਕ ਬਾਰੇ ਜਾਨਣ ਦੀ ਹੁੰਦੀ ਹੈ। ਯਥਾ-

ਮੈ ਹੋਂ ਕਉਨ ਸੁ ਕਹੋ ਸੁਆਮੀ॥ ਪੁਨਿ ਹਰਿ ਕਉਨ ਸੁ ਅੰਤਰਿਜਾਮੀ॥
ਜਿਸ ਕੋ ਸਿਮਰੋਂ ਮੈ ਮਨ ਲਾਇ॥ ਸੋ ਸਤਿਗੁਰ ਮੁਹਿ ਦੇਹੁ ਬਤਾਇ॥38॥
ਅਪਨੇ ਆਪ ਕੋ ਮੈ ਨਹਿ ਜਾਨੋ॥ ਮੈ ਹੋਂ ਕਉਨ ਸੁ ਮੋਹਿ ਬਖਾਨੋ॥
ਅਪਨੇ ਆਪ ਕੋ ਜਾਨੇ ਜਬੈ॥ ਗੁਰ ਹਰਿ ਕੋ ਮੈ ਭਜ ਹੋਂ ਤਬੈ॥39॥
ਹਰਿ ਸੁ ਕਉਨ ਹੈ ਅੰਤਰਿਜਾਮੀ॥ ਜਾਨੋਂ ਜਬ ਤਬ ਸਿਮਰੋਂ ਸ੍ਵਾਮੀ॥
ਬਿਨਾਂ ਜਾਨੇ ਨਿਹਚਾ ਨਹਿ ਆਵੈ॥ ਨਿਹਚੇ ਬਿਨ ਨਹਿ ਸਿਮਰਿਉ ਜਾਵੈ॥40॥
ਪੁਨਿ ਮੈ ਕਿਸ ਕਾ ਇਹੁ ਭੀ ਕਹੋ॥ ਹਮਰੇ ਮਨ ਕਾ ਸੰਸਾ ਦਹੋ॥
ਅਰੁ ਇਹੁ ਤਨੁ ਕਾਹੇ ਕਾ ਹਯੈ॥ ਕਿਸ ਕਿਸ ਕਾ ਇਸ ਤਨ ਕੋ ਕਹਜੈ॥41॥
ਅਰੁ ਹਰਿ ਕੋ ਮੈ ਭਜਹੋ ਜਬੈ॥ ਕਜਾ ਮੁਹਿ ਲਾਭ ਹੋਇ ਹੈ ਤਬੈ॥

ਇਤਿਨੇ ਪਰਸਨਿ ਮੋ ਕੋ ਕਹੋ॥ ਹਮਰੇ ਮਨ ਕਾ ਸੰਸਾ ਦਹੋ॥42॥[174]

ਇਨ੍ਹਾਂ ਪ੍ਰਸ਼ਨਾਂ ਦਾ ਉਤਰ ਗੁਰੂ ਜੀ ਦਿੰਦੇ ਹੋਏ ਕਹਿੰਦੇ ਹਨ ਕਿ ਸਰਵ ਪ੍ਰਥਮ ਪਰਮਾਤਮਾ ਸੀ ਅਤੇ ਉਸ ਨੇ ਹੀ ਪੰਜ ਤਤਾਂ ਤੋਂ ਮਨੁਖ ਨੂੰ ਪੈਦਾ ਕਰਕੇ ਉਸ ਵਿਚ ਆਪਣੀ ਅੰਸ਼ ਰੂਪ ਆਤਮਾ ਵਿਦਮਾਨ ਕੀਤੀ ਹੈ। ਇਸ ਤਰ੍ਹਾਂ ਕਵੀ ਦੇ ਦ੍ਰਿਸ਼ਟੀਕੋਣ ਇਹ ਸਿਧ ਹੁੰਦਾ ਹੈ ਕਿ ਪਰਮਾਤਮਾ ਦੇ ਫੁਰਨੇ ਨਾਲ ਹੀ ਮਨੁਖ ਦੀ ਹੋਂਦ ਸੰਭਵ ਹੋ ਸਕੀ ਹੈ-

ਪਿਰਥਮ ਪਰਮੇਸਰ ਥਾ ਏਕ॥ ਪੁਰਖ ਪਰਕ੍ਰਿਤਿ ਮਹ ਤਤ ਹੇਕ॥

ਪੰਚ ਤਤ ਨਹਿ ਦੇਹਿ ਅਕਾਰੰ॥ ਈਸ੍ਵਰ ਜੀਵਨ ਵਿਸੇ ਬਿਕਾਰੰ॥43॥

ਦੋਹਰਾ॥

ਪਰਮੇਸਰ ਪਰਮਾਤਮਾ ਪਰ ਪੂਰਨ ਭਗਵਾਨ॥

ਭਯੋ ਸਫੁਰਨ ਤਾਹਿ ਤੇਹੰ ਭਾਵ ਉਤਥਾਨ॥44॥

ਜੈਸੇ ਨਿਰਪ ਮਹਾਨ ਕੋ ਸੋਯੋ ਮਹਲ ਇਕਾਂਤਿ॥

ਜੋਗ ਨਿੰਦ੍ਰਾ ਮੈ ਬ੍ਰਹਮ ਤਿਉ ਸੋਯੋ ਭੂਪ ਨਿਵਾਂਤਿ॥45॥[175]

ਸੰਤਰੇਣ ਨੇ ਬਹੁਤ ਥਾਵਾਂ 'ਤੇ ਪ੍ਰਸ਼ਨੋਤਰੀ ਵਾਲੀ ਸ਼ੈਲੀ ਅਪਣਾਈ ਹੈ, ਇਕ ਹੋਰ ਉਦਾਹਰਨ ਨਿਮਨ ਲਿਖਤ ਅਨੁਸਾਰ ਹੈ ਜਿਸ ਵਿਚ ਬਾਲੇ ਨੇ ਮਨੁਖ ਬਾਰੇ ਪ੍ਰਸ਼ਨ ਕੀਤਾ, ਜਿਸਦਾ ਉਤਰ ਗੁਰੂ ਜੀ ਨੇ ਇਸ਼ਾਰਾ ਮਾਤਰ ਦਿਤਾ ਹੈ-

ਮੈਂ ਹੂੰ ਕਉਨ ਕਹਾਂ ਤੇ ਆਯੋ॥ ਮੈ ਯਹਿ ਭੇਦਿ ਨ ਅਬ ਲੋਉ ਪਾਇਯੋ॥ 32॥

ਭਗਵਨ ਮੈ ਨਹਿ ਜਾਨਿਉ ਕਾਈ॥ ਸਤਿਗੁਰ ਹਮ ਕੋ ਦੇਹੁ ਬਤਾਈ॥

ਸਤਿਗੁਰੁ ਕਹਿਯੋ ਨ ਐਸੇ ਹੋਏ ਤੁਮਿ ਬਿਨਿ ਔਰ ਨ ਜਾਨੈ ਕੋਇ॥33॥

ਤੂੰ ਸਭ ਹੀ ਕਛੁ ਜਾਨੈ ਭਾਈ॥ ਬਾਲੈ ਕਹਯੋ ਬਹੁਰਿ ਸਿਰਨਾਈ॥[176]

---

[174] ਉਹੀ, ਪਤਰਾ 1405.

[175] ਉਹੀ, ਪਤਰਾ 1405.

ਇਥੇ ਇਹ ਸਪਸ਼ਟ ਹੈ ਕਿ ਪਰਮਾਤਮਾ ਹੀ ਮਨੁਖ ਦਾ ਜਨਮ ਦਾਤਾ ਹੈ। ਇਹੀ ਗੱਲ ਕਵੀ ਦੇ ਸਾਮੀ ਧਰਮਾਂ ਦੇ ਦ੍ਰਿਸ਼ਟੀਕੋਣ ਤੋਂ ਸਿਧ ਹੁੰਦੀ ਹੈ ਜਿਸ ਵਿਚ ਕਵੀ ਨੇ ਕਿਹਾ ਹੈ ਕਿ ਮਨੁਖ ਨੂੰ ਅਲਾਹ ਨੇ ਖਾਕ ਤੋਂ ਪੈਦਾ ਕਰਕੇ ਇਸ ਦਾ ਨਾਮ ਆਦਮ ਰਖਿ ਆ ਸੀ। ਦੋਵਾਂ ਪ੍ਰਸਥਿਤੀਆਂ ਵਿਚ ਕਵੀ ਦੀ ਇਸ ਗੱਲ ਉਪਰ ਪਰਿਪਕਤਾ ਹੈ ਕਿ ਮਨੁਖ ਨੂੰ ਪਰਮਸਤਾ ਨੇ ਪੈਦਾ ਕੀਤਾ ਹੈ। ਯਥਾ-

ਖਾਕਹੁ ਆਦਮ ਪੈਦਾ ਕਯੋ॥ ਕਰਿ ਕੈ ਤਾਹਿ ਖੁਸੀ ਬਹੁ ਭਯੋ॥
ਸਿਜਦਾ ਕਰੋ ਯਾਹਿ ਕੋ ਸਾਰੇ॥ ਯੋ ਹਕਤਾਲਾ ਬਚਨਿ ਉਚਾਰੇ॥10॥[177]

ਮਨੁਖ ਦੇ ਹੋਂਦ ਵਿਚ ਆਉਣ ਉਪਰੰਤ ਫਿਰ ਇਸ ਪ੍ਰਜਾਤੀ ਦਾ ਵਾਧਾ ਕਿਵੇਂ ਹੋਇਆ , ਇਹ ਇਸ ਵਿਚਾਰ ਦਾ ਦੂਜਾ ਪ੍ਰਸ਼ਨ ਹੈ ਜਿਸ ਵਿਚ ਕਵੀ ਨੇ ਗਰਭ ਅਵਸਥਾ ਵਾਲੀ ਸਥਿਤੀ ਨੂੰ ਦਰਸਾਇਆ ਹੈ। ਵਿਚਾਰਾਧੀਨ ਕ੍ਰਿਤੀ ਵਿਚ ਮਨੁਖ ਨੂੰ ਮਲਮੂਤਰ ਤੋਂ ਪੈਦਾ ਹੋਇਆ ਦਰਸਾਇਆ ਹੈ ਅਤੇ ਜਿਸ ਦਿਨ ਇਹ ਹੋਂਦ ਵਿਚ ਆ ਗਿਆ, ਉਸੇ ਦਿਨ ਤੋਂ ਇਸ ਦੀ ਆਯੂ ਘਟਣੀ ਸ਼ੁਰੂ ਹੋ ਜਾਂਦੀ ਹੈ। ਯਥਾ-

ਮਲਮੂਤਰ ਤੇ ਉਪਜਯੋ ਤਨ ਜੋ ਖਿਨ ਭੰਗਰੁ ਆਹਿ ਸੁ ਦੇਖਿ ਵਿਚਾਰੇ॥
ਦਿਨ ਹੀ ਦਿਨ ਆਯੁਰ ਖੀਨ ਹੁਵੇ ਫੁਟਕੇ ਘਟ ਤੇ ਜਿਮ ਨੀਰ ਉਦਾਰੇ॥[178]

ਦਾਰਸ਼ਨਿਕ ਵਿਚਾਰਾਂ ਦਾ ਪ੍ਰਗਾਟਾਵਾ ਕਰਦਿਆਂ ਕਵੀ ਨੇ ਸੁਮੇਰ ਖੰਡ ਵਿਚ ਗਰਭ ਅਵਸਥਾ ਦੀ ਪ੍ਰਸਥਿਤੀ ਨੂੰ ਭਲੀ-ਭਾਂਤਿ ਦਰਸਾਇਆ ਹੈ। ਪਰੰਪਰਾਗਤ ਮਨੌਤ ਅਨੁਸਾਰ ਗਰਭ ਅਵਸਥਾ ਦੌਰਾਨ ਮਨੁਖ ਦੀ ਲਿਵ ਪਰਮਾਤਮਾ ਨਾਲ ਲਗੀ ਹੁੰਦੀ ਹੈ, ਇਸੇ ਆਧਾਰਿਤ ਪਰਮਾਤਮਾ ਤੇ ਮਨੁਖ ਵਿਚਕਾਰ ਵਿਚਤ੍ਰ ਰੂਪ ਵਿਚ ਵਾਰਤਾਲਾਪ ਚਿਤਰਦਿਆਂ ਮਨੁਖ ਦਾ ਪਰਮਾਤਮਾ ਨਾਲ ਕੀਤਾ ਵਾਅਦਾ ਅੰਕਿਤ ਹੈ। ਮਨੁਖ ਦਾ ਗਰਭ ਵਿਚ ਆਉਣ ਦਾ ਪ੍ਰਮੁਖ ਕਾਰਣ ਪਰਮਾਤਮਾ ਦਾ ਭਜਨ ਨਾ ਕਰਨਾ ਦਸਿਆ ਹੈ, ਇਥੇ ਇਹ ਸ੍ਵੈ ਪ੍ਰਮਾਣਿਤ ਹੋ ਜਾਂਦਾ ਹੈ ਕਿ ਭਜਨ ਕਰਨ ਵਾਲੇ ਗਰਭ ਵਿਚ ਨਹੀਂ ਆਉਂਦੇ। ਯਥਾ-

---

[176] ਉਹੀ, ਪਤਰਾ 1298.

[177] ਉਹੀ, ਪਤਰਾ 939.

[178] ਉਹੀ, ਪਤਰਾ 991.

ਰਾਮ ਭਜਨ ਬਿਨ ਜੀਵ ਇਹੁ ਆਵੈ ਗਰਭ ਮਝਾਰ॥

ਗਰਭ ਮਾਹਿ ਦੁਖ ਭੋਗਈ ਕਰੈ ਸੁ ਬਹੁਤਿ ਪੁਕਾਰ॥1॥

ਗਰਭ ਮਾਹਿ ਤੇ ਕਾਢ ਮੁਹਿ ਹੇ ਪ੍ਰਭ ਰਾਮ ਉਦਾਰ॥

ਅਬ ਨਹ ਭੂਲੋਂ ਤੋਹਿ ਕੋ ਕਹੈ ਸੁ ਬਾਰਹਿ ਬਾਰ॥2॥[179]

ਪਰਮਾਤਮਾ ਤੇ ਜੀਵ ਦੇ ਗਰਭ ਅਵਸਥਾ ਦਾ ਵਿਚਤ੍ਰ ਵਾਰਤਾਲਾਪ ਇੰਞ ਹੁੰਦਾ ਹੈ- ਜੀਵ ਬੇਨਤੀ ਕਰਦਾ ਹੈ ਕਿ ਮੈਂ ਭਜਨ ਕਰਾਂਗਾ ਇਸ ਲਈ ਮੈਨੂੰ ਗਰਭ ਵਿਚੋਂ ਬਾਹਰ ਕਢ ਦਿਤਾ ਜਾਵੇ। ਜੀਵ ਭਜਨ ਨਾ ਹੋਣ 'ਤੇ ਸਾਰੀ ਕਮਾਈ ਪਰਮਾਤਮਾ ਦੇ ਨਾਮ ਲਗਾਉਣ ਦਾ ਵਾਅਦਾ ਕਰਦਾ ਹੈ, ਪਰ ਪਰਮਾਤਮਾ ਯਾਦ ਕਰਵਾਉਂਦਾ ਹੈ ਕਿ ਇਹ ਵਾਅਦਾ ਤੇਰੇ ਤੋਂ ਨਿਭਾਅ ਨਹੀਂ ਹੋਣਾ। ਫਿਰ ਮਨੁਖ ਕਮਾਈ ਦਾ ਅਧਾ ਭਾਗ ਕਹਿੰਦਾ ਹੈ , ਪਰ ਪਰਮਾਤਮਾ ਫਿਰ ਕਹਿੰਦਾ ਹੈ ਕਿ ਇਹ ਵੀ ਤੇਰੇ ਵਸ਼ ਨਹੀਂ ਹੈ। ਇਸੇ ਤਰ੍ਹਾਂ ਤੀਜਾ, ਚੌਥਾ, ਪੰਜਵਾਂ ਇਤਿਆਦਿ ਵਾਅਦਿਆਂ ਨੂੰ ਪਰਮਾਤਮਾ ਜੀਵ ਦੇ ਵਸ਼ ਤੋਂ ਬਾਹਰ ਦਸਦਾ ਹੈ । ਅੰਤ ਵਿਚ ਕਮਾਈ ਦੇ ਦਸਵੇਂ ਭਾਗ ਵਾਲੇ ਵਾਅਦੇ ਨਾਲ ਜੀਵ ਗਰਭ ਵਿਚੋਂ ਬਾਹਰ ਆਉਂਦਾ ਹੈ-

ਭਜਨ ਤੁਮਾਰਾ ਬਨੈ ਨ ਜੋਇ॥ ਕਰੋਂ ਕਮਾਈ ਦਿਉ ਸੁ ਤੋਇ॥

ਇਸ ਮੈ ਫੇਰਿ ਕਰੋਂ ਨਹਿ ਰਾਈ॥ ਸੁਨ ਭਗਵਾਨ ਕਹਯੋ ਸੁਖਦਾਈ॥3॥

ਤੁਮ ਤੇ ਭਜਨ ਨ ਬਨੈ ਹਮਾਰ॥ ਬਹੁਤਿ ਬਾਰ ਤੈ ਕੀਉ ਕਰਾਰ॥

ਪੁਨਿ ਨਹਿ ਦਈ ਸੁ ਜਾਇ ਕਮਾਈ॥ ਪੁਨਿ ਤਿਨ ਭਾਖਯੋ ਸੀਸ ਨਿਵਾਈ॥4॥

ਆਧੀ ਦਿਉ ਕਮਾਈ ਤੋਹਿ॥ ਅਬ ਕੀ ਬਾਰ ਨਿਕਾਲੋ ਮੋਹਿ॥

ਆਧੀ ਭੀ ਨਹਿ ਜਾਇ ਸੁ ਦਈ॥ ਕੀਉ ਕਰਾਰ ਬਾਰ ਤੁਹਿ ਕਈ॥5॥

ਦੇਉ ਤੀਸਰਾ ਭਾਗ ਉਦਾਰੇ॥ ਇਹੁ ਭੀ ਝੂਠਾ ਤੋਹਿ ਕਰਾਰੇ॥

ਚਉਥਾ ਭਾਗ ਦੇਉ ਭਗਵਾਨ॥ ਇਹੁ ਭੀ ਤੁਮ ਤੇ ਬਨੈ ਨ ਜਾਨ॥6॥

ਪੰਚਮ ਭਾਗ ਦੇਉ ਤੁਹਿ ਸ੍ਵਾਮੀ॥ ਪੁਨਿ ਬੋਲੇ ਸੁਨਿ ਅੰਤਰਜਾਮੀ॥

---

[179] ਉਹੀ, ਪਤਰਾ 1128.

ਪੰਚਮ ਭਾਗ ਦਯੋ ਨਹਿ ਜਾਈ॥ ਖਸਟਮਿ ਦਿਉ ਤੋਹਿ ਸੁਖਦਾਈ॥7॥

ਖਸਟਮਿ ਭਾਗ ਦਯੋ ਨਹਿ ਜਾਇ॥ ਸਪਤਮ ਭਾਗ ਦਿਉ ਸਿਰਨਾਇ॥

ਸਪਤਮ ਭੀ ਨਹਿ ਦਯੋ ਸੁ ਜਾਈ॥ ਅਸਟਮਿ ਦਿਉ ਤੋਹਿ ਸੁਖਦਾਈ॥8॥

ਅਸਟਮਿ ਭੀ ਦੇ ਸਕੈਂ ਨ ਮੂਰਿ॥ ਇਕ ਕਮ ਦਸਮੋ ਦੇਉ ਜਰੂਰਿ॥

ਇਕ ਕਮ ਦਸਮੋ ਦਯੋ ਨ ਜਾਈ॥ ਦਸਮੋਂ ਦੇਉ ਤੋਹਿ ਪਰ ਪਾਈ॥9॥

ਅਬ ਕੀ ਬਾਰ ਨਿਕਾਲੋ ਮੋਹਿ॥ ਦੁਖ ਪਾਯੋ ਮੈਂ ਬਰੁ ਇਸ ਡੋਹਿ॥

ਦਸਵੇਂ ਮਾਹਿ ਨ ਕਰੋਂ ਕਸੂਰੇ॥ ਮਾਂਨਿਉ ਵਾਕ ਸੁ ਭਗਵਤਿ ਪੂਰੇ॥10॥[180]

ਗਰਭ ਵਿਚੋਂ ਵਾਅਦਾ ਕਰਕੇ ਜੀਵ ਜਨਮ ਲੈਂਦਾ ਹੈ ਪਰ ਸੰਸਾਰ ਮਾਇਆ ਤੋਂ ਪ੍ਰਭਾਵਿਤ ਹੋਣ ਕਾਰਨ ਕੀਤਾ ਹੋਇਆ ਵਾਅਦਾ ਭੁਲ ਜਾਂਦਾ ਹੈ ਅਤੇ ਮੂਰਖਾਂ ਵਾਲੇ ਕਰਮ ਕਰਨੇ ਆਰੰਭ ਕਰ ਦਿੰਦਾ ਹੈ-

ਗਰਭ ਮਾਹਿ ਤੇ ਕਾਢਿਯੋ ਭਗਵਤਿ ਕਰਿ ਕਾਰਾਰ॥

ਬਾਹਰਿ ਆਇ ਭੁਲਾਇਯੋ ਭਗਵਤਿ ਸੋ ਕਰਤਾਰ॥

ਭਗਵਤਿ ਸੋ ਕਰਤਾਰ ਆਇ ਕਰਿ ਤਾਹਿ ਭੁਲਾਯੋ॥

ਕਨਕਿ ਕਾਮਨੀ ਚੋਜ ਦੇਖਿ ਕਰਿ ਮੂੜਿ ਲੁਭਾਯੋ॥[181]

ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਕਵੀ ਨੇ ਮਨੁਖ ਨੂੰ ਪਰਮਾਤਮਾ ਦੀ ਉਪਜ ਮੰਨਿਆ ਹੈ ਅਤੇ ਆਪਣੀ ਅੰਸ਼ ਆਤਮਾ ਦੇ ਰੂਪ ਵਿਚ ਮਨੁਖਾ ਦੇਹੀ ਵਿਚ ਵਿਦਮਾਨ ਕੀਤੀ ਹੈ। ਸਾਮੀ ਧਰਮਾਂ ਅਨੁਸਾਰ ਵੀ ਵਿਚਾਰਾਧੀਨ ਕ੍ਰਿਤ ਵਿਚ ਮਨੁਖ ਦੀ ਹੋਂਦ ਦੀ ਵਿਚਾਰ ਕੀਤੀ ਗਈ ਹੈ, ਪਰ ਗੁਰਮਤਿ ਅਤੇ ਸਾਮੀ ਧਰਮਾਂ ਦੇ ਮਨੁਖ ਦੀ ਹੋਂਦ ਵਿਚਲੇ ਪ੍ਰਸ਼ਨ ਵਿਚ ਕਵੀ ਨੇ ਇਕ ਸੰਗਮਤਾ ਇਹ ਰਖੀ ਹੈ ਕਿ ਦੋਨਾਂ ਵਿਚ ਮਨੁਖ ਨੂੰ ਪੈਦਾ ਕਰਨ ਵਾਲਾ ਪਰਮਾਤਮਾ ਜਾਂ ਅਲਾਹ ਹੀ ਦਰਸਾਇਆ ਹੈ। ਫਿਰ ਜੀਵ ਵਲੋਂ ਜਨਮ

[180] ਉਹੀ, ਪਤਰਾ 1128-29.

[181] ਉਹੀ, ਪਤਰਾ 1129.

ਲੈਣ ਤੋਂ ਪਹਿਲਾਂ ਦਾ ਬਿਰਤਾਂਤ ਦਰਸਾ ਕੇ ਪਰਮਾਤਮਾ ਦੇ ਸਿਮਰਨ ਨੂੰ ਸਰਵ ਸ੍ਰੇਸ਼ਟ ਦਸਣਾ ਕਵੀ ਦਾ ਦ੍ਰਿਸ਼ਟੀਕੋਣ ਇਹ ਅਨੁਮਾਨਿਤ ਕਰਵਾਉਂਦਾ ਹੈ ਕਿ ਇਹ ਸਾਰੀ ਹੀ ਵਿਚਾਰ ਗੁਰਮਤਿ ਅਧਾਰਿਤ ਹੈ।

**ਵਿਕਾਰ**

ਮਨੁਖ ਦੇ ਸੰਸਾਰ ਵਿਚ ਆਉਣ 'ਤੇ ਉਹ ਸਰਵ ਪ੍ਰਥਮ ਵਿਕਾਰਾਂ ਦੇ ਵਿਚ ਗ੍ਰਸਿਤ ਹੁੰਦਾ ਹੈ। ਪੰਜ ਵਿਕਾਰਾਂ ਪ੍ਰਤੀ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ-

*ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ, ਵਿਕਾਰ ਸਦੀਦੇ ਹਨ, ਕਯੋਂਕਿ ਅੰਤਹਕਰਣ ਹੀ ਵਿਕ੍ਰਿਤ ਹੋਇਆ ਇਨ੍ਹਾਂ ਦਾ ਰੂਪ ਧਾਰਦਾ ਹੈ। ਗੁਰਮੁਖ ਲੋਕ ਵਿਸ਼ਯ ਅਤੇ ਵਿਕਾਰਾਂ ਨੂੰ ਆਪਣੇ ਢੰਗ ਅਨੁਸਾਰ ਵਰਤ ਕੇ ਲੋਕ ਪਰਲੋਕ ਦਾ ਆਨੰਦ ਲੈਂਦੇ ਅਤੇ ਮਨਮੁਖ ਇਨ੍ਹਾਂ ਦੇ ਅਧੀਨ ਹੋਏ ਕਲੇਸ਼ ਭੋਗਦੇ ਹਨ।*[182]

ਇਸੇ ਤਰ੍ਹਾਂ ਕਵੀ ਵੀ ਪੰਜ ਵਿਕਾਰਾਂ ਦੀ ਗੱਲ ਕਰਦਾ ਹੈ ਜਿਨ੍ਹਾਂ ਦੇ ਕਾਰਣ ਹੀ ਮਨੁਖ ਅੰਦਰ ਵਿਕ੍ਰਿਤੀਆਂ ਪੈਦਾ ਹੁੰਦੀਆਂ ਹਨ। ਮਨੁਖ ਪਰਮਾਤਮਾ ਦੀ ਸੋਹਣੀ ਅੰਸ਼ ਹੈ, ਪਰ ਇਹ ਇੰਦ੍ਰੀਆਂ ਦੇ ਵਸ਼ੀਕ੍ਰਿਤ ਹੋਣ ਕਰਕੇ ਸੰਸਾਰ ਦੇ ਮਾਇਆ ਰੂਪੀ ਰਸਾਂ ਵਿਚ ਫਸਿਆ ਹੋਇਆ ਪਰਮਾਤਮਾ ਨੂੰ ਭੁਲ ਜਾਂਦਾ ਹੈ। ਇਨ੍ਹਾਂ ਵਿਕਾਰਾਂ ਕਰਕੇ ਹੀ ਮਨੁਖ ਨੂੰ ਵਾਰ-ਵਾਰ ਜਨਮ ਲੈਣਾ ਪੈਂਦਾ ਹੈ-

ਪਰਮੇਸੂਰ ਕੀ ਅੰਸ ਜੀਵ ਇਹੁ ਆਹਿ ਮਹਾਂਨੋ॥

ਪਰ ਸੋ ਕਹਣੇ ਮਾਤ ਭੇਦਿ ਤਹ ਪਛਾਨੋ॥

ਪਰਮੇਸੂਰ ਤੇ ਵਿਛੜਿ ਇਹੁ ਤਨੁ ਇੰਦ੍ਰਿਯ ਮੈ ਆ ਫਸਾ॥

ਪਰਮੇਸੂਰ ਗਯੁ ਭੂਲਿ ਸੋ ਪੰਚ ਵਿਖੇ ਰਸ ਮੈ ਰਸਾ॥2॥[183]

---

[182] ਨਾਭਾ, ਭਾਈ ਕਾਨ੍ਹ ਸਿੰਘ, *ਗੁਰੁਮਤ ਮਰਤੰਡ ਭਾਗ ਦੂਜਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ. 2014, ਪੰਨਾ 822.

[183] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 874.

ਇਸੇ ਵਿਚਾਰ ਦੀ ਪ੍ਰੋੜਤਾ ਚਰਚਿਤ ਕ੍ਰਿਤੀ ਵਿਚ ਹੋਰ ਥਾਂ ਵੀ ਕੀਤੀ ਗਈ ਹੈ ਕਿ ਮਨੁਖ ਸੰਸਾਰ ਵਿਚ ਗ੍ਰਸਤ ਹੋ ਕੇ ਨਿਘਰਦਾ ਜਾ ਰਿਹਾ ਹੈ । ਮਾਤਰ ਪਰਮਾਤਮਾ ਅਗੇ ਬੇਨਤੀ ਕਰਕੇ ਹੀ ਉਹ ਬਚ ਸਕਦਾ ਹੈ-

ਅਸਿ ਸਾਗਰ ਮੈਹਮ ਬੂਡ ਰਹੇ ਸੁ ਕ੍ਰਿਪਾ ਕਰਿਕੈ ਹਮ ਕੋ ਕਰਿ ਪਾਰੇ॥

ਨਖ ਤੇ ਸਿਖ ਲੌ ਹਮ ਬੂਡ ਰਹੇ ਹਮਰੇ ਦੁਖ ਕਾ ਕਛੁ ਨਾਹਿ ਸੁਮਾਰੇ॥13॥[184]

ਸੰਤਰੇਣ ਦਾ ਮੰਨਣਾ ਹੈ ਕਿ ਸੰਸਾਰ ਇਕ ਸਾਗਰ ਦੀ ਭਾਂਤਿ ਹੈ ਤੇ ਮਨੁਖ ਇਸ ਵਿਚ ਵਹਿ ਰਿਹਾ ਹੈ, ਜਿਸ ਦੇ ਦੋ ਕਿਨਾਰੇ ਹਨ ਇਕ ਮਾਇਆ ਅਤੇ ਦੂਜਾ ਈਸ਼ਵਰ। ਨਿਰਸੰਦੇਹ ਇਹ ਮਨੁਖ ਨੇ ਹੀ ਇਹ ਤੈਅ ਕਰਨਾ ਹੈ ਕਿ ਉਸ ਨੇ ਕਿਸ ਪਾਸੇ ਜਾਣਾ ਹੈ। ਯਥਾ-

ਹਮ ਸਭਿ ਭਵਜਲੁ ਮਾਹਿ ਬਹੇ ਗੁਰ ਜਾਤ ਹੈ॥

ਬੂਡਤਿ ਹੈਂ ਹਮ ਸਰਬ ਅਲੰਬਨ ਪਾਤ ਹੈ॥

ਭਵਜਲੁ ਇਹੁ ਸੰਸਾਰ ਮਹਾ ਅਤਿ ਭਾਰਿਆ॥

ਹੋ ਮਾਯਾ ਈਸ੍ਰਰਦੋਇ ਸੁ ਤਾਹਿ ਕਨਾਰਿਆ॥6॥[185]

ਕਵੀ ਦੇ ਦ੍ਰਿਸ਼ਟੀਕੋਣ ਤੋਂ ਇਹ ਭ੍ਰਾਂਤੀ ਵੀ ਦੂਰ ਹੋ ਜਾਂਦੀ ਹੈ ਕਿ ਮਨੁਖ ਕਿਸ ਪਾਸੇ ਜਾਵੇਗਾ, ਸਗੋਂ ਸਪਸ਼ਟ ਕਰਦਿਆਂ ਦਸ ਦਿਤਾ ਕਿ ਸੰਗਤ ਅਤੇ ਕੁਸੰਗਤ ਮਨੁਖ ਨੂੰ ਕਿਸੇ ਇਕ ਕਿਨਾਰੇ ‘ਤੇ ਲੈ ਕੇ ਜਾਵੇਗੀ। ਦੋਨਾਂ ਕਿਨਾਰਿਆਂ ਨੂੰ ਚੁਣ ਨ ਲਈ ਜਿਸ ਦੀ ਵਰਤੋਂ ਮਨੁਖ ਨੇ ਕਰਨੀ ਹੈ , ਉਸ ਨੂੰ ਕਵੀ ਨੇ ਸੁਮਤਿ ਅਤੇ ਕੁਮਤਿ ਕਿਹਾ ਹੈ। ਸ਼ਾਸਤ੍ਰਾਂ ਅਤੇ ਸੰਤਾਂ ਦੇ ਦਸੇ ਮਾਰਗ ‘ਤੇ ਚਲਣ ਵਾਲਾ ਸੁਮਤਿ ਵਾਲਾ ਤੇ ਨਾ ਚਲਣ ਵਾਲਾ ਕੁਮਤਿ ਵਾਲਾ ਹੈ-

ਸਤਿ ਗ੍ਰੰਥ ਜੁ ਬੇਦ ਪੁਰਾਨ ਕਹੈਂ ਸਭਿ ਸੰਤ ਕਹੈਂ ਗੁਰਦੇਵ ਜੁ ਭਾਨੇ॥

ਅਪਨੀ ਮਤਿ ਕੇ ਅਨੁਸਾਰ ਚਲੈਂ ਤਿਨ ਵਾਕਨਿ ਤਾਂ ਕਰਿ ਨਾਹਿ ਸੁ ਮਾਨੇ॥36॥

---

[184] ਉਹੀ, ਪਤਰਾ 781.

[185] ਉਹੀ, ਪਤਰਾ 781.

ਤਿਨ ਕੇ ਅਨੁਸਾਰ ਜੁ ਨਾਹਿ ਚਲੈਂ ਕੁਮਤੀ ਤਿਸ ਕੋ ਸਭਿ ਸੰਤ ਬਖਾਨੇ॥

ਜਨਮੈਂ ਸੁ ਮਰੈਂ ਕਬਹੂੰ ਨ ਤਰੈ ਤਿਨ ਕੀ ਮਤਿ ਹੋਇ ਗਈ ਸਭਿ ਹਾਨੇ॥[186]

ਅਧਾਰਮਿਕ ਵਿਅਕਤੀ ਨੂੰ ਮੂਰਖ ਦੀ ਸੰਗਿਆਂ ਦੇਣਾ ਕੋਈ ਅਣਉਚਿਤ ਵਿਚਾਰ ਨਹੀਂ ਹੈ, ਜੋ ਵਿਅਕਤੀ ਕੁਮਤਿ ਵਾਲਾ ਹੈ ਉਹ ਮੂਰਖ ਹੈ। ਵਿਚਾਰਾਧੀਨ ਕ੍ਰਿਤੀ ਵਿਚ ਕਵੀ ਕਹਿੰਦਾ ਹੈ ਕਿ ਜੇ ਵਿਅਕਤੀ ਅਗ ਨਾਲ ਜਲ ਜਾਏ, ਬਾਘ ਖਾ ਜਾਏ, ਸਪ ਕਟ ਲਵੇ, ਪਹਾੜੀ ਤੋਂ ਡਿਗ ਕੇ ਮਰ ਜਾਵੇ ਇਤਿਆਦਿਕ ਸਾਰੀਆਂ ਹੀ ਪ੍ਰਸਥਿਤੀਆਂ ਇਕ ਮੂਰਖ ਵਿਅਕਤੀ ਦੇ ਸੰਗ ਨਾਲੋਂ ਚੰਗੀਆਂ ਹਨ । ਇਥੇ ਇਹ ਗੱਲ ਸ੍ਵੈ ਪ੍ਰਮਾਣਿਤ ਹੋ ਜਾਂਦੀ ਹੈ ਕਿ ਮੂਰਖ ਦਾ ਸੰਗ ਵਿਕ੍ਰਿਤੀਆਂ ਪੈਦਾ ਕਰਨ ਵਾਲਾ ਹੈ। ਯਥਾ-

ਆਗ ਜਰਾਇ ਜਰੋ ਤਨਏ ਪੁਨਿ ਬਾਘ ਜਿ ਖਾਇਤ ਖਾਇ ਭਲੋਈ॥

ਸਾਪ ਕਟੈ ਤ ਕਟੋ ਤਨਕੋ ਗਿਰ ਤੇ ਗਿਰਕੈ ਜਿ ਮਰੈ ਤ ਮਰੋਈ॥

ਚੀਰ ਗਜਿੰਦ ਸੁਟੇ ਤਨ ਕੋ ਨਿਧ ਪ੍ਰਾਣ ਲਏ ਜਲ ਮਾਹਿ ਡਬੋਈ॥

ਸੰਤਹਿਰੇਣ ਕਹੈ ਸਭ ਕੋ ਪਰ ਮੂਰਖਸੰਗ ਕਰੋ ਮਤਿ ਕੋਈ॥ 54॥[187]

ਇਸ ਦੇ ਸਨਮੁਖ ਜੇਕਰ ਮਨੁਖ ਨੂੰ ਸੰਤ ਸੰਗਤ ਮਿਲ ਜਾਵੇ ਤਾਂ ਉਹ ਸੰਸਾਰ ਰੂਪੀ ਸਾਗਰ ਤੋਂ ਪਾਰ ਹੋ ਜਾਂਦਾ ਹੈ ਜਿਥੇ ਮੂਰਖ ਦਾ ਇਕਠ ਹੋਵੇਗਾ , ਉਸ ਨੂੰ ਅਸੀਂ ਕੁਸੰਗਤ ਕਹਾਂਗੇ ਕਿਉਂਕਿ ਮੂਰਖ ਦਾ ਸੰਗ ਮਨੁਖ ਅੰਦਰ ਨਿੰਦਾ, ਨਿਰਾਸ਼ਾ, ਚਿੰਤਾ, ਹੰਕਾਰ ਅਤੇ ਬੁਧੀ ਦੀ ਹਾਨੀ ਇਤਿਆਦਿਕ ਵਿਕ੍ਰਿਤੀਆਂ ਪੈਦਾ ਕਰਦਾ ਹੈ। ਰਚਨਾ ਵਿਚ ਤਾਂ ਇਥੋਂ ਤੀਕ ਵੀ ਕਹਿ ਦਿਤਾ ਹੈ ਕਿ ਜੇਕਰ ਕੋਈ ਸਾਧ ਕਿਸੇ ਅਸਾਧ (ਮੂਰਖ) ਦੀ ਸੰਗਤ ਕਰੇਗਾ ਤਾਂ ਉਸ ਦਾ ਹਸ਼ਰ ਉਸ ਗਿਲੀ ਲਕੜੀ ਵਰਗਾ ਹੋਵੇਗਾ, ਜੋ ਸੁਕੀ ਲਕੜੀ ਨਾਲ ਮਿਲ ਕੇ ਜਲ ਜਾਂਦੀ ਹੈ, ਉਸੇ ਭਾਂਤਿ ਉਹ ਵੀ ਦੁਖ ਹੀ ਭੋਗਦਾ ਹੈ-

ਅਪਜਸੁ ਹ੍ਵੈ ਪਰ ਨਿੰਦਾ ਕਹੇ॥ ਆਸਾ ਤੇ ਧੀਰਜ ਨਹਿ ਰਹੇ॥

ਚਿੰਤਾ ਤੇ ਚਤੁਰਾਈ ਜਾਵੈ॥ ਹੰਕਾਰ ਸਰਬੰਸ ਡੁਬਾਵੈ॥41॥

---

[186] ਉਹੀ, ਪਤਰਾ 1571.

[187] ਉਹੀ, ਪਤਰਾ 1572.

ਕਰੈ ਕੁਸੰਗਤਿ ਜੋਇ ਪ੍ਰਾਨੀ॥ ਤਾਂਹਿ ਬੁਧਿ ਕੀ ਹੋਵੈ ਹਾਨੀ॥

ਸੰਤ ਕੁਸੰਗਤਿ ਮੈ ਜੇ ਪਰੈ॥ ਤਿਨ ਸੰਗਤਿ ਸੋ ਭੀ ਦੁਖ ਭਰੈਂ॥42॥[188]

ਵਾਰ-ਵਾਰ ਕਵੀ ਨੇ ਮੂਰਖ ਦੇ ਸੰਗ ਤੋਂ ਵਰਜ ਕੇ ਸੰਤ ਦਾ ਸੰਗ ਕਰਨ ਹਿਤ ਪੁਰਜੋਰ ਉਪਦੇਸ਼ ਦਿਤਾ ਹੈ-

ਸਾਖਤਿ ਸੰਗ ਨ ਕੀਜਿਯੈ ਜਬ ਲਗੁ ਘਟਿ ਮੈ ਪ੍ਰਾਨ॥

ਸੰਗਤਿ ਕਰਿਯੈ ਸੰਤ ਕੀ ਜਾਂ ਤੇ ਹ੍ਵੈ ਕਲਿਆਨ॥55॥[189]

ਕਿਸੇ ਵੀ ਵਿਕਾਰ ਨਾਲ ਜਦੋਂ ਮਨੁਖ ਗ੍ਰਸਤ ਹੋ ਜਾਂਦਾ ਹੈ ਤਾਂ ਉਸ ਨੂੰ ਬ੍ਰਿਥਾ ਹੀ ਅਭਿਮਾਨ ਹੋ ਜਾਂਦਾ ਹੈ ਅਤੇ ਰਚਨਾ ਅਨੁਸਾਰ ਉਹ ਮਨੁਖ ਕਦੇ ਸੁਪਨੇ ਵਿਚ ਵੀ ਸੁਖ ਦੀ ਪ੍ਰਾਪਤੀ ਨਹੀਂ ਕਰ ਸਕਦਾ। ਯਥਾ-

ਅਭਿਮਾਨ ਕ੍ਰੋਧ ਬ੍ਰਿਥਾ ਜੁ ਕਰੈ ਸੁ ਕਬੂੰ ਨ ਤਰੈ ਜਨਮਾਤ ਮਰੈ ਸੋ॥

ਸੁਖ ਸਾਂਤਿ ਨਹੀ ਸੁਪਨੈ ਤਿਸ ਕੋ ਗੁਰ ਆਪ ਕਹੈ ਬਿਨੁ ਆਗ ਜਰੈ ਸੋ॥[190]

ਇਸ ਵਿਚਾਰ ਤੋਂ ਬਾਅਦ ਜਿਗਿਆਸੀ ਦੇ ਮਨ ਵਿਚ ਇਹ ਪ੍ਰਸ਼ਨ ਪੈਦਾ ਹੋਣਾ ਸੁਭਾਵਿਕ ਹੈ ਕਿ ਇਹ ਵਿਕਾਰ ਪੈਦਾ ਕਿਉਂ ਕੀਤੇ ਹਨ ? ਇਸ ਦਾ ਉਤਰ ਰਚਨਾ ਵਿਚ ਸਿਧੇ ਰੂਪ ਵਿਚ ਨਹੀਂ ਬਲਕਿ ਅਸਿਧੇ ਰੂਪ ਵਿਚ ਦਿਤਾ ਗਿਆ ਹੈ , ਜੋ ਥੋੜ੍ਹੀ ਜਿਹੀ ਪੜਚੋਲ ਕਰਨ ਤੋਂ ਬਾਅਦ ਸਪਸ਼ਟ ਹੋ ਜਾਂਦਾ ਹੈ। ਇਸ ਲਈ ਰਚਨਾ ਵਿਚੋਂ ਇਕ ਉਦਾਹਰਨ ਲੈਂਦੇ ਹਾਂ । ਪਦਾਰਥਵਾਦੀ ਯੁਗ ਵਿਚ ਧਨ ਨੂੰ ਹੀ ਸਾਰੀਆਂ ਵਿਕ੍ਰਿਤੀਆਂ ਦੀ ਉਪਜ ਕਿਹਾ ਜਾ ਸਕਦਾ ਹੈ। ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਕਵੀ ਦੇ ਧਨ ਬਾਰੇ ਕੀ ਵਿਚਾਰ ਹਨ। ਪਹਿਲਾ ਵਿਚਾਰ ਤਾਂ ਇਹ ਹੈ ਕਿ ਕਵੀ ਨੇ ਕਿਰਤ ਕਰਨਾ ਜਗਤ ਪ੍ਰਾਣੀ ਲਈ ਆਵਸ਼ਕ ਦਸਿਆ ਹੈ-

[188] ਉਹੀ, ਪਤਰਾ 1105.

[189] ਉਹੀ, ਪਤਰਾ 1106.

[190] ਉਹੀ, ਪਤਰਾ 751.

ਕਿਰਤਿ ਬਿਨਾ ਪ੍ਰਾਨੀ ਹੈ ਜੋਈ॥ ਜਗ ਮੈ ਸੋਭਾ ਪਾਇ ਨ ਸੋਈ॥8॥[191]

ਅਸੀਂ ਸਰਵ ਪ੍ਰਥਮ ਇਸ ਰਚਨਾ ਵਿਚ ਧਨ ਬਾਰੇ ਆਏ ਵਿਚਾਰਾਂ ਦਾ ਸੰਖਿਪਤ ਵਿਸ਼ਲੇਸ਼ਣ ਕਰਦੇ ਹਾਂ, ਕਵੀ ਨੇ ਧਨ ਨੂੰ ਪਰੰਪਰਾਗਤ ਨਾ ਮ ਨਾਲ ਭਾਵ ਲਖਮੀ ਨਾਲ ਸੰਬੋਧਨ ਕੀਤਾ ਹੈ। ਇਸ ਵਿਚ ਪਦਾਰਥਵਾਦੀ ਯੁਗ ਦੀ ਤਸਵੀਰ ਪ੍ਰਸਤੁਤ ਕਰਦਿਆਂ ਕਿਹਾ ਹੈ ਕਿ ਭਾਵੇਂ ਕੋਈ ਈਸ਼ਵਰੀ ਸਮਤਾ ਦੀ ਸਮਰਥਾ ਵੀ ਰਖਦਾ ਹੋਵੇ, ਉਸ ਨੂੰ ਉਤਨਾ ਸਮਾਂ ਮਾਣ-ਸਨਮਾਨ ਨਹੀਂ ਮਿਲੇਗਾ, ਜਿਤਨਾ ਸਮਾਂ ਉਸ ਪਾਸ ਧਨ ਨਹੀਂ ਹੁੰਦਾ। ਧਨ ਬਿਨਾਂ ਘਰ ਵੀ ਖਾਲੀ, ਆਂਙਣ ਵੀ ਖਾਲੀ, ਕੋਈ ਖੁਸ਼ੀ ਨਹੀਂ ਅਤੇ ਘਰ ਵੀ ਜੰਗਲ ਦੀ ਭਾਂਤਿ ਪ੍ਰਤੀਤ ਹੁੰਦਾ ਹੈ। ਯਥਾ-

ਲਖਮੀ ਬਾਝ ਨ ਮਾਨੈ ਕੋਇ॥ ਭਾਵੈ ਕੋ ਈਸ੍ਰ ਸਮ ਹੋਇ॥

ਲਖਮੀ ਕਾ ਸਗਲਾ ਪਰਗਾਸ॥ ਲਖਮੀ ਬਿਨ ਖਾਲੀ ਗ੍ਰਿਹਿ ਬਾਸ॥5॥

ਲਖਮੀ ਬਿਨਾ ਨ ਸੋਭੈ ਆਂਙਣ॥ ਲਖਮੀ ਬਿਨ ਕੋ ਆਇ ਨ ਮਾਙਣ॥

ਲਖਮੀ ਬਾਝ ਨ ਹੋਵੈ ਮੰਗਲ॥ ਲਖਮੀ ਬਾਝ ਸਭੀ ਗ੍ਰਿਹਿ ਜੰਗਲ॥6॥[192]

ਵਿਚਾਰਾਂ ਦੀ ਨਿਰਤੰਤਰਤਾ ਵਿਚ ਕਵੀ ਪ੍ਰੋੜਤਾ ਕਰਦਾ ਹੈ ਕਿ ਧਨ ਤੋਂ ਬਿਨਾਂ ਕਿਸੇ ਦਾ ਕੋਈ ਆਦਰ ਨਹੀਂ ਕਰਦਾ, ਇਥੋਂ ਤਕ ਕਿ ਨਿਰਧਨ ਕੋਲ ਤਾਂ ਕੋਈ ਭਿਖਾਰੀ ਵੀ ਨਹੀਂ ਜਾਂਦਾ। ਯਥਾ-

ਮਾਯਾ ਬਿਨ ਜਗ ਕਾਰਜੰ ਸਿੱਧ ਨ ਹੋਵੇ ਕੋਇ॥

ਮਾਯਾ ਜਗ ਪਰਧਾਨ ਹੈ ਲੋਕ ਬੇਦ ਕਹ ਦੋਇ॥37॥[193]

ਨਿਰਧਨ ਕਾ ਕੁਊ ਕਰੈ ਨ ਆਦਰਿ॥ ਸਭ ਕੋ ਤਿਸ ਕਾ ਕਰੈ ਨਿਰਾਦਰਿ॥

ਨਿਰਧਨ ਪਾਸ ਨ ਭਿੱਛਕ ਜਾਵੈ॥ ਭੂਪ ਕਹਾਂ ਤੇ ਤਿਸ ਪੈ ਆਵੈ॥38॥[194]

---

[191] ਉਹੀ, ਪਤਰਾ 379.

[192] ਉਹੀ, ਪਤਰਾ 226.

[193] ਉਹੀ, ਪਤਰਾ 14.

[194] ਉਹੀ, ਪਤਰਾ 1644.

ਸਧਾਰਨ ਤੌਰ 'ਤੇ ਜੇਕਰ ਉਪਰੋਕਤ ਵਿਚਾਰਾਂ ਨੂੰ ਵਾਚਿਆ ਜਾਵੇ ਤਾਂ ਆਮ ਵਿਅਕਤੀ ਇਹ ਟਪਲਾ ਖਾ ਜਾਵੇਗਾ ਕਿ ਧਨ ਇਕਠਾ ਕਰਨਾ ਹੀ ਵਿਅਕਤੀ ਦਾ ਮਨੋਰਥ ਹੋਣਾ ਚਾਹੀਦਾ ਹੈ। ਪਰ ਗੁਰਮਤਿ ਵਿਚ ਇਸ ਦਾ ਨਿਰਣੈ ਭਲੀ ਭਾਂਤਿ ਕੀਤਾ ਹੈ ਕਿ ਮਨੁਖ ਦਾ ਮਨੋਰਥ ਕੁਝ ਹੋਰ ਹੈ।[195] ਹੁਣ ਥੋੜੀ ਜਿਹੀ ਪੜਚੋਲ ਕਰਨ 'ਤੇ ਸਹਿਜ ਹੀ ਪਤਾ ਲਗ ਜਾਵੇਗਾ ਕਿ ਕਵੀ ਨੇ ਧਨ ਦੀ ਮਹਾਨਤਾ ਕਿਉਂ ਦਸੀ ਹੈ। ਹੁਣ ਨਜ਼ਰ ਮਾਰੀਏ ਉਪਰੋਕਤ ਸਤਰਾਂ 'ਤੇ ਜੋ ਇਹ ਸੀ- ਕਿਰਤਿ ਬਿਨਾ ਪ੍ਰਾਨੀ ਹੈ ਜੋਈ ॥ ਜਗ ਮੈ ਸੋਭਾ ਪਾਇ ਨ ਸੋਈ ॥8॥ ਇਸ ਤੋਂ ਕਵੀ ਦਾ ਕੀ ਭਾਵ ਹੈ? ਇਸ ਦਾ ਸਿਧਾ ਸੰਬੰਧ ਗੁਰਮਤਿ ਦੇ ਤਿੰਨ ਪ੍ਰਮੁਖ ਸਿਧਾਂਤ- ਕਿਰਤ ਕਰੋ, ਨਾਮ ਜਪੋ, ਵੰਡ ਛਕੋ ਨਾਲ ਹੈ । ਗੁਰਮਤਿ ਅਨੁਸਾਰ ਇਹ ਵੀ ਸਪਸ਼ਟ ਹੈ ਕਿ ਕਿਰਤ ਗੁਜ਼ਰਾਨ ਲਈ ਕਰਨੀ ਹੈ। ਕਵੀ ਨੇ ਧੰਨਵਾਨ ਵਿਅਕਤੀ ਦਾ ਖੰਡਨ ਕਰਦੇ ਹੋਏ , ਉਸ ਨੂੰ ਭਗਤੀ ਵਲ ਪ੍ਰੇਰਦਿਆਂ ਇੰਞ ਸਮਝਾਇਆ ਹੈ:

ਧੰਨ ਧੰਨ ਧਨ ਕੋ ਕਹੈ ਨਰ ਕੋ ਕਹੈ ਨ ਕੋਇ॥

ਤਿਸਕਾ ਰਾਖੈ ਮਾਨ ਸਭ ਜਿਸਕੈ ਘਰਿ ਧਨ ਹੋਇ॥16॥

ਬਡਾ ਭਯਾ ਤੋ ਕਯਾ ਭਯਾ ਜੇ ਹਰਿ ਭਗਤੀ ਨਾਹਿ॥

ਦੇਹਿ ਛੁਟੇ ਤੇ ਨਾਨਕਾ ਪਰੈ ਨਰਕ ਕੇ ਮਾਹਿ॥17॥

ਮਾਨ ਬਡਾਈ ਸੰਪ ਦਾਸ ਭੀ ਨਰਕ ਕੋ ਸਾਜ॥

ਹਰਿ ਭਗਤੀ ਹਰਿ ਨਾਮੁ ਬਿਨੁ ਜਮ ਕਾ ਹੋਇ ਮੁਤਾਜ॥18॥[196]

ਇਸ ਵਿਚਾਰ ਤੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਜਿਨ੍ਹਾਂ ਨੂੰ ਸਧਾਰਨ ਭਾਸ਼ਾ ਵਿਚ ਵਿਕਾਰ ਕਹਿ ਦਿਤਾ ਜਾਂਦਾ ਹੈ, ਵਾਸਤਵ ਵਿਚ ਇਨ੍ਹਾਂ ਨੂੰ ਉਤਨਾ ਸਮਾਂ

---

[195] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 43 –

ਪ੍ਰਾਣੀ ਤੂੰ ਆਇਆ ਲਾਹਾ ਲੈਣਿ॥ ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥੧॥

[196] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1183.

ਵਿਕਾਰ ਨਹੀਂ ਕਿਹਾ ਜਾ ਸਕਦਾ ਜਿਤਨਾ ਸਮਾਂ ਇਨ੍ਹਾਂ ਦੀ ਦੁਰਵਰਤੋਂ ਨਹੀਂ ਹੁੰਦੀ। ਕਵੀ ਨੇ ਇਨ੍ਹਾਂ ਦੀ ਸੁਯੋਗ ਵਰਤੋਂ ਕਰਨ ਦੀ ਤਾਕੀਦ ਕੀਤੀ ਹੈ ਅਤੇ ਇਹੀ ਸਿਧ ਕਰਨ ਦਾ ਪ੍ਰਯਤਨ ਕੀਤਾ ਹੈ।

ਹੁਣ ਅਗਲਾ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਇਨ੍ਹਾਂ ਵਿਕਾਰਾਂ ਨੂੰ ਕਾਬੂ ਕਿਵੇਂ ਕੀਤਾ ਜਾ ਸਕੇ ਜਾਂ ਇਨ੍ਹਾਂ ਦਾ ਸਦਉਪਯੋਗ ਕਿਵੇਂ ਹੋ ਸਕੇ। ਇਸ ਲਈ ਰਚਨਾ ਵਿਚ ਸਪਸ਼ਟ ਤੌਰ 'ਤੇ ਕੁਝ ਇਕ ਸਾਧਨਾਂ ਨੂੰ ਦਸਿਆ ਗਿਆ ਹੈ। ਸਿਧ ਮਤੇ ਵਿਚ ਪਰਾਣ ਨਾਥ ਦੁਆਰਾ ਗੁਰੂ ਨਾਨਕ ਦੇਵ ਜੀ ਨੂੰ ਪੁਛੇ ਗਏ ਪ੍ਰਸ਼ਨ ਕਿ ਪੰਜ ਵਿਕਾਰਾਂ ਨੂੰ ਕਿਵੇਂ ਕਾਬੂ ਕਰੀਦਾ ਹੈ, ਤਾਂ ਗੁਰੂ ਨਾਨਕ ਦੇਵ ਜੀ ਦੁਆਰਾ ਉਤਰ ਇਸ ਤਰ੍ਹਾਂ ਬਿਆਨ ਕੀਤਾ ਗਿਆ ਸੀ - ਗੁਰੂ ਦੇ ਸ਼ਬਦ ਨਾਲ ਮਾਇਆ ਦਾ ਤਿਆਗ ਕਰਕੇ ਹੀ ਕਾਮ ਨੂੰ ਵਸ ਵਿਚ ਕੀਤਾ, ਆਤਮਾ ਨੂੰ ਚੀਨ ਕੇ ਅਹੰਕਾਰ, ਸੰਤ ਸੰਗ ਕਰਕੇ ਲੋਭ, ਪਰਮਾਤਮਾ ਦੀ ਏਕਤਾ ਨੂੰ ਜਾਣ ਕੇ ਮੋਹ ਤੋਂ ਛੁਟਕਾਰਾ ਮਿਲ ਗਿਆ ਅਤੇ ਇਸ ਤਰ੍ਹਾਂ ਹਿਰਦੈ ਵਿਚ ਸ਼ਾਂਤੀ ਪੈਦਾ ਹੋਈ ਜਿਸ ਕਰਕੇ ਕ੍ਰੋਧ ਉਪਰ ਵੀ ਵਿਜਯ ਪਾਈ ਜਾ ਸਕਦੀ ਹੈ-

ਗੁਰੂ ਕੈ ਸਬਦਿ ਕਰਿ ਮਾਯਾ ਕਾ ਤਿਆਗ ਕੀਉ ਸਚੁ ਜਬ ਜਾਨਯਾ ਤਬ ਕਾਮ ਬਸਿ ਭਯੋ ਹੈ॥
ਆਤਮਾ ਪਛਾਨ ਕਰਿ ਅਹੰਕਾਰ ਬਸਿ ਭਯੋ ਸੰਤਨਿ ਕਾ ਸੰਗ ਕਰਿ ਲੋਭ ਬਸ ਹਯੋ ਹੈ॥
ਏਕ ਜਬ ਜਾਨਯਾ ਤਬ ਮੋਹੁ ਨ ਬਿਆਪ ਸਕੈ ਸਾਂਤਿ ਜਬ ਆਈ ਤਬ ਕ੍ਰੋਧ ਬਲਿ ਗਯੋ ਹੈ॥
ਨਾਨਕ ਕਹਯੋ ਮਹਾਨ ਸੁਣੋ ਹੋ ਪਰਾਣ ਨਾਥ ਹਰਿ ਗੁਰੂ ਕਿਰਪਾ ਤੇ ਮਨ ਬਸਿ ਕਯੋ ਹੈ॥20॥[197]

ਉਪਰੋਕਤ ਵਿਚਾਰਾਂ ਨੂੰ ਸਨਮੁਖ ਰਖਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਮਨੁਖ ਦੇ ਪੈਦਾ ਹੁੰਦੇ ਹੀ ਉਸ ਨੂੰ ਵਿਕਾਰ ਆ ਕੇ ਗ੍ਰਸ ਲੈਂਦੇ ਹਨ ਅਤੇ ਵਿਕਾਰ ਗ੍ਰਸਤ ਵਿਅਕਤੀ ਵਿਚ ਵਿਕ੍ਰਿਤੀਆਂ ਪੈਦਾ ਹੁੰਦੀਆਂ ਜੋ ਕਿ ਉਸ ਦੇ ਪਰਮਾਤਮਾ ਨਾਲ ਮਿਲਾਪ ਵਿਚ ਸਭ ਤੋਂ ਵਡੀ ਰੁਕਾਵਟ ਬਣਦੀਆਂ ਹਨ। ਗੁਰੂ ਦੇ ਸ਼ਬਦ, ਸੰਤ ਸੰਗ, ਪਰਮਾਤਮਾ ਦੀ ਏਕਤਾ ਦਾ ਅਹਿਸਾਸ ਕਰਕੇ ਹੀ ਅਸੀਂ ਇਨ੍ਹਾਂ ਵਿਕਾਰਾਂ ਨੂੰ ਕਾਬੂ ਵਿਚ ਕਰ ਸਕਦੇ ਹਾਂ ਅਤੇ ਇਹ ਵਿਕਾਰਾਂ ਨੂੰ ਕਾਬੂ ਕਰਨ ਲਈ ਸਭ ਤੋਂ ਉਤਮ ਸਾਧਨ ਹਨ।

**ਸਰੀਰ ਦੀ ਨਾਸ਼ਵਾਨਤਾ**

---

[197] ਉਹੀ, ਪਤਰਾ 1237.

ਕਵੀ ਮਨੁਖੀ ਸਰੀਰ ਵਿਚ ਮੌਜੂਦ ਆਤਮਾ ਨੂੰ ਪਰਿਪੂਰਣ ਪਰਮਾਤਮਾ ਦੀ ਅੰਸ਼ ਮੰਨਦਾ ਹੋਇਆ ਕਹਿੰਦਾ ਹੈ ਕਿ ਮਨੁਖ ਨੂੰ ਇਸ ਦੇਹੀ ਦਾ ਮਾਣ ਨਹੀਂ ਕਰਨਾ ਚਾਹੀਦਾ ਕਿਉਂਕਿ ਇਸਦਾ ਅਸਤਿਤ੍ਵ ਨਸ਼ਵਰ ਹੈ। ਜਦੋਂ ਮਨੁਖ ਨੂੰ ਆਤਮਾ ਦਾ ਗਿਆਨ ਹੋ ਜਾਂਦਾ ਹੈ ਭਾਵ ਉਸਨੂੰ ਇਹ ਸਮਝ ਆ ਜਾਂਦਾ ਹੈ ਕਿ ਮਨੁਖੀ ਸਰੀਰ ਨਸ਼ਵਰ ਹੈ ਤਾਂ ਉਹ ਆਤਮਾ ਨੂੰ ਚੀਨ ਕੇ ਪਰਮਾਤਮਾ ਸਰੂਪ ਹੋ ਨਿਬੜਦਾ ਹੈ। ਇਥੇ ਇਹ ਤਾਂ ਸਪਸ਼ਟ ਹੈ ਕਿ ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਦੇਹੀ ਦਾ ਅਸਤਿਤ੍ਵ ਨਸ਼ਵਰ ਹੈ, ਸਰਵ ਪ੍ਰਥਮ ਆਤਮਾ ਦਾ ਗਿਆਨ ਅਰਜਿਤ ਕਰਨਾ ਮਨੁਖ ਦੇ ਪਰਮ ਲਕਸ਼ ਦੀ ਪਹਿਲੀ ਪੌੜ੍ਹੀ ਹੈ, ਕਿਉਂਕਿ ਆਤਮਾ ਦੇ ਗਿਆਨ ਬਾਅਦ ਹੀ ਵਿਸ਼ਯ-ਵਿਕਾਰਾਂ ਦਾ ਸਾਥ ਛੁਟ ਸਕਦਾ ਹੈ-

ਤਨ ਕਾ ਕਰਿ ਅਭਿਮਾਨੰ ਜੀਵ ਮਹਾਨਿਯੈ॥

ਬਿਖਿਆਨ ਮਾਹਿ ਅਸਕਤਿ ਭਯੋ ਸੋ ਜਾਨਿਯੈ॥

ਇਨ ਕਾ ਛੋਡੈ ਸੰਗ ਜਬੈ ਜੀਵਾਤਮਾ॥

ਹੋ ਪਰਮੇਸ੍ਵਰ ਕੋ ਮਿਲੈ ਤਬੈ ਇਹੁ ਆਤਮਾ॥12॥[198]

ਦੇਹੀ ਦੇ ਅਸਤਿਤ੍ਵ ਦੀ ਵਿਚਾਰ ਕਰਦਿਆਂ ਕਵੀ ਨੇ ਸੁਮੇਰ ਖੰਡ ਵਿਚ ਸਿਧਾਂ ਵਲੋਂ ਪੁਛੇ ਪ੍ਰਸ਼ਨ ਦੇ ਉਤਰ ਵਿਚ ਇਸ ਦੀ ਉਪਜ ਮਲਮੂਤਰ ਤੋਂ ਦਸ ਕੇ ਇਸ ਦੀ ਹੋਂਦ ਛਿਣ-ਭੰਗਰ ਸੁਨਿਸ਼ਚਿਤ ਕੀਤੀ ਹੈ। ਵਿਚਾਰਾਧੀਨ ਕ੍ਰਿਤੀ ਵਿਚ ਤਿੜਕੇ ਘੜੇ ਵਿਚ ਪਾਣੀ ਦੀ ਉਦਾਹਰਨ ਦੇ ਕਿ ਨਿਰੰਤਰ ਆਯੂ ਦਾ ਘਟਣਾ ਅਤੇ ਕਾਲ ਦਾ ਸਿਰ ਉਪਰ ਖੜਾ ਹੋਣਾ, ਅਭਿਲਾਸ਼ੀ ਨੂੰ ਚਿੰਤਨ ਵਾਲੇ ਪਾਸੇ ਪ੍ਰੇਰਦੀ ਹੈ। ਪਰ ਮਨੁਖ ਪਸ਼ੂ ਸਮਾਨ ਵਿਵਹਾਰ ਕਰਦਾ ਹੋਇਆ ਤਨ ਨੂੰ ਵਿਕਾਰਾਂ ਨਾਲ ਵਿਕ੍ਰਿਤ ਕਰ ਲੈਂਦਾ ਹੈ। ਨਿਰੰਤਰ ਮ੍ਰਿਤਕ ਹੋ ਰਹੀ ਖਲਕਤ ਵਿਚ ਮਨੁਖ ਦੇ ਆਪਣੇ ਪਰਮ ਸਨੇਹੀ ਹੋਣ ਦੇ ਬਵਜੂਦ ਵੀ ਉਸ ਨੂੰ ਇਸ ਗੱਲ ਦੀ ਸੂਝ ਨਹੀਂ ਹੁੰਦੀ ਕਿ ਇਕ ਦਿਨ ਕਾਲ ਦੁਆਰਾ ਉਹ ਵੀ ਗ੍ਰਸਿਆ ਜਾਵੇਗਾ। ਵਾਸਤਵ ਵਿਚ ਮਨੁਖ ਵਿਸ਼ਯ-ਵਿਕਾਰਾਂ ਵਿਚ ਗਲਤਾਨ ਹੋਇਆ ਮਾਇਆ ਅਧੀਨ ਹੀ ਸਾਰਾ ਜੀਵਨ ਬਤੀਤ ਕਰ ਦਿੰਦਾ ਹੈ-

ਮਲਮੂਤਰ ਤੇ ਉਪਜਯੋ ਤਨ ਜੋ ਖਿਨ ਭੰਗਰੁ ਆਹਿ ਸੁ ਦੇਖਿ ਵਿਚਾਰੇ॥

---

[198] ਉਹੀ, ਪਤਰਾ 875.

ਦਿਨ ਹੀ ਦਿਨ ਆਯੁਰ ਖੀਨ ਹੁਵੇ ਫੁਟਕੇ ਘਟ ਤੇ ਜਿਮ ਨੀਰ ਉਦਾਰੇ॥

ਪੁਨਿ ਕਾਲ ਕਰਾਲ ਖੜਾ ਸਿਰ ਊਪਰਿ ਸਾਂਧ ਰਹਯੋ ਸਰ ਬਾਰਹ ਬਾਰੇ॥

ਅਜ ਕੈ ਕਲਿ ਦੇਖਿ ਉਠਾਵਤਿ ਹੈ ਜਿਮ ਤੀਤਰ ਬਾਜ ਅਚਾਨਕਿ ਮਾਰੇ॥73॥

ਰਵਿ ਕੀ ਗਤਿ ਆਗਤਿ ਆਉ ਘਟੈ ਕਛੁ ਨਾਹਿ ਕਰੈ ਮਨ ਮਾਹਿ ਬਿਚਾਰੇ॥

ਮਰਤੇ ਨਰ ਔਰਨਿ ਦੇਖਤਿ ਹੈ ਅਪਨੋ ਮਰਨੋ ਸਠ ਨਾਹਿ ਨਿਹਾਰੇ॥

ਨਿਤ ਭੋਗਨਿ ਕਾਰਨ ਧਾਵਤ ਹੈ ਪਸੁ ਜਯੋ ਤਿਰਣੰ ਤਨੁ ਕਾਰਨ ਸਾਰੇ॥

ਜਿਸ ਕੋ ਅਪਨਾ ਇਹੁ ਮਾਨ ਰਹਯੋ ਸਠ ਸੋ ਕਿਰਮੰ ਤਨੁ ਰਾਖ ਉਦਾਰੇ॥74॥[199]

ਸੰਤਰੇਣ ਜਗਤ ਨੂੰ ਮਿਥਿਆ ਮੰਨ ਕੇ ਇਸ ਨੂੰ ਦੋ ਦਿਨ ਦੇ ਮੇਲੇ ਦੀ ਭਾਂਤਿ ਦਰਸਾਉਂਦਾ ਹੈ। ਮਨੁਖ ਅਪਣੀ ਮਤਿ ਅਨੁਸਾਰ ਸੰਸਾਰ ਵਿਚ ਬਹੁਤ ਹੀ ਸੁਚੇਤਤਾ ਨਾਲ ਧੋਖਾ, ਫਰੇਬ, ਠਗੀਆਂ ਇਤਿਆਦਿਕ ਵਿਵਹਾਰ ਕਰਦਾ ਹੈ, ਪਰ ਅਲਪ ਬੁਧੀ ਹੋਣ ਕਰਕੇ ਉਸਨੂੰ ਇਹ ਸੂਝ ਨਹੀਂ ਕਿ ਇ ਹ ਸਾਰੇ ਹੀ ਕਰਮ ਮਲੀਨ ਹਨ। ਦੇਹ ਦੇ ਅਸਤਿਤ੍ਵ ਦੀ ਨਸ਼ਵਰਤਾ ਨੂੰ ਸਮਝਣਾ ਸਧਾਰਨ ਵਿਅਕਤੀ ਲਈ ਜਟਿਲ ਕਾਰਜ ਹੈ, ਕਿਉਂਕਿ ਪਰਮ ਸਨੇਹੀਆਂ ਦੀ ਮ੍ਰਿਤੂ ਤੋਂ ਬਾਅਦ ਵੀ ਉਸ ਨੂੰ ਸਮਰਣ ਨਹੀਂ ਕਿ ਉਸ ਦੀ ਵੀ ਆਯੂ ਅਲਪ ਰਹਿ ਗਈ ਹੈ-

ਤਿਸ ਕੀ ਕੋਊ ਨਦਰਿ ਨ ਪਰੈ॥ ਫੂਕਿ ਫੂਕਿ ਧਰਨੀ ਪਗ ਧਰੈ॥

ਇਉ ਨਾ ਸਮਝੈ ਮੂੜਿ ਗਵਾਰੁ॥ ਦ੍ਵੈ ਦਿਨ ਕਾ ਮੇਲਾ ਸੰਸਾਰੁ॥66॥

ਨਾਸਵੰਤ ਇਹੁ ਸਭ ਜਗੁ ਹਏ॥ ਮੇਰੇ ਪਾਸੋ ਸਭ ਚਲਿ ਗਏ॥

ਮੇਰੇ ਭੀ ਦਿਨ ਥੋਰੇ ਰਹੇ॥ ਐਸੇ ਭੂਲਿ ਨ ਕਬਹੂੰ ਕਹੇ॥67॥[200]

ਦੇਹੀ ਦੀ ਨਾਸ਼ਵਾਨਤਾ ਬਾਰੇ ਕਵੀ ਨੇ ਨਾਨਕ ਮਤਾ ਖੰਡ ਵਿਚ ਇਸ ਵਿਚਾਰ ਨੂੰ ਸੰਕਿਲਤ ਕਰਨ ਦਾ ਪ੍ਰਯਤਨ ਕੀਤਾ ਹੈ। ਇਕ ਦ੍ਰਿਸ਼ਟਾਂਤ ਦੁਆਰਾ ਇਸ ਵਿਚਾਰ ਦੀ ਪ੍ਰੋੜਤਾ ਕੀਤੀ ਗਈ ਹੈ- ਇਕ

---

[199] ਉਹੀ, ਪਤਰਾ 991.

[200] ਉਹੀ, ਪਤਰਾ 1089.

ਵਣਜਾਰੇ ਦੇ ਪੁਤਰ ਦੀ ਮੌਤ ਹੋਣ ‘ਤੇ ਗੁਰੂ ਨਾਨਕ ਦੇਵ ਜੀ ਵਣਜਾਰੇ ਨੂੰ ਸਮਝਾਉਂਦੇ ਹਨ ਕਿ ਜੇਕਰ ਯਥਾਰਥਕ ਤੌਰ 'ਤੇ ਇਸ ਦਾ ਤੇਰੇ ਨਾਲ ਨਾਤਾ ਹੈ ਤਾਂ ਇਸ ਦੀ ਲਾਸ਼ ਤੇਰੇ ਕੋਲ ਪਈ ਹੈ, ਜਿਸ ਨਾਲ ਤੂੰ ਪਿਆਰ ਕਰਦਾ ਹੈ ਅਤੇ ਜੇਕਰ ਇਹ ਤੇਰਾ ਹੁੰਦਾ ਤਾਂ ਇਹ ਮਰਦਾ ਕਿਉਂ? ਇਹ ਤਾਂ ਤੇਰਾ ਹੈ ਹੀ ਨਹੀਂ ਸੀ ਇਸ ਲਈ ਇਹ ਜਿਵੇਂ ਆਇਆ ਸੀ, ਉਵੇਂ ਹੀ ਚਲਾ ਗਿਆ, ਇਸ ਤੋਂ ਬਾਅਦ ਦੇਹੀ ਦੀ ਨਾਸ਼ਵਾਨਤਾ ਬਾਰੇ ਉਪਦੇਸ਼ ਦਿੰਦੇ ਹਨ -

ਤੂੰ ਭਾਖੈਂ ਮੇਰਾ ਸੁਹ ਮਰਾ॥ ਇਹੁ ਤੋ ਤੇਰੈ ਆਗੈ ਪਰਾ॥

ਇਸ ਕਾ ਸੁਨਿ ਤੂੰ ਆਪ ਬਿਚਾਰ॥ ਕਰਿ ਸੰਖੇਪ ਸੁ ਕਰੋਂ ਉਚਾਰ॥12॥

ਦੋਹਰਾ॥

ਤੇਰਾ ਥਾ ਤੋ ਕਿਉ ਮੁਯੋ ਜੀਤਾ ਰਹਯੋ ਨ ਕਿਯੋਂ॥

ਸੋ ਤੋ ਤੇਰਾ ਥਾ ਨਹੀ ਜਿਉ ਆਯੋ ਗਯੋ ਤਿਯੋਂ॥13॥[201]

ਬਾਅਦ ਵਿਚ ਗੁਰੂ ਜੀ ਅਗੇ ਕਹਿੰਦੇ ਹਨ ਕਿ ਜੇ ਤੇਰਾ ਇਸ ਨਾਲ ਇਤਨਾ ਮੋਹ ਹੈ ਤਾਂ ਤੂੰ ਇਸ ਨਾਲ ਕਿਉਂ ਨਹੀਂ ਮਰਿਆ ਅਤੇ ਹੁਣ ਰੋਣਾ ਅਤੇ ਹੋਰ ਸਾਰੇ ਯਤਨ ਵਿਅਰਥ ਹਨ ਕਿਉਂਕਿ ਇਨ੍ਹਾਂ ਨਾਲ ਕੁਝ ਹੋਣ ਵਾਲਾ ਨਹੀਂ ਹੈ-

ਜਾਣਾ ਤਿਸ ਸੰਗ ਤੈ ਮੋਹੁ ਕਰੈਂ ਤੂੰ ਜਿਯੋਂ॥

ਸੰਤਰੇਣ ਗੁਰ ਇਉ ਕਹਯੋ ਅਬ ਕਿਉ ਰੋਵੈ ਇਯੋਂ॥14॥[202]

ਇਸ ਗ੍ਰੰਥ ਵਿਚ ਦੇਹੀ ਦੀ ਨਸ਼ਮਾਨਤਾ ਨੂੰ ਦਰਸਾਉਣ ਲਈ ਮਿੱਟੀ ਰੂਪੀ ਸਰੀਰ ਦਾ ਗੁਮਾਨ ਕਰਨ ਤੋਂ ਵਰਜਿਆ ਹੈ, ਭਾਵ ਕੇਵਲ ਸਰੀਰ ਨਾਲ ਹੀ ਮੋਹ ਕਰਨਾ ਵਿਅਰਥ ਹੈ-

ਆਖਰਿ ਏ ਤਨੁ ਮਾਟੀ ਹੋਸੀ॥ ਜਾਨ ਬੂਝਿ ਕਿਉ ਹੋਵੈਂ ਦੋਸੀ॥

ਇਸ ਤਨ ਧਨ ਕੀ ਕਉਨ ਬਡਾਈ॥ ਆਖਰਿ ਸਭਿ ਮਾਟੀ ਮੈ ਜਾਈ॥28॥[203]

---

[201] ਉਹੀ, ਪਤਰਾ 1246.

[202] ਉਹੀ, ਪਤਰਾ 1246.

ਨਾਸ਼ਮਾਨਤਾ ਬਾਰੇ ਵਿਚਾਰਾਂ ਦੀ ਨਿਰੰਤਰਤਾ ਵਿਚ ਇਸ ਦੇਹੀ ਦੀ ਮਿਆਦ ਬਾਰੇ ਕਵੀ ਦਾ ਦ੍ਰਿਸ਼ਟੀਕੋਣ ਹੈ ਕਿ ਇਹ ਬਹੁਤਾ ਲੰਮਾ ਸਮਾਂ ਸਥਿਰ ਨਹੀਂ ਰਹਿ ਸਕਦੀ। ਇਸ ਦੀ ਮਿਆਦ ਛਿਣ-ਭੰਗਰ ਹੋਣ ਕਰਕੇ ਇਸ ਦਾ ਰੰਚਕ ਮਾਤਰ ਵੀ ਭਰੋਸਾ ਨਹੀਂ ਕੀਤਾ ਜਾ ਸਕਦਾ। ਕਵੀ ਨੇ ਮਨੁਖ ਦੇ ਅਸਤਿਤ੍ਵ ਦੀ ਨਸ਼ਵਰਤਾ ਬਾਰੇ ਬਾ-ਦਲੀਲ ਉਚਿਤ ਦ੍ਰਿਸ਼ਟਾਂਤ ਦੇ ਕੇ ਪੁਰਜ਼ੋਰ ਦ੍ਰਿੜਤਾ ਨਾਲ ਮਨੁਖ ਨੂੰ ਅਹਿਸਾਸ ਦਵਾਉਣ ਦਾ ਯਤਨ ਕੀਤਾ ਹੈ। ਕਵੀ ਦੀ ਦਲੀਲ ਹੈ ਕਿ ਮੋਹ ਗ੍ਰਸਤ ਹੋਣ ਕਰਕੇ ਅਸੀਂ ਸਾਕ ਸੰਬੰਧੀਆਂ ਨੂੰ ਮਹਤਾ ਦਿੰਦੇ ਹਾਂ ਭਾਵ ਉਨ੍ਹਾਂ ਨਾਲ ਹੀ ਜੁੜੇ ਰਹਿੰਦੇ ਹਾਂ, ਜੇ ਕਰ ਇਹੀ ਯਥਾਰਥਕਤਾ ਇਹ ਹੈ ਤਾਂ ਸੁਭਾਵਿਕ ਹੀ ਸਾਨੂੰ ਇਨ੍ਹਾਂ ਨਾਲ ਮਰਨਾ ਉਚਿਤ ਹੈ ਅਤੇ ਜੇਕਰ ਅਸੀਂ ਆਪਣੇ ਸਾਕ ਸੰਬੰਧੀਆਂ ਨਾਲ ਮਰਨ ਲਗ ਗਏ ਤਾਂ ਦੁਬਿਧਾ ਇਹ ਹੋਵੇਗੀ ਕਿ ਕਿਸ-ਕਿਸ ਨਾਲ ਮਰੀਏ, ਕਿਉਂਕਿ ਦੇਹੀ ਦੀ ਨਾਸ਼ਵਾਨਤਾ ਦਾ ਵੀ ਕੋਈ ਭਰੋਸਾ ਨਹੀਂ ਹੈ-

ਸੁਤ ਬਾਂਧਵ ਲਾਖ ਕਰੋਰ ਭਏ ਕਿਸ ਕਾ ਕਿਸ ਕਾ ਤੁਮ ਸੋਕ ਕਰੋਗੇ॥

ਖਿਨ ਭੰਗੁਰ ਹੈ ਇਹੁ ਦੇਹਿ ਸਬੈ ਕਿਸ ਕੈ ਕਿਸ ਕੈ ਤੁਮ ਸੰਗ ਮਰੋਗੇ॥[204]

ਇਸੇ ਤਰ੍ਹਾਂ ਕਵੀ ਰੁਖ ਦਾ ਦ੍ਰਿਸ਼ਟਾਂਤ ਦਿੰਦਾ ਹੋਇਆ ਕਹਿੰਦਾ ਹੈ ਕਿ ਇਕ ਰੁਖ ਦੇ ਅਨੇਕਾਂ ਹੀ ਫਲ ਅਤੇ ਫੁਲ ਲਗੇ ਹੁੰਦੇ ਹਨ ਅਤੇ ਸਮੇਂ ਨਾਲ ਜਾਂ ਰੁਤ ਅਨੁਸਾਰ ਸਾਰੇ ਹੀ ਝੜ ਜਾਂਦੇ ਹਨ ਤਾਂ ਰੁਖ ਕਿਸ ਕਿਸ ਦਾ ਰੋਸ ਕਰੇਗਾ? ਉਸੇ ਤਰ੍ਹਾਂ ਮਨੁਖ ਵੀ ਉਨ੍ਹਾਂ ਫੁਲਾਂ ਅਤੇ ਫਲਾਂ ਵਾਂਗ ਹੈ ਜੋ ਛਿਣ-ਭੰਗਰ ਵਿਚ ਟੁਟਦੇ ਭਾਵ ਮਰਦੇ ਰਹਿੰਦੇ ਹਨ, ਸੋ ਮਨੁਖ ਨੂੰ ਵੀ ਰੁਖ ਵਾਂਗ ਹੀ ਆਪਣਾ ਸੁਭਾਅ ਰਖਣਾ ਚਾਹੀਦਾ ਹੈ ਅਤੇ ਕਿਸੇ ਦੇ ਮਰਨ ‘ਤੇ ਰੋਸ ਨਹੀਂ ਬਲਕਿ ਪਰਮਾਤਮਾ ਦੀ ਰਜ਼ਾ ਜਾਂ ਹੁਕਮ ਨੂੰ ਸਮਝਣਾ ਚਾਹੀਦਾ ਹੈ-

ਫਲੁ ਫੂਲ ਅਨੇਕ ਲਗੈ ਤਰ ਕੋ ਸਿਸਰੰ ਰੁਤਿ ਮੈ ਗਿਰ ਆਪ ਪਰੈ ਸੋ॥

ਫਲੁ ਫੂਲ ਨ ਏਕ ਰਹੈ ਤਰ ਮੈ ਕਿਸ ਕਾ ਕਿਸ ਕਾ ਤਰ ਸੋਕ ਕਰੈ ਸੋ॥

ਖਿਨ ਭੰਗੁਰ ਸੋ ਲਖ ਕੈ ਮਨ ਮੈ ਤਿਨ ਕਾ ਉਰ ਮਾਹਿ ਨ ਸੋਕ ਧਰੈ ਸੋ॥

---

[203] ਉਹੀ, ਪਤਰਾ 1484.

[204] ਉਹੀ, ਪਤਰਾ 1247.

ਫਲੁ ਫੂਲ ਲਗੇ ਹਰਖੇ ਸੁ ਨਹੀ ਤਿਸ ਕੇ ਉਰ ਕਾ ਨ ਬਿਚਾਰ ਟਰੈ ਸੋ॥ 29॥[205]

ਉਪਰੋਕਤ ਪ੍ਰਸੰਗ ਦੇ ਨਾਲ ਹੀ ਵਿਚਾਰਾਧੀਨ ਕ੍ਰਿਤੀ ਵਿਚ ਇਕ ਅਲੌਕਿਕ ਪ੍ਰਸ਼ਨ ਉਪਜਾਇਆ ਗਿਆ ਹੈ ਕਿ ਮ੍ਰਿਤੂ ਜੀਵ ਦੀ ਹੁੰਦੀ ਹੈ ਜਾਂ ਦੇਹ ਦੀ? ਜੇਕਰ ਦੂਜੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਇੰਞ ਕਹਾਂਗੇ ਕਿ ਜੀਵ ਨਸ਼ਵਰ ਹੈ ਜਾਂ ਦੇਹ? ਵਾਸਤਵ ਵਿਚ ਇਹ ਪ੍ਰਸ਼ਨ ਪੈਦਾ ਹੀ ਇਸ ਲਈ ਕੀਤਾ ਗਿਆ ਹੈ ਤਾਂ ਜੋ ਰੰਚਕਤਾ ਦੇ ਨਾਲ-ਨਾਲ ਜੀਵ ਦੀ ਨਾਸ਼ਮਾਨਤਾ ਨੂੰ ਦਰਸਾ ਕੇ ਆਤਮਾ ਦੀ ਅਮਰਤਾ ਦਾ ਭੇਤ ਅਭਿਲਾਸ਼ੀਆਂ ਦੇ ਸਨਮੁਖ ਖੋਲ੍ਹਿਆ ਜਾ ਸਕੇ -

ਤੁਮਾਰਾ ਸੁਤ ਜੀਵ ਕਿ ਦੇਹਿ ਕਹੋ ਸੁ ਪਰੀ ਇਹੁ ਆਗੇ॥
ਸੁਤ ਜੀਵ ਕਹੋ ਹਮ ਕੋ ਤੁਮ ਜੇ ਤਿਸ ਕਾ ਸੁਨਿ ਔਰ ਬਿਚਾਰ ਸੁਭਾਗੇ॥
ਨਹਿ ਜੀਵ ਮਰੈ ਜਨਮੈ ਕਬਹੂੰ ਨਹਿ ਜੀਵ ਸਵੈਂ ਨ ਕਬੂੰ ਪੁਨਿ ਜਾਗੇ॥
ਪਾਰਬ੍ਰਹਮ ਸਰੂਪ ਸੁ ਜੀਵ ਅਹੇ ਨਹਿ ਗ੍ਰਾਹਿ ਕਛੂ ਪੁਨਿ ਨਾਹਿ ਤਿਯਾਗੇ॥ 15॥
ਸਰਬਗ ਅਲਗ ਸੁ ਬ੍ਰਹਮ ਅਹੇ ਨਹਿ ਜੀਵ ਸੁ ਬ੍ਰਹਮ ਵਿਖੈ ਕਛੁ ਭੇਦੇ॥
ਨਰ ਭੇਦ ਬਖਾਨ ਕਰੈਂ ਜਿਤਨੇ ਤਿਨ ਤੇ ਸਭਿ ਵਾਕ ਸੁ ਜਾਨ ਲਬੇਦੇ॥
ਪਰਕਾਸਕ ਚਾਲਕ ਜੀਵ ਅਹੇ ਸਮਝੇ ਬਿਨੁ ਏ ਨਰ ਪਾਂਇ ਸੁ ਖੇਦੇ॥
ਸੁ ਰਹੋ ਅਬ ਔਰ ਬਿਚਾਰ ਸੁਨੋ ਇਸ ਕੈ ਹਥ ਨਾ ਭਗਵਾਨ ਸੁਲੇਦੇ॥ 16॥[206]

ਇਹ ਗੱਲ ਸ੍ਵੈ-ਪ੍ਰਮਾਣਿਤ ਹੈ ਕਿ ਕਵੀ ਨੇ ਆਤਮਾ ਨੂੰ ਅਮਰ ਸਿਧ ਕਰਨ ਲਈ ਅਤੇ ਦੇਹੀ ਦੀ ਨਾਸ਼ਮਾਨਤਾ ਨੂੰ ਉਜਾਗਰ ਕਰਨ ਹਿਤ ਇਹ ਪ੍ਰਸ਼ਨ ਪੈਦਾ ਕੀਤਾ ਸੀ । ਅਭਿਲਾਸ਼ੀ ਦੇ ਮਨ ਦਾ ਇਹ ਪ੍ਰਸ਼ਨ- ਸੰਸਾਰ ਵਿਚ ਸਥਿਰ ਕੀ ਹੈ? ਉਪਰੋਕਤ ਵਿਚਾਰ ਤੋਂ ਆਪਣੇ ਆਪ ਲੁਪਿਤ ਹੋ ਜਾਂਦਾ ਹੈ, ਫਿਰ ਵੀ ਕ੍ਰਿਤੀ ਵਿਚ ਸਰੀਰ ਨੂੰ ਅਸਥਿਰ ਦਸ ਕੇ ਪਰਮਾਤਮਾ ਦੀ ਸਥਿਰਤਾ ਦੀ ਪ੍ਰਮਾਣੀਕਤਾ ਨੂੰ ਪ੍ਰਵਾਨ ਕੀਤਾ ਹੈ-

[205] ਉਹੀ, ਪਤਰਾ 1247.

[206] ਉਹੀ, ਪਤਰਾ 1246.

ਮਰੇ ਸੁ ਮਿਥਿਆ ਹ੍ਵੈ ਗਏ ਰਹੇ ਸੁ ਚਲਣਹਾਰ॥

ਅਸਥਿਰ ਇਕ ਭਗਵਾਨ ਹੈ ਸਾਚਾ ਸਿਰਜਨਹਾਰ॥ 34॥[207]

ਇਨ੍ਹਾਂ ਵਿਚਾਰਾਂ ਨੂੰ ਸਨਮੁਖ ਰਖ ਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਦੇਹੀ ਦੀ ਨਸ਼ਵਰ ਹੈ ਅਤੇ ਪਰਮਾਤਮਾ ਹੈ। ਮਨੁਖ ਨੂੰ ਉਪਦੇਸ਼ ਦਿਤਾ ਹੈ ਕਿ ਉਹ ਸੰਗੀਆਂ ਦੀ ਮ੍ਰਿਤੂ ਤੋਂ ਵੀ ਗਿਆਨ ਅਰਜਿਤ ਕਰੇ ਕਿ ਜਿਸ ਤਰ੍ਹਾਂ ਇਹ ਕਾਲ ਗ੍ਰਸਤ ਹੋ ਰਹੇ ਹਨ ਉਸੇ ਤਰ੍ਹਾਂ ਮੇਰੀ ਆਯੂ ਵੀ ਛਿਣ-ਭੰਗਰ ਹੈ। ਜੀਵਨ ਵਿਚ ਮਨੁਖ ਦੇ ਕਰਮਾਂ ਦਾ ਜੀਵਨ ਵਿਚ ਅਹਿਮ ਯੋਗਦਾਨ ਹੈ , ਜਿਨ੍ਹਾਂ ਦੀ ਵਿਚਾਰ ਅਗੇ ਕੀਤੀ ਜਾਵੇਗੀ।

**ਕਰਮ ਸਿਧਾਂਤ ਅਤੇ ਆਵਾਗਵਨ**

ਧਰਮ ਅਧਿਐਨ ਵਿਚ ਜਿ ਥੇ ਮਨੁਖ ਦੀ ਵਿਚਾਰ ਹੋਵੇਗੀ ਉਥੇ ਕਰਮ ਸਿਧਾਂਤ ਦੀ ਗੱਲ ਯਕੀਨਨ ਹੋਵੇਗੀ, ਕਿਉਂਕਿ ਇਸ ਤੋਂ ਬਿਨਾਂ ਮਨੁਖ ਦਾ ਅਧਿਐਨ ਅਧੂਰਾ ਰਹੇਗਾ। ਕਵੀ ਵੀ ਕਰਮ ਸਿਧਾਂਤ ਦੀ ਵਿਚਾਰ ਕਰਦਾ ਹੈ, ਉਹ ਸੰਸਾਰਿਕ ਪਧਰ ਉਪਰ ਤਿੰਨ ਕਿਸਮ ਦੇ ਕਰਮਾਂ- ਉਤਮ, ਮਧਮ ਅਤੇ ਨੀਚ ਨੂੰ ਮਾਨਤਾ ਦਿੰਦਾ ਹੈ। ਇਨ੍ਹਾਂ ਕਰਮਾਂ ਅਨੁਸਾਰ ਹੀ ਮਨੁਖ ਨੂੰ ਫਲ ਮਿਲਦਾ ਹੈ ਭਾਵ ਜੀਵਨ ਮਿਲਦਾ ਹੈ। ਵਿਚਾਰਾਧੀਨ ਕ੍ਰਿਤੀ ਵਿਚ ਇਹ ਧਾਰਨਾ ਵਿਦਮਾਨ ਹੈ ਕਿ ਜੇ ਮਨੁਖ ਉਤਮ ਕਰਮ ਕਰੇਗਾ ਤਾਂ ਸੁਰਗ ਮਿਲੇਗਾ, ਮਧਮ ਕਰਮ ਕਰੇਗਾ ਤਾਂ ਮਨੁਖ ਬਣੇਗਾ ਅਤੇ ਜੇਕਰ ਨੀਚ ਕਰਮ ਕਰੇਗਾ ਤਾਂ ਮਨੁਖ ਦੀ ਅਧੋਗਤੀ ਹੁੰਦੀ ਹੈ। ਇਥੇ ਇਹ ਵੀ ਨਿਰਣੈ ਕਰ ਦਿਤਾ ਹੈ ਕਿ ਉਤਮ ਅਤੇ ਨੀਚ ਕਰਮਾਂ ਦੇ ਸੰਮਿਸ਼੍ਰਿਤ ਤੋਂ ਮਧਮ ਕਰਮ ਉਪਜਦੇ ਹਨ-

ਅਥਵਾ ਕਰਮਨਿ ਕੇ ਅਨੁਸਾਰ॥ ਜਨਮੈ ਮਰੈ ਜੀਵ ਬਹੁ ਬਾਰ॥

ਉਤਮ ਕਰਮ ਕਰੈ ਨਰ ਜੋਇ॥ ਸੁਰਗ ਲੋਕ ਕੋ ਜਾਵੈ ਸੋਇ॥ 20॥

ਨੀਚ ਕਰਮ ਜੋ ਕਰੈ ਪ੍ਰਾਨੀ॥ ਜਾਏ ਅਧੋਗਤਿ ਹੋ ਬਿਨਾਨੀ॥

ਮੱਧਮ ਕਰਮ ਕਰੈ ਨਰਿ ਜੋਇ॥ ਮਾਨੁਖ ਦੇਹ ਲਹੈ ਪੁਨਿ ਸੋਇ॥ 21॥

---

[207] ਉਹੀ, ਪਤਰਾ 1247.

ਉਤਮ ਕਰਮ ਸੁ ਪੁੰਨ ਪ੍ਰਤਾਪ॥ ਨੀਚ ਕਰਮ ਸੁ ਜਾਨੋ ਪਾਪ॥

ਪੁੰਨਯ ਪਾਪ ਮਿਸ੍ਰਤਿ ਜੋ ਹੋਇ॥ ਮਧਯਮ ਕਰਮ ਪਛਾਨੋ ਸੋਇ॥ 22॥[208]

ਵਿਸ਼ਯ-ਵਿਕਾਰਾਂ ਵਿਚ ਗ੍ਰਸਿਤ ਮਨੁਖ ਪਰਮਾਤਮਾ ਦੀ ਭਗਤੀ ਤੋਂ ਵੰਚਿਤ ਰਹਿਣ ਕਰਕੇ ਅਪਣੇ ਪੂਰਬਲੇ ਜਨਮਾਂ ਦੇ ਸਾਰੇ ਪੁੰਨ ਨਸ਼ਟ ਕਰ ਲੈਂਦਾ ਹੈ ਅਤੇ ਉਹ ਮਾਤਰ ਭੋਗ-ਬਿਲਾਸ ਤੀਕਰ ਹੀ ਸੀਮਤ ਰਹਿ ਜਾਂਦਾ ਹੈ-

ਨਿਸਦਿਨ ਭੋਗਨਿ ਮੈ ਗਲਤਾਨ॥ ਪਿਛਿਲਾ ਕੀਉ ਸੁ ਭੋਗੈਂ ਜਾਨ॥

ਪਿਛਿਲਾ ਪੁੰਨਯ ਸਭ ਖੋਯੋ॥ ਰਾਮ ਨ ਸਿਮਰਾ ਨਿਸ ਭਰਿ ਸੋਯੋ॥55॥[209]

ਨਾਨਕ ਮਤਾ ਖੰਡ ਵਿਚ ਸੰਤਰੇਣ ਕਰਮਾਂ ਦੇ ਫਲ਼ ਨੂੰ ਦਰਸਾਉਂਦਾ ਹੋਇਆ ਗੁਰੂ ਨਾਨਕ ਦੇਵ ਜੀ ਦੁਆਰਾ ਉਪਦੇਸ਼ ਦਿੰਦੇ ਹੋਏ ਕਰਮਾਂ ਦੇ ਫਲ ਬਾਰੇ ਵਰਨਣ ਕਰਦਾ ਹੈ। ਜਿਸ ਵਿਚ ਪੂਰਬਲੇ ਕਰਮਾਂ ਸਦਕਾ ਮਨੁਖਾ ਸਰੀਰ ਮਿਲਣਾ ਅਤੇ ਫਿਰ ਪਿਛਲੇ ਕਰਮਾਂ ਕਰਕੇ ਹੀ ਰਾਜ-ਭਾਗ ਮਿਲਣ ਦੀ ਸਾਖੀ ਦਾ ਜ਼ਿਕਰ ਹੈ-

ਪੂਰਬ ਜਨਮ ਕੀਉ ਤਪ ਭਾਰੀ॥ ਕੰਦ ਮੂਲਿ ਇਨਿ ਖਾਇ ਉਦਾਰੀ॥

ਇਨ ਸਰੀਰ ਕੋ ਬਹੁ ਦੁਖ ਦਯੋ॥ ਇਹਾ ਆਇ ਅਬ ਭੂਪਤਿ ਭਯੋ॥12॥

ਪਿਛਿਲਾ ਏਹੁ ਥਕੇਵਾਂ ਭਾਈ॥ ਪੂਰਬ ਦੁਖ ਕਾ ਅਬ ਸੁਖ ਪਾਈ॥

ਤਪ ਤੇ ਰਾਜ ਪ੍ਰਾਪਤਿ ਹੋਇ॥ ਰਾਜਹੁ ਨਰਕ ਪਰੈ ਪੁਨਿ ਸੋਇ॥13॥[210]

ਇਸੇ ਸਾਖੀ ਵਿਚ ਕਰਮਾਂ ਬਾਰੇ ਹੋਰ ਵੀ ਵਿਸਤ੍ਰਿਤ ਢੰਗ ਨਾਲ ਦਸਿਆ ਹੈ ਕਿ ਜਨਮ ਤੋਂ ਤਾਂ ਸਾਰੇ ਹੀ ਨਗਨ ਹੀ ਪੈਦਾ ਹੁੰਦੇ ਹਨ, ਪਰ ਕਰਮਾਂ ਕਰਕੇ ਹੀ ਸੁਖ-ਦੁਖ ਦੀ ਪ੍ਰਾਪਤੀ ਹੁੰਦੀ ਹੈ, ਮਨੁਖ ਦੇ ਕਰਮਾਂ ਅਨੁਸਾਰ ਹੀ ਉਸ ਦਾ ਫਲ ਅਗਲੇ ਜਨਮ ਵਿਚ ਮਿਲਦਾ ਹੈ। ਕਵੀ ਨੇ ਇਥੇ ਘੁਮਿਆਰ ਅਤੇ ਭਾਂਡੇ

---

[208] ਉਹੀ, ਪਤਰਾ 1246.

[209] ਉਹੀ, ਪਤਰਾ 1439.

[210] ਉਹੀ, ਪਤਰਾ 1221.

ਦਾ ਦ੍ਰਿਸ਼ਟਾਂਤ ਦਿਤਾ ਹੈ- ਇਕ ਘੁਮਿਆਰ ਭਾਂਡੇ ਬਣਾਉਂਦਾ ਹੈ ਅਤੇ ਉਨ੍ਹਾਂ ਭਾਂਡਿਆਂ ਵਿਚ ਵਖ-ਵਖ ਵਸਤਾਂ ਪਾਈਆਂ ਜਾਂਦੀਆਂ ਹਨ ਜਿਵੇਂ: ਅੰਮ੍ਰਿਤ, ਦੁਧ, ਪਾਣੀ, ਮਦਰਾ, ਦਹੀ, ਅਤਰ-ਫੁਲੇਲ ਆਦਿ। ਜਿਸ ਤਰ੍ਹਾਂ ਇਨ੍ਹਾਂ ਵਿਚ ਅਨੇਕਾਂ ਵਸਤਾਂ ਪਾਈਆਂ ਜਾਂਦੀਆਂ ਹਨ, ਉਸੇ ਤਰ੍ਹਾਂ ਮਨੁਖ ਨੂੰ ਕਰਮਾਂਨੁਸਾਰ ਹੀ ਉਸ ਨੂੰ ਦੁਖ-ਸੁਖ ਮਿਲਦੇ ਹਨ। ਕਰਮਾਂ ਕਰਕੇ ਹੀ ਇਕ ਰਾਜੇ ਅਤੇ ਇਕ ਮਜ਼ਦੂਰ ਬਣ ਜਾਂਦੇ ਹਨ-

ਜਨਨੀ ਉਦਰ ਮਾਹਿ ਤੇ ਜੇਤੇ॥ ਨਿਕਲੇ ਨੰਗੇ ਸਰਬ ਸੁ ਤੇਤੇ॥

ਸੁਖ ਦੁਖ ਪਿਛਿਲਾ ਲੇਖ ਪਛਾਨੋ॥ ਯਾ ਮੈ ਭੇਦ ਨ ਰੰਚਕ ਮਾਨੋ॥14॥

ਕਰਨੀ ਭੇਦ ਨ ਦੋਇ ਖੁਦਾਇ॥ ਕਰੇ ਕਰਮ ਤੈਸਾ ਫਲ ਪਾਇ॥

ਇਕ ਮਾਟੀ ਕੇ ਬਾਸਨਿ ਜੈਸੇ॥ ਕਰੇ ਕੁਲਾਲ ਅਨੇਕ ਸੁ ਤੈਸੇ॥15॥

ਦੁਵੈਯਾ ਛੰਦ॥

ਇਕ ਮੈ ਅੰਮ੍ਰਿਤ ਏਕ ਵਿਖੈ ਵਿਖ ਇਕ ਮੈ ਪਾਣੀ ਪਾਵੈਂ॥

ਇਕ ਮੈ ਦੂਧ ਏਕ ਮੈ ਮਦਰਾ ਇਕ ਮੈ ਦਹੀ ਜਮਾਵੈ॥

ਅਤਰਿ ਫੁਲੇਲ ਪਰੈ ਇਕ ਮਾਹੀ ਏਕ ਕੁ ਗੰਧ ਪਛਾਨੋ॥

ਏਕ ਅਕਾਸ ਸਭਨਿ ਕੇ ਮਾਹੀ ਬਸੁਤ ਭੇਦ ਸੁ ਜਾਨੋ॥16॥

ਨਭ ਮਾਟੀ ਮੈ ਭੇਦ ਨ ਕੋਊ ਬਸਤੂਹ ਭੇਦ ਸੁ ਪਯੈ॥

ਤਿਉ ਤਨ ਆਤਮ ਮਾਹਿ ਨ ਭੇਦ ਸੁ ਕਰਨੀ ਭੇਦਊ ਹਯੈ॥

ਕਰਨੀ ਕਰਿ ਇਕ ਭਏ ਨਰੇਸਾ ਏਕ ਮਜੂਰਿ ਕਹਾਰੰ॥

ਜਸ ਕਰਨੀ ਨਰ ਤਸ ਫਲੁ ਪਾਵੈ ਕਰਨੀ ਬਸਤੁ ਬਿਚਾਰੰ॥17॥[211]

ਵਿਚਾਰਾਧੀਨ ਕ੍ਰਿਤੀ ਵਿਚ ਕਰਮ ਸਿਧਾਂਤ ਨੂੰ ਵਧੇਰੇ ਨਿਰਣਾਇਕਪੂਰਣ ਬਣਾਉਣ ਲਈ ਵੇਦਾਂਤਿਕ ਹਵਾਲਿਆਂ ਦਾ ਵੀ ਸਹਾਰਾ ਲਿਆ ਗਿਆ ਹੈ, ਧ੍ਰੂ ਭਗਤ ਦੀ ਉਦਾਹਰਨ ਦੇ ਕੇ ਸਿਧ ਕੀਤਾ

[211] ਉਹੀ, ਪਤਰਾ 1221-22.

ਗਿਆ ਹੈ ਕਿ ਉਹ ਰਾਕਸ਼-ਕੁਲ ਵਿਚ ਪੈਦਾ ਹੋ ਕੇ ਸੁਕਰਮ ਕਰਕੇ ਦੇਵਤਿਆਂ ਦਾ ਸਿਰਦਾਰ ਬਣ ਗਿਆ , ਭਾਵ ਉਚ ਪਦਵੀ 'ਤੇ ਸੁਸ਼ੋਭਿਤ ਹੋਇਆ ਸੀ।

ਤੁਮ ਨਾਮੁ ਰਖੋ ਜੜ ਔਰਨ ਕੋ ਤੁਮ ਕੌਨ ਅਹੋ ਮੁਹਿ ਭਾਖ ਉਦਾਰੇ॥
ਕਰਨੀ ਕਰਿ ਧ੍ਰੂਅ ਭਯੋ ਅਟਲੰ ਕਰਨੀ ਕਰਿ ਦੇਵਨ ਕਾ ਸਿਰਦਾਰੇ॥
ਕਰਨੀ ਕਰਿ ਰਾਛਸ ਦੇਵ ਭਏ ਜਸਿ ਹੈ ਕਰਨੀ ਤਸਿ ਨਾਮ ਉਚਾਰੇ॥
ਕਰਨੀ ਬਿਨੁ ਕੋਇ ਨ ਪਾਰ ਪਰੈ ਕਰਨੀ ਕਰਕੈ ਸਭ ਮੋਖ ਪਧਾਰੇ॥41॥[212]

ਨਾਨਕ ਬਿਲਾਸ ਖੰਡ ਵਿਚੋਂ ਕਵੀ ਦਾ ਇਹ ਦ੍ਰਿਸ਼ਟੀਕੋਣ ਸਾਹਮਣੇ ਆਉਂਦਾ ਹੈ ਕਿ ਮਨੁਖ ਦੇ ਸੁਖ-ਦੁਖ, ਧਨ-ਦੌਲਤ, ਰਾਜਾ-ਭਿਖਾਰੀ ਇਤਿਆਦਿਕ ਦਾ ਸੰਗਮ ਵੀ ਕਰਮਾਂ ਦੇ ਸੰਜੋਗ ਕਰਕੇ ਹੀ ਹੁੰਦਾ ਹੈ। ਕਰਮਾਂ ਕਰਕੇ ਹੀ ਮਨੁਖ ਦੇਸ-ਪ੍ਰਦੇਸ ਜਾਂਦਾ ਹੈ, ਉਸ ਦੇ ਮਾਨ-ਅਪਮਾਨ ਦੀ ਉਪਜ ਵੀ ਸ੍ਵੈ ਕਰਮਾਂ ਕਰਕੇ ਹੀ ਸੁਨਿਸ਼ਚਿਤ ਹੁੰਦੀ ਹੈ। ਕਵੀ ਤਾਂ ਇਥੋਂ ਤੀਕ ਵੀ ਨਿਰਣੈ ਕਰਦਾ ਹੈ ਕਿ ਜੋ ਮੁਨੀਜਨ ਮਨੁਖ ਨੂੰ ਕਰਮ ਕਰਨ ਹਿਤ ਕਹਿੰਦੇ ਹਨ, ਉਨ੍ਹਾਂ ਤੋਂ ਮੁਨਕਰ ਵੀ ਕਰਮ ਹੀ ਕਰਵਾਉਂਦੇ ਹਨ ਭਾਵ ਕਰਮ ਹੀ ਮਨੁਖ ਨੂੰ ਚਕ੍ਰਿਤ ਕਰਕੇ ਮੁਨੀਜਨਾਂ ਦੇ ਵਚਨਾਂ ਨੂੰ ਨਕਾਰਦੇ ਹਨ-

ਕਰਮਾ ਬਿਨ ਸੋ ਧਨ ਨਾਹਿ ਮਿਲੈ ਕਰਮੰ ਨਰ ਕੋ ਸਭਿ ਨਾਚ ਨਚਾਵੈਂ॥
ਕਰਮੰ ਨਰ ਕੋ ਪਰਦੇਸ ਪਠੈਂ ਕਰਮੰ ਦਰਿ ਹੀ ਦਰਿ ਭੀਖ ਮਗਾਵੈਂ॥
ਕਰਮੰ ਨਰ ਕਾ ਅਪਮਾਨ ਕਰੈਂ ਕਰਮੰ ਨਰ ਕੈ ਸਿਰ ਛੱਤ੍ਰ ਝੁਲਾਵੈਂ॥
ਕਵੀ ਸੰਤਹਿਰੇਣ ਕਹੈਂ ਮੁਨਿ ਯੋਂ ਜੁ ਨਹੀਂ ਕਰਨਾ ਕਰਮੰ ਸੁ ਕਰਾਵੈਂ॥35॥[213]

ਜਦੋਂ ਮਨੁਖ ਮੁਨੀਜਨਾਂ ਦੇ ਵਚਨਾਂ ਨੂੰ ਅਣਸੁਣਿਆ ਕਰਕੇ ਕਰਮ ਕਰਦਾ ਹੈ , ਫਿਰ ਉਸ ਨੂੰ ਕਰਮ ਅਨੁਸਾਰ ਹੀ ਫਲ ਮਿਲਣ ਦਾ ਨਿਯਮ ਕਵੀ ਨੇ ਪ੍ਰਵਾਨ ਕੀਤਾ ਹੈ। ਨਾਨਕ ਬਿਲਾਸ ਖੰਡ ਵਿਚ ਬਿਖ

212 ਉਹੀ, ਪਤਰਾ 995.

213 ਉਹੀ, ਪਤਰਾ 253.

ਬੋ ਕੇ ਬਿਖ ਉਪਜਣ ਦੇ ਦ੍ਰਿਸ਼ਟਾਂਤ ਤੋਂ ਸਿਧਾਂਤਕ ਪਕਿਆਈ ਦ੍ਰਿੜ ਕਰਵਾਉਣ ਦਾ ਯਤਨ ਨਿਮਨਲਿਖਤ ਅਨੁਸਾਰ ਪ੍ਰਸਤੁਤ ਕੀਤਾ ਹੈ-

ਪੂਰਬ ਕਰਮ ਕੀਉ ਹਮ ਜੈਸੋ॥ ਅਬ ਫਲੁ ਮੋਹਿ ਦਯੋ ਹਰਿ ਤੈਸੋ॥

ਜਸਿ ਕਰਿਯੋ ਤਸਿ ਫਲੁ ਮੈ ਪਾਯੋ॥ ਬਿਖੁ ਬੋਯੋ ਬਿਖਿ ਹੀ ਉਪਜਾਯੋ॥੮੪॥[214]

ਗੁਰਮਤਿ ਦਰਸ਼ਨ ਵਿਚ ਕਰਮ ਸਿਧਾਂਤ ਦੀ ਸਮਸਿਆ ਵਿਚ ਇਕ ਅਹਿਮ ਪ੍ਰਸ਼ਨ ਅਭਿਲਾਸ਼ੀ ਲਈ ਕਰਮ ਅਧਾਰਿਤ ਜੋਨਾਂ ਦਾ ਹੁੰਦਾ ਹੈ, ਗੁਰਬਾਣੀ ਵਿਚ ਚੁਰਾਸੀ ਲਖ ਜੋਨਾਂ ਨੂੰ ਸੰਕਿਲਤ ਕੀਤਾ ਗਿਆ ਹੈ। ਸਰਵ ਪ੍ਰਥਮ ਵਿਚਾਰਨ ਵਾਲੀ ਗੱਲ ਇਹ ਹੈ ਕਿ ਮਨੁਖ ਦੇ ਮਰਨ ਤੋਂ ਬਾਅਦ ਦੀ ਸਥਿਤੀ ਕੀ ਹੈ। ਨਿਰਸੰਦੇਹ ਇਹ ਤਾਂ ਸਪਸ਼ਟ ਹੈ ਕਿ ਗੁਰਮਤਿ ਵਿਚ ਨਰਕ ਅਤੇ ਸੁਰਗ (ਸਵਰਗ) ਦੀ ਅਵਧਾਰਨਾ ਨਹੀਂ ਹੈ। ਗੁਰਮਤਿ ਵਿਚ ਪੁਨਰ-ਜਨਮ ਜਾਂ ਆਵਾਗਵਨ ਦੀ ਧਾਰਨਾ ਹੈ। ਧਰਮ ਮਨੁਖ ਨੂੰ ਬਿਆਨ ਕਰਦੇ ਸਮੇਂ ਦੋ ਗੱਲਾਂ ਬਾਰੇ ਵਿਚਾਰ ਪ੍ਰਸਤੁਤ ਕਰਦੇ ਹਨ; ਇਕ ਜ਼ਿੰਦਗੀ ਅਤੇ ਦੂਜੀ ਮੌਤ। ਗੁਰਮਤਿ ਅਨੁਸਾਰ ਇਹ ਪਰਮਾਤਮਾ ਦੀ ਮਰਜ਼ੀ ਅਨੁਸਾਰ ਹੀ ਵਾਪਰਦੀਆਂ ਹਨ। ਈਸ਼ਵਰੀ ਇਛਾ ਅਨੁਸਾਰ ਹੀ ਮਨੁਖ ਜਨਮ ਲੈਂਦਾ ਹੈ ਅਤੇ ਮਰਦਾ ਹੈ-

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥[215]

ਜਨਮ ਅਤੇ ਮਰਨ ਦਾ ਜੋ ਹੁਕਮ ਹੈ ਇਹ ਵੀ ਇਕ ਮਹਾਂ ਨਿਯਮ ਦਾ ਹਿਸਾ ਹੈ ਅਤੇ ਜਨਮ ਮਰਨ ਦਾ ਇਹ ਚਕਰ ਗੁਰਮਤਿ ਅਨੁਸਾਰ ਕਰਮਾਂ ਕਰਕੇ ਹੈ-

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥[216]

ਗੁਰਮਤਿ ਅਨੁਸਾਰ ਮਨੁਖਾ ਜਨਮ ਹੀ ਸਰਵ ਸ੍ਰੇਸ਼ਟ ਹੈ ਅਤੇ ਇਸ ਵਿਚ ਹੀ ਅਸੀਂ ਸਰਵੋਤਮ ਮੰਜ਼ਿਲ ਸਚਖੰਡ ਤੀਕ ਪਹੁੰਚ ਸਕਦੇ ਹਾਂ। ਜੇਕਰ ਜੀਵ ਮਨੁਖਾ ਜਨਮ ਵਿਚ ਸਾਕਾਰਤਮਕ

---

[214] ਉਹੀ, ਪਤਰਾ 316.

[215] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1

[216] ਉਹੀ, ਪੰਨਾ 2.

ਕਰਮ ਕਰੇ ਤਾਂ ਉਹ ਸਚਖੰਡ ਦੀ ਪ੍ਰਾਪਤੀ ਕਰ ਸਕਦਾ ਹੈ ਅਤੇ ਜੇਕਰ ਨਾਕਾਰਤਮਕ ਕਰਮ ਕਰੇ ਤਾਂ ਫਿਰ ਤੋਂ ਜੋਨਾਂ ਦੇ ਚਕਰ ਵਿਚ ਫਸ ਜਾਂਦਾ ਹੈ-

ਲਖ ਚਉਰਾਸੀਹ ਜੋਨਿ ਸਬਾਈ॥

ਮਾਣਸ ਕਉ ਪ੍ਰਭਿ ਦੀਈ ਵਡਿਆਈ॥

ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥2॥[217]

ਸਾਮੀ ਧਰਮਾਂ ਦੀ ਧਾਰਨਾ ਅਨੁਸਾਰ ਮਨੁਖ ਮਰਨ ਤੋਂ ਬਾਅਦ ਕਿਆਮਤ ਦੇ ਦਿਨ ਜਿਉਂਦਾ ਹੋਵੇਗਾ ਅਤੇ ਉਸ ਦਿਨ ਉਸ ਦਾ ਲੇਖਾ-ਜੋਖਾ ਹੋਵੇਗਾ। ਹਿੰਦੂ ਮਤ ਅਨੁਸਾਰ ਮਰਨ ਤੋਂ ਬਾਅਦ ਮੁਕਤੀ ਪ੍ਰਾਪਤ ਹੋਵੇਗੀ। ਪਰ ਗੁਰਮਤਿ ਮਰਨ ਨੂੰ ਜ਼ਿੰਦਗੀ ਦਾ ਅੰਤ ਨਹੀਂ ਮੰਨਦੀ। ਗੁਰਮਤਿ ਅਨੁਸਾਰ ਮਨੁਖਾ ਜੀਵਨ ਵਿਚ ਅਸੀਂ ਜਿਉਂਦੇ ਜੀਅ ਹੀ ਸਚਿਆਰ ਅਵਸਥਾ ਤੀਕ ਪਹੁੰਚਣਾ ਹੈ। ਜੋ ਮਨੁਖ ਸਚਿਆਰ ਅਵਸਥਾ ਤੀਕ ਨਹੀਂ ਪਹੁੰਚਦਾ ਤਾਂ ਉਸ ਨੂੰ ਉਸਦੇ ਕਰਮਾਂ ਅਨੁਸਾਰ ਫਿਰ ਤੋਂ ਜਨਮ ਮਰਨ ਦੇ ਚਕਰ ਵਿਚ ਪੈਣਾ ਪੈਂਦਾ ਹੈ, ਜਿਸਨੂੰ ਆਵਾਗਵਨ ਕਹਿੰਦੇ ਹਨ। ਆਵਾਗਵਨ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਲਈ ਭਾਈ ਕਾਨ੍ਹ ਸਿੰਘ ਨਾਭਾ ਦੇ ਸ਼ਬਦ ਵਿਚਾਰਨਯੋਗ ਹਨ-

*ਸ਼ੁਭ ਅਸ਼ੁਭ ਕਰਮਾਨੁਸਾਰ ਜੀਵ ਦਾ ਊਚ ਨੀਚ ਜੂਨਾਂ ਵਿਚ ਇਕ ਸਰੀਰ ਛੱਡ ਕੇ ਦੂਜੇ ਵਿਚ ਪ੍ਰਵੇਸ਼ ਹੋਣਾ, ਆਵਾ-ਗੌਣ (ਆਵਾ-ਗਮਨ) ਤਨਾਸੁਖ਼ (Transmigration) ਸੱਦੀਦਾ ਹੈ।*[218]

ਉਪਰੋਕਤ ਪ੍ਰਸੰਗਾਂ ਵਿਚ ਆਵਾਗਵਨ ਜਾਂ ਪੁਨਰ ਜਨਮ ਦਾ ਕਾਰਨ ਕਰਮਾਂ ਨੂੰ ਦਰਸਾਇਆ ਗਿਆ ਹੈ। ਕਰਮਾਂ ਦੇ ਨਾਲ ਹੀ "*ਹਉਂ*" ਇਕ ਪ੍ਰਮੁਖ ਕਾਰਨ ਹੈ। ਡਾ. ਸ਼ੇਰ ਸਿੰਘ ਅਨੁਸਾਰ ਮਰਨ ਤੋਂ ਬਾਅਦ ਦੋ ਕਿਸਮਾਂ ਦੀ ਗੱਲ ਕੀਤੀ ਗਈ ਹੈ-

---

[217] ਉਹੀ, ਪੰਨਾ 1075.

[218] ਨਾਭਾ, ਕਾਨ੍ਹ ਸਿੰਘ, *ਗੁਰਮਤ ਮਾਰਤੰਡ ਭਾਗ ਪਹਿਲਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2013, ਪੰਨਾ 71.

"*According to the Guru the future life is of two kinds: transmigration of soul or going into the presence of God, sometimes, spoken of as merging into the Absolute Being. The basis of our individual existence is Haumai-sense of personal ego.*"[219]

ਗੁਰਮਤਿ ਵਿਚ ਮਨੁਖ ਦੇ ਭਵਿਖ ਵਿਚਲੀਆਂ ਦੋ ਕਿਸਮਾਂ ਹੋ ਸਕਦੀਆਂ ਹਨ; ਪਹਿਲੀ ਆਵਾਗਵਨ ਅਤੇ ਦੂਜੀ ਪਰਮਾਤਮਾ ਵਿਚ ਲੀਨ ਹੋਣਾ। ਇਸੇ ਆਧਾਰਿਤ ਵਿਚਾਰਧੀਨ ਕ੍ਰਿਤ ਵਿਚ ਵੀ ਉਪਰੋਕਤ ਪ੍ਰਸੰਗ ਦੀ ਪ੍ਰੋੜਤਾ ਕਰਦਿਆਂ ਆਵਾਗਵਨ ਬਾਰੇ ਦਸਿਆ ਹੈ-

ਦੇਵਦਾਨੋ ਰਿਖ ਮੁਨਿ ਅਮਰ ਨ ਕੋਊ ਜਗ ਆਵਾਗੌਨ ਜਗਤਿ ਸੋ ਯੋ ਹੀ ਆਇ ਜਾਇ ਹੈ॥[220]

ਦੇਵਗਣ, ਰਿਸ਼ੀ, ਮੁਨੀ ਇਤਿਆਦਿਕ ਸਭ ਨੂੰ ਆਵਾਗਵਨ ਦੇ ਚਕਰ ਵਿਚ ਗ੍ਰਸਿਆ ਦਸ ਕੇ ਕਵੀ ਨੇ ਚੁਰਾਸੀ ਲਖ ਜੋਨਾਂ ਦੀ ਵਿਚਾਰ ਕਰਦਿਆਂ ਕਿਹਾ ਕਿ ਇਸ ਵਿਚ ਕੋਈ ਸੰਦੇਹ ਨਹੀਂ ਕਿ ਇਹਨਾਂ ਸਾਰਿਆਂ ਨੂੰ ਇਸੇ ਤਰ੍ਹਾਂ ਭ੍ਰਮਦਿਆਂ ਹੋਇਆਂ ਅਨੰਤ ਵਾਰ ਜਨਮ ਲੈਣਾ ਪੈਂਦਾ ਹੈ। ਯਥਾ-

ਲਖ ਚੁਰਾਸੀ ਭਰਮੈ ਸੋਇ॥ ਯਾਹਿ ਵਿਖੈ ਸੰਸਾ ਨਹੀਂ ਕੋਇ॥11॥

ਧਰਿ ਧਰਿ ਜਨਮੁ ਸੁ ਬਾਰਮ ਬਾਰੇ॥ ਮਾਂਗਤਿ ਫਿਰੈਂ ਸੁ ਆਪ ਉਦਾਰੇ॥[221]

ਮਨੁਖ ਮਾ ਇਆ ਤੋਂ ਵਸ਼ੀਕ੍ਰਿਤ ਹੋਣ ਕਰਕੇ ਵਿਸ਼ਯ-ਵਿਕਾਰਾਂ ਅਧੀਨ ਕੁਕਰਮ ਕਰਦਾ ਹੋਇਆ ਚੁਰਾਸੀ ਲਖ ਜੋਨਾਂ ਵਿਚ ਫਸਿਆ ਰਹਿੰਦਾ ਹੈ। ਆਵਾਗਵਨ ਲਈ ਜਿਥੇ ਕੁਕਰਮ ਜ਼ਿੰਮੇਵਾਰ ਹਨ ਉਥੇ ਇਸ ਪਿਛੇ ਕਵੀ ਨੇ ਮਾਇਆ ਦਾ ਪ੍ਰਭਾਵ ਵੀ ਸਵੀਕ੍ਰਿਤ ਕੀਤਾ ਹੈ। ਯਥਾ-

ਮਾਯਾ ਕੇ ਜੋ ਆਹਿ ਉਪਾਸੀ॥ ਸੋ ਨਰ ਭਰਮੈ ਲਖ ਚੁਰਾਸੀ॥[222]

---

[219] Sher Singh, *Philosophy Of Sikhism,* SGPC, Sri Amritsar, Fifth Time, 2003, Page-202.

[220] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1459.

[221] ਉਹੀ, ਪਤਰਾ 310.

[222] ਉਹੀ, ਪਤਰਾ 322.

ਜੋਨਾਂ ਬਾਰੇ ਵਿਚਾਰ ਕਰਦਿਆਂ ਸੰਤਰੇਣ ਨੇ ਪਰ ਨਾਰੀ ਦਾ ਦ੍ਰਿਸ਼ਟਾਂਤ ਦਿਤਾ ਹੈ। ਕਵੀ ਦੀ ਬੁਧੀ ਸੰਕੀਰਣਤਾਂ ਦੀਆਂ ਗਹਿਰਾਈਆਂ ਤੋਂ ਪਰ੍ਹਾਂ ਹੈ ਕਿਉਂਕਿ ਪਰਨਾਰੀ ਦੇ ਨਾਲ ਪਦਾਰਥਵਾਦੀ ਰਾਜੇ ਦੀ ਉਦਾਹਰਨ ਨੂੰ ਸੰਮਿਸ਼੍ਰਿਤ ਕਰਨਾ ਉਸਨੂੰ ਤੀਖਣ ਬੁਧੀਗਿਆਤਾ ਦਾ ਪਾਤਰ ਬਣਾਉਂਦੀ ਹੈ। ਕਵੀ ਭਲੀ-ਭਾਂਤਿ ਜਾਣਦਾ ਹੈ ਕਿ ਜੇਕਰ ਰਾਜਾ ਬਿਨਾ ਅਪਰਾਧ ਤੋਂ ਕਿਸੇ ਨੂੰ ਫਾਂਸੀ ਦੇਵੇਗਾ ਤਾਂ ਉਹ ਖੁਦ ਅਪਰਾਧੀ ਬਣ ਜਾਵੇਗਾ ਅਤੇ ਕਰਮ ਸਿਧਾਂਤ ਅਨੁਸਾਰ ਉਸ ਨੂੰ ਜੋਨਾਂ ਵਿਚ ਚਕ੍ਰਿਤ ਹੋਣਾ ਪਵੇਗਾ-

ਪਰਨਾਰ ਰਮੈ ਮਦ ਪਾਨ ਕਰੈ ਅਪਰਾਧ ਬਿਨਾ ਜੁ ਦਏ ਪੁਨਿ ਫਾਸੀ॥

ਇਤਿਨੇ ਨਰਕਾਗਨਿ ਮਾਹਿ ਪਰੈਂ ਨਰ ਭੋਗਹਿ ਤਾਂਹਿ ਸੁ ਲੱਖ ਚੁਰਾਸੀ॥17 ॥[223]

ਅੰਤ ਵਿਚ ਕਵੀ ਨੇ ਇਸ ਗੱਲ ਨੂੰ ਬਾ-ਦਲੀਲ ਸਪਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਗਿਆਨ ਤੋਂ ਬਿਨਾਂ ਜੋਨਾਂ ਦੇ ਚਕਰ ਵਿਚੋਂ ਨਿਕਲਣਾ ਜਟਿਲ ਕਾਰਜ ਹੀ ਨਹੀਂ ਬਲਕਿ ਅਸੰਭਵ ਹੈ-

ਸਮਝੈਂ ਨਾਹਿ ਗਿਆਨ ਕਰਿ ਜਬ ਲਗੁ ਅਪਨਾ ਆਪ॥

ਭਰਮੈਂ ਲਖ ਚੁਰਾਸੀਐ ਤਬ ਲਗੁ ਸਹੈਂ ਸੰਤਾਪ॥50॥[224]

ਉਪਰੋਕਤ ਵਿਚਾਰਾਂ ਨੂੰ ਦ੍ਰਿਸ਼ਟੀਗੋਚਰੇ ਰਖ ਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਮਨੁਖਾ ਦੇਹੀ ਸਰਵ ਸ੍ਰੇਸ਼ਟ ਹੈ ਤੇ ਗੁਰੂ ਦੇ ਗਿਆਨ ਭਾਵ ਪਰਮਾਤਮਾ ਦੀ ਭਗਤੀ ਤੋਂ ਬਿਨਾਂ ਵਿਸ਼ਯ-ਵਿਕਾਰਾਂ ਤੋਂ ਛੁਟਕਾਰਾ ਪਾਉਣਾ ਅਸੰਭਵ ਅਤੇ ਜਟਿਲ ਕਾਰਜ ਹੈ । ਮਾਇਆ ਗ੍ਰਸਤ ਮਨੁਖ ਆਵਾਗਵਨ ਵਿਚ ਭ੍ਰਮਦਿਆਂ ਕੋਟਿ ਜਨਮ ਨਿਸ਼ਫਲ ਕਰ ਲੈਂਦਾ ਹੈ।

**ਮੁਕਤੀ ਦੇ ਸਾਧਨ ਅਤੇ ਜੀਵਨ ਮੁਕਤੀ**

ਗੁਰਮਤਿ ਦਰਸ਼ਨ ਅਨੁਸਾਰ ਜੀਵ ਦਾ ਅੰਤਿਮ ਲਕਸ਼ ਮੋਕਸ਼ ਦੀ ਪ੍ਰਾਪਤੀ ਕਰਨਾ ਹੈ ਜੋ ਕਿ ਪ੍ਰਚਲਿਤ ਮੌਤ ਤੋਂ ਬਾਅਦ ਮੁਕਤੀ ਦੀਆਂ ਅਵਧਾਰਨਾਵਾਂ ਤੋਂ ਭਿੰਨ ਹੈ, ਕਿਉਂਕਿ ਇਸ ਦੀ ਵਿਲਖਣਤਾ

---

[223] ਉਹੀ, ਪਤਰਾ 27.

[224] ਉਹੀ, ਪਤਰਾ 1801.

ਜੀਵਨ ਮੁਕਤੀ ਭਾਵ ਰਹਿੰਦੇ ਜੀਵਨ ਵਿਚ ਹੀ ਮੁਕਤੀ ਦੀ ਪ੍ਰਾਪਤੀ ਕਰ ਲੈਣਾ ਹੈ। ਪ੍ਰਿੰਸੀਪਲ ਤੇਜਾ ਸਿੰਘ ਮਨੁਖ ਦੇ ਜੀਵਨ ਦਾ ਮਨੋਰਥ ਦਸਦੇ ਹੋਏ ਕਹਿੰਦੇ ਹਨ-

*ਜੀਵਨ ਦੇ ਸਭ ਤੋਂ ਚੰਗੇ ਤਰੀਕੇ ਨੂੰ ਧਰਮ ਕਹਿੰਦੇ ਹਨ। ਇਸ ਦਾ ਮਨੋਰਥ ਕੁਝ ਪ੍ਰਾਪਤ ਕਰਨਾ ਨਹੀਂ, ਸਗੋਂ ਕੁਝ ਬਣਨਾ, ਕੁਝ ਹੋਣਾ ਹੈ। ਇਸ ਦਾ ਆਦਰਸ਼ ਬਹਿਸ਼ਤ ਜਾਂ ਸਵਰਗ ਦੇ ਸੁਖਾਂ ਨੂੰ ਮਾਣਨਾ ਜਾਂ ਜ਼ਿੰਦਗੀ ਤੋਂ ਛੁਟਕਾਰਾ ਪਾਉਣਾ ਨਹੀਂ, ਸਗੋਂ ਜ਼ਿੰਦਗੀ ਨੂੰ ਇਉਂ ਢਾਲਣਾ ਹੈ ਕਿ ਇਸ ਵਿਚੋਂ ਵਾਹਿਗੁਰੂ ਦੇ ਦਰਸ਼ਨ ਹੋਣ।*[225]

ਸੋ ਤੇਜਾ ਸਿੰਘ ਦਾ ਸੰਕੇਤ ਜੀਵਨ-ਮੁਕਤੀ ਵਲ ਹੈ। ਭਾਈ ਕਾਨ੍ਹ ਸਿੰਘ ਨਾਭਾ ਆਵਾਗਵਨ ਤੋਂ ਮੁਕਤੀ ਦਾ ਸਾਧਨ ਦਸਦੇ ਹਨ। ਯਥਾ-

*"ਗੁਰੁਮਤ ਨੂੰ ਮਨ ਵਸਾ ਕੇ ਜਦ ਪੁਰੁਸ਼ ਕੁਕਰਮਾਂ ਤੋਂ ਮਨ ਫੇਰਦਾ ਹੈ ਅਤੇ ਸ਼ੁਭ ਗੁਣਾਂ ਨੂੰ ਚਿੱਤ ਵਿਚ ਨਿਵਾਸ ਦਿੰਦਾ ਹੋਇਆ ਗੁਰੁ ਉਪਦੇਸ਼ ਪਰ ਅਮਲ ਕਰਦਾ ਹੈ, ਤਦ ਅਗਯਾਨ ਦਾ ਨਾਸ਼ ਹੋ ਕੇ ਗਯਾਨ ਦਾ ਪ੍ਰਕਾਸ਼ ਹੋਂਦਾ ਹੈ, ਜਿਸ ਤੋਂ ਆਵਾ-ਗੌਣ ਦੀ ਸਮਾਪਤੀ ਹੋ ਜਾਂਦੀ ਹੈ।"*[226]

ਵਿਚਾਰਾਧੀਨ ਕ੍ਰਿਤੀ ਵਿਚ ਜੀਵਨ ਮੁਕਤੀ ਦੇ ਪ੍ਰਸ਼ਨ ਦੀ ਜਿਗਿਆਸਾ ਪ੍ਰਤਾਪ ਖੰਡ ਵਿਚ ਪ੍ਰਗਟ ਕੀਤੀ ਗਈ ਹੈ ਜਿਥੇ ਸਿਧੇ ਰੂਪ ਵਿਚ ਜੀਵਨ ਮੁਕਤੀ ਬਾਰੇ ਪ੍ਰਸ਼ਨ ਕੀਤਾ ਹੈ। ਯਥਾ-

ਜੀਵਨ ਮੁਕਤਿ ਕਉਨ ਕੋ ਕਹਯੈ॥ ਇਹੁ ਭੀ ਹਮਰਾ ਪਰਸਨਿ ਹਯੈ॥
ਜੀਵਨ ਮੁਕਤਿ ਅਵਸਥਾ ਕਹੋ॥ ਹਮਰੇ ਮਨ ਕਾ ਸੰਸਾ ਦਹੋ॥33॥[227]

ਜੀਵਨ ਮੁਕਤੀ ਦੇ ਲਈ ਪ੍ਰਚਲਿਤ ਸਾਧਨਾਂ- ਤੀਰਥਾਂ ਦੇ ਇਸ਼ਨਾਨ , ਵਰਤ, ਵੇਦਾਂ ਦਾ ਪਾਠ ਇਤਿਆਦਿਕ ਵਿਚ ਵਿਗਾੜ ਆਉਣ ਕਾਰਣ ਕਵੀ ਨੇ ਫੋਕੇ ਕਰਮ-ਕਾਂਡਾਂ ਨੂੰ ਖੰਡਿਤ ਕਰਦਿਆਂ ਵਿਅਰਥ

---

[225] ਤੇਜਾ ਸਿੰਘ, ਪ੍ਰਿੰ. *ਸਿੱਖ ਧਰਮ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2015, ਪੰਨਾ 11.

[226] ਨਾਭਾ, ਕਾਨ੍ਹ ਸਿੰਘ, *ਗੁਰਮਤ ਮਾਰਤੰਡ ਭਾਗ ਪਹਿਲਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2013, ਪੰਨਾ 72.

[227] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 779.

ਦਸਦੇ ਹੋਏ ਗੁਰਮਤ ਦੇ ਸਿਧਾਂਤ [228]- ਪਰਮਾਤਮਾ ਦਾ ਸਿਮਰਨ ਸਰਵ ਸ੍ਰੇਸ਼ਟ ਹੈ, ਨੂੰ ਦ੍ਰਿੜ ਕਰਵਾਇਆ ਹੈ-

ਤੀਰਥਿ ਕਰਹਿ ਬਰਤਿ ਬਹੁ ਰਾਖਹਿ॥ ਚਤੁਰ ਬੇਦ ਕਾ ਅਰਥ ਭੀ ਭਾਖਹਿ॥

ਇਤਿਨਾ ਕੀਉ ਨ ਸਿਮਰਿਉ ਰਾਮ॥ ਤੌ ਤਿਨ ਤੇ ਕਛੁ ਸਰੈ ਨ ਕਾਮ॥53॥

ਅਲਪ ਪੁੰਨਯ ਤਿਨ ਕਾ ਕਛੁ ਹੋਇ॥ ਫਲੁ ਅਭਿਲਾਖਾ ਖੋਯੋ ਸੋਇ॥

ਫਲੁ ਪਾਯੋ ਤਿਸ ਕਾ ਭਯੂ ਨਾਸ॥ ਕਛੁ ਭੀ ਰਹਯੋ ਨ ਤਿਨ ਕੇ ਪਾਸ॥54॥[229]

ਵੇਦਾਂਤਿਕ ਦ੍ਰਿਸ਼ਟੀਕੋਣ ਤੋਂ ਕਵੀ ਨੇ ਮਰਨ ਤੋਂ ਬਾਅਦ ਮੁਕਤੀ ਬਾਰੇ ਵਿਚਾਰ ਨਹੀਂ ਕੀਤੀ, ਬਲਕਿ ਗੁਰਮਤਿ ਸਿਧਾਂਤਾਂ ਦੇ ਅਨੁਕੂਲ ਜੀਵਨ ਮੁਕਤੀ ਦੀ ਵਿਚਾਰ ਵਿਚਾਰਾਧੀਨ ਕ੍ਰਿਤੀ ਵਿਚ ਬਹੁਤ ਥਾਵਾਂ 'ਤੇ ਕਰਨ ਦਾ ਸਫਲ ਪ੍ਰਯਤਨ ਕੀਤਾ ਹੈ। ਕਵੀ ਦੇਹ ਨੂੰ ਨਸ਼ਵਰ ਕਹਿ ਕੇ ਆਤਮਾ ਦੀ ਅਮਰਤਾ ਨੂੰ ਸਵੀਕ੍ਰਿਤ ਕਰਦਾ ਹੋਇਆ ਜੀਵਨ ਮੁਕਤੀ ਲਈ ਪਰਮਾਤਮਾ ਦੀ ਭਗਤੀ ਨੂੰ ਹੀ ਇਕ ਮਾਤਰ ਸਾਧਨ ਮੰਨਦਾ ਹੈ। ਮਨੁਖ ਜਦੋਂ ਕਾਲ ਗ੍ਰਸਤ ਹੁੰਦਾ ਹੈ , ਉਦੋਂ ਮਾਤਾ -ਪਿਤਾ, ਪਤਨੀ, ਪੁਤਰ ਅਤੇ ਸਨੇਹੀ ਇਤਿਆਦਿਕ ਸਾਰੇ ਹੀ ਸਾਥ ਛਡ ਜਾਂਦੇ ਹਨ-

ਜਿਨ ਕੋ ਅਪਨੇ ਕਰਿ ਮਾਨਤਿ ਹੈਂ ਦੁਖ ਮੈ ਇਸ ਕਾਮ ਨ ਆਵੈਂ॥

ਜਬ ਕਾਲ ਅਚਾਨਕਿ ਆਇ ਗਹੈ ਸਠ ਏ ਸਗਲੇ ਤੁਹਿ ਨਾਹਿ ਛੁਡਾਵੈਂ॥

ਜੁਵਤੀ ਸੁਤ ਮਾਤ ਪਿਤਾ ਸਗਲੇ ਨਰਿ ਦੇਖਤਿ ਹੀ ਸਭਿ ਏ ਭਜ ਜਾਵੈਂ॥

ਪਛੁਤਾਪ ਕਰੈ ਤਬ ਏ ਮਨ ਮੈ ਹਰਿ ਪੈ ਬਿਨਤੀ ਕਰਿ ਆਪ ਸੁਣਾਵੈਂ॥5॥[230]

ਪ੍ਰਸ਼ਨ ਅਜੇ ਵੀ ਵਿਦਮਾਨ ਹੈ ਕਿ ਜੀਵਨ ਮੁਕਤੀ ਲਈ ਕੀ ਉਪਰਾਲਾ ਕੀਤਾ ਜਾਵੇ ? ਇਸ ਦਾ ਉਤਰ ਪਲਖਦੀਪ ਖੰਡ ਵਿਚ ਗੁਰੂ ਨਾਨਕ ਦੇਵ ਜੀ ਨੇ ਦਿਤਾ ਹੈ ਕਿ ਮਨੁਖਾ ਸਰੀਰ ਵਿਚ ਆਤਮਾ

---

[228] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 43 -

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥੫॥

[229] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1439.

[230] ਉਹੀ, ਪਤਰਾ 679.

ਪਰਮਾਤਮਾ ਦੇ ਅੰਸ਼ ਵਜੋਂ ਵਿਦਮਾਨ ਹੈ ਅਤੇ ਜੀਵਨ ਮੁਕਤੀ ਦਾ ਇਕ ਮਾਤਰ ਸਾਧਨ ਪਰਮਾਤਮਾ ਦੀ ਭਗਤੀ ਹੈ, ਸੋ ਸ੍ਵੈ ਪ੍ਰਮਾਣਿਤ ਹੈ ਕਿ ਸਰਵ ਪ੍ਰਥਮ ਅਸਾਂ ਨੂੰ ਆਤਮ ਚੀਨਣ ਕਰਨਾ ਪਵੇਗਾ। ਜਿਸ ਨਾਲ ਅਸੀਂ ਪਰਮਾਤਮਾ ਨੂੰ ਸਮਝ ਸਕਾਂਗੇ। ਪਰ ਅਸੀਂ ਪਹਿਲਾਂ ਵਿਚਾਰ ਕਰ ਆਏ ਹਾਂ ਕਿ ਮਨੁਖ ਦੇ ਜਨਮ ਸਮੇਂ ਹੀ ਇਸ ਉਪਰ ਮਾਇਆ ਦਾ ਪ੍ਰਭਾਵ ਹਾਵੀ ਹੋ ਜਾਂਦਾ ਹੈ ਅਤੇ ਉਹ ਆਤਮਾ ਦਾ ਸਰੂਪ ਹੀ ਭੁਲ ਬੈਠਦਾ ਹੈ। ਯਥਾ-

ਸਤਿ ਚਿਤਿ ਆਨੰਦ ਸਰੂਪਿ ਪਰਪੂਰਨ ਜੋ ਤੁਮਰੋ ਸਰੂਪ ਸੋਈ ਤਾਕੋ ਬੋਲਿ ਖਾਈਐ॥
ਆਪਨਾ ਸਰੂਪ ਤੁਮ ਆਪ ਹੀ ਭੁਲਾਇ ਦਯੋ ਮਿਲਿ ਮਾਯਾ ਸੰਗ ਦੋਸ ਕੌਨ ਕੋ ਲਗਾਈਐ॥
ਅਦੁਵੈ ਆਨੰਦ ਕੰਦ ਬੰਦਨਾ ਕਰਨ ਜੋਗ ਤੀਨੋ ਗੁਨਿ ਤੇ ਅਤੀਰ ਤਾ ਸੋਂ ਮਨ ਲਾਈਐ॥
ਦੇਹਿ ਅਭਿਮਾਨ ਤਜਿ ਆਤਮਾ ਅਲੇਪ ਭਜਿ ਆਪ ਕੋ ਸਮਝਿ ਕਰਿ ਆਪ ਸੁਖ ਪਾਈਐ॥ 39॥[231]

ਪਰਮਾਤਮਾ ਦੀ ਭਗਤੀ ਹੀ ਮਨੁਖ ਨੂੰ ਜੀਵਨ ਮੁਕਤੀ ਦਾ ਮਾਰਗ ਦਿਖਾਉਂਦੀ ਹੈ। ਪਲਖਦੀਪ ਖੰਡ ਵਿਚ ਇਹ ਵੀ ਨਿਰਣੈ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਭਗਤੀ ਬਿਹੀਨ ਮਨੁਖ ਮਲੀਨ ਹੁੰਦਾ ਹੈ ਅਤੇ ਭਗਤੀ ਕਰਨ ਵਾਲੇ ਦੀ ਬੁਧੀ ਕਲਿਆਣਕਾਰੀ ਹੋ ਜਾਂਦੀ ਹੈ-

ਭਗਤੀ ਬਹੀਨ ਦੀਨ ਜੀਵ ਏ ਮਲੀਨ ਸਦਾ ਭਗਤੀ ਬਿਬੇਕ ਮਿਲਿ ਹੋਇ ਕਲਿਆਨੀਐ॥11॥[232]

ਇਸੇ ਤਰ੍ਹਾਂ ਕਵੀ ਕਹਿੰਦਾ ਹੈ ਕਿ ਜੇਕਰ ਮਨੁਖ ਨਿਤ ਸੰਸਾਰਿਕ ਕੰਮਾਂ ਵਿਚ ਲਗਾ ਰਹਿੰਦਾ ਹੈ ਤਾਂ ਉਸ ਦੇ ਸਿਮਰਨ ਤੋਂ ਬਿਨਾਂ ਸਾਰੇ ਹੀ ਕਾਰਜ ਵਿਅਰਥ ਗਿਣੇ ਜਾਂਦੇ ਹਨ। ਮਨੁਖ ਕਮਾਉਂਦਾ, ਖਾਂਦਾ ਅਤੇ ਮਰ ਜਾਂਦਾ ਹੈ। ਪਰਮਾਤਮਾ ਦੇ ਸਿਮਰਨ ਤੋਂ ਬਿਨਾਂ ਮਨੁਖ ਨੂੰ ਜਮਗਣਾਂ ਤੋਂ ਕੋਈ ਨਹੀਂ ਬਚਾ ਸਕਦਾ-

ਦਿਨ ਸਭ ਖੋਯੋ ਕਰਤੇ ਕਾਮ॥ ਸਿਮਰਿਉ ਨਾਹਿ ਸੁ ਭਗਵਤਿ ਰਾਮ॥
ਨਾਮ ਬਿਨਾ ਗਏ ਬਿਰਥੇ ਸ੍ਵਾਸ॥ ਕਛੁ ਭੀ ਨਾਹਿ ਰਹਯੋ ਤਿਸ ਪਾਸ॥56॥
ਪੈਦਾ ਕੀਉ ਸੁ ਖਾਇ ਗਵਾਯਾ॥ ਇਤਿਨੈ ਵਖਤਿ ਚਲਣਿ ਕਾ ਆਯਾ॥

---

[231] ਉਹੀ, ਪਤਰਾ 1299.

[232] ਉਹੀ, ਪਤਰਾ 1329.

ਕਛੁ ਭੀ ਰਹਯੋ ਨ ਤਿਸ ਕੇ ਪਾਸ॥ ਨਾਮ ਬਿਨਾਂ ਜਮ ਦੇਵੇਂ ਤ੍ਰਾਸ॥57॥[233]

ਅੰਤ ਵਿਚ ਕਵੀ ਕਹਿੰਦਾ ਹੈ ਕਿ ਸਿਰਫ ਸਿਮਰਨ ਹੀ ਮਨੁਖ ਨੂੰ ਮੁਕਤੀ ਦੇ ਦੁਆਰੇ 'ਤੇ ਲੈ ਕੇ ਜਾ ਸਕਦਾ ਹੈ ਅਤੇ ਇਸ ਗੱਲ ਦੀ ਪ੍ਰੋੜਤਾ ਸੰਤ ਅਤੇ ਵੇਦ ਵੀ ਕਰਦੇ ਹਨ-

ਰਾਮ ਬਿਨਾ ਤਿਨ ਕਉਨ ਛੁਡਾਵੈ॥ ਸੰਤਰੇਣ ਇਉ ਗੁਰੂ ਬਤਾਵੈ॥

ਰਾਮ ਨਾਮ ਬਿਨੁ ਮੁਕਤਿ ਨ ਹੋਇ॥ ਸੰਤ ਬੇਦ ਇਮ ਭਾਖੈਂ ਦੋਇ॥58॥[234]

ਖਡੂਰੀ ਖੰਡ ਵਿਚ ਵੀ ਪਰਮਾਤਮਾ ਦੇ ਸਿਮਰਨ ਦੀ ਮਹਿਮਾ ਕਰਦਾ ਹੋਇਆ, ਕਵੀ ਜਨਮ-ਮਰਨ ਤੋਂ ਛੁਟਕਾਰਾ ਪਾਉਣ ਦਾ ਮਾਤਰ ਇਹੀ ਸਾਧਨ ਦਸਦਾ ਹੈ ਅਤੇ ਇਹ ਨਿਰਣੈ ਪ੍ਰਗਟ ਕਰਦਾ ਹੈ ਕਿ ਉਸ ਮਨੁਖ ਨੂੰ ਜੀਉਂਦੇ ਹੀ ਮੁਕਤੀ ਮਿਲ ਜਾਂਦੀ ਹੈ, ਜਿਸ ਦਾ ਚਿਤ ਪਰਮੇਸ਼ਵਰ ਵਿਚ ਲਗਾ ਹੋਵੇ-

ਪਰਮੇਸੑਰ ਕਾ ਕਰਿ ਕੈ ਭਜਨੰ ਜਨਮਾਂਤਰ ਕੇ ਸੁ ਲਏ ਭਵ ਲਾਹੇ॥

ਵਹਿ ਜੀਵਤਿ ਹੀ ਨਰ ਮੋਖ ਭਯੋ ਪਰਮੇਸੑਰ ਮੈ ਜਿਸ ਕਾ ਚਿਤ ਰਾਹੇ॥16॥[235]

ਇਸ ਤਰ੍ਹਾਂ ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਜੀਵਨ ਮੁਕਤੀ ਬਾਰੇ ਵਿਚਾਰਾਂ ਤੋਂ ਇੰਞ ਪ੍ਰਤੀਤ ਹੁੰਦਾ ਹੈ ਕਿ ਉਹ ਭਗਤੀ ਨੂੰ ਹੀ ਸਰਵ ਸ੍ਰੇਸ਼ਟ ਸਥਾਨ ਦੇਣਾ ਚਾਹੁੰਦਾ ਹੈ ਜੋ ਕਿ ਗੁਰਮਤਿ ਦੀ ਅਵਧਾਰਨਾ ਦੀ ਪ੍ਰਾਸੰਗਿਕਤਾ ਨੂੰ ਹੋਰ ਵੀ ਵਧਾਉਣ ਦਾ ਪ੍ਰਯਤਨ ਹੈ। ਭਗਤੀ ਦਾ ਸਿਧਾ ਸੰਬੰਧ ਗਿਆਨ ਨਾਲ ਹੋਣ ਕਰਕੇ ਇਹ ਅਵਧਾਰਨਾ ਵੀ ਸ੍ਵੈ-ਉਜਵਲ ਹੋ ਜਾਂਦੀ ਹੈ ਕਿ ਜਦੋਂ ਮਨੁਖ ਅਗਿਆਨਤਾ ਦੇ ਵਸ਼ ਤੋਂ ਮੁਕਤ ਹੋ ਗਿਆ ਭਾਵ ਉਸ ਨੂੰ ਗਿਆਨ ਹੋ ਗਿਆ ਤਾਂ ਉਦੋਂ ਉਹ ਜੀਵਨ-ਮੁਕਤ ਦੀ ਪਦਵੀ ਦਾ ਧਾਰਣੀ ਹੋ ਜਾਵੇਗਾ-

ਭੂਲਿ ਗਯੋ ਅੱਗਿਯਾਨ ਕਰਿ ਨਿਜ ਸਰੂਪ ਕੋ ਜੋਇ॥

ਤਿਸ ਹੀ ਕੋ ਫਿਰਿ ਜਾਨ ਕੈ ਜੀਵਨ ਮੁਕਤਿ ਸੁ ਹੋਇ॥76॥[236]

---

[233] ਉਹੀ, ਪਤਰਾ 1439.

[234] ਉਹੀ, ਪਤਰਾ 1440.

[235] ਉਹੀ, ਪਤਰਾ 876.

[236] ਉਹੀ, ਪਤਰਾ 835.

ਜਿਥੇ ਕਵੀ ਨੇ ਕੁਝ ਇਕ ਪਰੰਪਰਾਗਤ ਅਵਧਾਰਨਾਵਾਂ ਨੂੰ ਸਵੀਕਾਰ ਕੀਤਾ ਹੈ, ਉਥੇ ਉਨ੍ਹਾਂ ਨੂੰ ਖੰਡਿਤ ਵੀ ਕੀਤਾ ਹੈ ਜਿਨ੍ਹਾਂ ਦਾ ਰੂਪ ਵਿਗੜ ਚੁਕਾ ਸੀ, ਇਨ੍ਹਾਂ ਸਵੀਕ੍ਰਿਤ ਅਵਧਾਰਨਾਵਾਂ ਵਿਚੋਂ ਹੀ ਨੌਂ ਪ੍ਰਕਾਰ ਦੀ ਭਗਤੀ[237] ਦਸ ਕੇ ਮਨੁਖ ਨੂੰ ਪਰਮਾਤਮਾ ਵਲ ਪ੍ਰੇਰਨ ਦਾ ਯਤਨ ਕੀਤਾ ਹੈ-

ਭਗਵਤਿ ਭਜਨੁ ਕਰਯੋ ਜੋ ਚਹੇ॥ ਨਵਧਾ ਭਗਤਿ ਸੁ ਉਰ ਮੈਂ ਗਹੇ॥

ਹਰਿ ਗੁਨਿ ਸਰਵਨਿ ਪ੍ਰਿਥਮ ਸੁ ਜਾਨ॥ ਹਰਿ ਗੁਨਿ ਕੀਰਤਨੁ ਦੁਤਿਯੈ ਮਾਨ॥30॥

ਭਗਵਤਿ ਸਿਮਰਨਿ ਤੀਸਰ ਹਯੈ॥ ਪਾਦ ਸੇਵਨਾ ਚਤੁਰਥਿ ਕਹਯੈ॥

ਹਰਿ ਗੁਰ ਪਗ ਕੀ ਸੇਵਾ ਜੋਊ॥ ਪਾਦ ਸੇਵਨਾ ਕਹਯੈ ਸੋਊ॥31॥

ਬਹਤਾ ਛੰਦ॥

ਕੁੰਕਮ ਚੰਦਨ ਅਛਤ ਉਦਕਿ ਚੜ੍ਹਾਵਈ॥ ਹਰਿ ਗੁਰ ਗਰਿ ਫੂਲ ਮਾਲਾ ਗੁਹਿ ਪਹਿਰਾਵਈ॥

ਅਤਰ ਅਬੀਰ ਗੁਲਾਲ ਚੜ੍ਹਾਇ ਮਹਾਨਿਯੈ॥ ਲਾਲੂ ਅਰਚਨ ਭਗਤੀ ਤਾਹਿ ਬਖਾਨਿਯੈ॥32॥

ਹਰਿ ਗੁਰ ਕੋ ਪਰਣਾਮ ਕਰੈ ਸਿਰਨਾਇਕੈ॥ ਦੰਡ ਸਮਾਨ ਮਹੀ ਪਰ ਅੰਗ ਲਗਾਇਕੈ॥

ਖਸਟਮਿ ਬੰਦਨ ਭਗਤੀ ਏਹੁ ਸੁ ਜਾਨਿਯੈ॥ ਅਸਟ ਅੰਗ ਅਬ ਕਹੋ ਸੁ ਸੁਣੋ ਮਹਾਨਿਯੈ॥33॥

ਦੋਹਰਾ॥

ਪਗ ਗੂਠੇ ਗੋਡੇ ਉਦਰ ਛਾਤੀ ਕਰਿ ਦੈਾਂ ਜਾਨ॥

ਨਕ ਮਸਤਕਿ ਧਰ ਲਾਈਐ ਦੰਡ ਪ੍ਰਣਾਮ ਸੁ ਮਾਨ॥34॥

ਹਰਿ ਗੁਰ ਕੀ ਸੇਵਾ ਕਰੈ ਮਨ ਬਚਕਾਇ ਸਮੇਤਿ॥

ਅਬਦ ਰਖੈ ਹਰਿ ਗੁਰੂ ਕਾ ਸੇਵਾ ਕਰੈ ਸੁ ਚੇਤਿ॥35॥

ਹਰਿ ਗੁਰ ਪੂਰਨ ਬ੍ਰਹਮ ਹੈ ਮੈਂ ਹੋਂ ਤਿਨ ਕਾ ਦਾਸ॥

---

[237] ਭਾਰਤੀ ਮਨੋਤ ਅਨੁਸਾਰ ਨੌਂ ਪ੍ਰਕਾਰ ਦੀ ਭਗਤੀ ਦਸੀ ਗਈ ਹੈ ਜੋ ਕਿ ਇਸ ਪ੍ਰਕਾਰ ਹਨ- 1. ਸ੍ਰਵਣ ਭਗਤੀ 2. ਕੀਰਤਨ ਭਗਤੀ 3. ਸਿਮਰਨ ਭਗਤੀ 4.ਪਾਦਸੇਵਨ ਭਗਤੀ 5. ਅਰਚਨਾ ਭਗਤੀ 6. ਬੰਦਨਾ ਭਗਤੀ 7. ਸਖਾ ਭਗਤੀ 8. ਦਾਸ ਭਗਤੀ 9. ਆਤਮ ਨਿਵੇਦਨ ਭਗਤੀ।

ਦਾਸਾ ਭਾਵ ਸੁ ਜਾਨਿਯੈ ਸਪਤਮ ਕਰੀ ਪ੍ਰਕਾਸ॥36॥

ਅੜਿਲ॥

ਸਖਾ ਭਾਵ ਅਬ ਕਹੋਂ ਸੁਣੋ ਮਨ ਲਾਇਕੈ॥

ਹਰਿ ਗੁਰ ਸੇਵਾ ਕਰੈ ਸੁ ਮਨ ਹਰਖਾਇਕੈ॥

ਹਰਿ ਗੁਰ ਬਾਂਧਵ ਜਾਨੈ ਪਰਮ ਮਹਾਨਿਯੈ॥

ਹੋ ਤਨੁ ਮਨੁ ਧਨੁ ਤੇ ਪਿਰਿਯੈ ਤਾਹਿ ਪਛਾਨਿਯੈ॥37॥

ਚੌਪਈ॥

ਪ੍ਰਿਅ ਵਸਤੂ ਘਰਿ ਮਾਹਿ ਸੁ ਜੇਤੀ॥ ਹਰਿ ਗੁਰ ਕੋ ਅਰਪੈ ਸਭ ਤੇਤੀ॥

ਅਸਟਮ ਸਖਾ ਭਾਵ ਇਹੁ ਕਹਯੈ॥ ਹਰਿ ਗੁਰ ਕਿਰਪਾ ਤੇ ਇਹੁ ਲਹਯੈ॥38॥

ਤਨੁ ਮਨੁ ਧਨ ਸਭ ਅਰਪਨਿਕਿਰੇ॥ ਆਪਾ ਅਰਪੁ ਚਰਨਿ ਪੁਨਿ ਪਰੇ॥

ਹਰਿ ਗੁਰ ਚਰਨਨਿ ਛੋਡੈ ਨਾਹਿ॥ ਨਿਸ ਦਿਨੁ ਰਹੈ ਸੁ ਚਰਨਨਿ ਮਾਹਿ॥39॥

ਰਾਖੈ ਨਾ ਮਨ ਕਪਟਿ ਸੰਦੇਹੁ॥ ਸਰਬਨ ਵੇਦਨਿ ਭਗਤੀ ਏਹੁ॥

ਕਰਨੀ ਕਾ ਅਭਿਮਾਨ ਨ ਧਰੇ॥ ਹਰਤਾ ਕਰਤਾ ਹਰਿ ਗੁਰ ਹਰੇ॥40॥

ਨਵਧਾ ਭਗਤੀ ਕਹੀ ਗੁਰ ਸ੍ਵਾਮੀ॥ ਸੁਣਿ ਪ੍ਰਸਨ ਕੀਉ ਅੰਤਰਿਜਾਮੀ॥[238]

ਕਵੀ ਨੇ ਨੌਵੀਂ ਭਗਤੀ ਨੂੰ ਸਰਵ ਸ੍ਰੇਸ਼ਟ ਦਸਿਆ ਹੈ, ਕਿਉਂਕਿ ਅਠ ਭਗਤੀਆਂ ਦੇ ਸੰਮਿਸ਼੍ਰਿਤ ਤੋਂ ਹੀ ਨੌਵੀਂ ਭਗਤੀ ਉਪਜਦੀ ਹੈ ਜਾਂ ਦੂਜੇ ਸ਼ਬਦਾਂ ਵਿਚ ਇਸ ਵਿਚ ਸਾਰੇ ਹੀ ਗੁਣ ਵਿਦਮਾਨ ਹੁੰਦੇ ਹਨ । ਸੋ ਭਗਤੀ ਕਰਨ ਨਾਲ ਪਰਮਾਤਮਾ ਦੀ ਕਿਰਪਾ ਦਾ ਪਾਤਰ ਬਣ ਕੇ ਜੀਵਨ ਮੁਕਤੀ ਦੀ ਪਦਵੀ ਹਾਸਲ ਕੀਤੀ ਜਾ ਸਕਦੀ ਹੈ। ਜੇਕਰ ਇਨ੍ਹਾਂ ਭਗਤੀਆਂ ਨੂੰ ਸਾਧਨ ਮਾਤਰ ਮੰਨ ਲਿਆ ਜਾਵੇ ਤਾਂ ਇਸ ਵਿਚ ਕੋਈ ਉਕਾਈ ਨਹੀਂ ਹੋਵੇਗੀ। ਉਪਰੋਕਤ ਦੀ ਨਿਰੰਤਰਤਾ ਵਿਚ ਕਵੀ ਨੇ ਇਹ ਵੀ ਸਪਸ਼ਟ ਕਰ ਦਿਤਾ ਹੈ ਕਿ ਵਿਧੀਵਤ ਢੰਗ ਨਾਲ ਕੀਤੇ ਕਰਮ ਮਨੁਖ ਦਾ ਅੰਤਹਕਰਨ ਨਿਰਮਲ ਕਰਕੇ ਉਸ ਨੂੰ ਮਲੀਨ ਬੁਧੀ ਤੋਂ

[238] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1183-84.

ਸ਼ੁਧਤਾ ਵਾਲੀ ਬੁਧੀ ਪ੍ਰਦਾਨ ਕਰਦੇ ਹਨ ਅਤੇ ਬੁਧੀ ਦੀ ਸ਼ੁਧਤਾ ਹੀ ਪ੍ਰਾਣੀ ਲਈ ਜੀਵਨ ਮੁਕਤੀ ਲਈ ਸਹਾਇਕ ਸਿਧ ਹੁੰਦੀ ਹੈ-

ਵਰਨਾਸਰਮ ਕਰਮ ਹੈ ਜੇਤੇ॥ ਬਿਧਵਤਿ ਕਰੈ ਪਰਾਨੀ ਤੇਤੇ॥

ਤਿਨ ਤੇ ਅੰਤਹਕਰਨ ਮਹਾਨ॥ ਨਿਰਮਲੁ ਹੋਇ ਸੁ ਕਰੈਂ ਬਖਾਨ॥38॥

ਪਾਪਨਿ ਕਰਿ ਜੋ ਭਯੋ ਮਲੀਨ॥ ਕਰਮਨਿ ਤੇ ਹੁਇ ਸੁੱਧ ਸੁ ਚੀਨ॥

ਅੰਤਹਕਰਣ ਸੁੱਧ ਭਯੋ ਜਬੈ॥ ਲਹੈ ਪਰਾਣੀ ਮੁਕਤਿ ਸੁ ਤਬੈ॥39॥[239]

ਹੁਣ ਜਿਗਿਆਸੀ ਦੇ ਮਨ ਵਿਚ ਰਹਸਮਈ ਪ੍ਰਸ਼ਨ ਇਹ ਪੈਦਾ ਹੋਵੇਗਾ ਕਿ ਜੀਵਨ -ਮੁਕਤ ਅਵਸਥਾ ਕਿਵੇਂ ਦੀ ਹੋਵੇਗੀ ? ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਉਸ ਅਵਸਥਾ ਵਿਚ ਮਨੁਖ ਨੂੰ ਪਰਮਾਨੰਦ ਦੀ ਅਨੁਭੂਤੀ ਹੁੰਦੀ ਹੈ ਅਤੇ ਇਨ੍ਹਾਂ ਮਨੁਖਾਂ ਦਾ ਦਰਸ਼ਨ ਦੁਰਲਭ ਹੁੰਦਾ ਹੈ, ਇਨ੍ਹਾਂ ਨਾਲ ਰਹਿ ਕੇ ਹੋਰ ਮਨੁਖ ਵੀ ਸਮ-ਅਵਸਥਾ ਦੀ ਪ੍ਰਾਪਤੀ ਕਰ ਲੈਂਦੇ ਹਨ-

ਪਰਾਨੰਦ ਕੋ ਪ੍ਰਾਪਤਿ ਹੋਇ॥ ਜੀਵਨ ਮੁਕਤਿ ਅਵਸਥਾ ਸੋਇ॥

ਤਿਸ ਕਾ ਦਰਸਨਿ ਦੁਰਲਭ ਹਯੈ॥ ਤਿਸ ਕੈ ਸੰਗ ਪਰਮ ਪਦ ਲਹਯੈ॥12॥[240]

ਜੀਵਨ ਮੁਕਤ ਮਨੁਖ ਬਾਰੇ ਕਵੀ ਦਾ ਅਨੁਮਾਨ ਹੈ ਕਿ ਉਹ ਰਾਗ ਦ੍ਵੈਖ, ਮਾਨ, ਅਪਮਾਨ, ਨਿੰਦਾ, ਉਪਮਾ, ਸੁਖ, ਦੁਖ, ਕੰਚਨ, ਕਾਚ, ਸ਼ਾਂਤੀ, ਖਿਮਾਂ, ਦਯਾ ਇਤਿਆਦਿਕ ਗੁਣਾਂ ਨੂੰ ਇਕ-ਸਮਾਨ ਮੰਨਦਾ ਹੈ। ਯਥਾ-

ਰਾਗੁ ਦ੍ਵੈਖਿ ਮਾਨ ਅਪਮਾਨ॥ ਨਿੰਦਾ ਉਪਮਾ ਏਕ ਸਮਾਨ॥51॥

ਸੁਖ ਦੁਖ ਕੰਚਨ ਕਾਚ ਸੁ ਦੁਕਤਿ॥ ਨਾਨਕ ਸੋ ਜਨ ਜੀਵਨ ਮੁਕਤਿ॥

ਸਾਂਤੀ ਖਿਮਾਂ ਦਯਾ ਭੰਡਾਰ॥ ਅਰੁ ਪੁਨਿ ਬਾਲਕ ਵਤਿ ਬਿਉਹਾਰ॥52॥

ਵਚਨਿ ਵਸਤੁ ਬੁਧਿ ਕਛੂ ਨ ਗਹੈ॥ ਮਦ ਉਨਮੱਤਿ ਬਿਰਤਿ ਜਿਵ੍ਹ ਰਹੈ॥

---

[239] ਉਹੀ, ਪਤਰਾ 779.

[240] ਉਹੀ, ਪਤਰਾ 837.

ਸੁਖਪਤਿ ਸਮ ਜਹ ਰਹਨੀ ਹੋਇ॥ ਜੀਵਨ ਮੁਕਤਿ ਅਵਸਥਾ ਸੋਇ॥53॥

ਜੀਵਨ ਮੁਕਤਿ ਪੁਰਖੁ ਇਉ ਰਹੈ॥ ਵਚਨਿ ਵਸਤੁ ਬੁਧਿ ਕਛੂ ਨ ਗਹੈ॥

ਉਤਮ ਰਹਨੀ ਇਹੀ ਸੁ ਜਾਨ॥ ਅਉਰ ਕਛੂ ਪੁਨਿ ਕਰੋ ਬਖਾਨ॥54॥[241]

ਉਪਰੋਕਤ ਵਿਚਾਰਾਂ ਨੂੰ ਸਨਮੁਖ ਰਖਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਮਨੁਖ ਜਨਮ ਸਮੇਂ ਵਿਸ਼ਯ-ਵਿਕਾਰਾਂ ਨਾਲ ਗ੍ਰਸਤ ਹੋ ਕੇ ਮੁਕਤੀ ਦੇ ਮਾਰਗ ਤੋਂ ਭਟਕ ਜਾਂਦਾ ਹੈ। ਸੰਤਰੇਣ ਨੇ ਜਿਉਂਦੇ ਜੀਅ ਹੀ ਮੁਕਤੀ ਪ੍ਰਾਪਤ ਕਰਨ ਨੂੰ ਜੀਵਨ ਮੁਕਤੀ ਦਸਿਆ ਹੈ ਅਤੇ ਇਸ ਦਾ ਇਕ ਮਾਤਰ ਸਾਧਨ ਪ੍ਰਭੂ ਭਗਤੀ ਹੈ। ਜੀਵਨ ਮੁਕਤੀ ਦੀ ਅਵਸਥਾ ਪ੍ਰਾਪਤ ਮਨੁਖ ਦੇ ਗੁਣਾਂ ਦਾ ਵਿਆਖਿਆਨ ਕਰਨ ਦਾ ਪ੍ਰਯਤਨ ਵੀ ਕਵੀ ਨੇ ਕੀਤਾ ਹੈ।

ਦਰਸ਼ਨ ਦੇ ਤੀਜੇ ਪ੍ਰਮੁਖ ਪ੍ਰਸ਼ਨ ਦੇ ਵਿਸਤ੍ਰਿਤ ਵਿਸ਼ਲੇਸ਼ਣ ਲਈ ਅਸੀਂ ਸਰਵ ਪ੍ਰਥਮ ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਮਨੁਖ ਦੀ ਬਣਤਰ- ਦੇਹ ਅਤੇ ਆਤਮਾ ਦਾ ਨਿਰੂਪਣ ਕੀਤਾ। ਫਿਰ ਮਨੁਖੀ ਜੀਵਨ ਸ਼ੈਲੀ ਨਾਲ ਸੰਬੰਧਿਤ ਵਿਕਾਰਾਂ, ਕਰਮ ਸਿਧਾਂਤਾ ਅਤੇ ਆਵਾਗਵਨ ਦੀ ਪੜਚੋਲ ਕੀਤੀ। ਵਿਚਾਰਾਧੀਨ ਕ੍ਰਿਤੀ ਵਿਚ ਜਿਸ ਵਿਚਾਰ ਉਪਰ ਸਭ ਤੋਂ ਅਧਿਕ ਜ਼ੋਰ ਦਿਤਾ ਗਿਆ ਹੈ ਉਹ ਹੈ- ਪਰਮਾਤਮਾ ਦੀ ਭਗਤੀ। ਕੁਕਰਮ, ਹਉਮੈਂ, ਕੁਸੰਗਤ ਇਤਿਆਦਿਕ ਕਰਕੇ ਹੀ ਜਗਤ ਵਿਚ ਜੀਵ-ਚਕਰ ਦਾ ਭ੍ਰਮਣ ਲਗਾਤਾਰ ਚਲਦਾ ਰਹਿੰਦਾ ਹੈ, ਇਸ ਤੋਂ ਮੁਕਤੀ ਦਾ ਇਕ ਮਾਤਰ ਸਾਧਨ ਪ੍ਰਭੂ ਸਾਧਨਾ ਹੈ । ਸੋ ਇਸ ਪ੍ਰਕਾਰ ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਮਨੁਖੀ ਪ੍ਰਕ੍ਰਿਤੀ ਦੇ ਸਾਰੇ ਪਖਾਂ ਵਿਚੋਂ ਨੈਤਿਕਤਾ ਨੂੰ ਪ੍ਰਾਥਿਮਕਤਾ ਦਿਤੀ ਹੈ ਅਤੇ ਇਸ ਦਾ ਪ੍ਰਗਟਾਵਾ ਪ੍ਰਭੂ ਭਗਤੀ ਨੂੰ ਕੇਂਦਰਿਤ ਕਰਕੇ ਅਧਿਆਤਮਕਤਾ ਰਾਹੀਂ ਵਿਅਕਤ ਕੀਤਾ ਹੈ।

ਉਪਰੋਕਤ ਅਸੀਂ ਗੁਰੂ ਨਾਨਕ ਵਿਜੈ ਗ੍ਰੰਥ ਵਿਚ ਕਵੀ ਦੇ ਦਰਸ਼ਨ ਪ੍ਰਤੀ ਦ੍ਰਿਸ਼ਟੀਕੋਣ ਦੀ ਵਿਚਾਰ ਕੀਤੀ ਹੈ, ਜਿਸ ਤੋਂ ਅਸੀਂ ਕਹਿ ਸਕਦੇ ਹਾਂ ਜਿਥੇ ਕਵੀ ਉਪਰ ਵੇਦਾਂਤ ਦਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ, ਉਥੇ ਸਾਮੀ ਧਰਮਾਂ ਦੀ ਵੀ ਬਰਾਬਰ ਹੀ ਦੇਖਣ ਨੂੰ ਮਿਲਦਾ ਹੈ। ਕਿਤੇ ਕਿਤੇ ਕਵੀ ਗੁਰਮਤਿ ਦੇ

[241] ਉਹੀ, ਪਤਰਾ 780.

ਫਲਸਫੇ ਤੋਂ ਦੂਰ ਜਾਂਦਾ ਭਾਸਦਾ ਹੈ, ਪਰ ਫਿਰ ਵੀ ਕਿਤੇ ਨਾ ਕਿਤੇ ਗੁਰਮਤਿ ਫਲਸਫੇ ਦੇ ਅਨੁਸਾਰੀ ਹੀ ਆਪਣੀ ਗੱਲ ਨੂੰ ਦ੍ਰਿੜ ਕਰਵਾਉਣ ਦਾ ਯਤਨ ਕਰਦਾ ਹੋਇਆ ਨਜ਼ਰ ਆਉਂਦਾ ਹੈ। ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਪਰਸਤਾ ਹੀ ਸ੍ਰਿਸ਼ਟੀ ਅਤੇ ਮਨੁਖ ਦਾ ਆਧਾਰ ਹੈ, ਜਾਂ ਕਹਿ ਲਈਏ ਕਿ ਪਰਸਤਾ ਤੋਂ ਹੀ ਸਾਰਾ ਪਾਸਾਰਾ ਪਸਰਿਆ ਹੈ। ਸ੍ਰਿਸ਼ਟੀ ਅਤੇ ਮਨੁਖ ਨੂੰ ਕਵੀ ਨੇ ਨਸ਼ਵਰ, ਅਸਥਿਰ ਕਿਹਾ ਹੈ ਅਤੇ ਪਰਮਸਤਾ ਨੂੰ ਸਥਿਰ ਕਿਹਾ ਹੈ। ਸੋ ਕਵੀ ਨੇ ਵੇਦਾਂਤ ਅਤੇ ਸਾਮੀ ਧਰਮਾਂ ਦੀਆਂ ਉਦਾਹਰਨਾਂ ਆਪਣੇ ਮਨੋਰਥ ਨੂੰ ਪੂਰਾ ਕਰਨ ਹਿਤ ਪ੍ਰਸਤਤ ਕੀਤੀਆਂ ਹਨ, ਪਰ ਵਿਚਾਰਾਂ ਨੂੰ ਘੋਖਣ ਤੋਂ ਪਤਾ ਲਗਦਾ ਹੈ ਕਿ ਕਵੀ ਦਾ ਦ੍ਰਿਸ਼ਟੀਕੋਣ ਗੁਰਮਤਿ ਦੇ ਅਨੁਕੂਲ ਹੈ।

## ਇਤਿਹਾਸਕ ਵਿਸ਼ਲੇਸ਼ਣ

ਬਹੁਤ ਸਾਰੇ ਲੇਖਕਾਂ ਨੇ ਗੁਰੂ ਨਾਨਕ ਦੇਵ ਜੀ ਦਾ ਇਤਿਹਾਸ ਆਪਣੇ-ਆਪਣੇ ਢੰਗਾਂ ਨਾਲ ਲਿਖਣ ਦਾ ਯਤਨ ਕੀਤਾ ਹੈ। ਇਸ ਯਤਨ ਦਾ ਆਰੰਭ ਜਨਮਸਾਖੀਆਂ ਤੋਂ ਹੋਇਆ ਮੰਨਿਆ ਜਾ ਸਕਦਾ ਹੈ। ਚਰਚਿਤ ਕ੍ਰਿਤੀ ਵੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਇਕ ਮਹਤਵਪੂਰਣ ਕਾਵਿਆਤਮਕ ਸਾਖੀ ਪੁਸਤਕ ਹੈ। ਜੇਕਰ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਗ੍ਰੰਥਾਂ ਬਾਰੇ ਵਿਚਾਰ ਕਰੀਏ, ਤਾਂ ਨਿਸ਼ਚਿਤ ਹੀ ਇਕ ਲੰਮੀ ਸੂਚੀ ਤਿਆਰ ਹੋ ਜਾਂਦੀ ਹੈ, ਜਿਵੇਂ- ਭਾਈ ਗੁਰਦਾਸ ਜੀ ਦੀ ਪਹਿਲੀ ਵਾਰ, ਵਿਲਾਇਤ ਵਾਲੀ ਜਨਮਸਾਖੀ, ਜਨਮਸਾਖੀ ਸੋਢੀ ਮਿਹਰਬਾਨ, ਜਨਮਸਾਖੀ ਭਾਈ ਬਾਲਾ, ਜਨਮਸਾਖੀ ਭਾਈ ਮਨੀ ਸਿੰਘ, ਸ੍ਰੀ ਨਾਨਕ ਚੰਦ੍ਰ ਚੰਦ੍ਰਕਾ, ਸ੍ਰੀ ਗੁਰੂ ਨਾਨਕ ਪ੍ਰਕਾਸ਼, ਗੁਰੂ ਨਾਨਕ ਸੂਰਜੋਦੇ ਆਦਿ। ਇਨ੍ਹਾਂ ਨੂੰ ਸ੍ਰੋਤ-ਪੁਸਤਕਾਂ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਅਤੇ ਇਸੇ ਮਹਤਵਪੂਰਣ ਰਚਨਾਵਾਂ ਦੀ ਲੜੀ ਵਿਚ ਹੀ ਕਵੀ ਸੰਤਰੇਣ ਕ੍ਰਿਤ ਗੁਰੂ ਨਾਨਕ ਵਿਜੈ ਗ੍ਰੰਥ ਵੀ ਰਖੀ ਜਾ ਸਕਦੀ ਹੈ। ਭਾਵੇਂ ਕਵੀ ਦੀ ਲਿਖਣ ਸ਼ੈਲੀ ਮਿਥਿਹਾਸ ਦੇ ਜਿਆਦਾ ਨੇੜੇ ਪ੍ਰਤੀਤ ਹੁੰਦੀ ਹੈ , ਪਰ ਜਿਵੇਂ ਕਿ ਇਹ ਇਤਿਹਾਸਕ ਸਖਸ਼ੀਅਤ ਦੇ ਜੀਵਨ ਬਾਰੇ ਰਚਿਆ ਗ੍ਰੰਥ ਹੈ ਤਾਂ ਸੁਭਾਵਿਕ ਹੀ ਇਸ ਗ੍ਰੰਥ ਦੀ ਸੰਪੂਰਨਤਾ ਇਤਿਹਾਸਕ ਤਥਾਂ ਤੋਂ ਬਿਨਾਂ ਸੰਭਵ ਨਹੀਂ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਬਹੁਤ ਵਿਸਥਾਰ ਨਾਲ ਚਾਨਣਾ ਪਾਉਣ ਦਾ ਯਤਨ ਕੀਤਾ ਗਿਆ ਹੈ। ਜੇਕਰ ਇਤਿਹਾਸ ਦੀ ਗੱਲ ਕਰੀਏ ਤਾਂ ਇਸ ਵਿਚ ਉਨ੍ਹਾਂ ਗਲਾਂ ਦਾ ਦੁਹਰਾਅ ਯਕੀਨਨ ਸੀ ਜਿਨ੍ਹਾਂ ਦਾ ਪਹਿਲਾਂ ਹੋਰ ਗ੍ਰੰਥਾਂ ਵਿਚ ਜ਼ਿਕਰ ਹੋ ਚੁਕਾ ਹੈ।

### ਗੁਰੂ ਨਾਨਕ ਵਿਜੈ ਗ੍ਰੰਥ ਵਿਚ ਵਰਣਿਤ ਇਤਿਹਾਸਿਕ ਸਾਮਗਰੀ ਦੇ ਆਧਾਰ ਸ੍ਰੋਤ-

ਕਵੀ ਸੰਤਰੇਣ ਜਿਥੇ ਕਾਵਿ-ਸ਼ਾਸਤਰ ਦਾ ਗੂੜ੍ਹ ਗਿਆਤਾ ਹੈ ਉਸ ਦੇ ਨਾਲ ਇਤਿਹਾਸਕਾਰ ਵੀ ਹੈ। ਚਰਚਿਤ ਕ੍ਰਿਤੀ ਲਈ ਕਵੀ ਨੇ ਜਿਨ੍ਹਾਂ ਗ੍ਰੰਥਾਂ ਨੂੰ ਆਧਾਰ ਬਣਾਇਆ ਹੈ, ਉਨ੍ਹਾਂ ਦੀਆਂ ਕੜੀਆਂ ਭਾਰਤ ਦੇ ਇਤਿਹਾਸ ਨਾਲ ਜੁੜੀਆਂ ਹੋਈਆਂ ਹਨ। ਕਵੀ ਨੇ ਆਪਣੇ ਸਮੇਂ ਵਿਚ ਉਪਲਬਧ ਇਤਿਹਾਸਿਕ/ ਪੌਰਾਣਿਕ ਸ੍ਰੋਤਾਂ ਦਾ ਉਪਯੋਗ ਕੀਤਾ ਹੈ, ਜਿਨ੍ਹਾਂ ਦਾ ਖੇਤ੍ਰ, ਵੇਦ, ਪੁਰਾਣ, ਰਾਮਾਇਣ, ਮਹਾਂਭਾਰਤ ਆਦਿ

ਆਰੀਆ ਗ੍ਰੰਥਾਂ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ, ਸ੍ਰੀ ਦਸਮ ਗ੍ਰੰਥ ਅਤੇ ਹੋਰ ਸਿਖ ਸਾਹਿਤ ਨਾਲ ਜੁੜ ਜਾਂਦਾ ਹੈ।

ਚਰਚਿਤ ਕ੍ਰਿਤੀ ਦੇ ਆਧਾਰ ਸ੍ਰੋਤਾਂ ਦੀ ਵਿਚਾਰ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਜਰੂਰੀ ਹੋਵੇਗਾ ਕਿ ਇਸ ਗ੍ਰੰਥ ਦੀ ਰਚਨਾ ਕਦੋਂ ਹੋਈ। ਕਵੀ ਨੇ ਉਦਾਸੀ ਬੋਧ ਤੋਂ ਬਿਨਾਂ ਕਿਸੇ ਹੋਰ ਕ੍ਰਿਤੀ ਵਿਚ ਰਚਨਾ ਦਾ ਸਮਾਂ ਨਹੀਂ ਦਿਤਾ। ਉਦਾਸੀ ਬੋਧ ਵਿਚ ਕਵੀ ਨੇ ਪੰਜ ਰਚਨਾਵਾਂ ਦਾ ਜ਼ਿਕਰ ਵਿਸ਼ੇਸ਼ ਰੂਪ ਵਿਚ ਕੀਤਾ ਹੈ-

॥ਦੋਹਰਾ॥ ਪਾਂਚ ਗਰੰਥ ਕਰਾਇ ਗੁਰ ਹਮ ਤੇ ਆਪ ਸੁ ਜਾਨ॥

ਜੀਵਨ ਕੀ ਕਲਿਆਣ ਹਿਤ ਸਤਿਗੁਰ ਆਪ ਸੁ ਮਾਨ॥

ਅੜਿਲ॥ ਮਨ ਪਰਬੋਧ ਗਰੰਥ ਸੋ ਪਰਥਮਿ ਜਾਨਿਯੈ॥

ਦੁਤਿਯੈ ਨਾਨਕ ਬਿਜੈ ਗਰੰਥ ਮਹਾਨਿਯੈ॥

ਤ੍ਰਿਤਯੈ ਨਾਨਕ ਬੋਧ ਗਰੰਥ ਸੁ ਜਾਨ ਰੇ॥

ਹੋ ਬਚਨਿ ਸੰਗ੍ਰਹਿ ਗਰੰਥ ਸੁ ਚਤੁਰਥ ਮਾਨ ਰੇ॥82॥

ਪੰਚਮ ਇਹੁ ਉਦਾਸੀ ਗਰੰਥ ਬੋਧ ਮਹਾਨਿਯੈ॥

ਜੀਵਨ ਤਰਨਿ ਉਪਾਇ ਸੁ ਖਾਤਰ ਜਾਨਿਯੈ॥

ਔਰ ਪਰੋਜਨ ਨਾਹਿ ਕਰਨਿ ਕਾ ਆਨ ਰੇ॥

ਹੋ ਜੀਵਨ ਕੀ ਕਲਿਆਨ ਸੁ ਖਾਤਰ ਜਾਨ ਰੇ॥[242]

ਸੋ ਉਪਰੋਕਤ ਪੰਕਤੀਆਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਦਾਸੀ ਬੋਧ ਤੋਂ ਪਹਿਲਾਂ ਗੁਰੂ ਨਾਨਕ ਵਿਜੈ ਗ੍ਰੰਥ ਰਚਿਆ ਜਾ ਚੁਕਾ ਸੀ। ਇਥੋਂ ਤਕ ਕਿ ਬਹੁਤ ਪਹਿਲਾਂ ਰਚਿਆ ਜਾ ਚੁਕਾ ਸੀ ਕਿਉਂਕਿ ਉਸ ਤੋਂ ਬਾਅਦ ਨਾਨਕ ਬੋਧ, ਬਚਨਿ ਸੰਗ੍ਰਹਿ ਅਤੇ ਉਦਾਸੀ ਬੋਧ ਦੀ ਰਚਨਾ ਹੋਈ ਹੈ। ਹੁਣ ਜਿਵੇਂ ਕਿ

---

[242] ਸੰਤਰੇਣ, *ਉਦਾਸੀ ਬੋਧ,* ਹੱਥ ਲਿਖਤ ਖਰੜਾ, ਸੰਤਰੇਣਾਸ੍ਰਮ, ਭੂਦਨ, ਪਤਰਾ 316-17.

ਅਸੀਂ ਉਪਰ ਉਲੇਖ ਕੀਤਾ ਹੈ ਕਿ ਮਾਤਰ ਉਦਾਸੀ ਬੋਧ ਗ੍ਰੰਥ ਦਾ ਰਚਨਾ ਦਾ ਸਮਾਂ ਕਵੀ ਨੇ ਇਸ ਗ੍ਰੰਥ ਦੇ ਅੰਤ ਵਿਚ ਦਿਤਾ ਹੈ ਉਸ ਨੂੰ ਵਾਚਿਆ ਜਾਵੇ-

ਛਪੈ ਛੰਦ॥ ਸੰਮਤਿ ਉਨੀ ਸੈ ਸੋਲ੍ਹਾ ਪੁਨਿ ਬਰਸਿ ਪਛਾਨੋ॥

ਪਾਚ ਮਾਸ ਦਿਨ ਪਾਚ ਬਰਸਿ ਤੇ ਕਮ ਪਹਚਾਨੋ॥[243]

ਇਸ ਤਰ੍ਹਾਂ ਉਦਾਸੀ ਬੋਧ ਦਾ ਰਚਨਾ ਸਮਾਂ 1915 ਬਿ. (1858 ਈ.) ਬਣਦਾ ਹੈ। ਸੋ ਕਵੀ ਦੀਆਂ ਇਹ ਸਾਰੀਆਂ ਹੀ ਰਚਨਾਵਾਂ 1858 ਈ. ਤੋਂ ਪਹਿਲਾਂ ਰਚੀਆਂ ਜਾ ਚੁਕੀਆਂ ਸਨ । ਸਮਸ਼ੇਰ ਸਿੰਘ ਅਸ਼ੋਕ ਪੰਜਾਬੀ ਦੁਨੀਆਂ ਪੱਤ੍ਰਿਕਾ ਇਸ ਗ੍ਰੰਥ ਦਾ ਰਚਨਾ ਕਾਲ 1905 ਬਿ. ਤੋਂ 1915 ਬਿ. (1848-1858 ਈ.) ਤਕ ਦਾ ਮੰਨਦੇ ਹਨ। [244] ਪਰ ਸ੍ਰੀ ਸੰਤਰੇਣ ਗ੍ਰੰਥਾਵਲੀ ਵਿਚ ਸਮਸ਼ੇਰ ਸਿੰਘ ਇਸ ਦਾ ਰਚਨਾ ਕਾਲ 1905 ਬਿ ਤੋਂ 1935 ਬਿ. ਲਿਖਦੇ ਹਨ। [245] ਲਗਦਾ ਹੈ ਇਥੇ ਕੋਈ ਪ੍ਰਿਟਿੰਗ ਦੀ ਗਲਤੀ ਹੈ ਕਿਉਂਕਿ ਕਵੀ ਦਾ ਦੇਹਾਂਤ 1926 ਬਿ. ਹੋ ਜਾਂਦਾ ਹੈ ਇਸ ਲਈ 1935 ਬਿ. ਤਾਂ ਤਰਕ ਸੰਗਤ ਹੀ ਨਹੀਂ ਹੈ। ਡਾ. ਮਨਮੋਹਨ ਸਹਿਗਲ ਇਸ ਦਾ ਰਚਨਾ ਕਾਲ 1779 ਈ. ਤੋਂ 1839 ਈ. ਦੇ ਵਿਚਕਾਰ ਮੰਨਦੇ ਹਨ। [246] ਡਾ. ਜਯ ਭਗਵਾਨ ਗੋਇਲ ਇਸ ਦਾ ਰਚਨਾ ਕਾਲ 1910 ਬਿ. (1853 ਈ.) ਦਾ ਮੰਨਦੇ ਹਨ। [247] ਭਾਵੇਂ ਕਿ ਡਾ. ਜਯ ਭਗਵਾਨ ਗੋਇਲ ਇਨ੍ਹਾਂ ਦੁਆਰਾ ਦਿਤੀ ਗਈ ਸੰਤਰੇਣ ਬਾਬਤ ਜਾਣਕਾਰੀ ਵਿਚ ਅਨੇਕਾਂ ਤਰੁਟੀਆਂ ਦੇਖਣ ਨੂੰ ਮਿਲਦੀਆਂ ਹਨ ਜਿਵੇਂ ਕਵੀ ਦਾ ਦੇਹਾਂਤ ਸੰਮਤ 1932 [248] ਨੂੰ ਹੋਇਆ ਅਤੇ ਉਦਾਸੀ

---

[243] ਉਹੀ, ਪਤਰਾ 319-20.

[244] ਪੰਜਾਬੀ ਦੁਨੀਆ, ਸਮਸ਼ੇਰ ਸਿੰਘ ਅਸ਼ੋਕ, *ਮਹਾਂ ਕਵੀ ਸੰਤਰੇਣ ਜੀ,* ਮਹਿਕਮਾ ਪੰਜਾਬੀ, ਜਿਲਦ ਦੂਜੀ, ਨਵੰਬਰ 1951, ਪੰਨਾ 32.

[245] ਸੰਤਰੇਣ,*ਸ੍ਰੀ ਸੰਤਰੇਣ ਗ੍ਰੰਥਾਵਲੀ,* ਸੰਤਰੇਣਾਸ੍ਰਮ, ਭੂਦਨ, 1953, ਪੰਨਾ ਚ. (ਦੇਖੋ ਭੂਮਿਕਾ)

[246] ਮਨਮੋਹਨ ਸਹਿਗਲ, *ਪੰਜਾਬ ਮੇਂ ਰਚਿਤ ਹਿੰਦੀ ਸਾਹਿਤਯਾ ਕਾ ਇਤਿਹਾਸ ਖੰਡ 1,* ਨਿਰਮਲ ਪਬਲੀਕੇਸ਼ਨ, ਦਿਲੀ, 2012, ਪੰਨਾ 219.

[247] ਡਾ. ਤਾਰਨ ਸਿੰਘ, *ਨਾਨਕ ਪ੍ਰਕਾਸ਼ ਪੱਤ੍ਰਿਕਾ,* ਡਾ. ਜਯ ਭਗਵਾਨ ਗੋਇਲ, *ਸ੍ਰੀ ਮਤ ਨਾਨਕ ਬਿਜੈ ਗ੍ਰੰਥ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ-ਦਸੰਬਰ 1973, ਪੰਨਾ 239.

[248] ਉਹੀ, ਪੰਨਾ 239.

ਬੋਧ ਦੀ ਰਚਨਾ 1926[249] ਸੰਮਤ ਨੂੰ ਸੰਪੂਰਨ ਹੋਈ ਇਤਿਆਦਿਕ। ਪਰ ਫਿਰ ਵੀ ਇਨ੍ਹਾਂ ਦਾ ਨਾਨਕ ਵਿਜੈ ਗ੍ਰੰਥ ਦੇ ਰਚਨ ਕਾਲ ਦਾ ਸਮਾਂ ਸਾਡੀ ਖੋਜ ਲਈ ਸਹਾਈ ਸਿਧ ਹੋਵੇਗਾ। ਪਿਆਰਾ ਸਿੰਘ ਪਦਮ ਅਨੁਸਾਰ ਜਦੋਂ ਕਵੀ ਦੀ ਉਮਰ 40-50 ਸਾਲ ਸੀ, ਉਦੋਂ ਇਹ ਰਚਨਾ ਰਚੀ ਹੋਵੇਗੀ, ਕਿਉਂਕਿ ਇਸ ਤੋਂ ਬਾਅਦ ਬੁਢੇਪੇ ਵਿਚ ਇਤਨੀ ਘਾਲ ਵਾਲਾ ਕੰਮ ਨਿਭਾਉਣਾ ਅਤਿ ਜਟਿਲ ਕਾਰਜ ਹੈ ।[250] ਇਸ ਪ੍ਰਕਾਰ ਪਦਮ ਅਨੁਸਾਰ 1798+40 =1838 ਬਿ. ਜਾਂ 1741+50 =1848 ਬਿ. (1781-1791 ਈ.) ਬਣਦਾ ਹੈ। ਡਾ. ਰਤਨ ਸਿੰਘ ਜੱਗੀ ਸਚਿਦਾਨੰਦ ਸ਼ਰਮਾ ਦੇ ਹਵਾਲੇ ਨਾਲ ਇਸ ਦਾ ਰਚਨਾ ਕਾਲ 1892-1912 ਸੰਮਤ (1835-1855 ਈ.) ਨਾਲ ਸਹਿਮਤੀ ਪ੍ਰਗਟ ਕਰਦਾ ਹੈ।[251] ਭਾਵੇਂ ਕਿ ਜੱਗੀ ਦੁਆਰਾ ਸੰਤਰੇਣ ਬਾਰੇ ਦਿਤੀ ਜਾਣਕਾਰੀ ਵਿਚ ਵੀ ਤਰੁਟੀਆਂ ਹਨ ਜਿਵੇਂ ਉਹ ਛੰਦਾਂ ਦੀ ਕੁਲ ਗਿਣਤੀ 2382 ਲਿਖਦਾ ਹੈ।[252] ਜਦਕਿ ਕਵੀ ਖੁਦ 24382 ਛੰਦ ਲਿਖਦਾ ਹੈ।[253] ਹੁਣ ਅਸੀਂ ਇਨ੍ਹਾਂ ਦਾ ਟਾਕਰਾ ਕਰਾਂਗੇ-

ਸਮਸ਼ੇਰ ਸਿੰਘ ਅਸ਼ੋਕ- 1848-1858 ਈ.

ਮਨਮੋਹਨ ਸਹਿਗਲ-1779-1839 ਈ.

ਡਾ. ਜਯ ਭਗਵਾਨ ਗੋਇਲ-1853 ਈ.

ਪਿਆਰਾ ਸਿੰਘ ਪਦਮ-1781-1791 ਈ.

ਡਾ. ਰਤਨ ਸਿੰਘ ਜੱਗੀ-1835-1855

---

[249] ਉਹੀ, ਪੰਨਾ 239.

[250] ਡਾ. ਤਾਰਨ ਸਿੰਘ, *ਨਾਨਕ ਪ੍ਰਕਾਸ਼ ਪੱਤ੍ਰਿਕਾ,* ਪਿਆਰਾ ਸਿੰਘ ਪਦਮ, *ਬਾਬਾ ਸੰਤਰੇਣ ਤੇ ਸ੍ਰੀ ਮਤਿ ਨਾਨਕ ਬਿਜੈ ਗ੍ਰੰਥ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ-ਦਸੰਬਰ 1974, ਪੰਨਾ 46.

[251] ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵ ਕੋਸ਼ ਭਾਗ ਦੂਜਾ,* ਗੁਰ ਰਤਨ ਪਬਲਿਸ਼ਰਜ਼ ਪਟਿਆਲਾ, 2005, ਪੰਨਾ 1541.

[252] ਉਹੀ, ਪੰਨਾ 1541.

[253] ਸੰਤਰੇਣ,*ਗੁਰੂ ਨਾਨਕ ਵਿਜੈ ਗ੍ਰੰਥ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1860-

ਖੰਡ॥ 20॥ ਧਿਆਉ॥ 342॥ ਸਵੈਯੇ ਕਬਿਤੁ ਛੰਦ ਅੜਲ ਚੌਪਈ ਸੋਰਠੇ ਛਪੈ ਦੋਹਰੇ ਸਭ ਮਿਲਾਕਰਿ ਛੰਦ 24382॥

ਉਪਰੋਕਤ ਸਾਡੇ ਕੋਲ ਚਾਰ ਰਚਨਾ-ਕਾਲ ਸਾਹਮਣੇ ਆਏ ਹਨ। ਇਨ੍ਹਾਂ ਨਾਲ ਹੀ ਇਕ ਮਹਤਵਪੂਰਨ ਸਮਾਂ ਉਦਾਸੀ ਬੋਧ ਦੇ ਰਚਨਾ 1858 ਈ. ਵੀ ਧਿਆਨ ਵਿਚ ਰਖਣ ਯੋਗ ਹੈ। ਸੋ ਸਮਸ਼ੇਰ ਸਿੰਘ ਅਸ਼ੋਕ ਦਾ 1848-1858 ਈ. ਤਰਕ ਸੰਗਤ ਨਹੀਂ ਲਗਦਾ ਕਿਉਂਕਿ ਉਸ ਸਮੇਂ ਕਵੀ ਉਦਾਸੀ ਬੋਧ ਦੀ ਸੰਪੂਰਨਤਾ ਕਰਦਾ ਹੈ। ਕਵੀ ਨੂੰ ਇਸ ਗ੍ਰੰਥ ਲਈ 15 ਤੋਂ 20 ਸਾਲ ਦਾ ਸਮਾਂ ਲਗਣ ਦੀ ਸੰਭਵਨਾ ਹੈ। ਸੋ ਇਹ ਸਮਾਂ ਇਸ ਦਾ ਰਚਨਾ ਸਮਾਂ ਨਹੀਂ ਹੋ ਸਕਦਾ। ਮਨਮੋਹਨ ਸਹਿਗਲ ਨੇ ਤਾਂ ਅੰਦਾਜਾ ਹੀ ਬਹੁਤ ਵਡਾ 60 ਸਾਲ ਦੇ ਸਮੇਂ ਦਾ ਦੇ ਦਿਤਾ ਹੈ, ਜਿਸ ਤੋਂ ਰਚਨਾ ਕਾਲ ਦਾ ਸਹੀ ਅੰਦਾਜਾ ਨਹੀਂ ਮੰਨਿਆ ਜਾ ਸਕਦਾ। ਜੇਕਰ ਹੁਣ ਡਾ. ਜਯ ਭਗਵਾਨ ਗੋਇਲ ਦੇ ਅੰਦਾਜੇ ਨੂੰ ਵਾਚਿਆ ਜਾਵੇ ਤਾਂ ਅਸੀਂ ਦੇਖਦੇ ਹਾਂ ਕਿ ਉਦਾਸੀ ਬੋਧ ਦੀ ਸਮਾਪਤੀ ਅਤੇ ਨਾਨਕ ਵਿਜੈ ਦੀ ਰਚਨਾ ਵਿਚ ਮਾਤਰ ਪੰਜ ਸਾਲ ਦਾ ਅੰਤਰ ਹੈ। ਪਰ ਇਥੇ ਹੋਰ ਵੀ ਧਿਆਨ ਰਖਣ ਯੋਗ ਗੱਲ ਇਹ ਹੈ ਕਿ ਕਵੀ ਨੇ ਉਦਾਸੀ ਬੋਧ ਤੋਂ ਪਹਿਲਾਂ ਚਾਰ ਰਚਨਾਵਾਂ ਰਚੀਆਂ ਸਨ, ਜਿਨ੍ਹਾਂ ਦੀ ਤਰਤੀਬ ਇਸ ਤਰ੍ਹਾਂ ਹੈ - ਮਨ ਪ੍ਰਬੋਧ, ਸ੍ਰੀ ਨਾਨਕ ਵਿਜੈ, ਨਾਨਕ ਬੋਧ ਅਤੇ ਬਚਨ ਸੰਗ੍ਰਿਹ। ਇਨ੍ਹਾਂ ਵਿਚੋਂ ਨਾਨਕ ਬੋਧ ਰਚਨਾ ਸਾਡੀ ਦ੍ਰਿਸ਼ਟੀਗੋਚਰ ਨਹੀਂ ਹੋਈ। ਪਰ ਅਸੀਂ ਸ੍ਰੀ ਨਾਨਕ ਵਿਜੈ ਦੇ ਅਕਾਰ ਤੋਂ ਅੰਦਾਜਾ ਲਗਾ ਸਕਦੇ ਹਾਂ ਕਿ ਇਸ ਦਾ ਅਕਾਰ ਵੀ ਵਡਾ ਹੋ ਸਕਦਾ ਹੈ। ਬਚਨ ਸੰਗ੍ਰਿਹ ਕੋਈ ਵਡੀ ਰਚਨਾ ਨਹੀਂ ਹੈ, ਇਹ ਛੋਟੀ ਰਚਨਾ ਹੈ। ਹੁਣ ਜੇਕਰ ਡਾ. ਜਯ ਭਗਵਾਨ ਗੋਇਲ ਦੇ ਅੰਦਾਜੇ ਨੂੰ ਸਹੀ ਮੰਨਿਆ ਜਾਏ ਤਾਂ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਕਵੀ ਨੇ 1853 ਈ. ਤੋਂ 1858 ਈ. ਭਾਵ ਪੰਜ ਸਾਲਾਂ ਵਿਚ ਨਾਨਕ ਬੋਧ, ਬਚਨ ਸੰਗ੍ਰਿਹ ਅਤੇ ਉਦਾਸੀ ਬੋਧ ਸੰਪੂਰਨ ਕਰ ਦਿਤੀਆਂ ਹੋਣਗੀਆਂ? ਜਦਕਿ ਕਵੀ ਆਪ ਪ੍ਰਚਾਰ ਹਿਤ ਪੰਜਾਬ ਅਤੇ ਪੰਜਾਬ ਤੋਂ ਬਾਹਰ ਗੁਰਮਤਿ ਦੇ ਪ੍ਰਚਾਰ ਹਿਤ ਸਰਗਰਮ ਰਹਿੰਦਾ ਹੋਵੇ, ਸੰਭਾਵਨਾ ਹੈ ਨਹੀਂ । ਅੰਤ ਵਿਚ ਸਾਡੇ ਕੋਲ ਪਿਆਰਾ ਸਿੰਘ ਪਦਮ ਦਾ ਅੰਦਾਜਾ 1781-1791 ਈ. ਦਾ ਬਚਦਾ ਹੈ। ਸ਼ਾਇਦ ਇਹ ਅੰਦਾਜਾ ਸਚ ਦੇ ਕਾਫੀ ਕਰੀਬ ਮੰਨਿਆ ਜਾ ਸਕਦਾ ਹੈ ਜਾਂ ਇਸ ਵਿਚ ਹੋਰ ਕੁਝ ਸਮਾਂ ਸ਼ਾਮਿਲ ਕਰਕੇ ਇਸ ਦਾ ਰਚਨਾ ਕਾਲ 1781-1801 ਈ. ਤੱਕ ਦਾ ਮੰਨਣਾ ਜ਼ਿਆਦਾ ਸਹੀ ਹੋਵੇਗਾ। ਕਿਉਂਕਿ ਕਵੀ ਦੀ ਘੁਮੰਕੜ ਪ੍ਰਬਿਰਤੀ ਕਰਕੇ ਅਤੇ ਗ੍ਰੰਥ ਦੇ ਅਕਾਰ ਕਰਕੇ ਇਸ ਨੂੰ 20 ਕੁ ਸਾਲ ਦਾ ਸਮਾਂ ਲਗਣਾ ਉਚਿਤ ਹੈ। ਦੂਜੀ ਪਿਆਰਾ ਸਿੰਘ ਪਦਮ ਦੀ ਦਲੀਲ ਵੀ ਉਲੇਖਣੀਯ ਹੈ- *ਇਹ ਜੀਵਨ-ਕਥਾ ਆਪ ਨੇ 50-60 ਵਰ੍ਹੇ ਦੀ ਉਮਰ ਵਿਚ ਲਿਖੀ ਹੋਵੇਗੀ, ਇਸ ਤੋਂ ਪਿਛੋਂ ਨਹੀਂ। ਬਾਦ ਦੇ ਬੁਢਾਪੇ ਸਮੇਂ*

*ਸ਼ਾਇਦ ਇਤਨਾ ਘਾਲ ਵਾਲਾ ਕੰਮ ਨਿਭਾਉਣਾ ਸੌਖਾ ਨਾ ਹੋਵੇ।*[254] ਸੋ ਇਹ ਅੰਦਾਜਾ ਬਿਲਕੁਲ ਸਹੀ ਜਾਪਦਾ ਹੈ।

ਰਚਨਾ ਕਾਲ ਦਾ ਸਮਾਂ ਨਿਸ਼ਚਿਤ ਕਰਨ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਪ੍ਰਮੁਖ ਰਚਨਾਵਾਂ ਦਾ ਰਚਨਾ ਕਾਲ ਵੀ ਜਾਣਨਾ ਅਤਿ ਜਰੂਰੀ ਹੈ। ਪ੍ਰੋ. ਪਿਆਰਾ ਸਿੰਘ ਪਦਮ ਨੇ ਪ੍ਰਮੁਖ ਰਚਨਾਵਾਂ ਦਾ ਰਚਨਾ ਸਮਾਂ ਇਸ ਪ੍ਰਕਾਰ ਦਿਤਾ ਹੈ-

1. ਸਾਖੀ ਸ੍ਰੀ ਬਾਬੇ ਨਾਨਕ ਜੀ ਕੀ 1635 ਈ. (ਪੁਰਾਤਨ ਜਨਮਸਾਖੀ)

2. ਗੋਸ਼ਟਿ ਬਾਬੇ ਨਾਨਕ ਜੀ ਕੀ 1635-50 ਈ.

3. ਵਾਰਾਂ ਭਾਈ ਗੁਰਦਾਸ 1630 ਈ.

4. ਜਨਮ ਸਾਖੀ ਭਾਈ ਬਾਲਾ[255] 1658 ਈ.[256]

5. ਗਿਆਨ ਰਤਨਾਵਲੀ 1750 ਈ.

6. ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕ੍ਰਿਤ ਭਾਈ ਕੇਸਰ ਸਿੰਘ ਛਿਬਰ 1769 ਈ.

7. ਸ੍ਰੀ ਗੁਰ ਮਹਿਮਾ ਪ੍ਰਕਾਸ਼ ਕ੍ਰਿਤ ਬਾਵਾ ਸਵਰੂਪ ਚੰਦ ਭੱਲਾ 1776 ਈ.

8. ਜਨਮ ਸਾਖੀ ਗੁਰੂ ਨਾਨਕ ਸ਼ਾਹ ਕ੍ਰਿਤ ਭਾਈ ਸੰਤਦਾਸ ਛਿਬਰ 1781 ਈ.

9 ਸ੍ਰੀ ਨਾਨਕ ਬੰਸ ਪ੍ਰਕਾਸ਼ ਕ੍ਰਿਤ ਬਾਵਾ ਸੁਖਬਾਸੀ ਰਾਮ 1815 ਈ.

10. ਸ੍ਰੀ ਗੁਰੂ ਨਾਨਕ ਪ੍ਰਕਾਸ਼ ਕ੍ਰਿਤ ਭਾਈ ਸੰਤੋਖ ਸਿੰਘ 1823 ਈ.

11. ਗੁਰ ਕੀਰਤਿ ਪ੍ਰਕਾਸ਼ ਕ੍ਰਿਤ ਭਾਈ ਬੀਰ ਸਿੰਘ ਬੱਲ 1834 ਈ.

---

[254] ਪਦਮ, ਪਿਆਰਾ ਸਿੰਘ, *ਮਹਾਤਮਾ ਸੰਤਰੇਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978, ਪੰਨਾ 7.

[255] ਨੋਟ- ਪ੍ਰੋ. ਪਿਆਰਾ ਸਿੰਘ ਪਦਮ ਨੇ ਭਾਈ ਬਾਲਾ ਵਾਲੀ ਜਨਮ ਸਾਖੀ ਦਾ ਰਚਨਾ ਸਮਾਂ 1700 ਈ. ਦਿਤਾ ਹੈ। ਪਰ ਭਾਈ ਬਾਲਾ ਵਾਲੀ ਜਨਮ ਸਾਖੀ ਦਾ ਇਕ ਖਰੜ੍ਹਾ 1715 ਬਿ. (1658 ਈ.) ਦਿਲੀ ਵਿਚ ਪਿਆਰੇ ਲਾਲ ਕਪੂਰ ਕੋਲੋਂ ਮਿਲਿਆ ਹੈ। ਜਿਸ ਕਰਕੇ ਅਸੀਂ ਇਥੇ ਪਿਆਰਾ ਸਿੰਘ ਪਦਮ ਵਾਲੀ ਸੂਚੀ ਵਿਚ ਭਾਈ ਬਾਲਾ ਜਨਮ ਸਾਖੀ ਦਾ ਸਮਾਂ 1658 ਈ. ਲਿਖਿਆ ਹੈ।

[256] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ XXX, (ਪਰਵੇਸ਼ਕਾ)।

12. ਸ੍ਰੀ ਗੁਰੂ ਨਾਨਕ ਚੰਦ੍ਰ ਚੰਦ੍ਰਿਕਾ ਕ੍ਰਿਤ ਰਤਨ ਹਰਿ ਉਦਾਸੀ 1860 ਈ.

13. ਸ੍ਰੀ ਗੁਰੂ ਨਾਨਕ ਸੂਰਜੋਦੇ ਕ੍ਰਿਤ ਗਣੇਸ਼ ਸਿੰਘ ਬੇਦੀ 1869 ਈ.

14. ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼ ਕ੍ਰਿਤ ਸੁਮੇਰ ਸਿੰਘ ਪਟਨਾ 1882 ਈ.

15 ਸ੍ਰੀ ਗੁਰੂ ਪੰਥ ਪ੍ਰਕਾਸ਼ ਕ੍ਰਿਤ ਗਿਆਨੀ ਗਿਆਨ ਸਿੰਘ 1878 ਈ.

16. ਤਵਾਰੀਖ ਗੁਰੂ ਖਾਲਸਾ ਕ੍ਰਿਤ ਗਿਆਨੀ ਗਿਆਨ ਸਿੰਘ 1891 ਈ. [257]

ਅਸੀਂ ਚਰਚਿਤ ਕ੍ਰਿਤੀ ਦਾ ਰਚਨਾ ਸਮਾਂ 1781 ਤੋਂ 1801 ਈ. ਮੰਨਿਆ ਹੈ। ਸੋ 1801 ਈ. ਤੋਂ ਬਾਅਦ ਦੀਆਂ ਰਚਨਾਵਾਂ ਨੂੰ ਅਧਾਰ ਬਣਾਉਣ ਦੀ ਗੱਲ ਤਰਕ ਸੰਗਤ ਨਹੀਂ ਹੋਵੇਗੀ। ਸੋ ਸਾਖੀ ਸ੍ਰੀ ਬਾਬੇ ਨਾਨਕ ਜੀ ਕੀ, ਗੋਸ਼ਟਿ ਬਾਬੇ ਨਾਨਕ ਜੀ ਕੀ, ਵਾਰਾਂ ਭਾਈ ਗੁਰਦਾਸ, ਜਨਮ ਸਾਖੀ ਭਾਈ ਬਾਲਾ, ਗਿਆਨ ਰਤਨਾਵਲੀ, ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕ੍ਰਿਤ ਭਾਈ ਕੇਸਰ ਸਿੰਘ ਛਿਬਰ, ਸ੍ਰੀ ਗੁਰ ਮਹਿਮਾ ਪ੍ਰਕਾਸ਼ ਕ੍ਰਿਤ ਬਾਵਾ ਸਵਰੂਪ ਚੰਦ ਭੱਲਾ ਅਤੇ ਜਨਮ ਸਾਖੀ ਗੁਰੂ ਨਾਨਕ ਸ਼ਾਹ ਕ੍ਰਿਤ ਭਾਈ ਸੰਤਦਾਸ ਛਿਬਰ ਇਸ ਰਚਨਾ ਤੋਂ ਪਹਿਲਾਂ ਹੋਂਦ ਵਿਚ ਆ ਚੁਕੀਆਂ ਸਨ। ਇਨ੍ਹਾਂ ਵਿਚੋਂ ਸਭ ਤੋਂ ਵਧ ਮਕਬੂਲ ਭਾਈ ਬਾਲਾ ਵਾਲੀ ਜਨਮ ਸਾਖੀ ਹੋਈ ਹੈ। ਕਵੀ ਦੁਆਰਾ ਦਿਤੀ ਉਥਾਨਕਾ ਵੀ ਭਾਈ ਬਾਲਾ ਵਾਲੀ ਜਨਮ ਸਾਖੀ ਨਾਲ ਮਿਲਦੀ ਹੈ। ਇਸ ਲਈ ਪ੍ਰਥਮ ਸਥਾਨ ਉਪਰ ਇਸ ਗ੍ਰੰਥ ਦਾ ਅਧਾਰ ਅਸੀਂ ਭਾਈ ਬਾਲਾ ਵਾਲੀ ਜਨਮ ਸਾਖੀ ਨੂੰ ਮੰਨ ਸਕਦੇ ਹਾਂ। ਗ੍ਰੰਥ ਵਿਚ ਪ੍ਰਸੰਗਾਂ ਦੀ ਤਰਤੀਬ ਭਾਈ ਬਾਲਾ ਵਾਲੀ ਜਨਮਸਾਖੀ ਦੀ ਤਰਤੀਬ ਨਾਲ ਕਿਤੇ-ਕਿਤੇ ਰੰਚਕ ਮਾਤਰ ਫ਼ਰਕ ਨਾਲ ਇੰਨ-ਬਿੰਨ ਮਿਲਦੀ ਹੈ।

**ਪ੍ਰਾਣ ਸੰਗਲੀ**

ਕਵੀ ਕੋਲ ਪ੍ਰਾਣ ਸੰਗਲੀ ਨਾਮ ਦੀ ਰਚਨਾ ਵੀ ਹੋਵੇਗੀ ਕਿਉਂਕਿ ਇਸ ਦੀ ਰਚਨਾ ਅਤੇ ਰਚੈਤਾ ਦਾ ਪ੍ਰਸੰਗ ਕਵੀ ਨੇ ਅੰਕਿਤ ਕੀਤੀ ਹੈ । ਇਸ ਦੇ ਅਧਿਆਵਾਂ ਦੀ ਗਿਣਤੀ ਅਤੇ ਇਸ ਦੀਆਂ ਪ੍ਰਤੀਆਂ ਦੀ ਗਿਣਤੀ ਵੀ ਦਸੀ ਹੈ-

ਗਿਰਜਾ ਜਨ ਸੋ ਲਿਖਿਯੋ ਨਾਨਕ ਭਾਖਿਯੋ॥

---

[257] ਪਦਮ, ਪਿਆਰਾ ਸਿੰਘ, *ਮਹਾਤਮਾ ਸੰਤਰੇਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978, ਪੰਨਾ 7.

ਪ੍ਰਾਨ ਸੰਗਲੀ ਗ੍ਰੰਥ ਨਾਮੁ ਮੁਨਿ ਰਾਖਿਯੋ॥

ਉਨਤਾਲੀ ਅਰੁ ਤਿੰਨ ਸੌ ਧਜਾਉ ਸੁ ਭਾਨਿਯੋ॥

ਹੋ ਜੋਗ ਪੰਥ ਕਾ ਮਾਰਗ ਸਰਬ ਬਖਾਨਿਯੋ॥65॥

ਚੌਪਈ॥ ਇਕ ਸੌ ਤੇਰਾ ਧਿਆਇ॥ ਤੀਨ ਭਾਗ ਮੁਨਿ ਦਏ ਬਨਾਇ॥[258]

ਉਪਰੋਕਤ ਤਾਂ ਪ੍ਰਾਨ ਸੰਗਲੀ ਦੀ ਜਾਣਕਾਰੀ ਹੈ, ਜੋ ਕਿ ਭਾਈ ਬਾਲਾ ਵਾਲੀ ਜਨਮ ਸਾਖੀ ਵਿਚ ਵੀ ਦਿਤੀ ਹੈ- *ਤਿਥੈ ਗੁਰੂ ਨਾਨਕ ਪ੍ਰਾਣ ਸੰਗਲੀ ਉਚਰੀ॥ ਹਿਕ ਸਉ ਤੇਰਾ ਧਿਆਉ॥ ਦੁਇ ਵਰੇ ਤੇ ਪੰਜ ਮਹੀਨੇ ਓਥੇ ਗੁਰੂ ਨਾਨਕ ਰਹਿਆ॥* [259] ਪਰ ਕਵੀ ਨੇ ਇਸ ਤੋਂ ਬਿਨਾਂ ਪ੍ਰਾਣ ਸੰਗਲੀ ਦੀ ਅੰਦਰੂਨੀ ਜਾਣਕਾਰੀ ਨੂੰ ਅੰਕਿਤ ਕਰਕੇ ਇਹ ਸਪਸ਼ਟ ਕਰ ਦਿਤਾ ਕਿ ਉਸ ਕੋਲ ਇਸ ਦੀ ਪ੍ਰਤੀ ਸਾਹਮਣੇ ਜ਼ਰੂਰ ਹੋਵੇਗੀ। ਯਥਾ-

ਇਕ ਸੌ ਸਾਠ ਕਲਪੁ ਤਿਸ ਮਾਹਿ॥ ਪਹਲਿ ਨਿੰਮ ਕਾ ਜਾਨੋ ਤਾਹਿ॥

ਪੁਨਿ ਸਿੰਮਲ ਕਾ ਕਹਜੋ ਮਹਾਨ॥ ਭਾਂਗ ਬਹੇੜਾ ਅਉਰ ਸੁ ਜਾਨ॥69॥

ਮਾਲਕਙੇਨੀ ਅਉਰ ਸਨਾਇ॥ ਬਹੁਰਿ ਭਿਲਾਵਾ ਹਰੜਾਂ ਰਾਇ॥

ਅਲਪ ਨਾਮ ਹਮ ਕਰੇ ਉਚਾਰ॥ ਤਿਸ ਮੈ ਅਹੇ ਸੁ ਸਰਬ ਉਦਾਰ॥69॥[260]

ਸੋ ਉਪਰੋਕਤ ਪੰਕਤੀਆਂ ਤੋਂ ਅਸੀਂ ਕਹਿ ਸਕਦੇ ਹਾਂ ਕਿ ਕਵੀ ਕੋਲ ਪ੍ਰਾਣ ਸੰਗਲੀ ਗ੍ਰੰਥ ਵੀ ਮੌਜੂਦ ਸੀ। ਜਿਸਨੂੰ ਕਵੀ ਦੁਆਰਾ ਅਧਾਰ ਬਣਾਉਣ ਦੀ ਸੰਭਾਵਨਾ ਹੈ।

**ਅਜਿਤੇ ਰੰਧਾਵੇ ਕੀ ਗੋਸਟਿ**

ਕਵੀ ਕੋਲ ਅਜਿਤੇ ਰੰਧਾਵੇ ਦੀ ਗੋਸਟਿ ਹੋਣ ਦਾ ਵੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿਉਕਿ ਕਵੀ ਨੇ ਆਪ ਇਸ ਗੋਸਟਿ ਦਾ ਜ਼ਿਕਰ ਕੀਤਾ ਹੈ-

---

258 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1390.

259 ਡਾ. ਗੁਰਬਚਨ ਕੌਰ, *ਜਨਮ-ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1987, ਪੰਨਾ 250.

260 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1390.

ਤਿਨ ਬੁਝੇ ਗੁਰ ਪਰਸਨਿ ਕਹੇ॥ ਤਿਨ ਕਾ ਗ੍ਰੰਥ ਨਿਆਰਾ ਅਹੇ॥

ਤਿਸ ਗ੍ਰੰਥ ਕੋ ਪੜੈ ਜੁ ਕੋਇ॥ ਲਹੈ ਪਰਮਪਦ ਪ੍ਰਾਨੀ ਸੋਇ॥63॥

ਸਲੋਕ॥

ਗੁਰੂ ਅਜਿਤੇ ਕੀ ਗੋਸਟਿ ਤਾਹਿ ਗ੍ਰੰਥ ਕਾ ਨਾਮ॥

ਤਿਸ ਕੋ ਪੜੈ ਜੁ ਸੁਣੈ ਨਰ ਲਹੈ ਪਰ ਸੁਖ ਧਾਮ॥64॥[261]

ਸੋ ਇਸ ਕਥਨ ਤੋਂ ਸੰਭਾਵਨਾ ਪ੍ਰਗਟ ਹੁੰਦੀ ਹੈ ਕਿ ਉਸ ਕੋਲ ਇਸ ਰਚਨਾ ਦੀ ਵੀ ਕੋਈ ਪ੍ਰਤੀ ਸਾਹਮਣੇ ਹੋਵੇਗੀ।

**ਮਕੇ ਮਦੀਨੇ ਦੀ ਗੋਸਟਿ**

ਕਵੀ ਦੁਆਰਾ ਬਿਦਰ ਤੋਂ ਮਕੇ ਜਾਣ ਦਾ ਕਥਨ ਹੋਰ ਕਿਸੇ ਪੁਰਾਤਨ ਸ੍ਰੋਤ ਵਿਚ ਨਹੀਂ ਹੈ ਇਹ ਕਥਨ ਮਾਤਰ ਮਕੇ ਮਦੀਨੇ ਦੀ ਗੋਸਟਿ ਵਿਚ ਹੀ ਦਰਜ ਹੈ-

*ਬਾਬੇ ਨਾਨਕ ਤਮਾਮ ਆਲਮ ਤਾਰਨੇ ਕੇ ਨਮਿਤਿ ਭੇਖ ਉਦਾਸੀ ਕਾ ਧਾਰਿ ਕਰਿ ਸਭਿ ਧਰਤੀ ਕਾ ਸੈਲਿ ਕੀਤਾ। ਅਤੇ ਸਭਨਾ ਠਉਰਾ ਵਿਖੇ ਆਪਣੇ ਆਸਣਿ ਮਕਾਮ ਥਾਪੇ। ਇਕ ਦਿਨ ਸਹਰਿ ਬਿਦਰਿ ਦਖਣਿ ਦਿਸਾ ਅੰਦਰਿ ਬਾਬਾ ਨਾਨਕ ਬੈਠਾ ਸੀ। ਤਾਂ ਹਾਜੀ ਮਕੇ ਕੀ ਹਜ ਕਉ ਚਲੇ ਸਨ। ਤਾਂ ਮਰਦਾਨੇ ਰਬਾਬੀ ਅਰਦਾਸ ਕੀਤੀ ਜੀ ਸਚੇ ਪਾਤਿਸਾਹ ਹਾਜੀ ਮਕੇ ਮਦੀਨੇ ਕੀ ਹਜ ਕਰਨੇ ਚਲੇ ਹੈਨਿ।*[262]

ਕਵੀ ਇਸ ਘਟਨਾ ਨੂੰ ਆਪਣੀ ਰਚਨਾ ਵਿਚ ਅੰਕਿਤ ਕਰਕੇ ਇਹ ਸਪਸ਼ਟ ਕਰ ਦਿੰਦਾ ਹੈ ਕਿ ਉਸ ਕੋਲ ਇਹ ਰਚਨਾ ਵੀ ਜਰੂਰ ਹੋਣੀ ਚਾਹੀਦੀ ਹੈ, ਕਵੀ ਉਪਰੋਕਤ ਮਕੇ ਮਦੀਨੇ ਦੀ ਗੋਸਟਿ ਵਾਲੇ ਪ੍ਰਸੰਗ ਜਿਸ ਵਿਚ ਗੁਰੂ ਜੀ ਦਾ ਬਿਦਰ ਤੋਂ ਮਕੇ ਜਾਣ ਦਾ ਕਥਨ ਹੈ, ਇਸ ਤਰ੍ਹਾਂ ਬਿਆਨ ਕਰਦਾ ਹੈ-

ਧਰਮ ਸਥਾਪਿਉ ਜਗਤਿ ਮੈ ਨਾਨਕ ਨਾਮੁ ਪ੍ਰਤਾਪ॥

ਬਿਦਰ ਸਹਰਿ ਕਾ ਸੈਲ ਕਰਿ ਚਲੇ ਮਕੇ ਕੋ ਆਪ॥20॥

---

[261] ਉਹੀ, ਪਤਰਾ 780.

[262] ਡਾ. ਕੁਲਵੰਤ ਸਿੰਘ, *ਮੱਕੇ ਮਦੀਨੇ ਦੀ ਗੋਸ਼ਟਿ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੀਜੀ ਵਾਰ, 2013, ਪੰਨਾ 33.

ਕਬਿਤੁ॥

ਬਾਲਾ ਮਰਦਾਨਾ ਦੋਊ ਸਿਖਯ ਹੈ ਗੁਰ ਕੈ ਸਾਥ ਤਿਨੋ ਪ੍ਰਤਿ ਕਹਯੋ ਗੁਰੂ ਤੁਮਰੀ ਕਯਾ ਮਰਿਜੀ॥

ਬਿਦਰ ਕੇ ਹਾਜੀ ਜੇਤੇ ਮਕੇ ਕੋ ਸੋ ਚਲੇ ਤੇਤੇ ਸੁਨਿ ਮਰਦਾਨੈ ਕਹੀ ਪਾਇ ਪਰਿ ਜੀ॥

ਤੁਮਰੇ ਪ੍ਰਤਾਪ ਕਰਿ ਮਕੇ ਕੋ ਭੀ ਦੇਖੈ ਹਮ ਏਤੀ ਦਯਾ ਹਮ ਪਰਿ ਸਿਰੀ ਗੁਰੂ ਕਰਿ ਜੀ॥21॥[263]

ਸੋ ਇਨ੍ਹਾਂ ਕਥਨਾਂ ਦੀ ਸ਼ੈਲੀ ਵੀ ਮਿਲਦੀ ਹੈ ਜਿਸ ਤੋਂ ਪੁਸ਼ਟੀ ਹੁੰਦੀ ਹੈ ਕਿ ਕਵੀ ਦੇ ਕੋਲ ਇਸ ਲਿਖਤ ਦੀ ਕੋਈ ਪ੍ਰਤੀ ਹੋਵੇਗੀ ਜਿਸ ਤੋਂ ਕਵੀ ਨੇ ਚਰਚਿਤ ਗ੍ਰੰਥ ਲਿਖਣ ਲਈ ਸਹਾਇਤਾ ਲਈ ਹੋਵੇਗੀ।

**ਸ੍ਰੀ ਗੁਰੂ ਗ੍ਰੰਥ ਸਾਹਿਬ**

ਕਵੀ ਨੇ ਬਹੁਤ ਥਾਵਾਂ ਉਪਰ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦਾ ਪ੍ਰਸਾਰ ਕਰਨ ਹਿਤ ਗੁਰਬਾਣੀ ਦੇ ਸ਼ਬਦਾਂ ਦੀ ਵਿਆਖਿਆ ਵੀ ਕੀਤੀ ਹੈ। ਜਿਸ ਤੋਂ ਇਹ ਸਪਸ਼ਟ ਹੁੰਦਾ ਹੋ ਜਾਂਦਾ ਹੈ ਕਿ ਕਵੀ ਨੇ ਗੁਰਬਾਣੀ ਨੂੰ ਵੀ ਅਧਾਰ ਸ੍ਰੋਤ ਵਜੋਂ ਵਰਤਿਆ ਹੈ। ਕਵੀ ਕੋਲ ਹੋਰ ਵੀ ਪੁਰਾਤਨ ਸਿਖ ਇਤਿਹਾਸਕ ਰਚਨਾਵਾਂ ਜਾਂ ਹਿੰਦੂ ਪੌਰਾਣਿਕ ਸ੍ਰੋਤ ਵੀ ਮੌਜੂਦ ਹੋਣਗੇ, ਜਿਨ੍ਹਾਂ ਦੇ ਆਧਾਰ `ਤੇ ਇਹ ਰਚਨਾ ਕੀਤੀ ਗਈ। ਉਪਰੋਕਤ ਸਾਰੀਆਂ ਰਚਨਾਵਾਂ ਨੂੰ ਆਧਾਰ ਬਣਾ ਕੇ ਕਵੀ ਨੇ ਗੁਰੂ ਨਾਨਕ ਦੇਵ ਜੀ ਦਾ ਜੀਵਨ ਲਿਖਿਆ ਹੈ।

ਚਰਚਿਤ ਕ੍ਰਿਤੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਇਕ ਵਡ ਅਕਾਰੀ ਰਚਨਾ ਹੈ, ਜਿਸ ਵਿਚ ਕਵੀ ਨੇ ਪ੍ਰਸੰਗਾਂ ਦਾ ਤਤਕਰਾ ਨਹੀਂ ਦਿਤਾ। ਇਸ ਗ੍ਰੰਥ ਵਿਚ ਇਹ ਪ੍ਰਸੰਗ/ਸਾਖੀਆਂ ਸ਼ਾਮਿਲ ਹਨ-

**1. ਮੰਗਲ ਖੰਡ**- ਪਹਿਲੇ ਤੋਂ ਪੰਜਵੇਂ ਅਧਿਆਇ ਤਕ ਮੰਗਲਾਚਰਨ, ਰਾਜੇ ਜਨਕ ਦਾ ਪ੍ਰਸੰਗ, ਬਾਲਮੀਕ ਦਾ ਪ੍ਰਸੰਗ, ਸੰਤਾਂ ਦੀ ਮਹਿਮਾ, ਕਵੀ ਦਾ ਇਕ ਰਾਜੇ ਨਾਲ ਵਾਰਤਾਲਾਪ, ਵਾਮਦੇਵ ਅਤੇ ਗੁਰੂ ਅੰਗਦ ਦੇਵ ਜੀ ਦਾ ਸੰਵਾਦ, ਤੀਰਥਾਂ ਦੀ ਉਪਮਾ, ਭਵਿਖਤ ਪੁਰਾਣ ਦੀ ਭਵਿਖਵਾਣੀ, ਅਵਤਾਰਾਂ ਬਾਰੇ, ਗੁਰੂ ਜੀ ਦੇ ਅਵਤਾਰ ਬਾਰੇ ਭਵਿਖਵਾਣੀ, ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਬਾਰੇ ਭਵਿਖਵਾਣੀ ਅਤੇ ਪਰਮਾਤਮਾ ਦੀ ਉਸਤਤੀ, ਪਰਮਾਤਮਾ ਦੇ ਬਚਨ।

---

[263] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ੍ਰਮ, ਭੂਦਨ, ਪਤਰਾ 882.

**2. ਬ੍ਰਹਮ ਖੰਡ** - ਰਾਜਾ ਜਨਕ ਦਾ ਪਰਮਾਤਮਾ ਨੂੰ ਬੇਨਤੀ ਕਰਨਾ, ਪਰਮਾਤਮਾ ਬਾਰੇ ਵਿਚਾਰ, ਪਰਮਾਤਮਾ ਦੀ ਉਸਤਤੀ, ਗੁਰੂ ਜੀ ਦੇ ਆਗਮਨ ਤੋਂ ਪਹਿਲਾਂ ਦੀ ਸਥਿਤੀ, ਕਸ਼ਯਪ ਅਤੇ ਅਦਿਤੀ ਦੇ ਤਪ ਦਾ ਪ੍ਰਸੰਗ, ਤਪ ਸੰਪੂਰਨ ਹੋਣਾ ਅਤੇ ਵਰ ਮੰਗਣਾ, ਸਿਉ ਰਾਮ ਦੇ ਤਪ ਦਾ ਪ੍ਰਸੰਗ, ਮਹਿਤਾ ਕਾਲੂ ਦੇ ਵਿਆਹ ਦਾ ਪ੍ਰਸੰਗ, ਨਾਰਦ ਦੀ ਭਗਤੀ ਦਾ ਪ੍ਰਸੰਗ, ਨਾਰਦ ਦਾ ਹੰਕਾਰ, ਨਾਰਦ ਅਤੇ ਵਿਸ਼ਨੂੰ ਨੂੰ ਸਰਾਪ, ਗੁਰੂ ਨਾਨਕ ਦੇਵ ਜੀ ਦਾ ਜਨਮ, ਨਾਮਕਰਨ, ਗੋਰਖ ਦਾ ਗੁਰੂ ਜੀ ਦੇ ਦਰਸ਼ਨ ਕਰਨ ਆਉਣਾ, ਗੁਰੂ ਨਾਨਕ ਦੇਵ ਜੀ ਦੀ ਮਹਿਮਾ, ਜੈਨੀਆਂ ਅਤੇ ਹਿੰਦੂਆਂ ਦੀ ਸਥਿਤੀ।

**3. ਨਾਨਕ ਬਿਲਾਸ ਖੰਡ** - ਚੋਰ ਦਾ ਗਹਿਣੇ ਚੋਰੀ ਕਰਨਾ, ਬਾਲਪਣ, ਰਾਇ ਬੁਲਾਰ ਕੋਲ ਸ਼ਿਕਾਇਤ ਕਰਨੀ, ਚੋਰੀ ਹੋਏ ਗਹਿਣਿਆਂ ਨੂੰ ਪਰਸਰਾਮ ਦੇ ਲੜਕੇ ਨੂੰ ਦੇਣਾ, ਸਿਧਾਂ ਦੀ ਭਵਿਖਵਾਣੀ, ਕੋਹੜੀ ਦਾ ਪ੍ਰਸੰਗ, ਬੁਢੀ ਇਸਤਰੀ ਅਤੇ ਇਕ ਬ੍ਰਹਮਣ ਦਾ ਪ੍ਰਸੰਗ, ਸੰਤਾਂ ਨਾਲ ਮਿਲਾਪ, ਉਪਦੇਸ਼, ਗਰੀਬਾਂ ਨੂੰ ਸਮਾਨ ਵੰਡਣ ਦਾ ਪ੍ਰਸੰਗ, ਜਨੇਉ ਪਾਉਣ ਦੀ ਰਸਮ, ਪੰਡਿਤ ਪਿਰਥੀ ਮਲ ਕੋਲ ਪੜ੍ਹਨ ਜਾਣ ਦਾ ਪ੍ਰਸੰਗ, ਪਾਂਧੇ ਨੂੰ ਉਪਦੇਸ਼, ਪੜ੍ਹਾਈ ਦਾ ਸੰਪੂਰਨ ਹੋਣਾ, ਖੇਤ ਹਰਿਆ, ਕਪੜੇ ਵੰਡਣ ਦਾ ਪ੍ਰਸੰਗ, ਬ੍ਰਹਮਣ ਨੂੰ ਧਨ ਦੇਣਾ, ਵੈਦ ਬੁਲਾਉਣਾ, ਖੇਤ ਉਜੜਨੇ ਅਤੇ ਸਰਪ ਛਾਇਆ।

**4. ਧਰਮ ਉਦਯੋਗ ਖੰਡ** - ਗਾਈਆਂ ਦੁਆਰਾ ਖੇਤ ਚਰਨਾ, ਨਾਨਕੀ ਦਾ ਵਿਆਹ, ਨਾਨਕੀ ਦੇ ਪਿਛਲੇ ਜਨਮ ਦੇ ਤਪ ਦਾ ਪ੍ਰਸੰਗ, ਖਰਾ ਸੌਦਾ ਕਰਨਾ, ਗੋਰਖ ਅਤੇ ਸਿਧਾਂ ਨਾਲ ਮੁਲਾਕਾਤ, ਸਿਧਨ ਚਰਚਾ, ਰਾਇ ਨੂੰ ਮਿਲਣਾ, ਗੁਰੂ ਜੀ ਦਾ ਘਰ ਆਉਣਾ, ਰਾਇ ਬੁਲਾਰ ਪ੍ਰਸੰਗ, ਚੰਦਸੈਣ ਦਾ ਪ੍ਰਸੰਗ ਸੁਣਾਉਣਾ, ਸੁਲਖਣੀ ਦੀ ਭਗਤੀ ਦਾ ਪ੍ਰਸੰਗ, ਸਗਾਈ ਕਰਨਾ, ਮੋਦੀ ਦੀ ਕਾਰ, ਦਮੋਦਰ ਦਾ ਪ੍ਰਸੰਗ, ਪਰਮਾਨੰਦ ਦੀ ਪ੍ਰੀਖਿਆ, ਮੋਦੀ ਦੀ ਕਾਰ।

**5. ਬਿਬਾਹ ਖੰਡ**- ਵਿਆਹ ਦੀਆਂ ਤਿਆਰੀਆਂ, ਬਰਾਤ ਜਾਣ ਦੀ ਤਿਆਰੀ ਦਾ ਪ੍ਰਸੰਗ, ਬਰਾਤ ਚਲਣ ਦਾ ਪ੍ਰਸੰਗ, ਲਹੌਰ ਰੁਕਣਾ, ਇਖਵਾਕੂ ਤੀਰਥ ਸਥਾਨ ਦਾ ਪ੍ਰਸੰਗ, ਇਖਵਾਕ ਰਾਜੇ ਦਾ ਪ੍ਰਸੰਗ, ਇਖਵਾਕ ਤੀਰਥ ਸਥਾਨ ਦੇ ਬਣਨ ਦਾ ਪ੍ਰਸੰਗ, ਮੂਲ ਚੰਦ ਨੂੰ ਬਰਾਤ ਜਿਆਦਾ ਹੋਣ ਦਾ ਫਿਕਰ, ਬਾਗ ਵਿਚ ਉਤਰਨਾ, ਵਿਆਹ ਦੀਆਂ ਰਸਮਾਂ, ਗਹਿਣੇ ਦਿਖਾਉਣੇ, ਮਹਿਤੇ ਦਾ ਭੋਜ ਕਰਨਾ, ਮੂਲਚੰਦ ਦਾ ਸੁਲਖਣੀ ਨੂੰ

ਉਪਦੇਸ਼, ਸਮਾਨ ਖੋਲਣਾ ਅਤੇ ਵਸਤਰ ਵੰਡਣੇ, ਸੁਲਤਾਨਪੁਰ ਜਾਣਾ, ਚੰਦੋਰਾਣੀ ਦਾ ਤਲਵੰਡੀ ਆਉਣਾ, ਸ੍ਰੀ ਚੰਦ ਦਾ ਜਨਮ, ਸ੍ਰੀ ਚੰਦ ਦੀ ਉਪਮਾ, ਸ੍ਰੀ ਚੰਦ ਦਾ ਪ੍ਰਸੰਗ ਅਤੇ ਲਖਮੀ ਦਾਸ ਦਾ ਜਨਮ।

**6. ਉਦਾਸੀ ਖੰਡ** - ਵੇਈ ਪ੍ਰਵੇਸ਼, ਉਦਾਸੀਆਂ ਦਾ ਬਾਣਾ, ਵੇਈ ਵਿਚੋਂ ਬਾਹਰ ਆਉਣਾ, ਦੌਲਤ ਖਾਂ ਪ੍ਰਸੰਗ, ਕਾਜੀ ਨਾਲ ਨਾਮਜ ਪੜ੍ਹਨਾ, ਕਰਮ ਚੰਦ ਅਤੇ ਬ੍ਰਹਮਣ ਦਾ ਪ੍ਰਸੰਗ, ਮੂਲਚੰਦ ਅਤੇ ਚੰਦੋਰਾਣੀ ਦਾ ਪ੍ਰਸੰਗ, ਪੰਡਿਤ ਸਾਮੇ ਦਾ ਪ੍ਰਸੰਗ, ਰਬਾਬ ਲੈਣ ਜਾਣਾ, ਰਬਾਬ ਦਾ ਪ੍ਰਸੰਗ, ਤਲਵੰਡੀ ਤੋਂ ਵਿਦਾ ਹੋਣਾ, ਦਿਲੀ ਜਾਣਾ, ਅਉਘੜ ਜੋਗੀ ਨੂੰ ਉਪਦੇਸ਼, ਅਣਦਾਣੇ ਤੋਂ ਏਮਨਾਬਾਦ ਜਾਣਾ, ਬਾਬਰ ਦੀ ਲੁਟ, ਦੌਲਤ ਖਾਂ ਦਾ ਪ੍ਰਸੰਗ, ਰਾਇ ਭੋਇ ਨੂੰ ਉਪਦੇਸ਼, ਸਿਧੋਰੇ ਜਾਣਾ, ਸਜਣ ਠਗ ਦਾ ਪ੍ਰਸੰਗ, ਤੁਲਸਾ ਬਾਣੀਏ ਦਾ ਪ੍ਰਸੰਗ।

**7. ਪ੍ਰਤਾਪ ਖੰਡ**- ਤਲਵੰਡੀ ਤੋਂ ਕੁਰੂਕਸ਼ੇਤਰ ਜਾਣਾ , ਦਿਲੀ ਵਿਚ ਮੋਇਆ ਹਾਥੀ ਜਿਉਂਦਾ ਕਰਨਾ , ਬਾਬਰ ਦਾ ਹਮਲਾ, ਰੋਗੀ ਦਾ ਪ੍ਰਸੰਗ, ਕਿੜੀਆਂ ਪਠਾਣਾਂ ਦੇ ਦੇਸ਼ ਜਾਣਾ ਅਤੇ ਸੈਦਪੁਰ ਦਾ ਹਾਲ, ਬਾਬਰ ਦੀ ਕੈਦ, ਮੀਆਂ ਮਿਠੇ ਦੇ ਕੋਟਲੇ ਜਾਣਾ, ਲਾਹੌਰ ਦੇ ਦੁਨੀ ਚੰਦ ਖਤਰੀ ਦਾ ਪ੍ਰਸੰਗ, ਤਲਵੰਡੀ ਆਉਣਾ, ਪਰਮਚੰਦ ਦਾ ਪ੍ਰਸੰਗ, ਭਾਈ ਲਾਲੋ ਨੂੰ ਮਿਲਣਾ, ਨਾਨਕ ਟੋਭੇ ਦਾ ਪ੍ਰਸੰਗ, ਮੂਲੇ ਦਾ ਪ੍ਰਸੰਗ।

**8. ਖਡੂਰੀ ਖੰਡ** - ਅਚਲ ਵਟਾਲੇ ਦਾ ਮੇਲਾ, ਸਿਖਾਂ ਨੂੰ ਉਪਦੇਸ਼, ਸਿਧਾਂ ਨਾਲ ਮਿਲਾਪ, ਜਲਣ ਅਤੇ ਨਾਗਨਾਥ ਦਾ ਪ੍ਰਸੰਗ, ਬਾਲਕ ਨਲੋਆ ਦਾ ਪ੍ਰਸੰਗ, ਬੀਕਾਨੇਰ ਤੇ ਗੁਜਰਾਤ ਜਾਣਾ, ਸਰੇਵੜੇ ਦਾ ਪ੍ਰਸੰਗ ਅਤੇ ਪੁਸ਼ਕਰ ਜਾਣਾ, ਜੈਪੁਰ ਜਾਣਾ, ਉਜੈਨ ਜਾਣਾ, ਚਾਂਗਦੇਵ ਦਾ ਮੇਲਾ, ਜੰਗਮ ਨੂੰ ਉਪਦੇਸ਼, ਚਤੁਰਸਰਿੰਗੀ ਜਾਣਾ, ਕੁਸ਼ਨਾਭ ਦਾ ਪ੍ਰਸੰਗ, ਜੋਗੀ ਨੂੰ ਉਪਦੇਸ਼, ਸਿਧਾਂ ਨਾਲ ਮੁਲਾਕਾਤ, ਇਕ ਸਾਧੂ ਨੂੰ ਉਪਦੇਸ਼, ਦਿੰਗਬਰ ਜੈਨੀ ਨੂੰ ਉਪਦੇਸ਼, ਬਿਦਰ ਜਾਣਾ।

**9. ਮਦੀਨਾ ਮਕੇਸ੍ਵਰ ਖੰਡ** - ਮਕੇ ਜਾਣ ਦੀ ਤਿਆਰੀ, ਮਕਾ ਪ੍ਰਸੰਗ, ਮਕੇ ਦਾ ਫਿਰਨਾ, ਰੁਕਨਦੀਨ ਨੂੰ ਉਪਦੇਸ਼, ਪੀਰ ਜਲਾਲਦੀ ਨੂੰ ਉਪਦੇਸ਼, ਬ੍ਰਹਿਮੰਡ ਦੀ ਸੈਰ ਕਰਨਾ, ਸ਼ੇਸ਼ਸਾਈ ਭਗਵਾਨ ਕੋਲ ਜਾਣਾ, ਹਮੀਦ ਕਾਰੂ ਅਤੇ ਕਾਰੂ ਦਾ ਪ੍ਰਸੰਗ, ਹਮੀਦ ਕਾਰੂ ਨੂੰ ਉਪਦੇਸ਼ ਅਤੇ ਮਦੀਨੇ ਪਹੁੰਚਣਾ, ਮਦੀਨੇ ਦਾ ਪ੍ਰਸੰਗ, ਗੋਰ ਦਾ ਫਿਰਨਾ, ਭੈਣ ਨਾਨਕੀ ਨੇ ਯਾਦ ਕਰਨਾ, ਨਾਨਕੀ ਨਾਲ ਮਿਲਾਪ, ਮਦੀਨੇ ਦਾ ਪ੍ਰਸੰਗ, ਮੁਸਲਮਾਨਾਂ ਨੂੰ ਉਪਦੇਸ਼, ਰੁਕਨਦੀਨ ਨੂੰ ਉਪਦੇਸ਼, ਸ਼ਾਮ ਨਗਰ ਜਾਣਾ, ਸੁਲਤਾਨਪੁਰ ਜਾਣਾ।

10. **ਸੁਮੇਰ ਖੰਡ**- ਸੁਮੇਰ ਨੂੰ ਚਲਣ ਦਾ ਪ੍ਰਸੰਗ, ਮਾਰੂਫਤ, ਹਿਵੰਚਲ, ਸਿਰਾਧਾਰ, ਊਨਾ, ਸਿਲਕਾ, ਕੂਨਾ ਤੋਂ ਹੋ ਕੇ ਜਾਣਾ, ਗੋਪੀ ਚੰਦ, ਭੂਤਵਾ ਤੇ ਲਹੁਰੀਪਾ ਸਿਧਾਂ ਨਾਲ ਮਿਲਾਪ, ਚਰਪਟ, ਡ਼ੰਗਰਨਾਥ ਅਤੇ ਸੰਘਰਨਾਥ ਨਾਲ ਮਿਲਾਪ, ਮੀਨਾ ਪਰਬਤ ਤੇ ਜਾਣਾ, ਸੁਮੇਰ ਪਹੁੰਚਣਾ, ਸੁਮੇਰ ਪਰਬਤ 'ਤੇ, ਸਿਧਾਂ ਨਾਲ ਚਰਚਾ, ਧ੍ਰੂ ਭਗਤ ਦਾ ਪ੍ਰਸੰਗ, ਦੁਰਗਾ ਧਾਮ ਜਾਣਾ, ਦੁਰਗਾ ਧਾਮ ਦਾ ਪ੍ਰਸੰਗ, ਸਚਖੰਡ ਨੂੰ ਜਾਣ ਦਾ ਪ੍ਰਸੰਗ, ਸਚਖੰਡ ਪ੍ਰਸੰਗ, ਭਗਤ ਧ੍ਰੂ ਦਾ ਪ੍ਰਸੰਗ, ਮਾਰਗ ਪ੍ਰਸੰਗ।

11. **ਰਾਮੇਸਰ ਖੰਡ** - ਸਚਖੰਡ ਤੋਂ ਵਾਪਸੀ, ਰਾਮੇਸਰ ਦੇ ਮੇਲੇ ਦਾ ਪ੍ਰਸੰਗ, ਅਚਲ ਵਟਾਲੇ ਦੇ ਮੇਲੇ ਜਾਣਾ, ਸਿਧਾਂ ਨਾਲ ਮਿਲਾਪ, ਰਾਇ ਬੁਲਾਰ ਨੂੰ ਉਪਦੇਸ਼।

12. **ਗਿਆਨ ਖੰਡ** - ਆਸਾ ਦੇਸ ਜਾਣਾ, ਆਸਾ ਦੇਸ ਪ੍ਰਸੰਗ, ਸੁਲਤਾਨਪੁਰ ਜਾਣਾ, ਸੁਲਤਾਨਪੁਰ ਵਿਚ ਉਪਦੇਸ਼।

13. **ਨਾਨਕ ਮਤਾ ਖੰਡ** - ਮੇਰਠ, ਪਿਰਾਗ ਤੋਂ ਬਸੇਸਰ ਜਾਂ ਵਿਸੇਸ੍ਵਰ ਜਾਣਾ, ਵਿਸੇਸ੍ਵਰ ਦਾ ਪ੍ਰਸੰਗ, ਸਿਧ ਮਤੇ ਦਾ ਪ੍ਰਸੰਗ, ਹਰਿਦੁਆਰ ਜਾਣਾ ਅਤੇ ਬਣਜਾਰੇ ਕੇ ਟਾਂਡੇ ਜਾਣਾ, ਬਣਜਾਰਿਆਂ ਨੂੰ ਉਪਦੇਸ਼, ਪਰਸਰਾਮ ਅਤੇ ਕਿਸ਼ਨ ਲਾਲ ਦਾ ਪ੍ਰਸੰਗ, ਠਗਾਂ ਨੂੰ ਉਪਦੇਸ਼, ਕਉਰੂ ਦੇਸ ਦਾ ਪ੍ਰਸੰਗ, ਢਾਕੇ ਬੰਗਾਲ ਜਾਣਾ, ਹਰੀ ਬੰਗਾਲ ਦਾ ਪ੍ਰਸੰਗ, ਕਲਯੁਗ ਪ੍ਰਸੰਗ, ਕੀੜੀ ਪੁਰ ਦੇਸ ਪ੍ਰਸੰਗ।

14. **ਪਲਖਦੀਪ ਖੰਡ** - ਸਿਉਰਾਮ ਦਾ ਪ੍ਰਸੰਗ, ਬਿਸਾਹਰ ਦੇਸ ਜਾਣਾ, ਕਉਡੇ ਰਾਖਸ਼ ਦਾ ਪ੍ਰਸੰਗ, ਸਾਲਸਰਾਇ ਨਾਲ ਮੁਲਾਕਾਤ, ਸਾਲਸਰਾਇ ਦਾ ਪ੍ਰਸੰਗ, ਮਛ ਦਾ ਉਦਾਰ, ਡ਼ੰਡਾ ਵਾਢੀ ਦਾ ਪ੍ਰਸੰਗ, ਬਿਸਾਹਰ ਦੇਸ ਪ੍ਰਸੰਗ, ਬ੍ਰਹਮਪੁਰ ਦਾ ਪ੍ਰਸੰਗ, ਮਧਰ ਬੈਣ ਦਾ ਪ੍ਰਸੰਗ, ਦੇਵਗੰਧਾਰ ਅਤੇ ਪਰਸਨਾਮ ਸ਼ਹਿਰ ਦਾ ਪ੍ਰਸੰਗ, ਸਵਰਨਪੁਰ ਪ੍ਰਸੰਗ, ਰਾਜਾ ਸੁੰਦਰ ਸੈਣ ਦਾ ਪ੍ਰਸੰਗ, ਰਾਜਾ ਕਉਲ ਨੈਨ ਦਾ ਪ੍ਰਸੰਗ।

15. **ਸਿੰਗਲਾਦੀਪ ਖੰਡ** - ਸਿੰਗਲਾਦੀਪ ਰਾਜੇ ਦਾ ਬਾਗ ਹਰਿਆ ਕਰਨਾ, ਰਾਜੇ ਦੁਆਰਾ ਇਸਤਰੀਆਂ ਨੂੰ ਗੁਰੂ ਜੀ ਨੂੰ ਮੋਹਿਤ ਕਰਨ ਭੇਜਣਾ, ਰਾਜਾ ਸ਼ਿਵਨਾਭ ਦਾ ਗੁਰੂ ਜੀ ਨੂੰ ਆਪਣੇ ਮਹਿਲਾਂ ਵਿਚ ਲੈ ਕੇ ਜਾਣਾ, ਸ਼ਿਵਨਾਭ ਦਾ ਪ੍ਰਸੰਗ, ਸ਼ਿਵਨਾਭ ਨੂੰ ਉਪਦੇਸ਼, ਪ੍ਰਾਣ ਸੰਗਲੀ ਦੀ ਰਚਨਾ, ਨਾਨਕ ਚੱਕ ਅਤੇ ਕੱਜਲੀ ਬਨ ਦਾ ਪ੍ਰਸੰਗ, ਸਿਧਾਂ ਨਾਲ ਮਿਲਾਪ, ਪੁਸ਼ਕਰ ਦੀਪ ਪ੍ਰਸੰਗ, ਰਾਜਾ ਹੀਯਵੰਤ ਨੂੰ ਉਪਦੇਸ਼, ਰਾਜਾ ਨੂੰ ਉਪਦੇਸ਼, ਬਿਸ਼ਨਪਦੀ ਗੰਗਾ ਪ੍ਰਸੰਗ।

**16.ਮੁਲਤਾਨ ਖੰਡ** - ਤਲਵੰਡੀ ਤੋਂ ਪਾਕ ਪਟਣ ਜਾਣਾ, ਸ਼ੇਖ ਬ੍ਰਹਮ ਨਾਲ ਚਰਚਾ, ਲਾਹੌਰ ਜਾਣਾ ਅਤੇ ਵਾਪਿਸ ਤਲਵੰਡੀ ਆਉਣਾ, ਗਿਰਨਾਰ ਪਰਬਤ 'ਤੇ ਸਿਧਾਂ ਨਾਲ ਮਿਲਾਪ, ਮੁਲਤਾਨ ਵਿਚ ਸਮਸਤਰਵੇਜ ਨਾਲ ਮੁਲਾਕਾਤ, ਮੁਲਤਾਨ ਪ੍ਰਸੰਗ, ਹੰਬੀਰ ਖਾਨ ਅਤੇ ਅੰਬੀਰ ਖਾਨ ਨੂੰ ਮਿਲਣਾ, ਹੰਬੀਰ ਖਾਨ ਅਤੇ ਅੰਬੀਰ ਖਾਨ ਨੂੰ ਉਪਦੇਸ਼, ਸ਼ਿਕਾਰਪੁਰ ਜਾਣਾ, ਸ਼ਿਕਾਰਪੁਰ ਦੇ ਰਾਜਾ ਮੇਘਰਾਜ ਨੂੰ ਉਪਦੇਸ਼, ਜਲਾਲਾਬਾਦ, ਹਿੰਗਲਾਜ, ਦੁਆਰਕਾ ਜਾਣਾ, ਸਿਧਾਂ ਨਾਲ ਮਿਲਾਪ, ਦਿਲੀ ਤੋਂ ਸੁਲਤਾਨਪੁਰ ਜਾਣਾ।

**17. ਬਰਨ ਖੰਡ** - ਦਖਣ ਵਿਚ ਦਿਨੇਸ ਪੇਠ ਪ੍ਰਸੰਗ, ਸੈਦੋ ਘੇਹੋ ਦੀ ਪ੍ਰੀਖਿਆ, ਨਰਭੀ ਅਤੇ ਅਨਭੀ ਦਾ ਸਿਖ ਬਣਨਾ, ਟੋਡਾ ਰਾਖਸ਼, ਪੀਰ ਬਹਾਵਦੀ ਨਾਲ ਮੁਲਾਕਾਤ, ਲਮਕਾਨਿਉ ਕੇ ਟਾਪੂ ਦਾ ਪ੍ਰਸੰਗ, ਸ਼ਿਵਾਲੈ ਤੀਰਥ ਜਾਣਾ, ਸ਼ਿਵਾਲੈ ਤੀਰਥ ਦਾ ਪ੍ਰਸੰਗ, ਤ੍ਰਿਸ਼ੂਲ ਤੀਰਥ ਦਾ ਪ੍ਰਸੰਗ ਅਤੇ ਤਲਵੰਡੀ ਆਉਣਾ, ਮਾਤਾ ਸੁਲਖਣੀ ਨਾਲ ਬਾਰਤਾ।

**18. ਤਿਲੰਗਜੀਦੇਵ ਖੰਡ** - ਮਲਕਾ ਅਰਜਨ ਜਾਣਾ, ਮਲਕਾ ਅਰਜਨ ਵਿਚ ਉਪਦੇਸ਼, ਕੁੰਡੀ ਗੁਫਾ ਜਾਣਾ (ਤਿਲਗੰਜੀ ਸਾਹਿਬ), ਇਕ ਅੱਖ ਵਾਲੇ ਲੋਕਾਂ ਦੇ ਟਾਪੂ ਦਾ ਪ੍ਰਸੰਗ, ਲਮਕਾਂਨ ਬੰਦਰ ਜਾਣਾ ਅਤੇ ਬਿਸਾਲ ਦੇਸ ਦਾ ਪ੍ਰਸੰਗ, ਹੇਮਪੁਰੀ ਅਤੇ ਘੋੜ ਮੁਖਿਉ ਕੇ ਦੇਸ ਦਾ ਪ੍ਰਸੰਗ, ਅੰਧੇਰ ਨਗਰੀ ਦਾ ਪ੍ਰਸੰਗ, ਹਰਿਦੁਆਰ ਜਾਣਾ, ਸਿਖਾਂ ਨੂੰ ਉਪਦੇਸ਼, ਤਲਵੰਡੀ ਆਉਣਾ।

**19. ਕਸ਼ਮੀਰ ਖੰਡ** - ਕਸ਼ਮੀਰ ਵਿਚ ਧਰਮਦਾਸ ਨਾਲ ਮਿਲਾਪ, ਬ੍ਰਹਮੋਦਾਸ ਨਾਲ ਮਿਲਾਪ, ਬ੍ਰਹਮੋਦਾਸ ਨੂੰ ਉਪਦੇਸ਼, ਬ੍ਰਹਮੋਦਾਸ ਦਾ ਸਿਖ ਬਣਨਾ, ਮਾਂਮ ਹੁਸੈਨ ਪ੍ਰਸੰਗ, ਬਾਲ ਗੁੰਦਾਈ ਦੇ ਟਿਲੇ ਜਾਣਾ, ਸਾਲਪੁਰ ਜਾਣਾ ਸ਼ੇਖ ਹਿਯਾਤ ਨੂੰ ਉਪਦੇਸ਼ ਅਤੇ ਖੇਮ ਚੰਦ ਦਾ ਪ੍ਰਸੰਗ, ਸਾਲ ਕੋਟ ਪ੍ਰਸੰਗ, ਕੇਰ ਪ੍ਰਸੰਗ, ਵਲੀ ਕੰਧਾਰੀ ਪ੍ਰਸੰਗ, ਰੁਤਾਸ ਤੋਂ ਪੂਰਬ ਵਿਚ ਪਿਪਲਥਰਿ ਜਾਣਾ, ਸ਼ਾਹੂਕਾਰ ਮੇਘਰਾਜ ਦਾ ਪ੍ਰਸੰਗ, ਰਾਮਨਗਰ ਤੋਂ ਚਦਉਰ ਵਿਚ ਮੇਘਨੰਦ ਪਸੰਗ, ਮੇਘਨੰਦ ਨੂੰ ਉਪਦੇਸ਼, ਮਰਦਾਨੇ ਦਾ ਹੰਕਾਰ ਦੂਰ ਕਰਨਾ, ਮਰਦਾਨੇ ਨੂੰ ਉਪਦੇਸ਼, ਤੀਰਥਾਂ ਦੇ ਇਸ਼ਨਾਨ, ਮਰਦਾਨੇ ਦਾ ਦੇਹਾਂਤ, ਲੰਕਾ ਪ੍ਰਸੰਗ, ਸੰਤਬੰਧ ਜਾਣਾ ਅਤੇ ਗੋਕਰਣ ਦਾ ਪ੍ਰਸੰਗ, ਉੜੀਸਾ ਜਗਨਨਾਥ ਤੋਂ ਮਾਰਕੰਡ, ਇਦਰ ਦ੍ਰੋਣ, ਕਮਖਿਆ, ਨਾਗਾ ਨਾਗੀ ਦੇਸ, ਇਕ ਟੰਗਯਾ ਦੇ ਦੇਸ, ਲੰਬਿਆ ਦੇ ਦੇਸ ਤੋਂ ਚੀਨ ਮਹਾਚਿਨ ਜਾਣਾ, ਸਿਧਾਂ ਨਾਲ ਚਰਚਾ, ਸ਼ਜਾਦਾ ਨਾਲ ਮੁਲਾਕਾਤ ਅਤੇ

ਤੁਲੰਬੇ ਜਾਣਾ, ਸਜਣ ਨੂੰ ਮਿਲਣਾ, ਖੁਰਮੇ ਸ਼ਹਿਰ ਅਤੇ ਕੰਧਾਰ ਵਿਚ ਯਾਰ ਅਲੀ ਨੂੰ ਮਿਲਣਾ, ਪਖੋ ਕੇ ਰੰਧਾਵੇ ਆਉਣਾ।

**20. ਕਰਤਾਰਪੁਰ ਖੰਡ** - ਭਾਈ ਲਹਿਣਾ ਜੀ ਨਾਲ ਮਿਲਾਪ, ਭਾਈ ਲਹਿਣਾ ਜੀ ਦਾ ਪ੍ਰਸੰਗ ਅਤੇ ਪ੍ਰੀਖਿਆਵਾਂ, ਸਿਖਾਂ ਦੀ ਪ੍ਰੀਖਿਆ, ਭਾਈ ਲਹਿਣਾ ਜੀ ਨੂੰ ਗੁਰਗਦੀ ਦੇਣਾ, ਸੰਗਤ ਨੂੰ ਉਪਦੇਸ਼, ਅੰਗਦ ਦੇਵ ਜੀ ਨੂੰ ਖਡੂਰ ਸਾਹਿਬ ਭੇਜਣ ਦਾ ਹੁਕਮ, ਸੰਗਤ ਨੂੰ ਉਪਦੇਸ਼, ਜੋਤੀ ਜੋਤ ਸਮਾਉਣਾ, ਗੁਰੂ ਅੰਗਦ ਦੇਵ ਜੀ ਦਾ ਖਡੂਰ ਸਾਹਿਬ ਜਾਣਾ, ਵਾਮਦੇਵ ਦਾ ਗੁਰੂ ਅੰਗਦ ਦੇਵ ਜੀ ਤੋਂ ਵਿਦਾ ਲੈਣਾ, ਨਾਨਕ ਵਿਜੈ ਗ੍ਰੰਥ ਦੀ ਮਹਿਮਾ।

ਸਿਖ ਧਰਮ ਦਾ ਆਰੰਭ ਗੁਰੂ ਨਾਨਕ ਦੇਵ ਦੇ ਆਗਮਨ ਨਾਲ ਹੋਇਆ। ਭਾਈ ਗੁਰਦਾਸ ਆਪਣੀ ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਦੇ ਆਗਮਨ ਦਾ ਮੁਖ ਕਾਰਨ ਜਗਤ ਵਿਚ ਵਧ ਰਹੇ ਪਾਪ ਦੇ ਪਸਾਰੇ ਨੂੰ ਮੰਨਦਾ ਹੈ। ਉਹ ਲਿਖਦਾ ਹੈ ਕਿ ਉਸ ਸਮੇਂ ਲੋਕਾਈ ਦੇ ਰਖਿਅਕ ਰਾਜੇ ਪਰਜਾ ਦਾ ਸ਼ੋਸਣ ਕਰ ਰਹੇ ਸਨ, ਪਰਜਾ ਅਗਿਆਨੀ ਹੋਣ ਕਾਰਨ ਝੂਠ ਦੇ ਰਾਹ ਤੁਰੀ ਹੋਈ ਸੀ ਅਤੇ ਧਰਮ ਦੇ ਸੰਚਾਲਕ ਪੰਡਿਤ ਅਤੇ ਕਾਜ਼ੀ ਰਿਸ਼ਵਤ ਲੈ ਕੇ ਕਿਸੇ ਦਾ ਹਕ ਕਿਸੇ ਹੋਰ ਨੂੰ ਦੇਣ ਵੱਲ ਜ਼ਿਆਦਾ ਰੁਚਿਤ ਸਨ। ਗੁਰੂ ਨਾਨਕ ਦੇਵ ਦੀ ਬਾਣੀ ਵਿਚ ਵੀ ਉਕਤ ਸਮਾਜਿਕ ਕੁਰੀਤੀਆਂ ਦਾ ਉਲੇਖ ਮਿਲਦਾ ਹੈ।

ਸਭ ਤੋਂ ਪਹਿਲਾਂ ਕਵੀ ਨੇ ਚਰਚਿਤ ਕ੍ਰਿਤੀ ਵਿਚ ਮੰਗਲ ਵਜੋਂ ਉਸਤਤੀ ਕੀਤੀ ਹੈ। ਜਿਸ ਦਾ ਵਿਸਥਾਰ ਪੂਰੇ ਮੰਗਲ ਖੰਡ ਦੇ 16 ਅਧਿਆਵਾਂ ਵਿਚ ਹੈ। ਜੇਕਰ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਇਤਿਹਾਸਕ ਤਥਾਂ ਵਾਲੀ ਪਹਿਲੀ ਸਾਖੀ ਨੂੰ ਵਾਚਿਆ ਜਾਵੇ ਤਾਂ ਅਸੀਂ ਦੇਖਦੇ ਹਾਂ ਕਿ ਬ੍ਰਹਮ ਖੰਡ ਦਾ ਪਹਿਲਾ ਅਧਿਆਇ ਗੁਰੂ ਜੀ ਦੇ ਜਨਮ ਨਾਲ ਸੰਬੰਧਿਤ ਹੈ, ਜਿਸ ਵਿਚ ਕਵੀ ਨੇ ਭਾਈ ਗੁਰਦਾਸ ਵਾਂਗ ਹੀ ਗੁਰੂ ਜੀ ਦੇ ਸੰਸਾਰ ਉਪਰ ਆਉਣ ਦਾ ਕਾਰਨ, ਦੁਖੀ ਲੋਕਾਈ ਦੁਆਰਾ ਕੀਤੀ ਪਰਮਾਤਮਾ ਅਗੇ ਪੁਕਾਰ ਨੂੰ ਮੰਨਿਆ ਹੈ, ਪਰ ਸਨਾਤਨੀ ਸੁਭਾਅ ਕਾਰਨ ਉਸਨੇ ਇਸਦਾ ਨਕਸ਼ਾ ਕੁਝ ਵਖਰਾ ਉਲੀਕਿਆ ਹੈ। ਉਹ ਲਿਖਦਾ ਹੈ ਕਿ ਹਿੰਦੂਆਂ ਉਪਰ ਇਸਲਾਮਿਕ ਸ਼ਾਸਕ ਜ਼ੁਲਮ ਕਰ ਰਹੇ ਸਨ, ਇਸ ਲਈ ਉਨ੍ਹਾਂ ਦਾ ਜੀਣਾ ਅਸੰਭਵ ਹੋ ਚੁਕਾ ਸੀ। ਯਥਾ-

ਹਿੰਦੂ ਨਾਮ ਹੁਤੇ ਜਗ ਜੇਤੇ॥ ਅਤਿ ਸੈ ਦੁਖੀ ਭਏ ਸਭਿ ਤੇਤੇ॥

ਜਿਨ ਜਿਨ ਤਨਕੋ ਕਰਿ ਨਾਹਿ ਦਯੋ॥ ਤਿਨਕੋ ਮੁਸਲਮੀਨ ਕਰਿ ਲਯੋ॥

...........................................................

ਹਰਿ ਨਾਮ ਲੇਨ ਨ ਦੇਹਿ॥ ਤਿਨ ਕੋ ਮਨੈ ਸੁ ਕਰੇਹਿ॥

ਵਹਿ ਲੋਕ ਕਾਇ ਕਰਾਹਿ॥ ਕਛੁ ਜੋਰ ਚਾਲਯ ਨਾਹਿ॥19॥

ਨਹਿ ਸੰਖ ਵਾਜਨ ਦੇਹਿ॥ ਤਿਨ ਪਾਸ ਤੇ ਖਸ ਲੇਹਿ॥

ਜੁਲਮੰ ਕਰੈ ਬਹੁ ਸੋਇ॥ ਬਰਜੈ ਨਹੀ ਤਿਨ ਕੋਇ॥20॥

ਚੌਪਈ॥ ਇਸ ਪਰਕਾਰ ਸੁ ਹਿੰਦੂ ਸਾਰੇ॥ ਕੀਨੇ ਦੁਖੀ ਸੁ ਤਾਹਿ ਉਦਾਰੇ॥

ਜਿਨ ਤੇ ਦੁਖ ਸਹਜੋ ਨਹਿ ਗਯੋ॥ ਤਿਨਕਾ ਦੀਨ ਮਾਨ ਤਿਨ ਲਯੋ॥21॥[264]

ਇਸ ਤਰ੍ਹਾਂ ਇਸਲਾਮ ਦਾ ਬੋਲ-ਬਾਲਾ ਵਧਦਾ ਜਾ ਰਿਹਾ ਸੀ, ਜਿਸ ਕਾਰਨ ਲੋਕਾਈ ਬਹੁਤ ਤੰਗ ਸੀ ਅਤੇ ਪਰਮਾਤਮਾ ਕੋਲ ਬੇਨਤੀ ਕਰ ਰਹੀ ਸੀ। ਕਵੀ ਲਿਖਦਾ ਹੈ ਕਿ ਰਾਜਾ ਜਨਕ ਨੇ ਸਤਯੁਗ ਵਿਚ ਨਰਕਾਂ ਦੇ ਜੀਵਾਂ ਨੂੰ ਸਿਮਰਨ ਕਰਕੇ ਸਵਰਗ ਪਹੁੰਚਾ ਦਿਤਾ ਸੀ। ਉਹ ਜੀਵ ਤ੍ਰੇਤੇ ਅਤੇ ਦੁਆਪਰ ਵਿਚ ਤਾਂ ਸੁਖੀ ਰਹੇ ਪਰ ਕਲਿਜੁਗ ਆਉਣ ’ਤੇ ਭੁਖ ਪਿਆਸ ਨਾਲ ਤੜਫਣ/ਕੁਰਲਾਉਣ ਅਤੇ ਜਨਕ ਨੂੰ ਯਾਦ ਕਰਨ ਲਗੇ। ਇਨ੍ਹਾਂ ਹਾਲਾਤਾਂ ਨੂੰ ਵੇਖ ਕੇ ਜਨਕ ਨੇ ਪਰਮਾਤਮਾ ਕੋਲ ਜਾ ਕੇ ਬੇਨਤੀ ਕੀਤੀ ਕਿ ਇਨ੍ਹਾਂ ਦਾ ਦੁਖ ਦੂਰ ਕਰੋ। ਪਰਮਾਤਮਾ ਨੇ ਕਿਹਾ ਕਿ ਹੁਣ ਕਲਿਜੁਗ ਦਾ ਸਮਾਂ ਹੈ ਅਤੇ ਕਲਿਜੁਗ ਦਾ ਇਹ ਦਸਤੂਰ ਹੈ ਕਿ ਜੀਵ ਨੂੰ ਆਪਣੇ ਛੁਟਕਾਰੇ ਲਈ ਆਪ ਹੀ ਯਤਨ ਕਰਨਾ ਪੈਂਦਾ ਹੈ। ਸੋਢੀ ਮਿਹਰਵਾਨ ਵਾਲੀ ਜਨਮ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਨੂੰ ਜਨਕ ਦਾ ਅਵਤਾਰ ਦਸਦਿਆਂ ਕਿਹਾ ਹੈ ਕਿ ਪਰਮਾਤਮਾ ਨੇ ਕਿਹਾ ਸੀ ਕਿ ਨਾਨਕ ਰੂਪ ਵਿਚ ਜੀਵਾਂ ਨੂੰ ਤਾਰਨ ਲਈ ਤੈਨੂੰ ਹੀ ਅਵਤਾਰ ਧਾਰਨਾ ਪਵੇਗਾ, ਕਿਉਂਕਿ ਤੇਰੇ ਜਿਹਾ ਹੋਰ ਕੋਈ ਪਰਉਪਕਾਰੀ ਨਹੀਂ ਹੈ-

---

[264] ਉਹੀ, ਪਤਰਾ 120.

*ਤਬ ਸ੍ਰੀ ਠਾਕੁਰ ਜੀ ਕਹਿਆ ਜਿ, "ਏ ਜਨਕ ਭਗਤ ਏਨਾ ਜੀਆਂ ਨਿਸਤਾਰਨ ਕਉ ਤੁਮ ਹੀ ਪਰਉਪਕਾਰ ਲੇਹ, ਤੇਰੇ ਜਾਣੈ ਸਿਉ ਏਨਾ ਜੀਆ ਕਾ ਭਲਾ ਹੋਵੇਗਾ।"*[265]

ਇਹ ਬਿਰਤਾਂਤ ਭਾਈ ਬਾਲਾ ਵਾਲੀ ਜਨਮਸਾਖੀ ਵਿਚ ਨਹੀਂ ਹੈ। ਕਵੀ ਨੇ ਰਾਜਾ ਜਨਕ ਦਾ ਪਰਮਾਤਮਾ ਕੋਲ ਬੇਨਤੀ ਕਰਨ ਦਾ ਬਿਰਤਾਂਤ ਦਿਤਾ ਹੈ, ਪਰ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਜਨਕ ਨੂੰ ਨਹੀਂ ਦਸਿਆ, ਬਲਕਿ ਪਰਮਾਤਮਾ ਨੂੰ ਹੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਧਾਰਨ ਬਾਰੇ ਕਿਹਾ ਹੈ। ਯਥਾ-

ਸ੍ਰੀ ਭਗਵਾਨੋ ਵਾਚ॥ ਅਮਲਾ ਸੁੰਦਰ ਛੰਦ॥

ਰਵਿ ਵੰਸ ਵਿਕੈ ਖਤਰੀ ਕੁਲਿ ਮੈ ਮਮ ਨਾਮ ਉਤਾਰ ਮਹੀ ਧਰਿ ਹੈ॥

ਤੁਮ ਨਾਹਿ ਸੁ ਸੋਚਿ ਕਰੋ ਮਨ ਮੈ ਕਲਿ ਕਾ ਸਗਲਾ ਬਲਿ ਸੋ ਹਰਿ ਹੈ॥

ਮਮ ਨਾਮ ਉਤਾਰ ਸੁ ਜਾਨ ਬਲੀ ਤਿਸਤੇ ਸੁ ਕਲੀ ਮਨ ਮੈ ਡਰਿ ਹੈ॥

ਮਮ ਨਾਮ ਸੁ ਨਾਨਕ ਹ੍ਵੈ ਕਲਿ ਮੈ ਉਪਦੇਸ ਸੁ ਜੀਵਨ ਕੋ ਕਰਿ ਹੈ॥37 ॥[266]

ਪਰਮਾਤਮਾ ਨੇ ਕਿਹਾ ਕਿ ਉਹ ਲੋਕਾਈ ਦਾ ਉਧਾਰ ਕਰਨ ਲਈ ਅਵਤਾਰ ਧਾਰ ਕੇ, ਨਿਆਰਾ ਪੰਥ ਚਲਾ ਕੇ ਇਨ੍ਹਾਂ ਦੇ ਛੁਟਕਾਰੇ ਲਈ ਕਾਰਜ ਕਰੇਗਾ। ਇਸ ਤਰ੍ਹਾਂ ਕਵੀ ਨੇ ਪਰਮਾਤਮਾ ਦੁਆਰਾ ਕਲਿਜੁਗ ਵਿਚ ਅਵਤਾਰ ਧਾਰ ਕੇ ਨਾਨਕ ਰੂਪ ਵਿਚ ਆਉਣ ਦਾ ਕਾਰਨਾਤਮਕ ਹਾਲ ਲਿਖਿਆ ਹੈ। ਕਵੀ ਨੇ ਗੁਰੂ ਨਾਨਕ ਦੇਵ ਨੂੰ ਪਰਮਾਤਮਾ ਦਾ ਅਵਤਾਰ ਲਿਖ ਕੇ ਸਿਖ ਧਰਮ ਦਾ ਸੰਬੰਧ ਸਿਧਾ ਅਕਾਲ ਪੁਰਖ ਨਾਲ ਜੋੜਿਆ ਹੈ ਅਤੇ ਗੁਰੂ ਨਾਨਕ ਦੇਵ ਦੀਆਂ ਸ਼ਕਤੀਆਂ ਦਾ ਸੋਮਾ ਵੀ ਉਸਨੇ ਅਕਾਲ ਪੁਰਖ ਨੂੰ ਹੀ ਦਰਸਾਇਆ ਹੈ। ਕਵੀ ਦਾ ਉਕਤ ਬਿਰਤਾਂਤ ਸਿਖ ਧਰਮ ਦੇ ਦੈਵੀ-ਹੁਕਮ ਦੁਆਰਾ ਸਥਾਪਿਤ ਹੋਣ ਤੇ ਗੁਰੂ ਨਾਨਕ ਦੇਵ ਦਾ ਉਪਦੇਸ਼, ਦੈਵੀ-ਗਿਆਨ ਹੋਣ ਦੀ ਗਵਾਹੀ ਭਰਦਾ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਦੇ

---

[265] ਕਿਰਪਾਲ ਸਿੰਘ, *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਲਿਖਤ ਸ੍ਰੀ ਮਿਹਰਬਾਨ ਜੀ ਸੋਢੀ,* ਖਾਲਸਾ ਕਾਲਜ, ਅੰਮ੍ਰਿਤਸਰ, 1962, ਪੰਨਾ 7.

[266] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 102-03.

ਜਨਮ ਤੋਂ ਪਹਿਲਾਂ ਦਾ ਕਾਲਪਨਿਕ ਪ੍ਰਸੰਗ ਸਿਰਜਦੇ ਹੋਏ, ਚਰਚਿਤ ਕ੍ਰਿਤੀ ਵਿਚ ਗੁਰੂ ਨਾਨਕ ਦੇਵ ਨੂੰ ਪਰਮਾਤਮਾ ਦਾ ਅਵਤਾਰ ਦਰਸਾਇਆ ਹੈ। ਉਸਦੀ ਇਸ ਕਲਪਨਾ ਦਾ ਇਕ ਕਾਰਨ ਮਿਹਰਵਾਨ ਵਾਲੀ ਜਨਮਸਾਖੀ ਦਾ ਪ੍ਰਭਾਵ ਵੀ ਹੋ ਸਕਦਾ ਹੈ, ਭਾਵੇਂ ਕਿ ਉਸ ਨਾਲੋਂ ਇਹ ਵਖਰੇਵਾਂ ਹੈ ਕਿ ਜਨਮਸਾਖੀ ਵਿਚ ਗੁਰੂ ਜੀ ਨੂੰ ਜਨਕ ਦਾ ਅਵਤਾਰ ਦਸਿਆ ਹੈ ਅਤੇ ਕਵੀ ਨੇ ਪਰਮਾਤਮਾ ਦਾ ਅਵਤਾਰ। ਕਵੀ ਦੀ ਅਵਤਾਰਾਤਮਕ ਕਲਪਨਾ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਕਲਸਹਾਰ ਦਾ ਸਵਈਆ ਵੀ ਹੋ ਸਕਦਾ ਹੈ, ਜਿਸ ਵਿਚ ਗੁਰੂ ਸਾਹਿਬ ਦੀ ਨਿਰਲੇਪਤਾ ਨੂੰ ਰਾਜੇ ਜਨਕ ਦਾ ਨਾਮ ਵਰਤ ਕੇ ਸਮਝਾਇਆ ਗਿਆ ਹੈ। ਕਵੀ ਨੇ ਇਹ ਬਿਰਤਾਂਤ ਬਹੁਤ ਵਿਸਥਾਰ ਨਾਲ ਦਿਤਾ ਹੈ। ਫਿਰ ਕਵੀ ਨੇ ਕਸ਼ਯਪ ਅਤੇ ਅਦਿਤੀ ਦੇ ਤਪ ਬਾਰੇ ਵੀ ਦਸਿਆ ਹੈ ਕਿ ਉਨ੍ਹਾਂ ਨੇ ਇਸ ਮਨੋਕਾਮਨਾ ਦੀ ਪੂਰਤੀ ਹਿਤ ਤਪ ਕੀਤਾ ਸੀ ਕਿ ਪਰਮਾਤਮਾ ਉਨ੍ਹਾ ਦੇ ਘਰ ਵਿਚ ਆਪ ਪੁਤਰ ਰੂਪ ਵਿਚ ਪੈਦਾ ਹੋਵੇ । ਉਨ੍ਹਾਂ ਦੀ ਭਗਤੀ ਤੋਂ ਖੁਸ਼ ਹੋ ਕੇ ਪਰਮਾਤਮਾ ਨੇ ਇਹ ਵਰ ਦਿਤਾ ਸੀ-

ਸ੍ਰੀ ਭਗਵਾਨੋ ਵਾਚ॥ ਸਵੈਯਾ॥

ਹਮਰੇ ਸਮ ਸਾਮ੍ਰਥ ਹੈਂ ਹਮ ਹੀ ਅਨ ਔਰ ਨਹੀਂ ਸਮ ਕੋਇ ਹਮਾਰੇ॥

ਨਿਹਚਾ ਤੁਮ ਆਪ ਰਖੋ ਮਨ ਮੈ ਹਮ ਹੋਵਹਿਗੇ ਸੁਤ ਆਇ ਤੁਮਾਰੇ॥

ਤੁਮਰੇ ਮਨ ਮੈ ਅਭਿਲਾਖ ਜਿਤੀ ਕਰਹੋਂ ਸਭ ਪੂਰਨ ਧਾਰ ਉਤਾਰੇ॥

ਮਮ ਪਾਸ ਬਿਦੇਹ ਕਰੀ ਬਿਨਤੀ ਪਰਮਾਰਥ ਕਾਰਨ ਤਾਹਿ ਅਗਾਰੇ॥5॥[267]

ਜਿਥੇ ਵਿਲਾਇਤ ਵਾਲੀ ਜਨਮਸਾਖੀ[268], ਜਨਮਸਾਖੀ ਸੋਢੀ ਮਿਹਰਬਾਨ[269] ਅਤੇ ਜਨਮਸਾਖੀ ਭਾਈ ਮਨੀ ਸਿੰਘ[270] ਆਦਿ ਸ੍ਰੋਤ ਗ੍ਰੰਥ ਸ੍ਰੀ ਗੁਰੂ ਜੀ ਦਾ ਪ੍ਰਕਾਸ਼ ਵੈਸਾਖ ਦਾ ਦਸਦੇ ਹਨ, ਉਥੇ ਕਵੀ ਨੇ ਸ੍ਰੀ

---

[267] ਉਹੀ, ਪਤਰਾ 146.

[268] ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 20ਵੀਂ ਵਾਰ 2016, ਪੰਨਾ 19.

[269] ਕਿਰਪਾਲ ਸਿੰਘ, *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਲਿਖਤ ਸ੍ਰੀ ਮਿਹਰਬਾਨ ਜੀ ਸੋਢੀ,* ਖਾਲਸਾ ਕਾਲਜ, ਅੰਮ੍ਰਿਤਸਰ, 1962, ਪੰਨਾ 9.

ਗੁਰੂ ਨਾਨਕ ਦੇਵ ਜੀ ਦਾ ਜਨਮ ਪਿਤਾ ਕਾਲੂ ਦੇ ਘਰ ਮਾਤਾ ਤਿਰਪੁਰਾ[271] ਦੀ ਕੁਖੋਂ ਸੰਮਤ 1526 (1469 ਈ.) ਨੂੰ ਕਤਕ ਦੀ ਪੂਰਨਮਾਸ਼ੀ ਨੂੰ ਪਿਛਲੀ ਰਾਤ ਨੂੰ ਹੋਇਆ ਦਸਿਆ ਹੈ, ਕਵੀ ਨੇ ਦਿਨ ਐਤਵਾਰ ਦਸਿਐ ਹੈ, ਜਦੋਂਕਿ ਕਤਕ ਦੀ ਪੂਰਨਮਾਸ਼ੀ ਵਾਲੀ ਮਨੌਤ ਨੂੰ ਕਰਮ ਸਿੰਘ ਹਿਸਟੋਰੀਅਨ ਨੇ ਬਾ-ਦਲੀਲ ਖੰਡਣ ਕਰਕੇ ਵੈਸਾਖ ਮਹੀਨੇ 'ਤੇ ਮੋਹਰ ਲਾਈ ਹੈ। [272] ਇਸ ਤੋਂ ਇਲਾਵਾ ਭਾਈ ਕਾਨ੍ਹ ਸਿੰਘ ਨਾਭਾ (ਮਹਾਨ ਕੋਸ਼), ਡਾ. ਕਿਰਪਾਲ ਸਿੰਘ (ਜਨਮਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ ), ਪ੍ਰੋ. ਹਰਬੰਸ ਸਿੰਘ ( Guru Nanak And Origin of The Sikh Faith), ਹਰੀ ਰਾਮ ਗੁਪਤਾ ( History of The Sikhs vol.I) ਇਤਿਆਦਿਕ ਵਿਦਵਾਨ ਵੀ ਵੈਸਾਖ ਨਾਲ ਸਹਿਮਤ ਹਨ।

ਵਿਚਾਰਾਧੀਨ ਕ੍ਰਿਤੀ ਵਿਚ ਗੁਰੂ ਜੀ ਦੀ ਜਨਮ ਮਿਤੀ ਕਤਕ ਦੀ ਦਰਸਾਉਣ ਦਾ ਮੂਲ ਕਾਰਣ ਇਹ ਹੈ, ਕਿ ਕਵੀ ਨੇ ਬਾਲੇ ਵਾਲੀ ਜਨਮ ਸਾਖੀ ਨੂੰ ਆਧਾਰ ਬਣਾ ਕੇ ਲਿਖਿਆ ਹੈ, ਜਿਸ ਵਿਚ ਕਤਕ ਪੂਨਮਾਸ਼ੀ ਹੀ ਪ੍ਰਮਾਣਿਤ ਕੀਤੀ ਹੈ। ਕਵੀ ਕਹਿੰਦਾ ਹੈ, ਕਿ ਐਤਵਾਰ ਵਾਲੀ ਪਿਛਲੀ ਰਾਤ ਨੂੰ ਸ੍ਰੀ ਨਾਨਕ ਦਾ ਜਨਮ ਹੋਇਆ ਸੀ। ਜਿਸ ਦਾ ਜ਼ਿਕਰ ਕਵੀ ਨੇ ਇਸ ਪ੍ਰਕਾਰ ਕੀਤਾ ਹੈ-

ਪੂਰਨ ਥੀ ਅਜ ਪੂਰਨਮਾਸੀ॥ ਸੋਲਹਿ ਕਲਾ ਚੰਦ ਪਰਕਾਸੀ॥

---

[270] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 357 (ਦੇਖੋ ਅੰਤਿਕਾ).

[271] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 149-

ਰਾਖਿਯੋ ਤਾਹਿ ਤਿਰਪੁਰੋ ਨਾਮ॥ ਸਾਂਤੀ ਖਿਮਾ ਸੀਲ ਕੀ ਧਾਮ॥

[272] ਇਸ ਦਾ (ਕਤਕ ਵਿਚ ਪੁਰਬ ਮਨਾਉਣ) ਕਾਰਣ ਇਹ ਸੀ ਕਿ ਭਾਦੋਂ ਜਾਂ ਕਤਕ ਵਿਚ ਬਾਲਕ ਜਨਮੇ ਉਸ ਨੂੰ ਅਸ਼ੁਭ ਮੰਨਿਆ ਜਾਂਦਾ ਹੈ। ਸੋ ਜਿਸ ਤਰ੍ਹਾਂ ਇਸ ਜਨਮ ਸਾਖੀ ਦਾ ਰਿਵਾਜ ਪੈਂਦਾ ਗਿਆ, ਇਹੋ ਮਹੀਨਾ ਮੰਨੀਦਾ ਗਿਆ। ਪਹਿਲਾਂ ਗੁਰਪੁਰਬ ਗੁਰੂ ਜੀ ਦਾ ਵਿਸਾਖ ਵਿਚ ਹੀ ਮਨਾਇਆ ਜਾਂਦਾ ਸੀ, ਕਤਕ ਦਾ ਰਿਵਾਜ਼ (ਮੈਕਾਲਿਫ਼ ਸਾਹਿਬ ਦੇ ਕਥਨ ਅਨੁਸਾਰ) ਗਿਆਨੀ ਸੰਤ ਸਿੰਘ ਜੀ ਨੇ ਪਾਇਆ ਹੈ। ਮਿਸਟਰ ਮੈਕਾਲਿਫ਼ ਕਾਰਣ ਇਹ ਦਸਦੇ ਹਨ, ਕਿ ਕਤਕ ਪੂਰਨਮਾਸ਼ੀ ਨੂੰ ਰਾਮ ਤੀਰਥ ਦਾ ਮੇਲਾ ਹੋਣ ਕਰਕੇ ਸਾਰੇ ਸਿਖ ਓਧਰ ਚਲੇ ਜਾਂਦੇ ਸਨ, ਸੋ ਓਧਰੋਂ ਹਟਾਉਣ ਵਾਸਤੇ ਗਿਆਨੀ ਜੀ ਨੇ ਕਤਕ ਪੂਰਨਮਾਸ਼ੀ ਨੂੰ ਆਦਿ ਸਤਿਗੁਰੂ ਜੀ ਦੇ ਪਰਗਟ ਹੋਣ ਦਾ ਗੁਰਪੁਰਬ ਮਨਾਉਣਾ ਆਰੰਭ ਕਰ ਦਿਤਾ। ਸੋ ਵਿਸਾਖ 1526 ਹੀ ਸਹੀ ਹੈ। (*ਹਿਸਟੋਰੀਅਨ, ਕਰਮ ਸਿੰਘ, ਕਤਕ ਕਿ ਵਿਸਾਖ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2008, ਪੰਨਾ 122).

ਮਹਾ ਪੂਰਬ ਥਾ ਪਿਛਲੀ ਰਾਤੀ॥ ਪਿਛਿਲੀ ਰੈਨ ਸੁ ਲਗ ਪਰਭਾਤਿ॥60॥

ਸੰਮਤਿ ਪੰਦ੍ਰਾ ਸੈ ਛਬੀਸੰ॥ ਪਰਗਟਿ ਭਯੋ ਆਇ ਜਗਦੀਸੰ॥

ਐਤਿਵਾਰ ਨਿਸਵਾਸਰ ਰਾਈ॥ ਕਾਰਤਕ ਮਾਸ ਮਹਾ ਸੁਖਦਾਈ॥61॥

ਪਿਛਿਲੀ ਰਾਤਿ ਲਯੋ ਅਵਤਾਰੇ॥ ਪੁਰਬਕਾਲ ਇਨ ਆਪ ਉਦਾਰੇ॥[273]

ਕਵੀ ਦੀ ਰਚਨਾ ਪੂਰੀ ਤਰ੍ਹਾਂ ਸ਼ਰਧਾ-ਲਿਪਤ ਹੈ, ਇਸ ਲਈ ਪਰੰਪਰਾਗਤ ਲਿਖਿਤਾਂ ਦਾ ਅਨੁਸਰਣ ਕਰਦਿਆਂ ਉਹ ਮਿਥਿਹਾਸ-ਗ੍ਰਸਤ ਭਾਵਨਾ ਵਿਚ ਇਹ ਵੀ ਦਸਦਾ ਹੈ, ਕਿ ਸ੍ਰੀ ਗੁਰੂ ਜੀ ਦੇ ਜਨਮ ਸਮੇਂ ਉਨ੍ਹਾਂ ਦਾ ਘਰ ਅਤੇ ਆਕਾਸ਼ ਪ੍ਰਕਾਸ਼ ਨਾਲ ਭਰ ਗਏ ਸਨ ਅਤੇ ਪਿਤਾ ਕਾਲੂ ਨੇ ਇਕ ਮਹੀਨਾ ਦਾਨ ਦਿਤਾ। ਇਸੇ ਤਰ੍ਹਾਂ ਕਵੀ ਪਰੰਪਰਾਗਤ ਰੀਤੀ ਵਿਚ ਹੀ ਗੁਰੂ ਨਾਨਕ ਦੇਵ ਜੀ ਦੇ ਬਚਪਨ ਨਾਲ ਸੰਬੰਧਿਤ ਕਥਾਵਾਂ ਦਾ ਜ਼ਿਕਰ ਕਰਦਾ ਹੈ। ਬਾਲ ਅਵਸਥਾ ਵਿਚ ਗੁਰੂ ਜੀ ਨੂੰ ਮਾਤਾ ਦੁਆਰਾ ਲਾਡ ਲਡਾਉਣਾ, ਤੁਰਣਾ ਸਿਖਾਉਣਾ ਅਤੇ ਬੋਲਣਾ ਸਿਖਾਉਣ ਆਦਿ ਦਾ ਚਰਚਿਤ ਕ੍ਰਿਤੀ ਵਿਚ ਬੜੇ ਸੁਚਜੇ ਢੰਗ ਨਾਲ ਜ਼ਿਕਰ ਕੀਤਾ ਹੈ। ਕਵੀ ਗੁਰੂ ਜੀ ਨੂੰ ਬੋਲਣ ਸਿਖਾਉਣ ਬਾਰੇ ਲਿਖਦਾ ਹੈ-

ਮਾਤ ਪਿਤਾ ਕਾਲੂ ਤ੍ਰਿਪਰਾਰੋ॥ ਤਿਨ ਕਾ ਹਰਖ ਨ ਜਾਇ ਉਚਾਰੋ॥

ਨਾਨਕ ਕੋ ਬੋਲਨਿ ਸਿਖਲਾਵਹਿ॥ ਰਾਮ ਰਾਮ ਕਹੁ ਤਾਹਿ ਅਲਾਵਹਿ॥34॥[274]

ਇਹ ਵੀ ਦਸਿਆ ਹੈ, ਕਿ ਉਨ੍ਹਾਂ ਦੀ ਧਾਰਮਿਕ ਸੰਕੀਰਣਤਾ-ਮੁਕਤ ਪ੍ਰਵ੍ਰਿਤੀ ਬਚਪਨ ਤੋਂ ਹੀ ਲਖਿਤ ਸੀ। ਨਗਰ ਦੇ ਹਿੰਦੂ-ਮੁਸਲਮਾਨ ਨਾਨਕ ਜੀ ਨੂੰ ਸਮਰੂਪ ਵਿਚ ਪਿਆਰ ਕਰਦੇ ਸਨ। ਕਵੀ ਨੇ ਇਹ ਵੀ ਵਿਸ਼ੇਸ਼ ਜ਼ਿਕਰ ਕੀਤਾ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ ਅਨਿਕ ਪ੍ਰਕਾਰ ਦੇ ਭੂਖਣ ਵੀ ਪਹਿਨਾਏ ਗਏ ਸਨ।[275] ਭੂਖਣ ਪਹਿਨਾਉਣ ਦਾ ਜ਼ਿਕਰ ਕਵੀ ਨੇ ਭਾਵੇਂ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਕਰਨ ਹਿਤ

---

[273] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 185.

[274] ਉਹੀ, ਪਤਰਾ 216.

[275] ਉਹੀ, ਪਤਰਾ 216-

ਹੀ ਕੀਤਾ ਹੈ ਅਤੇ ਇਸ ਦੇ ਨਾਲ ਇਕ ਸਾਖੀ ਵੀ ਜੋੜੀ ਹੈ, ਜੋ ਹੋਰ ਕਿਸੇ ਜਨਮਸਾਖੀ ਵਿਚ ਨਹੀਂ ਮਿਲਦੀ। ਇਕ ਦਿਨ ਇਕ ਭੱਟੀ ਨਾਮ ਦਾ ਚੋਰ ਗਹਿਣੇ ਚੋਰੀ ਕਰਨ ਲਈ ਬਾਲ ਨਾਨਕ ਨੂੰ ਚੁਕ ਕੇ ਲੈ ਜਾਂਦਾ ਹੈ। ਬਾਲ ਨਾਨਕ ਅਪਣੀ ਸ਼ਕਤੀ ਨਾਲ ਆਪਣਾ ਵਜ਼ਨ ਵਧਾ ਲੈਂਦਾ ਹੈ ਅਤੇ ਉਹ ਥਕ ਜਾਂਦਾ ਹੈ। ਉਹ ਸਾਰੇ ਗਹਿਣੇ ਉਤਾਰ ਲੈਂਦਾ ਹੈ ਅਤੇ ਬਾਲਕ ਨੂੰ ਛਡ ਕੇ ਚਲਾ ਜਾਂਦਾ ਹੈ ਪਰ ਥੋੜੀ ਦੂਰ ਜਾ ਕੇ ਥਕ ਕੇ ਡਿਗ ਜਾਂਦਾ ਹੈ। ਗੁਰੂ ਜੀ ਆਪਣੀ ਉਮਰ 12 ਸਾਲ ਦੀ ਬਣਾ ਲੈਂਦੇ ਹਨ ਅਤੇ ਉਸ ਕੋਲ ਜਾ ਕੇ ਉਸਨੂੰ ਪਾਣੀ ਪਿਲਾਉਂਦੇ ਹਨ। ਫਿਰ ਉਸਨੂੰ ਉਪਦੇਸ਼ ਦੇ ਕੇ ਸਿਧੇ ਰਸਤੇ ਪਾਉਂਦੇ ਹਨ। ਫੇਰ  ਉਹ ਮਾਫੀ ਮੰਗਦਾ ਹੈ ਅਤੇ ਭੁਲ ਬਖਸ਼ਾਉਂਦਾ ਹੈ।[276] ਇਹ ਸਾਖੀ ਹੋਰ ਕਿਸੇ ਜਨਮਸਾਖੀ ਵਿਚ ਨਹੀਂ ਮਿਲਦੀ, ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਇਹ ਨਵੀਂ ਸਾਖੀ ਗੁਰੂ ਜੀ ਦੇ ਬਚਪਨ ਨਾਲ ਜੋੜ ਕੇ ਗੁਰੂ ਜੀ ਦੇ ਇਤਿਹਾਸ ਵਿਚ ਵਾਧਾ ਕੀਤਾ ਹੈ। ਹੋ ਸਕਦਾ ਕਿ ਕਵੀ ਨੇ ਇਹ ਕਿਤੋਂ ਗਾਲਬਾਨ ਸੁਣੀ ਹੋਵੇ ਪਰ ਇਸ ਦਾ ਸ੍ਰੋਤ ਕੀ ਹੈ, ਇਸ ਬਾਰੇ ਕੁਝ ਵੀ ਕਹਿਣਾ ਅਤਿ ਜਟਿਲ ਹੈ। ਇਹ ਕਵੀ ਦੀ ਕਲਪਨਾ ਵੀ ਹੋ ਸਕਦੀ ਹੈ ਜਾਂ ਕਿਸੇ ਖੇਤਰ ਵਿਚ ਕਿਸੇ ਹੋਰ ਭਗਤ/ਸਾਧ/ਸੰਤ ਇਤਿਆਦਿਕ ਨਾਲ ਜੁੜੀ ਹੋ ਸਕਦੀ ਹੈ, ਜਿਸ ਨੂੰ ਕਵੀ ਨੇ ਗੁਰੂ ਜੀ ਨਾਲ ਜੋੜ ਦਿਤਾ। ਜੇਕਰ ਇਹ ਕਾਲਪਨਿਕ, ਪਰੰਪਰਾਗਤ, ਕਿਸੇ ਸਭਿਆਚਾਰ ਤੋਂ ਪ੍ਰਭਾਵਿਤ ਨਹੀਂ ਤਾਂ ਇਹ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਇਕ ਨਵੀਂ ਘਟਨਾ ਸਾਡੇ ਸਾਹਮਣੇ ਆਉਂਦੀ ਹੈ। ਫਿਰ ਕਵੀ ਨੇ ਗੁਰੂ ਜੀ ਦਾ ਇਕ ਸਾਲ ਦੇ ਹੋਣ ਦਾ ਵੇਰਵਾ ਵੀ ਦਿਤਾ ਹੈ, ਭਾਵੇਂ ਕਿ ਇਥੇ ਇਸ ਨੂੰ ਲਖਮੀ ਇਤਿਆਦਿਕ ਮਿਥਿਹਾਸ ਨਾਲ ਜੋੜ ਦਿਤਾ ਹੈ, ਪਰ ਗੁਰੂ ਜੀ ਦਾ ਇਕ ਸਾਲ ਦਾ ਹੋਣਾ ਜਾਂ ਉਸ ਤੋਂ ਪਹਿਲਾਂ ਦੀ ਘਟਨਾ ਬਾਰੇ ਹੋਰ ਕਿਸੇ ਜਨਮਸਾਖੀ ਵਿਚ ਇਸ ਤਰ੍ਹਾਂ ਦਾ ਵੇਰਵਾ ਦੇਖਣ ਨੂੰ ਨਹੀਂ ਮਿਲਦਾ ਸੋ ਇਹ ਚਰਚਿਤ ਗ੍ਰੰਥ ਦੀ ਵਿਲਖਣਤਾ ਹੈ। ਕਵੀ ਗੁਰੂ ਨਾਨਕ ਦੇਵ ਜੀ ਦੇ ਇਕ ਸਾਲ ਹੋਣ ਬਾਰੇ ਇੰਞ ਲਿਖਦਾ ਹੈ-

ਏਕ ਬਰਸ ਕਾ ਨਾਨਕ ਭਯੋ॥ ਮਾਤ ਪਿਤਾ ਕੋ ਬਹੁਤ ਸੁਖ ਦਯੋ॥

---

ਸਵੈਯਾ॥ ਪਟਿਭੂਖਣਿ ਸੋਭਹਿ ਅੰਗ ਵਿਖੈ ਕਟ ਸੂਤਰਿ ਅੰਗ ਦਹੈ ਭੁਜ ਧਾਰੇ॥ ਝੁਗਬਮਣਿ ਤਾਂਹਿ ਜਰੀ ਲਸਕੈ ਨਭ ਮੈ ਸਭਿ ਤਾਹਿ ਲਸੈ ਜਿਮ ਤਾਰੇ॥  ਬਰਿ ਕੁੰਡਲ ਕਾਨਨ ਮੈ ਲਸਕੈ ਤੜਿਤਾ ਜੋਤਿ ਸੁ ਤਾਹਿ ਅਪਾਰੇ॥ ਰਤਨਾ ਗਣ ਤਾਹਿ ਅਮੋਲ ਲਗੇ ਇਕ ਤੇ ਇਕ ਸੁੰਦਰ ਤਾਹਿ ਸੁ ਸਾਰੇ॥25॥

[276] ਉਹੀ, ਪਤਰਾ 226.

ਧਨ ਸੰਪਤਿ ਕੇ ਭਰੇ ਭੰਡਾਰੇ॥ ਨਿਤ ਨਿਤ ਦਾਨ ਸੁ ਕਰੈਂ ਉਦਾਰੇ॥2॥[277]

ਇਸੇ ਪ੍ਰਕਾਰ ਦੋ [278] ਸਾਲਾਂ ਦੇ ਹੋਣ ਦਾ ਵੇਰਵਾ ਅਤੇ ਪੰਜ [279] ਸਾਲਾਂ ਦਾ ਵੇਰਵਾ ਕਵੀ ਨੇ ਚਰਚਿਤ ਕ੍ਰਿਤੀ ਵਿਚ ਦਿਤਾ ਹੈ। ਫਿਰ ਕਵੀ ਨੇ ਜਨੇਊ ਪਾਉਣ ਦੇ ਪ੍ਰਸੰਗ ਨੂੰ ਵੀ ਸ਼ਾਮਿਲ ਕੀਤਾ ਹੈ। ਇਸ ਰਸਮ ਦਾ ਚਿਤਰਣ ਕਵੀ ਨੇ ਵਿਆਹ ਵਰਗਾ ਮਾਹੌਲ ਸਿਰਜ ਕੇ ਕਰਨ ਦਾ ਯਤਨ ਕੀਤਾ ਹੈ, ਕਵੀ ਨੇ ਅਨਿਕ ਭਾਂਤਿ ਭੋਜਨਾਂ ਦਾ ਵੀ ਹਵਾਲਾ ਦਿਤਾ ਹੈ। ਜਨੇਉ ਪਾਉਣ ਬਾਬਤ ਕਵੀ ਲਿਖਦਾ ਹੈ-

ਕਾਲੂ ਧਰਮਾਤਮ ਜੋ ਆਹਿ॥ ਬਹੁ ਬਿਧ ਕਰਕੈ ਤਾਹਿ ਉਛਾਹਿ॥
ਨਾਨਕ ਕੋ ਜੰਞੂ ਪਹਰਾਯੋ॥ ਅਪਨੈ ਹਾਥ ਪਰੋਹਤਿ ਪਾਯੋ॥34॥[280]

ਡਾ. ਕਿਰਪਾਲ ਸਿੰਘ ਜੰਞੂ ਪਹਿਨਾਉਣ ਦੀ ਰੀਤੀ ਨੂੰ ਉਸ ਸਮੇਂ ਦੀ ਇਕ ਪ੍ਰੰਪਰਾ ਮੰਨ ਕੇ ਸੰਭਾਵਨਾ ਵਿਅਕਤ ਕਰਦੇ ਹਨ ਕਿ ਗੁਰੂ ਜੀ ਦੇ ਮਾਤਾ-ਪਿਤਾ ਨੇ ਵੀ ਇਹ ਰਸਮ ਕੀਤੀ ਹੋਵੇਗੀ। [281] ਇਹ ਸਾਖੀ ਸੋਢੀ ਮਿਹਰਬਾਨ [282] ਵਾਲੀ ਜਨਮਸਾਖੀ ਅਤੇ ਭਾਈ ਮਨੀ ਸਿੰਘ [283] ਵਾਲੀ ਜਨਮ ਸਾਖੀ ਵਿਚ ਮਿਲਦੀ ਹੈ, ਜਿਥੇ ਗੁਰੂ ਜੀ ਦੀ ਉਮਰ 9 ਸਾਲ ਦਸੀ ਹੈ। ਪਰ 1658 ਈ. ਵਾਲੀ ਭਾਈ ਬਾਲਾ ਅਤੇ ਪੁਰਾਤਨ ਜਨਮਸਾਖੀ ਵਿਚ ਇਹ ਸਾਖੀ ਅੰਕਿਤ ਨਹੀਂ ਹੈ। ਪਰ ਚਰਚਿਤ ਕ੍ਰਿਤੀ ਵਿਚ ਇਹ ਸਮਾਂ ਨਹੀਂ

---

[277] ਉਹੀ, ਪਤਰਾ 226.

[278] ਉਹੀ, ਪਤਰਾ 244-

ਜੁਗਲ ਬਰਸ ਕਾ ਨਾਨਕ ਭਯੋ॥ ਦਿਨ ਦਿਨ ਚਰਿਤ ਕਰੈ ਨਿਤ ਨਯੋ॥

[279] ਉਹੀ, ਪਤਰਾ 251-

ਪਾਂਚ ਬਰਸ ਕਾ ਨਾਨਕ ਭਯੋ॥ ਇਕ ਦਿਨ ਖੇਲਤਿ ਬਾਹਰਿ ਗਯੋ॥

[280] ਉਹੀ, ਪਤਰਾ 289.

[281] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 4.

[282] ਉਹੀ, ਪੰਨਾ 70. (ਦੇਖੋ ਅੰਤਿਕਾ)

[283] ਉਹੀ, ਪੰਨਾ 362. (ਦੇਖੋ ਅਤਿੰਕਾ)

ਦਸਿਆ ਕਿ ਕਿੰਨੇ ਸਾਲ ਦੇ ਹੋਣ 'ਤੇ ਜਨੇਊ ਦੀ ਰਸਮ ਕੀਤੀ ਗਈ ਸੀ। ਪਰ ਇਸ ਅਧਿਆਇ ਤੋਂ ਅਗੇ ਜਿਥੇ ਗੁਰੂ ਜੀ ਨੂੰ ਪੜਾਉਣ ਦੀ ਗੱਲ ਹੁੰਦੀ ਹੈ ਉਥੇ ਗੁਰੂ ਜੀ ਦੀ ਉਮਰ ਵੱਲ ਇਸ਼ਾਰਾ ਕੀਤਾ ਜਾਂਦਾ ਹੈ-

ਪਾਚ ਬਰਸ ਲਗੁ ਬਾਲਕ ਕਹਯੈ॥ ਖੇਲ ਮਾਹਿਤਾਬ ਲਗੁ ਚਿਤੁ ਹਯੈ॥33॥

ਸਲੋਕ॥ ਖਸਟਮਿ ਬਰਸ ਸੁ ਲਗਤਿ ਹੀ ਸਮਝੈ ਸਭ ਬਿਵਹਾਰ॥

ਪੁਨਿ ਤਾੜਨ ਤਿਹ ਕੀਜੀਐ ਕਰੀਐ ਨਾਹਿ ਪਿਆਰ॥34॥[284]

ਉਪਰ ਅਸੀਂ ਉਲੇਖ ਕੀਤਾ ਸੀ ਕਿ ਕਵੀ ਨੇ ਗੁਰੂ ਜੀ ਦੇ ਪੰਜ ਸਾਲ ਦੇ ਹੋਣ ਦਾ ਜ਼ਿਕਰ ਕੀਤਾ ਹੈ, ਇਸ ਤੋਂ ਬਾਅਦ ਜਨੇਊ ਦੀ ਰਸਮ ਹੁੰਦੀ ਹੈ ਅਤੇ ਬਾਅਦ ਵਿਚ ਜਦੋਂ ਪੜ੍ਹਨ ਭੇਜਣ ਦੀ ਗੱਲ ਹੁੰਦੀ ਹੈ ਉਦੋਂ ਗੁਰੂ ਜੀ ਦੀ ਉਮਰ ਵੱਲ ਛੇ ਸਾਲ ਦੇ ਹੋਣ ਦਾ ਇਸ਼ਾਰਾ ਹੈ। ਸੋ ਚਰਚਿਤ ਕ੍ਰਿਤੀ ਤੋਂ ਇਹ ਸੰਭਾਵਨਾ ਉਪਜਦੀ ਹੈ ਕਿ ਪੰਜ ਤੋਂ ਛੇ ਸਾਲ ਦੇ ਜਦ ਗੁਰੂ ਜੀ ਹੋਏ, ਉਦੋਂ ਜਨੇਊ ਦੀ ਰਸਮ ਕੀਤੀ ਗਈ ਸੀ।

ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜਦੋਂ ਗੁਰੂ ਜੀ ਛੇ ਸਾਲ ਦੇ ਹੋਏ, ਜਿਸ ਦਾ ਉਲੇਖ ਅਸੀਂ ਉਪਰ ਕਰ ਆਏ ਹਾਂ ਤਾਂ ਪਿਤਾ ਕਾਲੂ ਜੀ ਨੇ ਸਨਾਤਨੀ ਰੀਤੀ ਨਾਲ ਸ਼ੁਭ-ਮੁਹੂਰਤ ਨਿਕਲਵਾ ਕੇ ਉਨ੍ਹਾਂ ਨੂੰ ਵਿਦਿਆ-ਪ੍ਰਾਪਤੀ ਲਈ ਭੇਜਣ ਵਾਸਤੇ ਉਪਕ੍ਰਮ ਕੀਤਾ। ਕਵੀ ਨੇ ਪੰਡਿਤ ਦਾ ਨਾਮ ਪਿਰਥੀ ਮੱਲ ਦਸਿਆ ਹੈ।[285] ਪੰਡਿਤ ਪਿਰਥੀ ਮੱਲ ਇਕ ਚੰਗਾ ਅਧਿਆਪਕ ਸੀ। ਉਹ ਹਿੰਦੂ ਧਰਮ ਦੀ ਵਿਦਿਆ ਪ੍ਰਦਾਨ ਕਰਨ ਵਿਚ ਚੰਗਾ ਅਧਿਆਪਨ-ਕੁਸ਼ਲ ਉਸਤਾਦ ਦਰਸਾਇਆ ਹੈ, ਭਾਵੇਂ ਕਿ ਗੁਰੂ ਜੀ ਨੇ ਉਸ ਨੂੰ ਹੀ ਪੱਟੀ ਬਾਣੀ ਰਾਹੀਂ ਉਪਦੇਸ਼ ਦਿਤਾ, ਜਿਸਦਾ ਕਵੀ ਨੇ ਵਿਸਤ੍ਰਿਤ ਵਰਨਣ ਕੀਤਾ ਹੈ। ਕਿਸੇ ਵੀ ਜਨਮਸਾਖੀ ਵਿਚ ਗੁਰੂ ਜੀ ਦਾ ਸਮਾਜਿਕ ਪ੍ਰਵਿਰਤੀ ਵਾਂਗ ਪੜ੍ਹਨਾ ਨਹੀਂ ਦਿਖਾਇਆ ਗਿਆ ਪਰ ਕਵੀ ਨੇ ਇਸ ਨੂੰ ਸਮਾਜਿਕ

---

[284] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 296.

[285] ਉਹੀ, ਪਤਰਾ 295-

ਪਿਰਥੀ ਮਲਿ ਪੰਡਿਤ ਜੋਗ ਮਹਾਤੁਮ ਨਾਨਕ ਕੋ ਤਿਸ ਪਾਸ ਬਿਠਾਵੋ॥ ਸਭ ਤੇ ਵਹਿ ਪੰਡਿਤੁ ਊਤਮ ਹੈ ਸਭ ਗਾਵ ਵਿਖੈ ਤਹਿ ਆਹਿ ਸੁਨਾਵੋ॥

ਵਰਤਾਰੇ ਵਾਂਗ ਵੀ ਪ੍ਰਸਤੁਤ ਕੀਤਾ ਹੈ, ਕਵੀ ਨੇ ਇਹ ਵੀ ਕਿਹਾ ਹੈ ਕਿ ਸ੍ਰੀ ਨਾਨਕ ਜੀ ਨੇ ਕੁਝ ਹੀ ਦਿਨਾਂ ਵਿਚ ਹੀ ਵਿਦਿਆ ਪ੍ਰਾਪਤ ਕਰ ਲਈ ਸੀ, ਕਵੀ ਨੇ ਇਸ ਦਾ ਜ਼ਿਕਰ ਪਾਂਡੇ ਤੋਂ ਕਰਵਾਇਆ ਹੈ। ਯਥਾ-

ਜਬ ਨਾਨਕ ਇਹੁ ਪੜੈ ਹਮ ਤੈ ਤਬ ਹਵੈ ਹਮਰੀ ਜਗ ਮੇ ਪ੍ਰਭਤਾਈ॥

ਮੈ ਇਹੁ ਚਾਹਿ ਹੁਤਿ ਬਹਿ ਚਾਹਿ ਸੁਜਾਨ ਲਈ ਸੁਖਦਾਈ॥

ਮਨ ਨਾਨਕ ਕਿ ਤਿਸੁ ਮੇ ਨ ਲਗੈ ਪਰ ਚਾਹਿ ਦਈ ਦਿਜ ਕੋ ਬਡਿਆਈ॥

ਇਸ ਤੇ ਦਿਨ ਕੈਤਿਕ ਤਾਹਿ ਲਿਖਿਉ ਅਲਪੰ ਦਿ ਮੈ ਬਿਦਿਆ ਸਭ ਪਾਈ॥

.........................................................

ਤੁਮਨੈ ਬਿਦਜਾ ਪੜੀ ਸੁ ਜੇਤੀ॥ ਸਫਲੀ ਹੋਹੁ ਸੁ ਬਿਦਯਾ ਤੇਤੀ॥

ਬੇਦ ਪੁਰਾਣ ਪੜੇ ਤੁਮ ਜੇਤੇ॥ ਕੰਠ ਮੁਖਾਗਰਿ ਰਹੈਂ ਸੁ ਤੇਤੇ॥47 ॥[286]

ਇਸ ਵਰਤਾਰੇ ਨੂੰ ਆਧੁਨਿਕ ਵਿਦਵਾਨ ਡਾ. ਕਿਰਪਾਲ ਸਿੰਘ ਵੀ ਮੰਨਦੇ ਹਨ ਕਿ ਸ੍ਰੀ ਨਾਨਕ ਜੀ ਨੇ ਜਲਦ ਹੀ ਸਿਖਿਆ ਪ੍ਰਾਪਤ ਕਰ ਲਈ ਸੀ। [287] ਸੋ ਕਵੀ ਵਿਦਿਆ ਪ੍ਰਾਪਤੀ ਦੀ ਸਾਖੀ ਵਿਚ ਜਿਥੇ ਪਰੰਪਰਾਗਤ ਪੱਟੀ ਬਾਣੀ ਦੀ ਰਚਨਾ ਹੋਈ ਮੰਨਦਾ ਹੈ, ਉਥੇ ਗੁਰੂ ਜੀ ਦੁਆਰਾ ਸਿਖਿਆ ਪ੍ਰਾਪਤ ਕਰਨ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਸਾਡੇ ਸਾਹਮਣੇ ਰਖਦਾ ਹੈ, ਜਿਸ ਦਾ ਜ਼ਿਕਰ ਇਸ ਪ੍ਰਕਾਰ ਵਿਗਿਆਨਕ ਢੰਗ ਅਨੁਸਾਰ ਹੋਰ ਕਿਸੇ ਜਨਮਸਾਖੀ ਵਿਚ ਨਹੀਂ ਕੀਤਾ ਗਿਆ। ਪਰ ਕਵੀ ਨੇ ਮਾਤਰ ਪੰਡਿਤ ਕੋਲੋਂ ਹੀ ਸਿਖਿਆ ਪ੍ਰਾਪਤੀ ਦਾ ਪ੍ਰਸੰਗ ਚਰਚਿਤ ਗ੍ਰੰਥ ਵਿਚ ਸ਼ਾਮਿਲ ਕੀਤਾ ਹੈ, ਹੋਰ ਕਿਸੇ ਮੁਲਾਂ ਇਤਿਆਦਿਕ ਦਾ ਨਹੀਂ। ਜਦਕਿ ਹੋਰ ਜਨਮਸਾਖੀਆਂ ਵਿਚ ਮੁਲਾਂ ਪਾਸੋਂ ਸਿਖਿਆ ਪ੍ਰਾਪਤ ਕਰਨ ਦਾ ਜ਼ਿਕਰ ਮਿਲਦਾ ਹੈ। ਇਸ ਦੇ ਨਾਲ ਹੀ ਜਿਥੇ ਜਨਮਸਾਖੀ ਸਾਹਿਤ ਵਿਚ ਪੰਡਿਤ ਦਾ ਨਾਮ ਗੋਪਾਲ ਲਿਖਿਆ ਮਿਲਦਾ ਹੈ, ਉਥੇ ਕਵੀ ਦੁਆਰਾ ਪੰਡਿਤ ਪਿਰਥੀ ਮਲ ਇਕ ਵਿਲਖਣ ਨਾਮ ਹੈ।

---

[286] ਉਹੀ, ਪਤਰਾ 341-42.

[287] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 3.

ਚਰਚਿਤ ਕ੍ਰਿਤੀ ਅਨੁਸਾਰ ਗੁਰੂ ਜੀ ਅਠ ਸਾਲ ਦੇ ਹੁੰਦੇ ਹਨ। ਅਠ ਸਾਲ ਤੋਂ ਪਹਿਲਾਂ ਉਪਰੋਕਤ ਸਾਰੀਆਂ ਘਟਨਾਵਾਂ ਘਟ ਚੁਕੀਆਂ ਸਨ। ਪਿਤਾ ਕਾਲੂ ਵਿਚਾਰ ਕਰਦਾ ਹੈ ਕਿ ਗੁਰੂ ਜੀ ਦੇ ਖੇਡਣ ਦਾ ਸਮਾਂ ਬੀਤ ਚੁਕਾ ਹੈ, ਕਿਉਂ ਕਿ ਉਹ ਅਠ ਸਾਲ ਦੇ ਹੋ ਗਏ ਹਨ, ਇਸ ਲਈ ਕਿਸੇ ਨਾ ਕਿਸੇ ਕਿਰਤ ਵਿਚ ਲਗਾਇਆ ਜਾਵੇ-

ਆਠ ਬਰਸ ਕਾ ਨਾਨਕ ਭਯੋ॥ ਖੇਲਣਿ ਕਾ ਅਬ ਵਖਤਿ ਸੁ ਗਯੋ॥7॥

ਅਬ ਇਸ ਤੇ ਕਛੁ ਕਿਰਤਿ ਕਰਾਵਉ॥ ਪਿਰਥਮ ਅਲਪ ਸੁ ਕਾਮ ਬਤਾਵਉ॥[288]

ਪਰ ਗੁਰੂ ਜੀ ਦਾ ਕਿਸੇ ਵੀ ਕੰਮ ਵਿਚ ਮਨ ਨਾ ਲਗਾ। ਪਿਤਾ ਕਾਲੂ ਨੂੰ ਨਾਨਕੀ ਦੀ ਚਿੰਤਾ ਹੋ ਰਹੀ ਸੀ ਕਿ ਉਸ ਦਾ ਵਿਆਹ ਵੀ ਕਰਨਾ ਹੈ। ਕਵੀ ਕਹਿੰਦਾ ਹੈ ਕਿ ਇਕ ਦਿਨ ਪਿਤਾ ਕਾਲੂ ਦਾ ਸਹਿਜ ਹੀ ਧਿਆਨ ਆਪਣੀ ਪੁਤਰੀ ਵੱਲ ਗਿਆ ਅਤੇ ਉਸ ਨੂੰ ਚਿੰਤਾ ਹੋਣ ਲਗੀ-

ਇਕ ਦਿਨ ਕਾਲੂ ਸਹਜਿ ਸੁਭਾਇ॥ ਕੰਨਜਾ ਦੇਖੀ ਘਰਿ ਮੈ ਆਇ॥

ਸਪਤਿ ਬਰਸਿ ਕੀ ਕੰਨਜਾ ਦੇਖੀ॥ ਚਿੰਤਾ ਉਪਜੀ ਤਾਹਿ ਬਿਸੇਖੀ॥59॥[289]

ਇਸ ਚਿੰਤਾਂ ਦੀ ਵਿਚਾਰ ਉਸ ਨੇ ਰਾਇ ਭੋਇ ਨਾਲ ਕੀਤੀ, ਜਿਸ ਨੇ ਸੁਲਤਾਨਪੁਰ ਵਿਚ ਪਰਮਾਨੰਦ ਦੇ ਪੁਤਰ ਜੈ ਰਾਮ ਬਾਰੇ ਦਸਿਆ ਅਤੇ ਉਸ ਨਾਲ ਨਾਨਕੀ ਦਾ ਵਿਆਹ ਕਰ ਦਿਤਾ ਗਿਆ। ਇਥੇ ਕਵੀ ਦੀ ਇਕ ਉਕਾਈ ਸਾਹਮਣੇ ਆਈ ਹੈ । ਧਰਮ ਉਦਯੋਗ ਖੰਡ ਦੇ ਪਹਿਲੇ ਹੀ ਅਧਿਆਇ ਵਿਚ ਕਵੀ ਕਹਿੰਦਾ ਹੈ ਕਿ ਗੁਰੂ ਜੀ ਦੀ ਉਮਰ ਅਠ ਸਾਲ ਹੋ ਗਈ ਹੈ, ਇਸ ਲਈ ਉਸ ਨੂੰ ਕਿਸੇ ਕਿਰਤ ਵਿਚ ਲਗਾਇਆ ਜਾਵੇ। ਧਰਮ ਉਦਯੋਗ ਖੰਡ ਦੇ ਪਹਿਲੇ ਅਧਿਆਇ ਵਿਚ ਹੀ ਨਾਨਕੀ ਦੇ ਵਿਆਹ ਦੀ ਚਿੰਤਾ ਸਮੇਂ ਕਵੀ ਨੇ ਨਾਨਕੀ ਦੀ ਉਮਰ ਸੱਤ ਸਾਲ ਦਸੀ ਹੈ । ਇਸ ਪ੍ਰਕਾਰ ਨਾਨਕੀ ਗੁਰੂ ਜੀ ਤੋਂ ਉਮਰ ਵਿਚ ਛੋਟੀ ਹੋਈ। ਪਰ ਸਾਰੇ ਹੀ ਜਨਮਸਾਖੀਆਂ ਵਿਚ ਨਾਨਕੀ ਨੂੰ ਨਾਨਕ ਜੀ ਤੋਂ ਵਡਾ ਦਸਿਆ ਹੈ। ਸੋ ਇਹ ਤਰਕ ਸੰਗਤ ਨਹੀਂ ਹੈ, ਇਹ ਕਵੀ ਦੀ ਉਕਾਈ ਹੈ।

---

[288] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 378-79.

[289] ਉਹੀ, ਪਤਰਾ 383.

ਪਿਤਾ ਕਾਲੂ ਸ੍ਰੀ ਨਾਨਕ ਜੀ ਨੂੰ ਜਿਸ ਵੀ ਕਿਰਤ ਵਿਚ ਲਗਾਉਂਦੇ ਉਹਨਾਂ ਦਾ ਮਨ ਉਸ ਵਿਚ ਨਾ ਲਗਦਾ। ਇਸ ਦੇ ਬਾਬਤ ਕਵੀ ਨੇ ਖਰੇ ਸੌਦੇ ਵਾਲੀ ਸਾਖੀ ਵੀ ਅੰਕਿਤ ਕੀਤੀ ਹੈ।

ਕਵੀ ਗੁਰੂ ਜੀ ਦੀ ਸਗਾਈ ਦਾ ਜ਼ਿਕਰ ਕਰਦੇ ਹੋਏ ਕਹਿੰਦਾ ਹੈ, ਕਿ ਇਕ ਦਿਨ ਪਖੋ ਕੇ ਰੰਧਾਵੇ ਪਿੰਡ ਦੇ ਮੂਲੇ ਖਤ੍ਰੀ ਨੇ ਆਪਣੀ ਪੁਤਰੀ ਦੀ ਸਗਾਈ ਸੁਲਤਾਨਪੁਰ ਭੇਜੀ। ਜਿਥੇ ਪਿਤਾ ਕਾਲੂ ਨੇ ਰਾਇ ਭੋਇ ਨੂੰ ਸੁਨੇਹਾ ਭੇਜਿਆ ਕਿ ਸਗਾਈ ਆਈ ਹੈ। ਪਰ ਰਾਇ ਸਾਹਿਬ ਨੇ ਮੂਲਚੰਦ ਦੀ ਗਰੀਬੀ ਦਾ ਹਵਾਲਾ ਦੇ ਕੇ ਸਗਾਈ ਤੋਂ ਇਨਕਾਰ ਕਰ ਦਿਤਾ-

ਅਚਲਿ ਵਟਾਲ੍ਹੇ ਤੇ ਸਗਾਈ ਭੇਜੀ ਮੂਲ ਚੰਦ ਬਿਪਰ ਹੈ ਆਯੋ ਏਹੁ ਕਹਯੋ ਤਾ ਸੁਨਾਇਕੈ॥

ਰਾਇ ਸੁਨਿ ਕਹਯੋ ਵਾਕ ਹਮੈ ਏ ਨ ਭਾਇ ਸਾਕ ਮਹੀ ਪਰ ਮਾਡ ਆਕ ਦਯੋ ਤਾ ਚਿਤਾਇਕੈ॥45 ॥

ਸਵੈਯਾ॥ ਠੋਰ ਭਲੀ ਪਰ ਸਾਕ ਗਰੀਬ ਸੁ ਨਾ ਇਸ ਤੇ ਹਮਰੇ ਮਨ ਆਵੈ॥

ਲਾਇਕ ਨਾਹਿ ਨ ਹੈ ਤੁਮਰੇ ਇਤਿਨੇ ਪਰ ਆਗਹਿ ਜੋ ਤੁਹਿ ਭਾਵੈ॥[290]

ਜਦੋਂ ਇਹ ਖਬਰ ਪਖੋਕੇ ਰੰਧਾਵੇ ਜਾ ਕੇ ਦਸੀ ਕਿ ਸਗਾਈ ਤੋਂ ਇਨਕਾਰ ਕਰ ਦਿਤਾ ਹੈ ਤਾਂ ਮੂਲ ਚੰਦ ਨੇ ਅਜਿਤੇ ਚੌਧਰੀ ਕੋਲ ਜਾ ਕੇ ਗੱਲ ਦਸੀ, ਉਸ ਨੇ ਕਿਹਾ ਕਿ ਉਹ ਚਿਠੀ ਲਿਖ ਕੇ ਭੇਜ ਦੇਵੇਗਾ ਅਤੇ ਇਹ ਸਗਾਈ ਹੋ ਜਾਵੇਗੀ। ਉਸ ਨੇ ਰਾਇ ਨੂੰ ਚਿਠੀ ਲਿਖੀ ਅਤੇ ਰਾਇ ਨੇ ਚਿਠੀ ਪੜ੍ਹ ਕੇ ਸਗਾਈ ਲਈ ਹਾਂ ਕਰ ਦਿਤੀ ਅਤੇ ਕਿਹਾ ਕਿ ਇਹ ਵਾਕ ਹੁਣ ਮੋੜੇ ਨਹੀਂ ਜਾਣੇ-

ਮਹਾਨ ਵਾਕ ਕੇਰਿਆ ਨ ਜਾਇ ਤਾਹਿ ਫੇਰਿਆ

ਬਿਚਾਰ ਵਾਕ ਹੇਰਿਆ ਬੁਲਾਰ ਤਾਹਿ ਭਾਖਿਆ॥

ਲਿਖਾ ਜੁ ਆਪ ਵਾਹਿ ਨੈ ਨ ਫੇਰਿਆ ਸੁ ਯਾਹਿ ਨੈ

ਕਹਯੋ ਨ ਤਾਹਿ ਨਾਹਿ ਨੈ ਕਰਾ ਸੁ ਤਾਹਿ ਆਖਿਆ॥

ਕਹੀ ਜੁ ਤਾਹਿ ਆਨ ਕੈ ਲਈ ਸੁ ਬਾਤ ਮਾਨ ਕੈ

ਮਹਾਨ ਵਾਕ ਜਾਨ ਕੈ ਕਹਜਾ ਨ ਤਾਹਿ ਫੇਰਿਆ॥

---

[290] ਉਹੀ, ਪਤਰਾ 466.

ਮਹਾਨ ਕਾਜ ਸਾਰਨੰ ਬਿਦਾ ਕਰਜੁ ਸੁ ਚਾਰਨੰ

ਗਯੋ ਸੁ ਜਾਹਿ ਕਾਰਨੰ ਭਯੋ ਸੁ ਕਾਜ ਤੇਰਿਆ॥56॥[291]

ਇਹ ਬਿਰਤਾਂਤ ਹੋਰ ਕਿਸੇ ਜਨਮਸਾਖੀ ਵਿਚ ਨਹੀਂ ਮਿਲਦਾ, ਇਸ ਦੇ ਸ੍ਰੋਤ ਬਾਰੇ ਵੀ ਕਹਿਣਾ ਅਤਿ ਜਟਿਲ ਹੈ। ਡਾ. ਕਿਰਪਾਲ ਸਿੰਘ ਨੇ ਮੂਲੇ ਨੂੰ ਪਟਵਾਰੀ ਦਸਿਆ ਹੈ ,[292] ਇਸ ਪ੍ਰਕਾਰ ਦੋਨੋ ਪਾਸੇ ਆਰਥਿਕ ਪਖੋਂ ਕੋਈ ਬਹੁਤਾ ਅੰਤਰ ਨਹੀਂ ਹੋਣਾ। ਇਸ ਲਈ ਇਹ ਤਰਕ ਸੰਗਤ ਨਹੀਂ ਲਗ ਰਿਹਾ, ਇੰਵ ਭਾਸਦਾ ਹੈ ਕਿ ਇਹ ਕਵੀ ਦੀ ਨਿਰੋਲ ਕਲਪਨਾ ਹੋਵੇ। ਪਰ ਕਵੀ ਨੇ ਇਹ ਇਕ ਨਵਾਂ ਤਥ ਸਾਡੇ ਸਾਹਮਣੇ ਰਖਿਆ ਹੈ, ਜਿਸ ਦੀ ਭਾਵੇਂ ਕਿ ਇਤਿਹਾਸਕ ਮਹਤਾ ਜ਼ਿਆਦਾ ਨਾ ਹੋਵੇ। ਪਰ ਇਸ ਤੋਂ ਮੂਲ ਚੰਦ ਅਤੇ ਅਜਿਤਾ ਰੰਧਾਵਾ ਦੇ ਗੂੜ੍ਹ ਸੰਬੰਧਾਂ ਦਾ ਪਤਾ ਚਲਦਾ ਹੈ। ਕਵੀ ਨੇ ਸਗਾਈ ਦਾ ਸਮਾਂ 1544 ਬਿ. (1487 ਈ.) ਦਸਿਆ ਹੈ-

ਸਵੈਂ ਲੋਕ ਸਭਿ ਲੇਫੁ ਨਿਹਾਲੀ॥ ਸੰਮਤੁ ਪੰਦ੍ਰਾ ਸੈ ਚਾਉਤਾਲੀ॥26॥

ਮਘਰ ਮਾਹੁ ਸੁਦੀ ਪਖ ਜਾਨੋ॥ ਥਿਤ ਪੰਚਮੀ ਤਾਹਿ ਪਛਾਨੋ॥

ਰਾਮਾ ਕਿਸਨਾ ਆਇ ਸੁ ਦੋਈ॥ ਨਾਨਕ ਕੀ ਕੁੜਮਾਈ ਹੋਈ॥27॥[293]

ਕਵੀ ਅਨੁਸਾਰ ਜਦੋਂ ਗੁਰੂ ਜੀ ਸੁਲਤਾਨਪੁਰ ਗਏ ਤਾਂ ਉਨ੍ਹਾਂ ਨਾਲ ਬਾਲਾ ਅਤੇ ਰਾਮ ਦਿਆਲ ਵੀ ਨਾਲ ਸਨ।[294] ਸੁਲਤਾਨਪੁਰ ਨੂੰ 1544 ਬਿ. (1487 ਈ.) ਵਿਚ ਜਾਣ ਦਾ ਵਿਸ਼ੇਸ਼ ਜ਼ਿਕਰ ਕਵੀ ਨੇ ਇੰਵ ਕੀਤਾ ਹੈ-

ਪੰਦ੍ਰਾ ਸੈ ਚਉਤਾਲ੍ਹੀਆ ਸੰਮਤੁ ਮਘਰ ਮਾਹਿ॥

---

[291] ਉਹੀ, ਪਤਰਾ 468.

[292] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 7.

[293] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 478.

[294] ਉਹੀ, ਪਤਰਾ 480-

ਬਾਲਾ ਰਾਮ ਦਿਆਲ ਦ੍ਵੈ ਦਏ ਸੁ ਨਾਨਕ ਸੰਗ॥ ਗਾਡੀ ਮਾਹਿ ਸੁ ਬੈਠ ਕਰਿ ਦੋਨੋ ਚਲੇ ਉਮੰਗ॥

ਸੁਦੀ ਪਖ ਥਿਤ ਚਾਰ ਛੇ ਘਰਿ ਤੇ ਚਲੇ ਸੁ ਤਾਹਿ॥39॥

ਦੋਹਰਾ॥ ਐਤਵਾਰ ਦਿਨ ਚਲੇ ਥੇ ਆਠ ਘੜੀ ਉਪਰੰਤ॥

ਪਹੁਚੇ ਸ਼ੁਕਰਵਾਰ ਦਿਨ ਛਠੀ ਘੜੀ ਬਰਤੰਤ॥40॥[295]

ਪਰ ਹੋਰਨਾਂ ਸ੍ਰੋਤ ਗ੍ਰੰਥਾਂ- ਵਿਲਾਇਤ ਵਾਲੀ ਜਨਮਸਾਖੀ[296], ਜਨਮਸਾਖੀ ਸੋਢੀ ਮਿਹਰਬਾਨ[297], ਜਨਮਸਾਖੀ ਭਾਈ ਮਨੀ ਸਿੰਘ[298] ਇਤਿਆਦਿਕ ਵਿਚ ਸੁਲਤਾਨਪੁਰ ਜਾਣ ਦਾ ਸਮਾਂ ਗੁਰੂ ਜੀ ਦੇ ਵਿਆਹ ਤੋਂ ਬਾਅਦ ਲਿਖਿਆ ਹੈ। ਭਾਈ ਬਾਲਾ ਵਾਲੀ ਜਨਮਸਾਖੀ ਵਿਚ ਇਹ ਤਥ ਸਵਾਲੀਆ ਹੈ, ਕਿਉਂਕਿ ਉਸ ਵਿਚ ਨਾਨਕੀ ਦੀ ਵਿਆਹ ਗੁਰੂ ਜੀ ਦੀ ਅਠਾਰਾਂ ਸਾਲ ਦੀ ਉਮਰ ਵਿਚ ਹੋਇਆ-

---

[295] ਉਹੀ, ਪਤਰਾ 480.

[296] ਨੋਟ- ਵਿਲਾਇਤ ਵਾਲੀ ਜਨਮਸਾਖੀ ਵਿਚ ਗੁਰੂ ਜੀ ਦੀ ਕੁੜਮਾਈ ਅਤੇ ਵਿਆਹ ਪਹਿਲਾਂ ਦਸਿਆ ਹੈ ਅਤੇ ਸੁਲਤਾਨਪੁਰ ਜਾਣਾ ਬਾਅਦ ਵਿਚ ਹੈ। (ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮਸਾਖੀ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 20ਵੀਂ ਵਾਰ, 2016, ਪੰਨਾ 26 ਅਤੇ 36).

[297] ਨੋਟ- ਮਿਹਰਬਾਨ ਵਾਲੀ ਜਨਮਸਾਖੀ ਵਿਚ ਗੁਰੂ ਜੀ ਦਾ ਵਿਆਹ ਪਹਿਲਾਂ ਦਸਿਆ ਹੈ ਅਤੇ ਸੁਲਤਾਨਪੁਰ ਜਾਣਾ ਬਾਅਦ ਵਿਚ ਹੈ।

(ਕਿਰਪਾਲ ਸਿੰਘ, *ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਲਿਖਤ ਸ੍ਰੀ ਮਿਹਰਬਾਨ ਜੀ ਸੋਢੀ,* ਖਾਲਸਾ ਕਾਲਜ, ਅੰਮ੍ਰਿਤਸਰ, 1962, ਪੰਨਾ 29).

[298] ਨੋਟ- ਜਨਮਸਾਖੀ ਭਾਈ ਮਨੀ ਸਿੰਘ ਵਿਚ ਗੁਰੂ ਜੀ ਦਾ ਵਿਆਹ ਪਹਿਲਾਂ ਦਸਿਆ ਹੈ ਅਤੇ ਸੁਲਤਾਨਪੁਰ ਜਾਣਾ ਬਾਅਦ ਵਿਚ ਹੈ।

(ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 365 ਅਤੇ 367).

*ਜਾ ਨਾਨਕ ਵਰ੍ਹਿ/ਆ ਅਠਾਰਾ ਦਾ (ਨਾਨਕ) ਹੋਇਆ (ਤਾ) ਚੇਤ ਵੈਸਾਖ ਦੇ ਦਿਨ ਆਹੇ॥ ਕਛਾ ਦੇ ਦਿਨ ਆਹੇ॥ ਕਛ (ਦੇ) ਵਾਸਤੇ ਜੈਰਾਮੁ ਪਲਤਾ ਆਇਆ ਸੀ ਅਮਲੁ ਕਰਣਿ...................॥*[299]

ਫਿਰ ਇਸ ਤੋਂ ਅਗੇ ਇਸੇ ਜਨਮਸਾਖੀ ਵਿਚ ਸੁਲਤਾਨਪੁਰ ਜਾਣ ਦਾ ਸਮਾਂ 1540 ਬਿ. ਦਸਿਆ ਹੈ-

*ਸੰਮਤੁ 1540 (ਪੰਦ੍ਰਹ ਸੈ ਚਾਲੀਸੀ ਮਿਤੀ) ਮੰਘਰ ਸੁਦੀ (ਤੀਜ) 3॥ ਨਾਨਕ ਜੈਰਾਮ ਪਾਸਿ (ਗਇਆ) ਸੁਲਤਾਨਪੁਰਿ ਪੰਜਵੇ ਦਿਨ (ਜਾਇ ਪਹੁਚਿਆ) ਗਇਆ॥*[300]

ਇਸ ਅਨੁਸਾਰ ਜੇਕਰ ਗੁਰੂ ਜੀ 1540 ਬਿ. ਨੂੰ ਸੁਲਤਾਨਪੁਰ ਜਾਂਦੇ ਹਨ ਤਾਂ (1540-1526=14) ਗੁਰੂ ਜੀ ਦੀ ਉਮਰ 14 ਸਾਲ ਬਣਦੀ ਹੈ, ਜਦਕਿ ਨਾਨਕੀ ਦਾ ਵਿਆਹ ਗੁਰੂ ਜੀ ਦੇ ਅਠਾਰਾਂ ਸਾਲ ਦੇ ਹੋਣ 'ਤੇ ਕੀਤਾ ਗਿਆ ਸੀ। ਸੋ ਇਸ ਕ੍ਰਿਤੀ ਵਿਚਲੀਆਂ ਇਨ੍ਹਾਂ ਉਕਾਈਆਂ ਕਰਕੇ ਕੁਝ ਵੀ ਕਹਿਣਾ ਸਹੀ ਨਹੀਂ ਹੋਵੇਗਾ।

ਸੋ ਅਸੀਂ ਕਹਿ ਸਕਦੇ ਹਾਂ ਕਿ ਉਪਰੋਕਤ ਸ੍ਰੋਤ ਗੁਰੂ ਜੀ ਦੇ ਸੁਲਤਾਨਪੁਰ ਜਾਣ ਦੇ ਸੰਵਤ ਨਾਲ ਇਕਮਤ ਨਹੀਂ ਹਨ। ਕਵੀ ਦੁਆਰਾ ਗੁਰੂ ਜੀ ਦਾ 18 ਸਾਲ ਵਿਚ ਸੁਲਤਾਨਪੁਰ ਜਾਣਾ ਵਿਲਖਣ ਹੈ। ਸੁਲਤਾਨਪੁਰ ਕੁਝ ਕੁ ਦਿਨ ਗੁਰੂ ਜੀ ਬਿਨਾ ਕਿਸੇ ਕਿਰਤ ਤੋਂ ਉਦਾਸ ਰਹੇ। ਇਕ ਦਿਨ ਰਾਮ ਦਿਆਲ ਨੇ ਕਿਹਾ ਕਿ ਉਹ ਵਾਪਿਸ ਜਾਣਾ ਚਾਹੁੰਦਾ ਹੈ। ਸ੍ਰੀ ਨਾਨਕ ਜੀ ਨੇ ਜੈ ਰਾਮ ਨੂੰ ਕਿਹਾ ਕਿ ਇਨ੍ਹਾਂ ਨੂੰ ਵਾਪਿਸ ਭੇਜ ਦਿਉ, ਜੇਕਰ ਇਹ ਜਾਣਾ ਚਾਹੁੰਦੇ ਹਨ। ਜੈਰਾਮ ਨੇ ਗੁਰੂ ਜੀ ਦੀ ਉਦਾਸੀ ਦਾ ਕਾਰਣ ਪੁਛਿਆ ਅਤੇ ਕਿਹਾ ਕਿ ਕੋਈ ਕਿਰਤ ਕਰੋ। ਗੁਰੂ ਜੀ ਨੇ ਪਰਮਾਤਮਾ ਦੀ ਭਗਤੀ ਤੋਂ ਬਿਨਾਂ ਹੋਰ ਸਭ ਕਿਰਤ ਨੂੰ ਵਿਅਰਥ ਦਸਿਆ। ਫਿਰ ਜੈ ਰਾਮ ਨੇ ਗੁਰੂ ਜੀ ਨੂੰ 500 ਰੁਪਏ ਦੇ ਕੇ ਕੋਈ ਕਿਰਤ ਕਰਨ ਲਈ ਕਿਹਾ-

ਸੁਨਿ ਕਰਿ ਬਹੁਰਿ ਕਹਜੋ ਜਬ ਰਾਮ॥ ਤੁਮ ਕੋ ਅਉਰ ਬਤਾਵਉ ਕਾਮ॥
ਦੇਉ ਪਾਚ ਸੈ ਤੋਹਿ ਰੁਪਯਾ॥ ਬੈਠੋ ਲਾਇ ਦੁਕਾਨ ਸੁ ਭਯਾ॥60॥

---

[299] ਡਾ. ਗੁਰਬਚਨ ਕੌਰ, *ਜਨਮ-ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ,* ਭਾਸ਼ਾ ਵਿਭਾਗ, 1987, ਪੰਨਾ 185.

[300] ਉਹੀ, ਪੰਨਾ 189.

ਦੋਹਰਾ॥ ਦਯੋਗ ਰੁਪਯਾ ਪਾਚ ਸੈ ਬੈਠੇ ਜਾਇ ਬਜਾਰ॥

ਸਾਮ ਭਈ ਘਰਿ ਆਵਣਾ ਭਾਖਿਯੋ ਤਾਹਿ ਉਦਾਰ॥61॥[301]

ਗੁਰੂ ਜੀ ਉਹ ਰੁਪਏ ਲੈ ਕੇ ਬਾਜਰ ਵਿਚ ਗਏ ਅਤੇ ਕਿਰਤ ਸ਼ੁਰੂ ਕੀਤੀ, ਸਭ ਤੋਂ ਪਹਿਲਾਂ ਇਕ ਬ੍ਰਹਮਣ ਮਿਲਿਆ, ਗੁਰੂ ਜੀ ਨੇ ਉਸ ਨੂੰ ਇਕ ਰੁਪਇਆ ਦਾਨ ਦੇ ਕੇ ਬਹੁਣੀ ਕੀਤੀ। ਫਿਰ ਇਕ ਹੋਰ ਵਿਅਕਤੀ ਆਇਆ ਜਿਸ ਕੋਲ ਟੁਟੇ ਹੋਏ ਆਭੂਖਣ ਸਨ, ਉਹ ਪੰਜਾਹ ਰੁਪਏ ਮੰਗ ਰਿਹਾ ਸੀ ਪਰ ਬਾਜਾਰ ਵਿਚ ਉਸ ਦੀ ਕੀਮਤ 25-30 ਰੁਪਏ ਲਗਾਈ ਜਾ ਰਹੀ ਸੀ। ਫਿਰ ਉਹ ਗੁਰੂ ਜੀ ਕੋਲ ਆਇਆ ਅਤੇ ਆਭੂਖਣਾਂ ਦੇ ਪੰਜਾਹ ਰੁਪਏ ਮੰਗੇ। ਗੁਰੂ ਜੀ ਨੇ ਉਹ ਪਚਵੰਜਾ ਰੁਪਏ ਵਿਚ ਖਰੀਦੇ। ਫਿਰ ਇਕ ਹੋਰ ਗ੍ਰਾਹਕ ਆਇਆ ਅਤੇ ਉਸ ਤੋਂ ਵੀ ਸਮਾਨ ਖਰੀਦ ਕੇ ਉਸ ਨੂੰ ਮੋਹਰਾਂ ਦੇ ਦਿਤੀਆਂ। ਇਸ ਤਰ੍ਹਾਂ ਅਠ ਦਿਨ ਵਿਚ ਹੀ ਗੁਰੂ ਜੀ ਨੇ ਵਸਤਾਂ ਖਰੀਦ-ਵੇਚ ਕੇ ਡੇਢ ਗੁਣਾਂ ਰੁਪਏ ਕਰ ਲਏ। ਯਥਾ-

ਮੁਹੁਰਾਂ ਲਈ ਆਇ ਕਰਿ ਤਾਹਿ॥ ਲੈ ਕਰਿ ਗਯੋ ਸੁ ਨਿਜ ਘਰਿ ਮਾਹਿ॥

ਅਦਲਾ ਬਦਲੀ ਕਰਤਿ ਬਿਹਾਯੋ॥ ਦਿਨ ਪੁਨਿ ਅਪਨੇ ਘਰਿ ਕੋ ਆਯੋ॥75॥

ਕਰਤਿ ਬਿਹਾਰ ਆਠ ਦਿਨ ਬੀਤੇ॥ ਦਾਮ ਡੇਵਢੇ ਨਾਨਕ ਕੀਤੇ॥[302]

ਜੈ ਰਾਮ ਨੇ ਬਾਲੇ ਨੂੰ ਪੁਛਿਆ ਕਿ ਕਿਰਤ ਕਿਵੇਂ ਚਲ ਰਹੀ ਹੈ, ਬਾਲੇ ਨੇ ਕਿਹਾ ਕਿ ਉਹ ਤਾਂ ਤੋਰਕੀ ਪੜ੍ਹਨ ਨਹੀਂ ਜਾਣਦਾ, ਪਰ ਜੋ ਉਸ ਨੇ ਦੇਖਿਆ ਹੈ, ਉਸ ਅਨੁਸਾਰ ਨਾਨਕ ਨੂੰ ਜੋ ਵੀ ਸੌਦਾ ਸਹਿਜ ਮਿਲ ਜਾਂਦਾ ਹੈ ਉਹ ਲੈ ਲੈਂਦਾ ਹੈ, ਉਸ ਨੂੰ ਪਰਵਾਹ ਨਹੀਂ ਕਿ ਪੂੰਜੀ ਘਟ ਰਹੀ ਹੈ। ਇਹ ਗੱਲ ਸੁਣ ਕੇ ਜੈ ਰਾਮ ਨੂੰ ਚਿੰਤਾ ਹੋਈ। ਉਸ ਨੇ ਜਦੋਂ ਬਹੀ ਦੇਖੀ ਅਤੇ ਲੇਖਾ ਕੀਤਾ ਤਾਂ ਡੇਢ ਗੁਣਾਂ ਪੂੰਜੀ ਵਧੀ ਪਾਈ-

ਲੇਖਾ ਕੀਉ ਜਬੈ ਜਯ ਰਾਮ॥ ਭਏ ਡੇਵਢੇ ਤਾਹਿ ਸੁ ਦਾਮ॥

ਦੇਖਤਿ ਸੋਇ ਹਰਖ ਮਨ ਭਯੋ॥ ਨਾਨਕ ਕੰਠ ਲਾਇ ਤਿਨ ਲਯੋ॥88॥[303]

---

[301] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 481.

[302] ਉਹੀ, ਪਤਰਾ 482.

[303] ਉਹੀ, ਪਤਰਾ 483.

ਜਦੋਂ ਜੈਰਾਮ ਨੇ ਦੇਖਿਆ ਕਿ ਨਾਨਕ ਨੇ ਨਫਾ ਕਮਾਇਆ ਹੈ ਤਾਂ ਉਸ ਨੂੰ ਸ਼ਾਬਾਸ਼ ਕਿਹਾ ਅਤੇ ਦੌਲਤ ਖਾਂ ਕੋਲ ਲੈ ਕੇ ਗਿਆ। ਨਵਾਬ ਦੇ ਪੁਛਣ 'ਤੇ ਜੈਰਾਮ ਨੇ ਗੁਰੂ ਜੀ ਦੀ ਪਰਿਚਯ ਦਿਤਾ ਅਤੇ ਨਵਾਬ ਨੇ ਕਿਹਾ ਕਿ ਜੇਕਰ ਇਹ ਪੜ੍ਹਨ ਲਿਖਣ ਜਾਣਦਾ ਹੈ ਤਾਂ ਇਸ ਨੂੰ ਕੰਮ 'ਤੇ ਲਗਾ ਦਿਤਾ ਜਾਏ। ਫਿਰ ਨਵਾਬ ਨੇ ਗੁਰੂ ਜੀ ਦੇ ਵਿਆਹ ਬਾਰੇ ਵੀ ਪੁਛਿਆ ਕਿ ਵਿਆਹ ਹੋਇਆ ਹੈ ਜਾਂ ਨਹੀਂ। ਜੈਰਾਮ ਨੇ ਕਿਹਾ ਕਿ ਅਜੇ ਸਗਾਈ ਹੋਈ ਹੈ। ਇਸ ਤਰ੍ਹਾਂ ਨਵਾਬ ਨੇ ਜੈ ਰਾਮ ਨੂੰ ਕਿਹਾ ਕਿ ਪਰਮਾਨੰਦ ਜੋ ਕਿ ਦੌਲਤ ਖਾਂ ਦਾ ਦੀਬਾਨ ਹੈ, ਇਸ ਲਈ ਮੋਦੀ ਖਾਨਾ ਵੀ ਉਸ ਪਾਸ ਹੈ, ਸੋ ਨਾਨਕ ਨੂੰ ਕੋਈ ਵੀ ਕੰਮ ਦੇ ਦਿਤਾ ਜਾਏ। ਫਿਰ ਨਵਾਬ ਨੇ ਇਕ ਸਿਰੋਪਾਉ ਦੇ ਕੇ ਇਕ ਹਜਾਰ ਰੁਪਇਆ ਨਾਨਕ ਦੀ ਝੋਲੀ ਵਿਚ ਪਾ ਦਿਤਾ ਅਤੇ ਨਾਨਕ ਨੇ ਦੌਲਤ ਖਾਂ ਦਾ ਕੰਮ ਸੰਭਾਲ ਲਿਆ-

ਨਾਨਕ ਲੇਕਰਿ ਦਾਮ ਸੋ ਬੈਠਾ ਆਇ ਦੁਕਾਨ॥

ਕਾਂਮ ਚਲਾਯੋ ਭੂਪ ਕਾ ਨਾਨਕ ਪੁਰਖੁ ਮਹਾਨ॥27॥[304]

ਅਗਲੇ ਦਿਨ ਗੁਰੂ ਸਾਹਿਬ ਨੇ ਸਮਾਨ ਖ਼ਰੀਦ ਕੇ ਮੋਦੀਖ਼ਾਨੇ ਦਾ ਕੰਮ ਆਰੰਭ ਕਰ ਦਿਤਾ। ਗੁਰੂ ਸਾਹਿਬ ਦਾ ਮੋਦੀਖ਼ਾਨੇ ਦਾ ਕੰਮ ਬਹੁਤ ਵਧੀਆ ਚਲ ਪਿਆ। ਸਵੇਰ ਤੋਂ ਲੈ ਕੇ ਸ਼ਾਮ ਤਕ ਸੌਦਾ ਲੈਣ ਵਾਲੇ ਲੋਕਾਂ ਦੀ ਭੀੜ ਮੋਦੀਖ਼ਾਨੇ ਅਗੇ ਲਗੀ ਰਹਿੰਦੀ ਸੀ। ਗੁਰੂ ਜੀ ਦੀ ਆਸੇ-ਪਾਸੇ ਵਾਹ-ਵਾਹ ਹੋਣ ਲਗੀ ਅਤੇ ਲੋਕ ਦੌਲਤ ਖਾਂ ਕੋਲ ਜਾ ਕੇ ਗੁਰੂ ਜੀ ਦੀ ਵਡਿਆਈ ਕਰਦੇ ਸਨ। [305] ਗੁਰੂ ਨਾਨਕ ਦੇਵ ਜੀ ਨੇ ਆਪਣਾ ਧਰਮ ਅਤੇ ਦੁਨਿਆਵੀ ਕੰਮ ਨੂੰ ਬਹੁਤ ਸਜਗ ਢੰਗ ਨਾਲ ਚਲਾਇਆ ਹੋਇਆ ਸੀ। ਉਹ ਦਿਨ ਸਮੇਂ ਕਿਰਤ ਕਰਦੇ ਅਤੇ ਰਾਤ ਨੂੰ ਭਜਨ ਕਰਦੇ ਸਨ-

ਸ੍ਵਾਰਥਪੁਨਿ ਪਰਮਾਰਥ ਜੋਊ॥ ਦੋਨੋ ਨਾਨਕ ਸਾਧੈ ਸੋਊ॥

---

[304] ਉਹੀ, ਪਤਰਾ 485.

[305] ਉਹੀ, ਪਤਰਾ 485-

ਚੌਪਈ॥ ਐਸਾ ਕਾਮ ਚਲਾਯੋ ਤਾਹਿ॥ ਸਭਿ ਕੋ ਖੁਸੀ ਹੋਇ ਮਨ ਮਾਹਿ॥ ਭੂਪ ਪਾਸ ਸਭਿ ਕਰੈਂ ਤਰੀਫ॥ ਬਡੇ ਬਡੇ ਜੋ ਬਿਰਧ ਜਰੀਫ॥

ਦਿਨੁ ਕੋ ਕਾਂਮ ਰੈਂਨ ਕੋ ਰਾਮ॥ ਨਾਨਕ ਭਜਨੁ ਕਰੈ ਨਿਹਕਾਮ॥30॥[306]

ਚਰਚਿਤ ਕ੍ਰਿਤੀ ਅਨੁਸਾਰ ਗੁਰੂ ਜੀ ਦਾ ਕਿਰਤ ਕਰਨ ਦਾ ਢੰਗ ਬਾਕੀ ਦੁਕਾਨਦਾਰਾਂ ਨਾਲੋਂ ਵਖਰਾ ਸੀ, ਜਦੋਂ ਕੋਈ ਕੁਝ ਖਰੀਦਣ ਲਈ ਆਉਂਦਾ ਸੀ ਤਾਂ ਗੁਰੂ ਜੀ ਉਸ ਨਾਲ ਪਿਆਰ ਸਹਿਤ ਪਰਮਾਤਮਾ ਦੀ ਭਗਤੀ ਦੀਆਂ ਗੱਲਾਂ ਕਰਦੇ ਸਨ, ਸੋ ਮਿਠਾ ਬੋਲਣਾ ਅਤੇ ਧਰਮ ਦੀ ਗੱਲ ਨੇ ਹੀ ਸ਼ਾਇਦ ਲੋਕਾਂ ਨੂੰ ਗੁਰੂ ਜੀ ਵੱਲ ਆਕਰਸ਼ਿਤ ਕੀਤਾ। ਯਥਾ-

ਮਾਹਿ ਦੁਕਾਨ ਲੇਣ ਜੋ ਆਵੈ॥ ਸਾਦਰ ਤਿਸ ਕੋ ਪਾਸ ਬਿਠਾਵੈ॥

ਹਰਿ ਸਨਬੰਧੀ ਬਾਤ ਸੁਣਾਇ॥ ਸਭਿ ਕੇ ਮਨ ਕੋ ਲਏ ਰਿਝਾਏ॥5॥

ਬੈਠੈਂ ਬਹੁਤਿ ਪਾਸ ਤਹਿ ਆਈ॥ ਹਰਿ ਭਗਤੀ ਮੈ ਦੇਇ ਲਗਾਈ॥[307]

ਵਿਲਾਇਤ ਵਾਲੀ ਜਨਮਸਾਖੀ ਅਤੇ ਜਨਮਸਾਖੀ ਸੋਢੀ ਮਿਹਰਬਾਨ ਵਿਚ ਮੋਦੀਖਾਨੇ ਦੇ ਹਿਸਾਬ ਕਰਨ ਦੀ ਸਾਖੀ ਦਰਜ ਨਹੀਂ ਹੈ। ਜਨਮਸਾਖੀ ਭਾਈ ਮਨੀ ਸਿੰਘ ਵਿਚ ਇਹ ਸਾਖੀ ਸ਼ਾਮਿਲ ਹੈ। ਭਾਈ ਬਾਲੇ ਵਾਲੀ ਜਨਮਸਾਖੀ ਵਿਚ ਹਿਸਾਬ ਕਰਨ ਬਾਰੇ ਦੋ ਸਾਖੀਆਂ ਅੰਕਿਤ ਕੀਤੀਆਂ ਗਈਆਂ ਹਨ ।[308] ਸ੍ਰੀ ਨਾਨਕ ਪ੍ਰਕਾਸ਼ ਵਿਚ ਤਿੰਨ ਵਾਰ ਲੇਖਾ ਕਰਨ ਦੀ ਗਲ ਕਹੀ ਗਈ ਹੈ [309] ਅਤੇ ਵਿਚਾਰਾਧੀਨ ਕ੍ਰਿਤੀ ਵਿਚ ਵੀ ਹਿਸਾਬ ਕਰਨ ਬਾਰੇ ਤਿੰਨ ਸਾਖੀਆਂ ਪ੍ਰਾਪਤ ਹਨ । ਜਨਮਸਾਖੀ ਭਾਈ ਮਨੀ ਸਿੰਘ ਵਿਚ ਇਹ ਸਾਖੀ ਵੇਈ ਪ੍ਰਵੇਸ਼ ਤੋਂ ਪਹਿਲਾਂ ਅੰਕਿਤ ਕੀਤੀ ਗਈ ਹੈ [310], ਕਿਉਂਕਿ ਉਸ ਤੋਂ ਬਾਅਦ ਗੁਰੂ ਜੀ ਉਦਾਸੀਆਂ ਲਈ

---

[306] ਉਹੀ.

[307] ਉਹੀ, ਪਤਰਾ 490.

[308] ਡਾ. ਗੁਰਬਚਨ ਕੌਰ, *ਜਨਮ-ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1987, ਪੰਨਾ 197, 212.

[309] ਔਲਖ ਅਜੀਤ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਕ੍ਰਿਤ ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜਿਲਦ ਪਹਿਲੀ (ਸਟੀਕ)* , ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2003, ਪੰਨਾ 198, 225, 324.

[310] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 368.

ਚਲਦੇ ਹਨ। ਚਰਚਿਤ ਕ੍ਰਿਤੀ ਅਨੁਸਾਰ ਪਹਿਲਾ ਲੇਖਾ ਜੈਰਾਮ ਦੁਆਰਾ ਕੀਤਾ ਗਿਆ ਜੋ ਉਸ ਨੇ ਪੰਜ ਸੌ ਰੁਪਏ ਨਾਨਕ ਨੂੰ ਦੁਕਾਨ ਕਰਨ ਹਿਤ ਦਿਤੇ ਸਨ, ਜਿਸ ਦਾ ਹੋਰ ਕਿਸੇ ਸ੍ਰੋਤ ਵਿਚ ਜ਼ਿਕਰ ਨਹੀਂ ਕੀਤਾ ਗਿਆ। ਬਾਕੀ ਦੋ ਲੇਖੇ ਦੌਲਤ ਖਾਂ ਦੁਬਾਰਾ ਲਏ ਗਏ। ਇਨ੍ਹਾਂ ਕੀਤੇ ਗਏ ਲੇਖਿਆਂ ਦੀ ਚਰਚਾ ਇਸ ਪ੍ਰਕਾਰ ਹੈ-

ਇਕ ਦਿਨ ਬਾਲੇ ਦੇ ਘਰ ਗੁਰੂ ਜੀ ਨੇ ਸੌ ਰੁਪਏ ਅਤੇ ਇਕ ਚਿਠੀ ਭੇਜੀ ਅਤੇ ਕਿਹਾ ਕਿ ਇਸ ਵਿਚੋਂ ਤੀਹ ਰੁਪਏ ਬ੍ਰਹਮਣ ਨੂੰ ਦੇਣੇ ਹਨ। ਜਦੋਂ ਉਹ ਰੁਪਏ ਤਲਵੰਡੀ ਪਹੁੰਚੇ ਤਾਂ ਕਾਲੂ ਨੇ ਹੈਰਾਨੀ ਨਾਲ ਕਿਹਾ ਕਿ ਨਾਨਕ ਕੋਲ ਇਹ ਰੁਪਏ ਕਿਥੋਂ ਆਏ ਅਤੇ ਅਨੁਮਾਨ ਲਗਾਇਆ ਕਿ ਜੈਰਾਮ ਨੇ ਦਿਤੇ ਹੋਣਗੇ। ਸੌ ਰੁਪਏ ਭੇਜਣ ਦੀ ਗੱਲ ਕਿਸੇ ਨੇ ਦੌਲਤ ਖਾਂ ਨੂੰ ਜਾ ਕੇ ਦਸ ਦਿਤੀ ਅਤੇ ਕਿਹਾ ਕਿ ਨਾਨਕ ਰੁਪਏ ਘਰ ਭੇਜ ਰਿਹਾ ਹੈ, ਸੋ ਉਹ ਰੁਪਏ ਲੁਟਾ ਰਿਹਾ ਹੈ ਇਸ ਲਈ ਲੇਖਾ ਕੀਤਾ ਜਾਵੇ। ਨਵਾਬ ਨੇ ਹਿਸਾਬ ਕਰਨ ਬਾਰੇ ਕਿਹਾ, ਇਹ ਗੱਲ ਨਿਧੇ ਬ੍ਰਾਹਮਣ ਨੇ ਨਾਨਕੀ ਨੂੰ ਦਸੀ। ਨਾਨਕੀ ਨੂੰ ਫਿਕਰ ਹੋਣ ਲਗੀ ਜਦੋਂ ਉਸਨੇ ਗਰੂ ਜੀ ਨੂੰ ਕਿਹਾ ਕਿ ਨਵਾਬ ਲੇਖਾ ਮੰਗ ਰਿਹਾ ਹੈ ਤਾਂ ਗੁਰੂ ਜੀ ਨੇ ਬਹੁਤ ਹੀ ਵਿਸ਼ਵਾਸ ਨਾਲ ਕਿਹਾ ਕਿ ਲੇਖਾ ਦੇ ਦੇਵਾਂਗਾ, ਮੈਂ ਕਿਸੇ ਦਾ ਕੁਝ ਖਾਧਾ ਨਹੀਂ ਹੈ ਅਤੇ ਬਾਲੇ ਨੂੰ ਹਰ ਦਿਨ ਦਾ ਹਿਸਾਬ ਲਿਖਾਇਆ ਜਾਂਦਾ ਹੈ। ਯਥਾ-

ਨਾਨਕ ਕਹਯੋ ਨ ਚਿੰਤਾ ਕੀਜੈ॥ ਲੇਖੈ ਦੇਣਾ ਲੇਖੈ ਲੀਜੈ॥

ਹਮ ਕਿਸ ਹੂੰ ਕਾ ਖਾਯੋ ਨਾਹਿ॥ ਤੂੰ ਕਿਉ ਡਰੈਂ ਆਪ ਮਨ ਮਾਹਿ॥57॥

ਹਮਰਾ ਲੇਖਾ ਹਮਰੇ ਪਾਸ॥ ਹਮਰਾ ਕਾਮ ਕੀਉ ਹਰਿ ਰਾਸ॥

ਬਾਲਾ ਲੇਖਾ ਰੋਜ ਬਿਚਾਰੇ॥ ਤਿਨ ਸੈ ਫਾਜਲਿ ਅਉਰ ਹਮਾਰੇ॥58॥[311]

ਗੁਰੂ ਜੀ ਨੇ ਆਮਦਨ ਅਤੇ ਖ਼ਰਚ ਸਭ ਲਿਖਵਾ ਦਿਤਾ। ਹਿਸਾਬ ਕਰਨ 'ਤੇ ਤਿੰਨ ਸੌ ਰੁਪਏ ਨਫਾ ਹੋਇਆ। ਨਵਾਬ ਨੇ ਖੁਸ਼ ਹੋ ਕੇ ਤਿੰਨ ਸੌ ਜਿਹੜੇ ਨਫੇ ਵਾਲੇ ਸਨ, ਉਹ ਨਾਨਕ ਨੂੰ ਦੇ ਦਿਤੇ।[312] ਇਹ

[311] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 487.

[312] ਉਹੀ-

ਲੇਖਾ ਤਿੰਨ ਮਹੀਨੇ ਬਾਅਦ ਕੀਤਾ ਗਿਆ ਸੀ।[313] ਬਾਅਦ ਵਿਚ ਜੈ ਰਾਮ ਨੂੰ ਬੁਲਾ ਕੇ ਦੁਕਾਨ ਲਈ ਸਤਾਰਾਂ ਸੌ ਰੁਪਏ ਹੋਰ ਦੇ ਦਿਤੇ।[314] ਪਹਿਲੀ ਵਾਰ ਹਿਸਾਬ ਕਰਨ 'ਤੇ ਜਨਮਸਾਖੀ ਭਾਈ ਬਾਲਾ ਅਤੇ ਸ੍ਰੀ ਨਾਨਕ ਪ੍ਰਕਾਸ਼ ਇਕਮਤ ਹਨ, ਉਨ੍ਹਾਂ ਅਨੁਸਾਰ ਇਕ ਸੌ ਪੈਂਤੀ ਰੁਪਏ ਵਧੇ, ਜਦਕਿ ਜਨਮਸਾਖੀ ਭਾਈ ਮਨੀ ਸਿੰਘ ਵਿਚ ਲੇਖੇ ਵਿਚ ਪੰਜ ਹਜ਼ਾਰ ਰੁਪਏ ਵਧੇ ਦਸੇ ਹਨ।[315]

ਚਰਚਿਤ ਕ੍ਰਿਤੀ ਵਿਚ ਗੁਰੂ ਜੀ ਦੀ ਦੁਕਾਨ ਵਿਚਲੇ ਸਮਾਨ ਦਾ ਚਿਤਰਣ ਕਰਨ ਦਾ ਪ੍ਰਯਤਨ ਕੀਤਾ ਗਿਆ ਹੈ, ਜੋ ਇਤਿਹਾਸਕ ਪਖੋਂ ਮਹਤਵਪੂਰਨ ਹੈ-

ਪਰਮਾਨੰਦ ਸੁਤਿ ਦਾਮ ਲਿਆਯੋ॥ ਨਾਨਕ ਫੇਰ ਸੁ ਕਾਮ ਚਲਾਯੋ॥
ਗੁੜ ਸੁੱਕਰ ਘਿਉ ਮੈਦਾ ਲਿਆਵੇ॥ ਲਯੋ ਦੁਕਾਨ ਮਾਹਿ ਸਭ ਪਾਇਉ॥4॥
ਮੋਠ ਬਾਜਰਾ ਚਨੇ ਲਿਆਇਊ॥ ਸੈਂਧਵ ਆਦਿਕ ਸਰਵ ਲਾਇਓ॥
ਸਗਲ ਸਮਗਰੀ ਹਯੈ ਜੇਤੀ॥ ਬਾਲਾ ਸੰਧੂ ਲਿਆਇਉ ਤੇਤੀ॥[316]

---

ਲੇਖਾ ਦਯੋ ਆਪ ਜਯ ਰਾਮ॥ ਬਧੇ ਤੀਨ ਸੈ ਇਨ ਕੇ ਦਾਮ॥ ਜਾਦੋ ਰਾਇ ਕਹਿਯੋ ਪੁਨਿ ਜਾਇ॥ ਲੇਖਾ ਮੈਂ ਲੇ ਆਯੋ ਰਾਇ॥62 ॥
ਬਧੇ ਤੀਨ ਸੈ ਤਾਕੇ ਦਾਮ॥ ਪੁਨਿ ਤਿਨ ਤੁਮ ਕੋ ਕਹਜੋ ਸਲਾਮ॥ ਤਾ ਕੋ ਬਧੇ ਰੁਪਯੇ ਜੋਈ॥ ਨਾਨਕ ਕੋ ਤੁਮ ਦੇਵਉ ਸੋਈ॥63 ॥

[313] ਉਹੀ, ਪਤਰਾ 488-

ਛਪੈ ਤੀਨ ਮਹੀਨੇ ਕਾਮ ਕੀਉ ਨਾਨਕ ਸੁਖਦਾਈ॥ ਤੀਨ ਮਹੀਨੇ ਮਾਹਿ ਤੀਨ ਸੈ ਲਯੋ ਕਮਾਈ॥

[314] ਉਹੀ, ਪਤਰਾ 490-

ਉਟੰਙਿਣ ਛੰਦ॥ ਖਾਨ ਜੈ ਰਾਮ ਕੋ ਆਪ ਬੁਲਾਇਕੈ ਸਾਦਰੰ ਪਾਸ ਬੈਠਾਇ ਲੀਆ॥ ਦਾਮ ਤਾ ਫੇਰ ਦੋਕਾਨ ਕੇ ਵਾਸਤੇ ਸਤਰਾਂ ਸੈ ਪੁਨੈ ਔਰ ਦੀਆ॥

[315] ਤਾਂ ਦੂਜੇ ਦਿਨ ਬਾਬੇ ਕਹਿਆ ਅਸਾਡੇ ਨਾਲ ਤੁਸੀਂ ਮੋਦੀਖ਼ਾਨੇ ਦਾ ਲੇਖਾ ਕਰੋ। ਤਾਂ ਦੀਵਾਨ ਦੇ ਨਾਲ ਲੇਖਾ ਕੀਤਾ ਤਾਂ ਪਰਗਣੇ ਦਾ ਆਮਦਨੀ ਭੀ ਪੂਰੀ ਕਰ ਦਿਤੀ ਅਰ ਪੰਜ ਹਜਾਰ ਰੁਪਯਾ ਭੀ ਦੀਵਾਨ ਵਲਿ ਵਧੀਕ ਕਢਿਆ।

(ਕਿਰਪਾਲ ਸਿੰਘ, *ਜਨਮਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 368).

[316] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 490.

ਇਸ ਤਰ੍ਹਾਂ ਦੂਜੇ ਮੋਦੀ ਕੋਲ ਜੋ ਕਿ ਘਟ ਤੋਲਦਾ ਸੀ, ਦੀ ਦੁਕਾਨ ਉਪਰ ਲੋਕ ਜਾਣੋ ਹਟ ਗਏ ਅਤੇ ਉਸ ਦਾ ਕੰਮ-ਕਾਜ ਠਪ ਹੋ ਗਿਆ, ਉਸ ਦਾ ਮੰਨਣਾ ਸੀ ਕਿ ਨਾਨਕ ਕਰਕੇ ਉਸਦਾ ਕੰਮ-ਕਾਜ ਠਪ ਹੋਇਆ ਹੈ। ਇਸ ਲਈ ਉਸਨੇ ਦੌਲਤ ਖਾਂ ਪਾਸ ਜਾ ਕੇ ਸ਼ਿਕਾਇਤਿ ਕੀਤੀ ਕਿ ਨਾਨਕ ਲੋਕਾਂ ਨੂੰ ਸਾਰਾ ਸਮਾਨ ਲੁਟਾ ਰਿਹਾ ਹੈ, ਜੇਕਰ ਉਸ ਨੂੰ ਨਾ ਰੋਕਿਆ ਗਿਆ ਤਾਂ ਉਹ ਮੋਦੀਖ਼ਾਨਾ ਖਾਲੀ ਕਰ ਦੇਵੇਗਾ। ਜਿਸ ਕਰਕੇ ਦੌਲਤਾ ਖਾਂ ਨੇ ਦੂਜੀ ਵਾਰ ਲੇਖਾ ਕੀਤਾ, ਜਿਸ ਵਿਚ ਇਕਤੀ ਸੌ ਰੁਪਏ ਨਫਾ ਨਿਕਲਿਆ। ਯਥਾ-

ਇਕ ਸਉ ਤੀਨ ਹਜ਼ਾਰ ਸੁ ਜਾਨੋ॥ ਇਸ ਮੈ ਭੇਦ ਨ ਰੰਚਕ ਮਾਨੋ॥
ਲੇਖਾ ਕਰਿਯੋ ਹਮ ਬਹੁ ਬਾਰ॥ ਇਸ ਤੇ ਕਮ ਨਹਿ ਹੋਇੰ ਉਦਾਰ॥[317]

ਫਿਰ ਨਵਾਬ ਨੇ ਜਾਦੋ ਰਾਏ ਨਾਮ ਦੇ ਮੁਨਸ਼ੀ ਨੂੰ ਬੁਲਾ ਕੇ ਦੁਬਾਰਾ ਚੰਗੀ ਤਰ੍ਹਾਂ ਹਿਸਾਬ ਕਰਨ ਲਈ ਕਿਹਾ। ਜਾਦੋ ਰਾਏ ਨਵਾਬ ਦਾ ਹੁਕਮ ਮੰਨ ਕੇ ਲੇਖਾ ਕਰਨ ਬੈਠ ਗਿਆ। ਮੁਨਸ਼ੀ ਨੇ ਬੜੇ ਧਿਆਨ ਨਾਲ ਸਾਰਾ ਹਿਸਾਬ ਵੀਹ ਦਿਨ ਵਿਚ ਮੁਕੰਮਲ ਕੀਤਾ। ਹਿਸਾਬ ਕਰਨ ਤੇ ਇਕ ਸੌ ਤੀਹ ਰੁਪਏ ਹੋਰ ਵਧਾ ਦਿਤੇ।[318] ਨਵਾਬ ਨੇ ਖ਼ੁਸ਼ ਕੇ ਪੰਜ ਹਜ਼ਾਰ ਰੁਪਏ ਹੋਰ ਸੌਦਾ ਪਾਉਣ ਲਈ ਦੇ ਦਿਤੇ।[319] ਚਰਚਿਤ ਕ੍ਰਿਤੀ ਵਿਚ ਨਵਾਬ ਵਲੋਂ ਤੀਜੀ ਵਾਰ ਲੇਖਾ ਲੈਣ ਦੀ ਗੱਲ ਨਹੀਂ ਮਿਲਦੀ, ਪਰ ਵਿਆਹ ਤੋਂ ਬਾਅਦ ਈਰਖਾਲੂਆਂ ਦੀ ਸ਼ਿਕਾਇਤ ਕਰਨ ‘ਤੇ ਨਵਾਬ ਦਾ ਅਨਾਜ ਭੰਡਾਰ ਨੂੰ ਵਾਚਣ ਦਾ ਪ੍ਰਸੰਗ ਕਵੀ ਨੇ ਅੰਕਿਤ ਕੀਤਾ ਹੈ, ਜੋ ਕਿ ਭਰੇ ਹੋਏ ਪਾਏ ਜਾਂਦੇ ਹਨ, ਇਸ ਤੋਂ ਬਾਅਦ ਦੌਲਤ ਖਾਂ ਨੇ ਕਦੇ ਵੀ ਲੇਖਾ ਨਹੀਂ ਲਿਆ।[320]

---

[317] ਉਹੀ, ਪਤਰਾ 508.

[318] ਉਹੀ, ਪਤਰਾ 508 –

ਜਾਦੋ ਰਾਇ ਸੰਗਿ ਕਰਿ ਦਯੋ॥ ਬਹੁਰਿ ਹਿਸਾਬ ਜਾਇ ਤਿਨ ਲਯੋ॥ ਲੇਖਾ ਕਰਤਿ ਲਗੇ ਦਿਨ ਬੀਸ॥ ਕਾਢੇ ਦਾਮ ਅਉਰ ਇਕਤੀਸ॥17॥ ਹਰਿ ਬਾਲੇ ਫੁਰਤੀ ਦਿਖਲਾਈ॥ ਇਕ ਸਉ ਤੀਸ ਸੁ ਦਏ ਬਧਾਈ॥

[319] ਉਹੀ, ਪਤਰਾ 509 -

ਪੁਨਿ ਦੁਕਾਨ ਕੇ ਵਾਸਤੇ ਦੀਨੇ ਪਾਂਚ ਹਜਾਰ॥ ਲੇਹੁ ਦੁਸਾਲਾ ਭਾਖਿਯੋ ਹੋਇ ਪ੍ਰਸੰਨ ਉਦਾਰ॥26॥

[320] ਉਹੀ, ਪਤਰਾ 620-

ਸੋ ਉਪਰੋਕਤ ਮੋਦੀ ਖਾਨੇ ਦੀ ਕਾਰ ਅਤੇ ਹਿਸਾਬ ਦੇਣ ਵਾਲੇ ਪ੍ਰਸੰਗਾਂ ਤੋਂ ਨਿਮਨਲਿਖਤ ਸੰਭਾਵਨਾਵਾਂ ਪ੍ਰਗਟ ਹੁੰਦੀਆਂ ਹਨ-

1. ਜੈਰਾਮ ਦੁਆਰਾ ਪੰਜ ਸੌ ਰੁਪਏ ਦੇ ਕੇ ਪਹਿਲਾਂ ਕਿਰਤ ਕਰਵਾ ਕੇ ਦੇਖਣਾ, ਜਿਸ ਵਿਚ ਗੁਰੂ ਜੀ ਦਾ ਸਫਲ ਹੋਣਾ। ਬਾਅਦ ਵਿਚ ਦੌਲਤ ਖਾਂ ਕੋਲ ਨੌਕਰੀ ਲਈ ਲੈ ਕੇ ਜਾਣਾ। ਇਥੇ ਇਹ ਵੀ ਸੰਭਾਵਨਾ ਪ੍ਰਗਟ ਹੁੰਦੀ ਹੈ ਕਿ ਇਹ ਪੰਜ ਸੌ ਰੁਪਏ ਮਹਿਤਾ ਕਾਲੂ ਨੇ ਹੀ ਜੈ ਰਾਮ ਨੂੰ ਦਿਤੇ ਹੋਣਗੇ । ਕਿਉਂਕਿ ਉਸ ਸਮੇਂ ਲੜਕੀ ਦੇ ਘਰ ਦਾ ਅੰਨ/ਪਾਣੀ ਖਾਣ/ਪੀਣ ਵਾਲੇ ਨੂੰ ਨਰਕ ਦਾ ਭਾਗੀਦਾਰ ਸਮਝਿਆ ਜਾਂਦਾ ਸੀ। ਜਿਸਦਾ ਜ਼ਿਕਰ ਕਵੀ ਨੇ ਵੀ ਕੀਤਾ ਹੈ, ਜਦੋਂ ਮਹਿਤਾ ਕਾਲੂ ਨਾਨਕ ਨੂੰ ਮਿਲਣ ਹਿਤ ਸੁਲਤਾਨਪੁਰ ਜਾਂਦੇ ਹਨ।[321] ਸੋ ਇਸ ਤੋਂ ਸੰਭਾਵਨਾ ਪ੍ਰਗਟਦੀ ਹੈ ਕਿ ਮਹਿਤਾ ਕਾਲੂ ਨੇ ਹੀ ਨਾਨਕ ਦੀ ਕਿਰਤ ਲਈ ਜੈਰਾਮ ਨੂੰ ਪੰਜ ਸੌ ਰੁਪਏ ਦਿਤੇ ਹੋਣਗੇ, ਭਾਵੇਂ ਕਿ ਕਵੀ ਨੇ ਇਸ ਦਾ ਜ਼ਿਕਰ ਸਪਸ਼ਟ ਰੂਪ ਵਿਚ ਨਹੀਂ ਕੀਤਾ।

2. ਜੈਰਾਮ ਦੁਆਰਾ ਗੁਰੂ ਜੀ ਨੂੰ ਪੰਜ ਸੌ ਰੁਪਏ ਦੇ ਕੇ ਕੰਮ ਚਲਾਉਣ ਦਾ ਪ੍ਰਸੰਗ ਇਸ ਤੋਂ ਪਹਿਲਾਂ ਹੋਰ ਕਿਸੇ ਗੁਰਮੁਖੀ ਦੇ ਸ੍ਰੋਤ ਵਿਚ ਵਰਣਿਤ ਨਹੀਂ ਹੈ, ਸੋ ਇਹ ਇਕ ਨਵਾਂ ਪ੍ਰਸੰਗ ਹੈ, ਜੋ ਕਿ ਸਹੀ ਵੀ ਜਾਪਦਾ ਹੈ।

3. ਗੁਰੂ ਜੀ ਦੇ ਕੰਮ ਕਰਨ ਦਾ ਵਿਲਖਣ ਢੰਗ ਅਤੇ ਦੁਕਾਨ ਦੀਆਂ ਵਸਤਾਂ ਦਾ ਚਿਤਰਣ ਇਤਨਾ ਵਿਸਤਾਰ ਨਾਲ ਹੋਰ ਗੁਰਮੁਖੀ ਦੇ ਸ੍ਰੋਤਾਂ ਵਿਚ ਪਹਿਲੋਂ ਨਹੀਂ ਕੀਤਾ ਗਿਆ।

4. ਭਾਵੇਂ ਇਨ੍ਹਾਂ ਪ੍ਰਸੰਗਾਂ ਵਿਚਲੇ ਅੰਕੜੇ ਹੋਰਨਾ ਸ੍ਰੋਤਾਂ ਨਾਲ ਮੇਲ ਨਹੀਂ ਖਾਂਦੇ ਫਿਰ ਵੀ ਇਹ ਪ੍ਰਸੰਗ ਇਤਿਹਾਸਕ ਪਖੋਂ ਬਾਕੀ ਗੁਰਮੁਖੀ ਸ੍ਰੋਤਾਂ ਨਾਲੋਂ ਅਧਿਕ ਪ੍ਰਭਾਵਸ਼ਾਲੀ ਹਨ।

---

ਤਿਨਿ ਪੁਨਿ ਕਹਯੋ ਖਾਨ ਕੋ ਜਾਇ॥ ਕੋਠੇ ਭਰੇ ਦੇਖ ਹਮ ਆਏ॥ ਸੁਨਤਿ ਖਾਨ ਬਿਸਮੈ ਸੋ ਭਯੋ॥ ਲੇਖੇ ਕਾ ਪੁਨਿ ਨਾਮ ਨ ਲਯੋ॥42॥

[321] ਉਹੀ, ਪਤਰਾ 489-

ਦੁਹਿਤਾ ਘਰਿ ਕਾ ਅੰਨ ਸੁ ਜੋਇ॥ ਕਾਲੂ ਨਾਹਿ ਨਾ ਪਾਵੈ ਸੋਇ॥ ਕੰਨਜਾ ਕੇ ਘਰਿ ਕਾ ਜਲੁ ਜੋਈ॥ ਪੀਵੈ ਜਾਇ ਨਰਕ ਮੈ ਸੋਈ॥89॥

ਮੋਦੀ ਕਾਰ ਕਰਦੇ ਸਮੇਂ ਹੀ ਵਿਆਹ ਦਾ ਸਮਾਂ ਵੀ ਆ ਗਿਆ। ਚਰਚਿਤ ਕ੍ਰਿਤੀ ਵਿਚ ਕਵੀ ਨੇ ਗੁਰੂ ਸਾਹਿਬ ਦਾ ਵਿਆਹ 1547 ਬਿ. (1490 ਈ.) `ਚ ਹੋਇਆ ਲਿਖਿਆ ਹੈ। ਸੋ ਗੁਰੂ ਜੀ ਦੀ ਵਿਆਹ ਸਮੇਂ ਉਮਰ 21 ਸਾਲ ਬਣਦੀ ਹੈ। ਪਰ ਵਿਲਾਇਤ ਵਾਲੀ ਜਨਮਸਾਖੀ ਵਿਚ ਗੁਰੂ ਜੀ ਦਾ ਵਿਆਹ 12 ਸਾਲ ਦੀ ਉਮਰ ਵਿਚ ਹੋਣਾ ਨਿਸ਼ਚਿਤ ਕੀਤਾ ਹੈ।[322] ਜਨਮਸਾਖੀ ਸੋਢੀ ਮਿਹਰਬਾਨ ਵਿਚ ਸਗਾਈ ਦਾ ਸਮਾਂ ਸੰਵਤ 1542 ਬਿ. ਦਸਿਆ ਹੈ। [323] ਜਨਮਸਾਖੀ ਭਾਈ ਮਨੀ ਸਿੰਘ ਵਿਚ ਵਿਆਹ ਦਾ ਸਮਾਂ ਗੁਰੂ ਜੀ ਦੀ 14 ਸਾਲ ਦੀ ਉਮਰ ਵਿਚ ਦਸਿਆ ਹੈ। [324] ਚਰਚਿਤ ਕ੍ਰਿਤੀ ਵਿਚ ਗੁਰੂ ਜੀ ਦੇ ਵਿਆਹ ਸੰਬੰਧੀ ਦਿਤੇ ਵੇਰਵਿਆਂ ਤੋਂ ਪਤਾ ਲਗਦਾ ਹੈ, ਕਿ ਵਿਆਹ ਤੋਂ ਤਿੰਨ ਸਾਲ ਪਹਿਲਾਂ ਸਗਾਈ ਕੀਤੀ ਗਈ ਸੀ, ਸਿਖ ਸ੍ਰੋਤ ਗ੍ਰੰਥਾਂ ਵਿਚ ਇਹ ਸਮਾਂ ਅਲਗ-ਅਲਗ ਦਸਿਆ ਗਿਆ ਹੈ । ਜਿਥੇ ਹਰਬੰਸ ਸਿੰਘ ਨੇ ਵਿਆਹ ਦਾ ਸਮਾਂ 19 ਸਾਲ ਦਸਿਆ ਹੈ[325], ਉਥੇ ਡਾ. ਕਿਰਪਾਲ ਸਿੰਘ ਨੇ ਸਗਾਈ ਤੇ ਵਿਆਹ ਦਾ ਸਮਾਂ ਲਗਪਗ 15-16 ਸਾਲ ਦੀ ਉਮਰ ਵਿਚ ਹੋਣ ਦਾ ਅਨੁਮਾਨ ਲਗਾਇਆ ਹੈ। [326] ਸਗਾਈ ਅਤੇ ਵਿਆਹ ਸੰਬੰਧੀ ਚਰਚਾ ਤੋਂ ਅਸੀਂ ਕਹਿ ਸਕਦੇ ਹਾਂ, ਕਿ ਚਰਚਿਤ ਗ੍ਰੰਥ ਵਿਚ ਗੁਰੂ ਜੀ ਦਾ ਵਿਆਹ ਮੋਦੀਖ਼ਾਨੇ ਦੀ ਨੌਕਰੀ ਤੋਂ ਬਾਅਦ ਵਿਚ ਵਰਣਿਤ ਹੈ, ਜਦਕਿ ਬਾਕੀ ਸ੍ਰੋਤਾਂ ਵਿਚ ਵਿਆਹ ਤੋਂ ਬਾਅਦ ਮੋਦੀਖ਼ਾਨੇ ਦੀ ਨੌਕਰੀ ਕੀਤੀ। ਇਸ ਕਰਕੇ ਗੁਰੂ ਜੀ ਦਾ ਵਿਆਹ 21 ਸਾਲ ਦੀ ਉਮਰ ਵਿਚ ਹੋਇਆ, ਜਦਕਿ ਬਾਕੀ ਸ੍ਰੋਤਾਂ ਵਿਚ ਵਿਆਹ 15-16

---

[322] ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 20ਵੀਂ ਵਾਰ 2016, ਪੰਨਾ 26.

[323] ਕਿਰਪਾਲ ਸਿੰਘ, *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਲਿਖਤ ਸ੍ਰੀ ਮਿਹਰਬਾਨ ਜੀ ਸੋਢੀ,* ਖਾਲਸਾ ਕਾਲਜ, ਅੰਮ੍ਰਿਤਸਰ, 1962, ਪੰਨਾ 29.

[324] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 365, (ਅੰਤਿਕਾ).

[325] Harbans Singh,*Guru Nanak And Origins Of The Sikh Faith,* Asia Publishing House, Bombay, 1969, Page 91.

[326] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਉਹੀ, ਪੰਨਾ 6.

ਸਾਲ ਦੀ ਉਮਰ ਤੋਂ ਪਹਿਲਾਂ ਹੋ ਗਿਆ ਸੀ। ਪਰ ਗਣੇਸ਼ ਸਿੰਘ ਬੇਦੀ ਕ੍ਰਿਤ ਗੁਰੂ ਨਾਨਕ ਸੂਰਜੋਦੇ ਜਨਮਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਵਿਆਹ 22 ਸਾਲ ਭਾਵ 1491 ਈ. ਵਿਚ ਹੋਇਆ ਸੀ।[327] ਭਾਵੇਂ ਕਿ ਇਸ ਜਨਮਸਾਖੀ ਦੀ ਰਚਨਾ ਚਰਚਿਤ ਕ੍ਰਿਤੀ ਤੋਂ ਬਾਅਦ ਦੀ ਹੈ, ਪਰ ਫਿਰ ਵੀ ਇਹ 21-22 ਸਾਲ ਦੀ ਉਮਰ ਵਿਚ ਵਿਆਹ ਹੋਣ ਦੀ ਗੱਲ ਨਵੀਂ ਸਾਹਮਣੇ ਆਈ ਹੈ।

ਭਾਈ ਬਾਲੇ ਵਾਲੀ ਜਨਮਸਾਖੀ ਵਿਚ ਗੁਰੂ ਜੀ ਦੇ ਕੁਝ ਕੁ ਬਰਾਤੀਆਂ ਦੇ ਨਾਮ ਦਿਤੇ ਗਏ ਹਨ।[328] ਹੋਰ ਕਿਸੇ ਸ੍ਰੋਤ ਵਿਚ ਬਾਰਾਤੀਆਂ ਦੇ ਨਾਮ ਨਹੀਂ ਦਿਤੇ ਗਏ, ਪਰ ਚਰਚਿਤ ਕ੍ਰਿਤੀ ਵਿਚ ਕਵੀ ਨੇ ਬਹੁਤ ਸਾਰੇ ਬਰਾਤੀਆਂ ਦੇ ਨਾਮ ਦਿਤੇ ਹਨ। ਇਥੋਂ ਤਕ ਕਿ ਕਵੀ ਨੇ ਇਕ ਖੰਡ ਦਾ ਨਾਮ ਹੀ ਬਿਬਾਹਿ ਖੰਡ ਰਖਿਆ ਹੈ, ਭਾਵ ਗੁਰੂ ਜੀ ਦੇ ਵਿਆਹ ਦਾ ਵਿਸਤ੍ਰਿਤ ਵਰਨਣ ਕੀਤਾ ਹੈ, ਜਿਤਨਾ ਹੋਰ ਕਿਸੇ ਸ੍ਰੋਤ ਵਿਚ ਨਹੀਂ ਮਿਲਦਾ। ਕਵੀ ਨੇ ਇਕ ਥਾਂ ਇਕਠੇ 65 ਬਰਾਤੀਆਂ ਦੇ ਨਾਮ ਅੰਕਿਤ ਕੀਤੇ ਹਨ-

ਤਿਨ ਮੈ ਮੁਖਿ ਮੁਖਿ ਹਈਐ ਜੋਇ॥ ਸੁਨੋ ਨਾਮੁ ਤਿਨਕੇ ਕਹੋ ਸੋਇ॥
ਸਹਜਾ ਨੰਦ ਫਿਰੰਦਾ ਰਾਮਾ॥ ਜਗਤਿ ਰਾਇ ਪੁਨਿ ਅਵਰ ਸਿਆਮਾ॥16 ॥
ਅਮਲਾ ਛੰਦ॥ ਜਗ ਸੀਤਲ ਮਾਣਕ ਚੰਦ ਹਰੀ ਕਿਸਨਾ ਬਿਸਨਾ ਕਿਰਪਾ ਜਗ ਰਾਇ॥
ਸਿਧ ਰਾਮ ਸਿਤਾਬ ਨਿਧਾ ਪਰਸਾ ਸੁਖਰਾਮ ਸੁਖੂ ਬਲਿਰਾਮ ਸੁ ਆਏ ॥
ਜਟ ਮਲ ਅਟਲ ਪ੍ਰਿਥੀ ਮਲਿ ਜੀ ਰਤਨਾ ਹਰਿ ਕੇਸਰ ਜੀ ਕਰਮਾਏ॥
ਧਰਮਾ ਬਖਸੀ ਲਹਣਾ ਗਹਣਾ ਗੁਰਦਾਸ ਸਖਾ ਮਲਿ ਜੀ ਗੁਰ ਸਾਇ॥17 ॥

---

327 ਪੁਨ ਸੰਬਤ ਪੰਦ੍ਰਹ ਸੈ ਅਠਤਾਲੀ॥ ਸੁਭ ਹਾਢ ਸੁਦੀ ਸਪਤੈ ਤਿਥ ਭਾਲੀ॥
ਮੂਲੇ ਸਾਹਾ ਲਿਖ ਕੇ ਅਭਿਰਾਮੰ॥ ਗ੍ਰਿਹ ਦੀਨ ਪਠਾਇ ਤਬੈ ਜੈ ਰਾਮੰ॥2॥
(ਗਣੇਸ਼ ਸਿੰਘ ਬੇਦੀ, *ਗੁਰੂ ਨਾਨਕ ਸੂਰਜੋਦੇ ਜਨਮਸਾਖੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 100).

328 ਭਲਾ ਕਾਲੂ ਖੁਦਾਇ "ਪਤਿ ਰਖੈ" ਸਾਹੇ ਉਤੇ ਚਲੇ ਕਉਣੂ ਕਉਣੂ॥ ਕਾਲੂ ਲਾਲੂ॥ ਪਰਸਾ॥ ਰਾਮਾ॥ ਲਾਲੂ ਦਾ ਪੁਤੁ ਨੰਦ ਲਾਲ॥ ਇੰਦ੍ਰਸੈਣੁ॥ ਫਿਰੰਦਾ॥ ਜਗਤ ਰਾਇ॥ ਲਾਲ ਚੰਦੁ॥ ਜੁਗੂ ਮਲੁ (ਜਟ ਮਲੁ)॥ ਸੀਤਲੁ ਮਲੁ॥ ਜਟੁ ਮਲੁ॥ ਰਾਇ ਜੀ॥ ਇਤਨੇ ਤਾ ਵੇਦੀਆ ਦੇ ਹੈਨਿ ਜੀ॥

(ਡਾ. ਗੁਰਬਚਨ ਕੌਰ, *ਜਨਮ-ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ,* ਭਾਸ਼ਾ ਵਿਭਾਗ, 1987, ਪੰਨਾ 205.)

ਇੰਦਵ ਛੰਦ॥ ਅਗਰਮਲ ਸੁਖਾ ਮਲ ਰਾਘਵ ਜੈਮਲ ਜੀ ਤੁਰਸਾ ਹਰਸਾ ਹੈ॥

ਸਾਗਰ ਚੰਦ ਅਨੰਦ ਹਰੀ ਕਿਰਪਾ ਮਲ ਜੀ ਭਗਤਾ ਗੁਰਸਾ ਹੈ॥

ਨਾਗਰ ਚੰਦ ਅਣੀ ਦਖਣੀ ਅਰੁ ਮੋਹਿਣ ਜੀ ਜਗਤਾ ਪਰਸਾ ਹੈ॥

ਯਾਂਗਰ ਮਲ ਹਰੀ ਹਰਿ ਸਾਵਣਿ ਕੇਵਲ ਰਾਮ ਬੁਧੂ ਨਰਸਾ ਹੈ॥18॥

ਸੁੰਦਰ ਪਦਾ ਛੰਦ॥ ਨੰਦ ਲਾਲ ਲਾਲ ਚੰਦ॥ ਇੰਦ੍ਰਸੈਣ ਪ੍ਰਮਾਨੰਦ॥

ਜੈਦਰਥ ਸੀਤਾ ਰਾਮ॥ ਥੋਰਨ ਕੇ ਕਹੇ ਨਾਮ॥19॥

ਅੜਿਲ॥ ਜਗਤਿ ਰਾਇ ਵਖਾਤਵਰਿ ਅਵਰਿ ਸੁ ਜਾਨਿਯੈ॥ ਰਾਮ ਚੰਦ ਗੁਰ ਹੋ ਦਾਸ ਘਨੈਯਾ ਮਾਨਿਯੈ॥

ਬਡਨਿ ਬਡਨਿ ਕੇ ਨਾਮੁ ਇ ਕਹੇਂ ਸੁਨਾਇਕੈ॥ ਹੋ ਪਾਂਚੂ ਪਰਿ ਸਠ ਨਾਮੁ ਇ ਦਏ ਬਤਾਇਕੈ॥20॥[329]

ਸੋ ਇਤਨੇ ਨਾਮ ਅੰਕਿਤ ਕਰਕੇ ਕਵੀ ਨੇ ਯਤਨ ਕੀਤਾ ਹੈ ਕਿ ਉਹ ਬਰਾਤੀਆਂ ਦੇ ਨਾਮ ਦਸ ਸਕੇ। ਇਸ ਵਿਚ ਕੁਝ ਕੁ ਨਾਮ ਪਹਿਲਾਂ ਗੁਰੂ ਜੀ ਨੂੰ ਜਾਂ ਉਨ੍ਹਾਂ ਦੇ ਪਰਿਵਾਰ ਨਾਲ ਸੰਬੰਧਿਤ ਜਾਂ ਮਿਲ ਚੁਕੇ ਵਿਅਕਤੀਆਂ ਦੇ ਹਨ। ਜੇਕਰ ਉਹ ਘਟਨਾਵਾਂ ਇਤਿਹਾਸਕ ਪਖੋਂ ਸਹੀ ਹਨ ਤਾਂ ਇਹ ਸੰਭਾਵਨਾ ਹੈ ਕਿ ਉਨ੍ਹਾਂ ਨੂੰ ਬਰਾਤ ਲਈ ਵੀ ਸੁਨੇਹਾ ਦਿਤਾ ਗਿਆ ਹੋਵੇ ਅਤੇ ਉਹ ਬਰਾਤ ਨਾਲ ਗਏ ਹੋਣ। ਜਾਂ ਫਿਰ ਇਹ ਕਵੀ ਦੀ ਇਤਿਹਾਸਿਕ ਕਲਪਨਾ ਵੀ ਹੋ ਸਕਦੀ ਹੈ। ਕਵੀ ਨੇ ਗੁਰੂ ਜੀ ਦੀ ਸਗਾਈ ਅਤੇ ਵਿਆਹ ਤਲਵੰਡੀ ਵਿਖੇ ਹੋਇਆ ਵਰਣਿਤ ਕੀਤਾ ਹੈ, ਕੇਵਲ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਗੁਰੂ ਜੀ ਦਾ ਵਿਆਹ ਸੁਲਤਾਨਪੁਰ ਵਿਚ ਹੋਇਆ ਦਸਿਆ ਹੈ, ਬਾਕੀ ਸਾਰੇ ਹੀ ਸ੍ਰੋਤ ਕਵੀ ਵਾਂਗ ਵਿਆਹ ਤਲਵੰਡੀ ਹੋਣਾ ਦਸਦੇ ਹਨ, ਜੋ ਕਿ ਜਿਆਦਾ ਸਹੀ ਜਾਪਦਾ ਹੈ।

ਕਵੀ ਨੇ ਮਾਤਾ ਸੁਲਖਣੀ ਦੇ ਸੁਭਾਅ ਦਾ ਬਹੁਤ ਸੁੰਦਰ ਚਿਤ੍ਰਣ ਕਰਦਿਆਂ ਪੈਦਾ ਹੋਏ ਦੋਨਾਂ ਬਾਲਕਾਂ ਦਾ ਜ਼ਿਕਰ ਕੀਤਾ ਹੈ। ਸੰਤਰੇਣ ਲਿਖਦਾ ਹੈ, ਕਿ ਜਦੋਂ ਗੁਰੂ ਨਾਨਕ ਦੇਵ ਜੀ ਦੀ ਉਮਰ 32 ਸਾਲ ਸੀ, ਉਸ ਸਮੇਂ ਵਡੇ ਪੁਤਰ ਸ੍ਰੀ ਚੰਦ ਜੀ ਦਾ ਜਨਮ ਹੋਇਆ।[330] ਇਸ ਅਨੁਸਾਰ ਸ੍ਰੀ ਚੰਦ ਜੀ ਦਾ ਜਨਮ

---

[329] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 594-95.

[330] ਉਹੀ, ਪਤਰਾ 612 -

ਸੰਵਤ 1558 [331] (1494 ਈ.) ਬਣਦਾ ਹੈ। ਕਵੀ ਦਸਦਾ ਹੈ ਕਿ ਸ੍ਰੀ ਚੰਦ ਜੀ ਦੇ ਜਨਮ `ਤੇ ਸਾਰੇ ਪਰਿਵਾਰ ਅਤੇ ਹੋਰ ਸੰਬੰਧੀਆਂ ਨੇ ਬਹੁਤ ਖੁਸ਼ੀ ਮਨਾਈ। ਬੀਬੀ ਸੁਲਖਣੀ ਬਾਲਕ ਨੂੰ ਲੈ ਕੇ ਤਲਵੰਡੀ ਆ ਜਾਂਦੀ ਹੈ।[332] ਭਾਵ ਸ੍ਰੀ ਚੰਦ ਜੀ ਦਾ ਜਨਮ ਸੁਲਤਾਨਪੁਰ ਵਿਚ ਹੋਇਆ ਸੀ। ਅਗੇ ਚਲ ਕੇ ਕਵੀ ਜ਼ਿਕਰ ਕਰਦਾ ਹੈ, ਕਿ ਲਖਮੀ ਦਾਸ ਦਾ ਜਨਮ 1563 ਬਿ. (1506 ਈ.) ਵਿਚ ਹੋਇਆ।[333]

ਸ੍ਰੀ ਚੰਦ ਅਤੇ ਲਖਮੀ ਦਾਸ ਦੇ ਜਨਮ ਬਾਰੇ ਸ੍ਰੋਤ-ਗ੍ਰੰਥਾਂ ਵਿਚ ਵਖ-ਵਖ ਰਾਵਾਂ ਹਨ। ਵਿਲਾਇਤ ਵਾਲੀ ਜਨਮਸਾਖੀ ਵਿਚ ਮਾਤ੍ਰ ਜ਼ਿਕਰ ਹੈ, ਕਿ ਸ੍ਰੀ ਗੁਰੂ ਜੀ ਦੇ ਦੋ ਬੱਚੇ ਹੋਏ [334], ਮਿਹਰਬਾਨ ਵਾਲੀ ਜਨਮਸਾਖੀ ਵਿਚ 27-28 ਸਾਲ ਵਿਚ ਦੋ ਬੱਚੇ ਪੈਦਾ ਹੋਏ ਲਿਖੇ ਹਨ, ਜਿਨ੍ਹਾਂ ਵਿਚ ਲਖਮੀ ਦਾਸ ਦਾ ਨਾਮ ਪਹਿਲਾਂ ਲਿਖੇ ਹੋਣ ਤੋਂ ਅਨੁਮਾਨ ਹੈ, ਕਿ ਇਹ ਰਚਨਾਕਾਰ ਲਖਮੀ ਦਾਸ ਨੂੰ ਵਡਾ ਮੰਨਦਾ ਸੀ। [335] ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਲਿਖਿਆ ਹੈ, ਕਿ ਗੁਰੂ ਜੀ ਦਾ ਵਿਆਹ 14 ਸਾਲ ਦੀ ਉਮਰ

---

ਤੀਸ ਬਰਸਿ ਦੋਇ ਊਪਰੇ ਨਾਨਕ ਭਯੇ ਤਾਂਹਿ॥ ਸਿਰੀ ਚੰਦ ਬਾਲਕ ਜਨਮਿਉ ਗੁਰ ਨਾਨਕ ਘਰਿ ਮਾਹਿ॥58॥

[331] ਉਹੀ, ਪਤਰਾ 611 -

ਸਤਿਗੁਰ ਸਿਰ ਪਰਿ ਰਾਖਿਉ ਪੰਜਾ॥ ਸੰਮਤੁ ਪੰਦ੍ਰਾ ਸੈ ਅਠਵੰਜਾ॥1558 ॥ ਚੇਤਰਿ ਮਾਸ ਸੁਦੀ ਪਖਿ ਜਾਨੋ॥ ਥਿਤ ਪੰਚਮੀ ਤਾਹਿ ਪਛਾਨੋ॥44॥

[332] ਉਹੀ, ਪਤਰਾ 611 -

ਦ੍ਵਿਜ ਕੋ ਸੁਤ ਕੋ ਸੁਤ ਕੀ ਜਨਨੀ ਤਿਨਿ ਕੋ ਗੁਰ ਨਾਨਕ ਆਪ ਪਠਾਯੋ॥ ਹਰਿਦਜਾਲ ਪਰੋਹਿਤ ਲੈ ਤਿਨਿ ਕੋ ਦਿਨ ਆਠ ਵਿਖੈ ਤਿਨਿ ਕੋ ਘਰਿ ਲਜਾਯੋ॥

[333] ਉਹੀ, ਪਤਰਾ 617 -

ਗੁਰ ਨਾਨਕ ਦਯੋ ਲੋਂਗ ਇਕ ਦਯੋ ਲਯੋ ਸੁਲਖਣੀ ਸੋਇ॥ ਲਖਮੀ ਚੰਦ ਸੁ ਲੌਂਗ ਤੇ ਇਸਿ ਬਿਧਿ ਸੁਤ ਭਯੋ ਦੋਇ॥12 ॥ ਚੌਪਈ॥ ਸੰਮਤੁ ਪੰਦਰਾ ਸੈ ਤੇਹਟਿ॥ ਚੇਤਰ ਮਾਹੁ ਬਸੰਤੁ ਰੁਤਿ ਥਟਿ॥ ਥਿਤ ਨੌਮੀ ਜਾਨੋ ਰਵਿਵਾਰ॥ ਰਾਮ ਲਯੋ ਜਾ ਦਿਨ ਅਵਤਾਰ॥13 ॥

[334] ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 20ਵੀਂ ਵਾਰ 2016, ਪੰਨਾ 28.

[335] ਕਿਰਪਾਲ ਸਿੰਘ, *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਲਿਖਤ ਸ੍ਰੀ ਮਿਹਰਬਾਨ ਜੀ ਸੋਢੀ,* ਖਾਲਸਾ ਕਾਲਜ, ਅੰਮ੍ਰਿਤਸਰ, 1962, ਪੰਨਾ 66.

ਵਿਚ ਹੋਇਆ ਅਤੇ 20 ਸਾਲ ਦੀ ਉਮਰ ਤੋਂ ਪਹਿਲਾਂ ਦੋ ਬੱਚੇ ਪੈਦਾ ਹੋਏ। [336] ਜਨਮਸਾਖੀ ਭਾਈ ਬਾਲਾ[337] ਅਤੇ ਸ੍ਰੀ ਨਾਨਕ ਪ੍ਰਕਾਸ਼[338] ਵਿਚ 32 ਸਾਲ ਦੀ ਉਮਰ ਵਿਚ ਸ੍ਰੀ ਚੰਦ ਜੀ ਦਾ ਜਨਮ ਅਤੇ ਜਦੋਂ ਸਾਢੇ ਚਾਰ ਸਾਲ ਦੇ ਸ੍ਰੀ ਚੰਦ ਜੀ ਸਨ, ਉਦੋਂ ਲਖਮੀ ਦਾਸ ਦਾ ਜਨਮ ਹੋਇਆ ਮੰਨਿਆ ਹੈ । ਸੁਖਬਾਸੀ ਰਾਮ ਬੇਦੀ ਵੀ ਲਖਮੀ ਦਾਸ ਦਾ ਜਨਮ ਸ੍ਰੀ ਚੰਦ ਦੇ ਸਾਢੇ ਚਾਰ ਸਾਲ ਹੋਣ 'ਤੇ ਹੀ ਦਸਦਾ ਹੈ।[339]

ਗਿਆਨੀ ਗਿਆਨ ਸਿੰਘ[340], ਕਾਨ੍ਹ ਸਿੰਘ ਨਾਭਾ[341], ਈਸ਼ਰ ਸਿੰਘ ਨਾਰਾ[342], ਪਿਆਰਾ ਸਿੰਘ ਪਦਮ[343], ਕੇਸਰ ਸਿੰਘ ਛਿਬਰ[344], ਰਤਨ ਸਿੰਘ ਜੱਗੀ[345] ਇਤਿਆਦਿਕ ਜ਼ਿਆਦਾਤਰ ਸਿਖ ਵਿਦਵਾਨ ਸ੍ਰੀ ਚੰਦ ਦਾ ਜਨਮ 1551 ਬਿ. ਅਤੇ ਲਖਮੀ ਦਾਸ ਦਾ 1554 ਬਿ. ਮੰਨਦੇ ਹਨ। ਸੋ ਕਵੀ ਨੇ ਸ੍ਰੀ ਚੰਦ ਦਾ

---

[336] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 365 (ਅੰਤਿਕਾ)

[337] ਡਾ. ਗੁਰਬਚਨ ਕੌਰ, *ਜਨਮ-ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ,* ਭਾਸ਼ਾ ਵਿਭਾਗ, ਪੰਜਾਬ, 1987, ਪੰਨਾ 212.

[338] ਔਲਖ ਅਜੀਤ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਕ੍ਰਿਤ ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜਿਲਦ ਪਹਿਲੀ (ਸਟੀਕ)* , ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2003, ਪੰਨਾ 300 ਅਤੇ 343.

[339] ਡਾ. ਗੁਰਮੁਖ ਸਿੰਘ, *ਗੁਰੂ ਨਾਨਕ ਬੰਸ ਪ੍ਰਕਾਸ਼ ਕ੍ਰਿਤ ਸੁਖਬਾਸੀ ਰਾਮ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986, ਪੰਨਾ 102.

[340] ਗਿਆਨੀ, ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ ਭਾਗ ਪਹਿਲਾ,* ਭਾਸ਼ਾ ਵਿਭਾਗ ਪੰਜਾਬ, ਪੰਜਵੀ ਵਾਰ, 2011, ਪੰਨਾ 78.

[341] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 251.

[342] ਨਾਰਾ, ਈਸ਼ਰ ਸਿੰਘ, *ਇਤਹਾਸ ਬਾਬਾ ਸ੍ਰੀ ਚੰਦ ਜੀ ਅਤੇ ਉਦਾਸੀਨ ਸੰਪ੍ਰਦਾਇ,* ਦੇਹਲੀ ਗੇਟ, ਦੇਹਲੀ, ਮਿਤੀ ਹੀਨ, ਪੰਨਾ 1 ਅਤੇ 10.

[343] ਪਦਮ, ਪਿਆਰਾ ਸਿੰਘ, *ਸਿਖ ਸੰਪ੍ਰਦਾਵਲੀ,* ਕਲਗੀਧਰ ਕਲਮ ਫਾਉਂਡੇਸ਼ਨ, ਪਟਿਆਲਾ, 2000, ਪੰਨਾ 18.

[344] ਪਦਮ, ਪਿਆਰਾ ਸਿੰਘ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ ਕ੍ਰਿਤ ਭਾਈ ਕੇਸਰ ਸਿੰਘ ਛਿਬਰ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, ਦੂਜੀ ਵਾਰ, 2005, ਪੰਨਾ 46.

[345] ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵ ਕੋਸ਼ ਭਾਗ ਪਹਿਲਾ ਅਤੇ ਦੂਜਾ,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 382 ਅਤੇ 1551.

ਜਨਮ 1558 ਬਿ.ਅਤੇ ਲਖਮੀ ਦਾਸ ਦਾ ਜਨਮ 1563 ਬਿ. ਦਸਿਆ ਹੈ ਜੋ ਕਿ ਬਾਕੀ ਸ੍ਰੋਤਾਂ ਨਾਲੋਂ ਵਿਲਖਣ ਹੈ ਅਤੇ ਇਸ ਨਾਲ ਸਹਿਮਤੀ ਜਤਾਉਣੀ ਕਠਿਨ ਹੈ। ਪਰ ਕਵੀ ਉਦਾਸੀ ਸੰਪ੍ਰਦਾ ਨਾਲ ਸੰਬੰਧ ਰਖਦਾ ਹੈ, ਇਸ ਲਈ ਸ੍ਰੀ ਚੰਦ ਦੇ ਜਨਮ ਬਾਰੇ ਉਨ੍ਹਾਂ ਦੁਆਰਾ ਦਿਤਾ ਸੰਮਤ ਵੀ ਅਣਗਔਲਿਆ ਕਰਨਾ ਉਚਿਤ ਨਹੀਂ ਹੈ। ਸੋ ਅਜੇ ਤਾਂ ਮਾਤਰ ਇਤਨਾ ਹੀ ਕਹਿਣਾ ਉਚਿਤ ਹੈ ਕਿ ਕਵੀ ਨੇ ਬਾਕੀ ਸ੍ਰੋਤਾਂ ਨਾਲੋਂ ਗੁਰ ਪੁਤਰਾਂ ਦੇ ਜਨਮ ਦਾ ਸਮਾਂ ਵਖਰਾ ਦਿਤਾ ਹੈ।

ਗੁਰੂ ਜੀ ਦਾ ਵੇਈਂ ਪ੍ਰਵੇਸ਼ ਕਰ ਕੇ ਅਲੋਪ ਹੋ ਜਾਣਾ, ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਇਕ ਅਜਿਹੀ ਘਟਨਾ ਹੈ, ਜਿਸ ਨੂੰ ਕੋਈ ਇਤਿਹਾਸਕਾਰ ਨਜ਼ਰੰਦਾਜ਼ ਨਹੀਂ ਕਰ ਸਕਦਾ, ਕਿਉਂਕਿ ਇਹ ਉਨ੍ਹਾਂ ਦੇ ਅਧਿਆਤਮਕ ਸਫ਼ਰ ਦਾ ਅਹਿਮ ਪੜਾਅ ਹੈ। ਸੰਤਰੇਣ ਅਨੁਸਾਰ ਜਦੋਂ ਲਖਮੀ ਦਾਸ ਦਾ ਜਨਮ ਹੋਇਆ ਉਸ ਤੋਂ ਬਾਅਦ ਵਿਚ ਗੁਰੂ ਜੀ ਨੇ ਵੇਈਂ ਪ੍ਰਵੇਸ਼ ਵਾਲਾ ਕੌਤੁਕ ਕੀਤਾ ਸੀ। ਇੰਞ ਕਵੀ ਦੀ ਸੂਚਨਾ ਦੇ ਆਧਾਰ `ਤੇ ਅਸੀਂ ਅਨੁਮਾਨ ਲਗਾ ਸਕਦੇ ਹਾਂ, ਕਿ ਇਸ ਇਤਿਹਾਸਿਕ ਮਹਤਵ ਵਾਲੀ ਘਟਨਾ ਦੇ ਵਾਪਰਣ ਦਾ ਸਮਾਂ 1563 ਬਿ. (1506 ਈ.) ਤੋਂ ਬਾਅਦ ਹੋਣਾ ਚਾਹੀਦਾ ਹੈ। ਕਵੀ ਇਹ ਦਸਦਾ ਹੈ, ਕਿ ਉਸ ਸਮੇਂ ਦੋ ਸੇਵਕ ਵੀ ਗੁਰੂ ਜੀ ਦੇ ਨਾਲ ਸੀ, ਪਰ ਉਨ੍ਹਾਂ ਦੇ ਨਾਵਾਂ ਦਾ ਜ਼ਿਕਰ ਨਹੀਂ ਕੀਤਾ। ਇਕ ਸੇਵਕ ਗੁਰੂ ਜੀ ਦੇ ਕਪੜੇ ਪਕੜ ਕੇ ਖੜ੍ਹ ਗਿਆ ਅਤੇ ਦੂਜਾ ਗੁਰੂ ਜੀ ਨੂੰ ਪਾਣੀ ਭਰ ਕੇ ਦੇਣ ਲਗ ਗਿਆ। ਸ਼ਾਇਦ ਇਥੇ ਕਵੀ ਦਾ ਇਸ਼ਾਰਾ ਭਾਈ ਬਾਲਾ ਅਤੇ ਰਾਮ ਦਿਆਲ ਵੱਲ ਹੈ। ਪਰ ਸਿਖ ਪਰੰਪਰਾਵਾਂ ਅਨੁਸਾਰ ਭਾਈ ਮਰਦਾਨਾ ਜਾਂ ਭਾਗੀਰਥ ਸੀ। ਗੁਰੂ ਜੀ ਨੇ ਦਾਤਣ ਕੀਤੀ ਅਤੇ ਉਥੇ ਉਹ ਦਾਤਣ ਗੱਡ ਦਿਤੀ। ਫਿਰ ਨਦੀ ਦੇ ਵਹਿਣ ਵਿਚ ਡੂੰਘੇ ਚਲੇ ਗਏ ਅਤੇ ਉਹ ਬਾਹਰ ਨਹੀਂ ਨਿਕਲੇ, ਪਰ ਨਾਲ ਆਏ ਸੇਵਕ ਬਾਹਰ ਉਡੀਕਦੇ ਰਹੇ ਕਿ ਨਾਨਕ ਜੀ ਕਦੋਂ ਬਾਹਰ ਆਉਣਗੇ। ਜਦੋਂ ਬਹੁਤ ਸਮਾਂ ਬਾਹਰ ਨਹੀਂ ਆਏ, ਤਾਂ ਉਹ ਡਰ ਕੇ ਨਗਰ ਵਲ ਪਰਤ ਆਏ ਅਤੇ ਸਾਰੀ ਘਟਨਾ ਬਿਆਨ ਕੀਤੀ।[346] ਫਿਰ ਨਗਰ ਵਾਲਿਆਂ ਨੇ ਗੁਰੂ ਜੀ ਨੂੰ ਲਭਣ ਦੇ

---

[346] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 630-

ਇਕ ਦ੍ਵੈ ਘਟਿਕਾ ਕ੍ਰਿਤਿ ਚੂਪ ਰਹੇ ਪੁਨਿ ਸੋਚਿ ਬਢਯੋ ਤਿਨ ਕੇ ਉਰ ਮਾਹੀ॥ ਗੁਰ ਨਾਨਕ ਆਪ ਬਰੇ ਜਲ ਮੈ ਅਬ ਲੌ ਜਲੁ ਤੇ ਨਿਕਸੇ ਗੁਰ ਨਾਹੀ॥ ਇਹ ਤੇ ਉਤਿ ਦੇਖਨਿ ਤਾਹਿ ਲਗੇ ਤਟੁ ਮੈ ਅਪਨੇ ਮਨ ਤੈ ਪਛੁਤਾਹੀ॥ ਤਟ ਮੈ ਤਟੁ ਫਿਰਤੇ ਫਿਰਤੇ ਬਹੁ

ਯਤਨ ਕੀਤੇ ਗਏ, ਭਾਈ ਬਾਲੇ ਵਾਲੀ ਜਨਮ ਸਾਖੀ ਵਾਂਗ ਨਦੀ ਵਿਚ ਜਾਲ ਸੁਟ ਕੇ ਵੀ ਲਭਣ ਦਾ ਯਤਨ ਕੀਤਾ, ਪਰ ਗੁਰੂ ਜੀ ਨਾ ਲਭੇ। ਕਵੀ ਨੇ ਦਸਿਆ ਹੈ ਕਿ ਗੁਰੂ ਜੀ ਨੂੰ ਪਰਮਾਤਮਾ ਨੇ ਯਾਦ ਕੀਤਾ ਸੀ ਅਤੇ ਉਸਨੇ ਆਪਣੇ ਗਣ ਭੇਜੇ ਸਨ ਤਾਂ ਜੋ ਉਹ ਨਾਨਕ ਨੂੰ ਲੈ ਆਉਣ। ਗੁਰੂ ਜੀ ਨੇ ਪਰਮਾਤਮਾ ਦੇ ਦਰਸ਼ਨ ਕਰਕੇ ਉਸਤਤੀ ਕੀਤੀ।[347]

ਇਸ ਪ੍ਰਸੰਗ ਵਿਚ ਕਵੀ ਨੇ ਦਾਤਣ ਵਾਲਾ ਪ੍ਰਸੰਗ ਬਿਲਕੁਲ ਵਖਰਾ ਦਿਤਾ ਹੈ। ਕਵੀ ਤੋਂ ਪਹਿਲੇ ਗੁਰਮੁਖੀ ਦੇ ਸ੍ਰੋਤ ਵਿਚ ਇਸ ਪ੍ਰਸੰਗ ਦਾ ਜ਼ਿਕਰ ਨਹੀਂ ਮਿਲਦਾ। ਡਾ. ਕਿਰਪਾਲ ਸਿੰਘ ਨੇ ਵੇਈਂ ਨਦੀ ਦੇ ਕਿਨਾਰੇ ਇਕ ਪੁਰਾਣਾ ਗੁਰਦੁਆਰਾ ਹੋਣ ਦੀ ਗੱਲ ਕੀਤੀ ਹੈ, ਉਨ੍ਹਾਂ ਨੇ ਇਸ ਦਾ ਸੰਬੰਧ ਮਾਤਰ ਵੇਈ ਪ੍ਰਵੇਸ਼ ਨਾਲ ਜੋੜਿਆ ਹੈ।[348] ਕਵੀ ਨੇ ਇਥੇ ਇਕ ਗੁਰੂ ਜੀ ਦੀ ਯਾਦ ਵਿਚ ਜਗ੍ਹਾ ਬਣੀ ਹੋਈ ਦਸੀ ਹੈ ਜਿਸ ਦਾ ਸੰਬੰਧ ਕਵੀ ਨੇ ਗੁਰੂ ਜੀ ਦੁਆਰਾ ਦਾਤਣ ਗੱਡਣ ਤੋਂ ਬਾਅਦ ਹਰੀ ਹੋਣ ਨਾਲ ਕੀਤਾ ਹੈ। ਕਵੀ ਅਨੁਸਾਰ ਗੁਰੂ ਜੀ ਨੇ ਦਾਤਣ ਉਥੇ ਗੱਡ ਦਿਤੀ , ਜਿਥੇ ਅਜੇ ਵੀ ਉਹ ਬੇਰੀ ਲਗੀ ਹੋਈ ਹੈ ਅਤੇ ਇਸ ਦੇ ਉਤਰ ਵਾਲੀ ਦਿਸ਼ਾ ਵਿਚ ਵੇਈਂ ਵਹਿੰਦੀ ਹੈ। ਯਥਾ-

ਬੇਰੀ ਕੀ ਦਾਤਨਿ ਥੀ ਸੋਇ॥ ਗਾਡ ਦਈ ਨਾਨਕ ਤਹਿ ਓਇ॥
ਦਾਤਨਿ ਸੋਈ ਹਰੀ ਹੋਇ ਗਈ॥ ਅਬ ਲਗੁ ਬੇਰੀ ਤਹਾਂ ਸੁ ਹਈ॥11॥
ਤਹਾ ਗੁਰੂ ਕੀ ਜਾਗਾ ਅਹੇ॥ ਤਿਸ ਤੇ ਉਤਰਿ ਗੰਗਾ ਬਹੇ॥

---

ਸੋਚਿ ਕਰੈ ਅਬ ਕਾਇ ਕਰਾਹੀ॥43 ॥ ਤਟੁ ਮੈ ਫਿਰਤੇ ਸਭਿ ਹਾਰ ਗਏ ਇਕ ਜਾਮ ਭਯੋ ਫਿਰਿ ਕੈ ਘਰਿ ਆਏ॥ ਤਿਨਕੈ ਗੁਰ ਨਾਨਕ ਕੇ ਪਟੁ ਕੋ ਜਯ ਰਾਮ ਸਮੀਪ ਕਹਯੋ ਤਿਨ ਜਾਏ॥ ਸਗਲਾ ਬਰਤਾਂਤਿ ਕਹਯੋ ਤਿਸ ਕੋ ਹਮ ਢੂੰਢ ਇਤਿ ਤੇ ਉਤਿ ਧਾਏ॥

[347] ਉਹੀ, ਪਤਰਾ 621-22 -

ਅਸਤਤਿ ਕਰੀ ਜੋਰਿ ਕਰਿ ਦੋਊ॥ ਸਰਵਨਿ ਕਰੋ ਆਪ ਤੁਮ ਸੋਊ॥ ਜਾਹਿ ਸੁਨੇ ਹੋਵੇ ਕਲਿਆਨ॥ ਪਰਮ ਅਨੰਦ ਸੁ ਦਾਇਕ ਜਾਨ॥19॥

[348] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 19.

ਗੁਰ ਨਾਨਕ ਗੰਗਾ ਮੈ ਬਰੇ॥ ਹਰਿ ਜਨ ਗੁਪਤਿ ਤਹਾ ਥੇ ਖਰੇ॥12 ॥[349]

ਸੋ ਉਪਰੋਕਤ ਪ੍ਰਸੰਗ ਵਿਚ ਕਵੀ ਨੇ ਦਾਤਣ ਵਾਲੀ ਘਟਨਾ ਨੂੰ ਅੰਕਿਤ ਕਰਕੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਸਾਖੀ ਨੂੰ ਲਿਖਤੀ ਰੂਪ ਦਿਤਾ ਹੈ। ਇਸ ਦੀ ਇਤਿਹਾਸਕ ਮਹਤਾ ਇਸ ਕਰਕੇ ਹੋਰ ਵੀ ਵਧ ਜਾਂਦੀ ਹੈ ਕਿਉਂਕਿ ਕਵੀ ਨੇ ਗੁਰੂ ਜੀ ਦੀ ਉਸ ਸਥਾਨ ਉਪਰ ਸਮਾਰਕ ਹੋਣ ਦਾ ਵੀ ਪ੍ਰਮਾਣ ਦਿਤਾ ਹੈ। ਜਿਸ ਦਾ ਹੋਰ ਕਿਸੇ ਗੁਰਮੁਖੀ ਸ੍ਰੋਤ ਵਿਚ ਜ਼ਿਕਰ ਨਹੀਂ ਹੈ।

ਸੰਤਰੇਣ ਦੁਆਰਾ ਦਿਤੇ ਵਿਵਰਣ ਮੁਤਾਬਿਕ ਵੇਈਂ ਪ੍ਰਵੇਸ਼ ਦੀ ਘਟਨਾ ਤੋਂ ਬਾਅਦ ਗੁਰੂ ਸਾਹਿਬ ਉਦਾਸੀਆਂ ਲਈ ਰਵਾਨਾ ਹੋ ਜਾਂਦੇ ਹਨ। ਕਵੀ ਨੇ ਉਦਾਸੀਆਂ ਉਪਰ ਜਾਣ ਦਾ ਕੋਈ ਸਮਾਂ ਸੰਮਤ ਨਹੀਂ ਦਿਤਾ। ਬਹੁਤੇ ਇਤਿਹਾਸਕਾਰਾਂ ਡਾ. ਗੰਡਾ ਸਿੰਘ [350], ਹਰੀ ਰਾਮ ਗੁਪਤਾ [351], ਡਾ. ਰਤਨ ਸਿੰਘ ਜੱਗੀ[352] ਇਤਿਆਦਿਕ ਦਾ ਮਤ ਵੀ ਇਹ ਹੈ , ਕਿ ਸ੍ਰੀ ਗੁਰੂ ਜੀ ਦੀਆਂ ਉਦਾਸੀਆਂ 1496 ਈ. ਤੋਂ ਆਰੰਭ ਹੁੰਦੀਆਂ ਹਨ। ਬਾਲੇ ਵਾਲੀ ਜਨਮਸਾਖੀ ਅਤੇ ਉਸ ਉਤੇ ਆਧਾਰਿਤ ਸਿਖ ਗ੍ਰੰਥਾਂ ਵਿਚ ਗੁਰੂ ਜੀ ਦੁਆਰਾ ਉਦਾਸੀਆਂ 'ਤੇ ਨਿਕਲਣ ਤੋਂ ਪਹਿਲਾਂ ਮਰਦਾਨੇ ਦੇ ਵਜਾਉਣ ਲਈ ਫਿਰੰਦੇ ਤੋਂ ਵਿਸ਼ੇਸ਼ ਰਬਾਬ ਲੈਣ ਦੀ ਘਟਨਾ ਵਰਣਨ ਕੀਤੀ ਗਈ ਹੈ। ਕਵੀ ਅਨੁਸਾਰ ਗੁਰੂ ਜੀ ਨੇ ਪਹਿਲਾਂ ਮਰਦਾਨੇ ਨੂੰ ਇਕ ਮਝੋਲਾ ਰਬਾਬੀ ਕੋਲ ਰਬਾਬ ਲੈਣ ਲਈ ਭੇਜਿਆ, ਉਹ ਗੁਰੂ ਜੀ ਦਾ ਸੁਨੇਹਾ ਸੁਣ ਕੇ ਗੁਰੂ ਜੀ ਕੋਲ ਆ ਗਿਆ ਪਰ ਉਸ ਦੇ ਮਨ ਵਿਚ ਰਬਾਬ ਨਾ ਦੇਣ ਦਾ ਸੰਕਲਪ ਹੋਣ ਕਰਕੇ ਗੁਰੂ ਜੀ ਨੇ ਉਸ ਤੋਂ ਰਬਾਬ ਨਾ ਲਈ। [353] ਫਿਰ

---

[349] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 621.

[350] ਡਾ. ਭਗਤ ਸਿੰਘ (ਅਨੁਵਾਦਕ), *ਸਿਖ ਇਤਿਹਾਸ (1469-1765) ਲੇਖਕ ਪ੍ਰਿੰਸੀਪਲ ਤੇਜਾ ਸਿੰਘ ਡਾ. ਗੰਡਾ ਸਿੰਘ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006,ਪੰਨਾ 5.

[351] Hari Ram Gupta, *History Of The Sikhs Vol. I,* Munshiram Manoharlal, Publishers, New Delhi, 2008, Page 57.

[352] ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵ ਕੋਸ਼ ਭਾਗ ਦੂਜਾ,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 162.

[353] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 661 -

ਆਸਕਪੁਰ ਵਿਚ ਭਾਈ ਫਿਰੰਦੇ ਕੋਲੋਂ ਰਬਾਬ ਮੰਗਵਾਉਂਦੇ ਹਨ, ਜਿਸ ਦਾ ਇਕ ਨਾਮ ਫੇਰੂ ਵੀ ਸੀ।[354]

ਯਥਾ-

ਪੁਨਿ ਮਰਦਾਨੇ ਲਯੋ ਰਬਾਬ॥ ਇਛਤਿ ਬਾਜਿਯੋ ਪਰਮ ਅਜਾਬ॥

ਭਯੋ ਪ੍ਰਸੰਨ ਸੁ ਤਾਹਿ ਮਹਾਨ॥ ਸੁਨਿ ਸਤਿਗੁਰ ਕਾ ਲਾਗਿਉ ਧਿਆਨ॥34॥[355]

ਰਬਾਬ ਲੈਣ ਤੋਂ ਤੁਰੰਤ ਬਾਅਦ ਗੁਰੂ ਜੀ ਲੰਮੀਆਂ ਉਦਾਸੀਆਂ ਲਈ ਰਵਾਨਾ ਹੋ ਜਾਂਦੇ ਹਨ। ਵਖ-ਵਖ ਜਨਮਸਾਖੀਆਂ ਵਿਚ ਗੁਰੂ ਜੀ ਦੀਆਂ ਉਦਾਸੀਆਂ ਦੀ ਤਰਤੀਬ ਵਖਰੀ-ਵਖਰੀ ਮਿਲਦੀ ਹੈ, ਇਸ ਲਈ ਗੁਰੂ ਜੀ ਸਭ ਤੋਂ ਪਹਿਲਾਂ ਕਿਸ ਸਥਾਨ ਉਪਰ ਗਏ, ਇਸ ਬਾਰੇ ਵਖਰੇਵਾਂ ਹੋਣਾ ਵੀ ਸੁਭਾਵਿਕ ਹੀ ਹੈ। ਭਾਈ ਬਾਲਾ ਵਾਲੀ ਜਨਮਸਾਖੀ ਵਿਚ ਉਦਾਸੀਆਂ ਦਾ ਅਰੰਭ ਸੁਲਤਾਨਪੁਰ ਤੋਂ ਏਮਨਾਬਾਦ ਫਿਰ ਢਾਕੇ ਬੰਗਾਲੇ ਜਾਣ ਤੋਂ ਹੁੰਦਾ ਹੈ।[356] ਪੁਰਾਤਨ ਜਨਮਸਾਖੀ ਵਿਚ ਸੁਲਤਾਨਪੁਰ ਤੋਂ ਸੱਜਣ ਠਗ ਨੂੰ ਮਿਲ ਕੇ ਸ਼ੇਖ ਸਰਫ ਕੋਲ ਜਾਂਦੇ ਹਨ ਜੋ ਕਿ ਪਾਣੀਪਤ ਵਿਚ ਰਹਿੰਦਾ ਸੀ।

ਸੋਢੀ ਮਿਹਰਵਾਨ ਵਾਲੀ ਜਨਮਸਾਖੀ ਅਨੁਸਾਰ ਗੁਰੂ ਜੀ ਨੇ ਪੰਜਾਬ ਦੀ ਧਰਤੀ ਤੋਂ ਉਦਾਸੀਆਂ ਆਰੰਭ ਕੀਤੀਆਂ, ਜਿਸ ਵਿਚ ਗੁਰੂ ਜੀ ਸੁਲਤਾਨਪੁਰ ਤੋਂ ਮਰਦਾਨੇ ਦਾ ਡਰ ਦੂਰ ਕਰਕੇ ਅਤੇ ਭੁਖ ਮਿਟਾ

---

ਮਰਜੀ ਤਿਸ ਕੀ ਲਖ ਕੈ ਗੁਰ ਨੈ ਪੁਨਿ ਕਹਯੋ ਤਿਸ ਕੋ ਗੁਰ ਰਾਈ॥ ਤੁਮ ਆਪ ਰਬਾਬ ਰਖੋ ਅਪਨਾ ਹਮ ਔਰ ਮਗਾਵਹਿਗੇ ਸੁਖਦਾਈ॥

[354] ਉਹੀ, ਪਤਰਾ 662 -

ਆਸਕਪੁਰ ਮੈ ਜਾਹਿ ਤੂੰ ਕਹਯੋ ਸਿਰੀ ਗੁਰ ਰਾਇ॥ ਫੇਰੂ ਪਾਸ ਰਬਾਬ ਹੈ ਤਿਸ ਤੇ ਜਾਇ ਲਿਆਇ॥1 ॥ ਕਬਿਤੁ॥ ਨਾਮੁ ਹੈ ਫਿਰੰਦਾ ਪਰ ਫੇਰੂ ਬੀ ਕਹੈ ਜਹਾਨ ਹਮਰਾ ਸਦੇਸਾ ਤਾਹਿ ਜਾਇ ਕੈ ਸੁਣਾਈਐ॥ ਨਾਮ ਤੋ ਬਤਾਯੋ ਤੋਹਿ ਜਾਟਨ ਕਾ ਗਾਵ ਸੋਇ ਤਿਸ ਮੈ ਰਹੈ ਫਿਰੰਦਾ ਬੰਦਗੀ ਬਜਾਈਐ॥

[355] ਉਹੀ, ਪਤਰਾ 665.

[356] ਡਾ. ਗੁਰਬਚਨ ਕੌਰ, *ਜਨਮ-ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ,* ਭਾਸ਼ਾ ਵਿਭਾਗ, 1987, ਪੰਨਾ 232-246.

ਕੇ, ਫਿਰ ਇਕ ਦਿਨ ਦਿਲੀ ਗਏ।[357] ਭਾਈ ਮਨੀ ਸਿੰਘ ਵਾਲੀ ਜਨਮਸਾਖੀ ਅਨੁਸਾਰ ਗੁਰੂ ਜੀ ਕੁਰੂਕਸ਼ੇਤਰ ਤੋਂ ਪਾਣੀਪਤ ਗਏ।[358] ਪਰ ਡਾ. ਕਿਰਪਾਲ ਸਿੰਘ ਦਾ ਮੰਨਣਾ ਹੈ ਕਿ ਗੁਰੂ ਜੀ ਭਾਈ ਲਾਲੋ ਕੋਲੋਂ ਸੱਜਣ ਠਗ ਦਾ ਨਿਸਤਾਰਾ ਕਰਕੇ ਫਿਰ ਪਾਕਪਟਣ ਗਏ।[359]

ਚਰਚਿਤ ਗ੍ਰੰਥ ਵਿਚ ਗੁਰੂ ਜੀ ਦਾ ਸਭ ਤੋਂ ਪਹਿਲਾਂ ਪਾਣੀਪਤ ਜਾਣ ਦਾ ਕਥਨ ਹੈ। ਸੋ ਕਵੀ ਦਾ ਮੰਨਣਾ ਬਾਕੀਆਂ ਨਾਲੋਂ ਵਖਰਾ ਹੈ। ਪਰ ਚਰਚਿਤ ਗ੍ਰੰਥ ਦਾ ਭਾਈ ਮਨੀ ਸਿੰਘ ਵਾਲੀ ਜਨਮਸਾਖੀ, ਪੁਰਾਤਨ ਜਨਮਸਾਖੀ ਅਤੇ ਸੋਢੀ ਮਿਹਰਵਾਨ ਵਾਲੀ ਜਨਮਸਾਖੀ ਵਿਚ ਅਰੰਭ ਦੇ ਕੁਝ ਕੁ ਸਥਾਨਾਂ ਨਾਲ ਮੇਲ ਹੈ, ਜਿਵੇਂ ਇਨ੍ਹਾਂ ਜਨਮਸਾਖੀਆਂ ਅਨੁਸਾਰ ਆਰੰਭ ਵਿਚ ਹੀ ਗੁਰੂ ਜੀ ਪਾਣੀਪਤ ਅਤੇ ਦਿਲੀ ਵਿਚ ਗਏ। ਸੋ ਕਵੀ ਨੇ ਵੀ ਪਾਣੀਪਤ ਤੋਂ ਬਾਅਦ ਦਿਲੀ ਜਾਣਾ ਅੰਕਿਤ ਕੀਤਾ ਹੈ। ਭਾਵੇਂ ਕਿ ਇਨ੍ਹਾਂ ਸਥਾਨਾਂ 'ਤੇ ਜਾਣਾ ਪਹਿਲਾਂ ਜਾਂ ਬਾਅਦ ਵਿਚ ਦਸਿਆ ਹੈ ਮਸਲਨ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਅਨੁਸਾਰ ਗੁਰੂ ਜੀ ਕੁਰੂਕਸ਼ੇਤਰ ਤੋਂ ਪਾਣੀਪਤ ਗਏ ਜਦਕਿ ਚਰਚਿਤ ਕ੍ਰਿਤੀ ਅਨੁਸਾਰ ਪਾਣੀਪਤ ਤੋਂ ਕੁਰੂਕਸ਼ੇਤਰ ਗਏ ਦਸਿਆ ਹੈ। ਸੋ ਇਸ ਚਰਚਾ ਤੋਂ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਗੁਰੂ ਜੀ ਦੁਆਰਾ ਕੀਤੀਆਂ ਉਦਾਸੀਆਂ ਤਲਵੰਡੀ ਤੋਂ ਪਾਣੀਪਤ ਜਾਣ ਤੋਂ ਆਰੰਭ ਕੀਤੀਆਂ ਦਸੀਆਂ ਹਨ।

ਸਭ ਤੋਂ ਪਹਿਲਾਂ ਗੁਰੂ ਜੀ ਪਾਣੀਪਤ ਨੂੰ ਜਾਂਦੇ ਹਨ ।[360] ਜਿਥੇ ਉਹ ਸੇਖ ਸਰਫੂ ਨੂੰ ਮਿਲਦੇ ਹਨ, ਉਸਦਾ ਇਕ ਸੇਵਕ ਟਟੀਹਰੀ ਵੀ ਹੁੰਦਾ ਹੈ ਜੋ ਕਿ ਗੁਰੂ ਜੀ ਦੇ ਪਾਣੀਪਤ ਆਉਣ ਦੀ ਖਬਰ ਦਿੰਦਾ ਹੈ। ਡਾ. ਕਿਰਪਾਲ ਸਿੰਘ ਨੇ ਉਸ ਸਮੇਂ ਵਿਚ ਸ਼ਾਹ ਸਰਫ ਦੇ ਮਿਜਾਰ ਉਪਰ ਸ਼ੇਖ ਈਦੁਲ ਕਬੀਰ ਨੂੰ ਦਸਦਿਆਂ ਉਸਦੇ ਕਈ ਨਾਮ ਹੋਣ ਬਾਰੇ ਵੀ ਜਾਣਕਾਰੀ ਦਿਤੀ ਹੈ। ਵਲਾਇਤ ਵਾਲੀ ਜਨਮਸਾਖੀ ਦੇ ਅਧਾਰ ਉਪਰ

---

[357] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ , ਪੰਜਾਬੀ ਯੂਨੀਵਰਸਿਟੀ*, ਪਟਿਆਲਾ, 2009, ਪੰਨਾ 102-106 (ਦੇਖੋ ਅੰਤਿਕਾ)

[358] ਉਹੀ, ਪੰਨਾ 370-371 (ਦੇਖੋ ਅੰਤਿਕਾ)

[359] ਉਹੀ, ਪੰਨਾ 25-29.

[360] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 667 -

ਪਾਣੀਪਤਿ ਕੋ ਜਾਇਗੇ ਸਿਰੀ ਗੁਰ ਦੀਨ ਦਿਆਲ॥ ਅਗਲ ਧਿਆਇ ਮੈ ਕਥਾ ਸੋ ਕਰੈਂਗੇ ਸਰਬ ਬਿਸਾਲ॥66॥

ਉਨ੍ਹਾਂ ਕਿਹਾ ਹੈ ਕਿ ਸ਼ੇਖ ਟਟੀਹਰ ਦਾ ਨਾਮ ਤਾਹਿਰ ਸੀ ਅਤੇ ਸ਼ੇਖ ਈਦੁਲ ਕਬੀਰ ਦਾ ਨਾਮ ਹੀ ਤਾਹਿਰ ਸੀ।[361]

ਸੋ ਡਾ. ਕਿਰਪਾਲ ਸਿੰਘ ਨੇ ਇਹ ਬਿਰਤਾਂਤ ਪੁਰਾਤਨ ਜਨਮਸਾਖੀ ਦੇ ਹਵਾਲੇ ਨਾਲ ਲਿਖਿਆ ਹੈ। ਪਰ ਪੁਰਾਤਨ ਜਨਮਸਾਖੀ ਵਿਚ ਸ਼ੇਖ ਸਰਫ ਦਾ ਮੁਰੀਦ ਟਟੀਹਰ ਨੂੰ ਲਿਖਿਆ ਹੈ-

*ਤਬਿ ਪਾਈਪਥਿ ਕਾ ਪੀਰੁ ਸੇਖੁ ਸਰਫੁ ਥਾ। ਤਿਸਕਾ ਮੁਰੀਦੁ ਸੇਖੁ ਟਟੀਹਰੁ ਥਾ। ਓਹੁ ਪੀਰੁ ਕੈ ਤਾਈ ਅਸਤਾਵਾ ਪਾਣੀ ਕਾ ਭਰਣਿ ਆਇਆ ਸਾ।*[362]

ਸੋ ਉਪਰੋਕਤ ਤੋਂ ਤਾਂ ਇਹ ਹੀ ਸਪਸ਼ਟ ਹੁੰਦਾ ਹੈ ਕਿ ਸ਼ੇਖ ਸਰਫ ਦਾ ਮੁਰੀਦ ਟਟੀਹਰ ਸੀ। ਜੋ ਕਿ ਚਰਚਿਤ ਕ੍ਰਿਤੀ ਵਿਚ ਵੀ ਇਸੇ ਤਰ੍ਹਾਂ ਲਿਖਿਆ ਹੈ-

ਪਾਈਪਤਿ ਪਹੁਚੇ ਗੁਰੂ ਉਤਰੇ ਜਲੁ ਕੈ ਤੀਰ॥

ਸੇਖ ਸਰਫੂ ਕਾ ਸੇਵਕੋ ਆਯੋ ਲੈਨ ਸੁ ਨੀਰ॥

ਚੌਪਈ॥ ਅਸਤਾਵਾ ਤਿਸ ਕੇ ਕਰਿ ਮਾਹਿ॥ ਤੀਨੋ ਬੈਠੇ ਦੇਖੇ ਤਾਹਿ॥

ਸਲਾਮਾਲੇਕਮ ਹੋ ਦਰਵੇਸ॥ ਕਹਿਯੋ ਤਾਹਿ ਪਿਖ ਭਗਵੇ ਭੇਸ॥27॥[363]

ਸੋ ਇਹ ਸੰਭਾਵਨਾ ਹੋ ਸਕਦੀ ਹੈ ਕਿ ਮੁਰੀਦ ਟਟੀਹਰ ਹੀ ਹੋਵੇ ਅਤੇ ਮਿਜਾਰ ਉਪਰ ਸ਼ੇਖ ਈਦੁਲ ਕਬੀਰ ਹੋਵੇ ਜਿਹਾ ਕਿ ਡਾ. ਕਿਰਪਾਲ ਸਿੰਘ ਨੇ ਲਿਖਿਆ ਹੈ। ਭਾਵ ਸ਼ੇਖ ਈਦੁਲ ਕਬੀਰ ਅਤੇ ਸ਼ੇਖ ਟਟੀਹਰ ਦੋ ਵਿਅਕਤੀ ਹੋਣ ਕਿਉਂਕਿ ਪੁਰਾਤਨ ਜਨਮਸਾਖੀ ਅਤੇ ਚਰਚਿਤ ਕ੍ਰਿਤੀ ਵਿਚ ਇਨ੍ਹਾਂ ਨੂੰ ਦੋ ਹੀ ਲਿਖਿਆ ਹੈ।

---

[361] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 97.

[362] ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 20ਵੀਂ ਵਾਰ 2016, ਪੰਨਾ 51.

[363] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 669.

ਪਾਣੀਪਤ ਤੋਂ ਗੁਰੂ ਜੀ ਦਿਲੀ ਗਏ, ਦਿਲੀ ਵਿਚ ਮੋਇਆ ਹਾਥੀ ਜਿਵਾਉਣ ਦਾ ਪ੍ਰਸੰਗ ਕਵੀ ਨੇ ਦੋ ਵਾਰ ਅੰਕਿਤ ਕੀਤਾ ਹੈ। ਇਕ ਮਹਾਵਤ ਦਾ ਹਾਥੀ ਜੀਵਾਇਆ, ਜਿਸ ਦਾ ਰੋਜਗਾਰ ਹੀ ਹਾਥੀ ਸੀ ਅਤੇ ਦੂਜਾ ਦਿਲੀ ਦੇ ਸੁਲਤਾਨ ਦਾ ਮੋਇਆ ਹਾਥੀ ਜਿਉਂਦਾ ਕਰਨ ਦਾ ਪ੍ਰਸੰਗ ਹੈ। ਸੋ ਇਨ੍ਹਾਂ ਪ੍ਰਸੰਗਾਂ ਦੀ ਚਰਚਾ ਅਸੀਂ ਖੋਜ-ਕਾਰਜ ਦੀ ਸਰਲਤਾ ਹਿਤ ਇਥੇ ਹੀ ਇਕਠੀ ਕਰਾਂਗੇ। ਦੋਨੋ ਪ੍ਰਸੰਗ ਇਸ ਤਰ੍ਹਾਂ ਹਨ-

ਪਹਿਲੇ ਪ੍ਰਸੰਗ ਵਿਚ ਗੁਰੂ ਜੀ ਦਿਲੀ ਜਾਂਦੇ ਹਨ ਤਾਂ ਉਥੇ ਇਕ ਹਸਤੀਵਾਨ ਮਿਲਦਾ ਹੈ, ਉਹ ਗੁਰੂ ਜੀ ਦਾ ਸੇਵਕ ਬਣ ਜਾਂਦਾ ਹੈ। ਉਸ ਦਾ ਹਾਥੀ ਮਰ ਜਾਂਦਾ ਹੈ। ਗੁਰੂ ਜੀ ਉਸਦਾ ਹਾਥੀ ਜਿਵਾ ਦਿੰਦੇ ਹਨ, ਇਹ ਖਬਰ ਸੁਲਤਾਨ ਬਿਰਾਹਮ ਬੇਗ ਨੂੰ ਮਿਲਦੀ ਹੈ, ਉਹ ਗੁਰੂ ਜੀ ਦੇ ਦਰਸ਼ਨ ਕਰਕੇ ਧੰਨ ਹੁੰਦਾ ਹੈ।[364]

ਦੂਜੇ ਪ੍ਰਸੰਗ ਵਿਚ ਦਿਲੀ ਦੇ ਬਾਦਸ਼ਾਹ ਦੀ ਸਾਖੀ ਹੈ। ਇਕ ਬ੍ਰਹਮਣ ਗੁਰੂ ਨਾਨਕ ਦੇਵ ਜੀ ਨੂੰ ਆ ਕੇ ਦਸਦਾ ਹੈ ਕਿ ਦਿਲੀ ਦੇ ਬਾਦਸ਼ਾਹ ਦਾ ਹਾਥੀ ਮਰ ਗਿਆ ਹੈ, ਉਸ ਨੇ ਸਾਰੇ ਸੰਤ ਕਾਜ਼ੀਆਂ ਆਦਿਕ ਨੂੰ ਬੰਦੀ ਬਣਾ ਲਿਆ ਹੈ ਕਿ ਹਾਥੀ ਨੂੰ ਜਿੰਦਾ ਕਰੋ ਨਹੀਂ ਸਜ਼ਾ ਦਵਾਂਗਾ। ਗੁਰੂ ਨਨਾਕ ਦੇਵ ਜੀ ਦਿਲੀ ਦੇ ਬਾਦਸ਼ਾਹ ਨੂੰ ਸਿਧੇ ਰਸਤੇ ਪਾਉਣ ਲਈ ਦਿਲੀ ਜਾਂਦੇ ਹਨ। ਦਿਲੀ ਪਹੁੰਚਣ ਤੇ ਗੁਰੂ ਜੀ ਨੂੰ ਬੰਦੀ ਬਣਾ ਲਿਆ ਜਾਂਦਾ ਹੈ ਅਤੇ ਚੱਕੀ ਪੀਸਣ ਨੂੰ ਕਿਹਾ ਜਾਂਦਾ ਹੈ। ਗੁਰੂ ਜੀ ਸਾਰੇ ਸਾਧਾਂ ਸੰਤਾਂ ਨੂੰ ਚੱਕੀਆਂ ਪੀਸਣੀਆਂ ਬੰਦ ਕਰਨ ਨੂੰ ਕਹਿੰਦੇ ਹਨ। ਸਾਰੇ ਚੱਕੀ ਪੀਸਣਾ ਅਤੇ ਕੰਮ ਕਰਨਾ ਬੰਦ ਕਰ ਦਿੰਦੇ ਹਨ। ਫਿਰ ਗੁਰੂ ਜੀ ਦੀ ਕਿਰਪਾ ਨਾਲ ਸਾਰੇ ਕੰਮ ਆਪ ਹੁੰਦੇ ਹਨ ਅਤੇ ਚੱਕੀਆਂ ਵਿਚ ਦਾਣੇ ਵੀ ਆਪੇ ਪਈ ਜਾਂਦੇ ਹਨ, ਪਰ ਆਟਾ ਨਹੀਂ ਬਣਦਾ ਸਗੋਂ ਚੱਕੀ ਵਿਚ ਹੀ ਦਾਣੇ ਅਲੋਪ ਹੋਣ ਲਗੇ। ਸਾਰੇ ਕੰਮਾਂ ਨਾਲ ਇਦਾਂ ਹੀ ਹੋਣ ਲਗਾ। ਇਹ ਕਰਾਮਾਤ ਬਾਦਸ਼ਾਹ ਨੂੰ ਪਤਾ ਲਗੀ ਤਾਂ ਉਸ ਨੇ ਗੁਰੂ ਜੀ ਨੂੰ ਬੁਲਾਇਆ ਅਤੇ ਹਾਥੀ ਜਿਉਂਦਾ ਕਰਨ ਲਈ ਕਿਹਾ। ਸਾਰਿਆਂ ਕੈਦੀਆਂ ਨੂੰ ਰਿਹਾ ਕਰਨ ਦੀ ਸ਼ਰਤ ਤੇ ਗੁਰੂ ਜੀ ਨੇ 13 ਦਿਨ ਬਾਦ ਹਾਥੀ ਨੂੰ ਜਿਉਂਦਾ ਕੀਤਾ।[365]

---

[364] ਉਹੀ, ਪਤਰਾ 673-75.

[365] ਉਹੀ, ਪਤਰਾ 726-30.

ਭਾਈ ਬਾਲੇ ਵਾਲੀ ਜਨਮਸਾਖੀ ਵਿਚ ਕੁਰੂਕਸ਼ੇਤਰ ਵਿਚ ਗੁਰੂ ਜੀ ਦੁਆਰਾ ਸੂਰਜ ਗ੍ਰਹਿਣ ਉਪਰ ਮਾਸ ਪਕਾਉਣ ਕਰਕੇ ਇਕ ਵਿਅਕਤੀ ਨੇ ਬਿਰਾਹਮ ਖਾਂ ਨੂੰ ਸ਼ਿਕਾਇਤ ਕੀਤੀ ਸਿਟੇ ਵਜੋਂ ਉਸਨੇ ਗੁਰੂ ਜੀ ਨੂੰ ਬੰਦੀ ਕਰਵਾ ਦਿਤਾ।[366] ਪੁਰਾਤਨ ਜਨਮਸਾਖੀ ਵਿਚ ਹਾਥੀ ਜਿਵਾਉਣ ਵਾਲੀ ਸਾਖੀ ਅਕਿੰਤ ਕੀਤੀ ਗਈ ਹੈ, ਜਿਸ ਵਿਚ ਇਕ ਹਾਥੀ ਮਰ ਜਾਂਦਾ ਹੈ ਅਤੇ ਉਸਦਾ ਮਹਾਵਤ ਗੁਰੂ ਜੀ ਕੋਲ ਰੋਂਦਾ ਹੈ। ਗੁਰੂ ਜੀ ਉਸ ਨੂੰ ਜਿਵਾ ਦਿੰਦੇ ਹਨ, ਇਹ ਖਬਰ ਸੁਲਤਾਨ ਬ੍ਰਹਮਬੇਗ ਨੂੰ ਮਿਲਦੀ ਹੈ ਉਸ ਦੇ ਕਹਿਣ 'ਤੇ ਗੁਰੂ ਜੀ ਫਿਰ ਤੋਂ ਹਾਥੀ ਮਾਰ ਦਿੰਦੇ ਹਨ ਅਤੇ ਫਿਰ ਜਿਵਾ ਦਿੰਦੇ ਹਨ।[367] ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਵੀ ਪੁਰਾਤਨ ਜਨਮਸਾਖੀ ਵਾਂਗ ਹੀ ਦੋ ਵਾਰ ਹਾਥੀ ਨੂੰ ਜਿਵਾਉਣ ਦੀ ਗੱਲ ਹੈ, ਪਰ ਇਥੇ ਦੂਜੀ ਵਾਰ ਹਾਥੀ ਨਿਜਾਮੁਦੀਨ ਦੇ ਕਹਿਣ 'ਤੇ ਜੀਵਾਇਆ ਸੀ।[368] ਸੋਢੀ ਮਿਹਰਵਾਨ ਵਾਲੀ ਜਨਮਸਾਖੀ ਵਿਚ ਗੁਰੂ ਜੀ ਦੇ ਦਿਲੀ ਜਾਣ ਦਾ ਪ੍ਰਸੰਗ ਸ਼ਾਮਿਲ ਹੈ, ਪਰ ਉਥੇ ਹਾਥੀ ਦੇ ਮਰਨ ਦੀ ਘਟਨਾ ਨਹੀਂ, ਬਲਕਿ ਦਿਲੀ ਵਿਚ ਲੋਕਾਂ ਨੂੰ ਉਪਦੇਸ਼ ਹੀ ਦਿਤਾ ਹੈ। ਜਿਥੇ ਖੈਰਾਇਤ ਦੇਣ ਬਾਬਤ ਗੱਲ ਕੀਤੀ ਗਈ ਹੈ।[369]

ਉਪਰੋਕਤ ਸਾਖੀਆਂ ਵਿਚੋਂ ਡਾ. ਕਿਰਪਾਲ ਸਿੰਘ ਨੇ ਸੋਢੀ ਮਿਹਰਵਾਨ ਵਾਲੀ ਸਾਖੀ ਨੂੰ ਜ਼ਿਆਦਾ ਸਹੀ ਦਸਿਆ ਹੈ।[370] ਸੋ ਉਪਰੋਕਤ ਜਨਮਸਾਖੀਆਂ ਵਾਂਗ ਹੀ ਕਵੀ ਨੇ ਵੀ ਦਿਲੀ ਵਿਚ ਮੋਏ ਹਾਥੀ ਵਾਲਾ ਪ੍ਰਸੰਗ ਜੋੜ ਕੇ ਗੁਰੂ ਜੀ ਨੂੰ ਕਰਾਮਾਤੀ ਸਿਧ ਕਰਨ ਦਾ ਯਤਨ ਕੀਤਾ ਹੈ। ਜਦਕਿ ਉਸ ਦੇ ਮੁਕਾਬਲੇ ਜੋ ਬਿਰਤਾਂਤ ਸੋਢੀ ਮਿਹਰਵਾਨ ਨੇ ਲਿਖਿਆ ਹੈ, ਉਹ ਜ਼ਿਆਦਾ ਸਹੀ ਜਾਪਦਾ ਹੈ। ਸੋ ਇਥੇ ਇਹ ਉਕਾਈ ਕਵੀ

---

[366] ਡਾ. ਗੁਰਬਚਨ ਕੌਰ, *ਜਨਮ-ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ,* ਭਾਸ਼ਾ ਵਿਭਾਗ, 1987, ਪੰਨਾ 405-407.

[367] ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 20ਵੀਂ ਵਾਰ 2016, ਪੰਨਾ 54-55.

[368] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ , ਪੰਜਾਬੀ ਯੂਨੀਵਰਸਿਟੀ* , ਪਟਿਆਲਾ, 2009, ਪੰਨਾ 373 (ਦੇਖੋ ਅੰਤਿਕਾ)

[369] ਉਹੀ, ਪੰਨਾ 106 (ਦੇਖੋ ਅਤਿੰਕਾ).

[370] ਉਹੀ, ਪੰਨਾ 96.

ਦੀ ਅਧਾਰਿਤ ਜਨਮਸਾਖੀ ਵੀ ਹੋ ਸਕਦੀ ਹੈ, ਭਾਵੇਂ ਕਿ ਕਵੀ ਨੇ ਇਸ ਪ੍ਰਸੰਗ ਨੂੰ ਦੋ ਥਾਵਾਂ ਉਪਰ ਸੰਪੂਰਨ ਕਰਕੇ ਕੁਝ ਨਵਾਂ ਪ੍ਰਸਤੁਤ ਕਰਨ ਦਾ ਯਤਨ ਵੀ ਕੀਤਾ ਹੈ।

ਇਸ ਤੋਂ ਅਗੇ ਗੁਰੂ ਜੀ ਅਣਦਾਣੇ ਵਿਚ ਇਕ ਅਉਘੜ ਜੋਗੀ ਨੂੰ ਉਪਦੇਸ਼ ਦੇ ਕੇ ਏਮਨਾਬਾਦ ਜਾਂਦੇ ਹਨ। ਜਿਥੇ ਉਹ ਭਾਈ ਲਾਲੋ ਨੂੰ ਮਿਲਦੇ ਹਨ। ਇਨ੍ਹਾਂ ਦਿਨਾਂ ਵਿਚ ਹੀ ਉਥੋਂ ਦਾ ਅਜਾਰੇਦਾਰ ਮਲਕ ਭਾਗੋ ਜੋ ਕਿ ਬਹੁਤ ਹੀ ਅਤਿਆਚਾਰੀ ਸੀ, ਨੇ ਬ੍ਰਹਮ ਭੋਜ ਕੀਤਾ। ਜਿਸ ਵਿਚ ਉਸਨੇ ਗੁਰੂ ਨਾਨਕ ਦੇਵ ਜੀ ਨੂੰ ਵੀ ਸੁਨੇਹਾ ਭੇਜਿਆ। ਪਰ ਗੁਰੂ ਜੀ ਇਸ ਭੋਜ 'ਤੇ ਨਾ ਗਏ। ਫਿਰ ਮਲਕ ਭਾਗੋ ਦੇ ਦੁਬਾਰਾ ਬੁਲਾਉਣ 'ਤੇ ਗੁਰੂ ਜੀ ਭਾਈ ਲਾਲੋ ਨੂੰ ਨਾਲ ਲੈ ਕੇ ਉਸ ਕੋਲ ਗਏ। ਮਲਕ ਭਾਗੋ ਦੇ ਬ੍ਰਹਮ ਭੋਜ 'ਤੇ ਨਾ ਆਉਣ ਦਾ ਕਾਰਣ ਗੁਰੂ ਜੀ ਨੇ ਉਸ ਦੇ ਅਤਿਆਚਾਰ ਨੂੰ ਦਸਿਆ, ਫਿਰ ਗੁਰੂ ਜੀ ਨੇ ਉਸ ਦੇ ਅਨਾਜ ਦਾ ਇਕ ਟੁਕੜਾ ਇਕ ਹਥ ਵਿਚ ਫੜ ਲਿਆ ਅਤੇ ਦੂਜੇ ਪਾਸੇ ਭਾਈ ਲਾਲੋ ਦੇ ਅਨਾਜ ਦਾ ਟੁਕੜਾ ਫੜ ਕੇ ਜਦੋਂ ਉਸ ਨੂੰ ਹਥ ਨਾਲ ਘੁਟਿਆਂ ਤਾਂ ਮਲਕ ਭਾਗੋ ਵਾਲੇ ਵਿਚੋਂ ਖ਼ੂਨ ਅਤੇ ਭਾਈ ਲਾਲੋ ਵਾਲੇ ਵਿਚੋਂ ਦੁਧ ਨਿਕਲਿਆ। ਇਸ ਪ੍ਰਕਾਰ ਸੰਤਰੇਣ ਨੇ ਪਰੰਪਰਾਗਤ ਅਨੁਸਾਰ ਹੀ ਭਾਈ ਲਾਲੋ ਵਾਲੀ ਸਾਖੀ ਬਿਆਨ ਕੀਤੀ ਹੈ।

ਫਿਰ ਗੁਰੂ ਜੀ ਉਸਨੂੰ ਉਪਦੇਸ਼ ਦਿੰਦੇ ਹਨ, ਇਸ ਤੋਂ ਬਾਅਦ ਕਵੀ ਨੇ ਬਾਬਰ ਦੇ ਹਮਲੇ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਜਦ ਰਹਮਖਾਨ ਸਾਰੇ ਫਕੀਰਾਂ ਨੂੰ ਮਾਰਨ ਲਗਦਾ ਹੈ ਤਾਂ ਬਾਬਰ ਹਮਲਾ ਕਰਕੇ ਇਸ ਨੂੰ ਹੀ ਮਾਰ ਦਿੰਦਾ ਹੈ, ਸਿਰਫ ਲਾਲੋ ਅਤੇ ਪਸ਼ੂਆਂ ਨੂੰ ਗੁਰੂ ਜੀ ਬਚਾ ਲੈਂਦੇ ਹਨ। ਬਾਬਰ ਏਮਨਾਬਾਦ ਨੂੰ ਲੁਟ ਲੈਂਦਾ ਹੈ, ਗੁਰੂ ਜੀ ਇਕ ਵਾਰ ਦੌਲਤ ਖਾਂ ਕੋਲ ਜਾਂਦੇ ਹਨ। ਵਾਪਿਸ ਆਕੇ ਫਿਰ ਤੋਂ ਸ਼ਹਿਰ ਨੂੰ ਵਸਾ ਦਿੰਦੇ ਹਨ। ਕਵੀ ਨੇ ਗੁਰੂ ਜੀ ਦਾ ਦੌਲਤ ਖਾਂ ਕੋਲ ਜਾਣ ਦਾ ਉਦੇਸ਼ ਵੀ ਕਲਪਨਾ ਦੇ ਆਧਾਰ 'ਤੇ ਦਸਣ ਦਾ ਯਤਨ ਕੀਤਾ ਹੈ, ਉਸ ਅਨੁਸਾਰ ਗੁਰੂ ਜੀ ਦੌਲਤ ਖਾਂ ਨੂੰ ਮਿਲਣ ਇਸ ਲਈ ਗਏ ਸੀ ਕਿਉਂ ਕਿ ਦਿਲੀ ਦਾ ਸੁਲਤਾਨ ਦੌਲਤ ਖਾਂ ਤੋਂ 2 ਕਰੋੜ ਰੁਪਏ ਲੈ ਕੇ ਗਿਆ ਸੀ, ਇਸ ਲਈ ਖਜਾਨਾ ਖਾਲੀ ਹੋ ਗਿਆ ਸੀ ਅਤੇ ਗੁਰੂ ਜੀ ਖਜਾਨਾ ਭਰਨ ਗਏ ਸਨ। ਫਿਰ ਇਸ ਵਿਚ ਲਾਲੋ ਨੂੰ ਉਪਦੇਸ਼ ਦਿਤਾ ਗਿਆ ਹੈ। ਕੁਝ ਦਿਨ ਉਥੇ ਰਹਿ ਕੇ ਗੁਰੂ ਜੀ ਫਿਰ ਤਲਵੰਡੀ ਆ ਜਾਂਦੇ ਹਨ।[371]

---

[371] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 686-700.

ਤਲਵੰਡੀ ਵਿਚ ਰਾਇ ਬੁਲਾਰ ਨੂੰ ਉਪਦੇਸ਼ ਦਿੰਦੇ ਹਨ, ਕੁਝ ਸਮਾਂ ਤਲਵੰਡੀ ਠਹਿਰਦੇ ਹਨ ਅਤੇ ਫਿਰ ਤਲਵੰਡੀ ਤੋਂ ਚਲਦੇ ਹਨ। ਸਭ ਤੋਂ ਪਹਿਲਾਂ ਉਹ ਸੱਜਣ[372] ਠਗ ਕੋਲ ਜਾਂਦੇ ਹਨ ਅਤੇ ਫਿਰ ਵੈਰੋਵਾਲ ਵਿਚ ਤੁਲਸਾ ਬ੍ਰਹਮਣ ਨੂੰ ਮਿਲਦੇ ਹਨ। [373] ਫਿਰ ਗੁਰੂ ਜੀ ਤਲਵੰਡੀ ਵਾਪਿਸ ਆ ਜਾਂਦੇ ਹਨ ਅਤੇ ਉਥੋਂ ਬਾਲਾ ਅਤੇ ਮਰਦਾਨੇ ਨਾਲ ਵਿਦਾ ਹੋ ਕੇ ਕੁਰੂਕਸ਼ੇਤਰ ਨੂੰ ਚਲਦੇ ਹਨ। ਇਸ ਸਮੇਂ ਸੂਰਜ ਗ੍ਰਹਿਣ ਦਾ ਸਮਾਂ ਸੀ ਅਤੇ ਉਥੇ ਬਹੁਤ ਸਾਧੂ ਸੰਤਾਂ ਨੇ ਆਉਣਾ ਸੀ। ਗੁਰੂ ਜੀ ਕੁਰੂਕਸ਼ੇਤਰ ਪਹੁੰਚ ਜਾਂਦੇ ਹਨ। ਉਥੇ ਗ੍ਰਹਿਣ ਸਮੇਂ ਮਾਸ ਖਾਣ ਪਕਾਉਣ ਦੀ ਮਨਾਹੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਮਾਸ ਪਕਾਉਣ ਲਗ ਜਾਂਦੇ ਹਨ, ਸਾਰੇ ਬ੍ਰਾਹਮਣ ਆਦਿਕ ਇਕਠੇ ਹੁੰਦੇ ਹਨ ਅਤੇ ਗੁਰੂ ਜੀ ਉਨ੍ਹਾਂ ਨੂੰ ਉਪਦੇਸ਼ ਦਿੰਦੇ ਹਨ।[374] ਕੁਰੂਕਸ਼ੇਤਰ ਤੋਂ ਗੁਰੂ ਜੀ ਦਿਲੀ ਜਾਂਦੇ ਹਨ, ਜਿਥੇ ਸੁਲਤਾਨ ਦਾ ਮੋਇਆ ਹਾਥੀ ਜੀਵਤ ਕਰਦੇ ਹਨ, ਇਸ ਦੀ ਚਰਚਾ ਅਸੀਂ ਉਪਰ ਕਰ ਆਏ ਹਾਂ। ਚਰਚਿਤ ਕ੍ਰਿਤੀ ਵਿਚ ਬਾਬਰ ਦਾ ਪ੍ਰਸੰਗ ਲਗਪਗ ਚਾਰ ਅਧਿਆਵਾਂ ਵਿਚ ਸੰਪੂਰਨ ਕੀਤਾ ਹੈ। ਸਭ ਤੋਂ ਪਹਿਲਾਂ ਬਾਬਰ ਜ਼ਿਕਰ ਉਦਾਸੀ ਖੰਡ ਦੇ 15ਵੇਂ ਤੇ 16ਵੇਂ ਅਧਿਆਇ ਵਿਚ ਉਸ ਦੁਆਰਾ ਕੀਤੀ ਗਈ ਲੁਟ ਬਾਰੇ ਹੈ। ਫਿਰ ਪ੍ਰਤਾਪ ਖੰਡ ਦੇ ਤੀਜੇ ਅਧਿਆਇ ਵਿਚ ਪਾਣੀਪਤ ਦੇ ਮੈਦਾਨ ਦਾ ਹਾਲ ਵਰਨਣ ਕੀਤਾ ਹੈ ਅਤੇ ਇਸੇ ਖੰਡ ਦੇ ਛੇਵੇਂ ਅਧਿਆਇ ਵਿਚ ਗੁਰੂ ਜੀ ਨੂੰ ਕੈਦ ਕਰਨ ਦਾ ਪ੍ਰਸੰਗ ਹੈ। ਖੋਜ ਕਾਰਜ ਦੀ ਸਰਲਤਾ ਹਿਤ ਅਸੀਂ ਬਾਬਰ ਦੇ ਸਾਰੇ ਪ੍ਰਸੰਗਾਂ ਦੀ ਚਰਚਾ ਇਥੇ ਕਰਾਂਗੇ।

ਕਵੀ ਨੇ ਬਾਬਰ ਦੇ ਏਮਨਾਬਾਦ ਉਤੇ ਯੁਧ ਦਾ ਵਰਨਣ ਕੀਤਾ ਹੈ, ਜਿਸ ਵਿਚ ਭਾਈ ਲਾਲੋ ਅਤੇ ਕੁਝ ਸਾਧੂ ਬਚ ਜਾਂਦੇ ਹਨ। ਬਾਬਰ ਦਾ ਪ੍ਰਸੰਗ ਕਵੀ ਨੇ ਪਰੰਪਰਾਗਤ ਅਨੁਸਾਰ ਹੀ ਕੀਤਾ ਹੈ, ਇਸ ਵਿਚ ਬਾਬਰ ਬਾਣੀ ਦੇ ਸ਼ਬਦ ਵੀ ਅੰਕਿਤ ਕੀਤੇ ਹਨ ਅਤੇ ਉਨ੍ਹਾਂ ਦੀ ਵਿਆਖਿਆ ਵੀ ਪਰੰਪਰਾਗਤ ਢੰਗ ਅਨੁਸਾਰ ਹੀ ਕੀਤੀ ਹੈ। ਬਾਬਰ ਗੁਰੂ ਜੀ ਨੂੰ ਕੈਦ ਕਰ ਲੈਂਦਾ ਹੈ। ਗੁਰੂ ਜੀ ਦੇ ਚਰਚੇ ਸੁਣ ਕੇ ਬਾਬਰ ਗੁਰੂ ਜੀ ਤੋਂ ਵਰ ਮੰਗਦਾ ਹੈ ਕਿ ਉਸ ਦਾ ਰਾਜ ਭਾਗ ਬਣਿਆ ਰਹੇ ਗੁਰੂ ਜੀ ਕਹਿੰਦੇ ਹਨ ਕਿ ਜਿਤਨਾ ਸਮਾਂ ਉਹ

---

[372] ਉਹੀ, ਪਤਰਾ ਨੰ 711-12.

[373] ਉਹੀ, ਪਤਰਾ ਨੰ 716.

[374] ਉਹੀ, ਪਤਰਾ ਨੰ 721-26.

ਪੁੰਨ ਕਰਨਗੇ ਉਤਨਾ ਸਮਾਂ ਉਨ੍ਹਾਂ ਦਾ ਰਾਜ ਰਹੇਗਾ ਜਦ ਉਹ ਪਾਪ ਕਰਨ ਲਗ ਗਏ, ਉਨ੍ਹਾਂ ਦਾ ਰਾਜ ਖਤਮ ਹੋ ਜਾਵੇਗਾ। ਉਹ ਹੁਣ ਸਾਰੇ ਕੈਦੀਆਂ ਨੂੰ ਛਡ ਦੇਵੇ। ਬਾਬਰ ਨੇ ਸਾਰੇ ਕੈਦੀਆਂ ਨੂੰ ਛਡ ਦਿਤਾ।[375]

ਉਪਰੋਕਤ ਪ੍ਰਸੰਗਾਂ ਦਾ ਉਲੇਖ ਕਰਨ ਤੋਂ ਬਾਅਦ ਖੋਜ ਕਾਰਜ ਦੀ ਸਰਲਤਾ ਹਿਤ ਬਾਬਰ ਦੇ ਹਮਲਿਆਂ ਦੀ ਜਾਣਕਾਰੀ ਚਰਚਿਤ ਵਿਚਾਰ ਦੀ ਮੰਗ ਹੈ। ਹਰੀ ਰਾਮ ਗਪਤਾ ਬਾਬਰ ਦੇ ਪੰਜ ਹਮਲੇ ਦਸਦਾ ਹੈ। ਜਿਸ ਵਿਚ ਪਹਿਲਾ ਹਮਲਾ 1518 ਈ., ਦੂਜਾ ਹਮਾ 1519 ਈ., ਤੀਜਾ 1520-1521 ਈ., ਚੌਥਾ 1524 ਈ. ਅਤੇ ਪੰਜਵਾਂ ਹਮਲਾ 1526 ਈ. ਵਿਚ ਕੀਤਾ ਗਿਆ। ਇਨ੍ਹਾਂ ਹਮਲਿਆਂ ਵਿਚ ਤੀਜੇ ਹਮਲੇ ਦੌਰਾਨ ਸੈਦਪੁਰ ਉਪਰ ਹਮਲਾ ਕੀਤਾ ਗਿਆ ਸੀ ਅਤੇ ਪਾਣੀਪਤ ਦੇ ਮੈਦਾਨ ਉਪਰ 1526 ਈ. ਵਿਚ ਯੁਧ ਹੋਇਆ ਸੀ।[376]

ਸੋ ਬਾਬਰ ਦੇ ਹਮਲਿਆਂ ਦੇ ਅਧਾਰ ਉਪਰ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਜਿਨ੍ਹਾਂ ਹਮਲਿਆਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਵਿਚ ਬਾਬਰ ਦਾ ਤੀਜੇ ਅਤੇ ਪੰਜਵੇਂ ਹਮਲੇ ਦਾ ਉਲੇਖ ਹੈ। ਉਦਾਸੀ ਖੰਡ ਵਿਚ ਬਾਬਰ ਦੇ ਤੀਜੇ ਹਮਲੇ ਦਾ ਜ਼ਿਕਰ ਹੈ ਅਤੇ ਪ੍ਰਤਾਪ ਖੰਡ ਵਿਚ ਪੰਜਵੇਂ ਹਮਲੇ ਦਾ ਜ਼ਿਕਰ ਹੈ। ਏਮਨਾਵਾਦ ਨੂੰ ਲੁਟਣ ਬਾਰੇ ਕਵੀ ਲਿਖਦਾ ਹੈ-

ਕਾਬਲੋ ਬਾਬਰੰ ਬੇਗ ਸੋ ਧਾਇਯੋ॥ ਰਾਮ ਕਾ ਭੇਜਿਆ ਆਪ ਸੁ ਆਇਯੋ॥
ਮਾਰਿਯੋ ਲੂਟਿਯੋ ਏਮਨਾਵਾਦਿ ਕੋ॥ ਬਾਧ ਕੈ ਲੇ ਗਯੋ ਔਰ ਜਾਲਾਦਿ ਕੋ॥[377]

ਇਸ ਤੋਂ ਅਗੇ ਕਵੀ ਨੇ ਪਾਣੀਪਤ ਦੇ ਹਮਲੇ ਬਾਬਤ ਲਿਖਿਆ ਹੈ ਕਿ ਦੌਲਤ ਖਾਂ ਹੀ ਬਾਬਰ ਨੂੰ ਬੁਲਾਵੇਗਾ ਅਤੇ ਸਾਰਾ ਕੁਝ ਸਤ ਮਹੀਨੇ ਸਤ ਦਿਨ ਵਿਚ ਹੀ ਘਟਿਤ ਹੋਵੇਗਾ। ਇਸੇ ਤਰ੍ਹਾਂ ਹੁੰਦਾ ਹੈ ਦੌਲਤ ਖਾਂ ਛੇ ਮਹੀਨੇ ਬੀਤਣ 'ਤੇ ਬਾਬਰ ਨੂੰ ਬੁਲਾ ਲੈਂਦਾ ਹੈ-

ਸਪਤਿ ਮਾਸ ਸਪਤਿ ਦਿਨੁ ਮਾਹੀ॥ ਇਨਿ ਕੀ ਦਫਾ ਰਹੈਗੀ ਨਾਹੀ॥

---

[375] ਉਹੀ, ਪਤਰਾ ਨੰ 731-35 ਅਤੇ 743-48.

[376] Hari Ram Gupta, *History Of The Sikhs Vol. I,* Munshiram Manoharlal, Publishers, New Delhi, 2008, Page 15-18.

[377] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 693.

ਹੋਵੇਗਾ ਬਾਬਰ ਕਾ ਰਾਜ॥ ਐਸੇ ਕਹਯੋ ਗਰੀਬ ਨਿਵਾਜ॥3॥

ਕਹੁ ਸਤਿਗੁਰ ਹੋਵੇਗਾ ਕੈਸੇ॥ ਪੁਨਿ ਬਾਲੈ ਨੈ ਬੂਝਿਉ ਐਸੇ॥

ਗੁਰ ਨਾਨਕੋ ਵਾਚ॥ ਲੋਦੀ ਦੌਲਤਿ ਖਾਂਨ ਪਠਾਨ॥

ਜਿਸ ਕਾ ਪਰਮਾਨੰਦ ਦੁਬਾਨ॥4॥

ਲਿਆਵੇਗਾ ਬਾਬਰ ਕੋ ਸੋਇ॥ ਯਾਹਿ ਵਿਖੈ ਨਹਿ ਸੰਸਾ ਕੋਇ॥

ਇਸਿ ਕੋ ਮਾਰੇਗਾ ਸੋ ਆਇ॥ ਯੋਂ ਸਤਿਗੁਰ ਨੈ ਦਯੋ ਬਤਾਇ॥5॥

ਖਸਟਿ ਮਾਸ ਬੀਤੇ ਪੁਨਿ ਜਬੈ॥ ਬਾਬਰ ਤਾਹਿ ਬੁਲਾਯੋ ਤਬੈ॥

ਅਪਨਾ ਬੇਟਾ ਤਾਹਿ ਪਠਾਯੋ॥ ਖੁਰਾਸਾਨ ਤੇ ਜਾਇ ਲਿਆਯੋ॥6॥[378]

ਚਰਚਿਤ ਕ੍ਰਿਤੀ ਅਨੁਸਾਰ ਪਾਣੀਪਤ ਦੇ ਮੈਦਾਨ ਵਿਚ ਛੇ ਦਿਨ ਲੜਾਈ ਹੋਈ, ਜਿਸ ਵਿਚ ਬਾਬਰ ਨੇ ਇਬਰਾਹਿਮ ਨੂੰ ਮਾਰ ਕੇ ਜਿਤ ਪ੍ਰਾਪਤ ਕੀਤੀ। ਸਤਵੇਂ ਦਿਨ ਉਸਨੇ ਦਿਲੀ ਦਾ ਤਖਤ ਪ੍ਰਾਪਤ ਕੀਤਾ। ਯਥਾ-

ਖਸਟਿ ਦਿਵਸ ਲਗ ਭਈ ਲਰਾਈ॥ ਮਾਰਿਉ ਮੁਗੁਲ ਪਠਾਣ ਸੁ ਭਾਈ॥

ਖਸਟਮਿ ਦਿਵਸ ਬਿਰਾਹਮ ਮਾਰਯੋ॥ ਬਾਬਰ ਪੁਨਿ ਆਗੈ ਪਗ ਧਾਰਯੋ॥42॥

ਸਪਤਮਿ ਦਿਨ ਦਿਲੀ ਮੈ ਗਯੋ॥ ਅਮਲ ਤਹਾ ਬਾਬਰ ਕਾ ਭਯੋ॥

ਦਾਖਲ ਭਯੋ ਤਖਤਿ ਪਰ ਜਾਈ॥ ਬਾਬਰ ਕੀ ਤਹ ਫਿਰੀ ਦੁਹਾਈ॥[379]

ਇਸ ਤੋਂ ਅਗੇ ਇਕ ਹੋਰ ਪ੍ਰਸੰਗ ਅੰਕਿਤ ਕੀਤਾ ਗਿਆ ਹੈ ਜਿਸ ਵਿਚ ਗੁਰੂ ਜੀ ਅਤੇ ਸੈਦਪੁਰ ਦੇ ਲੋਕਾਂ ਨੂੰ ਬਾਬਰ ਦੁਆਰਾ ਕੈਦ ਕੀਤਾ ਗਿਆ ਦਸਿਆ ਹੈ -

ਬਾਬਰ ਲੂਟਿਯੋ ਸੈਦਿਪੁਰ ਬੰਨ ਲੀਏ ਸਭ ਲੋਕ॥

ਬੋਝ ਦੀਏ ਤਿਨ ਸਿਰਨ ਪਰ ਚਲਿਉ ਸੁ ਅਪਨੇ ਓਕ॥1॥[380]

---

[378] ਉਹੀ, ਪਤਰਾ ਨੰ 731.

[379] ਉਹੀ, ਪਤਰਾ ਨੰ 735.

ਗੁਰੂ ਜੀ ਦੇ ਕੌਤੁਕ ਦੇਖ ਕੇ ਬਾਬਰ ਨੇ ਗੁਰੂ ਜੀ ਤੋਂ ਰਾਜ ਦਾ ਵਰ ਮੰਗਿਆ ਜਿਸ 'ਤੇ ਗੁਰੂ ਜੀ ਨੇ ਵਰ ਦਿਤਾ ਕਿ ਭਲਾ ਕਰਦੇ ਰਹੋ ਅਤੇ ਇਹ ਰਾਜ ਪੀੜ੍ਹੀਆਂ ਤਕ ਚਲੇਗਾ। ਇਸ ਤਰ੍ਹਾਂ ਗੁਰੂ ਜੀ ਦੇ ਉਪਦੇਸ਼ ਸਦਕਾ ਸੈਦਪੁਰ ਵਿਚ ਕੀਤੇ ਗਏ ਸਾਰੇ ਹੀ ਬੰਦੀਆਂ ਨੂੰ ਗੁਰੂ ਜੀ ਨੇ ਛੁਡਵਾ ਲਿਆ।

ਹਰੀ ਰਾਮ ਗੁਪਤਾ ਦਾ ਮੰਨਣਾ ਹੈ ਕਿ ਜਦੋਂ ਬਾਬਰ ਨੇ ਪੰਜਾਬ ਉਪਰ ਹਮਲਾ ਕੀਤਾ ਤਾਂ ਗੁਰੂ ਨਾਨਕ ਦੇਵ ਜੀ ਸੈਦਪੁਰ ਵਿਚ ਸਨ- *Nanak was still at Sayyidpur when Babar entered the Punjab. The Trans-Idus territory and the Sind Sagar Doab were already under him. He now seized Gujrat and Sialkot situated in the Chaj and Rachna Doabs respectively, and appeared at Sayyiedpur on his way to Lahor.*[381]

ਪਰ ਡਾ. ਕਿਰਪਾਲ ਸਿੰਘ ਦਾ ਮੰਨਣਾ ਹੈ ਕਿ ਗੁਰੂ ਜੀ ਨੂੰ ਲਾਲੋ ਨੇ ਸਾਰਾ ਹਾਲ ਦਸਿਆ ਭਾਵ ਪਹਿਲਾਂ ਹੀ ਹਮਲਾ ਹੋ ਚੁਕਾ ਸੀ- *ਜਦੋਂ ਗੁਰੂ ਨਾਨਕ ਸਾਹਿਬ ਭਾਈ ਲਾਲੋ ਕੋਲ ਪਹੁੰਚੇ ਤਾਂ ਆਪ ਨੇ ਵੇਖਿਆ ਕਿ ਜਿਸ ਨਗਰ ਵਿਚ ਆਪ ਪਹਿਲਾਂ ਰਹੇ ਸਨ ਉਹ ਉਜੜਿਆ ਪਿਆ ਹੈ, ਮਕਾਨ ਢਠੇ ਪਏ ਹਨ ਤੇ ਸਭ ਪਾਸੇ ਉਜਾੜ ਹੀ ਉਜਾੜ ਹੈ। ਭਾਈ ਲਾਲੋ, ਜੋ ਪਿੰਡ ਤੋਂ ਬਾਹਰ ਵਲ ਰਹਿੰਦਾ ਸੀ, ਨੇ ਦਸਿਆ ਕਿ ਮੁਗ਼ਲਾਂ ਨੇ ਪਿੰਡ ਤੇ ਹਮਲਾ ਕੀਤਾ ਤੇ ਪਿੰਡ ਤੋਂ ਵਾਲਿਆਂ ਅਗੋਂ ਟਾਕਰਾ ਕੀਤਾ ਪਰ ਉਨ੍ਹਾਂ ਦੀ ਕੋਈ ਪੇਸ਼ ਨਹੀਂ ਗਈ।*[382]

ਕਰਮ ਸਿੰਘ ਹਿਸਟੋਰੀਅਨ ਨੇ ਵੀ ਗੁਰੂ ਜੀ ਦਾ ਬਾਬਰ ਦੇ ਹਮਲੇ ਸਮੇਂ ਸੈਦਪੁਰ ਵਿਚ ਹੋਣਾ ਹੀ ਮੰਨਿਆ ਹੈ- *ਬਾਬਰ ਗੁਰੂ ਜੀ ਨੂੰ ਮਿਲਿਆ ਤਾਂ ਜ਼ਰੂਰ ਹੈ, ਪਰ ਇਸ ਪੰਜਵੇਂ ਹਮਲੇ ਵਿਚ ਨਹੀਂ, ਜੈਸਾ ਕਿ ਇਸ ਜਨਮਸਾਖੀ ਵਿਚ ਲਿਖਿਆ ਹੈ, ਮਿਲਿਆ ਕੇਵਲ ਤੀਜੇ ਹਮਲੇ ਵਿਚ ਹੈ। ਜਦ ਸਤਿਗੁਰੂ ਜੀ*

---

380 ਉਹੀ, ਪਤਰਾ ਨੰ 743.

381 Gupta, Hari Ram, *History of The Sikhs Vol. I,* Munshiram Manoharlal Publishers, New Delhi, 2008, Page 16.

382 ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 138.

*ਏਮਨਾਬਾਦ ਸਨ, ਬਾਬਰ ਕਾਬਲੋਂ ਸਿਧਾ ਸਿਆਲਕੋਟ ਆਇਆ ਅਤੇ ਸਿਆਲਕੋਟੋਂ ਰਾਤੋ ਰਾਤ ਏਮਨਾਬਾਦ ਉਤੇ ਛਾਪਾ ਮਾਰਿਆ, ਸ਼ਹਿਰ ਫੂਕ ਦਿਤਾ, ਲੋਕੀਂ ਲੁਟ ਲਏ ਅਤੇ ਕੈਦ ਕਰ ਦਿਤੇ। ਇਥੇ ਹੀ ਗੁਰੂ ਜੀ ਬਾਬਰ ਨੂੰ ਮਿਲੇ ਅਤੇ ਪਾਤਸ਼ਾਹ ਨੂੰ ਉਪਦੇਸ਼ ਕਰ ਕੇ ਸਭ ਕੈਦੀ ਛਡਾਏ ਸਨ।*[383]

ਸੋ ਉਪਰੋਕਤ ਵਿਚਾਰਾਂ ਤੋਂ ਚਰਚਿਤ ਕ੍ਰਿਤੀ ਵਿਚਲੀਆਂ ਹੇਠ ਲਿਖੀਆਂ ਗੱਲਾਂ ਦਾ ਪਤਾ ਲਗਦਾ ਹੈ-

1. ਬਾਬਰ ਨੇ ਪਹਿਲਾਂ ਸੈਦਪੁਰ ਉਪਰ ਹਮਲਾ ਕਰਕੇ ਸਾਰਾ ਕੁਝ ਢਾਹ ਦਿਤਾ ਅਤੇ ਲੋਕਾਂ ਨੂੰ ਲੁਟਿਆ।
2. ਦੌਲਤ ਖਾਂ ਨੇ ਬਾਬਰ ਨੂੰ ਪੰਜਾਬ ਉਪਰ ਹਮਲਾ ਕਰਨ ਲਈ ਬੁਲਾਇਆ ਪਰ ਉਸ ਨੇ ਆ ਕੇ ਦੌਲਤ ਖਾਂ ਨੂੰ ਹੀ ਮਾਰ ਦਿਤਾ। ਪਰ ਇਸ ਦੀ ਪੁਸ਼ਟੀ ਇਤਿਹਾਸਕ ਸ੍ਰੋਤਾਂ ਤੋਂ ਨਹੀਂ ਹੁੰਦੀ।
3. ਪਾਣੀਪਤ ਦੇ ਮੈਦਾਨ ਵਿਚ ਇਬਰਹਮ ਖਾਂ ਨਾਲ ਛੇ ਦਿਨ ਯੁਧ ਹੋਇਆ। ਪਰ ਇਤਿਹਾਸਕ ਸ੍ਰੋਤਾਂ ਵਿਚ ਇਕ ਦਿਨ ਦੇ ਯੁਧ ਦਾ ਹੀ ਵਿਵਰਣ ਮਿਲਦਾ ਹੈ।
4. ਸਤਵੇਂ ਦਿਨ ਬਾਬਰ ਦਿਲੀ ਦੇ ਤਖ਼ਤ ‘ਤੇ ਬੈਠਾ।
5. ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹਮਲੇ ਬਾਰੇ ਭਵਿਖਵਾਣੀ ਕੀਤੀ ਸੀ ਜੋ ਸਚ ਹੋਈ।
6. ਗੁਰੂ ਜੀ ਨੂੰ ਬਾਬਰ ਨੇ ਕੈਦ ਕੀਤਾ ਅਤੇ ਕੌਤੁਕ ਦੇਖ ਕੇ ਸਾਰੇ ਕੈਦੀ ਛਡ ਦਿਤੇ। ਇਸ ਬਾਰੇ ਵੀ ਵਿਦਵਾਨਾਂ ਦੀ ਦੋ ਰਾਇ ਹੈ ਕਿ ਗੁਰੂ ਜੀ ਬਾਬਰ ਨੂੰ ਮਿਲੇ ਸਨ ਜਾਂ ਨਹੀਂ?
7. ਬਾਬਰ ਨੂੰ ਗੁਰੂ ਜੀ ਨੇ ਪੀੜ੍ਹੀਆਂ ਤੱਕ ਰਾਜ ਕਰਨ ਦਾ ਅਸ਼ੀਰਵਾਦ ਦਿਤਾ।

ਇਸ ਦੇ ਨਾਲ ਹੀ ਕਵੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਬਾਬਰ ਵਾਣੀ ਦਰਜ ਕਰਕੇ ਉਸ ਦੇ ਪਰੰਪਰਾਗਤ ਸੰਪਰਦਾਇਕ ਅਰਥ ਕਰਕੇ ਵੀ ਜਿਗਿਆਸੀ ਲਈ ਗੁਰਬਾਣੀ ਦੀ ਵਿਆਖਿਆ ਕਰਕੇ ਜਿਗਿਆਸੀ ਦੇ ਸ਼ੰਕੇ ਨਿਵਿਰਤ ਕਰਨ ਦਾ ਯਤਨ ਕੀਤਾ ਹੈ। ਸੋ ਇਸ ਸਾਖੀ ਦੀ ਆਪਣੀ ਇਤਿਹਾਸਕ ਮਹਤਾ ਹੈ।

---

[383] ਹਿਸਟੋਰੀਅਨ, ਕਰਮ ਸਿੰਘ, *ਕੱਤਕ ਕਿ ਵਿਸਾਖ,* ਲਾਹੌਰ ਬੁਕ ਸ਼ਾਪ, ਲੁਧਿਆਣਾ, 2008, ਪੰਨਾ 76.

ਇਸ ਤੋਂ ਅਗੇ ਗੁਰੂ ਜੀ ਮੀਆਂ ਮਿਠੇ ਦੇ ਕੋਟਲੇ ਗਏ [384] ਅਤੇ ਉਥੇ ਉਹ ਸ਼ੇਖ ਮੀਆਂ ਮਿਠੇ ਨੂੰ ਮਿਲੇ ਅਤੇ ਉਸ ਨਾਲ ਚਰਚਾ ਕੀਤੀ। ਉਹ ਗੁਰੂ ਸਾਹਿਬ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ।[385] ਇਥੋਂ ਗੁਰੂ ਜੀ ਲਾਹੌਰ ਗਏ ਜਿਥੇ ਉਹ ਦੁਨੀ ਚੰਦ ਨੂੰ ਮਿਲੇ।

ਗੁਰੂ ਜੀ ਸੈਦਪੁਰ ਤੋਂ ਲਾਹੌਰ ਪਹੁੰਚੇ, ਜਿਥੇ ਉਹ ਦੁਨੀ ਚੰਦ ਨੂੰ ਮਿਲੇ । ਕਵੀ ਨੇ ਲਾਹੌਰ ਦੇ ਦੁਨੀ ਚੰਦ ਬਾਰੇ ਦੋ ਪ੍ਰਸੰਗ ਇਸ ਗ੍ਰੰਥ ਵਿਚ ਅੰਕਿਤ ਕੀਤੇ ਹਨ। ਪਹਿਲਾ ਪ੍ਰਸੰਗ ਗੁਰੂ ਜੀ ਦੇ ਵਿਆਹ ਦੇ ਸਮੇਂ ਦਾ ਹੈ, ਜਦੋਂ ਗੁਰੂ ਜੀ ਦੀ ਬਾਰਾਤ ਜਾ ਰਹੀ ਸੀ ਤਾਂ ਰਸਤੇ ਵਿਚ ਦੁਨੀ ਚੰਦ ਮਿਲਿਆ ਜੋ ਕਿ ਲਾਹੌਰ ਦਾ ਕਰੋੜੀ ਖਤ੍ਰੀ ਸੀ। ਉਸ ਦੀ ਬੇਨਤੀ 'ਤੇ ਗੁਰੂ ਜੀ 13 ਦਿਨ ਲਾਹੌਰ ਰਹੇ, ਜਿਥੇ ਉਸ ਨੇ ਖ਼ੂਬ ਸੇਵਾ ਕੀਤੀ। ਯਥਾ-

ਰਹੈ ਕਰੋੜੀ ਖੱਤ੍ਰੀ ਇਕ ਲਹੌਰ ਕੇ ਮਾਹਿ॥
ਦੁਨੀ ਚੰਦ ਤਹਿ ਨਾਮ ਹੈ ਬਿਸਤਰਿ ਜਹਿ ਤਹਿ ਤਾਹਿ॥34॥[386]

ਦੂਜਾ ਪ੍ਰਸੰਗ ਕਵੀ ਨੇ ਮੀਆਂ ਮਿਠੇ ਦੇ ਕੋਟਲੇ ਜਾਣ ਤੋਂ ਬਾਅਦ ਅੰਕਿਤ ਕੀਤਾ ਹੈ। ਜਿਥੇ ਕਵੀ ਦਸਦਾ ਹੈ ਕਿ ਦੁਨੀ ਚੰਦ ਲਾਹੌਰ ਦਾ ਰਹਿਣ ਵਾਲਾ ਹੈ ਅਤੇ ਉਸ ਨੇ ਬਹੁਤ ਧਨ ਜੋੜਿਆ ਹੁੰਦਾ ਹੈ । ਉਹ ਆਪਣੇ ਪਿਤਾ ਦੇ ਨਮਿਤ ਸ਼ਰਾਧ ਕਰਵਾ ਰਿਹਾ ਹੁੰਦਾ ਹੈ। ਗੁਰੂ ਜੀ ਉਸ ਨੂੰ ਦਸਦੇ ਹਨ ਕਿ ਉਸ ਦਾ ਪਿਤਾ ਬਘਿਆੜ ਜੋਨ ਵਿਚ ਤਿੰਨ ਦਿਨ ਤੋਂ ਭੁਖਾ ਹੈ ਅਤੇ ਉਸ ਸਥਾਨ ਉਪਰ ਜਾ ਕੇ ਆਪਣੇ ਪਿਤਾ ਨੂੰ ਮਿਲ ਲਵੇ। ਉਹ ਆਪਣੇ ਪਿਤਾ ਨੂੰ ਮਿਲਦਾ ਹੈ ਪਿਤਾ ਦਸਦਾ ਹੈ ਕਿ ਅੰਤ ਸਮੇਂ ਉਸ ਦਾ ਧਿਆਨ ਮਾਸ ਖਾਣ ਵਿਚ

---

[384] ਨੋਟ- ਡਾ. ਕਿਰਪਾਲ ਸਿੰਘ ਨੇ ਮੀਆਂ ਮਿਠੇ ਦੇ ਕੋਟਲੇ ਜਾਣਾ ਸਿਆਲਕੋਟ ਤੋਂ ਹੋ ਕੇ ਮੰਨਿਆ ਹੈ ਅਤੇ ਗੁਰੂ ਜੀ ਨਾਲ ਭਾਈ ਮਰਦਾਨਾ ਅਤੇ ਭਾਈ ਮੂਲਾ ਸੀ।

(ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 114.)

[385] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 544-
ਦ੍ਵਾਦਸਿ ਤਹਿ ਮਜਮਾਨੀ ਭਈ॥ ਇਕ ਤੇ ਏਕ ਤਾਹਿ ਸਭਿ ਲਈ॥ ਤੇਰਹਿ ਦਿਨੁ ਲਗਿ ਰਹੇ ਲਹੌਰੁ॥ ਰਾਖੇ ਤਾਹਿ ਬਹੁਤਿ ਕਰਿ ਗੌਰੁ॥44॥
[386] ਉਹੀ.

ਰਹਿ ਗਿਆ ਸੀ, ਇਸ ਲਈ ਉਸਨੂੰ ਬਘਿਆੜ ਦੀ ਜੋਨ ਮਿਲੀ ਹੈ। ਗੁਰੂ ਜੀ ਦੁਨੀ ਚੰਦ ਨੂੰ ਸੂਈ ਦੇ ਕੇ ਅਗਲੇ ਲੋਕ ਵਿਚ ਦੇਣ ਨੂੰ ਕਹਿੰਦੇ ਹਨ। ਦੁਨੀ ਚੰਦ ਦੀ ਪਤਨੀ ਕਹਿੰਦੀ ਹੈ ਕਿ ਉਥੇ ਕੁਝ ਵੀ ਨਾਲ ਨਹੀਂ ਜਾਂਦਾ। ਗੁਰੂ ਜੀ ਉਸਨੂੰ ਉਪਦੇਸ਼ ਦੇ ਕੇ ਅਗੇ ਜਾਂਦੇ ਹਨ। ਉਹ ਆਪਣਾ ਧਨ ਚੰਗੇ ਕਰਮਾਂ ਲਈ ਲਾਉਂਦਾ ਹੈ।[387]

ਦੁਨੀ ਚੰਦ ਦੇ ਇਸ ਪ੍ਰਸੰਗ ਦਾ ਜ਼ਿਕਰ ਭਾਈ ਬਾਲਾ ਵਾਲੀ ਜਨਮਸਾਖੀ ਅਤੇ ਪੁਰਾਤਨ ਜਨਮ ਸਾਖੀ ਤੋਂ ਬਿਨਾਂ ਹੋਰ ਕਿਸੇ ਜਨਮਸਾਖੀ ਵਿਚ ਨਹੀਂ ਆਇਆ। ਪੁਰਾਤਨ ਜਨਮ ਸਾਖੀ ਵਿਚ ਦੁਨੀ ਚੰਦ ਨੂੰ ਲਾਹੌਰ ਦਾ ਧੁਪੜ ਖਤਰੀ ਦਸਿਆ ਹੈ।[388]

ਸੋ ਉਪਰੋਕਤ ਕਥਨਾਂ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਕੁਝ ਕੁ ਸ੍ਰੋਤਾਂ ਵਿਚ ਦੁਨੀ ਚੰਦ ਦਾ ਜ਼ਿਕਰ ਹੈ ਅਤੇ ਦਸਿਆ ਹੈ ਕਿ ਉਹ ਲਾਹੌਰ ਦਾ ਰਹਿਣ ਵਾਲਾ ਧੰਨਵਾਨ ਸੀ। ਸੋ ਕਵੀ ਦਾ ਵੀ ਇਸੇ ਤਰ੍ਹਾਂ ਦਾ ਜ਼ਿਕਰ ਕਰਨਾ ਇਤਿਹਾਸਕ ਪਖੋਂ ਮਹਤਾ ਵਾਲਾ ਹੈ। ਪਰ ਕਵੀ ਨੇ ਜਿਵੇਂ ਦੋ ਪ੍ਰਸੰਗ ਅੰਕਿਤ ਕੀਤੇ ਹਨ, ਉਨ੍ਹਾਂ ਵਿਚ ਵਿਰੋਧਾਭਾਸ ਦੇਖਣ ਨੂੰ ਮਿਲਦਾ ਹੈ । ਪਹਿਲੇ ਪ੍ਰਸੰਗ ਵਿਚ ਕਵੀ ਕਹਿੰਦਾ ਹੈ ਕਿ ਦੁਨੀ ਚੰਦ ਨੇ ਬਾਰਾਤ ਦੀ ਖੂਬ ਸੇਵਾ ਕੀਤੀ ਅਤੇ ਦੂਜੇ ਪ੍ਰਸੰਗ ਵਿਚ ਦੁਨੀ ਚੰਦ ਨੂੰ ਅਵਲ ਦਰਜੇ ਦਾ ਕੰਜੂਸ ਕਿਹਾ ਹੈ। ਜੇਕਰ ਵਿਆਹ ਵਾਲਾ ਪ੍ਰਸੰਗ ਬਾਅਦ ਵਿਚ ਅੰਕਿਤ ਕੀਤਾ ਜਾਂਦਾ ਤਾਂ ਕਿਹਾ ਜਾ ਸਕਦਾ ਸੀ ਕਿ ਗੁਰੂ ਜੀ ਦੇ ਉਪਦੇਸ਼ ਸਦਕਾ ਦੁਨੀ ਚੰਦ ਨੇ ਸੇਵਾ ਕੀਤੀ। ਸੋ ਉਪਰੋਕਤ ਪਹਿਲੇ ਪ੍ਰਸੰਗ ਨੂੰ ਅੰਕਿਤ ਕਰਨਾ ਕਵੀ ਦੀ ਉਕਾਈ ਹੈ। ਫਿਰ ਗੁਰੂ ਜੀ ਤਲਵੰਡੀ ਆਉਂਦੇ ਹਨ ਅਤੇ ਲਾਹੌਰ ਦੇ ਪਰਮਾਨੰਦ ਖੱਤਰੀ ਨੂੰ ਮਾਇਆ ਦਾ ਪ੍ਰਭਾਵ ਦਿਖਾਕੇ[389] ਅਗੇ ਭਾਈ ਲਾਲੋ ਨੂੰ ਮਿਲ ਕੇ ਉਹਰੀ ਜਾਪੂ ਤੋਂ ਹੁੰਦੇ ਹੋਏ ਸਹਿਦਰੇ ਗਏ। ਫਿਰ ਮੂਲੇ

---

[387] ਉਹੀ, ਪਤਰਾ ਨੰ 755.

[388] ਤਬ ਰਾਵੀ ਨਦੀ ਦੇ ਕਿਨਾਰੇ ਲਹੋਰਿ ਆਇ ਨਿਕਲਿਆ। ਤਬ ਲਹੋਰ ਦੇ ਪੁਰਗਣੇ ਦਾ ਕਰੋੜੀ ਦੁਨੀ ਚੰਦ ਧੁਪੁੜ ਖੱਤ੍ਰੀ ਥਾ। ਤਿਸਕੇ ਪਿਤਾ ਕਾ ਸਰਾਧੁ ਥਾ, ਉਸ ਸੁਣਿਆ ਜੋ ਨਾਨਕੁ ਤਪਾ ਆਇਆ ਹੈ।

(ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿਲੀ, ਉਨ੍ਹੀਵੀਂ ਵਾਰ, 2014, ਪੰਨਾ 122.)

[389] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 758-63.

ਕੋਲ ਗਏ ਜੋ ਕਿ ਗੁਰੂ ਜੀ ਨੂੰ ਦੇਖ ਕੇ ਛੁਪ ਗਿਆ ਅਤੇ ਸੱਪ ਲੜਨ ਕਰਕੇ ਮਰ ਗਿਆ। ਕਵੀ ਨੇ ਇਸ ਪ੍ਰਸੰਗ ਦਾ ਵਿਸਥਾਰ ਨਹੀਂ ਦਿਤਾ ਬਲਕਿ ਸੰਕੇਤ ਮਾਤਰ ਹੀ ਅੰਕਿਤ ਕੀਤਾ ਹੈ। ਫਿਰ ਗੁਰੂ ਜੀ ਅਚਲ ਵਟਾਲੇ ਜਾਂਦੇ ਹਨ, ਜਿਥੇ ਸਿਧਾਂ ਨਾਲ ਚਰਚਾ ਕਰਦੇ ਹਨ।

ਅਗੇ ਗੁਰੂ ਜੀ ਗੁਰੂ ਸ਼ਾਹ, ਬੀਕਾਨੇਰ, ਗੁਜਰਾਤ, ਪੁਸ਼ਕਰ, ਜੈਪੁਰ, ਅਵੰਤਕਾ ਪੁਰੀ, ਉਜੈਨ, ਚਾਂਗਦੇਵ, ਤ੍ਰਿਮੁਖ, ਪੰਡਰਪੁਰ ਤੋਂ ਹੁੰਦੇ ਹੋਏ ਬਿਦਰ ਪਹੁੰਚੇ ਅਤੇ ਬਿਦਰ ਤੋਂ ਮਕੇ ਜਾਣ ਦੀ ਤਿਆਰੀ ਕੀਤੀ। ਕਵੀ ਨੇ ਗੁਰੂ ਜੀ ਦਾ ਮਕਾ ਅਤੇ ਮਦੀਨਾ ਜਾਣ ਦਾ ਵਿਸਤ੍ਰਿਤ ਵਰਨਣ ਕੀਤਾ ਹੈ। ਗੁਰੂ ਜੀ ਮਰਦਾਨੇ ਨੂੰ ਕਹਿੰਦੇ ਹਨ ਕਿ ਹੁਣ ਸੁਮੇਰ ਦੀ ਸੈਰ 'ਤੇ ਚਲਦੇ ਹਾਂ। ਪਰ ਮਰਦਾਨੇ ਦੇ ਕਹਿਣ ਤੇ ਗੁਰੂ ਜੀ ਹਾਜੀਆਂ ਦਾ ਭੇਖ ਧਾਰਨ ਕਰਕੇ ਮਕੇ ਨੂੰ ਜਾਂਦੇ ਹਨ। ਰਸਤੇ ਵਿਚ ਉਨ੍ਹਾਂ ਦਾ ਮਿਲਾਪ ਮੁਲਤਾਨ ਦੇ ਰਹਿਣ ਵਾਲੇ ਹਾਜੀਆਂ ਨਾਲ ਹੁੰਦਾ ਹੈ। ਉਹ ਗੁਰੂ ਜੀ ਨੂੰ ਕੁਝ ਪ੍ਰਸ਼ਨ ਪੁਛਦੇ ਹਨ, ਗੁਰੂ ਜੀ ਉਨ੍ਹਾਂ ਪ੍ਰਸ਼ਨਾ ਦੇ ਉਤਰ ਦਿੰਦੇ ਹਨ। ਮੁਸਲਮਾਨ ਗੁਰੂ ਜੀ ਨੂੰ ਹਿੰਦੂ ਸਮਝ ਕੇ ਮਕੇ ਲਿਜਾਣ ਲਈ ਇਨਕਾਰ ਕਰ ਦਿੰਦੇ ਹਨ। ਗੁਰੂ ਜੀ ਮਰਦਾਨੇ ਨੂੰ ਸ਼ਬਦ ਗਾਉਣ ਲਈ ਕਹਿੰਦੇ ਹਨ। ਉਹ ਸ਼ਬਦ ਦੀ ਸਮਾਪਤੀ ਹੋਣ ਤੇ ਮਕੇ ਪਹੁੰਚ ਜਾਂਦੇ ਹਨ। ਮਰਦਾਨਾ ਮਕੇ ਦੀ ਮਸੀਤ ਅੰਦਰ ਜਾ ਕੇ ਦਰਸ਼ਨ ਕਰਦਾ ਹੈ, ਉਸ ਦੀਆਂ ਅਖਾਂ 'ਤੇ ਕਪੜਾ ਬੰਨ ਕੇ ਅੰਦਰ ਜਾਣ ਦਿਤਾ ਜਾਂਦਾ ਹੈ। ਮਰਦਾਨਾ ਦਰਸ਼ਨ ਕਰਕੇ ਬਾਹਰ ਆਉਂਦਾ ਹੈ। ਰਾਤ ਦੇ ਸਮੇਂ ਗੁਰੂ ਜੀ ਕਾਹਬੇ ਵੱਲ ਨੂੰ ਪੈਰ ਕਰਕੇ ਪੈ ਜਾਂਦੇ ਹਨ। ਮੁਲਾਂ ਜੀਵਨ ਜਦ ਝਾੜੂ ਦੇਣ ਆਉਂਦਾ ਹੈ ਤਾਂ ਗੁਰੂ ਨਾਨਕ ਦੇਵ ਜੀ ਦੇ ਕਾਹਬੇ ਵਲ ਪੈਰ ਦੇਖਕੇ ਕਹਿੰਦਾ ਹੈ ਕਿ ਉਹ ਅਪਣੇ ਪੈਰ ਖੁਦਾ ਦੇ ਘਰ ਵਲੋਂ ਦੂਜੇ ਪਾਸੇ ਕਰ ਲਵੇ । ਗੁਰੂ ਜੀ ਕਹਿੰਦੇ ਹਨ ਕਿ ਉਹ ਮੁਸਾਫਿਰ ਹਨ ਅਤੇ ਥਕੇ ਹੋਏ ਹਨ, ਇਸ ਲਈ ਉਹ ਹੀ ਉਨ੍ਹਾਂ ਦੇ ਪੈਰ ਉਸ ਪਾਸੇ ਕਰ ਦੇਵੇ, ਜਿਸ ਪਾਸੇ ਖੁਦਾ ਦਾ ਘਰ ਨਹੀਂ ਹੈ। ਜਦੋਂ ਮੁਲਾਂ ਜੀਵਨ ਪੈਰਾਂ ਨੂੰ ਦੂਜੀ ਦਿਸ਼ਾ ਵਲ ਘੁਮਾਉਂਦਾ ਹੈ ਤਾਂ ਕਾਹਬਾ ਵੀ ਉਸੇ ਦਿਸ਼ਾ ਨੂੰ ਘੁੰਮ ਜਾਂਦਾ ਹੈ, ਇਹ ਦੇਖ ਕਿ ਉਹ ਬਹੁਤ ਹੈਰਾਨ ਹੁੰਦਾ ਹੈ। ਫਿਰ ਹਾਜੀ ਅਤੇ ਕਾਜੀ ਗੁਰੂ ਜੀ ਨਾਲ ਸੁਆਲ-ਜਵਾਬ ਕਰਦੇ ਹਨ। ਅੰਤ ਵਿਚ ਸਾਰੇ ਹੀ ਗੁਰੂ ਜੀ ਦੇ ਚਰਨਾਂ ਵਿਚ ਪੈ ਜਾਂਦੇ ਹਨ। ਮਕੇ ਨੂੰ ਖੁਨਕਾਰ ਹੁਸੈਨ ਵਲੋਂ ਬਣਾਉਣਾ ਦੀ ਕਥਾ ਵੀ ਕਵੀ ਨੇ ਅੰਕਿਤ ਕੀਤੀ ਹੈ ਅਤੇ ਕਿਹਾ ਹੈ ਕਿ ਇਹ ਪਹਿਲਾਂ ਸ਼ਿਵ ਦਾ ਤੀਰਥ ਸਥਾਨ ਸੀ, ਜਿਥੇ ਅੱਜ ਵੀ ਸ਼ਿਵਲਿੰਗ ਸਥਾਪਿਤ ਹੈ। ਫਿਰ ਗੁਰੂ ਜੀ ਅਗੇ ਮਦੀਨੇ ਨੂੰ ਜਾਂਦੇ ਹਨ। ਇਥੇ ਵੀ ਕਵੀ ਨੇ ਮਕੇ ਵਾਲਾ ਬਿਰਤਾਂਤ ਹੀ ਪ੍ਰਸਤੁਤ ਕੀਤਾ ਹੈ

ਕਿ ਉਥੇ ਹਜਰਤ ਮੁਹੰਮਦ ਸਾਹਿਬ ਦੀ ਗੋਰ ਵੱਲ ਗੁਰੂ ਜੀ ਪੈਰ ਕਰਕੇ ਪੈ ਜਾਂਦੇ ਹਨ ਅਤੇ ਜਦੋਂ ਕਾਜੀ ਗੁਰੂ ਜੀ ਦੇ ਪੈਰ ਦੂਜੀ ਦਿਸ਼ਾ ਵੱਲ ਕਰਦੇ ਹਨ ਤਾਂ ਗੋਰ ਘੁੰਮ ਜਾਂਦੀ ਹੈ। ਫਿਰ ਗੁਰੂ ਜੀ ਕਾਜੀਆਂ ਦੇ ਕਹਿਣ 'ਤੇ ਖੜ੍ਹੇ ਹੋ ਜਾਂਦੇ ਹਨ ਤਾਂ ਗੋਰ ਖੜ੍ਹੀ ਹੋ ਜਾਂਦੀ ਹੈ। ਇਸ ਤਰ੍ਹਾਂ ਦਾ ਕਰਾਮਾਤਾਂ ਵਾਲਾ ਬਿਰਤਾਂਤ ਕਵੀ ਨੇ ਪ੍ਰਸੁਤਤ ਕੀਤਾ ਹੈ। ਕਵੀ ਨੇ ਇਹ ਵੀ ਕਿਹਾ ਹੈ ਕਿ ਉਥੇ ਗੁਰੂ ਜੀ ਦੀ ਖੜਾਂਵ ਨੂੰ ਉਨ੍ਹਾਂ ਨੇ ਸਤਿਕਾਰ ਵਜੋਂ ਰਖ ਲਿਆ। ਇਨ੍ਹਾਂ ਪ੍ਰਸੰਗਾਂ ਵਿਚ ਹੀ ਗੁਰੂ ਜੀ ਰੁਕਨਦੀਨ, ਬਹਾਵਦੀ ਅਤੇ ਜਲਾਲਦੀ ਨਾਲ ਚਰਚਾ ਵੀ ਕਰਦੇ ਹਨ ਅਤੇ ਉਪਦੇਸ਼ ਦਿੰਦੇ ਹਨ।[390]

ਪੁਰਾਤਨ ਜਨਮ ਸਾਖੀ ਵਿਚ ਚੌਥੀ ਉਦਾਸੀ ਦੌਰਾਨ ਸਿਧਾਂ ਨੂੰ ਅਚਲ ਵਟਾਲੇ ਮਿਲਣ ਤੋਂ ਬਾਅਦ ਗੁਰੂ ਜੀ ਮਕਾ-ਮਦੀਨਾ ਗਏ। [391] ਮਕੇ ਮਦੀਨੇ ਦੀ ਗੋਸ਼ਟਿ ਦੇ ਆਰੰਭ ਵਿਚ ਬਿਦਰ ਤੋਂ ਮਕਾ-ਮਦੀਨਾ ਜਾਣਾ ਲਿਖਿਆ ਹੈ।[392] ਸੋਢੀ ਮਿਹਰਬਾਨ ਵਾਲੀ ਜਨਮ ਸਾਖੀ ਵਿਚ ਮੁਲਤਾਨ ਤੋਂ ਮਕਾ-ਮਦੀਨਾ ਜਾਣਾ ਲਿਖਿਆ ਮਿਲਦਾ ਹੈ। [393] ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿਚ ਕਰਤਾਰਪੁਰ ਤੋਂ ਮਕਾ-ਮਦੀਨਾ ਜਾਣਾ ਲਿਖਿਆ ਹੈ। ਡਾ. ਕਿਰਪਾਲ ਸਿੰਘ ਨੇ ਹਿੰਗਲਾਜ ਤੋਂ ਮਕਾ-ਮਦੀਨਾ ਜਾਣਾ ਮੰਨਿਆ ਹੈ ।[394] ਭਾਵੇਂ ਇਨ੍ਹਾਂ ਸਾਰੇ ਸ੍ਰੋਤਾਂ ਵਿਚ ਤਥਾਂ ਦਾ ਵਖਰੇਵਾਂ ਦੇਖਣ ਨੂੰ ਮਿਲਦਾ ਹੈ, ਪਰ ਇਨ੍ਹਾਂ ਵਿਚ ਇਕ ਗੱਲ ਦੀ ਸਮਾਨਤਾ ਇਹ ਹੈ ਕਿ ਪੀਰ ਬਹਾਉਦੀਨ ਮੁਲਤਾਨ ਦਾ ਹਾਜੀ ਸੀ। ਉਸ ਦਾ ਮਿਲਾਪ ਜਾਂ ਤਾਂ ਗੁਰੂ ਜੀ ਨਾਲ ਮੁਲਤਾਨ ਵਿਚ ਹੁੰਦਾ ਹੈ ਅਤੇ ਜਾਂ ਫਿਰ ਰਸਤੇ ਵਿਚ। ਸੁਮੇਰ ਉਤੇ ਸਿਧਾਂ ਨਾਲ ਗੋਸ਼ਟਿ ਦਾ ਜ਼ਿਕਰ ਜਨਮਸਾਖੀ ਭਾਈ ਮਨੀ ਸਿੰਘ ਅਤੇ ਸੋਢੀ ਮਿਹਰਬਾਨ ਵਿਚ ਮਕਾ-ਮਦੀਨਾ ਦੀ ਯਾਤਰਾ ਤੋਂ ਪਹਿਲਾਂ ਕੀਤਾ

---

[390] ਉਹੀ, ਪਤਰਾ ਨੰ 881-965.

[391] ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿਲੀ, ਉਨ੍ਹੀਵੀਂ ਵਾਰ, 2014, ਪੰਨਾ 162.

[392] ਡਾ. ਕੁਲਵੰਤ ਸਿੰਘ, *ਮੱਕੇ ਮਦੀਨੇ ਦੀ ਗੋਸ਼ਟਿ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੀਜੀ ਵਾਰ, 2013, ਪੰਨਾ 33.

[393] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ , ਪੰਜਾਬੀ ਯੂਨੀਵਰਸਿਟੀ* , ਪਟਿਆਲਾ, 2009, ਪੰਨਾ 149 (ਦੇਖੋ ਅੰਤਿਕਾ).

[394] ਉਹੀ, ਪੰਨਾ 125.

ਹੈ, ਡਾ. ਕਿਰਪਾਲ ਸਿੰਘ ਨੇ ਵੀ ਇਸ ਨੂੰ ਸਹੀ ਮੰਨਿਆ ਹੈ। ਉਥੇ ਹੀ ਚਰਚਿਤ ਕ੍ਰਿਤੀ ਵਿਚ ਇਸ ਘਟਨਾ ਦਾ ਜ਼ਿਕਰ ਬਾਅਦ ਵਿਚ ਹੈ। ਸਾਰੇ ਹੀ ਸ੍ਰੋਤਾਂ ਵਿਚ ਮਕੇ ਤੋਂ ਬਾਅਦ ਮਦੀਨੇ ਜਾਣ ਦਾ ਜ਼ਿਕਰ ਹੈ, ਕਵੀ ਨੇ ਵੀ ਮਕੇ ਤੋਂ ਬਾਅਦ ਹੀ ਮਦੀਨੇ ਜਾਣ ਦਾ ਜ਼ਿਕਰ ਕੀਤਾ ਹੈ। ਡਾ. ਕਿਰਪਾਲ ਸਿੰਘ ਮਕੇ ਤੋਂ ਮਦੀਨਾ ਜਾਣ ਬਾਰੇ ਲਿਖਦੇ ਹਨ - *ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਦਾ ਮੱਕੇ ਜਾਣਾ ਪਹਿਲਾਂ ਮੰਨਿਆ ਹੈ ਤੇ ਬਗਦਾਦ ਜਾਣਾ ਪਿਛੋਂ। ਭਾਈ ਬਾਲੇ ਵਾਲੀ ਤੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿਚ ਵੀ ਗੁਰੂ ਸਾਹਿਬ ਦਾ ਮੱਕੇ ਜਾਣਾ ਪਹਿਲਾਂ ਤੇ ਮਦੀਨੇ ਜਾਣਾ ਪਿਛੋਂ ਮੰਨਿਆ ਹੈ। ਭਾਰਤ ਤੋਂ ਮੱਕੇ ਜਾਣ ਦੇ ਦੋ ਹੀ ਰਸਤੇ ਸਨ- ਇਕ ਸਮੁੰਦਰੀ ਰਸਤਾ ਤੇ ਇਕ ਖੁਸ਼ਕੀ ਦਾ ਰਸਤਾ। ਖੁਸ਼ਕੀ ਦੇ ਰਸਤੇ ਪਹਿਲਾਂ ਬਗਦਾਦ, ਫੇਰ ਮਦੀਨਾ ਤੇ ਫੇਰ ਮੱਕਾ ਆਉਂਦਾ ਹੈ। ਕਿਉਂਕਿ ਸਭ ਜਨਮ ਸਾਖੀਆਂ ਵਿਚ ਮੱਕਾ ਪਹਿਲਾਂ ਹੈ। ਭਾਈ ਗੁਰਦਾਸ ਜੀ ਨੇ ਵੀ ਮੱਕਾ ਪਹਿਲਾਂ ਲਿਖਿਆ ਹੈ, ਇਸ ਲਈ ਅਨੁਮਾਨ ਹੈ, ਕਿ ਗੁਰੂ ਨਾਨਕ ਸਾਹਿਬ ਸਮੁੰਦਰੀ ਰਸਤੇ ਹੀ ਮੱਕੇ ਗਏ ਹੋਣਗੇ।*[395]

ਮਕਾ ਦੀ ਮਸੀਤ ਵਿਚ ਮੁਲਾਂ ਜੀਵਨ ਤੇ ਰੁਕਨਦੀਨ ਨਾਲ ਗੋਸ਼ਟਿ ਨੂੰ ਵੀ ਸਾਖੀਕਾਰਾਂ ਨੇ ਪ੍ਰਵਾਨਿਤ ਕੀਤਾ ਹੈ। ਡਾ. ਕਿਰਪਾਲ ਸਿੰਘ ਨੇ ਮਕਾ ਫਿਰਨ ਦੀ ਘਟਨਾ ਨੂੰ ਇਸਲਾਮਿਕ ਪ੍ਰੰਪਰਾ ਤੋਂ ਆਈ ਦਸਿਆ ਹੈ।[396] ਕਵੀ ਦੁਆਰਾ ਗੁਰੂ ਜੀ ਦੇ ਬਿਦਰ ਤੋਂ ਮਕੇ ਜਾਣ ਦਾ ਜ਼ਿਕਰ ਮਾਤਰ *ਮਕੇ ਮਦੀਨੇ ਦੀ*

---

[395] ਉਹੀ, ਪੰਨਾ 126. (ਦੇਖੋ ਪਗ ਟਿਪਣੀ)

[396] ਜਨਮ ਸਾਖੀਆਂ ਵਿਚ ਕਾਹਬਾ ਫਿਰਨ ਜਾਂ ਇਕ ਥਾਂ ਤੋਂ ਦੂਸਰੀ ਥਾਂ ਜਾਣ ਦੀ ਰਵਾਇਤ ਮੁਸਲਮਾਨੀ ਕਿਤਾਬਾਂ ਤੋਂ ਆਈ ਜਾਪਦੀ ਹੈ। ਤਜ਼ਕਰਾਤੂ ਔਲੀਆ ਕ੍ਰਿਤ ਫ਼ਰੀਦਉਦੀਨ ਅਤਾਰ (1119-1230 ਈ.) ਦੇ ਨੌਵੇਂ ਕਾਂਡ ਵਿਚ ਹਜ਼ਰਤ ਰਾਬਿਆ ਦੇ ਸੰਬੰਧ ਵਿਚ ਲਿਖਿਆ ਹੈ- "ਜਬ ਦੂਸਰੀ ਮਰਤਬਾ ਆਪ ਹਜ ਕੇ ਤਸ਼ਰੀਫ ਲੇ ਗਏ, ਜੰਗਲ ਮੈਂ ਦੇਖਾ ਕਿ ਕਾਹਬਾ ਮੁਅਲਾ ਆਪ ਕੇ ਇਸਤਕਬਾਲ ਕੇ ਲੀਏ ਆ ਰਹਾ ਹੈ।" ਇਸ ਦੇ ਨਾਲ ਹੀ ਅਗੇ ਲਿਖਿਆ ਹੈ ਹਜਰਤ ਇਬਰਾਹੀਮ ਮੱਕਾ ਮੁਅਜ਼ਮਾ ਗਏ.......... "ਚੌਦਾ ਸਾਲ ਕੇ ਅਰਸਾ ਮੇਂ ਮੱਕਾ ਮੁਅਜ਼ਮਾ ਪਹੁੰਚੇ ਤੋਂ ਕਾਹਬਾ ਵਹਾਂ ਨਜ਼ਰ ਨਾ ਆਇਆ........ ਆਵਾਜ਼ ਆਈ ਕਾਹਬਾ ਏਕ ਜ਼ਈਫ਼ਾ ਕੇ ਇਸਤਕਬਾਲ ਕੇ ਲੀਏ ਗਿਆ ਹੂਆ ਹੈ"।

(ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 127. ਪਗ ਟਿਪਣੀ)

*ਗੋਸ਼ਟੀ* ਵਿਚ ਹੀ ਆਇਆ ਹੈ ਸੋ ਬਿਦਰ ਤੋਂ ਮਕੇ ਜਾਣ ਦਾ ਕਥਨ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਕਵੀ ਕੋਲ ਇਹ ਲਿਖਤ ਮੌਜੂਦ ਸੀ।

ਕੁਝ ਸਮੇਂ ਬਾਦ ਨਾਨਕ, ਬਾਲਾ ਅਤੇ ਮਰਦਾਨੇ ਨੂੰ ਨਾਲ ਲੈ ਕੇ ਸਚੁਖੰਡ ਦੀ ਯਾਤਰਾ 'ਤੇ ਗਏ। ਰਸਤੇ ਵਿਚ ਸਿਧਾਂ ਨੇ ਗੁਰੂ ਜੀ ਨੂੰ ਆਪਣੇ ਪੰਥ ਵਿਚ ਲਿਆਉਣ ਲਈ ਪ੍ਰਸ਼ਨੋਤਰ ਕੀਤੇ, ਪਰ ਉਹ ਗੁਰੂ ਜੀ ਨੂੰ ਜਿਤ ਨਾ ਸਕੇ। ਇਹ ਯਤਨ ਮਛਿੰਦਰ ਨਾਥ, ਲਹੁਰੀਪਾ, ਭੰਗਰ ਨਾਥ, ਹਨੀਫਾ, ਸੰਘਰਨਾਥ, ਡੰਗਰ ਨਾਥ, ਸੰਭਾਲਕਾ, ਗੋਪੀ ਚੰਦ, ਮੰਗਲ ਨਾਥ, ਸ਼ੰਭੂ ਨਾਥ, ਈਸ਼ਰ, ਭਰਥਰੀ, ਇਤਿਆਦਿਕ ਸਿਧਾਂ ਨੇ ਕੀਤੇ। ਉਨ੍ਹਾਂ ਨੇ ਅਨੇਕਾਂ ਕਰਾਮਾਤਾਂ ਰਾਹੀਂ ਗੁਰੂ ਜੀ ਨੂੰ ਡਰਾਉਣ ਦਾ ਯਤਨ ਕੀਤਾ ਅਤੇ ਆਪਣੇ ਗਿਆਨ ਦੁਆਰਾ ਗੁਰੂ ਜੀ ਨੂੰ ਆਪਣੇ ਪੰਥ ਨੂੰ ਧਾਰਨ ਕਰਾਉਣ ਦਾ ਯਤਨ ਵੀ ਕੀਤਾ, ਪਰ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਗੁਰਮਤਿ ਦਾ ਉਪਦੇਸ਼ ਦਿਤਾ।

ਚਰਚਿਤ ਕ੍ਰਿਤੀ ਵਿਚ ਜਤੀਆਂ ਦੀ ਤਰਤੀਬ ਇਸ ਤਰ੍ਹਾਂ ਦਸੀ ਹੈ- ਗੋਰਖ, ਦਤ, ਹਨਮਤਿ, ਭੇਰੋਂ, ਲਛਮਣ ਅਤੇ ਭੀਖਮ।

ਕਵੀ ਨੇ ਨੌ ਨਾਥਾਂ ਦੀ ਤਰਤੀਬ ਇਸ ਤਰ੍ਹਾਂ ਦਸੀ ਹੈ- ਮਛਿੰਦ ਨਾਥ, ਗੋਰਖ ਨਾਥ, ਚਰਪਟ ਨਾਥ, ਮੰਗਲਨਾਥ, ਘੁਘੂਨਾਥ, ਗੋਪੀ ਨਾਥ, ਚੰਬਾ ਨਾਥ, ਸੁਰਨਾਥ ਅਤੇ ਪ੍ਰਾਣਨਾਥ।

ਚੁਰਾਸੀ ਸਿਧਾਂ ਦੀ ਗਿਣਤੀ ਬਾਰੇ ਭਾਵੇਂ ਪਰੰਪਰਾਗਤ ਵਿਚਾਰ ਨੂੰ ਜ਼ਿਆਦਾਤਰ ਵਿਦਵਾਨਾਂ ਨੇ ਪ੍ਰਵਾਨਿਤ ਕੀਤਾ ਹੈ, ਪਰ ਇਨ੍ਹਾਂ ਦੇ ਨਾਵਾਂ ਬਾਰੇ ਭਿੰਨਤਾ ਦੇਖਣ ਨੂੰ ਮਿਲਦੀ ਹੈ, ਕਵੀ ਨੇ ਚੁਰਾਸੀ ਸਿਧਾਂ ਦੀ ਤਰਤੀਬ ਇਸ ਤਰ੍ਹਾਂ ਦਿਤੀ ਹੈ- ਭੰਗਰ ਨਾਥ, ਸੰਗਰ ਨਾਥ, ਸੰਘਰੁ ਤੁਰੀ, ਡੰਗਰੁ, ਊਰਮ ਨਾਥ, ਧੂਰਮ, ਕਨੀਫਾ ਨਾਥ, ਹਨੀਫਾ ਨਾਥ, ਸੰਗਰ ਨਾਥ (ਦੂਜਾ), ਲਹਰੂਪਾ, ਹਾਰਤ ਜੀਤਨ, ਲੰਘਰ ਨਾਥ, ਨਾਸਕਾ ਨਾਥ ਭੈਰਵੋ, ਬਿਬਾਲਕਾ, ਜਾਲਕਾ ਨਾਥ, ਖਿੰਥੜਾ, ਨਿਰਤ, ਸੁਰਤਿ, ਕੇਵਲ ਕਰਨ, ਗੰਗੁਲ ਨਾਥ, ਸਮਰਤ, ਅਸਰਿਨਿਧ, ਚਤਰ ਬੈਨ, ਰਾਉ ਨੈਨ, ਕੇਲਕ੍ਰਨ ਨਾਥ, ਔਘੜ ਨਾਥ, ਪ੍ਰਬਤਿ, ਈਸਰ, ਭਰਥਰੀ, ਭੂਤਵੋ ਨਾਥ, ਕਨਿਕ, ਸੰਭੂਨਾਥ, ਅਛਰਦੇਨ, ਪਲਕਿ ਨਿਧ, ਪਿਪਲਕਾ, ਰਾਮਾ, ਗਿਰਬੋਧ, ਸਾਲਸਾ, ਕੇਸਕਰਨ, ਕੈਲਾਸ, ਅਗਨਿਧਾਰ, ਮੁਕਤੀਸਰੁ, ਚਲਨਨਾਚਤੋ, ਸੂਰਐਨਿ, ਸੰਧ ਸੈਨ, ਗਿਰਵਰਿ, ਜੋਤਿ ਲਗਨ, ਜੋਤਿ ਮਗਨ, ਬਿਮਲ ਜੋਤਿ, ਸੀਤਲ ਜਲ, ਅਘਰ ਘਨ, ਤੁਲਸ ਜੋਗ, ਪ੍ਰਤਪਾਨ, ਰਾਮ ਕੁਅਰ,

ਅਕਾਲ ਨਿਰ, ਕੌਲਸਰ ਨਾਥ, ਕਿਸਨ ਕੁਮਾਰ, ਬਿਸਨਪਾਤਿ, ਸੰਕਰ ਜੋਗ, ਬਰਮ ਜੋਗ, ਮੀਰ ਹੁਸੈਨ, ਮੀਰ ਜੰਬੀਲੀ, ਕਲਿੰਦਰ ਨੈਨ, ਨਲਿੰਦਰ, ਸੂਰਸਤੀ, ਗੋਵਰਧਨ ਸੈਨ, ਅਲਨਾਸੀ, ਗੁਫਾ ਬਾਸੀ, ਕਲਕ ਸੰਗੀ, ਏਕ ਰੰਗੀ, ਕਰਮ ਨਾਸੀ, ਮੂਲ ਮੰਤ੍ਰੀ, ਕੇਲ ਕਰਮੀ, ਕੁਲਾਬਿਲਾਸੀ, ਜੋਗਾ ਤੰਤੀ, ਦੀਸ ਪਰੰਗੀ, ਜੋਗ ਗਹਰੇ, ਆਪ ਰੂਪੀ, ਬਿਹਰੀਮ ਜੋਗਿ, ਕਲੇਸ ਧੂਪੀ, ਖਲਾਸ ਮੁਗਲ ਭੋਗੀਐ, ਕਿਦਾਰ ਜੋਗੀ, ਬਚਿਤ੍ਰ ਸੰਭਾਲਕਾ।

ਤਿੰਨੇ ਅਨੇਕਾਂ ਪਰਬਤਾਂ ਨੂੰ ਲੰਘਦੇ ਹੋਏ ਸੁਮੇਰ ਪਰਬਤ ਤੇ ਪਹੁੰਚੇ। ਇਥੇ ਨਾਨਕ ਦੀ ਭੇਟ ਗੋਰਖ ਨਾਥ ਅਤੇ ਸਿਧਾਂ ਨਾਲ ਹੋਈ। ਉਨ੍ਹਾਂ ਨੇ ਅਨੇਕਾਂ ਚਮਤਕਾਰਾਂ ਨਾਲ ਨਾਨਕ ਨੂੰ ਅਪਣਾ ਮੁਰੀਦ ਬਣਾਉਣ ਦੀ ਕੋਸ਼ਿਸ਼ ਕੀਤੀ, ਪਰ ਸਭ ਨਾਨਕ ਤੋਂ ਹਾਰ ਗਏ ਅਤੇ ਉਨ੍ਹਾਂ ਨੇ ਨਾਨਕ ਤੋਂ ਮੁਆਫੀ ਮੰਗੀ। ਸਚੁਖੰਡ ਦੇ ਰਸਤੇ ਵਿਚ ਨਾਨਕ ਨੂੰ ਧ੍ਰੂ ਭਗਤ , ਦੱਤ ਆਦਿ ਅਨੇਕਾਂ ਭਗਤ ਅਤੇ ਰਿਸ਼ੀ ਮਿਲੇ। ਨਾਨਕ ਨੇ ਉਨ੍ਹਾਂ ਨੂੰ ਉਪਦੇਸ਼ ਦਿਤਾ ਅਤੇ ਉਨ੍ਹਾਂ ਦੇ ਪ੍ਰਸ਼ਨਾਂ ਦੇ ਉਤਰ ਦਿਤੇ। ਮਰਦਾਨੇ ਨੂੰ ਸੁਮੇਰ ਪਰਬਤ ਤੇ ਛਡ ਕੇ ਉਹ ਵਿਸ਼ਨੂ ਲੋਕ ਵਿਚ ਗਏ। ਉਥੇ ਵਿਸ਼ਨੂ ਨੂੰ ਮਿਲੇ ਉਸ ਨੇ ਗੁਰੂ ਜੀ ਦੀ ਪੂਜਾ ਕੀਤੀ, ਬਾਲੇ ਨੂੰ ਉਥੇ ਛਡ ਕੇ ਆਪ ਅਗੇ ਗਏ। ਅਨੇਕਾਂ ਲੋਕਾਂ ਨੂੰ ਪਾਰ ਕਰ ਕੇ ਉਹ ਅੰਤ ਵਿਚ ਮਹਾਂਵਿਸ਼ਨੂ ਦੇ ਸ਼ੁਨੰਯ ਲੋਕ ਵਿਚ ਗਏ। ਉਥੇ ਸੁੰਦਰੀਆਂ ਨੇ ਨਾਨਕ ਨੂੰ ਆਪਣੇ ਪ੍ਰੇਮ ਜਾਲ ਵਿਚ ਫਸਾਉਣ ਦਾ ਯਤਨ ਕਰਕੇ ਸਚੁਖੰਡ ਵਿਚ ਜਾਣ ਤੋਂ ਰੋਕਣਾ ਚਾਹਿਆ। ਪਰ ਨਾਨਕ ਨੂੰ ਅਡੋਲ ਦੇਖ ਹਰਿਸ਼ਕਤੀ ਨੇ ਨਾਨਕ ਨੂੰ ਸਚੁਖੰਡ ਵਿਚ ਪ੍ਰਵੇਸ਼ ਕਰਨ ਦਿਤਾ। ਨੌਂ ਦਰਵਾਜਿਆਂ ਨੂੰ ਪਾਰ ਕਰ ਕੇ ਨਾਨਕ ਨੇ ਦਸਵੇਂ ਦਰਵਾਜੇ ਵਿਚ ਪ੍ਰਵੇਸ਼ ਕਰ ਕੇ ਭਗਵਾਨ ਦੇ ਸੂਖਮ ਰੂਪ ਦੇ ਦਰਸ਼ਨ ਕੀਤੇ। ਭਗਵਾਨ ਦੀ ਪ੍ਰਾਰਥਨਾ ਕਰ ਕੇ ਨਾਨਕ ਬਾਲੇ ਅਤੇ ਮਰਦਾਨੇ ਨੂੰ ਨਾਲ ਲੈ ਕੇ ਫਿਰ ਮਾਤ ਲੋਕ ਤੇ ਆ ਗਿਆ। ਇਸੇ ਦੌਰਾਨ ਹੀ ਕਵੀ ਨੇ ਵਖ-ਵਖ ਸਥਾਨਾਂ ਦੀ ਕਾਲਪਨਿਕ ਦੂਰੀ ਵੀ ਦਸਣ ਦਾ ਯਤਨ ਕੀਤਾ ਹੈ, ਜੋ ਕਿ ਇਤਿਹਾਸਕ ਪਖੋਂ ਨਾ ਮੰਨਣਯੋਗ ਹੈ।[397]

ਬੀਤੇ ਸਮੇਂ ਦੇ ਸਿਧਾਂ ਦਾ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ ਅੰਸਭਵ ਹੈ, ਇਕ ਅਨੁਮਾਨ ਅਨੁਸਾਰ ਗੋਰਖ ਦਾ ਕਾਲ ਬਿਕਰਮੀ ਦੀ ਨੌਵੀਂ ਸਦੀ ਦਾ ਅਖ਼ੀਰ ਅਤੇ ਦਸਵੀਂ ਸਦੀ ਦਾ ਪਹਿਲਾ ਅਧ

---

[397] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 978-1089.

ਮੰਨਿਆ ਜਾ ਸਕਦਾ ਹੈ। ਅੰਦਾਜਨ ਗੋਰਖ ਦਾ ਸਮਾਂ ਦਸਵੀਂ ਸਦੀ ਦਾ ਹੀ ਬਣਦਾ ਹੈ। [398] ਇਸ ਬਾਬਤ ਪ੍ਰੋ. ਸਾਹਿਬ ਸਿੰਘ ਲਿਖਦੇ ਹਨ- *ਪਹਿਲਾ ਚਰਪਟ ਜੋਗੀ ਦਸਵੀਂ ਸਦੀ ਵਿਚ ਹੋਇਆ, ਗੁਰੂ ਨਾਨਕ ਦੇਵ ਜੀ ਤੋਂ ਪੰਜ ਸਦੀਆਂ ਪਹਿਲਾਂ। ਪਰ ਅਸੀਂ ਇਹ ਗੱਲ ਆਮ ਵੇਖਦੇ ਹਾਂ ਕਿ ਪਰਸਿਧ ਹਸਤੀਆਂ ਦੇ ਨਾਮ ਉਹਨਾਂ ਦੇ ਸ਼ਰਧਾਲੂ ਆਪਣੇ ਪਰਵਾਰਾਂ ਵਿਚ ਵਰਤਦੇ ਰਹਿੰਦੇ ਹਨ। ਸਿੱਖ ਪੰਥ ਵਿਚ ਪੰਜ ਪਿਆਰਿਆਂ ਦੇ ਨਾਮ ਖ਼ਾਸ ਆਦਰ ਸਤਿਕਾਰ ਰਖਦੇ ਹਨ, ਪਰ ਇਹ ਨਾਮ ਵਰਤਣੋਂ ਭੀ ਨਹੀਂ ਝਕਦੇ। ਇਸ ਤਰ੍ਹਾਂ ਇਹ ਚਰਪਟ ਭੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਦਾ ਹੀ ਕੋਈ ਪਰਸਿਧ ਜੋਗੀ ਹੈ।*[399]

ਇਸੇ ਵਿਚਾਰ ਦੀ ਪ੍ਰੋੜਤਾ ਡਾ. ਕਿਰਪਾਲ ਸਿੰਘ ਨੇ ਵੀ ਕੀਤੀ ਹੈ- *ਭਾਰਤ ਵਿਚ ਸਿਧਾਂ ਦੀ ਪੁਰਾਣੀ ਪਰੰਪਰਾ ਚਲਦੀ ਰਹੀ ਹੈ, ਉਨ੍ਹਾਂ ਦੇ ਪ੍ਰਮੁਖ ਚੇਲੇ ਹੁੰਦੇ ਸਨ ਜੋ ਉਨ੍ਹਾਂ ਦੇ ਉਤਰਾਧਿਕਾਰੀ ਮੰਨੇ ਜਾਂਦੇ ਸਨ। ਉਹ ਆਪਣੇ ਨਾਂ ਵੀ ਆਪਣੇ ਸੰਚਾਲਕ ਦੇ ਨਾਮ ਉਤੇ ਰਖਦੇ ਸਨ, ਜਿਵੇਂ ਗੋਰਖ ਦੇ ਚੇਲੇ ਗੋਰਖ ਹੀ ਅਖਵਾਉਂਦੇ ਸਨ। ਚਰਪਟ ਦੇ ਚੇਲੇ ਚਰਪਟ ਅਖਵਾਉਂਦੇ ਸਨ। ਇਸ ਤਰ੍ਹਾਂ ਸੰਚਾਲਕ ਅਤੇ ਉਸ ਦੇ ਚੇਲੇ ਵੱਖ-ਵੱਖ ਸਮੇਂ ਵਿਚ ਹੋਣ ਦੇ ਬਾਵਜੂਦ ਵੀ ਉਹ ਇਕੋ ਨਾਮ ਨਾਲ ਜਾਣੇ ਜਾਂਦੇ ਸਨ। ਜਿਵੇਂ ਗੁਰੂ ਨਾਨਕ ਸਾਹਿਬ ਦੇ ਉਤਰਾਧਿਕਾਰੀਆਂ ਨੇ ਆਪਣੇ ਆਪ ਨੂੰ ਨਾਨਕ ਹੀ ਲਿਖਿਆ ਹੈ। ਸ਼ੇਖ਼ ਫ਼ਰੀਦ ਦੇ ਚੇਲੇ, ਜੋ ਗੁਰੂ ਨਾਨਕ ਸਾਹਿਬ ਦੇ ਸਮਕਾਲੀ ਸਨ, ਆਪਣੇ ਆਪ ਨੂੰ ਫ਼ਰੀਦ ਹੀ ਅਖਵਾਉਂਦੇ ਸਨ। ਸ਼ੇਖ਼ ਇਬਰਾਹੀਮ ਨੂੰ ਫ਼ਰੀਦ ਸਾਨੀ ਕਿਹਾ ਜਾਂਦਾ ਸੀ। ਠੀਕ ਉਸੇ ਤਰ੍ਹਾਂ ਜਿਨ੍ਹਾਂ ਸਿਧਾਂ ਨੇ ਗੁਰੂ ਨਾਨਕ ਸਾਹਿਬ ਨਾਲ ਚਰਚਾ ਕੀਤੀ, ਉਹ ਆਪਣੇ ਸਿਧ-ਸੰਚਾਲਕਾਂ ਦੇ ਉਤਰਾਧਿਕਾਰੀ ਸਨ।*[400]

ਸੋ ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਗੁਰੂ ਜੀ ਨਾਲ ਜਿਹੜੇ ਵੀ ਸਿਧਾਂ ਦੀ ਚਰਚਾ ਹੋਈ ਸੀ ਉਹ ਉਨ੍ਹਾਂ ਸਿਧਾਂ ਦੇ ਸੰਚਾਲਕ ਸਨ। ਪਰ ਕਵੀ ਦੁਆਰਾ ਦਸੀ ਗਈ ਦੂਰੀ ਅਤੇ ਸਥਾਨਾਂ ਦੀ ਪੁਸ਼ਟੀ ਕਰਨੀ ਅਸੰਭਵ ਹੈ। ਇਸ ਉਕਾਈ ਦਾ ਕਾਰਣ ਕਵੀ ਦੇ ਅਧਾਰ ਸ੍ਰੋਤ ਵੀ ਹੋ ਸਕਦੇ ਹਨ।

---

[398] ਸਹਿਗਲ, ਉਜਗਰ ਸਿੰਘ, *ਗੋਰਖਨਾਥ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨਾ 10.

[399] ਪ੍ਰੋ. ਸਾਹਿਬ ਸਿੰਘ, *ਸਿਧ ਗੋਸਟਿ ਸਟੀਕ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਦਰਵੀਂ ਵਾਰ, 2006, ਪੰਨਾ 35.

[400] ਡਾ. ਕਿਰਪਾਲ ਸਿੰਘ, *ਸ੍ਰੀ ਗੁਰ ਨਾਨਕ ਪ੍ਰਕਾਸ਼ ਇਤਿਹਾਸਕ ਪਰਿਪੇਖ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2006, ਪੰਨਾ 62.

ਕਵੀ ਨੇ ਰਾਮੇਸਰ ਖੰਡ ਵਿਚ ਵੀ ਗੁਰੂ ਜੀ ਦੇ ਸਿਧਾਂ ਨਾਲ ਚਰਚਾ ਹੋਈ ਦਸੀ ਹੈ। ਇਹ ਚਰਚਾ ਅਚਲ ਵਟਾਲੇ ਦੇ ਮੇਲੇ ਉਪਰ ਦਸੀ ਹੈ। ਇਸ ਤੋਂ ਬਿਨਾਂ ਵੀ ਸਾਨੂੰ ਇਕ ਥਾਂ ਹੋਰ ਸਿਧਾਂ ਨਾਲ ਚਰਚਾ ਦੇਖਣ ਨੂੰ ਮਿਲਦੀ ਹੈ, ਉਹ ਹੈ ਕਸ਼ਮੀਰ ਖੰਡ ਵਿਚ ਜੋ ਕਿ ਚਰਚਿਤ ਕ੍ਰਿਤੀ ਦਾ 19 ਵਾਂ ਖੰਡ ਹੈ। ਇਸ ਤੋਂ ਪਹਿਲਾਂ ਗੁਰੂ ਜੀ ਮੁਲਤਾਨ ਜਾ ਆਉਂਦੇ ਹਨ। ਗੁਰੂ ਜੀ ਦੇ ਮੁਲਤਾਨ ਜਾਣ ਦਾ ਜ਼ਿਕਰ ਮੁਲਤਾਨ ਖੰਡ ਵਿਚ ਕੀਤਾ ਹੈ। ਅਚਲ ਵਟਾਲੇ ਦੀ ਗੋਸਟਿ ਜ਼ਿਆਦਾਤਰ ਵਿਦਵਾਨਾਂ ਨੇ ਮੁਲਤਾਨ ਜਾਣ ਤੋਂ ਪਹਿਲਾਂ ਮੰਨੀ ਹੈ। ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ ਅੰਕਿਤ ਅਚਲ ਦੇ ਮੇਲੇ ਬਾਰੇ ਇੰਞ ਜ਼ਿਕਰ ਕੀਤਾ ਹੈ-

ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ।

ਦਰਸਨੁ ਵੇਖਣਿ ਕਾਰਨੇ ਸਗਲੀ ਉਲਟਿ ਪਈ ਲੋਕਾਈ।[401]

ਜਿਥੇ ਪ੍ਰੋ. ਸਾਹਿਬ ਸਿੰਘ ਨੇ ਭਾਈ ਗੁਰਦਾਸ ਦੇ ਹਵਾਲੇ ਨਾਲ ਸਪਸ਼ਟ ਕੀਤਾ ਹੈ ਕਿ ਗੁਰੂ ਜੀ ਅਚਲ ਵਟਾਲੇ ਦੇ ਮੇਲੇ ਤੋਂ ਮੁਲਤਾਨ ਗਏ, ਉਥੇ ਕਵੀ ਨੇ ਮੁਲਤਾਨ ਤੋਂ ਕਾਫੀ ਸਮੇਂ ਬਾਅਦ ਅਚਲ ਵਟਾਲੇ ਜਾਣ ਦਾ ਜ਼ਿਕਰ ਕੀਤਾ ਹੈ। ਜਿਥੇ ਸ਼ਿਵਰਾਤਰੀ ਦਾ ਮੇਲਾ ਸੀ, ਅਤੇ ਉਥੇ ਸਿਧ ਪਹੁੰਚੇ ਹੋਏ ਸਨ। ਇਥੇ ਵੀ ਗੁਰੂ ਸਾਹਿਬ ਦੀ ਸਿਧਾਂ ਨਾਲ ਚਰਚਾ ਹੁੰਦੀ ਹੈ। ਪ੍ਰੋ. ਸਾਹਿਬ ਸਿੰਘ ਗੁਰੂ ਜੀ ਦਾ ਅਚਲ ਵਟਾਲੇ ਜਾਣਾ ਫਰਵਰੀ-ਮਾਰਚ 1539 ਈ. ਦਾ ਮੰਨਦੇ ਹਨ- *ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿਚ ਇਸ ਬਹਿਸ ਦਾ ਕਾਫੀ ਵਿਸਥਾਰ ਨਾਲ ਜ਼ਿਕਰ ਕੀਤਾ ਹੈ। ਉਥੇ ਉਹ ਲਿਖਦੇ ਹਨ ਕਿ ਸ਼ਿਵਰਾਤ ਦਾ ਮੇਲਾ ਸੁਣ ਕੇ ਗੁਰੂ ਨਾਨਕ ਦੇਵ ਜੀ ਕਰਤਾਰਪੁਰੋਂ ਅੱਚਲ ਵਟਾਲੇ ਗਏ। ਮੇਲਾ ਖ਼ਤਮ ਹੋਣ ਤੇ ਆਪ ਮੁਲਤਾਨ ਪੁਹੰਚੇ। ਮੁਲਤਾਨ ਤੋਂ ਵਾਪਸ ਕਰਤਾਰਪੁਰ ਆ ਕੇ ਛਬਦੇ ਹੀ ਸਤਿਗੁਰੂ ਜੀ ਨੇ ਬਾਬਾ ਲਹਿਣਾ ਜੀ ਨੂੰ ਆਪਣੀ ਜ਼ਿੰਮੇਵਾਰੀ ਸੌਂਪ ਦਿਤੀ।..............ਸ਼ਿਵਰਾਤ ਫ਼ਰਵਰੀ-ਮਾਰਚ ਵਿਚ ਆਉਂਦੀ ਹੈ। ਗੁਰੂ ਨਾਨਕ ਦੇਵ ਜੀ ਸਤੰਬਰ 1539 ਵਿਚ ਜੋਤੀ-ਜੋਤਿ ਸਮਾਏ ਸਨ। ਇਸ ਤੋਂ ਪਰਗਟ ਹੁੰਦਾ ਹੈ ਕਿ ਸਿਧਾਂ ਨਾਲ ਸਤਿਗੁਰੂ ਜੀ*

---

[401] ਚਾਕਰ, ਅਮਰ ਸਿੰਘ, *ਵਾਰਾਂ ਭਾਈ ਗੁਰਦਾਸ ਜੀ* , ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011, ਪੰਨਾ 20, ਵਾਰ ਪਹਿਲਾ, ਪਾਉੜੀ 39.

*ਦੀ ਗੋਸਟਿ ਫ਼ਰਵਰੀ-ਮਾਰਚ ਸੰਨ 1539 ਵਿਚ ਹੋਈ ਸੀ, ਤੇ ਮੁਲਤਾਨ ਤੋਂ ਵਾਪਸ ਕਰਤਾਰਪੁਰ ਪਹੁੰਚ ਕੇ ਸਤਿਗੁਰੂ ਜੀ ਨੇ ਬਾਣੀ "ਸਿਧ ਗੋਸਟਿ" ਲਿਖੀ ਸੀ, ਜੋ ਹਰ ਹਾਲਤ ਵਿਚ ਸੰਤਬਰ ਤੋਂ ਪਹਿਲਾਂ ਸੀ।*[402]

ਸੋ ਇਥੇ ਵੀ ਕਵੀ ਤੋਂ ਇਤਿਹਾਸ ਪ੍ਰਤੀ ਉਕਾਈ ਰਹੀ ਹੈ ਕਿ ਉਸ ਨੇ ਇਹ ਸਿਧ ਕੀਤਾ ਹੈ ਕਿ ਗੁਰੂ ਜੀ ਮੁਲਤਾਨ ਤੋਂ ਜਾਂ ਤਾਂ ਬਹੁਤ ਸਮਾਂ ਪਹਿਲਾਂ ਅਤੇ ਜਾਂ ਫਿਰ ਬਹੁਤ ਸਮਾਂ ਬਾਅਦ ਅਚਲ ਗਏ, ਜਦਕਿ ਉਪਰੋਕਤ ਵਿਚਾਰ ਤੋਂ ਇਹ ਸਿਧ ਹੁੰਦਾ ਹੈ ਕਿ ਗੁਰੂ ਜੀ ਅਚਲ ਵਟਾਲੇ ਤੋਂ ਬਾਅਦ ਮੁਲਤਾਨ ਗਏ ਸਨ।

ਅਚਲ ਵਟਾਲੇ ਤੋਂ ਗੁਰੂ ਜੀ ਤਲਵੰਡੀ ਆ ਜਾਂਦੇ ਹਨ ਅਤੇ ਰਾਇ ਬੁਲਾਰ ਨੂੰ ਮਿਥਿਹਾਸਕ ਕਥਾਵਾਂ ਅਤੇ ਪ੍ਰਮਾਣਾਂ ਸਹਿਤ ਉਪਦੇਸ਼ ਦਿੰਦੇ ਹਨ।[403] ਇਸ ਤੋਂ ਅਗੇ ਗੁਰੂ ਜੀ ਦੀ ਭੇਂਟ ਸ਼ੇਖ ਫਰੀਦ ਨਾਲ ਹੁੰਦੀ ਹੈ। ਸ਼ੇਖ ਫਰੀਦ ਅਤੇ ਸ਼ੇਖ ਬ੍ਰਹਮ ਨਾਂ ਨਾਲ ਸਬੰਧਿਤ ਸਾਨੂੰ ਚਰਚਿਤ ਕ੍ਰਿਤੀ ਵਿਚ ਦੋ ਪ੍ਰਸੰਗ ਦੇਖਣ ਨੂੰ ਮਿਲਦੇ ਹਨ, ਭਾਵੇਂ ਕਿ ਦੋਵਾਂ ਦੇ ਨਾਮ ਵਖਰੇ-ਵਖਰੇ ਹਨ। ਪਰ ਖੋਜ ਕਾਰਜ ਦੀ ਸਰਲਤਾ ਹਿਤ ਅਸੀਂ ਇਨ੍ਹਾਂ ਦੀ ਚਰਚਾ ਇਥੇ ਹੀ ਕਰਾਂਗੇ।

ਪਹਿਲਾ ਪ੍ਰਸੰਗ ਗਿਆਨ ਖੰਡ ਵਿਚ ਹੈ, ਜਿਥੇ ਗੁਰੂ ਜੀ ਦਾ ਆਸਾ ਦੇਸ਼ ਜਾਣ ਦਾ ਜ਼ਿਕਰ ਹੈ, ਉਥੇ ਆਪਦੀ ਭੇਟ ਅਘੋਰੀ ਸਾਧੂਆਂ ਨਾਲ ਹੋਈ। ਨਾਨਕ ਨੇ ਅਨੇਕਾਂ ਚਮਤਕਾਰਾਂ ਨਾਲ ਉਨ੍ਹਾਂ ਨੂੰ ਆਪਣੇ ਪੈਰੋਕਾਰ ਬਣਾ ਲਿਆ। ਇਥੇ ਹੀ ਨਾਨਕ ਨੂੰ ਸ਼ੇਖ ਫਰੀਦ ਮਿਲਿਆ ਅਤੇ ਉਸ ਨੂੰ ਵੀ ਨਾਨਕ ਨੇ ਸਚ ਦਾ ਉਪਦੇਸ਼ ਦੇ ਕੇ ਅਪਣਾ ਮੁਰੀਦ ਬਣਾ ਲਿਆ [404] ਅਤੇ ਉਥੋਂ ਆਪ ਸੁਲਤਾਨਪੁਰ ਆ ਗਏ, ਜਿਥੇ ਆਪ ਨੇ ਗਿਆਨ ਦਾ ਉਪਦੇਸ਼ ਦਿਤਾ।

ਦੂਜਾ ਪ੍ਰਸੰਗ ਪਾਕਪਟਣ (ਸ਼ਹਿਰ) ਵਿਖੇ ਸੇਖ ਬ੍ਰਹਮ ਨੂੰ ਮਿਲਣ ਦਾ ਹੈ, ਇਥੇ ਗੁਰੂ ਜੀ ਸ਼ਹਿਰ ਤੋਂ ਦੋ ਕੋਹ ਦੂਰ ਬੈਠ ਗਏ। ਉਥੇ ਸੇਖ ਬ੍ਰਹਮ ਦਾ ਇਕ ਚੇਲਾ ਲਕੜੀ ਇਕਠੀ ਕਰਨ ਆਇਆ ਸੀ, ਉਸ ਨੇ ਗੁਰੂ ਸਾਹਿਬ ਨੂੰ ਦੇਖਿਆ। ਗੁਰੂ ਸਾਹਿਬ ਨੇ ਇਕ ਸਲੋਕ ਉਚਾਰਨ ਕੀਤਾ। ਉਹ ਕੋਲ ਆ ਕੇ ਗੁਰੂ ਸਾਹਿਬ ਨੂੰ ਨਮਸ਼ਕਾਰ ਕਰਕੇ ਉਸ ਸਲੋਕ ਦੇ ਅਰਥ ਪੁਛਣ ਲਗਾ। ਗੁਰੂ ਸਾਹਿਬ ਅਰਥ ਸਮਝਾਉਂਦੇ ਹਨ। ਉਹ

---

[402] ਪ੍ਰੋ. ਸਾਹਿਬ ਸਿੰਘ, *ਸਿਧ ਗੋਸਟਿ ਸਟੀਕ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਦਰ੍ਹਵੀਂ ਵਾਰ, 2006, ਪੰਨਾ 35-36.

[403] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1142-1154.

[404] ਉਹੀ, ਪਤਰਾ 1089-1098.

ਸੇਵਕ ਸੇਖ ਬ੍ਰਹਮ ਕੋਲ ਆਕੇ ਸਾਰੀ ਗਲ ਦਸਦਾ ਹੈ। ਸੇਖ ਬ੍ਰਹਮ ਇਕ ਸਲੋਕ ਦੇ ਕੇ ਉਸ ਦਾ ਜਵਾਬ ਮੰਗਣ ਲਈ ਆਪਣੇ ਚੇਲੇ ਨੂੰ ਭੇਜਦਾ ਹੈ। ਉਹ ਗੁਰੂ ਸਾਹਿਬ ਨੂੰ ਸਲੋਕ ਦਸਦਾ ਹੈ, ਗੁਰੂ ਸਾਹਿਬ ਉਸਦਾ ਜਵਾਬ ਦਿੰਦੇ ਹਨ। ਜਵਾਬ ਸੁਣ ਕੇ ਸੇਖ ਬ੍ਰਹਮ ਆਪ ਗੁਰੂ ਜੀ ਨੂੰ ਮਿਲਣ ਲਈ ਆਉਂਦਾ ਹੈ। ਇਥੇ ਦੋਹਾਂ ਦੇ ਆਪਸ ਵਿਚ ਸਵਾਲ ਜਵਾਬ ਹੁੰਦੇ ਹਨ।[405]

ਸ਼ੇਖ ਬ੍ਰਹਮ ਨੂੰ ਮਿਲਣ ਦਾ ਜ਼ਿਕਰ ਵਖ-ਵਖ ਜਨਮਸਾਖੀਆਂ ਵਿਚ ਵਖ-ਵਖ ਹੈ। ਪੁਰਾਤਨ ਜਨਮਸਾਖੀ ਵਿਚ ਇਕ ਵਾਰੀ ਆਸਾ ਦੇਸ਼ ਵਿਖੇ ਸ਼ੇਖ ਫਰੀਦ ਨੂੰ ਮਿਲਣ ਦਾ ਬਿਰਤਾਂਤ ਹੈ ਅਤੇ ਦੂਜੀ ਵਾਰੀ ਸ਼ੇਖ ਬ੍ਰਹਮ ਨੂੰ ਮਿਲਣ ਦਾ। ਪੁਰਾਤਨ ਜਨਮਸਾਖੀ ਵਿਚ ਪਹਿਲੀ ਉਦਾਸੀ ਸਮੇਂ ਪਾਕਪਟਣ ਜਾਣ ਦਾ ਜ਼ਿਕਰ ਕੀਤਾ ਹੈ। ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਗੁਰੂ ਜੀ ਦੋ ਵਾਰੀ ਪਾਕਪਟਨ ਗਏ, ਪਹਿਲੀ ਵਾਰੀ ਬਚਪਨ ਵਿਚ ਅਤੇ ਦੂਜੀ ਵਾਰੀ ਮਕੇ ਦੀ ਉਦਾਸੀ ਤੋਂ ਬਾਅਦ। ਸੋ ਸਾਰੀਆਂ ਹੀ ਜਨਮਸਾਖੀਆਂ ਵਿਚ ਸ਼ੇਖ ਬ੍ਰਹਮ ਨਾਲ ਗੁਰੂ ਜੀ ਦੀ ਮੁਲਾਕਾਤ ਦਾ ਜ਼ਿਕਰ ਮਿਲਦਾ ਹੈ। ਇਸ ਤਰ੍ਹਾਂ ਕਵੀ ਨੇ ਵੀ ਸ਼ੇਖ ਬ੍ਰਹਮ ਨਾਲ ਗੁਰੂ ਜੀ ਦੀ ਮੁਲਾਕਾਤ ਦਾ ਬਿਰਤਾਂਤ ਪ੍ਰਸਤੁਤ ਕੀਤਾ ਹੈ। ਇਥੇ ਡਾ. ਕਿਰਪਾਲ ਸਿੰਘ ਦਾ ਕਥਨ ਇਨ੍ਹਾਂ ਤਥਾਂ ਨੂੰ ਸਪਸ਼ਟ ਕਰਨ ਹਿਤ ਹੋਰ ਵੀ ਸਹਾਈ ਸਿਧ ਹੋਵੇਗਾ-

*ਵਲਾਇਤ ਵਾਲੀ ਜਨਮਸਾਖੀ ਤੇ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਦੋ ਸਾਖੀਆਂ ਆਉਂਦੀਆਂ ਹਨ। ਇਕ ਸ਼ੇਖ ਫ਼ਰੀਦ ਨਾਲ ਤੇ ਇਕ ਸ਼ੇਖ ਬ੍ਰਹਮ ਨਾਲ ਹੈ। ਸ਼ੇਖ ਬ੍ਰਹਮ ਵਾਲੀ ਸਾਖੀ ਵਿਚ ਸ਼ੇਖ ਫ਼ਰੀਦ ਕੋਈ ਹੋਰ ਹੋਵੇਗਾ ਜੋ ਗੁਰੂ ਜੀ ਨੂੰ ਆਸਾ ਦੇਸ ਵਿਚ ਮਿਲਿਆ। ਭਾਈ ਮਨੀ ਸਿੰਘ ਦੀ ਜਨਮਸਾਖੀ ਇਸ ਗੱਲ ਨੂੰ ਸਪਸ਼ਟ ਕਰਦੀ ਹੈ। ਉਥੇ ਲਿਖਿਆ ਹੈ ਕਿ ਗੁਰੂ ਜੀ ਦੋ ਵਾਰ ਪਾਕਪਟਨ ਗਏ। ਇਕ ਵਾਰ ਪਹਿਲੀ ਉਮਰ ਵਿਚ ਤੇ ਇਕ ਵਾਰ ਪਿਛਲੀ ਉਮਰ ਵਿਚ, ਜੋ ਠੀਕ ਜਾਪਦਾ ਹੈ। ਸ਼ੇਖ ਫ਼ਰੀਦ ਨੂੰ ਮਿਲਣ ਦਾ ਸਾਖੀ ਵਿਚ ਰਸਤੇ ਦਾ ਵੇਰਵਾ ਨਹੀਂ ਮਿਲਦਾ। ਵਲਾਇਤ ਵਾਲੀ ਤੇ ਭਾਈ ਬਾਲਾ ਵਾਲੀ ਜਨਮਸਾਖੀ ਵਿਚ ਆਸਾ ਦੇਸ਼ ਵਿਚ ਗੁਰੂ ਜੀ ਜੰਗਲ ਵਿਚ ਬੈਠੇ ਸਨ ਤੇ ਸ਼ੇਖ ਫ਼ਰੀਦ ਆ ਮਿਲਦਾ ਹੈ।*

---

[405] ਉਹੀ, ਪਤਰਾ 1426-35.

*ਦੋਹਾਂ ਜਨਮਸਾਖੀਆਂ ਵਿਚ ਸ਼ੇਖ਼ ਫ਼ਰੀਦ ਦੀ ਸਾਖੀ ਪਹਿਲਾਂ ਆਉਂਦੀ ਹੈ।..................................................................*

*............ਫ਼ਰੀਦ ਦੀ ਗੱਦੀ ਤੇ ਬੈਠਣ ਕਰਕੇ ਇਨ੍ਹਾਂ ਨੂੰ ਵੀ ਜਨਮਸਾਖੀਆਂ ਵਿਚ ਫ਼ਰੀਦ ਹੀ ਲਿਖਿਆ ਹੈ।*[406]

ਇਸ ਤਰ੍ਹਾਂ ਡਾ. ਕਿਰਪਾਲ ਸਿੰਘ ਨੇ ਭਾਈ ਮਨੀ ਸਿੰਘ ਦੀ ਜਨਮਸਾਖੀ ਦਾ ਹਵਾਲਾ ਦੇ ਕੇ ਸਿਧ ਕਰਨ ਦਾ ਯਤਨ ਕੀਤਾ ਹੈ ਕਿ ਗੁਰੂ ਜੀ ਪਾਕਪਟਣ ਵਿਚ ਹੀ ਦੋ ਵਾਰ ਗਏ ਸਨ । ਹੁਣ ਅਸੀਂ ਚਰਚਿਤ ਕ੍ਰਿਤੀ ਵਿਚ ਪ੍ਰਤੀਪਾਦਿਤ ਦੋ ਅਹਿਮ ਤਥਾਂ ਨੂੰ ਵਾਚੀਏ। ਕਵੀ ਕਹਿੰਦਾ ਹੈ ਕਿ ਆਸਾ ਦੇਸ ਵਿਖੇ ਗੁਰੂ ਨਾਨਕ ਦੇਵ ਜੀ ਦੇ ਨਾਮ ਉਪਰ ਇਕ ਮੰਜੀ ਸਥਾਪਿਤ ਕੀਤੀ ਹੋਈ ਹੈ। ਜਿਥੇ ਚੇਤ ਮਹੀਨੇ ਵਿਚ ਗੁਰੂ ਜੀ ਦੀ ਯਾਦ ਵਿਚ ਪੰਜ ਦਿਨ ਦਾ ਮੇਲਾ ਭਰਦਾ ਹੈ। ਯਥਾ-

ਆਸਾ ਦੇਸ ਵਿਖੈ ਇਕ ਮੰਜੀ ਗੁਰੂ ਨਾਨਕ ਕੀ ਹਯੈ॥
ਚੇਤ ਮਹੀਨੈ ਭਰੈ ਜਾਤਰਾ ਪਾਚ ਦਿਵਸਿ ਲਗਿ ਰਹਯੈ॥[407]

ਇਸ ਦੇ ਨਾਲ ਹੀ ਕਵੀ ਨੇ ਪਾਕਪਟਣ ਨਾਲੋਂ ਆਸਾ ਦੇਸ ਨੂੰ ਵਖਰਾ ਦਸਿਆ ਹੈ, ਕਿਉਂਕਿ ਗੁਰੂ ਜੀ ਆਸਾ ਦੇਸ ਵਾਲੇ ਪੀਰ ਨੂੰ ਪਾਕਪਟਣ ਜਾਣ ਲਈ ਕਹਿੰਦੇ ਹਨ, ਯਥਾ-

ਭਗਤੀ ਪਵੈ ਕਬੂਲਿ ਦਰਿ ਜੇ ਤੁਮ ਧਾਰਹੁ ਪੀਰੁ॥
ਪਟਣੁ ਤੁਮਾਰਾ ਪੀਰ ਹੈ ਤਹਾਂ ਜਾਉ ਤੁਮ ਬੀਰ॥24॥[408]

ਗੁਰਮੇਲ ਸਿੰਘ ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਮਿਥਿਹਾਸਿਕ ਸੰਕੇਤਾਂ ਦੇ ਕੋਸ਼ ਵਿਚ ਆਸਾ ਦੇਸ ਬਾਰੇ ਇੰਞ ਲਿਖਦੇ ਹਨ-

---

[406] ਡਾ. ਕਿਰਪਾਲ ਸਿੰਘ, *ਸ੍ਰੀ ਗੁਰ ਨਾਨਕ ਪ੍ਰਕਾਸ਼ ਇਤਿਹਾਸਕ ਪਰਿਪੇਖ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2006, ਪੰਨਾ 29-30 (ਦੇਖੋ ਪਗ ਟਿਪਣੀ).

[407] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1163.

[408] ਉਹੀ, ਪਤਰਾ 1161.

*ਮੌਜੂਦਾ ਆਸਾਮ ਰਾਜ, ਜਿਹੜਾ ਭਾਰਤ ਦੇ ਉਤਰ-ਪੂਰਬ ਵਲ ਸਥਿਤ ਹੈ। ਕੁਝ ਵਿਦਵਾਨਾਂ ਦਾ ਮਤ ਹੈ ਕਿ ਆਸਾ ਦੇਸ ਦਾ ਕੋਈ ਭੂਗੋਲਿਕ ਥਾਂ ਟਿਕਾਣਾ ਨਹੀਂ ਲਭਿਆ ਜਾ ਸਕਦਾ। ..........ਪੁਰਾਤਨ ਜਨਮਸਾਖੀ ਅਨੁਸਾਰ ਆਸਾ ਦੇਸ ਵਿਚ ਗੁਰੂ ਨਾਨਕ ਸਾਹਿਬ ਨਾਲ ਬਾਬਾ ਫਰੀਦ ਦੀ ਮੁਲਾਕਾਤ ਹੋਈ, ਪਰੰਤੂ ਇਹ ਠੀਕ ਨਹੀਂ, ਕਿਉਂਕਿ ਫਰੀਦ ਜੀ ਗੁਰੂ ਜੀ ਦੇ ਸਮਕਾਲੀ ਨਹੀਂ।*[409]

ਸੋ ਉਪਰੋਕਤ ਚਰਚਾ ਤੋਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਨੂੰ ਬਾਬਾ ਫਰੀਦ ਨਹੀਂ ਮਿਲੇ ਕਿਉਂਕਿ ਉਹ ਉਨ੍ਹਾਂ ਦੇ ਸਮਕਾਲੀ ਨਹੀਂ ਸਨ। ਪਰ ਇਸ ਨਾਮ ਦਾ ਕੋਈ ਹੋਰ ਵਿਅਕਤੀ ਗੁਰੂ ਜੀ ਨੂੰ ਮਿਲਿਆ ਹੋਵੇਗਾ। ਕਵੀ ਅਨੁਸਾਰ ਪਾਕਪਟਣ ਅਤੇ ਆਸਾ ਦੇਸ ਦੇ ਦੋਵੇਂ ਬਿਰਤਾਂਤ ਵਖੋ-ਵਖਰੇ ਹਨ। ਭਾਵੇਂ ਕਿ ਆਸਾ ਦੇਸ ਬਾਰੇ ਠੋਸ ਸਬੂਤ ਨਹੀਂ ਮਿਲਦੇ, ਪਰ ਕਵੀ ਵਲੋਂ ਉਸ ਸਥਾਨ ਉਪਰ ਚੇਤ ਦੇ ਮਹੀਨੇ ਉਪਰ ਪੰਜ ਦਿਨਾਂ ਦੇ ਮੇਲੇ ਦੇ ਕਥਨ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਹੋ ਸਕਦਾ ਹੈ, ਕਵੀ ਉਥੇ ਗਿਆ ਹੋਵੇ ਅਤੇ ਉਸ ਸਥਾਨ ਦਾ ਨਵਾਂ ਨਾਂ ਲਿਖਣ ਦੀ ਥਾਂ ਪੁਰਾਤਨ ਨਾਂ ਹੀ ਲਿਖ ਦਿਤਾ ਹੋਵੇ। ਇਹ ਵੀ ਇਕ ਸੰਭਾਵਨਾ ਪ੍ਰਗਟ ਕੀਤੀ ਜਾ ਸਕਦੀ ਹੈ।

ਸੋ ਇਸ ਤਰ੍ਹਾਂ ਗੁਰੂ ਜੀ ਮੇਰਠ, ਪਿਰਾਗ, ਵਿਸੇਸਵਰ ਤੋਂ ਹੁੰਦੇ ਹੋਏ ਸਿਧ ਮਤੇ ਪਹੁੰਚੇ। ਅਗੇ ਗੁਰੂ ਜੀ ਨਾਨਕ ਮਤੇ ਗਏ ਜਿਥੇ ਉਨ੍ਹਾਂ ਦੀ ਸਿਧਾਂ ਨਾਲ ਚਰਚਾ ਹੋਈ । ਸਿਧਾਂ ਨਾਲ ਗੁਰੂ ਜੀ ਦੀ ਇਹ ਚਰਚਾ ਗੋਰਖ ਮਤੇ ਹੋਈ। ਜਿਥੇ ਗੁਰੂ ਜੀ ਨੂੰ ਉਨ੍ਹਾਂ ਨੇ ਕਰਾਮਾਤਾਂ ਦਿਖਾਈਆਂ, ਗੁਰੂ ਜੀ ਉਪਰ ਸਾਰੀਆਂ ਹੀ ਵਿਫਲ ਰਹੀਆਂ। ਗੁਰੂ ਜੀ ਨੇ ਸਾਰੇ ਹੀ ਸਿਧਾਂ ਨੂੰ ਆਪਣਾ ਉਪਦੇਸ਼ ਦਿਤਾ। ਇਥੇ ਗੋਰਖ ਭੰਗਰ ਨਾਥ, ਪ੍ਰਾਨ ਨਾਥ, ਇਤਿਆਦਿਕ ਸਿਧਾਂ ਨਾਲ ਚਰਚਾ ਹੋਈ ਸੀ। ਇਸ ਸਥਾਨ ਦਾ ਨਾਮ ਬਾਦ ਵਿਚ ਨਾਨਕ ਮਤਾ ਰਖਿਆ ਗਿਆ।

ਗੋਰਖ ਮਤੇ ਜਾਂ ਨਾਨਕ ਮਤੇ ਦਾ ਜ਼ਿਕਰ ਪੁਰਾਤਨ ਜਨਮਸਾਖੀ, ਭਾਈ ਬਾਲਾ ਵਾਲੀ ਜਨਮਸਾਖੀ, ਭਾਈ ਮਨੀ ਸਿੰਘ ਵਾਲੀ ਜਨਮਸਾਖੀ ਅਤੇ ਮਿਹਰਬਾਨ ਵਾਲੀ ਜਨਮਸਾਖੀ ਵਿਚ ਮਿਲਦਾ ਹੈ।

---

[409] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 20.

ਡਾ. ਕਿਰਪਾਲ ਸਿੰਘ ਦਾ ਮੰਨਣਾ ਹੈ ਕਿ ਗੁਰੂ ਜੀ ਹਰਿਦੁਆਰ ਤੋਂ ਹੁੰਦੇ ਹੋਏ ਰੀਠਾ ਸਾਹਿਬ (ਅਲਮੋੜਾ) ਤੋਂ ਹੋ ਕੇ ਸਿਧ ਮਤੇ ਗਏ ਸਨ ।[410] ਚਰਚਿਤ ਕ੍ਰਿਤੀ ਵਿਚ ਗੁਰੂ ਜੀ ਦਾ ਇਸ ਸਥਾਨ ਉਪਰ ਜਾਣਾ ਮੇਰਠ, ਪਿਰਾਗ ਤੋਂ ਹੋ ਕੇ ਜਾਣਾ ਲਿਖਿਆ ਹੈ ਅਤੇ ਇਸ ਤੋਂ ਬਾਅਦ ਹਰਿਦੁਆਰ ਜਾਣਾ ਦਸਿਆ ਹੈ। ਸਿਧਾਂ ਦੇ ਬੀਤੇ ਸਮੇਂ ਤੋਂ ਬਾਅਦ ਮਿਲਣ ਦੀ ਵਿਚਾਰ ਅਸੀਂ ਉਪਰ ਕਰ ਆਏ ਹਾਂ।

ਫਿਰ ਗੁਰੂ ਜੀ ਬਣਜਾਰੇ ਕੇ ਟਾਂਡੇ ਤੋਂ ਹੁੰਦੇ ਹੋਏ ਕਉਰੂ ਦੇਸ ਜਾਂਦੇ ਹਨ। ਜਿਥੇ ਉਨ੍ਹਾਂ ਦੀ ਮੁਲਾਕਾਤ ਨੂਰ ਜਹਾਂ ਨਾਲ ਹੁੰਦੀ ਹੈ। ਉਥੇ ਇਕ ਜੋਗੀ ਦਸਦਾ ਹੈ ਕਿ ਇਸ ਦੇਸ ਵਿਚ ਇਸਤ੍ਰੀਆਂ ਪੁਰਸ਼ਾਂ ਨੂੰ ਮੋਹ ਲੈਂਦੀਆਂ ਹਨ, ਇਸ ਲਈ ਤੁਸੀ ਬਚ ਕੇ ਰਹਿਣਾ। ਗੁਰੂ ਜੀ ਕੁਝ ਸਮਾਂ ਉਸ ਦੇਸ ਵਿਚ ਰਹਿੰਦੇ ਹਨ। ਤਿੰਨ ਦਿਨ ਬਾਦ ਮਰਦਾਨਾ ਕਹਿੰਦਾ ਹੈ, ਗੁਰੂ ਜੀ ਭੁਖ ਲਗੀ ਹੈ ਮੈਂ ਕੁਝ ਲੈ ਆਵਾਂ ਜਾ ਕੇ ਗੁਰੂ ਜੀ ਨੇ ਮਨ੍ਹਾਂ ਕੀਤਾ ਪਰ ਫਿਰ ਵੀ ਮਰਦਾਨਾ ਚਲਾ ਗਿਆ। ਮਰਦਾਨਾ ਨੂਰ ਜਹਾਂ ਕੋਲ ਗਿਆ, ਉਸਨੇ ਮਰਦਾਨੇ ਨੂੰ ਛਤਰਾ ਬਣਾ ਦਿਤਾ। ਗੁਰੂ ਜੀ ਅੰਤਰਜਾਮੀ ਸਭ ਜਾਣਦੇ ਸਨ। ਬਾਅਦ ਵਿਚ ਗੁਰੂ ਜੀ ਉਥੇ ਗਏ ਅਤੇ ਕਿਹਾ ਕਿ ਸਾਡਾ ਇਕ ਚੇਲਾ ਤੁਹਾਡੇ ਪਾਸ ਹੈ ਉਸ ਨੇ ਮਨ੍ਹਾਂ ਕਰ ਦਿਤਾ ਗੁਰੂ ਜੀ ਨੇ ਕੌਤਕ ਦਿਖਾਇਆ ਨੂਰ ਜਹਾਂ ਦਾ ਸਿਰ ਘੜੇ ਵਿਚ ਫਸ ਗਿਆ ਅਤੇ ਉਹ ਕਢਣ ਦਾ ਯਤਨ ਕਰਨ ਲਗੀ ਪਰ ਨਾ ਨਿਕਲਿਆ ਫਿਰ ਉਸ ਦੇ ਸਾਥੀਆਂ ਨੇ ਜ਼ੋਰ ਲਗਾਇਆ ਪਰ ਸਭ ਵਿਅਰਥ। ਇਸੇ ਪ੍ਰਕਾਰ ਦੀ ਜ਼ੋਰ ਅਜ਼ਮਾਇਸ਼ ਇਸ ਅਧਿਆਇ ਵਿਚ ਦਰਸਾਈ ਗਈ ਹੈ, ਆਖਿਰ ਗੁਰੂ ਜੀ ਨੇ ਮਰਦਾਨੇ ਨੂੰ ਛੁਡਾ ਲਿਆ ਅਤੇ ਬਾਕੀਆਂ ਨੂੰ ਗਧੇ ਤੇ ਗਧੀਆਂ ਬਣਾ ਦਿਤਾ ਸਿਰਫ ਨੂਰ ਜਹਾਂ ਹੀ ਇਸਤ੍ਰੀ ਬਚੀ। ਉਸ ਦੇ ਸਿਰ ਵਿਚ ਵੀ ਘੜਾ ਫਸਿਆ ਰਹਿਣ ਦਿਤਾ। ਚਾਰੇ ਪਾਸੇ ਖਬਰ ਫੈਲ ਗਈ ਕਿ ਨੂਰ ਜਹਾਂ ਨਾਲ ਇਸ ਤਰ੍ਹਾਂ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੇ ਨਾਮ ਸੁਨਣ ਨਾਲ ਹੀ ਨੂਰ ਸਾਹ ਨਚਣਾ ਬੰਦ ਕਰ ਦਿੰਦੀ ਹੈ ਅਤੇ ਗੁਰੂ ਜੀ ਫਿਰ ਉਸਦਾ ਘੜਾ ਵੀ ਕਢ ਦਿੰਦੇ ਹਨ। ਇਸੇ ਤਰ੍ਹਾਂ ਫਿਰ ਉਨ੍ਹਾਂ ਨੂੰ ਉਪਦੇਸ਼ ਦਿੰਦੇ ਹਨ ਅਤੇ ਸਾਰਿਆਂ ਨੂੰ ਇਸਤ੍ਰੀ ਰੂਪ ਕਰ ਦਿੰਦੇ ਹਨ। ਫਿਰ ਉਹ ਗੁਰੂ ਜੀ ਦੀ ਸੇਵਾ ਕਰਦੀਆਂ ਹਨ। ਇਸ ਤੋਂ ਅਗੇ ਗੁਰੂ ਜੀ ਮਰਦਾਨੇ ਅਤੇ ਬਾਲੇ

---

[410] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 36-42.

ਨਾਲ ਢਾਕੇ ਬੰਗਾਲ ਨੂੰ ਚਲ ਪੈਂਦੇ ਹਨ ਰਸਤੇ ਵਿਚ ਮਰਦਾਨਾ ਕਹਿੰਦਾ ਹੈ ਕਿ ਭੁਖ ਲਗੀ ਹੈ। ਗੁਰੂ ਜੀ ਅੱਕਾਂ ਦੀਆਂ ਕੁਕੜੀਆਂ ਖਾਣ ਨੂੰ ਕਹਿੰਦੇ ਹਨ ਕਿ ਖਾਹ ਲੈ ਪਰ ਨਾਲ ਨਾ ਲਈ। ਮਰਦਾਨਾ ਖਾ ਲੈਂਦਾ ਹੈ ਅਤੇ ਨਾਲ ਵੀ ਚੁਕ ਲੈਂਦਾ ਹੈ, ਜਦ ਥੋੜੇ ਸਮੇਂ ਬਾਦ ਫਿਰ ਭੁਖ ਲਗਦੀ ਹੈ, ਜਦੋਂ ਉਹ ਨਾਲ ਚੁਕੀਆਂ ਕੁਕੜੀਆਂ ਖਾਂਦਾ ਹੈ ਤਾਂ ਉਹ ਕੌੜੀਆਂ ਹੁੰਦੀਆਂ ਹਨ। ਮਰਦਾਨੇ 'ਤੇ ਬਾਲਾ ਹਸਦਾ ਹੈ ਗੁਰੂ ਜੀ ਤੋਂ ਮਰਦਾਨਾ ਮੁਆਫੀ ਮੰਗਦਾ ਹੈ।[411]

ਚਰਚਿਤ ਕ੍ਰਿਤੀ ਵਿਚ ਜੋ ਇਸਤਰੀਆਂ ਦਾ ਨਗਰ ਹੈ, ਉਨ੍ਹਾਂ ਦੀ ਸਰਦਾਰਨੀ ਦਾ ਨਾਮ ਨੂਰਜਹਾਂ ਦਸਿਆ ਹੈ। ਪੁਰਾਤਨ ਜਨਮਸਾਖੀ ਵਿਚ ਇਥੋਂ ਦੀ ਸਰਦਾਰਨੀ ਦਾ ਨਾਮ ਨੂਰਸ਼ਾਹ ਦਸਿਆ ਹੈ। [412] ਡਾ. ਕਿਰਪਾਲ ਸਿੰਘ ਨੇ ਇਸ ਸਾਖੀ ਬਾਰੇ ਤਾਂ ਹਾਮੀ ਭਰੀ ਹੈ, ਪਰ ਸਰਦਾਰਨੀ ਦਾ ਨਾਮ ਨੂਰਸ਼ਾਹ ਹੋਣ ਨਾਲ ਅਸਹਿਮਤੀ ਪ੍ਰਗਟਾਈ ਹੈ। [413] ਨੂਰ ਜਹਾਂ ਨੂੰ ਉਪਦੇਸ਼ ਦੇ ਕੇ ਗੁਰੂ ਜੀ ਅਗੇ ਢਾਕੇ ਬੰਗਾਲ ਨੂੰ ਜਾਂਦੇ ਹਨ।ਯਥਾ-

ਫਿਰੇ ਸੋ ਪਿਛਾਰੀ ਦਿਆਲੰ ਉਦਾਰੇ॥ ਤਹਾ ਕੇ ਜੁ ਲੋਕੰ ਪਰੇ ਪਾਇ ਸਾਰੇ॥
ਸੁ ਆਏ ਤਬੈ ਫੇਰ ਢਾਕੇ ਬਗਾਲੇ॥ ਮ੍ਰਦਾਨਾ ਸੁ ਬਾਲਾ ਅਹੇ ਦੁਇ ਨਾਲੇ॥64॥[414]

ਇਸ ਤਰ੍ਹਾਂ ਗੁਰੂ ਜੀ ਢਾਕੇ ਬੰਗਾਲ ਪਹੁੰਚ ਜਾਂਦੇ ਹਨ, ਜਿਥੇ ਗੁਰੂ ਜੀ ਹਰੀ ਬਗਾਲ ਨੂੰ ਮਿਲਦੇ ਹਨ, ਉਹ ਗੁਰੂ ਜੀ ਦੀ ਸੇਵਾ ਕਰਦਾ ਹੈ। ਗੁਰੂ ਜੀ ਉਸ ਨੂੰ ਉਪਦੇਸ਼ ਦਿੰਦੇ ਹਨ ਅਤੇ ਉਸ ਨੂੰ ਬੇਗਮਪੁਰ ਦਾ ਵਾਸੀ ਬਣਾ ਦਿੰਦੇ ਹਨ। ਉਹ ਗੁਰੂ ਜੀ ਦਾ ਉਪਦੇਸ਼ ਸੁਣਦਾ ਹੈ, ਕੁਝ ਦਿਨਾਂ ਬਾਅਦ ਉਹ ਗੁਰੂ ਜੀ ਦੀ ਪੂਜਾ ਕਰਕੇ ਉਨਹਾਂ ਨੂੰ ਅਗੇ ਤੋਰਦਾ ਹੈ ਅਤੇ ਕੁਝ ਧਨ ਗੁਰੂ ਜੀ ਨੂੰ ਅਰਪਣ ਕਰਦਾ ਹੈ, ਗੁਰੂ ਜੀ ਧਨ

---

[411] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1256-67.

[412] ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 20ਵੀਂ ਵਾਰ 2016, ਪੰਨਾ 68-73.

[413] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 63. (ਦੇਖੋ ਪਗ ਟਿਪਣੀ)

[414] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1266.

ਉਸੇ ਸਮੇਂ ਗਰੀਬਾਂ ਵਿਚ ਵੰਡਾ ਦਿੰਦੇ ਹਨ। ਫਿਰ ਆਪ ਗੁਰੂ ਜੀ ਨੂੰ ਇਕ ਜੋਜਨ ਤਕ ਆਪਣੇ ਰਥ 'ਤੇ ਛਡ ਕੇ ਵਾਪਿਸ ਆ ਜਾਂਦਾ ਹੈ।[415]

ਡਾ. ਕਿਰਪਾਲ ਸਿੰਘ ਦੇ ਕਥਨ ਅਨੁਸਾਰ, *'ਗੁਰੂ ਨਾਨਕ ਸਾਹਿਬ ਢਾਕੇ ਦੇ ਉਤਰੀ ਪਾਸੇ ਉਸ ਅਸਥਾਨ ਤੇ ਜਾ ਠਹਿਰੇ ਜਿਸ ਨੂੰ ਅੱਜ ਕਲ ਰੇਅਰ ਬਾਜਾਰ ਕਿਹਾ ਜਾਂਦਾ ਹੈ। ਇਥੇ ਘੁਮਿਆਰਾਂ ਦੇ ਘਰ ਸਨ ਜਿਵੇਂ ਕਿ ਅੱਜ ਕਲ ਵੀ ਹਨ। ਤੇ ਇਨ੍ਹਾਂ ਲੋਕਾਂ ਵਿਚ ਗੁਰੂ ਨਾਨਕ ਸਾਹਿਬ ਦੇ ਉਥੇ ਜਾਣ ਦੀ ਰਿਵਾਇਤ ਹੁਣ ਤਕ ਪ੍ਰਚਲਤ ਹੈ। ਇਥੇ ਗੁਰੂ ਨਾਨਕ ਸਾਹਿਬ ਦੇ ਸਮੇਂ ਦਾ ਇਕ ਖੂਹ ਵੀ ਮੌਜੂਦ ਹੈ। ਤੇ ਕਹਿੰਦੇ ਹਨ ਕਿ ਇਥੇ ਗੁਰੂ ਨਾਨਕ ਸਾਹਿਬ ਨੇ ਆਪਣੀ ਸੋਟੀ ਨਾਲ ਜ਼ਮੀਨ ਨੂੰ ਖੋਦਿਆ ਤੇ ਖੂਹ ਪੁਟਿਆ। ਇਥੇ ਪਾਕਿਸਤਾਨ ਬਣਨ ਤੋਂ ਪਹਿਲਾਂ ਚੇਤਰ ਦੇ ਮਹੀਨੇ ਮੇਲਾ ਲਗਦਾ ਸੀ।*[416]

ਕਵੀ ਦੁਆਰਾ ਦਸੇ ਗਏ ਰਾਜਾ ਹਰੀ ਬਗਾਲ ਦੇ ਪ੍ਰਸੰਗ ਦੀ ਹੋਰ ਕਿਸੇ ਜਨਮਸਾਖੀ ਤੋਂ ਪੁਸ਼ਟੀ ਨਹੀਂ ਹੁੰਦੀ, ਸੋ ਇਹ ਇਕ ਨਵਾਂ ਪ੍ਰਸੰਗ ਕਵੀ ਨੇ ਅੰਕਿਤ ਕਰਕੇ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਵਿਚ ਇਤਿਹਾਸਿਕ ਪਖੋਂ ਵਾਧਾ ਕੀਤਾ ਹੈ। ਢਾਕੇ ਬੰਗਾਲ ਦੇ ਪ੍ਰਸੰਗ ਤੋਂ ਬਾਅਦ ਕਵੀ ਨੇ ਕਲਿਯੁਗ ਦੇ ਮਿਲਣ ਅਤੇ ਕੀੜੀਪੁਰ ਦੇਸ ਤੋਂ ਹੁੰਦੇ ਹੋਏ ਰਾਜਾ ਸਿਉਰਾਮ ਕੋਲ ਪਹੁੰਚੇ -

ਤਿਸ ਮੈ ਸਹਰਿ ਏਕ ਜਯਵੰਤ॥ ਪਰਮ ਸੁ ਨਿਰਮਲ ਜਿਉ ਮਨ ਸੰਤ॥
ਘਰਿ ਘਰਿ ਤੋਰਨਿ ਧਜਾ ਪਤਾਕੇ॥ ਇਕ ਤੇ ਇਕ ਘਰਿ ਬਨੇ ਸੁ ਬਾਕੇ॥10॥
ਤਹਿ ਸਿਉ ਰਾਮੰ ਨਿਰਪ ਉਦਾਰੇ॥ ਸਤਿਵਾਦੀ ਤਹਿ ਨਰ ਅਰੁ ਨਾਰੇ॥[417]

ਅਗੇ ਚਲ ਕੇ ਮਰਦਾਨਾ ਕਹਿੰਦਾ ਹੈ ਕਿ ਮੈਂ ਘਰ ਜਾਣਾ ਹੈ ਗੁਰੂ ਜੀ ਮਨ੍ਹਾਂ ਕਰਦੇ ਹਨ ਪਰ ਫਿਰ ਵੀ ਮਰਦਾਨਾ ਚਲਾ ਜਾਂਦਾ ਹੈ। ਥੋੜੀ ਦੂਰ ਜਾ ਕੇ ਮਰਦਾਨੇ ਨੂੰ ਕਉਡਾ ਰਾਖਸ਼ ਫੜ ਲੈਂਦਾ ਹੈ, ਫਿਰ ਮਰਦਾਨਾ ਗੁਰੂ ਜੀ ਨੂੰ ਬੇਨਤੀ ਕਰਦਾ ਹੈ। ਕਉਡੇ ਰਾਖਸ਼ ਨੇ ਕੜਾਹਾ ਤੇਲ ਵਾਲਾ ਕੜਾਹਾ ਗਰਮ ਕੀਤਾ

---

[415] ਉਹੀ, ਪਤਰਾ 1267-74.

[416] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 61-62.

[417] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1284.

ਹੋਇਆ ਸੀ ਤਾਂ ਗੁਰੂ ਜੀ, ਬਾਲਾ ਅਤੇ ਝੰਡਾ ਬਾਢੀ ਉਥੇ ਪਹੁੰਚ ਜਾਂਦੇ ਹਨ ਅਤੇ ਕੜਾਹਾ ਠੰਡਾ ਕਰ ਦਿੰਦੇ ਹਨ। ਕਉਡੇ ਨੂੰ ਗੁਰੂ ਜੀ ਨੇ ਉਪਦੇਸ਼ ਦੇ ਕੇ ਆਪਣਾ ਸਿਖ ਬਣਾਇਆ ਅਤੇ ਉਸ ਨੂੰ ਉਥੋਂ ਦੀ ਗਦੀ ਸੌਂਪੀ। ਕਾਫੀ ਸਮਾਂ ਆਪ ਇਥੇ ਰਹੇ, ਫਿਰ ਇਥੋਂ ਗੁਰੂ ਜੀ ਅਗੇ ਦੇ ਚਾਲੇ ਪਾਉਂਦੇ ਹਨ। ਕਵੀ ਅਨੁਸਾਰ ਇਹ ਸਥਾਨ ਸਿੰਗਲਾਦੀਪ ਦੇ ਰਸਤੇ ਵਿਚ ਆਉਂਦਾ ਹੈ । ਡਾ. ਕਿਰਪਾਲ ਸਿੰਘ ਨੇ ਕੌਡੇ ਰਾਕਸ਼ ਨਾਲ ਹੋਏ ਮਿਲਾਪ ਕੋਇੰਬਟੂਰ ਜ਼ਿਲ੍ਹੇ ਦੇ ਅਨਾਮਲਾਏ ਪਰਬਤ [418] ਉਪਰ ਦਸਿਆ ਹੈ, ਇਸ ਤਰ੍ਹਾਂ ਕਵੀ ਦੀ ਭੂਗੋਲਿਕ ਜਾਣਕਾਰੀ ਸਹੀ ਸਾਬਿਤ ਹੁੰਦੀ ਹੈ। ਅਗੇ ਗੁਰੂ ਜੀ ਵਿਸੰਭਰਪੁਰ ਪਹੁੰਚਦੇ ਹਨ-

ਤਿਨ ਲਾਲ ਉਠਾਇ ਸੁ ਬਾਂਧ ਲਯੋ ਇਤਿਨੈ ਪਹੁਚੇ ਸੁ ਬਿਸੰਭਰ ਆਈ॥

ਪੁਰ ਮਾਹਿ ਲਿਜਾਇ ਦਿਖਾਇ ਇਸੇ ਇਮ ਫੇਰ ਕਹਯੋ ਤਿਸ ਕੋ ਸੁਖਦਾਈ॥6 ॥[419]

ਮਰਦਾਨੇ ਨੂੰ ਬਹੁਤ ਹੀ ਭੁਖ ਲਗੀ ਹੁੰਦੀ ਹੈ, ਉਹ ਗੁਰੂ ਜੀ ਨੂੰ ਬੇਨਤੀ ਹੈ ਕਰਦਾ ਹੈ, ਗੁਰੂ ਜੀ ਪੈਰ ਨਾਲ ਰੇਤ ਵਿਚੋਂ ਇਕ ਲਾਲ ਕਢ ਕੇ ਮਰਦਾਨੇ ਨੂੰ ਵੇਚਣ ਲਈ ਭੇਜਦੇ ਹਨ। ਉਸ ਲਾਲ ਦੀ ਕੀਮਤ ਦੇਖ ਕੇ ਕੋਈ ਵੀ ਉਸਨੂੰ ਖਰੀਦ ਨਾ ਸਕਿਆ। ਜਦੋਂ ਮਰਦਾਨਾ ਉਸ ਲਾਲ ਨੂੰ ਸਾਲਸਰਾਇ ਜੌਹਰੀ ਨੂੰ ਦਿਖਾਉਂਦਾ ਹੈ ਤਾਂ ਉਹ ਗੁਰੂ ਜੀ ਨੂੰ ਮਿਲਣ ਆਉਂਦਾ ਹੈ ਅਤੇ ਗੁਰੂ ਜੀ ਦਾ ਸੇਵਕ ਬਣ ਜਾਂਦਾ ਹੈ। ਗੁਰੂ ਜੀ ਉਸਨੂੰ ਮੰਜੀ ਸੌਂਪ ਕੇ ਇਹ ਹੁਕਮ ਕਰਦੇ ਹਨ ਕਿ ਮੰਜੀ ਦਾ ਗਦੀਦਾਰ ਆਪਣੇ ਕਿਸੇ ਸੇਵਕ ਨੂੰ ਬਣਾਵੇ ਆਪਣੇ ਕਿਸੇ ਪੁਤਰ ਨੂੰ ਨਹੀਂ। ਗੁਰੂ ਜੀ ਉਸਨੂੰ ਕਹਿੰਦੇ ਹਨ ਕਿ ਤੇਰੀ ਉਮਰ ਮਾਤਰ ਦੋ ਸਾਲ ਸਤ ਮਹੀਨੇ ਰਹਿ ਗਈ ਹੈ। ਵਿਸੰਭਰਪੁਰ ਦਾ ਜ਼ਿਕਰ ਮਾਤਰ ਭਾਈ ਬਾਲਾ ਜਨਮਸਾਖੀ ਅਤੇ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਹੀ ਹੈ। ਸੋਢੀ ਮਿਹਰਬਾਨ ਵਾਲੀ ਜਨਮਸਾਖੀ ਵਿਚ ਹਾਜੀਪੁਰ ਦਾ ਤਾਂ ਜ਼ਿਕਰ ਹੈ, ਪਰ ਸਾਲਸਰਾਇ ਅਤੇ ਵਿਸੰਭਰਪੁਰ ਦਾ ਜ਼ਿਕਰ ਕਿਧਰੇ ਵੀ ਨਹੀਂ ਮਿਲਦਾ। ਡਾ. ਕਿਰਪਾਲ ਸਿੰਘ ਨੇ ਦਲੀਲ ਪੂਰਵਕ ਇਹ ਸਿਧ ਕਰਨ ਦਾ ਯਤਨ ਕੀਤਾ ਹੈ ਕਿ ਗੁਰੂ ਜੀ ਵਿਸੰਭਰਪੁਰ ਨਹੀਂ ਗਏ ਬਲਕਿ ਪਟਨੇ ਵਿਖੇ

---

[418] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 85.

[419] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1301.

ਗਏ ਸਨ। ਕਿਉਂਕਿ ਉਨ੍ਹਾਂ ਅਨੁਸਾਰ ਵਿਸੰਭਰਪੁਰ ਨਾਂ ਦਾ ਕੋਈ ਵੀ ਪੁਰਾਣਾ ਪਿੰਡ ਜਾਂ ਨਗਰ ਉਥੇ ਨਹੀਂ ਮਿਲਦਾ ਪਰ ਹਾਜੀਪੁਰ ਨਾਂ ਦਾ ਨਗਰ ਮੌਜੂਦ ਹੈ ਅਤੇ ਸੋਢੀ ਮਿਹਰਬਾਨ ਵਿਚ ਹਾਜੀਪੁਰ ਦਾ ਜ਼ਿਕਰ ਕੀਤਾ ਮਿਲਦਾ ਹੈ।[420] ਹੁਣ ਜੇਕਰ ਵਿਸੰਭਰਪੁਰ ਪਟਨੇ ਵਿਚ ਮੰਨ ਲਿਆ ਜਾਵੇ ਅਤੇ ਅਨਾਮਲਾਏ ਪਰਬਤ ਜੋ ਕਿ ਕੋਇੰਬਟੂਰ ਵਿਚ ਸਥਿਤ ਹੈ, ਜਿਥੇ ਕੌਡਾ ਰਾਕਸ਼ ਰਹਿੰਦਾ ਸੀ, ਤੋਂ ਵਿਸੰਭਰਪੁਰ ਦੀ ਦੂਰੀ ਸੈਂਕੜੇ ਮੀਲ ਬਣਦੀ ਹੈ। ਇਸ ਤਰ੍ਹਾਂ ਕਵੀ ਨੇ ਇਥੇ ਵੀ ਕਾਵਿ-ਉਡਾਰੀ ਦੁਆਰਾ ਦੋ ਘਟਨਾਵਾਂ ਨੂੰ ਜੋੜਨ ਦਾ ਯਤਨ ਕੀਤਾ ਗਿਆ ਹੈ।

ਇਸ ਦੇ ਨਾਲ ਹੀ ਅਗਲੇ ਪ੍ਰਸੰਗ ਵਿਚ ਕਵੀ ਨੇ ਮਛ ਦੀ ਮਿਥਿਹਾਸਕ ਸਾਖੀ ਨੂੰ ਅੰਕਿਤ ਕੀਤਾ ਹੈ, ਜਿਸ ਵਿਚ ਗੁਰੂ ਜੀ ਬਾਲਾ ਅਤੇ ਮਰਦਾਨਾ ਇਕ ਬਹੁਤ ਵਡੇ ਮਛ ਉਪਰ ਚਲਦੇ ਹਨ, ਜਿਸਦੀ ਲੰਬਾਈ 35 ਕੋਹ ਹੁੰਦੀ ਹੈ। ਉਸ ਦੇ ਮੁਖ ਕੋਲ ਜਾ ਕੇ ਉਹ ਰੂਪ ਵਟਾਉਂਦਾ ਹੈ ਅਤੇ ਗੁਰੂ ਜੀ ਉਸ ਨੂੰ ਮੁਕਤੀ ਪ੍ਰਦਾਨ ਕਰਕੇ ਅਗੇ ਬਿਸੀਹਰ ਦੇਸ ਜਾਂਦੇ ਹਨ।

ਬਿਸੀਹਰ ਦੇਸ, ਬ੍ਰਹਮਪੁਰ, ਦੇਵਗੰਧਾਰ, ਸਵਰਨਪੁਰ ਦੀ ਵਿਚਾਰ ਅਸੀਂ ਇਥੇ ਖੋਜ ਕਾਰਜ ਦੀ ਸਰਲਤਾ ਲਈ ਇਨ੍ਹਾਂ ਘਟਨਾਵਾਂ ਨੂੰ ਅੰਕਿਤ ਕਰਨ ਤੋਂ ਬਆਦ ਇਕਠੀ ਕਰਾਂਗੇ। ਘਟਨਾਵਾਂ ਇਸ ਪ੍ਰਕਾਰ ਹਨ- ਗੁਰੂ ਜੀ ਬਿਸੀਹਰ ਦੇਸ ਪਹੁੰਚਦੇ ਹਨ-

ਬਿਸੰਭਰਪੁਰ ਤੇ ਬਿਦਾ ਹ੍ਵੈ ਸ੍ਰੀ ਗੁਰ ਨਾਨਕ ਰਾਇ॥

ਚਲੇ ਬਿਸੈਹਰਿ ਦੇਸ ਕੋ ਕਹਯੋ ਸੁ ਪਿਛਿਲੇ ਧਿਆਇ॥1॥[421]

ਮਰਦਾਨੇ ਨੂੰ ਝੰਡੇ ਬਾਢੀ ਕੋਲ ਭੇਜਦੇ ਹਨ। ਝੰਡਾ ਬਾਢੀ ਗੁਰੂ ਜੀ ਦੇ ਦਰਸ਼ਨ ਲਈ ਭੋਜਨ ਤਿਆਰ ਕਰਕੇ ਲਿਆਉਂਦਾ ਹੈ। ਗੁਰੂ ਜੀ ਭੋਜਨ ਦੇ ਪੰਜ ਹਿਸੇ ਕਰਦੇ ਹਨ। ਇਕ ਹਿਸਾ ਮਰਦਾਨੇ ਨੂੰ ਖਾਣ ਲਈ ਕਹਿੰਦੇ ਹਨ ਅਤੇ ਝੰਡੇ ਬਾਢੀ ਨੂੰ ਪੁਛਦੇ ਹਨ ਤੇਰੀ ਸੰਗਤ ਕਿਸ ਨਾਲ ਹੈ। ਉਹ ਕਹਿੰਦਾ ਹੈ ਸੁੰਦਰ ਸੈਨ ਦੇ ਭਣੇਵੇ ਇੰਦਰ ਸੈਨ। ਗੁਰੂ ਜੀ ਉਸ ਨੂੰ ਬੁਲਾਉਣ ਨੂੰ ਕਹਿੰਦੇ ਹਨ। ਉਹ ਆ ਕੇ ਗੁਰੂ ਜੀ ਦੇ ਦਰਸ਼ਨ

---

420 ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , *ਪੰਜਾਬੀ ਯੂਨੀਵਰਸਿਟੀ* , ਪਟਿਆਲਾ, 2009, ਪੰਨਾ 58-60.

421 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1310.

ਕਰਕੇ ਗਿਆਨ ਬਾਰੇ ਪ੍ਰਸ਼ਨ ਕਰਦੇ ਹਨ। ਗੁਰੂ ਜੀ ਉਸਨੂੰ ਦ੍ਰਿਸ਼ਟਾਂਤ ਦੇ ਕੇ ਉਹਨਾਂ ਨੂੰ ਗਿਆਨ ਬਾਰੇ ਉਪਦੇਸ਼ ਦਿੰਦੇ ਹਨ ਅਤੇ ਝੰਡੇ ਬਾਢੀ ਨੂੰ ਇਲਾਕੇ ਦੀ ਮੰਜੀ ਸੌਂਪਦੇ ਹਨ। ਇਸ ਗਲ ਦਾ ਪਤਾ ਜਦੋਂ ਸੁੰਦਰ ਸੈਨ ਨੂੰ ਲਗਦਾ ਹੈ ਤਾਂ ਉਹ ਵੀ ਗੁਰੂ ਜੀ ਦੇ ਦਰਸ਼ਨ ਕਰਨ ਆਉਂਦਾ ਹੈ ਅਤੇ ਗੁਰੂ ਜੀ ਦਾ ਸੇਵਕ ਬਣ ਜਾਂਦਾ ਹੈ। ਗੁਰੂ ਜੀ ਉਸ ਨੂੰ ਤਿੰਨ ਦੀਪਾਂ ਜਿਨ੍ਹਾਂ ਵਿਚ ਸੌ ਟਾਪੂ ਸਨ ਦਾ ਰਾਜਾ ਬਣਨ ਦਾ ਵਰ ਦਿੰਦੇ ਹਨ।[422]

ਫਿਰ ਗੁਰੂ ਜੀ ਬ੍ਰਹਮਪੁਰ ਨੂੰ ਬਿਦਾ ਹੁੰਦੇ ਹਨ। ਜਿਥੋਂ ਦਾ ਰਾਜਾ ਮਧੁਰ ਬੈਨ ਹੁੰਦਾ ਹੈ। ਗੁਰੂ ਜੀ ਨੇ ਜੰਗਲ ਵਿਚ ਡੇਰਾ ਲਾ ਲਿਆ ਉਹਨਾਂ ਦੇ ਕੋਲੋਂ ਹਿਰਨਾਂ ਦੀ ਵਡੀ ਡਾਰ ਨਿਕਲੀ, ਉਸ ਪਿਛੇ ਸ਼ਿਕਾਰੀ ਕੁਤੇ ਸਨ। ਉਹਨਾਂ ਪਿਛੇ ਰਾਜਾ ਮਧੁਰ ਬੈਨ ਸੀ। ਜਦੋਂ ਮਧੁਰ ਬੈਨ ਸ਼ਿਕਾਰ ਦਾ ਪਿਛਾ ਕਰਦਾ ਹੋਇਆ, ਗੁਰੂ ਜੀ ਕੋਲ ਪਹੁੰਚਿਆ ਤਾਂ ਬਾਲੇ ਨੂੰ ਪੁਛਿਆ ਕਿ ਤੁਸੀਂ ਕੌਣ ਹੋ? ਬਾਲੇ ਨੇ ਦਸਿਆ ਕਿ ਅਸੀਂ ਸੰਤ ਭੇਖ ਵਿਚ ਦੇਸ਼ ਦੀ ਸੈਰ ਕਰ ਰਹੇ ਹਾਂ। ਮਧੁਰ ਬੈਨ ਨੇ ਸੋਚਿਆ ਕਿ ਇਹ ਉਹੀ ਸੰਤ ਹਨ ਜਿਹਨਾਂ ਨੇ ਸੁਧਰ ਸੈਨ ਨੂੰ ਰਾਜ ਦਿਤਾ ਅਤੇ ਝੰਡੇ ਬਾਢੀ ਨੂੰ ਗੁਰੂ ਬਣਾਇਆ। ਉਸ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ, ਗੁਰੂ ਜੀ ਨੇ ਉਸ ਨੂੰ ਸਤਨਾਮ ਦਾ ਉਪਦੇਸ਼ ਦੇ ਕੇ ਪ੍ਰਭੂ ਭਗਤੀ ਵਿਚ ਲਾਇਆ। ਰਾਜੇ ਨੇ ਗੁਰੂ ਜੀ ਦੇ ਨਾਮ ਦੀ ਧਰਮਸ਼ਾਲਾ ਬਣਾਈ ਅਤੇ ਦੇਗ ਚਲਾਈ।[423] ਕੁਝ ਸਮਾਂ ਗੁਰੂ ਜੀ ਉਸ ਸਥਾਨ 'ਤੇ ਰਹਿ ਕੇ ਮਧੁਰ ਬੈਨ ਰਾਜੇ ਨੂੰ ਉਪਦੇਸ਼ ਦੇ ਕੇ ਅਗੇ ਕੁਸਾ ਦੀਪ ਨੂੰ ਚਲ ਪਏ। ਕੁਸਾਦੀਪ ਦੇ ਰਸਤੇ ਵਿਚ ਇਕ ਸ਼ਹਿਰ ਆਇਆ, ਜਿਸਦਾ ਨਾਮ ਦੇਵ ਗੰਧਾਰ ਸੀ। ਦੇਵ ਗੰਧਾਰ ਵਿਖੇ ਇਕ ਪਹਾੜ 'ਤੇ ਗੁਰੂ ਜੀ ਪਹੁੰਚੇ।

ਇਥੇ ਕਵੀ ਨੇ ਦੋ ਪ੍ਰਸੰਗ ਦਿਤੇ ਹਨ। ਪਹਿਲਾ ਪ੍ਰਸੰਗ ਦੇਵ ਗੰਧਾਰ ਸ਼ਹਿਰ ਦਾ ਹੈ, ਜਿਥੋਂ ਦਾ ਰਾਜਾ ਦੇਵਲੂਤ ਹੈ ਅਤੇ ਉਸਦਾ ਵਜੀਰ ਦੇਵਦੂਤ ਹੈ। ਰਾਜਾ ਗੁਰੂ ਜੀ ਨੂੰ ਮਾਰਨ ਲਈ ਆਪਣੇ ਸੈਨਿਕ ਭੇਜਦਾ ਹੈ, ਪਰ ਜਿਹੜੇ ਵੀ ਸੈਨਿਕ ਗੁਰੂ ਨਾਨਕ ਦੇਵ ਜੀ ਮਾਰਨ ਲਈ ਅਉਂਦੇ, ਉਹ ਸਾਰੇ ਅੰਨ੍ਹੇ ਹੋ ਜਾਂਦੇ। ਜਦ ਰਾਜਾ ਨੂੰ ਇਸ ਗਲ ਦਾ ਪਤਾ ਲਗਾ ਤਾਂ ਉਹ ਮਨ ਵਿਚ ਧਾਰਦਾ ਹੈ ਕਿ ਜੇ ਮੈਂ ਅੰਨ੍ਹਾਂ ਨਾ ਹੋਵਾਂ ਤਾਂ ਮੈਂ ਗੁਰੂ ਜੀ ਦੀ

---

[422] ਉਹੀ, ਪਤਰਾ 1314-19.

[423] ਉਹੀ, ਪਤਰਾ 1321-25.

ਸੇਵਾ ਕਰਾਂ ਇਸ ਲਈ ਉਹ ਅੰਨ੍ਹਾਂ ਨਹੀਂ ਹੁੰਦਾ ਅਤੇ ਫਿਰ ਸੋਚਦਾ ਹੈ ਕਿ ਜੇ ਮੈਂ ਅੰਨ੍ਹਾਂ ਹੋ ਜਾਂਵਾ ਤਾਂ ਮੈਂ ਗੁਰੂ ਜੀ ਨੂੰ ਮੰਨਾਂ ਅਤੇ ਉਹ ਅੰਨ੍ਹਾਂ ਹੋ ਜਾਂਦਾ ਹੈ। ਫਿਰ ਗੁਰੂ ਜੀ ਦੀ ਕਿਰਪਾ ਸਦਕਾ ਉਸ ਨੂੰ ਦਿਖਣ ਲਗਦਾ ਹੈ, ਉਹ ਗੁਰੂ ਜੀ ਦਾ ਸਿਖ ਬਣ ਜਾਂਦਾ ਹੈ। ਉਥੇ ਇਕ ਮੰਦਰ ਬਣਾਇਆ ਜਾਂਦਾ ਹੈ। ਉਹ ਰਾਜਾ ਸੇਵਾ ਕਰਦਾ ਹੈ ਅਤੇ ਉਸਦਾ ਵਜ਼ੀਰ ਦੇਵਦੂਤ ਮਸੰਦ ਥਾਪਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਅਗੇ ਪਰਸ ਨਾਮ ਦੇ ਸ਼ਹਿਰ ਵਿਚ ਪਹੁੰਚਦੇ ਹਨ, ਜਿਥੇ ਸਾਰੇ ਹੀ ਬਨ ਮਾਨਵ ਰਹਿੰਦੇ ਹਨ। ਇਥੋਂ ਦਾ ਰਾਜਾ ਤੀਖਣ ਭੈਣ ਹੈ। ਇਨ੍ਹਾਂ ਦੀ ਬੋਲੀ ਵੀ ਅਜੀਬ ਹੈ ਇਹ ਇਸ ਤਰ੍ਹਾਂ ਬੋਲਦੇ ਹਨ ਜਿਵੇਂ ਚੀਕਾਂ ਮਾਰਦੇ ਹੋਣ। ਗੁਰੂ ਜੀ ਨੂੰ ਉਨ੍ਹਾਂ ਦੀ ਬੋਲੀ ਸਮਝ ਆਉਂਦੀ ਹੈ ਅਤੇ ਗੁਰੂ ਜੀ ਉਨ੍ਹਾਂ ਦੀ ਬੋਲੀ ਵਿਚ ਹੀ ਗਲ ਕਰ ਦੇ ਹਨ ਅਤੇ ਉਨ੍ਹਾ ਨੂੰ ਸਤਿਨਾਮ ਦਾ ਮੰਤਰ ਦਸਦੇ ਹਨ ਅਤੇ ਉਨ੍ਹਾਂ ਨੂੰ ਅਪਣੇ ਸੇਵਕ ਬਣਾ ਕੇ ਅਗੇ ਦਖਣ ਦੇਸ ਨੂੰ ਰਵਾਨਾ ਹੁੰਦੇ ਹਨ।[424]

ਗੁਰੂ ਜੀ ਅਗੇ ਚਲਦੇ ਹੋਏ ਸੁਵਰਨਪੁਰ ਪਹੁੰਚੇ ਜਿਥੇ ਸਾਰੇ ਲੋਕਾਂ ਦੇ ਘਰ ਕੰਚਨ ਦੇ ਬਣੇ ਹੋਏ ਹਨ। ਉਥੇ ਸ਼ਹਿਰ ਤੋਂ ਬਾਹਰ ਗੁਰੂ ਜੀ ਪਹੁੰਚਦੇ ਹਨ। ਮਰਦਾਨਾ ਸ਼ਹਿਰ ਵਿਚ ਜਾਂਦਾ ਹੈ ਅਤੇ ਉਥੇ ਧਰਮ ਸਿੰਘ ਨਾਮ ਦਾ ਇਕ ਵਿਅਕਤੀ ਮਿਲਦਾ ਹੈ। ਉਹ ਦਸਦਾ ਹੈ ਕਿ ਇਥੋਂ ਦਾ ਰਾਜਾ ਕਉਲ ਨੈਨ ਹੈ ਅਤੇ ਕਉਲ ਨੈਨ ਸੁਰਸਿੰਧ ਦਾ ਬੇਟਾ ਹੈ। ਜਿਸਦਾ ਰਾਜ ਨੌ ਹਜ਼ਾਰ ਸਤ ਜੋਜਨ ਤੀਕ ਹੈ। ਇਥੇ ਜੋ ਕੁਝ ਵੀ ਪੈਦਾ ਹੁੰਦਾ ਹੈ, ਉਹ ਸਾਰੇ ਮਿਲ ਕੇ ਖਾਂਦੇ ਹਨ ਅਤੇ ਕਿਸੇ ਤੋਂ ਵੀ ਪੈਸੇ ਨਹੀਂ ਲੈਂਦੇ। ਇਸੇ ਤਰ੍ਹਾਂ ਇਥੋਂ ਦਾ ਰਾਜ ਚਲਦਾ ਹੈ ਮਰਦਾਨੇ ਨੂੰ ਧਰਮ ਸਿੰਘ ਮਿਠਾਈਆਂ ਦਿੰਦਾ ਹੈ ਅਤੇ ਮਰਦਾਨਾ ਗੁਰੂ ਜੀ ਨੂੰ ਆ ਕੇ ਸਾਰੀ ਬਾਰਤਾ ਦਸਦਾ ਹੈ। ਧਰਮ ਸਿੰਘ ਗੁਰੂ ਜੀ ਦੇ ਦਰਸ਼ਨ ਕਰਨ ਆਉਂਦਾ ਹੈ ਅਤੇ ਦਸਦਾ ਹੈ ਕਿ ਇਹ ਰਾਜਾ ਮਹਾ ਪ੍ਰਤਾਪੀ ਹੈ ਅਤੇ 17 ਰਾਜੇ ਇਸ ਦੇ ਅਧੀਨ ਹਨ, ਪਰ ਹੁਣ ਗੁਰੂ ਨਾਨਕ ਨੇ ਸਭ ਦਾ ਸਰਦਾਰ ਸੁੰਦਰ ਸੈਣ ਨੂੰ ਬਣਾ ਦਿਤਾ ਹੈ ਅਤੇ ਨਾਰਦ ਦਸ ਕੇ ਗਿਆ ਹੈ ਕਿ ਗੁਰੂ ਜੀ ਇਥੇ ਵੀ ਆਓਣਗੇ ਅਸੀਂ ਉਨ੍ਹਾਂ ਦੀ ਉਡੀਕ ਕਰ ਰਹੇ ਹਾਂ। ਮਰਦਾਨੇ ਨੇ ਦਸਿਆ ਕਿ ਇਹ ਹੀ ਗੁਰੂ ਨਾਨਕ ਦੇਵ ਜੀ ਹਨ। ਧਰਮ ਸਿੰਘ ਨੇ ਪੂਰੀ ਬਾਰਤਾ ਨਗਰ ਵਿਚ ਜਾ ਕੇ ਦਸੀ। ਰਾਜਾ ਕਵਲ ਨੈਨ ਆਪਣੇ ਪੁਤਰ ਚੰਦਰ ਸੈਣ ਨਾਲ ਗੁਰੂ ਜੀ ਦੇ

[424] ਉਹੀ, ਪਤਰਾ 1329-34.

ਦਰਸ਼ਨ ਕਰਨ ਆਇਆ। ਇਨ੍ਹਾਂ ਨਾਲ ਉਨ੍ਹਾਂ ਦਾ ਦੀਵਾਨ ਇੰਦਰ ਸੈਣ (ਇੰਦ ਸੈਣ) ਵੀ ਸੀ। ਗੁਰੂ ਜੀ ਕਹਿੰਦੇ ਹਨ ਕਿ ਪਿਛਲੇ ਜਨਮ ਕਰਕੇ ਮੈਂ ਸੁੰਦਰ ਸੈਣ ਨੂੰ ਰਾਜਿਆਂ ਦਾ ਸਰਦਾਰ ਬਣਾਇਆ ਹੈ। ਫਿਰ ਰਾਜਾ ਕਉਲ ਨੈਨ ਦੇ ਪੂਰਬਲੇ ਜਨਮ ਦਾ ਪ੍ਰਸੰਗ ਦਸਿਆ ਹੈ ਕਿ ਰਾਜਾ ਪਿਛਲੇ ਜਨਮ ਵਿਚ ਜਨਕਿ ਬਿਦੇਹ ਦਾ ਸੇਵਕ ਸੀ, ਇਕ ਦਿਨ ਜਨਕ ਬਿਦੇਹ ਸ਼ਿਕਾਰ 'ਤੇ ਗਏ ਤਾਂ ਉਸ ਨੇ ਸੇਵਕ ਨੂੰ ਕਿਹਾ ਕਿ ਸ਼ੀਤਲ ਪਾਣੀ ਲੈ ਕੇ ਆਵੇ। ਸੇਵਕ ਪਾਣੀ ਲੈਣ ਗਿਆ ਤਾਂ ਰਸਤੇ ਵਿਚ ਸੋਚਦਾ ਜਾ ਰਿਹਾ ਸੀ ਕਿ ਮੈ ਰਾਜਾ ਕਿਉਂ ਨਹੀਂ ਹਾਂ। ਵਾਪਸਿ ਆ ਕੇ ਰਾਜਾ ਖੁਸ਼ ਹੋਇਆ ਅਤੇ ਕੁਝ ਮੰਗਣ ਨੂੰ ਕਿਹਾ ਅਤੇ ਕਿਹਾ ਕਿ ਤੂੰ ਰਾਜਾ ਬਣਨਾ ਚਾਹੁੰਦਾ ਹੈਂ, ਅਗਲੇ ਜਨਮ ਵਿਚ ਤੂੰ ਰਾਜਾ ਬਣੇਗਾ ਅਤੇ ਸੁਖੀ ਜੀਵਨ ਬਤੀਤ ਕਰੇਂਗਾ ਅਤੇ ਤੇਰੀ ਪ੍ਰਜਾ ਵੀ ਸੁਖੀ ਹੋਵੇਗੀ। ਫਿਰ ਗੁਰੂ ਨਾਨਕ ਦੇਵ ਜੀ ਨੇ ਰਾਜਾ ਕਉਲ ਨੈਨ ਨੂੰ ਕਿਹਾ ਕਿ ਤੇਰਾ ਅੰਤ ਸਮਾਂ ਨੇੜੇ ਹੈ। ਦੇਹਾਂਤ ਤੋਂ ਬਾਅਦ ਉਸਦੇ ਪੁਤਰ ਚੰਦਰ ਸੈਣ ਨੂੰ ਰਾਜਾ ਬਣਾ ਦਿਤਾ ਗਿਆ। ਚੰਦਰ ਸੈਣ ਨੇ ਉਥੇ ਗੁਰੂ ਜੀ ਦਾ ਮੰਦਰ ਬਣਵਾਇਆ। ਗੁਰੂ ਜੀ ਅਗੇ ਨੂੰ ਵਿਦਾ ਹੋ ਗਏ।[425]

ਉਪਰੋਕਤ ਘਟਨਾਵਾਂ ਵਿਚ ਗੁਰੂ ਜੀ ਬਿਸੀਹਰ ਦੇਸ, ਬ੍ਰਹਮਪੁਰ, ਦੇਵਗੰਧਾਰ, ਸਵਰਨਪੁਰ ਜਾਂਦੇ ਹਨ। ਜਿਥੇ ਉਹ ਕਈ ਰਾਜਿਆਂ ਨੂੰ ਮਿਲਦੇ ਹਨ, ਇਤਿਹਾਸ ਵਾਚਿਆਂ ਅਜੇ ਤੀਕ ਇਨ੍ਹਾਂ ਦੇ ਨਾਮ ਕਿਤੇ ਵੀ ਨਹੀਂ ਮਿਲਦੇ। ਭਾਈ ਕਾਨ੍ਹ ਸਿੰਘ ਨਾਭਾ ਨੇ ਬਿਸੀਹਰ ਦੇਸ ਨੂੰ ਬਸ਼ਹਰ ਦਸਿਆ ਹੈ ਜੋ ਕਿ ਸ਼ਿਮਲੇ ਜ਼ਿਲ੍ਹੇ ਦੀ ਇਕ ਪਹਾੜੀ ਰਿਆਸਤ ਸੀ। [426] ਪਰ ਗਿਆਨੀ ਗਿਆਨ ਸਿੰਘ ਇਸ ਨੂੰ ਮਨੀਪੁਰ ਵਿਚ ਮੰਨਦੇ ਹਨ ਅਤੇ ਉਨ੍ਹਾਂ ਅਨੁਸਾਰ ਸੁਧਰਸੈਨ ਰਾਜੇ ਦੀ ਸੰਤਾਨ ਮਨੀਪੁਰ ਵਿਚ ਰਾਜ ਕਰਦੀ ਸੀ ਅਤੇ ਉਨ੍ਹਾਂ ਨੇ ਅੰਗਰੇਜਾਂ ਨਾਲ ਯੁਧ ਵੀ ਲੜੇ ਸਨ। [427] ਬ੍ਰਹਮਪੁਰ ਬਾਰੇ ਭਾਈ ਵੀਰ ਸਿੰਘ ਜ਼ਿਕਰ ਕਰਦੇ ਹਨ, "ਜਾਪਦਾ ਹੈ ਕਿ ਅਸਾਮ ਦੇਸ ਦਾ ਸੈਲਾ ਹੋ ਰਿਹਾ ਹੈ। ਬ੍ਰਹਮਕੁੰਡ ਨਾਮੇ ਇਕ ਜਗ੍ਹਾ ਡਿਬਰੂ ਗੜ੍ਹ ਤੋਂ ਪੂਰਬੋਤ੍ਰ ਵੱਲ ਹੈ, ਹੋ ਸਕਦਾ ਹੈ ਕਿ ਉਸਤੋਂ ਮੁਰਾਦ ਹੋਵੇ, ਯਾ ਬ੍ਰਹਮਨ ਬੇਰੀਆ ਤੋਂ ਮੁਰਾਦ ਹੋਵੇ ਜੋ ਟਿਪਰਾ ਪਹਾੜੀਆਂ ਦੇ

---

[425] ਉਹੀ, ਪਤਰਾ 1334-47.

[426] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 824.

[427] ਗਿਆਨੀ, ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ ਭਾਗ ਪਹਿਲਾ,* ਭਾਸ਼ਾ ਵਿਭਾਗ, ਪਟਿਆਲਾ, ਪੰਜਵੀ ਵਾਰ, 2011, ਪੰਨਾ 122.

ਪੱਛੋਂ ਵਲ ਮੇਗਨਾ ਨਦੀ ਦੇ ਲਾਗੇ ਹੈ। ਟਾਪੂ ਪਦ ਜ਼ਰੂਰੀ ਨਹੀਂ ਕਿ ਜਜ਼ੀਰੇ ਲਈ ਹੀ ਵਰਤਿਆ ਜਾਵੇ ।"[428] ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਨੂੰ ਮਧ ਭਾਰਤ ਦੇ ਚਾਂਦਾ ਜ਼ਿਲ੍ਹੇ ਦਾ ਇਕ ਨਗਰ ਦਸਿਆ ਹੈ ਜੋ ਚਾਂਦਾ ਤੋਂ 77 ਮੀਲ ਦੂਰ ਹੈ। [429] ਦੇਵਗੰਧਾਰ ਸਥਾਨ ਬਾਰੇ ਭਾਈ ਵੀਰ ਸਿੰਘ ਦਾ ਅੰਦਾਜ਼ਾ ਦੇਪਾਗਿਰੀ ਪਹਾੜੀ ਲਗਾਇਆ ਗਿਆ ਹੈ, ਜੋ ਕਿ ਸੋਨਦੀਪ ਪਰਬਤ 'ਤੇ ਹੈ। [430] ਪਰ ਹੋਰ ਕਿਧਰੇ ਵੀ ਇਸਦਾ ਜ਼ਿਕਰ ਨਹੀਂ ਮਿਲਦਾ। ਗਿਆਨੀ ਗਿਆਨ ਸਿੰਘ ਸਵਰਨਪੁਰ ਨੂੰ ਚਾਂਦ ਪੁਰ ਵਾਲਾ ਦਸਦੇ ਹਨ ।[431] ਭਾਈ ਵੀਰ ਸਿੰਘ ਕਹਿੰਦੇ ਹਨ ਕਿ ਸੋਨਦੀਪ ਅਤੇ ਸਵਰਨਪੁਰ ਇਕ ਹੀ ਗਲ ਹੈ। ਉਹ ਵੀ ਇਸ ਨੂੰ ਚਿਟਾਗਾਂਗ ਤੋਂ ਨੇੜੇ ਸਮੁੰਦਰ ਵਿਚ ਇਕ ਟਾਪੂ ਹੀ ਮੰਨਦੇ ਹਨ। [432] ਇਨ੍ਹਾਂ ਸਾਖੀਆਂ ਵਿਚ 100 ਟਾਪੂਆਂ ਅਠਾਰਾਂ ਰਾਜਿਆਂ ਦੇ ਨਾਮ ਦਸੇ ਹਨ, ਜੋ ਇਸ ਪ੍ਰਕਾਰ ਹਨ- 1. ਕਉਲ ਨੈਨ 2. ਅਸਰਾ ਪਨਾਹ 3. ਸੁਖਚੈਨ 4. ਸਾਗਰ ਸੈਨ 5. ਬੀਰ ਸੈਨ 6. ਲਾਲ ਨੈਨ 7. ਰਾਇ ਐ 8. ਸੁਖ ਸਾਗਰ 9. ਨਾਗਾ ਪਰਸਰਾਮ 10. ਸੁਧ ਸਭਾਲਕਾ 11. ਅਟਕਾ 12. ਘਟਕਾ 13. ਨੈਨ ਜੋਤਿ 14. ਬੁਧਿ ਬਿਬੇਕ 15. ਤੁਰ ਤੁਰੰਗ 16. ਮਗਨ ਰਾਇ 17. ਮਧਰ ਬੈਨ 18. ਸੁੰਦਰ ਸੈਣ ।[433] ਇਨ੍ਹਾਂ ਪ੍ਰਸੰਗਾਂ ਦੀ ਪੜਚੋਲ ਕਰਨ ਲਈ ਨਿਮਨਾਂਕਿਤ ਕਰਮ ਸਿੰਘ ਹਿਸਟੋਰੀਅਨ ਦੇ ਸ਼ਬਦ ਜੋ ਕਿ ਉਨ੍ਹਾਂ ਨੇ ਬਾਲਾ ਵਾਲੀ ਜਨਮਸਾਖੀ ਵਿਚ ਆਏ ਇਨ੍ਹਾਂ ਰਾਜਿਆਂ ਦੇ ਬਾਰੇ ਵਿਚ ਦਸੇ ਹਨ, ਵੀ ਸਾਡੇ ਖੋਜ ਕਾਰਜ ਲਈ ਲਾਹੇਵੰਦ ਹੋਣਗੇ-

---

[428] ਭਾਈ ਵੀਰ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਯ ਗ੍ਰੰਥਾਵਲੀ-ਜਿਲਦ 3 ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਕ੍ਰਿਤ ਸ੍ਰੀ ਗੁਰੂ ਨਾਨਕ ਪ੍ਰਕਾਸ਼,* ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ, 1927, ਪੰਨਾ 586.

[429] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 896.

[430] ਭਾਈ ਵੀਰ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਯ ਗ੍ਰੰਥਾਵਲੀ-ਜਿਲਦ 3 ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਕ੍ਰਿਤ ਸ੍ਰੀ ਗੁਰੂ ਨਾਨਕ ਪ੍ਰਕਾਸ਼,* ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ, 1927, ਪੰਨਾ 591.

[431] ਗਿਆਨੀ, ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ ਭਾਗ ਪਹਿਲਾ,* ਭਾਸ਼ਾ ਵਿਭਾਗ, ਪਟਿਆਲਾ, ਪੰਜਵੀ ਵਾਰ, 2011, ਪੰਨਾ 122.

[432] ਭਾਈ ਵੀਰ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਯ ਗ੍ਰੰਥਾਵਲੀ-ਜਿਲਦ 3 ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਕ੍ਰਿਤ ਸ੍ਰੀ ਗੁਰੂ ਨਾਨਕ ਪ੍ਰਕਾਸ਼,* ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ, 1927, ਪੰਨਾ 608.

[433] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1321-23.

*ਰਾਜਿਆਂ ਦੀ ਫ਼ਰਿਸਤ ਤਾਂ ਖਾਸੀ ਲੰਮੀ ਹੈ ਤੇ ਨਾਉਂ ਵੀ ਚੰਗੇ ਸੋਹਣੇ ਜਾਪਦੇ ਹਨ ਪਰ ਵੇਖਣ ਵਾਲੀ ਗੱਲ ਇਹ ਹੈ ਕਿ ਜਦ ਗੁਰੂ ਨਾਨਕ ਜੀ ਦੇ ਵੇਲੇ ਹਿੰਦੁਸਤਾਨ ਦੇ ਪਾਸ ਪਾਸ ਦੇ ਟਾਪੂਆਂ ਵਿਚ ਹਿੰਦੂਆਂ ਦੀ ਵਸੋਂ ਹੀ ਨਹੀਂ ਸੀ ਤਾਂ ਹਿੰਦੂ ਰਾਜੇ ਕਿਥੋਂ ਹੋਏ ਸਨ? ਅਰ ਦੂਰ ਦੇਸ ਦਿਆਂ ਟਾਪੂਆਂ ਵਿਚ ਹਿੰਦੂ ਰਾਜਿਆਂ ਦੇ ਰਾਜ ਦਾ ਖਿਆਲ ਕਰਨਾ ਤਾਂ ਸਚਮੁਚ ਹੀ ਬੇ-ਸਮਝੀ ਹੋਵੇਗੀ। ਰਹਿ ਰਹਿ ਕੇ ਹੈਰਾਨੀ ਇਸ ਗੱਲ ਉਤੇ ਆਉਂਦੀ ਹੈ ਕਿ ਲਿਖਣ ਵਾਲੇ ਨੂੰ ਇਤਨੀਆਂ ਗੱਪਾਂ ਠੱਪਣ ਦਾ ਹੌਸਲਾ ਕਿਸ ਤਰ੍ਹਾਂ ਹੋ ਗਿਆ ਤੇ ਰਾਜਿਆਂ ਦੇ ਨਾਮ ਕਿਸ ਸਫ਼ਾਈ ਨਾਲ ਘੜੇ ਹਨ! ਦਸ ਪੰਦਰਾਂ ਲਫਜ਼ ਲੇ ਤੇ ਉਹਨਾਂ ਨਾਲ ਐਨ, ਬੈਨ, ਚੈਨ, ਨੈਨ, ਸੈਣ, ਮੈਨ ਕੋਈ ਲਾ ਦਿਤਾ, ਬੱਸ! ਰਾਜੇ ਦਾ ਨਾਉਂ ਬਣ ਗਿਆ। ਲਾਲ ਨੈਨ, ਅਟਕਾ ਘਟਕਾ, ਸੁਧ ਸੰਭਾਲਕਾ, ਬੁਧ ਬਿਬੇਕ ਬਾਲਕਾ ਤਾਂ ਬਹੁਤ ਹੀ ਅਨੋਖੇ ਨਾਉਂ ਹਨ, ਪਰ ਤੁਰਤ ਰੰਗ, ਸਭ ਨਾਲੋਂ ਵਧ ਕੇ ਹੈ। ਮਗਨ ਰਾਇ ਰੱਖਿਆ ਵੀ ਅਖੀਰ ਉਤੇ ਹੈ ਤੇ ਸੋਹਣਾ ਵੀ ਇਥੇ ਹੀ ਲਗਦਾ ਹੈ।*[434]

ਸੋ ਉਪਰੋਕਤ ਚਰਚਾ ਤੋਂ ਅਸੀਂ ਕਹਿ ਸਕਦੇ ਹਾਂ ਕਿ ਇਨ੍ਹਾਂ ਨਾਵਾਂ ਦੀ ਪੁਸ਼ਟੀ ਇਤਿਹਾਸਕ ਸ੍ਰੋਤਾਂ ਤੋਂ ਨਹੀਂ ਹੁੰਦੀ, ਬਲਕਿ ਅੰਦਾਜੇ ਲਗਾਏ ਗਏ ਹਨ। ਕਵੀ ਦੁਆਰਾ ਵਰਤੇ ਗਏ ਇਨ੍ਹਾਂ ਥਾਵਾਂ ਅਤੇ ਰਾਜਿਆਂ ਦੇ ਨਾਵਾਂ ਦਾ ਕਾਰਣ ਇਸ ਲਈ ਵਰਤੇ ਸ੍ਰੋਤ ਗ੍ਰੰਥ ਹੋ ਸਕਦੇ ਹਨ, ਜਿਨ੍ਹਾਂ ਦਾ ਅਸੀਂ ਉਪਰ ਵੀ ਉਲੇਖ ਕਰ ਆਏ ਹਾਂ, ਕਿਉਂਕਿ ਇਸੇ ਤਰ੍ਹਾਂ ਦੀ ਤਰਤੀਬ ਭਾਈ ਬਾਲਾ ਵਾਲੀ ਜਨਮਸਾਖੀ ਵਿਚ ਮਿਲਦੀ ਹੈ। ਸੋ ਜਿਥੇ ਕਵੀ ਨੇ ਇਨ੍ਹਾਂ ਦੇ ਸੰਕੇਤ ਦੇ ਕੇ ਗੁਰੂ ਨਾਨਕ ਦੇਵ ਜੀ ਦਾ ਇਨ੍ਹਾਂ ਸਥਾਨਾਂ ਉਪਰ ਜਾਣ ਦੀ ਪੁਸ਼ਟੀ ਕੀਤੀ ਹੈ, ਉਥੇ ਇਨ੍ਹਾਂ ਸਥਾਨਾਂ ਨੂੰ ਨਾ ਘੋਖਣਾ ਕਵੀ ਦੀ ਉਕਾਈ ਪ੍ਰਤੀਤ ਹੁੰਦੀ ਹੈ। ਇਸ ਤੋਂ ਅਗੇ ਗੁਰੂ ਜੀ ਸਿੰਗਲਾਦੀਪ ਪਹੁੰਚਦੇ ਹਨ।

ਗੁਰੂ ਨਾਨਕ ਦੇਵ ਜੀ ਇਕ ਬਾਗ ਵਿਚ ਆਉਂਦੇ ਹਨ ਜੋ ਕਿ ਦੁਰਬਾਸਾ ਰਿਸ਼ੀ ਦੇ ਸਰਾਪ ਕਰਕੇ ਸੁਕਿਆ ਹੁੰਦਾ ਹੈ। ਜਦ ਗੁਰੂ ਜੀ ਇਸ ਬਾਗ ਵਿਚ ਬਿਰਾਜਦੇ ਹਨ ਤਾਂ ਇਹ ਬਾਗ ਹਰਾ ਹੋ ਜਾਂਦਾ ਹੈ। ਇਹ ਬਾਗ ਸਿੰਗਲਾਦੀਪ ਵਿਚ ਰਾਜੇ ਸਿਉਨਾਭ (ਸ਼ਿਵਨਾਭ) ਦਾ ਹੁੰਦਾ ਹੈ। ਬਾਗ ਦੇ ਬਾਗਵਾਨ ਦਾ ਨਾਮ ਸੰਘਰ ਹੁੰਦਾ ਹੈ, ਉਹ ਰਾਜੇ ਨੂੰ ਦਸਦਾ ਹੈ ਕਿ ਤਿੰਨ ਸਾਧ ਬਾਗ ਵਿਚ ਆਉਣ ਕਰਕੇ ਬਾਗ  ਹਰਾ ਹੋ ਗਿਆ ਹੈ।

---

[434] *ਹਿਸਟੋਰੀਅਨ, ਕਰਮ ਸਿੰਘ, ਕੱਤਕ ਕਿ ਵਿਸਾਖ,* ਲਾਹੌਰ ਬੁਕ ਸ਼ਾਪ, ਲੁਧਿਆਣਾ, 2008, ਪੰਨਾ 31.

ਇਸ ਬਾਗ ਦਾ ਨਾਮ ਨੌ ਲਖਾ ਸੀ। ਫਿਰ ਰਾਜਾ ਗੁਰੂ ਜੀ ਨੂੰ ਮੋਹਿਤ ਕਰਨ ਲਈ ਆਪਣੀਆਂ ਸੁੰਦਰੀਆਂ ਭੇਜਦਾ ਹੈ। ਪਰ ਗੁਰੂ ਜੀ ਧਿਆਨ ਲਗਾਈ ਬੈਠੇ ਹੁੰਦੇ ਹਨ ਅਤੇ ਸੁੰਦਰੀਆਂ ਦੇ ਸਭ ਯਤਨ ਵਿਅਰਥ ਹੋ ਜਾਂਦੇ ਹਨ। ਫਿਰ ਗੁਰੂ ਜੀ ਨੂੰ ਹਸਤਨੀ, ਚਿਤਰਨੀ ਅਤੇ ਪਦਮਨੀ ਸੁੰਦਰੀਆਂ ਮੋਹਿਤ ਕਰਨ ਦਾ ਯਤਨ ਕਰਦੀਆਂ ਹਨ, ਪਰ ਸਭ ਵਿਅਰਥ ਜਾਂਦਾ ਹੈ। ਉਹ ਆ ਕੇ ਰਾਜੇ ਨੂੰ ਸਾਰੀਆਂ ਗੱਲਾਂ ਦਸਦੀਆਂ ਹਨ ਰਾਜਾ ਖੁਦ ਜਾਂਦਾ ਹੈ। ਰਾਜਾ ਜਾ ਕੇ ਗੁਰੂ ਜੀ ਨੂੰ ਨਮਸਕਾਰ ਕਰਦਾ ਹੈ ਅਤੇ ਘਰ ਜਾਣ ਲਈ ਕਹਿੰਦਾ ਹੈ, ਗੁਰੂ ਜੀ ਕਹਿੰਦੇ ਹਨ ਕਿ ਅਸੀਂ ਸਵਾਰੀ 'ਤੇ ਜਾਂਵਾਗੇ। ਰਾਜਾ ਹਾਥੀ 'ਤੇ ਬੈਠਣ ਨੂੰ ਕਹਿੰਦਾ ਹੈ ਪਰ ਗੁਰੂ ਜੀ ਕਹਿੰਦੇ ਹਨ ਕਿ ਮਨੁਖ ਦੀ ਸਵਾਰੀ ਕਰਨੀ ਹੈ ਅਤੇ ਰਾਜੇ ਦੀ ਸਵਾਰੀ ਕਰਨੀ ਹੈ ਤਾਂ ਰਾਜਾ ਗੁਰੁ ਜੀ ਨੂੰ ਆਪਣੀ ਸਵਾਰੀ ਕਰਵਾਉਂਦਾ ਹੈ ਅਤੇ ਆਪਣੇ ਘਰ ਲੈ ਜਾਂਦਾ ਹੈ। ਉਥੇ ਜਾ ਕੇ ਭੋਜਨ ਲਈ ਬੇਨਤੀ ਕਰਦਾ ਹੈ ਤਾਂ ਗੁਰੂ ਜੀ ਮਨੁਖ ਦਾ ਮਾਸ ਖਾਣ ਦੀ ਗਲ ਕਰਦੇ ਹਨ ਤਾਂ ਰਾਜਾ ਕੈਦੀਆਂ ਦਾ ਮਾਸ ਲਿਆਉਣ ਲਈ ਕਹਿੰਦਾ ਹੈ, ਪਰ ਗੁਰੂ ਜੀ ਰਾਜਕੁਮਾਰ ਦਾ ਮਾਸ ਖਾਣ ਨੂੰ ਕਹਿੰਦੇ ਹਨ। ਰਾਜਾ ਆਪਣੇ ਪੁਤਰ ਰਾਇ ਸਿੰਘ ਦਾ ਮਾਸ, ਉਸਦੀ ਪਤਨੀ ਦੀ ਆਗਿਆ ਲੈ ਗੁਰੂ ਜੀ ਨੂੰ ਭੋਜਨ ਖੁਆਉਣ ਲਈ ਤਿਆਰ ਹੋ ਜਾਂਦਾ ਹੈ। ਰਾਇ ਸਿੰਘ ਦੇ ਮਾਸ ਦਾ ਭੋਜਨ ਤਿਆਰ ਕੀਤਾ ਜਾਂਦਾ ਹੈ। ਗੁਰੂ ਜੀ ਉਸ ਦੇ ਪੰਜ ਹਿਸੇ ਪਾਉਣ ਨੂੰ ਕਹਿੰਦੇ ਹਨ ਅਤੇ ਵਾਹਿਗੁਰੂ ਕਹਿ ਕੇ ਰਾਇ ਸਿੰਘ ਨੂੰ ਆਵਾਜ਼ ਮਾਰਨ ਨੂੰ ਕਹਿੰਦੇ ਹਨ। ਆਵਾਜ਼ ਮਾਰਨ 'ਤੇ ਰਾਇ ਸਿੰਘ ਜ਼ਿੰਦਾ ਹੋ ਜਾਂਦਾ ਹੈ ਅਤੇ ਗੁਰੂ ਜੀ ਗਾਇਬ ਹੋ ਜਾਂਦੇ ਹਨ। ਰਾਜਾ ਵਿਆਕੁਲ ਹੋ ਜਾਂਦਾ ਹੈ ਖਾਣਾ ਪੀਣਾ ਛਡ ਦਿੰਦਾ ਹੈ, ਗੁਰੂ ਜੀ ਦੇ ਦਰਸ਼ਨਾਂ ਦੀ ਚਾਹ ਹੁੰਦੀ ਹੈ 12 ਮਹੀਨਿਆਂ ਬਾਦ ਫਿਰ ਗੁਰੂ ਜੀ ਰਾਜੇ ਨੂੰ ਦਰਸ਼ਨ ਦਿੰਦੇ ਹਨ।

ਫਿਰ ਗੁਰੂ ਜੀ ਸਿਉਨਾਭ ਨੂੰ ਉਪਦੇਸ਼ ਦਿੰਦੇ ਹਨ ਅਤੇ ਭਗਤੀ ਦਾ ਮਹਾਤਮ ਦਸਦੇ ਹਨ। ਜਿਸ ਬੰਦਰਗਾਹ 'ਤੇ ਉਹ ਰਹਿੰਦਾ ਸੀ, ਉਸਦਾ ਕਵੀ ਨੇ ਵਿਸਥਾਰ ਨਾਲ ਵੇਰਵਾ ਦਿਤਾ ਹੈ। ਜਿਥੇ ਸਿਉਨਾਭ ਰਹਿੰਦਾ ਸੀ ਉਸ ਸ਼ਹਿਰ ਦਾ ਨਾਮ ਸਤਾਵਦਿ ਸੀ ਅਤੇ ਉਹ ਜਾਪਾ ਪਟਣ ਬੰਦਰਗਾਹ 'ਤੇ ਸੀ। ਇਸ ਜਾਪਾ ਪਟਣ ਵਿਚ 14000 ਪਿੰਡ ਸਨ। ਇਹ ਸਮੁੰਦਰ ਦੇ ਵਿਚਕਾਰ ਸਥਿਤ ਹੈ। ਇਸ ਦੇ ਸੱਤ ਰਾਜੇ ਸਨ। ਮਾਯਾਵੀ, ਮਾਯਾਬੀਰ, ਧਰਮ ਧ੍ਰੂਜ (ਪਿਤਾ ਅਮਰ ਸਿੰਘ), ਕਰਮਪਾਲ, ਕਰੁਣਾਰੂਪਾ, ਜਗਤਪਾਲ, ਕੇਤੂ

ਮਹਾ ਜਾਂ ਮਹਾਕੇਤੂ (ਪਿਤਾ ਰਾਇ ਕੇਤਿ)। ਫਿਰ ਗੁਰੂ ਜੀ ਨੇ ਸਾਰਿਆਂ ਨੂੰ ਰਾਜਾ ਸਿਉਨਾਭ ਦੇ ਅਧੀਨ ਰਹਿਣ ਲਈ ਹੁਕਮ ਕੀਤਾ ਸਾਰਿਆਂ ਨੇ ਮੰਨ ਲਿਆ। ਗੁਰੂ ਜੀ ਕੋਲ ਸਿਧ ਆਏ ਅਤੇ ਜੋਗ ਮਤ ਬਾਰੇ ਪੁਛਣ ਲਗੇ ਤਾਂ ਗੁਰੂ ਜੀ ਨੇ ਕਿਹਾ ਕਿ ਮੈਂ ਸਵਾ ਪਹਿਰ ਜੋਗ ਮਤ ਬਾਰੇ ਦਸਾਂਗਾ ਜੋ ਲਿਖਣਾ ਹੈ ਲਿਖ ਲਉ। ਫਿਰ ਗਣਿਪਤਿ ਰਾਇ ਨੂੰ ਬੁਲਾਇਆ ਗਿਆ, ਉਸ ਨੇ ਉਹ ਗ੍ਰੰਥ ਸਵਾ ਪਹਿਰ ਵਿਚ ਲਿਖਿਆਂ ਜਿਸਨੂੰ ਪ੍ਰਾਣ ਸੰਗਲੀ ਦਾ ਨਾਮ ਦਿਤਾ ਗਿਆ। ਇਸ ਦੇ 113 ਅਧਿਆਇ ਸਨ। ਇਸ ਦੀਆਂ ਤਿੰਨ ਪ੍ਰਤੀਆਂ ਲਿਖੀਆਂ ਗਈਆਂ, ਇਕ ਰਾਜੇ ਕੋਲ, ਇਕ ਨਾਰਦ ਸੁਰ ਲੋਕ ਲੈ ਗਿਆ ਅਤੇ ਤੀਜੀ ਬਲਿ ਲੋਕ ਵਿਚ ਗਣਿਪਤਿ ਰਾਇ ਲੈ ਕੇ ਗਿਆ। ਫਿਰ ਕਵੀ ਨੇ ਉਸ ਸਥਾਨ ਨੂੰ ਦਸਣ ਦਾ ਯਤਨ ਕੀਤਾ ਹੈ, ਜਿਥੇ ਗੁਰੂ ਜੀ ਨੇ ਪ੍ਰਾਣ ਸੰਗਲੀ ਦੀ ਰਚਨਾ ਕੀਤੀ ਸੀ। ਉਹ ਚਰਣ ਮਛੂਰਾ ਪਿੰਡ ਦੇ ਕੋਲ ਗੋਰਖ ਹਟੜੀ ਹੈ। ਚਰਣ ਮਛੂਰੇ ਪਿੰਡ ਕੋਲ ਇਕ ਚਕ ਨਾਮ ਦਾ ਪੀਠ ਹੈ ਅਤੇ ਇਥੇ ਬੈਠ ਕੇ ਗੁਰੂ ਜੀ ਨੇ ਪ੍ਰਾਣ ਸੰਗਲੀ ਦੀ ਰਚਨਾ ਕੀਤੀ ਸੀ। ਇਸ ਦਾ ਬਾਦ ਵਿਚ ਸਿਉਨਾਭ ਦੁਆਰਾ ਨਾਮ ਨਾਨਕ ਚੱਕ ਰਖਿਆ ਗਿਆ।[435]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ,` *ਸਿੰਹਲਦ੍ਵੀਪ, ਭਾਰਤ ਦੇ ਦੱਖਣ ਵੱਲ ਇਕ ਟਾਪੂ, ਜਿਸ ਨੂੰ ਲੰਕਾ ਆਖਦੇ ਹਨ।*[436] ਸੋ ਸੰਗਲਾਦੀਪ ਨੂੰ ਲੰਕਾ ਕਿਹਾ ਜਾਂਦਾ ਸੀ।

ਇਤਿਹਾਸ ਵਾਚਿਆਂ ਪਤਾ ਲਗਦਾ ਹੈ ਕਿ ਉਸ ਸਮੇਂ ਕੋਈ ਵੀ ਰਾਜਾ ਸ਼ਿਵਨਾਭ ਜਾਂ ਉਸ ਦਾ ਮੰਤਰੀ ਪਰਸਰਾਮ ਨਹੀਂ ਸੀ। ਡਾ. ਕਿਰਪਾਲ ਸਿੰਘ ਦਾ ਮੰਨਣਾ ਹੈ ਕਿ ਉਸ ਸਮੇਂ ਲੰਕਾ ਦੇ ਪੂਰਬੀ ਕੰਢੇ ਉਤੇ ਸਤ ਰਾਜਿਆਂ ਦਾ ਰਾਜ ਸੀ ਜਿਨ੍ਹਾਂ ਦੇ ਨਾਮ ਦੀ ਜਾਣਕਾਰੀ ਨਹੀਂ ਹੈ, ਪਰ ਉਥੋਂ ਦੇ ਸਥਾਨ ਬੈਟੀਕੁਲਾ ਦਾ ਰਾਜਾ ਸ਼ਿਵ ਦਾ ਉਪਾਸ਼ਕ ਸੀ ਅਤੇ ਇਹ ਉਹੀ ਰਾਜਾ ਹੈ ਜਿਸ ਨੂੰ ਜਨਮਸਾਖੀਆਂ ਵਿਚ ਸ਼ਿਵਨਾਭ ਲਿਖਿਆ ਗਿਆ ਹੈ। ਸ਼ਿਵਨਾਭ ਦਾ ਅਰਥ ਸ਼ਿਵ ਦਾ ਉਪਾਸ਼ਕ ਹੀ ਬਣਦਾ ਹੈ। [437] ਡਾ. ਜਗਜੀਤ ਸਿੰਘ

---

[435] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1283-1321.

[436] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 241.

[437] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ , ਪੰਜਾਬੀ ਯੂਨੀਵਰਸਿਟੀ*, ਪਟਿਆਲਾ, 2009, ਪੰਨਾ 78.

ਖਾਨਪੁਰੀ ਗੁਰੂ ਜੀ ਦੇ ਸੰਗਲਾਦੀਪ ਜਾਣ ਬਾਰੇ ਸਹਿਮਤੀ ਜਤਾਉਂਦਾ ਹੈ। ਪਰ ਉਥੋਂ ਦੇ ਰਾਜੇ ਦੇ ਸਿਖ ਬਣਨ ਪ੍ਰਤੀ ਸ਼ੰਕਾ ਜਾਹਿਰ ਕਰਦਾ ਹੈ।[438] ਇਕ ਰੌਚਕ ਗੱਲ ਇਹ ਹੈ ਕਿ ਚਰਚਿਤ ਗ੍ਰੰਥ ਵਿਚ ਗੁਰੂ ਜੀ ਦਾ ਲੰਕਾ ਜਾਣ ਦਾ ਪ੍ਰਸੰਗ ਕਸ਼ਮੀਰ ਖੰਡ ਦੇ 23ਵੇਂ ਅਧਿਆਇ ਵਿਚ ਦੁਬਾਰਾ ਵੀ ਦਰਜ ਕੀਤਾ ਹੈ, ਪਰ ਇਥੇ ਰਾਜਾ ਸ਼ਿਵਨਾਭ ਦੀ ਵਿਚਾਰ ਅੰਕਿਤ ਨਹੀਂ, ਉਥੇ ਮਾਤਰ ਰਮਾਇਣ ਦਾ ਹੀ ਪ੍ਰਸੰਗ ਬਿਆਨ ਕੀਤਾ ਗਿਆ ਹੈ ਅਤੇ ਹੈਰਾਨੀ ਦੀ ਗੱਲ ਇਹ ਹੈ ਕਿ ਸ਼ਿਵਨਾਭ ਵਾਲੇ ਪ੍ਰਸੰਗ ਵਿਚ ਰਮਾਇਣ ਦੀ ਕਿਸੇ ਵੀ ਕਥਾ ਦਾ ਜ਼ਿਕਰ ਤਕ ਵੀ ਨਹੀਂ ਕੀਤਾ ਗਿਆ । ਇਸ ਦਾ ਕਾਰਨ ਕਵੀ ਦੇ ਸ੍ਰੋਤ ਗ੍ਰੰਥ ਹਨ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੁਆਰਾ ਚਲ ਰਹੇ ਸਿਖ-ਸਰੋਤ ਇਤਿਹਾਸਕ ਗ੍ਰੰਥ ਸੰਪਾਦਨਾ ਤਹਿਤ ਸ੍ਰੀ ਨਾਨਕ ਪ੍ਰਕਾਸ਼ ਦੇ ਉਤਰਾਰਧ ਭਾਗ ਦੂਜਾ ਵਿਚ ਲੰਕਾ ਪ੍ਰਸੰਗ ਵਾਲੀ ਸਾਖੀ ਅੰਕਿਤ ਕੀਤੀ ਗਈ ਹੈ। ਇਸ ਸਾਖੀ ਵਿਚ ਗੁਰੂ ਜੀ ਬਿਭੀਖਨ ਅਤੇ ਹਨੂੰਮਾਨ ਨੂੰ ਮਿਲਦੇ ਹਨ। ਇਸ ਲਈ ਸਮੇਂ ਦੇ ਵਡੇ ਵਕਫੇ ਕਰਕੇ ਇਸ ਸਾਖੀ ਨੂੰ ਉਨ੍ਹਾਂ ਨੇ ਮਿਥਿਹਾਸਕ-ਪਖ ਨਾਲ ਜੋੜਿਆ ਹੈ ਅਤੇ ਇਸ ਦਾ ਇਤਿਹਾਸ ਨਾਲ ਕਿਸੇ ਵੀ ਪ੍ਰਕਾਰ ਦਾ ਸੰਬੰਧ ਨਾ ਹੋਣ ਕਰਕੇ ਮਿਥਿਹਾਸਕ ਦਰਜਾ ਦਿਤਾ ਹੈ। [439] ਸੋ ਅਸੀਂ ਵੀ ਲੰਕਾ ਵਾਲੀ ਸਾਖੀ ਨੂੰ ਮਿਥਿਹਾਸ ਨਾਲ ਹੀ ਜੋੜਾਂਗੇ, ਜਿਸ ਦਾ ਇਤਿਹਾਸ ਨਾਲ ਕੋਈ ਸੰਬੰਧੀ ਨਹੀਂ ਹੈ, ਫਿਰ ਗੁਰੂ ਜੀ ਪੁਸ਼ਕਰ ਦੀਪ, ਗੰਗਾ ਤੋਂ ਹੋ ਕੇ ਤਲਵੰਡੀ ਪਹੁੰਚਦੇ ਹਨ।

ਤਲਵੰਡੀ ਤੋਂ ਮੁਲਤਾਨ ਜਾਂਦੇ ਹਨ, ਜਿਥੇ ਸ਼ੇਖ ਬ੍ਰਹਮ ਨੂੰ ਮਿਲਦੇ ਹਨ, ਇਸ ਦਾ ਉਲੇਖ ਅਸੀਂ ਉਪਰ ਕਰ ਆਏ ਹਾਂ। ਮੁਲਤਾਨ ਵਿਚ ਸਮਸਤਰਵੇਜ, ਹੰਬੀਰ ਖਾਨ ਅਤੇ ਅੰਬੀਰ ਖਾਨ ਨੂੰ ਮਿਲ ਕੇ ਗੁਰੂ ਜੀ ਹਿੰਗਲਾਜ, ਦੁਆਰਕਾ, ਦਿਲੀ ਤੋਂ ਹੁੰਦੇ ਹੋਏ ਸੁਲਤਾਨਪੁਰ ਪਹੁੰਚੇ। ਕਵੀ ਦਾ ਮੁਲਤਾਨ ਵਾਲੀ ਸਾਖੀ ਨੂੰ ਹਿੰਗਲਾਜ ਵਾਲੇ ਪ੍ਰਸੰਗ ਨਾਲ ਜੋੜਣਾ ਭੂਗੋਲਿਕ ਪਖ ਤੋਂ ਸਹੀ ਪ੍ਰਤੀਤ ਹੁੰਦਾ ਹੈ। ਇਨ੍ਹਾਂ ਤੋਂ ਅਗੇ ਕਵੀ ਨੇ ਬਰਨ ਖੰਡ ਸ਼ੁਰੂ ਕੀਤਾ ਹੈ ਜਿਸ ਵਿਚ ਗੁਰੂ ਜੀ ਦਖਣ ਵਲ ਜਾਂਦੇ ਹਨ।

---

[438] ਖਾਨਪੁਰੀ, ਜਗਜੀਤ ਸਿੰਘ, (ਡਾ.), *ਪ੍ਰਾਣ ਸੰਗਲੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਦੂਜੀ ਵਾਰ, ਪੰਨਾ 25.

[439] ਡਾ. ਕਿਰਪਾਲ ਸਿੰਘ (ਸੰਪਾ.) *ਸ੍ਰੀ ਗੁਰ ਨਾਨਕ ਪ੍ਰਕਾਸ਼ ਉਤਰਾਰਧ (ਭਾਗ ਪਹਿਲਾ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011, ਪੰਨਾ 351.

ਬਰਨ ਖੰਡ ਵਿਚ ਕਵੀ ਨੇ ਕੁਝ ਕੁ ਕਾਲਪਿਕ ਪ੍ਰਸੰਗ ਪ੍ਰਸਤੁਤ ਕੀਤੇ ਹਨ ਜਿਵੇਂ ਗੁਰੂ ਜੀ ਇਕ ਟਾਪੂ 'ਤੇ ਜਾਂਦੇ ਹਨ ਜਿਥੇ ਇਕ ਰਾਖਸ਼ ਰਹਿੰਦਾ ਹੈ ਉਸਦਾ ਨਾਮ ਹੈ ਟੋਡਾ ਰਾਖਸ਼। ਟੋਡਾ ਰਾਖਸ਼ ਤੋਂ ਡਰ ਕੇ ਸਾਰੇ ਲੋਕਾਂ ਨੇ ਆਪਣਾ ਘਰ ਬਾਰ ਤਿਆਗ ਦਿਤਾ ਹੈ। ਜੇ ਕੋਈ ਉਥੇ ਆਉਂਦਾ ਹੈ ਤਾਂ ਟੋਡਾ ਰਾਖਸ਼ ਉਨਹਾਂ ਨੂੰ ਤੰਗ ਕਰਦਾ ਹੈ। ਜਦ ਗੁਰੂ ਨਾਨਕ ਦੇਵ ਜੀ ਉਥੇ ਪਹੁੰਚੇ ਤਾਂ ਟੋਡਾ ਰਾਖਸ਼ ਉਨ੍ਹਾਂ ਨੂੰ ਸਤਾਉਣ ਲਗਾ। ਗੁਰੂ ਨਾਨਕ ਦੇਵ ਜੀ ਦੀ ਸ਼ਕਤੀ ਸਦਕਾ ਉਹ ਅੰਨ੍ਹਾ ਹੋ ਗਿਆ ਅਤੇ ਬਲਹੀਨ ਹੋ ਗਿਆ। ਫਿਰ ਗੁਰੂ ਜੀ ਤੋਂ ਮੁਆਫੀ ਮੰਗੀ ਗੁਰੂ ਜੀ ਦੇ ਕਹਿਣ 'ਤੇ ਸਾਰਾ ਪਿੰਡ ਰਾਤ ਨੂੰ ਚੁਕ ਕੇ ਲੈ ਆਇਆ ਅਤੇ ਉਸ ਥਾਂ 'ਤੇ ਵਸਾ ਦਿਤਾ। ਇਸ ਦੇ ਨਾਲ ਹੀ ਮਛ ਦਾ ਪ੍ਰਸੰਗ ਹੈ ਅਤੇ ਅਗੇ ਲਮਕਾਨਿਉ ਦਾ ਟਾਪੂ ਅਤੇ ਸ਼ਿਵਾਲੈ ਤੀਰਥ ਸਥਾਨ ਦਾ ਪੌਰਾਣਿਕ ਪ੍ਰਸੰਗ ਵੀ ਅਕਿੰਤ ਕੀਤਾ ਹੈ।

ਇਨ੍ਹਾਂ ਪ੍ਰਸੰਗਾਂ ਵਿਚ ਇਕ ਪ੍ਰਸੰਗ ਪੀਰ ਬਹਾਵਦੀ ਦਾ ਵੀ ਅੰਕਿਤ ਕੀਤਾ ਹੈ ਜੋ ਇਸ ਤਰ੍ਹਾਂ ਹੈ । ਇਕ ਪੀਰ ਮੁਕਤਿ ਬਹਾਵਦੀ ਗੁਰੂ ਨਾਨਕ ਦੇਵ ਜੀ ਨੂੰ ਸਿੰਧ ਕਿਨਾਰੇ ਮਿਲਿਆ ਸੀ। ਉਸ ਨੇ ਗੁਰੂ ਜੀ ਤੋਂ ਮਨਮੁਖ ਅਤੇ ਗੁਰਮੁਖ ਬਾਰੇ ਪ੍ਰਸ਼ਨ ਕੀਤਾ। ਗੁਰੂ ਨਾਨਕ ਦੇਵ ਜੀ ਕਹਿੰਦੇ ਕਿ ਪਹਿਲਾਂ ਸਮੁੰਦਰ ਦੀ ਸੈਰ ਕਰ ਕੇ ਵਾਪਿਸ ਆ ਜਾਹ ਫਿਰ ਤੇਰੇ ਪ੍ਰਸ਼ਨਾਂ ਦਾ ਉਤਰ ਦਵਾਂਗੇ । ਉਹ ਸਮੁੰਦਰ ਦੀ ਸੈਰ ਕਰਨ ਗਿਆ ਤਾਂ ਰਸਤੇ ਵਿਚ ਇਕ ਆਲੀਸ਼ਾਨ ਮਹਿਲ ਦੇਖਿਆ ਉਥੇ ਉਸਨੂੰ 20 ਸਾਧੂ ਮਿਲੇ। ਰਾਤ ਨੂੰ 21 ਥਾਲ ਅਸਮਾਨ ਵਿਚੋਂ ਉਤਰੇ ਜਿਨ੍ਹਾਂ ਵਿਚ ਭੋਜਨ ਸੀ, ਸਾਰਿਆ ਨੇ ਭੋਜਨ ਖਾਧਾ ਅਤੇ ਸੌਂ ਗਏ। ਦਿਨ ਚੜ੍ਹਿਆ ਸਾਰਿਆ ਨੇ ਭਜਨ ਅਤੇ ਬੰਦਗੀ ਕੀਤੀ ਫਿਰ ਆਪਣੇ ਆਪਣੇ ਕੰਮਾਂ 'ਤੇ ਗਏ। ਪਿਛੋਂ ਉਹ ਇਕਲਾ ਰਹਿ ਗਿਆ। ਦੋ ਦਿਨ ਇਦਾਂ ਹੀ ਹੋਇਆ। ਪਹਿਲੇ ਦਿਨ ਸਾਧੂਆਂ ਦੇ ਜਾਣ ਬਾਦ ਇਕ ਜਹਾਜ ਆਇਆ ਜੋ ਕਿ ਡੁਬਣ ਲਗਾ ਸੀ ਤਾਂ ਉਸ ਪੀਰ ਨੇ ਪਰਮਾਤਮਾ ਨੂੰ ਬੇਨਤੀ ਕਰ ਕੇ ਜਹਾਜ ਡੁਬਣ ਤੋਂ ਬਚਾ ਲਿਆ। (ਸਾਧੂਆਂ ਦਾ ਮੰਨਣਾਂ ਸੀ ਕਿ ਇਹ ਅਪਰਾਧ ਕੀਤਾ ਪਰਮਾਤਮਾ ਦੇ ਹੁਕਮ ਦੀ ਉਲੰਘਣਾਂ ਕੀਤੀ ਹੈ, ਪਰਮਾਤਮਾ ਦਾ ਹੁਕਮ ਸੀ ਕਿ ਇਹ ਜਹਾਜ ਡੁਬਣਾਂ ਸੀ ਉਹ ਸਾਰੇ ਲੋਕ ਜੋ ਜਹਾਜ ਵਿਚ ਸਵਾਰ ਸਨ ਸਭ ਪਾਪੀ ਸਨ ਅਤੇ ਪੀਰ ਦੇ ਦਰਸ਼ਨ ਕਰਕੇ ਸਵਰਗ ਨੂੰ ਜਾਣੇ ਸਨ ਪਰ ਪੀਰ ਨੇ ਉਨ੍ਹਾਂ ਨੂੰ ਰੋਕ ਦਿਤਾ ਅਤੇ ਇਹ ਪਾਪ ਹੋ ਗਿਆ) ।

ਦੂਜੇ ਦਿਨ ਵਰਖਾ ਹੋਣ ਲਗੀ ਤਾਂ ਪੀਰ ਨੇ ਫਿਰ ਪਰਮਾਤਮਾ ਦੇ ਹੁਕਮ ਦੀ ਉਲੰਘਣਾਂ ਕੀਤੀ ਅਤੇ ਵਰਖਾ ਨੂੰ ਸਮੁੰਦਰ ਵਿਚ ਹੋਣ ਤੋਂ ਰੋਕ ਕੇ ਬਾਗ ਵਿਚ ਹੋਣ ਲਈ ਕਿਹਾ। (ਸਾਧੂਆਂ ਅਨੁਸਾਰ ਵਰਖਾ ਸਮੁੰਦਰ ਵਿਚ ਹੋਣ ਨਾਲ ਉਸ ਵਰਖਾ ਤੋਂ ਮੋਤੀ ਬਣਨੇ ਸਨ ਜਿਸ ਨਾਲ ਅਨੇਕਾਂ ਲੋਕਾਂ ਦੇ ਜੀਵਨ ਵਿਚ ਰੁਜ਼ਗਾਰ ਪੈਦਾ ਹੋਣਾ ਸੀ। ਇਹ ਪਾਪ ਵੀ ਪੀਰ ਤੋਂ ਹੋਇਆ।)

ਇਨ੍ਹਾਂ ਕਾਰਨਾਂ ਕਰਕੇ ਦੋ ਦਿਨ ਭੋਜਨ ਵੀ ਨਹੀਂ ਆਇਆ ਤਾਂ ਸਾਧੂਆਂ ਨੇ ਪਤਾ ਕੀਤਾ ਕਿ ਕਿਸਨੇ ਪਰਮਾਤਮਾ ਦੇ ਹੁਕਮ ਦੀ ਉਲੰਘਣਾਂ ਕੀਤੀ ਹੈ ਤਾਂ ਪੀਰ ਨੇ ਸਭ ਕੁਝ ਦਸ ਦਿਤਾ। ਫਿਰ ਸਾਧੂਆਂ ਨੇ ਕਿਹਾ ਕਿ ਤੂੰ ਮਨਮੁਖ ਹੈ। ਤੂੰ ਇਥੋਂ ਚਲਾ ਜਾਹ। ਉਹ ਗੁਰੂ ਨਾਨਕ ਦੇਵ ਕੋਲ ਮੁੜ ਆਇਆ ਅਤੇ ਗੁਰੂ ਜੀ ਉਸਨੂੰ ਵਾਹਗੁਰੂ ਦਾ ਮੰਤਰ ਦੇ ਕੇ, ਉਸ ਦਾ ਉਦਾਰ ਕਰਕੇ ਅਗੇ ਗਏ।[440]

ਜਨਮਸਾਖੀਆਂ ਵਿਚ ਇਹ ਸਾਖੀ ਦੋ ਨਾਵਾਂ ਨਾਲ ਅੰਕਿਤ ਹੈ ਇਕ ਪੀਰ ਬਹਾਵਦੀ ਅਤੇ ਦੂਜਾ ਪੀਰ ਜਲਾਲ। ਪੀਰ ਜਲਾਲ ਉਚ ਦਾ ਦਸਿਆ ਜਾਂਦਾ ਹੈ ਅਤੇ ਬਹਾਉਦੀ ਨੂੰ ਮੁਲਤਾਨ ਦਾ। ਭਾਈ ਕਾਨ੍ਹ ਸਿੰਘ ਨਾਭਾ ਨੇ ਉਚ ਨਿਵਾਸੀ ਇਕ ਫਕੀਰ, ਜਿਸ ਨੂੰ ਗੁਰੂ ਨਾਨਕ ਦੇਵ ਨੇ ਗੁਰਮੁਖ ਪਦਵੀ ਬਖਸ਼ੀ।[441] ਪੀਰ ਬਹਾਵਦੀ ਵਾਲੀ ਸਾਖੀ ਨਾਲ ਇੰਨ-ਬਿੰਨ ਮਿਲਦੀ ਸਾਖੀ ਭਾਈ ਬਾਲਾ ਵਾਲੀ ਜਨਮਸਾਖੀ ਵਿਚ ਵੀ ਦਰਜ ਹੈ, ਪਰ ਉਥੇ ਪੀਰ ਜਲਾਲ ਨਾਲ ਇਹ ਘਟਨਾ ਵਾਪਰੀ ਦਸੀ ਹੈ।[442] ਕਰਮ ਸਿੰਘ ਹਿਸਟੋਰੀਅਨ ਪੀਰ ਬਹਾਉਦੀਨ ਨੂੰ ਗੁਰੂ ਜੀ ਤੋਂ ਬਹੁਤ ਸਮਾਂ ਪਹਿਲਾਂ ਹੋਇਆ ਦਸਿਆ ਹੈ- *ਇਤਨਾ ਤਾਂ ਜ਼ਰੂਰੀ ਹੈ ਕਿ ਉਚ ਨਗਰ ਵਿਚ ਸੱਯਦ ਜਲਾਲ ਨਾਮੀ ਇਕ ਪੀਰ ਹੋਇਆ, ਪਰ ਉਹ ਗੁਰੂ ਨਾਨਕ ਜੀ ਦੇ ਵੇਲੇ ਨਹੀਂ ਹੋਇਆ। ਜਿਸ ਵੇਲੇ ਬਾਬਾ ਫਰੀਦ ਜੀ ਪਾਕਪਟਨ ਵਿਚ ਅਤੇ ਬਾਬਾ ਬਹਾਉਦੀਨ ਜੀ ਮੁਲਤਾਨ ਵਿਚ ਹੋਏ ਹਨ, ਓਦੋਂ ਹੀ ਸੱਯਦ ਜਲਾਲ ਜੀ ਉਚ ਨਗਰ ਵਿਚ ਰਹਿੰਦੇ ਸਨ।*[443]

---

[440] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1523-29.

[441] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 513.

[442] ਡਾ. ਗੁਰਬਚਨ ਕੌਰ, *ਜਨਮ-ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ,* ਭਾਸ਼ਾ ਵਿਭਾਗ, 1987, ਪੰਨਾ 430-437.

[443] *ਹਿਸਟੋਰੀਅਨ, ਕਰਮ ਸਿੰਘ, ਕਤਕ ਕਿ ਵਿਸਾਖ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2008, ਪੰਨਾ 69.

ਇਸ ਪ੍ਰਕਾਰ ਇਹ ਸਿਧ ਹੁੰਦਾ ਹੈ ਕਿ ਪੀਰ ਜਲਾਲ ਅਤੇ ਬਹਾਵਦੀ ਗੁਰੂ ਜੀ ਤੋਂ ਬਹੁਤ ਸਮਾਂ ਪਹਿਲਾਂ ਹੋਇਆ ਹੈ। ਇਸ ਲਈ ਪੀਰ ਜਲਾਲ ਜਾਂ ਪੀਰ ਬਹਾਵਦੀ ਨਾਲ ਗੁਰੂ ਜੀ ਦੀ ਮੁਲਾਕਾਤ ਸੰਭਵ ਨਹੀਂ ਹੈ, ਪਰ ਸਿਧਾਂ ਨਾਲ ਮੁਲਾਕਾਤ ਵਿਚ ਵੀ ਬਹੁਤ ਸਾਰੇ ਪੁਰਾਣੇ ਸਿਧਾਂ ਦੇ ਨਾਲ ਗੁਰੂ ਜੀ ਦੀ ਮੁਲਾਕਾਤ ਦਾ ਜ਼ਿਕਰ ਮਿਲਦਾ ਹੈ। ਉਨ੍ਹਾਂ ਨੂੰ ਮਿਲਣ ਦੀ ਚਰਚਾ ਅਸੀਂ ਉਪਰ ਕਰ ਆਏ ਹਾਂ। ਉਸੇ ਭਾਂਤਿ ਸੰਭਾਵਨਾ ਹੈ ਕਿ ਗੁਰੂ ਜੀ ਨੂੰ ਪੀਰ ਜਲਾਲ ਜਾਂ ਪੀਰ ਬਹਾਵਦੀ ਦਾ ਕੋਈ ਚੇਲਾ ਮਿਲਿਆ ਹੋਵੇ। ਡਾ. ਕਿਰਪਾਲ ਸਿੰਘ ਨੇ ਇਸ ਦਾ ਨਾਮ ਸ਼ੇਖ ਹਾਜੀ ਅਬਦੁਲ ਸਾਹਿਬ ਬੁਖਾਰੀ ਦਸਿਆ ਹੈ- *ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਜਾਲਲਉਦੀਨ ਬੁਖਾਰੀ ਦੀ ਔਲਾਦ ਉਚ ਵਿਚ ਵਸਦੀ ਸੀ। ਜਲਾਲੁਉਦੀਨ ਬੁਖਾਰੀ ਦੇ ਵਡੇ ਪੁਤਰ ਸੱਯਦ ਮੁਹੰਮਦ ਦਾ ਪੁਤਰ ਜਲਾਲਉਦੀਨ ਮਖਦੂਮ ਕਰਨੀ ਵਾਲਾ ਹੋਇਆ ਹੈ। ਇਸਦਾ ਦਿਹਾਂਤ 1383 ਈ. ਵਿਚ ਹੋਇਆ। ਅਜ ਕਲ ਆਮ ਤੌਰ ਤੇ ਵਡਾ ਪੁਤਰ ਮਖਦੂਮ ਬਣਦਾ ਹੈ ਪਰ ਮਖਦੂਮ-ਇ-ਜਹਾਨੀਆ ਦੀ ਮੌਤ ਪਿਛੋਂ ਉਸ ਦਾ ਛੋਟਾ ਭਰਾ ਗੱਦੀ ਤੇ ਬੈਠਾ। ਗੁਰੂ ਨਾਨਕ ਸਾਹਿਬ ਦੇ ਸਮੇਂ ਜੋ ਮਖਦੂਮ ਸੀ ਉਹ ਇਸ ਦੀ ਔਲਾਦ ਵਿਚੋਂ ਸੀ ਤੇ ਉਸ ਦਾ ਨਾਂ ਸ਼ੇਖ ਹਾਜੀ ਅਬਦੁਲ ਸਾਹਿਬ ਬੁਖਾਰੀ ਸੀ।*[444]

ਫਿਰ ਗੁਰੂ ਜੀ ਮਲਕਾ ਅਰਜਨ ਤੋਂ ਹੁੰਦੇ ਹੋਏ ਕੂੰਡੀ ਗੁਫਾ ਜਾਂਦੇ ਹਨ, ਜਿਥੇ ਆਪ ਦਾ ਮੇਲ ਸਿਧਾਂ ਨਾਲ ਹੋਇਆ। ਇਸ ਖੰਡ ਵਿਚ ਵੀ ਕਵੀ ਨੇ ਕੁਝ ਕਾਲਪਨਿਕ ਪ੍ਰਸੰਗਾਂ-ਇਕ ਅਖ ਵਾਲੇ ਲੋਕਾਂ ਦੇ ਟਾਪੂ 'ਤੇ ਜਾਣਾ, ਲਮਕਾਂਨ ਬੰਦਰ, ਬਿਸਾਲ ਦੇਸ, ਹੇਮਪੁਰੀ, ਘੋੜ ਮੁਖਿਉ ਕੇ ਦੇਸ, ਅੰਧੇਰ ਨਗਰੀ ਜਾਣਾ ਇਤਿਆਦਿਕ ਨਾਲ ਗੁਰੂ ਜੀ ਦੀ ਮਹਿਮਾ ਕਹਿਣ ਦਾ ਯਤਨ ਕੀਤਾ ਹੈ। ਇਨ੍ਹਾਂ ਵਿਚ ਹੀ ਇਕ ਪ੍ਰਸੰਗ ਵਿਚ ਤਿਲਗੰਜੀ ਸਥਾਨ ਦਾ ਸੰਕੇਤ ਦਿਤਾ ਹੈ । ਗੁਰੂ ਨਾਨਕ ਦੇਵ ਜੀ ਕੂੰਡੀ ਗੁਫਾ ਜਾਂਦੇ ਹਨ, ਜਿਸਦਾ ਨਾਮ ਬਾਦ ਵਿਚ ਕੂੰਡੀ ਕੁਤਾਲਮ ਹੋਇਆ ਅਤੇ ਬਾਦ ਵਿਚ ਤਿਲਗੰਜੀ ਸਾਹਿਬ ਪੈ ਗਿਆ। ਇਸ ਸਥਾਨ ਉਤੇ ਮਰੀਖਮ ਰੁਤ ਵਿਚ ਮੇਲਾ ਭਰਦਾ ਹੈ। ਯਥਾ-

---

[444] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , *ਪੰਜਾਬੀ ਯੂਨੀਵਰਸਿਟੀ* , ਪਟਿਆਲਾ, 2009, ਪੰਨਾ 122.

ਤਿਲਗੰਜੀ ਪੁਨਿ ਨਾਮੁ ਤਾਹਿ ਕਾ ਜਾਨਿਯੈ॥

ਦਰਸਨਿ ਕੋ ਸਭ ਆਵੈ ਲੋਕ ਮਹਾਨਿਯੈ॥

ਤਿਲਗੰਜੀ ਤਾਹਿ ਨਾਮੁ ਗੁਰੂ ਨੈ ਰਾਖਿਆ॥

ਹੋ ਤਿਹ ਦਰਸਨਿ ਕੀ ਦੇਵ ਕਰੈਂ ਅਭਿਲਾਖਿਆ॥37॥

ਦੋਹਰਾ॥ ਮਰੀਖਮ ਰੁਤਿ ਮੈ ਜਾਤਰਾ ਭਰੈ ਤਹਾ ਬਹੁ ਜਾਨ॥

ਰਿਖੀ ਮੁਨਿ ਦੇਵੀ ਦੇਵਤੇ ਸਭ ਤਹਿ ਆਇ ਮਹਾਨ॥38॥[445]

ਇਹ ਪ੍ਰਸੰਗ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਹੀ ਅੰਕਿਤ ਹੈ, ਜਿਥੇ ਗੁਰੂ ਜੀ ਨੇ ਸਿਧਾਂ ਨੂੰ ਜਲ ਵਿਚ ਤਿਲ ਘੋਟ ਕੇ ਵਰਤਾਇਆ ਸੀ। ਗੁਰਮੇਲ ਸਿੰਘ ਦੇ ਅਨੁਸਾਰ ਇਹ ਸਥਾਨ ਮਦਰਾਸ (ਚੇਨਈ) ਦੇ ਪਾਲੀਪੁਰੰ ਇਲਾਕੇ ਵਿਚ ਸਮੁੰਦਰ ਕੰਢੇ ਹੈ। [446] ਸੋ ਕਵੀ ਨੇ ਇਸ ਸਥਾਨ ਵੱਲ ਸੰਕੇਤ ਕਰਕੇ ਗੁਰੂ ਜੀ ਦੁਆਰਾ ਇਥੇ ਜਾਣ ਬਾਰੇ ਲਿਖਤੀ ਪ੍ਰਮਾਣ ਪ੍ਰਸਤੁਤ ਕਰਕੇ ਗੁਰੂ ਜੀ ਦੇ ਜੀਵਨ ਬਿਰਤਾਂਤ ਵਿਚ ਵਾਧਾ ਕੀਤਾ ਹੈ।

ਗੁਰੂ ਜੀ ਕਸ਼ਮੀਰ ਗਏ। ਜਿਥੇ ਧਰਮਦਾਸ ਨੂੰ ਮਿਲੇ ਜੋ ਕਿ ਧਾਰਮਿਕ ਸੰਬਾਦ ਕਰ ਕੇ ਗ੍ਰੰਥ ਲੈ ਲੈਂਦਾ ਸੀ ਤੇ ਊਠ ਗ੍ਰੰਥਾਂ ਨਾਲ ਲੱਦੀ ਫਿਰਦਾ ਸੀ ਲੋਕ ਉਸਤੋਂ ਬਹੁਤ ਦੁਖੀ ਸਨ। ਗੁਰੂ ਜੀ ਨੇ ਉਸ ਨੂੰ ਸਵਾਲ ਕੀਤਾ ਕਿ ਉਹ ਪੰਡਿਤ ਹੈ ਜਾਂ ਮੂਰਖ ਉਸ ਨੇ ਕਿਹਾ ਕਿ ਉਸ ਦੀ ਅਵਸਥਾ ਇਨ੍ਹਾਂ ਦੋਵਾਂ ਦੇ ਵਿਚਕਾਰਲੀ ਹੈ, ਗੁਰੂ ਜੀ ਨੇ ਕਿਹਾ ਕਿ ਫਿਰ ਤਾਂ ਤੂੰ ਜਿਗਆਸੀ ਹੈ ਤੇ ਜਿਗਿਆਸੀ ਨਾਲ ਸੰਬਾਦ ਨਹੀਂ ਹੋ ਸਕਦਾ। ਉਹ ਸਮਝ ਗਿਆ ਅਤੇ ਗੁਰੂ ਜੀ ਦੇ ਚਰਨਾਂ ਵਿਚ ਪੈ ਗਿਆ।[447]

ਫੇਰ ਗੁਰੂ ਜੀ ਬ੍ਰਹਮੋਦਾਸ ਨੂੰ ਮਿਲੇ ਜੋ ਕਿ ਕਸ਼ਮੀਰ ਦਾ ਬ੍ਰਹਮਣ ਸੀ ਤੇ ਮੂਰਤੀ ਪੂਜਕ ਸੀ । ਗੁਰੂ ਜੀ ਨੇ ਉਸਨੂੰ ਉਪਦੇਸ਼ ਦੇ ਕੇ ਪਰਮਾਤਮਾ ਦੀ ਭਗਤੀ ਵਲ ਲਗਾਇਆ। ਬ੍ਰਹਮੋਦਾਸ ਗੁਰੂ ਜੀ ਦਾ

---

[445] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1594.

[446] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 126.

[447] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1631-35.

ਸੇਵਕ ਬਣ ਜਾਂਦਾ ਹੈ ਤੇ ਰੋਜ਼ ਆ ਕੇ ਗੁਰੂ ਜੀ ਦੀ ਸੰਗਤ ਕਰਦਾ ਹੈ। ਉਸ ਦੇ ਮਨ ਵਿਚ ਮਾਇਆ ਭਾਵ ਧਨ ਦੀ ਲਾਲਸਾ ਪੈਦਾ ਹੋ ਗਈ, ਇਕ ਦਿਨ ਉਸ ਨੇ ਗੁਰੂ ਜੀ ਨੂੰ ਕਿਹਾ ਕਿ ਮੈਨੂੰ ਸ਼ਬਦ ਦਿਉ। ਗੁਰੂ ਜੀ ਨੇ ਕੌਤਕ ਵਰਤਾਇਆ ਅਤੇ ਕਿਹਾ ਕਿ ਤੇਰਾ ਗੁਰੂ ਬਾਗ ਵਿਚ ਉਤਰਿਆ ਹੈ। ਉਥੇ ਉਸ ਨੂੰ ਇਕ ਇਸਤਰੀ ਮਿਲੀ ਜੋ ਕਿ ਸਰੀਰ ਪਖੋਂ ਬਹੁਤ ਸੁੰਦਰ ਸੀ ਪਰ ਮੁਖ ਕਾਲਾ ਸੀ। ਪੁਛਣ 'ਤੇ ਉਸ ਨੇ ਦਸਿਆ ਕਿ ਮੈਂ ਤੇਰੀ ਮਨਸਾ ਹਾਂ ਤੂੰ ਗੁਰੂ ਦੀ ਸੰਗਤ ਕੀਤੀ ਮੈਂ ਸੁੰਦਰ ਹੋ ਗਈ ਪਰ ਤੇਰੀ ਧਨ ਦੀ ਲਾਲਸਾ ਕਰਨ ਕਰਕੇ ਮੇਰਾ ਮੁਖ ਕਾਲਾ ਹੋ ਗਿਆ ਅਤੇ ਉਸ ਨੂੰ ਮਾਇਆ ਨਾਲ ਸੰਬੰਧਿਤ ਦੋ ਦ੍ਰਿਸ਼ਟਾਂਤ ਦੇ ਕੇ ਸਮਝਾਇਆ ਤੇ ਉਹ ਗੁਰੂ ਜੀ ਦੇ ਚਰਨਾਂ ਵਿਚ ਪੈ ਗਿਆ ਅਤੇ ਮਨਸਾ ਛਡ ਕੇ ਸੇਵਾ ਕਰਨ ਲਗ ਗਿਆ।[448]

ਪਹਿਲਾਂ ਤਾਂ ਸਾਡੇ ਲਈ ਗੁਰੂ ਜੀ ਦੁਆਰਾ ਕਸ਼ਮੀਰ ਜਾਣ ਬਾਰੇ ਚਰਚਾ ਕਰਨੀ ਜਰੂਰੀ ਹੈ।

ਡਾ. ਕਿਰਪਾਲ ਸਿੰਘ ਨੇ ਕਸ਼ਮੀਰ ਦੀ ਯਾਤਰਾ ਬਾਰੇ ਕਿਹਾ ਹੈ- *ਸਾਰੀਆਂ ਜਨਮ ਸਾਖੀਆਂ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਕੈਲਾਸ਼ (ਸੁਮੇਰ) ਪਰਬਤ ਤੇ ਕਸ਼ਮੀਰ ਜਾਣਾ ਉਤਰ ਦੀ ਉਦਾਸੀ ਵਿਚ ਲਿਖਿਆ ਹੈ। ਉਸ ਹਾਲਤ ਵਿਚ ਗੁਰੂ ਸਾਹਿਬ ਦਾ ਕੈਲਾਸ਼ ਪਰਬਤ ਤੋਂ ਮੁੜ ਕੇ ਲਦਾਖ ਕਸ਼ਮੀਰ ਵਿਚ ਆਉਣਾ ਠੀਕ ਜਾਪਦਾ ਹੈ।*[449]

ਪਰ ਕਵੀ ਨੇ ਸੁਮੇਰ ਤੋਂ ਬਹੁਤ ਬਾਅਦ ਵਿਚ ਕਸ਼ਮੀਰ ਆਉਣਾ ਲਿਖਿਆ ਹੈ। ਡਾ. ਕਿਰਪਾਲ ਸਿੰਘ ਅਨੁਸਾਰ ਇਥੇ ਜਿਸ ਪੰਡਿਤ ਨਾਲ ਗੁਰੂ ਜੀ ਦੀ ਚਰਚਾ ਹੋਈ ਸੀ, ਉਸ ਦਾ ਨਾਮ ਬ੍ਰਹਮ ਦਾਸ ਸੀ, ਇਸ ਘਟਨਾ ਨੂੰ ਸਹੀ ਵੀ ਮੰਨਿਆ ਹੈ। [450] ਪਰ ਕਵੀ ਨੇ ਇਹ ਚਰਚਾ ਧਰਮਦਾਸ ਨਾਲ ਹੋਈ ਦਸੀ ਹੈ ਅਤੇ ਬ੍ਰਹਮੋਦਾਸ ਨਾਲ ਹੋਰ ਬਿਰਤਾਂਤ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਇਹ ਪ੍ਰਸੰਗ ਮਾਤਰ

---

[448] ਉਹੀ, ਪਤਰਾ 1635-47.

[449] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ* , *ਪੰਜਾਬੀ ਯੂਨੀਵਰਸਿਟੀ*, ਪਟਿਆਲਾ, 2009, ਪੰਨਾ 107. (ਪਗ ਟਿਪਣੀ)

[450] ਉਹੀ, ਪੰਨਾ 107.

ਪੁਰਾਤਨ ਜਨਮਸਾਖੀ ਵਿਚ ਹੀ ਦਰਜ ਹੈ, ਉਥੇ ਪੰਡਿਤ ਬ੍ਰਹਮਦਾਸ ਲਿਖਿਆ ਹੈ।[451] ਕਵੀ ਦੁਆਰਾ ਪੰਡਿਤ ਧਰਮਦਾਸ ਦਸਣਾ ਇਕ ਨਵਾਂ ਤਥ ਹੈ ਅਤੇ ਬ੍ਰਹਮੋਦਾਸ ਵਾਲਾ ਬਿਰਤਾਂਤ ਹੋਰ ਕਿਤੇ ਦਰਜ ਨਹੀਂ ਹੈ। ਜੇਕਰ ਅਸੀਂ ਇਹ ਮੰਨ ਲਈਏ ਕਿ ਚਰਚਾ ਬ੍ਰਹਮਦਾਸ ਨਾਲ ਹੀ ਹੋਈ ਸੀ, ਤਾਂ ਕਵੀ ਦਾ ਧਰਮਦਾਸ ਦਸਣਾ ਇਤਿਹਾਸਕ ਉਕਾਈ ਹੈ। ਪਰ ਇਕ ਗੱਲ ਯਾਦ ਰਖਣਯੋਗ ਇਹ ਹੈ ਕਿ ਕਵੀ ਦਾ ਜਨਮ ਕਸ਼ਮੀਰ ਦਾ ਹੈ, ਸੋ ਕਵੀ ਦੁਆਰਾ ਦਿਤੇ ਤਥਾਂ ਦਾ ਅਧਾਰ ਹੋ ਸਕਦਾ ਸਥਾਨਕ ਰਵਾਇਤਾਂ ਵਿਚੋਂ ਹੋਵੇ। ਸੋ ਇਸ ਨੂੰ ਵੀ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਜੇਕਰ ਚਰਚਾ ਧਰਮਦਾਸ ਨਾਲ ਹੋਈ ਸੀ ਤਾਂ ਕਵੀ ਦੁਆਰਾ ਦਿਤੇ ਇਹ ਕਥਨ ਇਤਿਹਾਸ ਵਿਚ ਇਕ ਨਵਾਂ ਤਥ ਜਾਂ ਪੁਰਾਣੇ ਤਥਾਂ ਦੀ ਸੁਧਾਈ ਕਿਹਾ ਜਾ ਸਕੇਗਾ।

ਇਸ ਤਰ੍ਹਾਂ ਗੁਰੂ ਜੀ ਅਗੇ ਟਿਲਾ ਬਾਲ ਗੁੰਦਾਈ ਗਏ। ਟਿਲਾ ਬਾਲ ਗੁੰਦਾਈ ਤੋਂ ਅਧਾ ਕੋਹ ਪਹਿਲਾਂ ਰੁਕ ਜਾਂਦੇ ਹਨ। ਬਾਲ ਗੁੰਦਾਈ ਦੇ ਟਿਲੇ ਉਪਰ ਰੋਜ਼ ਭੰਡਾਰਾ ਚਲਦਾ ਸੀ ਅਤੇ ਦਾਨ ਦਿਤਾ ਜਾਂਦਾ ਸੀ । ਬਾਲ ਗੁੰਦਾਈ ਨੂੰ ਪਤਾ ਲਗਦਾ ਹੈ ਕਿ ਤਿੰਨ ਜਣੇ ਅਧਾ ਕੋਹ 'ਤੇ ਆਏ ਹੋਏ ਹਨ। ਸੁਨੇਹਾ ਭੇਜਣ 'ਤੇ ਗੁਰੂ ਜੀ ਜਾਣ ਲਈ ਮਨਾ ਕਰ ਦਿੰਦੇ ਹਨ। ਫਿਰ ਸੁਨੇਹਾ ਭੇਜਿਆ ਜਾਂਦਾ ਹੈ ਕਿ ਵਰਖਾ ਹੋਣ ਵਾਲੀ ਹੈ ਇਸ ਲਈ ਮੰਦਿਰ ਵਿਚ ਆ ਜਾਵੋ, ਪਰ ਗੁਰੂ ਜੀ ਫਿਰ ਮਨ੍ਹਾ ਕਰ ਦਿੰਦੇ ਹਨ। ਅੰਤ ਵਿਚ ਬਾਲ ਗੁੰਦਾਈ ਖੁਦ ਗੁਰੂ ਜੀ ਨੂੰ ਲੈ ਕੇ ਜਾਂਦਾ ਹੈ। ਗੁਰੂ ਜੀ ਉਸ ਦਾ ਸਾਦਾ ਰਹਿਣ ਸਹਿਣ ਦੇਖ ਕੇ ਉਸ ਨੂੰ ਕਹਿੰਦੇ ਹਨ ਕਿ ਤੂੰ ਪੂਰਨ ਭਗਤ ਹੈ।[452] ਕਵੀ ਅਨੁਸਾਰ ਬਾਲ ਗੁੰਦਾਈ ਦੇ ਟਿਲੇ ਦੀ ਥਾਂ ਉਪਰ ਨਾਨਕ ਦਾ ਅਸਥਾਨ ਬਣਿਆ ਹੋਇਆ ਹੈ। ਜਿਸ ਦੀ ਜੋਗੀ ਪੂਜਾ ਕਰਦੇ ਹਨ। ਯਥਾ-

ਟਿਲੇ ਬਾਲ ਗੁੰਦਾਈ ਕੇ ਨਾਨਕ ਕਾ ਅਸਥਾਨ॥
ਪੂਜਾ ਤਿਸ ਕੀ ਕਰਤਿ ਹੈਂ ਜੋਗੀ ਆਪ ਮਹਾਨ॥37॥
ਨਾਨਕ ਬੈਠੇ ਥੇ ਜਹਾਂ ਜਗਾ ਤਹਾਂ ਸੁ ਜਾਨ॥

---

[451] ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 20ਵੀਂ ਵਾਰ 2016, ਪੰਨਾ 151-155..

[452] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1653-58.

ਸਾਲਕੋਟਿ ਕੀ ਕਥਾ ਅਬ ਸਰਵਨਿ ਕਰੋ ਮਹਾਨ॥38॥[453]

ਇਸ ਸਥਾਨ ਦੀ ਪੁਸ਼ਟੀ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਕੀਤੀ ਹੈ- *ਜਿਥੇ ਗੁਰੂ ਨਾਨਕਦੇਵ ਵਿਰਾਜੇ ਹਨ, ਉਥੇ ਗੁਰੂ ਸਾਹਿਬ ਦੇ ਚਰਣਚਿੰਨ੍ਹ ਪੱਥਰ ਪੁਰ ਉੱਕਰੇ ਹੋਏ ਹਨ। ਛੋਟਾ ਜਿਹਾ ਦਰਬਾਰ ਬਣਿਆ ਹੋਇਆ ਹੈ। ਨਾਂਗੇ ਸਾਧੂ ਪੁਜਾਰੀ ਹਨ। ਗੁਰਦੁਆਰੇ ਨਾਲ 15 ਘੁਮਾਉਂ ਜ਼ਮੀਨ ਜੰਗਲ ਹੈ। ਰੇਲਵੇ ਸਟੇਸ਼ਨ ਦੀਨਾ ਤੋਂ ਇਹ ਤੇਰਾਂ ਮੀਲ ਪੱਛਮ ਹੈ।*[454]

ਸੋ ਇਸ ਤਰ੍ਹਾਂ ਗੁਰੂ ਜੀ ਦੀ ਯਾਦ ਵਿਚ ਬਣੇ ਦਰਬਾਰ ਦਾ ਜ਼ਿਕਰ ਸਮਕਾਲੀ ਸ੍ਰੋਤਾਂ ਵਿਚ ਦੇਖਣ ਨੂੰ ਨਹੀਂ ਮਿਲਦਾ। ਸੋ ਇਸ ਪ੍ਰਸੰਗ ਦੀ ਇਤਿਹਾਸਕ ਪਖੋਂ ਆਪਣੀ ਮਹਤਾ ਹੈ। ਦੂਜੇ ਸ਼ਬਦਾਂ ਵਿਚ ਕਵੀ ਨੇ ਗੁਰੂ ਜੀ ਦੇ ਦਰਬਾਰ ਦਾ ਜ਼ਿਕਰ ਕਰਕੇ ਇਸ ਨੂੰ ਲਿਖਤੀ ਪ੍ਰਮਾਣ ਵਜੋਂ ਪ੍ਰਸਤੁਤ ਕੀਤਾ ਹੈ। ਟਿਲਾ ਬਾਲ ਗੁੰਦਾਈ ਤੋਂ ਗੁਰੂ ਜੀ ਸਿਆਲਕੋਟ ਪਹੁੰਚੇ।

ਗੁਰੂ ਨਾਨਕ ਦੇਵ ਜੀ ਹਿਯਾਤ ਨੂੰ ਉਪਦੇਸ਼ ਦਿੰਦੇ ਹਨ। ਕਵੀ ਅਨੁਸਾਰ ਗੁਰੂ ਜੀ ਉਥੇ ਇਕ ਦਾਤਣ ਕਰਕੇ ਗੱਡ ਦਿੰਦੇ ਹਨ, ਜੋ ਕਿ ਹਰੀ ਹੋ ਜਾਂਦੀ ਹੈ। ਇਹ ਬੇਰੀ ਦਾ ਪੇੜ ਹੁੰਦਾ ਹੈ। ਫਿਰ ਕਵੀ ਦਸਦਾ ਹੈ ਕਿ ਗੁਰੂ ਜੀ ਨੇ ਸਾਲ ਕੋਟ ਵਿਚ ਜੋ ਬੇਰੀ ਲਾਈ ਸੀ ਉਸ ਨੂੰ ਸੇਰ ਅਲੀ ਕਾਜੀ ਨੇ ਪੱਟਣ ਦੀ ਜਾਂ ਖਤਮ ਕਰਨ ਦੀ ਕੋਸ਼ਿਸ਼ ਕੀਤੀ ਕਿਉਂਕਿ ਉਸ ਦੀ ਪ੍ਰਸਿਧੀ ਚਾਰੇ ਪਾਸੇ ਫੈਲ ਗਈ ਸੀ। ਸ਼ੇਰ ਅਲੀ ਨੇ ਇਕ ਵਾਰ ਬੇਰੀ ਜੜੋਂ ਪੁਟੀ, ਦੂਜੀ ਵਾਰ ਜੜੋਂ ਪੁੱਟ ਕੇ ਲੋਹੇ ਦਾ ਮੋਟਾ ਤਵਾ ਜੜ ਉਪਰ ਰਖ ਦਿਤਾ, ਤੀਜੀ ਵਾਰ ਜੜੋਂ ਪੁੱਟ ਕੇ ਉਸ ਵਿਚ ਬਰੂਦ ਭਰ ਕੇ ਅੱਗ ਲਗਾ ਦਿਤੀ, ਪਰ ਬੇਰੀ ਹਮੇਸ਼ਾ ਹਰੀ ਹੋ ਗਈ। ਬੇਰੀ ਨੂੰ ਅੱਗ ਲਗਾਉਣ ਨਾਲ ਸਾਰੇ ਨਗਰ ਨੂੰ ਅੱਗ ਲਗ ਗਈ ਅਤੇ ਬਹੁਤ ਸਾਰੇ ਮੁਸਲਮਾਨ ਮਾਰੇ ਗਏ ਪਰ ਬੇਰੀ ਫਿਰ ਤੋਂ ਹਰੀ ਹੋ ਗਈ। ਗੁਰੂ ਜੀ ਨੂੰ ਬੇਨਤੀ ਕਰਨ ਤੇ ਸ਼ੇਰ ਅਲੀ ਨੂੰ ਬਖਸ਼ ਦਿਤਾ ਅਤੇ ਉਹ ਸੇਵਕ ਬਣ ਗਿਆ। ਕਵੀ ਅਨੁਸਾਰ ਇਸ ਬੇਰੀ ਦੀ ਪੂਜਾ ਬ੍ਰਹਮਣ ਕਰਦੇ ਹਨ ਅਤੇ ਵਿਸਾਖ ਵਿਚ ਮੇਲਾ ਭਰਦਾ ਹੈ। ਯਥਾ-

ਸਤਿਗੁਰ ਆਪ ਰਹੇ ਤਹ ਜਹਾ॥ ਬੇਰੀ ਏਕ ਲਗਾਈ ਤਹਾ॥

---

[453] ਉਹੀ, ਪਤਰਾ 1655.

[454] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 858.

ਸੂਕੀ ਲਕਰੀ ਸੋ ਗੁਰ ਗਾਡੀ॥ ਅਪਨੇ ਕਰਿ ਸਿਉ ਦਾਬੀ ਥਾਡੀ॥37॥

ਦਾਤੁਨਿ ਕਰਿ ਕੈ ਗਾਡੀ ਸੋਇ॥ ਪੁਨਿ ਗੁਰ ਕਹਯੋ ਹਰੀ ਤੂੰ ਹੋਇ॥[455]

ਬ੍ਰਹਮਣਿ ਪੂਜਾ ਕਰੈ ਨਿਤ ਗੁਰ ਜਾਗਾ ਕੀ ਜਾਇ॥

ਮੇਲਾ ਭਰੈ ਬਸਾਖ ਮੈ ਲੋਕ ਤਹਾਂ ਬਹੁ ਆਇ॥68॥[456]

ਭੂਗੋਲਿਕ ਪ੍ਰਸਥਿਤੀਆਂ ਦੇ ਅਨੁਸਾਰ ਗੁਰੂ ਜੀ ਦਾ ਬਾਲ ਗੁੰਦਾਈ ਦੇ ਟਿਲੇ ਤੋਂ ਸਿਆਲਕੋਟ ਜਾਣਾ ਸਹੀ ਹੈ। ਅਜਿਹਾ ਹੀ ਅਨੁਮਾਨ ਡਾ. ਕਿਰਪਾਲ ਸਿੰਘ ਨੇ ਵੀ ਲਗਾਇਆ ਹੈ ਉਹ ਵੀ ਗਰੂ ਜੀ ਦਾ ਬਾਲ ਗੁੰਦਾਈ ਦੇ ਟਿਲੇ ਤੋਂ ਸਿਆਲਕੋਟ ਜਾਣ ਸਹੀ ਮੰਨਦੇ ਹਨ ਤੇ ਬੇਰੀ ਵਾਲੇ ਸਥਾਨ ਦੀ ਪੁਸ਼ਟੀ ਵੀ ਕਰਦੇ ਹਨ।[457] ਪਰ ਡਾ. ਕਿਰਪਾਲ ਸਿੰਘ ਨੇ ਸਿਆਲਕੋਟ ਵਿਚ ਭਾਈ ਮੂਲੇ ਵਾਲਾ ਬਿਰਤਾਂਤ ਵਾਪਰਿਆ ਦਸਿਆ ਹੈ। ਜਨਮਸਾਖੀ ਭਾਈ ਮਨੀ ਸਿੰਘ ਵਾਲੀ ਵਿਚ ਹੀ ਮਾਤਰ ਇਹ ਸਾਖੀ ਅੰਕਿਤ ਹੈ, ਜਿਸ ਵਿਚ ਮੂਲੇ ਵਾਲਾ ਬਿਰਤਾਂਤ ਹੀ ਪ੍ਰਸਤੁਤ ਕੀਤਾ ਹੈ ਅਤੇ ਇਥੇ ਗੁਰੂ ਜੀ ਦੁਆਰਾ ਉਪਦੇਸ਼ ਦੇ ਕੇ ਧਰਮਸਾਲਾ ਬਣਾਉਣ ਦਾ ਹੁਕਮ ਕੀਤਾ ਸੀ।[458]

ਪਰ ਕਵੀ ਨੇ ਭਾਈ ਮੂਲੇ ਵਾਲਾ ਪ੍ਰਸੰਗ ਪ੍ਰਤਾਪ ਖੰਡ ਦੇ ਅੰਤਿਮ ਅਧਿਆਇ ਵਿਚ ਕੀਤਾ ਹੈ ਅਤੇ ਇਥੇ ਸ਼ੇਖ ਹਿਯਾਤ ਨੂੰ ਉਪਦੇਸ਼ ਦੀ ਗੱਲ ਕੀਤੀ ਹੈ। ਜੋ ਕਿ ਸਮਕਾਲੀ ਕਿਸੇ ਹੋਰ ਸ੍ਰੋਤ ਵਿਚ ਦਰਜ ਨਹੀਂ ਹੈ। ਕਵੀ ਨੇ ਬੇਰੀ ਵਾਲੇ ਸਥਾਨ ਦੀ ਪੁਸ਼ਟੀ ਕੀਤੀ ਹੈ ਅਤੇ ਸ਼ੇਖ ਹਿਯਾਤ ਨਾਲ ਮੁਲਾਕਾਤ ਦਾ ਨਵਾਂ ਪ੍ਰਸੰਗ ਅੰਕਿਤ ਕੀਤਾ ਹੈ। ਗੁਰੂ ਜੀ ਦਾ ਬਾਲ ਗੁੰਦਾਈ ਤੋਂ ਸਿਆਲਕੋਟ ਆਉਣਾ ਭੂਗੋਲਿਕ ਪਖੋਂ ਸਹੀ ਹੈ।

ਸਿਆਲਕੋਟ ਤੋਂ ਗੁਰੂ ਜੀ ਬਲੀ ਕੰਧਾਰੀ ਕੋਲ ਗਏ। ਜੇਕਰ ਕਵੀ ਦੀ ਤਰਤੀਬ ਅਨੁਸਾਰ ਅਧਿਐਨ ਕਰੀਏ ਤਾਂ ਗੁਰੂ ਜੀ ਸਿਆਲਕੋਟ ਤੋਂ ਵਲੀ ਕੰਧਾਰੀ ਦੇ ਪਰਬਤ, ਵਲੀ ਕੰਧਾਰੀ ਦੇ ਪਰਬਤ ਤੋਂ

---

[455] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1660.

[456] ਉਹੀ, ਪਤਰਾ 1667.

[457] ਕਿਰਪਾਲ ਸਿੰਘ, *ਜਨਮ ਸਾਖੀ ਪਰੰਪਰਾ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ , ਪੰਜਾਬੀ ਯੂਨੀਵਰਸਿਟੀ* , ਪਟਿਆਲਾ, 2009, ਪੰਨਾ 112-113.

[458] ਉਹੀ, ਪੰਨਾ 396-97. (ਦੇਖੋ ਅੰਤਿਕਾ)

ਰੋਹਤਾਸ ਜਾਂਦੇ ਹਨ। ਪਰੰਤੂ ਡਾ. ਕਿਰਪਾਲ ਸਿੰਘ ਨੇ ਵਲੀ ਕੰਧਾਰੀ ਦੇ ਪਰਬਤ ਤੋਂ ਬਾਲ ਗੁੰਦਾਈ ਅਤੇ ਬਾਲ ਗੁੰਦਾਈ ਤੋਂ ਰੋਹਤਾਸ ਜਾਣਾ ਦਸਿਆ ਹੈ। ਸੋ ਕਵੀ ਨੇ ਸਾਰੇ ਪ੍ਰਸੰਗ ਇਕਠੇ ਰਖੇ ਹਨ ਇਸ ਲਈ ਇਹ ਇਤਿਹਾਸ ਦੇ ਬਹੁਤ ਨੇੜੇ ਹਨ।

ਭਾਈ ਕਾਨ੍ਹ ਸਿੰਘ ਨਾਭਾ ਨੇ ਵਲੀ ਕੰਧਾਰੀ ਨੂੰ ਹਸਨ ਅਬਦਾਲ ਵਿਖੇ ਰਹਿੰਦਾ ਦਸਿਆ ਹੈ- *ਜਿਲ੍ਹਾ ਅਟਕ ਦਾ ਇਕ ਨਗਰ, ਜਿਥੇ ਥਾਣਾ ਅਤੇ ਰੇਲਵੇ ਸਟੇਸ਼ਨ ਹੈ, ਪਰ ਹੁਣ ਇਹ ਪੰਜਾ ਸਾਹਿਬ ਦੇ ਨਾਉਂ ਤੋਂ ਮਸ਼ਹੂਰ ਹੈ। ਇਥੋਂ ਦੇ ਰਹਿਣ ਵਾਲੇ ਬਾਬਾ ਹਸਨ ਅਬਦਾਲ ਪੀਰ ਨੇ ਆਪਣੇ ਤਾਲ ਦਾ ਪਾਣੀ ਤ੍ਰਿਖਾਤੁਰ ਭਾਈ ਮਰਦਾਨੇ ਨੂੰ ਨਹੀਂ ਦਿਤਾ ਸੀ।........................ਪੰਜੇ ਦਾ ਨਿਸ਼ਾਨ ਹੋਣ ਕਰਕੇ ਅਸਥਾਨ ਦਾ ਨਾਉਂ ਪੰਜਾ ਸਾਹਿਬ ਹੋਗਿਆ ਹੈ। ਬਾਬਾ ਹਸਨ ਅਬਦਾਲ ਸੱਯਦ (ਸੈਯਦ) ਸਬਜ਼ਵਾਰ (ਇਲਾਕਾ ਖ਼ੁਰਾਸਾਨ) ਦਾ ਸੀ ਅਤੇ ਭਾਰਤ ਵਿਚ ਮਿਰਜ਼ਾ ਸ਼ਾਹਰੁਖ ਨਾਲ ਆਇਆ ਸੀ। ਇਸ ਦਾ ਦੇਹਾਂਤ ਕੰਧਾਰ ਵਿਚ ਹੋਇਆ।*[459]

ਸੋ ਵਲੀ ਕੰਧਾਰ ਦਾ ਪਰਬਤ ਹਸਨ ਅਬਦਾਲ ਸੀ ਜਿਸਨੂੰ ਅਜ ਕਲ ਪੰਜਾ ਸਾਹਿਬ ਕਿਹਾ ਜਾਂਦਾ ਹੈ। ਮਹਿਮਾ ਪ੍ਰਕਾਸ਼ ਸਰੂਪ ਦਾਸ ਭੱਲਾ ਵਿਚ ਗੁਰੂ ਜੀ ਨੂੰ ਇਕ ਦੁੰਬੇ ਚਾਰਨ ਵਾਲਾ ਹਸਨ ਮਿਲਿਆ ਸੀ, ਜਿਸ ਨੇ ਗੁਰੂ ਜੀ ਅਤੇ ਮਰਦਾਨੇ ਨੂੰ ਦੁਧ ਪਿਆਇਆ ਸੀ।[460] ਪਰ ਕਵੀ ਨੇ ਇਸ ਤਰ੍ਹਾਂ ਦਾ ਕੋਈ ਜ਼ਿਕਰ ਨਹੀਂ ਕੀਤਾ। ਅਗੇ ਕਵੀ ਨੇ ਗੁਰੂ ਸਾਹਿਬ ਦਾ ਪੰਜਾ ਸਾਹਿਬ ਤੋਂ ਰੋਹਤਾਸ ਜਾਣ ਦਾ ਜ਼ਿਕਰ ਕੀਤਾ ਹੈ। ਜਿਥੇ ਗੁਰੂ ਜੀ ਨੇ ਚੋਹਾ ਸਾਹਿਬ ਵਿਖੇ ਪਾਣੀ ਦਾ ਚਸ਼ਮਾ ਪੈਦਾ ਕੀਤਾ। ਯਥਾ-

ਨਿਕਸਿਉ ਨੀਰ ਸੁ ਆਇਕੈ ਜਿਸ ਅਸਥਾਨ ਸੁ ਜਾਨ॥
ਚੋਹਾ ਸਾਹਿਬੁ ਨਾਮੁ ਤਹ ਰਾਖਿਯੋ ਗੁਰੂ ਮਹਾਨ॥54॥
ਚੋਹਾ ਤੀਰਥ ਸਤਿਗੁਰੂ ਪਰਗਟਿ ਕੀਉ ਸੁ ਆਪ॥

---

[459] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 256.

[460] ਬਾਜਵਾ, ਕੁਲਵਿਦੰਰ ਸਿੰਘ, *ਮਹਿਮਾ ਪ੍ਰਕਾਸ਼ ਵਾਰਤਕ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004, ਪੰਨਾ 42-43.

ਤਿਸ ਮੈ ਮਜਨ ਜੋ ਕਰੈ ਮਿਟੈਂ ਤਾਹਿ ਸਭ ਪਾਪ॥55॥[461]

ਇਸ ਸਥਾਨ ਬਾਰੇ ਸਮਕਾਲੀ ਸ੍ਰੋਤ ਵਿਚ ਜ਼ਿਕਰ ਨਹੀਂ ਮਿਲਦਾ ਪਰ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਦੀ ਪੁਸ਼ਟੀ ਕੀਤੀ ਹੈ। [462] ਭਾਵੇਂ ਕਵੀ ਨੇ ਇਥੇ ਇਕ ਕਿਲ੍ਹੇ ਦੇ ਹੋਣ ਦੀ ਗੱਲ ਵੀ ਕਹੀ ਹੈ, ਪਰ ਇਹ ਕਿਲ੍ਹਾ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸ਼ੇਰਸ਼ਾਹ ਸੂਰੀ ਨੇ 1542 ਈ. ਵਿਚ ਬਣਾਇਆ ਸੀ, ਕਵੀ ਦਾ ਇਸ ਕਿਲ੍ਹੇ ਨੂੰ ਗੁਰੂ ਜੀ ਨਾਲ ਜੋੜਨਾ ਇਤਿਹਾਸਕ ਉਕਾਈ ਹੈ। ਸੋ ਜਿਥੇ ਚੋਹਾ ਸਾਹਿਬ ਦਾ ਜ਼ਿਕਰ ਇਸ ਨੂੰ ਇਤਿਹਾਸਕ ਪਖੋਂ ਮਹਤਾ ਵਾਲਾ ਬਣਾਉਂਦਾ ਹੈ ਉਥੇ ਕਿਲ੍ਹੇ ਦਾ ਜ਼ਿਕਰ ਉਕਾਈ ਵੀ ਦਰਸਾਉਂਦਾ ਹੈ। ਇਸ ਤਰ੍ਹਾਂ ਗੁਰੂ ਜੀ ਉਪਦੇਸ਼ ਦਿੰਦੇ ਹੋਏ ਤੀਰਥਾਂ ਉਪਰ ਘੁੰਮਦੇ ਹੋਏ ਖੁਰਮਾ ਸ਼ਹਿਰ ਵਿਚ ਆਉਂਦੇ ਹਨ। ਜਿਥੇ ਕਵੀ ਨੇ ਦਸਿਆ ਹੈ ਕਿ ਮਰਦਾਨੇ ਦਾ ਦੇਹਾਂਤ ਹੋ ਜਾਂਦਾ ਹੈ ਅਤੇ ਇਥੇ ਕਵੀ ਨੇ ਮਰਦਾਨੇ ਦੀ ਦੇਹ ਨੂੰ ਅਗਨੀ ਭੇਂਟ ਕਰਨ ਦੀ ਗੱਲ ਕਹੀ ਹੈ। ਯਥਾ-

ਇਕ ਅਪਨੀ ਚਾਦਰਿ ਗੁਰ ਲਈ॥ ਇਕ ਚਾਦਰਿ ਪੁਨਿ ਬਾਲੈ ਦਈ॥
ਇਕ ਮਰਦਾਨੇ ਕੀ ਸੋ ਭਾਈ॥ ਤੀਨੋ ਤਿਸ ਕੇ ਊਪਰਿ ਪਾਈ॥34॥
ਖੁਰਮੇ ਕੀ ਲਕਰੀ ਚੁਨਵਾਈ॥ ਤਿਸ ਕੀ ਸਤਿਗੁਰ ਚਿਤਾ ਬਨਾਈ॥
ਤਿਸ ਪਰ ਰਾਖੀ ਦੇਹਿ ਉਠਾਇ॥ ਹਰਿ ਗੁਰ ਕੀ ਗਤਿ ਲਖੀ ਨ ਜਾਇ॥35॥
ਵਾਹਗੁਰੂ ਕਹ ਆਗ ਲਗਾਈ॥ ਅਪਨੈ ਹਾਥ ਸਿਰੀ ਗੁਰ ਰਾਈ॥
ਅਗਨੀ ਸੰਸਕਾਰ ਗੁਰ ਕੀਨਾ॥ ਨਾਇ ਗੁਰੂ ਪੁਨਿ ਜੀਵਨ ਦੀਨਾ॥36॥
ਸਤਿਰਾਂ ਦਿਨੁ ਗੁਰ ਤਹਾ ਰਹਾਏ॥ ਬਿਧਵਤਿ ਕਰਮ ਤਾਹਿ ਕਰਿਵਾਏ॥[463]

ਭਾਵੇਂ ਇਸ ਪ੍ਰਸੰਗ ਵਿਚ ਮਰਦਾਨੇ ਦੀ ਦੇਹ ਦਾ ਅਗਨੀ ਸੰਸਕਾਰ ਦਸਿਆ ਹੈ, ਜੋ ਸ਼ਾਇਦ ਸਹੀ ਨਾ ਹੋਵੇ। ਪਰ ਕਵੀ ਦਾ ਉਸ ਸਮੇਂ ਦਾ ਚਿਤਰਣ ਕਾਫੀ ਹੱਦ ਤੀਕ ਸਚ ਦੇ ਨੇੜੇ ਹੈ, ਕਿਉਂਕਿ ਕਵੀ ਅਨੁਸਾਰ ਗੁਰੂ ਜੀ ਨੇ ਸਾਰੀਆਂ ਹੀ ਵਿਧੀਆਂ ਉਥੇ ਰਹਿ ਕੇ ਸਤਾਰਾਂ ਦਿਨ ਵਿਚ ਕਰਵਾਈਆਂ ਸਨ। ਸੋ ਇਹ

[461] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1676.

[462] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 1048.

[463] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1730-31.

ਇਤਿਹਾਸਕ ਪਖੋਂ ਸਹੀ ਜਾਪਦਾ ਹੈ। ਪਰ ਭਾਈ ਮਰਦਾਨੇ ਦਾ ਦੇਹਾਂਤ ਕਿਥੇ ਹੋਇਆ ਇਸ ਬਾਰੇ ਅਜੇ ਖੋਜ ਬਾਕੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਾਈ ਮਰਦਾਨੇ ਦਾ ਦੇਹਾਂਤ 13 ਮਘਰ ਸੰਮਤ 1591 ਨੂੰ ਅਫਗਾਨਿਸਤਾਨ ਦੇ ਕੁਰਮ ਦਰਿਆ ਦੇ ਕਿਨਾਰੇ ਕੁਰਮ ਨਗਰ ਵਿਚ ਹੋਇਆ। ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਦੀ ਦੇਹ ਆਪਣੇ ਹਥੀਂ ਸਸਕਾਰੀ। [464] ਕੁਝ ਕੁ ਇਤਿਹਾਸਕਾਰ ਭਾਈ ਮਰਦਾਨੇ ਦਾ ਦੇਹਾਂਤ ਕਰਤਾਰਪੁਰ ਵਿਚ ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਤੋਂ 8 ਦਿਨ ਬਾਅਦ ਦਾ ਮੰਨਦੇ ਹਨ। [465] ਹਰੀ ਰਾਮ ਗੁਪਤਾ ਭਾਈ ਮਰਦਾਨੇ ਦਾ ਦੇਹਾਂਤ ਬਗਦਾਦ ਵਿਚ ਹੋਇਆ ਮੰਨਦੇ ਹਨ। [466] ਸੋ ਕਵੀ ਖੁਰਮ ਸ਼ਹਿਰ ਵਿਚ ਹੋਇਆ ਮੰਨਦਾ ਹੈ, ਜਿਸ ਨੂੰ ਭਾਈ ਕਾਨ੍ਹ ਸਿੰਘ ਨਾਭਾ ਨੇ ਅਫਗਾਨਿਸਤਾਨ ਵਿਚ ਮੰਨਿਆ ਹੈ। ਜੇਕਰ ਖੁਰਮ ਸ਼ਹਿਰ ਨੂੰ ਅਫਗਾਨਿਸਤਾਨ ਵਿਚ ਮੰਨ ਲਿਆ ਜਾਵੇ ਤਾਂ ਇਥੋ ਗੁਰੂ ਜੀ ਲੰਕਾ ਅਤੇ ਸੇਤਬੰਧ ਜਾਂਦੇ ਹਨ। ਜੋ ਕਿ ਕਵੀ ਦੁਆਰਾ ਦਿਤੀ ਗਈ ਭੂਗੋਲਕਿ ਸਥਿਤੀ ਕਾਲਪਨਿਕ ਜਾਪਦੀ ਹੈ ਜਾਂ ਅਧਾਰ ਸ੍ਰੋਤ ਦੀ ਉਕਾਈ ਹੈ। ਲੰਕਾ ਅਤੇ ਸੇਤਬੰਧ ਦੇ ਪ੍ਰਸੰਗ ਵਿਚ ਕਵੀ ਨੇ ਗੋਕਰਣ ਤੀਰਥ ਸਥਾਨ ਦਾ ਪੌਰਾਣਿਕ ਪ੍ਰਸੰਗ ਦਸਿਆ ਹੈ। ਇਥੋਂ ਗੁਰੂ ਜੀ ਉੜੀਸਾ, ਜਗਨਨਾਥ, ਮਾਰਕੰਡ, ਇੰਦਰ ਦ੍ਰੋਣ, ਕਮਖਿਆ, ਨਾਗਾ ਨਾਗੀ ਦੇਸ, ਇਕ ਟੰਗਯਾ ਕੇ ਦੇਸ, ਲੰਬਿਆ ਕੇ ਦੇਸ ਅਤੇ ਚੀਨ ਮਹਾਚਿਨ ਤੋਂ ਹੁੰਦੇ ਹੋਏ ਅਚਲ ਪਹੁੰਚੇ, ਜਿਥੇ ਉਨ੍ਹਾਂ ਦੀ ਸਿਧਾਂ ਨਾਲ ਚਰਚਾ ਹੋਈ। ਉਥੋਂ ਗੁਰੂ ਜੀ ਇੰਦ ਭਾਨ ਦੇ ਖੂਹ ਉਪਰ ਪਹੁੰਚੇ ਅਤੇ ਮਰਦਾਨੇ ਦੇ ਪੁਤਰ ਸ਼ਜਾਦੇ ਨੂੰ ਮਿਲੇ ਅਤੇ ਉਸ ਨੂੰ ਨਾਲ ਲੈ ਕੇ ਤੁਲੰਬੇ ਤੋਂ ਹੁੰਦੇ ਹੋਏ, ਸਜਣਪੁਰ ਸੱਜਣ ਨੂੰ ਮਿਲ ਕੇ ਖੁਰਮੇ ਸ਼ਹਿਰ ਪਹੁੰਚੇ। ਉਥੇ ਉਸ ਨੂੰ ਛੱਡ ਕੇ ਕੰਧਾਰ ਵਿਚ ਯਾਰ ਅਲੀ ਨੂੰ ਮਿਲ ਕੇ ਪਖੋ ਕੇ ਰੰਧਾਵੇ ਆ ਗਏ। ਇਨ੍ਹਾਂ ਸਥਾਨਾਂ ਦੀ ਦੂਰੀ ਬੁਹਤ ਜ਼ਿਆਦਾ ਹੈ, ਪਰ ਜਿਸ ਤਰ੍ਹਾ ਕਵੀ ਨੇ ਬਿਆਨ ਕੀਤਾ ਹੈ, ਉਸ ਤਰ੍ਹਾਂ ਜਾਣਾ ਇਤਨੇ ਘਟ ਸਮੇਂ ਵਿਚ ਸੰਭਵ ਨਹੀਂ। ਸੋ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਇਥੇ ਕਲਪਨਾ ਤੋਂ ਹੀ

---

[464] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 954.

[465] ਰੂਪ ਸਿੰਘ, *ਪ੍ਰਮੁਖ ਸਿੱਖ ਸ਼ਖ਼ਸੀਅਤਾਂ,* ਡਾ. ਗੁਰਸ਼ਰਨਜੀਤ ਸਿੰਘ, *ਭਾਈ ਮਰਦਾਨਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਜਵੀਂ ਵਾਰ, 2010, ਪੰਨਾ 4.

[466] Hari Ram Gupta, *History Of The Sikhs Vol. I,* Munshiram Manoharlal, Publishers, New Delhi, 2008, Page 69.

ਆਪਣਾ ਕਾਰਜ ਸਿਧ ਕਰਨ ਦਾ ਯਤਨ ਕੀਤਾ ਹੈ। ਪਖੋ ਕੇ ਰੰਧਾਵੇ ਗੁਰੂ ਜੀ ਨੂੰ ਮਿਲਣ ਲਈ ਆਪ ਜੀ ਦੇ ਪੁਤਰ, ਬਾਬਾ ਬੁਢਾ ਜੀ ਅਤੇ ਹੋਰ ਸੰਗਤ ਆਉਂਦੀ ਹੈ। ਯਥਾ-

ਫਿਰ ਕੈ ਬਿਦੇਸ ਦੇਸ ਸਿਰੀ ਗੁਰੂ ਮਹਾਰਾਜ ਪਖੋ ਕੇ ਰਧਾਵੇ ਫੇਰਿ ਗੁਰਦੇਵ ਆਯੋ ਹੈ॥
ਆਇ ਕੈ ਅਜਿਤੇ ਕੇ ਬਹੀਰ ਪਰ ਗੁਰਦੇਵ ਸੁੰਦਰ ਸਥਾਨ ਦੇਖਿ ਆਸਣ ਲਗਾਯੋ ਹੈ॥
ਸਿਰੀ ਚੰਦ ਜਿਤਾ ਐਰ ਲਖਮੀ ਚੰਦ ਹਿਤਾ ਔਰ ਬੂੜੈ ਆਇ ਦਰਸਨਿ ਪਾਯੋ ਹੈ॥
ਰੈਨਿ ਦਿਨ ਸੇਵਾ ਕਰੈਂ ਹਾਥ ਜੋਰ ਪਾਇ ਪਰੈਂ ਏਕ ਦਿਨ ਬਾਲੈ ਸੰਧੂ ਬਚਨਿ ਸੁਣਾਯੋ ਹੈ॥25॥[467]

ਗੁਰੂ ਜੀ ਕਰਤਾਰਪੁਰ ਆ ਜਾਂਦੇ ਹਨ, ਜਿਥੇ ਉਨ੍ਹਾਂ ਨੂੰ ਭਾਈ ਲਹਿਣਾ ਜੀ ਮਿਲਦੇ ਹਨ। ਕਵੀ ਨੇ ਭਾਈ ਲਹਿਣਾ ਜੀ ਦਾ ਪੂਰਬਲਾ ਪ੍ਰਸੰਗ ਅੰਕਿਤ ਕਰਦਿਆਂ ਕਿਹਾ ਹੈ ਕਿ ਉਹ ਦੁਰਗਾ ਦੇ ਦਰਸ਼ਨ ਲਈ ਜ੍ਵਾਲਾ ਮੁਖੀ ਜਾ ਰਹੇ ਸੀ ਤਾਂ ਰਸਤੇ ਵਿਚ ਨਾਨਕ ਜੀ ਦੇ ਦਰਸ਼ਨ ਹੋਏ ਅਤੇ ਉਹ ਉਥੇ ਰਹਿ ਕੇ ਹੀ ਗੁਰੂ ਜੀ ਦੀ ਸੇਵਾ ਕਰਨ ਲਗ ਗਿਆ।

ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦੀਆਂ ਪ੍ਰੀਖਿਆਂਵਾਂ ਲੈਣੀਆਂ ਸ਼ੁਰੂ ਕੀਤੀਆਂ। ਪਹਿਲਾਂ ਗੁਰੂ ਜੀ ਨੇ ਕਿਹਾ ਕੇ ਗਾਵਾਂ ਲਈ ਘਾਹ ਠੰਡੇ ਪਾਣੀ ਵਿਚ ਧੋ ਕੇ ਲਿਆਵੇ, ਭਾਈ ਲਹਿਣਾ ਘਾਹ ਨੂੰ ਸਰਦੀਆਂ ਵਿਚ ਠੰਡੇ ਪਾਣੀ ਵਿਚ ਧੋ ਕੇ ਲੈ ਕੇ ਆਇਆ।

ਫਿਰ ਗੁਰੂ ਜੀ ਨੇ ਇਕ ਦਿਨ ਭਾਈ ਬੁਢਾ ਤੋਂ ਸਮਾਂ ਪੁਛਿਆ ਉਸ ਨੇ ਕਿਹਾ ਕਿ ਆਧੀ ਰਾਤ ਹੋਈ ਹੈ। ਤਿੰਨ ਬਾਰ ਪੁਛਣ 'ਤੇ ਇਕ ਹੀ ਜਵਾਬ ਦਿਤਾ ਫਿਰ ਲਹਿਣੇ ਨੂੰ ਪੁਛਿਆ, ਕਿ ਕੀ ਅਜੇ ਇਕ ਪਹਿਰ ਹੀ ਨਿਕਲੀ ਹੈ ਦੇਖ ਕੇ ਦਸੇ? ਭਾਈ ਲਹਿਣੇ ਨੇ ਦੇਖਿਆ ਤਾਂ ਅਧੀ ਰਾਤ ਸੀ ਪਰ ਗੁਰੂ ਜੀ ਦੇ ਬਚਨਾਂ ਨੂੰ ਮੰਨ ਕੇ ਕਿਹਾ ਇਕ ਪਹਿਰ ਹੀ ਨਿਕਲਿਆ ਹੈ। ਇਸ ਦਾ ਪ੍ਰੰਸਗ ਇਕ ਬ੍ਰਾਹਮਣ ਅਤੇ ਰਾਜੇ ਨਾਲ ਜੋੜਿਆ ਹੈ ਕਿ ਇਕ ਰਾਜੇ ਨੇ ਬ੍ਰਹਮਣ ਨੂੰ ਸਵਾ ਲਖ ਰਾਮ ਦਾ ਨਾਮ ਲਿਖਣ ਲਈ ਕਿਹਾ ਗਿਆ ਸੀ ਪਰ ਉਸ ਤੋਂ ਲਿਖਿਆ ਨਹੀਂ ਸੀ ਗਿਆ। ਉਸ ਨੇ ਬੇਨਤੀ ਕੀਤੀ ਤੇ ਗੁਰੂ ਜੀ ਨੇ ਰਾਤ ਦਾ ਸਮਾਂ ਪੰਜ ਪਹਿਰ ਦਾ ਕਰ ਦਿਤਾ ਸੀ।

---

[467] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1762.

ਇਕ ਦਿਨ ਗੁਰੂ ਜੀ ਨੇ ਤਿੰਨ ਵਾਰ ਭਾਈ ਬੁਢੇ ਨੂੰ ਕਿਹਾ ਕਿ ਮੇਰੇ ਕਪੜੇ ਮੈਲੇ ਹਨ ਇਸ ਲਈ ਧੋ ਦੇਵੇ। ਪਰ ਜਦ ਉਸਨੇ ਬਾਹਰ ਦੇਖਿਆ ਤਾਂ ਅਧੀ ਰਾਤ ਸੀ। ਇਸ ਲਈ ਉਸਨੇ ਤਿੰਨੇ ਬਾਰ ਕਿਹਾ ਕਿ ਪਰਭਾਤ ਸਮੇਂ ਧੋਵਾਂਗਾ। ਪਰ ਜਦ ਲਹਿਣੇ ਨੂੰ ਕਿਹਾ ਤਾਂ ਉਸਨੇ ਗੁਰੂ ਜੀ ਦਾ ਹੁਕਮ ਮੰਨ ਕੇ ਕਪੜੇ ਧੋਣੇ ਸ਼ੁਰੂ ਕੀਤੇ ਤੇ ਉਥੇ ਪੂਰੀ ਧੁਪ ਹੋ ਗਈ ਤੇ ਕਪੜੇ ਸੁਕਾ ਕੇ ਗੁਰੂ ਜੀ ਨੂੰ ਲਿਆ ਕੇ ਦਿਤੇ। ਇਸੇ ਪ੍ਰਕਾਰ ਲਹਿਣਾ ਗੁਰੂ ਜੀ ਦਾ ਹੁਕਮ ਮੰਨਦਾ ਗਿਆ। ਗੁਰੂ ਜੀ ਨੂੰ ਅਨੇਕਾਂ ਸਿਖ ਮਿਲਣ ਆਉਣ ਲਗ ਗਏ। ਗੁਰੂ ਜੀ ਨੇ ਇਕ ਦਿਨ ਪਰਖਣਾ ਚਾਹਿਆ ਕਿ ਕਿੰਨੇ ਕੁ ਸਿਖ ਸਚੇ ਹਨ। ਗੁਰੂ ਜੀ ਨੇ ਕੌਤਕ ਰਚਾਇਆ ਤੇ ਉਠ ਕੇ ਭਜ ਗਏ, ਲੋਕ ਵੀ ਪਿਛੇ ਭਜੇ, ਗੁਰੂ ਜੀ ਥੋੜੀ ਦੂਰ ਜਾ ਕੇ ਲੋਕਾਂ ਨੂੰ ਮਾਰਨ ਦੌੜੇ ਬਹੁਤ ਸਾਰੇ ਲੋਕ ਵਾਪਿਸ ਆ ਗਏ। ਫਿਰ ਗੁਰੂ ਜੀ ਅਗੇ ਚਲੇ ਗਏ। ਬਹੁਤ ਸਾਰੇ ਲੋਕ ਅਜੇ ਵੀ ਪਿਛੇ ਸਨ। ਤਿੰਨ ਦਿਨ ਬਾਦ ਗੁਰੂ ਜੀ ਨੇ ਰੁਪਇਆਂ ਦੀ ਵਰਖਾ ਕਰ ਦਿਤੀ ਕੁਝ ਕੁ ਲੋਕ ਰੁਪਏ ਚੁਕ ਕੇ ਵਾਪਿਸ ਆ ਗਏ। ਅਜੇ ਵੀ ਬਹਤ ਸਾਰੇ ਸਿਖ ਗੁਰੂ  ਜੀ ਦੇ ਪਿਛੇ ਸਨ ਬਿਨਾਂ ਕੁਝ ਖਾਧੇ ਪੀਤੇ। ਫਿਰ ਗੁਰੂ ਜੀ ਨੇ ਮੋਹਰਾਂ ਦੀ ਵਰਖਾ ਕੀਤੀ ਤੇ ਫਿਰ ਲੋਕਾਂ ਨੂੰ ਨਿਰੋਗੀ ਰਹਿਣ ਦਾ ਵਰ ਦਿਤਾ। ਬਹੁਤੇ ਲੋਕ ਇਹ ਵਰ ਲੈ ਕੇ ਵਾਪਿਸ ਆ ਗਏ, ਇਸ ਤਰ੍ਹਾਂ ਲਹਿਣਾ ਤੇ ਭਾਈ ਬੁਢਾ ਹੀ ਰਹਿ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਵੀ ਵਾਪਿਸ ਜਾਣ ਲਈ ਕਿਹਾ, ਪਰ ਉਹਨਾਂ ਨੇ ਕਿਹਾ ਕੇ ਅਸੀਂ ਸਿਖ ਹਾਂ। ਗੁਰੂ ਜੀ ਨੇ ਫਿਰ ਇਕ ਮੁਰਦਾ ਖਾਣ ਨੂੰ ਕਿਹਾ ਭਾਈ ਬੁਢਾ ਵਾਪਿਸ ਆ ਗਿਆ ਤੇ ਲਹਿਣਾ ਮੁਰਦਾ ਖਾਣ ਨੂੰ ਤਿਆਰ ਹੋ ਗਿਆ, ਗੁਰੂ ਜੀ ਨੇ ਉਸ ਨੂੰ ਜੱਫੀ ਵਿਚ ਲੈ ਲਿਆ ਤੇ ਉਸ ਦਾ ਨਾਮ ਅੰਗਦ ਰਖ ਦਿਤਾ। ਫਿਰ ਵਾਪਿਸ ਆ ਗਏ ਲੋਕਾਂ ਨੂੰ ਪਤਾ ਲਗ ਗਿਆ ਕਿ ਅੰਗਦ ਨੂੰ ਗੁਰੂ ਜੀ ਨੇ ਗੁਰੂ ਗੱਦੀ ਦਾ ਵਾਰਿਸ ਬਣਾ ਦਿਤਾ ।[468] ਜਦੋਂ ਭਾਈ ਲਹਿਣੇ ਨੂੰ ਗੁਰਗੱਦੀ ਦਿਤੀ, ਉਸ ਸਮੇਂ ਉਥੇ ਕਾਫੀ ਸੰਗਤ ਮੌਜੂਦ ਸੀ, ਜਿਨ੍ਹਾਂ ਵਿਚੋਂ ਕੁਝ ਦੇ ਨਾਮ ਕਵੀ ਨੇ ਅੰਕਿਤ ਕੀਤੇ ਹਨ ਜਿਵੇਂ- ਖੇਮ ਚੰਦ, ਲਾਲ ਦਾਸ, ਭੀਖਾਰੀ ਦਾਸ, ਕਿਰਪਾ, ਪੂਰਨ ਚੰਦ, ਮੇਘ ਰਾਜ, ਲਾਲ ਚੰਦ, ਈਸਰ, ਮਾਣਕ ਚੰਦ, ਪਰਮਚੰਦ, ਕੇਸਰੀ, ਮਨੋਰਦਾਸ ਮਾਰਵਾੜੀ, ਹਰੀ ਰਾਮ, ਸਿਰੀ ਰਾਮ, ਰੂਪ ਚੰਦ, ਦੇਵ ਰਾਜ, ਦੇਵ ਚੰਦ, ਰਾਮ ਚੰਦ, ਧੀਰ ਚੰਦ,

[468] ਉਹੀ, ਪਤਰਾ 1768-80.

ਸਾਧੂ ਬੀਰ, ਠਾਕੁਰ, ਕਿਸਨਾ, ਕ੍ਰਿਸਨ, ਮਿਹਰ ਚੰਦ, ਧੂਮਾਰਾਮ ਇਤਿਆਦਿਕ [469]। ਗੁਰਗੱਦੀ ਦੇਣ ਦਾ ਬਿਰਤਾਂਤ ਕਵੀ ਨੇ ਇਸ ਤਰ੍ਹਾਂ ਕੀਤਾ ਹੈ-

ਪੰਜ ਪੈਸੇ ਇਕ ਨਾਲੀਯੇਰ ਗੁਰ ਨਾਨਕ ਲੈ ਹਾਥ॥

ਗੁਰੂ ਅੰਗਦ ਕੈ ਹਾਥ ਦੇ ਗੁਰੂ ਨਿਵਾਯੋ ਮਾਥ॥47॥

ਚੌਪਈ॥ ਪੈਸੇ ਪਾਂਚ ਏਕ ਨਾਲੀਯੇਰ॥ ਸਿਰੀ ਚੰਦ ਨੈ ਦੀਨੇ ਫੇਰ॥

ਦੇਕਰਿ ਕੀਉ ਤਾਹਿ ਪਰਣਾਮ॥ ਗੁਰ ਅੰਗਦ ਕੋ ਕਰੁਣਾਧਾਮ॥48॥

ਸਿਖ ਸੇਵਕ ਜਿਤਨੇ ਤਹ ਖਰੇ॥ ਗੁਰ ਅੰਗਦ ਕੈ ਪਾਇ ਸੁ ਪਰੇ॥

ਗੁਰ ਅੰਗਦ ਪੁਨਿ ਕਰੁਣਾਧਾਮ॥ ਗੁਰ ਨਾਨਕ ਕੋ ਕੀਉ ਪ੍ਰਣਾਮ॥49॥[470]

ਗੁਰੂ ਨਾਨਕ ਦੇਵ ਜੀ ਇਥੇ ਰਹਿ ਕੇ ਸੰਗਤਾਂ ਨੂੰ ਉਪਦੇਸ਼ ਦਿੰਦੇ ਰਹੇ ਅਤੇ ਕਵੀ ਅਨੁਸਾਰ ਗੁਰੂ ਜੀ ਨੇ ਗੁਰਿਆਈ ਦੀ ਗੱਦੀ ਗੁਰੂ ਅੰਗਦ ਦੇਵ ਜੀ ਨੂੰ ਅਤੇ ਉਦਾਸੀ ਦੀ ਗੱਦੀ ਸ੍ਰੀ ਚੰਦ ਨੂੰ ਸੌਂਪੀ। ਯਥਾ-

ਉਦਾਸੀਨ ਗੁਰ ਗਾਦੀ ਜੋਇ॥ ਸਿਰੀ ਚੰਦ ਕੋ ਬਖਸੀ ਸੋਇ॥

ਗੁਰਿਆਈ ਕੀ ਗਾਦੀ ਜੋਊ॥ ਗੁਰ ਅੰਗਦ ਕੋ ਦੀਨੀ ਸੋਊ॥90॥

ਗੁਰ ਨਾਨਕ ਕੀ ਇਹੁ ਦ੍ਵੈ ਗਾਦੀ॥ ਬਖਸੀ ਸੋ ਹਰਿ ਪੁਰਖੁ ਅਨਾਦੀ॥

ਦੋਨੋ ਕੋ ਦੀਨੀ ਗੁਰ ਦੋਇ॥ ਪਰਮ ਪ੍ਰਸੰਨ ਆਪ ਗੁਰ ਹੋਇ॥91॥[471]

---

[469] ਉਹੀ, ਪਤਰਾ 1783-

ਖੇਮ ਚੰਦ ਲਾਲ ਦਾਸ ਤੀਸਰਾ ਭੀਖਾਰੀ ਦਾਸ ਕਿਰਪਾ ਪੂਰਨ ਚੰਦ ਔਰ ਪਹਿਚਾਨੀਐ॥ ਮੇਘ ਰਾਜ ਲਾਲ ਚੰਦ ਈਸਰ ਮਾਣਕ ਚੰਦ ਕਰਮਾ ਪਰਮਚੰਦ ਔਰ ਉਰ ਆਨੀਐ॥ ਕੇਸਰੀ ਮਨੋਰ ਦਾਸ ਮਾਰਵਾੜੀ ਕਹੇ ਏ ਤੋ ਦਿਲੀ ਵਾਲ ਬਾਣੀਏ ਅਨੇਕ ਔਰ ਜਾਨੀਐ॥ ਹਰੀ ਰਾਮ ਸਿਰੀ ਰਾਮ ਰੂਪ ਚੰਦ ਖੇਮ ਰਾਜ ਦੇਵ ਰਾਜ ਦੇਵ ਚੰਦ ਬਾਣੀਐ ਮਹਾਨੀਐ॥30 ॥ ਚੌਪਈ॥ ਰਾਮ ਚੰਦ ਪਾਂਡੇ ਸੁਖਾਦਾਈ॥ ਧੀਰ ਚੰਦ ਪੁਨਿ ਦੋਨੋ ਭਾਈ॥ ਸਾਧੂ ਬੀਰ ਭਾਨ ਪੁਨਿ ਜਾਨੋ॥ ਠਾਕੁਰ ਕਿਸਨਾ ਕ੍ਰਿਸਨ ਬਖਾਨੋ॥31 ॥ ਗਉੜ ਬ੍ਰਾਹਮਣਿ ਇਤਿਨੇ ਜਾਨ॥ ਮਿਹਰਿ ਚੰਦ ਮਿਸਰ ਪਰਧਾਨ॥ ਧੂਮਾ ਰਾਮ ਦੋਨੋ ਭਾਈ॥ ਗੁਰ ਚਰਨਨ ਸਿਉ ਪ੍ਰੀਤ ਲਗਾਈ॥32 ॥ ਹਰਸਾ ਪਰਸਾ ਦੋਇ ਉਦਾਰੇ॥ ਬੇਦੋਂ ਕਾ ਤਿਨ ਲੀਨੇ ਪਾਰੇ॥ ਬਿਦਿਆ ਮਾਹਿ ਦੋਇ ਪਰਧਾਨ॥ ਨੰਨਾ ਮਲ ਨਾਨੂ ਬੁਧਿਵਾਨ॥33॥

[470] ਉਹੀ, ਪਤਰਾ 1784.

ਕਵੀ ਨੇ ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਸਮਾਉਣ ਦਾ ਸਮਾਂ ਸੰਵਤ ਨਹੀਂ ਦਿਤਾ ਅਤੇ ਨਾ ਹੀ ਕੋਈ ਸਮੇਂ ਬਾਬਤ ਸੰਕੇਤ ਦਿਤਾ ਹੈ। ਚਰਚਿਤ ਕ੍ਰਿਤੀ ਅਨੁਸਾਰ ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਬਾਰੇ ਇੰਞ ਲਿਖਿਆ ਹੈ-

ਗੁਰ ਨਾਨਕ ਜਾਇ ਬਿਬਾਨ ਚੜੇ॥ ਸਭ ਦੇਖਹਿ ਲੋਕ ਸੁ ਆਪ ਖੜੇ॥

ਸਭ ਕੇ ਮਨ ਮਾਹਿ ਅਨੰਦ ਭਯੋ॥ ਅਪਨੈ ਨਿਜ ਲੋਕ ਗੁਰੂ ਸੁ ਗਯੋ॥30॥[472]

ਸੋ ਉਪਰੋਕਤ ਸਾਰੀ ਚਰਚਾ ਤੋਂ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਗੁਰੂ ਨਾਨਕ ਦੇਵ ਜੀ ਦਾ ਇਤਿਹਾਸ ਜਨਮਸਾਖੀ ਸਾਹਿਤ ਦੀ ਸ਼ੈਲੀ ਵਾਂਗ ਹੀ ਲਿਖਣ ਦਾ ਯਤਨ ਕੀਤਾ ਹੈ। ਪਰ ਕਵੀ ਦੇ ਦਿਤੇ ਬਿਰਤਾਂਤ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਚਰਚਿਤ ਕ੍ਰਿਤੀ ਵਿਚ ਅੰਕਿਤ ਸਥਾਨਾਂ ਉਪਰ ਉਹ ਆਪ ਗਿਆ ਹੋਵਗਾ। ਜਿਸ ਕਰਕੇ ਹੀ ਵਿਸਥਾਰ ਨਾਲ ਉਸ ਨੇ ਉਥੋਂ ਦਾ ਸਫਲ ਚਿਤਰਣ ਕੀਤਾ ਹੈ। ਜਿਥੇ ਇਸ ਗ੍ਰੰਥ ਵਿਚ ਅਨੇਕਾਂ ਹੀ ਮਿਥਿਹਾਸਕ/ਕਾਲਪਨਿਕ ਪ੍ਰਸੰਗ ਅੰਕਿਤ ਕੀਤੇ ਗਏ ਹਨ। ਉਥੇ ਹੀ ਕੁਝ ਕੁ ਨਵੇਂ ਇਤਿਹਾਸਕ ਤਥ ਵੀ ਪ੍ਰਤੀਪਾਦਿਤ ਕੀਤੇ ਹਨ। ਕਿਤੇ-ਕਿਤੇ ਇੰਞ ਭਾਸਦਾ ਹੈ ਕਿ ਕਵੀ ਨੇ ਇੰਨ-ਬਿੰਨ ਹੀ ਅਧਾਰ ਸ੍ਰੋਤ ਤੋਂ ਪ੍ਰਸੰਗਾਂ ਦੀ ਤਰਤੀਬ ਦਿਤੀ ਹੈ ਅਤੇ ਕਿਤੇ-ਕਿਤੇ ਲੋੜ ਅਨੁਸਾਰ ਉਨ੍ਹਾਂ ਵਿਚ ਬਦਲਾਅ ਵੀ ਕੀਤੇ ਹਨ। ਇਸ ਤਰ੍ਹਾਂ ਕਵੀ ਦੁਆਰਾ ਨਵੇਂ ਪ੍ਰਸੰਗ ਜੋ ਕਿ ਹੋਰ ਸਮਕਾਲੀ ਸ੍ਰੋਤਾਂ ਵਿਚ ਦਰਜ ਨਹੀਂ ਹਨ, ਨੂੰ ਅੰਕਿਤ ਕਰਕੇ ਗੁਰੂ ਜੀ ਦੀ ਸਖਸ਼ੀਅਤ ਨੂੰ ਹੋਰ ਚੰਗੀ ਤਰ੍ਹਾਂ ਸਪਸ਼ਟ ਰੂਪ ਵਿਚ ਵਿਅਕਤ ਕਰਨ ਦਾ ਸਫਲ ਯਤਨ ਹੈ। ਭਾਵੇਂ ਕਵੀ ਦੀ ਲਿਖਣ ਸ਼ੈਲੀ ਆਧੁਨਿਕ ਇਤਿਹਾਸ ਵਾਂਗ ਤਥਾਂ ਉਪਰ ਅਧਾਰਿਤ ਨਹੀਂ, ਇਸ ਵਿਚ ਅਨੇਕਾਂ ਹੀ ਮਿਥਿਹਾਸਕ ਪ੍ਰਸੰਗ ਅੰਕਿਤ ਕੀਤੇ ਹਨ, ਪਰ ਫਿਰ ਵੀ ਇਸ ਵਿਚ ਪ੍ਰਤੀਪਾਦਿਤ ਇਤਿਹਾਸਿਕ ਤਥਾਂ ਦੀ ਹੋਂਦ ਇਸ ਦੀ ਮਹਤਾ ਨੂੰ ਵਧਾਉਂਦੀ ਹੈ ਅਤੇ ਮਹਤਵਪੂਰਨ ਇਤਿਹਾਸਿਕ ਸ੍ਰੋਤਾਂ ਦੀ ਕਤਾਰ ਵਿਚ ਮੋਹਰੀ ਸਥਾਨ ਉਪਰ ਖੜ੍ਹਾ ਵੀ ਕਰਦੀ ਹੈ, ਪਰ ਜ਼ਿਆਦਾਤਰ ਵਿਦਵਾਨਾਂ ਨੇ ਇਸ ਦੀ ਇਤਿਹਾਸਿਕ ਮਹਤਾ ਨੂੰ ਅਣਗੌਲਿਆਂ ਕੀਤਾ ਹੈ, ਉਦਾਹਰਨ ਲਈ ਪਿਆਰਾ ਸਿੰਘ ਪਦਮ ਲਿਖਦੇ ਹਨ-

*ਇਹ ਠੀਕ ਹੈ ਕਿ ਇਤਨੇ ਵੱਡੇ ਗ੍ਰੰਥ ਦੇ ਲਿਖਣ ਲਈ ਸ਼ਕਤੀ ਤੇ ਸਮਾਂ ਕਾਫੀ ਲਗਾ ਹੋਵੇਗਾ ਲੇਕਿਨ ਸਮੁਚੇ*

---

[471] ਉਹੀ, ਪਤਰਾ 1786.

[472] ਉਹੀ, ਪਤਰਾ 1826.

*ਤੌਰ ਤੇ ਗ੍ਰੰਥ ਦੇ ਆਕਾਰ ਨੂੰ ਦੇਖ ਕੇ ਇਹ ਅਨੁਭਵ ਹੁੰਦਾ ਹੈ ਕਿ ਕਵੀ ਇਸ ਵਿਚ ਸੰਤੁਲਨ ਨਹੀਂ ਰੱਖ ਸਕਿਆ, ਕਈ ਥਾਂ ਬੇਲੋੜਾ ਵਿਸਤਾਰ ਕਰ ਕੇ ਉਸ ਨੇ ਕਥਾ ਤੇ ਕਥਾਨਾਇਕ ਦੇ ਬੱਝਵੇਂ ਪ੍ਰਭਾਵ ਨੂੰ ਆਪਣੇ ਆਪ ਮੱਧਮ ਪਾ ਦਿਤਾ ਹੈ।*[473]

ਇਸੇ ਤਰ੍ਹਾਂ ਡਾ. ਜਯਭਗਵਾਨ ਗੋਇਲ ਨੇ ਵੀ ਲੰਮੀ ਬਾਰਤਾ ਦਸ ਕੇ ਇਸ ਗ੍ਰੰਥ ਦੀ ਤੁਲਨਾ ਸ੍ਰੀ ਨਾਨਕ ਪ੍ਰਕਾਸ਼ ਨਾਲ ਕਰਦੇ ਹੋਏ ਕਹਿੰਦੇ ਹਨ- *ਇਸ ਤੋਂ ਕੁਛ ਕੁ ਸਾਲ ਪਹਿਲਾਂ ਰਚੇ ਹੋਏ ਗੁਰੂ ਪ੍ਰਤਾਪ ਸੂਰਜ ਵਿਚ ਜੁਗ ਤੇ ਸਮਾਜ ਦਾ ਜਿਸ ਤਰ੍ਹਾਂ ਦਾ ਵਿਆਪਕ ਤੇ ਯਥਾਰਥ ਚਿਤਰ ਪ੍ਰਾਪਤ ਹੈ, ਉਸਦੀ ਏਥੇ ਘਾਟ ਹੈ।................ਸਾਰੇ ਪਾਤਰ ਅਲੌਕਿਕਤਾ ਤੋਂ ਇੰਨੇ ਵਿਚਿਤਰ ਜਿਹੇ ਹੋ ਗਏ ਹਨ ਕਿ ਉਨ੍ਹਾਂ ਦੀ ਮਾਨਵੀ ਵ੍ਰਿਤੀ ਤੇ ਸੰਵੇਦਨਾ ਪੂਰਣ ਤੌਰ ਤੇ ਸਾਹਮਣੇ ਨਹੀਂ ਆਉਂਦੀ।*[474]

ਡਾ. ਰਤਨ ਸਿੰਘ ਜੱਗੀ ਦਾ ਇਸ ਗ੍ਰੰਥ ਦੀ ਇਤਿਹਾਸਕਤਾ ਪ੍ਰਤੀ ਇਹ ਕਥਨ ਹੈ- *ਕਵੀ ਨੇ ਇਸ ਧਾਰਮਿਕ ਗ੍ਰੰਥ ਵਿਚ ਆਪਣੇ ਇਸ਼ਟ-ਦੇਵ ਗੁਰੂ ਨਾਨਕ ਦੇਵ ਨੂੰ ਪੁਰਾਣ-ਪੁਰਸ਼ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਸ ਦੇ ਕਥਾਨਕ ਵਿਚ ਇਤਿਹਾਸਿਕਤਾ ਜਾਂ ਯਥਾਰਕਤਾ ਘਟ ਹੈ ਅਤੇ ਕਲਪਨਾ ਤੇ ਚਮਤਕਾਰਾਂ ਦੀ ਭਰਮਾਰ ਹੈ। ਇਸ ਤਰ੍ਹਾਂ ਇਕ ਇਤਿਹਾਸਿਕ ਨਾਇਕ ਨੂੰ ਮਿਥਿਕ ਰੂਪ ਵਿਚ ਢਾਲ ਦਿਤਾ ਗਿਆ ਹੈ।............ਜਿਸ ਕਰਕੇ ਇਹ ਕਾਵਿ-ਰਚਨਾ ਇਕ ਪੁਰਾਣ ਦਾ ਰੂਪ ਧਾਰਣ ਕਰ ਗਈ ਹੈ। ਇਸ ਲਈ ਇਸ ਨੂੰ ਨਵ-ਪੁਰਾਣ ਜਾਂ ਭਾਸ਼ਾ ਪੁਰਾਣ ਵੀ ਕਿਹਾ ਜਾ ਸਕਦਾ ਹੈ।*[475]

ਇਤਿਹਾਸਕ ਵਿਸ਼ਲੇਸ਼ਣ ਕਰਨ ਤੋਂ ਬਾਅਦ ਚਰਚਿਤ ਗ੍ਰੰਥ ਪ੍ਰਤੀ ਸਮਸ਼ੇਰ ਸਿੰਘ ਅਸ਼ੋਕ ਦੇ ਸ਼ਬਦ ਬਿਲਕੁਲ ਸਹੀ ਢੁਕਦੇ ਹਨ- *ਇਸ ਗ੍ਰੰਥ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੁਕੰਮਲ ਜੀਵਨ ਹੈ ਤੇ ਕਈ ਅਜੇਹੀਆਂ ਘਟਨਾਵਾਂ ਵੀ ਦਰਜ ਹਨ ਜੋ ਹੋਰ ਵਡੀਆਂ ਛੋਟੀਆਂ ਜਨਮਸਾਖੀਆਂ ਜਾਂ ਗੁਰੂ ਨਾਨਕ*

---

[473] ਪਦਮ, ਪਿਆਰਾ ਸਿੰਘ, *ਮਹਾਤਮਾ ਸੰਤਰੇਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978, ਪੰਨਾ 9.

[474] ਡਾ. ਤਾਰਨ ਸਿੰਘ, *ਨਾਨਕ ਪ੍ਰਕਾਸ਼ ਪੱਤ੍ਰਿਕਾ,* ਡਾ. ਜਯ ਭਗਵਾਨ ਗੋਇਲ, *ਸ੍ਰੀ ਮਤ ਨਾਨਕ ਬਿਜੈ ਗ੍ਰੰਥ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ-ਦਸੰਬਰ 1973, ਪੰਨਾ 243.

[475] ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵ ਕੋਸ਼ ਭਾਗ ਦੂਜਾ,* ਗੁਰ ਰਤਨ ਪਬਲਿਸ਼ਰਜ਼ ਪਟਿਆਲਾ, 2005, ਪੰਨਾ 1541.

*ਪ੍ਰਕਾਸ਼ ਆਦਿ ਗ੍ਰੰਥਾਂ ਵਿਚ ਨਹੀਂ ਮਿਲਦੀਆਂ। ਬਹੁਤ ਸਾਰੀਆਂ ਸਾਖੀਆਂ ਇਸ ਗ੍ਰੰਥ ਵਿਚ ਬਿਲਕੁਲ ਨਵੀਆਂ ਤੇ ਕਈ ਸਾਖੀਆਂ ਖੋਜ ਨਾਲ ਸੰਬੰਧ ਰਖਦੀਆਂ ਹਨ।*[476]

ਸ਼ਾਇਦ ਅਸ਼ੋਕ ਦਾ ਇਸ਼ਾਰਾ ਉਨ੍ਹਾਂ ਪ੍ਰਸੰਗਾਂ ਵੱਲ ਸੀ ਜਿਥੇ ਕਵੀ ਨੇ ਗੁਰੂ ਜੀ ਦੇ ਸਮਾਰਕ ਹੋਣ ਬਾਰੇ ਪੁਸ਼ਟੀ ਕੀਤੀ ਹੈ ਜਾਂ ਨਵੇ ਪ੍ਰਸੰਗਾਂ ਬਾਰੇ, ਜਿਨ੍ਹਾਂ ਦੀ ਅਸੀਂ ਉਪਰ ਚਰਚਾ ਕਰ ਆਏ ਹਾਂ । ਸੋ ਵਖ-ਵਖ ਵਿਦਵਾਨਾਂ ਨੇ ਇਸ ਗ੍ਰੰਥ ਨੂੰ ਮਾਤਰ ਮਿਥਿਹਾਸ ਨਾਲ ਹੀ ਸੰਬੋਧਿਤ ਕਰਕੇ ਇਸ ਦੀ ਇਤਿਹਾਸਕ ਮਹਤਾ ਨੂੰ ਅਣਗੌਲਿਆ ਕੀਤਾ ਹੈ। ਪਰ ਇਸ ਦੇ ਇਤਿਹਾਸਿਕ ਵਿਸ਼ਲੇਸ਼ਣ ਤੋਂ ਅਸੀਂ ਕਹਿ ਸਕਦੇ ਹਾਂ ਕਿ ਇਸ ਗ੍ਰੰਥ ਵਿਚ ਮਿਥਿਹਾਸ ਮਾਤਰ ਗੁਰੂ ਨਾਨਕ ਦੇਵ ਜੀ ਦੀ ਸਖਸ਼ੀਅਤ ਨੂੰ ਮਹਿਮਾ-ਮੰਡਿਤ ਕਰਨ ਹਿਤ ਅੰਕਿਤ ਕੀਤਾ ਹੈ। ਜਿਸ ਨਾਲ ਇਸ ਵਿਚ ਪ੍ਰਤੀਪਾਦਿਤ ਇਤਿਹਾਸਿਕ ਤਥਾਂ ਨੂੰ ਅਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਇਸ ਗ੍ਰੰਥ ਦੀ ਮਹਤਾ ਵੀ ਬਾਕੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਇਤਿਹਾਸਕ ਸ੍ਰੋਤਾਂ ਜਿਤਨੀ ਹੀ ਹੈ।

[476] ਪੰਜਾਬੀ ਦੁਨੀਆ, ਸਮਸ਼ੇਰ ਸਿੰਘ ਅਸ਼ੋਕ, *ਮਹਾਂ ਕਵੀ ਸੰਤਰੇਣ ਜੀ,* ਮਹਿਕਮਾ ਪੰਜਾਬੀ, ਜਿਲਦ ਦੂਜੀ, ਨਵੰਬਰ 1951, ਪੰਨਾ 32.

## ਮਿਥਿਹਾਸਕ ਵਿਸ਼ਲੇਸ਼ਣ

ਮਿਥਿਹਾਸ ਦੇ ਖੇਤਰ ਦੀ ਵਿਸ਼ਾਲਤਾ ਵਿਚ ਅਸਮਾਨ, ਸੂਰਜ, ਤਾਰੇ, ਬ੍ਰਹਿਮੰਡ, ਸ੍ਰਿਸ਼ਟੀ, ਧਰਤੀ, ਦੇਵੀ-ਦੇਵਤੇ, ਅਵਤਾਰ, ਰਾਕਸ਼, ਮਨੁਖ, ਪਸ਼ੂ, ਜੀਵ-ਜੰਤੂ, ਰੁਖ, ਬਨਸਪਤੀ, ਮਿਥ ਕਥਾਵਾਂ ਇਤਿਆਦਿਕ ਬਹੁ-ਪਖੀ ਵਿਸ਼ੇ ਸੰਕੁਚਿਤ ਹਨ। ਇਨ੍ਹਾਂ ਦੇ ਵਰਗੀਕਰਣ ਦੀ ਕੋਸ਼ਿਸ਼ ਵਿਦਵਿਤ ਪੁਰਸ਼ਾਂ ਨੇ ਕੀਤੀ ਹੈ, ਮੁਖ ਰੂਪ ਵਿਚ ਮਿਥਾਂ ਨੂੰ ਪ੍ਰਕਿਰਤਕ ਵਰਤਾਰਿਆਂ, ਨਾਇਕਾਂ, ਯੁਗਾਂ ਆਦਿ ਵਰਗਾਂ ਅਨੁਸਾਰ ਵਿਭਾਜਿਤ ਕੀਤਾ ਗਿਆ ਹੈ। ਇਨਸਾਈਕਲੋਪੀਡੀਆ ਆਫ਼ ਰਿਲੀਜਨ ਐਂਡ ਐਥਿਕਸ ਵਿਚ ਮਿਥਿਹਾਸਕ ਸਮਗ੍ਰੀ ਦਾ ਵਰਗੀਕਰਣ ਕ੍ਰਮਵਾਰ ਨਿਮਨਾਂਕਿਤ 12 ਹਿਸਿਆਂ ਵਿਚ ਕੀਤਾ ਗਿਆ ਹੈ-

1. ਪ੍ਰਕਿਰਤਕ ਪਰਿਵਰਤਨ ਅਤੇ ਰੁੱਤਾਂ (Periodic natural changes and seasons)
2. ਹੋਰ ਪ੍ਰਕਿਰਤਕ ਵਸਤਾਂ (Other natural objects)
3. ਅਦਭੁਤ ਜਾਂ ਅਨਿਯਮਤ ਘਟਨਾਵਾਂ (Extraordinary or irregular natural phenomena)
4. ਸ੍ਰਿਸ਼ਟੀ ਦਾ ਉਦਭਵ (The origin of the universe)
5. ਦੇਵਤਿਆਂ ਦਾ ਉਦਭਵ (The origin of the gods)
6. ਮਨੁੱਖ ਅਤੇ ਪਸ਼ੂਆਂ ਦਾ ਉਦਭਵ (The origin of animals and of mankind)
7. ਆਵਾਗਮਨ ਅਤੇ ਰੂਪਾਂਤਰਣ (Transformations)
8. ਨਾਇਕਾਂ, ਪਰਿਵਾਰਾਂ ਅਤੇ ਰਾਸ਼ਟਰ ਨਾਲ ਸੰਬੰਧਿਤ (Heroes, families and nations)
9. ਸਮਾਜਿਕ ਸੰਸਥਾਵਾਂ ਅਤੇ ਖੋਜਾਂ (Social institutions and inventions)
10. ਮ੍ਰਿਤੂ ਉਪਰੰਤ ਹੋਂਦ ਅਤੇ ਪਿਤਰ ਲੋਕ (Existence after death and places of the dead)
11. ਰਾਖਸ਼ ਅਤੇ ਦੈਤ (Demons and monsters)
12. ਇਤਿਹਾਸਿਕ ਘਟਨਾਵਾਂ (Historical events)[477]

---

[477] James Hastings, *Encyclopedia of Religion & Ethics, vol. 9,* Charles Scribner's Sons, New York, 1917, Page 118-20.

ਐਨਸਾਇਕਲੋਪੀਡਿਆ ਆਫ ਅਮੇਰੀਕਾਨਾ ਵਿਚ ਇਹ ਵਰਗੀਕਰਨ ਨੂੰ 4 ਹਿਸਿਆਂ ਵਿਚ ਇਸ ਪ੍ਰਕਾਰ ਵੰਡਿਆ ਗਿਆ ਹੈ-

1. ਸ੍ਰਿਸ਼ਟੀ ਦੇ ਉਦਭਵ ਸੰਬੰਧੀ ਮਿਥ ਕਥਾਵਾਂ (Myths of origin)

2. ਤਾਰਿਆਂ ਅਤੇ ਅਸਮਾਨ, ਸੰਬੰਧੀ ਮਿਥ ਕਥਾਵਾਂ ਅਤੇ ਲੋਕ ਕਥਾਵਾਂ (Myths of stars and the sky- land, Folktales)

3. ਭਵਿਖਤ-ਕਾਲ ਅਤੇ ਪਿਤਰਾਂ ਨਾਲ ਸੰਬੰਧਿਤ ਮਿਥ ਕਥਾਵਾਂ (Myths of future world and of ancestors)

4. ਵਖ-ਵਖ ਵਿਖਿਆਨਾਂ ਜਾਂ ਉਨ੍ਹਾਂ ਦੇ ਤਤਾਂ ਨਾਲ ਸੰਬੰਧਿਤ ਮਿਥ ਕਥਾਵਾਂ (Myths relating to or explaining the elements)[478]

ਇਸ ਵਰਗ-ਵੰਡ ਵਿਚ ਸੰਸਾਰ ਦੀ ਰਚਨਾ, ਜਨਮ-ਮਰਨ, ਪ੍ਰਕਿਰਤਕ ਵਰਤਾਰਿਆਂ ਅਤੇ ਮਨੁਖ ਨਾਲ ਜੁੜਿਆ ਮਿਥਿਹਾਸ ਵਿਦਮਾਨ ਹੈ। ਇਨ੍ਹਾਂ ਵਰਗਾਂ ਰਾਹੀਂ ਕਈ ਰਹਸਾਂ ਦੇ ਅਸਲ ਤੋਂ ਜਾਣੂ ਹੋਇਆ ਜਾ ਸਕਦਾ ਹੈ। ਪਹਿਲੇ ਵਰਗ-ਵੰਡ ਵਿਚ ਲਗਪਗ ਸਾਰੇ ਮਿਥਿਹਾਸ ਦੇ ਰੂਪ ਸੰਕੁਚਿਤ ਹੋ ਜਾਂਦੇ ਹਨ, ਪਰ ਇਸ ਵਿਚ ਵਿਸ਼ੇਸ਼ਗ ਅਧਿਕ ਵਿਸਤਾਰ ਵੀ ਹੈ ਜੋ ਕਿ ਸੰਖਿਪਤ ਰੂਪ ਵਿਚ ਵੀ ਅੰਕਿਤ ਕੀਤਾ ਜਾ ਸਕਦਾ ਹੈ। ਵਾਸਤਵਿਕਤਾ ਇਹ ਹੈ ਕਿ ਇਹ ਘਟਨਾਵਾਂ ਨਾਇਕਾਂ ਅਤੇ ਹੋਰ ਰਾਸ਼ਟਰੀ ਪਰਿਵਾਰਾਂ ਨਾਲ ਸੰਬੰਧਿਤ ਹਨ, ਜਿਵੇਂ ਭਾਰਤ ਵਿਚ ਸੂਰਜਬੰਸੀ ਅਤੇ ਚੰਦਰਬੰਸੀ ਰਾਜਿਆਂ ਨਾਲ ਘਟਿਤ ਘਟਨਾਵਾਂ। ਇਸੇ ਭਾਂਤਿ ਰਾਕਸ਼ਾਂ, ਸ਼ੈਤਾਨਾਂ ਅਤੇ ਦੇਵਤਿਆਂ ਵਾਲੀਆਂ ਘਟਨਾਵਾਂ ਹਨ, ਇਨ੍ਹਾਂ ਦੀ ਵਿਅਕਤੀਗਤ ਅੰਤਰਗਤ ਵੰਡ ਕੀਤੀ ਜਾ ਸਕਦੀ ਹੈ। ਪਸ਼ੂਆਂ ਤੇ ਮਨੁਖ ਦਾ ਉਦਭਵ ਵੀ ਵਿਅਕਤੀਗਤ ਰੂਪ ਵਿਚ ਹੀ ਅੰਕਿਤ ਹੋ ਜਾਂਦਾ ਹੈ। ਸਮੁਚਿਤ ਰੂਪ ਵਿਚ ਪ੍ਰਕਿਰਤੀ, ਅਦਭੁਤ ਜਾਂ ਅਨਿਯਮਤ, ਦ੍ਰਿਸ਼ਟਮਾਨ ਘਟਨਾਵਾਂ ਨੂੰ ਮਿਥਿਹਾਸਕ ਮਨੌਤਾਂ, ਦੇਵਤਿਆਂ, ਪਸ਼ੂਆਂ, ਮਨੁਖ, ਰੂਪ ਪਰਿਵਰਤਨ, ਨਾਇਕਾਂ ਇਤਿਆਦਿਕ ਨਾਲ ਸੰਬੰਧਿਤ ਨੂੰ ਮਿਥਿਹਾਸਕ ਸਖਸ਼ੀਅਤਾਂ, ਸਮਾਜਕ ਸੰਸਥਾਵਾਂ ਤੇ ਖੋਜਾਂ ਨੂੰ ਅਨੁਸ਼ਠਾਨ, ਮ੍ਰਿਤੂ ਉਪਰੰਤ ਹੋਂਦ ਤੇ ਪਿਤਰ ਲੋਕ

[478] *The Encyclopedia Americana, vol. 19,* J.B. Lyon Company, New York, 1919, Page 673.

ਇਤਿਆਦਿਕ ਨੂੰ ਮਿਥਿਹਾਸਕ ਅਸਥਾਨ ਅਨੁਸਾਰ ਵਰਗੀਕ੍ਰਿਤ ਕਰਨਾ ਉਚਿਤ ਰਹੇਗਾ। ਵਿਚਾਰ ਦੀ ਮੰਗ ਅਨੁਸਾਰ ਇਸ ਵਰਗ-ਵੰਡ ਦਾ ਖੇਤਰ ਵੀ ਵੰਡਿਆ ਜਾਵੇਗਾ। ਖੋਜ ਕਾਰਜ ਦੀ ਸਰਲਤਾ ਲਈ ਅਸੀਂ ਇਹ ਵਰਗ-ਵੰਡ ਉਚਿਤ ਸਮਝੀ ਹੈ, ਜਿਸ ਦਾ ਕ੍ਰਮ ਨਿਮਨਾਂਕਿਤ ਅਨੁਸਾਰ ਹੋਵੇਗਾ ਜਿਸ ਅਧੀਨ ਪ੍ਰਮੁਖ ਮਿਥਿਹਾਸਕ ਸਮਗਰੀ ਸੰਕੁਚਿਤ ਹੋ ਜਾਵੇਗੀ-

1. ਮਿਥਿਹਾਸਕ ਸਖਸ਼ੀਅਤਾਂ-

1.1 ਦੇਵੀ-ਦੇਵਤੇ

1.2 ਪ੍ਰਮੁਖ ਅਵਤਾਰ

1.3 ਭਾਰਤੀ ਮਿਥਿਹਾਸ ਦੀਆਂ ਅਸੁਰ ਸਖਸ਼ੀਅਤਾਂ

1.4 ਪ੍ਰਸਿਧ ਮਿਥਿਹਾਸਕ ਇਸਤ੍ਰੀਆਂ

1.5 ਮਿਥਿਹਾਸਕ ਰਾਜੇ

1.6 ਰਿਸ਼ੀ ਅਤੇ ਯੋਧੇ

1.7 ਕੁਝ ਹੋਰ ਸਖਸ਼ੀਅਤਾਂ

2. ਮਿਥਿਹਾਸਕ ਸਥਾਨ-

2.1 ਭਾਰਤੀ ਲੌਕਿਕ ਸਥਾਨ

2.2 ਭਾਰਤੀ ਪਰਾਲੌਕਿਕ ਸਥਾਨ

2.3 ਅਭਾਰਤੀ ਲੌਕਿਕ ਸਥਾਨ

2.4 ਅਭਾਰਤੀ ਪਰਾਲੌਕਿਕ ਸਥਾਨ

3. ਮਿਥ ਕਥਾਵਾਂ-

3.1 ਸਿਖਿਆਰਥ

3.2 ਮਹਿਮਾਰਥ

3.3 ਖੰਡਣਾਰਥ

3.4 ਮਿਥ ਕਥਾਵਾਂ ਦੇ ਸੰਕੇਤ

4. ਮਿਥਿਹਾਸਕ ਮਨੌਤਾਂ-

4.1 ਸ੍ਰਿਸ਼ਟੀ ਰਚਨਾ

4.2 ਕਾਲ

4.3 ਮੌਤ

4.4 ਕਰਮ, ਆਵਾਗਵਨ ਅਤੇ ਚੁਰਾਸੀ ਲਖ ਜੂਨਾਂ

4.5 ਮੁਕਤੀ

4.6 ਅੰਮ੍ਰਿਤ

4.7 ਪੁੰਨ ਤੇ ਪਾਪ

4.8 ਜੰਤਰ, ਮੰਤਰ ਅਤੇ ਤੰਤਰ

4.9 ਰਿਧੀਆਂ, ਸਿਧੀਆਂ ਅਤੇ ਜੈਨੀਆਂ ਦੀਆਂ ਮਨੌਤਾਂ

5. ਮਿਥਿਹਾਸਕ ਹਵਾਲਿਆਂ ਦਾ ਮਨੋਰਥ (ਮੁਲੰਕਣ)।

**1. ਮਿਥਿਹਾਸਕ ਸਖਸ਼ੀਅਤਾਂ**

ਮਿਥਿਹਾਸਕ ਸਖਸ਼ੀਅਤਾਂ ਵਿਚ ਸਰਵ ਪ੍ਰਥਮ ਅਸੀਂ ਦੇਵੀ-ਦੇਵਤਿਆਂ ਦੀ ਵਿਚਾਰ ਪ੍ਰਸਤੁਤ ਕਰਨੀ ਹੈ। ਵਿਚਾਰਾਧੀਨ ਕ੍ਰਿਤੀ ਵਿਚ ਬਹੁਤ ਸਾਰੇ ਦੇਵੀ-ਦੇਵਤਿਆਂ ਦਾ ਵਰਨਣ ਦੇਖਣ ਨੂੰ ਸਹਿਜ ਹੀ ਮਿਲ ਜਾਂਦਾ ਹੈ।

**1.1 ਦੇਵੀ-ਦੇਵਤੇ-**

ਵਿਚਾਰਾਧੀਨ ਕ੍ਰਿਤੀ ਵਿਚ ਬਹੁਤ ਸਾਰੇ ਦੇਵੀ-ਦੇਵਤਿਆਂ ਦੀ ਉਸਤਤੀ ਕੀਤੀ ਗਈ ਹੈ। 20 ਖੰਡਾਂ ਵਿਚੋਂ ਪਹਿਲੇ ਖੰਡ ਵਿਚ ਮਾਤਰ ਦੇਵੀ-ਦੇਵਤਿਆਂ, ਰਿਸ਼ੀ-ਮੁਨੀਆਂ, ਭਗਤਾਂ, ਅਵਤਾਰਾਂ ਇਤਿਆਦਿਕ ਦੀ ਹੀ ਉਪਮਾ ਹੈ। ਇਨ੍ਹਾਂ ਦੇਵੀ-ਦੇਵਤਿਆਂ ਵਿਚੋਂ ਪ੍ਰਮੁਖ ਦਾ ਚਿਤਰਣ ਇਸ ਪ੍ਰਕਾਰ ਹੈ-

**1.1.1 ਇੰਦਰ**

ਵੈਦਿਕ ਦੇਵਤਿਆਂ ਵਿਚ ਇੰਦਰ ਨੂੰ ਸਭ ਤੋਂ ਅਧਿਕ ਪ੍ਰਸਿਧੀ ਮਿਲੀ ਹੈ। ਬ੍ਰਹਮਾ, ਵਿਸ਼ਨੂੰ, ਮਹੇਸ਼ ਤੋਂ ਵੀ ਇੰਦਰ ਦੇਵਤਾ ਦਾ ਉਚਾ ਅਸਥਾਨ ਹੈ। ਇਹ ਦੇਵਤਿਆਂ ਦਾ ਰਾਜਾ ਇੰਦਰਪੁਰੀ ਨਗਰੀ ਵਿਚ

ਰਹਿੰਦਾ ਹੈ ਅਤੇ ਇਸ ਦੀ ਰਾਜਧਾਨੀ ਅਮਰਾਵਤੀ ਹੈ। ਰਿਗਵੇਦ ਅਨੁਸਾਰ ਇਹ ਵਾਯੂਮੰਡਲ ਦਾ ਸੁਆਮੀ, ਵਰਖਾ ਦਾ ਦੇਵਤਾ, ਮੀਂਹ ਅਤੇ ਅੰਨ ਦਾ ਦਾਤਾ ਹੈ। ਇਸ ਕਰਕੇ ਲੋਕ ਇਸਨੂੰ ਪਿਆਰਦੇ ਹਨ ਅਤੇ ਝਖੜ ਹਨ੍ਹੇਰੀ, ਬਿਜਲੀ ਗਿਰਾਉਣ ਇਤਿਆਦਿਕ ਕਾਰਣਾਂ-ਵਸ ਭੈਅ ਵੀ ਖਾਂਦੇ ਹਨ। ਇਸ ਦਾ ਹਥਿਆਰ ਬੱਜਰ ਹੈ, ਜਿਸ ਦੁਆਰਾ ਇਹ ਦੈਂਤਾਂ ਨੂੰ ਮਾਰਦਾ ਹੈ, ਵ੍ਰਿਤ੍ਰ ਨਾਮੀ ਦੈਂਤ ਨੂੰ ਵੀ ਇਸੇ ਨਾਲ ਮਾਰਿਆ ਸੀ।[479] ਰਿਗਵੇਦ ਦੇ 250 ਸੂਕਤਾਂ ਵਿਚ ਇਸ ਦੀ ਉਪਮਾ ਇਸ ਵਿਚਾਰ ਦੀ ਮੋਹਰ ਹਨ। ਰਿਗਵੇਦ ਦਾ ਲਗਪਗ 1/4 ਹਿਸਾ ਇਸ ਦੇਵਤੇ ਦੀ ਉਸਤਤੀ ਹੈ, ਜੋ ਇਸ ਦੀ ਵਡਿਆਈ ਅਤੇ ਸਰਵ-ਵਿਆਪੀ ਪ੍ਰਭਾਵ ਨੂੰ ਵਿਅਕਤ ਕਰਦਾ ਹੈ। ਇਸ ਦੇ ਹੋਰ ਵੀ ਕਈ ਨਾਂ ਹਨ ਜਿਵੇਂ-ਵੱਜਰੀ, ਸ਼ਚੀ ਪਤੀ ਇਤਿਆਦਿਕ। ਇਸ ਦੀ ਪਤਨੀ ਦਾ ਨਾਂ ਇੰਦਰਾਣੀ ਹੈ।[480] ਵਿਚਾਰਾਧੀਨ ਕ੍ਰਿਤੀ ਵਿਚ ਇੰਦਰ ਦਾ ਦੇਵਤਿਆਂ ਦਾ ਰਾਜਾ ਹੋਣ ਦੀ ਸਵਿਕ੍ਰਿਤੀ ਹੈ, ਪਰ ਨਾਲ ਹੀ ਉਸਨੂੰ ਇਹ ਡਰ ਵੀ ਹੈ ਕਿ ਉਸਦਾ ਰਾਜ-ਭਾਗ ਖੁਸ ਵੀ ਨਾ ਜਾਵੇ। ਬ੍ਰਹਮ ਖੰਡ ਵਿਚ ਕਵੀ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਾ ਪੂਰਬਲਾ ਬਿਰਤਾਂਤ ਦਸਦਿਆਂ ਇੰਦਰ ਦਾ ਸੰਕੇਤ ਮਾਤਰ ਚਿਤਰਣ ਕੀਤਾ ਹੈ। ਕਵੀ ਦਾ ਮੰਨਣਾ ਹੈ ਕਿ ਕਸਜਪ ਅਤੇ ਅਦਿਤੀ ਨੇ ਇਸ ਮਨੋਰਥ ਲਈ ਤਪ ਕੀਤਾ ਕਿ ਪਰਮਾਤਮਾ ਆਪ ਉਨ੍ਹਾਂ ਦੇ ਘਰ, ਪੁਤਰ ਰੂਪ ਵਿਚ ਜਨਮ ਲੈਣ। ਹਜਾਰ ਸਾਲ ਦੀ ਭਗਤੀ ਤੋਂ ਭੈ-ਭੀਤ ਇੰਦਰ ਨੂੰ ਆਪਣੇ ਰਾਜ ਦੀ ਚਿੰਤਾਂ ਹੋਣ ਲਗਦੀ ਹੈ । ਉਹ ਆਪਣੇ ਗੁਰੂ ਕੋਲੋਂ ਨਿਸ਼ਕਰਸ਼ ਪਤਾ ਕਰਨ ਜਾਂਦਾ ਹੈ, ਇਸ ਬਿਰਤਾਂਤ ਨੂੰ ਇੰਞ ਵਿਅਕਤ ਕੀਤਾ ਹੈ-

ਬਰਸ ਹਜਾਰ ਬਹੁਰਿ ਤਪ ਕਰਿਯੋ॥ ਦੇਖਿ ਤਾਹਿ ਤਪ ਸੁਰਪਤਿ ਡਰਿਯੋ॥30॥
ਤਪ ਕੇ ਤੇਜ ਸਹਯੋ ਨਹੀ ਗਯੋ॥ ਨਿਜ ਆਸਣ ਤਜਿ ਗੁਰ ਪੈ ਅਯੋ॥
ਆਇ ਕਰੀ ਗੁਰ ਕੋ ਪਰਣਾਮ॥ ਦ੍ਵੈ ਕਰਿ ਜੋਰ ਸੁ ਤਿਨ ਸੁਖਧਾਮ॥31॥
ਇੰਦ੍ਰੋ ਵਾਚ॥
ਕਸਜਪ ਨੈ ਤਪ ਮਾਂਡਿਉ ਭਾਰਾ॥ ਮੁਖਿ ਤੇ ਨਾਹਿ ਸੁ ਜਾਇ ਉਚਾਰਾ॥

---

[479] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 32.

[480] ਦਲੀਪ ਸਿੰਘ (ਸੰਪਾ), *ਪੰਜਾਬੀ ਵਿਸ਼ਵ ਕੋਸ਼ ਜਿਲਦ ਤੀਜੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989, ਪੰਨਾ 70-71.

ਕਰਿਯੈ ਇਸ ਕਾ ਕਉਨ ਉਪਾਇ॥ ਤਪ ਕਾ ਤੇਜ ਸਹਯੋ ਨਹੀ ਜਾਇ॥32॥

ਕਹਯੋ ਗੁਰੂ ਤੁਮਰੀ ਕਲਿਆਨ॥ ਮਤਿ ਭੈ ਕਰੋ ਸੁ ਆਪ ਮਹਾਨ॥

ਆਦਿ ਨਰਾਯਣ ਦਰਸਣਿ ਕਾਰਣਿ॥ ਮਾਂਡਿਉ ਤਪ ਤਿਨ ਆਪ ਸੁ ਦਾਰੁਣਿ॥33॥

ਦੋਹਰਾ॥

ਸੁਤ ਕਾਰਣਿ ਤਪ ਮਾਂਡਿਯੋ ਕਰੈ ਸੁ ਵਾਰ ਅਹਾਰ॥

ਸੁਰਪਤਿ ਸੁਣਿ ਨਿਰਭੈ ਭਯੋ ਦਯੋ ਤਾਹਿ ਡਰਿ ਡਾਰ॥34॥[481]

ਸੋ ਦੇਵਤਿਆਂ ਦਾ ਰਾਜਾ ਮਾਤਰ ਇਸ ਲਈ ਡਰ ਗਿਆ ਕਿ ਕਸਜਪ ਅਤੇ ਅਦਿਤੀ ਦਾ ਤਪ ਬਹੁਤ ਅਧਿਕ ਹੈ, ਰਾਜ ਦੇ ਮੋਹ-ਗ੍ਰਸਿਤ ਉਹ ਆਪਣੇ ਗੁਰੂ ਕੋਲ ਜਾਂਦਾ ਹੈ, ਜਿਥੇ ਇਹ ਪਤਾ ਲਗਣ ‘ਤੇ ਕਿ ਤਪ ਦਾ ਮਨੋਰਥ ਮਾਤਰ ਪੁਤਰ ਪ੍ਰਾਪਤੀ ਹੈ, ਨਿਸ਼ਚਿੰਤ ਹੁੰਦਾ ਹੈ। ਇਸੇ ਪ੍ਰਕਾਰ ਦਾ ਚਿਤਰਣ ਖਡੂਰੀ ਖੰਡ ਵਿਚ ਵੀ ਦੇਖਣ ਨੂੰ ਮਿਲ ਜਾਂਦਾ ਹੈ। ਇਸ ਬਿਰਤਾਂਤ ਵਿਚ ਕੁਸਨਾਭ ਰਾਜੇ ਦੇ ਯਗਾਂ ਨੂੰ ਵਿਘਿਨਿਤ ਕਰਨ ਹਿਤ ਨਾਰਦ ਨੂੰ ਭੇਜਦਾ ਹੈ, ਉਥੇ ਵੀ ਇਹ ਰਾਜ ਮੋਹ-ਗ੍ਰਸਿਤ ਹੁੰਦਾ ਹੈ। ਯਥਾ-

ਬ੍ਰਹਮਾ ਇੰਦ੍ਰ ਦੇਖਿ ਸੁ ਡਰੇ॥ ਮਤਿ ਹਮਰੇ ਅਸਥਾਨਾ ਹਰੇ॥

ਬਿਘਨ ਕਰਨ ਕੋ ਖਰੇ ਸੁ ਰਹੇ॥ ਨਾਰਦ ਪ੍ਰਤਿ ਤਿਨਿ ਵਚਨ ਕਹੇ॥59॥[482]

ਨਿਖਲਥਲੀ ਅਤੇ ਅਰਜਨ ਖੈੜੇ ਜਦ ਗੁਰੂ ਜੀ ਜਾਂਦੇ ਹਨ ਤਾਂ ਇਹ ਬਿਰਤਾਂਤ ਵਿਚਾਰਾਧੀਨ ਕ੍ਰਿਤੀ ਵਿਚ ਅੰਕਿਤ ਕੀਤਾ ਹੈ ਕਿ ਉਸ ਸਥਾਨ ‘ਤੇ ਕਾਲ ਪਿਆ ਹੋਇਆ ਸੀ ਅਤੇ ਦੋ ਸਾਲ ਤੋਂ ਵਰਖਾ ਨਹੀਂ ਸੀ ਹੋਈ। ਇਥੇ ਕਵੀ ਨੇ ਇੰਦਰ ਨੂੰ ਵਰਖਾ ਦਾ ਦੇਵਤਾ ਵਜੋਂ ਸਵਿਕ੍ਰਿਤੀ ਦਿਤੀ ਹੈ। ਕਿਉਂਕਿ ਗੁਰੂ ਜੀ ਉਸ ਨੂੰ ਹੁਕਮ ਕਰਦੇ ਹਨ ਕਿ ਵਰਖਾ ਕੀਤੀ ਜਾਵੇ ਤਾਂ ਜੋ ਲੋਕਾਂ ਦੇ ਦੁਖ ਦੂਰ ਹੋ ਸਕਣ ਅਤੇ ਫਿਰ ਇੰਦਰ ਨੇ ਵਰਖਾ ਕੀਤੀ। ਯਥਾ-

ਹੁਕਮ ਕੀਉ ਗੁਰ ਇੰਦ੍ਰ ਕੋ ਬਰਖਾ ਕਰੋ ਮਹਾਨ॥

---

[481] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 129.

[482] ਉਹੀ, ਪਤਰਾ 847.

ਜੀਵ ਦੁਖੀ ਹੈਂ ਥਲੀ ਕਿ ਮਿਰਗਾਦਿਕ ਸਭਿ ਜਾਨ॥51॥

... ... ... ... ... ... ... ... ... ...

ਆਗਯਾ ਮਾਨੀ ਗੁਰੂ ਕੀ ਬਰਖਾ ਕਰੀ ਸੁਰੇਸ॥

ਸਤਿਗੁਰ ਕ੍ਰਿਪਾ ਪ੍ਰਸਾਦਿ ਤੇ ਸਭਿ ਕੇ ਮਿਟੇ ਕਲੇਸ॥55॥[483]

ਇਸ ਤਰ੍ਹਾਂ ਕਵੀ ਨੇ ਇੰਦਰ ਦੀ ਹੋਂਦ ਨੂੰ ਸਵਿਕ੍ਰਿਤ ਕਰਕੇ ਉਸ ਦੇ ਸਰੂਪ ਦਾ ਪ੍ਰਗਟਾਵਾ ਕਰਨ ਦਾ ਯਤਨ ਕੀਤਾ ਹੈ।

### 1.1.2 ਬ੍ਰਹਮਾ

ਹਿੰਦੂਆਂ ਦੇ ਤਿੰਨ ਪ੍ਰਮੁਖ ਦੇਵਤਿਆਂ ਵਿਚੋਂ, ਬ੍ਰਹਮਾ, ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਹੈ। ਪੌਰਾਣਿਕ ਕਥਾ ਅਨੁਸਾਰ ਇਸ ਦਾ ਜਨਮ ਸ਼ੇਸ਼ਨਾਗ ਦੀ ਸੇਜਾ ਉਤੇ ਬਿਰਾਜਮਾਨ ਵਿਸ਼ਨੂੰ ਦੀ ਧੁਨੀ ਵਿਚੋਂ ਫੁਟੇ ਕਮਲ ਦੇ ਫੁਲ ਤੋਂ ਸਮੁੰਦਰ ਵਿਚ ਹੋਇਆ ਸੀ। ਯਕੀਨ ਨਾ ਆਉਣ 'ਤੇ ਉਸ ਨੇ ਕਮਲ ਨੂੰ ਲੱਤ ਮਾਰੀ ਤੇ ਕਮਲ ਦੀ ਨਾਲੀ ਵਿਚ 36 ਜੁਗ ਘੁੰਮਦਾ ਰਿਹਾ। ਬ੍ਰਹਮਾ ਦੇ ਚਾਰ ਮੂੰਹ, ਲਾਲ ਰੰਗ ਤੇ ਚਾਰ ਬਾਹਾਂ ਮੰਨੀਆਂ ਜਾਂਦੀਆਂ ਹਨ ਤੇ ਇਹ ਵੀ ਮਨੌਤ ਹੈ ਕਿ ਚਾਰ ਮੁਖਾਂ ਤੋਂ ਹੀ ਚਾਰੇ ਵੇਦਾਂ ਦੀ ਸਿਰਜਣਾ ਹੋਈ ਹੈ । ਇਹ ਹੰਸ ਦੀ ਸਵਾਰੀ ਕਰਦਾ ਹੈ। ਇਸ ਦੇ ਚਾਰ ਮਾਨਸਿਕ ਪੁਤਰ-ਸਨਕ, ਸਨੰਦਨ, ਸਨਾਤਨ, ਸਨਤ ਅਤੇ ਦੋ ਪੁਤਰੀਆਂ-ਸਰਸਵਤੀ ਤੇ ਤਿਲੋਤਮਾ ਹਨ। ਬ੍ਰਹਮਾ ਦੇ ਮੁਖ ਤੋਂ ਬ੍ਰਾਹਮਣ, ਬਾਹਾਂ ਤੋਂ ਛਤ੍ਰੀ, ਪਟਾਂ ਤੋਂ ਵੈਸ਼ ਤੇ ਪੈਰਾਂ ਤੋਂ ਸ਼ੂਦ੍ਰ ਪੈਦਾ ਹੋਣ ਦੀ ਵਿਚਾਰ ਨੂੰ ਯਜੁਰ ਵੇਦ ਵਿਚ ਸਵੀਕ੍ਰਿਤੀ ਦਿਤੀ ਹੋਈ ਹੈ । ਬ੍ਰਹਮਾ ਦਾ ਇਕੋ ਇਕ ਮੰਦਿਰ ਪੁਸ਼ਕਰ ਹੈ।[484] ਕਵੀ ਅਨੁਸਾਰ ਬ੍ਰਹਮਾ ਸਰਵ-ਸ੍ਰੇਸ਼ਟ ਦੇਵਤਾ ਹੈ-

ਦੇਵਨਿ ਮਾਹਿ ਪ੍ਰਧਾਨ ਬ੍ਰਹਮਾ ਬਿਸਨ ਮਹੇਸ ਜੋ॥[485]

---

[483] ਉਹੀ, ਪਤਰਾ 818.

[484] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 219.

[485] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 6.

ਪਰ ਜੋ ਡਰ ਇੰਦਰ ਨੂੰ ਹੈ, ਉਹ ਹੀ ਡਰ ਕਵੀ ਨੇ ਬ੍ਰਹਮਾ ਨੂੰ ਵੀ ਦਰਸਾਇਆ ਹੈ, ਬੇਸ਼ਕ ਬ੍ਰਹਮਾ ਸਰਵ-ਸ੍ਰੇਸ਼ਟ ਦੇਵਤਾ ਹੈ, ਪਰ ਉਸ ਨੂੰ ਆਪਣਾ ਰਾਜ ਦੇ ਖੁਸ ਜਾਣ ਦਾ ਡਰ ਬਣ ਜਾਂਦਾ ਹੈ। ਖਡੂਰੀ ਖੰਡ ਵਿਚ ਇਸ ਦਾ ਵਿਸ਼ੇਸ਼ਗ ਜ਼ਿਕਰ ਕਵੀ ਨੇ ਕੀਤਾ ਹੈ।ਯਥਾ-

ਬ੍ਰਹਮਾ ਇੰਦ੍ਰ ਦੇਖਿ ਸੁ ਡਰੇ॥ ਮਤਿ ਹਮਰੇ ਅਸਥਾਨਾ ਹਰੇ॥

ਬਿਘਨ ਕਰਨ ਕੋ ਖਰੇ ਸੁ ਰਹੇ॥ ਨਾਰਦ ਪ੍ਰਤਿ ਤਿਨਿ ਵਚਨ ਕਹੇ॥59 ॥[486]

ਦੇਵਤਿਆਂ ਵਿਚ ਸਿਰਮੌਰ ਦੇਵਤਾ ਬ੍ਰਹਮਾ ਪ੍ਰਭੂ ਦਾ ਹੀ ਸਿਰਜਿਆ ਹੋਇਆ ਹੈ, ਪ੍ਰਭੂ ਦੇ ਹੁਕਮ ਵਿਚ ਬ੍ਰਹਮਾ, ਵਿਸ਼ਨੂੰ, ਮਹੇਸ਼ ਇਤਿਆਦਿਕ ਦੇਵਤੇ ਸਕ੍ਰਿਅ ਹਨ। ਇਹ ਸਾਰੇ ਹੀ ਵਖੋ-ਵਖਰੇ ਅਵਤਾਰ ਧਾਰ ਕੇ ਲੋਕਾਈ ਨੂੰ ਕਲੇਸ਼ਾਂ ਤੋਂ ਨਿਵਿਰਤੀ ਦਿਵਾਉਂਦੇ ਹਨ-

ਦਰਸਨਿ ਕਰਿ ਜਿਸ ਪ੍ਰਭੂ ਕਾ ਨਾਨਕ ਆਇ ਉਦਾਰ॥

ਬ੍ਰਹਮਾ ਬਿਸਨੂ ਮਹੇਸ ਸਭਿ ਤਿਸ ਹੀ ਕੇ ਅਵਤਾਰ॥27॥

ਸਲੋਕ॥

ਤਿਸ ਕੀ ਆਗਿਆ ਮੈ ਚਲੈਂ ਬ੍ਰਹਮਾ ਬਿਸਨੁ ਮਹੇਸ॥

ਧਰਿ ਧਰਿ ਕੇ ਅਵਤਾਰ ਇਹੋ ਜਨ ਕੇ ਹਰੈ ਕਲੇਸ॥28॥[487]

ਅਵਤਾਰਵਾਦ ਦੀ ਧਾਰਨਾ ਕਰਕੇ ਹੀ ਕਵੀ ਨੇ ਹਰਿਦਿਆਲ ਨੂੰ ਬ੍ਰਹਮਾ ਦਾ ਅਵਤਾਰ ਦਸਿਆ ਹੈ, ਜੋ ਕਿ ਤਲਵੰਡੀ ਵਿਚ ਜਨਮ ਧਾਰਦਾ ਹੈ ਅਤੇ ਗੁਰੂ ਜੀ ਦਾ ਕੁਲ ਪੁਰੋਹਿਤ ਬਣਦਾ ਹੈ।

ਪਹਿਲੇ ਤਾਂਹਿ ਬਿਵਾਹਿ ਤੇ ਬ੍ਰਹਮਾ ਲਯੋ ਉਤਾਰ॥

ਅਲਪ ਕਥਾ ਕਛੁ ਤਾਂਹਿ ਕੀ ਸਰਵਨਿ ਕਰੋ ਉਦਾਰ॥61॥

ਤੁਲਵੰਡੀ ਮੈ ਜਨਮ ਤਿਨ ਲਯੋ ਬਿਪਰ ਘਰਿ ਆਇ॥

ਹਰਿਦਿਆਲ ਤਹਿ ਨਾਮ ਦ੍ਵਿਜ ਰਾਖਿਉ ਮਨ ਹਰਖਾਇ॥62॥[488]

---

[486] ਉਹੀ, ਪਤਰਾ 847.

[487] ਉਹੀ, ਪਤਰਾ 56.

[488] ਉਹੀ, ਪਤਰਾ 158.

ਚਰਚਿਤ ਕ੍ਰਿਤੀ ਵਿਚ ਬ੍ਰਹਮਾ ਦਾ ਸਥਾਨ ਸਤਿਲੋਕ ਦਸਿਆ ਗਿਆ ਹੈ।

ਨਾਰਦ ਮੁਨਿ ਸਤਿਲੋਕ ਮੈ ਗਯੋ ਸੁ ਬ੍ਰਹਮਾ ਪਾਸ॥

ਤਪ ਕਾ ਸਭ ਬਰਤਾਂਤਿ ਤਿਨ ਤਿਸ ਪੈ ਕੀਉ ਪ੍ਰਕਾਸ॥1॥[489]

ਕਵੀ ਨੇ ਬ੍ਰਹਮਾ ਦਾ ਸਰੂਪ ਸਿਧੇ ਰੂਪ ਵਿਚ ਵਰਨਣ ਨਹੀਂ ਕੀਤਾ ਹੈ, ਪਰ ਫਿਰ ਵੀ ਬਹੁਤ ਸਾਰੀਆਂ ਬ੍ਰਹਮਾਂ ਦੇ ਬਾਰੇ ਵਿਚ ਵਿਚਾਰਾਂ ਸਹਿਜ ਹੀ ਮਿਲ ਜਾਂਦੀਆਂ ਹਨ, ਜਿਸ ਵਿਚ ਅਸੀਂ ਵਾਚਿਆ ਹੈ ਕਿ ਬ੍ਰਹਮਾ ਨੂੰ ਆਪਣਾ ਰਾਜ ਖੁਸਣ ਦਾ ਡਰ ਹੈ। ਬ੍ਰਹਮਾ ਨੂੰ ਹਰਿਦਿਆਲ ਪੁਰੋਹਿਤ ਦੇ ਰੂਪ ਵਿਚ ਅਵਤਾਰ ਦਰਸਾ ਕੇ ਕਵੀ ਨੇ ਉਸਦੇ ਸਰੂਪ ਦਾ ਪ੍ਰਗਟਾਵਾ ਕੀਤਾ ਹੈ।

### 1.1.3 ਵਿਸ਼ਨੂੰ

ਹਿੰਦੂ ਮਨੌਤ ਅਨੁਸਾਰ ਵਿਸ਼ਨੂੰ ਉਹ ਦੇਵਤਾ ਹੈ ਜੋ ਸਭ ਦੀ ਪਾਲਣਾ ਕਰਦਾ ਹੈ। ਇਸੇ ਕਰਕੇ ਇਸ ਦੀ ਪੂਜਾ ਮਾਨਤਾ ਵਧੇਰੇ ਹੈ। ਖਿਆਲ ਹੈ, ਇਹ ਸ਼ੇਸ਼ਨਾਗ ਦੀ ਸੇਜਾ ਉਤੇ ਬਿਰਾਜਮਾਨ ਹੈ ਜਿਥੇ ਲੱਛਮੀ ਇਸ ਦੇ ਚਰਨ ਘੁੱਟ ਰਹੀ ਹੈ। ਇਸ ਦੀ ਧੁੰਨੀ ਵਿਚੋਂ ਫੁਟੇ ਕੰਵਲ ਤੋਂ ਹੀ ਬ੍ਰਹਮਾ ਨੇ ਜਨਮ ਲਿਆ ਤੇ ਮਹਾਂਭਾਰਤ ਅਨੁਸਾਰ ਸ਼ਿਵ ਵੀ ਇਸ ਦੇ ਮਸਤਕ ਵਿਚੋਂ ਪ੍ਰਗਟ ਹੋਇਆ ਸੀ। ਵਿਸ਼ਨੂੰ ਦੀਆਂ ਚਾਰ ਭੁਜਾਂ ਹਨ ਜਿਨ੍ਹਾਂ ਵਿਚ ਇਸ ਨੇ ਸੰਖ ਚੱਕ੍ਰ, ਗਦਾ ਤੇ ਪਦਮ ਧਾਰਣ ਕੀਤਾ ਹੋਇਆ ਹੈ। ਇਹ ਗਰੁੜ ਦੀ ਸਵਾਰੀ ਕਰਦਾ ਹੈ ਤੇ ਇਸ ਦਾ ਨਿਵਾਸ ਸਥਾਨ ਬੈਕੁੰਠ ਕਹਾਉਂਦਾ ਹੈ। ਜਿਸ-ਜਿਸ ਸਮੇਂ ਧਰਤੀ ਉਤੇ ਜੀਵਾਂ ਨੂੰ ਕੋਈ ਕਸ਼ਟ ਹੁੰਦਾ ਹੈ ਤਾਂ ਇਹ ਕਸ਼ਟ ਨਿਵਾਰਣ ਲਈ ਆਪ ਅਵਤਾਰ ਧਾਰਨ ਕਰਦਾ ਹੈ। ਮੱਛ, ਕੱਛ, ਬਰਾਹ, ਨਰ-ਸਿੰਘ, ਪਰਸੁਰਾਮ, ਰਾਮ, ਕ੍ਰਿਸ਼ਨ ਆਦਿ ਚੌਵੀ ਅਵਤਾਰ ਇਸ ਨੇ ਧਾਰਨ ਕੀਤੇ। ਸੋ ਵਿਸ਼ਨੂੰ ਦਾ ਇਹ ਮਿਥਿਹਾਸਕ ਜਾਂ ਇਤਿਹਾਸਕ ਸਰੂਪ ਸ਼ਰਧਾਲੂਆਂ ਲਈ ਵਧੇਰੇ ਉਪਯੋਗਤਾ ਤੇ ਖਿਚ ਦਾ ਕਾਰਣ ਹੈ, ਇਸੇ ਕਰਕੇ ਭਾਰਤ ਵਿਚ ਇਸ ਦੀ ਪੂਜਾ ਜ਼ਿਆਦਾ ਹੋਈ ਹੈ।[490]

---

[489] ਉਹੀ, ਪਤਰਾ 165.

[490] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 265.

ਵਿਸ਼ਨੂੰ ਨੂੰ ਵਿਚਾਰਾਧੀਨ ਕ੍ਰਿਤੀ ਵਿਚ ਸਿਰਮੌਰ ਦੇਵਤਿਆਂ ਵਿਚ ਦਰਸਾਇਆ ਗਿਆ ਹੈ, ਇਸ ਦਾ ਸਥਾਨ ਬ੍ਰਹਮਾ ਅਤੇ ਸ਼ਿਵ ਨਾਲ ਹੀ ਅੰਕਿਤ ਕੀਤਾ ਗਿਆ ਹੈ-

ਸੋ ਪਰਬ੍ਰਹਮ ਧਿਆਨ ਮੈ ਮਗਨ ਭਏ ਪੁਨਿ ਦੋਇ॥1॥[491]

ਕਵੀ ਅਨੁਸਾਰ ਵਿਸ਼ਨੂੰ ਸਮੇਂ ਸਮੇਂ 'ਤੇ ਅਵਤਾਰ ਧਾਰਦਾ ਰਹਿੰਦਾ ਹੈ। ਅਵਤਾਰ ਧਾਰਨ ਲਈ ਕੋਈ ਨਾ ਕੋਈ ਕਾਰਣ ਆਵਸ਼ਕ ਹੁੰਦਾ ਹੈ। ਰਾਮ ਦੇ ਅਵਤਰਣ ਵਾਲੀ ਸਾਖੀ ਬ੍ਰਹਮ ਖੰਡ ਵਿਚ ਵਿਸਥਾਰ ਨਾਲ ਵਰਣਿਤ ਹੈ। ਜਿਸ ਵਿਚ ਨਾਰਦ ਦੁਆਰਾ ਦਿਤਾ ਗਿਆ ਸਰਾਪ ਰਾਮ ਦੇ ਅਵਤਾਰ ਲੈਣ ਦਾ ਕਾਰਨ ਬਣਦਾ ਹੈ-

ਨਾਰਦ ਤਿਨ ਕੋ ਦੀਉ ਸਰਾਪ॥ ਅਧਮ ਜੂਨਿ ਤੁਮ ਪਾਵਹੁ ਆਪ॥[492]

ਰਾਮ ਉਤਾਰ ਸੁ ਬਿਸਨੂ ਭਯੋ॥ ਨਾਰਦ ਬਚਨਿ ਸੁ ਸਤਿ ਤਿਨ ਕਯੋ॥[493]

ਇਸੇ ਭਾਂਤਿ ਕਵੀ ਨੇ ਗੁਰੂ ਨਾਨਕ ਦੇਵ ਜੀ ਨੂੰ ਵਿਸ਼ਨੂੰ ਦਾ ਅਵਤਾਰ ਦਰਸਾਇਆ ਹੈ। ਯਥਾ-

ਕਰਿ ਕੈ ਕਾਰਜ ਬਹੁਰਿ ਪੁਨਿ ਲੀਨ ਹੋਹਿ ਤਿਸ ਮਾਹਿ॥

ਨਾਨਕ ਬਿਸਨੁ ਉਤਾਰ ਹੈ ਇਸ ਮੈ ਸੰਸਾ ਨਾਹਿ॥29॥[494]

ਕਵੀ ਨੇ ਵਾਰ-ਵਾਰ ਰਚਨਾ ਵਿਚ ਜ਼ਿਕਰ ਕਰਦਿਆਂ ਗੁਰੂ ਨਾਨਕ ਦੇਵ ਜੀ ਨੂੰ ਵਿਸ਼ਨੂੰ ਦਾ ਅਵਤਾਰ ਦਰਸਾਇਆ ਹੈ। ਜਦੋਂ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ ਤਾਂ ਗੋਰਖ ਗੁਰੂ ਜੀ ਨੂੰ ਮਿਲਣ ਆਇਆ ਅਤੇ ਆਪਣੀ ਮੁੰਦਰ ਗੁਰੂ ਜੀ ਨੂੰ ਦੇ ਗਿਆ, ਅਜਿਹਾ ਮੰਨਿਆ ਜਾਂਦਾ ਹੈ ਸੀ ਕਿ ਗੋਰਖ ਦੀ ਮੁੰਦਰ ਨੂੰ ਵਿਸ਼ਨੂੰ ਅਤੇ ਸ਼ਿਵ ਤੋਂ ਬਿਨਾਂ ਹੋਰ ਕੋਈ ਆਪਣੇ ਕੋਲ ਨਹੀਂ ਰਖ ਸਕਦਾ। ਜਦ ਗੋਰਖ ਉਥੋਂ ਗਿਆ ਤਾਂ ਮੁੰਦਰ ਗੋਰਖ ਕੋਲ ਨਾ ਆਈ। ਇਸ ਤੋਂ ਗੋਰਖ ਸਮਝ ਗਿਆ ਕਿ ਇਹ ਬਾਲਕ ਵਿਸ਼ਨੂੰ ਦਾ ਅਵਤਾਰ ਹੈ-

ਸਿਵ ਬਿਸਨੂ ਬਿਨ ਮੁੰਦਰਾ ਹਮਰੀ ਰਹੈ ਨ ਕੋਇ॥

---

[491] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 131.

[492] ਉਹੀ, ਪਤਰਾ 177.

[493] ਉਹੀ, ਪਤਰਾ 178.

[494] ਉਹੀ, ਪਤਰਾ 55.

ਗੋਰਖ ਨੈ ਜਾਨਿਯੋ ਨਾਨਕ ਵਿਸਨੂ ਸੋਇ॥37॥

ਨਾਨਕ ਬਿਸਨ ਉਤਾਰ ਸੋ ਅਦਭੁਤਿ ਤਾਹਿ ਪ੍ਰਤਾਪ॥

ਗੋਰਖ ਮੁੰਦ੍ਰਾ ਮਾਗਣੇ ਆਯੋ ਸੁ ਪੁਨਿ ਆਪ॥38॥[495]

ਵਿਸ਼ਨੂੰ ਦੇ ਗੁਣਾਂ ਵਿਚੋਂ ਉਸ ਦੀ ਤ੍ਰਿਪਤੀ ਦਾ ਚਰਚਿਤ ਕ੍ਰਿਤੀ ਵਿਚ ਵਿਸ਼ੇਸ਼ਗ ਜ਼ਿਕਰ ਹੈ। ਕ੍ਰਿਤੀ ਵਿਚ ਮੰਨਿਆ ਹੈ ਕਿ ਵਿਸ਼ਨੂੰ ਉਤਨਾ ਸਮਾਂ ਤ੍ਰਿਪਤ ਨਹੀਂ ਹੁੰਦਾ ਜਿਤਨਾ ਸਮਾਂ ਬ੍ਰਹਮਣ ਤ੍ਰਿਪਤ ਨਾ ਹੋ ਜਾਵੇ। ਇਕ ਬ੍ਰਹਮਣ ਨੂੰ ਤ੍ਰਿਪਤ ਕਰਨ ਨਾਲ ਵਿਸ਼ਨੂੰ ਨੂੰ ਤ੍ਰਿਪਤ ਕਰਨ ਜਿਤਨਾ ਫਲ ਪ੍ਰਾਪਤ ਹੁੰਦਾ ਹੈ। ਯਥਾ-

ਇਹੁ ਇਛਾ ਮੁਹਿ ਆਹਿ ਸੁਆਮੀ॥ ਪੂਰਨ ਕਰੋ ਸੁ ਅੰਤਰਿਜਾਮੀ॥

ਸੁਣਿ ਕਰਿ ਬੋਲੇ ਸੰਭ ਮਹਾਨ॥ ਵਿਸਨੂ ਤ੍ਰਿਪਤਿ ਨ ਹੋਇ ਸੁ ਜਾਨ॥

ਤ੍ਰਿਪਤਿ ਕਰੇ ਬ੍ਰਹਮਣ ਕੋ ਜੋਇ॥ ਵਿਸਨੂ ਜਿਵਾਏ ਕਾ ਫਲੁ ਹੋਇ॥[496]

ਸੋ ਜ਼ਰੂਰਤ ਅਨੁਸਾਰ ਚਰਚਿਤ ਕ੍ਰਿਤੀ ਵਿਚ ਮਿਥਿਹਾਸਕ ਸਾਖੀਆਂ ਦਾ ਵਿਸ਼ੇਸ਼ਗ ਜ਼ਿਕਰ ਕਰਦਿਆਂ ਦੇਵਤਿਆਂ ਦੇ ਗੁਣਾਂ ਨੂੰ ਬਿਆਨ ਕਰਕੇ ਉਨ੍ਹਾਂ ਦੇ ਸਰੂਪ ਦਾ ਪ੍ਰਗਟਾਵਾ ਕੀਤਾ ਹੈ।

### 1.1.4 ਸ਼ਿਵ

ਹਿੰਦੂ ਪੁਰਾਣ ਅਨੁਸਾਰ ਉਤਪਤੀ, ਪਾਲਣਾ ਤੇ ਸੰਹਾਰ ਦੇ ਤਿੰਨ ਦੇਵਤਿਆਂ- ਬ੍ਰਹਮਾਂ, ਵਿਸ਼ਨੂੰ, ਮਹੇਸ਼ (ਸ਼ਿਵ) ਵਿਚੋਂ ਸ਼ਿਵ ਸੰਹਾਰ ਕਰਨ ਵਾਲਾ ਪ੍ਰਮੁਖ ਦੇਵਤਾ ਹੈ ਜਿਸਨੂੰ ਮਹਾਂ ਦੇਵ ਕਿਹਾ ਜਾਂਦਾ ਹੈ। ਇਹ ਕੈਲਾਸ਼ ਪਰਬਤ ਤੇ ਸਮਾਧਿ ਲਾ ਕੇ ਰਹਿੰਦਾ ਹੈ ਇਸ ਦੇ ਮਥੇ ਤੋਂ ਚੰਦ ਤੇ ਜਟਾਵਾਂ ਵਿਚੋਂ ਗੰਗਾ ਨਿਕਲਦੀ ਹੈ। ਇਸ ਦੇ ਗਲ ਵਿਚ ਸਪਾਂ ਦੀ ਮਾਲਾ ਤੇ ਹਥ ਵਿਚ ਡਮਰੂ ਤੇ ਤ੍ਰਿਸ਼ੂਲ ਹੈ। ਇਹ ਨੰਦੀ ਬੈਲ ਦੀ ਸਵਾਰੀ ਕਰਦਾ ਹੈ, ਹਿਮਾਲਿਆ ਦੀ ਪੁਤਰੀ ਪਾਰਬਤੀ ਇਸ ਦੀ ਘਰਵਾਲੀ ਹੈ। ਸਕੰਧ ਤੇ ਗਣੇਸ਼ ਇਸ ਦੇ ਦੋ ਪੁਤਰ ਹਨ, ਭੈਰਵ ਆਦਿ ਕਈ ਗਣ ਸੇਵਕ ਹਨ। ਭੂਤਾਂ ਪ੍ਰੇਤਾਂ ਦੀ ਸੈਨਾ ਦਾ ਮਾਲਕ ਹੋਣ ਕਰਕੇ

---

[495] ਉਹੀ, ਪਤਰਾ 195.

[496] ਉਹੀ, ਪਤਰਾ 822.

ਇਸਨੂੰ ਭੂਤੇਸ੍ਵਰ ਜਾਂ ਪਸੂਪਤਿ ਵੀ ਕਹਿੰਦੇ ਹਨ। ਸ਼ਿਵ ਪੁਰਾਣ ਤੇ ਲਿੰਗ ਪੁਰਾਣ ਵਿਚ ਇਸ ਦੀਆਂ ਕਥਾਵਾਂ ਮਿਲਦੀਆਂ ਹਨ ਤੇ ਪ੍ਰਤੀਕ ਵਜੋਂ ਸ਼ਿਵ ਲਿੰਗ ਦੀ ਪੂਜਾ ਕੀਤੀ ਜਾਂਦੀ ਹੈ। ਬਨਾਰਸ ਵਿਚ ਵਿਸ਼ਵੇਸ੍ਵਰ ਨਾਂ ਦਾ ਸ਼ਿਵਾਂ ਦਾ ਮੰਦਿਰ ਹੈ, ਸ਼ੈਵ ਲੋਕ ਇਸ ਦੇ ਪੁਜਾਰੀ ਹਨ।

ਰੁਦ੍ਰ ਸ਼ਿਵ ਦਾ ਪੁਰਾਤਨ ਨਾਮ ਹੈ ਜੋ ਰਿਗਵੇਦ ਵਿਚ ਆਇਆ ਹੈ, ਇਥੇ ਇਸਨੂੰ ਭਿਅੰਕਰ ਰੂਪ ਵਿਚ ਚਿਤਰਿਆ ਗਿਆ ਹੈ, ਕਲਿਆਣਕਾਰੀ ਨਹੀਂ ਹੈ। ਇਸ ਕਰਕੇ ਉਸ ਸਮੇਂ ਇਤਨੀ ਪੂਜਾ ਮਾਨਤਾ ਨਹੀਂ ਸੀ। ਇਤਿਹਾਸਕ ਖੋਜ ਦਸਦੀ ਹੈ ਕਿ ਇਹ ਆਰੀਆ ਤੋਂ ਪਹਿਲਾਂ ਵਸਦੇ ਅਣਆਰੀਆਂ ਲੋਕਾਂ ਦਾ ਦੇਵਤਾ ਸੀ ਜਿਸਦੀ ਮੂਰਤੀ ਦੇ ਚਿੰਨ੍ਹ ਹੜਪਾ ਮੋਹਜੋਦੜੋ ਦੀ ਸੰਸਕ੍ਰਿਤੀ ਵਿਚ ਪ੍ਰਾਪਤ ਹੁੰਦੇ ਹਨ, ਪਿਛੋਂ ਜਾ ਕੇ ਆਰੀਆਂ ਲੋਕਾਂ ਨੇ ਵੀ ਇਸਨੂੰ ਅਪਣਾ ਕੇ ਤ੍ਰਿਮੂਰਤੀ ਵਿਚ ਸ਼ਾਮਿਲ ਕਰ ਲਿਆ। ਦਸਿਆ ਜਾਂਦਾ ਹੈ ਕਿ ਜਦੋਂ ਦੇਵਤਿਆਂ ਤੇ ਦੈਂਤਾਂ ਸਮੁੰਦਰ ਰਿੜਕਿਆ ਤਾਂ ਜ਼ਹਿਰ ਨਿਕਲ ਆਈ, ਇਸ ਨਾਲ ਦੁਨੀਆਂ ਮਰਦੀ ਸੀ। ਸ਼ਿਵ ਨੇ ਇਹ ਜ਼ਹਿਰ ਆਪਣੇ ਮੂੰਹ ਵਿਚ ਪਾ ਲਈ ਲੇਕਿਨ ਕੰਠ ਤੋਂ ਅਗੇ ਨ ਲੰਘਾਈ ਜਿਸ ਕਰਕੇ ਉਨ੍ਹਾਂ ਦਾ ਕੰਠ ਨੀਲਾ ਪੈ ਗਿਆ, ਇਸੇ ਕਰਕੇ ਉਨ੍ਹਾਂ ਨੂੰ ਨੀਲ ਕੰਠ ਵੀ ਕਿਹਾ ਜਾਂਦਾ ਹੈ। ਪੁਰਾਣਿਕ ਖਿਆਲ ਹੈ ਕਿ ਸ਼ਿਵ ਜਦੋਂ ਤੀਜਾ ਨੇਤ੍ਰ ਖੋਲਦੇ ਹਨ ਤਾਂ ਸੰਸਾਰ ਤੇ ਪ੍ਰਲਯ ਆ ਜਾਂਦੀ ਹੈ ਤੇ ਦੁਨੀਆਂ ਨਸ਼ਟ ਹੋ ਜਾਂਦੀ ਹੈ। [497] ਸ਼ਿਵ ਬਾਰੇ ਕਵੀ ਨੇ ਕਈ ਸਾਖੀਆਂ ਕ੍ਰਿਤੀ ਵਿਚ ਜ਼ਰੂਰਤ ਅਨੁਸਾਰ ਅੰਕਿਤ ਕੀਤੀਆਂ ਹਨ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਇਤਿਆਦਿਕ ਦੇਵਤੇ ਪਰਮਾਤਮਾ ਦੇ ਹੀ ਅਵਤਾਰ ਹਨ। ਯਥਾ-

ਦਰਸਨਿ ਕਰਿ ਜਿਸ ਪ੍ਰਭੂ ਕਾ ਨਾਨਕ ਆਇ ਉਦਾਰ॥
ਬ੍ਰਹਮਾ ਬਿਸਨੂ ਮਹੇਸ ਸਭਿ ਤਿਸ ਹੀ ਕੇ ਅਵਤਾਰ॥27॥[498]

ਸ਼ਿਵ ਦਾ ਸਰੂਪ ਬਿਆਨ ਕਰਦਾ ਹੋਇਆ ਸੰਤਰੇਣ ਕਹਿੰਦਾ ਹੈ ਕਿ ਉਹ ਵਰ ਦੇਣ ਵਾਲਾ ਹੈ, ਜੇਕਰ ਕੋਈ ਉਸ ਦੀ ਆਰਾਧਨਾ ਕਰਦਾ ਹੈ, ਤਾਂ ਉਹ ਦਰਸ਼ਨ ਦੇ ਕੇ ਮਨ ਇਛਾ ਫਲ ਦਾ ਵਰਦਾਨ ਦਿੰਦਾ ਹੈ। ਬਿਬਾਹ ਖੰਡ ਵਿਚ ਅਜਿਹੀ ਹੀ ਸਾਖੀ ਅੰਕਿਤ ਕੀਤੀ ਗਈ ਹੈ। ਜਿਸ ਵਿਚ ਰਾਜਾ ਸ਼ਿਵ ਦੀ ਅਰਾਧਨਾ ਕਰਕੇ ਉਸ ਤੋਂ ਅੰਮ੍ਰਿਤ ਦੇ ਕੁੰਡ ਦਾ ਵਰ ਮੰਗਦਾ ਹੈ-

---

[497] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 49-50.

[498] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 55.

ਸਿਵੋ ਵਾਚ॥

ਬਰਨ ਛੰਦ॥ ਭੂਪਤਿ ਵਾਛਤਿ ਮਾਂਗ ਲੇਹੁ ਵਰਿ ਜੋ ਇਛਿਆ ਤੁਮਰੇ ਮਨ ਹੋਈ॥

ਭੂਪਤਿ ਜੋ ਤੁਮਰੈ ਮਨ ਚਾਹਿ ਕਹੋ ਤੁਮ ਆਪਿ ਦਿਯੋ ਬਰਿ ਸੋਈ॥

ਭੂਪਤਿ ਆਪ ਕਹਯੋ ਸੁਨਿ ਕੈ ਪੁਨਿ ਜੋ ਤਬੈ ਅਪਨੇ ਕਰਿ ਦੋਈ॥

ਅੰਮ੍ਰਿਤ ਕਾ ਕੁੰਡ ਹੈ ਮਮ ਆਸ੍ਰਮ ਚਾਹਿ ਇਹੀ ਮਮ ਔਰ ਨ ਕੋਈ॥49॥[499]

ਅਤਿ ਕਠਿਨ ਮੰਗ ਹੋਣ ਦੇ ਬਾਵਜੂਦ ਵੀ ਸ਼ਿਵ ਉਸ ਮੰਗ ਦੀ ਪੂਰਤੀ ਅਸਾਨੀ ਨਾਲ ਕਰ ਦਿੰਦਾ ਹੈ। ਰਾਜਾ ਦੀ ਮਨਸ਼ਾ ਅੰਮ੍ਰਿਤ ਕੁੰਡ ਦਾ ਵਰ ਮੰਗ ਕੇ ਲੋਕਾਂ ਨੂੰ ਰੋਗਾਂ ਤੋਂ ਮੁਕਤ ਕਰਨਾ ਸੀ। ਜਿਸ ਵਿਚ ਇਸ਼ਨਾਨ ਕਰਕੇ ਸਾਰੇ ਹੀ ਰੋਗ, ਪਾਪ ਦੂਰ ਹੋ ਜਾਣ-

ਸੁਨਿ ਕੈ ਸਿਵ ਨੈ ਪੁਨਿ ਆਪ ਕਹਯੋ ਕਠਨੰ ਵਰਿ ਮਾਂਗਿਉ ਤੋਹਿ ਉਦਾਰੇ॥

ਨ੍ਰਿਪ ਮਾਗਿਉ ਤੈ ਪਰਮਾਰਥ ਕਾਰਨ ਜਾਨ ਲਯੋ ਮਮ ਤੋਹਿ ਬਿਚਾਰੇ॥

ਸਮ ਅੰਮ੍ਰਿਤ ਔਰ ਦਿਯੋ ਤੁਮ ਕੋ ਜਲ ਪਾਂਨ ਕਰੇ ਸਭ ਪਾਪ ਨਿਵਾਰੇ॥

ਅਸਨਾਨ ਕਰੇ ਸਭ ਪਾਪ ਹਰੇ ਗਤ ਊਤਮ ਪਾਂਵਹਿਗੇ ਜਨੁ ਸਾਰੇ॥50॥[500]

ਸ਼ਿਵ ਨੇ ਤ੍ਰਿਸ਼ੂਲ ਮਾਰ ਕੇ ਰਾਜਾ ਦੀ ਇਛਾ ਪੂਰੀ ਕੀਤੀ। ਜਦ ਤ੍ਰਿਸ਼ੂਲ ਧਰਤੀ ਅੰਦਰ ਗਿਆ ਤਾਂ ਉਥੇ ਇਕ ਪਵਿਤਰ ਗੰਗਾ ਦਾ ਚਸ਼ਮਾ ਵਗ ਤੁਰਿਆ-

ਮਾਰਿਉ ਸੰਭ ਤ੍ਰਿਸੂਲ ਧਰਿ ਗਯੋ ਤ੍ਰਿਸੂਲਿ ਪਿਆਲ॥

ਗੰਗਾ ਕੀ ਧਾਰਾ ਤਬੈ ਆਈ ਤਿਸ ਕੇ ਨਾਲ॥[501]

ਇਸ ਤਰ੍ਹਾਂ ਹੀ ਕਵੀ ਨੇ ਹੋਰ ਵੀ ਅਨੇਕਾਂ ਥਾਵਾਂ ਉਤੇ ਸ਼ਿਵ ਦਾ ਇਹ ਸਰੂਪ ਬਿਆਨ ਕੀਤਾ ਹੈ। ਇਸ ਦਯਾਲੂ ਸਰੂਪ ਦੇ ਨਾਲ ਹੀ ਚਰਚਿਤ ਕ੍ਰਿਤੀ ਵਿਚ ਸ਼ਿਵ ਦਾ ਕ੍ਰੂਰ ਰੂਪ ਵੀ ਦਰਸਾਇਆ ਹੈ। ਮਦੀਨਾ ਮਕੇਸ਼ਵਰ ਖੰਡ ਵਿਚ ਇਕ ਹਵਾਲਾ ਦਿੰਦਾ ਹੋਇਆ ਕਵੀ ਕਹਿੰਦਾ ਹੈ ਕਿ ਮਦੀਨੇ ਦੇ ਸਥਾਨ ‘ਤੇ

---

[499] ਉਹੀ, ਪਤਰਾ 550.

[500] ਉਹੀ.

[501] ਉਹੀ.

ਇਕ ਵਾਰ ਖੁਨਕਾਰ ਹੁਸੈਨ ਆਇਆ ਅਤੇ ਉਸਨੇ ਉਥੋਂ ਦੇ ਸ਼ਿਵਲਿੰਗ ਨੂੰ ਹਟਾਉਣ ਦਾ ਯਤਨ ਕੀਤਾ, ਤਾਂ ਸ਼ਿਵ ਨੇ ਗੁਸੇ ਹੋ ਕੇ ਉਸ ਦੇ ਸੈਨਾ ਦੇ ਘਰਾਂ ਨੂੰ ਅਗ ਲਗਾ ਦਿਤੀ-

ਪੁਨਿ ਆਗ ਲਗਾਇ ਦਈ ਸਭ ਕੋ ਸਿਵ ਨੈ ਅਪਣੇ ਗਣਿ ਕੋ ਲਲਿਕਾਰੇ॥

ਸਭ ਰੂੰਮ ਵਿਖੈ ਜਿਤਨੇ ਘਰਿ ਹੈ ਸੁ ਲਗੇ ਜਰਨੇ ਤਿਤਨੇ ਤਬ ਸਾਰੇ॥[502]

ਇਸੇ ਭਾਂਤਿ ਦਾ ਚਿਤਰਣ ਬਰਨ ਖੰਡ ਵਿਚ ਕੀਤਾ ਗਿਆ ਹੈ। ਜਿਥੇ ਸ਼ਿਵ ਦੀ ਪਤਨੀ ਗਿਰਜਾ ਨਗਨ ਅਵਸਥਾ ਵਿਚ ਕੇਲ ਕਰ ਰਹੀ ਸੀ। ਉਥੇ ਕੁਛ ਰਿਸ਼ੀ ਆਏ, ਉਹ ਦਰਸ਼ਨ ਕਰਨ ਹਿਤ ਅਗੇ ਵਧੇ ਅਤੇ ਨਗਨ ਅਵਸਥਾ ਦੇਖ ਕੇ ਲਜਿਤ ਹੋ ਗਏ। ਗਿਰਜਾ ਨੇ ਉਸੇ ਸਮੇਂ ਵਸਤਰ ਪਹਿਨੇ ਅਤੇ ਸ਼ਿਵ ਨੂੰ ਕਿਹਾ ਕਿ ਇਥੇ ਤਾਂ ਲੋਕਾਂ ਦਾ ਆਉਣਾ-ਜਾਣਾ ਲਗਾ ਰਹਿੰਦਾ ਹੈ, ਜੋ ਮੈਨੂੰ ਸ਼ੋਭਦਾ ਨਹੀਂ, ਤਾਂ ਸ਼ਿਵ ਨੇ ਬਨ ਨੂੰ ਸਰਾਪ ਦਿਤਾ ਕਿ ਜੋ ਵੀ ਇਥੇ ਮਰਦ ਆਵੇਗਾ ਉਹ ਇਸਤਰੀ ਬਣ ਜਾਵੇਗਾ-

ਬਨ ਕੋ ਦਯੋ ਸਰਾਪ ਤਬ ਸਿਵ ਮਨ ਕੋਪ ਸੁ ਹੋਇ॥

ਇਸ ਬਨ ਆਵੈ ਮਰਦਿ ਜੋ ਨਾਰ ਹੋਇ ਪੁਨਿ ਸੋਇ॥17॥[503]

ਸੋ ਸ਼ਿਵ ਦੇ ਕ੍ਰੂਰ ਰੂਪ ਵਿਚ ਉਹ ਸਰਾਪ ਦਿੰਦਾ ਹੈ। ਇਸ ਤਰ੍ਹਾਂ ਦੇ ਗੁਣਾਂ ਨੂੰ ਬਿਆਨ ਕਰਨ ਨਾਲ ਹੀ ਕਵੀ ਸ਼ਿਵ ਬਾਰੇ ਇਕ ਹੋਰ ਅਦਭੁਤ ਕਥਾ ਦਾ ਜ਼ਿਕਰ ਕਰਦਾ ਹੈ। ਚਰਚਿਤ ਕ੍ਰਿਤੀ ਅਨੁਸਾਰ ਸ਼ਿਵ ਹੀ ਅਲਾਹ ਦੁਆਰਾ ਬਣਾਇਆ ਸਭ ਤੋਂ ਪਹਿਲਾ ਮਨੁਖ ਹੈ। ਕਵੀ ਦਾ ਮੰਨਣਾ ਹੈ ਕਿ ਜਦ ਬ੍ਰਹਮਣ/ਪੁਜਾਰੀ ਵਰਗ ਭ੍ਰਿਸ਼ਟ ਹੋ ਗਿਆ ਤਾਂ ਉਨ੍ਹਾਂ ਨੇ ਆਪਣੇ ਆਪ ਨੂੰ ਮੁਸਲਮਾਨ ਅਖਵਾਉਣਾ ਸ਼ੁਰੂ ਕਰ ਦਿਤਾ-

ਬ੍ਰਹਮਣਿ ਭਇਆ ਭ੍ਰਿਸਟ ਅਤਿ ਪੰਡਤਿ ਥਾ ਸੋਇ॥

ਮੁਸਲਮਾਨ ਕਹਾਯੋ ਇਕ ਤੇ ਭਏ ਸੁ ਦੋਇ॥79॥[504]

---

502 ਉਹੀ, ਪਤਰਾ 888.

503 ਉਹੀ, ਪਤਰਾ 1549.

504 ਉਹੀ, ਪਤਰਾ 935.

ਵੇਦ ਦਾ ਨਾਮ ਕੁਰਾਨ ਰਖ ਲਿਆ, ਸੰਸਕ੍ਰਿਤ ਤੋਂ ਉਨ੍ਹਾਂ ਨੇ ਆਪਣੀ ਭਾਸ਼ਾ ਬਣਾ ਲਈ, ਹਿੰਦੂ ਦਾ ਨਾਮ ਵੀ ਬਦਲ ਕੇ ਨਵਾਂ ਨਾਮ ਰਖ ਲਿਆ ਅਤੇ ਹਿੰਦੂ ਧਰਮ ਨਾਲ ਜੁੜੀਆਂ ਨਿਸ਼ਾਨੀਆਂ ਨਾਲ ਵੈਰ ਪਾ ਲਿਆ। ਪਾਰਬਤੀ ਦਾ ਨਾਮ ਬਦਲ ਕੇ ਹਵਾ ਰਖ ਲਿਆ ਅਤੇ ਸ਼ਿਵ ਦਾ ਨਾਮ ਬਦਲ ਕੇ ਆਦਮ ਰਖ ਲਿਆ। ਅਸਲ ਵਿਚ ਸ਼ਿਵ ਅਤੇ ਆਦਮ ਇਕ ਹੀ ਹਨ। ਯਥਾ-

ਬੇਦ ਅਥਰਬਣਿ ਉਲਟਾ ਨਾਮ ਕੁਰਾਕਾਨ ਸੁ ਰਾਖਾ॥

ਸੰਸਕਿਰਤ ਉਲਟਾਇ ਕਰੀ ਤਿਨ ਅਪਨੀ ਭਾਖਾ॥

ਹਿੰਦੂ ਨਾਮ ਹਟਾਇ ਨਾਮ ਅਪਨੇ ਤਿਨ ਰਾਖੇ॥

ਬਧਯੌ ਗਊ ਸੋ ਬੈਰ ਅਉਰ ਕੀ ਅਉਰਹ ਭਾਖੇ॥

ਪਾਰਬਤੀ ਕਾ ਨਾਮ ਤਿਨ ਰਾਖਯੋ ਅਮਾ ਹਵਾਇ ਸੁਨਿ॥

ਬਾਵਾ ਆਦਮਿ ਰਾਖਯੋ ਮਹਾਦੇਵ ਕਾ ਨਾਇ ਉਨਿ॥੪੦॥[505]

ਸ਼ਿਵ ਦੇ ਲਿਬਾਸ ਬਾਰੇ ਵੀ ਕਵੀ ਨੇ ਰਮੇਸਰ ਖੰਡ ਵਿਚ ਵਿਸ਼ੇਸ਼ਗ ਜ਼ਿਕਰ ਕੀਤਾ ਹੈ। ਸ਼ਿਵ ਨੇ ਮੁੰਡ ਮਾਲਾ ਪਹਿਨੀ ਹੋਈ ਹੈ, ਉਪਰ ਸੱਪ ਵੀ ਗਲ ਵਿਚ ਪਾਇਆ ਹੋਇਆ ਹੈ, ਬਾਘ ਅਤੇ ਸ਼ੇਰ ਦੀ ਖਲ ਬੈਠਣ ਲਈ, ਸਰੀਰ ਉਤੇ ਵਿਭੂਤੀ ਲਗਾ ਕੇ ਅਦਭੁਤ ਸਰੂਪ ਧਾਰਨ ਕੀਤਾ ਹੋਇਆ ਹੈ। ਯਥਾ-

ਮੁੰਡ ਮਾਲ ਪੁਨਿ ਉਰਗ ਨਿਹਾਰਾ॥ ਬਾਘੰਬਰ ਅਰੁ ਗਜ ਕੀ ਖਾਰਾ॥

ਜੋਗ ਵਟਾ ਪੁਨਿ ਅਵਰੁ ਬਿਭੂਤਿ॥ ਪੁਨਿ ਬਾਹਨਿ ਅਪਨਾ ਅਦਭੂਤਿ॥52॥[506]

ਰਾਮੇਸਰ ਖੰਡ ਵਿਚ ਕਵੀ ਅਗੇ ਸ਼ਿਵ ਦੇ ਕੋਲ ਜੋ ਵਸਤਾਂ ਸਨ ਉਨ੍ਹਾਂ ਦੀ ਜ਼ਿਕਰ ਕਰਦਾ ਹੋਇਆ ਕਹਿੰਦਾ ਹੈ ਕਿ ਉਸ ਕੋਲ ਰੁੰਡ ਮਾਲਾ, ਸੱਪ ਦੀ ਮਾਲਾ, ਤ੍ਰਿਸ਼ੂਲ, ਡਮਰੂ, ਭੰਗ, ਧਤੂਰਾ, ਬਿਭੂਤੀ ਇਤਿਆਦਕ ਵਸਤਾਂ ਸਨ ਜੋ ਕਿ ਗਿਰਜਾ ਨਾਲ ਕੇਲ ਕਰਦੇ ਹੋਏ ਜਦ ਸ਼ਿਵ ਹਾਰੇ ਤਾਂ ਉਸ ਦੀਆਂ ਦਾਸੀਆਂ ਇਹ ਵਸਤਾਂ ਸ਼ਿਵ ਤੋਂ ਖੋਹ ਕੇ ਲੈ ਗਈਆਂ। ਯਥਾ-

[505] ਉਹੀ, ਪਤਰਾ 935.

[506] ਉਹੀ, ਪਤਰਾ 1112.

ਜੋਗ ਵਟਾ ਅਰੁ ਉਰਗਨ ਹਾਰ॥ ਇਕਿ ਲੈ ਗਈ ਸੋ ਰਾਜ ਕੀ ਖਾਰ॥

ਰੁੰਡ ਮਾਲ ਡਮਰੂ ਤਿਰਸੂਲ॥ ਨੰਦੀ ਕੇਸੂਰ ਸਭ ਕਾ ਮੂਲ॥81॥

ਭਾਂਗ ਧਤੂਰਾ ਅਉਰ ਬਿਭੂਤਿ॥ ਸਗਲ ਖੋਸ ਲੈ ਗਈ ਅਛੂਤਿ॥

ਕੋਊ ਬਘੰਬਰ ਲੈ ਕਰਿ ਭਾਗੀ॥ ਸਗਲ ਤਯਾਗ ਸਿਵ ਭਯੋ ਬਿਰਾਗੀ॥82॥[507]

ਸੋ ਕਵੀ ਨੇ ਸ਼ਿਵ ਦਾ ਸਰੂਪ ਜਿਸ ਵਿਚ ਉਸ ਦਾ ਰੁਦ੍ਰ ਸਰੂਪ, ਦਿਆਲੂ, ਕੇਲ ਕਰਨ ਵਾਲਾ, ਬਿਭੂਤ ਵਾਲਾ, ਸੱਪ ਅਤੇ ਮੁੰਡ ਦੀ ਮਾਲਾ ਪਹਿਨਣ ਵਾਲਾ ਦਰਸਾ ਕੇ ਉਸ ਦਾ ਸਰੂਪ ਚਿਤਰਿਆ ਹੈ।

### 1.1.5 ਸਰਸਵਤੀ

ਸਜਲ ਸ਼ੋਭਨੀਕ। ਵੇਦਾਂ ਵਿਚ ਸਰਸਵਤੀ ਦਾ ਮੂਲ ਰੂਪ ਵਿਚ ਦਰਿਆ ਦੇ ਰੂਪ ਵਿਚ ਹੀ ਵਰਨਣ ਕੀਤਾ ਗਿਆ ਹੈ, ਪਰ ਰਿਚਾਵਾਂ ਵਿਚ ਇਸ ਦੀ ਦਰਿਆ ਅਤੇ ਦੇਵਤਾ ਦੋਵਾਂ ਰੂਪਾਂ ਵਚਿ ਪ੍ਰਸਿਧੀ ਮਿਲਦੀ ਹੈ। ਦਰਿਆ ਸਰਸਵਤੀ ਆਦਿ ਆਰਯਾਂ ਦੇ ਨਿਵਾਸ ਬ੍ਰਹਮਾਵਰਤ ਦੀ ਇਕ ਸੀਮਾਂ ਸੀ ਅਤੇ ਗੰਗਾ ਦੇ ਸਮਾਨ ਇਹ ਵੀ ਉਨ੍ਹਾਂ ਲਈ ਸਾਰੀਆਂ ਸੰਭਾਵਨਾਵਾਂ ਵਿਚ ਇਕ ਪਵਿਤਰ ਦਰਿਆ ਸੀ। ਦਰਿਆ ਦੇ ਮਾਨਵੀਕਰਨ ਰੂਪ ਵਿਚ ਸਰਸਵਤੀ ਦੇਵੀ ਆਪਣੇ ਜਲ ਨਾਲ ਸਭ ਨੂੰ ਉਪਜਾਊ ਤੇ ਨਿਰਮਲ ਕਰਨ ਵਾਲੀ ਅਤੇ ਉਪਜਾਇਕਤਾ, ਖੁਸ਼ਹਾਲੀ ਤੇ ਧਨ ਦੇਣ ਵਾਲੀ ਹੈ । ਸਰਸਵਤੀ ਦਾ ਵਾਣੀ ਦੀ ਦੇਵੀ ਵਾਚ ਦੇ ਰੂਪ ਵਿਚ ਰਿਗਵੇਦ ਵਿਚ ਕੋਈ ਵਰਨਣ ਨਹੀਂ ਮਿਲਦਾ, ਪਰ ਬ੍ਰਾਹਮਣਾਂ ਤੇ ਮਹਾਂ ਭਾਰਤ ਵਿਚ ਸਰੂਪ ਅਵਸ਼ ਸਵੀਕਾਰ ਕੀਤਾ ਗਿਆ ਹੈ। ਕਿਹਾ ਜਾਂਦਾ ਹੈ ਕਿ ਸਰਸਵਤੀ ਦਰਿਆ ਨੇ ਇਕ ਵਾਰੀ ਦੈਵੀ ਸਰੂਪ ਨੂੰ ਪ੍ਰਾਪਤ ਕਰ ਲਿਆ ਤਾਂ ਇਸ ਲਈ ਇਹ ਬਿਲਕੁਲ ਸੁਭਾਵਕ ਸੀ ਕਿ ਜੋ ਵੀ ਰਸਮ ਰਿਵਾਜ ਇਸ ਪਾਵਨ ਦਰਿਆ ਦੇ ਕੰਢੇ ਪੂਰੇ ਕੀਤੇ ਜਾਂਦੇ, ਇਸਨੂੰ ਉਨ੍ਹਾਂ ਦਾ ਸਰੰਖਿਅਕ ਮੰਨਿਆ ਜਾਂਦਾ ਅਤੇ ਉਨ੍ਹਾਂ ਦੀ ਯੋਗ ਪੂਰਤੀ ਤੇ ਸਫਲਤਾ ਲਈ ਇਸ ਦੀ ਅਗਵਾਈ ਅਤੇ ਅਸ਼ੀਰਵਾਦ ਪ੍ਰਾਪਤ ਕਰਨ ਲਈ ਇਸ ਦੀ ਉਸਤਤੀ ਕਰਨਾ ਜ਼ਰੂਰੀ ਸਮਝਿਆ ਜਾਂਦਾ। ਇਸ ਦਾ ਜੋ ਇਹ ਸੰਬੰਧ ਪਵਿਤਰ ਰੀਤੀਆਂ ਨਾਲ ਮਿਲਾਇਆ ਗਿਆ ਹੈ, ਹੋ ਸਕਦਾ ਹੈ ਉਸ ਨੇ ਇਕ ਪਗ ਹੋਰ ਅਗੇ ਜਾ ਕੇ ਇਹ ਕਲਪਨਾ ਕੀਤੀ ਹੋਵੇ ਅਤੇ ਇਸ ਦਾ ਰਿਚਾਵਾਂ

[507] ਉਹੀ, ਪਤਰਾ 1114.

ਦੀ ਰਚਣਾ ਤੇ ਪ੍ਰਭਾਵ ਪਾਇਆ ਹੋਵੇ ਜਿਹੜੀਆਂ ਉਨ੍ਹਾਂ ਪਰਕਿਰਿਆਵਾਂ ਦਾ ਇਕ ਜ਼ਰੂਰੀ ਭਾਗ ਸਨ ਅਤੇ ਇਸ ਤਰ੍ਹਾਂ ਵਾਣੀ ਦੀ ਦੇਵੀ ਵਾਚ ਨਾਲ ਏਕੀਕਰਨ ਕਰ ਦਿਤਾ ਹੋਵੇ। ਪਿਛਲੇਰੇ ਕਾਲ ਵਿਚ ਆਕੇ ਸਰਸਵਤੀ ਬ੍ਰਹਮਾ ਦੀ ਪਤਨੀ ਵਾਣੀ ਤੇ ਵਿਦਿਆ ਦੀ ਦੇਵੀ ਸੰਸਕ੍ਰਿਤ ਭਾਸ਼ਾ ਤੇ ਦੇਵਨਾਗਰੀ ਲਿਪੀ ਦੀ ਆਵਿਸ਼ਕਾਰਕ ਅਤੇ ਸੰਪੂਰਣ ਕਲਾਵਾਂ ਤੇ ਵਿਗਿਆਨਾਂ ਦੀ ਸੰਰਖਿਅਕ ਬਣ ਗਈ। ਇਹ  ਸ਼ਵੇਤ ਰੰਗ ਦੀ ਹੈ, ਇਸ ਦੇ ਭਰਵਟੇ ਤੇ ਅਰਧ ਚੰਦ੍ਰਮਾ ਦਾ ਚਿੰਨ੍ਹ ਬਣਿਆ ਹੋਇਆ ਹੈ ਤੇ ਇਹ ਸ਼ਵੇਤ ਕਮਲ ਤੇ ਬੈਠੀ ਹੋਈ ਹੈ। ਸਰਸਵਤੀ ਦੇ ਹੋਰ ਨਾਵਾਂ ਵਿਚ ਭਾਰਤੀ, ਬ੍ਰਾਹਮੀ, ਪੂਤਕਾਰੀ, ਸ਼ਾਰਦਾ, ਵਾਗੀਸ਼੍ਰੀ ਆਉਂਦੇ ਹਨ। ਦਰਿਆ ਨੂੰ ਅਜ ਕਲ ਸਰਸਵਤੀ ਕਿਹਾ ਜਾਂਦਾ ਹੈ। ਇਹ ਹਿਮਾਲਿਆ ਤੋਂ ਨਿਕਲਦੀ ਹੈ ਅਤੇ ਰੇਤਲੇ ਥਲਾਂ ਵਿਚ ਆਕੇ ਲੁਪਤ ਹੋ ਜਾਂਦੀ ਹੈ। ਪ੍ਰਾਚੀਨ ਸਮੇਂ ਵਿਚ ਇਹ ਸਮੁੰਦਰ ਵਲ ਵਗਦੀ ਸੀ। ਰਿਗਵੇਦ ਦੇ ਇਕ ਪ੍ਰਕਰਣ ਵਿਚ ਆਉਂਦਾ ਹੈ ਕਿ ਇਹ ਉਹ ਹੈ ਜੋ ਪਹਾੜਾਂ ਤੋਂ ਲੈ ਕੇ ਸਮੁੰਦਰ ਤਕ ਨਿਰਮਲ ਰੂਪ ਵਿਚ ਹੀ ਵਗਦੀ ਹੈ।[508] ਕਵੀ ਨੇ ਵੀ ਸਰਸਵਤੀ ਨੂੰ ਸੁਰਸਤੀ/ਸਰਸ੍ਵਤੀ ਨਾਮ ਨਾਲ ਦੇਵੀ ਅਤੇ ਦਰਿਆ ਦੋਨਾਂ ਰੂਪਾਂ ਵਿਚ ਪ੍ਰਵਾਨ ਕੀਤਾ ਗਿਆ ਹੈ। ਸਰਸਵਤੀ ਨੂੰ ਵਿਦਿਆ ਦੀ ਦੇਵੀ ਦੇ ਰੂਪ ਵਿਚ ਚਿਤਰਣ ਹਿਤ ਮੰਗਲ ਖੰਡ ਵਿਚ ਇਕ ਸਾਖੀ ਅੰਕਿਤ ਕੀਤੀ ਮਿਲਦੀ ਹੈ। ਜਿਸ ਵਿਚ ਜੈਨੀਆਂ ਨਾਲ ਚਰਚਾ ਕਰਨ ਹਿਤ ਸਰਸਵਤੀ ਆਪ ਵਿਦਮਾਨ ਹੁੰਦੀ ਹੈ ਅਤੇ ਕਵੀ ਕਹਿੰਦਾ ਹੈ ਕਿ ਜਗ ਵਿਚ ਕੋਈ ਵੀ ਬਲੀ ਸਰਸਵਤੀ ਨੂੰ ਜਿਤ ਨਹੀਂ ਸਕਦਾ। ਸਰਸਵਤੀ ਨੂੰ ਦੇਵੀ ਨਾਮ ਵੀ ਦਿਤਾ ਜਾਂਦਾ ਹੈ-

ਪਰਮਾਤਮ ਕੀ ਸਕਤਿ ਜੁ ਹਯੈ॥ ਦੇਵੀ ਨਾਮ ਸੁ ਤਾ ਕੋ ਕਹਯੈ॥

ਜੜਿ ਚੇਤਨ ਵਿਸ੍ਰ ਕੀ ਸੁ ਅਗਾਰੇ॥  ਵਹੀ ਸਰਸੁਤੀ ਭਈ ਉਦਾਰੇ॥15॥[509]

ਕਵੀ ਨੇ ਸਰਸਵਤੀ ਨੂੰ ਦੇਵੀ ਰੂਪ ਵਿਚ ਸਵਿਕ੍ਰਿਤੀ ਦਿਤੀ ਹੈ, ਇਸ ਦਾ ਅਨੁਮਾਨ ਅਸੀਂ ਇਸ ਤੋਂ ਲਗਾ ਸਕਦੇ ਹਾਂ ਕਿ ਕਸ਼ਮੀਰ ਖੰਡ ਵਿਚ ਇਸ ਦਾ ਨਾਮ ਪ੍ਰਸਿਧ ਸਿਰਮੌਰ ਦੇਵੀਆਂ ਉਮਾ, ਸੀਤਾ ਲਖਮੀ ਇਤਿਆਦਿਕ ਨਾਲ ਕਰਦਿਆਂ ਇਨ੍ਹਾਂ ਨੂੰ ਭਗਵਾਨ ਦਾ ਹੀ ਅੰਗ ਦਸਿਆ ਹੈ।

---

[508] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 102-03.

[509] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 2.

ਸਿਰੀ ਰੰਗ ਪਾਂਡੂਰੰਗ ਰੁਕਮਨੀ ਤਾ ਕੇ ਸੰਗ

ਉਮਾ ਸੀਤਾ ਲਖਮੀ ਸਰਸ੍ਵਤੀ ਪਛਾਨੀਐ॥30॥

ਦੋਹਰਾ॥

ਜਿਤਨੇ ਦੇਵੀ ਦੇਵਤੇ ਭਗਵਤਿ ਕੇ ਸਭ ਅੰਗ॥

ਪੂਜਾ ਕਰੈ ਸੁ ਸਭਨਿ ਕੀ ਮਨ ਮੈ ਪਰਮ ਉਮੰਗ॥॥31॥[510]

ਦਰਿਆ ਦੇ ਰੂਪ ਵਿਚ ਇਸ ਦਾ ਵਰਨਣ ਪ੍ਰਸਿਧ ਤੀਰਥ ਸਥਾਨਾਂ ਨਾਲ ਕੀਤਾ ਹੈ, ਇਸ ਤੋਂ ਅਸੀਂ ਕਹਿ ਸਕਦੇ ਹਾਂ ਕਿ ਕਵੀ ਇਸ ਨੂੰ ਇਕ ਤੀਰਥ ਸਥਾਨ ਦਾ ਵੀ ਦਰਜਾ ਦਿੰਦਾ ਹੈ-

ਕਛੁ ਕਿ ਕਾਲ ਘਰਿ ਮਾਹਿ ਰਹਾਵਉ॥ ਪੁਨਿ ਤੁਮ ਤੀਰਥ ਕਰਨੇ ਜਾਵਉ॥

ਹਮ ਭੀ ਚਲੈਂ ਤੁਮਾਰੇ ਸੰਗਾ॥ ਪਹਲਾਂ ਕਰਹਿ ਸਨਾਂਨੇ ਗੰਗਾ॥47॥

ਬਹੁਰਿ ਪਿਰਾਗ ਸੁਰਸਤੀ ਮਾਹਿ॥ ਪੁੰਨਯ ਦਾਨ ਬਹੁ ਕਰੈਂ ਸੁ ਤਾਹਿ॥[511]

ਜਿਥੇ ਕਵੀ ਨੇ ਪ੍ਰਸਿਧ ਤੀਰਥ ਸਥਾਨਾਂ ਵਿਚ ਸਰਸਵਤੀ ਦਰਿਆ ਨੂੰ ਰਖਿਆ ਹੈ ਉਥੇ ਹੀ ਸਿਰਮੌਰ ਦਰਿਆਵਾਂ ਜਮਨਾ, ਭਗੀਰਥੀ, ਪੈਸੁਨੀ, ਕੁਬੇਰੀ ਇਤਿਆਦਿਕ ਨਾਲ ਇਸ ਦੀ ਗਿਣਤੀ ਕੀਤੀ ਹੈ। ਯਥਾ-

ਜਮਨਾ ਸਰਸ੍ਵਤੀ ਭਗੀਰਥੀ ਪਿਰਾਗ ਰਾਜ

ਪੈਸੁਨੀ ਕੁਬੇਰੀ ਤਾਪੀ ਕਿਸਨਾ ਸੁ ਜਾਨੀਐ॥[512]

ਸੋ ਇਸ ਪ੍ਰਕਾਰ ਕਵੀ ਨੇ ਸਰਸਵਤੀ ਦੇ ਦੋਨਾਂ ਸਰੂਪਾਂ ਦੇਵੀ ਅਤੇ ਦਰਿਆ ਦੇ ਸਰੂਪ ਦਾ ਚਿਤਰਣ ਪ੍ਰਮਾਣਾਂ ਦੇ ਰੂਪ ਵਿਚ ਜ਼ਰੂਰਤ ਅਨੁਸਾਰ ਕੀਤਾ ਹੈ।

### 1.1.6 ਲਖਮੀ

---

[510] ਉਹੀ, ਪਤਰਾ 1708.

[511] ਉਹੀ, ਪਤਰਾ 1440.

[512] ਉਹੀ, ਪਤਰਾ 58.

ਲਖਮੀ ਜਾਂ ਲਕਸ਼ਮੀ ਰਿਗਵੇਦ ਵਿਚ ਇਹ ਸ਼ਬਦ ਖੁਸ਼ਕਿਸਮਤੀ ਦੇ ਅਰਥ ਵਿਚ ਪ੍ਰਯਕਤ ਗਿਆ ਹੈ ਅਤੇ ਅਥਰਵੇਦ ਵਿਚ ਇਸ ਦਾ ਖੁਸ਼ਕਿਸਮਤ ਤੇ ਬਦਕਿਸਮਤ ਦੋਨੋਂ ਪ੍ਰਕਾਰ ਦੀਆਂ ਇਸਤਰੀਆਂ ਦੇ ਮਾਨਵੀਕਰਨ ਦੇ ਰੂਪ ਵਿਚ ਪ੍ਰਯੋਗ ਹੋਇਆ ਹੈ। ਤੈਤਿਰੀਯ ਸੰਹਿਤਾ ਵਿਚ ਭਾਸ਼ਕਰ ਦੀ ਵਿਆਖਿਆ ਅਨੁਸਾਰ ਲਕਸ਼ਮੀ ਅਤੇ ਸ੍ਰੀ ਆਦਿਤਜ ਦੀਆਂ ਦੋ ਪਤਨੀਆਂ ਹਨ, ਪਰ ਸ਼ਤਪਥ ਬ੍ਰਾਹਮਣ ਵਿਚ ਸ੍ਰੀ ਨੂੰ ਪ੍ਰਜਾਪਤੀ ਤੋਂ ਉਤਪੰਨ ਹੋਇਆ ਵਰਨਣ ਕੀਤਾ ਗਿਆ ਹੈ।

ਪਿਛਲੇਰੇ ਕਾਲ ਵਿਚ ਆ ਕੇ ਲਕਸ਼ਮੀ ਜਾਂ ਸ੍ਰੀ ਕਿਸਮਤ ਦੀ ਦੇਵੀ ਵਿਸ਼ਨੂੰ ਦੀ ਪਤਨੀ ਅਤੇ ਕਾਮ ਦੀ ਮਾਂ ਮੰਨੀ ਗਈ ਹੈ। ਇਸ ਦੇ ਜਨਮ ਸੰਬੰਧੀ ਰਮਾਯਣ ਦਾ ਵਿਚਾਰ ਹੀ ਆਮ ਤੌਰ 'ਤੇ ਪ੍ਰਵਾਨ ਕੀਤਾ ਜਾਂਦਾ ਹੈ। ਇਸ ਕਹਾਣੀ ਅਨੁਸਾਰ ਜਦੋਂ ਦੇਵਤਿਆਂ ਅਤੇ ਰਾਖਸ਼ਾਂ ਨੇ ਸਮੁੰਦਰ ਮੰਥਣ ਕੀਤਾ ਤਾਂ ਲਖਮੀ ਆਪਣੀ ਪੂਰਨ ਸੁੰਦਰਤਾ ਵਿਚ ਹਥਾਂ ਵਿਚ ਕੰਵਲ ਲੈ ਕੇ ਸਮੁੰਦਰ ਦੀ ਤਹਿ ਵਿਚੋਂ ਅਪਛਰਾ ਵਾਂਗ ਪ੍ਰਗਟ ਹੋਈ। ਇਕ ਹੋਰ ਕਹਾਣੀ ਅਨੁਸਾਰ ਇਹ ਸ੍ਰਿਸ਼ਟੀ ਦੀ ਰਚਨਾ ਸਮੇਂ ਕੰਵਲ ਉਤੇ ਤਰਦੀ ਹੋਈ ਪ੍ਰਗਟ ਹੋਈ ਸੀ। ਇਸ ਦਾ ਜਨਮ ਇਸ ਕਹਾਣੀ ਨਾਲ ਸੰਬੰਧਤ ਹੋਣ ਕਾਰਨ ਇਸ ਦੇ ਕਈ ਨਾਵਾਂ ਵਿਚੋਂ ਇਕ ਨਾਂ ਕ੍ਸ਼ੀਰਾਬਿਧ-ਤਨਯਾ ਦੁਧ ਦੇ ਸਮੁੰਦਰ ਦੀ ਧੀ ਵੀ ਹੈ। ਕੰਵਲ ਨਾਲ ਸੰਬੰਧਿਤ ਹੋਣ ਕਾਰਨ ਇਸ ਨੂੰ ਪਦਮਾ ਵੀ ਕਹਿੰਦੇ ਹਨ। ਪੁਰਾਣਾਂ ਅਨੁਸਾਰ ਇਹ ਭ੍ਰਿਗੂ ਤੇ ਖਜਾਤੀ ਦੀ ਧੀ ਸੀ, ਜੋ ਖਜਾਤੀ ਦੀ ਕੁਖੋਂ ਪੈਦਾ ਹੋਈ ਸੀ। ਇਸ ਤੋਂ ਪਿਛਲੇਰੇ ਸਮੇਂ ਵਿਚ ਇਹ ਸਮੁੰਦਰ ਮੰਥਣ ਸਮੇਂ ਸਮੁੰਦਰ ਵਿਚੋਂ ਪ੍ਰਗਟ ਹੋਈ ਸੀ। ਜਦੋਂ ਹਰੀ ਨੇ ਵਾਮਨ ਅਵਤਾਰ ਧਾਰਨ ਕੀਤਾ, ਲਕਸ਼ਮੀ ਇਕ ਕਮਲ ਤੋਂ (ਪਦਮਾ ਜਾਂ ਕਮਲਾ ਦੇ ਰੂਪ) ਪ੍ਰਗਟ ਹੋਈ। ਜਦੋਂ ਉਹ ਭ੍ਰਿਗੂ ਦੀ ਕੁਲ ਵਿਚ ਰਾਮ ਦੇ (ਪਰਸਰਾਮ) ਰੂਪ ਵਿਚ ਪ੍ਰਗਟ ਹੋਏ, ਇਹ ਧਰਣੀ ਬਣੀ। ਜਦੋਂ ਉਹ ਰਾਘਵ (ਰਾਮਚੰਦ੍ਰ) ਬਣੇ ਇਹ ਸੀਤਾ ਬਣੀ ਅਤੇ ਜਦੋਂ ਉਸ ਨੇ ਕ੍ਰਿਸ਼ਨ ਦੇ ਰੂਪ ਵਿਚ ਅਵਤਾਰ ਲਿਆ ਤਾਂ ਇਹ ਰੁਕਮਣੀ ਬਣੀ। ਵਿਸ਼ਨੂੰ ਦੇ ਦੂਜੇ ਅਵਤਾਰਾਂ ਵਿਚ ਵੀ ਇਹ ਉਸ ਦੀ ਸਾਥਣ ਰਹੀ ਹੈ। ਰਮਾਯਣ ਦੇ ਇਕ ਪਾਠਾਂਤਰ ਵਿਚ ਇਹ ਵੀ ਲਿਖਿਆ ਹੈ ਕਿ ਜਗਤ ਦੀ ਮਾਲਕ ਲਕਸ਼ਮੀ ਆਪਣੀ ਸ੍ਵੈ ਇਛਾ ਨਾਲ ਹਲ ਦੀ ਚੋ ਨਾਲ ਵਹੇ ਇਕ ਸੁੰਦਰ ਖੇਤ ਵਿਚੋਂ ਪ੍ਰਗਟ ਹੋਈ ਅਤੇ ਰਾਜਾ ਜਨਕ ਤੋਂ ਅਪਣਾ ਨਾਂ ਸੀਤਾ ਰਖਵਾਇਆ।

ਲਕਸ਼ਮੀ ਦੀਆਂ ਚਾਰ ਬਾਹਵਾਂ ਹਨ, ਪਰ ਸੁੰਦਰਤਾ ਦੀ ਸਾਖਿਆਤ ਮੂਰਤੀ ਹੋਣ ਕਰਕੇ ਆਮ ਤੌਰ 'ਤੇ ਇਸ ਦੀਆਂ ਦੋ ਬਾਹਵਾਂ ਹੀ ਦਰਸਾਈਆਂ ਜਾਂਦੀਆਂ ਹਨ। ਇਸ ਦੇ ਇਕ ਹਥ ਵਿਚ ਕਮਲ ਫੜਿਆ ਹੋਇਆ ਹੈ। ਇਸ ਦਾ ਕੋਈ ਮੰਦਰ ਨਹੀਂ, ਪਰ ਕਿਸਮਤ ਅਤੇ ਧਨ ਦੀ ਦੇਵੀ ਹੋਣ ਕਰਕੇ ਇਸ ਦੀ ਪੂਜਾ ਹੁੰਦੀ ਰਹੀ ਹੈ ਅਤੇ ਇਸ ਦੀ ਪੂਜਾ ਕਦੇ ਬੰਦ ਨਹੀਂ ਹੋਈ ਹੈ। ਲਕਸ਼ਮੀ ਦੇ ਦੂਸਰੇ ਨਾਵਾਂ ਵਿਚ ਹੀਰਾ, ਇੰਦਿਰਾ, ਜਲਧਿ-ਜਾ, ਸਮੁੰਦਰ ਤੋਂ ਪੈਦਾ ਹੋਈ-ਚੰਚਲਾ ਜਾਂ ਲੋਲਾ, ਚੰਚਲ, ਕਿਸਮਤ ਦੀ ਦੇਵੀ- ਲੋਕ ਮਾਤਾ, ਜਗਤ ਮਾਤਾ ਲਏ ਜਾ ਸਕਦੇ ਹਨ।[513]

ਹਿੰਦੂ ਮਨੌਤ ਅਨੁਸਾਰ ਵਿਸ਼ਨੂੰ ਦੀ ਪਤਨੀ ਜੋ ਕਿ ਦੇਵਤਿਆਂ ਦੇ ਸਮੁੰਦਰ ਮੰਥਨ ਸਮੇਂ ਸਾਗਰ ਵਿਚੋਂ ਪੈਦਾ ਹੋਈ ਸੀ। ਇਸਨੂੰ ਚੌਦਾਂ ਰਤਨਾਂ ਵਿਚ ਵੀ ਗਿਣਿਆ ਜਾਂਦਾ ਹੈ। ਇਸਦਾ ਚਾਰ ਭੁਜਾਂ ਵਾਲਾ ਵਿਸ਼ਾਲ ਕਮਲ ਉਤੇ ਬਿਰਾਜਮਾਨ ਸੁੰਦਰ ਸਰੀਰ, ਬਹੁਤ ਹੀ ਮਨਮੋਹਣ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਅਤੇ ਇਕ ਹਥ ਵਿਚ ਕਮਲ ਦਿਖਾਇਆ ਹੁੰਦਾ ਹੈ। ਕਹਿੰਦੇ ਹਨ ਵਿਸ਼ਨੂੰ ਸ਼ੇਸ਼ਨਾਗ ਦੀ ਸੇਜਾ ਉਤੇ ਬਿਰਾਜਮਾਨ ਹਨ ਤੇ ਲਛਮੀ ਉਨ੍ਹਾਂ ਦੀ ਚਰਨ ਘੁਟਦੀ ਰਹਿੰਦੀ ਹੈ। ਇਸ ਦਾ ਭਾਵ ਇਹ ਵੀ ਲਿਆ ਗਿਆ ਹੈ ਕਿ ਮਾਇਆ ਭਗਵਾਨ ਦੀ ਸੇਵਕਾ ਹੈ। ਇਸ ਲਈ ਜਗਿਆਸੂ ਨੂੰ ਭਗਵਾਨ ਨੂੰ ਛਡ ਕੇ ਮਾਇਆ-ਪਰਾਇਣ ਨਹੀਂ ਹੋਣਾ ਚਾਹੀਦਾ । ਉਂਵ ਲਛਮੀ ਧਨ ਸੰਪਦਾ ਦੀ ਦੇਵੀ ਮੰਨੀ ਗਈ ਹੈ ਜੋ ਕਿ ਉਲੂ ਦੀ ਸਵਾਰੀ ਕਰਦੀ ਹੈ। [514] ਵਿਚਾਰਧੀਨ ਕ੍ਰਿਤੀ ਵਿਚ ਲਖਮੀ ਨੂੰ ਨਾਰਾਯਣ ਦੀ ਪਤਨੀ ਦੇ ਰੂਪ ਵਿਚ ਦਰਸਾਇਆ ਗਿਆ ਹੈ ਤੇ ਉਹ ਦੋਨੋਂ ਹੀ ਜਿਸ ਉਪਰ ਮਿਹਰਬਾਨ ਹੋਣ ਉਸ ਦੇ ਘਰ ਵਿਚ ਰਹਿੰਦੇ ਹਨ ਅਤੇ ਉਸ ਵਿਅਕਤੀ ਨੂੰ ਕਿਸੇ ਵੀ ਪ੍ਰਕਾਰ ਦਾ ਧਨ ਇਤਿਆਦਿਕ ਪਖੋਂ ਕੋਈ ਘਾਟਾ ਨਹੀਂ ਰਹਿੰਦਾ। ਨਾਨਕ ਬਿਲਾਸ ਖੰਡ ਵਿਚ ਵੀ ਕਵੀ ਨੇ ਇਸੇ ਤਰ੍ਹਾਂ ਦਾ ਚਿਤਰਣ ਕਰਦਿਆਂ ਉਸ ਨੂੰ ਗੁਰੂ ਨਾਨਕ ਦੇਵ ਜੀ ਦੇ ਘਰ ਵਿਚ ਵਿਦਮਾਨ ਦਰਸਾਇਆ ਗਿਆ ਹੈ। ਯਥਾ-

ਨਾਰਾਯਣ ਅਰੁ ਲਖਮੀ ਜੋਊ॥ ਆਜ ਸੁ ਤਿਸ ਕੇ ਘਰਿ ਮੈ ਦੋਊ॥

---

[513] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 486-87.

[514] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 258-59.

ਅਰਚਾ ਪੂਜਾ ਬੰਦਨ ਦੇਵਾ॥ ਲਖਮੀ ਬਾਝ ਬਨੈ ਨਹਿ ਸੇਵਾ॥3॥[515]

ਕਵੀ ਲਖਮੀ ਦਾ ਚਿਤਰਣ ਕਰਦਾ ਹੋਇਆ ਦਸਦਾ ਹੈ ਕਿ ਉਸ ਤੋਂ ਬਿਨਾਂ ਕੋਈ ਵੀ ਕਾਰਜ ਸਫਲ ਨਹੀਂ ਹੁੰਦਾ, ਫਿਰ ਭਾਵੇਂ ਉਹ ਕਿਸੇ ਪ੍ਰਕਾਰ ਦਾ ਵੀ ਕਰਮ ਕਿਉਂ ਨਾ ਹੋਵੇ। ਕਵੀ ਇਥੋਂ ਤਕ ਵੀ ਕਹਿੰਦਾ ਹੈ ਕਿ ਲਖਮੀ ਬਿਨਾਂ ਤਾਂ ਭਗਤੀ ਭਾਓ ਵੀ ਪੈਦਾ ਨਹੀਂ ਹੁੰਦਾ, ਇਸ ਸਭ ਵਰਤਾਰਾ ਲਖਮੀ ਕਰਕੇ ਹੀ ਸੰਭਵ ਹੋ ਸਕਦਾ ਹੈ-

ਲਖਮੀ ਬਾਝ ਬਨੈ ਨਹੀ ਧਰਮ॥ ਲਖਮੀ ਬਾਝ ਨ ਹੋਵੇ ਕਰਮ॥

ਲਖਮੀ ਬਾਝ ਨ ਭਗਤੀ ਭਾਉ॥ ਕਲ ਮੈ ਲਖਮੀ ਸਭ ਕਾ ਰਾਉ॥4॥[516]

ਕਵੀ ਨੇ ਨਾਨਕ ਬਿਲਾਸ ਖੰਡ ਵਿਚ ਲਖਮੀ ਦੇ ਬਹੁਤ ਸਾਰੇ ਗੁਣਾਂ ਦਾ ਵਿਸਤ੍ਰਿਤ ਵਰਨਣ ਕੀਤਾ ਹੈ, ਉਸ ਦੇ ਨਾਲ ਹੀ ਲਖਮੀ ਨੂੰ ਸਿਰਮੌਰ ਦੇਵੀਆਂ ਦੇ ਨਾਲ ਹੀ ਅੰਕਿਤ ਕਰਦਿਆਂ ਇਸ ਨੂੰ ਭਗਵਾਨ ਦਾ ਅੰਗ ਦਰਸਾਇਆ ਹੈ-

ਸਿਰੀ ਰੰਗ ਪਾਂਡੂਰੰਗ ਰੁਕਮਨੀ ਤਾ ਕੇ ਸੰਗ

ਉਮਾ ਸੀਤਾ ਲਖਮੀ ਸਰਸ੍ਵਤੀ ਪਛਾਨੀਐ॥30॥

ਦੋਹਰਾ॥

ਜਿਤਨੇ ਦੇਵੀ ਦੇਵਤੇ ਭਗਵਤਿ ਕੇ ਸਭ ਅੰਗ॥

ਪੂਜਾ ਕਰੈ ਸੁ ਸਭਨਿ ਕੀ ਮਨ ਮੈ ਪਰਮ ਉਮੰਗ॥॥31॥[517]

ਸੋ ਚਰਚਿਤ ਕ੍ਰਿਤੀ ਵਿਚ ਲਖਮੀ ਦੀ ਚਿਤਰਣ ਜ਼ਰੂਰਤ ਅਨੁਸਾਰ ਕੀਤਾ ਗਿਆ ਹੈ, ਜਿਸ ਵਿਚ ਉਸ ਦੇ ਅਨੇਕਾਂ ਹੀ ਗੁਣਾਂ ਦਾ ਵਿਸਥਾਰ ਨਾਲ ਵਰਨਣ ਦੇਖਣ ਨੂੰ ਮਿਲ ਜਾਂਦਾ ਹੈ। ਇਸ ਤਰ੍ਹਾਂ ਕਵੀ ਨੇ ਲਖਮੀ ਦੇ ਸਰੂਪ ਦਾ ਪ੍ਰਗਟਾਵਾ ਕੀਤਾ ਹੈ।

### 1.1.7 ਪਾਰਵਤੀ/ਗੰਗਾ/ਗਿਰਜਾ/ਭਵਾਨੀ

---

[515] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 226.

[516] ਉਹੀ, ਪਤਰਾ 226.

[517] ਉਹੀ, ਪਤਰਾ 1708.

ਹਿਮਾਲਾ ਦੀ ਪੁਤਰੀ, ਸ਼ਿਵਾਂ ਦੀ ਘਰਵਾਲੀ, ਗਣੇਸ਼ ਦੀ ਮਾਤਾ ਦਾ ਨਾਂ ਪਾਰਬਤੀ ਹੈ, ਜਿਸਦਾ ਗੌਰਵ ਬਾਕੀ ਦੇਵੀਆਂ ਨਾਲੋਂ ਵਧੇਰੇ ਮੰਨਿਆ ਗਿਆ ਹੈ। ਇਹ ਵੀ ਖਿਆਲ ਹੈ ਕਿ ਦੁਰਗਾ, ਚੰਡੀ, ਭਵਾਨੀ ਆਦਿ ਸਭ ਇਸੇ ਦੇ ਅਵਤਾਰ ਹਨ। ਮਾਲੂਮ ਹੁੰਦਾ ਹੈ ਕਿ ਇਹ ਪਹਿਲੇ ਪਰਬਤ-ਵਾਸੀਆਂ ਦੀ ਪੂਜਨੀਕ ਦੇਵੀ ਸੀ ਤੇ ਇਸਨੂੰ ਪਰਬਤਾਂ ਵਿਚ ਰਹਿਣ ਵਾਲੀ ਹੋਣ ਕਰਕੇ ਪਾਰਬਤੀ ਕਿਹਾ ਜਾਂਦਾ ਸੀ। ਇਸ ਦਾ ਸਭ ਤੋਂ ਪੁਰਾਤਨ ਹਵਾਲਾ 'ਕੇਨ ਉਪਨਿਸ਼ਦ' ਵਿਚ ਮਿਲਦਾ ਹੈ। ਪਿਛੋਂ ਜਾ ਕੇ ਕਠਿਨ ਤਪਸਿਆ ਬਾਅਦ ਇਸਦਾ ਸ਼ਿਵ ਜੀ ਨਾਲ ਸਬੰਧ ਜੁੜ ਗਿਆ, ਜਿਸ ਕਰਕੇ ਸ਼ੈਵ ਤੇ ਸ਼ਾਕਤ ਲੋਕ ਇਸਨੂੰ ਮਹਾਂ ਮਾਈ ਮੰਨ ਕੇ ਪੂਜਣ ਲਗੇ ਤੇ ਸਿਧਾਂ ਜੋਗੀਆਂ ਵੀ ਇਸ ਦੀ ਮਹਾਨਤਾ ਨੂੰ ਸਵੀਕਾਰ ਕੀਤਾ। ਕਿਸੇ ਨੇ ਗੌਰੀ ਕਹਿ ਕੇ ਇਸਦਾ ਕੋਮਲ ਸਰੂਪ ਧਿਆਨ ਵਿਚ ਕੀਤਾ ਤੇ ਕਿਸੇ ਨੇ ਕਾਲਕਾ ਵਰਗੇ ਭਿਅੰਕਰ ਰੂਪ ਨੂੰ ਸਲਾਹਿਆ।[518]

ਭਵ ਦਾ ਅਰਥ ਹੈ ਸ਼ਿਵ ਅਤੇ ਭਵਾਨੀ ਦਾ ਅਰਥ ਸ਼ਿਵਾਂ ਦੀ ਇਸਤਰੀ ਪਾਰਬਤੀ ਹੈ। ਸ਼ਾਕਤ ਤੇ ਤਾਂਤ੍ਰਿਕ ਲੋਕ ਇਸ ਦੀ ਆਦਿ ਸ਼ਕਤੀ ਜਾਂ ਮਹਾਂਮਾਈ ਮੰਨ ਕੇ ਪੂਜਾ ਉਪਾਸਨਾ ਕਰਦੇ ਹਨ ।[519] ਚਰਚਿਤ ਕ੍ਰਿਤੀ ਵਿਚ ਪਾਰਬਤੀ ਨੂੰ ਭਵਾਨੀ, ਦੁਰਗਾ, ਗਿਰਜਾ ਇਤਿਆਦਿਕ ਰੂਪਾਂ ਵਿਚ ਸਵਿਕ੍ਰਿਤ ਕਰਦਿਆਂ ਇਨ੍ਹਾਂ ਦਾ ਜ਼ਿਕਰ ਕਰਦਿਆਂ ਇਕ ਸਥਾਨ ਉਤੇ ਹੀ ਵਖ-ਵਖ ਨਾਵਾਂ ਨਾਲ ਸੰਬੋਧਨ ਕੀਤਾ ਹੈ। ਜਿਵੇਂ ਕਿ ਅਸੀਂ ਦੇਖਦੇ ਹਾਂ ਕਿ ਰਾਮੇਸਰ ਖੰਡ ਵਿਚ ਇਕ ਕਥਾ ਚਲ ਰਹੀ ਹੈ ਜਿਸ ਵਿਚ ਪਾਰਬਤੀ ਅਤੇ ਸ਼ਿਵ ਅਚਰਜ ਖੇਡ ਖੇਡਦੇ ਦਰਸਾਏ ਹਨ। ਉਥੇ ਇਸ ਦੇਵੀ ਦੇ ਵਖ-ਵਖ ਨਾਵਾਂ ਦੇ ਜ਼ਿਕਰ ਨਿਮਨਾਂਕਿਤ ਅਨੁਸਾਰ ਕੀਤਾ ਗਿਆ ਹੈ-

ਡਾਰਿਉ ਬਹੁਰਿ ਸੁ ਤਾਹਿ ਭਵਾਨੀ॥ ਮਾਰੀ ਨਰਦ ਸੁ ਮਨਿ ਹਰਖਾਨੀ॥

ਦੇਖ ਤਾਹਿ ਸਿਵ ਚੁਪ ਕਰਿ ਰਹਿਉ॥ ਪਾਰਬਤੀ ਕੋ ਕਛੁ ਨ ਕਹਿਉ॥46॥

ਖੇਲਤਿ ਸਾਰ ਫਲੀ ਸਿਵ ਹਾਰੇ॥ ਗਿਰਜਾ ਮਨ ਭਯੁ ਹਰਖ ਅਪਾਰੇ॥

---

518 ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 206.

519 ਉਹੀ, ਪੰਨਾ 234.

ਪਾਰਬਤੀ ਨੈ ਜੀਤੀ ਬਾਜੀ॥ ਖਿੜਿ ਖਿੜਿ ਹਾਸੀ ਭਈ ਸੁ ਰਾਜੀ॥47॥[520]

ਇਸੇ ਵਿਚਾਰ ਦੀ ਪ੍ਰੋੜਤਾ ਸੁਮੇਰ ਖੰਡ ਵਿਚ ਹੁੰਦੀ ਹੈ। ਜਦ ਗੁਰੂ ਨਾਨਕ ਦੇਵ ਜੀ ਪਰਮਾਤਮਾ ਦੇ ਘਰ ਜਾਂਦੇ ਹਨ ਤਾਂ ਰਸਤੇ ਵਿਚ ਭਵਾਨੀ ਦਾ ਦਰ ਆਉਂਦਾ ਹੈ, ਇਸ ਸਾਖੀ ਵਿਚ ਵੀ ਭਵਾਨੀ ਦੇ ਧਾਮ ਨੂੰ ਦੁਰਗਾ ਦਾ ਧਾਮ ਕਿਹਾ ਗਿਆ ਹੈ-

ਇਹੁ ਹਰਿ ਦੁਰਗਾ ਕਾ ਹੈ ਧਾਮ॥ ਕਿਆ ਤੁਮਰਾ ਕਛੁ ਤਿਸ ਸਿਉ ਕਾਮ॥32॥

ਕਾਮ ਹੋਇ ਸੋ ਕਹੋ ਬਿਨਾਨੀ॥ ਜਾਇ ਕਹੈਂ ਹਮ ਪਾਸ ਭਵਾਨੀ॥[521]

ਇਸੇ ਖੰਡ ਵਿਚ ਕਵੀ ਨੇ ਇਹ ਵੀ ਦਰਸਾਇਆ ਹੈ ਕਿ ਇਸ ਦੇਵੀ ਦੀਆਂ ਬਹੁਤ ਸਾਰੀਆਂ ਦਾਸੀਆਂ ਵੀ ਹਨ, ਜੋ ਉਸ ਦੀ ਸੇਵਾ ਵਿਚ ਤਤਪਰ ਤਿਆਰ ਰਹਿੰਦੀਆਂ ਹਨ। ਕਵੀ ਨੇ ਇਨ੍ਹਾਂ ਦੇ ਨਾਵਾਂ ਦਾ ਵਿਸ਼ੇਸ਼ਗ ਜ਼ਿਕਰ ਵੀ ਕੀਤਾ ਹੈ। ਨਾਵਾਂ ਦਾ ਜ਼ਿਕਰ ਕਰਨ ਤੋਂ ਬਾਅਦ ਕਵੀ ਕਹਿੰਦਾ ਹੈ ਕਿ ਬਹੁਤ ਸਾਰੇ ਨਾਂਵ ਅਜੇ ਵੀ ਰਹਿ ਗਏ ਹਨ। ਇਹ ਨਾਂਵ ਮਾਤਰ ਪ੍ਰਮੁਖ ਦਾਸੀਆਂ ਦੇ ਹੀ ਸਨ। ਯਥਾ-

ਮੁਖ ਮੁਖ ਚੇਰੀ ਕਵੀ ਕਹੀ ਸੁ ਇਛਾ ਸਭ ਸਿਰਮਉਰ॥

ਦੁਰਗਾ ਧਾਮੀ ਭੀ ਕਹੈ ਤਿਸੁ ਸਮ ਨਾਹਿਨ ਅਉਰ॥100॥

ਸਲੋਕ॥

ਮੁਖ ਮੁਖ ਕੇ ਕਹੇ ਨਾਮ ਇਹੁ ਅਉਰੋ ਰਹੀ ਅਨੰਤ॥

ਤਹ ਨਾਮਨਿ ਕੋ ਗੁਰ ਲਖੈ ਕੈ ਪੁਨਿ ਕਮਲਾ ਕੰਤ॥101॥[522]

ਜਿਵੇਂ ਕਿ ਅਸੀਂ ਉਪਰ ਵਿਚਾਰ ਕਰਕੇ ਆਏ ਹਾਂ ਕਿ ਕਵੀ ਨੇ ਸ਼ਿਵ ਨੂੰ ਹੀ ਆਦਮ ਦਸਿਆ ਹੈ ਉਸੇ ਤਰ੍ਹਾਂ ਪਾਰਬਤੀ ਨੂੰ ਵੀ ਹਵਾ ਦਸਦਿਆਂ, ਭ੍ਰਿਸ਼ਟ ਬ੍ਰਾਹਮਣ ਦੁਆਰਾ ਆਦਮ ਅਤੇ ਹਵਾ ਦੀ ਹੋਂਦ ਨੂੰ ਸਥਾਪਿਤ ਕੀਤਾ ਗਿਆ ਵਾਸਤਵਿਕਤਾ ਇਹ ਹੈ ਕਿ ਇਹ ਸ਼ਿਵ ਤੇ ਪਾਰਬਤੀ ਹੀ ਹਨ-

ਬੇਦ ਅਥਰਬਣਿ ਉਲਟਾ ਨਾਮ ਕੁਰਾਕਾਨ ਸੁ ਰਾਖਾ॥

---

[520] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1112.

[521] ਉਹੀ, ਪਤਰਾ 1050.

[522] ਉਹੀ, ਪਤਰਾ 1054.

ਸੰਸਕਿਰਤ ਉਲਟਾਇ ਕਰੀ ਤਿਨ ਅਪਨੀ ਭਾਖਾ॥

ਹਿੰਦੂ ਨਾਮ ਹਟਾਇ ਨਾਮ ਅਪਨੇ ਤਿਨ ਰਾਖੇ॥

ਬਧਯੌ ਗਊ ਸੋ ਬੈਰ ਅਉਰ ਕੀ ਅਉਰਹ ਭਾਖੇ॥

ਪਾਰਬਤੀ ਕਾ ਨਾਮ ਤਿਨ ਰਾਖਯੋ ਅਮਾ ਹਵਾਇ ਸੁਨਿ॥

ਬਾਵਾ ਆਦਮਿ ਰਾਖਯੋ ਮਹਾਦੇਵ ਕਾ ਨਾਇ ਉਨਿ॥੪੦॥[523]

ਵਿਚਾਰਾਧੀਨ ਰਚਨਾ ਵਿਚ ਪਾਰਬਤੀ ਨੂੰ ਜਿਦੀ ਦਰਸਾਇਆ ਗਿਆ ਹੈ, ਖਡੂਰ ਖੰਡ ਵਿਚ ਪਾਰਬਤੀ ਸ਼ਿਵ ਨੂੰ ਕਹਿੰਦੀ ਹੈ ਕਿ ਉਹ ਵਿਸ਼ਨੂੰ ਨੂੰ ਤ੍ਰਿਪਤ ਕਰਨਾ ਚਾਹੁੰਦੀ ਹੈ। ਸ਼ਿਵ ਦੇ ਰੋਕਣ ਦੇ ਬਾਵਜੂਦ ਵੀ ਪਾਰਬਤੀ ਵਿਸ਼ਨੂੰ ਨੂੰ ਭੋਜ ਲਈ ਆਮੰਤ੍ਰਿਤ ਕਰਦੀ ਹੈ-

ਖਾਇ ਸੁ ਤ੍ਰਿਪਤਿ ਨ ਹੋਇ ਮਹਾਨ॥ ਪਾਰਬਤੀ ਮਮ ਕਹਯਾ ਸੁ ਮਾਨ॥

ਪਾਰਬਤੀ  ਕੋ ਵਾਕ ਨ ਭਾਏ॥ ਦਯੋ ਅਮੰਤ੍ਰਨਿ ਤਾਹਿ ਪਠਾਏ॥35॥[524]

ਪਾਰਬਤੀ ਦੇ ਇਤਨੇ ਨਾਮ ਪ੍ਰਚਲਿਤ ਹਨ, ਉਹਨਾਂ ਨਾਲ ਕੋਈ ਨਾ ਕੋਈ ਘਟਨਾ ਜ਼ਰੂਰ ਜੁੜੀ ਹੋਈ ਹੈ। ਕਵੀ ਨੇ ਪਾਰਬਤੀ ਨੂੰ ਰੂਪ ਵਟਾਉਣ ਵਾਲੀ ਵੀ ਦਰਸਾਇਆ ਹੈ। ਰਮੇਸਰ ਖੰਡ ਵਿਚ ਚਲ ਰਹੀ ਅਚਰਜ ਕਥਾ ਵਿਚ ਅੰਤਮ ਪੜਾਅ ਵਿਚ ਆਪਣਾ ਰੂਪ ਵਟਾ ਕੇ ਸ਼ਿਵ ਨੂੰ ਮੋਹਿਤ ਕਰਦੀ ਹੈ ਅਤੇ ਸ਼ਿਵ ਤੋਂ ਹੋਈਆਂ ਭੁਲਾਂ ਬਖਸ਼ਾ ਕੇ ਫਿਰ ਤੋਂ ਅਸਲ ਸਰੂਪ ਵਿਚ ਪ੍ਰਗਟ ਹੁੰਦੀ ਹੈ । ਕਵੀ ਨੇ ਇਸ ਪ੍ਰਸੰਗ ਨੂੰ ਬਿਆਨ ਕਰਦਿਆਂ ਇਸ ਤਰ੍ਹਾਂ ਰੂਪ ਧਾਰਨ ਬਾਰੇ ਛੰਦ ਲਿਖਿਆ ਹੈ-

ਨਿਜ ਆਸਨਿ ਪਰ ਤਾਹਿ ਬਿਠਾਯੋ॥

ਪਹਲਾ ਰੂਪੁ ਸੁ ਤੁਰਤਿ ਬਨਾਯੋ॥

ਪਹਲਾ ਰੂਪ ਉਮਾ ਨੈ ਧਾਰ॥

ਸਿਵ ਕੋ ਕਰਿਯੋ ਤਾਹਿ ਜੁਹਾਰ॥66॥[525]

---

[523] ਉਹੀ, ਪਤਰਾ 935.

[524] ਉਹੀ, ਪਤਰਾ 822.

ਪਾਰਬਤੀ ਨੂੰ ਕਵੀ ਨੇ ਅਨੇਕਾਂ ਨਾਂਵਾਂ ਵਾਲੀ ਦਰਸਾ ਕੇ ਉਸਦੇ ਸਾਰੇ ਹੀ ਨਾਵਾਂ ਨੂੰ ਸਵਿਕ੍ਰਿਤ ਕਰਦਿਆਂ ਉਸ ਦੇ ਸਰੂਪ ਦਾ ਪ੍ਰਗਾਟਾਵਾ ਕੀਤਾ ਹੈ।

ਗਈ ਕੰਟਾਲੁ ਸੋ ਤੋਹਿ ਤੇ ਰਾਵਨਾ॥ ਨਹੀ ਰਖੋ ਅਬੈ ਤਾਹਿ ਕੀ ਭਾਵਨਾ॥

ਸਭੀ ਕੋ ਸੋ ਛਲੈ ਨਾਹਿ ਛੋਰੈ ਕਿਸੈ॥ ਪਰੀ ਹੈ ਟੇਕ ਸੋ ਜਾਨ ਭਾਰੀ ਇਸੈ॥58॥[526]

### 1.1.8 ਯਮਰਾਜ/ਕਾਲ

ਯਮਰਾਜ ਜਾਂ ਜਮਰਾਜ ਪੌਰਾਣਿਕ ਮਨੌਤ ਅਨੁਸਾਰ ਇਕ ਦੇਵਤਾ ਜੋ ਕਿ ਪ੍ਰਾਣੀਆਂ ਦੀ ਜਾਨ ਕਢਦਾ ਹੈ। ਇਸ ਦਾ ਜਨਮ ਸੰਗਯਾ ਦੇ ਪੇਟੋਂ ਸੂਰਜ ਦੁਆਰਾ ਦਸਿਆ ਜਾਂਦਾ ਹੈ। ਇਹ ਲਾਲ ਪੁਸ਼ਾਕ ਪਹਿਨਦਾ ਤੇ ਝੋਟੇ ਦੀ ਸਵਾਰੀ ਕਰਦਾ ਹੈ ਤੇ ਹਥ ਵਿਚ ਗੁਰਜ ਤੇ ਕਮੰਦ (ਫਾਹੀ) ਰਖਦਾ ਹੈ। ਇਹ ਵੀ ਲਿਖਿਆ ਹੈ ਕਿ ਇਹ ਸੰਯਮਨੀ ਨਾਮੀ ਨਗਰੀ ਵਿਚ ਆਪਣੇ ਮਹਲ ਕਾਲੀਚੀ ਵਿਚ ਰਹਿੰਦਾ ਹੈ ਤੇ ਇਸ ਦਾ ਆਸਣ ਵਿਚਾਰ-ਭੂ ਕਹਾਉਂਦਾ ਹੈ । ਇਸ ਪਾਸ ਜੀਵਾਂ ਦੇ ਲੇਖੇ ਲਈ ਇਕ ਵਡੀ ਵਹੀ ਹੈ ਜਿਸ ਨੂੰ ਅਗ੍ਰਸੰਧਾਨੀ ਕਹਿੰਦੇ ਹਨ ਤੇ ਚਿਤ੍ਰਗੁਪਤ ਇਸ ਦੇ ਦੋ ਮੁਨਸ਼ੀ ਹਨ ਜੋ ਸਾਰਾ ਲੇਖਾ-ਪੱਤਾ ਸਾਂਭ ਕੇ ਰਖਦੇ ਹਨ। ਜਦੋਂ ਕਿਸੇ ਜੀਵ ਦੀ ਮਿਆਦ ਮੁਕ ਜਾਂਦੀ ਹੈ ਤਾਂ ਇਹ ਆਪਣੇ ਸੇਵਕ-ਜਮਦੂਤ ਘੱਲ ਦਿੰਦਾ ਹੈ ਤੇ ਉਹ ਰੂਹ ਨੂੰ ਸਰੀਰ ਵਿਚੋਂ ਕਢ ਲਿਆਉਂਦੇ ਹਨ ਤੇ ਪੁੰਨ ਕਰਨ ਵਾਲੇ ਸੁਰਗ ਵਿਚ ਘੱਲੇ ਜਾਂਦੇ ਹਨ। ਪੁਰਾਣੇ ਸੰਸਕ੍ਰਿਤ-ਗ੍ਰੰਥਾਂ ਵਿਚ ਯਮਰਾਜ ਤੇ ਧਰਮਰਾਜ ਦੋਵੇਂ ਨਾ ਇਕ ਵਿਅਕਤੀ ਲਈ ਵਰਤੇ ਗਏ ਹਨ। ਧਰਮਰਾਜ ਇਸ ਲਈ ਕਿ ਇਹ ਸਾਰੀ ਚੰਗੀ ਮੰਦੀ ਕਰਣੀ ਦਾ ਨਿਆਂ ਕਰਦਾ ਹੈ। ਯਮ ਦਾ ਲਫ਼ਜ਼ੀ ਮਾਅਨਾ ਰੋਕਣਾ ਹੈ, ਚਲਦੇ ਸਵਾਸਾਂ ਨੂੰ ਰੋਕਣ ਵਾਲਾ ਯਮ ਜਾਂ ਜਮ ਕਹਿਲਾਇਆ। ਇਸਲਾਮ ਅਨੁਸਾਰ ਅਜਰਾਈਲ ਫਰਿਸ਼ਤਾ, ਇਹ ਸਾਰਾ ਕੰਮ ਕਰਦਾ ਹੈ।[527]

ਸਮਾ। ਯਮਰਾਜ ਦਾ ਇਕ ਨਾਂ ਜੋ ਮਿਰਤਕ ਪ੍ਰਾਣੀਆਂ ਨਾਲ ਨਿਆਂ ਕਰਦਾ ਹੈ। ਅਥਰਵੇਦ ਵਿਚ ਕਾਲ ਨੂੰ ਸਾਰੀਆਂ ਹੀ ਵਸਤਾਂ ਦਾ ਸ੍ਰੋਤ ਤੇ ਸ਼ਾਸਕ ਮੰਨਕੇ ਸੰਬੋਧਨ ਕੀਤਾ ਗਿਆ ਹੈ। ਉਸ ਵਿਚ

---

[525] ਉਹੀ, ਪਤਰਾ 1121.

[526] ਉਹੀ, ਪਤਰਾ 1739.

[527] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 146-47.

ਲਿਖਿਆ ਹੈ 'ਇਹ ਉਹ ਹੈ ਜਿਸ ਨੇ ਸਾਰੇ ਸੰਸਾਰਾਂ ਨੂੰ ਸਾਜਿਆ ਅਤੇ ਉਨ੍ਹਾਂ ਉਤੇ ਛਾ ਗਿਆ। ਉਨ੍ਹਾਂ ਦਾ ਪਿਤਾ ਹੁੰਦਾ ਹੋਇਆ ਵੀ ਇਹ ਉਨ੍ਹਾਂ ਦਾ ਪੁਤਰ ਬਣ ਗਿਆ। ਇਸ ਨਾਲੋ ਵਧਕੇ ਸੰਸਾਰ ਵਿਚ ਕੋਈ ਵੀ ਸ਼ਕਤੀ ਨਹੀਂ। ਆਮ ਤੌਰ ਤੇ ਪੁਰਾਣ ਕਾਲ ਨੂੰ ਸ੍ਰਿਸ਼ਟੀ ਦਾ ਮੂਲ ਕਾਰਨ ਨਹੀਂ ਮੰਨਦੇ।[528]

ਯਮ- ਸੰਜਮੀ। ਯਮਰਾਜ ਵੇਦਾਂ ਵਿਚ ਯਮ ਨੂੰ ਮਿਰਤੂ ਦਾ ਦੇਵਤਾ ਮੰਨਿਆ ਗਿਆ ਹੈ। ਮਰਨ ਪਿਛੋਂ ਸਾਰੀਆਂ ਰੂਹਾਂ ਇਸ ਕੋਲ ਹੀ ਨਿਵਾਸ ਕਰਦੀਆਂ ਹਨ। ਇਹ ਵਿਵਸਵਤ (ਸੂਰਜ) ਦਾ ਪੁਤਰ ਹੈ ਅਤੇ ਇਸ ਦੀ ਇਕ ਜੌੜੀ ਭੈਣ ਵੀ ਹੈ, ਜਿਸ ਦਾ ਨਾਂ ਯਮੀ ਜਾਂ ਯਮੁਨਾਂ ਹੈ। ਕਈ ਇਨ੍ਹਾਂ ਨੂੰ ਪਹਿਲੀ ਮਨੁਖੀ ਦੰਪਤੀ ਸਮਝਦੇ ਹਨ ਜਿਥੋਂ ਸਾਰੀਆਂ ਜਾਤੀਆਂ ਨੇ ਜਨਮ ਲਿਆ। ਇਕ ਪ੍ਰਸਿਧ ਰਿਚਾ ਕਥੋ ਪਕਥਨ ਦੇ ਰੂਪ ਵਿਚ ਮਿਲਦੀ ਹੈ, ਜਿਸ ਵਿਚ ਇਸਤਰੀ ਦੀ ਸੰਤਾਨ ਪੈਦਾ ਕਰਨ ਲਈ ਸਹ ਨਿਵਾਸ ਦੀ ਇਛਾ ਦਰਸਾਈ ਗਈ ਹੈ। ਇਕ ਹੋਰ ਰਿਚਾ ਵਿਚ ਲਿਖਿਆ ਹੈ ਕਿ ਯਮ ਪਹਿਲਾ ਮਨੁਖ ਸੀ, ਜਿਸ ਦੀ ਮਿਰਤੂ ਹੋਈ ਅਤੇ ਜੋ ਸਵਰਗ ਵਿਚ ਚਲਾ ਗਿਆ। ਇਸ ਨੇ ਹੀ ਉਸ ਘਰ ਦਾ ਰਾਹ ਲਭਿਆ ਜਿਹੜਾ ਨਿਸ਼ਚਲ ਹੈ।

ਪੁਰਾਣਿਕ ਕਹਾਣੀ ਹੈ ਕਿ ਇਕ ਵਾਰ ਯਮ ਨੇ ਆਪਣੇ ਪਿਤਾ ਦੀ ਦਾਸੀ ਛਾਯਾ ਨੂੰ ਮਾਰਨ ਲਈ ਲਤ ਚੁਕੀ। ਉਸ ਨੇ ਸਰਾਪ ਦਿਤਾ ਅਤੇ ਜਿਸ ਨਾਲ ਇਸ ਦੀ ਲਤ ਤੇ ਫੋੜੇ ਹੋ ਗਏ ਅਤੇ ਕੀੜੇ ਪੈ ਗਏ। ਇਸ ਦੇ ਪਿਤਾ ਨੇ ਇਸ ਨੂੰ ਇਕ ਕੁਕੜ ਦਿਤਾ, ਜਿਸ ਨੇ ਇਸ ਦੀ ਲਤ ਵਿਚੋਂ ਕੀੜੇ ਕਢਕੇ ਖਾ ਲਏ ਅਤੇ ਜ਼ਖਮਾਂ ਨੂੰ ਠੀਕ ਕਰ ਦਿਤਾ। ਇਸ ਘਟਨਾ ਕਰਕੇ ਇਸਨੂੰ ਸ਼ੀਰਣਪਾਦ, ਝੁਰੜੇ ਪੈਰ ਵਾਲਾ ਵੀ ਕਿਹਾ ਜਾਂਦਾ ਹੈ।

ਯਮ ਦੀਆਂ ਅਨੇਕਾਂ ਪਤਨੀਆਂ ਹਨ, ਜਿਵੇਂ ਹੇਮਮਾਲਾ, ਸੁਸ਼ੀਲਾ ਅਤੇ ਵਿਜਯਾ। ਇਹ ਪਾਤਾਲ ਵਿਚ ਯਮਪੁਰ ਨਾਂ ਦੇ ਸ਼ਹਿਰ ਵਿਚ ਰਹਿੰਦਾ ਹੈ। ਉਥੇ ਇਹ ਆਪਣੇ ਕਾਲੀਚੀ ਨਾਂ ਦੇ ਮਹਿਲ ਵਿਚ ਵਿਚਾਰ-ਭੂ ਨਾਂ ਦੇ ਨਿਆਂ ਦੇ ਤਖਤ ਉਤੇ ਬੈਠਦਾ ਹੈ। ਚਿਤ੍ਰਗੁਪਤ ਇਸ ਦਾ ਸਹਾਇਕ ਅਤੇ ਲੇਖਾਕਾਰ ਹੈ। ਚੰਦ ਜਾਂ ਮਹਾਂਚੰਦ ਅਤੇ ਕਾਲਪੁਰਸ਼ ਇਸ ਦੇ ਮੁਖ ਦੁਆਰ-ਪਾਲ ਅਤੇ ਨਿਗਰਾਨ ਹਨ। ਜਦੋਂ ਮਨੁਖ ਮਰਦਾ ਹੈ ਤਾਂ

---

[528] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 178.

ਇਸ ਦੇ ਯਮਦੂਤ ਮ੍ਰਿਤ ਵਿਅਕਤੀਆਂ ਦੀਆਂ ਰੂਹਾਂ ਇਸ ਦੇ ਸਾਹਮਣੇ ਪੇਸ਼ ਕਰਦੇ ਹਨ। ਇਸ ਦੇ ਨਿਆਂ ਦੇ ਹਾਲ ਦੇ ਦਰਵਾਜ਼ੇ ਤੇ ਵੈਧਜਤ ਦੁਆਰਪਾਲ ਦੇ ਰੂਪ ਵਿਚ ਖੜ੍ਹਾ ਰਹਿੰਦਾ ਹੈ।

ਯਮ ਦੇ ਪਦ ਦੇ ਅਰਥ ਵਾਚਕ ਕਈ ਨਾਂ ਮਿਲਦੇ ਹਨ। ਇਸ ਨੂੰ ਮ੍ਰਿਤਜੂ, ਕਾਲ ਅਤੇ ਅੰਤਕ, ਮੌਤ- ਕ੍ਰਿਤਾਂਤ, ਨਸ਼ਟ ਕਰਨ ਵਾਲਾ, ਸ਼ਮਨ- ਫੈਸਲਾ ਕਰਨ ਵਾਲਾ, ਦੰਡੀ ਜਾਂ ਦੰਡਧਾਰ- ਡੰਡਾ ਧਾਰਨ ਕਰਨ ਵਾਲਾ, ਭੀਮਸ਼ਾਸਨ- ਕਠੋਰ ਫੈਸਲੇ ਦੇਣ ਵਾਲਾ ਪਾਸ਼ੀ ਕਮੰਦ ਵਾਲਾ, ਪਿਤ੍ਰਿਪਤੀ- ਪਿਤਰਾਂ ਦਾ ਰਾਜਾ, ਪ੍ਰੇਤਰਾਜ, ਪ੍ਰੇਤਾਂ ਦਾ ਰਾਜਾ ਸ੍ਰਾਧਦੇਵ- ਸਰਾਧਾਂ ਦਾ ਦੇਵਤਾ ਅਤੇ ਵਿਸ਼ੇਸ਼ ਕਰਕੇ ਧਰਮਰਾਜ ਨਿਆਂ ਦਾ ਰਾਜਾ ਕਹਿੰਦੇ ਹਨ। ਉਦੁੰਬਰ- ਅੰਜੀਰ ਦੇ ਬਿਰਛ ਤੋਂ ਔਦੁੰਬਰ ਅਤੇ ਪਿਤਾ ਦੇ ਨਾਂ ਦੇ ਆਧਾਰ ਤੇ ਇਸ ਨੂੰ ਵੈਵਸਵਤ ਵੀ ਕਹਿੰਦੇ ਹਨ। ਇਕ ਧਰਮ ਸ਼ਾਸਤਰ ਦਾ ਨਾ ਵੀ ਯਮ ਹੈ।[529] ਚਰਚਿਤ ਕ੍ਰਿਤੀ ਵਿਚ ਯਮਰਾਜ ਨੂੰ ਸਾਰਿਆਂ ਦਾ ਲੇਖਾ ਲੈਣ ਵਾਲਾ ਦਰਸਾਇਆ ਗਿਆ ਹੈ। ਯਮਰਾਜ ਹੀ ਸਾਰੇ ਕਰਮਾਂ ਦਾ ਲੇਖਾ ਕਰਦਾ ਹੈ-

ਦੇਹਿ ਕੋ ਬੁਲਾਇ ਕਰਿ ਕਹਜੋ ਯਮਰਾਜ ਪੁਨਿ

ਕਰਮਨਿ ਕਾ ਹਿਸਾਬ ਦੇਹੁ ਸੁਖ ਦਾਨੀਐ॥

ਕਰਮ ਜੋ ਕਰੇ ਤੋਹਿ ਤਿਨ ਕਾ ਹਿਸਾਬ ਦੇਹੁ

ਦੇਹਿ ਕਹਜੋ ਮੈ ਤੋ ਜੜਿ ਧਰਮ ਮਹਾਨੀਐ॥[530]

ਯਮਰਾਜ ਮੌਤ ਵੀ ਨਿਸ਼ਚਿਤ ਕਰਦਾ ਹੈ, ਮੌਤ ਨਿਸ਼ਚਿਤ ਕਰਨ ਸਮੇਂ ਉਹ ਉਮਰ ਵੱਡੀ ਛੋਟੀ ਨਹੀਂ ਦੇਖਦਾ ਬਲਕਿ ਸਮੇਂ ਅਨੁਸਾਰ ਸਭ ਨੂੰ ਮੌਤ ਦਿੰਦਾ ਹੈ। ਇਸ ਦਾ ਜ਼ਿਕਰ ਕਵੀ ਨੇ ਪ੍ਰਤਾਪ ਖੰਡ ਵਿਚ ਬੁਢਾ ਜੀ ਦਾ ਨਾਨਕ ਦੇਵ ਜੀ ਨੂੰ ਮਿਲਣ ਸਮੇਂ ਕੀਤਾ ਹੈ, ਜਦੋਂ ਗੁਰੂ ਜੀ ਪ੍ਰਸ਼ਨ ਪੁਛਦੇ ਹਨ ਕਿ ਇਤਨੀ ਛੋਟੀ ਉਮਰ ਵਿਚ ਸਤਿਸੰਗ ਕਿਉਂ ਕਰਦਾ ਹੈਂ? ਤਾਂ ਬੁਢਾ ਜੀ ਨੇ ਉਤਰ ਦਿਤਾ ਸੀ ਕਿ ਕਾਲ/ਯਮ ਉਮਰ ਨਹੀਂ ਦੇਖਦਾ ਇਸ ਲਈ ਜਦ ਸਮਾਂ ਲਗੇ ਉਦੋਂ ਹੀ ਸਤਿਸੰਗ ਕਰ ਲੈਣਾ ਚਾਹੀਦਾ ਹੈ। ਯਥਾ-

---

[529] ਉਹੀ, ਪੰਨਾ 442-44.

[530] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1793.

ਅਬਲ ਸੋ ਜਾਰੀ ਨੀਕੀ ਪਾਛੇ ਤੇ ਸੋ ਜਾਰੀ ਮੀਕੀ

ਦੇਖਿ ਬਰਤਾਂਤਿ ਮਨ ਮਾਹਿ ਮੈ ਬਿਚਾਰਿਯਾ॥

ਮਨ ਕੀਉ ਬਿਚਾਰ ਯਮ ਨਾ ਕਿਸ ਕਾ ਯਾਰ

ਕਾਲ ਕਾ ਚਬੀਣਾ ਲੋਕ ਛੋਟੇ ਮੋਟੇ ਸਾਰਿਯਾ॥21॥[531]

ਯਮਰਾਜ/ਕਾਲ ਦੀ ਸਮਰਥਾ ਬਾਰੇ ਕਸ਼ਮੀਰ ਖੰਡ ਵਿਚ ਵਿਸਥਾਰ ਪੂਰਵਕ ਵਰਨਣ ਕੀਤਾ ਮਿਲ ਜਾਂਦਾ ਹੈ, ਜਿਸ ਵਿਚ ਕਾਲ ਦਾ ਗੋਰਖ ਨਾਲ ਸੰਬਾਦ ਹੁੰਦਾ ਹੈ। ਇਸ ਸੰਬਾਦ ਵਿਚ ਕਾਲ ਦੀ ਸਮਰਥਾ ਤੋਂ ਅਸੀਂ ਜਾਣੂੰ ਹੁੰਦੇ ਹਾਂ। ਅਸੀਂ ਜਾਣਦੇ ਹਾਂ ਕਿ ਕਾਲ ਦੀ ਪਹੁੰਚ ਸਭ ਥਾਂਈ ਹੀ ਹੈ। ਤਿੰਨਾਂ ਲੋਕਾਂ ਵਿਚ ਕਾਲ ਪਹੁੰਚ ਜਾਂਦਾ ਹੈ। ਯਥਾ-

ਤੀਨ ਲੋਕ ਮੈ ਮੋਰ ਦੁਹਾਈ॥

ਮੋ ਤੇ ਭਾਗ ਕਹਾ ਕੋ ਜਾਈ॥

ਸੁੰਭ ਨਿਸੁੰਭ ਬਲੀ ਮੈ ਮਾਰੇ॥

ਗੋਰਖ ਤੁਮ ਹੋ ਕਉਨ ਬਿਚਾਰੇ॥63॥[532]

ਕਾਲ ਦੀ ਪਹੁੰਚ ਜਿਸ ਤਰ੍ਹਾਂ ਤਿੰਨਾਂ ਲੋਕਾਂ ਵਿਚ ਉਸੇ ਤਰ੍ਹਾਂ ਕਾਲ ਕਿਸੇ ਵੀ ਅਵਸਥਾ ਵਿਚ ਮੌਤ ਦੇ ਸਕਦਾ ਹੈ, ਉਠਣ, ਬੈਠਣ, ਜਾਗਣ, ਸੌਣ, ਜਲ, ਥਲ, ਅਸਮਾਨ, ਹਵਾ ਇਤਿਆਦਿਕ ਪ੍ਰਸਥਿਤੀਆਂ ਵਿਚ ਵੀ ਵਿਅਕਤੀ ਕਾਲ ਗ੍ਰਸਤ ਹੋ ਜਾਂਦਾ ਹੈ-

ਊਠਤਿ ਮਾਰੋਂ ਬੈਠਤਿ ਮਾਰੋਂ ਮਾਰੋਂ ਜਾਗਤਿ ਸੂਤਾ॥

ਤੀਨ ਲੋਕ ਮੈ ਜਾਲ ਪਸਾਰਯੋ ਕਹਾਂ ਰਹੋ ਅਵਧੂਤਾ॥

ਥਲ ਮੈ ਮਾਰੋਂ ਜਲ ਮੈ ਮਾਰੋਂ ਮਾਰੋ ਪਾਵਕ ਪਾਉਨਾ॥

ਨਭ ਮੈ ਮਾਰੋਂ ਹੰਮੈ ਮਾਰੋਂ ਮਾਰੋਂ ਮਹਤਤ ਭਉਨਾ॥

---

[531] ਉਹੀ, ਪਤਰਾ 760.

[532] ਉਹੀ, ਪਤਰਾ 1721.

ਤੀਨ ਲੋਕ ਤੇ ਬਾਹਰਿ ਮਾਰੋਂ ਮਾਰੋਂ ਮਾਯਾ ਮਾਹੀ॥

ਕਾਲ ਕਹੈ ਸੁਣਿ ਗੋਰਖ ਨਾਥਾ ਤੁਮ ਕੋ ਛੋਡੋ ਨਾਹੀ॥65॥[533]

ਯਮਰਾਜ/ਕਾਲ ਦੀ ਸ਼ਕਤੀ ਨੂੰ ਬਿਆਨ ਕਰਦੇ ਸਮੇਂ ਉਸ ਦਾ ਸਰੂਪ ਕਸ਼ਮੀਰ ਖੰਡ ਵਿਚ ਹੀ ਬਿਆਨ ਕਰਨ ਦਾ ਯਤਨ ਕੀਤਾ ਹੈ। ਸਰੂਪ ਨੂੰ ਬਿਆਨ ਕਰਦੇ ਸਮੇਂ ਇਹ ਦਰਸਾਇਆ ਹੈ ਕਿ ਕਾਲ ਬਹੁਤ ਹੀ ਭਿਆਨਕ ਸਰੂਪ ਵਾਲਾ ਹੈ। ਮਰਦਾਨਾ ਜਦ ਉਸ ਦਾ ਸਰੂਪ ਦੇਖਦਾ ਹੈ ਤਾਂ ਭੈ-ਭੀਤ ਹੋ ਜਾਂਦਾ ਹੈ, ਭਾਵ ਉਸ ਦਾ ਸਰੂਪ ਬਹੁਤ ਹੀ ਡਰਾਵਨਾ ਅਤੇ ਭਿਆਨਕ ਹੈ-

ਦੇਖਿ ਕਾਲ ਕਾ ਰੂਪ ਭਿਆਨਕਿ ਜਾਨਿਯੈ॥

ਡਰਿਯੋ ਸੋ ਮਰਦਾਨਾ ਆਪ ਮਹਾਨਿਯੈ॥[534]

ਸੋ ਕਵੀ ਨੇ ਜ਼ਰੂਰਤ ਅਨੁਸਾਰ ਯਮਰਾਜ/ਕਾਲ ਦਾ ਵਿਸ਼ੇਸ਼ਗ ਜ਼ਿਕਰ ਕਰਦਿਆਂ ਉਸ ਦਾ ਮਿਥਿਹਾਸਕ ਸਰੂਪ ਬਿਆਨ ਕੀਤਾ ਹੈ।

ਉਪਰੋਕਤ ਵੰਨਗੀਆਂ ਵਿਚ ਜਿਥੇ ਅਸੀਂ ਦੇਖਿਆ ਕਿ ਕਵੀ ਨੇ ਪ੍ਰਮੁਖ ਦੇਵੀ-ਦੇਵਤਿਆਂ ਦਾ ਵਰਨਣ ਵਿਸਤ੍ਰਿਤ ਰੂਪ ਵਿਚ ਕੀਤਾ ਹੈ। ਉਥੇ ਹੋਰ ਵੀ ਅਨੇਕਾਂ ਦੇਵੀ-ਦੇਵਤੇ- ਦੁਰਗਾ, ਜਲੰਧਰ ਦੇਵਤਾ, ਚਤੁਰਸ੍ਰਿੰਗੀ ਦੇਵੀ, ਅਸਟ ਮਾਤ੍ਰਕਾ (ਬੈਸਨਵੀ, ਰੁਦ੍ਰਾਵੀ, ਬ੍ਰਹਮਵੀ, ਕੁਮਾਰੀ, ਵਾਗਹੀ, ਚਮੁੰਡਯ, ਨਾਰ ਸਿਹੂੰਕਾ ਅਤੇ ਮਹਿੰਦ੍ਰਕਾ) ਇਤਿਆਦਿਕ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ। ਸੋ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਬਹੁਤ ਸਾਰੇ ਪ੍ਰਮੁਖ ਦੇਵੀ-ਦੇਵਤਿਆਂ ਦਾ ਵਰਨਣ ਜ਼ਰੂਰਤ ਅਨੁਸਾਰ ਕਰਕੇ ਉਨ੍ਹਾਂ ਦੇ ਮਿਥਿਹਾਸਕ ਸਰੂਪ ਨੂੰ ਵਿਅਕਤ ਕਰਨ ਦਾ ਯਤਨ ਕੀਤਾ ਹੈ।

### 1.2 ਪ੍ਰਮੁਖ ਅਵਤਾਰ

ਵਿਚਾਰਾਧੀਨ ਕ੍ਰਿਤੀ ਉਪੇਦਾਸ਼ਤਮਕ ਬ੍ਰਿਤੀ ਵਾਲੀ ਹੋਣ ਕਰਕੇ ਇਸ ਵਿਚ ਅਵਤਾਰਾਂ ਦੀ ਜ਼ਿਕਰ ਹੋਣਾ ਕੋਈ ਅਤਿਕਥਨੀ ਨਹੀਂ ਹੋਵੇਗੀ। ਜੇਕਰ ਅਵਤਾਰਵਾਦ ਦੀ ਦ੍ਰਿਸ਼ਟੀ ਤੋਂ ਵਿਚਾਰਾਧੀਨ ਕ੍ਰਿਤੀ ਨੂੰ ਵਾਚਿਆ ਜਾਵੇ ਤਾਂ ਅਸੀਂ ਦੇਖਦੇ ਹਾਂ ਕਿ ਇਸ ਕ੍ਰਿਤੀ ਵਿਚ ਅਨੇਕਾਂ ਹੀ ਅਵਤਾਰਾਂ ਦਾ ਜ਼ਿਕਰ ਆਇਆ

[533] ਉਹੀ, ਪਤਰਾ 1721.

[534] ਉਹੀ, ਪਤਰਾ 1728.

ਹੈ, ਜਿਵੇਂ ਮੰਗਲ ਖੰਡ ਵਿਚ ਵਿਸ਼ਨੂੰ ਦੇ 24 ਅਵਤਾਰਾਂ ਨੂੰ ਬੰਦਨਾ ਕੀਤੀ ਹੈ। ਪਰ ਕ੍ਰਿਤੀ ਵਿਚ ਇਨ੍ਹਾਂ ਸਾਰਿਆਂ ਦਾ ਵਿਸਤ੍ਰਿਤ ਵਰਨਣ ਦੇਖਣ ਨੂੰ ਨਹੀਂ ਮਿਲਦਾ। ਮਾਤਰ ਰਾਮ ਅਤੇ ਸ਼੍ਰੀ ਕ੍ਰਿਸ਼ਨ ਦਾ ਹੀ ਵਿਸਥਾਰ ਇਸ ਵਿਚ ਕੀਤਾ ਗਿਆ ਹੈ। ਸੋ ਅਸੀਂ ਇਨ੍ਹਾਂ ਅਵਤਾਰਾਂ ਦਾ ਨਿਮਨਾਂਕਿਤ ਅਨੁਸਾਰ ਵਿਸ਼ੇਸ਼ਗ ਵਰਨਣ ਕਰਾਂਗੇ-

### 1.2.1 ਰਾਮ

ਰਾਮ ਦਾ ਪੂਰਾ ਨਾਮ ਰਾਮਚੰਦਰ ਸੀ ਜੋ ਕਿ ਤ੍ਰੇਤਾ ਯੁਗ ਵਿਚ ਰਘੂ ਖਾਨਦਾਨ ਵਿਚੋਂ ਅਯੁਧਿਆ ਦੇ ਰਾਜਾ ਦਸਰਥ ਤੇ ਮਾਤਾ ਕੌਸ਼ਲਿਆ ਦੇ ਜੇਠੇ ਸਪੁਤਰ ਸਨ, ਜਿਨ੍ਹਾਂ ਉਚ-ਆਚਾਰ ਤੇ ਉਚ-ਆਦਰਸ਼ਾਂ ਕਾਰਣ ਲੋਕ-ਪ੍ਰਿਯਤਾ ਪ੍ਰਾਪਤ ਕੀਤੀ। ਪੌਰਾਣਕ ਮਨੌਤ ਅਨੁਸਾਰ ਇਹ ਵਿਸ਼ਨੂੰ ਦਾ ਸਤਵਾਂ ਅਵਤਾਰ ਸੀ। ਆਪ ਨੇ ਰਿਸ਼ੀ ਵਸ਼ਿਸ਼ਟ ਤੇ ਵਾਸਦੇਵ ਤੋਂ ਵੇਦਾਂਗ ਦੀ ਤੇ ਵਿਸ਼ਵਾਮਿਤ੍ਰ ਤੋਂ ਸ਼ਸਤਰ ਵਿਦਿਆ ਪ੍ਰਾਪਤ ਕੀਤੀ। ਯੁਵਾ ਅਵਸਥਾ ਵਿਚ ਸ਼ਿਵਜੀ ਦਾ ਧਨੁਖ ਤੋੜ ਕੇ ਮਿਥਲਾ ਦੇ ਰਾਜਾ ਜਨਕ ਦੀ ਪੁਤਰੀ ਸੀਤਾ ਨਾਲ ਵਿਆਹ ਕਰਵਾਇਆ। ਰਾਜ-ਤਿਲਕ ਸਮੇਂ ਮਤ੍ਰੇਈ ਮਾਂ ਕੈਕਈ ਦੇ ਕਹਿਣ ਤੇ ਪਿਤਾ ਦਸ਼ਰਥ ਨੇ 14 ਸਾਲ ਦਾ ਬਨਵਾਸ ਦਿਤਾ ਜੋ ਕਿ ਆਪ ਨੇ ਸਵੀਕਾਰ ਕਰ ਲਿਆ। ਬਨਵਾਸ ਸਮੇਂ ਰਾਵਣ ਸੀਤਾ ਨੂੰ ਉਧਾਲ ਕੇ ਲੈ ਗਿਆ। ਰਾਮ ਨੇ ਵਾਨਰ ਸੈਨਾ ਅਤੇ ਵਿਭੀਖਨ ਦੀ ਮਦਦ ਨਾਲ ਰਾਵਣ ਨੂੰ ਮਾਰਿਆ। ਜਿਤ ਉਪਰੰਤ ਅਯੁਧਿਆ ਆਏ ਤੇ ਦਸ ਹਜ਼ਾਰ ਵਰ੍ਹੇ ਤਕ ਰਾਜ ਕੀਤਾ। ਰਾਮਚੰਦਰ ਦੀ ਕਥਾ ਨੂੰ ਬਹੁਤ ਸਾਰੇ ਕਵੀਆਂ ਨੇ ਕਲਮਬਧ ਕੀਤਾ ਹੈ ਪਰ ਸਭ ਤੋਂ ਅਧਿਕ ਮਕਬੂਲ ਬਾਲਮੀਕ ਰਿਸ਼ੀ ਦੁਆਰਾ ਰਚਿਤ ਹੈ।[535] ਰਾਮਚੰਦਰ ਦੇ ਦੋ ਪੁਤਰ ਲਵ ਅਤੇ ਕੁਸ਼ ਦਾ ਜ਼ਿਕਰ ਵੀ ਮਿਲਦਾ ਹੈ।[536] ਕਵੀ ਨੇ ਰਾਮ ਨੂੰ ਸਵਿਕ੍ਰਿਤੀ ਦੇ ਕੇ ਇਸ ਦੇ ਪ੍ਰਚਿਲਤ ਨਾਵਾਂ ਨੂੰ ਵੀ ਸਵਿਕ੍ਰਿਤੀ ਦਿਤੀ ਹੈ। ਰਾਵਣ ਦਾ ਵਧ ਕਰਨ ਕਰਕੇ ਰਾਵਣ ਘਾਇਕ ਕਹਿ ਕੇ ਸਤਿਕਾਰਿਆ ਹੈ-

ਜਗ ਪਗ ਧੂਰ ਤਰੀ ਰਿਖਨਾਰ ਹਨੂੰ ਜਹ ਪਾਇਕ ਔਧ ਬਸਾਮੀ॥

---

[535] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 254.

[536] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 1032-33.

ਰਾਵਣ ਘਾਇਕ ਮਾਇ ਸੁਨਾਇਕ ਤਾਹਿ ਕ੍ਰਿਪਾ ਕਰਿ ਹੋਇ ਗਿਰਾਮੀ॥12॥[537]

ਤਿਲੰਗਜੀਦੇਵ ਖੰਡ ਵਿਚ ਰਾਮ ਨੂੰ ਕਵੀ ਨੇ ਰਾਘਵ ਨਾਮ ਨਾਲ ਪੁਕਾਰਿਆ ਹੈ। ਇਸ ਅਧਿਆਇ ਵਿਚ ਪੰਚਵਟੀ ਵਿਚ ਬਹੁਤ ਸਾਰੇ ਰਾਕਸ਼ਾਂ ਨੂੰ ਮਾਰਨ ਦਾ ਵੀ ਵਿਸ਼ੇਸ਼ਗ ਜ਼ਿਕਰ ਹੈ-

ਪੰਚਵਟੀ ਜਬ ਰਾਘਵ ਆਏ॥

ਬਹੁ ਰਾਕਸ ਤਹਿ ਰਾਮ ਖਪਾਏ॥

ਸੁਪਨਖਾ ਬਦਲੈ ਸੁਖਦਾਈ॥

ਰਾਕਸ ਨੀਚ ਲਰੇ ਤਹਿ ਆਈ॥32॥[538]

ਰਾਮ ਦੇ ਅਨੇਕਾਂ ਨਾਮ ਉਨ੍ਹਾਂ ਦੇ ਕਾਰਜਾਂ ਕਰਕੇ ਪ੍ਰਸਿਧ ਹੋਏ ਹਨ। ਕਵੀ ਨੇ ਰਾਮ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਹੈ। ਇਸ ਪਿਛੇ ਉਹ ਇਕ ਕਥਾ ਵੀ ਦਸਦਾ ਹੈ ਕਿ ਨਾਰਦ ਦੇ ਸਰਾਪ ਕਰਕੇ ਹੀ ਰਾਮ ਸੀਤਾ ਲਈ ਬਨ-ਬਨ ਭਟਕਦਾ ਰਿਹਾ ਅਤੇ ਇਸ ਕਾਰਨ ਹੀ ਰਾਮ ਦਾ ਅਵਤਰਣ ਹੋਇਆ ਸੀ। ਯਥਾ-

ਰਾਮ ਉਤਾਰ ਸੁ ਬਿਸਨੂ ਭਯੋ॥

ਨਾਰਦ ਬਚਨਿ ਸੁ ਸਤਿ ਤਿਨ ਕਯੋ॥[539]

ਚਰਚਿਤ ਕ੍ਰਿਤੀ ਵਿਚ ਰਾਮ ਦੇ ਸੁਭਾਅ ਦਾ ਵੀ ਥੋੜ੍ਹਾ ਬਹੁਤ ਪਤਾ ਲਗਦਾ ਹੈ, ਰਾਮ ਦਿਆਲੂ ਹੈ। ਉਹ ਲੋਕਾਂ ਦਾ ਭਲਾ ਕਰਨ ਹਿਤ ਬਹੁਤ ਥਾਵਾਂ 'ਤੇ ਗਿਆ । ਰਾਮ ਦੇ ਦਿਆਲਤਾ ਵਾਲੇ ਸੁਭਾਅ ਬਾਰੇ ਕਵੀ ਇੰਵ ਲਿਖਦਾ ਹੈ-

ਕਰੁਣਾ ਸਿੰਧ ਰਾਮ ਸੁ ਜਾਨ॥

ਤਹਿ ਤੇ ਇਹਾਂ ਸੁ ਆਇ ਮਹਾਨ॥

ਰਾਮ ਚੰਦ ਪ੍ਰਭ ਕਰੁਣਾਧਾਮ॥

---

537 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 21.

538 ਉਹੀ, ਪਤਰਾ 1578.

539 ਉਹੀ, ਪਤਰਾ 178.

ਮੁਨਿ ਕੋ ਆਇ ਕਰੀ ਪਰਣਾਮ॥19॥[540]

ਜਿਥੇ ਕਵੀ ਨੇ ਰਾਮ ਦੇ ਦਿਆਲੂ ਸੁਭਾਅ ਨੂੰ ਪ੍ਰਵਾਨ ਕੀਤਾ ਹੈ, ਉਥੇ ਜ਼ਾਲਮਾਂ ਦਾ ਨਾਸ਼ ਕਰਨ ਵਾਲਾ ਵੀ ਹੈ। ਉਸ ਦਾ ਇਤਨਾ ਭੈਅ ਹੈ ਕਿ ਡਰ ਕੇ ਬਹੁਤ ਸਾਰੇ ਰਾਕਸ਼ ਮੈਦਾਨ ਛਡ ਕੇ ਪਤਾਲ ਵਿਚ ਭਜ ਜਾਂਦੇ ਹਨ। ਯਥਾ-

ਰਾਮ ਚੰਦ ਬਹੁ ਰਾਕਸ ਮਾਰੇ॥

ਤਾਂ ਡਰਿ ਸੈਲ ਸੁ ਛੋਡਿ ਪਧਾਰੇ॥

ਰਾਕਸ ਭਾਗ ਸੁ ਗਏ ਪਤਾਲਾ॥

ਬਹੁਰਿ ਰਹੀ ਤਹਿ ਮੁਨਿ ਅਨਮਾਲਾ॥33॥[541]

ਰਾਮ ਦਾ ਅਯੁਧਯਾ ਨਗਰੀ ਵਿਚ ਵਾਸ ਹੈ। ਮੁਲਤਾਨ ਖੰਡ ਵਿਚ ਇਕ ਕਥਾ ਸੁਨਾਉਣ ਸਮੇਂ ਕਵੀ ਦਸਦਾ ਹੈ ਕਿ ਰਾਮ ਬਿਬਾਨ ਵਿਚ ਬੈਠ ਕੇ ਅਯੁਧਯਾ ਨੂੰ ਚਲ ਪੈਂਦੇ ਹਨ-

ਬਹੁਰਿ ਅਯੁਧਜਾ ਕੋ ਚਲੇ ਰਾਮ ਸੁ ਬੈਠ ਬਿਬਾਨ॥

ਦ੍ਵੈ ਪੰਖੀ ਨੈ ਬੇਨਤੀ ਮਗ ਮੈ ਕੀਨੀ ਆਨ॥40॥[542]

ਸੋ ਕਵੀ ਨੇ ਰਾਮ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਹੈ, ਉਹ ਦਿਆਲੂ ਹੈ ਅਤੇ ਉਹ ਜ਼ਾਲਮਾਂ ਦਾ ਨਾਸ਼ ਕਰਨ ਵਾਲਾ ਹੈ। ਉਹ ਰਾਵਣ ਦਾ ਘਾਇਕ ਵੀ ਹੈ। ਇਸ ਤਰ੍ਹਾਂ ਕਵੀ ਨੇ ਰਾਮ ਦੇ ਸਰੂਪ ਨੂੰ ਬਿਆਨ ਕਰਨ ਦਾ ਯਤਨ ਕੀਤਾ ਹੈ।

### 1.2.2 ਕ੍ਰਿਸ਼ਨ

ਕ੍ਰਿਸ਼ਨ ਨੂੰ ਸੋਲਾਂ ਕਲਾਂ ਅਵਤਾਰ ਮੰਨਿਆ ਜਾਂਦਾ ਹੈ, ਇਹ ਵਿਸ਼ਨੂੰ ਦੇ ਅਠਵੇਂ ਅਵਤਾਰ ਸਨ। ਆਪ ਦਾ ਜਨਮ ਦੁਆਪਰ ਯੁਗ ਵਿਖੇ ਮਾਤਾ ਦੇਵਕੀ ਤੇ ਪਿਤਾ ਵਾਸਦੇਵ ਦੇ ਘਰ ਮਥਰਾ ਵਿਚ ਹੋਇਆ ਤੇ ਪਾਲਣਾ ਗੋਕੁਲ ਪਿੰਡ ਦੇ ਨੰਦ ਗੁਆਲੇ ਅਤੇ ਮਾਤਾ ਯਸ਼ੋਧਾ ਨੇ ਕੀਤੀ। ਪਾਲਕ ਮਾਤਾ ਯਸ਼ੋਧਾ, ਆਪਣੇ ਵਡੇ

---

540 ਉਹੀ, ਪਤਰਾ 775.

541 ਉਹੀ, ਪਤਰਾ 1578.

542 ਉਹੀ, ਪਤਰਾ 1479.

ਪੁਤਰ ਬਲਰਾਮ ਨਾਲੋਂ ਆਪ ਨੂੰ ਵਧ ਪਿਆਰ ਕਰਦੀ ਸੀ। ਮਥਰਾ ਤੋਂ ਕੰਸ (ਇਹ ਕ੍ਰਿਸ਼ਨ ਦਾ ਮਾਮਾ ਸੀ ਤੇ ਜੋਤਸ਼ੀਆਂ ਦੇ ਕਹਿਣ ਕਰਕੇ ਕ੍ਰਿਸ਼ਨ ਨੂੰ ਜੰਮਣ ਸਾਰ ਹੀ ਮਾਰਨਾ ਚਾਹੁੰਦਾ ਸੀ) ਨੇ ਬੁਲਾਵਾ ਭੇਜਿਆ ਕਿ ਉਨ੍ਹਾਂ ਨੂੰ ਮਿਲ ਜਾਵੋ। ਬਲਰਾਮ ਤੇ ਕ੍ਰਿਸ਼ਨ, ਰਥ ਵਿਚ ਬੈਠ ਕੇ ਅਕ੍ਰੂਰ ਨਾਲ ਮਥਰਾ ਪਹੁੰਚੇ ਤੇ ਦਰਵਾਜ਼ੇ ਉਤੇ ਕੁਵਲੀਆਪੀੜ ਨਾਮੀ ਮਾਰਖੋਰੇ ਹਾਥੀ ਨੂੰ ਮਾਰਿਆ, ਫਿਰ ਚੰਡੂਰ ਪਹਿਲਵਾਨ ਅਤੇ ਕੰਸ ਨੂੰ ਮਾਰ ਦਿਤਾ। ਇਸ ਪਿਛੋਂ ਉਗ੍ਰਸੈਨ (ਕ੍ਰਿਸ਼ਨ ਦਾ ਨਾਨਾ) ਨੂੰ ਜੇਲ੍ਹ ਵਿਚੋਂ ਰਿਹਾ ਕਰਕੇ ਮਥਰਾ ਦੇ ਰਾਜ-ਸਿੰਘਾਸਨ ਉਤੇ ਬਿਠਾਇਆ। ਕ੍ਰਿਸ਼ਨ ਫਿਰ ਗੋਕੁਲ ਚਲੇ ਗਿਆ । ਕੰਸ ਦੇ ਸਾਥੀਆਂ ਦਾ ਕ੍ਰਿਸ਼ਨ ਨਾਲ ਕੋਈ ਨਾ ਕੋਈ ਝਗੜਾ ਖੜਾ ਰਖਣ ਕਾਰਣ ਕ੍ਰਿਸ਼ਨ ਨੇ ਪੱਛਮੀ ਸਾਗਰ ਦੇ ਇਕ ਟਾਪੂ ਦੁਆਰਕਾ ਵਿਖੇ ਆਪਣਾ ਰਾਜ ਭਾਗ ਸਥਾਪਿਤ ਕੀਤਾ। ਕ੍ਰਿਸ਼ਨ ਨੇ ਨਰਕਾਸੁਰ, ਬਣਾਸੁਰ, ਬਕ੍ਰਾਸੁਰ, ਕਾਲਸਵਨ, ਸ੍ਰਿਗਾਲ ਆਦਿ ਕਈ ਦੈਂਤਾ ਨੂੰ ਮਾਰਿਆ। ਇਸ ਦਾ ਪ੍ਰਸਿਧ ਹਥਿਆਰ ਸੁਦਰਸ਼ਨ ਚਕ੍ਰ ਸੀ ਜਾਂ ਫਿਰ ਸਾਰੰਗ ਧਨੁਖ।

ਕੁਰਖੇਤਰ ਵਿਚ ਕੈਰਵਾਂ ਪਾਂਡਵਾਂ ਦੇ ਯੁਧ ਸਮੇਂ ਕ੍ਰਿਸ਼ਨ ਨੇ ਪਾਂਡਵਾਂ ਦਾ ਸਾਥ ਦਿਤਾ ਤੇ ਅਰਜਨ ਦੇ ਰਥਵਾਹੀ ਬਣਕੇ ਸਾਰੀ ਯੁਧ-ਨੀਤੀ ਵਿਚ ਅਗਵਾਈ ਕੀਤੀ। ਅਰਜਨ ਨੂੰ ਗੀਤਾ ਦਾ ਉਪਦੇਸ਼ ਦਿਤਾ।

ਕ੍ਰਿਸ਼ਨ ਦਾ ਦੇਹਾਂਤ ਪ੍ਰਭਾਸ ਤੀਰਥ ਉਤੇ ਇਕ ਸ਼ਿਕਾਰੀ ਹਥੋਂ ਹੋਇਆ। ਪੁਰਾਣ-ਸਾਹਿਤ ਵਿਚ ਉਨ੍ਹਾਂ ਨਾਲ ਕਈ ਚਮਤਕਾਰੀ ਕਹਾਣੀਆਂ ਆ ਜੁੜਦੀਆਂ ਹਨ।[543] ਰਾਮ ਵਾਂਗ ਗੁਰੂ ਨਾਨਕ ਵਿਜੈ ਗ੍ਰੰਥ ਵਿਚ ਕਵੀ ਨੇ ਕ੍ਰਿਸ਼ਨ ਦੇ ਵੀ ਅਨੇਕਾਂ ਹੀ ਨਾਵਾਂ- ਕਾਨ੍ਹ, ਗੋਕੁਲਵਾਸੀ, ਚਤੁਰਭੁਜ, ਮਾਧਵ, ਦਮੋਦਰ, ਗਿਰਧਾਰੀ, ਰੁਕਮਨ ਪਤਿ, ਪਾਂਡਵ ਮੀਤ, ਦ੍ਵਾਰਕਾਵਾਸੀ, ਪੰਡਰੀ ਨਾਥ, ਦੇਵਕੀ ਨੰਦਨ, ਦ੍ਵਾਰਕਾਧੀਸ ਇਤਿਆਦਿਕ ਦਾ ਉਲੇਖ ਕੀਤਾ ਹੈ। ਯਥਾ-

ਇਕ ਦੱਤ ਕਹੈਂ ਇਕ ਸੱਤਿ ਕਹੈਂ ਇਕ ਕਾਨ੍ਹ ਕਹੈਂ ਇਕ ਗੋਕਲਵਾਸੀ॥
ਅਭਿਆਸ ਕਹੈਂ ਇਕ ਬਜਾਸ ਕਹੈਂ ਇਕ ਭਾਖਤਿ ਮੋਹਿ ਸਦਾ ਸੁਖਰਾਸੀ॥
ਗਰੁੜੰ ਧ੍ਵਜ ਏਕ ਉਚਾਰ ਕਰੈ ਚਤੁਰੰਭੁਜ ਏਕ ਕਹੈਂ ਅਬਿਨਾਸੀ॥

---

[543] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 81-83.

ਇਕ ਮਾਧਵ ਨਾਮ ਕਹੈਂ ਹਮਰਾ ਇਕ ਜੋਗ ਨਿਧੀ ਇਕ ਭੋਗ ਬਿਲਾਸੀ॥27॥

……………………………………………………………

ਦ੍ਵਾਰਕਾ ਵਾਸਿਨੰ ਪੰਡਰੀ ਨਾਥ ਜੀ॥ ਰਾਧਿਕਾ ਬੱਲਭੰ ਜੀਅ ਕੈ ਸਾਥ ਜੀ॥

ਦੇਵਕੀ ਨੰਦਨੰ ਦ੍ਵਾਰਕਾ ਧੀਸ ਸੋ॥ ਗ੍ਵਾਲ ਬਾਲੰ ਜਿਤੇ ਨਾਇ ਤਾਂ ਸੀਸ ਸੋ॥30॥[544]

ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕ੍ਰਿਸ਼ਨ ਆਪਣੇ ਭਗਤਾਂ ਦੀ ਹਰ ਮਨੋਕਾਮਨਾ ਪੂਰੀ ਕਰਨ ਵਾਲਾ ਹੈ। ਧਰਮ ਉਦਯੋਗ ਖੰਡ ਵਿਚ ਮੀਰਾ ਬਾਈ ਦੇ ਕਹਿਣ ਉਤੇ ਕ੍ਰਿਸ਼ਨ ਆਪਣੇ ਚਤੁਰਭੁਜ ਸਰੂਪ ਦੇ ਦਰਸ਼ਨ ਦਿੰਦਾ ਹੈ। ਜਿਸ ਨੂੰ ਦੇਖ ਕੇ ਉਹ ਨਿਹਾਲ ਹੁੰਦੀ ਹੈ-

ਮੀਰਾਂ ਬਾਈ ਖੋਲਿ ਪਟਿ ਦਰਸਨਿ ਕੀਉ ਸੁਜਾਨ॥

ਬਹੁਰਿ ਚਤੁਰਿ ਭੁਜ ਹੋਇ ਕਰਿ ਦਰਸਨਿ ਦਯੋ ਮਹਾਨ॥68॥

ਰੂਪ ਚਤੁਰਿ ਭੁਜ ਦੇਖਿ ਕਰਿ ਭਈ ਪ੍ਰਸੰਨ ਉਦਾਰ॥

ਬਹੁਰਿ ਦੁਊ ਕਰਿ ਜੋਰ ਕੈ ਅਸਤੁਤਿ ਕਰਿ ਅਪਾਰ॥69॥[545]

ਜਿਵੇਂ ਕਿ ਧਰਮ ਉਦਯੋਗ ਖੰਡ ਵਿਚ ਮੀਰਾਂ ਬਾਈ ਦੇ ਕਹਿਣ ‘ਤੇ ਚਤੁਰਭੁਜ ਦਾ ਸਰੂਪ ਧਾਰਨ ਕਰਦੇ ਹਨ, ਉਸੇ ਤਰ੍ਹਾਂ ਮੁਲਤਾਨ ਖੰਡ ਵਿਚ ਵੀ ਕਵੀ ਨੇ ਕ੍ਰਿਸ਼ਨ ਦੇ ਚਤੁਰਭੁਜ ਸਰੂਪ ਦੀ ਚਰਚਾ ਕੀਤੀ ਹੈ। ਜੋ ਕਿ ਗੁਰੂ ਨਾਨਕ ਦੇਵ ਜੀ ਨੂੰ ਮਿਲਦੇ ਹਨ। ਇਸ ਸਾਰੇ ਵਰਤਾਰੇ ਨੂੰ ਬਾਲਾ ਤੇ ਮਰਦਾਨਾ ਹੀ ਦੇਖ ਸਕੇ ਸਨ। ਇਸ ਵਿਚ ਸਪਸ਼ਟ ਹੈ ਕਿ ਕਵੀ ਕ੍ਰਿਸ਼ਨ ਦੇ ਚਤੁਰਭੁਜ ਸਰੂਪ ਨੂੰ ਵੀ ਸਵਿਕਾਰਦਾ ਹੋਇਆ ਉਸ ਦਾ ਸਰੂਪ ਪ੍ਰਗਟਾਉਣ ਦਾ ਯਤਨ ਕਰਦਾ ਹੈ। ਯਥਾ-

ਰੂਪ ਚਤੁਰਿ ਭੁਜ ਦੁਉ ਸੁ ਧਾਰੇ॥ ਮਿਲੇ ਪਰਸਪਰ ਭੁਜਾ ਪਸਾਰੇ॥

ਬਾਲੈ ਅਰੁ ਮਰਦਾਨੈ ਦੇਖੇ॥ ਅਉਰ ਕਿਨੀ ਸੋ ਨਾਹਿ ਨ ਪੇਖੇ॥51॥[546]

---

544 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 114.

545 ਉਹੀ, ਪਤਰਾ 404.

546 ਉਹੀ, ਪਤਰਾ 1486.

ਕ੍ਰਿਸ਼ਨ ਦੀ ਸੁੰਦਰਤਾ ਦੀ ਵਿਚਾਰ ਕਰਦਿਆਂ ਕਵੀ ਮੁਲਤਾਨ ਖੰਡ ਵਿਚ ਹੀ ਗਲ ਵਿਚ ਪਾਈ ਹੋਈ ਬੈਜੰਤੀ ਮਾਲਾ ਦੀ ਵੀ ਚਰਚਾ ਕਰਦਾ ਹੈ ਕਿ ਕ੍ਰਿਸ਼ਨ ਦੇ ਗਲ ਵਿਚ ਹਰ ਸਮੇਂ ਬੈਜੰਤੀ ਮਾਲਾ ਪਾਈ ਰਹਿੰਦੀ ਹੈ ਜੋ ਕਿ ਅਮੁਲੀਕ ਹੈ-

ਕ੍ਰਿਸਨ ਕੀ ਸੋ ਬੈਜੰਤੀ ਮਾਲਾ॥ ਪਰਮ ਅਮੋਲਕ ਸੁ ਪਰਮ ਬਿਸਾਲਾ॥53॥[547]

ਸੋ ਕਵੀ ਨੇ ਜ਼ਰੂਰਤ ਅਨੁਸਾਰ ਕ੍ਰਿਸ਼ਨ ਦਾ ਸਰੂਪ ਬਿਆਨ ਕਰਨ ਦਾ ਯਤਨ ਕੀਤਾ ਹੈ।

### 1.2.3 ਧਰੂੰਅ

ਧਰੂਅ ਜਾਂ ਧਰੂੰਅ ਇਕ ਭਗਤ ਹੋਇਆ ਹੈ ਜਿਸਦੀ ਆਦਰਸ਼ਕ ਭਗਤਾਂ ਵਿਚ ਵਿਸ਼ੇਸ਼ ਪ੍ਰਸਿਧੀ ਹੈ। ਪੁਰਾਣ-ਸਾਹਿਤ ਅਨੁਸਾਰ ਰਾਜਾ ਉਤਾਨਪਾਦ ਦੀਆਂ ਸੁਨੀਤਿ ਤੇ ਸੁਰੁਚਿ ਦੋ ਰਾਣੀਆਂ ਸਨ, ਸੁਨੀਤਿ ਤੋਂ ਧਰੂਅ ਤੇ ਸੁਰੁਚਿ ਤੋਂ ਉਤਮ ਨਾਂ ਦਾ ਪੁਤਰ ਪੈਦਾ ਹੋਇਆ। ਸੁਰੁਚਿ ਚਾਹੁੰਦੀ ਸੀ ਕਿ ਉਸ ਦਾ ਪੁਤਰ ਉਤਮ ਹੀ ਰਾਜ-ਗੱਦੀ ਦਾ ਉਤਰਾਧਿਕਾਰੀ ਹੋਵੇ। ਇਕ ਦਿਨ ਧਰੂਅ ਪਿਤਾ ਦੀ ਗੋਦੀ ਵਿਚ ਬੈਠਾ ਸੀ ਜਿਸ ਨੂੰ ਮਤ੍ਰੇਈ ਮਾਂ ਨੇ ਹੇਠਾਂ ਉਤਾਰ ਦਿਤਾ ਤੇ ਕਿਹਾ ਕਿ ਰਾਜਗੱਦੀ ਦਾ ਮਾਲਕ ਮੇਰਾ ਪੁਤਰ ਬਣੇਗਾ। ਇਹ ਗੱਲ ਸੁਣ ਕੇ ਧਰੂਅ ਰੋਂਦਾ-ਰੋਂਦਾ ਆਪਣੀ ਮਾਤਾ ਸੁਨੀਤਿ ਕੋਲ ਗਿਆ ਤੇ ਸਾਰੀ ਬਾਰਤਾ ਦਸੀ। ਮਾਂ ਨੇ ਸਿਖਿਆ ਦਿਤੀ ਕਿ ਰਾਜ-ਗੱਦੀ ਚੰਗੇ ਕਰਮਾਂ ਨਾਲ ਹੀ ਮਿਲਦੀ ਹੈ ਅਤੇ ਚੰਗੇ ਕਰਮ ਪ੍ਰਭੂ ਭਗਤੀ ਨਾਲ ਬਣਦੇ ਹਨ ਜੇ ਤੂੰ ਇਸ ਨੂੰ ਪਾਉਣਾ ਚਾਹੁੰਦਾ ਹੈਂ ਤਾਂ ਪ੍ਰਭੂ ਭਗਤੀ ਕਰਨੀ ਪੈਣੀ ਹੈ । ਇਹ ਸਿਖਿਆ ਸੁਣ ਕੇ ਧਰੂਅ ਮਧੂਬਨ ਚਲਾ ਗਿਆ ਤੇ ਉਥੇ ਭਗਤੀ ਕਰਕੇ ਪੂਰਨ ਪਦਵੀ ਦੀ ਪ੍ਰਾਪਤੀ ਕੀਤੀ । ਭਗਤੀ ਉਪਰੰਤ ਜਦ ਉਹ ਘਰ ਵਾਪਸ ਆਇਆ ਤਾਂ ਪਿਤਾ ਨੇ ਪ੍ਰਸੰਨ ਹੋ ਕੇ ਰਾਜ-ਗੱਦੀ ਸੌਂਪ ਦਿਤੀ ਕਿਉਂਕਿ ਦੂਜਾ ਭਰਾ ਰਾਕਸ਼ਾਂ ਨੇ ਮਾਰ ਦਿਤਾ ਸੀ । ਮਨੌਤ ਇਹ ਹੈ ਕਿ ਧਰੂਅ ਨੇ 36 ਹਜ਼ਾਰ ਸਾਲ ਰਾਜ ਕੀਤਾ ਤੇ ਪਿਛੋਂ ਤਾਰਾ-ਮੰਡਲ ਵਿਚ ਅਟੱਲ ਪਦਵੀ ਪ੍ਰਾਪਤ ਕਰ ਲਈ ।[548] ਗੁਰੂ ਨਾਨਕ ਵਿਜੈ ਗ੍ਰੰਥ ਵਿਚ ਧਰੂੰਅ ਦੀ ਬੰਸਾਵਲੀ ਦੇਣ ਦਾ ਵੀ ਯਤਨ ਕੀਤਾ ਹੈ। ਸੁਮੇਰ ਖੰਡ ਵਿਚ ਧਰੂੰ ਦੇ ਵੰਸ਼ ਬਾਰੇ ਦਸਦਾ ਹੋਇਆ ਕਵੀ

---

[547] ਉਹੀ, ਪਤਰਾ 1486.

[548] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 181-82.

ਕਹਿੰਦਾ ਹੈ ਕਿ ਵਿਸ਼ਨੂੰ ਕਮਲ ਤੋਂ ਪੈਦਾ ਹੋਇਆ, ਫਿਰ ਬ੍ਰਹਮਾ ਦੀ ਉਤਪਤੀ ਹੋਈ। ਬਹੁਤ ਸਾਲਾਂ ਬਾਅਦ ਉਸ ਤੋਂ ਮਰੀਚ ਪੈਦਾ ਹੋਇਆ। ਮਰੀਚ ਤੋਂ ਕਸਯਪ, ਕਸਯਪ ਤੋਂ ਸੂਰਯ, ਸੂਰਯ ਤੋਂ ਮਨੂ, ਮਨੂ ਤੋਂ ਇਖਵਾਕ, ਇਖਵਾਕ ਤੋਂ ਵਿਕੁਖੀ, ਵਿਕੁਖੀ ਤੋਂ ਕਾਕੁਸੁ ਇਸ ਤਰ੍ਹਾਂ ਉਸ ਕੁਲ ਵਿਚ ਉਤਾਨਪਾਦ ਰਾਜਾ ਪੈਦਾ ਹੋਇਆ, ਜਿਸ ਦੀਆਂ ਦੋ ਰਾਣੀਆਂ ਸੁਨਚੀ ਅਤੇ ਸੁਰਚੀ ਸਨ। ਸੁਰਚੀ ਦੀ ਕੁਖ ਤੋਂ ਧਰੂੰ ਦਾ ਜਨਮ ਹੋਇਆ ਸੀ। ਉਤਾਨਪਾਦ ਗੰਗਾ ਦੇ ਕਿਨਾਰੇ ਪੂਰਬ ਦਿਸ਼ਾ ਵਿਚ ਬ੍ਰਹਸਪਤਿ ਨਗਰ ਵਿਚ ਰਹਿੰਦਾ ਸੀ।[549]

ਧਰੂੰ ਦੀ ਭਗਤੀ ਤੋਂ ਬਾਅਦ ਉਸ ਨੂੰ ਧਰੂੰ ਮੰਡਲ ਵਿਚ ਸਥਾਨ ਮਿਲਿਆ, ਜਿਥੇ ਅੱਜ ਵੀ ਧਰੂੰ ਰਹਿੰਦਾ ਹੈ-

ਲੰਘ ਸੁ ਲੋਕਾ ਲੋਕ ਪਹਾਰੰ॥
ਧ੍ਰੂਅ ਮੰਡਲ ਮੈ ਗਏ ਉਦਾਰੰ॥੪੦॥[550]

---

[549] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1077-

ਅਬ ਧ੍ਰੂੰਅ ਕੀ ਉਤਿਪਤਿ ਕਹੋਂ॥ ਤੁਮਰੇ ਮਨ ਕਾ ਸੰਸਾ ਦਹੋ॥37॥ ਬਿਸਨ ਨਾਭ ਕਉਲ ਤੇ ਜਾਨ॥ ਬ੍ਰਹਮਾ ਉਤਿਪਤਿ ਭਯੋ ਮਹਾਨ॥

ਕਿਤਕਿ ਬਰਸ ਤਹਿ ਪਾਇ ਸੁ ਬੀਚ॥ ਬ੍ਰਹਮਾ ਤੇ ਪੁਨਿ ਭਯੋ ਮਰੀਚ॥38॥ ਪੁਨਿ ਮਰੀਚ ਤੇ ਕਸਯਪ ਭਯੋ॥ ਕਸਯਪ ਤੇ ਸੂਰਯ ਭਵਿ ਲਯੋ॥ ਸੂਰਯ ਤੇ ਪੁਨਿ ਮਨੁ : ਮਹਾਨ॥ ਮਨੂਹੁ ਪੂਤ ਇਖਵਾਕ ਪਛਾਨ॥39॥ ਦੋਹਰਾ॥ ਇਖਵਾਕ ਕਾ ਪੁਤਰ ਪੁਨਿ ਭਯੋ ਵਿਕੁਖੀ ਜਾਨ॥ ਬਹੁਰਿ ਵਿਕੁਖੀ ਤੇ ਭਯੋ ਕਾਕੁਸੁ ਭੂਪ ਮਹਾਨ ॥40॥ ਪੁਨਿ ਕਾਕੁਸਥ ਨਰੇਸ ਭਯੋ ਬਾਣ ਭੂਪਾਲ॥ ਤਾਹਿ ਕੀਰਤੀ ਜਗਤਿ ਮੈ ਭਰੀ ਸੁ ਪਰਮ ਬਿਸਾਲ॥41॥ ਨਰਾਜ ਛੰਦ॥ ਸੁ ਬਾਣ ਭੂਪ ਬੰਸ ਮੈ ਉਤਾਨਪਾਦ ਜਾਨਿਯੈ॥ ਉਤਾਨਪਾਦ ਕਾ ਸੁਤੰ ਸੁ ਧਰੂਅ ਆਪ ਮਾਨਿਯੈ॥ ਉਤਾਨਪਾਦ ਭੁਪ ਕੀ ਸੁ ਨਾਰ ਦੋਇ ਜਾਨਿਯੈ॥ ਸੁਣੋ ਸੁ ਨਾਮ ਤਾਹਿ ਕੇ ਕਰੋ ਸੁ ਮੈ ਬਖਾਨਿਯੈ॥42॥ ਚੌਪਈ॥ ਸੁਰਚੀ ਨਾਮ ਏਕ ਕਾ ਜਾਨ॥ ਮੁਖ ਕਾਂਤਾ ਤਿਸ ਕੀ ਪਹਚਾਨ॥ ਸੁਨਚੀ ਨਾਮ ਦੂਸਰੀ ਕਹਯੈ॥ ਦੋਨੋ ਕੇ ਸੁਤ ਦੋ ਪੁਨਿ ਹਯੈ॥43॥ ਧਰੂਵਜਯੋ ਸੁਰਚੀ ਕਾ ਜਾਨ॥ ਸੁਨਚੀ ਕਾ ਧਰੂਅਜਏ ਮਹਾਨ॥ ਜੇਸਟਿ ਸੁਤ ਤਿਸ ਕਾ ਧਰੂਅ ਜਾਨੋ॥ ਧਰੂਵਜਯੋ ਸੋ ਲਘੁ ਪਛਾਨੋ॥44॥ ਉਤਾਨਪਾਦ ਜਹ ਨਾਮ ਜੁ ਅਹੇ॥ ਬ੍ਰਹਸਪਤੀ ਕੇ ਨਗਰਿ ਸੁ ਰਹੇ॥ ਖਿਪਰ ਗੰਗਾ ਤੀਰ ਸੁ ਜਾਨ॥ ਨਗਰੀ ਪੂਰਬ ਦਿਸਾ ਸੁ ਮਾਨ॥45॥

[550] ਉਹੀ, ਪਤਰਾ 1034.

ਕਵੀ ਨੇ ਸੁਮੇਰ ਖੰਡ ਵਿਚ ਗੁਰੂ ਨਾਨਕ ਦੇਵ ਜੀ ਦੀ ਬਿਸ਼ਨ ਲੋਕ ਦੀ ਯਾਤਰਾ ਦਾ ਵਰਨਣ ਕੀਤਾ ਹੈ, ਜਿਥੇ ਬਿਸ਼ਨ ਲੋਕ ਨੂੰ ਜਾਂਦਿਆਂ ਗੁਰੂ ਜੀ ਧਰੂੰ ਮੰਡਲ ਵਿਚ ਵੀ ਗਏ ਅਤੇ ਧਰੂੰ ਨਾਲ ਮਿਲਾਪ ਵੀ ਕੀਤਾ। ਕਵੀ ਅਨੁਸਾਰ ਧਰੂੰ ਮੰਡਲ ਤੋਂ ਬਿਸ਼ਨ ਲੋਕ ਦੀ ਦੂਰੀ ਲਖਾਂ ਜੋਜਨ ਦੂਰ ਹੈ। ਇਸ ਤਰ੍ਹਾਂ ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਧਰੂੰ ਮੰਡਲ ਦੀ ਹੈ। ਯਥਾ-

ਧਰੂਅ ਮੰਡਲ ਸਿਉ ਨਿਕਸ ਕਰਿ ਊਪਰਿ ਚਲੇ ਅਡੋਲ॥
ਜਹ ਬਿਸਨ ਲੋਕ ਲਖ ਜੋਜਨਾ ਊਚਾ ਅਗਮ ਅਭੋਲ॥1॥[551]

ਜਿਥੇ ਕਵੀ ਨੇ ਧਰੂੰ ਨੂੰ ਇਕ ਮੰਡਲ ਵਿਚ ਰਹਿੰਦਾ ਦਰਸਾਇਆ ਹੈ, ਉਥੇ ਹੀ ਉਸਨੂੰ ਇਕ ਤਾਰੇ ਦੇ ਰੂਪ ਵਿਚ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਜਿਸ ਦਾ ਪ੍ਰਕਾਸ਼ ਆਲੇ-ਦੁਆਲੇ ਫੈਲਿਆ ਹੋਇਆ ਹੈ-

ਧ੍ਰੂ ਤਾਰੇ ਕਾ ਚਾਨਣ ਏਹੁ ਯਾਹਿ॥ ਵਿਖੇ ਕਛੁ ਨਾਹਿ ਸੰਦੇਹੁ॥
ਪੁਨਿ ਮਰਦਾਨੈ ਕਹਯੋ ਸੁਣਾਈ॥ ਕਹਾ ਅਹੇ ਸੋ ਦੇਹੁ ਬਤਾਈ॥78॥[552]

ਇਸ ਤਰ੍ਹਾਂ ਕਵੀ ਦੇ ਦ੍ਰਿਸ਼ਟੀਕੋਣ ਤੋਂ ਅੱਜ ਵੀ ਧਰੂੰ ਤਾਰਾ ਮੰਡਲ ਵਿਚ ਤਾਰਾ ਵਿਚ ਰਹਿੰਦਾ ਹੈ। ਕਵੀ ਨੇ ਇਕ ਅਵਤਾਰ ਦੇ ਰੂਪ ਵਿਚ ਵੀ ਸਵੀਕਾਰਿਆ ਅਤੇ ਜ਼ਰੂਰਤ ਅਨੁਸਾਰ ਉਸ ਦਾ ਮਿਥਿਹਾਸਕ ਸਰੂਪ ਵੀ ਵਰਣਿਤ ਕੀਤਾ ਹੈ।

ਵਿਚਾਰਾਧੀਨ ਕ੍ਰਿਤੀ ਵਿਚ ਰਾਮ, ਕ੍ਰਿਸ਼ਨ ਅਤੇ ਧਰੂੰ ਤੋਂ ਬਿਨਾਂ ਹੋਰ ਕਿਸੇ ਵੀ ਅਵਤਾਰ ਬਾਰੇ ਵਿਸਤ੍ਰਿਤ ਵਰਨਣ ਨਹੀਂ ਮਿਲਦਾ। ਪਰ ਵਿਸ਼ਨੂੰ ਦੇ ਪ੍ਰਚਲਿਤ ਲਗਪਗ ਸਾਰੇ ਹੀ ਅਵਤਾਰਾਂ ਮਛ, ਕਛ, ਬਰਾਹ, ਨਰਸਿੰਘ, ਬਾਵਨ, ਪਰਸਰਾਮ, ਬੋਧ, ਕਲਗੀ, ਪ੍ਰਿਥੂ, ਬਿਆਸ, ਹੰਸ, ਮਨੂ, ਯਗ, ਰਿਖਭ, ਹਯਗ੍ਰੀਵ, ਧਨੰਤਰ, ਬਦਰੀ, ਦੱਤਾ ਤ੍ਰੇਯ, ਕਪਿਲ ਇਤਿਆਦਿਕ ਦੀ ਕਵੀ ਨੇ ਮੰਗਲ ਖੰਡ ਨੂੰ ਆਰੰਭ ਕਰਨ ਸਮੇਂ ਬੰਦਨਾ ਕੀਤੀ ਹੈ। ਯਥਾ-

---

[551] ਉਹੀ, ਪਤਰਾ 1036.

[552] ਉਹੀ, ਪਤਰਾ 1034.

ਮੀਨ ਪੁਨਿ ਕੂਰਮ ਬਰਾਹਿ ਨਰ ਸਿੰਘ ਪੁਨਿ ਬਾਵਨ ਪਰਸਰਾਮ ਰਾਮ ਪਹਚਾਨੀਐ॥

ਕ੍ਰਿਸਨ ਮਹਾਂਨ ਬੋਧ ਕਲਗੀ ਪ੍ਰਿਥੂ ਬਿਆਸ ਹਰੀ ਹੰਸ ਮਨੂ ਯਗ ਰਿਖਭ ਸੋ ਜਾਨੀਐ॥

ਬਹੁਰੋ ਹੈ ਗ੍ਰੀਵ ਜਾਨ ਧਰੂੰਅ ਵਰਿ ਦੇਨ ਮਾਨ ਬਹੁਰੋ ਧਨੰਤਰਿ ਬਦਰੀਪਤਿ ਮਾਨੀਐ॥

ਦਤ ਪੁਨਿ ਕਪਲ ਮਹਾਨ ਸਨਕਾਦਿ ਜਾਨ ਚੌਵੀ ਅਵਤਾਰ ਸੰਤਰੇਣ ਸੋ ਪਛਾਨੀਐ॥38॥[553]

ਉਪਰੋਕਤ ਤੋਂ ਬਿਨਾਂ ਕਵੀ ਨੇ ਬ੍ਰਹਮ ਖੰਡ ਵਿਚ ਵੀ ਕੁਝ ਇਕ ਅਵਤਾਰਾਂ ਦੇ ਨਾਵਾਂ ਦਾ ਵਿਸ਼ੇਸ਼ਗ ਜ਼ਿਕਰ ਕੀਤਾ ਹੈ। ਵਿਚਾਰਾਧੀਨ ਕ੍ਰਿਤੀ ਵਿਚ ਇਹ ਵੀ ਨਿਰਣਾ ਕੀਤਾ ਗਿਆ ਹੈ ਕਿ ਅਵਤਾਰਾਂ ਦੇ ਨਾਮ ਕਿਵੇਂ ਪਏ, ਜਾਂ ਪ੍ਰਚਲਿਤ ਨਾਵਾਂ ਦੀ ਹੋਂਦ ਦਾ ਕੀ ਕਾਰਨ ਹੈ। ਇਸ ਦਾ ਉਤਰ ਦਿੰਦੇ ਹੋਏ ਕਵੀ ਨੇ ਕਿਹਾ ਹੈ ਕਿ ਜਿਵੇਂ ਜਿਵੇਂ ਪਰਮਾਤਮਾ ਨੇ ਕਰਮ ਕੀਤੇ ਉਸੇ ਪ੍ਰਕਾਰ ਹੀ ਉਸ ਦੇ ਕਰਮਾਂ ਅਨੁਸਾਰ ਨਾਮ ਨਿਸ਼ਿਚਤ ਕਰ ਲਏ ਗਏ। ਯਥਾ-

ਜਿਉ ਜਿਉ ਕੀਨੇ ਕਰਮ ਮੈ ਤਿਨ ਕੈ ਹੇਤਿ ਸੁ ਜਾਨ॥

ਤਿਉ ਤਿਉ ਮੇਰੇ ਨਾਮ ਤਿਨ ਰਾਖੇ ਆਪ ਮਹਾਨ॥11॥

ਸਤਿਨਾਮੁ ਕਹੈ ਇਕ ਸਤਜ ਕਹੈਂ ਇਕ ਚਿੰਦ ਕਹੈ ਸੁ ਅਨੰਦ ਉਦਾਰੀ॥

ਇਕ ਮੱਛ ਕਹੈਂ ਇਕ ਕੱਛ ਕਹੈਂ ਇਕ ਬਾਵਨ ਔਰ ਵਰਾਹਿ ਉਚਾਰੀ॥

ਮੁਨਿ ਰਾਮ ਕਹੈਂ ਸੁਖ ਧਾਮ ਕਹੈਂ ਭਗਵਾਨ ਕਹੈਂ ਭਵਤਾਪ ਨਿਵਾਰੀ॥

ਇਕ ਬੋਧ ਕਹੈਂ ਪਰਬੋਧ ਕਹੈਂ ਮਨ ਸੋਧ ਕਹੈਂ ਕਲਗੀ ਬਨਵਾਰੀ॥[554]

ਸੋ ਉਪਰੋਕਤ ਅਸੀਂ ਵਿਚਾਰ ਕੀਤੀ ਹੈ ਕਿ ਵਿਸ਼ਨੂੰ ਦੇ 24 ਅਵਤਾਰਾਂ ਦਾ ਜ਼ਿਕਰ ਵਿਚਾਰਾਧੀਨ ਕ੍ਰਿਤੀ ਵਿਚ ਕੀਤਾ ਗਿਆ ਹੈ, ਜਿਨ੍ਹਾਂ ਵਿਚ ਰਾਮ, ਕ੍ਰਿਸ਼ਨ ਅਤੇ ਧਰੂੰ ਦਾ ਵਿਸਤ੍ਰਿਤ ਵਰਨਣ ਹੈ, ਬਲਕਿ ਬਾਕੀਆਂ ਦੇ ਮਾਤਰ ਨਾਮ ਦਾ ਜ਼ਿਕਰ ਕਰਕੇ ਬੰਦਨਾ ਹੀ ਕੀਤੀ ਹੈ। ਇਨ੍ਹਾਂ ਅਵਤਾਰਾਂ ਤੋਂ ਬਿਨਾਂ

[553] ਉਹੀ, ਪਤਰਾ 4.

[554] ਉਹੀ, ਪਤਰਾ 113.

ਕਵੀ ਨੇ ਕੁਝ ਕੁ ਅਪ੍ਰਚਲਿਤ ਅਵਤਾਰਾਂ ਦਾ ਵਰਨਣ ਵੀ ਕੀਤਾ ਹੈ । ਜਿਸ ਦਾ ਅਸੀਂ ਖੋਜ ਕਾਰਜ ਦੀ ਸਰਲਤਾ ਹਿਤ ਕੁਝ ਹੋਰ ਅਵਤਾਰਾਂ ਦੇ ਸਿਰਲੇਖ ਅਧੀਨ ਅਧਿਐਨ ਕਰਾਂਗੇ।

**ਕੁਝ ਹੋਰ ਅਵਤਾਰ**

ਕਵੀ ਨੇ ਗੁਰੂ ਨਾਨਕ ਵਿਜੈ ਗ੍ਰੰਥ ਵਿਚ ਗੁਰੂ ਨਾਨਕ ਦੇਵ ਜੀ ਦੇ ਨਜਦੀਕ ਹਰ ਇਕ ਸਖਸ਼ੀਅਤ ਨੂੰ ਕਿਸੇ ਨਾ ਕਿਸੇ ਦੇਵੀ-ਦੇਵਤਾ ਦਾ ਅਵਤਾਰ ਕਿਹਾ ਹੈ। ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਦਾ ਬਾਅਦ ਵਿਚ ਆਪ ਅਵਤਾਰ ਧਾਰਨ ਕਰਨ ਦਾ ਵੀ ਸੰਕੇਤ ਦਿਤਾ ਹੈ। ਜਿਨ੍ਹਾਂ ਦੀ ਸਮੀਖਿਆ ਨਿਮਨਲਿਖਤ ਅਨੁਸਾਰ ਹੈ-

**ਕਾਲੂ**

ਮਹਿਤਾ ਕਾਲੂ ਗੁਰੂ ਨਾਨਕ ਦੇਵ ਜੀ ਦੇ ਪਿਤਾ ਸਨ। ਵਿਚਾਰਾਧੀਨ ਕ੍ਰਿਤੀ ਵਿਚ ਬ੍ਰਹਮ ਖੰਡ ਦੇ ਅਧਿਆਇ ਚੌਥੇ ਤੋਂ ਅਠਵੇਂ ਤੱਕ ਮਹਿਤਾ ਕਾਲੂ ਅਤੇ ਤ੍ਰਿਪੁਰਾ ਦੇ ਅਵਤਾਰ ਦੀ ਕਥਾ ਦਾ ਵਰਨਣ ਮਿਲਦਾ ਹੈ। ਕਵੀ ਅਨੁਸਾਰ ਰਘੁਵੰਸ਼ ਬੇਦੀ ਕੁਲ ਵਿਚ ਸਿਉ ਰਾਮ ਬੇਦੀ ਦੇ ਘਰ ਤਲਵੰਡੀ ਵਿਖੇ ਕਸਜਪ ਨੇ ਅਵਤਾਰ ਧਾਰ ਕੇ ਜਨਮ ਲਿਆ, ਜਿਸ ਦਾ ਨਾਮ ਕਾਲੂ ਰਖਿਆ ਗਿਆ। ਯਥਾ-

ਕਸਜਪ ਅਉਰ ਅਦਿਤੀ ਉਦਾਰ॥ ਆਇ ਲਯੋ ਪੁਨਿ ਮਹੀ ਉਤਾਰ॥
ਸੂਰਯ ਵੰਸ ਵਿਖੈ ਸੁਖਦਾਈ॥ ਕਸਜਪ ਲਯੋ ਉਤਾਰ ਸੁ ਆਈ॥8॥
ਰਘੁਵੰਸੀ ਬੇਦੀ ਕੁਲਿ ਮਾਹਿ॥ ਲਯੋ ਆਇ ਅਵਤਾਰ ਸੁ ਤਾਹਿ॥
ਸੇਉ ਰਾਮ ਬੇਦੀ ਕੈ ਧਾਮ॥ ਦੂਜੀ ਠਉਰ ਭਈ ਤਹਿ ਬਾਮ॥9॥
ਸੇਉ ਰਾਮ ਘਰਿ ਸੋ ਤੁਲਵੰਡੀ॥ ਪੂਤ ਭਯੋ ਸੋ ਜਨੁ ਕੁਲਿ ਝੰਡੀ॥
ਕਾਲੂ ਨਾਮ ਤਾਹਿ ਕਾ ਰਾਖਾ॥ ਪੂਰਨ ਭਈ ਤਾਹਿ ਅਭਿਲਾਖਾ॥10॥[555]

**ਤ੍ਰਿਪਤਾ**

[555] ਉਹੀ, ਪਤਰਾ 146.

ਗੁਰੂ ਨਾਨਕ ਦੇਵ ਜੀ ਦੀ ਮਾਤਾ ਦਾ ਨਾਮ ਤ੍ਰਿਪਤਾ ਸੀ। ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਜਿਵੇਂ ਕਸਜਪ ਨੇ ਕਾਲੂ ਦੇ ਰੂਪ ਵਿਚ ਤਲਵੰਡੀ ਵਿਖੇ ਅਵਤਾਰ ਧਾਰਿਆ ਸੀ ਉਸੇ ਤਰ੍ਹਾਂ ਹੀ ਅਦਿਤੀ ਨੇ ਵੀ ਰਾਮਾ ਝਿੰਗੜ ਦੇ ਘਰ ਵਟਾਲੇ ਸ਼ਹਿਰ ਵਿਚ ਅਵਤਾਰ ਧਾਰਿਆ, ਜਿਸ ਦਾ ਨਾਮ ਤ੍ਰਿਪੁਰਾ ਰਖਿਆ ਗਿਆ। ਉਹ ਬਹੁਤ ਹੀ ਸੀਲ, ਸੁੰਦਰ, ਗੁਣਵਾਨ ਸੀ। ਯਥਾ-

ਰਾਮਾ ਝਿੰਗੜ ਸੁਭ ਗੁਣ ਰਾਸੀ॥ ਸਹਰਿ ਵਟਾਲੇ ਕਾ ਸੋ ਬਾਸੀ॥

ਆਇ ਅਦਿਤੀ ਲਯੋ ਅਵਤਾਰ॥ ਤਿਸ ਕੈ ਧਾਮ ਸੁ ਜਾਨ ਉਦਾਰ॥29॥

ਰਾਖਿਯੋ ਤਾਹਿ ਤਿਰਪੁਰੋ ਨਾਮ॥ ਸਾਂਤੀ ਖਿਮਾ ਸੀਲ ਕੀ ਧਾਮ॥

ਰੂਪ ਰਾਸ ਗੁਣਿ ਧਾਮ ਉਦਾਰੇ॥ ਉਮਾ ਰਮਾ ਸਮ ਸੀਲ ਅਪਾਰੇ॥30॥[556]

**ਨਾਨਕੀ**

ਗੁਰੂ ਨਾਨਕ ਦੇਵ ਜੀ ਦੀ ਭੈਣ ਦਾ ਨਾਮ ਨਾਨਕੀ ਸੀ। ਧਰਮ ਉਦਯੋਗ ਖੰਡ ਦੇ ਚੌਥੇ ਅਧਿਆਇ ਵਿਚ ਮੀਰਾ ਬਾਈ ਦਾ ਸੰਖਿਪਤ ਜੀਵਨ ਬਾਰੇ ਕਥਾ ਦਸ ਕੇ ਕਵੀ ਨੇ ਕਿਹਾ ਹੈ ਕਿ ਫਿਰ ਜਦੋਂ ਮੀਰਾ ਬਾਈ ਦਾ ਦੇਹਾਂਤ ਹੋਇਆ ਤਾਂ ਸਮਾਂ ਪਾ ਕੇ ਉਸਨੇ ਮਹਿਤਾ ਕਾਲੂ ਦੇ ਘਰ ਵਿਖੇ ਨਾਨਕੀ ਦੇ ਰੂਪ ਵਿਚ ਅਵਤਾਰ ਧਾਰਿਆ।

ਕਛੂ ਕਾਲ ਵਿਚਿ ਪਾਇ ਕਰਿ ਛੁਟੀ ਦੇਹਿ ਵਹਿ ਤਾਹਿ॥

ਆਇ ਲਯੋ ਅਵਤਾਰ ਤਿਨ ਕਾਲੂ ਕੇ ਗ੍ਰਿਹਿ ਮਾਹਿ॥83॥

ਰਖਿਉ ਨਾਮ ਤਹਿ ਨਾਨਕੀ ਕਾਲੂ ਆਪ ਮਹਾਨ॥

ਮੀਰਾ ਬਾਈ ਆਇਕੈ ਭਈ ਨਾਨਕੀ ਜਾਨ॥84॥[557]

ਕਵੀ ਨੇ ਨਾਨਕੀ ਨੂੰ ਮੀਰਾ ਬਾਈ ਦਾ ਅਵਤਾਰ ਦਰਸਾਇਆ ਹੈ, ਉਸ ਤੋਂ ਪਹਿਲਾਂ ਉਸ ਦੀ ਭਗਤੀ ਬਾਰੇ ਵੀ ਵਿਸਤ੍ਰਿਤ ਜਾਣਕਾਰੀ ਦਿਤੀ ਹੈ। ਮੀਰਾ ਬਾਈ ਦਾ ਪਤੀ ਗਿਰਧਰ ਸੀ, ਗਿਰਧਰ ਦਾ

---

[556] ਉਹੀ, ਪਤਰਾ 149.

[557] ਉਹੀ, ਪਤਰਾ 406.

ਅਵਤਾਰ ਕਵੀ ਨੇ ਜੈ ਰਾਮ ਦੇ ਰੂਪ ਵਿਚ ਦਰਸਾ ਕੇ ਇਨ੍ਹਾਂ ਦੇ ਪ੍ਰੇਮ ਨੂੰ ਦਰਸਾ ਕੇ ਮਿਥਿਹਾਸਕ ਸਰੂਪ ਬਿਆਨਣ ਦਾ ਯਤਨ ਕੀਤਾ ਹੈ।

**ਨਾਨਕ**

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵਿਚਾਰਾਧੀਨ ਕ੍ਰਿਤੀ ਵਿਚ ਪਰਮਾਤਮਾ ਆਦਿ ਨਰਾਯਣ ਦਾ ਅਵਤਾਰ ਦਰਸਾਇਆ ਗਿਆ ਹੈ, ਬ੍ਰਹਮ ਖੰਡ ਵਿਚ ਇਸ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਪਰਮਾਤਮਾ ਆਦਿ ਨਰਾਯਣ ਨੇ ਧਰਤੀ ਉਤੇ ਕਾਲੂ ਬੇਦੀ ਖੱਤਰੀ ਦੀ ਕੁਲ ਵਿਚ ਅਵਤਾਰ ਲਿਆ ਜਿਸਦਾ ਨਾਮ ਨਾਨਕ ਰਖਿਆ ਗਿਆ। ਯਥਾ-

ਅਬ ਔਰ ਕਥਾ ਬਰਨੋ ਹਰਿ ਕੀ ਮਨ ਲਾਇ ਸੁਨੋ ਤੁਮ ਆਪ ਅਗਾਰੇ॥

ਪਰਮਾਤਮ ਆਦਿ ਨਰਾਯਣ ਨੈ ਅਵਨੀ ਪਰ ਆਇ ਲਯੋ ਅਵਤਾਰੇ॥1॥

ਦੋਹਰਾ॥

ਕਾਲੂ ਬੇਦੀ ਖੱਤਰੀ ਤਿਸ ਕੈ ਲਯੋ ਉਤਾਰ॥

ਨਾਨਕ ਰਖਿਯੋ ਨਾਮ ਤਿਨ ਅਦਭੁਤਿ ਰੂਪ ਅਪਾਰ॥2॥[558]

**ਜੈਰਾਮ**

ਨਾਨਕੀ ਦੇ ਪਤੀ ਦਾ ਨਾਮ ਜੈਰਾਮ ਸੀ। ਕਵੀ ਨੇ ਜੈਰਾਮ ਨੂੰ ਗਿਰਧਰ ਦਾ ਅਵਤਾਰ ਦਸਿਆ ਹੈ। ਇਸ ਮਨੋਰਥ ਲਈ ਕਵੀ ਨੇ ਪਹਿਲਾਂ ਗਿਰਧਰ ਦੀ ਕਥਾ ਵਿਸਥਾਰ ਨਾਲ ਧਰਮ ਉਦਯੋਗ ਖੰਡ ਵਿਚ ਦਸੀ ਹੈ। ਇਸ ਕਥਾ ਵਿਚ ਇਹ ਨਿਰਣੈ ਭਲੀ-ਭਾਂਤਿ ਕੀਤਾ ਹੈ ਕਿ ਗਿਰਧਰ, ਸ੍ਰੀ ਕ੍ਰਿਸ਼ਨ ਦਾ ਅਵਤਾਰ ਸੀ। ਚਰਚਿਤ ਕ੍ਰਿਤੀ ਵਿਚ ਮੰਨਿਆ ਗਿਆ ਹੈ ਕਿ ਪਰਮਾਨੰਦ ਦੇ ਘਰ ਜੈ ਰਾਮ (ਜਯ ਰਾਮ) ਨੇ ਜਨਮ ਲਿਆ, ਉਹ ਗਿਰਧਰ ਦਾ ਅਵਤਾਰ ਹੀ ਸੀ। ਯਥਾ-

ਗਿਰਧਰਿ ਪਰਮਾਨੰਦ ਕੈ ਆਇ ਲਯੋ ਅਵਤਾਰ॥

ਨਾਮ ਰਾਖਿਉ ਜਯ ਰਾਮ ਤਿਨ ਤਿਸ ਕਾ ਆਪ ਉਦਾਰ॥81॥

---

[558] ਉਹੀ, ਪਤਰਾ 179.

ਗਿਰਧਰਿ ਪਰਮਾਨੰਦ ਕੈ ਆਇ ਭਯੋ ਜਯਰਾਮ॥

ਭਗਵਤਿ ਭਗਤੀ ਸੰਪਦਾ ਸਭਿ ਸੁਖ ਹੈਂ ਤਹਿ ਧਾਮ॥82॥[559]

ਸੋ ਇਸ ਪ੍ਰਕਾਰ ਕਵੀ ਨੇ ਗਿਰਧਰ ਨੂੰ ਜੈ ਰਾਮ ਦਾ ਅਵਤਾਰ ਦਰਸਾ ਕੇ ਉਸ ਦਾ ਵਰਣਿਤ ਕਰਨ ਦਾ ਯਤਨ ਕੀਤਾ ਹੈ।

**ਗੁਰਦਿਤਾ**

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵਡੇ ਸੁਪੁਤ੍ਰ, ਜੋ ਕੱਤਕ ਸੁਦੀ 15 ਸੰਮਤ 1670 ਨੂੰ ਮਾਤਾ ਦਾਮੋਦਰੀ ਜੀ ਦੇ ਉਦਰੋਂ ਡਰੋਲੀ (ਜਿਲਾ ਫਿਰੋਜ਼ਪੁਰ) ਵਿਚ ਜਨਮੇ। 21 ਵੈਸਾਖ ਸੰਮਤ 1681 ਨੂੰ ਆਪ ਦਾ ਵਿਆਹ ਰਾਮੇ ਸਿਲ ਖਤ੍ਰੀ ਦੀ ਸੁਪੁਤ੍ਰੀ ਅਨੰਤੀ ਨਾਲ ਵਟਾਲੇ ਹੋਇਆ, ਜਿਸ ਦੀ ਕੁਖ ਤੋਂ ਬਾਬਾ ਧੀਰਮੱਲ ਅਤੇ ਗੁਰੂ ਹਰਿ ਰਾਇ ਸਾਹਿਬ ਉਤਪੰਨ ਹੋਏ। ਬਾਬਾ ਗੁਰਦਿਤਾ ਯੋਗਿਰਾਜ ਬਾਬਾ ਸ੍ਰੀਚੰਦ ਦੇ ਚੇਲੇ ਹੋਏ ਅਤੇ ਆਪਣੇ ਸਰਵ-ਗੁਣ ਭਰਪੂਰ ਚਾਰ ਚੇਲੇ ਕਰਕੇ ਉਦਾਸੀਨ ਮਤ ਨੂੰ ਸਿਖੀ ਦੇ ਪ੍ਰਚਾਰ ਲਈ ਹਿੰਦੁਸਤਾਨ ਵਿਚ ਬਹੁਤ ਫੈਲਾਇਆ। ਚੇਤ ਸੁਦੀ 10 ਸੰਮਤ 1695 ਨੂੰ ਕੀਰਤ ਪੁਰ ਪਰਲੋਕ ਸਿਧਾਰੇ।[560]

ਗੁਰਦਿਤਾ ਬਾਰੇ ਕਵੀ ਦਾ ਦ੍ਰਿਸ਼ਟੀਕੋਣ ਹੈ ਕਿ ਨਾਨਕ ਦੇਵ ਜੀ ਗੁਰਦਿਤਾ ਦੇ ਰੂਪ ਵਿਚ ਅਵਤਾਰ ਧਾਰਨ ਕਰਨਗੇ। ਦਰਅਸਲ ਸਾਖੀ ਖਡੂਰੀ ਖੰਡ ਦੇ ਚੌਥੇ ਅਤੇ ਪੰਜਵੇਂ ਅਧਿਆਇ ਵਿਚ ਦਰਜ਼ ਹੈ, ਜਿਸ ਵਿਚ ਸਿਧਾਂ ਨਾਲ ਗੁਰੂ ਜੀ ਚਰਚਾ ਕਰਦੇ ਹਨ, ਸਿਧ ਆਪਣਾ ਪ੍ਰਭਾਵ ਬਣਾਉਣ ਲਈ ਧਰਤੀ ਵਿਚ ਇਕ ਬਾਂਸ ਗੱਡ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਇਸਨੂੰ ਚੇਤਨ ਕੀਤਾ ਜਾਵੇ। ਗੁਰੂ ਨਾਨਕ ਦੇਵ ਜੀ ਉਸ ਨੂੰ ਚੇਤਨ ਕਰ ਦਿੰਦੇ ਹਨ ਅਤੇ ਇਕ ਬਾਲਕ ਬਣਾ ਦਿੰਦੇ ਹਨ। ਸੋ ਇਸ ਤਰ੍ਹਾਂ ਚਮਤਕਾਰੀ ਢੰਗ ਨਾਲ ਇਕ ਬਾਲਕ ਪੈਦਾ ਕੀਤਾ ਜਾਂਦਾ ਹੈ, ਜਿਸ ਨੂੰ ਦੇਖ ਕੇ ਸਾਰੇ ਹੀ ਸਿਧ ਚੁਪ ਹੋ ਜਾਂਦੇ ਹਨ। ਫਿਰ ਉਹ ਬਾਲਕ ਗੁਰੂ ਜੀ ਤੋਂ ਪੁਛਦਾ ਹੈ ਕਿ ਉਸ ਲਈ ਕੀ ਹੁਕਮ ਹੈ। ਯਥਾ-

ਸਤਿਗੁਰ ਕੋ ਤਿਨ ਕਹਯੋ ਸੁਨਾਇ॥ ਅਬ ਮੋ ਕੋ ਆਗਯਾ ਹੈ ਕਾਇ॥32॥

---

[559] ਉਹੀ, ਪਤਰਾ 406.

[560] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 1998, ਪੰਨਾ 416.

ਸਤਿਨਾਮੁ ਕਾ ਤਾਰਕ ਮੰਤਰਿ॥ ਦਯੋ ਗੁਰੂ ਕਹਯੁ ਜਪੋ ਨਿਰੰਤਰਿ॥

ਪਾਵਨਿ ਪੁਰਿ ਇਕ ਅਹਿਮਹਾਨ॥ ਸਤਿਲੁਦਿ ਬਿਆਸ ਮਧ ਸੁ ਜਾਨ॥33॥

ਦੋਹਰਾ॥

ਨਾਮ ਨਲੋਆ ਜਾਨ ਤਹਿ ਤਹਿ ਤੁਮ ਜਾਉ ਮਹਾਨ॥

ਰਹੋ ਤਹਾਂ ਤੁਮ ਜਾਇ ਕੈ ਪਾਵਨ ਪੁਰੀ ਸੁ ਜਾਨ॥34॥[561]

ਇਸ ਭਾਂਤਿ ਗੁਰੂ ਨਾਨਕ ਦੇਵ ਜੀ ਉਸ ਨੂੰ ਸਤਿਨਾਮ ਮੰਤਰ ਦੇ ਕੇ ਨਲੋਆ ਸਥਾਨ ਉਤੇ ਜਾ ਕੇ ਪ੍ਰਭੂ ਭਗਤੀ ਕਰਨ ਦਾ ਉਪਦੇਸ਼ ਦਿੰਦੇ ਹਨ। ਨਲੋਆ ਇਕ ਪਵਿਤਰ ਸਥਾਨ ਦਸਿਆ ਗਿਆ ਹੈ। ਫਿਰ ਗੁਰੂ ਜੀ ਇਹ ਵੀ ਨਿਰਣੈ ਕਰ ਦਿੰਦੇ ਹਨ ਕਿ ਉਹ ਗੁਰਦਿਤਾ ਦੇ ਰੂਪ ਵਿਚ ਅਵਤਾਰ ਧਾਰਨ ਕਰਕੇ ਉਸਨੂੰ ਮਿਲਣਗੇ। ਉਸ ਸਮੇਂ ਉਨ੍ਹਾਂ ਦਾ ਭੇਖ ਉਦਾਸੀ ਹੋਵੇਗਾ। ਫਿਰ ਬਾਲਕ ਨੂੰ ਉਪਦੇਸ਼ ਦਿਤਾ ਕਿ ਹੁਣ ਤੂੰ ਉਥੇ ਜਾਹ ਅਤੇ ਗੁਪਤ ਰੂਪ ਵਿਚ ਭਗਤੀ ਕਰ ਫਿਰ ਮੈਂ ਤੈਨੂੰ ਪ੍ਰਗਟ ਕਰਾਂਗਾ। ਯਥਾ-

ਤਹਾ ਜਾਇ ਤੁਮ ਰਹੋ ਉਦਾਰ॥ ਪੁਨਿ ਧਰਿਹੋਂ ਮੈ ਆਇ ਉਤਾਰ॥

ਬਾਬਾ ਗੁਰਦਿਤਾ ਮਮ ਨਾਮ॥ ਹੋਇ ਹੈ ਤਬ ਮਮ ਕਰੁਣਾਧਾਮ॥35॥

ਭੇਖ ਹਮਾਰਾ ਜੋਇ ਉਦਾਸੀ॥ ਆਹਿ ਸਨਾਤਨ ਸੋ ਸੁਖਰਾਸੀ॥

ਅਬ ਹੁਇ ਗੁਪਤਿ ਰਹਯੋ ਜਗ ਮਾਹਿ॥ ਪੁਨਿ ਪਰਗਟਿ ਮੈਂ ਕਰਿ ਹੋਂ ਤਾਹਿ॥36॥[562]

ਸੋ ਇਸ ਪ੍ਰਕਾਰ ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਗੁਰਦਿਤਾ ਦੇ ਰੂਪ ਵਿਚ ਅਵਤਾਰ ਧਾਰਨ ਬਾਰੇ ਗੁਰੂ ਨਾਨਕ ਦੇਵ ਜੀ ਦੁਆਰਾ ਭਵਿਖਵਾਣੀ ਕੀਤੀ ਗਈ ਸੀ।

**ਹਰਿਦਿਆਲ**

ਗੁਰੂ ਨਾਨਕ ਦੇਵ ਜੀ ਦੀ ਕੁਲ ਦੇ ਪੁਰੋਹਿਤ ਦਾ ਨਾਮ। ਪੰਡਿਤ ਹਰਿਦਿਆਲ ਬ੍ਰਹਮਾ ਦਾ ਅਵਤਾਰ ਹੈ, ਅਜਿਹਾ ਦ੍ਰਿਸ਼ਟੀਕੋਣ ਵਿਚਾਰਾਧੀਨ ਕ੍ਰਿਤੀ ਵਿਚ ਕਰਦਿਆਂ ਕਵੀ ਨੇ ਕਿਹਾ ਹੈ ਕਿ ਕਾਲੂ ਦੇ

---

[561] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 811.

[562] ਉਹੀ, ਪਤਰਾ 811.

ਵਿਆਹ ਤੋਂ ਪਹਿਲਾਂ ਹੀ ਬ੍ਰਹਮਾ ਨੇ ਅਵਤਾਰ ਧਾਰ ਲਿਆ ਸੀ। ਉਸ ਨੇ ਇਕ ਬ੍ਰਹਮਣ ਦੇ ਘਰ ਜਨਮ ਲਿਆ, ਜਿਸ ਦਾ ਨਾਮ ਹਰਿਦਿਆਲਿ ਰਖਿਆ ਗਿਆ। ਯਥਾ-

ਪਹਿਲੇ ਤਾਂਹਿ ਬਿਵਾਹਿ ਤੇ ਬ੍ਰਹਮਾ ਲਯੋ ਉਤਾਰ॥

ਅਲਪ ਕਥਾ ਕਛੁ ਤਾਂਹਿ ਕੀ ਸਰਵਨਿ ਕਰੋ ਉਦਾਰ॥61॥

ਤੁਲਵੰਡੀ ਮੈ ਜਨਮ ਤਿਨ ਲਯੋ ਬਿਪਰ ਘਰਿ ਆਇ॥

ਹਰਿਦਿਆਲ ਤਹਿ ਨਾਮ ਦ੍ਵਿਜ ਰਾਖਿਉ ਮਨ ਹਰਖਾਇ॥62॥[563]

ਪੰਡਿਤ ਹਰਿਦਿਆਲ ਨੇ ਥੋੜੇ ਸਮੇਂ ਵਿਚ ਹੀ ਚਾਰੇ ਵੇਦਾਂ ਦਾ ਗੂੜ੍ਹ ਗਿਆਨ ਹਾਸਿਲ ਕਰ ਲਿਆ ਸੀ, ਕਿਉਂਕਿ ਉਹ ਬ੍ਰਹਮਾ ਦਾ ਅਵਤਾਰ ਸੀ ਇਸ ਲਈ ਉਸ ਨੇ ਅਲਪ ਸਮੇਂ ਵਿਚ ਹੀ ਇਹ ਗਿਆਨ ਅਰਜਿਤ ਕਰ ਲਿਆ ਸੀ। ਵੇਦਾਂ ਤੋਂ ਇਲਾਵਾ ਸਿੰਮ੍ਰਤੀਆਂ, ਪੁਰਾਣਾਂ, ਸ਼ਾਸਤਰਾਂ, ਇਤਿਹਾਸ, ਵਿਆਕਰਣ ਇਤਿਆਦਿਕ ਦਾ ਗੂੜ੍ਹ ਗਿਆਨ ਹਾਸਿਲ ਕਰ ਲਿਆ ਸੀ।

ਸਰਾਸੁਤ ਬਿਪਰ ਕੈ ਜਨਮ ਸੁ ਲੀਨੋ ਤਿਨ ਸਕਲ ਪਦਾਰਥ ਸੋ ਤਾਂਕੇ ਘਰਿ ਜਾਨਿਯੈ॥

ਅਲਪ ਪੜਾਇ ਤੇ ਚਾਰੋਂ ਬੇਦ ਪੜੇ ਤਿਨ ਪੜਤਿ ਨ ਲਾਗੀ ਬੇਰ ਤਿਨ ਕੋ ਮਹਾਂਨਿਯੈ॥

ਅਲਪ ਦਿਨਨਿ ਮਾਂਹਿ ਪੜਕੈ ਤਿਆਰ ਭਯੋ ਬਿਨਾ ਸੁ ਸਰਮ ਬੁਧਿਵਾਨ ਗੁਨਿਵਾਨਿਯੈ॥

ਸਿੰਮ੍ਰਤੀ ਪੁਰਾਣ ਖਟ ਸਾਸਤ ਸੁ ਔਰ ਜਾਣ ਕਾਬਜ ਇਤਿਹਾਸ ਬਜਾਕਰਣ ਪਛਾਨਿਯੈ॥63 ॥[564]

ਵੇਦਾਂਤ ਦੇ ਸਾਰੇ ਗ੍ਰੰਥਾਂ ਦਾ ਅਧਿਐਨ ਇਤਨੀ ਜਲਦੀ ਕਰਨ 'ਤੇ ਉਸ ਦਾ ਪਿਤਾ ਬਹੁਤ ਖੁਸ਼ ਹੋਇਆ। ਇਸ ਤਰ੍ਹਾਂ ਉਹ ਮਹਿਤਾ ਕਾਲੂ ਦਾ ਪੁਰੋਹਿਤ ਬਣਿਆ। ਯਥਾ-

ਸਭਿ ਗ੍ਰੰਥ ਤਿਸ ਨੈ ਪੜੇ ਅਲਪ ਦਿਵਸ ਕੇ ਮਾਹਿ॥

ਭਯੋ ਪਿਤਾ ਪਰਸੰਨ ਤਹ ਤਿਸ ਸਮ ਦੂਸਰਿ ਨਾਹਿ॥64॥

ਮੁੰਜ ਬੰਧਨ ਤੇ ਆਦਿ ਲੈ ਕੀਨੇ ਸਰਬ ਸੁ ਤਾਂਹਿ॥

---

[563] ਉਹੀ, ਪਤਰਾ 159.

[564] ਉਹੀ, ਪਤਰਾ 159.

ਬਿਪਰ ਸੋਇ ਪਰੋਹਿਤੰ ਕਾਲੂ ਕਾ ਜਗ ਮਾਹਿ॥65॥[565]

ਸੋ ਇਸ ਪ੍ਰਕਾਰ ਕਵੀ ਨੇ ਪੁਰੋਹਿਤ ਹਰਿਦਿਆਲ ਨੂੰ ਬ੍ਰਹਮਾ ਦਾ ਅਵਤਾਰ ਦਸਿਆ ਹੈ, ਚਰਚਿਤ ਕ੍ਰਿਤੀ ਵਿਚ ਹਰਿਦਿਆਲ ਹੀ ਗੁਰੂ ਨਾਨਕ ਦੇਵ ਜੀ ਨੂੰ ਵਿਸ਼ਨੂੰ ਦਾ ਅਵਤਾਰ ਹੋਣ ਬਾਰੇ ਵਾਰ-ਵਾਰ ਕਹਿੰਦਾ ਹੋਇਆ ਦਰਸਾਇਆ ਗਿਆ ਹੈ। ਇਸ ਤਰ੍ਹਾਂ ਕਵੀ ਨੇ ਪੰਡਿਤ ਹਰਿਦਿਆਲ ਨੂੰ ਬ੍ਰਹਮਾ ਦਾ ਅਵਤਾਰ ਦਰਸਾ ਕੇ ਉਸ ਦਾ ਮਿਥਿਹਾਸਕ ਸਰੂਪ ਵਰਨਣ ਕਰਨ ਦਾ ਯਤਨ ਕੀਤਾ ਹੈ।

**ਮਰਦਾਨਾ**

ਗੁਰੂ ਨਾਨਕ ਦੇਵ ਜੀ ਦੇ ਸਫ਼ਰਾਂ ਅਤੇ ਬਚਪਨ ਦਾ ਸਾਥੀ। ਬ੍ਰਹਮ ਖੰਡ ਵਿਚ ਵਿਸ਼ਨੂੰ ਅਤੇ ਨਾਰਦ ਦੀ ਕਥਾ ਦਸ ਕੇ ਕਵੀ ਨੇ ਮਰਦਾਨੇ ਨੂੰ ਨਾਰਦ ਦਾ ਅਵਤਾਰ ਦਰਸਾਇਆ ਹੈ, ਨਾਰਦ ਨੂੰ ਅਪਣੀ ਭਗਤੀ ਉਪਰ ਅਹੰਕਾਰ ਹੋ ਗਿਆ ਸੀ ਜਿਸ ਨੂੰ ਤੋੜਨ ਲਈ ਵਿਸ਼ਨੂੰ ਨੇ ਸ਼ਕਤੀ ਨਾਲ ਇਕ ਨਗਰੀ ਵਸਾਈ, ਜਿਥੋਂ ਦੇ ਰਾਜਾ ਦੀ ਕੰਨਿਆਂ ਉਪਰ ਨਾਰਦ ਮੋਹਿਤ ਹੋ ਗਿਆ ਵਿਸ਼ਨੂੰ ਨੇ ਨਾਰਦ ਦਾ ਮੁਖ ਬਾਨਰ ਦਾ ਲਗਾ ਦਿਤਾ, ਉਸ ਕੰਨਿਆ ਨੇ ਚਤੁਰਭੁਜ ਨਾਲ ਵਿਆਹ ਕਰਵਾਇਆ । ਇਸ ਤੋਂ ਨਾਰਦ ਨੇ ਗੁਸੇ ਵਿਚ ਵਿਸ਼ਨੂੰ ਨੂੰ ਸਰਾਪ ਦਿਤਾ ਅਤੇ ਵਿਸ਼ਨੂੰ ਨੇ ਨਾਰਦ ਨੂੰ ਸਰਾਪ ਦਿਤਾ ਕਿ ਉਹ ਨੀਚ ਜਾਤ ਦੇ ਘਰ ਪੈਦਾ ਹੋਵੇਗਾ। ਦਰਅਸਲ ਵਿਸ਼ਨੂੰ ਦੇ ਸ਼ਰਾਪ ਕਰਕੇ ਹੀ ਨਾਰਦ ਨੇ ਮਰਦਾਨੇ ਦੇ ਰੂਪ ਵਿਚ ਅਵਤਾਰ ਧਰਿਆ ਸੀ। ਮਰਦਾਨਾ ਇਕ ਡੂੰਮ ਮਿਰਾਸੀ ਦੇ ਘਰ ਪੈਦਾ ਹੋਇਆ ਸੀ। ਯਥਾ-

ਨਾਰਦ ਬਚਨਿ ਭਯੋ ਉਪਕਾਰ॥ ਬਹੁ ਜੀਵਨ ਕਾ ਭਯੋ ਉਧਾਰ॥

ਨਾਰਦ ਆਇ ਸੁ ਲਯੋ ਉਤਾਰੇ॥ ਜਨਮ ਅਵਿੰਦ ਡੂੰਮ ਘਰਿ ਧਾਰੇ॥82॥

ਮਰਦਾਨਾ ਤਹਿ ਨਾਮ ਸੁ ਰਾਖਾ॥ ਡੂੰਮ ਮਰਾਸੀ ਕੋ ਕਹਿ ਭਾਖਾ॥

ਤਿਸ ਕਾਰਨ ਭਗਵਤਿ ਅਵਤਾਰ॥ ਧਰਿ ਹੈ ਆਪ ਸੁ ਮਹੀ ਉਦਾਰ॥83॥[566]

---

[565] ਉਹੀ, ਪਤਰਾ 159.

[566] ਉਹੀ, ਪਤਰਾ 179.

ਸੋ ਇਸ ਪ੍ਰਕਾਰ ਕਵੀ ਨੇ ਮਰਦਾਨੇ ਨੂੰ ਨਾਰਦ ਦੇ ਅਵਤਾਰ ਵਜੋਂ ਪ੍ਰਸਤੁਤ ਕਰਕੇ ਉਸ ਦਾ ਮਿਥਿਹਾਸਕ ਸਰੂਪ ਚਿਤਰਣ ਦਾ ਯਤਨ ਕੀਤਾ ਹੈ।

**ਸ੍ਰੀ ਚੰਦ**

ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁਤਰ ਦਾ ਨਾਮ ਸ੍ਰੀ ਚੰਦ ਸੀ। ਕਵੀ ਨੇ ਸ੍ਰੀ ਚੰਦ ਨੂੰ ਗੋਰਖ ਦਾ ਅਵਤਾਰ ਮੰਨਿਆ ਹੈ। ਧਰਮ ਉਦਯੋਗ ਖੰਡ ਤੇ ਬਿਬਾਹ ਖੰਡ ਵਿਚ ਗੋਰਖ ਦੁਆਰਾ ਸ੍ਰੀ ਚੰਦ ਦੇ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੇ ਘਰ ਵਿਚ ਜਨਮ ਲੈਣ ਬਾਰੇ ਵਿਚਾਰ ਅੰਕਿਤ ਕੀਤੇ ਹਨ। ਇਸ ਦੀ ਗੋਰਖ ਇਕ ਨਿਸ਼ਾਨੀ ਵੀ ਦਸਦਾ ਹੈ ਕਿ ਜਦ ਮੈਂ ਅਵਤਾਰ ਧਾਰਾਂਗਾ ਤਾਂ ਮੇਰੇ ਇਕ ਕੰਨ ਵਿਚ ਮੁੰਦ੍ਰ ਹੋਵੇਗੀ। ਇਨ੍ਹਾਂ ਚਿਨ੍ਹਾਂ ਨਾਲ ਹੀ ਮੇਰਾ ਜਨਮ ਹੋਵੇਗਾ। ਯਥਾ-

ਧਾਮ ਤੁਮਾਰੇ ਆਇ ਕਰਿ ਲੈਂਵੋਗੋ ਅਵਤਾਰ॥
ਬਚਨਿ ਦਯੋ ਸੋ ਦਯੋ ਮਮ ਨਾਹਿ ਫਿਰਾਂਉ ਉਦਾਰ॥58॥
ਚੌਪਈ॥
ਅੰਸ ਉਤਾਰ ਧਾਰ ਸੁਖਦਾਈ॥ ਹੋਵੋਗੋ ਤੁਮਰਾ ਸੁਤ ਆਈ॥
ਮੁੰਦ੍ਰਾ ਏਕ ਹੋਇਗੀ ਕਾਨ॥ ਸਹ ਜੰਜੀਰ ਕੁਪੀਨ ਸੁ ਜਾਨ॥58॥
ਇਤਿਨੇ ਚਿਹਨ ਹੋਇਗੇ ਜਬੈ॥ ਜਾਨੋ ਆਯੋ ਵਹੀ ਸੁ ਤਬੈ॥[567]

ਸੋ ਕਵੀ ਨੇ ਗੋਰਖ ਦੇ ਅਵਤਾਰ ਧਾਰਨ ਬਾਰੇ ਭਵਿਖਵਾਣੀ ਦਰਸਾਈ ਹੈ, ਜੋ ਕਿ ਸ੍ਰੀ ਚੰਦ ਦੇ ਜਨਮ ਨਾਲ ਪੂਰੀ ਹੁੰਦੀ ਹੈ।

**ਕੋਕਸੁ**

ਕੋਕਸੁ ਦਾ ਨਾਮ ਕਾਲਪਨਿਕ ਭਾਸਦਾ ਹੈ। ਵਿਚਾਰਾਧੀਨ ਕ੍ਰਿਤੀ ਵਿਚ ਕੋਕਸੁ ਨੂੰ ਵਿਸ਼ਵਕਰਮਾ ਦਾ ਅਵਤਾਰ ਦਸਿਆ ਹੈ। ਬਰਨ ਖੰਡ ਵਿਚ ਇਕ ਕਥਾ ਚਲਦੀ ਹੈ, ਕਥਾ ਵਿਚ ਮੰਦਿਰ ਬਣਾਉਣ ਦੀ ਗੱਲ ਹੁੰਦੀ ਹੈ, ਉਥੇ ਕਵੀ ਨੇ ਕੋਕਸੁ ਨਾਂ ਦੇ ਵਿਦਵਾਨ ਦਾ ਜ਼ਿਕਰ ਕੀਤਾ ਹੈ। ਉਸ ਨੇ ਪਲਾਂ

[567] ਉਹੀ, ਪਤਰਾ 435.

ਵਿਚ ਹੀ ਮੰਦਿਰ ਤਿਆਰ ਕਰ ਦਿਤਾ, ਕਵੀ ਦਾ ਮੰਨਣਾ ਹੈ ਕਿ ਜਿਸ ਤਰ੍ਹਾਂ ਵਿਸ਼ਵਕਰਮਾ ਨੇ ਪਲਾਂ ਵਿਚ ਹੀ ਲੰਕਾਂ ਨੂੰ ਤਿਆਰ ਕਰ ਦਿਤਾ ਸੀ, ਉਸੇ ਭਾਂਤਿ ਕੋਕਸੁ ਵਿਸ਼ਵਕਰਮਾ ਦਾ ਅਵਤਾਰ ਹੋਣ ਕਰਕੇ ਉਸ ਨੇ ਵੀ ਮੰਦਿਰ ਨੂੰ ਪਲਾਂ ਵਿਚ ਹੀ ਤਿਆਰ ਕਰ ਦਿਤਾ। ਉਹ ਕੋਕਸੁ ਸਰਬ ਕਲਾ ਸੰਪੂਰਨ ਹੈ। ਯਥਾ-

ਕੋਕਸੁ ਨਾਵੇ ਏਕ ਵਿਦਾਨ॥ ਸਿਵ ਕਾ ਭਗਤਿ ਸੁ ਮਹਾ ਮਹਾਨ॥68॥
ਤਾ ਕੋ ਭੂਪਤਿ ਤੁਰਤਿ ਬੁਲਾਯੋ॥ ਸਭ ਬਰਤਾਂਤਿ ਸੁ ਤਾਂਹਿ ਸੁਨਾਯੋ॥
ਵਿਸੂਕਰਮਾ ਕਾ ਸੋ ਅਵਤਾਰ॥ ਖਿਨ ਮੈ ਮੰਦਰ ਕਰੈ ਤਿਆਰ॥69॥
ਸਰਬ ਕਲਾ ਸੰਪੂਰਨ ਸੋਇ॥ ਤਾ ਸਮ ਅਵਰ ਵਿਦਾਨ ਨ ਕੋਇ॥[568]

**ਹੀਰਾ ਬਾਈ**

ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹੀਰਾ ਬਾਈ ਕਰਮਾ ਬਾਈ ਦਾ ਅਵਤਾਰ ਹੈ । ਉਹ ਸੰਤਰੇਣ ਨਾਲ ਦਖਣ ਤੋਂ ਨਾਲ ਹੀ ਆਈ ਸੀ, ਵਿਦਵਾਨਾਂ ਦਾ ਵਿਚਾਰ ਹੈ ਕਿ ਹੀਰਾ ਬਾਈ ਨੇ ਸੰਤਰੇਣ ਜੀ ਦਾ ਡੇਰਾ ਭੂਦਨ ਵਿਚ ਬਣਵਾਇਆ ਸੀ । ਸੋ ਕਵੀ ਨੇ ਇਸ ਨੂੰ ਵੀ ਕਰਮਾ ਬਾਈ ਦਾ ਅਵਤਾਰ ਦਰਸਾ ਕਿ ਇਹ ਸਿਧ ਕੀਤਾ ਹੈ ਕਿ ਉਸਦੀ ਭਗਤੀ ਇਤਨੀ ਸੀ ਕਿ ਉਸ ਦੇ ਸਮ ਹੋਰ ਕੋਈ ਨਹੀਂ ਸੀ। ਉਸ ਉਪਰ ਭਗਵਾਨ ਨੇ ਆਪ ਕ੍ਰਿਪਾ ਕਰਕੇ ਉਸ ਨੂੰ ਭਗਤੀ ਬਖਸ਼ੀ ਹੋਈ ਸੀ। ਯਥਾ-

ਦਖਣ ਦੇਸ ਵਿਖੈ ਇਕ ਗੰਗਾ ਮੋਰਨਾ॥ ਪਰਮ ਸੁ ਪਾਵਨ ਤੀਰਥ ਤਹਿ ਸਮ ਹੋਰਨਾ॥
ਤਿਸ ਕੇ ਤਟ ਮੈ ਬਸਤੀ ਏਕ ਸੁ ਜਾਨਿਯੈ॥ ਹੋ ਇਕ ਬਾਈ ਤਹਿ ਰਹੈ ਸੁ ਜਾਨ ਮਹਾਨਿਯੈ॥90॥
ਰਾਮ ਲਾਲ ਤਹਿ ਪਿਤਾ ਭਗਤਿ ਭਗਵਾਨ ਕੀ॥ ਸੀਲ ਧਰਮ ਮੈ ਮਨੋ ਸੁ ਦੂਜੀ ਜਾਨਕੀ॥
ਹੀਰਾ ਤਿਸ ਕਾ ਨਾਮੰ ਜਾਨ ਮਹਾਨਿਯੈ॥ ਹੋ ਕਰਮਾਬਾਈ ਕਾ ਅਵਤਾਰ ਸੁ ਜਾਨਿਯੈ॥91॥
ਹਰਿ ਭਗਤੀ ਮੈ ਤਤਪਰ ਤਾਹਿ ਸੁ ਮਾਨ ਨੈ॥ ਭਗਤੀ ਬਖਸੀ ਆਪ ਤਾਹਿ ਭਗਵਾਨ ਨੈ॥
ਹਰਿ ਕੀ ਭਗਤੀ ਕਰੈ ਸੁ ਤਨ ਮਨ ਲਾਇਕੈ॥ ਹੋ ਤਿਸ ਕੋ ਦਰਸਨਿ ਦਯੁ ਹਰਿ ਰੂਪ ਵਟਾਇਕੈ॥92॥[569]

---

[568] ਉਹੀ, ਪਤਰਾ 1548.

[569] ਉਹੀ, ਪਤਰਾ 1848.

ਸੋ ਕਵੀ ਨੇ ਆਪਣੇ ਸਮਕਾਲੀ ਹੀਰਾ ਬਾਈ ਨੂੰ ਵੀ ਅਵਤਾਰ ਦਾ ਰੂਪ ਦੇ ਕੇ ਉਸ ਦਾ ਮਿਥਿਹਾਸਕ ਚਿਤਰਣ ਕੀਤਾ ਹੈ।

ਸੋ ਇਸ ਪ੍ਰਕਾਰ ਕਵੀ ਨੇ ਵਿਚਾਰਾਧੀਨ ਕ੍ਰਿਤੀ ਵਿਚ ਜਿਥੇ ਪੌਰਾਣਿਕ ਅਵਤਾਰਾਂ ਦਾ ਵਿਸ਼ੇਸ਼ਗ ਜ਼ਿਕਰ ਕੀਤਾ ਹੈ, ਉਥੇ ਹੀ ਉਨ੍ਹਾਂ ਤੋਂ ਬਿਨਾਂ ਹੋਰ ਅਵਤਾਰਾਂ ਦਾ ਵੀ ਜ਼ਿਕਰ ਕੀਤਾ ਹੈ। ਉਪਰੋਕਤ ਚਰਚਾ ਤੋਂ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਕੋਕਸੁ ਜਿਹੇ ਨਵੇਂ ਅਵਤਾਰਾਂ ਨੂੰ ਕਾਵਿ ਕਲਪਨਾ ਜ਼ਰੀਏ ਘੜਨ ਦਾ ਯਤਨ ਵੀ ਕੀਤਾ ਹੈ। ਸੋ ਕਵੀ ਨੇ ਜ਼ਰੂਰਤ ਅਨੁਸਾਰ ਅਵਤਾਰਾਂ ਦੇ ਗੁਣਾਂ ਦਾ ਵਿਸਥਾਰ ਵੀ ਕੀਤਾ ਹੈ ਅਤੇ ਵਿਸ਼ੇ ਦੀ ਮੰਗ ਅਨੁਸਾਰ ਮਾਤਰ ਉਦਾਹਰਨ ਦੇ ਕੇ ਵੀ ਸੰਕੇਤ ਰੂਪ ਵਿਚ ਆਪਣਾ ਮਨੋਰਥ ਪੂਰਾ ਕੀਤਾ ਹੈ।

### 1.3 ਭਾਰਤੀ ਮਿਥਿਹਾਸ ਦੀਆਂ ਅਸੁਰ ਸਖਸ਼ੀਅਤਾਂ

#### 1.3.1 ਰਾਵਣ

ਰਾਵਣ ਲੰਕਾ ਦਾ ਰਾਜਾ ਅਤੇ ਰਾਖਸ਼ਾਂ ਦਾ ਆਗੂ ਸੀ । ਇਸ ਦਾ ਜਨਮ ਪਿਤਾ ਵਿਸ਼ਵ ਤੇ ਮਾਤਾ ਨਿਕਸਾ ਦੇ ਘਰ ਹੋਇਆ ਅਤੇ ਰਿਸ਼ੀ ਪੁਲਸਤਜ ਦਾ ਪੋਤਰਾ ਸੀ । ਇਸ ਦੀ ਪਤਨੀ ਦਾ ਨਾਮ ਮੰਦੋਦਰੀ ਸੀ। ਮਨੌਤ ਇਹ ਹੈ ਕਿ ਇਸ ਦੇ ਦਸ ਸਿਰ, ਵੀਹ ਬਾਂਹਵਾਂ, ਕੱਦ ਪਹਾੜ ਵਰਗਾ ਲੰਮਾ, ਅਖਾਂ ਤਾਂਬੇ ਰੰਗ ਦੀਆਂ ਅਤੇ ਸ਼ਕਲ ਭਿਅੰਕਰ ਬੱਦਲ ਵਰਗੀ ਸੀ। ਤਪ ਸਦਕਾ ਇਸ ਨੇ ਸ਼ਿਵ ਤੋਂ ਅਮਰ ਰਹਿਣ ਦਾ ਵਰਦਾਨ ਪ੍ਰਾਪਤ ਕੀਤਾ ਹੋਇਆ ਸੀ। ਅਗਨੀ, ਵਰੁਣ, ਵਾਯੂ, ਕੁਬੇਰ ਇਤਿਆਦਿਕ ਇਸ ਦੇ ਸੇਵਕ ਸਨ। ਇਸ ਦੇ ਪੁਤਰ ਮੇਘਨਾਦ ਨੇ ਇੰਦਰ ਨੂੰ ਫਤਿਹ ਕਰ ਲਿਆ ਸੀ। ਰਾਵਣ ਦੀ ਵਿਦਿਆ ਵਿਚ ਨਿਪੁੰਨਤਾ ਕਰਕੇ ਚਾਰ ਵੇਦਾਂ ਦਾ ਵਕਤਾ ਵੀ ਕਿਹਾ ਜਾਂਦਾ ਹੈ। ਪਰੰਤੂ ਅਹੰਕਾਰ, ਕ੍ਰੋਧ ਇਤਿਆਦਿਕ ਵਿਕ੍ਰਿਤੀਆਂ-ਗ੍ਰਸਤ ਰਾਮ ਚੰਦਰ ਦੀ ਪਤਨੀ ਸੀਤਾ ਨੂੰ ਉਧਾਲ ਕੇ ਲੰਕਾ ਲਿਆਂਦਾ। ਰਾਮ ਨੇ ਸੁਗ੍ਰੀਵ ਤੇ ਹਨੂੰਮਾਨ ਦੀ ਸੈਨਾ ਦੀ ਸਹਾਇਤਾ ਨਾਲ ਰਾਵਣ ਨੂੰ ਅਗਨਿ ਬਾਣ ਨਾਲ ਮਾਰ ਦਿਤਾ।[570] ਗੁਰੂ ਨਾਨਕ ਵਿਜੈ

[570] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 256-57.

ਗ੍ਰੰਥ ਵਿਚ ਰਾਵਣ ਨੂੰ ਇਕ ਬੁਰਿਆਈ ਦੇ ਪ੍ਰਤੀਕ ਵਜੋਂ ਵਰਤਿਆ ਹੈ, ਪਰੰਤੂ ਨਾਲ ਹੀ ਰਾਵਣ ਦੇ ਅਨੇਕਾਂ ਗੁਣਾਂ ਦਾ ਵਿਸਥਾਰ ਵੀ ਕੀਤਾ ਹੈ-

ਦ੍ਵਿਜ ਸਾਰ ਸੁਤੰ ਸਤਿ ਸੰਖ ਹਰੀ ਸਰ ਰਾਘਵ ਕੇ ਜਿਨਿ ਰਾਵਣ ਮਾਰੇ॥[571]

ਜਿਥੇ ਗੁਰੂ ਗ੍ਰੰਥ ਸੰਕੇਤ ਕੋਸ਼ ਅਤੇ ਹਿੰਦੂ ਮਿਥਿਹਾਸ ਕੋਸ਼[572] ਵਿਚ ਰਾਵਣ ਦੀ ਮਾਤਾ ਦਾ ਨਾਮ ਨਿਕ੍ਰਸ਼ਾ ਜਾਂ ਨਿਕਸਾ ਦਸਿਆ ਹੈ ਉਥੇ ਕਵੀ ਨੇ ਕੈਕਸੀ ਦਸਿਆ ਹੈ। ਯਥਾ-

ਰਾਵਣ ਕੀ ਜਨਨੀ ਸੁਖਦਾਈ॥
ਨਾਮ ਕੈਕਸੀ ਤਾਹਿ ਸੁ ਭਾਈ॥12॥[573]

ਰਾਵਣ ਦੇ ਗੁਣਾਂ ਆਦਿ ਕਰਕੇ ਉਸ ਦੇ ਅਨੇਕਾਂ ਨਾਮ ਪ੍ਰਚਲਿਤ ਹਨ। ਕਵੀ ਨੇ ਉਸ ਦੇ ਇਨ੍ਹਾਂ ਨਾਵਾਂ ਦਾ ਜ਼ਿਕਰ ਵੀ ਕੀਤਾ ਹੈ। ਲੰਕਾ ਦਾ ਰਾਜਾ ਹੋਣ ਕਰਕੇ ਉਸ ਨੂੰ ਲੰਕੇਸ਼ ਅਤੇ ਲੰਕਾਪਤਿ ਕਿਹਾ ਜਾਂਦਾ ਸੀ। ਯਥਾ-

ਸੁਣਿ ਕਰਿ ਭਯੋ ਪ੍ਰਸੰਨ ਮਹੇਸ॥
ਸੰਭ ਕਹਯੋ ਬਰਿ ਮਾਂਗ ਲੰਕੇਸ॥28॥[574]

ਹੇ ਲੰਕਾਪਤਿ ਪਰਮ ਉਦਾਰਾ॥
ਕਹ ਤੇ ਆਵਨ ਭਯੋ ਤੁਮਾਰਾ॥[575]

ਰਾਵਣ ਸੰਗੀਤ ਦਾ ਵੀ ਗੂੜ੍ਹ ਗਿਆਤਾ ਸੀ। ਉਸ ਨੂੰ ਸੁਰ, ਤਾਲ ਤੋਂ ਬਿਨਾਂ ਹੋਰ ਵੰਨਗੀਆਂ ਛੰਦ, ਕਬਿਤ ਇਤਿਆਦਿਕ ਦੀ ਵੀ ਮੁਹਾਰਤ ਹਾਸਿਲ ਸੀ।ਯਥਾ-

ਸਪਤੇ ਸ੍ਵਰੰ ਸਪਤੰ ਪੁਨਿ ਤਾਲ॥

---

[571] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 11.

[572] *ਜੌਨ ਡੌਸਨ, ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2000, ਪੰਨਾ 474.

[573] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1735.

[574] ਉਹੀ, ਪਤਰਾ 1735.

[575] ਉਹੀ, ਪਤਰਾ 1736.

ਛੰਦ ਕਬਿਤ ਸੰਗੀਤ ਬਿਸਾਲ॥

ਗਦਜ ਰਚਨਾ ਸੁਭ ਜਾਨ॥

ਨਾਨਾ ਕਲਾ ਸੁ ਬੇਦ ਪ੍ਰਮਾਨ॥27॥[576]

ਰਾਵਣ 12 ਕਲਾ ਵਿਚ ਪ੍ਰਬੀਨਤਾ ਰਖਦਾ ਸੀ। ਇਨ੍ਹਾਂ ਕਲਾ ਦੇ ਕਾਰਣ ਹੀ ਉਸ ਨੇ ਸ਼ਿਵ ਦੀ ਭਗਤੀ ਕਰਕੇ ਉਸ ਨੂੰ ਖੁਸ਼ ਕੀਤਾ ਸੀ। ਰਾਵਣ ਨੂੰ 14 ਵਿਦਿਆਵਾਂ ਦੀ ਵੀ ਗਿਆਨ ਸੀ, ਇਨ੍ਹਾਂ ਗੁਣਾਂ ਦੀ ਹੋਂਦ ਦੇ ਨਾਲ ਹੀ ਉਸ ਨੂੰ ਵੇਦਾਂ ਦੇ ਗਿਆਨ ਦੀ ਵੀ ਪ੍ਰਬੀਨਤਾ ਸੀ। ਯਥਾ-

ਦ੍ਵਾਦਸ ਕਲਾ ਪ੍ਰਬੀਨ ਉਦਾਰੇ॥ ਮਾਡਿਉ ਤਪ ਤਿਨ ਸਿਵ ਕੇ ਦ੍ਵਾਰੇ॥

ਚਉਦਾ ਬਿਦਿਯਾ ਮਾਹਿ ਪਰਾਂਗਤਿ॥ ਦੀਨਨ ਜਿਉ ਭਿਛਿਯਾ ਨਹਿ ਮਾਂਗਤਿ॥22॥

ਬੇਦਨ ਕੇ ਕਰਿ ਖੰਡ ਪ੍ਰਬੀਨਾ॥ ਸਾਰਾ ਸਾਰ ਨਿਬੇੜਾ ਕੀਨਾ॥

ਮਾਂਡਿਉ ਤਪ ਤਿਨ ਜਾਇ ਉਦਾਰੇ॥ ਗਗਨ ਮੈ ਸਿਵ ਨਾਮ ਉਚਾਰੇ॥23॥[577]

ਕਵੀ ਨੇ ਰਾਵਣ ਨੂੰ ਸ਼ਿਵ ਦੇ ਭਗਤ ਵਜੋਂ ਦਰਸਾਉਣ ਦਾ ਯਤਨ ਕੀਤਾ ਹੈ। ਕਸ਼ਮੀਰ ਖੰਡ ਦੇ 24 ਵੇਂ ਅਧਿਆਇ ਵਿਚ ਰਾਵਣ ਦੀ ਹੀ ਕਥਾ ਦਸੀ ਹੈ। ਕਥਾ ਵਿਚ ਇਸ ਗੱਲ ਦਾ ਜ਼ਿਕਰ ਕੀਤਾ ਮਿਲਦਾ ਹੈ ਕਿ ਇਕ ਵਾਰ ਉਸਦੀ ਮਾਤਾ ਦੇ ਅੰਨ ਤਿਆਗਣ 'ਤੇ ਉਹ ਸ਼ਿਵ ਦੀ ਭਗਤੀ ਕਰਨ ਜਾਂਦਾ ਹੈ। ਉਸ ਦਾ ਮਨੋਰਥ ਸ੍ਰੇਸ਼ਟ ਲਿੰਗ ਨੂੰ ਲੰਕਾ ਵਿਚ ਲੈ ਕੇ ਆਉਣਾ ਸੀ। ਸ਼ਿਵ ਨੇ ਪ੍ਰਸੰਨ ਹੋ ਕੇ ਸ੍ਰੇਸ਼ਟ ਲਿੰਗ ਉਸ ਨੂੰ ਦਿਤਾ ਅਤੇ ਇਹ ਸ਼ਰਤ ਰਖੀ ਕਿ ਇਸਨੂੰ ਰਸਤੇ ਵਿਚ ਕਿਤੇ ਵੀ ਧਰਤੀ ਉਤੇ ਨਾ ਰਖਿਆ ਜਾਵੇ, ਰਸਤੇ ਵਿਚ ਰਾਵਣ ਨੂੰ ਪਿਸ਼ਾਬ ਦਾ ਜ਼ੋਰ ਪੈਂਦਾ ਹੈ। ਉਸ ਦਾ ਸ਼ਿਵ ਦੇ ਪ੍ਰਤੀ ਇਤਨਾ ਸਤਿਕਾਰ ਸੀ ਕਿ ਉਸ ਨੇ ਸ਼ਿਵ ਲਿੰਗ ਨੂੰ ਧਰਤੀ ਉਤੇ ਨਾ ਰਖਿਆ ਅਤੇ ਨਾ ਹੀ ਹਥ ਵਿਚ ਰਖ ਕੇ ਪਿਸ਼ਾਬ ਕੀਤਾ। ਉਸ ਦੇ ਸਤਿਕਾਰ ਕਰਕੇ ਹੀ ਉਹ ਸ਼ਿਵ ਲਿੰਗ ਨੂੰ ਲੰਕਾ ਵਿਚ ਲਿਜਾਣ ਵਿਚ ਅਸਫਲ ਰਿਹਾ ਅਤੇ ਰਸਤੇ ਵਿਚ ਹੀ ਸ਼ਿਵ ਲਿੰਗ ਸਥਾਪਿਤ ਹੋਇਆ। ਸੋ ਰਾਵਣ ਸ਼ਿਵ ਦਾ ਬਹੁਤ ਹੀ ਸਤਿਕਾਰ ਕਰਦਾ ਸੀ। ਯਥਾ-

---

[576] ਉਹੀ, ਪਤਰਾ 1735.

[577] ਉਹੀ, ਪਤਰਾ 1735.

ਮੂਤਰ ਲਾਗਯੋ ਮੋਹਿ ਅਪਾਰੇ॥ ਕਾਇ ਕਰੈਂ ਅਬ ਯਾਹਿ ਬਿਚਾਰੇ॥

ਕਰਿ ਮੈ ਲੇਕਰਿ ਕਰੋ ਪਸਾਬ॥ ਇਹੁ ਭੀ ਬਾਤ ਅਜੋਗ ਖਰਾਬ॥72॥[578]

ਰਾਵਣ ਇਕ ਯੋਧਾ ਮਹਾਬਲੀ ਸੀ, ਅਜਿਹਾ ਵੀ ਕਵੀ ਦਾ ਦ੍ਰਿਸ਼ਟੀਕੋਣ ਹੈ । ਕਵੀ ਦਸਦਾ ਹੈ ਕਿ ਰਾਵਣ ਨੇ ਸਾਰੇ ਹੀ ਸੁਰ ਅਤੇ ਅਸੁਰ ਜਿਤ ਲਏ ਸਨ, ਜਿਸ ਕਰਕੇ ਉਸ ਦੇ ਬਲ ਦਾ ਡੰਕਾ ਤਿੰਨਾਂ ਲੋਕਾਂ ਵਿਚ ਵੱਜ ਚੁਕਾ ਸੀ। ਉਸ ਦੇ ਬਲ ਦੇ ਪ੍ਰਭਾਵ ਸਦਕਾ ਹੀ ਮਯਾਸੁਰ ਨੇ ਆਪਣੀ ਪੁਤਰੀ ਮਦੋਦਰੀ ਦਾ ਵਿਆਹ ਰਾਵਣ ਨਾਲ ਕਰ ਦਿਤਾ ਸੀ। ਯਥਾ-

ਰਾਵਣ ਨੇ ਦਿਗਪਾਲ ਅਸੁਰ ਸੁਰ ਜੇਤਿਆ॥

ਤਹਿ ਬਲਿ ਜੀਤੇ ਜਾਨ ਸੁ ਸਭ ਹੀ ਤੇਤਿਆ॥

ਕਰੇ ਸੁ ਜੀਤ ਅਧੀਨ ਸਬੈ ਤਿਨ ਆਪਣੇ॥

ਹੋ ਰਾਵਣ ਤੇ ਤਿਨ ਲੋਕ ਸਗੇ ਸਭ ਕਾਪਣੇ॥92॥

ਦੋਹਰਾ॥

ਸਕਤੀ ਅਉਰ ਮਦੋਦਰੀ ਦਈ ਮਯਾਸੁਰ ਆਪ॥

ਡਰਿਦੈ ਮਾਗੇ ਬਿਨ ਦਈ ਦੇਖਿ ਸੂ ਤਾਹਿ ਪ੍ਰਤਾਪ॥93॥[579]

ਰਾਵਣ ਦੇ ਇਕ ਲਖ ਪੁਤਰ ਅਤੇ ਸਵਾ ਲਖ ਨਾਤੀ ਸਨ। ਉਸ ਦੀ ਫੌਜਾਂ ਦਾ ਕੋਈ ਵੀ ਅੰਤ ਨਹੀਂ ਸੀ। ਉਸ ਕੋਲ 18 ਖੂਹਣਿ ਸੈਨਾ ਸੀ। ਖੂਹਣਿ ਇਕ ਖਾਸ ਕਿਸਮ ਦੀ ਸੈਨਾ ਦੀ ਗਿਣਤੀ ਹੈ। ਇਕ ਖੂਹਣਿ ਵਿਚ 21870 ਹਾਥੀ, 21870 ਰਥ, 65610 ਘੋੜੇ ਅਤੇ 1093350 ਪਿਆਦੇ ਹੁੰਦੇ ਸਨ, ਜਿਨ੍ਹਾਂ ਦਾ ਕੁਲ ਜੋੜ 218700 ਹੁੰਦਾ ਸੀ।[580] ਸੋ ਇਸ ਤਰ੍ਹਾਂ ਦੇ 18 ਦਸਤੇ ਰਾਵਣ ਦੀ ਸੈਨਾ ਵਿਚ ਸਨ। ਯਥਾ-

ਹੂਤੋ ਲਖ ਪੂਤੰ ਸੁ ਤਾ ਕਾ ਉਦਾਰੇ॥ ਸਭੀ ਜਾਨ ਜੋਧੇ ਬਲੀ ਬੀਰ ਭਾਰੇ॥

ਸਵਾਲਾਖ ਨਾਤੀ ਸੁ ਤਾ ਕੇ ਮਹਾਨੇ॥ ਮਰਾ ਸੂਰਬੀਰੰ ਸਭੀ ਲੋਕ ਜਾਨੇ॥94॥

---

[578] ਉਹੀ, ਪਤਰਾ 1739.

[579] ਉਹੀ, ਪਤਰਾ 1740.

[580] ਨਾਭਾ ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 383.

ਦੋਹਰਾ॥ ਠਾਰਹਿ ਛੂੰਣਿ ਬਜੰਤਰੀ ਰਾਵਣੇ ਕੇ ਪਹਿਚਾਨ॥

ਫਉਜਨ ਕਾ ਕਛੁ ਪਾਰ ਨਹਿ ਜਾਨੈ ਸੋ ਭਗਵਾਨ॥95॥[581]

ਕਵੀ ਨੇ ਜਿਥੇ ਰਾਵਣ ਨੂੰ ਇਕ ਬੁਰਾਈ ਦੇ ਪ੍ਰਤੀਕ ਵਜੋਂ ਵਰਤਿਆ ਹੈ ਉਥੇ ਉਸ ਬਾਰੇ ਇਹ ਵੀ ਦਸਿਆ ਕਿ ਉਹ ਸ਼ਿਵ ਦਾ ਭਗਤ ਸੀ, ਉਸ ਕੋਲ ਅਨੰਤ ਸੈਨਾ ਸੀ, ਉਸ ਦਾ ਪਰਿਵਾਰ ਬਹੁਤ ਹੀ ਵਡਾ ਸੀ। ਸੋ ਇਸ ਪ੍ਰਕਾਰ ਕਵੀ ਨੇ ਰਾਵਣ ਦਾ ਸਰੂਪ ਵਰਨਣ ਕਰਨ ਦਾ ਯਤਨ ਕੀਤਾ ਹੈ।

**1.3.2 ਹਰਨਾਕਸ਼**

ਹਿਰਣਾਕਸ਼ ਜਾਂ ਹਰਨਾਖਸ਼ ਤੇ ਹਿਰਣਜ ਕਸ਼ਪ ਦੋ ਦੈਂਤ ਜੌੜੇ ਭਰਾ ਸਨ। ਮਨੌਤ ਇਹ ਹੈ ਕਿ ਹਿਰਣਾਕਸ਼ ਧਰਤੀ ਚੋਰੀ ਕਰਕੇ ਸਮੁੰਦਰ ਵਿਚ ਲੈ ਗਿਆ ਤੇ ਭਗਵਾਨ ਨੇ ਵਰਾਹ ਆਵਤਾਰ ਧਾਰ ਕੇ ਇਸਨੂੰ ਮਾਰ ਦਿਤਾ। ਹਿਰਣਜਕਸ਼ਪ ਨੇ ਤਪ ਕਰਕੇ ਸ਼ਿਵ ਤੋਂ ਦਸ ਲਖ ਸਾਲ ਲਈ ਤ੍ਰੈਲੋਕੀ ਦਾ ਰਾਜ ਪ੍ਰਾਪਤ ਕੀਤਾ। ਇਸ ਨੇ ਇਹ ਵੀ ਵਰ ਪ੍ਰਾਪਤ ਕੀਤਾ ਹੋਇਆ ਸੀ ਕਿ ਉਸਨੂੰ ਕੋਈ ਆਦਮੀ ਕਿਸੇ ਸ਼ਸਤ੍ਰ ਨਾਲ ਦਿਨ-ਰਾਤ ਨਹੀਂ ਮਾਰ ਸਕੇਗਾ। ਇਸ ਦਾ ਪੁਤਰ ਪ੍ਰਹਿਲਾਦ ਵਿਸ਼ਨੂੰ ਭਗਤ ਸੀ। ਹਿਰਣਜਕਸ਼ਪ ਨੂੰ ਇਹ ਪਸੰਦ ਨਹੀਂ ਸੀ, ਇਸ ਲਈ ਪ੍ਰਹਿਲਾਦ ਨੂੰ ਭਗਤੀ ਤੋਂ ਰੋਕਣ ਲਈ ਬਹੁਤ ਸਾਰੇ ਤਸੀਹੇ ਦਿਤੇ ਜਿਵੇਂ- ਕੋਠੀ ਬੰਦ ਕਰਨਾ ਅਤੇ ਪਹਾੜ ਤੋਂ ਰੋੜ੍ਹਿਆ ਇਤਿਆਦਿਕ । ਅੰਤ ਜਦੋਂ ਪ੍ਰਹਿਲਾਦ ਨੂੰ ਤਤੇ ਥੰਮ੍ਹ ਨੂੰ ਜਫੀ ਪਾਉਣ ਲਈ ਕਿਹਾ ਤਾਂ ਵਿਸ਼ਨੂੰ ਨੇ ਨਰਸਿੰਘ ਦਾ ਰੂਪ ਧਾਰ ਕੇ ਹਿਰਣਜਕਸ਼ਪ ਨੂੰ ਸੰਧਿਆ ਸਮੇਂ ਨਹੁੰਦਰਾਂ ਨਾਲ ਵਿਨਾਸ਼ ਕੀਤਾ।[582] ਗੁਰੂ ਨਾਨਕ ਵਿਜੈ ਗ੍ਰੰਥ ਵਿਚ ਹਰਨਾਕਸ਼ ਬਾਰੇ ਕੋਈ ਵਿਸਤ੍ਰਿਤ ਜਾਣਕਾਰੀ ਨਹੀਂ ਦਿਤੀ, ਮਾਤਰ ਉਸ ਦਾ ਸੰਕੇਤ ਮਾਤਰ ਜ਼ਿਕਰ ਹੀ ਬਾਕੀ ਅਸੁਰ ਸਖਸ਼ੀਅਤਾਂ ਨਾਲ ਹੀ ਕੀਤਾ ਹੈ। ਜਿਸ ਵਿਚ ਅਹਿਰਾਵਨ, ਮਹਿਰਾਵਨ, ਸੁੰਭ, ਨਿਸੁੰਭ ਇਤਿਆਦਿਕ ਦਾ ਜ਼ਿਕਰ ਕਰਦਿਆਂ ਹਰਨਾਕਸ਼ ਦਾ ਵੇਰਵਾ ਵੀ ਪਾਇਆ ਹੈ। ਯਥਾ-

ਅਹਿਰਾਵਨ ਹੈਂ ਮਹਿਰਾਵਨ ਹੈਂ ਕਿ ਨਿਸੁੰਭ ਸੁ ਸੁੰਭ ਨਿਕੁੰਭ ਸੁ ਸਾਰੇ॥

---

[581] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1274.

[582] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 68.

ਹਰਨਾਕਸ ਰਾਵਨ ਆਹਿ ਕਿਧੋ ਮਹਿਖਾਸੁਰ ਹੈਂ ਕਿ ਅਹੇ ਗਿਰਜਾਰੇ॥[583]

ਕਵੀ ਨੇ ਮੰਗਲ ਖੰਡ ਵਿਚ ਅਵਤਾਰਾਂ ਦੀ ਉਸਤਤੀ ਕਰਦਿਆਂ ਉਨ੍ਹਾਂ ਦਾ ਅਵਤਾਰ ਧਾਰਨ ਦਾ ਕਾਰਨ ਵੀ ਨਾਲ ਦਸਿਆ ਹੈ। ਨਰ ਹਰਿ ਦਾ ਅਵਤਾਰ ਧਾਰਨ ਦਾ ਕਾਰਨ ਪ੍ਰਹਿਲਾਦ ਭਗਤੀ ਦੀ ਰਖਿਆ ਕਰਕੇ ਉਸਦੇ ਪਿਤਾ ਹਰਨਾਕਸ਼ ਨੂੰ ਮਾਰਨਾ ਸੀ, ਸੋ ਜਿਥੇ ਨਰ ਹਰਿ ਜਾਂ ਨਰਸਿੰਘ ਦਾ ਜ਼ਿਕਰ ਕੀਤਾ ਹੈ ਉਥੇ ਹਰਨਾਕਸ਼ ਦਾ ਵੀ ਜ਼ਿਕਰ ਕੀਤਾ ਹੈ। ਯਥਾ-

ਨਰ ਹਰਿ ਹ੍ਵੈ ਪ੍ਰਹਲਾਦਿ ਉਬਾਰਿਉ॥

ਹਰਨਾਕਸਿ ਨਖ ਸਾਥ ਬਿਦਾਰਿਉ॥29॥[584]

ਹਰਨਾਕਸ਼ ਦੀ ਮ੍ਰਿਤੂ ਦੇ ਬਿਰਤਾਂਤ ਦਾ ਵੀ ਕਵੀ ਨੇ ਮੰਗਲ ਖੰਡ ਵਿਚ ਹੀ ਜ਼ਿਕਰ ਕੀਤਾ ਹੈ। ਕਵੀ ਨੇ ਦਸਿਆ ਹੈ ਕਿ ਨਰ ਹਰਿ ਨੇ ਹਰਨਾਕਸ਼ ਨੂੰ ਆਪਣੇ ਨਹੁੰਆਂ ਨਾਲ ਮਾਰ ਕੇ ਪ੍ਰਹਲਾਦ ਦੀ ਰਖਿਆ ਕੀਤੀ ਸੀ। ਯਥਾ-

ਹਰਿ ਰਾਇ ਗੁਰੂ ਹਰਿ ਰਾਇ ਸੁਤ ਹਰਿ ਹਾਰ ਗਰੇ ਹਰ ਔਰ ਉਦਾਰੇ॥

ਹਰਨਾਕਸ ਔਰ ਪਿਖੇ ਹਰ ਜਾਂਹਿ ਸੁਰੇਸਰ ਬਾਹਨ ਔਰ ਹਿਮਾਰੇ॥

ਪੁਨਿ ਹਾਥ ਹਰੀ ਜਿਨ ਸੋ ਗਹ ਕੈ ਹਰਨਾਕਸ ਕੋ ਨਖ ਸਾਥ ਬਿਦਾਰੇ॥

ਬਰਨੰ ਜਹ ਆਦਿ ਹਕਾਰ ਲਗੈ ਸੁਭ ਮੰਗਲਦਾਇਕ ਹੈ ਇਹੁ ਸਾਰੇ॥13॥[585]

ਇਸ ਪ੍ਰਕਾਰ ਕਵੀ ਨੇ ਹਰਨਾਕਸ਼ ਦਾ ਜ਼ਿਕਰ ਮਾਤਰ ਕੁਝ ਇਕ ਥਾਵਾਂ ਉਪਰ ਹੀ ਕੀਤਾ ਹੈ। ਉਹ ਵੀ ਜਿਥੇ ਨਰ ਹਰਿ ਜਾਂ ਨਰ ਸਿੰਘ ਅਵਤਾਰ ਦੀ ਗੱਲ ਆਈ ਹੋਵੇ। ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਚਰਚਿਤ ਕ੍ਰਿਤੀ ਵਿਚ ਜ਼ਰੂਰਤ ਅਨੁਸਾਰ ਹੀ ਹਰਨਾਕਸ਼ ਦੇ ਸਰੂਪ ਦਾ ਜ਼ਿਕਰ ਕੀਤਾ ਹੈ।

**1.3.3 ਬਭੀਖਣ**

---

583 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1735.

584 ਉਹੀ, ਪਤਰਾ 18.

585 ਉਹੀ, ਪਤਰਾ 12.

ਰਾਵਣ ਦਾ ਛੋਟਾ ਭਾਈ ਬਭੀਖਣ ਇਕ ਭਲੇ ਸੁਭਾ ਦਾ ਆਦਮੀ ਸੀ। ਇਸ ਨੇ ਰਾਵਣ ਨੂੰ ਬੜਾ ਸਮਝਾਇਆ ਕਿ ਉਹ ਸੀਤਾ ਨੂੰ ਰਾਮ ਦੇ ਹਵਾਲੇ ਕਰ ਦੇਵੇ, ਪਰ ਰਾਵਣ ਨਾ ਮੰਨਿਆ। ਲੜਾਈ ਵੇਲੇ ਬਭੀਖਣ ਰਾਮ ਵਲ ਹੋ ਗਿਆ ਤੇ ਰਾਵਣ ਦੇ ਸਾਰੇ ਅੰਦਰਲੇ ਭੇਤ ਦੱਸ ਦਿਤੇ। ਇਸਨੇ ਹੀ ਰਾਵਣ ਦੇ ਨਾ ਮਰਨ ਦਾ ਭੇਤ ਰਾਮ ਨੂੰ ਦੱਸਿਆ ਕਿ ਰਾਵਣ ਦੇ ਹਿਰਦੇ ਵਿਚ 'ਅੰਮ੍ਰਿਤ-ਕੁੰਡ' ਹੈ ਜਿਸ ਕਰਕੇ ਇਸ ਦੇ ਵੱਢੇ-ਕੱਟੇ ਅੰਗ ਮੁੜ ਜੁੜ ਜਾਂਦੇ ਹਨ। ਉਸ ਕੁੰਡ ਦੇ ਸੁਕਣ ਤੇ ਹੀ ਰਾਵਣ ਮਰ ਸਕਦਾ ਹੈ। ਰਾਮ ਨੇ 'ਅਗਨਿ ਬਾਣ' ਮਾਰ ਕੇ ਰਾਵਣ ਦਾ 'ਅੰਮ੍ਰਿਤ ਕੁੰਡ' ਸੁਕਾ ਦਿਤਾ ਤੇ ਉਹ 'ਰਾਮ ਬਾਣ' ਨਾਲ ਢਹਿ-ਢੇਰੀ ਹੋ ਗਿਆ। ਲੰਕਾ ਫਤਹਿ ਹੋਣ ਉਪਰੰਤ ਰਾਮ ਨੇ ਰਾਜਗੱਦੀ ਬਭੀਖਣ ਨੂੰ ਦੇ ਦਿਤੀ।[586] ਕਵੀ ਨੇ ਬਭੀਖਨ ਦਾ ਕਸ਼ਮੀਰ ਖੰਡ ਵਿਚ ਜ਼ਿਕਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਜਦ ਸੇਤਬੰਧ ਪਹੁੰਚੇ ਤਾਂ ਉਥੇ ਬਭੀਖਨ ਦਾ ਰਾਜ ਸੀ ਅਤੇ ਉਹ ਗੁਰੂ ਜੀ ਨੂੰ ਮਿਲਿਆ ਅਤੇ ਉਥੇ ਰਮਾਇਣ ਦੀ ਕਥਾ ਕਰਦੇ ਰਹੇ। ਇਕ ਮਹੀਨਾ ਗੁਰੂ ਜੀ ਉਥੇ ਰਹੇ। ਕਵੀ ਨੇ ਕਸ਼ਮੀਰ ਖੰਡ ਦੇ 23ਵੇਂ ਅਧਿਆਇ ਵਿਚ ਬਭੀਖਨ ਦੇ ਕੋਲ ਗੁਰੂ ਜੀ ਦੇ ਰਹਿਣ ਦਾ ਗੱਲ ਕੀਤੀ ਹੈ, ਪਰ ਇਸ ਵਿਚ ਬਭੀਖਨ ਦੇ ਗੁਣਾਂ ਦਾ ਵਿਖਿਆਨ ਬਹੁਤ ਹੀ ਘੱਟ ਕੀਤਾ ਹੈ। ਗੁਰੂ ਜੀ ਨੂੰ ਮਿਲਣ ਬਾਰੇ ਕਵੀ ਇੰਵ ਲਿਖਦਾ ਹੈ-

ਸੇਤ ਬੰਧ ਰਾਮੇਸਰੰ ਨਾਨਕ ਪਹੁਚੇ ਆਇ॥
ਭਗਤਿ ਬਭੀਖਨ ਸਤਿਗੁਰੂ ਪਾਛੈ ਦਯੋ ਫਿਰਾਇ॥1॥[587]

ਬਭੀਖਨ ਗੁਰੂ ਜੀ ਦੀ ਬਹੁਤ ਸੇਵਾ ਕਰਦਾ ਹੈ। ਕਵੀ ਨੇ ਦਸਿਆ ਹੈ ਕਿ ਬਭੀਖਨ ਰਾਮ ਦਾ ਭਗਤ ਸੀ। ਇਸ ਕਾਰਨ ਕਰਕੇ ਹੀ ਗੁਰੂ ਜੀ ਨੇ ਰਾਮ ਦਾ ਸਰੂਪ ਧਾਰਨ ਕਰਕੇ ਬਭੀਖਨ ਨੂੰ ਦਰਸ਼ਨ ਦਿਤੇ। ਬਭੀਖਨ ਨੇ ਰਾਮ ਦੇ ਦਰਸ਼ਨ ਕਰਕੇ ਗੁਰੂ ਜੀ ਦੀ ਪੂਜਾ ਕੀਤੀ। ਯਥਾ-

ਸੁਣਿ ਬਾਤ ਬਭੀਖਨ ਆਪ ਗਯੋ ਗੁਰ ਨਾਨਕ ਰਾਮ ਸਰੂਪ ਧਰਯੋ ਤਬਿ॥
ਵਹਿ ਰਾਮ ਉਪਸਾਕ ਹੈ ਭਗਤੰ ਵਹਿ ਆਨ ਸਰੂਪ ਨ ਦੇਖ ਨਿਵੈਂ ਕਬਿ॥
ਇਸ ਤੇ ਗੁਰ ਰਾਮ ਸਰੂਪ ਧਰਯੋ ਤਿਨ ਦੇਖਤਿ ਆਇ ਪ੍ਰਣਾਮ ਕਰੀ ਝਬਿ॥

---

[586] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 218.

[587] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1734.

ਬਿਧ ਸੋ ਤਿਨ ਪੂਜਨ ਆਪ ਕਰਜੋ ਗੁਰ ਨਾਨਕ ਕਾ ਪੁਨਿ ਪਾਇ ਪਰੇ ਸਬਿ॥15॥[588]

ਬਭੀਖਨ ਬਾਰੇ ਵਿਚਾਰ ਪ੍ਰਸਤੁਤ ਕਰਦਿਆਂ ਕਵੀ ਨੇ ਉਸ ਨੂੰ ਇਕ ਭਗਤ ਦੇ ਰੂਪ ਵਿਚ ਦਰਸਾਇਆ ਹੈ। ਉਹ ਰਾਮ ਦਾ ਬਹੁਤ ਵਡਾ ਭਗਤ ਸੀ, ਜਿਸ ਕਰਕੇ ਹੀ ਗੁਰੂ ਜੀ ਨੇ ਉਸ ਨੂੰ ਰਾਮ ਦੇ ਰੂਪ ਵਿਚ ਦਰਸ਼ਨ ਦਿਤੇ। ਸੋ ਕਵੀ ਨੇ ਸੀਮਤ ਸ਼ਬਦਾਂ ਵਿਚ ਬਭੀਖਨ ਦਾ ਸਰੂਪ ਪ੍ਰਗਟਾਉਣ ਦਾ ਯਤਨ ਕੀਤਾ ਹੈ।

### 1.3.4 ਸੁੰਦ ਅਤੇ ਉਪਸੁੰਦ

ਸੁੰਦ ਤੇ ਉਪਸੁੰਦ ਇਹ ਦੋਨੋਂ ਰਾਖਸ਼ ਨਿਸੁੰਦ ਦੇ ਪੁਤਰ ਸਨ। ਇਨ੍ਹਾਂ ਦੋਨਾਂ ਦਾ ਨਾਸ ਕਰਨ ਲਈ ਤਿਲੋਤਮਾ ਅਪੱਛਰਾ ਨੂੰ ਸਵਰਗ ਤੋਂ ਪ੍ਰਿਥਵੀ ਤੇ ਭੇਜਿਆ ਗਿਆ ਸੀ। ਇਹ ਦੋਵੇਂ ਅਪੱਛਰਾ ਦੇ ਪ੍ਰੇਮ ਵਿਚ ਆਪਸ ਵਿਚ ਲੜ ਕੇ ਇਕ ਦੂਜੇ ਦੇ ਹਥੋਂ ਮਾਰੇ ਗਏ।[589] ਕਵੀ ਨੇ ਮੁਲਤਾਨ ਖੰਡ ਵਿਚ ਇਨ੍ਹਾਂ ਦੋਵਾਂ ਭਰਾਵਾਂ ਦੀ ਕਥਾ ਬਿਆਨ ਕੀਤੀ ਹੈ। ਜਿਵੇਂ ਕਿ ਹਿੰਦੂ ਮਿਥਿਹਾਸ ਕੋਸ਼ ਵਿਚ ਸੁੰਦ ਉਪਸੁੰਦ ਦੇ ਪਿਤਾ ਦਾ ਨਾਮ ਨਿਸੁੰਦ ਦਸਿਆ ਹੈ ਉਥੇ ਕਵੀ ਨੇ ਇਨ੍ਹਾਂ ਦੇ ਪਿਤਾ ਦਾ ਨਾਮ ਨਿਕੁੰਭ ਦਸਦਿਆਂ ਇਨ੍ਹਾਂ ਨੂੰ ਹਰਨਾਕਸ਼ ਦੀ ਕੁਲ ਵਿਚ ਦਸਿਆ ਹੈ। ਇਹ ਦੋਵੇਂ ਭਰਾ ਇਤਨੇ ਬਲਵਾਨ ਸਨ ਕਿ ਇਨ੍ਹਾਂ ਤੋਂ ਦੇਵਤੇ ਇਤਿਆਦਿਕ ਡਰਦੇ ਸਨ। ਯਥਾ-

ਹਿਰਨਾਕਸ ਕੀ ਕੁਲਿ ਵਿਖੈ ਰਾਕਸ ਏਕ ਮਹਾਨ॥

ਨਾਮੁ ਨਿਕੁੰਭ ਸੁ ਜਾਨ ਤਹ ਮਹਾ ਸੂਰ ਬਲਿਵਾਨ॥1॥

ਛਪੈ ਛੰਦ॥

ਤਿਸ ਕੇ ਪੁਤਰਿ ਦੋਇ ਸੁੰਦ ਉਪਸੁੰਦ ਸੁ ਜਾਨੋ॥

ਮਹਾ ਸੂਰ ਬਲਿਵਾਨ ਬਾਪ ਤੇ ਅਧਿਕ ਪਛਾਨੋ॥

ਇੰਦ੍ਰਾਦਿਕ ਸਭ ਦੇਵਤਹਿ ਤੇ ਡਰੈਂ ਸੁ ਸਾਰੇ॥

ਆਪਸ ਮਾਹਿ ਪਰੇਮ ਤਾਹਿ ਕਾ ਅਧਿਕ ਉਦਾਰੇ॥

ਖਾਣਾ ਪੀਛਾ ਸੋਵਣਾ ਸਭ ਬਿਹਾਰ ਇਕਠੇ ਕਰਹਿ॥

---

[588] ਉਹੀ, ਪਤਰਾ 1732.

[589] *ਜੌਨ ਡੌਸਨ, ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2000, ਪੰਨਾ 130.

ਮਹਾ ਸੂਰ ਬਲਿਵਾਨ ਅਤਿ ਕਾਹੂ ਤੇ ਨਹਿ ਸੋ ਡਰਹਿ॥2॥[590]

ਇਨ੍ਹਾਂ ਨੇ ਆਪਣੇ ਬਲ ਸਦਕਾ ਸੁਰਗ ਲੋਕ ਨੂੰ ਜਿਤ ਲਿਆ ਸੀ ਉਥੇ ਦਾਨਵਾਂ ਦਾ ਰਾਜ ਸਥਾਪਿਤ ਕਰਕੇ ਫਿਰ ਇਨ੍ਹਾਂ ਨੇ ਪਾਤਾਲ ਲੋਕ ਉਤੇ ਚੜ੍ਹਾਈ ਕੀਤੀ-

ਇਸਿ ਭਾਂਤਿ ਤਹਾਂ ਬਹੁ ਜੁਧ ਭਯੋ ਸਕਲੀਤ ਕਰਜੋ ਹਮ ਸੋਇ ਉਚਾਰੇ॥

ਸੁਰ ਲੋਕ ਲਯੋ ਸਭ ਦਾਨਵ ਨੈਂ ਤਿਨ ਲੈ ਸੁਰ ਲੋਕ ਬਜਾਇ ਨਗਾਰੇ॥

ਅਪਨੇ ਤਿਨ ਰਾਕਸ ਰਾਖ ਤਹਾ ਪੁਨਿ ਸੁੰਦ ਪਸੁੰਦ ਸੁ ਬੀਰ ਪਧਾਰੇ॥

ਪੁਨਿ ਜਾਇ ਪਤਾਲ ਸੁ ਬੀਰ ਧਸੇ ਤਿਨ ਜਾਇ ਤਹਾਂ ਬਹੁ ਨਾਗ ਬਿਦਾਰੇ॥54॥[591]

ਪਾਤਾਲ ਵਿਚ ਜਾ ਕੇ ਇਨ੍ਹਾਂ ਦੋਵਾਂ ਭਰਾਵਾਂ ਨੇ ਨਾਗ ਲੋਕ ਜਿਤਿਆ ਅਤੇ ਜੋ ਵੀ ਜਲ ਵਿਚ ਦੈਂਤ ਰਹਿੰਦੇ ਸਨ ਉਨ੍ਹਾਂ ਨੂੰ ਵੀ ਆਪਣੇ ਅਧੀਨ ਕਰ ਲਿਆ। ਇਸ ਤਰ੍ਹਾਂ ਦੇਵ ਲੋਕ, ਨਾਗ ਲੋਕ ਆਦਿ ਦਾ ਧਨ ਇਕਠਾ ਕਰਕੇ ਕੁਰਖੇਤਰ ਵਿਚ ਲੈ ਗਏ। ਯਥਾ-

ਨਾਗ ਲੋਕ ਤਿਨ ਜੀਤਿਯੋ ਜਾਇ ਪਤਾਲ ਮਝਾਰ॥

ਪੁਨਿ ਜਲ ਮੈ ਜੋ ਦੈਂਤ ਹੈ ਤਿਨ ਪਰ ਭਏ ਤਿਆਰ॥55॥

ਸਵੈਯਾ॥

ਜਲੁ ਕੇ ਤਿਨਿ ਰਾਕਸ ਜੀਤ ਲਏ ਕਰ ਕੈ ਤਿਨਿ ਸਾਥ ਸੁ ਮਲ ਅਖਾਰਾ॥

ਧਨ ਛੀਨ ਲਯੋ ਤਿਨ ਕਾ ਸਗਲਾ ਪੁਨਿ ਆਇ ਬਲੀ ਕੁਰਖੇਤ ਮਝਾਰਾ॥

ਧਨ ਨਾਗਨ ਕਾ ਪੁਨਿ ਰਾਕਸ ਕਾ ਅਰ ਦੇਵਨ ਕਾ ਧਨ ਜੋਇ ਅਪਾਰਾ॥

ਕਰਿ ਕੈ ਇਕਠਾ ਤਿਨ ਕਾ ਧਨ ਸੋ ਕੁਰੁਖੇਤਰ ਮਾਹਿ ਲਿਆਇ ਸੁ ਸਾਰਾ॥56॥[592]

ਇਨ੍ਹਾਂ ਦੋਵਾਂ ਲੋਕਾਂ ਨੂੰ ਜਿਤਣ ਤੋਂ ਬਾਅਦ ਫਿਰ ਇਨ੍ਹਾਂ ਨੇ ਮਾਤ ਲੋਕ ਨੂੰ ਜਿਤਣ ਦੀ ਤਿਆਰੀ ਕੀਤੀ। ਮਾਤ ਲੋਕ ਤੋਂ ਵੀ ਧਨ ਇਕਠਾ ਕਰਕੇ ਇਨ੍ਹਾਂ ਨੇ ਉਹ ਵੀ ਕੁਰੂਖੇਤਰ ਵਿਚ ਰਖਿਆ ਅਤੇ ਕੁਰੂਖੇਤਰ ਨੂੰ

---

[590] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1458.

[591] ਉਹੀ, ਪਤਰਾ 1464.

[592] ਉਹੀ, ਪਤਰਾ 1464.

ਆਪਣੀ ਰਾਜਧਾਨੀ ਬਣਾਇਆ। ਇਨ੍ਹਾਂ ਦੀ ਬੀਰਤਾ ਬਾਰੇ ਗੱਲ ਕਰਦਿਆਂ ਕਵੀ ਕਹਿੰਦਾ ਹੈ ਕਿ ਇਨ੍ਹਾਂ ਨੇ ਤਿੰਨਾਂ ਲੋਕਾਂ ਉਪਰ ਆਪਣਾ ਰਾਜ ਸਥਾਪਿਤ ਕਰ ਲਿਆ ਸੀ। ਯਥਾ-

ਰਾਕਸ ਮਹਾਨ ਕਛੂ ਰਾਖੇ ਤਿਨੀ ਕੋਟਿ ਮਾਹਿ ਮਾਤ ਲੋਕ ਜੀਤਨੇ ਕੋ ਚਲੇ ਆਪ ਧਾਇਕੈ॥

ਮਾਤ ਲੋਕ ਜੀਤ ਤਿਨੀ ਧਨ ਸਭ ਛੀਨ ਲਯੋ ਕੁਰੂਖੇਤ ਮਾਹਿ ਤਿਨੀ ਰਾਖਿਉ ਸੁ ਲਜਾਇ ਕੈ॥57॥

ਸਵੈਯਾ॥

ਤਿਨ ਲੋਕ ਕਰੇ ਅਪਨੇ ਬਸਿ ਮੈ ਬਿਧ ਕੈ ਬਰਿ ਸੋ ਸਭ ਰਾਕਸ ਜੀਤੇ॥

ਸੁਰ ਨਾਗਨ ਰਾਕਸ ਮਾਨਵ ਕਾ ਧਨ ਛੀਨ ਲਯੋ ਸੁ ਕਰੇ ਸਭ ਰੀਤੇ॥[593]

ਤਿੰਨਾਂ ਲੋਕਾਂ ਨੂੰ ਜਿਤਣ ਤੋਂ ਪਹਿਲਾਂ ਇਨ੍ਹਾਂ ਨੇ ਭਗਤੀ ਕਰਕੇ ਵਰ ਮੰਗਿਆ ਸੀ ਕਿ ਉਹ ਮਾਤਰ ਆਪਸ ਵਿਚ ਲੜ ਕੇ ਹੀ ਮਰਨ ਹੋਰ ਕਿਸੇ ਹਥੋਂ ਵੀ ਇਨ੍ਹਾਂ ਦੀ ਮ੍ਰਿਤੂ ਨਾ ਹੋਵੇ-

ਅਗ ਜਗ ਤੇ ਹਮ ਨਾ ਮਰੈ ਭਾਖਿਉ ਦੋਨੋ ਬਾਲ॥

ਆਪਸ ਮੈ ਹਮ ਲੜ ਮਰੈਂ ਇਹੁ ਬਰਿ ਦੇਹੁ ਦਿਆਲ॥14॥[594]

ਜਦ ਇਨ੍ਹਾਂ ਨੇ ਲੋਕਾਂ ਉਪਰ ਅਤਿਆਚਾਰ ਕਰਨੇ ਸ਼ੁਰੂ ਕਰ ਦਿਤੇ ਤਾਂ ਸਾਰੇ ਦੇਵਤੇ ਇਕਠੇ ਹੋ ਕੇ ਬਿਧ ਮਾਤਾ ਕੋਲ ਗਏ ਅਤੇ ਬੇਨਤੀ ਕੀਤੀ ਕਿ ਇਨ੍ਹਾਂ ਦਾ ਅੰਤ ਕੀਤਾ ਜਾਵੇ। ਬਿਧ ਮਾਤਾ ਨੇ ਇਨ੍ਹਾਂ ਦੇ ਅੰਤ ਲਈ ਤਿਲੋਤਮਾ ਨਾਂ ਦੀ ਅਪਛਰਾ ਬਣਾਈ, ਜੋ ਕਿ ਅਤਿ ਸੁੰਦਰ ਸੀ ਤਿੰਨਾਂ ਲੋਕਾ ਵਿਚ ਉਸ ਵਰਗੀ ਹੋਰ ਕੋਈ ਰੂਪਵੰਤ ਨਹੀਂ ਸੀ। ਯਥਾ-

ਦੇਖ ਕੈ ਸਰੂਪ ਸੁ ਤਿਲੋਤਮਾ ਕਾ ਸਭਾ ਬੀਚ ਮੋਹਤਿ ਭਏ ਸੋ ਸਭ ਸਿਵ ਆਦਿ ਮਾਨੀਐ॥

ਤੀਨ ਲੋਕ ਮਾਹਿ ਐਸੀ ਅਬਲਾਂ ਨ ਰੂਪਵੰਤ ਮੈਨਕਾ ਸੁਰੇਸੀ ਰੰਭਾ ਉਰਬਸੀ ਜਾਨੀਐ॥

ਦੇਖਤਿ ਸਰੂਪ ਤਾ ਕੋ ਮੋਹਤਿ ਭਏ ਸੋ ਸਭ ਰਿਖੀ ਮੁਨੀ ਸਿਧ ਇੰਦਰਾਦਿ ਉਰ ਜਾਨੀਐ॥

ਰਿਖੀ ਮੁਨੀ ਸਿਧਨ ਕੋ ਦੋਊ ਹਾਥ ਜੋਰ ਕਰਿ ਦੀਨੀ ਪਰਦਖਣਾ ਤਿਲੋਤਮਾ ਮਹਾਨੀਐ॥16॥[595]

---

[593] ਉਹੀ, ਪਤਰਾ 1464.

[594] ਉਹੀ, ਪਤਰਾ 1459.

[595] ਉਹੀ, ਪਤਰਾ 1467.

ਤਿਲੋਤਮਾ ਜਦੋਂ ਸੁੰਦ ਉਪਸੁੰਦ ਨੂੰ ਮਿਲੀ ਤਾਂ ਦੋਨੋਂ ਭਰਾ ਉਸ ਉਤੇ ਮੋਹਿਤ ਹੋ ਗਏ। ਸੁੰਦ ਨੇ ਉਪਸੁੰਦ ਨੂੰ ਕਿਹਾ ਕਿ ਇਹ ਮੇਰੀ ਇਸਤਰੀ ਹੈ, ਤੂੰ ਮੇਰੇ ਤੋਂ ਛੋਟਾ ਹੈਂ ਇਸ ਲਈ ਇਹ ਤੇਰੀ ਮਾਂ ਲਗੇਗਾ। ਇਹ ਗੱਲ ਸੁਣ ਕੇ ਉਪਸੁੰਦ ਨੇ ਕਿਹਾ ਕਿ ਤੂੰ ਮੇਰੇ ਤੋਂ ਵਡਾ ਹੈਂ ਇਸ ਲਈ ਇਹ ਤੇਰੀ ਪੁਤਰੀ ਸਮਾਨ ਹੈ, ਇਹ ਮੇਰੀ ਇਸਤਰੀ ਹੋਵੇਗੀ। ਦੋਨੋਂ ਆਪਣੀ-ਆਪਣੀ ਕਹਿ ਕੇ ਹੌਲੀ-ਹੌਲੀ ਲੜਨ ਲਗ ਪਏ। ਇਸ ਤਰ੍ਹਾਂ ਦੋਨੋਂ ਆਪਸ ਵਿਚ ਲੜ ਕੇ ਮਰ ਗਏ। ਯਥਾ-

ਸੁੰਦ ਗਹਯੋ ਦੁਖ ਕਰਿ ਬਾਂਉ ਪਸੁੰਦ ਗਹਯੋ ਭਾਰਿਯਾ ਏ ਮੇਰੀ ਤਾ ਕੋ ਆਪ ਸੁੰਦ ਕਹਯੋ ਹੈ॥
ਭਾਰਿਯਾ ਹਮਾਰੀ ਜੋਊ ਜਨਨੀ ਤੁਮਾਰੀ ਲਗੈ ਤੂੰ ਤੋ ਲਘੁ ਭਾਈ ਕਾਹੇ ਹਾਥ ਗਹਿ ਰਹਯੋ ਹੈ॥21॥
ਕਹਯੋ ਉਪਸੁੰਦ ਪੁਨਿ ਭਾਰਿਯਾ ਹਮਾਰੀ ਦੇਵ ਤੂੰ ਤੋ ਬਡੋ ਤੇਰੀ ਪੁਤਰੀ ਮਹਾਨਿਐ॥
ਏਕ ਕਹੈ ਮੇਰੀ ਨਾਰੀ ਦੂਜੋ ਭਾਖੇ ਮੇਰੀ ਨਾਰੀ ਮਰਨੇ ਕਾ ਵਖਤਿ ਸੁ ਆਯੋ ਤਾ ਕੋ ਜਾਨੀਐ॥
ਮੇਰੀ ਮੇਰੀ ਭਾਖਤਿ ਲਰਾਈ ਭਈ ਆਪਸ ਮੈ ਛੋਡ ਕੈ ਸੁ ਦੋਊ ਲਾਗੇ ਲਰਨ ਪਖਾਨੀਐ॥
ਛੋੜ ਕੈ ਪਖਾਨ ਪੁਨਿ ਗਦਾ ਲੀਨੀ ਹਾਥਨ ਮੈ ਆਪਸ ਮੈ ਲਰਕੈਂ ਸੁ ਮਰੇ ਦੋਨੋ ਮਾਨੀਐ॥22॥
ਮਾਰੇ ਸੋ ਤਿਲੋਤਮਾ ਨੈ ਆਪਸ ਮੈ ਬੈਰ ਡਾਰ ਹਾਥ ਪਾਵ ਤਾ ਕੋ ਤਿਨ ਆਪ ਨ ਲਗਾਯੋ ਹੈ॥
ਐਸੇ ਬਲਿਵਾਨ ਦੋਊ ਮਾਰੇ ਖਿਨ ਮਾਂਹਿ ਸੋਉ ਮਾਰਕੈ ਮਹਾਨ ਜਸੁ ਦੁੰਧਭੀ ਬਜਾਯੋ ਹੈ॥[596]

ਇਸ ਤਰ੍ਹਾਂ ਕਵੀ ਨੇ ਸੁੰਦ ਉਪਸੁੰਦ ਦੀ ਕਥਾ ਦਾ ਵਰਨਣ ਮੁਲਤਾਨ ਖੰਡ ਵਿਚ ਕਰਕੇ ਉਨ੍ਹਾਂ ਨੂੰ ਬਹੁਤ ਬਲਸ਼ਾਲੀ ਦਰਸਾਇਆ ਹੈ। ਉਨ੍ਹਾਂ ਦਾ ਅੰਤ ਆਪਸ ਵਿਚ ਲੜ ਕੇ ਮਰ ਜਾਂਦੇ ਹਨ। ਸੋ ਇਸ ਤਰ੍ਹਾਂ ਕਵੀ ਨੇ ਇਨ੍ਹਾਂ ਦਾ ਸਰੂਪ ਵਰਣਿਤ ਕਰਨ ਦਾ ਯਤਨ ਕੀਤਾ ਹੈ।

### 1.3.5 ਸੁੰਭ ਤੇ ਨਿਸੁੰਭ

ਇਹ ਦੋਵੇਂ ਭਰਾ ਅਸੁਰ ਸਨ ਅਤੇ ਇਨ੍ਹਾਂ ਨੂੰ ਦੁਰਗਾ ਨੇ ਮਾਰਿਆ ਸੀ। ਪੁਰਾਣ-ਸਾਹਿਤ ਅਨੁਸਾਰ ਇਹ ਦੋਵੇਂ ਸ਼ਿਵ ਦੇ ਬੜੇ ਸ਼ਰਧਾਲੂ ਸਨ। ਇਨ੍ਹਾਂ ਨੇ ਅਮਰਤਾ ਪ੍ਰਾਪਤ ਕਰਨ ਲਈ 5000 ਵਰ੍ਹੇ ਸ਼ਿਵਜੀ ਦੀ ਬੜੀ ਘੋਰ ਤਪੱਸਿਆ ਕੀਤੀ। ਸ਼ਿਵ ਨੇ ਇਹ ਵਰ ਦੇਣ ਤੋਂ ਇਨਕਾਰ ਕਰ ਦਿਤਾ ਤਾਂ ਇਨ੍ਹਾਂ ਨੇ 800 ਵਰ੍ਹੇ

[596] ਉਹੀ, ਪਤਰਾ 1468.

ਹੋਰ ਬੜੀ ਕਠਿਨ ਤਪੱਸਿਆ ਕੀਤੀ। ਇਨ੍ਹਾਂ ਦੋਨਾਂ ਦੀ ਤਪੱਸਿਆ ਕਾਰਨ ਏਨੀ ਤਾਕਤ ਵਧ ਗਈ ਕਿ ਦੇਵਤਾ ਬੜੇ ਡਰ ਗਏ। ਇੰਦ੍ਰ ਦੀ ਸਲਾਹ ਨਾਲ ਕਾਮਦੇਵਤਾ ਰੰਭਾ ਤੇ ਤਿਲੋਤਮਾ ਨਾਂ ਦੀਆਂ ਦੋ ਅਪੱਛਰਾਵਾਂ ਨਾਲ ਇਨ੍ਹਾਂ ਕੋਲ ਗਿਆ ਅਤੇ ਇਨ੍ਹਾਂ ਦਾ ਤਪ ਭੰਗ ਕਰਨ ਵਿਚ ਸਫਲ ਹੋ ਗਿਆ। ਦੋਨੋਂ ਅਸੁਰ 5000 ਸਾਲ ਲਈ ਇਨ੍ਹਾਂ ਅਪੱਛਰਾਵਾਂ ਨਾਲ ਐਸ਼ ਇਸ਼ਰਤ ਵਿਚ ਲਗੇ ਰਹੇ। ਇਸ ਤੋਂ ਬਾਦ ਇਹ ਦੋਵੇਂ ਬਿਲਾਸੀ ਜੀਵਨ ਨੂੰ ਛਡਕੇ ਅਤੇ ਅਪੱਛਰਾਵਾਂ ਨੂੰ ਸਵਰਗ ਵਿਚ ਵਾਪਸ ਭੇਜਕੇ ਤਪੱਸਿਆ ਵਿਚ ਫੇਰ ਲੀਨ ਹੋ ਗਏ। ਇਕ ਹਜ਼ਾਰ ਸਾਲ ਬਤੀਤ ਹੋਣ ਤੋਂ ਬਾਅਦ ਸ਼ਿਵ ਨੇ ਆਸ਼ੀਰਵਾਦ ਦਿਤਾ ਕਿ ਬਲ ਤੇ ਤਾਕਤ ਵਿਚ ਤੁਸੀਂ ਦੇਵਤਿਆਂ ਨਾਲੋਂ ਵਧ ਜਾਉਗੇ। ਬਲ ਪ੍ਰਾਪਤੀ ਤੋਂ ਬਾਦ ਇਨ੍ਹਾਂ ਨੇ ਦੇਵਤਿਆਂ ਨਾਲ ਲੜਾਈ ਕੀਤੀ ਅਤੇ ਦੇਵਤਿਆਂ ਨੇ ਨਿਰਾਸ ਹੋ ਕੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਕੋਲ ਬੇਨਤੀਆਂ ਕੀਤੀਆਂ, ਪਰ ਕੁਝ ਨਾ ਬਣਿਆ। ਸ਼ਿਵ ਨੇ ਦੁਰਗਾ ਕੋਲ ਜਾ ਕੇ ਸਹਾਇਤਾ ਕਰਨ ਦੀ ਬੇਨਤੀ ਕਰਨ ਲਈ ਕਿਹਾ। ਦੇਵੀ ਨੇ ਅਸੁਰਾਂ ਨੂੰ ਲੜਾਈ ਕਰਨ ਲਈ ਤਿਆਰ ਕੀਤਾ, ਇਨ੍ਹਾਂ ਦੀ ਫ਼ੌਜ ਨੂੰ ਹਰਾਇਆ, ਇਨ੍ਹਾਂ ਦੇ ਸੈਨਾਪਤੀਆਂ ਚੁੰਡ ਤੇ ਮੁੰਡ ਨੂੰ ਕਤਲ ਕਰ ਦਿਤਾ ਅਤੇ ਅੰਤ ਤੇ ਇਨ੍ਹਾਂ ਦੋਵਾਂ ਨੂੰ ਵੀ ਮਾਰ ਦਿਤਾ।[597] ਕਵੀ ਨੇ ਸੁੰਭ ਨਿਸੁੰਭ ਦੀ ਜ਼ਿਕਰ ਮਾਤਰ ਬੁਰਾਈ ਲਈ ਹੀ ਬਾਕੀ ਰਾਕਸ਼ਾਂ ਨਾਲ ਕੀਤਾ ਹੈ। ਕਵੀ ਪਰਮਾਤਮਾ ਦੀ ਉਸਤਤੀ ਕਰਦਿਆ ਕਹਿੰਦਾ ਹੈ ਕਿ ਉਸ ਨੇ ਹੀ ਅਜਿਹੇ ਰਾਕਸ਼ਾਂ ਨੂੰ ਮਾਰਿਆ ਸੀ। ਯਥਾ-

ਸੁੰਭ ਨਿਸੁੰਭ ਬਲੀ ਤੈ ਮਾਰੇ॥ ਮਧਕੈਟਭ ਕੇ ਪ੍ਰਾਨ ਨਿਕਾਰੇ॥[598]

ਖਡੂਰੀ ਖੰਡ ਵਿਚ ਵੀ ਕਵੀ ਨੇ ਇਸ ਤਰ੍ਹਾਂ ਦਾ ਹੀ ਜ਼ਿਕਰ ਕੀਤਾ ਹੈ ਕਿ ਪਰਮਾਤਮਾ ਹੀ ਪਾਪਾਂ ਦਾ ਨਾਸ਼ ਕਰਨ ਵਾਲਾ ਹੈ, ਉਸ ਨੇ ਹੀ ਸੁੰਭ ਨਿਸੁੰਭ ਨੂੰ ਮਾਰਿਆ ਸੀ। ਯਥਾ-

ਪੁਨਿ ਸੁੰਭ ਨਿਸੁੰਭ ਤਿਨੀ ਸੁ ਦਲੇ ਤੁਮ ਨਾਹਿ ਸੁਣੇ ਕਿਸ ਦੇਹਿ ਸੁ ਦੋਸੇ॥
ਕਛੁ ਸੁੱਕ੍ਰਿਤਿ ਨਾਹਿ ਭਯੋ ਤੁਮ ਤੇ ਨਿਤ ਪਾਪ ਕਰੈਂ ਕਹੁ ਕੌਨ ਭਰੋਸੇ॥33॥[599]

---

[597] *ਜੌਨ ਡੌਸਨ, ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2000, ਪੰਨਾ 133.

[598] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 18.

[599] ਉਹੀ, ਪਤਰਾ 832.

ਸੋ ਕਵੀ ਨੇ ਸੀਮਤ ਸ਼ਬਦਾਂ ਵਿਚ ਮੰਗਲ ਖੰਡ ਤੇ ਬ੍ਰਹਮ ਖੰਡ ਵਿਚ ਇਨ੍ਹਾਂ ਦੋਵਾਂ ਭਰਾਵਾਂ ਦਾ ਜ਼ਿਕਰ ਬੁਰਾਈ ਜਾਂ ਪਾਪਾਂ ਲਈ ਕਰਦਿਆਂ ਇਨ੍ਹਾਂ ਦਾ ਸਰੂਪ ਦਾ ਅੰਸ਼ਿਕ ਮਾਤਰ ਪ੍ਰਗਟਾਵਾ ਕੀਤਾ ਹੈ।

**1.3.6 ਨਿਕੁੰਭ**

ਇਹ ਰਾਖਸ਼ ਕੁੰਭਕਰਣ ਦਾ ਪੁਤਰ ਸੀ। ਇਸ ਨੇ ਰਾਮ ਚੰਦ੍ਰ ਜੀ ਨਾਲ ਲੜਾਈ ਕੀਤੀ ਸੀ। ਪੁਰਾਣ-ਸਾਹਿਤ ਅਨੁਸਾਰ ਇਕ ਅਸੁਰ ਜਿਸ ਨੇ ਬ੍ਰਹਮਾ ਕੋਲੋਂ ਇਹ ਵਰ ਪ੍ਰਾਪਤ ਕੀਤਾ ਸੀ ਕਿ ਉਸ ਦੀ ਮੌਤ ਕੇਵਲ ਵਿਸ਼ਨੂੰ ਦੇ ਹਥੋਂ ਹੀ ਹੋਵੇਗੀ। ਇਹ ਸ਼ਟਪੁਰ ਦਾ ਰਾਜਾ ਸੀ ਅਤੇ ਬੜਾ ਭਾਰੀ ਜਾਦੂਗਾਰ ਸੀ। ਜਾਦੂ ਨਾਲ ਇਹ ਆਪਣੀਆਂ ਕਈ ਸ਼ਕਲਾਂ ਬਣਾ ਲੈਂਦਾ ਸੀ, ਪਰ ਆਮ ਤੌਰ ਤੇ ਇਹ ਤਿੰਨ ਸ਼ਕਲਾਂ ਹੀ ਬਣਾਉਂਦਾ ਸੀ। ਇਕ ਵਾਰ ਇਸ ਨੇ ਕ੍ਰਿਸ਼ਨ ਦੇ ਦੋਸਤ ਬ੍ਰਹਮਦੱਤ ਦੀਆਂ ਧੀਆਂ ਨੂੰ ਚੁਰਾ ਲਿਆ। ਬ੍ਰਹਮਦੱਤ ਨੇ ਇਸ ਤੇ ਹਮਲਾ ਕਰ ਦਿਤਾ ਅਤੇ ਇਸ ਨੂੰ ਇਕ ਤੋਂ ਵਧੀਕ ਕਈ ਸ਼ਕਲਾਂ ਵਿਚ ਮਾਰ ਦਿਤਾ, ਪਰ ਅੰਤ ਵਿਚ ਇਹ ਕ੍ਰਿਸ਼ਨ ਦੇ ਹਥੋਂ ਹੀ ਮਾਰਿਆ ਗਿਆ। ਇਸ ਦਾ ਸ਼ਹਿਰ ਬ੍ਰਹਮਦੱਤ ਨੂੰ ਦੇ ਦਿਤਾ ਗਿਆ।[600] ਕਵੀ ਨੇ ਨਿਕੁੰਭ ਦਾ ਜ਼ਿਕਰ ਵੀ ਸੁੰਭ ਨਿਸੁੰਭ ਇਤਿਆਦਿਕ ਰਾਕਸ਼ਾਂ ਨਾਲ ਕਰਕੇ ਇਸ ਨੂੰ ਬੁਰਾਈ ਦੇ ਪ੍ਰਤੀਕ ਵਜੋਂ ਹੀ ਵਰਤਿਆ ਹੈ। ਯਥਾ-

ਅਹਿਰਾਵਨ ਹੈਂ ਮਹਿਰਾਵਨ ਹੈਂ ਕਿ ਨਿਸੁੰਭ ਸੁ ਸੁੰਭ ਨਿਕੁੰਭ ਸੁ ਸਾਰੇ॥
ਹਰਨਾਕਸ ਰਾਵਨ ਆਹਿ ਕਿਧੋ ਮਹਿਖਾਸੁਰ ਹੈਂ ਕਿ ਅਹੇ ਗਿਰਜਾਰੇ॥[601]

ਨਿਕੁੰਭ ਬਾਰੇ ਕਵੀ ਕਹਿੰਦਾ ਹੈ ਕਿ ਉਹ ਹਿਰਨਾਕਸ਼ ਦੀ ਕੁਲ ਵਿਚੋਂ ਸੀ ਤੇ ਸੁੰਦ ਉਪਸੁੰਦ ਦਾ ਪਿਤਾ ਸੀ। ਅਸੀਂ ਉਪਰ ਵਿਚਾਰ ਕਰ ਆਏ ਹਾਂ ਕਿ ਸੁੰਦ ਉਪਸੁੰਦ ਦਾ ਪਿਤਾ ਨਿਸੁੰਦ ਦਸਿਆ ਜਾਂਦਾ ਹੈ। ਸੋ ਇਥੇ ਕਵੀ ਦੀ ਉਕਾਈ ਹੈ। ਯਥਾ-

ਹਿਰਨਾਕਸ ਕੀ ਕੁਲਿ ਵਿਖੈ ਰਾਕਸ ਏਕ ਮਹਾਨ॥
ਨਾਮੁ ਨਿਕੁੰਭ ਸੁ ਜਾਨ ਤਹ ਮਹਾ ਸੂਰ ਬਲਿਵਾਨ॥1॥[602]

---

[600] *ਜੌਨ ਡੌਸਨ, ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2000, ਪੰਨਾ 320.

[601] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1274.

[602] ਉਹੀ, ਪਤਰਾ 1458.

ਇਸ ਤਰ੍ਹਾਂ ਕਵੀ ਨੇ ਸੀਮਤ ਸ਼ਬਦਾਂ ਵਿਚ ਚਲਦੇ ਪ੍ਰਸੰਗ ਵਿਚ ਨਿਕੁੰਭ ਦਾ ਜ਼ਿਕਰ ਕਰਕੇ ਉਸਦਾ ਸਰੂਪ ਵਰਨਣ ਕਰਨ ਦਾ ਯਤਨ ਕੀਤਾ ਹੈ।

**1.3.7 ਕੰਸ**

ਕੰਸ ਮਥਰਾ ਦੇ ਰਾਜੇ ਉਗ੍ਰਸੈਨ ਦਾ ਪੁੱਤਰ ਸੀ। ਪੁਰਣਕ ਕਥਾ ਅਨੁਸਾਰ ਇਹ ਪਿਛਲੇ ਜਨਮ ਵਿਚ ਕਾਲਨੇਮ ਦੈਂਤ ਸੀ। ਇਹ ਵੀ ਕਿਹਾ ਜਾਂਦੈ ਹੈ ਕਿ ਇਸ ਦਾ ਜਨਮ ਦੁਰਮਲ ਦੈਂਤ ਦੇ ਸੰਯੋਗ ਕਾਰਣ ਹੋਇਆ ਸੀ। ਇਹ ਮਗਧ ਦੇ ਰਾਜੇ ਜਰਾਸੰਧ ਦੀ ਪੁੱਤਰੀ ਨਾਲ ਵਿਆਹਿਆ ਗਿਆ ਤੇ ਸਾਜ਼ਸ ਕਰਕੇ ਅਤੇ ਪਿਤਾ ਨੂੰ ਸਿੰਘਾਸਨ ਤੋਂ ਲਾਹ ਕੇ ਆਪ ਰਾਜਗੱਦੀ ਦਾ ਮਾਲਕ ਬਣ ਬੈਠਾ ਅਤੇ ਪਿਤਾ ਨੂੰ ਕੈਦ ਕਰ ਦਿਤਾ। ਕੰਸ ਬੜਾ ਅਤਿਆਚਾਰੀ ਰਾਜਾ ਸੀ। ਇਕ ਵਾਰ ਜੋਤਸ਼ੀਆਂ ਇਸ ਨੂੰ ਦੱਸਿਆ ਕਿ ਤੇਰੀ ਭੈਣ ਦੇਵਕੀ ਦਾ ਪੁਤਰ ਤੇਰਾ ਕਾਤਿਲ ਬਣੇਗਾ, ਇਸ ਕਰਕੇ ਇਸ ਨੇ ਆਪਣੀ ਭੈਣ ਦੇਵਕੀ ਅਤੇ ਉਸ ਦੇ ਪਤੀ ਵਾਸੁਦੇਵ ਨੂੰ ਕੈਦ ਵਿਚ ਸੁਟ ਦਿਤਾ। ਇਸ ਦੇ ਛੇ ਬੱਚੇ ਹੋਏ ਜੋ ਵਾਰੀ ਵਾਰੀ ਮਰਵਾ ਦਿਤੇ ਗਏ। ਸਤਵਾਂ ਬੱਚਾ ਬਲਭੱਦ੍ਰ ਸੀ ਜਿਸ ਨੂੰ ਕਿਸੇ ਤਰੀਕੇ ਨਾਲ ਬਚਾ ਕੇ ਬਾਹਰ ਭੇਜ ਦਿਤਾ ਗਿਆ ਤੇ ਵਾਸਦੇਵ ਦੀ ਦੂਜੀ ਇਸਤਰੀ ਰੋਹਣੀ ਨੇ ਇਸ ਦੀ ਪਾਲਣਾ ਕੀਤੀ। ਅੱਠਵੀਂ ਥਾਂ ਕ੍ਰਿਸ਼ਨ ਪੈਦਾ ਹੋਏ, ਜੰਮਣ ਸਾਰ ਇਨ੍ਹਾਂ ਨੂੰ ਵੀ ਕੰਸ ਤੋਂ ਚੋਰੀ ਨੰਦ ਗੁਆਲੇ ਦੇ ਘਰ ਪਹੁੰਚਾਇਆ ਗਿਆ ਤੇ ਜਸ਼ੋਧਾ ਨੇ ਇਸ ਦੀ ਪਾਲਣਾ ਕੀਤੀ। ਜਸ਼ੋਧਾ ਦੀ ਕੁੱਖ ਤੋਂ ਨਵੀਂ ਜਨਮੀਂ ਲੜਕੀ, ਅੰਦਰ ਦੇਵਕੀ ਪਾਸ ਪਹੁੰਚਾਈ ਗਈ ਤੇ ਕੰਸ ਨੇ ਉਸ ਨੂੰ ਮਾਰਨ ਦਾ ਯਤਨ ਕੀਤਾ ਪਰ ਉਹ ਇਹ ਕਹਿੰਦੀ ਹੋਈ ਕਿ ਤੇਰੇ ਮਰਨ ਲਈ ਕਈ ਗੁਆਲਿਆਂ ਦਿਆਂ ਬੱਚਿਆਂ ਨੂੰ ਸ਼ੱਕ ਵਿਚ ਹੀ ਮਰਵਾ ਦਿਤਾ ਪਰ ਕ੍ਰਿਸ਼ਨ ਇਸ ਦੇ ਦਾਉ ਤੋਂ ਬਚੇ ਰਹੇ। ਅਖੀਰ ਹੋਣੀ ਐਸੀ ਹੋਈ ਕਿ ਕ੍ਰਿਸ਼ਨ ਨੇ ਧਨੁਖ ਯੱਗ ਵਿਚ ਪੁਜਕੇ ਕੰਸ ਨੂੰ ਕੇਸਾਂ ਤੋਂ ਪਕੜ ਲਿਆ ਤੇ ਥਾਂ ਪਟਕਾ ਮਾਰਿਆ ਅਤੇ ਉਹ ਮਰ ਗਿਆ। ਰਾਜਾ ਉਗ੍ਰਸੈਨ ਜੋ ਕ੍ਰਿਸ਼ਨ ਜੀ ਦਾ ਨਾਨਾ ਲਗਦਾ ਸੀ ਤੇ ਉਂਜ ਭਗਤੀ ਭਾਵ ਵਾਲਾ ਸੀ, ਉਸ ਨੂੰ ਬੰਦੀਖਾਨੇ ਵਿਚੋਂ ਕੱਢਕੇ ਰਾਜ-ਗੱਦੀ ਉਤੇ ਬਿਠਾਇਆ ਗਿਆ। [603] ਗੁਰੂ ਨਾਨਕ ਵਿਜੈ ਗ੍ਰੰਥ ਵਿਚ ਕਵੀ ਨੇ ਕੰਸ ਦਾ ਜ਼ਿਕਰ ਕਰਦਿਆਂ ਉਸ ਨੂੰ ਵਡਾ ਅਭਿਮਾਨੀ ਕਹਿੰਦਾ ਹੈ, ਉਸ ਨੂੰ ਪਰਮਾਤਮਾ ਦੀ ਮਹਿਮਾ ਤੋਂ ਅਣਜਾਣ ਦਸਦਾ ਹੈ।

---

[603] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 99-100.

ਉਸਦਾ ਜ਼ਿਕਰ ਬਾਕੀ ਰਾਕਸ਼ਾਂ ਮੁਰ, ਮਧੁ ਕੈਟਭ, ਰਾਵਨ, ਸੁੰਭ, ਨਿਸੁੰਭ ਇਤਿਆਦਿਕ ਨਾਲ ਕਰਦਾ ਹੈ। ਇਹ ਸਾਰੇ ਹੀ ਹੰਕਾਰ ਗ੍ਰਸਤ ਸਨ, ਯਥਾ-

ਕੈਰਵਿ ਕੰਸ ਬਡੇ ਅਭਿਮਾਨੀ॥ ਜਿਨ ਹਰਿ ਕੀ ਮਹਿਮਾ ਨਹਿ ਜਾਨੀ॥

ਮੁਰ ਮਧੁ ਕੈਟਵਿ ਰਾਵਨ ਭਾਰੀ॥ ਸੁੰਭ ਨਿਸੁੰਭ ਬਡੇ ਹੰਕਾਰੀ॥8॥[604]

ਬਰਨ ਖੰਡ ਵਿਚ ਕਵੀ ਕੰਸ ਦਾ ਜ਼ਿਕਰ ਕਰਦਿਆਂ ਕਰਮ ਸਿਧਾਂਤ ਅਧੀਨ ਇਸ ਦੀ ਉਦਾਹਰਨ ਦਿੰਦਾ ਹੈ ਕਿ ਕੰਸ ਦੇ ਕਰਮਾਂ ਕਰਕੇ ਹੀ ਉਸ ਨੂੰ ਸ਼੍ਰੀ ਕ੍ਰਿਸ਼ਨ ਨੇ ਮਾਰਿਆ ਸੀ-

ਕਰਮ ਰੇਖ ਸਿੰਧ ਭਯੋ ਖਾਰਾ॥ ਕਰਮਨ ਰੇਖ ਕੰਸ ਪ੍ਰਭ ਮਾਰਾ॥[605]

ਇਸ ਪ੍ਰਕਾਰ ਕਵੀ ਨੇ ਕੰਸ ਬਾਰੇ ਸੀਮਤ ਸ਼ਬਦਾਂ ਵਿਚ ਉਸ ਦੇ ਮਿਥਿਹਾਸਕ ਸਰੂਪ ਦਾ ਵਰਨਣ ਕੀਤਾ ਹੈ, ਜਿਸ ਵਿਚ ਉਸ ਦੇ ਮਾੜੇ ਕਰਮਾਂ ਦੀ ਅਤੇ ਉਸ ਦੇ ਹੰਕਾਰ ਦੀ ਵਿਚਾਰ ਕੀਤੀ ਹੈ।

ਉਪਰੋਕਤ ਦਾ ਨਾਲ ਹੀ ਕਵੀ ਨੇ ਮਧੁ ਕੈਟਭ, ਮੁਰ, ਅਹਿਰਾਵਨ, ਮਹਿਰਾਵਨ, ਮਹਿਖਾਸੁਰ ਇਤਿਆਦਿਕ ਉਨ੍ਹਾਂ ਸਖਸ਼ੀਅਤਾਂ ਦਾ ਮਾਤਰ ਸੰਕੇਤ ਹੀ ਦਿਤਾ ਹੈ। ਇਸ ਦੇ ਨਾਲ ਹੀ ਚਰਚਿਤ ਕ੍ਰਿਤੀ ਵਿਚ ਹੋਰ ਵੀ ਅਸੁਰ ਸਖਸ਼ੀਅਤਾਂ ਦਾ ਜ਼ਿਕਰ ਕਵੀ ਨੇ ਕੀਤਾ ਹੈ, ਜਿਨ੍ਹਾਂ ਦਾ ਸੰਬੰਧ ਅਹੰਕਾਰ, ਅਭਿਮਾਨ, ਅਗਿਆਨਤਾ ਨਾਲ ਸੀ, ਜਿਵੇਂ ਕਿ ਨਾਨਕ ਮਤਾ ਖੰਡ ਵਿਚ ਕੰਕਾਲ ਕੇਤੁ ਅਤੇ ਕਪਾਲ ਕੇਤੁ, ਬਰਨ ਖੰਡ ਵਿਚ ਆਏ ਪੰਚਾਨਨ ਅਤੇ ਅਗਨੀ ਮੁਖੀ ਦੈਂਤ ਦੇ ਨਾਮ ਵਿਸ਼ੇਸ਼ ਵਰਨਣਯੋਗ ਹਨ।

ਸੋ ਇਸ ਪ੍ਰਕਾਰ ਕਵੀ ਨੇ ਮਿਥਿਹਾਸਕ ਅਸੁਰ ਸਖਸ਼ੀਅਤਾਂ ਦਾ ਵਿਸਥਾਰ ਕੀਤਾ ਹੈ ਅਤੇ ਸੰਕੇਤ ਰੂਪ ਵਿਚ ਵੀ ਜ਼ਿਕਰ ਕੀਤਾ ਹੈ। ਕਵੀ ਨੇ ਜ਼ਰੂਰਤ ਅਨੁਸਾਰ ਅਸੁਰਾਂ ਸਖਸ਼ੀਅਤਾਂ ਦਾ ਵਿਸਥਾਰ ਵੀ ਕੀਤਾ ਹੈ ਅਤੇ ਜ਼ਰੂਰਤ ਅਨੁਸਾਰ ਕੁਝ ਕੁ ਨਵੇਂ ਨਾਮ ਵੀ ਘੜਨ ਦਾ ਯਤਨ ਕੀਤਾ ਹੈ।

### 1.4 ਪ੍ਰਸਿਧ ਮਿਥਿਹਾਸਕ ਇਸਤ੍ਰੀਆਂ-

#### 1.4.1 ਮੀਰਾ ਬਾਈ

---

[604] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1187.

[605] ਉਹੀ, ਪਤਰਾ 1538.

ਇਹ ਰਾਜਾ ਰਤਨ ਸਿੰਘ ਰਾਠੌਰ ਮੇਰਤਾ ਪਤਿ ਦੀ ਪੁਤ੍ਰੀ ਸੀ, ਇਸ ਦਾ ਜਨਮ ਸੰਮਤ 1548 ਵਿਚ ਹੋਇਆ ਅਰ ਮੇਵਾਰ ਦੇ ਰਾਜਕੁਮਾਰ ਭੋਜਰਾਜ ਨਾਲ, ਜੋ ਚਤੌੜਪਤਿ ਰਾਨਾਸਾਂਗਾ ਦਾ ਪੁਤ੍ਰ ਸੀ, ਸੰਮਤ 1573 ਵਿਚ ਸ਼ਾਦੀ ਹੋਈ। ਮੀਰਾਂਬਾਈ ਦਾ ਗ੍ਰਿਹਸਥ ਜੀਵਨ ਸੁਖਪੂਰਵਕ ਨਹੀਂ ਵੀਤਿਆ, ਕਿਉਂ ਰਾਨਾ ਦੁਰਗਾ ਭਗਤ ਸੀ ਅਤੇ ਇਹ ਕ੍ਰਿਸ਼ਨ ਉਪਾਸਿਕਾ ਸੀ। ਪਤਿ ਦੇ ਮਰਣ ਪਿਛੋਂ ਮੀਰਾਂਬਾਈ ਘਰ ਬਾਰ ਤਿਆਗਕੇ ਵ੍ਰਿੰਦਾਵਨ ਆਦਿਕ ਤੀਰਥਾਂ ਦੀ ਯਾਤ੍ਰਾ ਕਰਦੀ ਹੋਈ ਸੰਮਤ 1603 ਵਿਚ ਦ੍ਵਾਰਿਕਾ ਦੇਹ ਤਿਆਗ ਕੇ ਜੀਵਨਯਾਤ੍ਰਾ ਸਮਾਪਤ ਕਰ ਗਈ। [606] ਧਰਮ ਉਦਯੋਗ ਖੰਡ ਦੇ ਚੌਥੇ ਅਧਿਆਇ ਵਿਚ ਕਵੀ ਨੇ ਮੀਰਾ ਬਾਈ ਦੇ ਪਿਛਲੇ ਜਨਮ ਤੋਂ ਕਥਾ ਸ਼ੁਰੂ ਕੀਤੀ ਹੈ। ਕਵੀ ਦਸਦਾ ਹੈ ਕਿ ਪਿਛਲੇ ਜਨਮ ਵਿਚ ਮੀਰਾ ਬਾਈ ਪਿਰਾਗ ਵਿਖੇ ਗੁਰ ਠਾਕੁਰ ਦੀ ਪੁਤਰੀ ਸੀ, ਜਿਸਦਾ ਨਾਮ ਸੁਰਤਾ ਸੀ। ਸੁਰਤਾ ਦੀ ਮਾਤਾ ਦਾ ਨਾਮ ਬਿਰਤਾ ਸੀ। ਜਨਮ ਦੇ ਕੁਝ ਸਮੇਂ ਬਾਅਦ ਹੀ ਉਸ ਦੇ ਪਿਤਾ ਦਾ ਦੇਹਾਂਤ ਹੋ ਗਿਆ। ਯਥਾ-

ਗੁਰ ਠਾਕੁਰ ਨਾਮ ਹੁਤੋ ਇਕ ਬ੍ਰਾਹਮਣ ਤਾਹਿ ਪਿਰਾਗ ਵਿਖੈ ਘਰਿ ਜਾਨੋ॥
ਨਿਤ ਬ੍ਰਾਹਮਣ ਬੇਦ ਭਿਆਸ ਕਰੈ ਤਿਸ ਕੀ ਪਤਿਨੀ ਬਿਰਤਾ ਉਰ ਆਨੋ॥
ਸੁਰਤਾ ਇਹੁ ਨਾਮ ਹੁਤੀ ਦੁਹਿਤਾ ਤਿਸਕੀ ਗੁਰ ਅੰਗਦ ਆਪ ਪਛਾਨੋ॥
ਕਛੁ ਪਾਇ ਸੁ ਕਾਲ ਤਜੀ ਤਿਨ ਦੇਹਿ ਸੁ ਆਪ ਗਯੋ ਬਿਧ ਲੋਕ ਮਹਾਨੋ॥10॥
ਬਿਰਤਾ ਸੁਰਤਾ ਸੁ ਰਹੀ ਘਰਿ ਮੈ ਹੁਸਿਯਾਰ ਭਈ ਸੁਰਤਾ ਦਿਨ ਪਾਈ॥
ਕਛੁ ਦੌਲਤਿ ਨਾਹਿ ਹੁਤੀ ਘਰਿ ਮੈ ਦ੍ਵਿਜ ਬੇਦ ਪੜੈ ਕਛੁ ਨਾਹਿ ਕਮਾਈ॥[607]

ਸੁਰਤਾ ਦੀ ਮਾਤਾ ਨੇ ਉਸ ਨੂੰ ਆਪਣੇ ਲਈ ਬਿਪਤਾ ਮੰਨਣਾ ਸ਼ੁਰੂ ਕਰ ਦਿਤਾ, ਉਸ ਉਪਰ ਅਭਾਗਣ ਹੋਣ ਦਾ ਦੋਸ਼ ਲਗਾ ਦਿਤਾ-

ਇਹੁ ਭਾਗ ਲਿਖੀ ਬਿਪਤਾ ਹਮਰੇ ਕਿਸ ਕੋ ਹਮ ਏ ਅਬ ਦੋਸ ਲਗਾਵੈਂ॥
ਪਿਤ ਮਾਤ ਭਗਤ ਬਿਰਾਦਰਿ ਜੇ ਦੁਖ ਮੈ ਇਕ ਕੋਇ ਨ ਕਾਮ ਸੁ ਆਵੈਂ॥12॥[608]

---

[606] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 974.

[607] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 398.

[608] ਉਹੀ, ਪਤਰਾ 398.

ਸੁਰਤਾ ਨੂੰ ਇਹ ਸਾਰਾ ਵਰਤਾਰਾ ਪਸੰਦ ਨਾ ਆਇਆ ਅਤੇ ਉਸ ਨੇ ਮਾਤਾ ਦਾ ਘਰ ਤਿਆਗਣ ਦਾ ਫੈਸਲਾ ਲੈ ਕੇ ਘਰ ਤਿਆਗ ਦਿਤਾ। ਉਸ ਨੇ ਫੈਸਲਾ ਲਿਆ ਕੇ ਕਿਤੇ ਇਕਾਂਤ ਵਿਚ ਜਾ ਕੇ ਤਪ ਕੀਤਾ ਜਾਵੇ-

ਸੁਰਤਾ ਸੁਰਤੀ ਉਪਜੀ ਮਨ ਮੈ ਅਬ ਤਜਾਗ ਕਰੋ ਜਨਨੀ ਘਰਿ ਬਾਰੇ॥

ਅਬ ਜਾਇ ਕਹੁੰ ਤਪ ਆਪ ਕਰੈ ਬਨ ਮੈ ਫਲੁ ਮੂਲ ਸੁ ਖਾਇ ਉਦਾਰੇ॥18॥[609]

ਰਸਤੇ ਵਿਚ ਉਸ ਨੂੰ ਭਾਰਦੁਆਜ ਮੁਨੀ ਮਿਲਿਆ ਜਿਸ ਨੇ ਉਸ ਨੂੰ ਮੰਤਰ ਦਿਤਾ ਅਤੇ ਉਸ ਨੇ ਹਜ਼ਾਰ ਸਾਲ ਤਪ ਕੀਤਾ। ਇਸ ਪ੍ਰਕਾਰ ਉਸ ਨੇ ਦੇਹ ਤਿਆਗ ਦਿਤੀ, ਪਰ ਉਸਦੇ ਮਨ ਵਿਚ ਹਰਿ ਦੇ ਦਰਸ਼ਨਾਂ ਦੀ ਤਾਂਘ ਵੀ ਉਸ ਨਾਲ ਹੀ ਬਿਧ ਲੋਕ ਚਲੀ ਗਈ। ਯਥਾ-

ਬਰਸ ਹਜਾਰ ਤਾਹਿ ਤਪ ਕਰਿਯੋ॥ ਕਾਲ ਪਾਇ ਤਨੁ ਤਾਹਿ ਸੁ ਪਰਿਯੋ॥

ਹਰਿ ਦਰਸਨਿ ਕੀ ਬਾਛਾ ਜੋਇ॥ ਰਹੀ ਸੁ ਤਿਸ ਕੇ ਉਰ ਮੈ ਸੋਇ॥29 ॥

ਤਪ ਕੇ ਮਾਹਿ ਪਰਾ ਕਛੁ ਝੋਕ॥ ਤਨ ਕੋ ਡਾਰ ਗਈ ਬਿਧ ਲੋਕ॥[610]

ਉਸ ਤਪ ਸਦਕਾ ਹੀ ਅਗਲੇ ਜਨਮ ਵਿਚ ਉਸ ਨੇ ਰਾਣਾ ਉਦੇਪੁਰ ਦੇ ਘਰ ਜਨਮ ਲਿਆ। ਉਸ ਦੇ ਜਨਮ ਦੀ ਖੁਸ਼ੀ ਵਿਚ ਰਾਣਾ ਨੇ ਬਹੁਤ ਦਾਨ ਪੁੰਨ ਕੀਤਾ। ਪੰਜ ਦਿਨ ਤਕ ਉਨ੍ਹਾਂ ਦੇ ਘਰ ਵਿਚ ਖੁਸ਼ੀਆਂ ਮਨਾਉਂਦੇ ਰਹੇ। ਰਾਣਾ ਨੇ ਉਸ ਦਾ ਨਾਮ ਮੀਰਾ ਬਾਈ ਰਖਿਆ ਅਤੇ ਸਮਾਂ ਪਾ ਕੇ ਉਹ ਬਹੁਤ ਵਡੀ ਭਗਤਣੀ ਕਹਾਈ। ਯਥਾ-

ਇਸ ਤੇ ਬਹੁਰਿ ਲਯੋ ਅਵਤਾਰੇ॥ ਰਾਣਾ ਕੇ ਘਰਿ ਆਇ ਉਦਾਰੇ॥

ਸੁਣਿ ਕਰਿ ਰਾਣਾ ਅਨੰਦ ਭਯੋ॥ ਬਿੱਪ੍ਰਨ ਕੋ ਤਿਨ ਧਨ ਬਹੁ ਦਯੋ॥32॥

ਕਰੀ ਬਧਾਈ ਬਹੁਤਿ ਸੁ ਤਾਹਿ॥ ਰਹੈ ਸੁ ਆਪ ਉਦੇਪਰਿ ਮਾਹਿ॥

ਪਾਂਚ ਦਿਵਸ ਲਗ ਮੰਗਲ ਭਯੋ॥ ਨਾਮ ਵਿਧਾਨ ਤਾਹਿ ਪੁਨਿ ਕਯੋ॥33॥

---

[609] ਉਹੀ, ਪਤਰਾ 399.

[610] ਉਹੀ, ਪਤਰਾ 400.

ਦੋਹਰਾ॥ ਮੀਰਾ ਬਾਈ ਨਾਮ ਤਹਿ ਰਾਖਿਉ ਤਾਹਿ ਸੁਜਾਨ॥

ਬਹੁਰਿ ਭਈ ਸੁ ਭਗਤਣੀ ਮੀਰਾਂ ਮਹਾਂ ਮਹਾਨ॥34॥[611]

ਮੀਰਾ ਬਾਈ ਅਤਿ ਸ਼ੀਲ, ਸੁੰਦਰ, ਗੁਣਾਂ ਨਾਲ ਭਰਪੂਰ ਸੀ। ਉਸ ਦਾ ਵਿਆਹ ਗਿਰਧਰ ਨਾਲ ਕੀਤਾ ਗਿਆ ਜੋ ਕਿ ਕ੍ਰਿਸ਼ਨ ਦਾ ਅਵਤਾਰ ਸੀ।ਯਥਾ-

ਸੀਲ ਰੂਪ ਸੁਭ ਗੁਣਿ ਕੀ ਖਾਨੇ॥ ਗਜਾਨ ਧਜਾਨ ਸਭਿ ਹੀ ਕਛੁ ਜਾਨੇ॥

ਸਮਾ ਪਾਇ ਕਰਿ ਬਡੀ ਸੁ ਭਈ॥ ਗਿਰਧਰ ਕੋ ਬਿਵਾਹਿ ਸੋ ਦਈ॥35॥

ਮੀਰਾਂ ਤੇ ਭਜੀ ਮੀਰਾਂ ਬਾਈ॥ ਭਗਤੀ ਕੈ ਪਰਤਾਪ ਸੁ ਭਾਈ॥[612]

ਮੀਰਾ ਬਾਈ ਕ੍ਰਿਸ਼ਨ ਦੇ ਨਾਮ ਨੂੰ ਬਹੁਤ ਹੀ ਪਿਆਰ ਅਤੇ ਸਤਿਕਾਰ ਕਰਦੀ ਸੀ। ਉਸ ਨੇ ਆਪਣੀ ਦਾਸੀ ਨੂੰ ਕਿਹਾ ਹੋਇਆ ਸੀ ਕਿ ਜਿਸ ਦਿਨ ਉਸ ਦੇ ਪਤੀ ਨੇ ਕਿਸੇ ਵੀ ਪ੍ਰਕਾਰ ਨਾਲ ਕ੍ਰਿਸ਼ਨ ਜਾਂ ਰਾਮ ਦਾ ਨਾਮ ਲਿਆ ਤਾਂ ਉਸਨੂੰ ਦਸਣਾ। ਇਕ ਦਿਨ ਉਸੇ ਦੇ ਪਤੀ ਨੇ ਰਾਮ ਦਾ ਨਾਮ ਲਿਆ ਤਾਂ ਮੀਰਾ ਬਾਈ ਨੂੰ ਜਦੋਂ ਦਾਸੀ ਨੇ ਦਸਿਆ ਤਾਂ ਉਸਨੂੰ ਨੌ ਲਖਾ ਹਾਰ ਦਿਤਾ। ਇਸ ਘਟਨਾ ਤੋਂ ਉਸ ਦੇ ਪਰਮਾਤਮਾ ਦੇ ਸਤਿਕਾਰ ਦਾ ਪਤਾ ਸਹਿਜ ਹੀ ਲਗ ਜਾਂਦਾ ਹੈ। ਯਥਾ-

ਇਕ ਦਿਨ ਸਹਜਿ ਸੁਭਾਇ ਨਿਜੇ ਮੁਖਿ ਮਾਹਿ ਤੇ॥

ਸੁਨਿਉ ਰਾਮ ਕੋ ਨਾਮ ਕਹਜੋ ਤਿਨ ਤਾਹਿ ਤੇ॥

ਚੇਰੀ ਨੈ ਕਹਜੋ ਆਪ ਤਾਹਿ ਪੈ ਆਇਕੈ॥

ਹੋ ਨਉਲੱਖਾ ਤਿਨ ਹਾਰ ਦਯੋ ਹਰਖਾਇਕੈ॥44॥[613]

ਇਸ ਪ੍ਰਕਾਰ ਭਗਤੀ ਕਰਦੀ ਹੋਈ ਮੀਰਾ ਬਾਈ ਦਾ ਅੰਤਮ ਸਮਾਂ ਆਇਆ ਅਤੇ ਉਹ ਇਸ ਦੇਹੀ ਵਿਚੋਂ ਨਿਕਲ ਗਈ ਅਤੇ ਅਗਲੇ ਜਨਮ ਵਿਚ ਨਾਨਕੀ ਦਾ ਅਵਤਾਰ ਧਾਰਨ ਕੀਤਾ। ਯਥਾ-

ਕਛੂ ਕਾਲ ਵਿਚਿ ਪਾਇ ਕਰਿ ਛੁਟੀ ਦੇਹਿ ਵਹਿ ਤਾਹਿ॥

---

[611] ਉਹੀ, ਪਤਰਾ 400.

[612] ਉਹੀ, ਪਤਰਾ 400.

[613] ਉਹੀ, ਪਤਰਾ 401.

ਆਇ ਲਯੋ ਅਵਤਾਰ ਤਿਨ ਕਾਲੂ ਕੇ ਗ੍ਰਿਹਿ ਮਾਹਿ॥83॥[614]

ਕਵੀ ਨੇ ਮੀਰਾ ਬਾਈ ਦੇ ਪਿਛਲੇ ਜਨਮ ਦਾ ਵਿਸਤ੍ਰਿਤ ਵਰਨਣ ਕੀਤਾ ਹੈ। ਵਾਸਤਵਿਕ ਵਿਚ ਕਵੀ ਨਾਨਕੀ ਜੀ ਦੀ ਭਗਤੀ ਦਾ ਵਰਨਣ ਕਰਨਾ ਚਾਹੁੰਦਾ ਸੀ, ਜਿਸ ਕਰਕੇ ਉਸ ਨੇ ਪੂਰਬਲੇ ਜਨਮਾਂ ਦੀ ਕਥਾ ਚਰਚਿਤ ਕ੍ਰਿਤੀ ਵਿਚ ਦਰਜ ਕੀਤੀ ਹੈ। ਸੋ ਕਵੀ ਨੇ ਮੀਰਾ ਬਾਈ ਦਾ ਸਰੂਪ ਚਿਤਰਣ ਕਰਕੇ ਭਗਤੀ ਕਰਨ ਦਾ ਸੰਦੇਸ਼ ਦਿਤਾ ਹੈ।

### 1.4.2 ਤਿਲੋਤਮਾ

ਇਕ ਅਪਛਰਾ ਦਾ ਨਾਂ। ਇਹ ਅਪਛਰਾ ਅਸਲ ਵਿਚ ਬ੍ਰਾਹਮਣੀ ਸੀ, ਪਰ ਅਯੋਗ ਰਿਤੂ ਵਿਚ ਨ੍ਹਾਉਣ ਦੇ ਦੋਸ਼ ਵਿਚ ਇਸ ਨੂੰ ਅਪਛਰਾ ਦੇ ਘਰ ਜੰਮਣ ਦਾ ਸਰਾਪ ਮਿਲਿਆ ਸੀ। ਇਸ ਸਰਾਪ ਦਾ ਕਾਰਨ ਸੁੰਦ ਤੇ ਉਪਸੁੰਦ ਨਾਂ ਦੇ ਦੋ ਦੈਂਤਾਂ ਦਾ ਨਾਸ਼ ਕਰਨਾ ਸੀ।[615]

ਤਿਲੋਤਮਾ ਦਾ ਜਨਮ ਕਵੀ ਨੇ ਕਾਲਪਨਿਕ ਢੰਗ ਅਨੁਸਾਰ ਦਰਸਾਇਆ ਹੈ। ਬਿਧ ਮਾਤਾ ਨੇ ਤਿੰਨਾਂ ਲੋਕਾਂ ਦੀਆਂ ਸਾਰੀਆਂ ਇਸਤਰੀਆਂ ਦੇ ਅੰਸ਼ ਲੈ ਕੇ ਭਾਵ ਤਿਲ ਤਿਲ ਅੰਸ਼ ਲੈ ਕੇ ਤਿਲੋਤਮਾ ਬਣਾਈ। ਉਸ ਵਰਗਾ ਕੋਈ ਵੀ ਹੋਰ ਸੁੰਦਰ ਨਹੀਂ ਸੀ। ਤਿਲ ਤਿਲ ਅੰਸ਼ ਲੈਣ ਕਰਕੇ ਹੀ ਉਸ ਦਾ ਨਾਮ ਤਿਲੋਤਮਾ ਰਖਿਆ ਗਿਆ। ਯਥਾ-

ਕਰਿਕੈ ਮਨ ਮਾਹਿ ਬਿਚਾਰ ਭਲੇ ਬਿਧਿਨੈ ਇਕ ਔਰ ਉਪਾਇ ਕਯੋ॥

ਤਿਨ ਲੋਕ ਵਿਖੈ ਜਿਤਨੀ ਅਬਲਾਂ ਤਿਨ ਕਾ ਚਤੁਰਾਨਨ ਅੰਸ ਲਯੋ॥4॥

ਦੋਹਰਾ॥

ਤਿਲ ਤਿਲ ਭਰਿ ਸਭ ਕੀ ਲਈ ਸੁੰਦਰਤਾਈ ਤਾਂਹਿ॥

ਕਰੀ ਏਕ ਤਿਨ ਇਸਤਰੀ ਤਿਸ ਕੀ ਨਿਜ ਪੁਰਿ ਮਾਹਿ॥5॥

ਰਾਖਿਉ ਨਾਮ ਤਿਲੋਤਮਾ ਤਿਸ ਕਾ ਆਪ ਉਦਾਰ॥

---

[614] ਉਹੀ, ਪਤਰਾ 404.

[615] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2000, ਪੰਨਾ 267.

ਪਟ ਭੂਖਣਿ ਅਤਿ ਸੁੰਦਰੰ ਜਾਨਹੁ ਰੂਪ ਅਗਾਰ॥6॥

ਤਿਲ ਤਿਲ ਭਰਿ ਸਭ ਕਾ ਲਯੋ ਸੁੰਦਰ ਰੂਪ ਉਦਾਰ॥

ਇਸ ਤੇ ਨਾਮ ਤਿਲੋਤਮਾ ਰਾਖਿਉ ਤਾਹ ਬਿਚਾਰੁ॥7॥[616]

ਤਿਲੋਤਮਾ ਦੀ ਸੁੰਦਰਤਾ ਦਾ ਜ਼ਿਕਰ ਕਰਦਿਆਂ ਕਵੀ ਕਹਿੰਦਾ ਹੈ ਕਿ ਉਸ ਜਿਹੀ ਰੂਪਵੰਤ ਹੋਰ ਕਿਸੇ ਵੀ ਲੋਕ ਵਿਚ ਨਹੀਂ ਸੀ। ਉਸ ਦਾ ਰੂਪ ਦੇਖ ਕੇ ਸਭਾ ਵਿਚ ਵਿਦਮਾਨ ਸ਼ਿਵ, ਇੰਦਰ, ਰਿਸ਼ੀ, ਮੁਨੀ, ਸਿਧ ਇਤਿਆਦਿਕ ਸਾਰੇ ਹੀ ਮੋਹੇ ਗਏ ਸਨ। ਯਥਾ-

ਦੇਖ ਕੈ ਸਰੂਪ ਸੁ ਤਿਲੋਤਮਾ ਕਾ ਸਭਾ ਬੀਚ ਮੋਹਤਿ ਭਏ ਸੋ ਸਭ ਸਿਵ ਆਦਿ ਮਾਨੀਐ॥

ਤੀਨ ਲੋਕ ਮਾਹਿ ਐਸੀ ਅਬਲਾਂ ਨ ਰੂਪਵੰਤ ਮੈਨਕਾ ਸੁਰੇਸੀ ਰੰਭਾ ਉਰਬਸੀ ਜਾਨੀਐ॥

ਦੇਖਤਿ ਸਰੂਪ ਤਾ ਕੋ ਮੋਹਤਿ ਭਏ ਸੋ ਸਭ ਰਿਖੀ ਮੁਨੀ ਸਿਧ ਇੰਦਰਾਦਿ ਉਰ ਜਾਨੀਐ॥

ਰਿਖੀ ਮੁਨੀ ਸਿਧਨ ਕੋ ਦੋਊ ਹਾਥ ਜੋਰ ਕਰਿ ਦੀਨੀ ਪਰਦਖਣਾ ਤਿਲੋਤਮਾ ਮਹਾਨੀਐ॥16॥[617]

ਸੁੰਦ ਉਪਸੁੰਦ ਦਾ ਸੰਘਾਰ ਕਰਨ ਵਾਲੀ ਦੇ ਰੂਪ ਵਿਚ ਵੀ ਕਵੀ ਨੇ ਤਿਲੋਤਮਾ ਦਾ ਉਲੇਖ ਕੀਤਾ ਹੈ। ਤਿਲੋਤਮਾ ਦਾ ਜਨਮ ਹੀ ਸੁੰਦ ਤੇ ਉਪਸੁੰਦ ਦਾ ਸੰਘਾਰ ਕਰਨ ਲਈ ਹੋਇਆ ਸੀ। ਤਿਲੋਤਮਾ ਦੀ ਸੁੰਦਰਤਾ ਦੇਖ ਕੇ ਦੋਨੋ ਭਾਈ ਮੋਹਿਤ ਹੋ ਗਏ ਅਤੇ ਉਸਨੂੰ ਪਾਉਣ ਲਈ ਦੋਨੋਂ ਲੜ ਕੇ ਮਰ ਗਏ। ਯਥਾ-

ਸੁੰਦ ਗਹਯੋ ਦੁਖ ਕਰਿ ਬਾਂਉ ਪਸੁੰਦ ਗਹਯੋ ਭਾਰਿਯਾ ਏ ਮੇਰੀ ਤਾ ਕੋ ਆਪ ਸੁੰਦ ਕਹਯੋ ਹੈ॥

ਭਾਰਿਯਾ ਹਮਾਰੀ ਜੋਊ ਜਨਨੀ ਤੁਮਾਰੀ ਲਗੈ ਤੂੰ ਤੋ ਲਘੁ ਭਾਈ ਕਾਹੇ ਹਾਥ ਗਹਿ ਰਹਯੋ ਹੈ॥21॥

ਕਹਯੋ ਉਪਸੁੰਦ ਪੁਨਿ ਭਾਰਿਯਾ ਹਮਾਰੀ ਦੇਵ ਤੂੰ ਤੋ ਬਡੋ ਤੇਰੀ ਪੁਤਰੀ ਮਹਾਨਿਐ॥

ਏਕ ਕਹੈ ਮੇਰੀ ਨਾਰੀ ਦੂਜੋ ਭਾਖੇ ਮੇਰੀ ਨਾਰੀ ਮਰਨੇ ਕਾ ਵਖਤਿ ਸੁ ਆਯੋ ਤਾ ਕੋ ਜਾਨੀਐ॥

ਮੇਰੀ ਮੇਰੀ ਭਾਖਤਿ ਲਰਾਈ ਭਈ ਆਪਸ ਮੈ ਛੋਡ ਕੈ ਸੁ ਦੋਊ ਲਾਗੇ ਲਰਨ ਪਖਾਨੀਐ॥

ਛੋੜ ਕੈ ਪਖਾਨ ਪੁਨਿ ਗਦਾ ਲੀਨੀ ਹਾਥਨ ਮੈ ਆਪਸ ਮੈ ਲਰਕੈਂ ਸੁ ਮਰੇ ਦੋਨੋ ਮਾਨੀਐ॥22॥

ਮਾਰੇ ਸੋ ਤਿਲੋਤਮਾ ਨੈ ਆਪਸ ਮੈ ਬੈਰ ਡਾਰ ਹਾਥ ਪਾਵ ਤਾ ਕੋ ਤਿਨ ਆਪ ਨ ਲਗਾਯੋ ਹੈ॥

---

[616] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1465.

[617] ਉਹੀ, ਪਤਰਾ 1466.

ਐਸੇ ਬਲਿਵਾਨ ਦੋਊ ਮਾਰੇ ਖਿਨ ਮਾਂਹਿ ਸੋਉ ਮਾਰਕੈ ਮਹਾਨ ਜਸੁ ਦੁੰਧਭੀ ਬਜਾਯੋ ਹੈ॥[618]

ਇਸ ਪ੍ਰਕਾਰ ਕਵੀ ਨੇ ਤਿਲੋਤਮਾ ਨੂੰ ਅਤਿ ਸੁੰਦਰ, ਰੂਪਵਾਨ ਦਰਸਾਇਆ ਹੈ। ਉਸ ਦਾ ਜਨਮ ਸੁੰਦ ਉਪਸੁੰਦ ਦੇ ਸੰਘਾਰ ਲਈ ਕੀਤਾ ਗਿਆ ਸੀ। ਉਸ ਦੀ ਸੁੰਦਰਤਾ ਕਰਕੇ ਹੀ ਦੋਨੋਂ ਭਾਈ ਆਪਸ ਵਿਚ ਲੜ ਕੇ ਮਰ ਗਏ। ਇਸ ਪ੍ਰਕਾਰ ਕਵੀ ਨੇ ਤਿਲੋਤਮਾ ਦੇ ਸਰੂਪ ਦਾ ਚਿਤਰਣ ਮੁਲਤਾਨ ਖੰਡ ਵਿਚ ਕੀਤਾ ਹੈ।

**1.4.3 ਮਦੋਦਰੀ**

ਇਹ ਰਾਵਣ ਦੀ ਚਹੇਤੀ ਪਤਨੀ ਅਤੇ ਇੰਦ੍ਰ-ਜੀਤ ਦੀ ਮਾਂ ਸੀ। [619] ਮਦੋਦਰੀ ਦਾ ਜਨਮ ਕਵੀ ਅਨੁਸਾਰ ਸ਼ਿਵ ਦੇ ਵਰ ਕਰਕੇ ਹੀ ਹੋਇਆ ਸੀ। ਰਾਵਣ ਨੇ ਸ਼ਿਵ ਦਾ ਤਪ ਕੀਤਾ ਅਤੇ ਸੁੰਦਰ ਇਸਤਰੀ ਦੀ ਮੰਗ ਕੀਤੀ ਪਹਿਲਾਂ ਉਸ ਨੂੰ ਪਾਰਬਤੀ ਦਿਤੀ ਗਈ ਫਿਰ ਉਸ ਨੂੰ ਮਦੋਦਰੀ ਦਾ ਵਰ ਦਿਤਾ ਗਿਆ। ਮਦੋਦਰੀ ਦਾ ਜਨਮ ਮਯਾਸੁਰ ਦੈਂਤ ਦੇ ਘਰ ਹੋਇਆ ਸੀ। ਕਵੀ ਨੇ ਸ਼ਿਵ ਦੇ ਨਿਜ ਅੰਗਾਂ ਦੀ ਮੈਲ ਤੋਂ ਉਸ ਦਾ ਜਨਮ ਮੰਨਿਆ ਹੈ। ਸ਼ਿਵ ਨੇ ਰਾਵਣ ਦੀ ਤਪਸਿਆ ਤੋਂ ਖੁਸ਼ ਹੋ ਕੇ ਉਸ ਨੂੰ ਮਦੋਦਰੀ ਬਣਾ ਕੇ ਦਿਖਾਈ ਕਿ ਇਹ ਮਯਾਸੁਰ ਦੇ ਘਰ ਜਨਮ ਲਵੇਗੀ। ਸਮਾਂ ਪਾ ਕੇ ਉਸ ਨੇ ਜਨਮ ਲਿਆ। ਯਥਾ-

ਸੁੰਦਰ ਲਲਨਾ ਅਉਰ ਇਕ ਤੁਮ ਕੋ ਦੇਂਉ ਉਦਾਰ॥

ਦੈਂਤਜ ਮਯਾਸੁਰ ਕੇ ਉਦਰਿ ਧਰਿ ਹੈਂ ਸੋ ਅਵਤਾਰ॥61॥

ਚੌਪਈ॥

ਨਿਜ ਅੰਗੋ ਸਿਵ ਮੈਲ ਨਿਕਾਰੀ॥ ਤਿਸ ਕੀ ਰਚੀ ਸੁ ਸੁੰਦਰ ਨਾਰੀ॥

ਤਿਹੁ ਲੋਕਨ ਮੈ ਤਿਸ ਸਮ ਨਾਹਿ॥ ਐਸੀ ਰਚੀ ਸੁ ਲਲਨਾ ਤਾਹਿ॥62॥

ਸੂਖਮ ਬਪੁ ਰਚਿ ਤਾਹਿ ਦਿਖਾਈ॥ ਧਰਿ ਹੈ ਏ ਅਵਤਾਰ ਸੁ ਜਾਈ॥

---

[618] ਉਹੀ, ਪਤਰਾ 1467.

[619] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 418.

ਮੈਯਾਸੁਰ ਕੇ ਉਦਾਰ ਮਝਾਰੇ॥ ਧਰਿ ਹੈ ਏ ਅਵਤਾਰ ਉਦਾਰੇ॥63॥[620]

ਮਯਾਸੁਰ ਦੇ ਘਰ ਪੁਤਰੀ ਦੇ ਜਨਮ ਲੈਣ 'ਤੇ ਉਸਦਾ ਨਾਮ ਮਦੋਦਰੀ ਰਖਿਆ ਗਿਆ। ਉਹ ਬਹੁਤ ਹੀ ਸੁੰਦਰ, ਪਤਿਬਰਤਾ, ਸ਼ੀਲਵੰਤ, ਬੁਧੀਮਾਨ, ਮਾਨੋ ਕਿ ਸੋਨੇ ਦੀ ਮੂਰਤੀ ਵਰਗੀ ਸੀ। ਉਸ ਦੀ ਸੁੰਦਰਤਾ ਮੇਨਕਾ, ਕੇਸੀ, ਰੰਭਾ, ਉਰਬਸੀ, ਮੰਜ ਘੋਸਾ ਇਤਿਆਦਿਕ ਤੋਂ ਵੀ ਵਧੇਰੇ ਸੀ। ਯਥਾ-

ਮੈਯਾਸੁਰ ਕੇ ਉਦਰ ਮੈ ਧਰਿਹੈ ਇਹੁ ਅਵਤਾਰ॥

ਤਾਤੇ ਨਾਮ ਮਦੋਦਰੀ ਧਰਿ ਹੈ ਯਾਹਿ ਉਦਾਰ॥64॥

ਕਬਿਤੁ॥

ਰੂਪ ਧਾਮ ਗੁਨ ਧਾਮ ਪਤੀ ਬਰਤਾ ਸੂ ਬਾਮ ਤਨ ਤੇ ਸੁਗੰਧ ਚਲੈ ਪੌਨ ਸੰਗ ਉਦਰੀ॥

ਸੀਲਵੰਤ ਬੁਧਿਵੰਤ ਸਿਮਰੈ ਸੋ ਰਮਾ ਕੰਤ ਕੰਚਨ ਕੀ ਪੂਤਲੀ ਕਿ ਸੋਰਭ ਕੀ ਸੋਦਰੀ॥

ਮੈਣਕਾ ਸੁ ਕੇਸੀ ਰੰਭਾ ਉਰਬਸੀ ਮੰਜ ਘੋਸਾ ਦੇਖ ਕੈ ਸਰੂਪ ਤਾ ਕੋ ਲਾਜੈ ਮਨਵੋਦਰੀ॥

ਔਰ ਪਦਮਾਵਤੀ ਲੀਲਾਵਤੀ ਤਿਲੋਤਮਾ ਨਾ ਤਿਸ ਕੇ ਸਰੂਪ ਸਮ ਐਸੀ ਸੋ ਮਦੋਦਰੀ॥65॥[621]

ਰਾਵਣ ਦਾ ਪ੍ਰਭਾਵ ਦੇਖ ਕੇ ਮਯਾਸੁਰ ਨੇ ਮਦੋਦਰੀ ਦਾ ਵਿਆਹ ਰਾਵਣ ਨਾਲ ਕਰ ਦਿਤਾ। ਸਿੰਗਲਾਦੀਪ ਖੰਡ ਵਿਚ ਮਦੋਦਰੀ ਦੇ ਬਾਰੇ ਕਵੀ ਇਹ ਵੀ ਦਸਦਾ ਹੈ ਕਿ ਉਹ ਰਾਮ ਦੀ ਭਗਤਣੀ ਸੀ। ਕਿਉਂਕਿ ਰਾਵਣ ਕ੍ਰੋਧ ਵਿਚ ਮਦੋਦਰੀ ਨੂੰ ਕਹਿੰਦਾ ਹੈ ਕਿ ਤੇਰੇ ਰਾਮ ਨੂੰ ਮੈਂ ਪਲ ਵਿਚ ਹੀ ਮਾਰ ਦੇਵਾਂ ਜੇਕਰ ਉਹ ਮੇਰੀ ਪਕੜ ਵਿਚ ਆ ਜਾਵੇ। ਯਥਾ-

ਸੁਣਿ ਮਦੋਦਰੀ ਮੂੜ ਤੂੰ ਕਹਿਯੋ ਕ੍ਰੋਧ ਕੇ ਸਾਥ॥

ਮਾਰੋਂ ਤੇਰੇ ਰਾਮ ਕੋ ਆਵੈ ਜੇ ਮਮ ਹਾਥ॥72॥[622]

---

[620] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1738.

[621] ਉਹੀ, ਪਤਰਾ 1738.

[622] ਉਹੀ, ਪਤਰਾ 1377.

ਸੋ ਕਵੀ ਨੇ ਮਦੋਦਰੀ ਨੂੰ ਅਤਿ ਸੁੰਦਰ, ਬੁਧਿਵਾਨ, ਸ਼ੀਲਵੰਤ ਇਸਤਰੀ ਦੇ ਰੂਪ ਵਿਚ ਪ੍ਰਸਤੁਤ ਕੀਤਾ ਹੈ। ਉਹ ਰਾਮ ਦੀ ਭਗਤੀ ਕਰਨ ਵਾਲੀ ਹੈ। ਇਸ ਤਰ੍ਹਾਂ ਕਵੀ ਨੇ ਮਦੋਦਰੀ ਦਾ ਸਰੂਪ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ।

**1.4.4 ਸੀਤਾ**

ਸੀਤਾ ਮਿਥਲਾ ਦੇ ਰਾਜਾ ਜਨਕ ਦੀ ਪੁਤਰੀ ਅਤੇ ਅਜੁਧਿਆ ਦੇ ਰਾਜਾ ਰਾਮਚੰਦਰ ਦੀ ਪਤਨੀ ਸੀ। ਇਸਦਾ ਪਵਿਤਰ ਉਚ ਆਚਾਰ, ਹਿੰਦੂ ਇਸਤਰੀ ਲਈ ਆਦਰਸ਼ ਬਣਿਆ ਰਿਹਾ ਹੈ। ਮਨੌਤ ਹੈ ਕਿ ਸੀਤਾ ਦਾ ਜਨਮ, ਧਰਤੀ ਵਿਚੋਂ ਹੋਇਆ ਸੀ । ਸ਼ਿਵ ਦਾ ਧਨੁਖ ਤੋੜਕੇ ਰਾਮ ਚੰਦਰ ਨੇ ਸੀਤਾ ਨੂੰ ਵਰਿਆ ਸੀ। ਰਾਮ ਨੂੰ 14 ਸਾਲ ਦੇ ਬਨਵਾਸ ਸਮੇਂ ਸੀਤਾ ਵੀ ਰਾਜ ਮਹਿਲਾਂ ਨੂੰ ਛਡ ਕੇ ਪਤੀ ਦੇ ਨਾਲ ਗਈ ਸੀ। ਲੰਕਾਂ ਦੇ ਰਾਜੇ ਰਾਵਣ ਨੇ ਸੀਤਾ ਨੂੰ ਉਧਾਲ ਕੇ ਬੰਦੀ ਬਣਾ ਕੇ ਰਖਿਆ ਪਰ ਇਹ ਆਪਣੇ ਉਚ ਆਚਰਣ ਤੇ ਦ੍ਰਿੜ ਰਹੀ। ਆਖਿਰ ਰਾਮਚੰਦਰ ਨੇ ਰਾਵਣ 'ਤੇ ਵਿਜਯ ਪਾਈ ਤੇ ਸੀਤਾ ਨੂੰ ਵਾਪਿਸ ਅਜੁਧਿਆ ਲਿਆਂਦਾ। ਸੀਤਾ ਦੀ ਅਗਨੀ ਪ੍ਰੀਖਿਆ ਦੇ ਬਾਵਜੂਦ ਲੋਕਾਂ ਦੀ ਦੰਦ-ਕਥਾ ਸੁਣ ਕੇ ਰਾਮ ਡੋਲ ਗਏ ਤੇ ਉਨ੍ਹਾਂ ਗਰਭਵਤੀ ਸੀਤਾ ਨੂੰ ਬਨਵਾਸ ਦੇ ਦਿਤਾ । ਫਿਰ ਸੀਤਾ ਬਾਲਮੀਕ ਰਿਸ਼ੀ ਦੇ ਆਸ਼੍ਰਮ ਵਿਚ ਰਹੀ। ਇਥੇ ਹੀ ਲਵੁ ਤੇ ਕੁਸੁ ਦੋ ਪੁਤਰ ਪੈਦਾ ਹੋਏ। ਰਾਮਚੰਦਰ ਦੇ ਅਸ਼ਵਮੇਧ ਯਗ ਦਾ ਘੋੜਾ ਇਨ੍ਹਾਂ ਦੋਹਾਂ ਬੀਰਾਂ, ਨੇ ਰੋਕ ਕੇ ਰਾਮ ਦੀ ਸੈਨਾ ਨਾਲ ਯੁਧ ਸ਼ੁਰੂ ਕਰ ਦਿਤਾ। ਬਾਲਮੀਕ ਰਿਸ਼ੀ ਨੇ ਸੀਤਾ ਪੁਤਰਾਂ ਸਮੇਤ ਰਾਮ ਨਾਲ ਅਜੁਧਿਆ ਵਾਪਿਸ ਭੇਜ ਦਿਤੀ । ਕਿਹਾ ਜਾਂਦਾ ਹੈ ਕਿ ਸੀਤਾ ਦੇ ਕਹਿਣ 'ਤੇ ਉਹ ਧਰਤੀ ਵਿਚ ਸਮਾ ਗਈ।[623] ਕਵੀ ਨੇ ਪ੍ਰਚਲਿਤ ਪ੍ਰਸੰਗ ਵਿਚ ਸੀਤਾ ਦਾ ਜ਼ਿਕਰ ਕੀਤਾ ਹੈ। ਸੀਤਾ ਦਾ ਨਾਮ ਕਵੀ ਨੇ ਉਮਾ, ਲਖਮੀ, ਸਰਸਵਤੀ ਇਤਿਆਦਿਕ ਨਾਲ ਦਰਜ ਕੀਤਾ ਹੈ। ਯਥਾ-

ਦੀਨਾ ਨਾਥ ਗੋਪੀ ਨਾਥ ਦੂਸਰਾ ਭੀ ਬੈਜਨਾਥ ਕਾਸੀ ਮੈ ਬਸੇਸਰਿ ਮਹਾਨ ਉਰ ਆਨੀਐ॥
ਸਿਰੀ ਰੰਗ ਪਾਂਡੂਰੰਗ ਰੁਕਮਨੀ ਤਾ ਕੇ ਸੰਗ ਉਮਾ ਸੀਤਾ ਲਖਮੀ ਸੱਰਸ੍ਵਤੀ ਪਚਾਨੀਐ॥30॥[624]

---

[623] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 51-52.

[624] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1708.

ਇਸੇ ਤਰ੍ਹਾਂ ਹੀ ਮੰਗਲ ਖੰਡ ਵਿਚ ਸੀਤਾ ਦੀ ਉਸਤਤੀ ਕਰਦਿਆਂ ਉਸ ਦਾ ਜ਼ਿਕਰ ਸ਼ਤਰੂਘਨ, ਸ਼ਾਤਨੂੰ ਆਦਿਕ ਨਾਲ ਕੀਤਾ ਹੈ-

ਸੀਅ ਸੀਤਾ ਪੁਨਿ ਸਤਰਘਨ ਅਉਰ ਸਾਤਨੁ ਜਾਨ॥

ਸਾਮ ਬੇਦ ਸਿੰਗਾਰ ਰਸ ਜੋ ਹਰਿ ਭਾਇ ਮਹਾਨ॥12॥[625]

ਕਵੀ ਨੇ ਸੀਤਾ ਨੂੰ ਰਾਵਣ ਦਾ ਸੰਘਾਰ ਕਰਨ ਵਾਲੀ ਕਿਹਾ ਹੈ ਅਤੇ ਬਭੀਖਣ ਨੂੰ ਰਾਜ ਦੇਣ ਵਾਲੀ ਦੀ ਪਦਵੀ ਵੀ ਦਿਤੀ ਹੈ। ਯਥਾ-

ਸੀਤਾ ਬਨ ਤੈ ਰਾਵਣ ਮਾਰਜੋ॥ ਰਾਜ ਬਭੀਖਣ ਕੈ ਭੁਜ ਧਾਰਜੋਂ॥35॥[626]

ਕਰਮ ਸਿਧਾਂਤ ਦੀ ਗੱਲ ਕਰਦਿਆਂ ਕਵੀ ਨੇ ਸੀਤਾ, ਰਾਮ ਅਤੇ ਲਛਮਣ ਨੂੰ ਜੰਗਲਾਂ ਵਿਚ ਦੇਸ਼ ਨਿਕਾਲਾ ਦੀ ਉਦਾਹਰਨ ਦਿਤੀ ਹੈ। ਯਥਾ-

ਕਰਮ ਰੇਖ ਪਾਂਡਵ ਬਨ ਗਏ॥ ਰਾਜਾ ਕੇ ਗ੍ਰਹ ਨੋਕਰਿ ਭਏ॥

ਕਰਮ ਰੇਖ ਰਾਘਵ ਬਨ ਮਾਹੀ॥ ਲਛਮਨ ਸੀਤਾ ਸਹਤ ਫਿਰਾਹੀ॥33॥[627]

ਇਸ ਪ੍ਰਕਾਰ ਕਵੀ ਨੇ ਸੀਤਾ ਦਾ ਸੀਮਤ ਸ਼ਬਦਾਂ ਵਿਚ ਹੀ ਸਰੂਪ ਚਿਤਰਦਿਆਂ ਉਸ ਨੂੰ ਰਾਵਣ ਦਾ ਸੰਘਾਰ ਕਰਨ ਵਾਲੀ, ਰਾਮ ਦੇ ਸਾਥ ਰਹਿਣ ਵਾਲੀ ਆਦਿਕ ਕਿਹਾ ਹੈ।

### 1.4.5 ਅਹਲਿਆ

ਅਹਲਿਆ ਨੂੰ ਪੰਜ ਪਵਿਤਰ ਕੰਨਿਆਵਾਂ ਵਿਚੋਂ ਵਡੀ ਮੰਨਿਆ ਜਾਂਦਾ ਹੈ, ਜਿਨ੍ਹਾਂ ਦਾ ਸਵੇਰੇ ਸਿਮਰਨ ਪਾਪਾਂ ਤੋਂ ਬਚਾਉਂਦਾ ਹੈ। ਇਹ ਗੋਤਮ ਰਿਸ਼ੀ ਦੀ ਪਤਨੀ ਸੀ। ਚੰਦਰਮਾ ਤੋਂ ਇੰਦਰ ਦੇਵਤੇ ਨੇ ਇਸਦੀ ਸੁੰਦਰਤਾ ਦੀ ਖਬਰ ਸੁਣ ਕੇ ਇਸ ‘ਤੇ ਮੋਹਿਤ ਹੋ ਗਿਆ ਤੇ ਰਮਣ ਦਾ ਨਿਸ਼ਚਾ ਕੀਤਾ। ਮੇਲ ਲਈ ਇੰਦਰ ਨੇ ਗੋਤਮ ਦਾ ਰੂਪ ਧਾਰਨ ਕੀਤਾ। ਕਈ ਥਾਈਂ ਜ਼ਿਕਰ ਹੈ ਕਿ ਚੰਦਰਮਾ ਨੇ ਕੁਕੜ ਦਾ ਸਵਾਂਗ ਬਣਾ ਕੇ ਅਧੀ ਰਾਤ ਨੂੰ ਬਾਂਗ ਦੇ ਕੇ ਇੰਦਰ ਦੀ ਮਦਦ ਕੀਤੀ। ਬਾਂਗ ਸੁਣ ਕੇ ਗੋਤਮ ਦੇ ਇਸ਼ਨਾਨ ਨੂੰ ਜਾਣ ਤੋਂ

---

[625] ਉਹੀ, ਪਤਰਾ 12.

[626] ਉਹੀ, ਪਤਰਾ 18.

[627] ਉਹੀ, ਪਤਰਾ 1537.

ਬਾਦ ਇੰਦਰ ਉਸ ਦੇ ਘਰ ਗਿਆ। ਇਸ ਗੱਲ ਦਾ ਪਤਾ ਜਦੋਂ ਗੋਤਮ ਨੂੰ ਲਗਾ ਤਾਂ ਉਸ ਨੇ ਇੰਦਰ ਦੇ ਸਰੀਰ ਉਤੇ ਹਜ਼ਾਰ ਭਗ ਹੋਣ ਦਾ ਸ਼ਰਾਪ ਦਿਤਾ, ਚੰਦਰਮਾ ਨੂੰ ਮ੍ਰਿਗਸ਼ਾਲਾ ਮਾਰ ਕੇ ਕਲੰਕਿਤ ਕੀਤਾ ਅਤੇ ਅਹਲਿਆ ਨੂੰ ਸ਼ਰਾਪ ਦੇ ਕੇ ਪਥਰ ਬਣਾ ਦਿਤਾ। ਤ੍ਰੇਤਾ ਯੁਗ ਵਿਚ ਸੂਰਜਵੰਸੀ ਰਾਮਚੰਦਰ ਨੇ ਅਹਲਿਆ ਨੂੰ ਮੁਕਤ ਕੀਤਾ ਸੀ।[628] ਕਵੀ ਨੇ ਅਹਲਿਆ ਦਾ ਜ਼ਿਕਰ ਮਾਤਰ ਉਸਤਤੀ ਕਰਦਿਆਂ ਹੀ ਕੀਤਾ ਹੈ। ਅਹਲਿਆ ਦਾ ਜ਼ਿਕਰ ਕਵੀ ਨੇ ਅੰਗਰਾ, ਅਨਸੂਆ, ਅਤ੍ਰੇ, ਅਗਸਤਿ ਆਦਿਕ ਮੁਨੀਆਂ ਨਾਲ ਕਰਕੇ ਉਸ ਦੀ ਮਹਿਮਾ ਨੂੰ ਹੋਰ ਵੀ ਵਧਾ ਦਿਤਾ ਹੈ। ਯਥਾ-

ਅੰਗਰਾ ਅਉਰ ਅਹਲਿਆ ਅਨਸੂਅ ਅਤ੍ਰੇ ਜਾਨ॥
ਅਦਰੀ ਅਉਰ ਅਗਸਤਿ ਜੀ ਪੁਨਿ ਅਬਰੀਸ ਪਛਾਨ॥6॥[629]

ਅਹਲਿਆ ਰਾਮ ਦੀ ਭਗਤਣੀ ਸੀ, ਉਸ ਦੀ ਭਗਤੀ ਸਦਕਾ ਹੀ ਉਸ ਦਾ ਸਰਾਪ ਮਿਟਿਆ ਸੀ। ਰਾਮ ਦੇ ਚਰਣਾਂ ਦਾ ਪ੍ਰਤਾਪ ਕਰਕੇ ਹੀ ਅਹਲਿਆ ਪਥਰ ਤੋਂ ਮੁਕਤ ਹੋਈ ਸੀ। ਯਥਾ-

ਰਾਮ ਚਰਣ ਰਜ ਕੈ ਪਰਤਾਪੰ॥
ਤਰੀ ਅਹਲਿਆ ਮਿਟਾ ਸਰਾਪੰ॥[630]

ਕਵੀ ਨੇ ਅਹਲਿਆ ਦਾ ਜ਼ਿਕਰ ਮਾਤਰ ਮੰਗਲ ਖੰਡ ਵਿਚ ਕੀਤਾ ਹੈ। ਹੋਰ ਕਿਤੇ ਵੀ ਅਹਲਿਆ ਦੀ ਜ਼ਿਕਰ ਨਹੀਂ ਕੀਤਾ। ਇਸ ਪ੍ਰਕਾਰ ਕਵੀ ਨੇ ਅਹਲਿਆ ਦੇ ਸਰੂਪ ਦਾ ਮਾਤਰ ਜ਼ਿਕਰ ਹੀ ਕੀਤਾ ਹੈ।

ਸੋ ਉਪਰੋਕਤ ਅਸੀਂ ਚਰਚਿਤ ਕ੍ਰਿਤੀ ਵਿਚ ਆਈਆਂ ਮਿਥਿਹਾਸਕ ਇਸਤਰੀਆਂ ਦਾ ਵਰਨਣ ਕੀਤਾ ਹੈ। ਜਿਸ ਵਿਚ ਮਦੋਦਰੀ, ਤਿਲੋਤਮਾ, ਸੀਤਾ ਅਤੇ ਮੀਰਾਬਾਈ ਦਾ ਵਿਸਤ੍ਰਿਤ ਵਰਨਣ ਮਿਲਦਾ ਹੈ, ਪਰ ਗਨਕਾ, ਕੁੰਤੀ, ਕੈਕਈ ਆਦਿ ਦਾ ਮਾਤਰ ਜ਼ਿਕਰ ਹੀ ਹੈ। ਇਨ੍ਹਾਂ ਤੋਂ ਇਲਾਵਾ ਹੋਰ ਵੀ ਸੁਰੁਚਿ ਅਤੇ ਸੁਰੁਤਿ (ਪ੍ਰਹਿਲਾਦ ਦੀ ਮਾਤਾ ਤੇ ਮਤ੍ਰੇਈ ਮਾਂ), ਦਰੋਪਤੀ, ਅਦਿਤੀ, ਸੁਰਤਾ, ਬਿਰਤਾ, ਚੰਦ ਪ੍ਰਭਾ, ਮਲ

---

628 ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 11-12.

629 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 11.

630 ਉਹੀ, ਪਤਰਾ 40.

ਗੰਧਨੀ ਜਾਂ ਅਮਲਗੰਧਨੀ, ਮਾਨਕਾ ਵਤੀ ਯੇਲੂ ਦੀ ਪਤਨੀ ਇਤਿਆਦਿਕ ਦਾ ਸੰਕੇਤ ਮਾਤਰ ਜ਼ਿਕਰ ਕਵੀ ਨੇ ਚਰਚਿਤ ਕ੍ਰਿਤੀ ਵਿਚ ਕੀਤਾ ਹੈ। ਸੋ ਕਵੀ ਨੇ ਜਿਸ ਵੀ ਇਸਤਰੀ ਬਾਰੇ ਵਿਸਤ੍ਰਿਤ ਜਾਣਕਾਰੀ ਦੇਣਾ ਉਚਿਤ ਜਾਣਿਆ, ਉਸ ਦਾ ਵਿਸਤਾਰ ਕੀਤਾ ਅਤੇ ਕੁਝ ਇਕ ਦਾ ਸੰਕੇਤ ਮਾਤਰ ਜ਼ਿਕਰ ਕਰਕੇ ਹੀ ਅਗਲਾ ਪ੍ਰਸੰਗ ਆਰੰਭ ਕਰ ਦਿਤਾ। ਸੋ ਕਵੀ ਨੇ ਜ਼ਰੂਰਤ ਅਨੁਸਾਰ ਮਿਥਿਹਾਸਕ ਇਸਤਰੀਆਂ ਦੇ ਸਰੂਪ ਦਾ ਵਰਨਣ ਕਰਨ ਦਾ ਯਤਨ ਕੀਤਾ ਹੈ।

**1.5 ਮਿਥਿਹਾਸਕ ਰਾਜੇ-**

ਮਿਥਿਹਾਸਕ ਰਾਜਿਆਂ ਦੀਆਂ ਅਨੇਕਾਂ ਹੀ ਕਥਾਵਾਂ ਕਵੀ ਨੇ ਚਰਚਿਤ ਕ੍ਰਿਤੀ ਵਿਚ ਵਰਣਿਤ ਕੀਤੀਆਂ ਹਨ। ਇਨ੍ਹਾਂ ਵਿਚੋ ਪ੍ਰਮੁਖ ਰਾਜਿਆਂ ਦਾ ਵਰਨਣ ਨਿਮਨਾਂਕਿਤ ਅਨੁਸਾਰ ਹੈ-

**1.5.1 ਜਨਕ**

ਮਿਥਲਾਪੁਰੀ ਦਾ ਇਕ ਰਾਜਾ ਜੋ ਕਿ ਗ੍ਰਹਿਸਤੀ ਹੁੰਦਾ ਹੋਇਆ ਬੜਾ ਉੱਚ ਕੋਟੀ ਦਾ ਧਰਮਾਤਮਾ ਸੀ ਤੇ ਜਿਸ ਨੇ ਜੀਵਨ ਵਿਚ ਰਾਜਯੋਗ ਨੂੰ ਬੜੀ ਸਫਲਤਾ ਨਾਲ ਨਿਭਾਇਆ। ਇਹ ਰਾਜਾ ਹਰਸਵਰਮਾ ਦਾ ਪੁਤਰ ਸੀ ਤੇ ਇਸ ਦਾ ਪਹਿਲਾ ਨਾਮ ਸੀਰ ਧ੍ਵਜ ਸੀ ਪਰ ਪਿਛੋਂ ਬੰਸ ਦੀ ਅੱਲ ਦੇ ਨਾ ਤੇ 'ਜਨਕ' ਪ੍ਰਸਿਧ ਹੋਇਆ। ਇਸੇ ਰਾਜਜੋਗੀ ਜਨਕ ਦੀ ਸਪੁਤਰੀ ਸੀਤਾ ਸੀ ਜੋ ਕਿ ਰਾਮ ਨੂੰ ਵਿਆਹੀ ਹੋਈ ਸੀ।[631] ਕਵੀ ਨੇ ਰਾਜੇ ਜਨਕ ਦਾ ਵਰਨਣ ਰਾਜੇ ਦੇ ਤੌਰ ‘ਤੇ ਨਹੀਂ ਕੀਤਾ ਬਲਕਿ ਇਕ ਭਗਤ ਅਤੇ ਦਿਆਲੂ ਦੇ ਤੌਰ ‘ਤੇ ਕੀਤਾ ਹੈ। ਕਵੀ ਨੇ ਮੰਗਲ ਖੰਡ ਵਿਚ ਜਨਕ ਦੇ ਬੈਕੁੰਠ ਜਾਣ ਦਾ ਵਰਨਣ ਕਰਦਿਆਂ ਕਿਹਾ ਹੈ ਕਿ ਉਸ ਨੇ ਨਰਕ ਦੇ ਜੀਵਾਂ ਦੀ ਪੁਕਾਰ ਸੁਣੀ। ਯਥਾ-

ਜਨਕ ਬਿਦੇਹਿ ਬੈਕੁੰਠ ਕੋ ਚਲੋ ਸੁ ਬੈਠ ਬਿਬਾਨ॥
ਨਰਕੀ ਜੀਵ ਪੁਕਾਰ ਸੁਨਿ ਬੋਲਿਯੋ ਆਪ ਮਹਾਨ॥੫॥[632]

---

[631] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 143.

[632] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 25.

ਜਨਕ ਦਾ ਸੁਭਾਅ ਅਤਿ ਸ਼ੀਲ ਸੀ, ਜਦ ਉਸਨੇ ਨਰਕ ਦੇ ਜੀਵਾਂ ਦੀ ਆਵਾਜ਼ ਸੁਣੀ ਅਤੇ ਪਤਾ ਕੀਤਾ ਕਿ ਇਹ ਕੌਣ ਹਨ, ਪਤਾ ਲਗਾ ਕਿ ਨਰਕ ਦੇ ਜੀਵ ਹਨ। ਜਨਕ ਨੇ ਧਰਮ ਰਾਇ ਨੂੰ ਕਿਹਾ ਕਿ ਇਨ੍ਹਾਂ ਨੂੰ ਅਜ਼ਾਦ ਕਰ ਦਿਤਾ ਜਾਵੇ। ਯਥਾ-

ਸ੍ਵੈ ਸੀਲੰ ਪੁੰਨਜ ਸੀਲ ਤਹਿ ਜਾਇ॥ ਧਰਮ ਰਾਇ ਕੋ ਕਹਯੋ ਸੁਨਾਇ॥

ਨਰਕਨਿ ਮਾਹਿ ਜੀਵ ਸਭ ਜੇਤੇ॥ ਕਢੋ ਬੇਗ ਸੁ ਸਗਲੇ ਤੇਤੇ॥31॥

ਜਨਕਿ ਬਿਦੇਹਿ ਹੁਕਮ ਇਹੁ ਕਯੋ॥ ਧਰਮ ਰਾਇ ਹਰਿ ਪੈ ਤਬ ਗਯੋ॥[633]

ਜਨਕ ਨੇ ਇਕ ਘੜੀ ਦਾ ਸਿਮਰਨ ਦੇ ਕੇ ਉਨ੍ਹਾਂ ਜੀਵਾਂ ਦਾ ਉਦਾਰ ਕੀਤਾ। ਜਨਕ ਦੇ ਇਕ ਘੜੀ ਦੇ ਸਿਮਰਨ ਦਾ ਪਲੜਾ ਪਾਪਾਂ ਦੇ ਪਲੜੇ ਤੋਂ ਭਾਰਾ ਸੀ, ਜਿਸ ਸਦਕਾ ਸਾਰਾ ਹੀ ਨਰਕ ਖਾਲੀ ਹੋ ਗਿਆ ਅਤੇ ਸਾਰੇ ਹੀ ਨਰਕਾਂ ਦੇ ਜੀਵ ਨਰਕ ਵਿਚੋਂ ਬਾਹਰ ਕੱਢੇ ਗਏ। ਯਥਾ-

ਜਨਕਿ ਬਿਦੇਹਿ ਆਪ ਪਰਬੀਨਾ॥ ਏਕ ਘਰੀ ਕਾ ਸਿਮਰਨ ਦੀਨਾ॥36॥

ਤਿਨ ਜੀਵਨ ਕੇ ਪਾਪ ਸੁ ਜੇਤੇ॥ ਇਕ ਪਲੜੈ ਸਭਿ ਪਾਇ ਸੁ ਤੇਤੇ॥

ਇਕ ਪਲੜੈ ਹਰਿ ਸਿਮਰਨ ਪਾਯੋ॥ ਬਹੁਰਿ ਤ੍ਰਾਜੁਵਾ ਤਾਹਿ ਉਠਾਯੋ॥37॥

ਸਿਮਰਨ ਪਲੜਾ ਧਰਨੀ ਪਾਸ॥ ਪਾਪਨਿ ਪਲੜਾ ਗਯੋ ਅਕਾਸ॥

ਪਾਸੜ ਸਮ ਨਹਿ ਭਏ ਸੁ ਪਾਪ॥ ਪਰਮ ਅਮੋਲ ਸੁ ਨਾਮ ਪ੍ਰਤਾਪ॥38॥

ਨਰਕਹੁ ਜੀਵ ਕਢੇ ਤਤਕਾਲ॥ ਜਨਕਿ ਬਿਦੇਹਿ ਸੁ ਪਰਮ ਦਿਆਲ॥[634]

ਇਸੇ ਪ੍ਰਕਾਰ ਹੋਰ ਦਿਆਲਤਾ ਦੀ ਉਦਾਹਰਨ ਕਵੀ ਨੇ ਬ੍ਰਹਮ ਖੰਡ ਵਿਚ ਦਿਤੀ ਹੈ। ਉਥੇ ਵੀ ਜਨਕ ਪਰਮਾਤਮਾ ਕੋਲ ਜਾਂਦਾ ਹੈ। ਉਥੇ ਜਾਣ ਦਾ ਮਨੋਰਥ ਵੀ ਜਨਕ ਦਾ ਇਹ ਸੀ ਕਿ ਧਰਤੀ ਉਤੇ ਪਾਪ ਵਧ ਗਿਆ ਹੈ। ਯਥਾ-

ਜਨਕਿ ਬਿਦੇਹਿ ਸੁ ਇਕ ਸਮੈ ਪਰਮ ਪੁਰਖੁ ਪੈ ਜਾਇ॥

---

[633] ਉਹੀ, ਪਤਰਾ 28.

[634] ਉਹੀ, ਪਤਰਾ 28.

ਅਸਤੁਤਿ ਕਰੀ ਪ੍ਰਣਾਮ ਕਰਿ ਸਾਦਰ ਨਿੰਮਰ ਭਾਇ॥7॥[635]

ਸੋ ਕਵੀ ਨੇ ਜਨਕ ਦਾ ਚਿਤਰਣ ਕਰਦਿਆਂ ਜਨਕ ਰਾਜੇ ਨੂੰ ਭਗਤ ਦੇ ਰੂਪ ਵਿਚ ਪ੍ਰਸਤੁਤ ਕੀਤਾ ਹੈ, ਜੋ ਕਿ ਪਰਮਾਤਮਾ ਕੋਲ ਕਿਸੇ ਵੀ ਸਮੇਂ ਜਾ ਸਕਦਾ ਹੈ। ਉਸ ਦੀ ਭਗਤੀ ਇਤਨੀ ਹੈ ਕਿ ਇਕ ਘੜੀ ਦੇ ਸਿਮਰਨ ਨਾਲ ਨਰਕ ਨੂੰ ਖਾਲੀ ਕੀਤਾ ਜਾ ਸਕੇ। ਸੋ ਕਵੀ ਨੇ ਜਨਕ ਦਾ ਚਿਤਰਣ ਕਰਕੇ ਉਸ ਦਾ ਸਰੂਪ ਪ੍ਰਸਤੁਤ ਕਰਕੇ ਭਗਤੀ ਭਾਵ ਦਾ ਸੰਦੇਸ਼ ਦਿਤਾ ਹੈ।

### 1.5.2 ਬਲਿ ਰਾਜਾ

ਬਲਿ ਰਾਜਾ ਭਗਤ ਪ੍ਰਹਿਲਾਦ ਦਾ ਪੋਤਰਾ ਸੀ, ਜਿਸ ਨੂੰ ਦੈਂਤਾਂ ਵਿਚ ਗਿਣਿਆ ਜਾਂਦਾ ਹੈ। ਇਸ ਨੇ ਤਪ ਕਰ ਕੇ ਸਾਰੇ ਦੇਵਤੇ ਜਿਤ ਲਏ, ਫਿਰ ਇੰਦਰ ਦੀ ਪਦਵੀ ਪ੍ਰਾਪਤ ਕਰਨ ਲਈ ਇਕੱਤਰ ਸੌ ਯੱਗ ਆਰੰਭੇ। ਜਦੋਂ ਯੱਗ ਨਿਰਵਿਘਨ ਸਮਾਪਤ ਹੋ ਗਏ ਤੇ ਅਖੀਰਲਾ ਚੱਲ ਰਿਹਾ ਸੀ ਤਦੋਂ ਇੰਦਰ ਨੇ ਆਪਣਾ ਸਿੰਘਾਸਣ ਹਿਲਦਾ ਵੇਖ ਵਿਸ਼ਨੂੰ ਤੋਂ ਸਹਾਇਤਾ ਮੰਗੀ। ਵਿਸ਼ਨੂੰ ਨੇ ਇੰਦਰ ਦੀ ਸਹਾਇਤਾ ਲਈ ਬੌਨੇ ਬ੍ਰਾਹਮਣ ਦਾ ਰੂਪ ਧਾਰ ਲਿਆ ਤੇ ਬਲਿ ਰਾਜਾ ਦੇ ਦੁਆਰੇ ਪੁੱਜ ਕੇ ਆਪਣੀ ਕੁਟੀਆ ਲਈ ਢਾਈ ਕਰਮਾਂ ਥਾਂ ਮੰਗੀ। ਬਲਿ ਰਾਜਾ ਦੇ ਗੁਰੂ ਸ਼ੁਕਰ ਨੂੰ ਇਸ ਭੇਖ ਤੇ ਸ਼ੱਕ ਪਿਆ ਉਸ ਨੇ ਬਲਿ ਰਾਜਾ ਨੂੰ ਦਾਨ ਦੇਣ ਤੋਂ ਰੋਕਿਆ। ਪਰ ਉਸ ਨੇ ਆਪਣੇ ਦਾਨੀ ਸੁਭਾਅ ਦੀ ਹਉਂ ਸਦਕਾ ਗੁਰੂ ਦਾ ਕਿਹਾ ਨਾ ਮੰਨਿਆ ਤੇ ਬ੍ਰਾਹਮਣ ਨੂੰ 'ਹਾਂ' ਕਹਿ ਦਿੱਤੀ। ਵਿਸ਼ਨੂੰ ਨੇ ਕਿਹਾ ਕਿ ਮੈਂ ਥਾਂ ਆਪਣੇ ਕਦਮਾਂ ਨਾਲ ਨਾਪਾਂਗਾ। ਇਸ ਤੇ ਉਸ ਨੇ ਇਕ ਕਦਮ ਨਾਲ ਮਾਤ-ਲੋਕ ਤੇ ਦੂਜੇ ਕਦਮ ਨਾਲ ਆਕਾਸ਼ ਮਿਣ ਲਿਆ ਤੇ ਅੱਧੇ ਕਰਮ ਦੀ ਹੋਰ ਥਾਂ ਬਲਿ ਰਾਜਾ ਤੋਂ ਮੰਗੀ। ਇਸ ਤੇ ਰਾਜੇ ਨੇ ਆਪਣਾ ਆਪ ਹਵਾਲੇ ਕਰ ਦਿੱਤਾ। ਵਿਸ਼ਨੂੰ ਨੇ ਬਲਿ ਰਾਜਾ ਦੀ ਛਾਤੀ ਤੇ ਪੈਰ ਰੱਖ ਕੇ ਪਤਾਲ ਵਿਚ ਧੱਕ ਦਿੱਤਾ ਤੇ ਕਿਹਾ ਤੂੰ ਇਥੋਂ ਦਾ ਰਾਜ ਸੰਭਾਲ। ਬਲਿ ਰਾਜਾ ਨੇ ਵਿਸ਼ਨੂੰ ਦਾ ਪੈਰ ਘੁਟ ਕੇ ਫੜ ਲਿਆ ਤੇ ਕਿਹਾ ਹੁਣ ਤੁਹਾਨੂੰ ਵੀ ਨਾਲ ਹੀ ਰਖਾਂਗਾ। ਵਿਸ਼ਨੂੰ ਨੇ ਬਲਿ ਰਾਜਾ ਦੇ ਤਪ ਅਤੇ ਦਾਨ ਸਦਕਾ ਉਸ ਦੀ ਬੇਨਤੀ ਨੂੰ ਸਵੀਕਾਰ ਕਰ ਲਿਆ ਤੇ ਕਿਹਾ ਕਿ ਅਸੀਂ ਤਿੰਨੇ ਮੁਖੀ ਦੇਵਤੇ-

[635] ਉਹੀ, ਪਤਰਾ 99.

ਬ੍ਰਹਮਾ, ਵਿਸ਼ਨੂੰ, ਸ਼ਿਵ ਚਾਰ-ਚਾਰ ਮਹੀਨੇ ਤੇਰੇ ਦਰ ਤੇ ਪਹਿਰਾ ਦਿੰਦੇ ਰਹਾਂਗੇ। [636] ਕਵੀ ਨੇ ਰਾਜਾ ਬਲਿ ਦਾ ਬਾਵਨ ਅਵਤਾਰ ਨਾਲ ਜ਼ਿਕਰ ਕੀਤਾ ਹੈ। ਬਾਵਨ ਅਵਤਾਰ ਵਲੋਂ ਰਾਜਾ ਬਲਿ ਨਾਲ ਛਲ ਕਰਨ ਦਾ ਹਵਾਲਾ ਕਵੀ ਨੇ ਵਾਰ-ਵਾਰ ਦਿਤਾ ਹੈ। ਯਥਾ-

ਬਾਵਨ ਹ੍ਵੈ ਛਲਿਯੋ ਬਲਿ ਰਾਜਾ॥ ਸੁਰਪਤਿ ਕੇ ਸਭਿ ਸਾਰੇ ਕਾਜਾ॥31॥

ਬਲਿ ਕੋ ਛਲਿ ਪਾਤਾਲ ਪਠਾਯੋ॥ ਸਭਿ ਦੇਵਨਿ ਕਾ ਭੂਪ ਬਨਾਯੋ॥[637]

ਧਰਮ ਉਦਯੋਗ ਖੰਡ ਵਿਚ ਕਵੀ ਨੇ ਚਲੰਤ ਕਥਾ ਗੁਰੂ ਨਾਨਕ ਅਤੇ ਗੋਰਖ ਦੀ ਬਾਰਤਾ ਵਿਚ ਮਛਿੰਦਰ ਕਹਿੰਦਾ ਹੈ ਕਿ ਜਿਵੇਂ ਬਲਿ ਰਾਜਾ ਨੂੰ ਬਾਵਨ ਛਲਿਆ ਸੀ ਉਸੇ ਤਰ੍ਹਾਂ ਤੈਨੂੰ ਨਾਨਕ ਛਲੇਗਾ। ਇਹ ਉਦਾਹਰਨ ਕਵੀ ਨੇ ਦਿਤੀ ਹੈ-

ਬਨ ਬਾਵਨ ਯਹਿ ਛਲਯੋ ਬਲਿ ਕੋ ਪੁਨਿ ਕੈਰੁਵ ਕਾ ਇਨ ਬੰਸ ਖਪਾਯੋ॥

ਬਨ ਬਾਵਨ ਜਯੋ ਛਲਿਯੋ ਬਲਿ ਕੋ ਤਿਮ ਹੀ ਤੁਮ ਕੋ ਛਲਨੇ ਅਬ ਆਯੋ॥[638]

ਬਿਵਾਹ ਖੰਡ ਵਿਚ ਵੀ ਕਵੀ ਨੇ ਬਲਿ ਰਾਜੇ ਦੀ ਵਿਚਾਰ ਪ੍ਰਸਤੁਤ ਕਰਦਿਆਂ ਕਿਹਾ ਹੈ ਕਿ ਬਲਿ ਰਾਜੇ ਦੇ ਅਧੀਨ ਸਾਰੇ ਹੀ ਦੇਵਤਾ ਹਨ। ਯਥਾ-

ਇਛਿਆ ਨੈ ਹਰਿ ਬਾਵਨ ਕਯੋ॥

ਬਲਿ ਕੈ ਜਾਇ ਅਧੀਨ ਸੁ ਭਯੋ॥[639]

ਇਨ੍ਹਾਂ ਸਾਰੀਆਂ ਹੀ ਵਿਚਾਰਾਂ ਦੇ ਨਾਲ ਕਵੀ ਨੇ ਰਾਜਾ ਬਲਿ ਨੂੰ ਪਾਤਾਲ ਦਾ ਰਾਜਾ ਦਸਿਆ ਹੈ। ਉਸ ਦੇ ਰਾਜ ਨੂੰ ਬਲਿ ਲੋਕ ਵੀ ਕਿਹਾ ਹੈ, ਜਿਥੇ ਗੁਰੂ ਨਾਨਕ ਦੇਵ ਜੀ ਬਲਿ ਰਾਜੇ ਨੂੰ ਮਿਲੇ ਸਨ। ਇਹ ਸਤਿ ਲੋਕ ਤੋਂ ਅਗੇ ਦਾ ਲੋਕ ਹੈ। ਯਥਾ-

ਸਤਿ ਲੋਕ ਕੈ ਰਸਤੈ ਫਿਰੇ॥ ਪੁਨਿ ਪਤਾਲ ਕੈ ਰਸਤੇ ਬਰੇ॥

---

[636] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 221.

[637] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 18.

[638] ਉਹੀ, ਪਤਰਾ 427.

[639] ਉਹੀ, ਪਤਰਾ 549.

ਬ੍ਰਹਮਾ ਕਾ ਦਰਸਨੁ ਕਰਿਵਾਇ॥ ਛਿਨ ਮੈ ਪਹੁਚੇ ਬਲਿ ਕੈ ਜਾਇ॥16॥[640]

ਸੋ ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਰਾਜਾ ਬਲਿ ਪਾਤਾਲ ਦਾ ਰਾਜਾ ਹੈ। ਬਲਿ ਰਾਜਾ ਦੇ ਅਧੀਨ ਸਾਰੇ ਹੀ ਦੇਵਤੇ ਆਉਂਦੇ ਹਨ। ਬਲਿ ਰਾਜਾ ਇਕ ਚੰਗਾ ਰਾਜਾ ਸੀ। ਇਸ ਤਰ੍ਹਾਂ ਕਵੀ ਨੇ ਰਾਜਾ ਬਲਿ ਦਾ ਸਰੂਪ ਦਾ ਚਿਤਰਣ ਕੀਤਾ ਹੈ।

**1.5.3 ਦੁਰਯੋਧਨ**

ਚੰਦ੍ਰਬੰਸੀ ਰਾਜਾ ਧ੍ਰਿਤਰਾਸ਼ਟਰ ਦਾ ਵੱਡਾ ਪੁਤਰ ਜੋ ਕਿ ਕੌਰਵਾਂ ਦਾ ਮੁਖੀ ਸੀ। ਇਸ ਨੇ ਆਪਣੇ ਪਾਂਡਵ ਭਰਾਵਾਂ ਨਾਲ ਅਨਿਆਂ ਕੀਤਾ, ਰਾਜ ਦਾ ਯੋਗ ਹਿੱਸਾ ਨਾ ਦਿੱਤਾ। ਰਾਜਾ ਪੰਡੂ ਦੇ ਤਪ ਕਰਨ ਜਾਣ ਤੇ ਰਾਜ ਦੀ ਵਾਗ-ਡੋਰ ਧ੍ਰਿਤਰਾਸ਼ਟਰ ਕੋਲ ਸੀ ਤੇ ਧ੍ਰਿਤਰਾਸ਼ਟਰ ਦੇ ਅੰਨ੍ਹੇ ਹੋਣ ਕਾਰਨ ਸਾਰਾ ਕੰਮ ਕਾਰ ਦੁਰਯੋਧਨ ਦੇ ਹੱਥ ਸੀ। ਪੰਡੂ ਰਾਜਾ ਦੀ ਮੌਤ ਬਾਦ ਕੁੰਤੀ ਆਪਣੇ ਪੰਜਾਂ ਪੁੱਤਰਾਂ ਸਮੇਤ ਧ੍ਰਿਤਰਾਸ਼ਟਰ ਕੋਲ ਆ ਗਈ। ਉਸ ਨੇ ਇਨ੍ਹਾਂ ਦਾ ਪੂਰਾ ਪੂਰਾ ਸੁਆਗਤ ਕੀਤਾ। ਪਰ ਦੁਰਯੋਧਨ ਦੀ ਕੋਸ਼ਿਸ਼ ਸੀ ਕਿ ਕਿਸੇ ਤਰ੍ਹਾਂ ਇਨ੍ਹਾਂ ਨੂੰ ਦੂਰ ਕਰਕੇ ਇਕੱਲਿਆਂ ਰਾਜ ਦਾ ਮਾਲਕ ਬਣਿਆ ਜਾਵੇ। ਇਸ ਵਾਰ ਪਾਂਡਵਾਂ ਨੇ ਦ੍ਰੋਪਦੀ ਦੇ ਪਿਤਾ ਦ੍ਰੋਪਦ ਦੀ ਸਹਾਇਤਾ ਨਾਲ ਯੁਧਿਸ਼ਟਰ ਨੇ ਅੱਧਾ ਰਾਜ ਲੈ ਲਿਆ ਤੇ ਸੁਖ ਨਾਲ ਰਹਿਣ ਲੱਗੇ। ਇਸੇ ਸਮੇਂ ਪਾਂਡਵਾਂ ਨੇ ਆਪਣੀ ਰਾਜਧਾਨੀ ਇੰਦ੍ਰਪ੍ਰਸਥ (ਦਿੱਲੀ) ਵਿਚ ਰਾਜਸੂਯ ਜੱਗ ਕੀਤਾ। ਪਾਂਡਵਾਂ ਦੀ ਪ੍ਰਭੂਤਾ ਵੇਖ ਕੇ ਦੁਰਯੋਧਨ ਜਲ ਉੱਠਿਆ ਤੇ ਉਨ੍ਹਾਂ ਨੂੰ ਨਾਸ਼ ਕਰਨ ਦਾ ਇਰਾਦਾ ਧਾਰ ਲਿਆ। ਇਸਨੇ ਆਪਣੇ ਮਾਮੇ ਸ਼ਕੁਨਿ ਦੀ ਸਹਾਇਤਾ ਸਦਕਾ ਯੁਧਿਸ਼ਟਰ ਨੂੰ ਜੂਆ ਖੇਡਣ ਲਈ ਤਿਆਰ ਕਰਕੇ ਧੋਖੇ ਨਾਲ ਉਸ ਤੋਂ ਰਾਜ ਭਾਗ ਤੇ ਦ੍ਰੋਪਦੀ ਜਿੱਤ ਲਈ। ਫਿਰ ਦ੍ਰੋਪਦੀ ਦੀ ਰਾਜ ਸਭਾ ਵਿਚ ਬੇਇਜ਼ਤੀ ਕੀਤੀ। ਪਾਂਡਵਾਂ ਦੇ ਬਾਰਾਂ ਸਾਲ ਬਨਵਾਸ ਤੇ ਇਕ ਸਾਲ ਲੁਕ ਛਿੱਪ ਕੇ ਕੱਟਣ ਤੋਂ ਬਾਦ ਆਉਣ ਤੇ ਰਾਜ ਦਾ ਹਿੱਸਾ ਮੰਗਣ ਤੇ ਨਾਂਹ ਕਰ ਦਿੱਤੀ। ਕ੍ਰਿਸ਼ਨ ਨੇ ਰਾਜ਼ੀਨਾਮਾ ਕਰਵਾਉਣ ਦਾ ਯਤਨ ਕੀਤਾ, ਪਰ ਦੁਰਯੋਧਨ ਨਾ ਮੰਨਿਆ। ਅੰਤ ਮਹਾਂ ਭਾਰਤ ਦਾ ਯੁੱਧ ਹੋਇਆ। ਭਾਵੇਂ ਦੁਰਯੋਧਨ ਦੀ ਸੈਨਾ ਬੇਅੰਦਾਜ਼ ਸੀ, ਪਰ ਯੁੱਧ ਵਿਚ ਪਾਂਡਾਵਾਂ ਹੱਥੋਂ ਇਹ

[640] ਉਹੀ, ਪਤਰਾ 897.

ਬੁਰੀ ਮੌਤ ਮਰਿਆ।[641] ਕਵੀ ਨੇ ਦੁਰਯੋਧਨ ਦਾ ਜ਼ਿਕਰ ਕਰਦਿਆਂ ਉਸ ਨੂੰ ਅਭਿਮਾਨੀ ਕਿਹਾ ਹੈ, ਜਿਸ ਕਰਕੇ ਭਗਵਾਨ ਕ੍ਰਿਸ਼ਨ ਉਸ ਦੇ ਘਰ ਨਹੀਂ ਰਹੇ ਸਨ। ਯਥਾ-

ਬਿਦਰ ਗਰੀਬ ਅਨਾਥ ਕੈ ਗਏ ਆਪ ਭਗਵਾਨ॥

ਦੁਰਯੋਧਨ ਕੈ ਰਹੇ ਨਾ ਤਾਹਿ ਹੁਤੋ ਅਭਿਮਾਨ॥35॥

ਚੌਪਈ॥ ਅਭਿਮਾਨੀ ਖਾਲੀ ਹੈ ਭਾਈ॥ ਇਹੁ ਬਹੁ ਕਹਜੋ ਸੇਸ ਸੁਖਦਾਈ॥[642]

ਦੁਰਯੋਧਨ ਦੀ ਸੈਨਾ ਬਹੁਤ ਹੀ ਬਲਸ਼ਾਲੀ ਸੀ। ਪਾਂਡਵਾਂ ਦੀ ਸੈਨਾ ਨੂੰ ਇਕ ਵਾਰ ਦੁਰਯੋਧਨ ਦੀ ਸੈਨਾ ਨੇ ਰਣ ਭੂਮੀ ਵਿਚੋਂ ਭਜਾ ਦਿਤਾ ਸੀ, ਇਸ ਦਾ ਵਿਸ਼ੇਸ ਜ਼ਿਕਰ ਕਵੀ ਨੇ ਮੰਗਲ ਖੰਡ ਵਿਚ ਕੀਤਾ ਹੈ। ਯਥਾ-

ਪਾਡੋ ਕੀ ਸੈਨਾ ਸਭਿ ਭਾਗੀ॥ ਤਿਨਕੀ ਹਾਰ ਸੁ ਆਵਨ ਲਾਗੀ॥

ਦੁਰਜੋਧਨ ਕੀ ਸੈਨਾ ਜੇਤੀ॥ ਮੁਦਿਤ ਭਈ ਮਨ ਮਾਹਿ ਸੁ ਤੇਤੀ॥11॥[643]

ਜਿਥੇ ਦੁਰਯੋਧਨ ਦੀ ਸੈਨਾ ਬਲਸ਼ਾਲੀ ਸੀ ਉਥੇ ਦੁਰਯੋਧਨ ਆਪ ਵੀ ਮਹਾਂ ਯੋਧਾ, ਬਲਸ਼ਾਲੀ ਸੀ। ਪ੍ਰਤਾਪ ਖੰਡ ਵਿਚ ਕਵੀ ਨੇ ਦੁਰਯੋਧਨ ਦੀ ਉਦਾਹਰਨ ਦੇ ਕੇ ਬਾਬਰ ਦੀ ਸੈਨਾ ਦਾ ਬਿਰਤਾਂਤ ਅੰਕਿਤ ਕੀਤਾ ਹੈ। ਯਥਾ-

ਤਿਨਿ ਤੁੰਮਲ ਜੁੱਧ ਕਰਯੋ ਮਿਲਿ ਕੈ ਦੁਰਜੋਧਨ ਭੀਮ ਸਮਾਨ ਉਦਾਰੇ॥

ਲਰਤੇ ਹਥਿਆਰ ਤੁਟੇ ਤਿਨ ਕੇ ਇਕ ਕੇ ਗਰ ਮੈ ਇਕ ਨੈ ਹਥ ਡਾਰੇ॥[644]

ਕ੍ਰਿਸ਼ਨ ਦੁਰਯੋਧਨ ਦੇ ਵਿਰੁਧ ਸੀ, ਜਿਸ ਦਾ ਦੁਰਯੋਧਨ ਨੂੰ ਗੁਸਾ ਸੀ, ਇਸ ਲਈ ਉਹ ਕ੍ਰਿਸ਼ਨ ਨੂੰ ਮਹਾਂ ਕਪਟੀ ਕਹਿੰਦਾ ਸੀ। ਦੁਰਯੋਧਨ ਦੀ ਸੈਨਾ ਵਿਚ ਉਸ ਦਾ ਮਿਤਰ ਕਰਣ ਵੀ ਮਹਾਨ ਯੋਧਾ ਸੀ। ਉਹ ਕਰਣ ਨਾਲ ਕ੍ਰਿਸ਼ਨ ਦੇ ਕਪਟ ਬਾਰੇ ਇਸ ਤਰ੍ਹਾਂ ਵਿਚਾਰ ਕਰਦਾ ਹੈ। ਯਥਾ-

---

[641] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 176.

[642] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 433.

[643] ਉਹੀ, ਪਤਰਾ 30.

[644] ਉਹੀ, ਪਤਰਾ 734.

ਜਿਉ ਦੁਰਜੋਧਨ ਬਚਨਿ ਉਚਾਰੇ॥ ਕਰਣ ਦੁਸਾਸਨਿ ਪ੍ਰਤਿ ਉਦਾਰੇ॥

ਕ੍ਰਿਸਨ ਮਹਾ ਕਪਟੀ ਹੈ ਭਾਈ॥ ਬਾਰ ਬਾਰ ਤਹਿ ਕਹੈ ਸੁਣਾਈ॥69॥

ਪਾਂਡੋ ਕੀ ਸੋ ਕਰੈ ਸਹਾਇ॥ ਹਮ ਸੌ ਮਨ ਤੇ ਦ੍ਰੋਹ ਕਮਾਇ॥

ਹਮਰੀ ਸੈਨਾ ਸਕਲ ਖਪਾਈ॥ਕਪਟੀ ਕ੍ਰਿਸਨ ਮਹਾਂ ਦੁਖਦਾਈ॥70॥[645]

ਸੋ ਕਵੀ ਨੇ ਦੁਰਯੋਧਨ ਨੂੰ ਇਕ ਰਾਜੇ ਦੇ ਰੂਪ ਵਿਚ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ, ਜਿਸ ਦਾ ਯੁਧ ਪਾਂਡਵਾਂ ਨਾਲ ਹੋਇਆ ਸੀ। ਉਹ ਕ੍ਰਿਸ਼ਨ ਦੇ ਵੀ ਵਿਰੁਧ ਸੀ ਅਤੇ ਉਸਨੂੰ ਮਹਾਂ ਕਪਟੀ ਦਸਦਾ ਸੀ। ਉਹ ਬਹੁਤ ਬਲਸ਼ਾਲੀ ਸੀ। ਕਵੀ ਨੇ ਦੁਰਯੋਧਨ ਦਾ ਸਰੂਪ ਚਿਤਰਣ ਕਰਨ ਦਾ ਯਤਨ ਕੀਤਾ ਹੈ।

**ਕੁਝ ਹੋਰ ਰਾਜੇ**

ਉਪਰੋਕਤ ਤੋਂ ਬਿਨਾਂ ਕਵੀ ਨੇ ਹੋਰ ਵੀ ਅਨੇਕਾਂ ਰਾਜਿਆਂ ਦਾ ਵਰਨਣ ਚਰਚਿਤ ਕ੍ਰਿਤੀ ਵਿਚ ਕੀਤਾ ਹੈ। ਜਿਨ੍ਹਾਂ ਵਿਚ ਵਿਸ਼ੇਸ਼ ਹਨ- ਕੁਸਨਾਭ, ਸ਼ਿਵਨਾਭ, ਸੀਲ ਸਾਂਤਿ ਨਿਧਿ, ਰਾਜਾ ਦ੍ਰੋਪਦ, ਇਖਵਾਕੂ, ਤਿਰਦੇਵ ਰਾਜਾ, ਕੁਸਨਾਭ ਅਤੇ ਪ੍ਰਾਚੀਨਵਰੀ ਰਾਜਾ, ਹਮੀਦ ਕਾਰੂ ਅਤੇ ਕਾਰੂ ਬਾਦਸ਼ਾਹ, ਸ਼ੇਰ ਅਲੀ ਮੁਸਲਮਾਨ ਰਾਜਾ, ਹਸਨ  ਅਤੇ ਹੁਸੈਨ, ਕੰਕਾ ਸੀਲਾਪੁਰ ਦਾ ਰਾਜਾ, ਰਾਜਾ ਕਲਿਆਣ, ਰਾਜਾ ਧਿਆਨ, ਮਿਤਰਾਜਿਤ ਰਾਜਾ, ਰਾਜਾ ਗਿਰਹਾ, ਸਿਉਰਾਮ ਰਾਜਾ, ਰਾਮ ਪਨਾਹਿ, ਜੋਗ ਪਨਾਹਿ, ਬ੍ਰਹਮ ਪਨਾਹਿ ਰਾਜੇ, ਦੇਸ ਰਾਏ ਸਪਤੰਪੁੜੇ ਦਾ ਰਾਜਾ, ਯੇਲੂ ਰਾਜਾ, ਰਾਜਾ ਕੋਕਸੁ, ਰਾਜਾ ਸ੍ਰਾਧ ਦੇਵ, ਰਾਜਾ ਬੁਧਿ । ਜਿਨ੍ਹਾਂ ਰਾਜਿਆਂ ਦਾ ਕਵੀ ਨੇ ਥੋੜ੍ਹਾ ਵਿਸਥਾਰ ਦਿਤਾ ਹੈ, ਉਹ ਕਾਲਪਨਿਕ ਭਾਸਦੇ ਹਨ। ਬਾਕੀ ਰਾਜਿਆਂ ਦਾ ਸੰਕੇਤ ਮਾਤਰ ਹੀ ਜ਼ਿਕਰ ਮਿਲਦਾ ਹੈ। ਸੋ ਕਵੀ ਨੇ ਅਨੇਕਾਂ ਹੀ ਪ੍ਰਚਲਿਤ ਰਾਜਿਆਂ ਦਾ ਜ਼ਿਕਰ ਵਿਸ਼ੇਸ਼ਗ ਚਰਚਿਤ ਕ੍ਰਿਤੀ ਵਿਚ ਕਰਨ ਦੇ ਨਾਲ ਕੁਝ ਕੁ ਕਾਲਪਨਿਕ ਰਾਜਿਆਂ ਦਾ ਜ਼ਿਕਰ ਵੀ ਕੀਤਾ ਹੈ।

**1.6 ਰਿਸ਼ੀ ਅਤੇ ਯੋਧੇ-**

---

[645] ਉਹੀ, ਪਤਰਾ 1378.

ਕਵੀ ਨੇ ਅਨੇਕਾਂ ਹੀ ਮਿਥਿਹਾਸਕ ਰਿਸ਼ੀਆਂ ਅਤੇ ਯੋਧਿਆਂ ਦਾ ਜ਼ਿਕਰ ਵਿਚਾਰਾਧੀਨ ਕ੍ਰਿਤੀ ਵਿਚ ਕੀਤਾ ਹੈ। ਵਾਸਤਵ ਵਿਚ ਕਵੀ ਨੇ ਇਨ੍ਹਾਂ ਰਿਸ਼ੀਆਂ ਜਾਂ ਯੋਧਿਆਂ ਦੀਆਂ ਉਦਾਹਰਨਾਂ ਦੇ ਕੇ ਆਪਣੀ ਗੱਲ ਦੀ ਪ੍ਰੋੜਤਾ ਕਰਨ ਦਾ ਯਤਨ ਕੀਤਾ ਹੈ। ਸੋ ਪ੍ਰਮੁਖ ਰਿਸ਼ੀਆਂ ਅਤੇ ਯੋਧਿਆਂ ਦੀ ਵਿਵਰਣ ਨਿਮਨਾਂਕਿਤ ਅਨੁਸਾਰ ਹੈ-

**1.6.1 ਚਿਮਨ**

ਕੋਈ ਹੋ ਚੁਕਾ ਇਕ ਰਿਸ਼ੀ, ਜਿਸਦਾ ਜ਼ਿਕਰ ਕਵੀ ਨੇ ਚਰਚਿਤ ਕ੍ਰਿਤੀ ਦੇ ਮੰਗਲ ਖੰਡ ਵਿਚ ਉਸਦੀ ਉਸਤਤੀ ਅਤਰੈ ਰਿਸ਼ੀ ਨਾਲ ਕਰਕੇ ਉਸ ਨੂੰ ਰਿਸ਼ੀਆਂ ਵਿਚ ਸ਼ਿਰੋਮਣੀ ਸਥਾਨ ਦਿਤਾ ਹੈ। ਕਵੀ ਚਿਮਨ ਰਿਸ਼ੀ ਦਾ ਜ਼ਿਕਰ ਇਸ ਤਰ੍ਹਾਂ ਕਰਦਾ ਹੈ-

ਜਰੀ ਕਾਰੀ ਜਰ ਕਾਰ ਚਿਮਨ ਮਹਾਨ ਪੁਨਿ ਅਸਤਰਿ ਅੱਤਰੈ ਸੁ ਔਰ ਉਰਿ ਆਨੀਐ॥
ਔਰਊ ਅਨੇਕ ਮੁਨਿ ਆਏ ਗੁਰੂ ਅੰਗਦ ਪੈ ਏਕ ਤੇ ਮਹਾਨ ਏਕ ਕਹ ਲੌ ਬਖਾਨੀਐ॥੭॥[646]

ਚਿਮਨ ਰਿਸ਼ੀ ਦੀ ਭਗਤੀ ਬਹੁਤ ਹੀ ਜ਼ਿਆਦਾ ਸੀ। ਉਸ ਦੇ ਤਪ ਬਾਰੇ ਪ੍ਰਤਾਪ ਖੰਡ ਵਿਚ ਕਵੀ ਨੇ ਚਿਮਨ ਰਿਸ਼ੀ ਦੇ ਤਪ ਬਾਰੇ ਦਸਦਿਆਂ ਕਿਹਾ ਹੈ-

ਚਿਮਨ ਰਿਸ ਕਾ ਇਹੁ ਅਸਥਾਨ॥
ਈਹਾਂ ਤਪੁ ਤਿਨ ਕੀਉ ਮਹਾਨ॥੪॥[647]

ਪ੍ਰਤਾਪ ਖੰਡ ਵਿਚ ਕਵੀ ਨੇ ਕਥਾ ਦਸੀ ਹੈ ਕਿ ਚਿਮਨ ਰਿਸ਼ੀ ਦੇ ਸਾਥੀ ਰਿਸ਼ੀ ਪਾਣੀ ਦੀ ਘਾਟ ਹੋਣ ਕਰਕੇ ਉਥੋਂ ਚਲੇ ਗਏ ਅਤੇ ਚਿਮਨ ਰਿਸ਼ੀ ਨੇ ਉਥੇ ਰਹਿ ਕੇ ਤਪ ਕੀਤਾ, ਇਸ ਸਥਾਨ ਦਾ ਨਾਮ ਇਖਵਾਕੂ ਤੀਰਥ ਸਥਾਨ ਹੈ। ਇਥੇ ਚਿਮਨ ਰਿਸ਼ੀ ਨੇ ਇਕ ਹਜ਼ਾਰ ਸਾਲ ਤਪ ਕੀਤਾ ਸੀ, ਸੋ ਇਥੇ ਕਵੀ ਨੇ ਚਿਮਨ ਰਿਸ਼ੀ ਦੀ ਉਮਰ ਹਜ਼ਾਰਾਂ ਸਾਲ ਦਸੀ ਹੈ। ਯਥਾ-

ਬਰਸ ਹਜਾਰ ਦੋਇ ਇਹਾਂ ਜਾਨ॥ ਚਿਮਨ ਰਿਸੀ ਤਪੁ ਕੀਉ ਮਹਾਨ॥

[646] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 50.

[647] ਉਹੀ, ਪਤਰਾ 774.

ਇਖੁ ਵਾਕੂ ਤੀਰਥ ਤੇ ਰਾਮ॥ ਖਸਟਿ ਕੋਸ ਹੋਤੇ ਸੁਖਧਾਮ॥18॥[648]

ਤਪ ਵਾਲੀ ਕਥਾ ਤੋਂ ਬਾਦ ਖਡੂਰ ਖੰਡ ਵਿਚ ਕਵੀ ਨੇ ਚਿਮਨ ਰਿਸ਼ੀ ਦੀ ਇਕ ਹੋਰ ਕਥਾ ਵੀ ਅੰਕਿਤ ਹੈ। ਇਸ ਵਿਚ ਚਿਮਨ ਰਿਸ਼ੀ ਦੇ ਸਰਾਪ ਦੇਣ ਦੀ ਗੱਲ ਹੈ। ਇਕ ਰਾਕਸ਼ ਨੂੰ ਪੂਰਬਲੇ ਜਨਮ ਵਿਚ ਚਿਮਨ ਰਿਸ਼ੀ ਨੇ ਸਰਾਪ ਦਿਤਾ ਸੀ। ਇਕ ਵਿਅਕਤੀ ਝੀਵਰ ਜਾਤੀ ਦਾ ਹੁੰਦਾ ਹੈ, ਉਹ ਚਿਮਨ ਰਿਸ਼ੀ ਨੂੰ ਮਿਲਦਾ ਹੈ। ਰਿਸ਼ੀ ਦੇ ਪੁਛਣ 'ਤੇ ਉਹ ਆਪਣੀ ਅਸਲ ਜਾਤ ਲੁਕੋ ਕੇ ਬ੍ਰਹਮਣ ਜਾਤ ਦਸਦਾ ਹੈ। ਇਸ ਕਰਕੇ ਚਿਮਨ ਰਿਸ਼ੀ ਉਸ ਨੂੰ ਆਪਣੇ ਕੋਲ ਰਖ ਲੈਂਦਾ ਹੈ। ਚਿਮਨ ਰਿਸ਼ੀ ਦਾ ਜਾਤ ਪਾਤ ਵਿਚ ਗੂੜ੍ਹਾ ਵਿਸ਼ਵਾਸ ਹੁੰਦਾ ਹੈ। ਉਹ ਬ੍ਰਹਮਣ ਜਾਤ ਤੋਂ ਬਿਨਾਂ ਕਿਸੇ ਹੋਰ ਜਾਤ ਵਾਲੇ ਨੂੰ ਆਪਣਾ ਚੇਲਾ ਨਹੀਂ ਬਣਾਉਂਦਾ। ਯਥਾ-

ਚਿਮਨ ਰਿਸੀ ਮੋ ਕੋ ਮਿਲਿ ਗਯੋ॥ ਤਿਨ ਮੁਨਿਵਰਿ ਮੋ ਕੋ ਰਖ ਲਯੋ॥
ਚਿਮਨ ਰਿਸੀ ਮੁਹਿ ਬੂਝਾ ਜਬੈ॥ ਬ੍ਰਹਮਣ ਜਨਮ ਕਹਯੋ ਮੈ ਤਬੈ॥36॥
ਅਪਨੀ ਜਾਤ ਸੁ ਮੁਹਿ ਛਪਾਈ॥ ਬ੍ਰਹਮਣ ਜਨਮ ਸੁ ਦਯੋ ਬਤਾਈ॥
ਮੁਨਿਵਰਿ ਕੇ ਮਨ ਉਪਜੀ ਦਯਾ॥ ਸੇਵਾ ਖਾਤਰ ਤਿਨ ਰਖ ਲਯਾ॥37॥[649]

ਇਕ ਦਿਨ ਚਿਮਨ ਰਿਸ਼ੀ ਦਾ ਚੇਲਾ ਸ਼ੂਦਰ ਸੁਭਾਅ ਹੋਣ ਕਰਕੇ ਮਛਲੀ ਫੜ੍ਹ ਕੇ ਭੁੰਨ ਕੇ ਖਾਣ ਲਗਦਾ ਹੈ, ਉਸ ਨੂੰ ਰਿਸ਼ੀ ਚਿਮਨ ਦੇਖ ਲੈਂਦਾ ਹੈ। ਰਿਸ਼ੀ ਸਰਾਪ ਦਿੰਦਾ ਹੈ ਕਿ ਇਹ ਰਾਕਸ਼ ਕਰਮ ਹੈ, ਇਸ ਲਈ ਉਹ ਅਗਲੇ ਜਨਮ ਵਿਚ ਰਾਕਸ਼ ਦੀ ਜੂਨ ਵਿਚ ਪਵੇਗਾ। ਫਿਰ ਉਹ ਰਾਕਸ਼ ਜੂਨ ਵਿਚ ਪੈ ਕੇ ਦਿਨ ਰਾਤ ਮਾਸ ਹੀ ਖਾਂਦਾ ਹੈ ਅਤੇ ਰਾਕਸ਼ਾਂ ਵਾਲੇ ਕਰਮ ਕਰਦਾ ਹੈ। ਯਥਾ-

ਇਕ ਮਛਲੀ ਮੈ ਪਕਰੀ ਤਬੈ॥ ਭੁਨ ਕਰਿ ਪਾਵਨ ਲਾਗਿਯੋ ਜਬੈ॥47॥
ਇਤਿਨੇ ਮੈ ਮੁਨਿ ਆਇ ਸੁ ਗਯੋ॥ ਦੇਖਿ ਤਾਹਿ ਮੁਨਿ ਕੋਪ ਸੁ ਭਯੋ॥
ਮਾਸ ਅਹਾਰੀ ਨਰ ਹੈ ਜੋਇ॥ ਰਾਕਸ ਕੇ ਸਮ ਜਾਨੋ ਸੋਇ॥48॥
ਰਾਕਸ ਕਰਮ ਸੁ ਦੇਖਿਯੋ ਜਬੈ॥ ਮੁਨਿਵਰਿ ਦਯੋ ਸ੍ਰਾਪ ਮੁਹਿ ਤਬੈ॥

---

[648] ਉਹੀ, ਪਤਰਾ 775.

[649] ਉਹੀ, ਪਤਰਾ 829.

ਰਾਕਸ ਕਰਮ ਕੀਉ ਤੈ ਆਇ॥ ਤਾ ਤੇ ਰਾਕਸ ਤਨੁ ਤੂੰ ਪਾਇ॥49॥

ਮਾਸ ਅਹਾਰ ਕਰੋ ਦਿਨ ਰਾਤਿ॥ ਬ੍ਰਹਮਣ ਨਹ ਤੂੰ ਕੋ ਕਮਜਾਤਿ॥

ਇਉ ਮੁਨਿ ਸ੍ਰਾਪ ਦਯੋ ਮੁਹਿ ਜਬੈ॥ ਹਾਥ ਜੋਰਿ ਮੈ ਭਾਖਿਯੋ ਤਬੈ॥50॥[650]

ਇਸੇ ਪ੍ਰਕਾਰ ਦੀ ਕਥਾ ਪਲਖਦੀਪ ਖੰਡ ਵਿਚ ਕਵੀ ਨੇ ਦਸੀ ਹੈ । ਚਿਮਨ ਰਿਸ਼ੀ ਕੋਲ ਵਿਰੁੰਦ ਨਾਮ ਦਾ ਵਿਅਕਤੀ ਰਹਿੰਦਾ ਹੈ। ਇਕ ਦਿਨ ਉਹ ਰਿਸ਼ੀ ਲਈ ਜੰਗਲ ਵਿਚ ਲਕੜਾਂ ਲੈਣ ਜਾਂਦਾ ਹੈ, ਉਸ ਨੂੰ ਪਿਆਸ ਲਗ ਜਾਂਦੀ ਹੈ। ਯਥਾ-

ਇਮ ਭਾਖ ਪ੍ਰਣਾਮ ਕਰੀ ਪੁਨਿ ਮੈ ਕਰਿ ਜੋਰ ਉਭੈ ਰਿਖ ਆਇ ਅਗਾਰੇ॥

ਮਮ ਨਾਮ ਵਿਰੁੰਦ ਕਹਯੋ ਰਿਖ ਕੋ ਪੁਨਿ ਜੋਰ ਕਰੰ ਅਭਿਬੰਦਨ ਧਾਰੇ॥15॥

ਰਿਖ ਪਾਸ ਰਹਯੋ ਦਿਨ ਕੇਤਕਿ ਮੈ ਰਿਖ ਕੀ ਮਰਜੀ ਹਮ ਨੈ ਗੁਰ ਪਾਈ ॥

ਰਿਖ ਲੇਨ ਪਠਯੋ ਸਮਧਾ ਬਨ ਮੈ ਇਕਠੀ ਸੁ ਕਰੀ ਹਮ ਨੈ ਬਨ ਜਾਈ॥

ਸਮਧਾ ਚੁਨਤੇ ਤਨੁ ਪਯਾਸ ਲਗੀ ਸਮਧਾ ਸਿਰ ਉਪਰਿ ਮੋਹਿ ਉਠਾਈ॥

ਅਤਿ ਪਯਾਸ ਲਗੀ ਨਹਿ ਬੋਲ ਸਕੋਂ ਜਲੁ ਪਾਂਨ ਕਰਯੋ ਜਮਨਾ ਮਹਿ ਆਈ॥16॥[651]

ਉਹ ਜਦ ਪਾਣੀ ਪੀਣ ਲਈ ਜਲ ਕੋਲ ਜਾਂਦਾ ਹੈ ਤਾਂ ਦੇਖਦਾ ਹੈ ਕਿ ਮਛੀਆਂ ਕੇਲਾਂ ਕਰ ਰਹੀਆਂ ਹੁੰਦੀਆਂ ਹਨ। ਉਹ ਜਮਨਾਂ ਦੇ ਪਾਣੀ ਵਿਚ ਮਛੀਆਂ ਨੂੰ ਕੇਲ ਕਰਦੇ ਦੇਖ ਕੇ ਉਥੇ ਹੀ ਮਸਤ ਹੋ ਕੇ ਰਹਿ ਜਾਂਦਾ ਹੈ। ਰਿਸ਼ੀ ਕੋਲ ਜਾਣ ਸਮੇਂ ਉਸ ਤੋਂ ਦੇਰ ਹੋ ਜਾਂਦੀ ਹੈ। ਯਥਾ-

ਮਛ ਕੇਲ ਕਰੈਂ ਜਮੁਨਾ ਜਲੁ ਮੈ ਮਛੁਲੀ ਮਛ ਆਪਸ ਮੈ ਮਦਮਾਤੇ॥

ਰਸ ਕੇਲ ਕਰੈਂ ਜਮੁਨਾ ਜਲੁ ਮੈ ਹਮ ਦੇਖਨਿ ਤਾਹਿ ਲਗੇ ਸੁਖਦਾਤੇ॥

ਤਿਨ ਦੇਖਤਿ ਡੇਰ ਲਗੀ ਹਮ ਕੋ ਇਤਿ ਆਪ ਕਰਯੋ ਰਿਖ ਨਾਰ ਅਕਾਤੇ॥

ਸਮਧਾਂ ਨ ਕਿਲਾਲ ਕਛੂ ਘਰਿ ਮੈ ਅਗਰੋਦਿਕ ਲੇਨ ਅਯੋ ਪਰਤਾ ਤੇ॥17॥[652]

---

[650] ਉਹੀ, ਪਤਰਾ 830.

[651] ਉਹੀ, ਪਤਰਾ 1311-12.

[652] ਉਹੀ, ਪਤਰਾ 1312.

ਇਹ ਸਭ ਰਿਸ਼ੀ ਨੂੰ ਜਦ ਪਤਾ ਲਗਦਾ ਹੈ ਤਾਂ ਉਸ ਨੂੰ ਗੁਸਾ ਆ ਜਾਂਦਾ ਹੈ। ਰਿਸ਼ੀ ਨੇ ਆਪਣੀ ਜ਼ੁਬਾਨ ਰੂਪੀ ਧਨੁਸ਼ 'ਤੇ ਵਾਕਾਂ ਦਾ ਤੀਰ ਚੜ੍ਹਾ ਕੇ ਧਨੁਸ਼ ਨੂੰ ਤਾੜ ਲਿਆ। ਇਸ ਤਰ੍ਹਾਂ ਚਿਮਨ ਰਿਸ਼ੀ ਨੇ ਸਰਾਪ ਦਿਤਾ ਕਿ ਉਸਨੂੰ ਮਛੀਆਂ ਦਾ ਕੇਲ ਪਸੰਦ ਹੈ ਇਸ ਲਈ ਉਹ ਅਗਲੇ ਜਨਮ ਵਿਚ ਮਛ ਜੂਨੀ ਵਿਚ ਪਵੇਗਾ। ਯਥਾ-

ਦੇਖਤਿ ਕੇਲ ਰਿਖੀ ਲਖ ਪਾਯੋ॥ ਕੋਪ ਭੌਹਿ ਧਨ ਤਾਹਿ ਚੜਾਯੋ॥

ਵਾਕ ਸਿਲੀ ਮੁਖਿ ਤਾਹਿ ਸੰਚਰਜੋ॥ ਬਾਕ ਬਾਨ ਕਰਿ ਤਾੜਨਿ ਕਰਜੋ॥18॥

ਚਿਮਨ ਰਿਖੀ ਮੁਹਿ ਦੀਨੋ ਸਰਾਪ॥ ਮੱਛ ਜਨਮ ਜੜਿ ਪਾਵਹੁ ਆਪ॥

ਮਛਲੀ ਕੇਲ ਤੋਹਿ ਮਨ ਭਾਈ॥ ਧਾਰੋ ਜਨਮ ਮੱਛੁ ਕਾ ਜਾਈ॥19॥[653]

ਸੋ ਉਪਰੋਕਤ ਦੋ ਸਾਖੀਆਂ ਤੋਂ ਅਸੀਂ ਦੇਖਿਆ ਹੈ ਕਿ ਚਿਮਨ ਰਿਸ਼ੀ ਬਹੁਤ ਹੀ ਗੁਸੇ ਵਾਲਾ ਹੈ। ਉਸ ਦੇ ਗੁਸੇ ਤੋਂ ਡਰਦੇ ਹੀ ਰਾਜਾ ਕੁਸਨਾਭ ਨੇ ਆਪਣੀਆਂ ਸੌ ਕੰਨਿਆਂਵਾਂ ਦਾ ਵਿਆਹ ਚਿਮਨ ਰਿਸ਼ੀ ਨਾਲ ਕਰ ਦਿਤਾ ਸੀ। ਖਡੂਰ ਖੰਡ ਵਿਚ ਕਵੀ ਨੇ ਇਸ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਰਾਜਾ ਕੁਸਨਾਭ ਦੀ ਰਾਜਧਾਨੀ ਕੁਬਜਾ ਨਗਰੀ ਸੀ। ਉਸ ਦੀ ਇਕ ਸੌ ਪੁਤਰੀ ਸੀ, ਜੋ ਕਿ ਬਹੁਤ ਹੀ ਸੁੰਦਰ ਸੀ। ਯਥਾ-

ਕੁਸਨਾਭ ਨਰੇਸ ਸੁਰੇਸ ਸਮੰ ਕੁਬਜਾ ਨਗਰੀ ਤਿਸ ਕੀ ਰਜਧਾਨੀ॥

ਸੁ ਮਹਾ ਧਰਮਾਤਮ ਭੂਪ ਬਲੀ ਜਿਸ ਕੇ ਸਮੰ ਦੂਸਰਿ ਨਾਹਿ ਬਿਨਾਨੀ॥

ਨਿਪੁੰਨ ਨਿਗਮਾਗਮ ਗਯਾਨ ਵਿਖੈ ਗੁਣਿ ਸੀਲ ਉਦਾਰ ਮਹਾ ਸੁਰ ਗਯਾਨੀ॥

ਪੁਤਰੀ ਇਕ ਸੰਬਰ ਥੀ ਤਿਸਕੈ ਅਤਿ ਸੁੰਦਰ ਰੂਪ ਸੁ ਥੀ ਗੁਣਿ ਖਾਨੀ॥3॥[654]

ਰਾਜਾ ਨੇ ਉਨ੍ਹਾਂ ਦੇ ਵਿਆਹ ਲਈ ਸੁਯੰਬਰ ਰਚਾਇਆ ਜਿਸ ਵਿਚ ਬਹੁਤ ਸਾਰੇ ਰਿਸ਼ੀ ਆਏ, ਉਨ੍ਹਾਂ ਵਿਚ ਚਿਮਨ ਰਿਸ਼ੀ ਪਰਧਾਨ ਸੀ। ਰਾਜਾ ਨੇ ਸਰਾਪ ਤੋਂ ਡਰਦੇ ਨੇ ਸਾਰੀਆਂ ਹੀ ਕੰਨਿਆਵਾਂ ਚਿਮਨ ਰਿਸ਼ੀ ਨੂੰ ਵਿਆਹ ਦਿਤੀਆਂ। ਯਥਾ-

---

[653] ਉਹੀ, ਪਤਰਾ 1312.

[654] ਉਹੀ, ਪਤਰਾ 847.

ਰਿਸੀ ਮੁਨੀ ਬਹੁਤੇ ਤਹਿ ਆਏ॥ ਵਾਸਵ ਨੈ ਸਭਿ ਆਪ ਪਠਾਏ॥

ਚਿਮਨ ਰਿਸੀ ਤਿਨ ਮੈ ਪਰਧਾਨ॥ ਸਭਿ ਕੰਨਯਾ ਤਿਨ ਲਈ ਮਹਾਨ॥8॥

ਡਰਤੈ ਭੂਪਤਿ ਦੀਨੀ ਆਪ॥ ਅਦਭੁਤਿ ਦੇਖ ਸੁ ਤਾਹਿ ਪ੍ਰਤਾਪ॥

ਸ੍ਰਾਪ ਅਗਨਿ ਤੇ ਭੂਪ ਸੁ ਡਰਿਯੋ॥ ਕਛੂ ਬਿਚਾਰ ਨ ਮਨ ਮੈ ਕਰਿਯੋ॥9॥[655]

ਕਵੀ ਨੇ ਤਿਲਗੰਜੀਦੇਵ ਖੰਡ ਵਿਚ ਚਿਮਨ ਰਿਸ਼ੀ ਦੇ ਇਕ ਪੁਤਰ ਦਾ ਜ਼ਿਕਰ ਕੀਤਾ ਹੈ, ਕਵੀ ਅਨੁਸਾਰ ਚਿਮਨ ਰਿਸ਼ੀ ਦੇ ਪੁਤਰ ਦਾ ਨਾਮ ਮੇਧਾਵੀ ਸੀ। ਇਕ ਮੁਨੀ ਆਪਣੀ ਜਾਣ ਪਛਾਣ ਕਰਾਉਂਦਾ ਹੋਇਆ ਦਸਦਾ ਹੈ ਕਿ ਉਸ ਦੇ ਪਿਤਾ ਦਾ ਨਾਮ ਕੁੰਦਨ ਮੁਨੀ ਹੈ ਅਤੇ ਉਹ ਮੇਧਾਵੀ ਰਿਸ਼ੀ ਦਾ ਚੇਲਾ ਹੈ ਜਿਸਦਾ ਪਿਤਾ ਚਿਮਨ ਰਿਸ਼ੀ ਸੀ। ਯਥਾ-

ਕੁੰਦਨਿ ਮੁਨੀ ਕੋ ਸੁਤ ਪੂਰਬ ਪਛਾਨੋ ਮੋਹਿ ਮੈਨੁਕਾ ਸੁ ਜਨਨੀ ਹਮਾਰੀ ਉਰ ਆਨੀਐ॥

ਚਿਮਨ ਰਿਖੀ ਕੋ ਸੁਤ ਮੇਧਾਵੀ ਸੁ ਗੁਰੂ ਮੇਰਾ ਬਿਦਿਆ ਭਿਆਸ ਕਰੋਂ ਰੈਨਿ ਦਿਨ ਜਾਨੀਐ॥[656]

ਇਸ ਪ੍ਰਕਾਰ ਕਵੀ ਨੇ ਚਿਮਨ ਰਿਸ਼ੀ ਦਾ ਮਿਥਿਹਾਸਕ ਸਰੂਪ ਵਰਣਿਤ ਕੀਤਾ ਹੈ, ਜਿਸ ਵਿਚ ਦਸਿਆ ਹੈ ਕਿ ਉਸ ਦੀਆਂ ਇਕ ਸੌ ਇਸਤਰੀਆਂ ਸਨ, ਉਸ ਨੂੰ ਗੁਸਾ ਬਹੁਤ ਛੇਤੀ ਆਉਂਦਾ ਸੀ ਜਿਸ ਕਰਕੇ ਉਹ ਸਰਾਪ ਦੇ ਦਿੰਦਾ ਸੀ। ਸੋ ਕਵੀ ਨੇ ਜ਼ਰੂਰਤ ਅਨੁਸਾਰ ਚਿਮਨ ਰਿਸ਼ੀ ਦੇ ਸਰੂਪ ਦੀ ਵਿਸਤ੍ਰਿਤ ਜਾਣਕਾਰੀ ਦਿਤੀ ਹੈ।

### 1.6.2 ਦੁਰਬਾਸਾ

ਦੁਰਬਾਸਾ ਦਾ ਜਨਮ ਅੰਤ੍ਰਿ ਰਿਸ਼ੀ ਦੇ ਘਰ ਅਨਸੂਯਾ ਦੀ ਕੁੱਖੋਂ ਹੋਇਆ। ਇਸ ਦਾ ਸੁਭਾ ਸਖ਼ਤ ਸੀ ਤੇ ਕਦੀ ਕਦੀ ਮਾਮੂਲੀ ਗੱਲ ਤੇ ਹਰ ਇਕ ਨੂੰ ਸਰਾਪ ਦੇ ਦਿੰਦਾ ਸੀ। ਪੁਰਾਣ-ਸਾਹਿਤ ਅਨੁਸਾਰ ਜਦੋਂ ਰਿਸ਼ੀ ਨੇ ਇੰਦ੍ਰ ਨੂੰ ਸਿਰੋਪਾਉ ਵਜੋਂ ਦਿਤੇ ਹਾਰ ਦਾ ਅਪਮਾਨ ਕਰਦਿਆਂ ਦੇਖਿਆ ਤਾਂ ਸਰਾਪ ਦੇ ਦਿਤਾ ਕਿ ਉਸਦਾ ਤਿੰਨ ਲੋਕਾਂ ਦਾ ਰਾਜ ਨਸ਼ਟ ਹੋ ਜਾਵੇ। ਇਸ ਸਰਾਪ ਕਾਰਣ ਦੇਵਤਿਆਂ ਦੀ ਸ਼ਕਤੀ ਮੱਧਮ ਪੈ ਗਈ। ਮਹਾਂਭਾਰਤ ਵਿਚ ਆਉਂਦਾ ਹੈ ਕਿ ਇਕ ਵਾਰੀ ਸ੍ਰੀ ਕ੍ਰਿਸ਼ਨ ਨੇ ਦੁਰਬਾਸਾ ਰਿਸ਼ੀ ਦੀ ਆਉ ਭਗਤ

[655] ਉਹੀ, ਪਤਰਾ 847.

[656] ਉਹੀ, ਪਤਰਾ 1574.

ਕੀਤੀ, ਪਰ ਰਿਸ਼ੀ ਦੇ ਚਰਨ ਤੋਂ ਅੰਨ ਦਾ ਜੂਠਾ ਕਿਣਕਾ ਪੂੰਝਣੋਂ ਰੁਕ ਗਏ। ਇਸ ਤੇ ਉਨ੍ਹਾਂ ਸਰਾਪ ਦੇ ਦਿੱਤਾ ਕਿ ਤੇਰਾ ਅੰਤ ਪੈਰ ਵਿਚ ਤੀਰ ਲੱਗਣ ਨਾਲ ਹੋਵੇਗਾ। ਇਸੇ ਤਰ੍ਹਾਂ ਇਕ ਵਾਰ ਰਿਸ਼ੀਆਂ ਦੀ ਮੰਡਲੀ ਨਾਲ ਦੁਰਬਾਸਾ ਦੁਆਰਕਾ ਆਇਆ ਤੇ ਪ੍ਰਕਾਸ਼ ਖੇਤਰ ਤੇ ਕੁਝ ਦੇਰ ਟਿਕੇ। ਇੱਥੇ ਯਾਦਵ ਕੁਲ ਦੇ ਲੜਕੇ ਖੇਡ ਰਹੇ ਸਨ। ਉਨ੍ਹਾਂ ਕ੍ਰਿਸ਼ਨ ਦੇ ਲੜਕੇ ਸਾਂਭ ਦੇ ਪੇਟ ਤੇ ਮੂਸਲ ਬੰਨ੍ਹ ਕੇ ਤੇ ਉਤੇ ਕਪੜੇ ਲਪੇਟ ਕੇ ਇਸਤ੍ਰੀ ਵਾਲਾ ਭੇਸ ਬਣਾ ਰਿਖੀ ਤੋਂ ਮਸ਼ਕਰੀ ਨਾਲ ਪੁਛਿਆ ਕਿ ਇਸ ਦੇ ਪੇਟ ਤੋਂ ਕੀ ਜੰਮੇਗਾ? ਇਸ ਤੇ ਰਿਖੀ ਅਤਿ ਕ੍ਰੋਧਵਾਨ ਹੋਇਆ ਤੇ ਸਰਾਪ ਦਿਤਾ ਕਿ ਇਸ ਦੇ ਪੇਟ ਤੋਂ ਉਹ ਜੰਮੇਗਾ ਜੋ ਯਾਦਵਾਂ ਦੀ ਕੁਲ ਦਾ ਨਾਸ ਕਰੇਗਾ। ਕ੍ਰਿਸ਼ਨ ਨੂੰ ਇਹ ਗੱਲ ਪਤਾ ਲੱਗਣ ਤੇ ਉਨ੍ਹਾਂ ਉਸ ਮੂਸਲ ਦੇ ਟੁਕੜੇ ਕਰਵਾ ਦਿੱਤੇ ਅਤੇ ਉਸ ਤੋਂ ਸਰਕੜਾ ਪੈਦਾ ਹੋਇਆ ਮੂਸਲ ਦਾ ਇਕ ਟੁਕੜਾ ਜੋ ਮੱਛੀ ਨੇ ਖਾਧਾ ਸੀ ਬਧਕ ਨੇ ਤੀਰ ਨਾਲ ਲਾ ਲਿਆ । ਕੁਝ ਚਿਰ ਪਿਛੋਂ ਯਾਦਵਾਂ ਦਾ ਸਾਰਾ ਪਰਵਾਰ ਪ੍ਰਭਾਸ ਖੇਤਰ ਤੇ ਇਸ਼ਨਾਨ ਕਰਨ ਗਿਆ। ਯਾਦਵ ਸ਼ਰਾਬ ਪੀ ਕੇ ਆਪਸ ਵਿਚ ਲੜ ਪਏ ਤੇ ਉਸੇ ਸਰਕੜੇ ਨਾਲ ਹੀ ਇਕ ਦੂਜੇ ਨੂੰ ਮਾਰ ਮੁਕਾਇਆ।[657] ਕਵੀ ਨੇ ਮੰਗਲ ਖੰਡ ਵਿਚ ਦੁਰਬਾਸਾ ਰਿਸ਼ੀ ਦੀ ਬੰਦਨਾ ਕੀਤੀ ਹੈ। ਕਵੀ ਨੇ ਦੁਰਬਾਸਾ ਰਿਸ਼ੀ ਬਾਲਮੀਕ, ਗੋਤਮ, ਅੰਗਰਾ, ਕਪਲਮੁਨੀ ਇਤਿਆਦਿਕ ਮਹਾਨ ਰਿਸ਼ੀਆਂ ਨਾਲ ਹੀ ਬੰਦਨਾ ਕੀਤੀ ਹੈ। ਯਥਾ-

ਵਾਸਦੇਵ ਬਾਲਮੀਕ ਗੋਤਮ ਮਹਾਨ ਰਿਖੀ ਅੰਗਰੇ ਕਪਲਮੁਨੀ ਔਰ ਗੁਨਿਵਾਨੀਐ॥
ਕੁੰਭਜ ਮਹਾਨ ਰਿਸੀ ਸਿਸ ਸਭਿ ਸੰਗ ਲੀਏ ਆਯੋ ਦੁਰਬਾਸਾ ਪੁਨਿ ਤੇਜ ਪੁੰਜ ਜਾਨੀਐ॥[658]

ਦੁਰਬਾਸਾ ਰਿਸ਼ੀ ਨੂੰ ਵੀ ਕਵੀ ਨੇ ਗੁਸੇ ਵਾਲਾ ਦਰਸਾਇਆ ਗਿਆ ਹੈ। ਸਿੰਗਲਾਦੀਪ ਖੰਡ ਵਿਚ ਇਕ ਕਥਾ ਵਿਚ ਦੁਰਬਾਸਾ ਰਿਸ਼ੀ ਦੇ ਸਰਾਪ ਦੀ ਗੱਲ ਕੀਤੀ ਗਈ ਹੈ। ਇਕ ਬਾਗ ਜੋ ਕਿ ਸ਼ਿਵ ਨਾਭ ਦਾ ਸੀ ਉਸਨੂੰ ਰਿਸ਼ੀ ਨੇ ਸਰਾਪ ਦਿਤਾ ਹੁੰਦਾ ਹੈ ਕਿ ਉਹ ਸੁਕ ਜਾਵੇਗਾ। ਵਾਸਤਵ ਵਿਚ ਕਥਾ ਇਸ ਤਰ੍ਹਾਂ ਹੈ ਕਿ ਇਕ ਵਾਰ ਦੁਰਬਾਸਾ ਰਿਸ਼ੀ ਅਤੇ ਹੋਰ ਰਿਸ਼ੀ ਇਸ ਬਾਗ ਵਿਚ ਆਏ। ਯਥਾ-

ਕਿਨ ਸੰਤ ਸਰਾਪ ਦਯੋ ਤਿਸ ਕੋ ਤਿਸ ਕਾ ਮੁਹਿ ਨਾਮੁ ਕਹੋ ਸੁਖਦਾਈ॥

---

[657] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 175-76.

[658] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 50.

ਕਿਸ ਕਾਰਣ ਸੰਤ ਸਰਾਪ ਦਯੋ ਵਹਿ ਕਾਰਣ ਭੀ ਮਮ ਦੇਹੁ ਬਤਾਈ॥

ਸੁਨਿ ਕੈ ਮੁਨਿ ਆਪ ਕਹਯੋ ਤਿਸ ਕੋ ਅਬ ਭਾਖਤਿ ਹੋਂ ਸੁਨਿਯੈ ਮਨ ਲਾਈ॥

ਇਕ ਕਾਲ ਵਿਖੈ ਮੁਨਿ ਪੁੰਗਵ ਜੋ ਦੁਰਿਬਾਸ ਰਿਖੀ ਮੁਨਿ ਮੇਲ ਮਿਲਾਈ॥8॥[659]

ਰਿਸ਼ੀਆਂ ਨੇ ਉਥੋਂ ਫਲ ਤੋੜ ਕੇ ਖਾਹ ਲਏ, ਇਤਨੇ ਸਮੇਂ ਨੂੰ ਉਸ ਬਾਗ ਦਾ ਮਾਲਕ ਆ ਗਿਆ। ਉਸਨੇ ਰਿਸ਼ੀਆਂ ਨੂੰ ਅਪ-ਸ਼ਬਦ ਬੋਲੇ, ਜਿਸ ਤੋਂ ਰਿਸ਼ੀ ਦੁਰਬਾਸਾ ਨੂੰ ਗੁਸਾ ਆ ਗਿਆ। ਰਿਸ਼ੀ ਨੇ ਸਰਾਪ ਦਿਤਾ ਕਿ ਅੱਜ ਤੋਂ ਬਾਅਦ ਇਹ ਬਾਗ ਸੁਕ ਜਾਵੇਗਾ ਅਤੇ ਉਹ ਬਾਗ ਸੁਕ ਗਿਆ। ਯਥਾ-

ਤਿਉ ਤਿਨ ਮੁਨਿ ਮਹਿਮਾ ਨਹਿ ਜਾਨੀ॥ ਵਾਕ ਅਜੋਗ ਕਹੇ ਅਗਿਆਨੀ॥

ਦੁਰਿਬਾਸਾ ਮੁਨਿ ਕੋਪਿਯੋ ਆਪ॥ ਮੁਨਿਵਰਿ ਦੀਉ ਕੋਪਿ ਕਰਿ ਸ੍ਰਾਪ॥12॥

ਜਿਸੁ ਮੁਖਿ ਤੇ ਤੁਹਿ ਬਾਕ ਉਚਾਰੇ॥ ਤਿਸ ਮੁਖਿ ਕਿਰਮ ਸੁ ਪਰੋ ਉਦਾਰੇ॥

ਤੀਨ ਦਿਵਸ ਨਹੀ ਨਾਗਹਿ ਤਾਹਿ॥ ਅਸ ਪੁਨਿ ਫੇਰਿ ਕਹੈ ਤੂੰ ਨਾਹਿ॥13॥

ਅਰੁ ਇਹੁ ਬਾਗ ਸੂਕ ਸਭ ਜਾਇ॥ ਫੂਲ ਫਲੁ ਇਸਿ ਕੋ ਕੋਇ ਨ ਆਇ॥

ਇਉ ਮੁਨਿਵਰਿ ਦੀਉ ਆਪ ਸਰਾਪ॥ ਸੁਨਿਉ ਸਰਾਪ ਸੁ ਭੂਪਤਿ ਆਪ॥14॥[660]

ਸੋ ਕਵੀ ਨੇ ਰਿਸ਼ੀ ਦੁਰਬਾਸਾ ਦਾ ਜ਼ਿਕਰ ਮੰਗਲ ਖੰਡ ਵਿਚ ਪ੍ਰਮੁਖ ਰਿਸ਼ੀਆਂ ਦੇ ਨਾਲ ਹੀ ਬੰਦਨਾ ਕਰਕੇ ਕੀਤਾ ਹੈ। ਉਸ ਤੋਂ ਬਾਅਦ ਸਿੰਗਲਾਦੀਪ ਖੰਡ ਵਿਚ ਉਸ ਦੇ ਸਰਾਪ ਦੀ ਕਥਾ ਦਸੀ ਹੈ, ਜਿਸ ਤੋਂ ਅਸੀਂ ਉਸ ਦੇ ਗੁਸੇ ਵਾਲੇ ਸੁਭਾਅ ਤੋਂ ਜਾਣੂੰ ਹੁੰਦੇ ਹਾਂ । ਕਵੀ ਨੇ ਇਸ ਤਰ੍ਹਾਂ ਰਿਸ਼ੀ ਦੁਰਬਾਸਾ ਦਾ ਸਰੂਪ ਵਰਣਿਤ ਕੀਤਾ ਹੈ।

### 1.6.3 ਗੋਤਮ

ਗੋਤਮ ਜਨਕ ਦੇ ਪੁਰੋਹਿਤ ਸਤਾਨੰਦ ਦਾ ਪਿਤਾ ਸੀ ਅਤੇ ਇਸ ਦੀ ਪਤਨੀ ਸੀ ਅਹਿਲਿਆ। ਅਹਿਲਿਆ ਦੇ ਇੰਦਰ ਨਾਲ ਅਯੋਗ ਸਬੰਧ ਹੋਣ ਕਰਕੇ ਗੌਤਮ ਨੇ ਉਸ ਨੂੰ ਪੱਥਰ ਦੀ ਤਰ੍ਹਾਂ ਜੜ੍ਹ ਹੋ ਜਾਣ

---

[659] ਉਹੀ, ਪਤਰਾ 1349.

[660] ਉਹੀ, ਪਤਰਾ 1349.

ਦਾ ਸ਼ਰਾਪ ਦਿਤਾ ਜਿਸ ਦਾ ਉਧਾਰ ਪਿਛੋਂ ਰਾਮ ਜੀ ਨੇ ਕੀਤਾ। ਪੁਰਾਣ-ਸਾਹਿਤ ਅਨੁਸਾਰ ਅਹਿਲਿਆ ਇਕ ਸੁੰਦਰ ਇਸਤ੍ਰੀ ਸੀ। ਇਕ ਦਿਨ ਇੰਦ੍ਰ ਨੇ ਚੰਦਰਮਾ ਨੂੰ ਮੁਰਗਾ ਬਣਾ ਕੇ ਸਮੇਂ ਤੋਂ ਪਹਿਲਾਂ ਬਾਂਗ ਦਿਵਾ ਦਿੱਤੀ। ਰਿਸ਼ੀ ਤੜਕੇ ਉਠ ਕੇ ਨਦੀ ਤੇ ਇਸ਼ਨਾਨ ਲਈ ਚਲਾ ਗਿਆ ਅਤੇ ਪਿਛੋਂ ਇੰਦ੍ਰ ਅਹਿਲਿਆ ਪਾਸ ਆ ਗਿਆ। ਜਦ ਵਾਪਸੀ ਤੇ ਗੋਤਮ ਨੂੰ ਸਾਰੀ ਗੱਲ ਦਾ ਪਤਾ ਲਗਾ ਤਾਂ ਉਸ ਅਹਿਲਿਆ ਅਤੇ ਇੰਦ੍ਰ ਦੋਹਾਂ ਨੂੰ ਸਰਾਪ ਦੇ ਦਿਤਾ। ਇੰਦ੍ਰ ਨੂੰ ਇਹ ਕਿਹਾ ਕਿ ਤੂੰ ਇਕ ਭਗ ਲਈ ਇਥੇ ਆਇਆ ਸੈਂ, ਤੇਰੇ ਹਜ਼ਾਰਾਂ ਭਗਾਂ ਹੋ ਜਾਣ। ਅਹਿਲਿਆ ਨੂੰ ਪੱਥਰ ਹੋ ਜਾਣ ਦਾ ਸ਼ਰਾਪ ਦਿਤਾ। ਇਕ ਗੌਤਮ ਰਿਸ਼ੀ ਨਿਆਇ ਸ਼ਾਸਤ੍ਰ ਦਾ ਕਰਤਾ ਹੋਇਆ ਹੈ। ਕਈ ਵਿਦਵਾਨ ਦੋਹਾਂ ਨੂੰ ਇਕੋ ਵਿਅਕਤੀ ਮੰਨਦੇ ਹਨ ਅਤੇ ਕੁਝ ਗੋਤਮ ਤਪੇ ਨੂੰ ਅਲਹਿਦਾ ਸਮਝਦੇ ਹਨ।[661] ਕਵੀ ਨੇ ਰਿਸ਼ੀ ਗੋਤਮ ਦਾ ਨਾਮ ਵਾਸਦੇਵ, ਬਾਲਮੀਕ, ਕਪਲਮੁਨੀ ਇਤਿਆਦਿਕ ਨਾਲ ਹੀ ਮੰਗਲ ਖੰਡ ਵਿਚ ਅੰਕਿਤ ਕਰਕੇ ਬੰਦਨਾ ਕੀਤੀ ਹੈ। ਯਥਾ-

ਵਾਸਦੇਵ ਬਾਲਮੀਕ ਗੋਤਮ ਮਹਾਨ ਰਿਖੀ ਅੰਗਰੇ ਕਪਲਮੁਨੀ ਔਰ ਗੁਨਿਵਾਨੀਐ॥
ਕੁੰਭਜ ਮਹਾਨ ਰਿਸੀ ਸਿਸ ਸਭਿ ਸੰਗ ਲੀਏ ਆਯੋ ਦੁਰਬਾਸਾ ਪੁਨਿ ਤੇਜ ਪੁੰਜ ਜਾਨੀਐ॥[662]

ਬੰਦਨਾ ਕਰਨ ਤੋ ਬਿਨਾਂ ਬ੍ਰਹਮ ਖੰਡ ਵਿਚ ਗੋਤਮ ਰਿਸ਼ੀ ਦੇ ਤਪ ਅਸਥਾਨ ਬਾਰੇ ਵੀ ਕਵੀ ਨੇ ਵਿਚਾਰ ਅੰਕਿਤ ਕੀਤੇ ਹਨ। ਕਵੀ ਨੇ ਇਹ ਵੀ ਦਸਿਆ ਹੈ ਕਿ ਗੋਤਮ ਰਿਸ਼ੀ ਸ਼ਿਵ ਦਾ ਭਗਤ ਸੀ। ਜਿਸ ਸਥਾਨ ਉਤੇ ਰਿਸ਼ੀ ਨੇ ਤਪ ਕੀਤਾ ਸੀ ਉਸ ਦਾ ਨਾਮ ਗੋਤੇਸ੍ਵਰ ਪੈ ਗਿਆ। ਯਥਾ-

ਹੇਮ ਲਿੰਗ ਇਕ ਤਾਕੇ ਮਾਂਹਿ॥ ਦੇਖਿ ਪ੍ਰਸੰਨ ਭਯੋ ਸੋ ਤਾਂਹਿ॥
ਗੋਤਮ ਰਿਖ ਤਹਿ ਬਹੁ ਚਿਰਕਾਲ॥ ਕੀਨੋ ਤਪ ਤਹਿ ਗੁਹਾ ਬਿਸਾਲ॥30॥
ਗੁਹਿ ਮੈ ਲਿੰਗ ਹੇਮ ਕਾ ਜੋਇ॥ ਗੋਤਮ ਰਿਖ ਅਸਥਾਪਿਉ ਸੋਇ॥
ਗੋਤੇਸ੍ਵਰ ਤਹਿ ਨਾਮ ਸੁ ਜਾਨ॥ ਬੈਠ ਗਯੋ ਤਹਿ ਮੁਨੀ ਮਹਾਨ॥31॥[663]

---

[661] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 116.

[662] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 50.

[663] ਉਹੀ, ਪਤਰਾ 161.

ਗੋਤਮ ਰਿਸ਼ੀ ਨਾਲ ਜੁੜੀ ਪੌਰਾਣਿਕ ਕਥਾ ਦਾ ਹਵਾਲਾ ਵੀ ਕਵੀ ਨੇ ਇਕ ਸਥਾਨ ਉਤੇ ਸੰਖਿਪਤ ਰੂਪ ਵਿਚ ਦਿਤਾ ਹੈ। ਕਵੀ ਨੇ ਜ਼ਿਆਦਾ ਵਿਸਥਾਰ ਨਾ ਕਰਦੇ ਹੋਏ ਸਾਰੀ ਕਥਾ ਸੰਕੇਤ ਰੂਪ ਵਿਚ ਦਸ ਦਿਤੀ ਕਿ ਇੰਦਰ ਨੇ ਅਹਲਿਆ ਨਾਲ ਵਿਭਚਾਰ ਕੀਤਾ ਅਤੇ ਉਸ ਦੇ ਸਰੀਰ ਉਤੇ ਸੈਂਕੜੇ ਹੀ ਭਗ ਹੋਏ। ਇਸ ਦਾ ਚੰਦਰਮਾ ਨੂੰ ਵੀ ਫਲ ਭੁਗਤਣਾ ਪਿਆ ਉਸ ਨੂੰ ਕਲੰਕ ਲਗਾ। ਯਥਾ-

ਸੁਰਪਤਿ ਕੋ ਮਨ ਨੈ ਭਰਮਾਯੋ॥ ਗੋਤਮ ਰਿਖ ਕੇ ਧਾਮ ਪਠਾਯੋ॥

ਸਹੰਸ੍ਰ ਭਗ ਤਿਸ ਕੈ ਤਨੁ ਭਈ॥ ਰੂਪ ਮਦਨ ਗਯੋ ਪਤਿ ਪੁਨਿ ਗਈ॥45॥

ਸਸਿ ਕੋ ਬਹਰਿ ਕਲੰਕ ਲਗਾਯੋ॥ ਪੁਨਿ ਕਪਿ ਬਾਲੀ ਮਨ ਮਰਵਾਯੋ॥[664]

ਰਿਸ਼ੀ ਗੋਤਮ ਬਾਰੇ ਕਵੀ ਨੇ ਬੰਦਨਾ ਕਰਕੇ ਉਸ ਦਾ ਸੰਖਿਪਤ ਰੂਪ ਵਿਚ ਚਿਤਰਣ ਕੀਤਾ ਹੈ। ਉਸ ਨੂੰ ਸ਼ਿਵ ਦਾ ਭਗਤ ਦਸਦੇ ਹੋਏ ਉਸ ਦੀ ਪੌਰਾਣਿਕ ਕਥਾ ਦਾ ਹਵਾਲਾ ਵੀ ਦਿਤਾ ਹੈ। ਸੋ ਕਵੀ ਨੇ ਗੋਤਮ ਰਿਸ਼ੀ ਦਾ ਸਰੂਪ ਬਿਆਨ ਕੀਤਾ ਹੈ।

### 1.6.4 ਕਪਿਲ

ਇਕ ਪ੍ਰਸਿਧ ਰਿਸ਼ੀ, ਜਿਹੜਾ ਸਾਂਖ਼ਜ ਸ਼ਾਸ਼ਤਰ ਦਾ ਬਾਨੀ ਸੀ। ਪੁਰਾਣ-ਸਾਹਿਤ ਵਿਚ ਇਸ ਨੂੰ ਵਿਤਥ ਦਾ ਪੁਤਰ ਮੰਨਿਆ ਗਿਆ ਹੈ। ਕਈ ਵਾਰੀ ਇਸ ਦਾ ਵਿਸ਼ਨੂੰ ਅਤੇ ਕਈ ਵਾਰੀ ਇਸ ਦਾ ਅਗਨੀ ਨਾਲ ਏਕੀਕਰਨ ਕੀਤਾ ਜਾਂਦਾ ਹੈ। ਇਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਨੇ ਰਾਜਾ ਸਗਰ ਦੇ ਇਕ ਲੱਖ ਪੁਤਰਾਂ ਨੂੰ ਇਕ ਟਕ ਵੇਖਕੇ ਭਸਮ ਕਰ ਦਿਤਾ ਸੀ।[665] ਕਵੀ ਨੇ ਕਪਲ ਮੁਨੀ ਦੀ ਮੰਗਲ ਖੰਡ ਵਿਚ ਬੰਦਨਾ ਕੀਤੀ ਹੈ, ਕਵੀ ਨੇ ਕਪਲ ਮੁਨੀ ਨੂੰ ਭਗਵਾਨ ਦਾ ਦਰਜਾ ਦਿਤਾ ਹੈ। ਉਸ ਦੇ ਨਾਲ ਹੀ ਪ੍ਰਸਿਧ ਰਿਸ਼ੀਆਂ ਦੇ ਨਾਵਾਂ ਨਾਲ ਕਪਲ ਮੁਨੀ ਦਾ ਨਾਮ ਵੀ ਅੰਕਿਤ ਕੀਤਾ ਹੈ। ਯਥਾ-

ਕੁੰਤੀ ਕੁੰਜ ਕਦੰਬ ਪੁਨਿ ਕਨਿਕ ਕੇਤਕੀ ਜਾਨ॥

ਕਪਲ ਮੁਨੀ ਭਗਵਾਨ ਪੁਨਿ ਕੁੰਭਕੋਣ ਭਗਵਾਨ॥17॥[666]

---

[664] ਉਹੀ, ਪਤਰਾ 829.

[665] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 166.

[666] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 12.

ਵਾਸਦੇਵ ਬਾਲਮੀਕ ਗੋਤਮ ਮਹਾਨ ਰਿਖੀ ਅੰਗਰੇ ਕਪਲਮੁਨੀ ਔਰ ਗੁਨਿਵਾਨੀਐ॥

ਕੁੰਭਜ ਮਹਾਨ ਰਿਸੀ ਸਿਸ ਸਭਿ ਸੰਗ ਲੀਏ ਆਯੋ ਦੁਰਬਾਸਾ ਪੁਨਿ ਤੇਜ ਪੁੰਜ ਜਾਨੀਐ॥[667]

ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਕਪਲ ਮੁਨੀ ਦਾ ਅਸਥਾਨ ਗੰਗਾ ਸਾਗਰ ਹੈ। ਕਿਉਂਕਿ ਗੁਰੂ ਜੀ ਕਪਲ ਮੁਨੀ ਦਾ ਦਰਸ਼ਨ ਗੰਗਾ ਸਾਗਰ ਜਾ ਕੇ ਹੀ ਕਰਦੇ ਹਨ। ਯਥਾ-

ਗੰਗਾ ਸਾਗਰ ਮੈ ਗੁਰ ਅਯੋ॥

ਕਪਲ ਮੁਨੀ ਕਾ ਦਰਸਨਿ ਲਯੋ॥[668]

ਉਪਰੋਕਤ ਵਿਚਾਰ ਦੀ ਪ੍ਰੋੜ੍ਹਤਾ ਤਿਲਗੰਜੀਦੇਵ ਖੰਡ ਵਿਚ ਚਲੰਤ ਕਥਾ ਵਿਚੋਂ ਵੀ ਹੋ ਜਾਂਦੀ ਹੈ। ਕਥਾ ਅਨੁਸਾਰ ਜਿਸ ਪਰਬਤ ਉਤੇ ਗੁਰੂ ਜੀ ਜਾਂਦੇ ਹਨ ਉਥੇ ਰਿਸ਼ੀਆਂ ਨੇ ਸਰਾਪ ਦਿਤਾ ਹੋਣ ਕਰਕੇ ਉਥੇ ਸੋਕਾ ਪਿਆ ਹੁੰਦਾ ਹੈ। ਗੁਰੂ ਜੀ ਬਾਲੇ ਨੂੰ ਕਹਿੰਦੇ ਹਨ ਕਿ ਕਪਲਮੁਨੀ ਕੋਲੋਂ ਗੰਗਾ ਲੈ ਕੇ ਇਥੋਂ ਦੇ ਕਾਰਜ ਰਾਸ ਕੀਤੇ ਜਾਣ। ਯਥਾ-

ਗਿਰ ਮੈ ਜੀਵਨ ਰਹਯੋ ਨ ਰਾਈ॥

ਭਗਵਨਿ ਇਨਿ ਸਭ ਦਯੋ ਸੁਕਾਈ॥

ਪੁਨਿ ਨਾਨਕ ਦੇਖਿਉ ਕਰਿ ਧਿਆਨ॥

ਗੰਗਾ ਨਗ ਪਰਿ ਆਹਿ ਮਹਾਨ॥॥64॥

ਕਪਲਮੁਨਿ ਕੇ ਪਾਤਰਿ ਮਾਹੀ॥

ਯਾਹਿ ਵਿਖੈ ਸੰਸਾ ਕਛੁ ਨਾਹੀ॥

ਪੁਨਿ ਗੁਰ ਨਾਨਕ ਬਚਨਿ ਉਚਾਰੇ॥

ਜੋ ਮੈ ਕਹੋਂ ਸੁ ਕਰੋ ਉਦਾਰੇ॥65॥[669]

---

[667] ਉਹੀ, ਪਤਰਾ 50.

[668] ਉਹੀ, ਪਤਰਾ 1741.

[669] ਉਹੀ, ਪਤਰਾ 1581.

ਸੋ ਬਾਲਾ ਇਹ ਗੱਲ ਪੁਛਦਾ ਹੈ ਕਿ ਜੇਕਰ ਉਸਨੂੰ ਰਿਸ਼ੀ ਨੇ ਸਰਾਪ ਦਿਤਾ ਤਾਂ ਉਹ ਕੀ ਕਰੇਗਾ। ਇਸ ਤੋਂ ਪਤਾ ਲਗਦਾ ਹੈ ਕਿ ਰਿਸ਼ੀ ਗੁਸੇ ਵਾਲਾ ਹੈ। ਤਾਂ ਗੁਰੂ ਜੀ ਅਪਣੀ ਫਾਹੁੜੀ ਨਾਲ ਪਾਣੀ ਲਿਆਉਣ ਲਈ ਕਹਿੰਦੇ ਹਨ ਅਤੇ ਉਥੇ ਆਪਣੀ ਕ੍ਰਿਪਾ ਸਦਕਾ ਵਰਖਾ ਕਰਵਾਉਂਦੇ ਹਨ। ਯਥਾ-

ਕਰਮੰਡਲ ਮੈ ਜਾਨਵੀ ਕਪਲਮੁਨੀ ਕੇ ਪਾਸ॥

ਜਾਇ ਲਿਆਵਉ ਤਾਹਿ ਕੋ ਕਾਰਜ ਕਰੋ ਸੁ ਰਾਸ॥66॥

ਬਾਲਾ ਵਾਚ॥ਚੌਪਈ॥ ਕਪਲਮੁਨੀ ਮੁਹਿ ਦਏ ਸਰਾਪ॥ ਤਬ ਮੈ ਕਾਇ ਕਰੋਂ ਤਹਿ ਆਪ॥

ਬਹੁਰਿ ਕਹਯੋ ਨਾਨਕ ਸੁਖਦਾਈ॥ ਜਿਉ ਮੈ ਕਹੋਂ ਕਰੋ ਤਿਉ ਜਾਈ॥67॥

ਕਪਲਮੁਨੀ ਬੈਠੇ ਹਰਿ ਧਿਆਨ॥ ਤਿਸ ਕੋ ਕਛੁ ਮਤਿ ਕਹੋ ਮਹਾਨ॥

ਹਮਰੇ ਕਰਿ ਕੀ ਛਰੀ ਲਿਜਾਵਉ॥ ਕਰਮੰਡਲ ਕੋ ਜਾਇ ਛੁਆਵਉ॥68॥[670]

ਸੋ ਕਵੀ ਰਿਸ਼ੀ ਦਾ ਮਿਥਿਹਾਸਕ ਸਰੂਪ ਦਾ ਵਰਨਣ ਕਰਦਾ ਹੋਇਆ, ਉਸ ਨੂੰ ਪ੍ਰਸਿਧ ਰਿਸ਼ੀਆਂ ਵਿਚ ਸਥਾਨ ਦਿੰਦਾ ਹੈ। ਕਪਲ ਮੁਨੀ ਨੂੰ ਭਗਵਾਨ ਦੀ ਪਦਵੀ ਵੀ ਦਿਤੀ ਹੈ। ਸੋ ਕਵੀ ਨੇ ਰਿਸ਼ੀ ਨੂੰ ਗੰਗਾ ਸਾਗਰ ਵਿਚ ਰਹਿਣ ਵਾਲਾ ਦਸ ਕੇ ਉਸਦਾ ਚਿਤਰਣ ਕੀਤਾ ਹੈ।

### 1.6.5 ਨਾਰਦ

ਇਕ ਪ੍ਰਸਿਧ ਰਿਸ਼ੀ ਜਿਸਨੂੰ ਬ੍ਰਹਮਾ ਦਾ ਪੁਤਰ ਕਿਹਾ ਜਾਂਦਾ ਹੈ। ਇਸ ਨੂੰ ਕਸ਼ਜਪ ਦਾ ਪੁਤਰ ਵੀ ਮੰਨਿਆ ਜਾਂਦਾ ਹੈ ਤੇ ਕਈ ਲਿਖਤਾਂ ਇਸਨੂੰ ਕਣਵ ਰਿਸ਼ੀ ਦੀ ਵੰਸ਼ ਨਾਲ ਜੋੜਦੀਆਂ ਹਨ। ਕੁਝ ਵੀ ਹੋਵੇ ਪੁਰਾਇਕ ਮਨੌਤ ਮੁਤਾਬਿਕ ਇਹ ਹਥ ਵਿਚ ਵੀਣਾ ਰਖਦਾ ਸੀ ਤੇ ਭਗਤੀ ਵਿਚ ਮਗਨ ਰਹਿੰਦਾ ਸੀ। ਧਰੂ ਨੂੰ ਭਗਤੀ ਦਾ ਉਪਦੇਸ ਇਸੇ ਨੇ ਦਿਤਾ ਸੀ।

ਇਕ ਕਥਾ ਇਹ ਹੈ ਕਿ ਇਸ ਦੇ ਪਿਤਾ ਬ੍ਰਹਮਾ ਨੇ ਇਸਨੂੰ ਵਿਆਹ ਕਰਨ ਲਈ ਆਖਿਆ, ਇਸ ਨੇ ਨਾਂਹ ਕਰ ਦਿਤੀ। ਪਿਤਾ ਨੇ ਗੁਸੇ ਵਿਚ ਆ ਕੇ ਕਿਹਾ ਜਿਸ ਚੀਜ਼ ਤੋਂ ਤੂੰ ਇਨਕਾਰ ਕਰਦਾ ਹੈਂ, ਉਸੇ ਕਾਮਨੀ ਦੀ ਵਾਸ਼ਨਾ ਪਿਛੇ ਭਟਕਦਾ ਫਿਰੇਂਗਾ, ਇਸ ਤੇ ਨਾਰਦ ਨੂੰ ਰੋਹ ਆਇਆ ਉਸਨੇ ਕਿਹਾ ਤੂੰ ਵੀ ਖੇਹ

---

[670] ਉਹੀ, ਪਤਰਾ 1581.

ਖੁਆਰ ਹੋਵੇਂਗਾ ਕਹਿੰਦੇ ਹਨ ਕਿ ਇਸ ਸਰਾਪ ਕਾਰਣ ਦੋਵੇਂ ਪੂਜਾ ਦੇ ਯੋਗ ਨਾ ਰਹੇ। ਬਾਦ ਦੀਆਂ ਲਿਖਤਾਂ ਵਿਚ ਨਾਰਦ ਨੂੰ ਕਲਹ ਦਾ ਮੂਲ ਜਾਂ ਉਪਦ੍ਰਵ ਕਰਾਉਣ ਵਾਲਾ ਕਲਪਿਆ ਗਿਆ ਹੈ।[671]

ਚਰਚਿਤ ਕ੍ਰਿਤੀ ਵਿਚ ਕਵੀ ਨੇ ਨਾਰਦ ਨੂੰ ਇਕ ਤਪੀ ਦੇ ਰੂਪ ਵਿਚ ਸਵਿਕਾਰ ਕੀਤਾ ਹੈ। ਇਸ ਦਾ ਵਿਸ਼ੇਸ਼ ਜ਼ਿਕਰ ਬ੍ਰਹਮ ਖੰਡ ਵਿਚ ਕਰਦਿਆਂ ਕਿਹਾ ਹੈ ਕਿ ਇਹ ਉਸਦੇ ਤਪ ਦਾ ਹੀ ਪ੍ਰਤਾਪ ਹੈ, ਜੋ ਉਹ ਬ੍ਰਹਮਾ ਨੂੰ ਜਾ ਕੇ ਦਸਦਾ ਹੈ। ਯਥਾ-

ਨਾਰਦ ਮੁਨਿ ਸਤਿਲੋਕ ਮੈ ਗਯੋ ਸੁ ਬ੍ਰਹਮਾ ਪਾਸ॥
ਤਪ ਕਾ ਸਭ ਬਰਤਾਂਤਿ ਤਿਨ ਤਿਸ ਪੈ ਕੀਉ ਪ੍ਰਕਾਸ॥1॥[672]

ਨਾਰਦ ਰਿਸ਼ੀ ਦੀ ਪ੍ਰਤਿਭਾ ਇਤਨੀ ਪ੍ਰਭਾਵਸ਼ਾਲੀ ਹੈ ਕਿ ਉਸਦੇ ਦਰਸ਼ਨ ਕਰਕੇ ਹੀ ਕਾਮ, ਕ੍ਰੋਧ, ਲੋਭ ਇਤਿਆਦਿਕ ਵਿਕ੍ਰਿਤੀਆਂ ਤੋਂ ਮੁਕਤੀ ਮਿਲ ਜਾਂਦੀ ਹੈ। ਕਵੀ ਨੇ ਤਾਂ ਇਥੋਂ ਤਕ ਵੀ ਕਿਹਾ ਹੈ ਕਿ ਨਾਰਦ ਦੀ ਉਪਮਾ ਕੀਤੀ ਹੀ ਨਹੀਂ ਜਾ ਸਕਦੀ। ਯਥਾ-

ਜੋ ਪਰਪੰਚ ਮਦਨ ਤਹਿ ਕੀਨਾ॥ ਬ੍ਰਹਮਾ ਪੈ ਤਿਨ ਸਭਿ ਕਹ ਦੀਨਾ॥
ਸੁਣਿ ਬ੍ਰਹਮਾ ਪੁਨਿ ਬੋਲੇ ਬਾਨੀ॥ ਨਾਰਦ ਮੁਨਿ ਤੂੰ ਪਰਮ ਗਿਆਨੀ॥2॥
ਤੁਮਰਾ ਦਰਸਨਿ ਮੁਨਿਵਰਿ ਪਾਵਨਿ॥ ਕਾਮ ਕ੍ਰੋਧ ਮਦ ਲੋਭ ਨਿਸਾਵਨਿ॥
ਤੁਮ ਸਮ ਰੇਕਾ ਨਾਹਿ ਉਦਾਰੀ॥ ਕਜਾ ਉਪਮਾ ਹਮ ਬਰਨੈ ਥਾਰੀ॥3॥
ਬ੍ਰਹਮਾਚਰਜ ਬਰਤਿ ਤੁਹਿ ਲੀਨਾ॥ ਕਜਾ ਕਰਿ ਸਕੈਂ ਸੁ ਬਿਘਨ ਪ੍ਰਬੀਨਾ॥
ਤਵ ਦਰਸਨਿ ਨਰ ਹੋਹਿ ਸੁ ਪਾਵਨਿ॥ ਕਹੇ ਵਾਕ ਬਿਧ ਜੋ ਤਹਿ ਭਾਵਨਿ॥4॥[673]

ਨਾਰਦ ਬਾਰੇ ਇਸ ਕ੍ਰਿਤੀ ਵਿਚ ਉਸ ਦੇ ਬ੍ਰਹਮਚਾਰੀ ਹੋਣ ਬਾਰੇ ਵੀ ਵਿਚਾਰ ਅੰਕਿਤ ਹਨ। ਉਸ ਨੂੰ ਇਹ ਵੀ ਵਰ ਹੈ ਕਿ ਉਹ ਤਿੰਨਾਂ ਲੋਕਾਂ ਵਿਚ ਬ੍ਰਹਮਚਾਰਜ ਧਾਰ ਕੇ ਫਿਰ ਸਕਦਾ ਹੈ। ਯਥਾ-

ਬ੍ਰਹਮਚਾਰੀ ਤੁਮ ਆਦਿ ਕੇ ਨਾਰਦ ਬਾਲ ਕੁਮਾਰ॥

---

[671] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 196-97.

[672] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 165.

[673] ਉਹੀ, ਪਤਰਾ 165.

ਬਿਚਰੋ ਤੁਮ ਸਭਿ ਲੋਕ ਮੈ ਬ੍ਰਹਮਚਰਯ ਬ੍ਰਤਿ ਧਾਰ॥5॥[674]

ਸੋ ਸੰਤਰੇਣ ਦੇ ਦ੍ਰਿਸ਼ਟੀਕੋਣ ਤੋਂ ਨਾਰਦ ਇਕ ਤਪ ਕਰਨ ਵਾਲਾ, ਬ੍ਰਹਮਚਾਰੀ ਅਤੇ ਆਦਰਸ਼ਕ ਰਿਸ਼ੀ ਹੈ। ਉਸ ਦੇ ਦਰਸ਼ਨ ਕਰਨ ਨਾਲ ਹੀ ਵਿਕਾਰਾਂ ਤੋਂ ਮੁਕਤੀ ਮਿਲ ਜਾਂਦੀ ਹੈ।

### 1.6.6 ਬਾਲਮੀਕ

ਬਾਲਮੀਕ ਨਾਂ ਦੇ ਦੋ ਪ੍ਰਸਿੱਧ ਰਿਸ਼ੀ ਹੋਏ ਹਨ। ਇਕ 'ਰਾਮਾਇਣ' ਦਾ ਕਰਤਾ ਜੋ ਬ੍ਰਾਹਮਣ ਸੀ। ਦੂਜਾ ਬਾਲਮੀਕਿ, ਚੰਡਾਲ ਜਾਤੀ ਦਾ ਸੀ। ਇਹ ਚੋਰੀ ਡਾਕੇ ਕਰਕੇ ਆਪਣੇ ਦਿਨ ਲੰਘਾਉਂਦਾ ਸੀ। ਸੰਤਾਂ ਪੁੱਛਿਆ ਤੂੰ ਇਹ ਸਭ ਕੁਝ ਕਿਸ ਲਈ ਕਰਦਾ ਹੈਂ, ਉਸ ਨੇ ਕਿਹਾ, 'ਪਰਵਾਰ ਲਈ'। ਸੰਤਾਂ ਦਾ ਅਗਲਾ ਬਚਨ ਸੀ ਕਿ ਇਹ ਪੁੱਤਰ ਧੀਆਂ ਤੇਰੇ ਕੰਮ ਨਹੀਂ ਆਉਣੇ ਤੇ ਇਹ ਪਾਪਾਂ ਦਾ ਫਲ ਤੈਨੂੰ ਹੀ ਭੁਗਤਣਾ ਪਵੇਗਾ। ਇਸ ਤੋਂ ਇਸ ਨੂੰ ਗਿਆਨ ਹੋ ਗਿਆ ਤੇ ਭਗਤੀ ਕਰਨ ਲੱਗ ਗਿਆ। ਜਦੋਂ ਪਾਂਡਵਾਂ ਯੱਗ ਕੀਤਾ ਤੇ ਯੱਗ ਸੰਪੂਰਨ ਹੋਣ ਤੇ ਆਪੇ ਵੱਜਣ ਵਾਲੀ ਘੰਟੀ ਨਾ ਵੱਜੀ ਤਾਂ ਯੁਧਿਸ਼ਟਰ ਨੇ ਇਸ ਦਾ ਕਾਰਨ ਕ੍ਰਿਸ਼ਨ ਨੂੰ ਪੁੱਛਿਆ : ਉਨ੍ਹਾਂ ਦੱਸਿਆ, ਅਵੱਸ਼ ਹੀ ਕੋਈ ਨਿਰਾਦਰੀ ਵਾਲੀ ਗੱਲ ਹੋਈ ਹੈ। ਪਤਾ ਲੱਗਿਆ ਕਿ ਰਿਸ਼ੀ ਬਾਲਮੀਕ ਨੂੰ ਅਛੂਤ ਸਮਝ ਕੇ ਯੱਗ ਵਿਚ ਸ਼ਾਮਲ ਹੋਣੋਂ ਰੋਕ ਦਿੱਤਾ ਗਿਆ ਸੀ ਇਸ ਤੇ ਉਨ੍ਹਾਂ ਨੂੰ ਵਾਪਿਸ ਬੁਲਾ ਕੇ ਦ੍ਰੋਪਤੀ ਨੇ ਮਾਫ਼ੀ ਮੰਗੀ ਤੇ ਕ੍ਰਿਸ਼ਨ ਨੇ ਚਰਣ ਧੋਤੇ। ਤਾਂ ਯੱਗ ਸੰਪੂਰਨ ਹੋਣ ਦੀ ਘੰਟੀ ਵੱਜੀ।[675]

ਚਰਚਿਤ ਕ੍ਰਿਤੀ ਵਿਚ ਕਵੀ ਨੇ ਪ੍ਰਚਲਿਤ ਪ੍ਰਸੰਗ ਅਨੁਸਾਰ ਇਨ੍ਹਾਂ ਦੋਵਾਂ ਨੂੰ ਇਕ ਹੀ ਦਸਿਆ ਹੈ। ਅਸੀਂ ਦੇਖਦੇ ਹਾਂ ਕਿ ਕਵੀ ਦਾ ਬਾਲਮੀਕ ਰਿਸ਼ੀ ਨਾਲ ਬਹੁਤ ਹੀ ਜ਼ਿਆਦਾ ਮੋਹ ਹੈ। ਕਿਉਂਕਿ ਕਵੀ ਕਹਿੰਦਾ ਹੈ ਕਿ ਉਸ ਨੂੰ ਰਿਸ਼ੀ ਬਾਲਮੀਕ ਮਿਲਿਆ ਸੀ, ਜਦਕਿ ਕਵੀ ਅਤੇ ਰਿਸ਼ੀ ਦੇ ਸਮੇਂ ਦਾ ਬਹੁਤ ਵਡਾ ਅੰਤਰ ਹੈ। ਸਭ ਤੋਂ ਪਹਿਲਾਂ ਮੰਗਲ ਖੰਡ ਵਿਚ ਕਵੀ ਨੇ ਬਾਲਮੀਕ ਰਿਸ਼ੀ ਨੂੰ ਬੰਦਨਾ ਕੀਤੀ ਹੈ। ਯਥਾ-

ਬਰਨ ਬਿਰੰਚ ਬਿਰੋਚਨੰ ਪੁਨਿ ਬੈਕੁੰਠ ਸੁ ਜਾਨ॥
ਬਾਲਮੀਕ ਬਕਦਾਲਭੰ ਬਾਵਨ ਬਲੀ ਮਹਾਨ॥3॥[676]

---

[674] ਉਹੀ, ਪਤਰਾ 165.

[675] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 223-24.

[676] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

ਕਵੀ ਦਾ ਸਤਿਕਾਰ ਅਸੀਂ ਇਥੋਂ ਵੀ ਦੇਖ ਸਕਦੇ ਹਾਂ ਕਿ ਉਸ ਨੇ ਮੰਗਲ ਖੰਡ ਵਿਚ ਹੀ ਇਕ ਹੋਰ ਥਾਂ ਰਿਸ਼ੀਆਂ ਦਾ ਮੰਗਲ ਕਰਦੇ ਹੋਏ ਬਾਲਮੀਕ ਰਿਸ਼ੀ ਨੂੰ ਮੋਹਰੀ ਰਖਿਆ ਹੈ। ਯਥਾ-

ਵਾਸਦੇਵ ਬਾਲਮੀਕ ਗੋਤਮ ਮਹਾਨ ਰਿਖੀ ਅੰਗਰੇ ਕਪਲਮੁਨੀ ਔਰ ਗੁਨਿਵਾਨੀਐ॥

ਕੁੰਭਜ ਮਹਾਨ ਰਿਸੀ ਸਿਸ ਸਭਿ ਸੰਗ ਲੀਏ ਆਯੋ ਦੁਰਬਾਸਾ ਪੁਨਿ ਤੇਜ ਪੁੰਜ ਜਾਨੀਐ॥[677]

ਕਾਲਪਨਿਕ ਪ੍ਰਸੰਗ ਅਨੁਸਾਰ ਮੰਗਲ ਖੰਡ ਦੇ ਸਤਵੇਂ ਅਧਿਆਇ ਵਿਚ ਕਵੀ ਨੇ ਦਸਿਆ ਕਿ ਉਸ ਨੂੰ ਬਾਲਮੀਕ ਰਿਸ਼ੀ ਮਿਲਿਆ ਜਿਸਦੀ ਪ੍ਰੇਰਨਾ ਸਦਕਾ ਹੀ ਉਸ ਨੇ ਇਹ ਗ੍ਰੰਥ ਲਿਖਿਆ ਹੈ। ਇਥੇ ਕਵੀ ਨੇ ਬਾਲਮੀਕ ਦੁਆਰਾ ਰਚਿਤ ਰਮਾਇਣ ਦਾ ਵੀ ਵਿਸ਼ੇਸ ਜ਼ਿਕਰ ਕੀਤਾ ਹੈ। ਯਥਾ-

ਬਾਲਮੀਕ ਸੋ ਮੋਹਿ ਬਤਾਯੋ॥ ਜਿਨ ਸਉ ਕੋਟਿ ਰਮਾਯਣ ਗਾਯੋ॥

ਮੈ ਇਕ ਬਾਰ ਕਿਦਾਰਹਿ ਗਯੋ॥ ਰਸਤੈ ਮੈ ਦਰਸਨਿ ਤਹ ਭਯੋ॥76॥[678]

ਸੰਖਿਪਤ ਰੂਪ ਵਿਚ ਬਾਲਮੀਕ ਰਿਸ਼ੀ ਦੀ ਕਥਾ ਵੀ ਕਵੀ ਨੇ ਮੰਗਲ ਖੰਡ ਵਿਚ ਹੀ ਅੰਕਿਤ ਕੀਤੀ ਹੈ, ਜਿਸ ਵਿਚ ਬਾਲਮੀਕ ਦੇ ਪੂਰਬਲੇ ਜਨਮ ਵਿਚ ਡਾਕੂ ਜਾਂ ਲੁਟੇਰਾ ਹੋਣ ਦਾ ਪਤਾ ਲਗਦਾ ਹੈ। ਬਾਲਮੀਕ ਪੂਰਬਲੇ ਜਨਮ ਵਿਚ ਨੀਚ ਕਰਮ ਕਰਦਾ ਸੀ। ਉਸ ਕੋਲ ਹਰ ਸਮੇਂ ਧਨੁਸ਼ ਅਤੇ ਬਾਣ ਭਾਵ ਹਥਿਆਰ ਹੁੰਦੇ ਸਨ। ਇਕ ਦਿਨ ਉਸ ਨੇ ਸਾਧੂਆਂ ਨੂੰ ਰਸਤੇ ਵਿਚ ਰੋਕ ਲਿਆ। ਉਨ੍ਹਾਂ ਦੇ ਉਪਦੇਸ਼ ਸਦਕਾ ਹੀ ਬਾਲਮੀਕ ਨੇ ਰਾਮ ਦੀ ਭਗਤੀ ਆਰੰਭ ਕੀਤੀ ਸੀ। ਯਥਾ-

ਬਾਲਮੀਕ ਮੁਨਿਵਰਿ ਭਯੋਂ ਨਾਮੁ ਪ੍ਰਤਾਪ ਸੁ ਜਾਨ॥

ਕਥਾ ਸੁ ਤਾਹਿ ਸੰਖੇਪ ਕਰਿ ਬਰਨੋ ਸੁਨੋ ਮਹਾਨ॥33॥

ਨੀਚ ਕਰਮ ਸੋ ਜਗ ਮੈ ਕਰਹੀ॥ ਰਸਤੇ ਮਾਰ ਪੇਟਿ ਨਿਤ ਭਰਹੀ॥

ਲੂਟਿ ਮਾਰ ਕਰਿ ਘਰਿ ਮੈ ਲਜਾਵੈ॥ ਸੁਤ ਬਨਤਾ ਕੋ ਆਣ ਖਲਾਵੈ॥34॥

ਇਕ ਦਿਨ ਸਪਤਿ ਰਿਖੀਸ੍ਰਰ ਆਏ॥ ਤਿਨਕੈ ਪਾਛੈ ਪਰਿਯੋ ਧਾਏ॥

---

[677] ਉਹੀ, ਪਤਰਾ 50.

[678] ਉਹੀ, ਪਤਰਾ 35.

ਧਨਸਿਬਾਣ ਕਰਿ ਭੀਤਰਿ ਧਾਰੇ॥ ਤਿਸਟਿ ਤਿਸਟਿ ਮੁਖਿ ਕੀਨ ਉਚਾਰੇ॥35॥[679]

ਬਾਲਮੀਕ ਦੀ ਤਪਸਿਆ ਬਾਰੇ ਵੀ ਕਵੀ ਨੇ ਇਸ ਕ੍ਰਿਤੀ ਵਿਚ ਦਸਿਆ ਹੈ ਕਿ ਉਸ ਨੇ ਹਜ਼ਾਰ ਸਾਲ ਤਪ ਕੀਤਾ ਸੀ। ਕਵੀ ਨੇ ਇਸ ਬਿਰਤਾਂਤ ਨੂੰ ਵਿਅਕਤ ਕਰਨ ਲਈ ਇਹ ਦ੍ਰਿਸ਼ਟਾਂਤ ਦਿਤਾ ਹੈ ਕਿ ਬਾਲਮੀਕ ਦੇ ਤਪ ਕਰਦੇ ਹੋਏ ਦੇ ਉਪਰ ਮਿਟੀ ਜੰਮ ਗਈ, ਉਹ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਬਰਮੀ ਹੋਵੇ। ਜਿਨ੍ਹਾਂ ਰਿਸ਼ੀਆਂ ਨੇ ਉਸ ਨੂੰ ਰਾਮ ਦਾ ਨਾਮ ਦਿਤਾ ਸੀ, ਉਨ੍ਹਾਂ ਨੇ ਆ ਕੇ ਬਾਲਮੀਕ ਰਿਸ਼ੀ ਨੂੰ ਬਰਮੀ ਵਿਚੋਂ ਕਢਿਆ ਸੀ। ਉਨ੍ਹਾਂ ਨੇ ਹੀ ਨਵਾਂ ਨਾਮ ਬਾਲਮੀਕ ਰਖਿਆ ਸੀ ਤੇ ਕਿਹਾ ਕਿ ਪੂਰਬਲਾ ਜਨਮ ਖਤਮ ਹੋ ਗਿਆ ਹੈ ਹੁਣ ਨਵਾਂ ਜਨਮ ਆਰੰਭ ਹੋਇਆ ਹੈ। ਫਿਰ ਬਾਲਮੀਕ ਰਿਸ਼ੀ ਨੇ ਰਮਾਇਣ ਦੀ ਰਚਨਾ ਕੀਤੀ। ਯਥਾ-

ਬਰਮੀ ਮੈ ਤੇ ਨਿਕਸਿਉ ਜੈਸਾ॥ ਨਾਮੁ ਰਾਖਿਉ ਮੁਨਿਵਰਿ ਤੈਸਾ॥
ਬਾਲਮੀਕ ਮੁਨਿ ਰਾਖਿਉ ਨਾਮ॥ ਕਿਰਪਾ ਕਰਿ ਮੁਨਿ ਕਰਣਾਧਾਮ॥68॥
ਦੂਜਾ ਜਨਮ ਤੁਮਾਰਾ ਭਯੋ॥ ਪਿਛਿਲਾ ਨਾਮੁ ਤੁਮਾਰਾ ਗਯੋ॥
ਬਾਲਮੀਕ ਅਬ ਨਾਮ ਤੁਮਾਰਾ॥ ਭਯੋ ਪ੍ਰਸਿੱਧ ਸੁ ਜਗਤ ਮੁਝਾਰਾ॥
ਧਰ ਕਰ ਨਾਮ ਸੁ ਮੁਨੀ ਮਹਾਨ॥ ਬਹੁਰ ਭਏ ਮੁਨਿ ਅੰਤਰਿ ਧਿਆਨ॥
ਮਰਾ ਕਹਤਿ ਸੋ ਮੁਨਿਵਰਿ ਭਯੁ॥ ਪੁਨਿ ਸੰਤ ਕੋਟ ਰਮਾਇਣ ਕਹਯੋ॥71॥[680]

ਕਵੀ ਦੇ ਦ੍ਰਿਸ਼ਟੀਕੋਣ ਤੋਂ ਪਹਿਲਾਂ ਬਾਲਮੀਕ ਰਿਸ਼ੀ ਹਥਿਆਰਬੰਦ ਸੀ, ਜਿਸ ਤੋਂ ਅਸੀਂ ਕਿਆਸ ਲਗਾ ਸਕਦੇ ਹਾਂ ਕਿ ਬਾਲਮੀਕ ਰਿਸ਼ੀ ਸ਼ਸਤਰ ਵਿਦਿਆ ਵਿਚ ਨਿਪੁੰਨ ਸੀ, ਫਿਰ ਬਾਲਮੀਕ ਰਿਸ਼ੀ ਨੇ ਰਮਾਇਣ ਦਾ ਰਚਨਾ ਕੀਤੀ ਜੋ ਕਿ ਆਪਣੇ ਆਪ ਵਿਚ ਹੀ ਇਕ ਅਦਭੁਤ ਰਚਨਾ ਹੈ, ਇਸ ਤੋਂ ਅਸੀਂ ਬਾਲਮੀਕ ਰਿਸ਼ੀ ਦੇ ਕਾਵਿ-ਸ਼ਾਸਤਰ ਦੇ ਗੂੜ੍ਹ ਗਿਆਨ ਦਾ ਕਿਆਸ ਲਗਾ ਕਿ ਕਹਿ ਸਕਦੇ ਹਾਂ ਕਿ ਉਹ ਇਕ ਮਹਾਂ ਕਵੀ ਹੋਏ ਹਨ। ਬਾਲਮੀਕ ਰਿਸ਼ੀ ਦੀ ਤਪਸਿਆ ਦਾ ਜ਼ਿਕਰ ਵੀ ਕਵੀ ਨੇ ਕੀਤਾ ਹੈ ਜਿਸ ਤੋਂ ਉਨ੍ਹਾਂ ਦੀ ਭਗਤੀ ਬਾਰੇ ਪਤਾ ਲਗਦਾ ਹੈ। ਉਪਰੋਕਤ ਚਰਚਾ ਵਿਚ ਅਸੀਂ ਬਾਲਮੀਕ ਰਿਸ਼ੀ ਦੇ ਮਿਥਿਹਾਸਕ ਸਰੂਪ ਦੀ ਸਮੀਖਿਆ ਕੀਤੀ ਹੈ, ਜਿਸ ਤੋਂ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਬਾਲਮੀਕ

---

[679] ਉਹੀ, ਪਤਰਾ 31.

[680] ਉਹੀ, ਪਤਰਾ 35.

ਰਿਸ਼ੀ ਦਾ ਜਿਥੇ ਪੁਰਤਾਨ ਸਰੂਪ ਚਿਤਰਿਆ ਹੈ ਉਥੇ ਹੀ ਉਸ ਨੂੰ ਇਤਨੇ ਸਮੇਂ ਦੇ ਅੰਤਰਾਲ ਬਾਅਦ ਮਿਲਣ ਦਾ ਵੀ ਕਾਲਪਨਿਕ ਪ੍ਰਸੰਗ ਚਿਤਰਿਆ ਹੈ।

ਉਪੋਰਕਤ ਰਿਸ਼ੀਆਂ ਤੋਂ ਬਿਨਾਂ ਚਰਚਿਤ ਕ੍ਰਿਤੀ ਵਿਚ ਕਵੀ ਨੇ ਆਪਣੇ ਮਨੋਰਥ ਨੂੰ ਪੂਰਨ ਕਰਨ ਹਿਤ ਹੋਰ ਵੀ ਅਨੇਕਾਂ ਰਿਸ਼ੀਆਂ- ਭ੍ਰਿਗੂ, ਕਸ਼ਯਪ, ਬਿਆਸ, ਵਾਸਦੇਵ, ਅੰਗਰਾ, ਕੁੰਭਜ ਇਤਿਆਦਿਕ ਦਾ ਜ਼ਿਕਰ ਸੰਕੇਤਕ ਰੂਪ ਵਿਚ ਕੀਤਾ ਹੈ । ਸੋ ਕਵੀ ਨੇ ਮਨੋਰਥ ਦੀ ਪੂਰਤੀ ਹਿਤ ਰਿਸ਼ੀਆਂ ਦੇ ਜੀਵਨ ਜਾਂ ਘਟਨਾਵਾਂ ਦਾ ਵਿਸਥਾਰ ਵੀ ਦਿਤਾ ਹੈ ਅਤੇ ਜ਼ਰੂਰਤ ਅਨੁਸਾਰ ਸੰਕੇਤ ਰੂਪ ਵਿਚ ਵੀ ਅੰਕਿਤ ਕਰਕੇ ਆਪਣੇ ਕਾਰਜ ਦੀ ਪੂਰਤੀ ਕਰਨ ਦਾ ਯਤਨ ਕੀਤਾ ਹੈ।

**1.7 ਕੁਝ ਹੋਰ ਸਖਸ਼ੀਅਤਾਂ-**

**ਸਿਧ, ਨਾਥ ਅਤੇ ਜਤੀ**

ਵਿਚਾਰਾਧੀਨ ਕ੍ਰਿਤੀ ਵਿਚ ਚੁਰਾਸੀ ਸਿਧਾਂ, ਨੌ ਨਾਥਾਂ ਅਤੇ ਛੇ ਜਤੀਆਂ ਦਾ ਜ਼ਿਕਰ ਵੀ ਕੀਤਾ ਗਿਆ ਹੈ। ਸਿਧਾਂ ਵਿਚ ਗੋਰਖ, ਮਛਿੰਦਰ, ਔਘੜ ਇਤਿਆਦਿਕ ਨਾਲ ਗੁਰੂ ਜੀ ਦਾ ਸੰਵਾਦ ਰਚਿਆ ਹੈ, ਬਾਕੀ ਸਿਧ, ਨਾਥਾਂ ਅਤੇ ਜਤੀਆਂ ਬਾਰੇ ਮਾਤਰ ਨਾਮ ਦਸ ਕੇ ਹੀ ਚਲੰਤ ਪ੍ਰਸੰਗ ਨੂੰ ਅਗੇ ਤੋਰਿਆ ਹੈ। ਜਿਹੜੇ ਨਾਮ ਕਵੀ ਨੇ ਚਰਚਿਤ ਕ੍ਰਿਤੀ ਵਿਚ ਸਿਧਾਂ, ਨਾਥਾਂ ਅਤੇ ਜਤੀਆਂ ਦੇ ਦਸੇ ਹਨ, ਉਹ ਨਿਮਨਾਂਕਿਤ ਅਨੁਸਾਰ ਲਖਿਤ ਹਨ-

**ਛੇ ਜਤੀ**

ਚਰਚਿਤ ਕ੍ਰਿਤੀ ਅਨੁਸਾਰ ਜਤੀਆਂ ਦੀ ਗਿਣਤੀ 6 ਹੈ । ਇਨ੍ਹਾਂ ਦੀ ਤਰਤੀਬ ਕਵੀ ਨੇ ਇਸ ਤਰ੍ਹਾਂ ਦਸੀ ਹੈ- ਗੋਰਖ, ਦਤ, ਹਨਮਤਿ, ਭੇਰੋਂ, ਲਛਮਣ ਅਤੇ ਭੀਖਮ।[681]

**ਨੌ ਨਾਥ**

---

[681] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ –1026-

ਪਿਰਥਿਮ ਗੋਰਖ ਜਤੀ ਦੂਸਰੇ ਦਤ ਸੁ ਜਾਨੋ॥ ਤੀਸਰ ਹਨਮਤਿ ਜਤੀ ਚਤੁਰਥਿ ਭੇਰੋਂ ਮਾਨੇ॥ ਪੰਚਮ ਲਛਮਣ ਜਤੀ ਖਸਟਮ ਭੀਖਮ ਕਹਯੈ॥ ਖਸਟ ਜਤੀ ਇਹੁ ਜਾਨ ਕਹਣਿ ਨੂੰ ਬਹੁਤੇ ਹਯੈ॥

ਨਾਥਾਂ ਦੀ ਗਿਣਤੀ ਕਵੀ ਨੇ ਪ੍ਰਚਲਿਤ ਨੌਂ ਹੀ ਦਸੀ ਹੈ, ਪਰ ਨਾਵਾਂ ਦੀ ਭਿੰਨਤਾ ਬਾਕੀ ਪ੍ਰਚਲਿਤ ਨਾਵਾਂ ਨਾਲੋਂ ਵਖਰੀ ਹੈ। ਕਵੀ ਨੇ ਇਨ੍ਹਾਂ ਦੀ ਤਰਤੀਬ ਇਸ ਤਰ੍ਹਾਂ ਦਸੀ ਹੈ- ਮਛਿੰਦਰ ਨਾਥ, ਗੋਰਖ ਨਾਥ, ਚਰਪਟ ਨਾਥ, ਮੰਗਲਨਾਥ, ਘੁਘੂਨਾਥ, ਗੋਪੀ ਨਾਥ, ਚੰਬਾ ਨਾਥ, ਸੁਰਨਾਥ ਅਤੇ ਪ੍ਰਾਣਨਾਥ।[682]

**ਚੁਰਾਸੀ ਸਿਧ**

ਸਿਧਾਂ ਦੀ ਗਿਣਤੀ ਪ੍ਰਤੀ ਸਾਰੇ ਹੀ ਵਿਦਵਾਨ ਸਹਿਮਤ ਹਨ ਪਰ ਇਨ੍ਹਾਂ ਦੇ ਨਾਵਾਂ ਬਾਰੇ ਵਿਦਵਾਨਾਂ ਦੀ ਮਤ ਵਖੋ ਵਖਰੀ ਹੈ। ਕਵੀ ਨੇ ਭੰਗਰ ਨਾਥ, ਸੰਗਰ ਨਾਥ, ਸੰਘਰੁ ਤੁਰੀ, ਝੰਗਰੁ, ਊਰਮ ਨਾਥ, ਧੂਰਮ, ਕਨੀਫਾ ਨਾਥ, ਹਨੀਫਾ ਨਾਥ, ਸੰਗਰ ਨਾਥ (ਦੂਜਾ), ਲਹਰੂਪਾ, ਹਾਰਤ ਜੀਤਨ, ਲੰਘਰ ਨਾਥ, ਨਾਸਕਾ ਨਾਥ ਭੈਰਵੋ, ਬਿਬਾਲਕਾ, ਜਾਲਕਾ ਨਾਥ, ਖਿੰਥੜਾ, ਨਿਰਤ, ਸੁਰਤਿ, ਕੇਵਲ ਕਰਨ, ਗੰਗੁਲ ਨਾਥ, ਸਮਰਤ, ਅਸਰਿਨਿਧ, ਚਤਰ ਬੈਨ, ਰਾਉ ਨੈਨ, ਕੇਲਕ੍ਰਨ ਨਾਥ, ਔਘੜ ਨਾਥ, ਪ੍ਰਬਤਿ, ਈਸਰ, ਭਰਥਰੀ, ਭੂਤਵੋ ਨਾਥ, ਕਨਿਕ, ਸੰਭੂਨਾਥ, ਅਛਰਦੇਨ, ਪਲਕਿ ਨਿਧ, ਪਿਪਲਕਾ, ਰਾਮਾ, ਗਿਰਬੋਧ, ਸਾਲਸਾ, ਕੇਸਕਰਨ, ਕੈਲਾਸ, ਅਗਨਿਧਾਰ, ਮੁਕਤੀਸਰੁ, ਚਲਨਨਾਚਤੋ, ਸੂਰਐਨਿ, ਸੰਧ ਸੈਨ, ਗਿਰਵਰਿ, ਜੋਤਿ ਲਗਨ, ਜੋਤਿ ਮਗਨ, ਬਿਮਲ ਜੋਤਿ, ਸੀਤਲ ਜਲ, ਅਘਰ ਘਨ, ਤੁਲਸ ਜੋਗ, ਪ੍ਰਤਪਾਨ, ਰਾਮ ਕੁਅਰ, ਅਕਾਲ ਨਿਰ, ਕੌਲਸਰ ਨਾਥ, ਕਿਸਨ ਕੁਮਾਰ, ਬਿਸਨਪਾਤਿ, ਸੰਕਰ ਜੋਗ, ਬਰਮ ਜੋਗ, ਮੀਰ ਹੁਸੈਨ, ਮੀਰ ਜੰਬੀਲੀ, ਕਲਿੰਦਰ ਨੈਨ, ਨਲਿੰਦਰ, ਸੂਰਸਤੀ, ਗੋਵਰਧਨ ਸੈਨ, ਅਲਨਾਸੀ, ਗੁਫਾ ਬਾਸੀ, ਕਲਕ ਸੰਗੀ, ਏਕ ਰੰਗੀ, ਕਰਮ ਨਾਸੀ, ਮੂਲ ਮੰਤ੍ਰੀ, ਕੇਲ ਕਰਮੀ, ਕੁਲਾਬਿਲਾਸੀ, ਜੋਗਾ ਤੰਤੀ, ਦੀਸ

---

[682] ਉਹੀ, ਪਤਰਾ 1025-26 –

ਪਹਲੇ ਨਾਥ ਮਛਿੰਦਰ ਜਾਨੋ॥ ਦੂਜਾ ਗੋਰਖ ਨਾਥ ਸੁ ਮਾਨੋ॥44॥ ਤੀਜਾ ਚਰਪਟ ਨਾਥ ਸੁ ਹਯੈ॥ ਚਤੁਰਥਿ ਮੰਗਲਨਾਥ ਸੁ ਕਹਯੈ॥ ਪੰਚਮ ਘੁਘੂਨਾਥ ਸੁ ਜਾਨੋ॥ ਖਸਟਮਿ ਗੋਪੀ ਨਾਥ ਮਹਾਨੋ॥45॥ ਸਪਤਮ ਚੰਬਾ ਨਾਥ ਸੁ ਜਾਨੋ॥ ਅਸਟਮਿ ਪੁਨਿ ਸੁਰਨਾਥ ਸੁ ਮਾਨੋ॥ ਪ੍ਰਾਣਨਾਥ ਨਵਮੇ ਪੁਨਿ ਕਹਯੈ॥ ਸਭ ਨਾਥਨਿ ਸਿਰ ਨਾਥ ਸੁ ਹਯੈ॥46॥

ਪਰੰਗੀ, ਜੋਗ ਗਹਰੇ, ਆਪ ਰੂਪੀ, ਬਿਹਰੀਮ ਜੋਗਿ, ਕਲੇਸ ਧੂਪੀ, ਖਲਾਸ ਮੁਗਲ ਭੋਗੀਐ, ਕਿਦਾਰ ਜੋਗੀ, ਬਚਿਤ੍ਰ ਸੰਭਾਲਕਾ ਚੁਰਾਸੀ ਸਿਧਾਂ ਦੇ ਨਾਂਵ ਦਸੇ ਹਨ।[683]

[683] ਉਹੀ, ਪਤਰਾ 1026-1027-

ਪ੍ਰਿਥਮ ਭੰਗਰ ਨਾਥ ਦੂਸਰੇ ਸੰਗਰ ਨਾਥ ਤੀਸਰਾ ਸੰਘਰੁ ਤੁਰੀ ਝੰਗਰੁ ਬਖਾਨੀਐ॥ ਪੰਚਮੋ ਊਰਮ ਨਾਥ ਖਟਮੋ ਧੂਰਮ ਜਾਨ ਸਤਮੋ ਕਨੀਫਾ ਨਾਥ ਸਿਧ ਸੋ ਮਹਾਨੀਐ॥ ਅਠਵੇਂ ਹਨੀਫਾ ਨਾਥ ਨਮਮੇ ਸੰਗਰ ਨਾਥ ਲਹਰੂਪਾ ਦਸਮੋ ਸੋ ਸਿਧ ਪਹਚਾਨੀਐ॥ ਹਾਰਤ ਜੀਤਨ ਪੁਨਿ ਗਯਾਰਮੋ ਸੋ ਜਾਨ ਲੋਹੁ ਬਾਰਵੋ ਲੰਘਰ ਨਾਥ ਸਿਧ ਸੋ ਪਛਾਨੀਐ॥49॥ ਪੂਰਨ ਨਾਸਕਾ ਨਾਥ ਭੇਰਵੋ ਸੋ ਜਾਨ ਲੋਹੁ ਚੌਧਵੇ ਬਿਬਾਲਕਾ ਮਹਾਨ ਸਿਧ ਜਾਨ ਸੋ॥ ਪੰਦ੍ਰਵੋ ਜਾਲਕਾ ਨਾਥ ਖਿੰਥੜਾ ਸੋਲਵੋ ਜਾਨ ਸਤ੍ਰਵੋ ਨਿਰਤ ਸਿਧ ਮਨ ਮੈ ਪਛਾਨਸੋ॥ ਬਹੁਰੋ ਅਠਾਰਵੇ ਸੁਰਤਿ ਸਿਧ ਅਨਮਾਨ ਕੇਵਲ ਕਰਨ ਸੋ ਉਨੀਸਵੋ ਤੂੰ ਮਾਨ ਸੋ॥ ਬੀਸਵੋ ਗੰਗੁਲ ਨਾਥ ਏਕ ਬੀਸ ਸਮਰਤ ਬਹੁਰੋ ਅਸਰਿਨਿਧ ਬਾਈਸਮੋ ਠਾਨ ਸੋ॥50॥
ਤੇਈਸ ਚਤਰ ਬੈਨ ਚਾਰ ਬੀਸ ਰਾਉ ਨੈਨ ਪੰਚ ਬੀਸ ਕੇਲਕ੍ਰਨ ਨਾਥ ਅਨੁਮਾਨੀਐ॥ ਛਬੀਮੋ ਔਘੜ ਨਾਥ ਮਨ ਮੈ ਸੋ ਜਾਨ ਲੋਹੁ ਬਹੁਰੋ ਸਤਾਈਸਵੋ ਪ੍ਰਬਤਿ ਮਹਾਨੀਐ॥ ਬਹੁਰੋ ਅਠਾਈਸਵੋ ਈਸਰ ਸੋ ਜਾਨ ਲੇਹੁ ਬਹੁਰੋ ਭਰਥਰੀ ਉਨਤੀਸਮੋ ਸੁ ਜਾਨੀਐ॥ ਤੀਸਵੋ ਭੂਤਵੇ ਨਾਥ ਕਨਿਕ ਸੋ ਏਕ ਤੀਸ ਬਤੀਸਮੋ ਸੰਭੂ ਨਾਥ ਮਨ ਮੈ ਪਛਾਨੀਐ॥51॥ ਦੋਹਰਾ॥ ਅਛਰਦੇਨ ਪੁਨਿ ਪਲਕਿ ਨਿਧ ਬਹੁਰਿ ਪਿਪਲਕਾ ਜਾਨ॥ ਤੀਨ ਸਿਧ ਇਹੁ ਅਉਰ ਸੁਨਿ ਚਾਉਥਾ ਰਾਮਾ ਮਾਨ॥52॥ ਪੁਨਿ ਗਿਰਬੋਧ ਸੁ ਸਾਲਸਾ ਕੇਸਕਰਨ ਪਹਚਾਨ॥ ਚਾਲਿਸਮੋ ਕੈਲਾਸ ਪੁਨਿ ਸਿਧਨ ਮਾਹਿ ਮਹਾਨ॥53॥ ਇਕ ਊਪਰਿ ਚਾਲੀਸਮੋ ਅਗਨਿ ਧਾਰ ਬਲਿਵਾਨ॥ ਮੁਕਤੀਸਰੁ ਬਯਾਲੀਸਮੋ ਸਿਧ ਮਾਹਿ ਪ੍ਰਧਾਨ॥54॥ ਅੜਿਲ॥ ਚਲਨਨਾਚਤੋ ਤਿਹੁ ਪਰ ਚਾਲੀ ਜਾਨਿਯੈ॥ ਸੁਰਐਨਿ ਚਹੁ ਊਪਰਿ ਚਾਲੀ ਮਾਨਿਯੈ॥ ਸੰਧ ਸੈਨ ਪੁਨਿ ਗਿਰਵਰਿ ਫੁਨਿ ਦ੍ਵੈ ਆਖਿਆ॥ ਹੋ ਖਟ ਊਪਰਿ ਹਮ ਚਾਲੀ ਇਹੁ ਸਿਧ ਭਾਖਿਆ॥55॥ ਜੋਤਿ ਲਗਨ ਸਤ ਊਪਰਿ ਚਾਲੀ ਮਾਨਿਯੈ॥ ਜੋਤਿ ਮਗਨ ਅਠ ਊਪਰਿ ਤਿਤਨੇ ਜਾਨਿਯੈ॥ ਬਿਮਲ ਜੋਤਿ ਕਮ ਏਕ ਪਚਾਸ ਬਖਾਨਿਯੋ॥ ਹੋ ਸੀਤਲ ਜਲ ਪਾਚਾਸਮ ਤੋਹਿ ਪ੍ਰਭਾਨਿਯੋ॥56॥ ਇਕ ਊਪਰਿ ਪਾਚਾਸ ਅਘਰ ਘਨ ਭਾਖਿਯੈ॥ ਤੁਲਸ ਜੋਗ ਦੁਇ ਊਪਰਿ ਤਾਹਿ ਭਿਲਾਖਿਯੈ॥ ਪ੍ਰਤਪਾਨ ਤਿਨ ਊਪਰਿ ਤਾਹਿ ਸੁ ਜਾਨਿਯੈ॥ ਹੋ ਰਾਮ ਕੁਅਰ ਚਹੁ ਊਪਰਿ ਤਾਹਿ ਮਹਾਨਿਯੈ॥57॥ ਸੋਰਠ ਸਲੋਕੁ॥ ਪਾਚੂ ਪਰਿ ਪਾਚਾਸਮੋ ਜਾਨੋ ਤਾਹਿ ਅਕਾਲ ਨਿਰ॥ ਬਹੁਰਿ ਕੌਲਸਰ ਨਾਥ ਖਟ ਊਪਰਿ ਪਾਂਚ ਇਹੁ॥58॥ ਬਹਤਾ ਛੰਦ॥ ਕਿਸਨ ਕੁਮਾਰ ਸਤ ਊਪਰਿ ਜਾਨ ਮਹਾਨਿਯੈ॥ ਬਿਸਨਪਾਤਿ ਪਾਚਾਸ ਆਠ ਪੁਨਿ ਮਾਨਿਯੈ॥ ਬਹੁਰੋ ਸੰਕਰ ਜੋਗ ਏਕ ਕਮ ਸਾਠ ਏ॥ ਬਰਮ ਜੋਗ ਤਿਨ ਬੀਸਾਂ ਪੂਰਾ ਥਾਟ ਏ॥59॥ ਛਪੈ ਛੰਦ॥ ਬਹੁਰੋ ਮੀਰ ਹੁਸੈਨ ਮੀਰ ਜੰਬੀਲੀ ਜਾਨੋ॥ ਪੁਨਿਹ ਕਲਿੰਦਰ ਨੈਨ ਨਲਿੰਦਰ ਚਉਸਠ ਭਾਨਿ॥ ਸੂਰਸਤੀ ਗੋਵਰਧਨ ਸੈਨ ਦੁ ਅਉਰਹਿ ਭਾਖੋ॥ ਖਟ ਊਪਰਿ ਸਠ ਏਹੁ ਜਾਣ ਸਭ ਗਿਨ ਕਰਿ ਰਾਖੋ॥ ਸਪਤਿ ਸਾਠ ਕੇ ਊਪਰੇ ਅਲਨਾਸੀ ਸਿਧ ਜਾਨ ਵਰਿ॥ ਰਹੇ ਸੁ ਆਗੈ ਕਹਤਿ ਹੋ ਸ੍ਰਵਨਿ ਕਰੋ ਮਨ ਲਾਇ ਕਰਿ॥60॥ ਗੀਯਾ ਮਾਲਤੀ ਛੰਦ॥ ਆਠਾਹਿਟੋ ਪੁਨਿ ਗੁਫਾ ਬਾਸੀ ਕਲਕ ਸੰਗੀ ਜਾਨਿਯੈ॥ ਉਨਹਤਰਵੋ ਹਮ ਇਹੁ ਬਖਾਨਿਉ ਸੁਨੋ ਅਉਰ

**ਆਦਮ ਅਤੇ ਹਵਾ**

ਸਾਮੀ ਰਵਾਇਤ ਅਨੁਸਾਰ ਸਭ ਤੋਂ ਪਹਿਲਾ ਮਨੁਖ, ਆਦਮ ਸੀ। ਬਾਇਬਲ ਵਿਚ ਕਹਾਣੀ ਹੈ ਕਿ ਜਦ ਉਹ ਸੌਂ ਗਿਆ ਤਾਂ ਰਬ ਨੇ ਉਸਦੀ ਪੱਸਲੀ ਕੱਢ ਕੇ ਇਸਤਰੀ ਬਣਾ ਦਿਤੀ ਤਾਂ ਕਿ ਆਦਮ ਦਾ ਦਿਲ ਲਗਿਆ ਰਹੇ। ਇਸੇ ਪਹਿਲੀ ਇਸਤਰੀ ਦਾ ਨਾਮ ਹਵਾ ਸੀ। ਆਦਮ ਤੇ ਹਵਾ ਦੋਵੇਂ ਅਦਨ ਬਾਗ ਵਿਚ ਘੁੰਮਦੇ ਫਿਰਦੇ ਐਸ਼-ਆਰਾਮ ਦਾ ਜੀਵਨ ਬਤੀਤ ਕਰਦੇ ਸਨ। ਖੁਦਾ ਨੇ ਹਦਾਇਤ ਕੀਤੀ ਹੋਈ ਸੀ ਕਿ ਹੋਰ ਭਾਵੇਂ ਕੁਝ ਵੀ ਖਾਂਦੇ ਪੀਂਦੇ ਜਾਓ ਪਰ ਇਕ ਗਿਆਨ ਦੇ ਬੂਟੇ ਦਾ ਫਲ ਨ ਖਾਣਾ। ਸ਼ੈਤਾਨ ਨੇ ਸੱਪ ਦਾ ਰੂਪ ਧਾਰ ਕੇ ਦੋਹਾਂ ਨੂੰ ਵਰਗਲਾਇਆ ਤੇ ਹਵਾ ਨੇ ਇਹ ਵਰਜਿਤ ਫਲ ਖਾ ਲਿਆ ਤੇ ਆਦਮ ਨੂੰ ਵੀ ਖਲਾ ਦਿਤਾ। ਜਿਸਦਾ ਸਿਟਾ ਇਹ ਹੋਇਆ ਕਿ ਦੋਵੇਂ ਇਸ ਦੋਸ਼ ਕਾਰਨ ਅਦਨ ਬਾਗ ਵਿਚੋਂ ਕੱਢ ਦਿਤੇ ਗਏ। ਕਈਆਂ ਇਹ ਵੀ ਲਿਖਿਆ ਹੈ ਕਿ ਜਦੋਂ ਇਹ ਬਹਿਸ਼ਤ ਵਿਚੋਂ ਕੱਢੇ ਗਏ ਤਾਂ ਆਦਮ ਲੰਕਾਂ ਵਿਚ ਹਵਾ ਅਰਬ ਵਿਚ ਜੱਦਾਹ ਦੇ ਪਾਸ ਜਾ ਕੇ ਡਿਗੀ, ਚਿਰਾਂ ਬਾਦ ਦੋਹਾਂ ਨੂੰ ਫਰਿਸ਼ਤੇ ਨੇ ਮਿਲਾਇਆ। ਕਹਿੰਦੇ ਹਨ ਕਿ 930 ਵਰ੍ਹੇ ਦੀ ਉਮਰ ਭੋਗਣ ਉਪਰੰਤ ਆਦਮ ਦਾ ਦੇਹਾਂਤ ਹੋਇਆ।[684] ਕਵੀ ਦਾ ਆਦਮ ਦੇ ਜਨਮ ਬਾਰੇ ਦ੍ਰਿਸ਼ਟੀਕੋਣ ਹੈ ਕਿ ਉਸ ਨੂੰ ਪਰਮਾਤਮਾ ਨੇ ਖਾਕ ਤੋਂ ਬਣਾਇਆ ਸੀ ਅਤੇ ਉਸ ਦਾ ਨਾਮ ਆਦਮ ਰਖਿਆ। ਯਥਾ-

ਖਾਕਹੁ ਆਦਮ ਪੈਦਾ ਕਯੋ॥ ਕਰਿ ਕੈ ਤਾਹਿ ਖੁਸੀ ਬਹੁ ਭਯੋ॥

---

ਮਹਾਨਿਯੈ॥ ਪੁਨਿ ਏਕ ਰੰਗੀ ਕਰਮ ਨਾਸੀ ਸਤਰਵੋ ਇਕ ਊਪਰੇ॥ ਬਾਹਤਰਿਵੇ ਪੁਨਿ ਮੂਲ ਮੰਤ੍ਰੀ ਬੁਧਿ ਨਾਹਿ ਇਦੂ ਪਰੇ॥61॥ ਅੜਿਲ॥ ਤੰਹਤਰਿਵੇਂ ਕੇਲ ਕਰਮੀ ਜਾਨਿਯੈ॥ ਚਉਹਤਰਿਵੇ ਕੁਲਾਬਿਲਾਸੀ ਮਾਨਿਯੈ॥ ਪਚਹਤਰਿਵੇਂ ਜੋਗਾ ਤੰਤੀ ਭਾਖਿਯੈ॥ ਹੋ ਦੀਸ ਪਰੰਗੀ ਸਿਧ ਛਿਹਤਰਿ ਆਖਿਯੈ॥62॥ ਗੀਯਾ ਛੰਦ॥ ਪੁਨਿ ਜੋਗ ਗਹਰੇ ਆਪ ਰੂਪੀ ਦੋਇ ਸਿਧ ਮਹਾਨਿਯੈ॥ ਬਿਹਰੀਮ ਜੋਗਿ ਕਲੇਸ ਧੂਪੀ ਅਉਰ ਦੋਇ ਬਖਾਨਿਯੈ॥ ਪੁਨਿ ਖਲਾਸ ਮੁਗਲ ਭੋਗੀਐ ਸਿਧ ਅਉਰ ਬਖਾਨਿਯੋ॥ ਬਿਆਸੀਏ ਸੁ ਕਿਦਾਰ ਜੋਗੀ ਨਾਮੁ ਤੋਹਿ ਪ੍ਰ ਭਾਨਿਯੋ॥63॥ ਸਲੋਕੁ॥

ਬਚਿਤ੍ਰ ਰਹੀਸੈ ਜਾਨ ਇਕ ਪੁਨਿ ਸੰਭਾਲਕਾ ਜਾਨ॥ ਕਹੇ ਚਉਰਾਸੀ ਸਿਧ ਇਹੁ ਨਾਨਕ ਦੇਵ ਮਹਾਨ॥

[684] ਪਦਮ ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ ਪਟਿਆਲਾ, 2009, ਪੰਨਾ 26-27.

ਸਿਜਦਾ ਕਰੋ ਯਾਹਿ ਕੋ ਸਾਰੇ॥ ਯੋ ਹਕਤਾਲਾ ਬਚਨਿ ਉਚਾਰੇ॥10॥[685]

ਚਰਚਿਤ ਕ੍ਰਿਤੀ ਵਿਚ ਕਵੀ ਨੇ ਹਿੰਦੂ ਅਤੇ ਮੁਸਲਮਾਨ ਦੋਹਾਂ ਨੂੰ ਆਦਮ ਦੀ ਸੰਤਾਨ ਮੰਨਦਿਆਂ ਕਿਸੇ ਵੀ ਪ੍ਰਕਾਰ ਦਾ ਸ਼ੰਕਾ ਨਾ ਹੋਣ ਦੀ ਗੱਲ ਕਹੀ ਹੈ। ਯਥਾ-

ਬੇਟੇ ਆਦਮ ਦੇ ਸਭੈ ਹਿੰਦੂ ਮੁਸਲਮਾਨ॥
ਦੋਹਾ ਅੰਦਰ ਸਕਿ ਕਿਉ ਹੋਈ ਕਰੋ ਬਖਾਨ॥64॥[686]

ਹਿੰਦੂ ਅਤੇ ਮੁਸਲਮਾਨਾਂ ਦੀ ਇਕ ਹੋਣ ਦੀ ਪ੍ਰੋੜਤਾ ਕਵੀ ਨੇ ਮਦੀਨਾ ਮਕੇਸ੍ਵਰ ਖੰਡ ਵਿਚ ਵਾਰ-ਵਾਰ ਕਹੀ ਹੈ। ਕਵੀ ਇਹ ਮੰਨਦਾ ਹੈ ਕਿ ਇਹ ਦੋਨੋਂ ਹਜ਼ਰਤ ਆਦਮ ਦੀ ਹੀ ਸੰਤਾਨ ਹਨ, ਇਸ ਲਈ ਹਿੰਦੂ ਧਰਮ ਵਿਚ ਅਵਤਾਰ ਹੁੰਦੇ ਹਨ ਅਤੇ ਮੁਸਲਮਾਨ ਧਰਮ ਵਿਚ ਪੈਗੰਬਰ ਹੁੰਦੇ ਹਨ-

ਹਿੰਦੂ ਕਾਫਰ ਸਚੁ ਹੈ ਯਾ ਮੈਂ ਝੂਠ ਨ ਕੋਇ॥
ਮੁਸਲਮੀਨ ਇਸਲਾਮ ਹੈ ਤੈ ਕਿਉ ਰਦਿਉ ਸੋਇ॥84॥

ਚੌਪਈ॥

ਹਜਿਰਤਿ ਆਦਮਿ ਤੇ ਦੁਇ ਭਏ॥ ਦੋਨੋ ਦੀਨ ਜਗਤਿ ਮੈ ਹਏ॥
ਇਧਰ ਪੈਕੰਬਰ ਉਧਰ ਉਤਾਰ॥ ਤੀਸਰ ਦੀਨ ਨਹੀ ਸੰਸਾਰ॥85॥[687]

ਕਵੀ ਨੇ ਤਾਂ ਇਥੋਂ ਤਕ ਵੀ ਕਿਹਾ ਹੈ ਕਿ ਜਦੋਂ ਬ੍ਰਾਹਮਣ ਭ੍ਰਿਸ਼ਟ ਹੋ ਗਿਆ ਤਾਂ ਇਸ ਨੇ ਮੁਸਲਮਾਨ ਕਹਿਣਾ ਅਰੰਭ ਕਰ ਦਿਤਾ। ਇਸ ਲਈ ਕਵੀ ਮੰਨਦਾ ਹੈ ਕਿ ਸ਼ਿਵ ਹੀ ਆਦਮ ਹੈ ਅਤੇ ਪਾਰਬਤੀ ਹਵਾ ਹੈ। ਯਥਾ-

ਬ੍ਰਹਮਣਿ ਭਇਆ ਭ੍ਰਿਸਟ ਅਤਿ ਪੰਡਤਿ ਥਾ ਸੋਇ॥
ਮੁਸਲਮਾਨ ਕਹਾਯੋ ਇਕ ਤੇ ਭਏ ਸੁ ਦੋਇ॥79॥

---

685 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 939.

686 ਉਹੀ, ਪਤਰਾ 934.

687 ਉਹੀ, ਪਤਰਾ 934.

ਛਪੈ ਛੰਦ॥

ਬੇਦ ਅਥਰਬਣਿ ਉਲਟਾ ਨਾਮ ਕੁਰਾਕਾਨ ਸੁ ਰਾਖਾ॥

ਸੰਸਕਿਰਤ ਉਲਟਾਇ ਕਰੀ ਤਿਨ ਅਪਨੀ ਭਾਖਾ॥

ਹਿੰਦੂ ਨਾਮ ਹਟਾਇ ਨਾਮ ਅਪਨੇ ਤਿਨ ਰਾਖੇ॥

ਬਧਯੋ ਗਊ ਸੋ ਬੈਰ ਅਉਰ ਕੀ ਅਉਰਹ ਭਾਖੇ॥

ਪਾਰਬਤੀ ਕਾ ਨਾਮ ਤਿਨ ਰਾਖਯੋ ਅਮਾ ਹਵਾਇ ਸੁਨਿ॥

ਬਾਵਾ ਆਦਮਿ ਰਾਖਯੋ ਮਹਾਦੇਵ ਕਾ ਨਾਇ ਉਨਿ॥੪੦॥[688]

ਹਜ਼ਰਤ ਆਦਮ ਅਤੇ ਹਵਾ ਦੇ ਚਾਰ ਪੁਤਰਾਂ ਦਾ ਜ਼ਿਕਰ ਵੀ ਕਵੀ ਨੇ ਕੀਤਾ ਹੈ, ਜਿਨ੍ਹਾਂ ਨੂੰ ਇਮਾਮ ਕਿਹਾ ਗਿਆ ਹੈ। ਇਹ ਇਮਾਮ ਹਨ- ਹਾਬਲ, ਕਾਬਲ, ਈਰਜ ਅਤੇ ਤੂਰਜੁ। ਇਹ ਚਾਰੇ ਭਾਈ ਹਜ਼ਰਤ ਆਦਮ ਤੇ ਹਵਾ ਦੀ ਸੰਤਾਨ ਸਨ। ਯਥਾ-

ਅੱਬਲ ਚਾਰ ਇਮਾਮ ਥੇ ਹਾਬਲ ਕਾਬਲੁ ਜਾਨ॥

ਤੀਜਾ ਈਰਜੁ ਆਖੀਐ ਚਉਥਾ ਤੂਰਜੁ ਮਾਨ॥38॥

ਚੌਪਈ॥

ਚਾਰੋ ਭਾਈ ਤਾਹਿ ਸੁ ਜਾਨ॥ ਚਾਰੋ ਪਾਕਿ ਸੁ ਤਾਹਿ ਪਛਾਨ॥

ਆਦਮਿ ਕੇ ਇਹੁ ਬੇਟੇ ਜਾਨੋ॥ ਯਾ ਮੈ ਛੂਠਿ ਨ ਰੰਚਕਿ ਮਾਨੋ॥39॥[689]

ਸੋ ਕਵੀ ਨੇ ਚਲੰਤ ਪ੍ਰਸੰਗ ਵਿਚ ਆਦਮ ਅਤੇ ਹਵਾ ਦੀ ਗੱਲ ਕੀਤੀ ਹੈ, ਜਿਸ ਵਿਚ ਉਨ੍ਹਾਂ ਨੂੰ ਹੀ ਸ਼ਿਵ ਅਤੇ ਪਾਰਬਤੀ ਦਸਿਆ ਹੈ। ਇਨ੍ਹਾਂ ਦੇ ਚਾਰ ਪੁਤਰਾਂ ਦੀ ਗੱਲ ਵੀ ਕਵੀ ਨੇ ਕੀਤੀ ਹੈ। ਪਰ ਕਵੀ ਦੀ ਲਿਖਤ ਵਿਚੋਂ ਵਿਰੋਧਾਭਾਸ ਦੇਖਣ ਨੂੰ ਮਿਲਦਾ ਹੈ। ਉਪਰੋਕਤ ਅਸੀਂ ਕਵੀ ਦੇ ਬ੍ਰਹਮਾ ਬਾਰੇ ਦ੍ਰਿਸ਼ਟੀਕੋਣ ਦੀ ਵਿਚਾਰ ਚਰਚਾ ਕਰ ਆਏ ਹਾਂ, ਜਿਸ ਵਿਚ ਕਵੀ ਕਹਿੰਦਾ ਹੈ ਕਿ ਬ੍ਰਹਮਾ ਨੇ ਹੀ ਸ੍ਰਿਸ਼ਟੀ ਦੀ ਰਚਨਾ

---

[688] ਉਹੀ, ਪਤਰਾ 935.

[689] ਉਹੀ, ਪਤਰਾ 940.

ਕੀਤੀ ਹੈ। ਇਥੇ ਕਵੀ ਕਹਿ ਰਿਹਾ ਹੈ ਕਿ ਸਾਰੇ ਹੀ ਜੀਵ ਸ਼ਿਵ ਅਤੇ ਪਾਰਬਤੀ ਦੀ ਸੰਤਾਨ ਹਨ, ਸੋ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਪਰੰਪਰਾਗਤ ਕਥਾਵਾਂ ਦੀ ਪੜਚੋਲ ਕਰਨ ਦੀ ਬਜਾਇ ਉਸੇ ਭਾਂਤਿ ਲਿਖ ਦਿਤੀਆਂ ਜਿਵੇਂ ਦਾ ਸਰੂਪ ਗਾਲਬਾਨ ਜਾਂ ਲਿਖਤੀ ਰੂਪ ਵਿਚ ਮਿਲਦਾ ਹੈ। ਇਹ ਕਵੀ ਦੀ ਉਕਾਈ ਕਹੀ ਜਾ ਸਕਦੀ ਹੈ।

ਉਪਰੋਕਤ ਚਰਚਾ ਤੋਂ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਚਰਚਿਤ ਕ੍ਰਿਤੀ ਵਿਚ ਬਹੁਤ ਸਾਰੇ ਦੇਵੀ-ਦੇਵਤਿਆਂ, ਮਿਥਿਹਾਸਕ ਰਾਜਿਆਂ, ਰਿਸ਼ੀਆਂ, ਯੋਧਿਆਂ, ਪ੍ਰਸਿਧ ਇਸਤਰੀਆਂ ਬਾਰੇ ਵਿਚਾਰ ਅੰਕਿਤ ਕੀਤੇ ਹਨ। ਇਨ੍ਹਾਂ ਸਾਰਿਆਂ ਦਾ ਹੀ ਜ਼ਰੂਰਤ ਅਨੁਸਾਰ ਜ਼ਿਕਰ ਕੀਤਾ ਹੈ, ਜਿਥੇ ਕਵੀ ਨੂੰ ਲਗਾ ਕਿ ਵਿਸਥਾਰ ਦੀ ਲੋੜ ਹੈ ਵਿਸਥਾਰ ਦਿਤਾ ਹੈ ਅਤੇ ਜਿਥੇ ਲਗਾ ਕਿ ਸੰਖੇਪ ਕਰਨ ਦੀ ਲੋੜ ਹੈ ਉਥੇ ਮਾਤਰ ਨਾਮ ਦਸ ਕੇ ਹੀ ਅਗੇ ਪ੍ਰਸੰਗ ਚਲੰਤ ਰਖਿਆ। ਸੋ ਕਵੀ ਨੇ ਬਹੁਤ ਹੀ ਸੂਝ ਨਾਲ ਸਾਰੇ ਹੀ ਮਿਥਿਹਾਸਕ ਸਖਸ਼ੀਅਤਾਂ ਦਾ ਮਨੋਰਥ ਅਨੁਸਾਰ ਸਫਲ ਉਲੇਖ ਕਰਨ ਦਾ ਯਤਨ ਕੀਤਾ ਹੈ।

**2. ਮਿਥਿਹਾਸਕ ਸਥਾਨ**

ਵਿਚਾਰਾਧੀਨ ਕ੍ਰਿਤੀ ਵਿਚ ਬਹੁਤ ਸਾਰੇ ਮਿਥਿਹਾਸਕ ਸਥਾਨਾਂ ਦੇ ਹਵਾਲੇ ਆਏ ਹਨ, ਜਿਨ੍ਹਾਂ ਦੀ ਸਮੀਖਿਆ ਅਸੀਂ ਚਾਰ ਭਾਗਾਂ ਵਿਚ ਵਰਗੀਕ੍ਰਿਤ ਕਰਕੇ ਨਿਮਨਾਂਕਿਤ ਅਨੁਸਾਰ ਕਰਾਂਗੇ-

**2.1 ਭਾਰਤੀ ਲੌਕਿਕ ਸਥਾਨ**

**2.1.1. ਜਵਾਲਾਮੁਖੀ**

' ਅੱਗ ਦਾ ਮੂੰਹ'। ਪੰਜਾਬ ਦੇ ਉਤਰ ਵਿਚ ਅਤੇ ਹਿਮਾਲਿਆ ਦੇ ਹੇਠਲੇ ਹਿਸੇ ਵਿਚ ਇਕ ਪ੍ਰਸਿਧ ਤੀਰਥ ਜਿਥੇ ਜ਼ਮੀਨ ਵਿਚੋਂ ਅੱਗ ਨਿਕਲਦੀ ਹੈ। ਇਕ ਕਥਾ ਅਨੁਸਾਰ ਇਹ ਉਹ ਅੱਗ ਹੈ, ਜਿਸ ਨੂੰ ਸ਼ਿਵਜੀ ਦੀ ਪਤਨੀ ਸਤੀ ਨੇ ਉਤਪੰਨ ਕੀਤਾ ਸੀ ਅਤੇ ਜਿਸ ਵਿਚ ਉਹ ਆਪ ਹੀ ਸੜ ਗਈ ਸੀ।[690]

ਚਰਚਿਤ ਕ੍ਰਿਤੀ ਦੇ ਉਦਾਸੀ ਖੰਡ ਵਿਚ ਕਵੀ ਜਵਾਲਾਮੁਖੀ ਦਾ ਚਿਤਰਣ ਇਕ ਦੇਵੀ ਦੇ ਰੂਪ ਵਿਚ ਕਰਦਾ ਹੈ। ਇਕ ਦਿਨ ਗੁਰੂ ਜੀ ਕੋਲ ਕਰਮਚੰਦ ਬ੍ਰਹਮਣ ਆਉਂਦਾ ਹੈ , ਉਸਦੀ ਪੁਤਰੀ ਦਾ ਵਿਆਹ ਕਰਨ ਵਾਲਾ ਹੁੰਦਾ ਹੈ , ਉਹ ਗੁਰੂ ਜੀ ਤੋਂ ਮਦਦ ਮੰਗਦਾ ਹੈ। ਗੁਰੂ ਜੀ ਇਕ ਪਰਚੀ ਬਣਾਕੇ ਦਿੰਦੇ ਹਨ , ਜਿਸ ਵਿਚ 60 ਮੋਹਰਾਂ ਦੇਣ ਲਈ ਕਿਹਾ ਗਿਆ ਸੀ। ਉਹ ਪਰਚੀ ਜ੍ਵਾਲਾਮੁਖੀ ਨੂੰ ਦੇਣ ਲਈ ਕਹਿੰਦੇ ਹਨ। ਕਰਮਚੰਦ ਨੂੰ 60 ਮੋਹਰਾਂ ਜਵਾਲਾਮੁਖੀ ਦੇ ਮੰਦਰ ਵਿਚੋਂ ਜਵਾਲਾਮੁਖੀ ਦੇ ਦਿੰਦੀ ਹੈ-

ਸਾਠ ਮੁਹਰਿ ਕਾਗਦ ਕੇ ਮਾਹਿ॥ ਲਿਖੀ ਗੁਰੂ ਨੈ ਦਯੀ ਸੁ ਤਾਹਿ॥<br>
ਲੈ ਮੁਹੁਰਾ ਸੋ ਖੁਸ ਬਹੁ ਭਯੋ॥ ਲੈ ਕਰਿ ਤਾਹਿ ਸੁ ਘਰਿ ਕੋ ਗਯੋ॥31॥[691]

ਗ੍ਰੰਥ ਵਿਚ ਜਿਥੇ ਕਵੀ ਨੇ ਜਵਾਲਮੁਖੀ ਦੇਵੀ ਦੀ ਗੱਲ ਕੀਤੀ ਹੈ, ਉਥੇ ਹੀ ਉਸ ਦੇ ਸਥਾਨ ਜਵਾਲਾਮੁਖੀ ਦੀ ਵੀ ਗੱਲ ਕੀਤੀ ਹੈ ਕਿ ਕ੍ਰਿਸ਼ਨ ਚੰਦ ਦੇਵੀ ਦੇ ਮੰਦਰ ਵਿਚ ਜਾਂਦਾ ਹੈ।

ਕਵੀ ਨੇ ਪ੍ਰਤਾਪ ਖੰਡ ਵਿਚ ਜਵਾਲਾ ਮੁਖੀ ਨੂੰ ਦੇਵੀ ਦੇ ਰੂਪ ਵਿਚ ਦਰਸਾਇਆ ਹੈ, ਜੋ ਗੁਰੂ ਜੀ ਦੀ ਹਰ ਰੋਜ ਸੇਵਾ ਕਰਨ ਆਉਂਦੀ ਹੈ-

---

[690] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2000, ਪੰਨਾ 252.

[691] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 643.

ਦੇਵੀ ਜ੍ਵਾਲਾ ਮੁਖੀ ਜੋ ਆਵੈ ਤਹਾ ਸੁਜਾਨ॥

ਸੇਵਾ ਸਤਿਗੁਰ ਕੀ ਕਰੈ ਆਇ ਸੁ ਰੋਜ ਮਹਾਨ॥41॥[692]

ਕਵੀ ਨੇ ਇਥੇ ਮਾਤਰ ਦੇਵੀ ਦੇ ਰੂਪ ਵਿਚ ਹੀ ਜਾਵਾਲਾਮੁਖੀ ਦਾ ਚਿਤਰਣ ਕੀਤਾ ਹੈ, ਉਸ ਦੇ ਸਥਾਨ ਦਾ ਜ਼ਿਕਰ ਇਥੇ ਨਹੀਂ ਕੀਤਾ। ਕਸ਼ਮੀਰ ਖੰਡ ਵਿਚ ਕਵੀ ਨੇ ਜਵਾਲਾਮੁਖੀ ਸਥਾਨ ਦਾ ਰਮਣੀਕ ਚਿਤਰਣ ਇਸ ਤਰ੍ਹਾਂ ਕੀਤਾ ਹੈ-

ਗੰਗਾ ਮੈ ਇਸਨਾਨ ਕਰਿ ਉਤਰੇ ਪੈਯਲੇ ਪਾਰ॥

ਬਹੁਰਿ ਜੁਆਲਾ ਮੁਖੀ ਮੈ ਗਏ ਸੁ ਗੁਰੂ ਉਦਾਰ॥4॥

ਭੁਜੰਗ ਪ੍ਰਯਾਤਿ ਛੰਦ॥

ਘਨੀ ਛਾਂਵ ਜਾਹਾ ਫੁਲੀ ਫੂਲਵਾਰੀ॥ ਤਹਾਂ ਭੋਰ ਗੁੰਜਾਰ ਹੈਂ ਡਾਰ ਡਾਰੀ॥5॥

ਘਟਾ ਟੋਪ ਵਾਰੀ ਫੁਲੇ ਫੂਲ ਸਾਰੇ॥ ਫੁਲੀ ਮਾਲਤੀ ਮੋਗਰੇ ਪੈ ਅਨਾਰੇ॥

ਪੁਨੈ ਸੇਵਤੀ ਕੇਵੜੇ ਔਰ ਕੂਜੇ॥ ਸੁਪੇਦੰ ਸੁ ਫੂਲੰ ਪੁਨੈ ਲਾਲ ਦੂਜੇ॥

ਗੁਲੰਦਾਉਦੀ ਹਾਰ ਸਿੰਗਾਰ ਝਾਰੇ॥ ਤਹਾ ਊਤਰੇ ਜਾਇ ਕੈ ਸੋ ਉਦਾਰੇ॥6 ॥[693]

ਉਪਰੋਕਤ ਕਥਨਾਂ ਵਿਚ ਕਵੀ ਦੁਆਰਾ ਜਵਾਲਾਮੁਖੀ ਨੂੰ ਇਕ ਦੇਵੀ ਦੇ ਰੂਪ ਵਿਚ ਪ੍ਰਸਤੁਤ ਕੀਤਾ ਹੈ। ਜਿਥੇ ਉਸ ਦੇਵੀ ਦਾ ਨਿਵਾਸ ਹੈ, ਉਸ ਨੂੰ ਵੀ ਕਵੀ ਨੇ ਜਵਾਲਾਮੁਖੀ ਹੀ ਕਿਹਾ ਹੈ। ਸੋ ਸਾਡੀ ਵਿਚਾਰ ਦੀ ਮੰਗ ਅਨੁਸਾਰ ਅਸੀਂ ਇਥੇ ਮਾਤਰ ਦੇਵੀ ਦੇ ਸਥਾਨ ਤਕ ਹੀ ਸੀਮਤ ਹੈ। ਸੋ ਅਸੀਂ ਦੇਖਦੇ ਹਾਂ ਕਿ ਕਵੀ ਨੇ ਉਸ ਸਥਾਨ ਨੂੰ ਬਹੁਤ ਹੀ ਸੁੰਦਰ ਦਸਿਆ ਹੈ। ਜਿਸ ਦਾ ਕਵੀ ਨੇ ਚਰਚਿਤ ਕ੍ਰਿਤੀ ਵਿਚ ਕਈ ਥਾਈਂ ਜ਼ਿਕਰ ਕੀਤਾ ਹੈ। ਇਸ ਸਥਾਨ 'ਤੇ ਇਕ ਮੰਦਰ ਵੀ ਸੁਸ਼ੋਭਿਤ ਹੈ, ਅਜਿਹਾ ਸਾਨੂੰ ਕਵੀ ਦਾ ਉਦਾਸੀ ਖੰਡ ਵਿਚ ਕੀਤੇ ਗਏ ਜ਼ਿਕਰ ਤੋਂ ਸਹਿਜ ਹੀ ਬੋਧ ਹੋ ਜਾਂਦਾ ਹੈ।

### 2.1.2. ਬਦਰੀਨਾਥ/ਬਦਰੀਕਾਸ੍ਰਮ

---

[692] ਉਹੀ, ਪਤਰਾ 771.

[693] ਉਹੀ, ਪਤਰਾ 1680.

ਹਿਮਾਲਿਆ ਉਤੇ ਗੰਗਾ ਦੇ ਨੇੜੇ ਵਿਸ਼ਨੂੰ ਦਾ ਵਿਸ਼ੇਸ਼ ਕਰਕੇ ਉਸ ਦੇ ਨਰ-ਨਾਰਾਇਣ ਸਰੂਪ ਦਾ ਤੀਰਥ ਸਥਾਨ। ਹੁਣ ਇਹ ਸਥਾਨ ਬਦਰੀਨਾਥ ਕਰਕੇ ਵਧੇਰੇ ਪ੍ਰਸਿਧ ਹੈ, ਭਾਵੇਂ ਅਸਲ ਵਿਚ ਇਹ ਵਿਸ਼ਨੂੰ ਦੀ ਬਦਰੀ ਦਾ ਨਾਥ ਹੋਣ ਕਾਰਨ ਇਕ ਉਪਾਧੀ ਹੈ।[694]

ਕਵੀ ਨੇ ਬਦਰੀਨਾਥ ਦੇ ਸਥਾਨ ਨੂੰ ਮਹਾਨ ਕਿਹਾ ਹੈ। ਇਹ ਅਸਥਾਨ ਨਰ-ਨਰਾਇਣ ਦਾ ਹੈ। ਇਸ ਦੇ ਦਰਸ਼ਨ ਕਰਕੇ ਸਾਰੇ ਹੀ ਦੁਖ-ਦਰਦ ਦੂਰ ਹੋ ਜਾਂਦੇ ਹਨ-

ਬਦਰੀ ਖੰਡ ਪਰਮ ਅਸਥਾਨ॥ ਸੈਲਜ ਉਤੰਗ ਸੁ ਪਰਮ ਮਹਾਨ॥
ਸ੍ਵੈਤ ਬਰਣ ਰਵਿਸਾਨ ਪ੍ਰਕਾਸੇ॥ ਤਹਿ ਦਰਸਨਿ ਸਭਿ ਕਿਲਵਿਖ ਨਾਸੇ॥9॥
ਤਾਂ ਉਤੰਗ ਪਰਬਤਿ ਪਾਠਾਰੀ॥ ਬਦਰੀ ਕਾ ਆਸਰਮ ਉਦਾਰੀ॥
ਨਰ ਨਾਰਾਯਣ ਬਦਰੀ ਨਾਥ॥ ਅਉਰ ਕੁਬੇਰ ਸੁ ਤਿਨਕੈ ਸਾਥ॥
ਤਿਨਕਾ ਦਰਸਨਿ ਕਰੇ ਸੁ ਜਾਹਿ॥ ਪੁਨਿਰਪਿ ਜਨਮ ਧਰੈ ਸੋ ਨਾਹਿ॥11॥[695]

ਇਸ ਦੇ ਨਾਲ ਹੀ ਕਵੀ ਨੇ ਬਦਰੀਨਾਥ ਨੂੰ ਦ੍ਵਾਰਕਾ, ਬੈਜਨਾਥ, ਜਗਨਨਾਥ, ਕਿਦਾਰ, ਹਰਿਦੁਆਰ ਇਤਿਆਦਿਕ ਸਥਾਨਾਂ ਨਾਲ ਰਖ ਕੇ ਇਸ ਦੀ ਮਹਤਾ ਨੂੰ ਹੋਰ ਵੀ ਵਧਾਉਣ ਦਾ ਯਤਨ ਕੀਤਾ ਹੈ-

ਸੋਮਨਾਥ ਰਾਮਨਾਥ ਦ੍ਵਾਰਕਾ ਜਗਨਨਾਥ ਬਦਰੀ ਕਿਦਾਰ ਹਰਦੁਆਰ ਪਹਿਚਾਨੀਐ॥
ਰੰਗਿ ਨਾਥ ਬੈਜਨਾਥ ਦੇਵ ਗਿਰੀ ਦੇਵ ਨਾਥ ਝਾਲਾਰਾ ਪਣਿ ਰਾਮ ਮੂਰਤੀ ਸੁ ਜਾਨਿਐ॥[696]

ਸੋ ਕਵੀ ਨੇ ਬਦਰੀਨਾਥ ਸਥਾਨ ਨੂੰ ਬਹੁਤ ਹੀ ਪਵਿਤਰ ਦਸਿਆ ਹੈ, ਕਿਉਂਕਿ ਉਸ ਅਨੁਸਾਰ ਅਦਿਤੀ ਅਤੇ ਕਸ਼ਯਪ ਨੇ ਉਥੇ ਹੀ ਭਗਤੀ ਕੀਤੀ ਸੀ। ਇਸ ਪ੍ਰਕਾਰ ਕਵੀ ਨੇ ਬਦਰੀ ਨਾਥ ਦੇ ਸਥਾਨ ਦੀ ਮਹਿਮਾ ਕਰਦਿਆਂ ਉਸ ਨੂੰ ਹੋਰ ਪ੍ਰਮੁਖ ਸਥਾਨਾਂ ਵਿਚ ਗਿਣਿਆ ਹੈ।

### 2.1.3. ਅਲਕ ਨੰਦਾ

---

[694] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2000, ਪੰਨਾ 262.

[695] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 127.

[696] ਉਹੀ, ਪਤਰਾ 1708.

ਗੰਗਾ ਦਰਿਆ ਦੀਆਂ ਚਾਰ ਸ਼ਾਖਾ ਵਿਚੋਂ ਇਕ ਸ਼ਾਖ ਜਿਹੜੀ ਭਾਰਤ ਦੇ ਦੱਖਣ ਵਲ ਵਗਦੀ ਹੈ। ਵੈਸ਼ਣਵ ਇਸ ਨੂੰ ਧਰਤੀ ਗੰਗਾ ਕਹਿੰਦੇ ਹਨ, ਜਿਸ ਨੂੰ ਸ਼ਿਵਜੀ ਨੇ ਆਪਣੇ ਸਿਰ ਉਤੇ ਧਾਰਨ ਕੀਤਾ ਹੋਇਆ ਹੈ।[697]

ਕਵੀ ਨੇ ਇਸ ਨੂੰ ਪਵਿਤਰ ਨਦੀ ਦਸਿਆ ਹੈ। ਇਹ ਜਨਮਾਂ ਜਨਮਾਂਤਰਾਂ ਦੇ ਪਾਪ ਕਟਣ ਵਾਲੀ ਹੈ। ਇਹ ਭਗਵਾਨ ਦੇ ਚਰਨਾਂ ਵਿਚੋਂ ਨਿਕਲਦੀ ਹੈ। ਇਸ ਦੇ ਮਾਤਰ ਦਰਸ਼ਨ ਕਰਨ ਨਾਲ ਹੀ ਸਰੀਰ ਨਿਰਮਲ ਹੋ ਜਾਂਦਾ ਹੈ-

ਨਰਨਾਰਾਯਣ ਧਾਮ ਸੁ ਜਹਾਂ॥ ਅਲਖ ਨਿੰਦਰਾ ਗੰਗਾ ਤਹਾ॥
ਭਗਵਤਿ ਚਰਨਨ ਕਾ ਸੋ ਨੀਰ॥ ਨਾਇ ਸੁ ਨਿਰਮਲੁ ਕਰੈ ਸਰੀਰ॥12॥
ਜਨਮ ਜਨਮ ਕੇ ਪਾਤਿਕ ਜੇਤੇ॥ ਤਹ ਦਰਸਨਿ ਤੇ ਮਿਟੈ ਸੁ ਤੇਤੇ॥[698]

ਇਸ ਨਦੀ ਦਾ ਕਵੀ ਨੇ ਹੋਰਨਾਂ ਨਦੀਆਂ ਨਾਲ ਇਸ ਦਾ ਵਿਸ਼ੇਸ਼ ਜ਼ਿਕਰ ਕਰਕੇ ਇਸ ਦੀ ਮਹਤਾ ਨੂੰ ਹੋਰ ਵਧਾਉਣ ਦਾ ਯਤਨ ਕੀਤਾ ਹੈ-

ਸੰਖੂ ਧਾਰਾ ਤੀਰਥ ਕਪਾਲ ਮੋਚਨਿ ਮਹਾਨ ਔਰ ਰਿਣ ਮੋਚਨਿ ਸੁ ਤੀਰਥ ਪਛਾਨੀਐ॥
ਵਸੂਧਾਰਾ ਰਾਜ ਗਿਰੀ ਫਲਗੂ ਮਹਾਨ ਪੁਨਿ ਅਲਖਨਿੰਦਰਾ ਪੁਨਿ ਔਰ ਉਰਿ ਆਨੀਐ॥[699]

### 2.1.4. ਹਰਿਦੁਆਰ

ਹਰੀ ਦਾ ਦਰਵਾਜਾ। ਵਰਤਮਾਨ ਹਰਦਵਾਰ। ਉਹ ਥਾਂ, ਜਿਥੋਂ ਗੰਗਾ ਅਖੀਰ ਵਿਚ ਪਹਾੜਾਂ ਨੂੰ ਚੀਰ ਕੇ ਹਿੰਦੁਸਤਾਨ ਦੇ ਮੈਦਾਨਾਂ ਵਿਚ ਦਾਖਲ ਹੁੰਦੀ ਹੈ। ਇਹ ਇਕ ਮਹਾਨ ਤੀਰਥ ਹੈ।[700] ਕਵੀ ਨੇ ਇਸ ਨੂੰ ਤੀਰਥ ਅਸਥਾਨ ਹੀ ਦਸਿਆ ਹੈ। ਇਸ ਅਸਥਾਨ ਦੀ ਮਹਿਮਾ ਕਰਦਿਆਂ ਕਵੀ ਗ੍ਰੰਥ ਦੇ ਪਹਿਲੇ ਖੰਡ ਵਿਚ ਹੀ ਇਸ ਸਥਾਨ ਦਾ ਵਿਸ਼ੇਸ਼ ਜ਼ਿਕਰ ਉਦੋਂ ਕਰਦਾ ਹੈ, ਜਦੋਂ ਉਸ ਨੂੰ ਇਕ ਰਾਜਾ ਮਿਲਦਾ ਹੈ।

---

[697] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 57.

[698] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 127-28.

[699] ਉਹੀ, ਪਤਰਾ 58.

[700] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 152.

ਉਹ ਰਾਜਾ ਕਹਿੰਦਾ ਹੈ ਕਿ ਉਸ ਨੇ ਸਾਰਾ ਕੁਝ ਤਿਆਗ ਦਿਤਾ ਹੈ ਅਤੇ ਤੀਰਥ ਅਸਥਾਨਾਂ ਦੀ ਯਾਤਰਾਵਾਂ ਵੀ ਕਰ ਲਈਆਂ ਹਨ। ਇਨ੍ਹਾਂ ਯਾਤਰਾਵਾਂ ਵਿਚ ਉਹ ਹਰਿਦੁਆਰ ਦਾ ਜ਼ਿਕਰ ਕਰਦਾ ਹੈ-

ਸਭ ਦੇਸ ਬਿਦੇਸ ਵਿਖੈ ਫਿਰਿਯੋ ਸਤਿਸੰਗਤਿ ਕਾਰਨਿ ਮੈ ਸੁਖਰਾਸੀ॥

ਮਮ ਭੋਗ ਉਲਾਸ ਤਜੇ ਸਗਲੇ ਘਰਿ ਤੇ ਨਿਕਲਯੋ ਮਮ ਹੋਇ ਉਦਾਸੀ॥

ਪਰ ਸੰਤਨਿ ਸੰਗ ਮਿਲਜੋਨ ਕਹੂੰ ਹਰਿਦ੍ਵਾਰ ਪਿਰਾਗ ਗਯੋ ਮਮ ਕਾਸੀ॥

ਬਿਨ ਭਾਗ ਨ ਸੰਤਨਿ ਸੰਗ ਮਿਲੈ ਸਤਿ ਸੰਗ ਬਿਨਾ ਨ ਕਟੇ ਭਵ ਫਾਸੀ॥19॥[701]

ਇਸ ਸਥਾਨ ਦੀ ਮਹਿਮਾ ਅਤੇ ਪਵਿਤਰਤਾ ਨੂੰ ਹੋਰ ਵਿਸਥਾਰ ਨਾਲ ਦਸਣ ਹਿਤ ਉਹ ਕਹਿੰਦਾ ਹੈ ਕਿ ਇਥੇ ਸਿਧ ਅਤੇ ਅਨੇਕਾਂ ਸਾਧ, ਸੰਤ ਸਮੇਂ-ਸਮੇਂ ‘ਤੇ ਇਸ਼ਨਾਨ ਕਰਨ ਅਤੇ ਯਾਤਰਾ ਕਰਨ ਹਿਤ ਆਉਂਦੇ ਰਹਿੰਦੇ ਹਨ। ਗੋਰਖ, ਮਛਿੰਦਰ ਇਤਿਆਦਿਕ ਸਿਧ ਵੀ ਇਥੇ ਗੁਰੂ ਨਾਨਕ ਜੀ ਨੂੰ ਮਿਲੇ ਅਤੇ ਇਥੇ ਉਨ੍ਹਾਂ ਨੇ ਇਸ਼ਨਾਨ ਕੀਤਾ-

ਸਭ ਸਿਧ ਮਛਿੰਦਰ ਗੋਰਖ ਆਦਿਕ ਆਪਨਿ ਆਪਨਿ ਰੂਪ ਬਟਾਈ॥

ਹਰਿਦ੍ਵਾਰ ਵਿਖੈ ਅਸਨਾਨਿ ਕਰਜੋ ਸਭਨੈ ਮਿਲਿ ਕੈ ਸਗਲੇ ਸੁਖਦਾਈ॥12॥

ਕਰਿ ਕੈ ਅਸਨਾਨਿ ਤਹਾਂ ਸਗਲੇ ਅਪਨੇ ਅਪਨੇ ਅਸਥਾਨ ਪਧਾਰੇ॥

ਇਤਿਨੈ ਸਿਖ ਸੇਵਕ ਆਇ ਮਿਲੇ ਗੁਰ ਨਾਨਕ ਕੋ ਸਦਿ ਭਾਵ ਸੁ ਸਾਰੇ॥[702]

ਕਵੀ ਇਸ ਸਥਾਨ ਦਾ ਇਕ ਤੀਰਥ ਅਸਥਾਨ ਵਜੋਂ ਬਹੁਤ ਸਤਿਕਾਰ ਕਰਦਾ ਹੈ, ਕਿਉਂਕਿ ਇਸ ਸਥਾਨ ਦਾ ਜ਼ਿਕਰ ਉਹ ਵਾਰ-ਵਾਰ ਕਰਦਾ ਹੈ, ਕਵੀ ਅਨੁਸਾਰ ਗੁਰੂ ਜੀ ਕਈ ਵਾਰ ਉਦਾਸੀਆਂ ਦੌਰਾਨ ਹਰਿਦੁਆਰ ਜਾਂਦੇ ਰਹਿੰਦੇ ਸਨ। ਇਸੇ ਤਰ੍ਹਾਂ ਦਾ ਵਿਸ਼ੇਸ ਕਥਨ ਧਰਮ ਤਦਯੋਗ ਖੰਡ ਵਿਚ ਦੇਖਣ ਨੂੰ ਮਿਲਦਾ ਹੈ, ਯਥਾ-

ਨਾਨਕ ਤਹਾਂ ਲੋਪ ਭਯੋ ਜਬੈ॥ ਹਰਿਦੁਆਰ ਜਾਇ ਨਿਕਲਾ ਤਬੈ॥46॥

---

701 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 45.

702 ਉਹੀ, ਪਤਰਾ 1629.

ਹਰਿਦੁਆਰ ਮੈ ਕਰਿ ਇਸਨਾਨ॥  ਗਏ ਤਪੋਬਨ ਮਾਹਿ ਮਹਾਨ॥[703]

ਕਵੀ ਦੀ ਇਸ ਸਥਾਨ ਨਾਲ ਇਤਨੀ ਸਾਂਝ ਹੈ ਕਿ ਉਹ ਆਪਣੀ ਰਚਨਾ ਵਿਚ ਕਿਸੇ ਇਕ ਮਨੋਰਥ ਨੂੰ ਪੂਰਾ ਕਰਨ ਹਿਤ ਹਰਿਦੁਆਰ ਦੇ ਰਸਤਿਆਂ ਬਾਰੇ ਜਾਣਕਾਰੀ ਦਿੰਦਾ ਹੈ, ਕਿ ਭਾਰਤ ਦੇ ਵਖ-ਵਖ ਹਿਸਿਆਂ ਵਿਚੋਂ ਕਿਹੜੇ-ਕਿਹੜੇ ਮਾਰਗ ਰਾਂਹੀਂ ਹਰਿਦੁਆਰ ਪਹੁੰਚਿਆ ਜਾ ਸਕਦਾ ਹੈ-

ਹਮ ਜਾਣਾਂ ਹਰਿਦੁਆਰ ਕੋ ਰਸਤਾ ਹਮੈ ਬਤਾਹੁ॥ ਪਾਂਚੋ ਸੋ ਤਿਨ ਪਾਂਚ ਨੈ ਪਾਂਚ ਬਤਾਹੇ ਰਾਹੁ ॥29॥

ਤਿਨ ਮੈ ਜੋ ਬੁਧਿਵਾਨ ਪਹਿਲੇ ਬੋਲਿਉ ਸੋਇ॥ ਪ੍ਰਿਥਮ ਜਾਹੁ ਅਜੁਧਿਆ ਸੀਧਾ ਰਸਤਾ ਓਇ॥30॥

ਚੌਪਈ॥

ਪੁਨਿ ਦੂਜੈ ਨੈ ਕਹਿ ਸਮਝਾਯੋ॥ ਤਿਨ ਪਿਰਾਗ ਕੋ ਜਾਹੁ ਬਤਾਯੋ॥

ਬਹੁਰਿ ਕਹਯੋ ਤੀਜੈ ਸਮਝਾਈ॥ ਮਿਰਿਜਾਪੁਰ ਕੋ ਜਾਵਹੁ ਭਾਈ॥31॥

ਚਉਥੈ ਹੈਦਰਿਬਾਦ ਬਤਾਯੋ॥ ਭਲੀ ਭਾਤਿ ਕਹਿ ਕੈ ਸਮਝਾਯੋ॥

ਤਹਿ ਤੇ ਤ੍ਰਿਮੁਖਿ ਕੋ ਤੁਮ ਜਾਵਉ॥ ਬਹੁਰਿ ਤਹਾਂ ਤੇ ਪੁਸਕਰਿ ਆਵਉ॥32॥

ਪੁਸਕਰਿ ਤੇ ਲਹੌਰ ਪੁਨਿ ਜਾਈ॥ ਸੀਧਾ ਰਸਤਾ ਦਯੋ ਬਤਾਈ॥

ਪੰਚਮ ਕਹਯੋ ਨ ਸੂਧਾ ਏਹੁ॥ ਮੈ ਰਸਤਾ ਕਹੋਂ ਸੋ ਸੁਣ ਲੇਹੁ॥33॥

ਇਹੁ ਹਯੈ ਸਭਿ ਝੂਠੇ ਸਾਰੇ॥ ਗਯਾ ਜਾਹੁ ਤੁਮ ਆਦਿ ਉਦਾਰੇ॥

ਤਹਿ ਤੇ ਜਗਨਨਾਥ ਪੁਨਿ ਜਾਇ॥ ਆਗੈ ਰਾਮਨਾਥ ਪੁਨਿ ਆਇ॥34॥

ਸਲੋਕੁ॥ ਰਾਮ ਨਾਥ ਤੇ ਦੁਆਰਕਾ ਪੁਨਿ ਹਿੰਗਲਾਸ ਸੁ ਜਾਇ॥

ਪੁਨਿ ਕਸਮੀਰ ਹ੍ਵੈ ਕਾਗੜੇ ਸੂਧਾ ਰਸਤਾ ਯਾਇ॥35॥

ਚੌਪਈ॥

ਤਹਿ ਤੇ ਪੁਨਿ ਕਿਦਾਰ ਮੈ ਜਾਇ॥ ਆਗੈ ਦੇਵ ਪਿਰਾਗ ਪੁਨਾਇ॥

ਬਹੁਰਿ ਤਪੋਬਨ ਜਾਇ ਉਦਾਰ॥ ਤਿਸ ਤੇ ਆਗੈ ਹੈ ਹਰਿਦੁਆਰ॥36 ॥[704]

---

[703] ਉਹੀ, ਪਤਰਾ 423.

ਕਵੀ ਹਰਿਦੁਆਰ ਦੇ ਮੇਲੇ ਦਾ ਜ਼ਿਕਰ ਵੀ ਕਰਦਾ ਹੈ ਕਿ ਇਸ ਸਥਾਨ ਉਪਰ ਕੁੰਭ ਲਗਦਾ ਹੈ। ਗੁਰੂ ਨਾਨਕ ਦੇਵ ਜੀ ਇਸ ਮੇਲੇ ਉਪਰ ਵੀ ਜਾਂਦੇ ਹਨ। ਯਥਾ-

ਮੇਲਾ ਹਰਿਦਵਾਰ ਕਾ ਆਯੋ॥ ਅਬ ਲਗੁ ਕੁੰਭ ਨਹੀ ਮੈ ਨਾਯੋ॥

ਸਤਿਗੁਰ ਕਹਯੋ ਚਲੋ ਸੁਖਦਾਈ॥ ਤੀਨੋ ਉਡੇ ਨ ਬੇਰ ਲਗਾਈ॥30॥

ਹਰਿਦੁਆਰ ਮੈ ਕਰਿ ਇਸਨਾਨ॥ ਪੁਨਿ ਗਰੁ ਚਲੇ ਸੁ ਆਪ ਮਹਾਨ॥[705]

ਜਿਵੇਂ ਕਿ ਇਸ ਸਥਾਨ ਦੇ ਨਾਮ ਤੋਂ ਹੀ ਸਿਧ ਹੁੰਦਾ ਹੈ ਕਿ ਇਹ ਹਰੀ ਦਾ ਦੁਆਰਾ ਹੈ। ਇਸ ਨੂੰ ਕਵੀ ਨੇ ਤਿਲਗੰਜੀ ਦੇਵ ਖੰਡ ਵਿਚ ਵਿਅਕਤ ਕਰਨ ਦਾ ਯਤਨ ਕੀਤਾ ਹੈ। ਕਵੀ ਨੇ ਗੁਰੂ ਨਾਨਕ ਦੇਵ ਜੀ ਨੂੰ ਇਥੇ ਵਗਦੀ ਗੰਗਾ ਵਿਚ ਅਲੋਪ ਹੋਣਾ ਦਸਦਿਆਂ ਕਿਹਾ ਹੈ ਕਿ ਉਹ ਇਸ ਵਿਚ ਅਲੋਪ ਹੋ ਕੇ ਭਗਵਾਨ ਦੇ ਦਰਸ਼ਨ ਕਰਨ ਗਏ। ਇਸ ਲਈ ਕਵੀ ਨੇ ਹਰਿਦੁਆਰ ਵਿਚ ਵਗਦੀ ਗੰਗਾ ਨੂੰ ਭਗਵਾਨ ਤੱਕ ਪਹੁੰਚਣ ਦਾ ਦੁਆਰ ਦਸਿਆ ਹੈ। ਜਿਥੇ ਭਗਵਾਨ ਨੇ ਉਨ੍ਹਾਂ ਦੇ ਗਲ ਵਿਚ ਸਹਸਰਨਾਮ ਮਾਲਾ ਪਾਈ। ਯਥਾ-

ਗੁਰ ਕੁਲਿਆਂਗਦ ਦੇਸ ਤੇ ਹਰਿਦੁਆਰ ਮੈ ਆਇ॥ ਤਹਾ ਕੀਉ ਇਸਨਾਨ ਗੁਰ ਸਿਖਤਹ ਦੋਇ ਠਰਾਇ॥6॥

ਚੌਪਈ॥ ਗੰਗਾ ਮਾਹਿ ਭਯੋ ਗੁਰ ਲੋਪ॥ ਲੋਕ ਰਹੇ ਤਹਿ ਸਗਲੇ ਤੋਪ॥7॥

ਪਰਮ ਧਾਮ ਕੋ ਸਤਿਗੁਰ ਗਯੋ॥ ਤਹਿ ਭਗਵਤਿ ਕਾ ਦਰਸਨਿ ਲਯੋ॥

ਸਹਸਰ ਨਾਮ ਕੀ ਮਾਲਾ ਜੋਇ॥ ਨਾਨਕ ਕੈ ਗਰਿ ਡਾਰੀ ਸੋਇ॥

ਭਗਵਤਿ ਨਾਨਕ ਕੈ ਗੁਰਿ ਡਾਲੀ॥ ਪੁਨਿ ਸਿਖੋ ਕੀ ਬਾਤ ਨਿਕਾਲੀ॥8॥[706]

ਸੋ ਉਪਰੋਕਤ ਕਥਨਾਂ ਤੋਂ ਅਸੀਂ ਕਹਿ ਸਕਦੇ ਹਾਂ ਕਿ ਕਵੀ ਦੇ ਦ੍ਰਿਸ਼ਟੀਕੋਣ ਤੋਂ ਹਰਿਦੁਆਰ ਇਕ ਪਵਿਤਰ, ਸਾਧੂ ਸੰਤਾਂ ਦੇ ਚਰਨਾਂ ਦੀ ਛੋਹ ਪ੍ਰਾਪਤ, ਹਰੀ ਦਾ ਦੁਆਰਾ ਹੈ। ਇਥੇ ਕੁੰਭ ਦਾ ਮੇਲਾ ਵੀ ਲਗਦਾ ਹੈ। ਕਵੀ ਨੇ ਇਸ ਸਥਾਨ ਨੂੰ ਇਕ ਤੀਰਥ ਵਜੋਂ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ।

### 2.1.5. ਰਾਮ ਤੀਰਥ

---

[704] ਉਹੀ, ਪਤਰਾ 702.

[705] ਉਹੀ, ਪਤਰਾ 1242.

[706] ਉਹੀ, ਪਤਰਾ 1624.

ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ, ਜੋ ਕਿ ਰਾਮ ਚੰਦਰ ਦੀ ਯਾਦ ਵਿਚ ਬਣਾਇਆ ਦਸਿਆ ਗਿਆ ਹੈ। ਕਵੀ ਅਨੁਸਾਰ ਇਹ ਸਥਾਨ ਅਚਲ ਬਟਾਲੇ ਤੋਂ ਵਾਪਸ ਤਲਵੰਡੀ ਆਉਂਦੇ ਸਮੇਂ ਰਸਤੇ ਵਿਚ ਹੈ। ਇਥੇ ਇਕ ਸੁੰਦਰ ਤਲਾਅ ਵੀ ਹੈ। ਇਥੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਬਰਾਤੀਆਂ ਨੇ ਵਾਪਸੀ ਸਮੇਂ ਇਸ਼ਨਾਨ ਕੀਤਾ ਅਤੇ ਕੁਝ ਸਮਾਂ ਰੁਕੇ ਸਨ। ਇਥੇ ਬਹੁਤ ਸਾਰੇ ਸਾਧੂ ਵੀ ਰਹਿੰਦੇ ਸਨ-

ਗਜ ਬਾਜ ਸਜੰਦਨ ਤਜਾਰ ਕਰਿ ਸਭ ਚੜ੍ਹੇ ਦੁੰਧਭਿ ਵਾਇ॥
ਚਲਿ ਅਚਲਿ ਤੇ ਦਿਨ ਦੂਸਰੇ ਪੁਨਿ ਰਾਮ ਤੀਰਥ ਆਇ॥
ਵਹਿ ਰਾਮ ਤੀਰਥ ਰਾਮ ਕੋ ਤਹ ਰਹੇ ਸੰਤ ਮਹਾਨ॥
ਤਹ ਦਏ ਡੇਰੇ ਲਾਇਕੈ ਪੁਨਿ ਕੀਓ ਸਭਨਿ ਸਨਾਨ॥24॥[707]

ਕਵੀ ਅਨੁਸਾਰ ਗੁਰੂ ਜੀ ਇਥੇ ਸਾਧੂਆਂ ਨੂੰ ਮਿਲੇ ਅਤੇ ਬਹੁਤ ਖੁਸ਼ ਹੋਏ, ਸਾਧੂ ਗੁਰੂ ਜੀ ਦਾ ਦਰਸ਼ਨ ਪਾ ਕੇ ਧੰਨ ਹੋ ਜਾਂਦੇ ਹਨ। ਇਕ ਵਿਅਕਤੀ ਰਾਮ ਦੀ ਮੂਰਤੀ ਲਈ ਹਾਰ ਲੈ ਕੇ ਆਉਂਦਾ ਹੈ ਅਤੇ ਗੁਰੂ ਜੀ ਨੂੰ ਰਾਮ ਦਾ ਅਵਤਾਰ ਜਾਣ ਕੇ ਹਾਰ ਗਲ ਵਿਚ ਪਾ ਦਿੰਦਾ ਹੈ। ਇਸ ਗੱਲ ਦਾ ਮਹੰਤ ਨੂੰ ਗੁਸਾ ਲਗਦਾ ਹੈ ਅਤੇ ਉਹ ਗੁਰੂ ਜੀ ਨੂੰ ਮੰਦਾ ਬੋਲਦਾ ਹੈ। ਫਿਰ ਮਹੰਤ ਕਿਸਨਦਾਸ ਕਹਿੰਦਾ ਹੈ ਕਿ ਨਾਨਕ ਹੀ ਰਾਮ ਦਾ ਅਵਤਾਰ ਹੈ। ਜਦ ਉਹ ਮਹੰਤ ਮੰਦਿਰ ਅੰਦਰ ਜਾ ਕੇ ਦੇਖਦਾ ਹੈ ਤਾਂ ਹਾਰ ਰਾਮ ਦੇ ਗਲ ਵਿਚ ਪਿਆ ਹੈ ਫਿਰ ਉਹ ਗੁਰੂ ਜੀ ਤੋਂ ਮਾਫੀ ਮੰਗਦਾ ਹੈ।

ਸੋ ਕਵੀ ਨੇ ਇਸ ਸਥਾਨ ਨੂੰ ਤੀਰਥ ਅਸਥਾਨ ਦਸਦੇ ਹੋਏ ਤਲਵੰਡੀ ਤੋਂ ਪਖੋ ਕੇ ਰੰਧਾਵੇ ਦੇ ਵਿਚਕਾਰ ਦਸਿਆ ਹੈ।

### 2.1.6. ਰਾਮਬਾਨਸਰ

ਕਵੀ ਅਨੁਸਾਰ ਇਕ ਸਥਾਨ ਜੋ ਕਿ ਜਵਾਲਾ ਮੁਖੀ ਤੋਂ ਸਾਹੋਵਾਲ ਦੇ ਨੇੜੇ ਹੈ। ਜਿਸ ਦਾ ਅਜੋਕਾ ਨਾਮ ਨਾਨਕ ਟੋਭਾ ਹੈ। ਇਹ ਇਕ ਪੁਰਾਣਾ ਤੀਰਥ ਸੀ , ਇਸ ਸਥਾਨ ਤੇ ਕਈ ਰਿਸ਼ੀ ਰਹਿੰਦੇ ਸਨ। ਜਲ ਦੀ ਘਾਟ ਕਰਕੇ ਸਾਰੇ ਰਿਸ਼ੀ ਚਲੇ ਗਏ। ਇਥੇ ਸਿਰਫ ਚਿਮਨ ਰਿਸ਼ੀ ਰਹਿ ਗਿਆ। ਰਿਸ਼ੀਆਂ ਨੇ ਕਿਹਾ

---

[707] ਉਹੀ, ਪਤਰਾ 590.

ਕਿ ਜਦੋਂ ਰਾਮ ਯਾਤਰਾ ਤੇ ਨਿਕਲਣਗੇ ਤਾਂ ਇਖਵਾਕੂ ਤੀਰਥ ਸਥਾਨ ਤੋਂ ਹੁੰਦੇ ਹੋਏ ਤੇਰੇ ਪਾਸ ਆਉਣਗੇ। ਦੋ ਹਜਾਰ ਸਾਲ ਚਿਮਨ ਰਿਸ਼ੀ ਨੇ ਇਥੇ ਤਪ ਕੀਤਾ। ਫਿਰ ਰਾਮ ਚੰਦਰ ਉਥੇ ਆਏ। ਇਸ ਸਥਾਨ ਤੇ ਰਾਮ ਨੇ ਤੀਰ ਮਾਰ ਕੇ ਪਤਾਲ ਤੋਂ ਪਾਣੀ ਦਾ ਇਕ ਝਰਨਾ ਕਢਿਆ। ਇਸ ਸਥਾਨ ਦਾ ਨਾਮ ਰਾਮਬਾਨ ਸਰ ਰਖਿਆ[708]-

ਰਾਮਬਾਨਸਰ ਰਾਖਿਯੋ ਨਾਮ॥ ਮੁਨਿਵਰਿ ਆਪ ਸੁ ਕਰੁਣਾਧਾਮ॥

---

[708] ਉਹੀ, ਪਤਰਾ 774-75-

ਇਸ ਕੀ ਕਥਾ ਸੁਨੇ ਮਨਲਾਈ॥ ਕਰਿ ਸੰਖੇਪ ਸੁ ਕਹੋ ਸੁਨਾਈ॥ ਮਨ ਅੰਗਰੈਂ ਪੁਨਿ ਮੇਧਾਵੀ॥ ਕੂੰਦਨ ਅਉਰ ਬਹੁਰਿ ਬਲਿ ਰਾਵੀ॥9॥ ਬਹੁਰਿ ਪਰਾਸਰ ਭਾਰਦੁਆਜ॥ ਪੁਨਿ ਕੁੰਭਜ ਰਿਸੀਅਨ ਸਿਰਤਾਜ॥ ਬਿਚਰਤਿ ਸਰਬ ਜੁ ਸਹਜਿ ਸੁਭਾਇ॥ ਇਸ ਅਸਥਾਨ ਵਿਖੈ ਸੁ ਆਇ॥10॥ ਦੇਖਿਯੋ ਸੁੰਦਰ ਇਹੁ ਅਸਥਾਨ॥ ਭਏ ਪ੍ਰਸੰਨ ਸੁ ਦੇਖਿ ਮਹਾਨ॥ ਸੁੰਦਰ ਕਾਨਨ ਚਹੂੰ ਦਿਸ ਸਾਰੇ॥ ਸਭਿ ਰੁਤਿ ਕੇ ਫਲੁ ਤਾਹਿ ਮਝਾਰੇ॥11॥ ਦੋਹਰਾ॥ ਫਲੁ ਫੂਲ ਸਿਉ ਸਭਿ ਤਰ ਭਰੇ ਸੁਭ ਗੁਨਿ ਕਰਿ ਜਿਉ ਸੰਤ॥ ਨਾਨਾ ਪੰਖੀ ਬੋਲਈ ਜਿਉ ਰੁਤਿ ਆਇ ਬਸੰਤ॥12॥ ਚੌਪਈ॥ ਪੰਖੀ ਸਬਦ ਕਰੈਂ ਬਹੁ ਉਰਿ॥ ਫੂਲ ਫਲ ਬਿਨ ਤਰ ਕੋਇ ਨ ਕੋਰਾ॥ ਸੁੰਦਰ ਬਨ ਮੁਨਿ ਸਰਬ ਨਿਹਾਰੇ॥ ਕੁਛੁ ਕਿ ਕਾਲ ਵੈ ਰਹੇ ਸੁ ਸਾਰੇ॥13॥ ਕੰਦ ਮੂਲ ਫਲੁ ਫੂਲ ਬਨ ਮਾਹੀ॥ ਪਰ ਜਲੁ ਨਿਕਟ ਪੀਣ ਕੋ ਨਾਹੀ॥ ਇਸ ਤੇ ਰਿਸੀ ਸੁ ਭਏ ਉਦਾਸੰ॥ ਇਸ ਬਨ ਕੀ ਤਿਨਿ ਛੋਡੀ ਆਸੰ॥14॥ ਇਸ ਤੇ ਰਿਸੀ ਸੁ ਸਰਬ ਉਦਾਰੇ॥ ਅਉਰ ਬਨਾ ਤਰਿ ਗਏ ਸੁ ਸਾਰੇ॥ ਚਿਮਨ ਰਿਸੀ ਇਕ ਈਹਾ ਰਹਯੋ॥ ਚਲਤੈ ਵਖਤਿ ਤਾਹਿ ਤਿਨਿ ਕਹਯੋ॥15॥ ਤਿਸ ਕਾ ਮਨ ਨਹਿ ਭਯੋ ਉਦਾਸ॥ ਰਹਯੋ ਸੁ ਕੂੰਦਨ ਤਿਸ ਕੇ ਪਾਸ॥ ਨਿਕਲੇ ਰਾਮ ਜਾਤਰਾ ਕਾਰਨ॥ ਆਇ ਸੁ ਨਿਕਟ ਰਾਮ ਭਵਤਾਰਨ॥16॥ ਇਖੁਵਾਕੂ ਤੀਰਥ ਅਬਰਾਮ॥ ਇਉ ਤਿਨਿ ਭਾਖਿਯੋ ਕਰੁਣਾਧਾਮ॥ ਆਵਹਿਗੇ ਵਹਿ ਪਾਸ ਤੁਮਾਰੇ॥ ਇਉ ਕਹਿ ਰਿਸੀ ਸੁ ਸਰਬ ਪਧਾਰੇ॥17॥ ਬਰਸ ਹਜਾਰ ਦੋਇ ਇਹਾਂ ਜਾਨ॥ ਚਿਮਨ ਰਿਸੀ ਤਪੁ ਕੀਉ ਮਹਾਨ॥ ਇਖੁਵਾਕੂ ਤੀਰਥ ਤੇ ਰਾਮ॥ ਖਸਟਿ ਕੋਸ ਹੋਤੇ ਸੁਖਧਾਮ॥18॥ ਕਰੁਣਾ ਸਿੰਧ ਰਾਮ ਸੁ ਜਾਨ॥ ਤਹਿ ਤੇ ਇਹਾਂ ਸੁ ਆਇ ਮਹਾਨ॥ ਰਾਮ ਚੰਦ ਪ੍ਰਭ ਕਰੁਣਾਧਾਮ॥ ਮੁਨਿ ਕੋ ਆਇ ਕਰੀ ਪਰਣਾਮ॥19॥ ਦੇਖਿ ਮੁਨਿਸੁਰ ਸੋ ਸੁਖਦਾਈ॥ ਸੀਘਰ ਉਠੇ ਆਪ ਮੁਨਿਰਾਈ॥ ਭਾਵਾਸਨਿ ਪਰ ਰਾਮ ਬਿਠਾਏ॥ ਬਨ ਫਲੁ ਮਿਸਟ ਸੁ ਤਾਹਿ ਖਵਾਏ॥20॥ ਪੁਸਪਨਿ ਮਾਲਾ ਗਰ ਮੈ ਡਾਰੀ॥ ਅੰਮ੍ਰਿਤ ਸਮ ਪੁਨਿ ਗਿਰਾ ਉਚਾਰੀ॥ ਸੁਖੀ ਅਹੇ ਤੁਮਰੋ ਪਰਵਾਰੇ॥ ਤੁਮ ਸਿਖ ਸਿਉ ਪੁਨਿ ਆਇ ਉਦਾਰੇ॥21॥ ਦਸਰਥ ਭਰਤਿ ਸਤਰੂਘਨ ਆਪ॥ ਭੂਪਤਿ ਬਲਿ ਪਰਜਾ ਪਰਤਾਪ॥ ਕਉਸਲਿਆ ਤੇ ਲੇ ਮਹਤਾਰੀ॥ ਰਾਮ ਕਹਯੋ ਰਿਖਿ ਕਿਰਪਾ ਥਾਰੀ॥22॥ ਦੋਹਰਾ॥ ਤਬ ਕਿਰਪਾ ਤੇ ਸੁਖੀ ਸਭਿ ਹੇ ਮੁਨਿ ਕਰੁਣਾਧਾਮ॥ ਈਹਾ ਨਿਕਟ ਨਾਹਿ ਜਲੁ ਰਾਮ॥ ਕੰਦ ਮੂਲ ਫਲੁ ਈਹਾ ਸਾਰੇ॥ ਪਰ ਜਲੁ ਬਿਨ ਹਮ ਦੂਖੀ ਉਦਾਰੇ॥24॥ ਰਾਮ ਬਾਨ ਇਕ ਆਪਿ ਨਿਕਾਰਯੋ॥ ਚਾਪ ਲਾਇ ਕਰਿ ਬਾਨ ਸੁ ਮਾਰਯੋ॥ ਬਾਨ ਪਤਾਲਹੁ ਨੀਰ ਲਿਆਯੋ॥ ਦੇਖਿ ਸੁ ਨੀਰ ਮੁਨੀ ਹਰਖਾਯੋ॥25॥

ਤਿਸ ਦਿਨ ਤੇ ਤੀਰਥ ਇਹੁ ਭਯੋ॥ ਰਾਮ ਉਤਰ ਦਿਸ ਆਪ ਸੁ ਗਯੋ॥26॥[709]

ਸਮਾਂ ਪੈਣ ਤੇ ਮੁਗਲਾਂ ਦਾ ਰਾਜ ਹੋਇਆ ਤਾਂ ਇਹ ਭਰ ਦਿਤਾ ਗਿਆ ਅਤੇ ਫਿਰ ਦੁਬਾਰਾ ਤੋਂ ਖੋਦਿਆ ਗਿਆ। ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਵਿਚ ਇਖਵਾਕੂ ਦਾ ਯਗ ਕੁੰਡ ਸਥਾਨ ਅੰਮ੍ਰਿਤਸਰ ਵਿਚ ਵੀ ਦਸਿਆ ਹੈ।[710] ਸੋ ਕਵੀ ਅਨੁਸਾਰ ਇਸ ਤੀਰਥ ਅਸਥਾਨ ਨੂੰ ਆਪ ਰਾਮ ਨੇ ਆਪ ਪ੍ਰਗਟ ਕੀਤਾ ਸੀ, ਇਸ ਲਈ ਇਸ ਸਥਾਨ ਦੀ ਮਹਿਮਾ ਹੋਰ ਵੀ ਵਧ ਜਾਂਦੀ ਹੈ। ਇਸ ਤਰ੍ਹਾਂ ਕਵੀ ਨੇ ਇਸ ਸਥਾਨ ਨੂੰ ਭਾਰਤੀ ਤੀਰਥ ਸਥਾਨ ਦਸਿਆ ਹੈ ਜਿਸ ਨੂੰ ਵੀ ਅਸੀਂ ਭਾਰਤੀ ਲੌਕਿਕ ਸਥਾਨਾਂ ਵਿਚ ਸ਼ਾਮਿਲ ਕਰ ਸਕਦੇ ਹਾਂ।

### 2.1.7. ਪੁਸ਼ਕਰ

'ਨੀਲੇ ਰੰਗ ਦਾ ਕਮਲ'। ਇਕ ਪ੍ਰਸਿਧ ਤਲਾ, ਜਿਹੜਾ ਅਜਮੇਰ ਤੋਂ ਪੰਜ ਮੀਲ ਤੇ ਹੈ। ਸੱਤਾ ਦ੍ਵੀਪਾਂ ਵਿਚੋਂ ਇਕ ਦ੍ਵੀਪ ਦਾ ਨਾਂ। ਇਸ ਨਾਂ ਦੇ ਕਈ ਵਿਅਕਤੀ ਹੋਏ ਹਨ। ਰਾਜਾ ਨਲ ਦਾ ਭਰਾ, ਜਿਸ ਕੋਲ ਰਾਜਾ ਨਲ ਨੇ ਜੂਏ ਵਿਚ ਆਪਣੀ ਸਾਰੀ ਬਾਦਸ਼ਾਹੀ ਅਤੇ ਜੋ ਕੁਝ ਵੀ ਉਸ ਦੇ ਕਬਜ਼ੇ ਵਿਚ ਸੀ, ਹਾਰ ਦਿਤਾ ਸੀ। ਭਰਤ ਦਾ ਪੁਤਰ, ਰਾਮਜੰਦ ਦਾ ਭਤੀਜਾ, ਜੋ ਗਾਂਧਾਰ ਦੇਸ਼ ਦਾ ਰਾਜਾ ਸੀ।[711]

ਕਵੀ ਨੇ ਪੁਸ਼ਕਰ ਨੂੰ ਵੀ ਇਕ ਤੀਰਥ ਸਥਾਨ ਦਾ ਦਰਜਾ ਦਿਤਾ ਹੈ। ਇਥੋਂ ਦੇ ਪ੍ਰਸਿਧ ਤਲਾਅ ਵਿਚ ਗੁਰੂ ਜੀ ਨੂੰ ਇਸ਼ਨਾਨ ਕਰਦਿਆਂ ਵੀ ਦਸਿਆ ਹੈ। ਯਥਾ-

ਤਿਨ ਕੋ ਸਤਿਗੁਰ ਭਗਤੀ ਲਾਇ॥ ਪੁਨਿ ਗੁਰ ਪੁਸ਼ਕਰਿ ਤੀਰਥ ਆਇ॥20॥

ਪੁਸਕਰਿ ਮੈ ਕਰਿ ਕੈ ਇਸਨਾਨ॥ ਬਿਪ੍ਰਨ ਕੋ ਬਹੁ ਦੀਨੇ ਦਾਨ॥

ਪੁਨਿ ਮਨਿ ਇਛਾ ਭੋਜਨ ਦਯੋ॥ ਦਖਣਾ ਦੇ ਗੁਰ ਆਨੰਦ ਭਯੋ॥21॥[712]

---

709 ਉਹੀ, ਪਤਰਾ 775.

710 ਵਣਜਾਰਾ ਬੇਦੀ, ਸੋਹਿਦੰਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ*, ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 184.

711 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 350.

712 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 821.

ਚਰਚਿਤ ਕ੍ਰਿਤੀ ਵਿਚ ਗੁਰੂ ਜੀ ਦਾ ਇਸ ਸਥਾਨ ਉਪਰ ਤਿੰਨ ਦਿਨ ਰਹਿਣ ਦਾ ਜ਼ਿਕਰ ਹੈ, ਪਰ ਘਟਨਾਵਾਂ ਦੀ ਵਿਸਤ੍ਰਿਤ ਜਾਣਕਾਰੀ ਨਹੀਂ ਹੈ। ਯਥਾ-

ਪ੍ਰੁਸਕਰਿ ਮੈ ਗੁਰ ਕਰਿ ਇਸਨਾਨ॥ ਤੀਨ ਦਿਵਸ ਤਹ ਰਹੇ ਮਹਾਨ॥

ਪ੍ਰੁਸਕਰਿ ਤੀਰਥ ਤੇ ਗੁਰ ਰਾਇ॥ ਜੈ ਪੁਰ ਕੀ ਧਰਤੀ ਪੁਨਿ ਆਇ॥1॥[713]

ਉਦਾਸੀ ਖੰਡ ਵਿਚ ਭਾਰਤ ਦੇ ਵਖ-ਵਖ ਹਿਸਿਆਂ ਤੋਂ ਹਰਿਦੁਆਰ ਪਹੁੰਚਣ ਦੇ ਮਾਰਗ ਵਿਚ ਪੁਸ਼ਕਰ ਤੀਰਥ ਦੀ ਪੁਸ਼ਟੀ ਵੀ ਚਰਚਿਤ ਕ੍ਰਿਤੀ ਵਿਚ ਕੀਤੀ ਗਈ ਹੈ-

ਚਉਥੈ ਹੈਦਰਿਬਾਦ ਬਤਾਯੋ॥ ਭਲੀ ਭਾਤਿ ਕਹਿ ਕੈ ਸਮਝਾਯੋ॥

ਤਹਿ ਤੇ ਤ੍ਰਿਮੁਖਿ ਕੋ ਤੁਮ ਜਾਵਉ॥ ਬਹੁਰਿ ਤਹਾਂ ਤੇ ਪੁਸਕਰਿ ਆਵਉ॥32॥

ਪੁਸਕਰਿ ਤੇ ਲਹੌਰ ਪੁਨਿ ਜਾਈ॥ ਸੀਧਾ ਰਸਤਾ ਦਯੋ ਬਤਾਈ॥

ਪੰਚਮ ਕਹਯੋ ਨ ਸੂਧਾ ਏਹੁ॥ ਮੈ ਰਸਤਾ ਕਹੌਂ ਸੋ ਸੁਣ ਲੇਹੁ॥33॥[714]

ਜੇਕਰ ਪ੍ਰਸੰਗ ਨੂੰ ਧਿਆਨ ਨਾਲ ਦੇਖਿਆ ਜਾਵੇ ਤਾਂ ਇਥੇ ਮਾਤਰ ਗੁਰੂ ਜੀ ਗਰੀਬਾਂ ਨੂੰ ਦਾਨ ਦੇਣ ਦੀ ਪ੍ਰਬਿਰਤੀ ਨੂੰ ਹੀ ਦ੍ਰਿੜਾਉਂਦੇ ਹਨ। ਹੋਰ ਕਿਸੇ ਖਾਸ ਮਨੋਰਥ ਨਾਲ ਗੁਰੂ ਜੀ ਇਥੇ ਆਏ ਪ੍ਰਤੀਤ ਨਹੀਂ ਹੁੰਦੇ।

### 2.1.8. ਉਜੈਨ

ਗ੍ਰੀਕ Osnvn ਤੇ ਆਧੁਨਿਕ ਉਜੈਨ। ਇਹ ਵਿਕ੍ਰਮਾਦਿਤ ਦੀ ਰਾਜਧਾਨੀ ਅਤੇ ਸੱਤ ਪਵਿਤਰ ਸ਼ਹਿਰਾਂ ਵਿਚੋਂ ਇਕ ਸੀ। ਹਿੰਦੂ ਭੂਗੋਲਵੇਤਾ ਇਸ ਨੂੰ ਹੀ ਆਪਣਾ ਪਹਿਲਾ ਮਧਿ ਅਮ ਬਣਾ ਕੇ ਆਪਣੀ ਦੀਰਘਤਾ ਗਿਣਦੇ ਹਨ।[715] ਕਵੀ ਨੇ ਇਸ ਤੀਰਥ ਅਸਥਾਨ ਦੀ ਮੰਗਲਾ ਚਰਨ ਵਿਚ ਮਹਿਮਾ ਇਸ ਤਰ੍ਹਾਂ ਲਿਖੀ ਹੈ-

ਹਰ ਮਸਤਕਿ ਹਰਿ ਬਾਹਨੇ ਉਡਪ ਉਡਪ ਦੁਇ ਜਾਨ॥

---

[713] ਉਹੀ, ਪਤਰਾ 824.

[714] ਉਹੀ, ਪਤਰਾ 702.

[715] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 12.

ਓਅੰਕਾਰ ਉਜੈਨ ਪੁਨਿ ਮੰਗਲ ਦਾਇਕ ਮਾਨ॥3॥[716]

ਕਵੀ ਅਨੁਸਾਰ ਇਹ ਇਕ ਨਗਰ ਹੈ ਜਿਥੇ ਵੇਦਾਂ ਦੇ ਗਿਆਤਾ ਰਹਿੰਦੇ ਹਨ, ਧਰਮ ਤਦਯੋਗ ਖੰਡ ਵਿਚਲੀ ਸਾਖੀ ਵਿਚ ਇਸ ਦੇ ਸੰਕੇਤ ਮਿਲਦੇ ਹਨ। ਯਥਾ-

ਪੁਰੀ ਉਜੈਨਿ ਮਾਹਿ ਸੋ ਰਹੇ॥ ਬੇਦ ਪਾਠ ਨਿਤ ਤਾ ਸਿਉ ਕਹੇ॥

ਬ੍ਰਹਮਣ ਬਾਲਕ ਬਹੁਤਿ ਪੜਾਯੋ॥ ਪੁਰੀ ਮਾਹਿ ਤਾਕਾ ਜਸੁ ਛਾਯੋ॥[717]

ਇਹ ਇਕ ਤੀਰਥ ਅਸਥਾਨ ਵੀ ਹੈ ਜਿਥੇ ਸ਼ਰਧਾਲੂ ਗੰਗਾ ਵਿਚ ਇਸ਼ਨਾਨ ਕਰਨ ਹਿਤ ਆਉਂਦੇ ਰਹਿੰਦੇ ਹਨ। ਕਵੀ ਅਨੁਸਾਰ ਗੁਰੂ ਨਾਨਕ ਦੇਵ ਜੀ ਵੀ ਇਥੇ ਗਏ ਸਨ ਅਤੇ ਉਥੇ ਦਾਨ ਪੁੰਨ ਵੀ ਕੀਤਾ ਸੀ। ਯਥਾ-

ਜੈ ਪੁਰਿ ਤੇ ਗੁਰ ਬਿਦਾ ਹ੍ਵੈ ਆਇ ਉਜੈਨ ਸੁ ਜਾਨ॥

ਗੰਗਾ ਮੈ ਇਸਨਾਨ ਕਰਿ ਬਿਪ੍ਰਨਿ ਕੋ ਦਯੌ ਦਾਨ॥2॥

ਚੌਪਈ॥

ਤਹ ਦੇਵਨ ਕਾ ਦਰਸਨਿ ਪਾਇ॥ ਓਅੰਕਾਰ ਪੁਨਿ ਸਤਿਗੁਰ ਆਇ॥

ਗੰਗਾ ਮੈ ਗੁਰ ਮਜਨ ਕਯੋ॥ ਓਅੰਕਾਰ ਕਾ ਦਰਸਨਿ ਲਯੋ॥3॥[718]

ਚਰਚਿਤ ਕ੍ਰਿਤੀ ਅਨੁਸਾਰ ਇਸ ਸਥਾਨ ਵਿਚ ਦੇਵਤਿਆਂ ਦਾ ਵਾਸ ਹੈ। ਜਿਸ ਕਰਕੇ ਇਹ ਸਥਾਨ ਪਵਿਤਰ ਹੈ ਅਤੇ ਇਥੇ ਕੀਤੇ ਇਸ਼ਨਾਨ ਦਾ ਵਿਸ਼ੇਸ਼ ਮਹਤਵ ਹੈ। ਯਥਾ-

ਬਹੁਰਿ ਉਜੈਨਿ ਸਿਰੀ ਗੁਰ ਆਇ॥ ਗੰਗਾ ਪਰ ਗੁਰ ਆਸਣ ਲਾਇ॥

ਗੰਗਾ ਮੈ ਮਜਨ ਗੁਰ ਕਯੋ॥ ਮਾਹਦੇਵ ਕਾ ਦਰਸਨਿ ਲਯੋ॥56॥[719]

---

716 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 11.

717 ਉਹੀ, ਪਤਰਾ 459.

718 ਉਹੀ, ਪਤਰਾ 824.

719 ਉਹੀ, ਪਤਰਾ 1723.

ਕਵੀ ਨੇ ਉਜੈਨ ਨੂੰ ਮਹਾਂਕਾਲ ਦਾ ਸਥਾਨ ਵੀ ਦਸਿਆ ਹੈ, ਬਰਨ ਖੰਡ ਵਿਚ ਜਿਥੇ ਕੁਝ ਹੋਰ ਤੀਰਥਾਂ ਬਾਰੇ ਗੱਲ ਕੀਤੀ ਹੈ, ਉਨ੍ਹਾਂ ਨਾਲ ਹੀ ਉਜੈਨ ਵਿਚ ਮਹਾਂਕਾਲ ਦੇ ਨਿਵਾਸ ਨੂੰ ਮੰਨਿਆ ਹੈ-

ਭੀਮਾ ਸੰਕਰ ਭਿਵਰੇ ਮੂਲੀ॥ ਬੈਜਨਾਥ ਹੈ ਦੇਵ ਪਰੂਲੀ॥

ਮਹਾ ਕਾਲ ਉਜੈਨ ਸੁ ਜਾਨ॥ ਮਮਲੇਸ੍ਵਰ ਓਕਾਰ ਹਮਾਨ॥155॥[720]

ਸੋ ਉਜੈਨ ਇਕ ਪ੍ਰਸਿਧ ਤੀਰਥ ਅਸਥਾਨ ਹੈ, ਜਿਥੇ ਗੰਗਾ ਵਗਦੀ ਹੈ ਅਤੇ ਮਹਾਂਕਾਲ ਦੇ ਨਾਲ ਹੋਰ ਵੀ ਦੇਵੀ ਦੇਵਤੇ ਵਸਦੇ ਹਨ। ਸਾਧ ਸੰਤਾਂ ਦਾ ਇਸ ਪਵਿਤਰ ਸਥਾਨ ਉਪਰ ਅਕਸਰ ਆਉਣਾ-ਜਾਣਾ ਬਣਿਆ ਰਹਿੰਦਾ ਹੈ।

### 2.1.9. ਕੁਬਜਾ ਨਗਰੀ

ਕਾਨਜਕੁਬਜ, ਕਨੌਜ ਸ਼ਹਿਰ। ਕਨੌਜ ਦੇ ਆਸ ਪਾਸ ਦਾ ਇਲਾਕਾ, ਫਰਰੁਖਾਬਾਦ ਦਾ ਜ਼ਿਲਾ। ਕਿਹਾ ਜਾਂਦਾ ਹੈ ਕਿ ਰਾਜਰਿਖੀ ਕੁਸ਼ਨਾਭ ਨੇ ਘ੍ਰਿਤਾਚੀ ਅਪਸਰਾ ਤੋਂ ਸੌ ਕੰਨਜਾ ਪੈਦਾ ਕੀਤੀਆਂ, ਜਦ ਲੜਕੀਆਂ ਜੁਆਨ ਹੋਈਆਂ, ਤਦ ਵਾਯੂ ਦੇਵਤਾ ਮੋਹਿਤ ਹੋ ਕੇ ਉਨ੍ਹਾਂ ਨੂੰ ਵਰਣ ਲਗਾ। ਲੜਕੀਆਂ ਨੇ ਆਖਿਆ ਕਿ ਪਿਤਾ ਦੀ ਆਗਜਾ ਬਿਨਾ ਅਸੀਂ ਕਿਸੇ ਨੂੰ ਨਹੀਂ ਵਰਦੀਆਂ। ਇਸ ਪੁਰ ਪੌਣ ਦੇਵਤਾ ਨੇ ਕ੍ਰੋਧ ਕਰਕੇ ਸਾਰੀਆਂ ਕੁਬੀਆਂ ਕਰ ਦਿਤੀਆਂ। ਕੁਸ਼ਨਾਭ ਨੇ ਉਨ੍ਹਾਂ ਕੁਬੜੀਆਂ ਨੂੰ ਰਾਜਾ ਬ੍ਰਹਮਦੱਤ ਨਾਲ ਵਿਆਹ ਦਿਤਾ ਅਤੇ ਸ਼ਾਦੀ ਹੋਣ ਪੁਰ ਉਨ੍ਹਾਂ ਦਾ ਕੁਬੜਾਪਨ ਦੂਰ ਹੋ ਗਿਆ, ਇਨ੍ਹਾਂ ਕੁਬੀਆਂ ਕੰਨਜਾ ਤੋਂ ਗੋਤ ਅਤੇ ਦੇਸ਼ ਦਾ ਨਾਉਂ ਕਾਨਜਕੁਬਜ ਹੋ ਗਿਆ।[721]

ਕਵੀ ਨੇ ਇਸ ਨਗਰੀ ਦਾ ਜ਼ਿਕਰ ਇਕ ਥਾਂ ਹੀ ਰਾਜਾ ਕੁਸਨਾਭ ਦੀ ਕਥਾ ਦਸਣ ਸਮੇਂ ਹੀ ਕੀਤਾ ਹੈ। ਜਿਸ ਨੂੰ ਰਾਜਾ ਕੁਸ਼ਨਾਭ ਦੇ ਰਾਜ ਦੀ ਰਾਜਧਾਨੀ ਦਸਿਆ ਹੈ-

ਕੁਸਨਾਭ ਨਰੇਸ ਸੁਰੇਸ ਸਮੰ ਕੁਬਜਾ ਨਗਰੀ ਤਿਸ ਕੀ ਰਾਜਧਾਨੀ॥

ਸੁ ਮਹਾ ਧਰਮਾਤਮ ਭੂਪ ਬਲੀ ਜਿਸ ਕੇ ਸਮੰ ਦੂਸਰਿ ਨਾਹਿ ਬਿਨਾਨੀ॥[722]

---

[720] ਉਹੀ, ਪਤਰਾ 1560.

[721] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 345.

[722] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 847.

ਸੋ ਇਸ ਸਥਾਨ ਬਾਰੇ ਚਰਚਿਤ ਕ੍ਰਿਤੀ ਵਿਚ ਵਿਸਤ੍ਰਿਤ ਵਰਨਣ ਨਹੀਂ ਮਿਲਦਾ ਬਲਕਿ ਸੰਕੇਤਕ ਰੂਪ ਵਿਚ ਹੀ ਇਸ ਦਾ ਹਵਾਲਾ ਅੰਕਿਤ ਕੀਤਾ ਗਿਆ ਹੈ।

**2.1.10.ਤ੍ਰਿਮੁਖ/ਤ੍ਰਯੰਬਕ**

ਤਿੰਨ ਹਨ ਜਿਸ ਦੇ ਅੰਬਕ(ਨੇਤ੍ਰ)। ਤਿੰਨ ਨੇਤ੍ਰਾਂ ਵਾਲਾ ਸ਼ਿਵ। ਬੰਬਈ ਹਾਤੇ ਨਾਸਿਕ ਜ਼ਿਲ੍ਹੇ ਵਿਚ ਗੋਦਾਵਰੀ ਦੇ ਕਿਨਾਰੇ ਇਕ ਸ਼ਿਵ ਮੰਦਿਰ ਅਤੇ ਇਸੇ ਨਾਮ ਦਾ ਨਗਰ, ਜੋ ਨਾਸਿਕ ਤੋਂ 20 ਮੀਲ ਦੱਖਣ ਪੱਛਮ ਹੈ। ਇਸ ਥਾਂ ਬਾਰਾਂ ਵਰ੍ਹੇ ਪਿਛੋਂ ਭਾਰੀ ਕੁੰਭ ਮੇਲਾ ਹੁੰਦਾ ਹੈ।[723]

ਚਰਚਿਤ ਕ੍ਰਿਤੀ ਵਿਚ ਇਸ ਸਥਾਨ ਉਪਰ ਬਾਰਾਂ ਸਾਲ ਬਾਅਦ ਲਗਣ ਵਾਲੇ ਕੁੰਭ ਦੇ ਮੇਲੇ ਦਾ ਜ਼ਿਕਰ ਹੀ ਕੀਤਾ ਹੈ। ਯਥਾ-

ਯੋਂ ਸਤਿ ਪੁਰਖੁ ਬਤਾਇ ਕਰਿ ਗਯੁ ਤ੍ਰਿਮੁਖਿ ਕੋ ਸੋਇ॥
ਮੇਲਾ ਨੇਰੇ ਆਯੋ ਬਾਰਾ ਬ੍ਰਸ ਕਾ ਜੋਇ॥62॥[724]

ਇਸ ਮੇਲੇ ਉਪਰ ਸਿਧਾਂ, ਜੋਗੀਆਂ ਇਤਿਆਦਿਕ ਦੇ ਜਾਣ ਬਾਰੇ ਵੀ ਵਿਚਾਰ ਚਰਚਿਤ ਗ੍ਰੰਥ ਵਿਚ ਮਿਲਦੇ ਹਨ। ਇਥੇ ਪਹੁੰਚਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਲਖਾਂ ਤਕ ਦਸੀ ਹੈ। ਇਥੇ ਵਖ-ਵਖ ਭਾਂਤੀਆਂ ਦੇ ਭੇਖ ਵਾਲੇ ਸੰਤਾਂ ਦੀਆਂ ਮੰਡਲੀਆਂ ਵੀ ਵਿਸ਼ੇਸ਼ ਪਹੁੰਚਦੀਆਂ ਹਨ, ਯਥਾ-

ਕਹਯੋ ਅਦੇਸੰ ਸਭਿਨੈ ਆਇ॥ ਸਾਦਰ ਗੁਰ ਸੋ ਸਭ ਬੈਠਾਇ॥
ਬਾਰਾ ਬ੍ਰਸ ਕਾ ਮੇਲਾ ਆਯੋ॥ ਗੋਰਖ ਐਸਾ ਬਚਨਿ ਸੁਨਾਯੋ॥16॥
ਗੋਰਖੋ ਵਾਚ॥
ਸਗਲ ਸਿਧ ਮੇਲੇ ਕੋ ਆਏ॥ ਤੁਮੀ ਭੀ ਚਲੋ ਸ੍ਰੀ ਗੁਰ ਰਾਇ॥
ਚਲਿ ਕਰਿ ਦੇਹੁ ਭੰਡਾਰਾ ਤਹਾ॥ ਖਟ ਦਰਸਨ ਮਿਲਿਯੋ ਹੈ ਜਹਾ॥17॥
ਲਾਖੋ ਸੰਤ ਭੇਖ ਤਹ ਆਯੋ॥ ਯਾ ਤੇ ਅਉਰੁ ਸੁ ਲੋਕ ਸਵਾਯੋ॥

---

723 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 605.

724 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 755.

ਬਹੁਤਿ ਭੇਖਿ ਤਹ ਇਕਠਾ ਭਯੋ॥ ਕਿੰਨੂ ਨ ਤਹਾ ਭੰਡਾਰਾ ਦਯੋ॥[725]

ਕਵੀ ਨੇ ਮੇਲੇ ਦਾ ਦ੍ਰਿਸ਼ ਚਿਤਰਣ ਵੀ ਕਰਨ ਦਾ ਯਤਨ ਕੀਤਾ ਹੈ, ਉਹ ਲਿਖਦਾ ਹੈ ਕਿ ਤਿਰਮੁਖ ਦਾ ਮੇਲਾ ਜਗ ਤੋਂ ਨਿਆਰੇ ਰੂਪ ਵਿਚ ਭਰਦਾ ਹੈ। ਇਥੇ ਪਹੁੰਚੇ ਸਾਧੂ, ਸੰਤਾਂ ਦੇ ਦਰਸ਼ਨ ਕਰਕੇ ਸਾਰੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਸ਼ਰਧਾਲੂ ਦੇ ਸਾਰੇ ਹੀ ਪਾਪ, ਤਾਪ ਮਿਟ ਜਾਂਦੇ ਹਨ-

ਨਾਨਕ ਬੇਗ ਚਲੋ ਤਿਰਮੁਖਿ ਕੋ ਅਬ ਕਛੁ ਡੇਰ ਨ ਕੀਜੈ॥

ਖਟਦਰਸਨ ਤੁਮਰਾ ਮਗ ਦੇਖਤਿ ਤਿਨ ਕੋ ਦਰਸਨ ਦੀਜੈ॥

ਹਮ ਸਭ ਲੈਨ ਆਇ ਹੈ ਤੁਮ ਕੋ ਭਰਿਯੋ ਮੇਲਾ ਸਾਰਾ॥

ਚਲੋ ਸਤਾਬੀ ਡੇਰ ਨ ਕੀਜੈ ਮਾਨਹੁ ਬਚਨਿ ਹਮਾਰਾ॥45॥

ਉਗਾਹਾ ਛੰਦ॥

ਐਸਾ ਮੇਲਾ ਭਰਾ ਨਯਾਰੇ॥ ਚਲਿ ਕਰਿ ਦੇਖੋ ਆਪ॥

ਦਰਸ ਪਰਸ ਕ੍ਰ ਕਿਲਵਿਖ ਨਾਸੈ॥ ਮਿਟੈ ਸੁ ਤੀਨੋ ਤਾਪ॥46॥[726]

ਜਿਥੇ ਕਵੀ ਨੇ ਤਿਰਮੁਖ ਦੇ ਸਥਾਨ ਦੇ ਮੇਲੇ ਦਾ ਦ੍ਰਿਸ਼ ਸਿਰਜਣ ਦਾ ਯਤਨ ਕੀਤਾ ਹੈ, ਉਥੇ ਹੀ ਭਾਰਤ ਦੇ ਵਖ-ਵਖ ਹਿਸਿਆਂ ਤੋਂ ਹਰਿਦੁਆਰ ਜਾਣ ਲਈ ਇਸ ਨੂੰ ਮਾਰਗ ਵਿਚ ਆਉਣ ਵਾਲਾ ਤੀਰਥ ਅਸਥਾਨ ਵੀ ਦਸਿਆ ਹੈ। [727] ਇਸ ਦੇ ਨਾਲ ਹੀ ਇਸ ਸਥਾਨ ਦੀ ਮਹਿਮਾ ਬਾਰੇ ਲਿਖਦਿਆਂ ਕਵੀ ਕਹਿੰਦਾ ਹੈ ਕਿ ਜੋ ਵਿਅਕਤੀ ਇਸ ਸਥਾਨ ਦੀ ਪਰਿਕਰਮਾ ਕਰੇਗਾ ਉਸ ਨੂੰ ਕਾਸ਼ੀ ਵਿਚ ਕੀਤੇ ਗਏ ਤਪ ਦੇ ਬਰਾਬਰ ਫਲ ਦੀ ਪ੍ਰਾਪਤੀ ਹੋਵੇਗੀ। ਯਥਾ-

ਨਾਸਕ ਤਿਰਮੁਖਿ ਕੀ ਕਰੈ ਪਰਕਰਮਾ ਨਰ ਜੋਇ॥

---

[725] ਉਹੀ, ਪਤਰਾ 856.

[726] ਉਹੀ, ਪਤਰਾ 857-58.

[727] ਉਹੀ, ਪਤਰਾ 702-

ਚਉਥੈ ਹੈਦਰਿਬਾਦ ਬਤਾਯੋ॥ ਭਲੀ ਭਾਤਿ ਕਹਿ ਕੈ ਸਮਝਾਯੋ॥ ਤਹਿ ਤੇ ਤ੍ਰਿਮੁਖਿ ਕੋ ਤੁਮ ਜਾਵਉ॥ ਬਹੁਰਿ ਤਹਾਂ ਤੇ ਪੁਸਕਰਿ ਆਵਉ॥32॥

ਫਲੁ ਕਾਸੀ ਤਪੁ ਕਰੇ ਕਾ ਪਾਵੈ ਪ੍ਰਾਨੀ ਸੋਇ॥74॥[728]

ਸੋ ਕਵੀ ਨੇ ਚਰਚਿਤ ਕ੍ਰਿਤੀ ਵਿਚ ਤਿਰਮੁਖ ਦੇ ਸਥਾਨ ਉਪਰ ਲਗਣ ਵਾਲੇ ਬਾਰਾਂ ਸਾਲਾ ਬਾਅਦ ਦੇ ਮੇਲੇ ਦਾ ਜ਼ਿਕਰ ਕੀਤਾ ਹੈ, ਜਿਸ ਵਿਚ ਲਖਾਂ ਦੀ ਗਿਣਤੀ ਵਿਚ ਸ਼ਰਧਾਲੂਆਂ ਦਾ ਇਕਠ ਹੋਣਾ ਦਸਿਆ ਹੈ। ਇਸ ਦੇ ਨਾਲ ਹੀ ਇਸ ਸਥਾਨ ਦੀ ਵਿਸ਼ੇਸ਼ ਮਹਿਮਾ ਵੀ ਕੀਤੀ ਹੈ।

### 2.1.11. ਬਿਦਰ

ਦਖਣੀ ਭਾਰਤ ਦਾ ਪ੍ਰਸਿਧ ਤੀਰਥ-ਸਥਾਨ। ਮਧ-ਕਾਲ ਵਿਚ ਬਿਦਰ ਬਾਹਮਨੀ ਸਾਮਰਾਜ ਦੀ ਰਾਜਧਾਨੀ ਰਿਹਾ ਹੈ। ਮੰਨਿਆ ਜਾਂਦਾ ਹੈ ਕਿ ਇਸ ਜਗ੍ਹਾ ਪਹਿਲਾਂ ਬਾਂਸਾਂ ਦਾ ਜੰਗਲ ਸੀ। ਬਾਂਸ ਨੂੰ ਮਲਿਆਲਮ-ਬੋਲੀ ਵਿਚ ਬਿਦਰ ਕਹਿੰਦੇ ਹਨ, ਇਸ ਕਰਕੇ ਇਸ ਜਗ੍ਹਾ ਦਾ ਨਾਂ ਬਿਦਰ ਪੈ ਗਿਆ। ਗੁਰੂ ਨਾਨਕ ਸਾਹਿਬ ਦੇ ਸਮੇਂ ਬਾਹਮਨੀ-ਸਾਮਰਾਜ ਆਪਣੇ ਅੰਤਿਮ ਸਾਹਾਂ ਉਤੇ ਸੀ। [729] ਕਵੀ ਨੇ ਵੀ ਇਸ ਨੂੰ ਦਖਣ ਵਿਚ ਹੀ ਦਸਿਆ ਹੈ-

ਵਿਦਰ ਸਹਰਿ ਦਖਣ ਕੇ ਮਾਹਿ॥ ਗੋਦਾ ਪਾਰ ਨਗੀਚ ਸੁ ਨਾਹਿ॥

ਤਿਸ ਕੈ ਮਾਹ ਸੁ ਤਾਹਿ ਅਗਾਰ॥ ਪਰਚਨਿ ਈਹਾਂ ਆਇ ਉਦਾਰ॥29॥[730]

ਦਖਣ ਵਿਚ ਕਵੀ ਨੇ ਇਸ ਨੂੰ ਪੰਡਰਪੁਰ ਦੇ ਨੇੜੇ ਦਸਿਆ ਹੈ, ਕਿਉਂਕਿ ਖਡੂਰੀ ਖੰਡ ਵਿਚ ਗੁਰੂ ਨਾਨਕ ਦੇਵ ਜੀ ਪੰਡਰਪੁਰ ਤੋਂ ਹੋ ਕੇ ਹੀ ਬਿਦਰ ਪਹੁੰਚਦੇ ਹਨ। ਜਿਥੇ ਉਹ ਦੋ ਫਕੀਰਾਂ ਨੂੰ ਮਿਲਦੇ ਹਨ। ਯਥਾ-

ਬਿਦਾ ਭਏ ਸੋ ਤਹਾ ਸ੍ਰੀ ਗੁਰ ਨਾਨਕ ਦੇਉ॥

ਪੰਡਰਪੁਰਿ ਮੈ ਆਇ ਪੁਨਿ ਕਰੈਂ ਦੇਵ ਜਹ ਸੇਉ॥79॥

ਚੌਪਈ॥

ਭਗਵਤਿ ਕਾ ਤਹ ਦਰਸਨਿ ਪਾਇ॥ ਬਹੁਰਿ ਬਿਦਰਿ ਮੈ ਸਤਿਗੁਰ ਆਇ॥

---

[728] ਉਹੀ, ਪਤਰਾ 859.

[729] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 225.

[730] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1755.

ਬਿਦਰਿ ਸਹਰਿ ਤੇ ਬਾਹਰ ਵਾਰੇ॥ ਰਹੈਂ ਫਕੀਰ ਸੁ ਦੋਇ ਉਦਾਰੇ॥80॥[731]

ਕਵੀ ਨੇ ਬਿਦਰ ਦੇ ਨੇੜੇ ਪਾਣੀ ਦੀ ਕਮੀ ਹੋਣ ਬਾਰੇ ਵੀ ਵਿਚਾਰ ਅੰਕਿਤ ਕੀਤੇ ਹਨ। ਜਦੋਂ ਦੋਵੇਂ ਫਕੀਰਾਂ ਨੂੰ ਗੁਰੂ ਜੀ ਨੇ ਕੁਝ ਮੰਗਣ ਲਈ ਕਿਹਾ ਤਾਂ ਉਨ੍ਹਾਂ ਨੇ ਪਾਣੀ ਦੀ ਕਿਲਤ ਦੀ ਗੱਲ ਕਹਿ ਕੇ ਪਾਣੀ ਦੇ ਸ੍ਰੋਤ ਦੀ ਮੰਗ ਕੀਤੀ, ਉਨ੍ਹਾਂ ਅਨੁਸਾਰ ਜੇਕਰ ਉਹ ਉਥੋਂ ਧਰਤੀ ਖੋਦਦੇ ਸਨ ਤਾਂ ਵੀ ਉਥੇ ਪਾਣੀ ਨਹੀਂ ਨਿਕਲਦਾ ਸੀ, ਜਿਸ ਕਾਰਨ ਉਨ੍ਹਾਂ ਨੂੰ ਸ਼ਹਿਰ ਤੋਂ ਪਾਣੀ ਲਿਆਉਣਾ ਪੈਂਦਾ ਸੀ। ਜੋ ਕਿ ਅਤਿ ਕਠਿਨ ਕਾਰਜ ਸੀ। ਯਥਾ-

ਤੁਮਰੇ ਦਿਲ ਮੈ ਤਮਾਂ ਜੁ ਹੋਇ॥ ਮਾਂਗ ਲੇਹੁ ਤੁਮ ਹਮ ਤੇ ਸੋਇ॥

ਸੁਣਿ ਕਰਿ ਵਚਨਿ ਸੁ ਬੋਲੇ ਉਊ॥ ਜਲ ਬਿਨ ਦੁਖੀ ਰਹੈ ਹਮ ਦੋਊ॥85॥

ਪਾਣੀ ਦੂਰਿ ਸਹਰਿ ਤੇ ਆਵੈ॥ ਰਹਮਿ ਦਯਾ ਬਿਨ ਕਉਨੁ ਪੁਚਾਵੈ॥

ਪਾਣੀ ਦੂਰਿ ਜਿਮੀ ਕੇ ਮਾਹਿ॥ ਕਾਢਤਿ ਪਾਣੀ ਕਰਿ ਥਕਿ ਜਾਹਿ॥86॥[732]

ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਸਦਕਾ ਉਥੇ ਪਾਣੀ ਦਾ ਝਰਨਾ ਫੁਟ ਪਿਆ ।[733] ਗੁਰੂ ਜੀ ਬਿਦਰ ਸ਼ਹਿਰ ਵਿਚ ਤਿੰਨ ਦਿਸ਼ਾਵਾਂ ਦੀਆਂ ਉਦਾਸੀਆਂ ਤੋਂ ਬਾਅਦ ਆਏ ਸਨ। ਯਥਾ-

ਬਿਦਰ ਸਹਰਿ ਮੈ ਨਾਨਕ ਸਾਹਿ॥ ਬੈਠੇ ਆਪ ਸੁ ਬੇਗਮ ਰਾਹਿ॥

ਤੀਨ ਦਿਸਾ ਕਾ ਕਰਿ ਕੈ ਸੈਲ॥ ਬੈਠੇ ਤਹਾਂ ਸਿਖਯ ਦੋਇ ਗੈਲੁ॥5॥[734]

ਸੋ ਉਪਰੋਕਤ ਤੋਂ ਅਸੀਂ ਕਹਿ ਸਕਦੇ ਹਾਂ ਕਿ ਬਿਦਰ ਦਖਣ ਭਾਰਤ ਦਾ ਇਕ ਪ੍ਰਸਿਧ ਸਥਾਨ ਹੈ, ਜਿਸਨੂੰ ਪੰਡਰਪੁਰ ਦੇ ਨੇੜ ਦਸਿਆ ਹੈ। ਇਸ ਸਥਾਨ ਦੇ ਨੇੜੇ ਪਾਣੀ ਦੀ ਕਿਲਤ ਸੀ, ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਦੂਰ ਕੀਤਾ।

---

731 ਉਹੀ, ਪਤਰਾ 879.

732 ਉਹੀ, ਪਤਰਾ 880.

733 ਉਹੀ, ਪਤਰਾ 880-

ਈਹਾਂ ਧਰਤੀ ਮਾਹਿ ਪਖਾਨ॥ ਖੋਦਤਿ ਨੀਰ ਨ ਲਾਗੈ ਜਾਨ॥ ਨਾਨਕ ਪਾਹਨਿ ਏਕ ਉਠਾਇ॥ ਜਲ ਕਾ ਝੇਰਾ ਦਯੋ ਬਹਾਇ ॥87॥

734 ਉਹੀ, ਪਤਰਾ 881.

**2.1.12. ਕਮਿਖਿਆ ਦੇਵੀ**

ਕਾਮ ਨੇਤ੍ਰਾਂ ਵਾਲੀ, ਸੁਲੋਚਨਾ। ਦੇਵੀ ਦਾ ਯੋਨਿਪੀਠ, ਕਾਮਾਖਜਾ, ਕਾਮਰੂਪ ਵਿਚ ਗੋਹਾਟੀ ਤੋਂ ਦੋ ਮੀਲ ਪੱਛਮ ਨੀਲਾਚਲ ਪੁਰ ਬ੍ਰਹਮਪੁਤ੍ਰ ਨਦੀ ਦੇ ਕਿਨਾਰੇ ਸਤੀ ਦੇਵੀ ਦਾ ਮੰਦਿਰ, ਜਿਸ ਵਿਚ ਸਤੀ ਦੀ ਯੋਨਿ (ਭਗ) ਪੂਜੀ ਜਾਂਦੀ ਹੈ ।[735] ਕਮਿਖਿਆ ਦੇਵੀ ਦਾ ਕਵੀ ਨੇ ਜ਼ਿਕਰ ਕਰ ਕੇ ਸੰਕੇਤ ਮਾਤਰ ਹੀ ਹਵਾਲਾ ਦਿਤਾ ਹੈ-

ਸੁਰਪੁਰਿ ਤੇ ਗੁਰ ਨਾਨਕ ਗਏ॥ ਬਹੁਰਿ ਕਮਖਯਾ ਦੇਵੀ ਆਏ॥

ਪੂਰਬ ਤੀਰਥ ਕਾ ਕਰਿ ਸੈਲੁ॥ ਪੰਡਰਪੁਰਿ ਕਾ ਲੀਨੋ ਗੈਲੁ॥13॥[736]

ਸੋ ਕਵੀ ਨੇ ਕਮਿਖਿਆ ਦੇਵੀ ਦੇ ਸਥਾਨ ਦੀ ਵਿਸਤ੍ਰਿਤ ਵਰਨਣ ਨਹੀਂ ਕੀਤਾ, ਮਾਤਰ ਸੰਕੇਤਕ ਰੂਪ ਵਿਚ ਹੀ ਹਵਾਲਾ ਦਿਤਾ ਹੈ।

**2.1.13.ਮਾਨਸਰੋਵਰ**

ਹਿਮਾਲਿਆ ਵਿਚ ਮਾਨਸ ਝੀਲ। ਪੁਰਾਣ-ਸਾਹਿਤ ਅਨੁਸਾਰ ਜਦੋਂ ਸਮੁੰਦਰ ਸਵਰਗ ਤੋਂ ਮੇਰੂ ਪਰਵਤ ਉਤੇ ਡਿਗਿਆ ਤਾਂ ਇਹ ਪਹਾੜ ਦੇ ਆਸੇ ਪਾਸੇ ਚਾਰ ਵਾਰੀ ਘੁੰਮਿਆ। ਫਿਰ ਇਹ ਚਾਰ ਦਰਿਆਵਾਂ ਵਿਚ ਵੰਡਿਆ ਗਿਆ। ਜਿਹੜੇ ਪਹਾੜ ਤੋਂ ਵਹਿਣ ਲਗ ਪਏ ਅਤੇ ਚਾਰ ਵਡੀਆਂ ਝੀਲਾਂ ਬਣ ਗਏ। ਇਸ ਤਰ੍ਹਾਂ ਪੂਰਵ ਵਿਚ ਅਰੁਣੋਦ ਪੱਛਮ ਵਿਚ ਸਿਤੋਦ, ਉੱਤਰ ਵਿਚ ਮਹਾਭਦ੍ਰ ਅਤੇ ਦੱਖਣ ਵਿਚ ਮਾਨਸ ਚਾਰ ਝੀਲਾਂ ਬਣ ਗਈਆਂ। ਮਿਥਿਹਾਸਕ ਵਰਣਨ ਅਨੁਸਾਰ ਦਰਿਆ ਗੰਗਾ ਇਸ ਝੀਲ ਵਿਚੋਂ ਨਿਕਲਦਾ ਹੈ, ਪਰ ਵਾਸਤਵ ਵਿਚ ਕੋਈ ਦਰਿਆ ਇਸ ਝੀਲ ਵਿਚੋਂ ਨਹੀਂ ਨਿਕਲਦਾ, ਭਾਵੇਂ ਸਤਲੁਜ ਦਰਿਆ ਰਾਵਣ- ਰੁਦ੍ਰ ਨਾਂ ਦੀ ਇਕ ਹੋਰ ਵੱਡੀ ਝੀਲ ਵਿਚੋਂ ਨਿਕਲਦਾ ਹੈ, ਜਿਹੜੀ ਮਾਨਸ ਤੋਂ ਲਗਭਗ ਪੱਛਮ ਵਲ ਨੂੰ ਹੈ।[737]

---

[735] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 325.

[736] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 881.

[737] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 173.

ਕਵੀ ਨੇ ਉਪੇਦਸ਼ਾਤਮਕ ਦ੍ਰਿਸ਼ਟੀਕੋਣ ਤੋਂ ਕਥਾ ਦੇ ਮਹਾਤਮ ਨੂੰ ਦਰਸਾਉਂਦਿਆਂ ਮਾਨਸਰੋਵਰ ਦੀ ਉਦਾਹਰਨ ਦਿਤੀ ਹੈ, ਜਿਸ ਵਿਚ ਉਸ ਨੇ ਮਾਨਸਰੋਵਰ ਨੂੰ ਮੋਤੀਆਂ ਦੀ ਖਾਣ ਕਿਹਾ ਹੈ। ਯਥਾ-

ਕਥਾ ਮਾਨਸਰ ਮਾਨੋ ਮੋਤੀ ਤਾ ਮੈ ਬ੍ਰਹਮ ਗਜਾਨ ਸੰਤ ਹੈ ਮਰਾਲ ਮੋਤੀ ਚੁਰਾਨੇ ਕੋ ਆਏ ਹੈਂ॥
ਨਾਮੁ ਗਜਾਨ ਬਿਨਾ ਸੰਤ ਕਥਾ ਨ ਸ੍ਰਵਨਿ ਕਰੈਂ ਜੈਸੇ ਸਿੰਘ ਭੂਖਾ ਤਊ ਘਾਸ ਨ ਸੁ ਖਾਏਂ ਹੈਂ॥27॥[738]

ਚਰਚਿਤ ਕ੍ਰਿਤੀ ਵਿਚ ਮਾਨਸਰੋਵਰ ਨੂੰ ਬੈਕੁੰਠ, ਧ੍ਰੂ ਪੁਰੀ ਅਤੇ ਸੁਮੇਰ ਦੇ ਰਸਤੇ ਵਿਚ ਦਸਿਆ ਹੈ।[739] ਇਸ ਦੇ ਨਾਲ ਹੀ ਕਵੀ ਨੇ ਇਸ ਨੂੰ ਹੰਸਾਂ ਦੇ ਰਹਿਣ ਵਾਲੀ ਥਾਂ ਵੀ ਦਸਿਆ ਹੈ। ਮੁਲਤਾਨ ਖੰਡ ਵਿਚ ਉਪਦੇਸ਼ਾਤਮਕ ਬ੍ਰਿਤੀ ਵਿਚ ਹੀ ਮਾਨਸਰੋਵਰ ਦੇ ਹੰਸਾਂ ਦੀ ਇਕ ਕਥਾ ਬਿਆਨ ਕੀਤੀ ਗਈ ਹੈ, ਜਿਸ ਵਿਚ ਹੰਸਾਂ ਨੂੰ ਮਾਨਸਰੋਵਰ ਤੋਂ ਆਉਂਦੇ ਅਤੇ ਜਾਂਦੇ ਦਸਿਆ ਹੈ। ਯਥਾ-

ਆਵਹਿ ਹੰਸ ਇਹਾਂ ਜਬ ਭਾਈ॥ ਤਬ ਤੁਮ ਹਮ ਕੋ ਦੇਹੁ ਬਿਤਾਈ॥
ਮਾਨਸਰੋਵਰਿ ਲਗ ਕੋ ਪੰਖੀ॥ ਆਵਹਿ ਤਹਾ ਸੁ ਅੰਨ ਅਕੰਖੀ॥19॥
ਲਗੇ ਸੁ ਪੰਖੀ ਕੀਰਤਿ ਕਰਨੇ॥ ਤਿਸ ਭੂਪਤਿ ਕੀ ਉਪਮਾ ਬਰਨੇ॥
ਸੁਨੀ ਮਰਾਲੀ ਕੀਰਤਿ ਸੋਇ॥ ਉਡੇ ਹੰਸ ਤਬ ਤਹਿ ਤੇ ਦੋਇ॥20॥
ਪਰ ਸੋ ਹੰਸ ਨ ਦਾਣੇ ਖਾਏ॥ ਜਹ ਚੋਗਾ ਤਹਿ ਹੰਸ ਸੁ ਆਏ॥
ਫਿਰਤਿ ਫਿਰਤਿ ਹੰਸ ਸੁ ਸਾਰੇ॥ ਜਹਾ ਦੂਧ ਤਹ ਆਇ ਉਦਾਰੇ॥21॥
ਤਿਨੀ ਦੂਧ ਹੋਇ ਤ੍ਰਿਪਤਿ ਸੁ ਪਾਯੋ॥ ਇਕ ਇਕ ਲਾਲੰ ਤਹਾਂ ਗਿਰਾਯੋ॥
ਮਾਨਸਰੋਵਰਿ ਪੁਨਿ ਸੋ ਗਏ॥ ਖਬਰਿ ਤਹਾ ਸੋ ਕਰਤੇ ਭਏ॥22॥[740]

---

[738] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 39.

[739] ਉਹੀ, ਪਤਰਾ 881-

ਮਾਨਸਰੋਵਰਿ ਤੇ ਗੁਰ ਦਿਆਲ॥ ਗਏ ਸੁਮੇਰ ਸੁ ਸਿਧੋ ਨਾਲ॥ ਧਰੂਆ ਪੁਰੀ ਹ੍ਵੈ ਕਰਿ ਗੁਰ ਸ੍ਵਾਮੀ॥ ਗਏ ਬਿਕੁੰਠ ਸੁ ਅੰਤਰਿਜਾਮੀ॥10॥

[740] ਉਹੀ, ਪਤਰਾ 1495.

ਸੋ ਕਵੀ ਨੇ ਮਾਨਸਰੋਵਰ ਨੂੰ ਸੁਮੇਰ, ਧ੍ਰੂਪੁਰੀ, ਬੈਕੁੰਠ ਦੇ ਰਸਤੇ ਵਿਚ ਇਕ ਸਥਾਨ ਦਸਿਆ ਹੈ, ਜਿਥੇ ਹੰਸਾਂ ਦਾ ਨਿਵਾਸ ਹੈ।

### 2.1.14. ਮੇਰੂ/ਸੁਮੇਰ

ਧਰਤੀ ਦੇ ਕੇਂਦਰ ਵਿਚ ਵਰਤਮਾਨ ਇਕ ਮਨਘੜਤ ਪਹਾੜ, ਜਿਸ ਉਪਰ ਇੰਦ੍ਰ ਦਾ ਸਵਰਗ ਸਥਿਤ ਹੈ ਅਤੇ ਜਿਸ ਵਿਚ ਦੇਵਤਿਆਂ ਦੇ ਸ਼ਹਿਰ ਅਤੇ ਅਸਮਾਨੀ ਆਤਮਾਵਾਂ ਦੀ ਵਸੋਂ ਨਿਵਾਸ ਕਰਦੀ ਹੈ। ਇਹ ਹਿੰਦੂਆਂ ਦਾ ਸੁਮੇਰ ਪਰਬਤ ਹੈ। ਸੰਕਾਰਕ ਵਸਤੂ ਦੇ ਪੱਖੋਂ ਇਹ ਹਿਮਾਲਿਆ ਦੇ ਉਤਰ ਵੱਲ ਵਰਤਮਾਨ ਕੋਈ ਪਹਾੜ ਮੰਨਿਆ ਜਾ ਸਕਦੈ ਹੈ। ਇਸ ਨੂੰ ਸੁਮੇਰ, ਹੇਮਾਦ੍ਰਿ, ਸੁਨਹਿਰੀ ਪਹਾੜ, ਰਤਨਸਾਨੁ, ਰਤਨਾਂ ਦੀ ਚੋਟੀ, ਕਰਣਿਕਾਚਲ, ਕਮਲ ਦਾ ਪਹਾੜ ਅਤੇ ਅਮਰਾਦ੍ਰਿ ਅਤੇ ਦੇਵ-ਪਰਵਤ, ਦੇਵਤਿਆਂ ਦਾ ਪਹਾੜ ਵੀ ਕਹਿੰਦੇ ਹਨ।[741] ਚਰਚਿਤ ਕ੍ਰਿਤੀ ਵਿਚ ਦਸਵੇਂ ਖੰਡ ਦਾ ਨਾਮ ਹੀ ਸੁਮੇਰ ਖੰਡ ਹੈ। ਸੋ ਇਸ ਵਿਚ ਸੁਮੇਰ ਉਪਰ ਗੁਰੂ ਜੀ ਦੇ ਜਾਣ ਦਾ ਬਿਰਤਾਂਤ ਹੈ। ਗੁਰੂ ਨਾਨਕ ਦੇਵ ਜੀ ਸੁਮੇਰ ਉਪਰ ਜਾਣ ਲਈ ਸਭ ਤੋਂ ਪਹਿਲਾਂ ਮਾਰੂਫਤਿ ਦੇਸ਼ ਜਾਂਦੇ ਹਨ ਜੋ ਕਿ ਸਾਰਾ ਹੀ ਨਗਰ ਸੋਨਾ ਦਾ ਹੁੰਦਾ ਹੈ।[742] ਫਿਰ ਇਕ ਸਥਾਨ ਉਪਰ ਪਹੁੰਚਦੇ ਹਨ ਜਿਥੇ ਬਰਫ ਜੰਮੀ ਹੁੰਦੀ ਹੈ, ਉਸ ਸਥਾਨ ਦਾ ਨਾਮ ਹਿੰਵਚਲ ਹੁੰਦਾ ਹੈ।[743] ਫਿਰ ਸਿਰਾਧਾਰ[744], ਊਨਾ[745], ਸਿਲਕਾ[746], ਕੂਨਾ[747], ਮੀਨਾ[748] ਇਤਿਆਦਿਕ ਪਰਬਤਾਂ ਤੋਂ ਹੁੰਦੇ ਹੋਏ

---

[741] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 438.

[742] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 979-

ਦੇਸ ਨਾਉ ਮਾਰੂਫਤਿ ਭਾਖੇ॥ ਹਰਿ ਗਿਰਧਰ ਕੰਚਨ ਕਰਿ ਰਾਖੇ॥ ਸੁਣਿ ਮਰਦਾਨੇ ਸੀਸ ਨਿਵਾਯੋ॥ ਆਗੈ ਚਲੋ ਗੁਰੂ ਬਤਲਾਯੋ॥14॥

[743] ਉਹੀ, ਪਤਰਾ 979-

ਤੀਨਹੁ ਆਗੇ ਕੋ ਚਲੇ ਲਈ ਉਡਾਰੀ ਤਾਹਿ॥ ਗਏ ਹਿੰਵਚਲਿ ਗਿਰ ਵਿਖੈ ਬਰਫੁ ਭਰੀ ਜਾ ਮਾਹਿ॥15॥

[744] ਉਹੀ, ਪਤਰਾ 979-

ਸਿਰਾਧਾਰ ਗਰਿ ਪਹੁਚੇ ਜਾਈ॥ ਚਲਨੇ ਕੋ ਮਾਰਗ ਤਹ ਨਾਹੀ॥

[745] ਉਹੀ, ਪਤਰਾ 980-

ਬਚਨਿ ਭਾਖਿਉ ਪਰਸਪਰ ਲਈ ਉਡਾਰੀ ਤਾਹਿ॥ ਊਨਾ ਪਰਬਤਿ ਮੈ ਗਏ ਏਕ ਪਲਕਿ ਕੇ ਮਾਹਿ॥

[746] ਉਹੀ, ਪਤਰਾ 982-

ਸੁਮੇਰ ਪਰਬਤ ਉਪਰ ਪਹੁੰਚਦੇ ਹਨ। ਸੁਮੇਰ ਪਰਬਤ ਉਪਰ ਜਾਣ ਲਈ ਸਵਾ ਲਖ ਪਰਬਤਾਂ ਨੂੰ ਲੰਘ ਕੇ ਜਾਣ ਦੀ ਗੱਲ ਵੀ ਚਰਚਿਤ ਕ੍ਰਿਤੀ ਵਿਚ ਕਹੀ ਗਈ ਹੈ। ਯਥਾ-

ਮੀਨਾ ਪਰਬਤਿ ਤੇ ਉਡੇ ਹਰਿ ਪੁਰਿ ਵਲਿ ਗੁਰ ਹੇਰ॥

ਸਵਾ ਲਾਖ ਪਰਬਤਿ ਲੰਘੇ ਚੜੇ ਸੁ ਜਾਇ ਸੁਮੇਰ॥41॥[749]

ਸੁਮੇਰ ਪਰਬਤ ਸਾਰਿਆਂ ਹੀ ਪਰਬਤਾਂ ਦਾ ਸਰਦਾਰ ਹੈ ਭਾਵ ਸ਼ਿਰੋਮਣੀ ਹੈ, ਇਹ ਧਰਤੀ ਦੇ ਵਿਚਕਾਰ ਸਥਿਤ ਹੈ, ਇਸ ਦੇ ਚਾਰੇ ਪਾਸੇ ਧਰਤੀ ਫੈਲੀ ਹੋਈ ਹੈ ਅਤੇ ਇਸ ਦੇ ਉਪਰ ਅਕਾਸ਼ ਫੈਲਿਆ ਹੋਇਆ ਹੈ। ਸਾਰੇ ਹੀ ਸਮੁੰਦਰ, ਦੀਪ, ਖੰਡ ਇਤਿਆਦਿਕ ਇਸ ਦੀ ਛਾਯਾ ਵਿਚ ਹੀ ਵਸੇ ਹੋਏ ਹਨ।[750] ਇਸ ਪਰਬਤ ਦੀ ਕੁਲ ਲੰਬਾਈ ਇਕ ਲਖ ਜੋਜਨ ਹੈ, ਧਰਤੀ ਦੇ ਅੰਦਰ ਇਹ ਸੋਲਾਂ ਹਜ਼ਾਰ ਜੋਜਨ ਅਤੇ ਇਸ ਦੀ ਸ਼ਿਖਰ ਉਪਰ ਬਤੀ ਹਜ਼ਾਰ ਦਾ ਮੈਦਾਨ ਹੈ, ਸੋ ਇਤਨਾ ਵਡਾ ਇਸ ਦਾ ਅਕਾਰ ਹੈ। ਯਥਾ-

ਕਹਯੋ ਸੁਮੇਰ ਜੁ ਭੋਹਿ ਮਹਾਨ॥ ਲਖ ਜੋਜਨ ਇਸ ਕਾ ਪਰਮਾਨ॥26॥

ਸੋਲਾ ਜੋਜਨ ਮਹੀ ਮਝਾਰ॥ ਬੀਸ ਸਹੰਸਰ ਮੂਲ ਬਿਸਥਾਰ॥

ਦਸਕਟਿ ਜਾਨੋ ਬਿਸਵੇ ਬੀਸ॥ ਊਪਰਿ ਤੇ ਜਾਨੋ ਬਤੀਸ॥27॥[751]

---

ਸਿਲਕਾ ਪਰਬਤਿ ਮੈ ਗਏ ਸ੍ਰੀ ਗੁਰ ਪਰਮ ਉਦਾਰ॥ ਸਿਮਰਤਿ ਭਗਵਤਿ ਨਾਮੁ ਕੋ ਭਗਵਤਿ ਨਾਮੁ ਅਧਾਰ॥61॥

[747] ਉਹੀ, ਪਤਰਾ 983-

ਕੂਨੈ ਪਰਬਤਿ ਪਹੁਚੇ ਜਾਈ॥ ਸਿਧ ਮੰਡਲੀ ਖਬਰ ਸੁ ਪਾਈ॥

[748] ਉਹੀ, ਪਤਰਾ 998-

ਸੁਣਿ ਬੋਲੇ ਨਾਨਕ ਸੁਖਦਾਈ॥ ਮੀਨਾ ਪਰਬਤਿ ਹੈ ਇਹੁ ਭਾਈ॥19॥

[749] ਉਹੀ, ਪਤਰਾ 1006-07.

[750] ਉਹੀ, ਪਤਰਾ 1007-

ਇਹੁ ਪਰਬਤਿ ਜੋ ਕਹਯੋ ਉਦਾਰੇ॥ ਸਭ ਪਰਬਤਿ ਕਾ ਇਹੁ ਸਿਰਦਾਰੇ॥3॥ ਮਧਯਮਹੀ ਕੈ ਹੈ ਇਹੁ ਜਾਨ॥ ਚਹੂ ਓਰ ਹੈ ਮਹੀ ਮਹਾਨ॥ ਇਸ ਕੇ ਚਹੁਦਿਸ ਹੈ ਬ੍ਰਹਮੰਡ॥ ਛਪਨਿ ਕੋਟਿ ਜੋਜਨ ਭੂ ਖੰਡ॥4॥ ਦੋਹਰਾ॥ ਸਪਤਿ ਸਮੁੰਦਰ ਦੀਪ ਸਤ ਅਉਰ ਖੰਡ ਪਹਿਚਾਨ॥ ਇਸ ਕੀ ਛਾਯਾ ਮੈ ਬਸੈਂ ਸਭ ਹੀ ਸੋਇ ਮਹਾਨ॥5॥

[751] ਉਹੀ, ਪਤਰਾ 1008.

ਇਸ ਪਰਬਤ ਦੇ ਉਪਰ ਅਠ ਸ੍ਰਿੰਗ- ਹਿੰਮਵੰਤ, ਹੇਮਵੰਤ, ਗੁਨਿਸੀਲ, ਨਿਖਧਮੇਰ, ਭਗਨਾ, ਵਤਨੀਲ, ਗੰਧਰ ਅਤੇ ਮਰਦਨ ਹਨ। ਜਿਨ੍ਹਾਂ ਦਾ ਇਕ-ਇਕ ਦਾ ਵਿਸਥਾਰ ਦਸ-ਦਸ ਹਜਾਰ ਜੋਜਨ ਦਾ ਹੈ।[752] ਇਨ੍ਹਾਂ ਵਿਚੋਂ ਤਿੰਨ ਸ੍ਰਿੰਗਾਂ ਦੇ ਉਪਰ ਦਸ ਹੋਰ ਪਰਬਤ- ਪਾਰਜਾਤ, ਵੈਰਾਹ, ਮਰਕਟਮਯਾ, ਬੈਕੁੰਠ, ਕੈਲਾਸ਼, ਮਰਦਨ, ਬੈਡੁਰਜਯਾ, ਸੇਰਸਵਰਮ, ਰਕਟਮਯਾ ਅਤੇ ਜਖਮੇਖ ਹਨ। [753] ਸੋ ਇਸ ਪ੍ਰਕਾਰ ਕਵੀ ਨੇ ਚਰਚਿਤ ਕ੍ਰਿਤੀ ਵਿਚ ਸੁਮੇਰ ਪਰਬਤ ਦਾ ਚਿਤਰਣ ਕਰਕੇ ਉਸ ਦੀ ਵਿਸ਼ਾਲਤਾ ਦਸਣ ਦਾ ਯਤਨ ਕੀਤਾ ਹੈ। ਇਥੇ ਗੁਰੂ ਨਾਨਕ ਦੇਵ ਜੀ ਸਿਧਾਂ ਨਾਲ ਚਰਚਾ ਕਰਨ ਹਿਤ ਗਏ ਸਨ, ਜਿਸ ਤੋਂ ਅਸੀਂ ਕਹਿ ਸਕਦੇ ਹਾਂ ਕਿ ਇਥੇ ਸਿਧਾਂ ਦਾ ਨਿਵਾਸ ਹੈ।

**2.1.15. ਹਿਵੰਚਲ**

ਭਾਰਤ ਦੀ ਉਤਰੀ ਪਰਬਤ-ਮਾਲਾ ਹਿਮਾਚਲ ਨਾਂ ਨਾਲ ਪੁਕਾਰੀ ਜਾਂਦੀ ਹੈ ਇਸਦੀ ਲੰਬਾਈ ਦੋ ਹਜ਼ਾਰ ਮੀਲ ਤੇ ਚੌੜਾਈ ਸੌ ਤੋਂ ਲੈ ਕੇ ਦੋ ਢਾਈ ਸੌ ਮੀਲ ਤਕ ਹੈ। ਇਸਦੀ ਵਿਸ਼ਾਲਤਾ ਬੇਅੰਦਾਜ ਹੈ। ਇਸਦੀ 29000 ਫੁਟ ਉਚੀ ਮਾਉਂਟ ਐਵਰੈਸਟ ਚੋਟੀ ਸੰਸਾਰ ਪ੍ਰਸਿਧ ਹੈ। ਇਹ ਤੇ ਹੋਰ ਚੋਟੀਆਂ ਸਦਾ ਬਰਫ਼ ਨਾਲ ਢਕੀਆਂ ਰਹਿੰਦੀਆਂ ਹਨ। ਹਿਮਾਲਾ ਜੰਗਲੀ ਬੂਟੀਆਂ ਬਿਰਛਾਂ ਤੇ ਜੰਗਲੀ ਜਾਨਵਰਾਂ ਦੀ ਵਿਸ਼ਾਲ ਭੰਡਾਰ ਹੈ, ਇਸ ਵਿਚੋਂ ਅਨੇਕਾਂ ਦਰਿਆ ਤੇ ਨਦੀਆਂ ਨਾਲੇ ਨਿਕਲ ਕੇ ਮੈਦਾਨੀ ਇਲਾਕਿਆਂ ਨੂੰ ਸਿੰਜਦੇ ਹਨ। ਪੁਰਾਣੇ ਲੋਕ ਦੁਨਿਆਵੀ ਜੰਜਾਲਾਂ ਨੂੰ ਤਿਆਗ ਕੇ ਪਰਬਤਾਂ ਦੀਆਂ ਏਕਾਂਤ ਗੁਫਾਵਾਂ ਵਿਚ ਆ

---

[752] ਉਹੀ, ਪਤਰਾ 1008-

ਹਿਮਵੰਤ ਹੇਮਵੰਤ ਗੁਨਿਸੀਲ॥ ਨਿਖਧ ਮੇਰ ਭਗਨਾ ਵਤਨੀਲ॥28॥ ਗੰਧਰ ਮਰਦਨ ਸ੍ਰੋਤ ਸੁ ਜਾਨ॥ ਅਸਟਿ ਸ੍ਰਿੰਗ ਕਹੇ ਏਹੁ ਸੁ ਮਾਨ॥ ਦਸ ਹਜਾਰ ਜੋਜਨ ਉਰਧਾਰ ਇਕ ਇਕ ਕਾ ਇਤਨਾ ਬਿਸਤਾਰ॥29॥

[753] ਉਹੀ, ਪਤਰਾ 1008-

ਤਿਨ ਸ੍ਰਿੰਗੋ ਪਰ ਦਸ ਹੈ ਹੋਰ॥ ਤਿਨ ਕੇ ਨਾਮ ਕਹੋ ਪੁਨਿ ਤੋਰ॥ ਪਾਰਜਾਤ ਵੈਰਾਹ ਪ੍ਰਧਾਨ॥ ਮਰਕਟਮਯਾ ਬੈਕੁੰਠੇ ਜਾਨ॥ 30॥ ਕੈਲਾਸ ਮਰਦਨ ਬੈਡੁਰਜਯਾਂ॥ ਸੇਰਸਵਰਮ ਇਮ ਰਕਟਮਯਾ॥ ਜਖਮੇਖ ਇਹੁ ਦਸ ਤੁਮ ਜਾਨੋ॥ ਉਚ ਸਪਤ ਤਰ ਤਿਨ ਪਰ ਮਾਨੋ॥31॥

ਵਾਸ ਕਰਦੇ ਸਨ ਤੇ ਤਰ੍ਹਾਂ ਤਰ੍ਹਾਂ ਦੇ ਸੰਕਟ ਖਿੜੇ ਮਥੇ ਸਹਾਰਦੇ ਸਨ ਤਾਂ ਕਿ ਮੁਕਤੀ ਪਾਈ ਜਾ ਸਕੇ। ਸਿਧਾਂ ਜੋਗੀਆਂ ਦੀ ਮਿਸਾਲ ਪ੍ਰਗਟ ਹੈ।[754]

ਕਵੀ ਨੇ ਇਸ ਸਥਾਨ ਦਾ ਜ਼ਿਕਰ ਵੀ ਮਾਤਰ ਸੰਕੇਤ ਮਾਤਰ ਹੀ ਕਰਦਿਆਂ ਦਸਿਆ ਹੈ ਕਿ

ਇਥੇ ਭਾਰੀ ਬਰਫ ਜੰਮੀ ਰਹਿੰਦੀ ਹੈ-

ਤੀਨਹੁ ਆਗੇ ਕੋ ਚਲੇ ਲਈ ਉਡਾਰੀ ਤਾਹਿ॥

ਗਏ ਹਿਵੰਚਲਿ ਗਿਰ ਵਿਖੈ ਬਰਫੁ ਭਰੀ ਜਾ ਮਾਹਿ॥15॥[755]

### 2.1.16. ਸੂਰਯਕੁੰਡ

ਸੂਰਜ ਦੇਵਤੇ ਨਾਲ ਸੰਬੰਧਿਤ ਸਰੋਵਰ। ਪੰਜਾਬ ਵਿਚ ਪ੍ਰਾਚੀਨ ਕਾਲ ਵਿਚ ਸੂਰਜ ਦੇਵਤੇ ਦੀ ਪੂਜਾ ਆਮ ਪ੍ਰਚਲਿਤ ਸੀ। ਉਦੋਂ ਅਨੇਕ ਥਾਈਂ ਸੂਰਜ ਨਾਲ ਸੰਬੰਧਿਤ ਮੰਦਰ ਅਤੇ ਕੁੰਡ ਬਣਾਏ ਗਏ, ਜੋ ਮਗਰੋਂ ਮੁਸਲਮਾਨੀ ਧਾੜਵੀਆਂ ਵੇਲੇ ਤਬਾਹ ਕਰ ਦਿਤੇ ਗਏ। ਸੂਰਜ ਦੇਵਤੇ ਦਾ ਸਭ ਤੋਂ ਸ੍ਰੇਸ਼ਟ ਮੰਦਰ ਮੁਲਤਾਨ ਵਿਚ ਸੀ, ਜੋ ਬਾਰ੍ਹਵੀਂ ਸਦੀ ਵਿਚ ਮੁਸਲਮਾਨਾਂ ਨੇ ਮਲੀਆਮੇਟ ਕਰ ਦਿਤਾ। ਪਰ ਸੂਰਜ ਕੁੰਡ ਕਈ ਥਾਈਂ ਹੁਣ ਤਕ ਮਿਲਦੇ ਹਨ। ਸਭ ਤੋਂ ਵਡਾ ਸੂਰਜ ਕੁੰਡ ਮੁਲਤਾਨ ਦੇ ਸ਼ਹਿਰ ਦੇ ਦਖਣ ਵਲ ਸਥਿਤ ਹੈ। ਜਲੰਧਰ ਸ਼ਹਿਰ ਵਿਚ ਨਵਾਂ ਸ਼ਹਿਰ ਤੋਂ ਪੰਜ ਕੁ ਮੀਲਾਂ ਦੀ ਵਿਥ ਉਤੇ ਇਕ ਪ੍ਰਾਚੀਨ ਨਗਰ ਰਾਹੋਨ ਹੈ, ਜਿਥੇ ਦੋ ਪੁਰਾਣੇ ਤਲਾਬ ਹਨ, ਜੋ ਸੂਰਜ ਕੁੰਡ ਤੇ ਪੰਜ ਤੀਰਥ ਦੇ ਨਾਂ ਨਾਲ ਪ੍ਰਸਿਧ ਹਨ। ਇਕ ਹੋਰ ਸੂਰਜ ਕੁੰਡ ਬੂੜੀਏ (ਜ਼ਿਲਾ ਅੰਬਾਲਾ) ਵਿਚ ਹੈ। ਇਹ ਨਗਰ ਜਗਾਧਰੀ ਸਟੇਸ਼ਨ ਤੋਂ ਪੰਜ ਮੀਲ ਪੂਰਬ ਵਲ ਹੈ ਅਤੇ ਹਿੰਦੂਆਂ ਦਾ ਪ੍ਰਸਿਧ ਤੀਰਥ ਹੈ। ਪੰਜਾਬ ਤੋਂ ਬਾਹਰ ਵੀ ਸੂਰਜ ਦੇਵਤੇ ਦੇ ਕਈ ਕੁੰਡ ਮਿਲਦੇ ਹਨ, ਜਿਨ੍ਹਾਂ ਵਿਚ ਇਕ ਪ੍ਰਸਿਧ ਕੁੰਡ ਮਥਰਾ ਵਿਚ ਜਮਨਾ ਨਦੀ ਦੇ ਕੰਢੇ ਹੈ।[756]

---

[754] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 71.

[755] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 979.

[756] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ* ਤੀਜੀ, ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 424.

ਕਵੀ ਨੇ ਜਿਸ ਸੂਰਯਕੁੰਡ ਦਾ ਸੰਕੇਤ ਇਸ ਰਚਨਾ ਵਿਚ ਕੀਤਾ ਹੈ, ਉਹ ਸੂਰਯਕੁੰਡ ਮੇਰਠ ਵਿਚ ਹੈ ਅਤੇ ਇਥੇ ਇਸ਼ਨਾਨ ਲਈ ਇਕ ਤਲਾਅ ਵੀ ਹੈ। ਕਵੀ ਨੇ ਇਸ ਸਥਾਨ ਦਾ ਸੰਕੇਤ ਮਾਤਰ ਹੀ ਦਿਤਾ ਹੈ-

ਪਵਨ ਅਹਾਰ ਕਰੈ ਗੁਰ ਸ੍ਵਾਮੀ॥ ਮੇਰਠਿ ਆਇ ਸੁ ਅੰਤਰਿਜਾਮੀ॥
ਸੂਰਯਕੁੰਡ ਕੀਉ ਅਸਨਾਨ॥ ਤਹਿ ਇਕ ਜੋਗੀ ਰਹੈ ਮਹਾਨ॥2॥[757]

**2.1.17. ਵਿਸ੍ਵੇਸ੍ਵਰ (ਬਸੇਸਰ ਜਾਂ ਵਿਸੇਸ੍ਵਰ)**

ਸਾਰਿਆਂ ਦਾ ਈਸ਼ਵਰ। ਸ਼ਿਵਜੀ ਦਾ ਇਕ ਨਾਂ । ਸ਼ਿਵਜੀ ਦਾ ਪ੍ਰਸਿਧ ਲਿੰਗ ਜਾਂ ਉਸ ਦਾ ਪ੍ਰਤੀਕ, ਜੋ ਬਨਾਰਸ ਵਿਚ ਹੈ।[758] ਕਵੀ ਨੇ ਇਸ ਸਥਾਨ ਦੀ ਸੰਪੂਰਨ ਕਥਾ ਨੂੰ ਵਿਸਥਾਰ ਨਾਲ ਚਰਚਿਤ ਕ੍ਰਿਤੀ ਵਿਚ ਬਿਆਨ ਕੀਤਾ ਹੈ ਕਥਾ ਇਸ ਪ੍ਰਕਾਰ ਹੈ-

ਮਰਦਾਨੇ ਦੇ ਪੁਛਣ 'ਤੇ ਗੁਰੂ ਜੀ ਉਸ ਸਥਾਨ ਬਾਰੇ ਦਸਣਾ ਸ਼ੁਰੂ ਕਰਦੇ ਹਨ ਕਿ ਇਕ ਰਾਜਾ ਮਿਤਰਜਿਤ ਹੋਇਆ ਹੈ। ਜਿਸ ਦੇ ਰਾਜ ਵਿਚ ਸਾਰੇ ਹੀ ਲੋਕ ਸੁਖੀ ਰਹਿੰਦੇ ਸਨ। ਇਕ ਦਿਨ ਨਾਰਦ ਮਿਤਰਾਜਿਤ ਕੋਲ ਆਇਆ ਅਤੇ ਦਸਣ ਲਗਾ ਕਿ ਪਾਤਾਲ ਵਿਚ ਪਛਮ ਦਿਸ਼ਾ ਵਾਲੇ ਪਾਸੇ ਇਕ ਗੰਧਮਾਦਨ ਨਾਮ ਦਾ ਅਸਥਾਨ ਹੈ। ਜਿਥੇ ਦੇਵਤੇ ਗੰਧ੍ਰਵ ਰਹਿੰਦੇ ਹਨ। ਉਨ੍ਹਾਂ ਦੀ ਇਕ ਪੁਤਰੀ ਮਲ ਗੰਧਨੀ (ਅਮਲਗੰਧਨੀ) ਨੂੰ ਕੰਕਾਲ ਕੇਤੂ ਰਾਖਸ਼ ਚੁਕ ਕੇ ਲੈ ਗਿਆ ਹੈ ਜੋ ਕਿ ਕਾਪਾਲ ਕੇਤੂ ਦਾ ਪੁਤਰ ਹੈ। ਹੁਣ ਉਹ ਚੰਪਾਵਤੀ ਨਾਮ ਦੇ ਅਸਥਾਨ ਤੇ ਰਹਿੰਦਾ ਹੈ ਜੋ ਕਿ ਪਤਾਲ ਵਿਚ ਹੈ। ਨਾਰਦ ਦਸਦਾ ਹੈ ਕਿ ਉਹ ਪਾਤਾਲ ਵਿਚ ਭੋਗਾਵਤੀ ਵਿਚ ਹਟਕੇਸ੍ਵਰੀ ਦੇ ਲਿੰਗ ਵਾਲੇ ਅਸਥਾਨ 'ਤੇ ਵੀ ਗਿਆ ਸੀ। ਜਿਥੇ ਮੈਂ ਹਫਤਾ ਲਿੰਗ ਦੀ ਪੂਜਾ ਕੀਤੀ ਸੀ। ਨਾਰਦ ਮਿਤਰਜਿਤ ਨੂੰ ਕਹਿੰਦਾ ਹੈ ਕੇ ਤੂੰ ਬੀਰ ਯੋਧਾ ਹੈਂ, ਤੂੰ ਜਾਹ ਅਤੇ ਉਸ ਕੰਕਾਲ ਕੇਤੂ ਨੂੰ ਮਾਰ ਕੇ ਅਮਲਾ ਗੰਧਨੀ ਨੂੰ ਮੁਕਤੀ ਦੁਆ। ਜਾਣ ਤੋਂ ਪਹਿਲਾਂ ਸ਼ਿਵ ਸਹਸਰ ਨਾਮ ਦਾ ਜਾਪ ਕਰੇ ਅਤੇ ਫਿਰ ਪਤਾਲ ਵਿਚ ਚਲਾ ਜਾਵੇ। ਰਾਜਾ ਨਾਰਦ ਦੀ ਗੱਲ ਮੰਨ ਕੇ ਸ਼ਿਵ ਦੀ ਆਰਾਧਨਾ

---

[757] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1221.

[758] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 526.

ਕਰਕੇ ਪਾਤਾਲ ਨੂੰ ਚਲਾ ਜਾਂਦਾ ਹੈ ਅਤੇ ਅਮਲਾ ਗੰਧਨੀ ਨੂੰ ਲਭ ਲੈਂਦਾ ਹੈ। ਚੰਪਾਵਤੀ ਵਿਚ ਇਕਲੀ ਅਮਲਾ ਗੰਧਨੀ ਹੁੰਦੀ ਹੈ ਉਥੇ ਰਾਖਸ਼ ਨਹੀਂ ਹੁੰਦਾ। ਅਮਲਾ ਗੰਧਨੀ ਅਤੇ ਮਿਤਰਾਜਿਤ ਦੀ ਬਾਰਤਾ ਹੁੰਦੀ ਹੈ ਅਮਲਾ ਗੰਧਨੀ ਨੂੰ ਮਿਤਰਾਜਿਤ 'ਤੇ ਭਰੋਸਾ ਹੋ ਜਾਂਦਾ ਹੈ ਅਤੇ ਉਹ ਉਸਨੂੰ ਕਹਿੰਦੀ ਹੈ ਕਿ ਤੂੰ ਅੰਦਰ ਲੁਕ ਜਾ ਜਦ ਰਾਖਸ਼ ਆਵੇਗਾ ਤਾਂ ਤੂੰ ਉਸ ਤੇ ਹਮਲਾ ਕਰ ਦੇਣਾ। ਰਾਖਸ਼ ਆਉਂਦਾ ਹੈ। ਫਿਰ ਰਾਖਸ ਅਤੇ ਮਿਤਰਾਜਿਤ ਵਿਚ ਘਮਾਸਾਨ ਦਾ ਯੁਧ ਹੁੰਦਾ ਹੈ ਮਿਤਰਾਜਿਤ ਵਿਸ਼ਨੂੰ ਦਾ ਜਾਪ ਕਰਦਾ ਹੈ ਅਤੇ ਚਤੁਰਭੁਜ ਰੂਪ ਧਾਰਨ ਕਰ ਲੈਂਦਾ ਹੈ ਅਤੇ ਰਾਖਸ਼ 'ਤੇ ਵਾਰ ਕਰਕੇ ਕੰਕਾਲ ਕੇਤੂ ਨੂੰ ਮਾਰ ਦਿੰਦਾ ਹੈ। ਨਾਰਦ ਮੁਨਿ ਪ੍ਰਗਟ ਹੋ ਕੇ ਅਮਲਾ ਗੰਧਨੀ ਅਤੇ ਮਿਤਰਾਜਿਤ ਦਾ ਵਿਆਹ ਕਰਵਾ ਦਿੰਦਾ ਹੈ। ਫਿਰ ਉਹ ਕਾਸੀ ਵਾਪਿਸ ਆ ਜਾਂਦੇ ਹਨ। ਕੁਝ ਸਮਾਂ ਬੀਤਣ ਤੋਂ ਬਾਦ ਰਾਣੀ (ਅਮਲਾ ਗੰਧਨੀ) ਪੁਤਰ ਲਈ ਰਾਜੇ ਨੂੰ ਕਹਿੰਦੀ ਹੈ। ਰਾਜਾ ਉਸ ਨੂੰ ਭਵਾਨੀ ਅਤੇ ਸ਼ਿਵ ਦੀ ਆਰਾਧਨਾ ਨੂੰ ਕਰਨ ਨੂੰ ਕਹਿੰਦਾ ਹੈ, ਆਰਧਾਨਾ ਤੋਂ ਬਾਦ ਪੁਤਰ ਪਰਾਪਤੀ ਹੁੰਦੀ ਹੈ। ਪੰਡਿਤ ਬੁਲਾਏ ਜਾਂਦੇ ਹਨ। ਪੰਡਿਤ ਜਨਮ ਪਤਰੀ ਦੇਖ ਕੇ ਕਹਿੰਦੇ ਹਨ ਕਿ ਇਹ ਪੁਤਰ ਤੁਹਾਡੇ ਵੰਸ ਨੂੰ ਖਤਮ ਕਰੇਗਾ, ਇਸ ਲਈ ਇਸ ਨੂੰ ਜੰਗਲ ਵਿਚ ਛਡ ਦਿਤਾ ਜਾਵੇ। ਰਾਜਾ ਸਾਰੀ ਬਾਰਤਾ ਰਾਣੀ ਨੂੰ ਦਸਦਾ ਹੈ ਤਾਂ ਰਾਣੀ ਕਹਿੰਦੀ ਹੈ ਕਿ ਭਵਾਨੀ ਨੇ ਹੀ ਦਿਤਾ ਹੈ ਅਤੇ ਭਵਾਨੀ ਨੂੰ ਹੀ ਵਾਪਿਸ ਕਰ ਦਿੰਦੇ ਹਾਂ ਤਾਂ ਉਹ ਬਾਲਕ ਨੂੰ ਭਾਵਨੀ ਦੇ ਮੰਦਰ ਵਿਚ ਛਡ ਦਿਤਾ ਜਾਂਦਾ ਹੈ। ਭਵਾਨੀ ਇਕ ਜੋਗਣ ਨੂੰ ਬੁਲਾ ਕੇ ਬਾਲਕ ਨੂੰ ਅਸਟ ਮਾਤ੍ਰਕਾ (ਬੈਸਨਵੀ, ਰੁਦ੍ਰਾਵੀ, ਬ੍ਰਹਮਵੀ, ਕੁਮਾਰੀ, ਵਾਗਹੀ, ਚਮੁੰਡਯ, ਨਾਰ ਸਿਹੂੰਕਾ ਅਤੇ ਮਹਿੰਦ੍ਰਕਾ) ਕੋਲ ਛਡਣ ਨੂੰ ਕਹਿੰਦੀ ਹੈ, ਜੋਗਣ ਛਡ ਆਉਂਦੀ ਹੈ। ਬਾਲਕ ਜਦ ਥੋੜਾ ਵਡਾ ਹੁੰਦਾ ਹੈ ਤਾਂ ਉਹ ਗਉਰੀ ਕੋਲ ਜਾਂਦਾ ਹੈ, ਗਉਰੀ ਉਸ ਦਾ ਨਾਮ ਵੀਰ ਰਖਦੀ ਹੈ। ਖੇਡਦਾ ਖੇਡਦਾ ਬਾਲਕ ਵਿਸ਼ਨੂੰ ਕੋਲ ਜਾਂਦਾ ਹੈ ਤਾਂ ਵਿਸ਼ਨੂੰ ਉਸ ਦਾ ਨਾਮ ਬਿਸੇਰ ਰਖਦਾ ਹੈ। ਫਿਰ ਬਾਲਕ ਨੂੰ ਕਾਸੀ ਜਾ ਕੇ ਸ਼ਿਵ ਦੀ ਅਰਾਧਨਾ ਕਰਨ ਨੂੰ ਕਿਹਾ ਜਾਂਦਾ ਹੈ ਬਾਲਕ ਆਰਾਧਨਾ ਕਰਦਾ ਹੈ ਅਤੇ ਇਕ ਲਿੰਗ ਪ੍ਰਗਟ ਹੁੰਦਾ ਹੈ ਉਹ ਲਿੰਗ ਦੀ ਪੂਜਾ ਕਰਦਾ ਹੈ ਤਾਂ ਕੁਝ ਸਮਾਂ ਪਾ ਕੇ ਸ਼ਿਵ ਪ੍ਰਗਟ ਹੋ ਕੇ ਵਰ ਦਿੰਦਾ

ਹੈ ਕਿ ਇਸ ਅਸਥਾਨ ਦਾ ਨਾਮ ਬਿਸੇਸ੍ਰਰ ਜੋ ਕਿ ਬਿਸੇਰ ਤੋਂ ਬਣਿਆ (ਵਿਰੇਸਰ ਜੋ ਕਿ ਵੀਰ ਤੋਂ ਬਣਿਆ) ਪ੍ਰਸਿਧ ਹੋਵੇਗਾ ਅਤੇ ਸਿਵ ਲਿੰਗ ਦੇ ਦਰਸ਼ਨ ਕਰਕੇ ਸੰਸਾਰ ਦੇ ਲੋਕਾਂ ਦਾ ਉਦਾਰ ਹੋਵੇਗਾ।[759]

ਸੋ ਕਵੀ ਨੇ ਇਸ ਸਥਾਨ ਦੀ ਵਿਸਤ੍ਰਿਤ ਕਥਾ ਦਿਤੀ ਹੈ, ਜਿਸ ਵਿਚ ਇਸ ਤੀਰਥ ਸਥਾਨ ਨਾਲ ਜੁੜੀਆਂ ਪ੍ਰਮੁਖ ਘਟਨਾਵਾਂ ਬਾਰੇ ਜਾਣਕਾਰੀ ਅੰਕਿਤ ਕੀਤੀ ਹੈ।

**2.1.18. ਹਿੰਗਲਾਜ**

ਉਹ ਅਸਥਾਨ, ਜਿਥੇ ਸਤੀ ਦੇਵੀ ਦੀ ਤਾਲੂਆ ਡਿਗਿਆ ਸੀ। ਹਿੰਗੋਲ ਨਦੀ ਦੇ ਕੰਢੇ ਲਾਸਾਬੇਲਾ ਰਾਜ ਅੰਦਰ ਇਕ ਦੇਵੀ ਦਾ ਮੰਦਿਰ, ਜੋ ਮੇਕਰਾਨ ਸਾਹਿਲ ਉਤੇ ਹਿੰਗੁਲਾ ਪਰਬਤ ਦੇ ਸਿਰੇ ਤੇ ਹੈ। ਹਿੰਗਲਾਜ ਠਟੇ ਤੋਂ ਨੌਂ ਦਿਨ ਦਾ ਪੈਂਡਾ ਹੈ ਅਤੇ ਸਮੁੰਦਰ ਦੇ ਕੰਢੇ ਤੋਂ ਨੌਂ ਮੀਲ ਦੀ ਵਿਥ ਤੇ ਹੈ।[760]

ਕਵੀ ਨੇ ਇਸ ਸਥਾਨ ਦਾ ਵੀ ਸੰਕੇਤ ਮਾਤਰ ਜ਼ਿਕਰ ਕੀਤਾ ਹੈ, ਇਸ ਨੂੰ ਦੁਆਰਕਾ ਦੇ ਨੇੜੇ ਦਸਿਆ ਹੈ ਕਿਉਂਕਿ ਗੁਰੂ ਜੀ ਉਥੋ ਦੁਆਰਕਾ ਨੂੰ ਜਾਂਦੇ ਹਨ-

ਬਿਦਾ ਭਏ ਪੁਨਿ ਤਹਾ ਤੇ ਸ੍ਰੀ ਗੁਰ ਨਾਨਕ ਦੇਉ॥

ਹਿੰਗਲਾਜ ਕੋ ਗਏ ਸੋ ਕਰੈਂ ਦੇਵ ਜਹ ਸੇਉ॥46॥

ਚੌਪਈ॥

ਹਿੰਗਲਾਜ ਕਾ ਦਰਸਨਿ ਪਾਇ॥ ਪੁਨਿ ਦੁਆਰਕਾ ਮੈ ਗੁਰ ਆਇ॥

ਹਿੰਗਲਾਜ ਮੈ ਗੁਰ ਕੀ ਧੂੰਣੀ॥ ਸਭ ਬਾਤਾ ਸਤਿਗੁਰ ਕੀ ਦੂੰਣੀ॥47॥[761]

**2.1.19. ਦੁਆਰਕਾ**

ਦਰਵਾਜਿਆਂ ਦਾ ਸ਼ਹਿਰ। ਇਹ ਕ੍ਰਿਸ਼ਨ ਦੀ ਗੁਜਰਾਤ ਦੀ ਰਾਜਧਾਨੀ ਸੀ ਜਿਹੜੀ ਉਸਦੇ ਪ੍ਰਲੋਕ ਗਮਨ ਤੋਂ ਸੱਤ ਦਿਨ ਪਿਛੋਂ ਸਮੁੰਦਰ ਵਿਚ ਗਰਕ ਹੋ ਗਈ ਸੀ। ਇਹ ਸਤ ਪਵਿਤਰ ਸ਼ਹਿਰਾਂ ਵਿਚੋਂ

---

[759] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1221-34.

[760] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 273.

[761] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1485.

ਇਕ ਹੈ। ਇਸ ਨੂੰ ਅਬੁਧਿ ਨਗਰੀ ਵੀ ਕਿਹਾ ਜਾਂਦਾ ਹੈ। [762] ਕਵੀ ਨੇ ਦੁਆਰਕਾ ਨੂੰ ਹਿੰਗਲਾਜ ਦੇ ਨੇੜੇ ਦਸਿਆ ਹੈ, ਗੁਰੂ ਜੀ ਹਿੰਗਲਾਜ ਤੋਂ ਹੀ ਦੁਆਰਕਾ ਜਾਂਦੇ ਹਨ-

ਬਿਦਾ ਭਏ ਪੁਨਿ ਤਹਾ ਤੇ ਸ੍ਰੀ ਗੁਰ ਨਾਨਕ ਦੇਉ॥

ਹਿੰਗਲਾਜ ਕੋ ਗਏ ਸੋ ਕਰੈਂ ਦੇਵ ਜਹ ਸੇਉ॥46॥

ਚੌਪਈ॥

ਹਿੰਗਲਾਜ ਕਾ ਦਰਸਨਿ ਪਾਇ॥ ਪੁਨਿ ਦੁਆਰਕਾ ਮੈ ਗੁਰ ਆਇ॥

ਹਿੰਗਲਾਜ ਮੈ ਗੁਰ ਕੀ ਧੂੰਣੀ॥ ਸਭ ਬਾਤਾ ਸਤਿਗੁਰ ਕੀ ਦੂੰਣੀ॥47॥[763]

ਦੁਆਰਕਾ ਦੀ ਮਹਿਮਾ ਕਰਨ ਹਿਤ ਕਵੀ ਨੇ ਇਸ ਦਾ ਸੰਬੰਧ ਪੰਡਰੀਨਾਥ ਨਾਲ ਜੋੜ ਕੇ ਪ੍ਰਸਤੁਤ ਕੀਤਾ ਹੈ, ਜਿਸਨੂੰ ਦੁਆਰਕਾ ਵਾਸੀ ਕਿਹਾ ਹੈ । ਦੇਵਕੀ ਨੰਦਨ ਨੂੰ ਵੀ ਦੁਆਰਕਾ ਧੀਸ ਕਿਹਾ ਹੈ। ਯਥਾ-

ਦੁਆਰਕਾ ਵਾਸਿਨੰ ਪੰਡਰੀ ਨਾਥ ਜੀ॥ ਰਾਧਿਕਾ ਬਲਭੰ ਜੀਅ ਕੈ ਸਾਥ ਜੀ॥

ਦੇਵਕੀ ਨੰਦਨੰ ਦੁਆਰਕਾ ਧੀਸ ਸੋ॥ ਗੁਆਲ ਬਾਲੰ ਜਿਤੇ ਨਾਇ ਤਾਂ ਸੀਸ ਸੋ॥30॥[764]

ਚਰਚਿਤ ਕ੍ਰਿਤੀ ਵਿਚ ਭਾਰਤ ਦੇ ਵਖ-ਵਖ ਹਿਸਿਆਂ ਤੋਂ ਹਰਿਦੁਆਰ ਜਾਣ ਦੇ ਰਸਤੇ ਦਰਮਿਆਨ ਦੁਆਰਕਾ ਤੀਰਥ ਸਥਾਨ ਦਾ ਆਉਣਾ ਦਸਿਆ ਹੈ। ਯਥਾ-

ਰਾਮ ਨਾਥ ਤੇ ਦੁਆਰਕਾ ਪੁਨਿ ਹਿੰਗਲਾਸ ਸੁ ਜਾਇ॥

ਪੁਨਿ ਕਸਮੀਰ ਹ੍ਵੈ ਕਾਗੜੇ ਸੂਧਾ ਰਸਤਾ ਯਾਇ॥35॥[765]

ਵਿਚਾਰਾਧੀਨ ਕ੍ਰਿਤੀ ਵਿਚ ਦੁਆਰਕਾ ਤੀਰਥ ਅਸਥਾਨ ਦਾ ਨਾਮ ਪ੍ਰਸਿਧ ਤੀਰਥਾਂ ਦਾ ਨਾਲ ਵਿਸ਼ੇਸ਼ਗਤ ਕੀਤਾ ਗਿਆ ਹੈ, ਜਿਸ ਤੋਂ ਇਸ ਸਥਾਨ ਦੀ ਮਹਿਮਾ ਹੋਰ ਵੀ ਵਧ ਜਾਂਦੀ ਹੈ। ਇਸ ਦਾ ਨਾਮ

---

[762] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 288.

[763] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1485.

[764] ਉਹੀ, ਪਤਰਾ 115.

[765] ਉਹੀ, ਪਤਰਾ 702.

ਸੋਮਨਾਥ, ਰਾਮਨਾਥ, ਜਗਨਨਾਥ, ਬੈਜਨਾਥ, ਬਦਰੀਨਾਥ, ਹਰਿਦੁਆਰ ਇਤਿਆਦਿਕ ਸਥਾਨਾਂ ਨਾਲ ਆਇਆ ਹੈ-

ਸੋਮਨਾਥ ਰਾਮਨਾਥ ਦ੍ਵਾਰਕਾ ਜਗਨਨਾਥ ਬੈਜਨਾਥ ਬਦਰੀ ਕਿਦਾਰ ਨਮਹੁ ਹਰਦੁਆਰ ਪਹਿਚਾਨੀਐ॥
ਰੰਗਿ ਨਾਥ ਦੇਵ ਗਿਰੀ ਦੇਵ ਨਾਥ ਝਾਲਾਰਾ ਪਟਣਿ ਰਾਮਮੂਰਤੀ ਸੁ ਜਾਨਿਐ॥[766]

ਕਵੀ ਦੇ ਦ੍ਰਿਸ਼ਟੀਕੋਣ ਤੋਂ ਅਸੀਂ ਸਹਿਜ ਹੀ ਅੰਦਾਜਾ ਲਗਾ ਸਕਦੇ ਹਾਂ ਕਿ ਦੁਆਰਾਕਾ ਇਕ ਤੀਰਥ ਅਸਥਾਨ ਹੈ, ਜਿਥੇ ਦੇਵਕੀ ਨੰਦਨ, ਪੰਡਰੀਨਾਥ ਦਾ ਵਾਸਾ ਹੈ। ਇਹ ਇਕ ਪਵਿਤਰ ਸਥਾਨ ਦੇ ਨਾਲ-ਨਾਲ ਹਰਿਦੁਆਰ ਨੂੰ ਜਾਣ ਵਾਲੇ ਮਾਰਗ ਉਪਰ ਸਥਿਤ ਹੈ, ਇਸ ਦਾ ਨਾਮ ਭਾਰਤ ਦੇ ਪ੍ਰਸਿਧ ਤੀਰਥ ਅਸਥਾਨਾਂ ਵਿਚ ਗਿਣਿਆ ਜਾਂਦਾ ਹੈ।

**2.1.20. ਗੰਗਾ**

ਪਵਿਤਰ ਨਦੀ ਗੰਗਾ। ਕਹਿੰਦੇ ਹਨ ਇਸ ਦਾ ਵਰਣਨ ਰਿਗਵੇਦ ਵਿਚ ਕੇਵਲ ਦੋ ਵਾਰ ਹੀ ਹੋਇਆ ਹੈ। ਪੁਰਾਣਾਂ ਵਿਚ ਲਿਖਿਆ ਹੈ ਕਿ ਵਿਯਦ-ਗੰਗਾ (ਸਵਰਗੀ ਨਦੀ) ਜਿਹੜੀ ਵਿਸ਼ਨੂੰ ਦੇ ਪੈਰ ਦੇ ਅੰਗੂਠੇ ਵਿਚੋਂ ਨਿਕਲੀ ਸੀ, ਰਾਜੇ ਭਗੀਰਥ ਦੇ ਤਪ ਨਾਲ ਸਵਰਗ ਤੋਂ ਪ੍ਰਿਥਵੀ ਤੇ ਲਿਆਂਦੀ ਗਈ, ਤਾਂ ਜੋ ਰਾਜਾ ਸਗਰ ਦੇ ਕਪਲ ਰਿਸੀ ਦੀ ਕਰੋਧ ਅਗ ਨਾਲ ਭਸਮ ਹੋਏ ਸੱਠ ਹਜ਼ਾਰ ਪੁਤਰਾਂ ਦੀ ਸੁਆਹ ਨੂੰ ਇਸ ਦੇ ਜਲ ਨਾਲ ਪਵਿਤਰ ਕੀਤਾ ਜਾ ਸਕੇ। ਗੰਗਾ ਦਾ ਧਰਤੀ ਤੇ ਅਜਿਹਾ ਜਨਮ ਸੋਮਾ ਹੋਣ ਦੇ ਨਾਤੇ ਇਸ ਨੂੰ ਭਗੀਰਥੀ ਵੀ ਕਿਹਾ ਜਾਂਦਾ ਹੈ। ਗੰਗਾ ਸਵਰਗ ਪ੍ਰਿਥਵੀ ਲਿਆਂਦੀ ਜਾਣ ਕਾਰਨ ਗੁਸੇ ਵਿਚ ਆ ਗਈ, ਪਰ ਇਸ ਦੇ ਡਿਗਣ ਦੇ ਕਹਿਰ ਤੋਂ ਪ੍ਰਿਥਵੀ ਨੂੰ ਬਚਾਉਣ ਲਈ ਸ਼ਿ ਵ ਨੇ ਇਸ ਨੂੰ ਮਥੇ ਨਾਲ ਰੋਕ ਲਿਆ ਅਤੇ ਇਸ ਦੇ ਵਹਿਣ ਨੂੰ ਆਪਣੀਆਂ ਜਟਾਂ ਵਿਚ ਠਲ ਲਿਆ। ਅਜਿਹਾ ਕਰਨ ਕਾਰਨ ਉਸ ਨੂੰ ਗੰਗਾ-ਧਰ (ਗੰਗਾ ਨੂੰ ਧਾਰਨ ਕਰਨ ਵਾਲਾ) ਵੀ ਕਹਿੰਦੇ ਹਨ। ਗੰਗਾ ਸ਼ਿਵ ਦੇ ਮਥੇ ਉਤੋਂ ਕਿੰਨੀਆਂ ਹੀ ਸ਼ਾਖਾ ਵਿਚ ਪਾਟ ਕੇ ਉਤਰਦੀ ਹੈ। ਕੁਝ ਲੋਕਾਂ ਅ ਨੁਸਾਰ ਇਨ੍ਹਾਂ ਸ਼ਾਖਾ ਦੀ ਗਿਣਤੀ ਚਾਰ ਹੈ, ਕੁਝ ਅਨੁਸਾਰ ਦਸ, ਪਰ ਸੱਤ ਦੀ ਸੰਖਿਆ ਵਧੇਰੇ ਪ੍ਰਮਾਣੀਕ ਸਵੀਕਾਰ ਕੀਤੀ ਜਾਂਦੀ ਹੈ। ਇਸ ਤਰ੍ਹਾਂ ਇਸ ਨੂੰ ਸਪਤ-ਸਿੰਧਵ ਸੱਤ ਸਿੰਧੂ ਜਾਂ

[766] ਉਹੀ, ਪਤਰਾ 1708.

ਦਰਿਆ ਆਖਦੇ ਹਨ। ਅਸਲ ਗੰਗਾ ਇਸ ਸੰਖਿਆ ਵਿਚੋਂ ਇਕ ਹੀ ਹੈ। ਜਦੋਂ ਗੰਗਾ ਸਵਰਗ ਤੋਂ ਉਤਰੀ ਜਹਨੂ ਰਿਸ਼ੀ ਇਕ ਯਗ ਕਰ ਰਿਹਾ ਸੀ। ਗੰਗਾ ਦੇ ਉਤਰਨ ਨਾਲ ਉਸ ਦੇ ਯਗ ਵਿਚ ਵਿਘਨ ਪਿਆ। ਇਸ ਉਤੇ ਗੁਸੇ ਹੋ ਕੇ ਉਹ ਗੰਗਾ ਦੇ ਸਾਰੇ ਪਾਣੀ ਨੂੰ ਪੀ ਗਿਆ, ਪਰ ਪਿਛੋਂ ਜਾ ਕੇ ਉਹ ਨਰਮ ਹੋ ਗਿਆ ਤੇ ਗੰਗਾ ਨੂੰ ਆਪਣੇ ਕੰਨਾਂ ਥਾਣੀ ਵਗਣ ਦੀ ਆਗਿਆ ਦੇ ਦਿਤੀ। ਇਸੇ ਕਾਰਨ ਗੰਗਾ ਨੂੰ ਜਾਹਨਵੀ ਆਖਿਆ ਜਾਂਦਾ ਹੈ। ਦੇਵੀ ਦੇ ਰੂਪ ਵਿਚ ਗੰਗਾ ਨੂੰ ਹਿਮਵਤ ਤੇ ਮੈਨਾ ਦੀ ਪੁਤਰੀ ਤੇ ਉਮਾ ਦੀ ਭੈਣ ਕਿਹਾ ਜਾਂਦਾ ਹੈ। ਉਹ ਰਾਜੇ ਸ਼ਾਤਨੂ ਦੀ ਪਤਨੀ ਬਣੀ ਅਤੇ ਭੀਸ਼ਮ ਨਾਂ ਦੇ ਇਕ ਪੁਤਰ ਨੂੰ ਜਨਮ ਦਿਤਾ, ਜਿਸ ਨੂੰ ਮਾਂ ਦੇ ਨਾਂ ਦੇ ਆਧਾਰ ਤੇ ਗਾਂਗੇਯ ਕਹਿੰਦੇ ਹਨ। ਇਕ ਹੋਰ ਪੱਖ ਤੋਂ ਇਹ ਕਾਰਤਿਕੇਯ ਦੀ ਮਾਂ ਹੈ। ਇਸੇ ਕਰਕੇ ਇਸ ਨੇ ਕੁਮਾਰ-ਸੂ ਆਖਿਆ ਜਾਂਦਾ ਹੈ। ਮਹਾਂਭਾਰਤ ਅ ਨੁਸਾਰ ਸੋਨੇ ਨੂੰ ਗੰਗਾ ਦੇਵੀ ਨੇ ਅਗਨੀ ਦੀ ਭੇਟਾ ਲਈ ਜਨਮ ਦਿਤਾ, ਜਿਸ ਨੇ ਕਿ ਇਸ ਨੂੰ ਗਰਭਵਤੀ ਕੀਤਾ ਸੀ। ਗੰਗਾ ਦੇ ਹੋਰਨਾਂ ਨਾਵਾਂ ਅਤੇ ਉਪਾਧੀਆਂ ਵਿਚੋਂ ਕੁਝ ਇਹ ਹਨ, ਭਦ੍ਰ-ਮੋਮਾ, ਗਾਂਦਿਨੀ, ਕਿਰਾਤੀ, ਦੇਵ-ਭੂਤੀ, 'ਸਵਰਗ ਵਿਚ ਜੰਮੀ', ਹਰ ਸੇਖਰਾ 'ਸ਼ਿਵਜੀ ਦੀ ਕਲਗੀ' ਖ਼ਾਪਗਾਂ, 'ਸਵਰਗ ਤੋਂ ਉਤਰਨ ਵਾਲੀ', ਮੰਦਾਕਿਨੀ, 'ਹੌਲੀ ਹੌਲੀ ਚਲਣ ਵਾਲੀ', ਤ੍ਰਿਪਥਗਾ ਜਾਂ ਤ੍ਰਿਪਥਗਾ ਜਾਂ ਤ੍ਰਿਸ੍ਰੋਤਾ, ਸਵਰਗ, ਪ੍ਰਿਥਵੀ ਤੇ ਨਰਕ ਉਤੇ ਤਿੰਨ ਸਾਖਾ ਵਿਚ ਵਗਣ ਵਾਲੀ।[767]

ਚਰਚਿਤ ਕ੍ਰਿਤੀ ਵਿਚ ਗੰਗਾ ਦੇ ਅਨੇਕਾਂ ਨਾਮ ਦਸੇ ਹਨ ਜਿਵੇਂ-ਰਾਵੀ [768], ਅਲਖ ਨਿੰਦਰਾ,[769] ਗੋਦਾਵਰੀ[770] ਅਤੇ ਯੇਲ ਗੰਗਾ[771] ਆਦਿ। ਇਸ ਨੂੰ ਪਵਿਤਰ ਦਸਿਆ ਹੈ। ਕਵੀ ਨੇ ਗੰਗਾ ਨੂੰ

---

[767] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 211-212.

[768] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 764-

ਰਾਵੀ ਗੰਗਾ ਮੈ ਗਯੋ ਕਰਨੇ ਸੋ ਇਸਨਾਨ॥ ਗੁਰੂ ਦਿਖਾਈ ਮਾਇਆ ਤਿਸ ਕੋ ਮਹਾ ਮਹਾਨ॥11॥

[769] ਉਹੀ, ਪਤਰਾ 127-28-

ਨਰ ਨਾਰਾਯਣ ਧਾਮ ਸੁ ਜਹਾਂ॥ ਅਲਖ ਨਿੰਦਰਾ ਗੰਗਾ ਤਹਾ॥

[770] ਉਹੀ, ਪਤਰਾ 1723-

ਗੋਦਾ ਗੰਗਾ ਤੇ ਉਡੇ ਆਇ ਪੈਸੁਨੀ ਤੀਰ॥ ਨਭ ਮਾਰਗ ਹ੍ਵੈ ਆਇ ਸੋ ਜਪਤਿ ਨਾਮ ਰਘੁਬੀਰ॥50॥

[771] ਉਹੀ, ਪਤਰਾ 1555-

ਧਰਤੀ ਉਪਰਲੇ ਜਲ-ਸ੍ਰੋਤ ਵਜੋਂ ਹੀ ਵਰਣਿਤ ਕੀਤਾ ਹੈ। ਇਸ ਦੇ ਪਿਛੋਕੜ ਬਾਰੇ ਕੋਈ ਵੀ ਜਾਣਕਾਰੀ ਪ੍ਰਸਤੁਤ ਨਹੀਂ ਕੀਤੀ, ਬਲਕਿ ਜਿਆਦਾਤਰ ਜਿਥੇ ਵੀ ਜਲ ਦੇ ਵਹਿੰਦੇ ਸ੍ਰੋਤ ਦੀ ਗੱਲ ਅੰਕਿਤ ਕੀਤੀ ਹੈ, ਉਸ ਨੂੰ ਹੀ ਗੰਗਾ ਦਾ ਦਰਜਾ ਦੇ ਦਿਤਾ ਹੈ। ਕਵੀ ਗੁਰੂ ਨਾਨਕ ਦੇਵ ਜੀ ਦੀ ਉਸਤਤੀ ਕਰਦਿਆਂ ਗੰਗਾ ਆਦਿਕ ਨਦੀਆਂ ਦੇ ਨਾਵਾਂ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ ਕਿ ਗੁਰੂ ਜੀ ਵੀ ਉਨ੍ਹਾਂ ਵਾਂਗ ਹੀ ਸਭ ਦੇ ਦੁਖ ਹਟਾਉਂਦੇ ਹਨ।[772] ਗੰਗਾ ਦਾ ਨਾਮ ਕਵੀ ਨੇ ਪ੍ਰਸਿਧ ਤੀਰਥਾਂ ਦੇ ਨਾਲ ਹੀ ਰਖ ਕੇ ਇਸ ਦੀ ਮਹਤਾ ਨੂੰ ਦਸਿਆ ਹੈ। ਯਥਾ-

ਔਰ ਪਾਪ ਨਾਸਨੀ ਸੁ ਚੰਮਲਿ ਮਹਾਨ ਗੰਗਾ ਰਾਮ ਕੁੰਡ ਸੀਤਾ ਕੁੰਡ ਲਖਮਣ ਮਾਨੀਐ॥
ਰਾਮ ਗੁਰ ਕਥਾ ਜਹਾਂ ਆਵੈ ਸਭਹੀ ਸੋ ਤਹਾਂ ਆਇ ਸਭ ਬਾਸ ਕਰੈ ਤੀਰਥ ਮਹਾਨੀਐ॥11॥[773]

ਚਰਚਿਤ ਕ੍ਰਿਤੀ ਵਿਚ ਨਰ ਨਾਰਾਯਣ ਦੇ ਧਾਮ ਕੋਲ ਵਗਦੀ ਅਲਖ ਨਿੰਦਰਾ ਗੰਗਾ ਨੂੰ ਪਾਪਾਂ ਦਾ ਨਾਸ਼ ਕਰਨ ਵਾਲੀ ਕਿਹਾ ਹੈ। ਇਸ ਦੇ ਦਰਸ਼ਨ ਕਰਨ ਨਾਲ ਅਤੇ ਇਸ਼ਨਾਨ ਕਰਨ ਨਾਲ ਸਰੀਰ ਨਿਰਮਲ ਹੋ ਜਾਂਦਾ ਹੈ, ਜਨਮਾ-ਜਨਮਾਂਤਰਾਂ ਦੇ ਪਾਪ ਮਿਟ ਜਾਂਦੇ ਹਨ। ਯਥਾ-

ਨਰਨਾਰਾਯਣ ਧਾਮ ਸੁ ਜਹਾਂ॥ ਅਲਖ ਨਿੰਦਰਾ ਗੰਗਾ ਤਹਾ॥
ਭਗਵਤਿ ਚਰਨਨ ਕਾ ਸੋ ਨੀਰ॥ ਨਾਇ ਸੁ ਨਿਰਮਲੁ ਕਰੈ ਸਰੀਰ॥12॥
ਜਨਮ ਜਨਮ ਕੇ ਪਾਤਿਕ ਜੇਤੇ॥ ਤਹ ਦਰਸਨਿ ਤੇ ਮਿਟੈ ਸੁ ਤੇਤੇ॥[774]

---

ਪਾਨੀ ਹੋ ਕਰਿ ਚਲਿਉ ਸੁ ਧਾਈ॥ ਸਿਵ ਕਾ ਵਰਿ ਬਿਰਥਾ ਨਹ ਜਾਈ॥ ਨਾਮ ਯੇਲ ਗੰਗਾ ਸਿਵ ਰਾਖਾ॥ ਨਜ ਮੁਖਿ ਤਾਹਿ ਮਹਾਤਮ ਭਾਖਾ॥83॥

[772] ਉਹੀ, ਪਤਰਾ 15-

ਤੁਲਸੀ ਪੁਨਿ ਤੁੰਗ ਭਦਰਾ ਗੰਗਾ ਦਖਣ ਦੇਸ॥ ਤੁਲਵੰਡੀ ਗੁਰ ਪ੍ਰਗਟਿ ਹ੍ਵੈ ਜਨ ਕੇ ਹਰੇ ਕਲੇਸ॥52॥

[773] ਉਹੀ, ਪਤਰਾ 58.

[774] ਉਹੀ, ਪਤਰਾ 127-28.

ਭਾਗੀਰਥ ਦੁਆਰਾ ਗੰਗਾ ਨੂੰ ਲਿਆਉਣ ਦੀ ਕਥਾ ਵੀ ਬਿਬਾਹ ਖੰਡ ਵਿਚ ਅੰਕਿਤ ਕੀਤਾ ਗਿਆ ਹੈ।[775] ਇਸੇ ਤਰ੍ਹਾਂ ਗਰੂ ਨਾਨਕ ਦੇਵ ਜੀ ਦੁਆਰਾ ਫਹੁੜੀ ਗੰਗਾ ਲਿਆਉਣ ਦਾ ਜ਼ਿਕਰ ਨਾਨਕਮਤਾ ਖੰਡ ਵਿਚ ਕੀਤਾ ਗਿਆ ਹੈ। ਯਥਾ-

ਮਰਦਾਨੇ ਕੋ ਗੁਰ ਕਹਯੋ ਨੀਰ ਲਿਆਵਉ ਜਾਇ॥ ਦੇ ਨਿਜ ਕਰਿ ਕੀ ਫਾਹੁੜੀ ਨਾਨਕ ਦਯੋ ਪਠਾਇ॥4॥
ਚੌਪਈ॥ ਸਤਿਗੁਰ ਕਹਯੋ ਤਾਹਿ ਸਮਝਾਈ॥ ਗੰਗਾ ਕੋ ਤੁਮ ਭਾਖੋ ਜਾਈ॥
ਨਾਨਕ ਤੁਮ ਕੋ ਆਪ ਬਲਾਯੋ॥ ਇਉ ਕਹਿ ਸਤਿਗੁਰ ਤਾਹਿ ਪਠਾਯੋ॥5॥
ਜਿਉ ਗੁਰ ਕਹਯੋ ਤਾਹਿ ਸਮਝਾਈ॥ ਤਿਉ ਤਿਨ ਭਾਖਿਉ ਆਪ ਸੁ ਜਾਈ॥
ਦਈ ਫਾਹੁੜੀ ਤਾਹਿ ਨਿਸਾਨੀ॥ ਨਿਕਲਿਉ ਤੁਰਤਿ ਤਹਾ ਤੇ ਪਾਨੀ॥6॥
ਮਰਦਾਨੇ ਕੈ ਪਾਛੈ ਆਯੋ॥ ਇਉ ਮਰਦਾਨਾ ਗੰਗਾ ਲਯਾਯੋ॥[776]

ਸੋ ਉਪਰੋਕਤ ਦੇ ਨਾਲ ਹੀ ਕਵੀ ਨੇ ਗੰਗਾ ਨੂੰ ਪਵਿਤਰ ਦਸਦਿਆਂ ਇਸ ਵਿਚ ਇਸ਼ਨਾਨ ਕਰਨ ਨਾਲ ਸਾਰੇ ਪਾਪਾਂ ਤੋਂ ਮੁਕਤੀ ਮਿਲਣ ਦੀ ਤਾਕੀਦ ਕੀਤੀ ਹੈ। [777] ਲੋੜ ਪੈਣ 'ਤੇ ਕਵੀ ਨੇ ਗੰਗਾ ਦੇ ਇਸ਼ਨਾਨ ਦਾ ਹਵਾਲਾ ਦੇ ਕੇ ਕਿਸੇ ਹੋਰ ਦੀ ਮਹਤਾ ਨੂੰ ਦਸਣ ਦਾ ਯਤਨ ਵੀ ਕੀਤਾ ਹੈ, ਜਿਵੇਂ ਕੂੰਡੀ ਗੁਫਾ ਦੇ ਦਰਸ਼ਨਾਂ ਦੀ ਮਹਾਨਤਾ ਨੂੰ ਦਸਣ ਲਈ ਗੰਗਾ ਦੇ ਇਸ਼ਨਾਨ ਦੇ ਬਰਾਬਰ ਦਾ ਫਲ ਦਸਿਆ ਹੈ। [778] ਯੇਲ ਗੰਗਾ ਨੂੰ ਪਾਪਾਂ ਤੋਂ ਮੁਕਤ ਕਰਨ ਲਈ ਵਿਸ਼ੇਸ਼ ਸ਼ਿਵ ਦੁਆਰਾ ਵਰ ਦਿਤਾ ਗਿਆ ਹੈ। ਯਥਾ-

ਪਾਨੀ ਹੋ ਕਰਿ ਚਲਿਉ ਸੁ ਧਾਈ॥ ਸਿਵ ਕਾ ਵਰਿ ਬਿਰਥਾ ਨਹ ਜਾਈ॥

---

[775] ਉਹੀ, ਪਤਰਾ 520-

ਗੰਗਾ ਲਿਯਾਇ ਭਾਗੀਰਥ ਜੈਸੇ॥ ਦੁਇ ਕੁਲਿ ਤਾਰੇ ਤਾਂਹਿ ਸੁ ਤੇਸੈ॥

[776] ਉਹੀ, ਪਤਰਾ 1241.

[777] ਉਹੀ, ਪਤਰਾ 1284-

ਗੰਗਾ ਨਾਮ ਸੁ ਭੋਦਕਾ ਕ੍ਰੌਂਚ ਦੀਪ ਮੈ ਸੋਇ॥ ਤਿਸ ਮੈ ਕਰੇ ਸਨਾਨ ਜੋ ਪਾਪ ਰਹੈ ਨਹੀ ਕੋਇ॥8॥

[778] ਉਹੀ, ਪਤਰਾ 1594-

ਦਰਸਨਿ ਕੂੰਡੀ ਗੁਫਾ ਕਾ ਗੰਗਾ ਕਾ ਇਸਨਾਨ॥ ਏਕ ਬਾਰ ਨਰ ਜੋ ਕਰੈ ਲਹੈ ਸੁ ਮੋਖ ਮਹਾਨ॥27॥

ਨਾਮ ਖੇਲ ਗੰਗਾ ਸਿਵ ਰਾਖਾ॥ ਨਿਜ ਮੁਖਿ ਤਾਹਿ ਮਹਾਤਮ ਭਾਖਾ॥83॥

ਯਾ ਮੈ ਕਰੈ ਸਨਾਨ ਜਿ ਕੋਇ॥ ਸਭ ਪਾਪਨ ਤੇ ਮੁਕਤਿ ਸੁ ਹੋਇ॥

ਪੁਨਿ ਗੰਗਾ ਕੋ ਸਿਵ ਵਰਿ ਦੀਨਾ॥ ਤਬ ਸੈਦੋ ਨੈ ਪਰਸਨਿ ਕੀਨਾ॥84॥[779]

ਉਪਰੋਕਤ ਕਥਨਾਂ ਤੋਂ ਅਸੀਂ ਕਹਿ ਸਕਦੇ ਹਾਂ ਕਿ ਗੰਗਾ ਦੇ ਕਈ ਨਾਮ ਕਵੀ ਨੇ ਚਰਚਿਤ ਗ੍ਰੰਥ ਵਿਚ ਵਰਤੇ ਹਨ। ਗੰਗਾ ਨੂੰ ਲਿਆਉਣ ਦੀ ਕਥਾ ਦਾ ਸੰਕੇਤ ਵੀ ਕਵੀ ਨੇ ਦਿਤਾ ਹੈ, ਇਸ ਵਿਚ ਇਸ਼ਨਾਨ ਕਰਨ ਨਾਲ ਪਾਪਾਂ ਤੋਂ ਮੁਕਤੀ ਮਿਲਦੀ ਹੈ, ਜਿਸ ਕਰਕੇ ਇਸ ਨੂੰ ਪਵਿਤਰ ਕਿਹਾ ਜਾ ਸਕਦਾ ਹੈ।

**2.1.21. ਲੰਕਾ**

ਲੰਕਾ ਦਾ ਜਜ਼ੀਰਾ ਜਾਂ ਇਸ ਦੀ ਰਾਜਧਾਨੀ। ਇਹ ਬਹੁਤ ਵਡਾ ਅਤੇ ਆਲੀਸ਼ਾਨ ਸ਼ਹਿਰ ਸੀ। ਇਸ ਦੀਆਂ ਸੱਤ ਵਡੀਆਂ ਖਾਈਆਂ ਸਨ ਅਤੇ ਸੱਤ ਹੀ ਧਾਤ ਅਤੇ ਪੱਥਰ ਦੀਆਂ ਦੀਵਾਰਾਂ ਬਣੀਆਂ ਹੋਈਆਂ ਸਨ। ਕਿਹਾ ਜਾਂਦਾ ਹੈ ਕਿ ਇਹ ਸ਼ਹਿਰ ਵਿਸ਼ਵਕਰਮਾ ਨੇ ਕੁਵੇਰ ਦੇ ਰਹਿਣ ਲਈ ਸੋਨੇ ਦਾ ਬਣਾਇਆ ਸੀ, ਜਿਸ ਤੋਂ ਅਗੋਂ ਰਾਵਣ ਨੇ ਖੋਹ ਲਿਆ। ਪੌਰਾਣਿਕ ਮਨੌਤ ਅਨੁਸਾਰ ਇਹ ਜਜ਼ੀਰਾ ਅਸਲ ਵਿਚ ਮੇਰੂ ਪਹਾੜ ਦੀ ਚੋਟੀ ਸੀ, ਜਿਹੜੀ ਵਾਯੂ ਦੇਵਤਾ ਦੁਆਰਾ ਤੋੜੇ ਜਾਣ ਕਰਕੇ ਸਮੁੰਦਰ ਵਿਚ ਗਰਕ ਹੋ ਗਈ ਸੀ।[780]

ਲੰਕਾ ਦੇ ਬਾਰੇ ਕਵੀ ਨੇ ਰਾਵਣ ਨੂੰ ਇਥੋਂ ਦਾ ਸ਼ਾਸਕ ਦਸਿਆ ਹੈ, ਜਿਸ ਤੋਂ ਬਾਅਦ ਭਿਵੀਖਨ ਨੂੰ ਇਥੋਂ ਦਾ ਰਾਜ ਦਿਤਾ ਗਿਆ। ਰਾਵਣ ਨੂੰ ਰਾਮ ਦੁਆਰਾ ਮਾਰ ਕੇ ਹੀ ਭਿਵੀਖਨ ਨੂੰ ਲੰਕਾ ਦਾ ਰਾਜ ਦਿਤਾ ਗਿਆ। ਯਥਾ-

ਰਾਵਨ ਕਰੀ ਰਾਮ ਕੇ ਸਾਥ॥ ਮਾਰਿਉ ਰਾਵਨ ਸ੍ਰੀ ਰਘੁਨਾਥ॥

ਲੰਕਾ ਖੋਸ ਭਿਵੀਖਨ ਦੀਨੀ॥ ਤਾਕੀ ਆਗਯਾ ਮਾਨ ਨ ਲੀਨੀ॥52॥[781]

---

[779] ਉਹੀ, ਪਤਰਾ 1555.

[780] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 487.

[781] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 964.

ਚਰਚਿਤ ਕ੍ਰਿਤੀ ਅਨੁਸਾਰ ਲੰਕਾ ਵਿਚ ਰਹਿਣ ਵਾਲੇ ਰਾਕਸ਼ ਹਨ ਅਤੇ ਉਥੇ ਕੋਈ ਵੀ ਮਨੁਖ ਜਾ ਨਹੀਂ ਸਕਦਾ।[782] ਕਵੀ ਕਹਿੰਦਾ ਹੈ ਕਿ ਇਥੇ ਅੰਦਰ ਬਾਹਰ ਸਾਰੇ ਹੀ ਰਾਕਸ਼ ਹੀ ਰਹਿੰਦੇ ਹਨ ਅਤੇ ਇਥੋਂ ਦਾ ਅਜੇ ਵੀ ਰਾਜਾ ਭਿਵੀਖਨ ਹੀ ਹੈ। ਭਿਵੀਖਨ ਵੀ ਰਾਕਸ਼ ਕੁਲ ਦਾ ਹੀ ਹੈ।

ਸੁਣਿ ਮਰਦਾਨਾ ਤੂੰ ਸੁਖਦਾਈ॥ ਬਾਲਾ ਕਾਇ ਕਹੈ ਇਹੁ ਭਾਈ॥

ਸੁਣਿ ਕਰਿ ਆਪ ਕਹਯੋ ਪੁਨਿ ਤਾਹਿ॥ ਰਾਕਸ ਹੈਂ ਸਭ ਲੰਕਾ ਮਾਹਿ॥50॥

ਸਵੈਯਾ॥

ਗੁਰ ਰਾਕਸ ਕੀ ਨਗਰੀ ਸਗਲੀ ਵਿਚਿ ਰਾਕਸ ਹੀ ਸਭ ਆਹਿ ਸੁ ਸਾਰੇ॥

ਸਭ ਅੰਤਰਿ ਬਾਹਰਿ ਰਾਕਸ ਹੈਂ ਪੁਨਿ ਰਾਕਸ ਹੀ ਤਿਨ ਕਾ ਸਿਰਦਾਰੇ॥[783]

ਲੰਕਾ ਨੂੰ ਸਾੜਨ ਦਾ ਸੰਕੇਤ ਵੀ ਚਰਚਿਤ ਕ੍ਰਿਤੀ ਵਿਚ ਮਿਲ ਜਾਂਦਾ ਹੈ ਕਿ ਹਨੂਮਾਨ ਨੇ ਲੰਕਾ ਨੂੰ ਸਾੜਿਆ ਸੀ। ਹਨੂੰਮਾਨ ਦੇ ਨਾਲ ਵਿਸ਼ੇਸ਼ਣ ਦੇ ਰੂਪ ਵਿਚ ਲੰਕਾ ਨੂੰ ਸਾੜਨ ਦੀ ਗੱਲ ਕਸ਼ਮੀਰ ਖੰਡ ਵਿਚ ਮਿਲਦੀ ਹੈ। ਯਥਾ-

ਦਸ ਬੀਸਕ ਰਾਕਸ ਬੇਗ ਉਠੇ ਜਨ ਆਇ ਹਨੂ ਜਿਨ ਲੰਕ ਜਲਾਈ॥[784]

ਸੋ ਕਵੀ ਨੇ ਲੰਕਾ ਨੂੰ ਰਾਕਸ਼ਾਂ ਦੇ ਰਹਿਣ ਦਾ ਸਥਾਨ ਦਸਿਆ ਹੈ, ਜਿਥੇ ਰਾਮ ਨੇ ਰਾਵਣ ਨੂੰ ਮਾਰਿਆ ਸੀ ਅਤੇ ਰਾਜ ਭਿਵੀਖਨ ਨੂੰ ਦਿਤਾ ਸੀ। ਗੁਰੂ ਨਾਨਕ ਦੇਵ ਜੀ ਉਥੇ ਬਾਲੇ ਅਤੇ ਮਰਦਾਨੇ ਨਾਲ ਗਏ। ਕਵੀ ਨੇ ਲੰਕਾ ਬਾਰੇ ਕੋਈ ਵਿਸਤ੍ਰਿਤ ਜਾਣਕਾਰੀ ਨਹੀਂ ਦਿਤੀ, ਇਸ ਦੇ ਭੂਗੋਲਿਕ ਖੇਤਰ ਬਾਰੇ ਤਾਂ ਸੰਕੇਤ ਵੀ ਨਹੀਂ ਮਿਲਦੇ। ਸੋ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਉਥੇ ਵਾਪਰੀਆਂ ਕੁਝ ਪ੍ਰਮੁਖ ਘਟਨਾਵਾਂ

---

[782] ਉਹੀ, ਪਤਰਾ 1092-

ਤੀਜਾ ਮਛਲੀ ਬੰਦਰ ਜਾਨ॥ ਪੁਨਿ ਲੰਕਾ ਨਗਰੀ ਪਹਿਚਾਨ॥ ਤਹਾ ਬਿਭੀਛਨ ਰਾਜ ਕਮਾਵੈ॥ ਮਾਨੁਖ ਤਹਾ ਨ ਜਾਣੇ ਪਾਵੈ॥48॥ ਬਾਲੈ ਕਹਯੋ ਸਿਰੀ ਗੁਰ ਰਾਇ॥ ਲੰਕਾ ਕਾ ਦਰਸਨਿ ਕਰਿਵਾਇ॥ ਅਬ ਤੋ ਨਿਕਟ ਆਇ ਹਮ ਸੁਾਮੀ॥ ਬਹੁਰਿ ਕਹਿਉ ਗੁਰ ਅੰਤਰਿਜਾਮੀ॥49॥

[783] ਉਹੀ, ਪਤਰਾ 1092.

[784] ਉਹੀ, ਪਤਰਾ 1732.

ਜਾਂ ਲੰਕਾਂ ਦੇ ਰਾਜਿਆਂ ਦੀ ਵਿਚਾਰ ਪ੍ਰਸਤੁਤ ਕੀਤੀ ਹੈ। ਸੋ ਭੂਗੋਲਿਕ ਸੰਕੇਤਾਂ ਦੀ ਵਿਸਤ੍ਰਿਤ ਜਾਣਕਾਰੀ ਨਹੀਂ ਮਿਲਦੀ।

**2.1.22. ਗੋ-ਕਰਣ**

'ਗਊ ਦੇ ਕੰਨ'। ਮੰਗਲੌਰ ਦੇ ਨੇੜੇ ਪੱਛਮੀ ਘਾਟ ਉਤੇ ਵਰਤਮਾਨ ਸ਼ਿਵ ਦਾ ਇਕ ਪਵਿੱਤਰ ਤੀਰਥ।[785] ਕਵੀ ਦੁਆਰਾ ਇਸ ਸਥਾਨ ਬਾਰੇ ਜ਼ਿਕਰ ਕੀਤਾ ਮਿਲਦਾ ਹੈ ਕਿ ਇਕ ਵਾਰ ਰਾਵਣ ਅਪਣੀ ਮਾਤਾ ਦੇ ਅੰਨ ਤਿਆਗਣ 'ਤੇ ਉਹ ਸ਼ਿਵ ਦੀ ਭਗਤੀ ਕਰਨ ਜਾਂਦਾ ਹੈ। ਉਸ ਦਾ ਮਨੋਰਥ ਸ਼੍ਰੇਸ਼ਟ ਲਿੰਗ ਨੂੰ ਲੰਕਾ ਵਿਚ ਲੈ ਕੇ ਆਉਣਾ ਸੀ। ਸ਼ਿਵ ਨੇ ਪ੍ਰਸੰਨ ਹੋ ਕੇ ਸ੍ਰੇਸ਼ਟ ਲਿੰਗ ਉਸ ਨੂੰ ਦਿਤਾ ਅਤੇ ਇਹ ਸ਼ਰਤ ਰਖੀ ਕਿ ਇਸਨੂੰ ਰਸਤੇ ਵਿਚ ਕਿਤੇ ਵੀ ਧਰਤੀ ਉਤੇ ਨਾ ਰਖਿਆ ਜਾਵੇ, ਰਸਤੇ ਵਿਚ ਰਾਵਣ ਨੂੰ ਪਿਸ਼ਾਬ ਦਾ ਜ਼ੋਰ ਪੈਂਦਾ ਹੈ। ਉਸ ਦਾ ਸ਼ਿਵ ਦੇ ਪ੍ਰਤੀ ਇਤਨਾ ਸਤਿਕਾਰ ਸੀ ਕਿ ਉਸ ਨੇ ਸ਼ਿਵ ਲਿੰਗ ਨੂੰ ਧਰਤੀ ਉਤੇ ਨਾ ਰਖਿਆ ਅਤੇ ਨਾ ਹੀ ਹਥ ਵਿਚ ਰਖ ਕੇ ਪਿਸ਼ਾਬ ਕੀਤਾ। ਉਸ ਦੇ ਸਤਿਕਾਰ ਕਰਕੇ ਹੀ ਉਹ ਸ਼ਿਵ ਲਿੰਗ ਨੂੰ ਲੰਕਾ ਵਿਚ ਲਿਜਾਣ ਵਿਚ ਅਸਫਲ ਰਿਹਾ ਅਤੇ ਰਸਤੇ ਵਿਚ ਹੀ ਸ਼ਿਵ ਲਿੰਗ ਸਥਾਪਿਤ ਹੋਇਆ, ਜਿਸ ਸਥਾਨ ਨੂੰ ਗੋਕਰਣ ਕਿਹਾ ਗਿਆ ਹੈ।[786]

ਸੋ ਕਵੀ ਨੇ ਇਸ ਸਥਾਨ ਬਾਰੇ ਕਸ਼ਮੀਰ ਖੰਡ ਵਿਚ ਇਸ ਦੀ ਪੂਰਨ ਕਥਾ ਦਾ ਜ਼ਿਕਰ ਕੀਤਾ ਹੈ ਅਤੇ ਇਸੇ ਖੰਡ ਵਿਚ ਇਸਦੀ ਪ੍ਰਸਿਧੀ ਬਾਰੇ ਪਰੰਪਰਾਗਤ ਧਾਰਨਾਵਾਂ ਨੂੰ ਵੀ ਬਿਆਨ ਕੀਤਾ ਹੈ। ਕਵੀ ਅਨੁਸਾਰ ਇਸ ਸਥਾਨ ਉਪਰ ਰਾਵਣ, ਭਿਵੀਖਨ ਆਦਿ ਨੇ ਭਗਤੀ ਕੀਤੀ ਸੀ, ਇਸ ਲਈ ਇਹ ਸਥਾਨ ਦੀ ਆਪਣੀ ਮਹਤਾ ਹੈ। ਲੰਕਾ ਵਾਂਗ ਕਵੀ ਨੇ ਇਸ ਸਥਾਨ ਦੀ ਵੀ ਵਿਸਤ੍ਰਿਤ ਜ਼ਿਕਰ ਨਹੀਂ ਕੀਤਾ, ਬਲਕਿ ਘਟਿਤ-ਘਟਨਾ ਦਾ ਹੀ ਵਿਸਥਾਰ ਕੀਤਾ ਹੈ। ਜਿਸ ਤੋਂ ਸਾਨੂੰ ਇਥੇ ਘਟਿਤ-ਘਟਨਾ ਦਾ ਤਾਂ ਬੋਧ ਹੋ ਜਾਂਦਾ ਹੈ, ਪਰ ਸਥਾਨ ਬਾਰੇ ਕੋਈ ਬਹੁਤੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਇਸ ਸਥਾਨ ਦੀ ਮਹਤਾ ਕਵੀ ਦੁਆਰਾ ਦਸੀ ਗਈ ਕਥਾ ਤੋਂ ਭਲੀ-ਭਾਂਤਿ ਹੋ ਜਾਂਦੀ ਹੈ।

[785] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 224.

[786] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1734-41.

### 2.1.23. ਸੇਤਬੰਦ/ਸੇਤੂਬੰਧ

ਰਾਮ ਦਾ ਪੁਲ। ਨਕਸ਼ਿਆਂ ਵਿਚ ਮਹਾਂਦੀਪ ਤੇ ਲੰਕਾ ਦੇ ਵਿਚਕਾਰਲੀਆਂ ਚਟਾਨਾਂ ਦੀਆਂ ਲਾਈਨਾਂ ਨੂੰ ਆਦਮ ਦਾ ਪੁਲ ਕਿਹਾ ਜਾਂਦਾ ਹੈ। ਇਸ ਨੂੰ ਸਮੁਦ੍ਰਾਰ ਵੀ ਕਹਿੰਦੇ ਹਨ। ਰਾਮ ਦੇ ਸਾਥੀਆਂ ਦੁਆਰਾ ਪੁਲ ਦੇ ਬਣਾਏ ਜਾਣ ਦੇ ਇਸ ਵਿਸ਼ੇ ਤੇ ਸੇਤੂਬੰਧ ਜਾਂ ਸੇਤੂਕਾਵਜ ਨਾਂ ਦੀ ਇਕ ਰਚਨਾ ਵੀ ਮਿਲਦੀ ਹੈ।[787] ਸੇਤਬੰਧ ਦਾ ਜ਼ਿਕਰ ਕਵੀ ਨੇ ਬਰਨ ਖੰਡ ਅਤੇ ਕਸ਼ਮੀਰ ਖੰਡ ਵਿਚ ਸੰਕੇਤ ਮਾਤਰ ਹੀ ਕੀਤਾ ਹੈ, ਭਾਵੇਂ ਕਿ ਕਸ਼ਮੀਰ ਖੰਡ ਵਿਚ ਕਵੀ ਨੇ ਗੁਰੂ ਨਾਨਕ ਦੇਵ ਜੀ ਦਾ ਜਾਣਾ ਲਿਖਿਆ ਹੈ, ਪਰ ਉਥੇ ਇਸ ਸਥਾਨ ਬਾਰੇ ਬਹੁਤੀ ਜਾਣਕਾਰੀ ਨਹੀਂ ਦਿਤੀ, ਬਲਕਿ ਗੁਰੂ ਸਾਹਿਬ ਦੇ ਉਪਦੇਸ਼ ਅਤੇ ਮਹਿਮਾ ਜ਼ਿਆਦਾ ਲਿਖੀ ਹੈ। ਬਰਨ ਖੰਡ ਵਿਚ ਕਵੀ ਨੇ ਸੇਤਬੰਧ ਨੂੰ ਹੋਰ ਤੀਰਥਾਂ ਨਾਲ ਵਿਸ਼ੇਸ਼ਗਤ ਲਿਖ ਕੇ ਇਸ ਦੀ ਮਹਿਮਾ ਕੀਤੀ ਹੈ-

ਸੇਤਬੰਧ ਰਾਮੇਸੂਰ ਜਾਨ॥ ਕਾਸੀ ਮਾਹਿ ਬਸੇਸ੍ਰਰ ਮਾਨ॥
ਨਾਗਨਾਥ ਅਵਢੇਕੇ ਮਾਹਿ॥ ਯਾਹਿ ਬਿਖੈ ਸੰਸਾ ਕਛੁ ਨਾਹਿ॥154॥[788]

ਕਸ਼ਮੀਰ ਖੰਡ ਵਿਚ ਕਵੀ ਨੇ ਗੁਰੂ ਨਾਨਕ ਦੇਵ ਜੀ ਦਾ ਚਮਤਕਾਰੀ ਢੰਗ ਨਾਲ ਉਥੇ ਪਹੁੰਚਣ ਦਾ ਪ੍ਰਸੰਗ ਦਿਤਾ ਹੈ। ਜਿਥੇ ਬਭੀਖਨ ਦਾ ਰਾਜ ਹੁੰਦਾ ਹੈ। ਯਥਾ-

ਸੇਤਬੰਧ ਰਾਮੇਸਰੰ ਨਾਨਕ ਪਹੁਚੇ ਆਇ॥
ਭਗਤਿ ਬਭੀਖਨ ਸਤਿਗੁਰੂ ਪਾਛੈ ਦਯੋ ਫਿਰਾਇ॥1॥[789]

ਸੋ ਕਵੀ ਨੇ ਸੇਤਬੰਧ ਬਾਰੇ ਮਾਤਰ ਸੰਕੇਤ ਦੇ ਕੇ ਹੀ ਆਪਣੇ ਮਨੋਰਥ ਦੀ ਪੂਰਤੀ ਕਰਨ ਦਾ ਯਤਨ ਕੀਤਾ ਹੈ। ਕਵੀ ਨੇ ਸ਼ਾਇਦ ਇਥੇ ਬਹੁਤੀ ਜਾਣਕਾਰੀ ਨਾ ਦਿਤੀ ਹੋਵੇ ਕਿਉਂਕਿ ਉਸਨੂੰ ਗ੍ਰੰਥ ਦਾ ਆਕਾਰ ਜਿਆਦਾ ਵਡਾ ਹੁੰਦਾ ਲਗਿਆ ਹੋਵੇ। ਕਿਉਂਕਿ ਕਵੀ ਨੇ ਦਸਿਆ ਹੈ ਕਿ ਇਥੇ ਰਮਾਇਣ ਦੇ ਸਤ

---

[787] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 142.

[788] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1560.

[789] ਉਹੀ, ਪਤਰਾ 1734.

ਕਾਡਾਂ ਦਾ ਪਾਠ ਹੁੰਦਾ ਰਿਹਾ ਹੈ, ਭਾਵ ਕਵੀ ਨੂੰ ਰਮਾਇਣ ਬਾਰੇ ਗੂੜ੍ਹ ਜਾਣਕਾਰੀ ਸੀ, ਫਿਰ ਵੀ ਉਸ ਨੇ ਸੰਕੇਤ ਮਾਤਰ ਦੇ ਇਸ਼ਾਰਾ ਕਰ ਕੇ ਹੀ ਆਪਣਾ ਮਨੋਰਥ ਸਿਧ ਕਰਨ ਦਾ ਯਤਨ ਕੀਤਾ ਹੈ।

**2.1.24. ਜਗਨ-ਨਾਥ**

'ਸੰਸਾਰ ਦਾ ਸੁਆਮੀ'। ਵਿਸ਼ਨੂੰ ਜਾਂ ਕ੍ਰਿਸ਼ਨ ਦਾ ਇਕ ਵਿਸ਼ੇਸ਼ ਰੂਪ। ਇਸ ਦੀ ਪੂਜਾ ਬੰਗਾਲ ਅਤੇ ਭਾਰਤ ਦੇ ਹੋਰਨਾਂ ਥਾਵਾਂ ਉਤੇ ਕੀਤੀ ਜਾਂਦੀ ਹੈ, ਪਰ ਉੜੀਸਾ ਵਿਚ ਕਟਕ ਦੇ ਨੇੜੇ ਦਾ ਇਕ ਸ਼ਹਿਰ ਪੁਰੀ ਇਸ ਦੀ ਪੂਜਾ ਦਾ ਮਹਾਨ ਕੇਂਦਰ ਹੈ। ਉ ਥੇ ਜੇਠ ਤੇ ਹਾੜ ਦੇ ਮਹੀਨਿਆਂ ਵਿਚ ਲਗਣ ਵਾਲੇ 'ਸ੍ਨਾਨ-ਯਾਤ੍ਰਾ' ਅਤੇ 'ਰਥ ਯਾਤ੍ਰਾ' ਨਾਂ ਦੇ ਉਤਸਵਾਂ ਵਿਚ ਦੇਸ ਦੇ ਸਭਨਾਂ ਹਿਸਿਆਂ ਵਿਚੋਂ ਵਿਸ਼ੇਸ਼ ਤੌਰ ਤੇ ਯਾਤ੍ਰੀ ਆਉਂਦੇ ਹਨ। ਪਹਿਲਾ ਉਤਸਵ ਉਹ ਹੁੰਦਾ ਹੈ, ਜਦੋਂ ਮੂਰਤੀ ਨੂੰ ਇਸ਼ਨਾਨ ਕਰਵਾਇਆ ਜਾਂਦਾ ਹੈ। ਦੂਜੇ ਉਤਸਵ ਜਾਂ ਰੱਥ-ਉਤਸਵ ਵਿਚ ਮੂਰਤੀ ਨੂੰ ਉਸਦੇ ਭਰਾ ਬਲਰਾਮ ਅਤੇ ਭੈਣ ਸੁਭਦਰਾ ਦੇ ਨਾਲ ਰਥ ਵਿਚ ਰਖਕੇ ਲਿਆਂਦਾ ਜਾਂਦਾ ਹੈ ਉਸ ਰਥ ਨੂੰ ਸ਼ਰਧਾਲੂ ਬੜੀ ਸ਼ਰਧਾ ਨਾਲ ਖਿਚਦੇ ਹਨ। ਜਗਨ ਨਾਥ ਦੇ ਮੂਲ ਸਬੰਧੀ ਪ੍ਰਚਲਤ ਕਥਾ ਬੜੀ ਵਿਚਿਤਰ ਹੈ। ਜਦੋਂ ਕ੍ਰਿਸ਼ਨ ਨੂੰ ਇਕ ਸ਼ਿਕਾਰੀ ਨੇ ਮਾਰ ਦਿਤਾ ਤਾਂ ਉਸ ਦਾ ਸਰੀਰ ਬਿਰਛ ਦੇ ਥਲੇ ਸੜਨ ਲਈ ਛਡ ਦਿਤਾ ਗਿਆ, ਪਰ ਇਕ ਧਰਮੀ ਮਨੁਖ ਨੇ ਇਸ ਨੂੰ ਪ੍ਰਾਪਤ ਕਰਕੇ ਇਕ ਸੰਦੂਕ ਵਿਚ ਪਾ ਕੇ ਰਖ ਦਿਤਾ। ਇਕ ਧਰਮਾਤਮਾ ਰਾਜੇ ਨੂੰ ਜਿਸ ਦਾ ਨਾਂ ਇੰਦ੍ਰ-ਦਜੁਮਨ ਸੀ, ਵਿਸ਼ਨੂੰ ਨੇ ਹੁਕਮ ਦਿਤਾ ਕਿ ਉਹ ਜਗਨ ਨਾਥ ਦੀ ਮੂਰਤੀ ਤਿਆਰ ਕਰਵਾਕੇ ਉਸ ਵਿਚ ਕ੍ਰਿਸ਼ਨ ਦੀਆਂ ਹਡੀਆਂ ਪਾ ਦੇਵੇ। ਵਿਸ਼ਵਕਰਮਾ ਨੇ ਜੋ ਕਿ ਦੇਵਤਿਆਂ ਦਾ ਉਸਰਈਆ ਹੈ, ਇਸ ਸ਼ਰਤ ਉਤੇ ਸਰੀਰ ਤਿਆਰ ਕਰਨ ਦਾ ਜ਼ੁੰਮਾ ਲੈ ਲਿਆ ਕਿ ਜਦੋਂ ਤਕ ਉਸ ਦਾ ਕੰਮ ਸਮਾਪਤ ਨਾ ਹੋਵੇ, ਉਸ ਦੇ ਕੰਮ ਵਿਚ ਕੋਈ ਵੀ ਵਿਘਨ ਨਾ ਪਾਵੇ। ਪੰਦਰ੍ਹਾਂ ਦਿਨਾਂ ਪਿਛੋਂ ਰਾਜੇ ਦਾ ਸਬਰ ਟੁਟ ਗਿਆ ਅਤੇ ਉਹ ਵਿਸ਼ਵਕਰਮਾ ਕੋਲ ਗਿਆ, ਜਿਸ ਕਾਰਨ ਉਹ ਨਾਰਾਜ਼ ਹੋ ਗਿਆ ਅਤੇ ਹ ਥ ਜਾਂ ਪੈਰ ਬਣਾਉਣ ਤੋਂ ਪਹਿਲਾਂ ਹੀ ਕੰਮ ਅਧੂਰਾ ਛਡ ਕੇ ਚਲਾ ਗਿਆ। ਇਸ ਤਰ੍ਹਾਂ ਮੂਰਤੀ ਦੇ ਹਥ ਪੈਰਾਂ ਦੇ ਟੁੰਡ ਹੀ ਰਹਿ ਗਏ। ਇੰਦ੍ਰ-ਦਜੁਮਨ ਨੇ ਬ੍ਰਹਮਾ ਅਗੇ ਅਰਜ਼ ਕੀਤੀ, ਜਿਸ ਨੇ ਮੂਰਤੀ ਨੂੰ ਪ੍ਰਸਿਧੀ ਬਖਸ਼ਣ ਦਾ ਪ੍ਰਣ ਕੀਤਾ। ਇਸ ਪ੍ਰਣ ਨੂੰ ਨਿਭਾਉਣ ਲਈ

ਬ੍ਰਹਮਾ ਨੇ ਮੂਰਤੀ ਨੂੰ ਅੱਖਾਂ ਤੇ ਆਤਮਾ ਪ੍ਰਦਾਨ ਕਰਕੇ ਇਸ ਦੇ ਉਤਸਵ ਵਿਚ ਮੁਖੀ ਪੁਰੋਹਿਤ ਦਾ ਰੂਪ ਧਾਰ ਕੇ ਪੂਰਾ ਕੀਤਾ।[790]

ਕਵੀ ਨੇ ਇਸ ਅਸਥਾਨ ਨੂੰ ਉੜੀਸਾ ਵਿਚ ਦਸਿਆ ਹੈ, ਇਸ ਦੇ ਨਾਲ ਹੀ ਉੜੀਸਾ ਵਿਚ ਹੋਰ ਵੀ ਤੀਰਥ ਅਸਥਾਨ ਹਨ। ਯਥਾ-

ਰਹੇ ਉੜੀਸੇ ਮੈ ਗੁਰੂ ਜਗੰਨਾਥ ਕੇ ਮਾਹਿ॥
ਹਰਿ ਚਰਚਾ ਹਰਿ ਨਾਮ ਗੁਰ ਇਕ ਪਲ ਬਿਸਰੈਂ ਨਾਹਿ॥1॥[791]

ਜਿਥੇ ਕਵੀ ਨੇ ਜਗੰਨਾਥ ਨੂੰ ਸਥਾਨ ਦੇ ਰੂਪ ਵਿਚ ਦਰਸਾਇਆ ਹੈ, ਉਥੇ ਹੀ ਇਸ ਦੀ ਮਹਿਮਾ ਅਵਤਾਰਾਂ ਨਾਲ ਵੀ ਕੀਤੀ ਹੈ-

ਜਗੰਨਾਥ ਬੋਧਾ ਅਵਤਾਰੇ॥
ਕਲਗੀ ਹ੍ਵੈ ਹੈ ਬਹੁਰਿ ਅਗਾਰੇ॥[792]

ਚਰਚਿਤ ਕ੍ਰਿਤੀ ਵਿਚ ਇਸ ਸਥਾਨ ਦਾ ਵਿਸ਼ੇਸ਼ ਜ਼ਿਕਰ ਸੋਮਨਾਥ, ਰਾਮਨਾਥ, ਦੁਆਰਕਾ, ਬੈਜਨਾਥ, ਬਦਰੀ ਨਾਥ, ਕਿਦਾਰ ਇਤਿਆਦਿਕ ਪ੍ਰਸਿਧ ਤੀਰਥਾਂ ਨਾਲ ਕੀਤਾ ਹੈ, ਜੋ ਇਸ ਸਥਾਨ ਦੀ ਮਹਤਾ ਨੂੰ ਹੋਰ ਵੀ ਵਧਾਉਂਦਾ ਹੈ। ਯਥਾ-

ਸੋਮਨਾਥ ਰਾਮਨਾਥ ਦ੍ਵਾਰਕਾ ਜਗਨਨਾਥ ਬੈਜਨਾਥ ਬਦਰੀ ਕਿਦਾਰ ਨਮਹੁ ਹਰਦੁਆਰ ਪਹਿਚਾਨੀਐ॥
ਰੰਗਿ ਨਾਥ ਦੇਵ ਗਿਰੀ ਦੇਵ ਨਾਥ ਝਾਲਾਰਾ ਪਟਣਿ ਰਾਮਮੂਰਤੀ ਸੁ ਜਾਨਿਐ॥[793]

ਚਰਚਿਤ ਕ੍ਰਿਤੀ ਵਿਚ ਇਸ ਨੂੰ ਹਰਿਦੁਆਰ ਦੇ ਰਸਤੇ ਵਿਚ ਆਉਣ ਵਾਲਾ ਇਕ ਤੀਰਥ ਅਸਥਾਨ ਵੀ ਦਸਿਆ ਹੈ ਜਾਂ ਦੂਜੇ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਭਾਰਤ ਦੇ ਵਖ-ਵਖ ਹਿਸਿਆਂ ਤੋਂ ਹਰਿਦੁਆਰ ਜਾਣ ਲਈ ਇਸ ਤੀਰਥ ਅਸਥਾਨ ਤੋਂ ਹੋ ਕੇ ਗੁਜਰਨਾ ਪੈਂਦਾ ਹੈ। ਯਥਾ-

---

[790] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 245-246.

[791] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1741.

[792] ਉਹੀ, ਪਤਰਾ 74.

[793] ਉਹੀ, ਪਤਰਾ 1708.

ਇਹੁ ਹਯੈ ਸਭਿ ਛੂਠੇ ਸਾਰੇ॥ ਗਯਾ ਜਾਹੁ ਤੁਮ ਆਦਿ ਉਦਾਰੇ॥

ਤਹਿ ਤੇ ਜਗਨਨਾਥ ਪੁਨਿ ਜਾਇ॥ ਆਗੈ ਰਾਮਨਾਥ ਪੁਨਿ ਆਇ॥34॥[794]

ਜਗਨਨਾਥ ਵਿਚ ਗੁਰੂ ਨਾਨਕ ਦੇਵ ਅਤੇ ਵਿਸ਼ਨੂੰ ਦੀ ਚਰਣ ਪਾਦੁਕਾ ਦੇ ਹੋਣ ਬਾਰੇ ਵੀ ਕਵੀ ਨੇ ਇਸ ਰਚਨਾ ਵਿਚ ਵਿਸ਼ੇਸ਼ ਜ਼ਿਕਰ ਕੀਤਾ ਹੈ। ਕਵੀ ਅਨੁਸਾਰ ਇਸ ਸਥਾਨ ਉਪਰ ਵਿਸ਼ਨੂੰ ਦੀ ਚਰਣ ਪਾਦੁਕਾ ਪਹਿਲਾਂ ਸੀ ਅਤੇ ਜਦ ਗੁਰੂ ਨਾਨਕ ਦੇਵ ਜੀ ਉਥੇ ਗਏ ਤਾਂ ਉਸ ਦੇ ਨਾਲ ਹੀ ਗੁਰੂ ਜੀ ਦੀ ਚਰਣ ਪਾਦੁਕਾ ਵੀ ਬਣਾ ਦਿਤੀ ਗਈ, ਜਿਸ ਦਾ ਜ਼ਿਕਰ ਕਵੀ ਨੇ ਇੰਞ ਕੀਤਾ ਹੈ-

ਪੰਡਿਉ ਤੇ ਭੋਜਨ ਬਨਵਾਯੋ॥ ਜਗੰਨਾਥ ਕੋ ਭੋਗ ਲਗਾਯੋ॥

ਗੁਰ ਨਾਨਕ ਬੈਠੇ ਥੇ ਜਹਾ॥ ਚਰਣਿ ਪਾਦੁਕਾ ਗੁਰ ਕੀ ਤਹਾ॥8॥

ਬਿਸਨੁ ਚਰਣਿ ਪਾਦੁਕਾ ਪਾਸ॥ ਮਾਹਿ ਬਿਕੁੰਠ ਸੋ ਦੋਨੋ ਆਸ॥

ਜਗੰਨਾਥ ਕਾ ਦਰਸਨਿ ਪਾਇ॥ ਪੰਡਿਉ ਤੇ ਗੁਰ ਲਈ ਰਜਾਇ॥9॥[795]

ਸੋ ਕਵੀ ਨੇ ਜਗਨਨਾਥ ਨੂੰ ਇਕ ਪ੍ਰਸਿਧ ਤੀਰਥ ਅਸਥਾਨ ਦਸਿਆ ਹੈ, ਜੋ ਕਿ ਉੜੀਸਾ ਵਿਚ ਹੈ ਅਤੇ ਇਥੇ ਵਿਸ਼ਨੂੰ ਦੀ ਚਰਣਪਾਦੁਕਾ ਵੀ ਹੈ। ਇਸ ਦਾ ਵਿਸ਼ੇਸ਼ ਜ਼ਿਕਰ ਹੋਰਨਾਂ ਪ੍ਰਸਿਧ ਤੀਰਥਾਂ ਨਾਲ ਹੁੰਦਾ ਹੈ। ਕਵੀ ਦੁਆਰਾ ਇਸ ਸਥਾਨ ਬਾਰੇ ਵਿਸਤ੍ਰਿਤ ਜਾਣਕਾਰੀ ਨਹੀਂ ਦਿਤੀ ਗਈ। ਇਸ ਦੇ ਮੂਲ ਜਾਂ ਉਤਪਤੀ ਬਾਰੇ ਕੋਈ ਸੰਕੇਤ ਨਹੀਂ ਦਿਤਾ ਗਿਆ। ਸੋ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਇਸ ਭਾਰਤੀ ਲੋਕਿਕ ਸਥਾਨ ਦਾ ਜ਼ਿਕਰ ਤਾਂ ਕੀਤਾ ਹੈ, ਪਰ ਵਿਸਥਾਰ ਨਹੀਂ ਕੀਤਾ।

### 2.1.25. ਕੀੜੀ ਪੁਰ ਦੇਸ

ਇਕ ਪ੍ਰਾਚੀਨ ਨਗਰ, ਜਿਸ ਦਾ ਜ਼ਿਕਰ ਜਨਮ ਸਾਖੀਆਂ ਵਿਚ ਮਿਲਦਾ ਹੈ। ਕੀੜਗਰਾਮ ਪ੍ਰਾਚੀਨ ਕਾਲ ਦੀ ਇਕ ਕੀੜ ਜਾਤੀ ਨੇ ਵਸਾਇਆ ਸੀ। ਇਸ ਨਗਰ ਦਾ ਅਜੋਕਾ ਨਾਮ ਬੈਜਨਾਥ ਹੈ, ਜੋ ਕਾਂਗੜੇ ਜ਼ਿਲ੍ਹੇ ਦਾ ਇਕ ਪਿੰਡ ਹੈ ਅਤੇ ਕੋਟ ਕਾਂਗੜਾ ਤੋਂ 30 ਮੀਲ ਪੂਰਬ ਵਲ, ਬਿਆਸ ਦਰਿਆ ਵਿਚ

---

[794] ਉਹੀ, ਪਤਰਾ 702.

[795] ਉਹੀ, ਪਤਰਾ 1741.

ਲੀਨ ਹੋਣ ਵਾਲੀ ਇਕ ਨਦੀ ਦੇ ਪੂਰਬੀ ਅਥਵਾ ਖਬੇ ਕੰਢੇ ਉਤੇ ਸਥਿਤ ਹੈ। ਇਹ ਨਗਰ ਪਾਲਮਪੁਰ ਤੋਂ 11 ਮੀਲ ਦੂਰ ਹੈ। ਬੈਜਨਾਥ ਅਥਵਾ ਕੀੜਗਰਾਮ ਦੇ ਆਲੇ-ਦੁਆਲੇ ਦੇ ਖੇਤਰ ਨੂੰ ਪ੍ਰਾਚੀਨ ਕਾਲ ਵਿਚ ਕੀੜ ਦੇਸ਼ ਕਹਿੰਦੇ ਸਨ । ਇਥੇ ਦੋ ਹਿੰਦੂ ਮੰਦਰ ਹਨ, ਜਿਨ੍ਹਾਂ ਵਿਚ ਪ੍ਰਾਚੀਨ ਸ਼ਾਰਦਾ ਲਿਪੀ ਦੇ ਸ਼ਿਲਾ-ਲੇਖ ਮਿਲਦੇ ਹਨ। ਜਨਮ ਸਾਖੀਆਂ ਵਿਚ ਗੁਰੂ ਨਾਨਕ ਦੇਵ ਜੀ ਦਾ ਕੀੜ ਗਰਾਮ ਜਾਣ ਦਾ ਜ਼ਿਕਰ ਕੀਤਾ ਹੈ, ਪਰ ਇਨ੍ਹਾਂ ਜਨਮ ਸਾਖੀਆਂ ਵਿਚ ਕੀੜ ਗਰਾਮ ਨੂੰ ਕੀੜੀਆਂ ਦਾ ਨਗਰ ਲਿਖਿਆ ਹੈ।[796]

ਚਰਚਿਤ ਕ੍ਰਿਤੀ ਵਿਚ ਇਸ ਨਗਰ ਦਾ ਇਕ ਥਾਂ ਹੀ ਜ਼ਿਕਰ ਕੀਤਾ ਹੈ। ਨਾਨਕਮਤਾ ਖੰਡ ਵਿਚ ਗੁਰੂ ਨਾਨਕ ਦੇਵ ਜੀ ਦਾ ਇਸ ਸਥਾਨ ਉਪਰ ਜਾਣਾ ਦਸਿਆ ਹੈ। ਯਥਾ-

ਕਲਿਯੁਗ ਕੋ ਗਰੁ ਬਿਦਾ ਕਰਿ ਗੁਪਤਿ ਭਏ ਤਤਕਾਲ॥
ਕੀੜੀ ਪੁਰ ਮੈ ਆਇ ਕੈ ਪ੍ਰਗਟਿ ਭਏ ਸੁ ਦਿਆਲ॥1॥[797]

ਇਸ ਸਥਾਨ ਬਾਰੇ ਕਵੀ ਨੇ ਸੰਖਿਪਤ ਜਾਣਕਾਰੀ ਦਿੰਦਿਆ ਕਿਹਾ ਹੈ ਕਿ ਇਥੇ ਸਾਰੇ ਪਾਸੇ ਹੀ ਕੀੜੀਆਂ ਹੀ ਕੀੜੀਆਂ ਹਨ। ਇਥੇ ਕੋਈ ਵੀ ਜੀਵ, ਜੰਤੂ, ਪਸ਼ੂ, ਪੰਛੀ ਨਹੀਂ ਆਉਂਦਾ, ਕਿਉਂਕਿ ਜੇਕਰ ਕੋਈ ਵੀ ਇਥੇ ਆ ਜਾਂਦਾ ਹੈ ਤਾਂ ਇਹ ਉਸਨੂੰ ਖਾ ਜਾਦੀਆਂ ਹਨ। ਇਸ ਲਈ ਸਾਰੇ ਹੀ ਇਸ ਸਥਾਨ ਤੋਂ ਡਰਦੇ ਹਨ। ਯਥਾ-

ਕੀੜੀ ਨਗਰਿ ਵਿਖੈ ਗੁਰ ਆਏ॥ ਗਾਉ ਠਾਉ ਕਛੁ ਨਾਹਿ ਦਿਖਾਇ॥
ਜਹ ਤਹ ਮੂੰਗੀ ਪਸਰੀ ਸਾਰੇ॥ ਭੂਧਰਿ ਬਿਰਖ ਭਏ ਸਭ ਕਾਰੇ॥
ਜਹ ਤਹ ਮੂੰਗੀ ਦੇਇ ਦਿਖਾਈ॥ ਸਰਬ ਉਜਾਰ ਦੇਸ ਤਹਿ ਭਾਈ॥
ਮਾਨੁਖ ਕੀ ਗਨਤੀ ਕਿਨ ਮਾਹੀ॥ ਪਸੁ ਪੰਖੀ ਤਹਿ ਆਵੈ ਨਾਹੀ॥3॥
ਪਸੁ ਪੰਖੀ ਤਹਿ ਆਵੈ ਜੋਇ॥ ਖਾਇ ਜਾਂਇ ਤਿਸ ਕੋ ਸਭ ਸੋਇ॥

---

[796] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪੰਜਵੀਂ*, ਨੈਸ਼ਨਲ ਬੁਕ ਸ਼ਾਪ, ਤੀਜੀ ਵਾਰ, 2016, ਪੰਨਾ 673.

[797] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1278.

ਤਿਨ ਕੀ ਤਹਾ ਅਹੇ ਪਤਿਸਾਹੀ॥ ਆਵਣ ਤਹਾ ਨ ਪਾਵੈ ਰਾਹੀ॥੫॥[798]

ਕੀੜੀ ਨਗਰ ਦਾ ਚਿਤਰਣ ਕਰਕੇ ਕਵੀ ਨੇ ਇਕ ਕਥਾ ਵੀ ਅੰਕਿਤ ਕੀਤੀ ਹੈ ਕਿ ਇਕ ਰਾਜਾ ਗਿਰਹਾ ਇਥੇ ਸਾਰੇ ਸੰਸਾਰ ਨੂੰ ਜਿਤਦਾ ਹੋਇਆ ਆਇਆ ਅਤੇ ਕੀੜੀਆਂ ਨੇ ਉਸ ਦਾ ਰਸਤਾ ਰੋਕਿਆ ਅਤੇ ਯੁਧ ਹੋਇਆ, ਜਿਸ ਵਿਚ ਕੀੜੀਆਂ ਨੇ ਸਾਰੀ ਸੈਨਾ ਨੂੰ ਮਾਰ ਦਿਤਾ ਰਾਜੇ ਨੇ ਹਾਰ ਮੰਨੀ ਅਤੇ ਬੇਨਤੀ ਕਰਨ ਤੋਂ ਦੁਬਾਰਾ ਅੰਮ੍ਰਿਤ ਨਾਲ ਕੀੜੀਆਂ ਨੇ ਸਾਰੀ ਸੈਨਾ ਨੂੰ ਠੀਕ ਕਰ ਦਿਤਾ। ਇਹ ਸਾਰਾ ਕੁਝ ਵਾਪਰਨ ਕਰਕੇ ਰਾਜੇ ਨੇ ਰਾਜ ਭਾਗ ਛਡ ਕੇ ਜੋਗ ਧਾਰ ਲਿਆ।[799]

ਸੋ ਕਵੀ ਨੇ ਕੀੜੀ ਨਗਰ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ, ਜਿਥੇ ਮਾਤਰ ਕੀੜੀਆਂ ਹੀ ਰਹਿੰਦੀਆਂ ਹਨ, ਹੋਰ ਕੋਈ ਵੀ ਉਥੇ ਨਹੀਂ ਜਾਂਦਾ। ਇਸ ਤਰ੍ਹਾਂ ਕਵੀ ਨੇ ਇਸ ਨਗਰ ਦਾ ਜ਼ਿਕਰ ਕਰਕੇ ਆਪਣਾ ਮਨੋਰਥ ਸਿਧ ਕਰਨ ਦਾ ਯਤਨ ਕੀਤਾ ਹੈ। ਭਾਵੇਂ ਕਿ ਇਹ ਕੋਈ ਪ੍ਰਸਿਧ ਭਾਰਤੀ ਲੋਕਿਕ ਸਥਾਨ ਨਹੀਂ ਹੈ ਅਤੇ ਇਸ ਦੀ ਭੂਗੋਲਿਕਤਾ ਬਾਰੇ ਵੀ ਸਪਸ਼ਟਤਾ ਨਹੀਂ ਹੈ, ਪਰ ਕਵੀ ਨੇ ਜਿਸ ਤਰ੍ਹਾਂ ਇਸ ਦਾ ਚਿਤਰਣ ਕੀਤਾ ਹੈ, ਉਸ ਤੋਂ ਇਸਦੇ ਲੌਕਿਕ ਹੋਣ ਦੀ ਪੁਸ਼ਟੀ ਹੁੰਦੀ ਹੈ।

**ਕੁਝ ਹੋਰ**

ਉਪਰੋਕਤ ਪ੍ਰਸਿਧ ਸਥਾਨਾਂ ਤੋਂ ਇਲਾਵਾ ਚਰਚਿਤ ਕ੍ਰਿਤੀ ਵਿਚ ਹੋਰ ਵੀ ਬਹੁਤ ਸਾਰੇ ਭਾਰਤੀ ਲੌਕਿਕ ਸਥਾਨਾਂ ਦੇ ਸੰਕੇਤ ਕਵੀ ਨੇ ਦਿਤੇ ਹਨ। ਜਿਨ੍ਹਾਂ ਵਿਚੋਂ ਕੁਝ ਕੁ ਇਸ ਤਰ੍ਹਾਂ ਹਨ-

**ਤਪਤਕੁੰਡ**

ਇਕ ਤੀਰਥ ਅਸਥਾਨ ਜੋ ਕਿ ਕਵੀ ਅਨੁਸਾਰ ਬਦਰੀ ਨਾਥ ਦੇ ਸਥਾਨ ਦੇ ਨੇੜੇ ਪ੍ਰਤੀਤ ਹੁੰਦਾ ਹੈ, ਕਿਉਂਕਿ ਇਸ ਦਾ ਨਾਮ ਉਹ ਬਦਰੀਨਾਥ ਦੇ ਨਾਲ ਲਿਖਦਾ ਹੈ[800]

---

[798] ਉਹੀ, ਪਤਰਾ 1278.

[799] ਉਹੀ, ਪਤਰਾ 1278-81.

[800] ਉਹੀ, ਪਤਰਾ 1683-

ਬਦਰ ਕਾ ਆਸਰਮ ਮਝਾਰੀ॥ ਤਹ ਤੇ ਆਇ ਸੁ ਆਪ ਉਦਾਰੀ॥ ਤਪਤਿ ਕੁੰਡ ਗੁਰ ਕਰਿ ਇਸਨਾਨ॥ ਭਗਵਤਿ ਦਰਸਨਿ ਲਯੋ ਮਹਾਨ॥44॥

**ਵਸੁਧਾਰਾ**

ਇਕ ਤੀਰਥ ਅਸਥਾਨ, ਜੋ ਕਵੀ ਅਨੁਸਾਰ ਅਲਖ ਨਿੰਦਰਾ ਦੇ ਨੇੜੇ ਹੈ। ਇਥੇ ਸੁੰਦਰ ਤਲਾਅ ਵੀ ਹੈ।[801]

**ਪਾਲਮ**

ਇਕ ਸਥਾਨ, ਕਵੀ ਅਨੁਸਾਰ ਇਥੇ ਦੇ ਚਾਵਲ ਬਹੁਤ ਹੀ ਪ੍ਰਸਿਧ ਹਨ। [802] ਰਵਾਲਸਰ- ਇਹ ਵੀ ਇਕ ਸਥਾਨ ਦਾ ਨਾਮ ਹੈ। ਕਵੀ ਅਨੁਸਾਰ ਇਹ ਭੁਟੰਤ ਦੇ ਨੇੜੇ ਹੈ।[803]

**ਭੁਟੰਹੰ ਜਾਂ ਭੁਟੰਤ**

ਇਕ ਸਥਾਨ ਦਾ ਨਾਮ ਜਿਸ ਨੂੰ ਕਵੀ ਨੇ ਰਵਾਲਸਰ ਦੇ ਨੇੜੇ ਦਸਿਆ ਹੈ।[804]

ਇਸੇ ਪ੍ਰਕਾਰ ਆਸਾ ਦੇਸ[805], ਸਯਾਮ ਸੁੰਦਰ ਸ਼ਹਿਰ[806], ਮਿਤਰ ਵਰਣੀ ਸੁਤ ਧਾਮ[807], ਮਾਰੁਫਤਿ ਦੇਸ[808], ਸਿਰਾਧਾਰ [809], ਊਨਾ [810], ਸਿਲਕਾ ਪਰਬਤ [811], ਕੂਨਾ [812], ਸੀਲਾਪੁਰ [813], ਮੀਨਾ ਪਰਬਤ [814],

---

[801] ਉਹੀ, ਪਤਰਾ 1683-

ਅਲਖ ਨਿੰਦਰਾ ਗੰਗਾ ਨਾਇ॥ ਵਸੁਧਾਰਾ ਪੁਨਿ ਸਤਿਗੁਰ ਆਇ॥ ਵਸੁਧਾਰਾ ਕਰਿ ਕੈ ਇਸਨਾਨ॥ ਲਈ ਉਡਾਰੀ ਤਾਹਿ ਮਹਾਨ॥45॥

[802] ਉਹੀ, ਪਤਰਾ 1683-

ਮਨੁ ਮਹੇਸ ਮੈ ਫਿਰਿ ਕਰਿ ਸ੍ਵਾਮੀ॥ ਪਲ ਮੈ ਗਏ ਸੁ ਅੰਤਰਿਜਾਮੀ॥ ਤਹ ਤੇ ਪੁਨਿ ਪਾਲਮ ਮੈ ਆਇ॥ ਤਹ ਸਮ ਚਾਵਲ ਅਉਰ ਨ ਜਾਇ॥46॥

[803] ਉਹੀ, ਪਤਰਾ 1683-

ਮਰਦਾਨੇ ਕੇ ਮਨ ਕੀ ਜਾਨ॥ ਕਛੁ ਕਿ ਦਿਵਸ ਤਹ ਰਹੇ ਮਹਾਨ॥ ਪੁਨਿ ਰਵਾਲਸਰ ਹੋਇ ਉਦਾਰੇ॥ ਗਏ ਭੁਟੰਤੰ ਦੇਸਿ ਮਝਾਰੇ॥48॥

[804] ਉਹੀ, ਪਤਰਾ 1683-

ਪੁਨਿ ਰਵਾਲਸਰ ਹੋਇ ਉਦਾਰੇ॥ ਗਏ ਭੁਟੰਹੰ ਦੇਸਿ ਮਝਾਰੇ॥48॥ ਗਏ ਭੁਟੰਤਿ ਸੁ ਗੁਰੂ ਉਦਾਰ॥ ਗਊਆਂ ਨਹਿ ਤਿਸ ਦੇਸਿ ਮਝਾਰ॥

[805] ਉਹੀ, ਪਤਰਾ 1154-

ਕਲਿਕਾ[815], ਸੁਰਤਿ[816], ਤਿਰਤਿ[817], ਚਪਟਾ[818], ਨਕਟਾ[819], ਮਛਲੀ[820], ਲਹਰੀ[821], ਸੀਲਾ[822], ਘਟਕਾ[823], ਓਹਾਰ[824], ਲੰਬਿਉ ਕਾ ਦੇਸ [825]ਨਾਗਾ ਨਾਗੀ ਦੇਸ [826], ਇਕ ਟੰਗਜਾ ਦਾ ਟਾਪੂ[827], ਸਿਵਾਲੈ ਤੀਰਥ[828],

---

ਬਿਦਾ ਭਏ ਗੁਰ ਤਹਾਂ ਤੇ ਸੇਵਕ ਦੋਇ ਸੁ ਲਾਰ॥ ਚਲੇ ਸੁ ਆਸਾ ਦੇਸ ਕੋ ਸ੍ਰੀ ਗੁਰ ਪਰਮ ਉਦਾਰ॥1॥

[806] ਉਹੀ, ਪਤਰਾ 1158-

ਤਿਨ ਬਾਰ ਸਤਿਗੁਰ ਨੈ ਕਹਯੋ ਤਿਨ ਮਾਨਿਯੋ ਨਾਹੀ ਜਬੈ॥ ਤਬ ਸਯਾਮ ਸੁੰਦਰਿ ਸਹਰਿ ਮੈ ਗੁਰ ਲੇ ਗਯੋ ਤਾ ਕੋ ਤਬੈ॥

[807] ਉਹੀ, ਪਤਰਾ 843-44-

ਗੁਰ ਬਿਪ੍ਰਨਿ ਕੋ ਬਹੁ ਦਾਨ ਦਯੋ ਕਰਿ ਕੈ ਅਸਨਾਨ ਸੁ ਗੋਤਮਿ ਗੰਗੇ॥ ਮਿਤਰੰਵਰਣੀ ਸੁਤ ਧਾਮ ਗਏ ਪੁਨਿ ਨਾਨਕ ਸੋ ਮਨਿ ਮਾਹਿ ਉਮੰਗੇ॥

[808] ਉਹੀ, ਪਤਰਾ 979-

ਦੇਸ ਨਾਉ ਮਾਰੂਫਤਿ ਭਾਖੇ॥ ਹਰਿ ਗਿਰਧਰ ਕੰਚਨ ਕਰਿ ਰਾਖੇ॥ ਸੁਣਿ ਮਰਦਾਨੈ ਸੀਸ ਨਵਾਯੋ॥ ਆਗੈ ਚਲੋ ਗੁਰੂ ਬਤਲਾਯੋ॥14॥

[809] ਉਹੀ, ਪਤਰਾ 979-

ਕਰਤੇ ਸੈਲ ਸਿਰੀ ਗੁਰ ਰਾਈ॥ ਸਿਰਾਧਾਰ ਗਿਰ ਪਹੁਚੇ ਜਾਈ॥ ਚਲਨੇ ਕੋ ਮਾਰਗ ਤਹ ਨਾਹੀ॥ ਜਹ ਤਹ ਬਰਫ਼ ਭਰੀ ਤਿਸ ਮਾਹੀ॥16॥

[810] ਉਹੀ, ਪਤਰਾ 980-

ਬਚਨਿ ਭਾਖਿਉ ਪਰਸਪਰ ਲਈ ਉਡਾਰੀ ਤਾਹਿ॥ ਊਨਾ ਪਰਬਤਿ ਮੈ ਗਏ ਏਕ ਪਲਕਿ ਕੇ ਮਾਹਿ॥35॥

[811] ਉਹੀ-

ਸਿਲਕਾ ਪਰਬਤਿ ਮੈ ਗਏ ਸ੍ਰੀ ਗਰੁ ਪਰਮ ਉਦਾਰ॥ ਸਿਮਰਤਿ ਭਗਵਤਿ ਨਾਮੁ ਕੋ ਭਗਵਤਿ ਨਾਮੁ ਅਧਾਰ॥61॥

[812] ਉਹੀ, ਪਤਰਾ 983-

ਕੂਨੈ ਪਰਬਤਿ ਪਹੁਚੇ ਜਾਈ॥ ਸਿਧ ਮੰਡਲੀ ਖਬਰ ਸੁ ਪਾਈ॥

[813] ਉਹੀ, ਪਤਰਾ 984-

ਤੂੰ ਸੁਤ ਕੰਕਾ ਕਰਨ ਕਾ ਕੰਕਾ ਕਰਨ ਭੂਪਾਲ॥ ਸੀਲਾਪੁਰ ਤਹ ਨਗਰ ਥਾ ਉਤਰਿ ਦਿਸਾ ਵਿਸਾਲ॥91॥

[814] ਉਹੀ, ਪਤਰਾ 998-

ਸੁਣਿ ਬੋਲੇ ਨਾਨਕ ਸੁਖਦਾਈ॥ ਮੀਨਾ ਪਰਬਤਿ ਹੈ ਇਹੁ ਭਾਈ॥19॥

[815] ਉਹੀ, ਪਤਰਾ 1090-

ਬਿਸਨੁ ਲਖਮੀ ਦਰਸਨਿ ਪਾਏ॥ ਕਲਿਕਾ ਪਰਬਤਿ ਮੈ ਗੁਰ ਆਏ॥3॥

816 ਉਹੀ-

ਸੁਰਤਿ ਤਿਰਤਿ ਦੂਸਰਾ ਜਾਨ॥ ਚਪਟਾ ਨਕਟਾ ਅਉਰ ਮਹਾਨ॥10॥

817 ਉਹੀ-

ਸੁਰਤਿ ਤਿਰਤਿ ਦੂਸਰਾ ਜਾਨ॥ ਚਪਟਾ ਨਕਟਾ ਅਉਰ ਮਹਾਨ॥10॥

818 ਉਹੀ-

ਸੁਰਤਿ ਤਿਰਤਿ ਦੂਸਰਾ ਜਾਨ॥ ਚਪਟਾ ਨਕਟਾ ਅਉਰ ਮਹਾਨ॥10॥

819 ਉਹੀ-

ਸੁਰਤਿ ਤਿਰਤਿ ਦੂਸਰਾ ਜਾਨ॥ ਚਪਟਾ ਨਕਟਾ ਅਉਰ ਮਹਾਨ॥10॥

820 ਉਹੀ-

ਮਛਲੀ ਲਹਰੀ ਬੰਦਰ ਦੋਇ॥ ਤਿਨ ਕਾ ਰਾਹੁ ਲਯੋ ਗੁਰ ਸੋਇ॥11॥

821 ਉਹੀ-

ਮਛਲੀ ਲਹਰੀ ਬੰਦਰ ਦੋਇ॥ ਤਿਨ ਕਾ ਰਾਹੁ ਲਯੋ ਗੁਰ ਸੋਇ॥11॥

822 ਉਹੀ-

ਕਲਿਕਾ ਪਰਬਤਿ ਤੇ ਉਡੇ ਸ੍ਰੀ ਗੁਰ ਪਰਮ ਉਦਾਰ॥ ਸੀਲਾ ਪਰਬਤਿ ਆਇ ਪੁਨਿ ਜਾਇ ਕਵੀ ਬਲਿਹਾਰ॥ 12॥

823 ਉਹੀ-

ਗਯਾਰਾ ਲਖ ਜੋਜਨ ਸੁਖਦਾਈ॥ ਪਲੁ ਘਟਕਾ ਮੈ ਪਹੁਚੇ ਆਈ॥

824 ਉਹੀ, ਪਤਰਾ 1091-

ਉਡੇ ਤੀਨੋ ਤਹਾ ਤੇ ਸੋਊ ਨਾਮੁ ਚੀਤ ਪਰੋਇ॥  ਓਹਾਰ ਪਰਬਤਿ ਕੇ ਵਿਖੈ ਪੁਨਿ ਆਇ ਸਤਿਗੁਰ ਸੋਇ॥

825 ਉਹੀ, ਪਤਰਾ 1744-

ਇਉ ਤਿਸ ਭਾਖ ਚਲੇ ਗੁਰੂ ਗਏ ਲੰਬਿਉ ਕੇ ਦੇਸ॥ ਬਡੇ ਬਡੇ ਤਿਨ ਡੀਲ ਹੈਂ ਸਭ ਕਾ ਭਗਵਾ ਭੇਸ॥59॥

826 ਉਹੀ, ਪਤਰਾ 1743-

ਨਾਂਗਾ ਨਾਂਗੀ ਦੇਸ ਮਝਾਰੇ॥ ਨਿਰਪ ਰਹੈ ਸੋ ਆਪ ਉਦਾਰੇ॥

827 ਉਹੀ-

ਤਹ ਤੇ ਬਿਦਾ ਭਏ ਗੁਰ ਰਾਇ॥ ਇਕ ਟੰਗਜਾ ਕੇ ਟਾਪੂ ਆਇ॥36॥

ਅਰੂਲਾ[829], ਤ੍ਰਿਸ਼ੂਲ ਸਥਾਨ [830], ਯੇਲ ਗੰਗਾ [831], ਘ੍ਰਸਮੇਸ੍ਰ ਤੀਰਥ [832] ਸੋਮਨਾਥ, ਰਾਮਨਾਥ, ਬੈਜਨਾਥ, ਕਿਦਾਰ, ਰੰਗਿਨਾਥ, ਦੇਵਗਿਰੀ, ਦੇਵਨਾਥ, ਝਾਲਰਾ, ਰਾਮ ਮੂਰਤੀ, ਦੀਨਾਨਾਥ, ਗੋਪੀਨਾਥ, ਸਿਰੀ ਰੰਗ, ਪਾਂਡੂਰੰਗ[833], ਗੰਡਕਾ ਨਦੀ, ਰਵਾਲ ਤੀਰਥ, ਮਦਾਕਨੀ, ਗੁਦਾਵਰੀ, ਨਰਬਦਾ, ਜਮਨਾ, ਸਰਸਵਤੀ, ਪੈਸੁਨੀ, ਕੁਬੇਰੀ, ਤਾਪੀ, ਕਿਸਨਾ, ਜੇਲਵ, ਰਾਵੀ, ਤੁੰਗਭਦਰਾ, ਸਿੰਧ, ਟੌਸ, ਸਰਜੂ, ਸੁਗਿਰੀ [834], ਸਿੰਹਦੀਪ

---

[828] ਉਹੀ, ਪਤਰਾ 1536-

ਸ੍ਰੀ ਵਾਮਦੇਵੋ ਵਾਚ॥ ਦੋਹਰਾ॥ ਆਇ ਸਿਵਾਲੈ ਤੀਰਥੰ ਸ੍ਰੀ ਗੁਰ ਨਾਨਕ ਦੇਉ॥ ਕਰਿਯੋ ਆਇ ਸਨਾਨ ਤਹਾ ਕਰਹਿ ਮੁਨੀ ਜਹ ਸੇਉ॥3॥

[829] ਉਹੀ-

ਸਰਵਨਿ ਕਰੋ ਸੁ ਆਪ ਪਰੂਲਾ॥ ਇਸ ਜਾਗਾ ਕਾ ਨਾਮ ਅਰੂਲਾ॥

[830] ਉਹੀ, ਪਤਰਾ 1545-

ਹਿੰਡਤ ਹਿੰਡਤ ਸਹਜ ਸੁਭਾਇ॥ ਤ੍ਰਿਸ਼ੂਲ ਸਥਾਨ ਸੁ ਪਹੁਚਾ ਆਇ॥17॥

[831] ਉਹੀ, ਪਤਰਾ 1555-

ਨਾਮ ਯੇਲ ਗੰਗਾ ਸਿਵ ਰਾਖਾ॥ ਨਿਜ ਮੁਖਿ ਤਾਹਿ ਮਹਾਤਮ ਭਾਖਾ॥83॥

[832] ਉਹੀ, ਪਤਰਾ 1549

ਘੁਸਮੇਸ੍ਰਰ ਇਹੁ ਲਿੰਗ ਸੁ ਜੋਇ॥ ਕਿਨ ਅਸਥਾਪਿਉ ਕਹੁ ਮੁਹਿ ਸੋਇ॥2॥

[833] ਉਹੀ, ਪਤਰਾ 1708-

ਸੋਮਨਾਥ ਰਾਮਨਾਥ ਦ੍ਵਾਰਕਾ ਜਗਨਨਾਥ ਬੈਜਨਾਥ ਬਦਰੀ ਕਿਦਾਰ ਨਮਹੁ ਹਰਦੁਆਰ ਪਹਿਚਾਨੀਐ॥ ਰੰਗਿ ਨਾਥ ਦੇਵ ਗਿਰੀ ਦੇਵ ਨਾਥ ਝਾਲਰਾ ਪਟਣਿ ਰਾਮਮੂਰਤੀ ਸੁ ਜਾਨਿਐ॥ ਦੀਨਾ ਨਾਥ ਗੋਪੀਨਾਥ ਦੂਸਰਾ ਭੀ ਬੈਜਨਾਥ ਕਾਸੀ ਮੈ ਬਸੇਸਰਿ ਮਹਾਨ ਉਰਿ ਆਨੀਐ॥ ਸਿਰੀ ਰੰਗ ਪਾਂਡੂਰੰਗ ਰੁਕਮਨੀ ਤਾ ਕੇ ਸੰਗ ਉਮਾ ਸੀਤਾ ਲਖਮੀ ਸਰਸ੍ਵਤੀ ਪਛਾਨੀਐ॥30॥

[834] ਉਹੀ, ਪਤਰਾ 58-

ਕਟਾਸ ਗੰਡਕਾ ਨਦੀ ਰਵਾਲ ਤੀਰਥੰ ਪੁਨੇ॥ ਮਦਾਕਨੀ ਭੁਗਾਵਤੀ ਧਨੰਸ ਤੀਰਥੰ ਗੁਨੇ॥ ਮਨੂ ਸਤੰ ਸੁ ਤੀਰਥੰ ਗੁਦਾਵਰੀ ਮਹਾਨਿਯੈ॥ ਮਹੋਦਧੰ ਰਮੇਸਰੰ ਸਭੀ ਗੁਣੀ ਨਿਧਾਨਿਯੈ॥8॥ ਦੋਹਰਾ॥ ਸਫਰਾ ਅਰੁ ਪੁਨਿ ਨਰਬਦਾ ਸਰਬ ਸੁ ਤੀਰਥ ਜਾਨ॥ ਨਾਨਕਸਰ ਪੁਨਿ ਪਾਵਨੰ ਅਉਰ ਪਜੌਰ ਮਹਾਨ॥9॥ ਕਬਿਤੁ॥ ਜਮਨਾ ਸਰਸ੍ਵਤੀ ਭਗੀਰਥੀ ਪਿਰਾਗ ਰਾਜ ਪੈਸੁਨੀ ਕੁਬੇਰੀ ਤਾਪੀ ਕਿਸਨਾ ਸੁ ਜਾਨੀਐ॥ ਜੇਲਵ ਰਾਵੀ ਤੁੰਗ ਭਦਰਾ ਸੁ ਭਾਵੀ ਸਿੰਧ ਟੌਸ ਸਰਜੂ ਸੁਗਿਰੀ ਉਰਿ ਆਨੀਐ॥ ਗਰੁੜ ਸੁ ਮਾਰ

ਜਾਂ ਸਿਹੰਦ੍ਰੀ ਪਰਬਤ [835] ਇਤਿਆਦਿਕ। ਕਵੀ ਨੇ ਇਨ੍ਹਾਂ ਨਾਵਾਂ ਵਿਚ ਬਹੁਤ ਸਾਰੇ ਸਥਾਨਾਂ ਤੋਂ ਇਲਾਵਾ ਆਪਣਾ ਮਨੋਰਥ ਸਿਧ ਕਰਨ ਹਿਤ ਹੋਰ ਵੀ ਅਨੇਕਾਂ ਥਾਵਾਂ 'ਤੇ ਇਹੋ ਜਿਹੇ ਨਾਵਾਂ ਦੀ ਵਰਤੋਂ ਕੀਤੀ ਹੈ।

## 2.2 ਭਾਰਤੀ ਪਰਾਲੌਕਿਕ ਸਥਾਨ

### 2.2.1 ਪਤਾਲ

ਇਹ ਨਾਂ ਜ਼ਮੀਨ ਦੇ ਹੇਠਲੇ ਹਿਸੇ, ਜਿਥੇ ਨਾਗ, ਦੈਂਤ, ਦਾਨਵ, ਯਕਸ਼ ਅਤੇ ਹੋਰ ਜਾਤੀਆਂ ਰਹਿੰਦੀਆਂ ਹਨ, ਲਈ ਵਰਤਿਆ ਜਾਂਦਾ ਹੈ। ਪਾਤਾਲ ਸਤ ਹਨ। ਵਖ-ਵਖ ਲੇਖਕਾਂ ਅਨੁਸਾਰ ਇਨ੍ਹਾਂ ਦੇ ਨਾਂ ਵੀ ਵਖ-ਵਖ ਹਨ। ਮੰਨਿਆ ਜਾਂਦਾ ਹੈ ਕਿ ਜਦੋਂ ਨਾਰਦ ਰਿਸ਼ੀ ਇਨ੍ਹਾਂ ਪਾਤਾਲਾਂ ਨੂੰ ਵੇਖਣ ਲਈ ਗਿਆ ਤਾਂ ਉਸ ਨੇ ਆਪਣੀ ਵਾਪਸੀ ਤੇ ਇਨ੍ਹਾਂ ਦੀ ਬੜੀ ਪ੍ਰਸ਼ੰਸਾ ਕੀਤੀ। ਉਸ ਨੇ ਕਿਹਾ ਕਿ ਇਹ ਪ੍ਰਦੇਸ਼ ਇੰਦ੍ਰ ਪੁਰੀ ਨਾਲੋਂ ਵੀ ਬਹੁਤ ਜ਼ਿਆਦਾ ਸੁਹਣੇ ਹਨ ਅਤੇ ਇਥੇ ਹਰ ਤਰ੍ਹਾਂ ਦੇ ਐਸ਼ੋ ਇਸ਼ਰਤ ਦੇ ਸਾਮਾਨ ਮਿਲਦੇ ਹਨ। [836] ਚਰਚਿਤ ਕ੍ਰਿਤੀ ਵਿਚ ਲਖਾਂ ਹੀ ਪਾਤਾਲ ਦਸੇ ਹਨ। ਯਥਾ-

ਲਖ ਅਕਾਸ ਪਤਾਲ ਬਤਾਂਵੈ॥ ਦੇਖੇ ਬਿਨੁ ਪਰਤੀਤ ਨ ਆਵੈ॥

ਐਸੇ ਪੀਰ ਕਹਿਯੋ ਪੁਨਿ ਜਬੈ॥ ਸੁਣਿ ਕਰਿ ਨਾਨਕ ਬੋਲਿਯੋ ਤਬੈ॥50॥

ਸ੍ਰੀ ਨਾਨਕੋ ਵਾਚ॥

ਪੀਰ ਸੰਗਿ ਚਲਿ ਤੁਮੈ ਦਿਖਾਵਉ॥ ਤੁਮਰੇ ਮਨ ਕਾ ਭਰਮ ਮਿਟਾਵਉ॥

ਜੇਤੇ ਮੈਨੇ ਦੇਖੇ ਜਾਇ॥ ਸੋ ਸਭ ਤੁਮ ਕੋ ਦੇਉ ਬਤਾਇ॥51॥[837]

---

ਕੰਡੇ ਸੁਕਪਿਤਾ ਪਾਪ ਖੰਡੇ ਚਕਰ ਸੁਹਾਮਣੇ ਪੁਸਕਰ ਮਾਨੀਐ॥ ਸਤਿਲੁਦ ਮਹਾਨਦ ਰਾਨਤੇ ਨ ਆਵੈ ਹਦ ਤੀਰਥ ਅਨੇਕ ਸਭਿ ਕਾਹ ਲੈ ਬਖਾਨੀਐ॥10॥ ਸੰਖੂ ਧਾਰਾ ਤੀਰਥ ਕਪਾਲ ਮੋਚਨਿ ਮਹਾਨ ਔਰ ਰਿਣ ਮੋਚਨਿ ਸੁ ਤੀਰਥ ਪਛਾਨੀਐ॥ ਵਸੂ ਧਾਰਾ ਰਾਜ ਗਿਰੀ ਫਲਗੂ ਮਹਾਨ ਪੁਨਿ ਅਲਖਨਿੰਦਰਾ ਪੁਨਿ ਔਰ ਉਰਿ ਆਨੀਐ॥

[835] ਉਹੀ, ਪਤਰਾ 1117-

ਨਿਰ ਅਭਿਮਾਨ ਸੁ ਦੇਖ ਕੇ ਸੰਕਰ ਤਾਹਿ ਮਹਾਨ॥ ਸਿੰਹਾਦੀਪ ਪਰਬਤਿ ਕੇ ਬਿਖੈ ਆਏ ਤਬ ਭਗਵਾਨ॥

[836] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 342-343.

[837] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 901.

ਕਵੀ ਨੇ ਇਨ੍ਹਾਂ ਵਿਚੋਂ ਕੁਝ ਕੁ ਪਾਤਾਲਾਂ ਦੇ ਦਰਸ਼ਨ ਮਦੀਨਾ ਮਕੇਸ੍ਵਰ ਖੰਡ ਵਿਚ ਰੁਕਨਦੀਨ ਅਤੇ ਉਸ ਦੇ ਸਾਥੀਆਂ ਨੂੰ ਕਰਵਾਏ ਵੀ ਹਨ। ਭਾਵ ਉਨ੍ਹਾਂ ਦੀ ਯਥਾਰਥਕਤਾ ਨੂੰ ਵੀ ਸਿਧ ਕਰਨ ਦਾ ਯਤਨ ਕੀਤਾ ਹੈ। ਯਥਾ-

ਅਨਿਕ ਧਰਤੀਆਂ ਅਨਿਕ ਪਤਾਲ॥ ਦੇਖਤਿ ਗਏ ਸੁ ਗੁਰ ਕੇ ਨਾਲ॥

ਦੇਖਿਉ ਏਕ ਪਤਾਲ ਅਗਾਰੀ॥ ਲੋਕ ਚਤੁਰਭੁਜ ਨਰੁ ਅਰੁ ਨਾਰੀ॥13॥[838]

ਇਹ ਸਾਰੇ ਹੀ ਪਤਾਲ ਇਕ ਤੋਂ ਇਕ ਵਧ ਕੇ ਹਨ, ਭਾਵ ਇਕ ਪਾਤਾਲ ਦੂਜੇ ਪਾਤਾਲ ਤੋਂ ਅਧਿਕ ਮਹਾਨ ਹੈ। ਕਿਸੇ ਪਾਤਾਲ ਵਿਚ ਵਸੋਂ ਹੈ ਅਤੇ ਕਿਸੇ ਵਿਚ ਵਸੋਂ ਨਹੀਂ ਹੈ-

ਕਈ ਪਤਾਲ ਦਿਖਾਇ ਗੁਰ ਇਕ ਤੇ ਏਕ ਮਹਾਨ॥

ਕਹੂੰ ਬਸੈ ਕਹੂੰ ਨਾ ਬਸੈ ਦੇਖ ਸੁ ਭਏ ਹੈਰਾਨ॥22॥[839]

ਇਕ ਪਾਤਾਲ ਤੋਂ ਅਗੇ ਹੋਰ ਪਾਤਾਲ ਅਤੇ ਉਸ ਤੋਂ ਅਗੇ ਹੋਰ ਅਤੇ ਹੋਰ ਹਨ ਭਾਵ ਇਨ੍ਹਾਂ ਦੀ ਗਿਣਤੀ ਅਨੰਤ ਹੈ। [840] ਇਨ੍ਹਾਂ ਦੇ ਵਿਵਹਾਰ, ਨਿਯਮ ਵੀ ਵਖਰੇ-ਵਖਰੇ ਹਨ। ਇਸ ਅਦਭੁਤ ਰਚਨਾ ਦਾ ਕੋਈ ਵੀ ਅੰਤ ਨਹੀਂ ਪਾਇਆ ਜਾ ਸਕਦਾ। ਯਥਾ-

ਏਕ ਏਕ ਪਤਾਲ ਮੈ ਨਇਆ ਨਇਆ ਬਿਵਹਾਰ॥

ਅਦਭੁਤਿ ਰਚਨਾ ਤਹਾ ਕੀ ਕੋ ਕਰਿ ਸਕੈ ਸੁਮਾਰ॥25॥[841]

ਇਸੇ ਪ੍ਰਕਾਰ ਕਵੀ ਨੇ ਕੁਝ ਕੁ ਨਿਮਨਾਂਕਿਤ ਪਾਤਾਲਾਂ ਦਾ ਨਾਮ ਦੇ ਕੇ ਵਿਸ਼ੇਸ਼ ਜ਼ਿਕਰ ਕੀਤਾ ਹੈ, ਉਥੋਂ ਦਾ ਚਿਤਰਣ ਕਰਕੇ ਉਸ ਬਾਰੇ ਬੋਧ ਕਰਵਾਉਣ ਦਾ ਯਤਨ ਵੀ ਹੈ-

#### 2.2.1.1 ਸੇਸ ਸਾਈ ਭਗਵਾਨ ਦਾ ਦਰਬਾਰ

---

[838] ਉਹੀ, ਪਤਰਾ 900.

[839] ਉਹੀ, ਪਤਰਾ 898.

[840] ਉਹੀ, ਪਤਰਾ 900-

ਅਬ ਪੀਛੈ ਕੋ ਹਟੋ ਦਿਆਲ॥ ਗੁਰ ਕਹਯਾ ਆਗੈ ਬਹੁਤਿ ਪਤਾਲ॥28॥

[841] ਉਹੀ, ਪਤਰਾ 900.

ਪਾਤਾਲ ਵਿਚ ਇਕ ਸਥਾਨ ਜਿਥੇ ਭਗਵਾਨ ਸ਼ੇਸ਼ਨਾਗ ਦਾ ਨਿਵਾਸ ਹੈ। ਚਰਚਿਤ ਕ੍ਰਿਤੀ ਵਿਚ ਗੁਰੂ ਨਾਨਕ ਜੀ ਦਾ ਸ਼ੇਸ਼ ਸਾਈ ਦੇ ਦਰਬਾਰ ਵਿਚ ਜਾਣ ਦਾ ਵੀ ਜ਼ਿਕਰ ਕੀਤਾ ਗਿਆ ਹੈ।[842] ਕਵੀ ਅਨੁਸਾਰ ਇਥੇ ਦੁਧ ਦਾ ਸਾਗਰ ਹੈ ਜਿਸ ਵਿਚ ਇਸ ਭਗਵਾਨ ਦਾ ਨਿਵਾਸ ਹੈ-

ਸਿਵ ਕਾ ਦਰਸਨਿ ਕਰਿ ਗੁਰ ਦਿਆਲ॥ ਪਹੁਚੇ ਜਾਇ ਸੁ ਅਉਰ ਪਾਤਾਲ॥45॥

ਦੋਧ ਸਾਗਰ ਤਹਿ ਦੇਖਿਉ ਏਕ॥ ਕਹਾ ਨ ਜਾਇ ਸੁ ਤਾਹਿ ਬਿਬੇਕ॥

ਤਾ ਕਾ ਅੰਤ ਪਾਰ ਕਿਛੁ ਨਾਹਿ॥ ਸੇਸ ਸਾਈ ਸੋਏ ਤਿਸ ਮਾਹਿ॥46॥[843]

### 2.2.1.2 ਗੰਧਮਾਦਨ ਸਥਾਨ

ਪੁਰਾਣਾਂ ਅਨੁਸਾਰ ਇਕ ਪਹਾੜ ਜੋ ਸੁਮੇਰ ਪਰਬਤ ਦੇ ਦੱਖਣ ਵਲ ਸਥਿਤ ਹੈ, ਇਸ ਪਹਾੜ ਦੇ ਨਾਲ ਜੋ ਜੰਗਲ ਹੈ ਉਸ ਵਿਚ ਬੜੀ ਅਨੂਠੀ ਤੇ ਅਸਤ ਕਰ ਦੇਣ ਵਾਲੀ ਮਹਿਕ ਆਉਂਦੀ ਹੈ, ਜਿਸ ਕਰਕੇ ਇਸਦਾ ਨਾਂ ਗੰਧ-ਮਾਦਨ ਪੈ ਗਿਆ ਹੈ।[844] ਕਵੀ ਅਨੁਸਾਰ ਇਹ ਪਰਬਤ ਸੁਮੇਰ ਵਿਚ ਨਹੀਂ ਬਲਕਿ ਪਾਤਾਲ ਵਿਚ ਪਛਮ ਦਿਸ਼ਾ ਵਿਚ ਸਥਿਤ ਹੈ। ਇਥੇ ਵਿਦਿਆ ਧਰ ਰਹਿੰਦਾ ਸੀ ਜਿਸ ਦੀ ਪੁਤਰੀ ਮਲ ਗੰਧਨੀ ਸੀ। ਜਿਸਨੂੰ ਕਾਪਾਲ ਕੇਤੂ ਰਾਕਸ਼ ਚੁਕ ਕੇ ਪਾਤਾਲ ਵਿਚ ਲੈ ਗਿਆ ਸੀ। ਚਰਚਿਤ ਕ੍ਰਿਤੀ ਵਿਚ ਗੰਧਮਾਦਨ ਪਰਬਤ ਦਾ ਸੰਕੇਤ ਮਾਤਰ ਹੀ ਦਿਤਾ ਹੈ-

ਗਮਨ ਕਰਤਿ ਮੈ ਗਯੋ ਪਤਾਲ॥ ਦੇਖਿਯੋ ਤਹਿ ਇਕ ਅਚਰਜ ਖਯਾਲ॥

ਪਸਚਮਿ ਦਿਸ ਇਕ ਸੈਲ ਮਹਾਨ॥ ਗੰਧਮਾਦਨੰ ਨਾਮ ਸੁ ਜਾਨ॥53॥

ਵਿਦਯਾ ਧਰ ਗੰਧ੍ਰਵ ਸੁ ਜੇਤੇ॥ ਤਿਸ ਪਰਬਤਿ ਪਰ ਰਹੈਂ ਸੁ ਤੇਤੇ॥[845]

---

[842] ਉਹੀ, ਪਤਰਾ 898-

ਸੇਸ ਸਾਈ ਭਗਵਾਨ ਪੈ ਨਾਨਕ ਪਹੁਚੇ ਜਾਇ॥ ਸੇਸ ਸਾਈ ਭਗਵਾਨ ਮੈ ਨਾਨਕ ਗਏ ਸਮਾਇ॥47॥

[843] ਉਹੀ, ਪਤਰਾ 898.

[844] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪੰਜਵੀਂ,* ਨੈਸ਼ਨਲ ਬੁਕ ਸ਼ਾਪ, ਤੀਜੀ ਵਾਰ, 2016, ਪੰਨਾ 761.

[845] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1224.

#### 2.2.1.3 **ਬਲਿ ਲੋਕ**

ਉਹ ਸਥਾਨ ਜਿਥੇ ਰਾਜਾ ਬਲਿ ਦਾ ਰਾਜ ਹੈ। ਵਿਸ਼ਨੂੰ ਨੇ ਰਾਜਾ ਬਲਿ ਨੂੰ ਪਾਤਾਲ ਦਾ ਰਾਜ ਵਰ ਵਿਚ ਦਿਤਾ ਸੀ। ਸੋ ਪਾਤਾਲ ਦਾ ਹੀ ਇਕ ਨਾਮ ਹੈ । ਕਵੀ ਨੇ ਇਸ ਦਾ ਜ਼ਿਕਰ ਮਾਤਰ ਪ੍ਰਾਣ ਸੰਗਲੀ ਗ੍ਰੰਥ ਦੀ ਇਕ ਪ੍ਰਤੀ ਦਾ ਬਲਿ ਲੋਕ ਵਿਚ ਲੈ ਕੇ ਜਾਣ ਸਮੇਂ ਕੀਤਾ ਹੈ-

ਇਕ ਸੌ ਤੇਰਾ ਧਿਆਇ॥ ਤੀਨ ਭਾਗ ਮੁਨਿ ਦਏ ਬਨਾਇ॥

ਏਕ ਭਾਗ ਬਲਿ ਲੋਕ ਪਠਾਯੋ॥ ਗਣਪਤਿ ਆਪ ਸੁ ਤਹਾਂ ਪੁਚਾਯੋ॥67॥[846]

#### 2.2.1.4. **ਭੋਗਾਵਤੀ ਅਤੇ ਚੰਪਾਵਤੀ**

ਭੋਗਾਵਤੀ ਤੋਂ ਭਾਵ ਵਿਸ਼ਈ। ਪਾਤਾਲ ਦੇ ਹੀ ਭਾਗ ਨਾਗਲੋਕ ਵਿਚ ਵਰਤਮਾਨ ਨਾਗਾਂ ਦੀ ਰਾਜਧਾਨੀ ਦਾ ਨਾਂ। ਇਸ ਦਾ ਦੂਜਾ ਨਾਂ ਪੂਤ-ਕਰੀ ਹੈ। [847] ਕਵੀ ਅਨੁਸਾਰ ਚੰਪਾਵਤੀ ਪਾਤਾਲ ਦਾ ਇਕ ਮਹਾਨ ਨਗਰ ਹੈ। ਚੰਪਾਵਤੀ ਨਗਰ ਭੋਗਾਵਤੀ ਨਦੀ ਦੇ ਕਿਨਾਰੇ ਉਤੇ ਸਥਿਤ ਹੈ-

ਨਗਰ ਏਕ ਚੰਪਾਵਤੀ ਆਹਿ ਪਤਾਲ ਮਹਾਨ॥

ਤਹਾ ਸੁ ਤਿਸ ਕੋ ਲੇ ਗਯੋ ਰਾਕਸ ਬਲੀ ਸੁ ਜਾਨ॥62॥

ਗੀਤਾ ਮਾਲਤੀ ਛੰਦ॥

ਪਾਤਾਲ ਮੈਯ ਭੋਗਾਵਤੀ ਕੇ ਤੀਰ ਭੂਪ ਮਹਾਨਿਯੈ॥

ਹਟਕੇਸ੍ਵਰੀ ਇਕ ਲਿੰਗ ਹੈ ਤਹ ਗਯੋ ਥਾ ਮੈ ਜਾਨਿਯੈ॥[848]

ਸੋ ਚਰਚਿਤ ਕ੍ਰਿਤੀ ਵਿਚ ਪਾਤਾਲਾਂ ਦੀ ਗਿਣਤੀ ਅਨੰਤ ਦਸੀ ਹੈ, ਇਸ ਦੇ ਨਾਲ ਹੀ ਕੁਝ ਕੁ ਪਾਤਲਾਂ ਦਾ ਵਿਸ਼ੇਸ਼ ਜ਼ਿਕਰ ਵੀ ਕੀਤਾ ਹੈ ਜਿਵੇਂ- ਸ਼ੇਸ਼ਨਾਗ ਦਾ ਦਰਬਾਰ, ਚੰਪਾਵਤੀ ਅਤੇ ਬਲਿ ਲੋਕ ਇਤਿਆਦਿਕ।

### 2.2.2. **ਧ੍ਰੂਪੁਰੀ**

---

[846] ਉਹੀ, ਪਤਰਾ 1390.

[847] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 396.

[848] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1225.

ਕਵੀ ਅਨੁਸਾਰ ਇਕ ਪਰਾਲੌਕਿਕ ਸਥਾਨ, ਜਿਥੇ ਭਗਤ ਧ੍ਰੂ ਦਾ ਨਿਵਾਸ ਹੈ । ਇਹ ਮਾਨਸਰੋਵਰ ਤੋਂ ਸੁਮੇਰ ਅਤੇ ਸੁਮੇਰ ਤੋਂ ਬੈਕੁੰਠ ਦੇ ਰਸਤੇ ਵਿਚ ਆਉਂਦਾ ਹੈ-

ਮਾਨਸਰੋਵਰਿ ਤੇ ਗੁਰ ਦਿਆਲ॥ ਗਏ ਸੁਮੇਰ ਸੁ ਸਿਧੋ ਨਾਲ॥

ਧਰੂਆ ਪੁਰੀ ਹ੍ਵੈ ਕਰਿ ਗੁਰ ਸ੍ਵਾਮੀ॥ ਗਏ ਬਿਕੁੰਠ ਸੁ ਅੰਤਰਿਜਾਮੀ॥10॥[849]

ਇਸ ਅਸਥਾਨ ਨੂੰ ਪਰਮਾਤਮਾ ਨੇ ਆਪਣੀ ਕਿਰਪਾ ਸਦਕਾ ਹੀ ਧ੍ਰੂ ਭਗਤ ਦੀ ਭਗਤੀ ਤੋਂ ਪ੍ਰਸੰਨ ਹੋ ਕੇ ਉਸ ਨੂੰ ਬਖਸ਼ਿਸ਼ ਕੀਤੀ ਸੀ। ਭਗਤੀ ਤੋਂ ਪ੍ਰਸੰਨ ਹੋ ਕੇ ਹੀ ਪਰਮਾਤਮਾ ਨੇ ਉਸਨੂੰ ਅਟਲ ਰਾਜ ਦਾ ਵਰ ਦਿਤਾ।[850] ਸੁਮੇਰ ਖੰਡ ਵਿਚ ਗੁਰੂ ਜੀ ਕਲਕਾ ਪਰਬਤ ਉਪਰ ਪਹੁੰਚਦੇ ਹਨ। [851] ਉਥੇ ਮਰਦਾਨਾ ਗੁਰੂ ਜੀ ਤੋਂ ਬੈਕੁੰਠ ਦੀ ਦੂਰੀ ਪੁਛਦਾ ਹੈ, ਉਸ ਦੂਰੀ ਵਿਚ ਧਰੂ ਪੁਰੀ (ਮੰਡਲ) ਦੀ ਦੂਰੀ ਵੀ ਦਸੀ ਹੈ-

ਬਿਸਨੁ ਲੋਕ ਲਗੁ ਤੋਹਿ ਸੁਨਾਊ॥ ਤੇਰੇ ਮਨ ਕਾ ਭਰਮ ਮਿਟਾਊ॥

ਈਹਾ ਤੇ ਲਖ ਜੋਜਨ ਦੋਇ॥ ਧਰੂਅ ਮੰਡਲ ਤੁਮ ਜਾਨਹੁ ਸੋਇ॥50॥

ਧਰੂਅ ਮੰਡਲ ਤੇ ਪੁਨਿ ਗਿਰ ਈਨਾ॥ ਤਿਸ ਕੀ ਗਨਤੀ ਸੁਨਿ ਪਰਬੀਨਾ॥

ਜੋਜਨ ਤਾਹਿ ਪਚੀਸ ਹਜਾਰ॥ ਧਰੂਅ ਮੰਡਲ ਤੇ ਜਾਨ ਉਦਾਰ॥51॥[852]

---

[849] ਉਹੀ, ਪਤਰਾ 881.

[850] ਉਹੀ, ਪਤਰਾ 1087-

ਅਵਰੁ ਕਿਸੀ ਕਾ ਮਤਿ ਕਰੋ ਅਬ ਮੁਹਿ ਹਰਿ ਮੁਹਤਾਜ॥ ਤਿਸ ਕੇ ਮਨ ਕੀ ਜਾਨ ਹਰਿ ਦਯੋ ਅਟਲ ਤਹਿ ਰਾਜ॥32॥ ਦਯੋ ਅਟਲ ਪਦ ਧਰੂਅ ਕੋ ਆਪ ਏਹੁ ਭਗਵਾਨ॥ ਕੀਉ ਕਲਪ ਪਰਯੰਤ ਲਗ ਅਟਲ ਸੁ ਧਰੂਅ ਮਹਾਨ॥33॥

[851] ਉਹੀ, ਪਤਰਾ 1088-

ਧਰੂਅ ਭਗਤਿ ਤੇ ਬਿਦਾ ਲੈ ਨਾਨਕ ਆਪ ਦਿਆਲੁ॥ ਕਲਕਾ ਪਰਬਤਿ ਕੋ ਉਡੇ ਸਿਮਰਨ ਕਰਤਿ ਗੁਪਾਲੁ॥38॥ ਕਲਿਕਾ ਪਰਬਤਿ ਮੈ ਗੁਰੂ ਪਲੁ ਮੈ ਪਹੁਚੇ ਆਇ॥ ਮਰਦਾਨੈ ਤਬ ਬੂਝਿਯੋ ਸਾਦਰ ਸੀਸ ਨਿਵਾਇ॥39॥

[852] ਉਹੀ.

ਸੋ ਇਸ ਤਰ੍ਹਾਂ ਕਵੀ ਨੇ ਧ੍ਰੂਪੁਰੀ ਜਾਂ ਧ੍ਰੂ ਮੰਡਲ ਦੀ ਚਿਤਰਣ ਕਰਨ ਦਾ ਯਤਨ ਕੀਤਾ ਹੈ। ਜਾਂ ਕਹਿ ਲਈਏ ਕਿ ਬੈਕੁੰਠ ਨੂੰ ਜਾਣ ਲਈ ਇਕ ਮਾਰਗ ਦਸਿਆ ਹੈ ਜਿਸ ਦੇ ਰਸਤੇ ਵਿਚ ਧ੍ਰੂ ਮੰਡਲ ਆਉਂਦਾ ਹੈ।

**2.2.3. ਬੈਕੁੰਠ/ ਸੁਰਗ ਲੋਕ/ ਸੁਰਲੋਕ**

ਵਿਸ਼ਨੂੰ ਦਾ ਲੋਕ ਇਕ ਸਵਰਗ। ਪੁਰਾਣਾਂ ਅਨੁਸਾਰ ਬੈਕੁੰਠ ਅਸੀ ਹਜ਼ਾਰ (80000) ਮੀਲ ਦੇ ਘੇਰੇ ਵਿਚ ਫੈਲਿਆ ਹੋਇਆ ਹੈ। ਇਹ ਬਹੁਤ ਹੀ ਸੁੰਦਰ ਤੇ ਸ਼ਾਂਤ ਅਸਥਾਨ ਹੈ। ਇਥੋਂ ਦੀਆਂ ਮਾੜੀਆਂ ਹੀਰੇ ਮੋਤੀਆਂ ਦੀਆਂ ਬਣੀਆਂ ਹੋਈਆਂ ਹਨ ਤੇ ਥੰਮ ਕੀਮਤੀ ਪੱਥਰਾਂ-ਲਾਲ ਅਤੇ ਪੰਨੇ ਆਦਿ ਦੇ ਹਨ। ਇਥੋਂ ਦੀ ਧਰਤੀ ਸੋਨੇ ਦੀ ਹੈ। ਬੈਕੁੰਠ ਵਿਚ ਪੰਜ ਸਰੋਵਰ ਹਨ, ਜੋ ਲਾਲ, ਚਿਟੇ ਤੇ ਨੀਲੇ ਰੰਗ ਦੇ ਕੰਵਲ ਫੁਲਾਂ ਨਾਲ ਸ਼ੋਭਾ ਦੇ ਰਹੇ ਹਨ। ਇਸੇ ਲੋਕ ਵਿਚ ਵਿਸ਼ਨੂੰ ਚਿਟੇ ਰੰਗ ਦੇ ਕੰਵਲ ਫੁਲ ਵਿਚ ਵਿਰਾਜੇ ਰਹਿੰਦੇ ਹਨ। ਉਨ੍ਹਾਂ ਦੇ ਸੱਜੇ ਪਾਸੇ ਲਖਸ਼ਮੀ ਦੇਵੀ ਰਹਿੰਦੀ ਹੈ। ਸਾਰਾ ਬੈਕੁੰਠ ਵਿਸ਼ਨੂੰ ਦੀ ਆਭਾ ਸਦਕਾ ਜਗਮਗਾਂਦਾ ਰਹਿੰਦਾ ਹੈ ਤੇ ਲਖਸ਼ਮੀ ਦੇ ਜਿਸਮ ਦੀ ਸੁਗੰਧੀ ਸਦਕਾ ਮਹਿਕਿਆ ਰਹਿੰਦਾ ਹੈ। ਆਕਾਸ਼ ਵਿਚਲੀ ਗੰਗਾ ਬੈਕੁੰਠ ਵਿਚ ਹੀ ਵਗਦੀ ਹੈ। ਧਾਰਨਾ ਹੈ ਕਿ ਵਿਸ਼ਨੂੰ ਭਗਤ ਮੁਕਤ ਹੋ ਕੇ ਇਸੇ ਬੈਕੁੰਠ ਵਿਚ ਜਾਂਦੇ ਹਨ।[853]

ਇਸੇ ਤਰ੍ਹਾਂ ਸੁਰਗ ਜਾਂ ਸੁਰਲੋਕ ਇੰਦ੍ਰ ਦਾ ਸਵਰਗ ਜੋ ਛੋਟੇ ਦੇਵਤਿਆਂ ਤੇ ਅਮਰ ਪ੍ਰਾਣੀਆਂ ਦਾ ਨਿਵਾਸ ਸਥਾਨ ਹੈ ਅਤੇ ਜਿਸ ਬਾਰੇ ਸਮਝਿਆ ਜਾਂਦਾ ਹੈ ਕਿ ਇਹ ਮੇਰੂ ਪਹਾੜ ਤੇ ਸਥਿਤ ਹੈ। ਇਸ ਨੂੰ ਸੈਰਿਭ, ਮਿਸ੍ਰਕਾਵਨ, ਤਾਵੀਸ਼, ਤ੍ਰਿਦਿਵਮ, ਤ੍ਰਿਪਿਸ਼ਟਪਮ ਅਤੇ ਊਰਧੁਵ ਲੋਕ ਵੀ ਕਿਹਾ ਜਾਂਦਾ ਹੈ। ਇਸ ਲਈ ਆਮ ਤੌਰ ਤੇ ਸਵਰਗ ਤੇ ਬੈਕੁੰਠ ਨਾਂ ਵੀ ਵਰਤੇ ਜਾਂਦੇ ਹਨ। [854] ਚਰਚਿਤ ਕ੍ਰਿਤੀ ਅਨੁਸਾਰ ਗੁਰੂ ਨਾਨਕ ਦੇਵ ਜੀ ਬੈਕੁੰਠ ਗਏ ਸਨ, ਉਹ ਮਾਨਸਰੋਵਰ ਤੋਂ ਸੁਮੇਰ ਅਤੇ ਸੁਮੇਰ ਤੋਂ ਧਰੂਪੁਰੀ ਹੁੰਦੇ ਹੋਏ ਬੈਕੁੰਠ ਗਏ। ਯਥਾ-

ਮਾਨਸਰੋਵਰਿ ਤੇ ਗੁਰ ਦਿਆਲ॥ ਗਏ ਸੁਮੇਰ ਸੁ ਸਿਧੋ ਨਾਲ॥

---

[853] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ*, ਨੈਸ਼ਨਲ ਬੁਕ ਸ਼ਾਪ, ਤੀਜੀ ਵਾਰ, 2016, ਪੰਨਾ 1818

[854] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 108-109.

ਧਰੂਆ ਪੁਰੀ ਹ੍ਵੈ ਕਰਿ ਗੁਰ ਸ੍ਵਾਮੀ॥ ਗਏ ਬਿਕੁੰਠ ਸੁ ਅੰਤਰਿਜਾਮੀ॥10॥[855]

ਕਵੀ ਅਨੁਸਾਰ ਇਹ ਸਥਾਨ ਅਕਾਸ਼ ਵਿਚ ਹੈ, ਕਿਉਂਕਿ ਜਦੋਂ ਵੀ ਕਿਸੇ ਵਿਅਕਤੀ ਨੂੰ ਬੈਕੁੰਠ ਲੈ ਜਾਣ ਲਈ ਵਿਸ਼ਨੂੰ ਦੇ ਗਣ ਆਉਂਦੇ ਹਨ ਤਾਂ ਉਹ ਅਕਾਸ਼ ਵਿਚੋਂ ਹੀ ਉਤਰਦੇ ਦਸੇ ਗਏ ਹਨ, ਜਿਵੇਂ ਕਿ ਖਡੂਰੀ ਖੰਡ ਵਿਚ ਉਪਦੇਸ਼ਾਤਮਕ ਪ੍ਰਵਿਤੀ ਵਾਲੀ ਸਾਖੀ ਅਨੁਸਾਰ ਇਕ ਵਿਅਕਤੀ ਨੂੰ ਬੈਕੁੰਠ ਲੈ ਜਾਣ ਲਈ ਗਣ ਅਕਾਸ਼ ਵਿਚੋਂ ਆਉਂਦੇ ਹਨ। ਯਥਾ-

ਨਭ ਤੇ ਆਯੋ ਜਾਨ ਸੁ ਤਾਹਿ ਸੁ ਜਾਨਿਯੈ॥

ਬੈਠਿ ਬਿਬਾਨ ਬਿਕੁੰਠ ਸੁ ਗਯੋ ਮਹਾਨਿਯੈ॥[856]

ਪਰੰਪਰਾਗਤ ਧਾਰਨਾ ਅਨੁਸਾਰ ਚਰਚਿਤ ਕ੍ਰਿਤੀ ਵਿਚ ਧਰਤੀ ਤੋਂ ਬੈਕੁੰਠ ਦੀ ਦੂਰੀ ਵੀ ਦਸੀ ਗਈ ਹੈ, ਇਹ ਦੂਰੀ ਧਰਤੀ ਤੋਂ ਚਾਲੀ ਲਖ ਜੋਜਨ ਦਸੀ ਹੈ। ਇਸ ਦੇ ਵਿਚਕਾਰ ਆਉਣ ਵਾਲੇ ਪਰਾਲੌਕਿਕ ਸਥਾਨਾਂ ਦੀ ਦੂਰੀ ਵੀ ਨਿਸ਼ਚਿਤ ਕੀਤੀ ਗਈ ਹੈ, ਜਿਸ ਅਨੁਸਾਰ ਧਰੂ ਮੰਡਲ ਦੀ ਦੂਰੀ ਪੱਚੀ ਹਜਾਰ ਜੋਜਨ ਦਸੀ ਹੈ। ਯਥਾ-

ਬਿਸਨੁ ਲੋਕ ਲਗੁ ਤੋਹਿ ਸੁਨਾਊ॥ ਤੇਰੇ ਮਨ ਕਾ ਭਰਮ ਮਿਟਾਊ॥

ਈਹਾ ਤੇ ਲਖ ਜੋਜਨ ਦੋਇ॥ ਧਰੂਅ ਮੰਡਲ ਤੁਮ ਜਾਨਹੁ ਸੋਇ॥50॥

ਧਰੂਅ ਮੰਡਲ ਤੇ ਪੁਨਿ ਗਿਰ ਈਨਾ॥ ਤਿਸ ਕੀ ਗਨਤੀ ਸੁਨਿ ਪਰਬੀਨਾ॥

ਜੋਜਨ ਤਾਹਿ ਪਚੀਸ ਹਜਾਰ॥ ਧਰੂਅ ਮੰਡਲ ਤੇ ਜਾਨ ਉਦਾਰ॥51॥

ਪੁਨਿ ਅਖੰਡ ਗਿਰ ਤਿਸ ਤੇ ਆਗੇ॥ ਤਿਸ ਕੀ ਗਨਤੀ ਸੁਣਿ ਬਡਿਭਾਗੇ॥

ਜੋਜਨ ਤਾਹਿ ਪਚਾਸ ਹਜਾਰੰ॥ ਈਨਾ ਗਿਰ ਤੇ ਜਾਨ ਉਦਾਰੰ॥52॥

ਜੋਜਨ ਬਹੁਰਿ ਪਚੀਸ ਹਜਾਰੇ॥ ਬਿਸਨੁ ਲੋਕ ਬੈਕੁੰਠ ਉਦਾਰੇ॥

ਧਰਨੀ ਤੇ ਬੈਕੁੰਠ ਮਹਾਨ॥ ਚਾਲੀ ਲਖ ਜੋਜਨ ਪਰ ਮਾਨ॥53॥ 4000000 ॥[857]

---

[855] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 881.

[856] ਉਹੀ, ਪਤਰਾ 832.

[857] ਉਹੀ, ਪਤਰਾ 1088-89.

ਚਰਚਿਤ ਕ੍ਰਿਤੀ ਅਨੁਸਾਰ ਵਿਅਕਤੀ ਦੇਹ ਸਹਿਤ ਵੀ ਬੈਕੁੰਠ ਜਾ ਸਕਦਾ ਹੈ। ਇਸ ਦੀ ਉਦਾਹਰਨ ਪਲਖਦੀਪ ਖੰਡ ਵਿਚ ਮਿਲਦੀ ਹੈ, ਜਿਥੇ ਇਕ ਰਾਜਾ ਦੇਹ ਸਹਿਤ ਬੈਕੁੰਠ ਜਾਣ ਦੀ ਕਾਮਨਾ ਕਰਦਾ ਹੈ।[858] ਉਸ ਦੀ ਇਹ ਕਾਮਨਾ ਗੁਰੂ ਨਾਨਕ ਦੇਵ ਜੀ ਅਨੇਕਾਂ ਪ੍ਰੀਖਿਆਵਾਂ ਲੈਣ ਤੋਂ ਬਾਅਦ ਪੂਰਾ ਕਰਦੇ ਹਨ ਅਤੇ ਫਿਰ ਰਾਜਾ ਅਤੇ ਰਾਣੀ ਦੋਨੋ ਦੇਹ ਸਮੇਤ ਬੈਕੁੰਠ ਜਾਂਦੇ ਹਨ-

ਰਾਜਾ ਰਾਨੀ ਦੁਊ ਕੋ ਨਭ ਤੇ ਉਤਰੇ ਜਾਨ॥
ਲਏ ਬਿਠਾਏ ਸੁਜਾਨ ਮੈ ਹਰਿ ਗੁਰ ਦੁਊ ਮਹਾਨ॥102॥
ਨਾਨਕ ਕੋ ਪਰਣਾਮ ਕਰਿ ਦੋਨੋ ਸੋਇ ਸੁਜਾਨ॥
ਦੇਹਿ ਸਹਤਿ ਬੈਕੁੰਠ ਕੋ ਗਏ ਸੁ ਦੋਇ ਮਹਾਨ॥103॥[859]

ਬੈਕੁੰਠ ਦੀ ਥਾਂ ਸੁਰਗ ਜਾਂ ਸੁਰਲੋਕ ਵੀ ਕਵੀ ਨੇ ਵਰਤਿਆ ਹੈ। ਸਿੰਗਲਾਦੀਪ ਖੰਡ ਵਿਚ ਪ੍ਰਾਣ ਸੰਗਲੀ ਗ੍ਰੰਥ ਦੀ ਇਕ ਪ੍ਰਤੀ ਨੂੰ ਸੁਰ ਲੋਕ ਵਿਚ ਲੈ ਕੇ ਜਾਣ ਦਾ ਜ਼ਿਕਰ ਕੀਤਾ ਹੈ-

ਏਕ ਭਾਗ ਨਾਰਦ ਮੁਨਿ ਸੁਰਲੋਕ ਪੁਚਾਯੋ॥
ਸੁਰ ਗੁਰ ਕੋ ਸੋ ਜਾਇ ਸੁਣਾਯੋ॥67॥[860]

ਇਸੇ ਤਰ੍ਹਾਂ ਬੈਕੁੰਠ ਨੂੰ ਦੇਵ ਲੋਕ ਵੀ ਕਿਹਾ ਹੈ।[861] ਰਾਕਸ਼ਾਂ ਦਾ ਅਕਸਰ ਸੁਰਗ ਲੋਕ ਉਪਰ ਹਮਲਾ ਵੀ ਹੁੰਦਾ ਰਿਹਾ ਹੈ। ਅਜਿਹੇ ਹੀ ਹਮਲੇ ਬਾਰੇ ਮੁਲਤਾਨ ਖੰਡ ਵਿਚ ਸੁੰਦ ਅਤੇ ਉਪਸੁੰਦ ਦੁਆਰਾ ਕਰਨ ਦਾ ਜ਼ਿਕਰ ਮਿਲਦਾ ਹੈ। ਯਥਾ-

ਕਰਤੇ ਭਏ ਤਿਆਰੀ ਸੋਇ ਮਹਾਨਿਯੈ॥

---

[858] ਉਹੀ, ਪਤਰਾ 1287-

ਦੇਹਿ ਸਹਤਿ ਬੈਕੁੰਠ ਮੈ ਮੋ ਕੋ ਦੇਹੁ ਪੁਚਾਇ॥ ਯੋਂ ਮੈ ਤਿਨ ਕੋ ਭਾਖਿਯੋ ਸੋ ਤੁਹਿ ਗਏ ਬਤਾਇ॥

[859] ਉਹੀ, ਪਤਰਾ 1289.

[860] ਉਹੀ, ਪਤਰਾ 1390.

[861] ਉਹੀ, ਪਤਰਾ 40-

ਬੈਠ ਸੁ ਤਾਹਿ ਬਿਬਾਨ ਮਝਾਰੇ॥ ਦੇਵ ਲੋਕ ਗਯੋ ਉਦਾਰੇ॥39॥

ਦੁਮ ਦੁਮ ਬਜੇ ਦਮਾਮੇ ਤਾਹਿ ਸੁ ਜਾਨਿਯੈ॥

ਰਾਕਸ ਸੈਨਾ ਸੰਗ ਸੁ ਸਰਬ ਨਿਵਾਇਕੈ॥

ਹੋ ਸੁਰਗ ਲੋਕ ਕੋ ਚਲੇ ਸੁ ਵਾਜੇ ਵਾਇਕੈ॥21॥[862]

ਸੋ ਉਪਰੋਕਤ ਤੋਂ ਸਹਿਜ ਹੀ ਬੋਧ ਹੋ ਜਾਂਦਾ ਹੈ ਕਿ ਬੈਕੁੰਠ ਇਕ ਅਕਾਸ਼ ਵਿਚ ਸਥਿਤ ਸਥਾਨ ਹੈ ਜਿਥੇ ਮਰਨ ਤੋਂ ਬਾਅਦ ਕਰਮਾਂ ਅਨੁਸਾਰ ਪਹੁੰਚਿਆ ਜਾ ਸਕਦਾ ਹੈ। ਪਰ ਕਿਸੇ ਵਿਸ਼ੇਸ਼ ਮੌਕੇ ਦੇਹ ਸਮੇਤ ਵੀ ਜਾਇਆ ਜਾ ਸਕਦਾ ਹੈ। ਇਥੇ ਵਸਣ ਵਾਲੇ ਸਾਰੇ ਹੀ ਮਨੁਖ ਸੁਖ ਵਿਚ ਰਹਿੰਦੇ ਹਨ। ਯਥਾ-

ਸਭ ਹੀ ਸੁਖ ਬੈਕੁੰਠ ਮਝਾਰੀ॥ ਸਭ ਹੀ ਸੁਖੀ ਤਹਾ ਨਰ ਨਾਰੀ॥12॥[863]

ਕਵੀ ਨੇ ਬੈਕੁੰਠ/ਸੁਰਗਲੋਕ ਦਾ ਚਿਤਰਣ ਵਿਸਤਾਰ ਨਾਲ ਨਹੀਂ ਕੀਤਾ, ਪਰ ਪਰੰਪਰਾਗਤ ਮਨੌਤ ਅਨੁਸਾਰ ਇਨ੍ਹਾਂ ਸਥਾਨਾਂ ਦੀ ਹਰ ਇਕ ਮਨੁਖ ਨੂੰ ਤਾਂਘ ਹੁੰਦੀ ਹੈ। ਸੋ ਸਪਸ਼ਟ ਹੈ ਕਿ ਮਨੌਤਾਂ ਅਨੁਸਾਰ ਹੀ ਕਵੀ ਦੀ ਧਾਰਨਾ ਵੀ ਇਨ੍ਹਾਂ ਸਥਾਨਾਂ ਉਪਰ ਮਿਲਣ ਵਾਲੇ ਅਨੰਤ ਸੁਖਾਂ ਨੂੰ ਸਹੀ ਮੰਨਣ ਦੀ ਹੈ। ਇਸ ਤੋਂ ਅਸੀਂ ਅਨੁਮਾਨ ਲਗਾ ਸਕਦੇ ਹਾਂ ਕਿ ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਇਹ ਸਾਧਨ ਅਤਿ-ਸੁਖਦਾਈ ਹਨ, ਇਥੇ ਉਹ ਸਭ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ, ਜੋ ਵੀ ਵਿਅਕਤੀ ਮਨ ਵਿਚ ਸੰਕਲਪ ਕਰਦਾ ਹੈ।

### 2.2.4. ਨਰਕ

ਕਿਸੇ ਨਾ ਕਿਸੇ ਰੂਪ ਵਿਚ ਹਰ ਧਰਮ ਅੰਦਰ ਅਜੇਹਾ ਵਿਸ਼ਵਾਸ ਚੱਲਿਆ ਆਉਂਦਾ ਹੈ ਕਿ ਬੁਰੇ ਕੰਮ ਕਰਨ ਵਾਲੇ 'ਨਰਕ' ਵਿਚ ਦੁਖ ਭੋਗਦੇ ਤੇ ਚੰਗੇ ਕੰਮ ਕਰਨ ਵਾਲੇ 'ਸੁਰਗ' ਵਿਚ ਸੁਖ ਭੋਗਦੇ ਹਨ। ਸੋ ਨਰਕ ਇਕ ਅਜਿਹਾ ਕਲਪਿਤ ਸਥਾਨ ਹੈ ਜਿੱਥੇ ਧਰਮਰਾਜ ਵੱਲੋਂ ਮਰਣ ਪਿੱਛੋਂ ਦੋਸ਼ੀਆਂ ਨੂੰ ਦੰਡ ਦਿੱਤਾ ਜਾਂਦਾ ਹੈ। ਇਸਲਾਮ ਤੇ ਈਸਾਈਅਤ ਵਿਚ ਦੋਜ਼ਖ਼ ਦਾ ਸੰਕਲਪ ਵੀ ਕੁਝ ਐਸਾ ਹੀ ਹੈ ਜਿਥੇ ਭਿਆਨਕ ਅੱਗ ਬਲਦੀ ਹੈ। ਪਾਰਸੀ ਗੰਦੀ, ਅਨ੍ਹੇਰੀ ਤੇ ਰੋਣ ਕੁਰਲਾਉਣ ਵਾਲੀ ਦੋਜ਼ਖਾਨਾ ਥਾਂ ਨੂੰ

---

[862] ਉਹੀ, ਪਤਰਾ 1459.

[863] ਉਹੀ, ਪਤਰਾ 1881.

'ਦੁਜੋਤਮਨ' ਕਹਿੰਦੇ ਹਨ। ਹਿੰਦੂ ਗ੍ਰੰਥਾਂ ਨੇ ਤਾਂ ਬੁਰਿਆਈਆਂ ਦੀਆਂ ਕਿਸਮਾਂ ਸਾਮ੍ਹਣੇ ਰੱਖ ਕੇ ਨਰਕਾਂ ਦੇ ਵੀ ਕਈ ਭੇਦ ਬਿਆਨ ਕੀਤੇ ਹਨ। ਮਨੂ ਸਿੰਮ੍ਰਤੀ ਵਿਚ 21 ਨਰਕਾਂ ਦਾ ਜ਼ਿਕਰ ਹੈ ਜਿਵੇਂ ਕਿ ਤਾਮਿਸ੍ਰ, ਤਾਮਿਸ੍ਰ ਅੰਧ, ਰੌਰਵ, ਮਹਾਂ ਰੌਰਵ, ਨਰਕ ਮਹਾਂ ਨਰਕ, ਕਾਲ ਸੂਤ੍ਰ, ਸੰਜੀਵਨ, ਮਹਾਂਬੀਚੀ, ਤਾਪਨ, ਸੰਪ੍ਰਤਾਪਨ, ਸੰਹਾਤ, ਸੰਕਾ ਕੋਲ, ਕੁਡਮਲ, ਪ੍ਰਤਿਮੂਰਤਕ, ਲੋਹਸ਼ੰਕੂ, ਸ਼ਾਲਮਲੀ, ਵੈਤਰਣੀ, ਅਸ਼ਿਪਤ੍ਰਵਨ ਤੇ ਲੋਹ ਦਾਰਕ। ਭਾਗਵਤ ਵਿਚ 28 ਤੇ ਬ੍ਰਹਮ ਵੈਵਰਤ ਪੁਰਾਣ ਵਿਚ 86 ਨਰਕ ਕੁੰਡ ਲਿਖੇ ਹਨ। ਬਾਣੀ ਵਿਚ ਮਨੁੱਖ ਨੂੰ ਸਾਵਧਾਨ ਕਰਨ ਲਈ ਨਰਕਾਂ ਦੇ ਭੈ ਦੀ ਤਾੜਨਾ ਜ਼ਰੂਰ ਹੈ, ਪਰੰਤੂ ਇਨ੍ਹਾਂ ਦੀ ਹੋਂਦ ਇਸ ਤਰ੍ਹਾਂ ਨਹੀਂ ਮੰਨੀ ਕਿ ਉਹ ਕੋਈ ਖਾਸ ਟਿਕਾਣੇ ਤੇ ਸਿਥਿਤ ਹਨ।[864]

ਕਵੀ ਨੇ ਨਰਕ ਦਾ ਵਿਸ਼ੇਸ਼ ਜ਼ਿਕਰ ਮੰਗਲ ਖੰਡ ਵਿਚ ਹੀ ਕੀਤਾ ਹੈ, ਜਿਥੇ ਇਹ ਸਪਸ਼ਟ ਕੀਤਾ ਹੈ ਕਿ ਮੰਦ ਕਰਮਾਂ ਵਾਲੇ ਜੀਵ ਨਰਕ ਵਿਚ ਜਾਂਦੇ ਹਨ। ਨਰਕ ਵਿਚ ਇਤਨੇ ਤਸੀਹੇ ਦਿਤੇ ਜਾਂਦੇ ਹਨ ਕਿ ਉਸ ਵਿਚਲੇ ਜੀਵ ਨਿਰੰਤਰ ਪੁਕਾਰਦੇ ਹਨ ਕਿ ਕੋਈ ਉਨ੍ਹਾਂ ਨੂੰ ਬਚਾ ਲਵੇ। ਯਥਾ-

ਜਨਕ ਬਿਦੇਹਿ ਬੈਕੁੰਠ ਕੋ ਚਲੋ ਸੁ ਬੈਠ ਬਿਬਾਨ॥
ਨਰਕੀ ਜੀਵ ਪੁਕਾਰ ਸੁਨਿ ਬੋਲਿਯੋ ਆਪ ਮਹਾਨ॥4॥[865]

ਵਿਸ਼ੇਸ਼ਗਤ ਮੰਗਲ ਖੰਡ ਵਿਚ ਕਵੀ ਨੇ ਨਰਕਾਂ ਵਿਚੋਂ ਜੀਵਾਂ ਨੂੰ ਕਢਣ ਦੀ ਕਥਾ ਬਿਆਨ ਕੀਤੀ ਹੈ ਕਿ ਰਾਜਾ ਜਨਕ ਨੇ ਆਪਣੇ ਸੁਭਾਅ ਸਦਕਾ ਨਰਕ ਦੇ ਜੀਵਾਂ ਦੀ ਆਵਾਜ਼ ਸੁਣੀ ਇਨ੍ਹਾਂ ਨੂੰ ਅਜ਼ਾਦ ਕਰਵਾਇਆ। ਯਥਾ-

ਸ੍ਵੈ ਸੀਲੰ ਪੁੰਨਜ ਸੀਲ ਤਹਿ ਜਾਇ॥ ਧਰਮ ਰਾਇ ਕੋ ਕਹਯੋ ਸੁਨਾਇ॥
ਨਰਕਨਿ ਮਾਹਿ ਜੀਵ ਸਭ ਜੇਤੇ॥ ਕਢੋ ਬੇਗ ਸੁ ਸਗਲੇ ਤੇਤੇ॥31॥
ਜਨਕਿ ਬਿਦੇਹਿ ਹੁਕਮ ਇਹੁ ਕਯੋ॥ ਧਰਮ ਰਾਇ ਹਰਿ ਪੈ ਤਬ ਗਯੋ॥[866]

---

[864] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 190-91

[865] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 25.

[866] ਉਹੀ, ਪਤਰਾ 28.

ਕਵੀ ਨੇ ਨਰਕ ਵਿਚ ਜਾਣ ਦਾ ਕਾਰਨ ਹਉਮੈਂ ਵੀ ਦਸਿਆ ਹੈ। ਸੰਸਾਰ ਵਿਚ ਰਹਿੰਦੇ ਹੋਏ ਪਰਮਾਤਮਾ ਦੀ ਭਗਤੀ ਨਾ ਕਰਨਾ ਅਤੇ ਮਾਇਆ ਵਿਚ ਫਸਿਆ ਵਿਅਕਤੀ ਵੀ ਨਰਕ ਦਾ ਭਾਗੀ ਬਣਦਾ ਹੈ। ਯਥਾ-

ਧੰਨ ਧੰਨ ਧਨ ਕੋ ਕਹੈ ਨਰ ਕੋ ਕਹੈ ਨ ਕੋਇ॥

ਤਿਸਕਾ ਰਾਖੈ ਮਾਨ ਸਭ ਜਿਸਕੈ ਘਰਿ ਧਨ ਹੋਇ॥16॥

ਬਡਾ ਭਯਾ ਤੋ ਕਯਾ ਭਯਾ ਜੇ ਹਰਿ ਭਗਤੀ ਨਾਹਿ॥

ਦੇਹਿ ਛੁਟੇ ਤੇ ਨਾਨਕਾ ਪਰੈ ਨਰਕ ਕੇ ਮਾਹਿ॥17॥

ਮਾਨ ਬਡਾਈ ਸੰਪਦਾ ਸਭੀ ਨਰਕ ਕੋ ਸਾਜ॥

ਹਰਿ ਭਗਤੀ ਹਰਿ ਨਾਮੁ ਬਿਨੁ ਜਮ ਕਾ ਹੋਇ ਮੁਤਾਜ॥18॥[867]

ਕਵੀ ਨੇ ਇਸ ਦੀ ਸੰਖਿਪਤ ਵਿਚਾਰ ਕੀਤੀ ਹੈ ਕਿ ਕਿਹੜੇ-ਕਿਹੜੇ ਜੀਵ ਨਰਕ ਵਿਚ ਜਾਂਦੇ ਹਨ, ਤਾਂ ਉਹ ਕਹਿੰਦਾ ਹੈ ਕਿ ਜੋ ਲੋਕ ਪਾਪ ਕਰਦੇ ਹਨ, ਕਾਮੀ ਹੁੰਦੇ ਹਨ, ਵੇਸਵਾ ਭੋਗਦੇ ਹਨ, ਜੂਆ ਖੇਡਦੇ ਹਨ, ਸ਼ਰਾਬ, ਮਾਸ ਖਾਂਦੇ ਹਨ ਇਸ ਤਰ੍ਹਾਂ ਦੇ ਹੋਰ ਵੀ ਮੰਦੇ ਕਰਮ ਕਰਨ ਵਾਲੇ ਜੀਵ ਨਰਕ ਦੇ ਭਾਗੀਦਾਰ ਹੁੰਦੇ ਹਨ। ਯਥਾ-

ਪਾਪ ਕਰਮ ਮੈ ਮਾਯਾ ਦੇ ਲੇ॥ ਬੇਸਯਾ ਕੋ ਦੇ ਜੂਆ ਖੇਲੇ॥

ਮਦਰਾ ਮਾਸ ਮੋਲ ਲੇ ਖਾਇ॥ ਮੰਦ ਗਤੀ ਨਰ ਨਰਕ ਸੁ ਜਾਇ॥23॥

ਅਥਵਾ ਊਤਮ ਗਤਿ ਸੁਰ ਲੋਕ॥ ਮਧਯਮ ਗਤਿ ਮਾਨਵ ਭੂਅ ਵੋਕ॥

ਮੰਦਗਤੀ ਕਾ ਏਹੁ ਖਿਆਲੁ॥ ਤਿਰਗਦਿ ਜੋਨ ਕੈ ਜਾਇ ਪਤਾਲੁ॥24॥[868]

ਭਾਵੇਂ ਕਿ ਜੀਵ ਨੂੰ ਸੰਸਾਰ ਵਿਚ ਅਨੇਕਾਂ ਸੁਖ ਪ੍ਰਾਪਤ ਹੋਣ ਉਸ ਨਾਲ ਉਸ ਨੂੰ ਨਰਕ/ਸੁਰਗ ਦੀ ਪ੍ਰਾਪਤੀ ਨਹੀਂ ਹੁੰਦੀ, ਅਜਿਹਾ ਹੀ ਕਵੀ ਨੇ ਨਾਨਕ ਮਤਾ ਖੰਡ ਵਿਚ ਬਿਆਨ ਕੀਤਾ ਹੈ। ਜਿਥੇ ਕੋਈ ਰਾਜਾ

---

[867] ਉਹੀ, ਪਤਰਾ 1182.

[868] ਉਹੀ.

ਪਿਛਲੇ ਕਰਮਾਂ ਕਰਕੇ ਰਾਜਾ ਬਣਦਾ ਹੈ ਪਰ ਉਸ ਦੇ ਇਸ ਜਨਮ ਦੇ ਕਰਮ ਮੰਦਗਤੀ ਵਾਲੇ ਹੁੰਦੇ ਹਨ। ਇਸ ਲਈ ਉਸ ਨੂੰ ਨਰਕ ਦੀ ਪ੍ਰਾਪਤੀ ਹੁੰਦੀ ਹੈ ਭਾਵ ਵਿਅਕਤੀ ਦੇ ਇਸ ਜਨਮ ਦੇ ਸੁਖ/ਦੁਖ ਇਹ ਤੈਅ ਨਹੀਂ ਕਰਦੇ ਕਿ ਨਰਕ/ਸੁਰਗ ਦਾ ਭਾਗੀਦਾਰ ਹੈ, ਬਲਕਿ ਉਸਦੇ ਕਰਮ ਇਹ ਤੈਅ ਕਰਦੇ ਹਨ। ਸੋ ਕਵੀ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਨਰਕ/ਸੁਰਗ ਕਰਮਾਂ ਕਰਕੇ ਹੀ ਪ੍ਰਾਪਤ ਹੁੰਦੇ ਹਨ। ਯਥਾ-

ਪੂਰਬ ਜਨਮ ਕੀਉ ਤਪ ਭਾਰੀ॥ ਕੰਦ ਮੂਲਿ ਇਨਿ ਖਾਇ ਉਦਾਰੀ॥

ਇਨ ਸਰੀਰ ਕੋ ਬਹੁ ਦੁਖ ਦਯੋ॥ ਇਹਾ ਆਇ ਅਬ ਭੂਪਤਿ ਭਯੋ॥12॥

ਪਿਛਿਲਾ ਏਹੁ ਥਕੇਵਾਂ ਭਾਈ॥ ਪੂਰਬ ਦੁਖ ਕਾ ਅਬ ਸੁਖ ਪਾਈ॥

ਤਪ ਤੇ ਰਾਜ ਪ੍ਰਾਪਤਿ ਹੋਇ॥ ਰਾਜਹੁ ਨਰਕ ਪਰੈ ਪੁਨਿ ਸੋਇ॥13॥[869]

ਇਥੇ ਕਵੀ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਇਕ ਘੜੀ ਦੇ ਸਿਮਰਨ ਨਾਲ ਵੀ ਨਰਕਾਂ ਵਿਚੋਂ ਜੀਵਾਂ ਦਾ ਉਦਾਰ ਹੋ ਸਕਦਾ ਹੈ। ਜਿਵੇਂ ਕਿ ਮੰਗਲ ਖੰਡ ਵਿਚ ਜਨਕ ਦੇ ਇਕ ਘੜੀ ਦੇ ਸਿਮਰਨ ਨਾਲ ਨਰਕ ਵਿਚਲੇ ਜੀਵਾਂ ਦਾ ਉਦਾਰ ਹੋਇਆ ਦਸਿਆ ਗਿਆ ਹੈ। ਜਨਕ ਦੇ ਇਕ ਘੜੀ ਦੇ ਸਿਮਰਨ ਦਾ ਪਲੜਾ ਪਾਪਾਂ ਦੇ ਪਲੜੇ ਤੋਂ ਭਾਰਾ ਸੀ, ਜਿਸ ਸਦਕਾ ਸਾਰਾ ਹੀ ਨਰਕ ਖਾਲੀ ਹੋ ਗਿਆ ਅਤੇ ਸਾਰੇ ਹੀ ਨਰਕਾਂ ਦੇ ਜੀਵ ਨਰਕ ਵਿਚੋਂ ਬਾਹਰ ਕਢੇ ਗਏ। ਯਥਾ-

ਜਨਕਿ ਬਿਦੇਹਿ ਆਪ ਪਰਬੀਨਾ॥ ਏਕ ਘਰੀ ਕਾ ਸਿਮਰਨ ਦੀਨਾ॥36॥

ਤਿਨ ਜੀਵਨ ਕੇ ਪਾਪ ਸੁ ਜੇਤੇ॥ ਇਕ ਪਲੜੈ ਸਭਿ ਪਾਇ ਸੁ ਤੇਤੇ॥

ਇਕ ਪਲੜੈ ਹਰਿ ਸਿਮਰਨ ਪਾਯੋ॥ ਬਹੁਰਿ ਤ੍ਰਾਜੁਵਾ ਤਾਹਿ ਉਠਾਯੋ॥37॥

ਸਿਮਰਨ ਪਲੜਾ ਧਰਨੀ ਪਾਸ॥ ਪਾਪਨਿ ਪਲੜਾ ਗਯੋ ਅਕਾਸ॥

ਪਾਸੜ ਸਮ ਨਹਿ ਭਏ ਸੁ ਪਾਪ॥ ਪਰਮ ਅਮੋਲ ਸੁ ਨਾਮ ਪ੍ਰਤਾਪ॥38॥

ਨਰਕਹੁ ਜੀਵ ਕਢੇ ਤਤਕਾਲ॥ ਜਨਕਿ ਬਿਦੇਹਿ ਸੁ ਪਰਮ ਦਿਆਲ॥[870]

---

[869] ਉਹੀ, ਪਤਰਾ 1221.

[870] ਉਹੀ, ਪਤਰਾ 28-29.

ਸੋ ਇਸ ਤਰ੍ਹਾਂ ਮੰਦਗਤੀ ਕਰਮ ਵਾਲੇ ਜੀਵ ਨਰਕ ਦੇ ਭਾਗੀਦਾਰ ਬਣਦੇ ਹਨ, ਨਰਕ ਵਿਚ ਇਤਨੇ ਤਸੀਹੇ ਦਿਤੇ ਜਾਂਦੇ ਹਨ ਕਿ ਜੀਵਾਂ ਦੀ ਹਾਲਤ ਤਰਸਯੋਗ ਹੁੰਦੀ ਹੈ ਅਤੇ ਉਹ ਆਪਣੇ ਬਚਾ ਲਈ ਪੁਕਾਰਦੇ ਰਹਿੰਦੇ ਹਨ। ਨਰਕ ਤੋਂ ਬਚਣ ਲਈ ਇਕ ਮਾਤਰ ਸਾਧਨ ਸਿਮਰਨ ਹੀ ਦਸਿਆ ਗਿਆ ਹੈ।

**2.2.5. ਸਚਖੰਡ**

ਗੁਰਮਤਿ ਅਨੁਸਾਰ ਅਧਿਆਤਮਕ ਵਿਕਾਸ ਦੀਆਂ ਪੰਜਾਂ ਮੰਜ਼ਲਾਂ ਵਿਚੋਂ ਅੰਤਲੀ ਮੰਜ਼ਲ ਅਤੇ ਉਹ ਲੋਕ ਜਾਂ ਸਥਾਨ ਜਿਥੇ ਨਿੰਰਕਾਰ ਦਾ ਨਿਵਾਸ ਹੈ। ਮੁਸਲਮਾਨ ਸਤਵੇਂ ਅਕਾਸ਼ ਵਿਚ ਇਕ ਕੁਰਸ ਉਤੇ ਖੁਦਾ ਦਾ ਨਿਵਾਸ ਮੰਨਦੇ ਹਨ। ਸਿਖ ਲੋਕਧਾਰਾ ਵਿਚ ਸਚਖੰਡ ਦਾ ਸੰਕਲਪ ਇਸੇ ਕੁਰਸ ਦੇ ਸਮਾਨੰਤਰ ਹੈ। ਗੁਰਮਤਿ ਵਿਚ ਪਰਮਾਤਮਾ ਨੂੰ ਸਾਰੀ ਸ੍ਰਿਸ਼ਟੀ ਅਥਵਾ ਰਚਨਾ ਵਿਚ ਵਿਆਪਕ ਮੰਨਿਆ ਗਿਆ ਹੈ। *ਸੋ ਅੰਤਰਿ ਸੋ ਬਾਹਰਿ ਅਨੰਤ ਘਟਿ ਘਟਿ ਬਿਆਪਿ ਰਹਿਆ ਭਗਵੰਤ , ਸਰਬ ਜੋਤਿ ਮਹਿ ਜਾਕੀ ਜੋਤਿ ਧਾਰਿ ਰਹਿਓ ਸੁਆਮੀ ਓਤਿ ਪੋਤਿ* ਆਦਿ ਤੁਕਾਂ ਵਿਚ ਇਸੇ ਸੰਕਲਪ ਦੀ ਵਿਆਖਿਆ ਹੈ, ਪਰ ਨਾਲ ਹੀ ਸਾਮੀ ਪ੍ਰਭਾਵ ਹੇਠ ਉਸ ਦਾ ਵਖਰਾ ਅਸਥਾਨ ਸਚਖੰਡ ਵੀ ਮਿਥ ਲਿਆ ਗਿਆ ਹੈ।[871] ਚਰਚਿਤ ਕ੍ਰਿਤੀ ਵਿਚ ਸਚਖੰਡ ਦਾ ਇਕ ਨਿਸ਼ਚਿਤ ਸਥਾਨ ਨੀਯਤ ਕੀਤਾ ਹੈ। ਉਥੇ ਪੁਜਣ ਲਈ ਕਲਿਕਾ ਪਰਬਤ, ਈਨਾ ਪਰਬਤ, ਗਿਰ ਅੰਖਡ, ਧਰੂ ਪੁਰੀ, ਬਿਸ਼ਨ ਲੋਕ ਜਾਣਾ ਪੈਂਦਾ ਹੈ।[872] ਇਸ ਤੋਂ ਪਹਿਲਾਂ ਸੁੰਨ ਮੰਡਲ ਆਉਂਦੇ ਹਨ ਯਥਾ-

ਅਸਵਾਸਨਿ ਕਰਿ ਤਾਹਿ ਉਦਾਰੀ॥ ਸੁੰਨਿ ਮੰਡਲ ਕੋ ਲਯੀ ਉਡਾਰੀ॥11॥

---

[871] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਤੀਜੀ ਵਾਰ, 2016, ਪੰਨਾ 243.

[872] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1090-

ਬਿਸਨ ਲੋਕ ਬੈਕੁੰਠ ਤੇ ਗਿਰ ਅਖੰਡ ਪਰਮਾਨ॥ ਜੋਜਨ ਪਚੀ ਹਜ਼ਾਰ ਸੋ ਬੈਕੁੰਠੇ ਸੋ ਜਾਨ॥5॥ ਚੌਪਈ॥ ਗਿਰ ਅਖੰਡ ਤੇ ਪੁਨਿ ਗਿਰ ਈਨਾ॥ ਜੋਜਨ ਤਾਹਿ ਸੁਨੇ ਪਰਬੀਨਾ॥ ਜੋਜਨ ਤਾਹਿ ਪਚਾਸ ਹਜਾਰੇ॥ ਈਨਾ ਗਿਰ ਪੁਨਿ ਜਾਨ ਉਦਾਰੇ॥॥6॥ ਈਨਾ ਤੇ ਧਰੂਅ ਲੋਕ ਉਦਾਰ॥ ਜੋਜਨ ਜਾਨ ਪਚੀਸ ਹਜਾਰ॥ ਈਹਾ ਤੇ ਧਰੂਅ ਲੋਕ ਸੁ ਜਾਨ॥ ਲਖ ਜੋਜਨ ਸੋ ਰਹਿਯੋ ਮਹਾਨ॥7॥ ਦੋਇ ਲਖ ਜੋਜਨ ਸਭ ਹਮ ਆਏ॥ ਤੁਮ ਬੂਝਿਉ ਸੋ ਕਹਿਯੋ ਸੁਨਾਏ॥

ਸਲੋਕੁ॥

ਲੇ ਆਗਿਆ ਹਰਿ ਸਕਤਿ ਤੇ ਚੜੇ ਸੁ ਸੁੰਨਿ ਅਕਾਰ॥

ਪੋਕਲਿ ਸੁੰਨਿ ਅਕਾਰਿ ਸੋ ਊਚਾ ਤਾਹਿ ਨ ਪਾਰ॥12॥[873]

ਸੁੰਨ ਮੰਡਲ ਦੀ ਸਥਿਤੀ ਇਸ ਤਰ੍ਹਾਂ ਦੀ ਹੈ ਕਿ ਉਥੋਂ ਹੀ ਅਨਹਦ ਨਾਦ ਸੁਣਨੇ ਸ਼ੁਰੂ ਹੋ ਜਾਂਦੇ ਹਨ। ਸੁੰਨ ਦੇ ਸ਼ਿਖਰ ਉਤੇ ਨਉਬਤਖਾਨਾ ਹੈ ਜਿਥੇ ਅਠੇ ਪਹਿਰ ਅਨਹਦ ਨਾਦ ਪੈਦਾ ਹੁੰਦਾ ਰਹਿੰਦਾ ਹੈ-

ਸੁੰਨਿ ਮੰਡਲ ਕੀਉ ਪਯਾਨਾ॥ ਜਹ ਠਾਕੁਰ ਕਾ ਨਉਬਤਿਖਾਨਾ॥

ਅਨਹਦਿ ਬਾਜਹਿ ਨਉਬਤਿ ਜਹਾ॥ ਸੁੰਨਿ ਅੰਤਿ ਤੁਮ ਜਾਨੋ ਤਹਾ॥13॥

ਸੁੰਨਿ ਸਿਖਰਿ ਸੋ ਨਉਬਤਿਖਾਨਾ॥ ਆਠ ਪਹਰਿ ਧੁੰਨਿ ਨਿਕਸਹਿ ਨਾਨਾ॥[874]

ਇਸ ਸਥਾਨ ਉਪਰ ਲਖਾਂ ਹੀ ਬਾਜੇ ਵਜ ਰਹੇ ਹਨ, ਕਈ ਦਮਾਮੇ ਵਜ ਰਹੇ ਹਨ ਜਿਨ੍ਹਾਂ ਦੀ ਧੁਨੀਆਂ ਅਲੌਕਿਕ ਦ੍ਰਿਸ਼ ਪ੍ਰਸਤੁਤ ਕਰ ਰਹੀਆਂ ਹਨ। ਲਖਾਂ ਹੀ ਸ਼ਹਿਨਾਈਆਂ, ਮ੍ਰਿਦੰਗ ਵਜ ਰਹੇ ਹਨ, ਜਿਨ੍ਹਾਂ ਦਾ ਕੋਈ ਵੀ ਪਾਰ ਨਹੀਂ ਪਾ ਸਕਦਾ। ਅਨੇਕਾਂ ਹੀ ਸਿਤਾਰ ਵਜਦੇ ਹਨ, ਅਨੰਤ ਪਰੀਆਂ ਨ੍ਰਿਤ ਕਰਕੇ ਰਾਮ ਨੂੰ ਰਿਝਾਉਣ ਦਾ ਯਤਨ ਕਰ ਰਹੀਆਂ ਹਨ। ਯਥਾ-

ਕਈ ਲਾਖ ਤਹ ਬਾਜੇ ਬਾਜਹਿ॥ ਕਈ ਦਮਾਮੇ ਧੂਨਿ ਧਰਿ ਗਾਜਹਿ॥16 ॥

ਕਈ ਲਾਖ ਤੁਰਈ ਸਹਨਾਈ॥ ਤਾਲ ਮ੍ਰਿਦੰਗਨਿ ਪਾਰ ਨ ਆਈ॥

ਸੰਖ ਝਾਂਝਰਾਂ ਅਉਰ ਸਤਾਰਾਂ॥ ਗੋਮੁਖਿ ਸੁਥਰੀ ਕਈ ਹਜਾਰਾਂ॥17॥

ਲਖ ਹੂਰਾ ਲਖ ਪਰੀ ਸੁ ਗਾਂਵਹਿ॥ ਕਰਿ ਕਰਿ ਨਿਰਤ ਸੁ ਰਾਮ ਰਿਝਾਵਹਿ॥[875]

ਇਸ ਅਨੰਤ ਸੁੰਨ ਅਤੇ ਘੋਰ ਤੋਂ ਬਾਅਦ ਸਚਖੰਡ ਹੈ, ਜਿਥੇ ਨਿਰੰਜਨ ਦੀ ਜੋਤ ਦੇ ਝਲਕਾਰੇ ਪੈ ਰਹੇ ਹਨ। ਇਥੇ ਚਾਰੇ ਪਾਸੇ ਨੂਰ ਹੀ ਨੂਰ ਹੈ, ਇਹ ਦ੍ਰਿਸ਼ ਅਕਥਨੀਯ ਹੈ। ਉਥੋਂ ਦੇ ਅਨਹਦ ਨਾਦ

---

[873] ਉਹੀ, ਪਤਰਾ 1068.

[874] ਉਹੀ, ਪਤਰਾ 1068.

[875] ਉਹੀ.

ਪਰਮਾਤਮਾ ਆਪ ਹੀ ਸੁਣ ਕੇ ਵਿਗਸ ਰਿਹਾ ਹੈ। [876] ਉਥੇ ਲਖਾਂ ਹੀ ਦੀਪਕਾਂ ਜਿਤਨਾ ਪ੍ਰਕਾਸ਼ ਹੈ, ਉਹ ਵੀ ਬਿਨਾਂ ਕਿਸੇ ਤੇਲ ਤੋਂ ਬਲ ਕੇ ਪ੍ਰਕਾਸ਼ ਪੈਦਾ ਕਰ ਰਹੇ ਹਨ। [877] ਇਨ੍ਹਾਂ ਦਾ ਪ੍ਰਕਾਸ਼ ਲਖਾਂ ਹੀ ਜੋਜਨ ਤਕ ਫੈਲਿਆ ਹੋਇਆ ਹੈ। ਇਥੇ ਨਿਰਮਲ ਜੋਤ ਵਿਚੋਂ ਨਿਰੰਤਰ ਪ੍ਰਕਾਸ਼ ਪੈਦਾ ਹੋ ਰਿਹਾ ਹੈ, ਜਿਸ ਨੂੰ ਦੇਖ ਕੇ ਮਨ ਅਨੰਤ ਹੁਲਾਸ ਨਾਲ ਭਰ ਜਾਂਦਾ ਹੈ। ਯਥਾ-

ਲਖਹੁ ਜੋਜਨ ਤਾਹਿ ਉਜਾਲਾ॥ ਤਹ ਪਹੁਚੇ ਗੁਰ ਦੀਨ ਦਿਆਲਾ॥

ਨਿਰਮਲੁ ਜੋਤਿ ਸੁ ਮਹਾ ਉਜਾਸੰ॥ ਦੇਖਿ ਜੋਤਿ ਮਨ ਭਯੋ ਹੁਲਾਸੰ॥[878]

ਸੋ ਉਪਰੋਕਤ ਪ੍ਰਸੰਗਾਂ ਵਿਚ ਅਸੀਂ ਚਰਚਿਤ ਗ੍ਰੰਥ ਵਿਚ ਪਰਾ-ਲੈਕਿਕ ਸਥਾਨਾਂ ਬਾਰੇ ਚਰਚਾ ਕੀਤੀ ਹੈ। ਜਿਸ ਵਿਚ ਪਾਤਾਲ ਬਾਰੇ ਵਿਚਾਰ ਕੀਤੇ ਗਏ, ਚਰਚਿਤ ਕ੍ਰਿਤੀ ਵਿਚ ਪਾਤਾਲ ਵਿਚ ਆਏ ਹੋਰ ਸਥਾਨਾਂ ਬਾਰੇ ਵੀ ਚਰਚਾ ਕੀਤੀ ਗਈ ਹੈ। ਫਿਰ ਸੁਰਗ/ਸੁਰਲੋਕ/ਬੈਕੁੰਠ, ਨਰਕ, ਧ੍ਰੂਪੁਰੀ ਅਤੇ ਸਚਖੰਡ ਬਾਰੇ ਵੀ ਵਿਚਾਰ ਅੰਕਿਤ ਕੀਤੇ ਗਏ ਹਨ। ਇਨ੍ਹਾਂ ਤੋਂ ਇਲਾਵਾ ਚਰਚਿਤ ਗ੍ਰੰਥ ਵਿਚ ਹੋਰ ਵੀ ਪਰਾ-ਲੈਕਿਕ ਸਥਾਨਾਂ ਦਾ ਜ਼ਿਕਰ ਸੰਕੇਤ ਮਾਤਰ ਆਇਆ ਹੈ, ਜਿਵੇਂ- ਦੁਰਗਾ ਧਾਮ [879] ਬਿਸਨ ਲੋਕ[880] ਇਤਿਆਦਿਕ।

---

[876] ਉਹੀ, ਪਤਰਾ 1069-70-

ਸਚੁ ਖੰਡ ਕੇ ਦ੍ਵਾਰ ਪਰਿ ਅਧਰਿ ਖੰਡ ਕੇ ਮਾਹਿ॥ ਝਿਲਿ ਮਿਲਿ ਤਾਰਾ ਦੇਖਿਯੋ ਅਦਭੁਤਿ ਜੋਤਿ ਸੁ ਤਾਹਿ॥43॥ ਚੌਪਈ॥ ਪੁਨਿ ਊਪਰਿ ਕੋ ਨੈਨ ਉਘਾਰੇ॥ ਅਚਰਜਿ ਦੇਖਿਉ ਖੇਲੁ ਅਪਾਰੇ॥ ਸੋ ਅਬ ਖੇਲੁ ਸੁ ਜਾਣੇ॥ ਅਲਪਮਤੀ ਕਵੀ ਕਾਇ ਬਖਾਣੇ॥ ਝਿਲਿ ਮਿਲਿ ਜੋਤਿ ਰਹੀ ਭਰਿਪੂਰ॥ ਜਹ ਦੇਖਹਿ ਤਹਿ ਨੂਰ ਹੀ ਨੂਰ॥45॥ ਅਨਹਦਿ ਨਉਬਤਿ ਹਰਿ ਦਰਬਾਰੇ॥ ਨਿਸ ਦਿਨੁ ਘੁਰਹਿ ਸੁ ਬਾਰਹਿ ਬਾਰੇ॥ ਘਰਹਿ ਦਮਾਮੇ ਓਅੰਕਾਰੰ॥ ਸੁਣਿ ਸੁਣਿ ਖੁਸੀ ਹੋਇ ਕਰਤਾਰੰ॥46॥

[877] ਉਹੀ, ਪਤਰਾ 1069-

ਮਹਾ ਸੁੰਨਿ ਕੇ ਘੋਰ ਸਿਉ ਨਾਨਕ ਨਿਕਸੇ ਪਾਰੁ॥ ਆਗੈ ਜੋਤਿ ਨਿਰੰਜਨੀ ਦੀਸੈ ਬਹੁ ਝਮਕਾਰੁ॥35॥ ਜੋਤਿ ਜੁ ਕਹੀ ਨਿਰੰਜਨੀ ਕੁਦਰਤਿ ਕਾ ਸੋ ਖੇਲੁ॥ ਤਹ ਲਖ ਦੀਪਕ ਲਖ ਲਖੰ ਜਰਤਿ ਸਦਾ ਬਿਨ ਤੇਲੁ॥36॥

[878] ਉਹੀ, ਪਤਰਾ 1069.

[879] ਉਹੀ, ਪਤਰਾ 1050-

ਇਹੁ ਹਰਿ ਦੁਰਗਾ ਕਾ ਹੈ ਧਾਮ॥ ਕਿਆ ਤੁਮਰਾ ਕਛੁ ਤਿਸ ਸਿਉ ਕਾਮ॥32॥

[880] ਉਹੀ, ਪਤਰਾ 1036-

ਸੋ ਕਵੀ ਨੇ ਜਰੂਰਤ ਪੈਣ 'ਤੇ ਪਰਾ-ਲੌਕਿਕ ਸਥਾਨਾਂ ਦੀ ਵਰਤੋਂ ਬਾਖੂਬੀ ਕੀਤੀ ਹੈ, ਜਿਥੇ ਕਿਤੇ ਲੋੜ ਪਈ ਹੈ ਉਥੇ ਸੰਕੇਤ ਕੀਤਾ ਹੈ ਅਤੇ ਲੋੜ ਪੈਣ 'ਤੇ ਵਿਸਥਾਰ ਵੀ ਕੀਤਾ ਮਿਲਦਾ ਹੈ। ਸਮੁਚੇ ਰੂਪ ਵਿਚ ਚਰਚਿਤ ਕ੍ਰਿਤੀ ਵਿਚ ਭਾਰਤੀ ਪਰਾ-ਲੌਕਿਕ ਸਥਾਨਾਂ ਦੀ ਕਿਤੇ ਵੀ ਇਕ ਥਾਂ ਇਕਠਾ ਵਿਸਥਾਰ ਨਹੀਂ ਕੀਤਾ ਬਲਕਿ ਜਰੂਰਤ ਅਨੁਸਾਰ ਵਖ-ਵਖ ਥਾਵਾਂ ਉਪਰ ਜ਼ਿਕਰ ਕੀਤਾ ਹੈ। ਇਸ ਤਰ੍ਹਾਂ ਕਵੀ ਦੇ ਦ੍ਰਿਸ਼ਟੀਕੋਣ ਤੋਂ ਸਚਖੰਡ ਇਕ ਪਰਾ-ਲੌਕਿਕ ਸਥਾਨ ਹੈ, ਜਿਥੇ ਹਰ ਕੋਈ ਜੀਵ ਨਹੀਂ ਜਾ ਸਕਦਾ। ਇਸ ਦਾ ਪੈਂਡਾ ਬਹੁਤ ਹੀ ਲੰਮਾਂ ਹੈ, ਇਸ ਸਥਾਨ ਉਪਰ ਪਰਮਾਤਮਾ ਰੂਪੀ ਜੋਤ ਵਿਦਮਾਨ ਹੈ, ਜਿਸ ਦਾ ਪ੍ਰਕਾਸ਼ ਲਖਾਂ ਜੋਜਨ ਤੱਕ ਫੈਲਿਆ ਹੋਇਆ ਹੈ।

### 2.3 ਅਭਾਰਤੀ ਲੌਕਿਕ ਸਥਾਨ

#### 2.3.1. ਮਕਾ

ਅਰਬ ਦੇਸ਼ ਦੇ ਮਕਾ ਸ਼ਹਿਰ ਅੰਦਰ ਬਣਿਆ ਮੁਸਲਮਾਨਾਂ ਦਾ ਧਰਮ-ਮੰਦਿਰ `ਕਾਅਬਾ` ਹੈ। ਮੁਸਲਮਾਨੀ ਨਿਸ਼ਚੇ ਅਨੁਸਾਰ ਇਸਨੂੰ ਪਹਿਲੇ ਪਹਿਲ ਬਾਬਾ ਆਦਮ ਨੇ ਬਣਾਇਆ, ਨੂਹ ਦੇ ਤੂਫਾਨ ਬਾਦ ਫਿਰ ਹਜ਼ਰਤ ਇਬਰਾਹਿਮ ਨੇ ਇਸਦੀ ਉਸਾਰੀ ਕੀਤੀ। ਇਸ ਮੰਦਰ ਵਿਚ ਪਹਿਲੇ ਕਈ ਬੁਤਾਂ ਦੀ ਪੂਜਾ ਹੁੰਦੀ ਸੀ ਜਿਸਨੂੰ ਹਜ਼ਰਤ ਮੁਹੰਮਦ ਸਾਹਿਬ ਨੇ ਬੰਦ ਕਰਕੇ ਇਕ ਅੱਲ੍ਹਾ ਦੀ ਪੂਜਾ ਦ੍ਰਿੜ ਕਰਾਈ ਤੇ ਨਵੇਂ ਮੰਦਰ ਦੀ ਤਾਮੀਰ ਕਰਾਈ। ਇਸਦੀ ਹੁਣ ਵਾਲੀ ਇਮਾਰਤ ਜੋ 40 ਫੁਟ ਲੰਮੀ ਤੇ 33 ਫੁਟ ਚੌੜੀ ਹੈ, ਭੂਰੇ ਰੰਗ ਦੇ ਕੀਮਤੀ ਪੱਥਰ ਨਾਲ ਰੂਮ ਦੇ ਉਸਮਾਨੀ ਪਾਤਸ਼ਾਹ ਸੁਲਤਾਨ ਮੁਰਾਦ ਚੌਥੇ ਨੇ 1040 ਈ. ਵਿਚ ਤਿਆਰ ਕਰਵਾਈ। ਇਸਦਾ ਇਕੋ ਇਕ ਦਰਵਾਜ਼ਾ ਹੈ ਤੇ ਖਿੜਕੀ ਕੋਈ ਨਹੀਂ। ਪੂਰਬੀ ਕੋਨੇ ਵਿਚ ਧਰਤੀ ਤੋਂ ਪੰਜ ਫੁਟ ਉਚਾ ਕਾਲਾ ਪੱਥਰ `ਸੰਗਿ ਅਸ਼ਵਦ` ਜੜਿਆ ਹੋਇਆ ਹੈ। ਕਾਅਬੇ ਦੀ ਯਾਤਰਾ ਕਰਨ ਵਾਲੇ ਸੱਤ ਪ੍ਰਕਰਮਾ ਕਰਕੇ ਇਸ ਪੱਥਰ ਨੂੰ ਚੁੰਮਦੇ ਹਨ। ਦੱਖਣੀ ਕੋਨੇ ਵਿਚ `ਰੁਕਨੁਲ ਯਮਾਨ` ਨਾਮ ਦਾ ਪੱਥਰ ਲਗਾ ਹੋਇਆ ਹੈ, ਇਸਨੂੰ ਹਾਜੀ ਸੱਜੇ ਹੱਥ ਨਾਲ ਛੂੰਹਦਾ ਹਨ। ਇਹ ਮੰਦਰ ਸਦਾ ਕਾਲੇ ਕਪੜੇ ਨਾਲ ਢਕਿਆ ਰਹਿੰਦਾ ਹੈ। ਇਸਦੇ ਆਲੇ ਦੁਆਲੇ ਚੰਗੀ ਖੁੱਲੀ ਪਰਕਰਮਾ ਬਣੀ ਹੋਈ ਹੈ ਜਿਸ ਰਾਹੀਂ ਹਾਜੀ

---

ਨਾਨਕ ਬਾਲਾ ਊਪਰਿ ਧਾਏ॥ ਬਿਸਨ ਲੋਕ ਮੈ ਪਹੁਚੇ ਜਾਏ॥

ਯਾਤਰਾ ਕਰਦੇ ਰਹਿੰਦੇ ਹਨ। ਮੁਸਲਮਾਨਾਂ ਦਾ ਨਿਸ਼ਚਾ ਹੈ ਕਿ ਹਰ ਮੋਮਨ ਲਈ ਕਾਅਬੇ ਦਾ ਹੱਜ ਕਰਨਾ ਇਕ ਉਤਮ ਧਰਮ ਕਰਮ ਹੈ ਅਤੇ ਜਿਥੇ ਵੀ ਕੋਈ ਮੁਸਲਮਾਨ ਨਿਮਾਜ਼ ਪੜ੍ਹੇ, ਉਸ ਲਈ ਜਰੂਰੀ ਹੈ ਕਿ ਉਹ ਕਿਬਲਾ ਕਾਬਾ ਵਲ ਮੂੰਹ ਕਰਕੇ ਪੜ੍ਹੇ। ਇਸ ਗੱਲ ਨੂੰ ਰੂਹਾਨੀ ਮਹਾਂ ਪੁਰਸ਼ਾਂ ਨੇ ਪਰਵਾਣ ਨਹੀਂ ਕੀਤਾ। ਉਨ੍ਹਾਂ ਦੇ ਨਿਸ਼ਚੇ ਅਨੁਸਾਰ ਮਨੁੱਖੀ ਦਿਲ ਹੀ ਉਹ ਕਾਬਾ ਹੈ ਜਿਥੇ ਖ਼ੁਦਾ ਦਾ ਨਿਵਾਸ ਹੁੰਦਾ ਹੈ।[881]

ਚਰਚਿਤ ਕ੍ਰਿਤੀ ਵਿਚ ਗੁਰੂ ਨਾਨਕ ਦੇਵ ਜੀ ਦੇ ਮਕੇ ਜਾਣ ਦੀ ਸਾਖੀ ਅੰਕਿਤ ਕੀਤੀ ਗਈ ਹੈ। ਜਿਸ ਵਿਚ ਕਵੀ ਨੇ ਮਕੇ ਦਾ ਸੁਹਣਾ ਚਿਤਰਣ ਕਰਨ ਦਾ ਯਤਨ ਕੀਤਾ ਹੈ। ਕਵੀ ਇਸ ਨੂੰ ਮੁਸਲਮਾਨਾਂ ਦਾ ਧਾਰਮਿਕ ਸਥਾਨ ਮੰਨਦਾ ਹੋਇਆ ਕਹਿੰਦਾ ਹੈ ਕਿ ਮੁਸਲਮਾਨ ਮਕੇ ਦਾ ਬਹੁਤ ਸਤਿਕਾਰ ਕਰਦੇ ਹਨ ਅਤੇ ਇਸ ਲਈ ਇਸ ਸਥਾਨ ਦੀ ਤਾਰੀਫ ਵੀ ਕਰਦੇ ਹਨ। ਯਥਾ-

ਹੇ ਗੁਰ ਮਨ ਕੀ ਆਸ ਪੁਰਾਵਾਉ॥ ਮਕੇ ਦਾ ਦੀਦਾਰ ਕਰੂੰਵਾਉ॥

ਮੁਸਲਮਾਨ ਸਭ ਹਈਐ ਜੇਤੇ॥ ਕਰੈਂ ਤਰੀਫ ਮਕੇ ਕੀ ਤੇਤੇ॥25॥[882]

ਕਵੀ ਅਨੁਸਾਰ ਬਿਦਰ ਤੋਂ ਮਕੇ ਜਾਣ ਲਈ ਪੈਦਲ ਇਕ ਸਾਲ ਲਗਦਾ ਹੈ, ਅਜਿਹਾ ਕਵੀ ਨੇ ਮਦੀਨਾ ਮਕੇਸ੍ਵਰ ਖੰਡ ਵਿਚ ਕਿਹਾ ਹੈ। ਇਸ ਦੇ ਨਾਲ ਹੀ ਮਕੇ ਦੀ ਰਿਵਾਇਤ ਵੀ ਦਸੀ ਹੈ ਕਿ ਮਕੇ ਅੰਦਰ ਕੋਈ ਹਿੰਦੂ ਨਹੀਂ ਜਾ ਸਕਦਾ। ਯਥਾ-

ਗਰੁ ਕਹਯੁ ਏਕ ਬਰਸਿ ਕਾ ਰਾਹਿ॥ ਬਾਲੈ ਕਹਯੁ ਤੁਹਿ ਨੈਰੈ ਆਹਿ॥

ਗੁਰ ਕਹਯੁ ਹਿੰਦੂ ਜਾਣ ਨ ਪਾਵੈ॥ ਬਾਲੈ ਕਹਯੁ ਤੁਹਿ ਕਉਣ ਹਟਾਵੈ॥28॥[883]

ਮਕੇ ਵਿਚ ਜੋ ਕਿਬਲਾ ਹੈ ਉਸ ਅੰਦਰ ਵੀ ਰੁਕਨਲ ਦੀ ਆਗਿਆ ਨਾਲ ਹੀ ਪ੍ਰਵੇਸ਼ ਕੀਤਾ ਜਾ ਸਕਦਾ ਹੈ, ਕਿਉਂਕਿ ਜਦੋਂ ਮਰਦਾਨਾ ਅੰਦਰ ਜਾ ਰਿਹਾ ਸੀ ਤਾਂ ਦਰਬਾਨ ਨੇ ਉਸ ਨੂੰ ਰੋਕ ਦਿਤਾ ਸੀ ਅਤੇ ਕਿਹਾ ਸੀ ਕਿ ਰੁਕਨਲ ਤੋਂ ਆਗਿਆ ਲੈ ਕੇ ਆਵੇ, ਫਿਰ ਉਸ ਨੂੰ ਅਖਾਂ ਉਪਰ ਪੱਟੀ ਬੰਨ ਕੇ ਅੰਦਰ ਜਾਣ ਦਿਤਾ ਜਾਵੇਗਾ। ਸੋ ਇਥੇ ਇਕ ਹੋਰ ਧਾਰਨਾ ਵੀ ਸਾਹਮਣੇ ਆਉਂਦੀ ਹੈ ਕਿ ਅੰਦਰ ਅਖਾਂ ਉਪਰ ਪੱਟੀ ਬੰਨ

---

881 ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 89.

882 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 882.

883 ਉਹੀ, ਪਤਰਾ 882.

ਕੇ ਜਾਣ ਦਿਤਾ ਜਾਂਦਾ ਹੈ, ਭਾਵੇਂ ਕਿ ਕਵੀ ਨੇ ਬਾਅਦ ਵਿਚ ਮਰਦਾਨੇ ਨੂੰ ਬਿਨਾਂ ਪੱਟੀ ਤੋਂ ਹੀ ਕਰਾਮਾਤੀ ਤਰੀਕੇ ਨਾਲ ਅੰਦਰ ਜਾਣਾ ਦਸਿਆ ਹੈ। ਪਰ ਰੁਕਨਲ ਦੀ ਆਗਿਆ ਅਤੇ ਪੱਟੀ ਬੰਨਣ ਦੀ ਗੱਲ ਨੂੰ ਵੀ ਸਵੀਕਾਰ ਕੀਤਾ ਹੈ। ਯਥਾ-

ਰੁਕਨਲਿ ਕੀ ਪਰਿਵਾਨਗੀ ਲੈ ਕਰਿ ਪੁਨਿ ਤੂੰ ਆਇ॥

ਨੇਤ੍ਰ ਤੁਮਰੇ ਬਾਂਧ ਕਰਿ ਦੇਇ ਦੀਦਾਰ ਕਰਾਇ॥77॥[884]

ਜਨਮ ਸਾਖੀਆਂ ਵਾਂਗ ਕਵੀ ਨੇ ਵੀ ਮਕੇ ਦੇ ਘੁੰਮਣ ਵਾਲੀ ਸਾਖੀ ਨੂੰ ਗੁਰੂ ਨਾਨਕ ਦੇਵ ਜੀ ਦੇ ਮਕੇ ਜਾਣ ਨਾਲ ਜੋੜਿਆ ਹੈ। ਜਿਸ ਵਿਚ ਦਸਿਆ ਹੈ ਕਿ ਗੁਰੂ ਜੀ ਰਾਤ ਨੂੰ ਕਿਬਲੇ ਵਲ ਨੂੰ ਮੂੰਹ ਕਰ ਕੇ ਪੈ ਗਏ ਜੋ ਕਿ ਪੂਰਬ ਦਿਸ਼ਾ ਵਲ ਸੀ । ਜਦੋਂ ਸਵੇਰੇ ਜੀਵਨ ਮੁਲਾਂ ਆਇਆ ਤਾਂ ਉਸ ਨੇ ਦੇਖਿਆ ਕਿ ਕੋਈ ਵਿਅਕਤੀ ਕਿਬਲੇ ਵਾਲੇ ਪਾਸੇ ਨੂੰ ਪੈਰ ਕਰ ਕੇ ਸੋ ਰਿਹਾ ਹੈ, ਉਸ ਨੇ ਕਿਹਾ ਕਿ ਉਹ ਆਪਣੇ ਪੈਰ ਉਸ ਪਾਸੇ ਤੋਂ ਹਟਾ ਲਵੇ। ਗੁਰੂ ਜੀ ਨੇ ਸਫ਼ਰ ਦੀ ਥਕਾਵਟ ਕਰਕੇ ਉਠਣ ਤੋਂ ਅਸਮਰਥਤਾ ਪ੍ਰਗਟਾਈ। ਮੁਲਾਂ ਨੇ ਆਪ ਹੀ ਗੁਰੂ ਜੀ ਦੇ ਪੈਰ ਉਤਰ ਦਿਸ਼ਾ ਵਲ ਕਰ ਦਿਤੇ, ਇਸ ਤਰ੍ਹਾਂ ਕਰਨ ਨਾਲ ਹੀ ਕਿਬਲਾ ਵੀ ਉਤਰ ਦਿਸ਼ਾ ਵਲ ਨੂੰ ਘੁੰਮ ਗਿਆ। ਯਥਾ-

ਥਾਕਿਉ ਮੈ ਨਹਿ ਉਠਿਆ ਜਾਈ॥ ਯੋਂ ਗੁਰ ਨਾਨਕ ਕਹਯੋ ਸੁਨਾਈ॥

ਸਤਿਗੁਰ ਕੋਮਲ ਬਚਨਿ ਸੁਣਾਇ॥ ਸੋ ਜੀਵਣ ਕੇ ਮਨਿ ਮੈ ਭਾਇ॥35॥

ਦਯਾ ਆਈ ਤਾਂ ਕੇ ਮਨਿ ਮਾਹਿ॥ ਬਹੁਰਿ ਕਛੁ ਤਿਨ ਭਾਖਿਉ ਨਾਹਿ॥

ਗੁਰ ਕੇ ਚਰਨ ਪਕੜਿ ਕਰਿ ਦੋਇ॥ ਉਤਿਰ ਤਰਫਿ ਕਰੇ ਤਿਨ ਸੋਇ॥36॥

ਸਾਥ ਹੀ ਮਕਾ ਫਿਰਿ ਗਯੋ॥ ਉਤਰਿ ਕੋ ਮੁਖ ਤਾਕਾ ਭਯੋ॥

ਆਗੈ ਥਾ ਪੂਰਬ ਕੋ ਸੋਇ॥ ਪੁਨਿ ਉਤਰਿ ਕੋ ਗਯੋ ਸੁ ਹੋਇ॥37॥[885]

[884] ਉਹੀ, ਪਤਰਾ 885.

[885] ਉਹੀ, ਪਤਰਾ 889-90.

ਮਕੇ ਦੇ ਘੁੰਮਣ ਬਾਰੇ ਕਵੀ ਨੇ ਮੰਗਲ ਖੰਡ ਵਿਚ ਵੀ ਸੰਕੇਤ ਦਿਤਾ ਹੈ। ਜਿਥੇ ਉਹ ਕਹਿੰਦਾ ਹੈ ਕਿ ਗੁਰੂ ਜੀ ਨੇ ਮਕੇ ਨੂੰ ਘੁਮਾ ਕੇ ਸਾਰਿਆਂ ਨੂੰ ਭਾਵ ਮੁਸਲਮਾਨਾਂ ਨੂੰ ਆਪਣੇ ਚਰਨਾ ਨਾਲ ਜੋੜਿਆ ਸੀ-

ਗੁਰ ਨਾਨਕ ਧਰਿਕੈ ਅਵਤਾਰੇ॥ ਬਹੁਜੀਵਨ ਕਾ ਕੀਉ ਉਧਾਰੇ॥

ਮਕਾ ਚਰਨਨ ਸਾਥ ਫਿਰਾਯੋ॥ ਤਿਨ ਸਭਹਨਿ ਕੋ ਚਰਨੀ ਲਾਯੋ॥39॥[886]

ਸੋ ਉਪਰੋਕਤ ਅਸੀਂ ਚਰਚਿਤ ਕ੍ਰਿਤੀ ਵਿਚ ਮਕੇ ਬਾਰੇ ਆਏ ਵਿਚਾਰਾਂ ਬਾਰੇ ਵਿਚਾਰ ਕੀਤੀ ਹੈ, ਜਿਸ ਵਿਚ ਅਸੀਂ ਵਾਚਿਆ ਕਿ ਮਕਾ ਇਕ ਮੁਸਲਮਾਨਾਂ ਦਾ ਤੀਰਥ ਅਸਥਾਨ ਹੈ। ਜਿਸ ਦਾ ਮੁਸਲਮਾਨ ਬਹੁਤ ਹੀ ਸਤਿਕਾਰ ਕਰਦੇ ਹਨ। ਇਸ ਦੀ ਯਾਤਰਾ ਕਰਨ ਉਹ ਜਾਂਦੇ ਰਹਿੰਦੇ ਹਨ। ਇਸ ਦੇ ਅੰਦਰ ਕਿਸੇ ਵੀ ਹਿੰਦੂ ਦਾ ਜਾਣਾ ਮਨ੍ਹਾ ਹੈ। ਕਵੀ ਨੇ ਮਕੇ ਦੇ ਕਿਬਲੇ ਨੂੰ ਪੂਰਬ ਤੋਂ ਉਤਰ ਦਿਸ਼ਾ ਵਿਚ ਘੁੰਮਦਾ ਵੀ ਦਸਿਆ ਹੈ। ਮਕੇ ਦੀ ਮਸੀਤ ਦੀ ਦਿਖ ਬਾਰੇ ਕਵੀ ਨੇ ਵਿਸਤ੍ਰਿਤ ਜਾਣਕਾਰੀ ਨਹੀਂ ਦਿਤੀ, ਬਲਕਿ ਉਥੋਂ ਦੇ ਰੀਤੀ-ਰਿਵਾਜਾਂ ਨੂੰ ਹੀ ਵਰਣਿਤ ਕਰਨ ਦਾ ਯਤਨ ਕੀਤਾ ਹੈ।

### 2.3.2. ਮਦੀਨਾ

ਅਰਬ ਦਾ ਇਕ ਪ੍ਰਸਿਧ ਨਗਰ, ਜਿਥੇ ਮੁਹੰਮਦ ਸਾਹਿਬ ਦਾ ਦੇਹਾਂਤ ਹੋਇਆ ਅਰ ਉਨ੍ਹਾਂ ਦੀ ਕਬਰ ਵਿਦਮਾਨ ਹੈ। ਹਜ਼ਰਤ ਮੁਹੰਮਦ ਨੇ ਆਖਿਆ ਹੈ ਕਿ ਮਦੀਨੇ ਦੀ ਰਖਿਆ ਫਰਿਸ਼ਤੇ ਕਰਦੇ ਹਨ, ਮਦੀਨਾ ਪਹਾੜਧਾਰਾ ਦੀ ਜੜ੍ਹ ਵਿਚ ਪਧਰ ਜ਼ਮੀਨ ਪੁਰ ਵਸਿਆ ਹੋਇਆ ਹੈ। ਇਸ ਦੀ ਸ਼ਹਿਰ ਪਨਾਹ 35-40 ਫੁਟ ਉਚੀ ਹੈ। 30 ਬੁਰਜ ਅਤੇ ਇਰਦ ਗਿਰਦ ਖਾਈ ਹੈ। ਇਸ ਥਾਂ ਪ੍ਰਸਿਧ ਇਮਾਰਤ ਨਬੀ ਦੀ ਮਸੀਤ ਹੈ। ਖੂਹਾਂ ਦਾ ਪਾਣੀ ਮਿਠਾ ਹੈ, ਪਾਸ ਇਕ ਨਹਿਰ ਭੀ ਵਗਦੀ ਹੈ। ਸ਼ਹਿਰ ਦੇ ਆਸ-ਪਾਸ ਖਜੂਰ ਆਦਿ ਬ੍ਰਿਛਾਂ ਦੇ ਬਾਗ ਹਨ। ਮਦੀਨੇ ਦਾ ਪਹਿਲਾ ਨਾਮ ਯਸ਼ਰਿਬ ਸੀ।[887]

ਚਰਚਿਤ ਕ੍ਰਿਤੀ ਵਿਚ ਗੁਰੂ ਜੀ ਮਕੇ ਤੋਂ ਮਦੀਨੇ ਨੂੰ ਜਾਂਦੇ ਹਨ, ਪਰ ਰਸਤੇ ਵਿਚ ਹੀ ਗੁਰੂ ਜੀ ਆਪਣੇ ਦੋਨੋ ਸਾਥੀਆਂ ਨਾਲ ਰੂਮ ਪਹੁੰਚਦੇ ਹਨ, ਜਿਸ ਦਾ ਬਾਦਸ਼ਾਹ ਹਮੀਦ ਕਾਰੂ ਸੀ ।[888] ਇਸ ਤੋਂ

---

[886] ਉਹੀ, ਪਤਰਾ 19.

[887] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 946.

[888] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 906-

ਬਾਅਦ ਕਵੀ ਨੇ ਮਦੀਨੇ ਦੀ ਦੂਰੀ ਦਸੀ ਹੈ, ਪਰ ਸਪਸ਼ਟ ਨਹੀਂ ਕੀਤਾ ਕਿ ਇਹ ਦੂਰੀ ਮਕੇ ਤੋਂ ਹੈ ਜਾਂ ਰੂਮ ਤੋਂ। ਲੇਕਿਨ ਜਿਸ ਪ੍ਰਕਾਰ ਨਾਲ ਕਥਾ ਬਿਰਤਾਂਤ ਅਨੁਸਾਰ ਇਹ ਦੂਰੀ ਰੂਮ ਤੋਂ ਭਾਸਦੀ ਹੈ-

ਇਕ ਪਲਿ ਮਾਹਿ ਮਦੀਨੇ ਆਇ॥ ਬਰਹਿ ਦਿਨ ਕਾ ਰਾਸਤਾ ਸਾਇ॥[889]

ਇਸ ਦੇ ਨਾਲ ਹੀ ਕਵੀ ਨੇ ਸੁਲਤਾਨਪੁਰ ਤੋਂ ਵੀ ਮਦੀਨੇ ਦੀ ਦੂਰੀ ਦਸਣ ਦਾ ਯਤਨ ਕੀਤਾ ਹੈ। ਮਰਦਾਨਾ ਪੁਛਦਾ ਹੈ ਕਿ ਸੁਲਤਾਨਪੁਰ ਤੋਂ ਮਦੀਨੇ ਦੀ ਦੂਰੀ ਕਿਤਨੀ ਹੈ [890] ਤਾਂ ਗੁਰੂ ਜੀ ਉਤਰ ਦਿੰਦੇ ਹਨ ਕਿ ਸਤ ਸੌ ਜੋਜਨ ਦੂਰ ਹੈ। ਯਥਾ-

ਸਤਿ ਸੈ ਜੇਜਨ ਇਹਾਂ ਤੇ ਤਾ ਪ੍ਰਤਿ ਕਹਯੋ ਦਿਆਲ॥

ਦੋਇ ਘੜੀ ਦਿਨ ਰਹੇ ਤੇ ਹਮਰੀ ਕਰੀ ਸਮਾਲ॥38॥[891]

ਇਸ ਸਥਾਨ ਦੀ ਦੂਰੀ ਦਸਣ ਦੇ ਨਾਲ ਹੀ ਇਹ ਵੀ ਦਸਿਆ ਹੈ ਕਿ ਮਦੀਨੇ ਵਿਚ ਹਜਰਤ ਮੁਹੰਮਦ ਸਾਹਿਬ ਦੀ ਕਬਰ ਹੈ।[892] ਇਸ ਸਥਾਨ ਉਪਰ ਵੀ ਕਵੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਮਕੇ ਵਾਲਾ ਬਿਰਤਾਂਤ ਹੀ ਵਾਪਰਿਆ ਦਸਿਆ ਹੈ, ਭਾਵ ਜਿਵੇਂ ਉਥੇ ਕਿਬਲ ਵਲ ਪੈਰ ਕਰਕੇ ਸੁਤੇ ਸਨ, ਇਥੇ ਵੀ ਮੁਹੰਮਦ ਸਾਹਿਬ ਦੀ ਕਬਰ ਵਲ ਨੂੰ ਗੁਰੂ ਜੀ ਪੈਰ ਕਰਕੇ ਸੌਂ ਗਏ। ਜਦੋਂ ਮੁਲਾਂ ਨੇ ਸਵੇਰੇ ਆ ਕੇ ਦੇਖਿਆ ਅਤੇ ਕਿਹਾ ਕਿ ਕਬਰ ਵਲ ਨੂੰ ਪੈਰ ਨਹੀਂ ਕਰਨੇ, ਉਸ ਨੇ ਗੁਰੂ ਜੀ ਦੇ ਪੈਰ ਦੂਜੇ ਪਾਸੇ ਨੂੰ ਘੁੰਮਾ ਦਿਤੇ ਤਾਂ ਕਬਰ ਵੀ ਨਾਲ ਹੀ ਘੁੰਮਣ ਲਗ ਗਈ। ਇਹ ਬਿਰਤਾਂਤ ਦੇਖ ਕੇ ਮੁਲਾਂ ਹੋਸ਼ ਖੋ ਬੈਠਾ। ਯਥਾ-

ਖਾਤਮ ਹਿਯਾਤ ਮੁਲਾ ਪਰਭਾਤਿ ਚੜੇ ਦਿਨ ਮਾਹਿ ਮਸੀਤ ਸੁ ਆਯੋ॥

---

ਹਮੀਦ ਕਾਰ ਨਾਮ ਹੈ॥ ਸੁ ਜੁਲਮੀ ਮਹਾਨ ਹੈ॥ ਸੁ ਪਾਤਿਸਾਹੁ ਰੂਮ ਕਾ॥ ਨਿਕਾਸਿ ਜੋ ਪੈਸਾ ਭੂਮ ਕਾ॥17॥

[889] ਉਹੀ, ਪਤਰਾ 915.

[890] ਉਹੀ, ਪਤਰਾ 922-

ਪੁਨਿ ਮਰਦਾਨੈ ਬੂਝਿਯੋ ਕਹਿ ਕਰਿ ਬਚਨਿ ਰਸਾਲ॥ ਕਿਤਨਾ ਹੈ ਸੁਲਤਾਨ ਪੁਰ ਹਮ ਸੋ ਕਹੋ ਦਿਆਲ॥37॥

[891] ਉਹੀ, ਪਤਰਾ 922.

[892] ਉਹੀ, ਪਤਰਾ 916-

ਗਯੋ ਮਹੁੰਮਦ ਭਿਸਤ ਕੋ ਇਹੁ ਤਿਸ ਕੀ ਹੈ ਗੋਰ॥ ਬਹੁਰਿ ਮਹੁੰਮਦ ਜਗਤਿ ਮੈ ਜਨਮ ਧਰੈਗਾ ਹੋਰ॥13॥

ਦੇਖ ਨਬੀ ਵਲਿ ਪਾਵ ਕਰੇ ਤਿਨ ਨਿੱਠਰ ਏਕ ਸੁ ਵਾਕ ਅਲਾਯੋ॥

ਯਾਰਹੁ ਕੌਨ ਬਿਕੂਫ ਪਰਾ ਇਹ ਨਾਹਿ ਕਿਨੀ ਇਸ ਕੋ ਸਮਝਾਯੋ ॥

ਪਾਵ ਕਰੇ ਇਨ ਗੋਰ ਵਲੰ ਰਬ ਕੇ ਘਰਿ ਤੇ ਇਨ ਖੋਫ ਨ ਖਾਯੋ॥3॥

ਖਾਤਮ ਹਿਯਾਤ ਮੁਲਾਂ ਫੜਿ ਕੈ ਪਗ ਖੈਚਨ ਤਾਹਿ ਲਗਯੋ ਅਗਿਆਨੀ॥

ਬਾਲਹਿ ਦੇਖ ਕਹਯੋ ਤਿਸ ਕੋ ਮਤਿ ਕੋਪ ਕਰੈ ਹਮ ਗੋਰ ਨ ਜਾਨੀ ॥

ਹਾਰ ਗਏ ਚਲਤੇ ਚਲਤੇ ਹਮ ਅੰਮ੍ਰਿਤ ਕੇ ਸਮ ਬੋਲਿਉ ਬਾਨੀ॥

ਗੋਰ ਨਹੀ ਜਿਕੜੇ ਤੁਮਰੀ ਤਿਕੜੇ ਕਰਿਦੇ ਪਗ ਆਪ ਮਹਾਨੀ॥4॥

ਤਬ ਖੈਚਨ ਤਾਹਿ ਲਗਯੋ ਪਗ ਕੋ ਤਿਸ ਕੇ ਮਨਿ ਮਾਹਿ ਦਯੋ ਕਛੁ ਆਇ॥

ਜਿਕੜੇ ਜਿਕੜੇ ਤਿਨ ਪਾਵ ਕਰੇ ਤਿਕੜੇ ਤਿਕੜੇ ਮਗ ਗੋਰ ਫਿਰਾਈ॥

ਤਬ ਦੇਖਤਿ ਤਾਹਿ ਭਯੋ ਬਿਸਮੈ ਤਿਸ ਕੇ ਮਨਿ ਕੀ ਸਭ ਸੁੱਧਿ ਭੂਲਾਈ ॥

ਕਰਿਕੈ ਮਨਿ ਮਾਹਿ ਬਿਚਾਰ ਕਹਯੋ ਤਿਨ ਮੰਤਰਿ ਸੈਂ ਤੁਮ ਗੋਰ ਭਵਾਈ॥5॥[893]

ਮਦੀਨੇ ਵਿਚ ਕਵੀ ਨੇ ਇਕ ਹੋਰ ਕਰਾਮਾਤ ਦਾ ਜ਼ਿਕਰ ਵੀ ਕੀਤਾ ਹੈ ਕਿ ਗੁਰੂ ਜੀ ਨੇ ਆਪਣੀਆਂ ਲਤਾਂ ਨੂੰ ਵਧਾ ਕੇ ਕਬਰ ਨਾਲ ਲਗਾ ਦਿਤਾ ਜਿਸ ਨਾਲ ਕਬਰ ਕੰਬਣ ਲਗ ਗਈ।[894] ਫਿਰ ਜਦੋਂ ਉਹ ਸਾਰੇ ਗੁਰੂ ਜੀ ਨੂੰ ਉਹ ਮੰਦੇ ਬਚਨ ਬੋਲਣ ਲਗੇ ਤਾਂ ਗੁਰੂ ਜੀ ਉਠ ਕੇ ਖੜੇ ਹੋ ਗਏ ਤਾਂ ਕਬਰ ਵੀ

[893] ਉਹੀ, ਪਤਰਾ 919-20.

[894] ਉਹੀ, ਪਤਰਾ 962-

ਦੇਖੋ ਅਬ ਕਰਾਮਾਤਿ ਕੋ ਹੋਵਉ ਸਭ ਹੁਸਿਯਾਰ॥ ਇਮ ਕਹ ਨਾਨਕ ਸਾਹ ਨੈ ਦੀਨੇ ਪਾਵ ਪਸਾਰ॥23 ॥ ਚੌਪਈ॥ ਲਤਾਂ ਅਪਣੀ ਦੇਈ ਬਧਾਇ॥ ਲਾਗੇ ਪਾਵ ਕਬਰਿ ਕੋ ਜਾਇ॥ ਲਗੇ ਚਰਨ ਕਬਰਿ ਕੋ ਜਬੈ॥ ਉਠ ਕਰਿ ਕਬਰਿ ਖੜੀ ਭਈ ਤਬੈ॥24॥ ਥਰਿ ਥਰਿ ਕਾਂਪਨਿ ਲਗੀ ਮਸੀਤ॥ ਜਿਉ ਕਾਪੈ ਕੁਊ ਲਾਗੇ ਸੀਤ॥ ਕਬਰਿ ਨਬੀ ਕੀ ਥਰਿ ਥਰਿ ਕਾਪੇ॥ ਕੋਪ ਭਯੋ ਹਕਤਾਲਾ ਆਪੇ॥25॥

ਨਾਲ ਹੀ ਖੜੀ ਹੋ ਗਈ [895] ਤੇ ਭੁਲ ਬਖਸ਼ਾਉਣ ‘ਤੇ ਕਬਰ ਦੁਬਾਰਾ ਆਪਣੇ ਸਥਾਨ ਤੇ ਉਸੇ ਤਰ੍ਹਾਂ ਬੈਠ ਗਈ। ਯਥਾ-

ਯਾਹਿ ਜਮਾਨੇ ਕੇ ਤੁਮ ਬਲੀ॥ ਉਮਤਿ ਹਾਥ ਬਾਂਧ ਸਭ ਖਲੀ॥

ਦੇਖ ਦਯਾ ਨਾਨਕ ਮਨ ਆਈ॥ ਗੋਰ ਜਿਮੀ ਪਰਿ ਦਈ ਬਿਠਾਈ॥48॥[896]

ਉਪਰੋਕਤ ਵਿਚਾਰ ਤੋਂ ਅਸੀਂ ਦੇਖਦੇ ਹਾਂ ਕਿ ਮਦੀਨੇ ਵਿਚ ਹਜਰਤ ਮੁਹੰਮਦ ਸਾਹਿਬ ਦੀ ਕਬਰ ਹੈ, ਜਿਥੇ ਮੁਸਲਮਾਨਾਂ ਦੀ ਬਹੁਤ ਸ਼ਰਧਾ ਹੈ। ਕਵੀ ਨੇ ਇਸ ਸਥਾਨ ਉਪਰ ਕਰਾਮਾਤੀ ਢੰਗ ਨਾਲ ਇਸ ਸਥਾਨ ਦੇ ਬਿਰਤਾਂਤ ਨੂੰ ਪ੍ਰਸਤੁਤ ਕੀਤਾ ਹੈ। ਜਿਸ ਵਿਚ ਕਬਰ ਦਾ ਘੁੰਮਣਾ, ਖੜਾ ਹੋਣਾ ਇਤਿਆਦਿਕ ਸ਼ਾਮਿਲ ਹੈ। ਇਸ ਦੀ ਦੂਰੀ ਸੁਲਤਾਨਪੁਰ ਤੋਂ ਸਤ ਸੌ ਜੋਜਨ ਦਸੀ ਹੈ ਅਤੇ ਰੂਮ/ਮਦੀਨੇ ਤੋਂ ਇਸ ਦੀ ਦੂਰੀ ਬਾਰ੍ਹਾਂ ਦਿਨਾਂ ਦੀ ਹੈ। ਮਦੀਨੇ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਮਸੀਤ ਹੋਣ ਬਾਰੇ ਕਵੀ ਨੇ ਜ਼ਿਕਰ ਕੀਤਾ ਹੈ, ਪਰ ਇਸ ਮਸੀਤ ਦੀ ਬਣਤਰ ਬਾਰੇ ਜ਼ਿਕਰ ਵਿਸਤ੍ਰਿਤ ਰੂਪ ਵਿਚ ਨਹੀਂ ਕੀਤਾ। ਸੋ ਕਵੀ ਨੇ ਮਨੋਰਥ ਅਨੁਸਾਰ ਹੀ ਕਥਾ ਦਾ ਬਿਰਤਾਂਤ ਪ੍ਰਸਤੁਤ ਕੀਤਾ ਹੈ। ਜਿਸ ਤੋਂ ਸਾਨੂੰ ਇਸ ਸਥਾਨ ਦੀਆਂ ਕੁਝ ਕੁ ਰਸਮਾਂ ਦਾ ਤਾਂ ਪਤਾ ਲਗਦਾ ਹੈ, ਪਰ ਇਸ ਦੀ ਬਣਤਰ ਜਾਂ ਦਿਖ ਬਾਰੇ ਪਤਾ ਨਹੀਂ ਲਗਦਾ।

### 2.3.3. ਮਸੀਤ

ਸਿਜਦਾ ਕਰਨ ਦਾ ਅਸਥਾਨ, ਮੁਸਲਮਾਨਾਂ ਦਾ ਪੂਜਾ ਪਾਠ ਅਥਵਾ ਨਮਾਜ਼ ਪੜ੍ਹਨ ਲਈ ਬਣਿਆ ਅਸਥਾਨ। ਮੁਸਲਮਾਨ ਨਮਾਜ਼ ਪੜ੍ਹਨ ਵੇਲੇ ਝੁਕ ਕੇ ਸਿਜਦਾ ਕਰਦੇ ਹਨ, ਜਿਸ ਤੋਂ ਉਨ੍ਹਾਂ ਦੇ ਧਾਰਮਿਕ ਅਸਥਾਨ ਦਾ ਨਾਂ ਮਸਜਿਦ ਪੈ ਗਿਆ। ਜਦੋਂ ਅਰਬੀ ਮੁਸਲਮਾਨ ਸਿੰਧ ਦੇ ਰਸਤੇ ਭਾਰਤ ਵਿਚ ਆਏ ਤਾਂ ਉਨ੍ਹਾਂ ਨਾਲ ਹੀ ਉਨ੍ਹਾਂ ਦਾ ਧਰਮ, ਗ੍ਰੰਥ ਤੇ ਪੂਜਾ ਪਾਠ ਦੀਆਂ ਵਿਧੀਆਂ ਵੀ ਇਥੇ ਨਾਲ ਹੀ

---

[895] ਉਹੀ, ਪਤਰਾ 920-21-

ਇਹੁ ਕੁਊ ਆਹਿ ਬਡੇ ਬਕਬਾਦੀ॥ ਖਾਤਮ ਹਿਯਾਤ ਕਹਯੋ ਇਉ ਕਾਦੀ॥ ਇਨਿ ਮੰਤਰ ਕਰਿ ਗੋਰ ਫਿਰਾਈ॥ ਹੈ ਕੁਊ ਇਨਿ ਕੋ ਦੇਹੁ ਉਠਾਈ॥13॥ ਇਉ ਤਿਨ ਕਠਨਿ ਬਚਨਿ ਜਬ ਕਹੇ॥ ਤੀਨੋ ਉਠ ਕਰਿ ਖੜੇ ਸੁ ਰਹੇ॥ ਖੜੇ ਰਹੇ ਗੁਰ ਨਾਨਕ ਜਬੈ॥ ਸਾਥ ਹੀ ਗੋਰ ਖੜੀ ਰਹੀ ਤਬੈ॥14॥

[896] ਉਹੀ, ਪਤਰਾ 963.

ਆਈਆਂ ਅਤੇ ਉਨ੍ਹਾਂ ਨੇ ਆਪਣੇ ਆਕੀਦੇ ਅਨੁਸਾਰ ਮਸਜਿਦਾਂ ਬਣਵਾਈਆਂ। ਆਰੰਭ ਵਿਚ ਤਾਂ ਮੁਸਲਮਾਨ ਧਾੜਵੀਆਂ ਨੇ ਹਿੰਦੂ ਮੰਦਰਾਂ ਨੂੰ ਹੀ ਮਸਜਿਦਾਂ ਵਿਚ ਬਦਲਿਆਂ, ਪਰ ਤੇਰਹਵੀਂ ਸਦੀ ਤੋਂ ਬਾਕਾਇਦਾ ਸੁੰਦਰ ਤੇ ਆਲੀਸ਼ਾਨ ਮਸਜਿਦਾਂ ਉਸਾਰੀਆਂ ਜਾਣ ਲਗੀਆਂ। ਨਮਾਜ ਪੜ੍ਹਨ ਵੇਲੇ ਮੁਸਲਮਾਨ ਕਾਅਬੇ ਵਲ ਮੂੰਹ ਕਰਦੇ ਹਨ। ਇਸ ਲਈ ਮਸਜਿਦ ਵਿਚ ਪਛਮ ਦਿਸ਼ਾ ਵਲ ਇਕ ਮਿਹਰਾਬ ਬਣੀ ਹੁੰਦੀ ਹੈ, ਜਿਸ ਦੇ ਸਾਹਮਣੇ ਖੜੇ ਹੋ ਕੇ ਮੁਸਲਮਾਨ ਨਮਾਜ਼ ਪੜ੍ਹਦੇ ਹਨ। ਕਈ ਥਾਈਂ ਮਿਹਰਾਬ ਦੀ ਕੰਧ ਵਿਚ ਇਕ ਆਲਾ ਬਣਿਆ ਹੁੰਦਾ ਹੈ, ਜੋ ਕਾਅਬੇ ਦੀ ਠੀਕ ਦਿਸ਼ਾ ਦਾ ਬੋਧਿਕ ਹੁੰਦਾ ਹੈ। ਮਸਜਿਦ ਵਿਚ ਕਾਅਬੇ ਦੀ ਤਸਵੀਰ ਦੇ ਸਿਵਾਏ ਹੋਰ ਕੋਈ ਤਸਵੀਰ, ਮੂਰਤੀ ਜਾਂ ਪੂਜਾ ਸਮਗਰੀ ਨਹੀਂ ਹੁੰਦੀ, ਕਿਉਂ ਜੋ ਮੁਸਲਮਾਨ ਮੂਰਤੀ ਤੇ ਵਸਤੂ ਪੂਜਾ ਦੇ ਵਿਰੁਧ ਹਨ। ਕਾਅਬੇ ਦੀ ਤਸਵੀਰ ਵੀ ਕਿਸੇ ਕਿਸੇ ਮਸਜਿਦ ਵਿਚ ਲਗੀ ਹੁੰਦੀ ਹੈ।[897]
ਕਵੀ ਨੇ ਮਸੀਤ ਨੂੰ ਨਮਾਜ਼ ਅਤੇ ਸਿਜਦਾ ਕਰਨ ਦਾ ਸਥਾਨ ਦਸਿਆ ਹੈ। ਇਸ ਬਾਰੇ ਉਦਾਸੀ ਖੰਡ ਵਿਚ ਸੰਕੇਤ ਮਿਲਦੇ ਹਨ, ਜਦੋਂ ਕਾਜੀ ਗੁਰੂ ਨਾਨਕ ਦੇਵ ਜੀ ਨਾਲ ਨਮਾਜ ਅਦਾ ਕਰਨ ਮਸੀਤ ਵਿਚ ਜਾਂਦੇ ਹਨ। ਯਥਾ-

ਕਾਜੀ ਦੌਲਤਿ ਖਾਨ ਮਹਾਨ॥ ਲਾਗੇ ਸਿਜਦਾ ਕਰਨਿ ਸੁਜਾਨ॥61॥
ਸਿਜਦਾ ਕਰੈਂ ਸੁ ਕਲਮਾ ਭਾਨੈ॥ ਮਨ ਦੋਨੋ ਕਾ ਨਾਹਿ ਠਕਾਨੈ॥[898]

ਜਿਥੇ ਇਹ ਨਮਾਜ ਅਦਾ ਕਰਨ ਦਾ ਸਥਾਨ ਹੈ, ਉਸ ਦੇ ਨਾਲ ਇਹ ਸੰਕੇਤ ਦਿਤਾ ਹੈ ਕਿ ਹਿੰਦੂਆਂ ਨੂੰ ਮਸੀਤ ਵਿਚ ਜਾਣ ਨਹੀਂ ਦਿਤਾ ਜਾਂਦਾ[899] ਜਾਂ ਉਹ ਆਪ ਅੰਦਰ ਨਹੀਂ ਜਾਂਦੇ। ਯਥਾ-

ਕਾਜੀ ਭਏ ਸਰਬ ਕੇ ਆਗੇ॥ ਕਰਨਿ ਨਿਵਾਜ ਤਾਂਹਿ ਸਭਿ ਲਾਗੇ॥
ਹਿੰਦੂ ਤਹਾਂ ਗਏ ਸਭਿ ਜੇਤੇ॥ ਖੜੇ ਮਸੀਤੋ ਬਾਹਰਿ ਤੇਤੇ॥47॥[900]

---

[897] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਸਤਵੀਂ*, ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 1851-52.

[898] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 638.

[899] ਉਹੀ, ਪਤਰਾ 637-

ਹਿੰਦੂ ਤਹਾਂ ਗਏ ਸਭ ਜੇਤੇ॥ ਭੀਤਰ ਜਾਣ ਦਏ ਨਹੀ ਤੇਤੇ॥ ਖੜੇ ਮਸੀਤੋ ਬਾਹਰਿ ਵਾਰ॥ ਪ੍ਰਾਨ ਤਜਨਿ ਕੋ ਭਏ ਤਿਆਰ॥51॥

ਕਵੀ ਨੇ ਮਕੇ ਦੇ ਅੰਦਰ ਸ਼ਿਵ ਲਿੰਗ ਦੇ ਸਥਾਪਿਤ ਹੋਣ ਦੀ ਗੱਲ ਆਖੀ ਹੈ।[901] ਇਸ ਦੌਰਾਨ ਉਹ ਇਕ ਕਥਾ ਬਿਆਨ ਕਰਦਾ ਹੈ, ਜਿਸ ਵਿਚ ਖੁਨਕਾਰ ਹੁਸੈਨ ਹਿੰਦੂਆਂ ਦਾ ਸਥਾਨ ਢਾਹ ਕੇ ਮਸੀਤ ਬਣਾਉਣ ਦੀ ਗੱਲ ਕਰਦਾ ਹੈ। ਇਸ ਤੋਂ ਮੁਸਲਮਾਨਾਂ ਸ਼ਾਸਕਾਂ ਦੁਆਰਾ ਹਿੰਦੂ ਮੰਦਰਾਂ ਨੂੰ ਢਾਹ ਕੇ ਮਸੀਤਾਂ ਬਣਾਉਣ ਦੀ ਗੱਲ ਸਪਸ਼ਟ ਹੁੰਦੀ ਹੈ। ਖੁਨਕਾਰ ਹੁਸੈਨ ਵੀ ਮਸੀਤ ਬਣਾਉਣ ਲਈ ਕਹਿੰਦਾ ਹੈ-

ਸਬਹਨਿ ਕੋ ਇਹੁ ਠਉਰ ਬਤਾਈ॥ ਸਬਹਨਿ ਕੇ ਮਨ ਮੈ ਇਹੁ ਭਾਈ॥

ਕਰੈਂ ਮਸੀਤ ਏਕ ਸ ਠਉਰ॥ ਯਾ ਸਮ ਠਉਰ ਨ ਸੁੰਦਰ ਅਉਰ॥5॥

ਹਿੰਦੂ ਕਾ ਹੈ ਇਹੁ ਅਸਥਾਨ॥ ਇਸ ਕੋ ਅਪਨਾ ਕਰੋ ਮਹਾਨ॥[902]

ਕਵੀ ਨੇ ਮਸੀਤ ਨੂੰ ਗਾਰੇ, ਇਟਾਂ ਅਤੇ ਚੂਨੇ ਨਾਲ ਬਣੀ ਇਕ ਇਮਾਰਤ ਦਸਿਆ ਹੈ, ਉਸ ਨੇ ਇਸ ਨੂੰ ਢਾਹੁਣ ਨਾਲੋਂ ਮਨੁਖ ਦੀ ਜਾਨ ਦੀ ਕੀਮਤ ਦਸੀ ਹੈ। ਸੋ ਕਵੀ ਨੇ ਮਸੀਤ ਦੀ ਇਮਾਰਤ ਦੀ ਗੱਲ ਕਰਕੇ ਵੀ ਆਪਣਾ ਮਨੋਰਥ ਸਿਧ ਕਰਨ ਦਾ ਯਤਨ ਕੀਤਾ ਹੈ। ਯਥਾ-

ਦਿਉ ਅਸਥਾਨ ਮਸੀਤ ਗਿਰਾਇ॥ ਹੋਇ ਪਾਪ ਤਿਉ ਜਾਨੋ ਸਾਇ॥

ਦਿਉ ਅਸਥਾਨ ਮਸੀਤ ਜੁ ਦੋਇ॥ ਫੇਰ ਭੀ ਬਣੈ ਗਿਰੇ ਤੇ ਸੋਇ॥79॥

ਗਾਰਾ ਇਟਾ ਚੂਨਾ ਲਾਇ॥ ਪੁਨਿ ਭੀ ਲੇਵੈ ਤਾਹਿ ਬਣਾਇ॥

ਆਦਮਿ ਮਰਾ ਨ ਜਿੰਦਾ ਹੋਇ॥ ਤਾ ਕੋ ਸਕੈ ਜਾਵਾਇ ਨ ਕੋਇ॥80॥[903]

ਮੁਸਲਮਾਨਾਂ ਦਾ ਮਸੀਤ ਵਿਚ ਆਉਣ ਦਾ ਸਮਾਂ ਕਵੀ ਨੇ ਸਵੇਰ ਦਾ ਦਸਿਆ ਹੈ, ਭਾਵੇਂ ਕਿ ਚਰਚਿਤ ਕ੍ਰਿਤੀ ਵਿਚ ਨਮਾਜ ਦੇ ਸਮੇਂ ਵੀ ਮਸੀਤ ਵਿਚ ਜਾਣ ਦਾ ਜ਼ਿਕਰ ਆਇਆ ਹੈ, ਜਿਸ ਦਾ ਜ਼ਿਕਰ ਉਪਰੋਕਤ ਹੋ ਚੁਕਾ ਹੈ। ਪਰ ਮਕੇਸ੍ਰੂਰ ਖੰਡ ਵਿਚੋਂ ਇਹ ਸਿਧ ਹੁੰਦਾ ਹੈ ਕਿ ਸਵੇਰ ਸਮੇਂ ਮਸੀਤ ਦੀ ਸਫਾਈ ਲਈ

---

[900] ਉਹੀ, ਪਤਰਾ 637.

[901] ਉਹੀ, ਪਤਰਾ 885-90.

[902] ਉਹੀ, ਪਤਰਾ 887-88.

[903] ਉਹੀ, ਪਤਰਾ 943.

ਸ਼ਰਧਾਲੂ ਆਉਂਦੇ ਹਨ। ਜਿਵੇਂ ਕਿ ਜਦੋਂ ਗੁਰੂ ਜੀ ਕਿਬਲੇ ਵਲ ਪੈਰ ਕਰਕੇ ਪਏ ਸਨ ਤਾਂ ਮੁਲਾਂ ਮਸੀਤ ਵਿਚ ਝਾੜੂ ਦੇਣ ਲਈ ਆਇਆ ਸੀ। ਯਥਾ-

ਖਾਤਮ ਹਿਯਾਤ ਮੁਲਾ ਪਰਭਾਤਿ ਚੜੇ ਦਿਨ ਮਾਹਿ ਮਸੀਤ ਸੁ ਆਯੋ॥

ਦੇਖ ਨਬੀ ਵਲਿ ਪਾਵ ਕਰੇ ਤਿਨ ਨਿੱਠਰ ਏਕ ਸੁ ਵਾਕ ਅਲਾਯੋ॥[904]

ਸੋ ਉਪਰੋਕਤ ਵਿਚਾਰਾਂ ਵਿਚ ਅਸੀਂ ਦੇਖਿਆ ਕਿ ਮਸੀਤ ਮੁਸਲਮਾਨਾਂ ਦੇ ਸਿਜਦਾ, ਕਲਮਾਂ ਅਤੇ ਨਿਮਾਜ ਪੜ੍ਹਨ ਦੀ ਪਵਿਤਰ ਥਾਂ ਹੈ। ਜੋ ਕਿ ਇਕ ਇਟਾਂ, ਚੂਨੇ ਅਤੇ ਗਾਰੇ ਤੋਂ ਬਣੀ ਇਮਾਰਤ ਹੁੰਦੀ ਹੈ, ਮੁਸਲਮਾਨ ਸ਼ਾਸਕਾਂ ਦੁਆਰਾ ਹਿੰਦੂਆਂ ਦੇ ਸਥਾਨਾਂ ਨੂੰ ਢਾਹੇ ਕੇ ਮਸੀਤਾਂ ਬਣਵਾਉਣ ਦਾ ਸੰਕੇਤ ਵੀ ਚਰਚਿਤ ਕ੍ਰਿਤੀ ਵਿਚ ਕੀਤਾ ਹੈ।

### 2.3.4. ਕਬਰ/ਗੋਰ

ਮੁਸਲਮਾਨ ਆਪਣੇ ਮੁਰਦੇ ਕਬਰਾਂ ਵਿਚ ਦਬਾਂਦੇ ਹਨ। ਹਿੰਦੂਆਂ ਵਿਚ ਆਮ ਤੌਰ 'ਤੇ ਦਾਹ-ਸੰਸਕਾਰ ਦੀ ਪ੍ਰਥਾ ਹੈ, ਪਰ ਕਈ ਸੰਨਿਆਸੀਆਂ ਅਤੇ ਸਾਧਾਂ ਫ਼ਕੀਰਾਂ ਵਿਚ ਮੁਰਦੇ ਦਫ਼ਨਾਏ ਜਾਂਦੇ ਹਨ। ਛੋਟੇ ਬੱਚੇ ਨੂੰ ਹਿੰਦੂ ਜਾਂਤਾਂ ਕਬਰ ਵਿਚ ਦਬਾਂਦੇ ਹਨ ਜਾਂ ਜਲ-ਪ੍ਰਵਾਹ ਕਰਦੇ ਹਨ। ਪੁਰਾਣੇ ਵੇਲਿਆਂ ਵਿਚ, ਕਈ ਹਿੰਦੂ, ਆਪਣੇ ਛੋਟੇ ਬੱਚੇ ਨੂੰ, ਜੇ ਉਹ ਦੁਧ ਚੁੰਘਣ ਦੀ ਉਮਰ ਵਿਚ ਹੀ ਮਰ ਜਾਵੇ, ਤਾਂ ਘਰ ਦੀ ਮੁਹਾਠ ਹੇਠਾਂ ਹੀ ਦੱਬ ਦੇਂਦੇ ਸਨ। ਧਾਰਨਾ ਸੀ ਕਿ ਇਸ ਤਰ੍ਹਾਂ ਬੱਚਾ ਮੁੜ ਉਸੇ ਘਰ ਵਿਚ ਜਨਮ ਲੈਂਦਾ ਹੈ। ਕਬਰ ਪੁਟਣ ਲਈ ਖ਼ਾਸ ਮਜ਼ਦੂਰ ਹੁੰਦੇ ਹਨ, ਜਿਨ੍ਹਾਂ ਨੂੰ ਕਬਰਪੁਟ ਕਿਹਾ ਜਾਂਦਾ ਹੈ। ਮੀਆਂਵਾਲੀ ਦੇ ਇਲਾਕੇ ਵਿਚ ਕਬਰ ਲੋਹਾਰ, ਤਰਖਾਣ ਜਾਂ ਘੁੰਮਿਆਰ ਤੋਂ ਖੁਦਾਈ ਜਾਂਦੀ ਹੈ। ਖੁਦਾਈ ਵੇਲੇ ਕਬਰ ਦੇ ਅੰਦਰ ਪੂਰਬ ਵਲ ਇਕ ਆਲਾ ਜਾਂ ਗੁਫਾ ਬਣਾਈ ਜਾਂਦੀ ਹੈ, ਜਿਸ ਨੂੰ ਸਮੀਂ ਕਹਿੰਦੇ ਹਨ। ਮੁਰਦੇ ਦਾ ਸਰੀਰ ਇਸੇ ਗੁਫਾ ਵਿਚ ਰਖਿਆ ਜਾਂਦਾ ਹੈ। ਆਮ ਤੌਰ 'ਤੇ ਕਬਰ ਆਦਮੀ ਦੀ ਛਾਤੀ ਤਕ ਗਹਿਰੀ ਖੋਦੀ ਜਾਂਦੀ ਹੈ। ਮੁਰਦੇ ਨੰ ਦੱਬਣ ਵੇਲੇ ਉਸ ਦਾ ਮੂੰਹ ਕਾਅਬੇ ਵਲ ਕੀਤਾ ਜਾਂਦਾ ਹੈ ਅਤੇ ਸਿਰ ਦੇ ਹੇਠਾਂ ਸਰਹਾਣੇ

---

[904] ਉਹੀ, ਪਤਰਾ 919.

ਵਜੋਂ ਇੱਟ ਰਖੀ ਜਾਂਦੀ ਹੈ। ਉਪਰੋਂ ਮਿਟੀ ਨਾਲ ਕਬਰ ਨੂੰ ਪੂਰ ਦਿਤਾ ਜਾਂਦਾ ਹੈ। [905] ਕਵੀ ਨੇ ਕਬਰ ਜਾਂ ਗੋਰ ਦਾ ਜ਼ਿਕਰ ਚਰਚਿਤ ਕ੍ਰਿਤੀ ਵਿਚ ਸੰਕੇਤ ਰੂਪ ਵਿਚ ਕੀਤਾ ਹੈ। ਇਸ ਦਾ ਜ਼ਿਆਦਾ ਜ਼ਿਕਰ ਮਕੇਸੂਰ ਖੰਡ ਵਿਚ ਦੇਖਣ ਨੂੰ ਮਿਲਦਾ ਹੈ। ਜਿਥੇ ਮੁਹੰਮਦ ਸਾਹਿਬ ਦੀ ਕਬਰ ਸੀ-

ਗਯੋ ਮਹੁੰਮਦ ਭਿਸਤ ਕੋ ਇਹੁ ਤਿਸ ਕੀ ਹੈ ਗੋਰ॥

ਬਹੁਰਿ ਮਹੁੰਮਦ ਜਗਤਿ ਮੈ ਜਨਮ ਧਰੈਗਾ ਹੋਰ॥13॥[906]

ਅਸੀਂ ਉਪਰ ਜ਼ਿਕਰ ਕਰ ਆਏ ਹਾਂ ਕਿ ਕਵੀ ਨੇ ਕਿਸ ਤਰ੍ਹਾਂ ਗੋਰ ਦੇ ਘੁੰਮਣਾ ਅਤੇ ਖੜ੍ਹੀ ਹੋਣ ਦਾ ਚਿਤਰਣ ਕੀਤਾ ਹੈ। ਸੋ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਕਬਰ ਬਾਰੇ ਸੰਕੇਤ ਮਾਤਰ ਹੀ ਚਰਚਿਤ ਕ੍ਰਿਤੀ ਵਿਚ ਜ਼ਿਕਰ ਕੀਤਾ ਹੈ।

### 2.4 ਅਭਾਰਤੀ ਪਰਾਲੌਕਿਕ ਸਥਾਨ

#### 2.4.1. ਤਬਕ

ਲੋਕ ਦਾ ਅਰਥ ਹੈ ਸੰਸਾਰ ਦਾ ਹਿਸਾ ਜਾਂ ਭਾਗ। ਇਸ ਨੂੰ ਭੁਵਨ ਵੀ ਕਿਹਾ ਜਾਂਦਾ ਹੈ। ਪੁਰਾਣ ਸਾਹਿਤ ਵਿਚ ਸਾਧਾਰਣ ਤੌਰ 'ਤੇ ਲੋਕਾਂ ਦੀ ਗਿਣਤੀ ਤਿੰਨ ਮੰਨੀ ਜਾਂਦੀ ਹੈ- ਸਵਰਗ, ਪ੍ਰਿਥਵੀ ਅਤੇ ਪਾਤਾਲ। ਪਰ ਵਿਸ਼ੇਸ ਤੌਰ 'ਤੇ ਇਨ੍ਹਾਂ ਦੀ ਗਿਣਤੀ ਚੌਦਾਂ ਕੀਤੀ ਗਈ ਹੈ। ਇਨ੍ਹਾਂ ਵਿਚੋਂ ਸੱਤ ਉਪਰ ਦੇ ਲੋਕ ਇਹ ਹਨ- ਭੂਲੋਕ, ਭਵ:ਲੋਕ, ਸ੍ਵ:ਲੋਕ, ਮਹਲੋਕ, ਜਨਲੋਕ, ਤਪੋਲੋਕ ਅਤੇ ਸਤਜਲੋਕ। ਸੱਤ ਹੇਠਾਂ ਦੇ ਲੋਕ ਇਹ ਹਨ- ਅਤਲ-ਲੋਕ, ਵਿਤਲ-ਲੋਕ, ਸੁਤਲ-ਲੋਕ, ਰਸਾਤਲ-ਲੋਕ, ਤਲਾਤਲ-ਲੋਕ, ਮਹਾਤਲ-ਲੋਕ ਅਤੇ ਪਾਤਾਲ-ਲੋਕ। ਸਾਮੀ ਧਰਮਾਂ ਵਾਲਿਆਂ ਨੇ ਚੌਦਾਂ ਤਬਕਾਂ ਦੀ ਕਲਪਨਾ ਕੀਤੀ ਹੈ।[907]

---

[905] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਜਿਲਦ ਤੀਜੀ*, ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ 2004, ਪੰਨਾ 567.

[906] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 916.

[907] ਜੱਗੀ, ਰਤਨ ਸਿੰਘ, *ਗੁਰੂ ਗ੍ਰੰਥ ਵਿਸ਼ਵ ਕੋਸ਼ ਭਾਗ ਦੂਜਾ*, ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2002, ਪੰਨਾ 464-65.

ਚਰਚਿਤ ਕ੍ਰਿਤੀ ਅਨੁਸਾਰ ਇਸਲਾਮਿਕ ਦ੍ਰਿਸ਼ਟੀਕੋਣ ਤੋਂ ਬ੍ਰਹਿਮੰਡ ਵਿਚ ਚੌਦਾਂ ਤਬਕ ਹਨ। ਇਹੋ ਹੀ ਉਨ੍ਹਾਂ ਦੇ ਧਰਮ ਗ੍ਰੰਥ ਵਿਚ ਲਿਖਿਆ ਹੈ । ਕਵੀ ਨੇ ਇਸਲਾਮਿਕ ਦ੍ਰਿਸ਼ਟੀਕੋਣ ਤੋਂ ਪਹਿਲਾਂ ਚੌਦਾਂ ਤਬਕਾਂ ਦੀ ਵਿਚਾਰ ਅੰਕਿਤ ਕੀਤੀ ਹੈ-

ਰੁਕਨਲਿ ਆਖੈ ਨਾਨਕਾ ਸਚਾ ਸੁਣੋ ਬਿਆਨ॥

ਚਉਦਹ ਤਬਕ ਜਹਾਨ ਵਿਚਿ ਲਿਖਿਆ ਵਿਚ ਕੁਰਾਨ॥1॥

ਚੌਪਈ॥

ਚਉਦਹ ਤਬਕ ਜਿਮੀ ਅਸਮਾਨ॥ ਰੁਕਨਲਿ ਲਿਖਿਆ ਵਿਚ ਕੁਰਾਨ॥

ਨਾਮੁ ਮੁਹੰਮਦ ਰੋਸਨਿ ਸਾਰੇ॥ ਰੁਕਨਲਿ ਚਉਦਹ ਤਬਕ ਮਝਾਰੇ॥2॥[908]

ਫਿਰ ਇਨ੍ਹਾਂ ਨੂੰ ਪਰਮਾਤਮਾ ਦੇ ਵਾਂਗ ਹੀ ਅੰਨਤ ਪਾਸਾਰੇ ਵਰਗਾ ਦਸਦਿਆਂ ਇਨ੍ਹਾਂ ਦੀ ਗਿਣਤੀ ਅਨੰਤ ਦਸੀ ਹੈ। ਇਕ ਕਥਾ ਅਨੁਸਾਰ ਗੁਰੂ ਨਾਨਕ ਦੇਵ ਜੀ ਰੁਕਨਲਿ, ਬਹਾਵਦੀ ਅਤੇ ਜਲਾਲਦੀ ਨੂੰ ਨਾਲ ਲੈ ਕੇ ਬ੍ਰਹਮੰਡ ਦੀ ਸੈਰ ਕਰਵਾਉਣ ਜਾਂਦੇ ਹਨ। ਗੁਰੂ ਜੀ ਉਨ੍ਹਾਂ ਨੂੰ ਬਹੁਤ ਸਾਰੇ ਪਤਾਲ ਦਿਖਾਉਂਦੇ ਹਨ-

ਜਿਸ ਜਿਸ ਤਬਕ ਵਿਖੈ ਹਮ ਗਏ॥ ਇਕ ਇਕ ਚਾਵਲਿ ਲੇਤੇ ਭਏ॥

ਮਾਪ ਲੇਹੁ ਤੁਮ ਚਾਵਲਿ ਸਾਰੇ॥ ਤਬਕਨਿ ਕਾ ਕਛੁ ਨਾਹਿ ਨ ਪਾਰੇ॥35॥

ਮਾਪੇ ਤਾ ਨੈ ਚਾਵਲਿ ਤਬੈ॥ ਇਕ ਇਕ ਕਬਿ ਲਗ ਗਣੈ ਸੁ ਸਬੈ॥

ਪਾਇ ਤਰਾਜੂ ਮਾਪੇ ਉਇ॥ ਭਏ ਸਵਾ ਮਣਿ ਚਾਵਲਿ ਸੋਇ॥36॥[909]

ਇਨ੍ਹਾਂ ਦੀ ਅੰਨਤਤਾ ਬਾਰੇ ਕਵੀ ਨੇ ਦ੍ਰਿਸ਼ਟਾਂਤ ਦਿਤਾ ਹੈ ਕਿ ਉਹ ਜਿਤਨੇ ਵੀ ਤਬਕਾਂ ਵਿਚ ਗਏ ਉਥੋਂ ਇਕ-ਇਕ ਚਾਵਲ ਦਾ ਦਾਣਾ ਨਾਲ ਲੈ ਆਏ ਤਾਂ ਜੋ ਬਾਅਦ ਵਿਚ ਗਿਣਤੀ ਕੀਤੀ ਜਾ ਸਕੇ ਕਿ ਕਿਤਨੇ ਤਬਕ ਹਨ। ਜਦੋਂ ਉਹ ਕੁਝ ਤਬਕ ਦੇਖ ਕੇ ਹੀ ਵਾਪਿਸ ਆ ਗਏ ਤਾਂ ਚਾਵਲਾਂ ਦਾ ਤੋਲ ਦੇਖਿਆ,

---

[908] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 892.

[909] ਉਹੀ, ਪਤਰਾ 900.

ਉਨ੍ਹਾਂ ਦਾ ਤੋਲ ਸਵਾ ਮਣ ਹੋਇਆ, ਭਾਵ ਤਬਕਾਂ ਦਾ ਗਿਣਤੀ ਅਨੰਤ ਹੈ। ਇਨ੍ਹਾਂ ਤਬਕਾਂ ਵਿਚ ਅਨੇਕਾਂ ਹੀ ਵਿਸ਼ਨੂੰ ਅਤੇ ਸ਼ੇਸ਼ਨਾਗ ਹੋਏ ਹਨ। ਯਥਾ-

ਕਈ ਤਬਕ ਤਿਨਿ ਕੋ ਦਿਖਲਾਇ॥

ਕਈ ਸੇਸ ਕਈ ਬਿਸਨੁ ਬਤਾਇ॥10॥[910]

ਸੋ ਉਪਰੋਕਤ ਵਿਚ ਕਵੀ ਨੇ ਦ੍ਰਿਸ਼ਟਾਂਤ ਦੇ ਕੇ ਤਬਕਾਂ ਦੀ ਗਿਣਤੀ ਅਨੰਤ ਦਸਣ ਦਾ ਯਤਨ ਕੀਤਾ ਹੈ। ਕਵੀ ਦੁਆਰਾ ਕੀਤਾ ਗਿਆ ਅਨੇਕਾਂ ਤਬਕਾਂ ਦਾ ਸੰਕੇਤ ਵਿਚਾਰਾਧੀਨ ਗ੍ਰੰਥ ਵਿਚ ਕੀਤਾ ਹੈ। ਜੋ ਕਵੀ ਦੀ ਕਲਪਨਾ ਸ਼ਕਤੀ ਦਾ ਬੋਧ ਕਰਾਉਂਦਾ ਹੈ।

### 2.4.2. ਦੋਜਖ/ਦੋਜਕ

ਫ਼ਾਰਸੀ ਦੇ ਇਸ ਸ਼ਬਦ ਦਾ ਲਫ਼ਜ਼ੀ ਅਰਥ ਹੈ ਨਰਕ, ਦੁਖ, ਰੰਜ ਆਦਿ। ਸਾਮੀ-ਪਰੰਪਰਾ ਵਿਚ ਆਮ ਕਰਕੇ ਅਤੇ ਇਸਲਾਮੀ-ਪਰੰਪਰਾ ਵਿਚ ਵਧੇਰੇ ਕਰਕੇ ਦੋਜ਼ਕ, ਭਾਰੀ-ਪਰੰਪਰਾ ਦੇ 'ਨਰਕ' ਵਾਂਗ ਸਥਾਨਵਾਚਕ ਸ਼ਬਦ ਹੈ। ਇਸਲਾਮੀ-ਪਰੰਪਰਾ ਅਨੁਸਾਰ ਮਰਨ ਤੋਂ ਬਾਅਦ ਮਨੁਖ ਦੀ ਰੂਹ ਕਬਰਾਂ ਉਪਰ ਰਹਿੰਦੀ ਹੈ, ਕਿਆਮਤ ਦੇ ਦਿਨ ਜਦੋਂ ਖ਼ੁਦਾ ਵਲੋਂ ਜੀਵਾਂ ਦਾ ਹਿਸਾਬ-ਕਿਤਾਬ ਹੋਵੇਗਾ, ਤਦੋਂ ਮਾੜੇ ਜੀਵਾਂ ਨੂੰ ਦੋਜਕ ਦੀ ਤਪਦੀ ਅਗ ਵਿਚ ਸੜਨ ਵਾਸਤੇ ਭੇਜਿਆ ਜਾਵੇਗਾ।[911] ਚਰਚਿਤ ਕ੍ਰਿਤੀ ਵਿਚ ਵੀ ਇਸ ਨੂੰ ਨਰਕ ਦੇ ਸਮਾਨ ਹੀ ਤਸੀਹੇ ਦੇਣ ਵਾਲਾ ਸਥਾਨ ਕਿਹਾ ਹੈ ਅਤੇ ਦੋਜਕ ਦੇ ਤਸੀਹਿਆਂ ਵੱਲ ਸੰਕੇਤ ਰੂਪ ਵਿਚ ਇਸ਼ਾਰਾ ਕੀਤਾ ਗਿਆ ਹੈ, ਕਿ ਦੋਜਕ ਵਿਚ ਜੀਵਾਂ ਨੂੰ ਅਗਨੀ ਵਿਚ ਕਿਆਮਤ ਤਕ ਜਲਾਇਆ ਜਾਂਦਾ ਹੈ। ਯਥਾ-

ਬਹੁਰਿ ਸੁ ਡਾਰੇ ਦੋਜਕ ਮਾਹਿ॥ ਦੋਜਕ ਅਗਨਿ ਜਲਾਵੈ ਤਾਹਿ॥

ਕਯਾਂਮਿਤ ਤੀਕਰ ਦੋਜਕ ਮਾਹੀ॥ ਰਹੈ ਯਾਹਿ ਮੈ ਸੰਸਹਿ ਨਾਹੀ॥99॥[912]

---

[910] ਉਹੀ, ਪਤਰਾ 899.

[911] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004. ਪੰਨਾ 140.

[912] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 937.

ਚਰਚਿਤ ਕ੍ਰਿਤੀ ਵਿਚ ਦੋਜਕ ਜਾਣ ਦਾ ਕਾਰਣ ਜੁਲਮ, ਜੋਰ ਇਤਿਆਦਿਕ ਮੰਦ ਕਰਮ ਦਸਦਿਆਂ ਇਹ ਵੀ ਦਸਿਆ ਹੈ ਕਿ ਦੋਜਕ ਵਿਚ ਯਮ ਗਣ ਲੈ ਕੇ ਜਾਂਦੇ ਹਨ ਅਤੇ ਇਸ ਪ੍ਰਕਾਰ ਤਸੀਹੇ ਦਿੰਦੇ ਹਨ ਜਿਵੇਂ ਗੰਨੇ ਨੂੰ ਪੀੜਿਆ ਜਾਂਦੇ ਹੈ। ਇਸ ਲਈ ਕਿਸੇ ਦਾ ਵੀ ਬੁਰਾ ਨਹੀਂ ਕਰਨਾ ਚਾਹੀਦਾ ਨਹੀਂ ਤਾਂ ਦੋਜਕ ਦੇ ਤਸੀਹੇ ਸਹਿਣੇ ਪੈਣਗੇ। ਯਥਾ-

ਜੁ ਜੋਰਾ ਜੁਲਮ ਜੋ ਕਰ ਹੈਂ॥ ਸੁ ਦੋਜਕ ਨਰਕ ਮੋ ਪਰ ਹੈ॥

ਯੁ ਯਮ ਗਣ ਨਰਕ ਮੋ ਡਾਰੇ॥ ਪੜਾ ਪੜਿ ਉਪਰੋਂ ਮਾਰੇ॥13॥

ਸੁ ਤਿਲ ਸਰੁ ਈਖ ਕੋ ਜੈਸੇ॥ ਸੁ ਦਏਂ ਸਜਾਇ ਜਮ ਤੈਸੇ॥

ਹਰਿ ਕੇ ਖਉਫ ਤੇ ਡਰਨਾ॥ ਕਿਸੀ ਕਾ ਬੁਰਾ ਨਹੀ ਕਰਨਾ॥14॥[913]

ਨਸ਼ਿਆਂ ਨੂੰ ਵੀ ਕਵੀ ਨੇ ਦੋਜਕ ਜਾਣ ਦਾ ਕਾਰਣ ਦਸਿਆ ਹੈ। ਉਹ ਕਹਿੰਦਾ ਹੈ ਕਿ ਸਾਰੇ ਹੀ ਧਰਮ ਗ੍ਰੰਥ ਦਸਦੇ ਹਨ ਕਿ ਵੈਰ ਵਿਰੋਧ ਨੂੰ ਤਿਆਗਣਾ ਚਾਹੀਦਾ ਹੈ ਅਤੇ ਨਸ਼ਿਆਂ ਦਾ ਤਿਆਗ ਕਰਨਾ ਚਾਹੀਦਾ ਹੈ ਨਹੀਂ ਤਾਂ ਇਹ ਦੋਜਕ ਵਿਚ ਜਾਣ ਦਾ ਕਾਰਨ ਬਣਦੇ ਹਨ।[914] ਸੋ ਇਸ ਤਰ੍ਹਾਂ ਚਰਚਿਤ ਕ੍ਰਿਤੀ ਵਿਚ ਦੋਜਕ ਦੇ ਤਸੀਹਿਆਂ ਦੇ ਸੰਕੇਤ ਦੇ ਕੇ ਇਸ ਵਿਚ ਜਾਣ ਦੇ ਕਾਰਣਾਂ ਨੂੰ ਸੰਕੇਤ ਰੂਪ ਵਿਚ ਦਸਿਆ ਹੈ। ਪਰ ਕਵੀ ਨੇ ਕਿਤੇ ਵੀ ਦੋਜਕ ਨੂੰ ਨਰਕ ਨਾਲੋਂ ਵਖਰਾ ਨਹੀਂ ਦਸਿਆ ਬਲਕਿ ਦੋਨਾਂ ਨੂੰ ਇਕ ਦੂਜੇ ਦੀ ਥਾਂ ਤੇ ਵਰਤਿਆ ਪ੍ਰਤੀਤ ਹੁੰਦਾ ਹੈ ਜਿਵੇਂ ਅਸੀਂ ਦੇਖਦੇ ਹਾਂ ਕਿ ਕਵੀ ਨੇ ਦੋਜਕ ਵਿਚ ਲੈ ਕੇ ਜਾਣ ਲਈ ਯਮਾਂ ਨੂੰ ਦਸਿਆ ਹੈ ਨਾ ਕਿ ਫਰਿਸ਼ਤਿਆਂ ਨੂੰ। ਸੋ ਕਵੀ ਨੇ ਦੋਵਾਂ ਵਿਚ ਨਿਖੇੜਾ ਕਰਨ ਦੀ ਬਜਾਇ ਆਪਣੇ ਮਨੋਰਥ ਦੀ ਪੂਰਤੀ ਹਿਤ ਦੋਨਾਂ ਨੂੰ ਵਰਤ ਲਿਆ ਪ੍ਰਤੀਤ ਹੁੰਦਾ ਹੈ।

### 2.4.3. ਭਿਸਤ

ਫ਼ਾਰਸੀ 'ਬਹਿਸ਼ਤ' ਦਾ ਦੇਸੀ ਰੂਪ 'ਭਿਸ਼ਤ' ਹੈ। ਸਾਮੀ-ਪਰੰਪਰਾ ਮੁਤਾਬਿਕ ਭਿਸ਼ਤ ਨੇਕ ਆਤਮਾਵਾਂ ਲਈ ਹੈ। ਇਸਲਾਮੀ-ਸੰਕਲਪ ਅਨੁਸਾਰ ਭਿਸ਼ਤ ਵਿਚ ਸੁੰਦਰ ਹੂਰਾਂ, ਚੰਗੀ ਸ਼ਰਾਬ ਅਤੇ ਦੁਧ

---

[913] ਉਹੀ, ਪਤਰਾ 1788.

[914] ਉਹੀ, ਪਤਰਾ 636-

ਕਰੋ ਆਪ ਮੈ ਬੈਰਿ ਵਿਰੋਧ॥ ਦੇਖੋ ਬੇਦ ਕਤੇਬਨ ਸੋਧ॥ ਤਾਂਮਾਖੂ ਕਾ ਕਰੋ ਬਿਨਾਸ॥ ਦੋਜਕੁ ਨਰਕ ਇਨੀ ਤੇ ਬਾਸ॥33॥

ਆਦਿ ਦੀਆਂ ਨਦੀਆਂ ਵਹਿੰਦੀਆਂ ਹਨ। ਭਾਰਤੀ ਧਰਮਾਂ ਵਿਚ ਭਿਸ਼ਤ ਦੀ ਥਾਂ ਸੁਰਗ ਹੈ।[915] ਚਰਚਿਤ ਕ੍ਰਿਤੀ ਵਿਚ ਭਿਸਤ ਬਾਰੇ ਮੁਢਲੀ ਜਾਣਕਾਰੀ ਇਹ ਦਿਤੀ ਗਈ ਹੈ ਕਿ ਜਦੋਂ ਅਲਾਹ ਨੇ ਆਦਮ ਨੂੰ ਬਣਾਇਆ ਤਾਂ ਉਸ ਨੂੰ ਭਿਸਤ ਵਿਚ ਰਖਿਆ ਗਿਆ। ਇਸ ਗੱਲ ਦਾ ਜ਼ਿਕਰ ਕਵੀ ਅਨੁਸਾਰ ਇਸਲਾਮ ਦੇ ਧਰਮ ਗ੍ਰੰਥਾਂ ਵਿਚ ਵੀ ਦਿਤਾ ਗਿਆ ਹੈ।[916] ਉਸ ਦੇ ਕਰਮਾਂ ਕਰਕੇ ਉਸਨੂੰ ਭਿਸਤ ਵਿਚੋਂ ਕਢ ਦਿਤਾ ਗਿਆ। ਯਥਾ-

ਤੀਜਾ ਹੁਕਮ ਫਿਰਾਯੋ ਜਬੈ॥ ਕੀਉ ਹੁਕਮ ਹਕਤਾਲਾ ਤਬੈ॥

ਬੇੜੀ ਯਾ ਕੇ ਪਗ ਮੈ ਪਾਇ॥ ਭਿਸਤੋਂ ਯਾ ਕੋ ਦੇਹੁ ਗਿਰਾਇ॥12॥[917]

ਹਜਰਤ ਮੁਹੰਮਦ ਸਾਹਿਬ ਦਾ ਭਿਸਤ ਜਾਣ ਦਾ ਜ਼ਿਕਰ ਵੀ ਵਿਸ਼ੇਸ਼ ਰੂਪ ਵਿਚ ਮਕੇਸ਼੍ਵਰ ਖੰਡ ਵਿਚ ਕਵੀ ਨੇ ਕੀਤਾ ਹੈ, ਜਦੋਂ ਗੁਰੂ ਨਾਨਕ ਦੇਵ ਜੀ ਮਰਦਾਨੇ ਨੂੰ ਮਦੀਨੇ ਵਿਚ ਮਸੀਤ ਬਾਰੇ ਦਸ ਦੇ ਹਨ ਉਸ ਸਮੇਂ ਉਹ ਕਹਿੰਦੇ ਹਨ ਕਿ ਇਹ ਸਥਾਨ ਹਜਰਤ ਮੁਹੰਮਦ ਸਾਹਿਬ ਦੇ ਭਿਸਤ ਵਿਚ ਜਾਣ ਤੋਂ ਬਾਅਦ ਕਬਰ ਵਜੋਂ ਬਣਾਇਆ ਗਿਆ ਸੀ। ਯਥਾ-

ਗਯੋ ਮਹੁੰਮਦ ਭਿਸਤ ਕੋ ਇਹੁ ਤਿਸ ਕੀ ਹੈ ਗੋਰ॥

ਬਹੁਰਿ ਮਹੁੰਮਦ ਜਗਤਿ ਮੈ ਜਨਮ ਧਰੈਗਾ ਹੋਰ॥13॥[918]

ਇਥੇ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਵਿਅਕਤੀ ਮਰਨ ਤੋਂ ਬਾਅਦ ਹੀ ਭਿਸਤ ਵਿਚ ਜਾਂਦਾ ਹੈ। ਭਿਸਤ ਵਿਚ ਜਾਣ ਲਈ ਕਵੀ ਨੇ ਇਸਲਾਮ ਦੀਆਂ ਸਿਖਿਆਵਾਂ ਨੂੰ ਮੰਨਣ ਲਈ ਪ੍ਰਾਥਿਮਕਤਾ ਦਿਤਾ ਹੈ। ਕਵੀ ਕਹਿੰਦਾ ਹੈ ਕਿ ਉਹ ਵਿਅਕਤੀ ਭਿਸਤ ਵਿਚ ਜਾਂਦਾ ਹੈ ਜੋ ਪੰਜ ਸਮੇਂ ਦੀ ਨਮਾਜ ਅਦਾ ਕਰਦਾ ਹੋਵੇ ਅਤੇ ਤੀਹ ਰੋਜ ਰਖਦਾ ਹੋਵੇ-

---

[915] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004. ਪੰਨਾ 182-83.

[916] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 939-

ਦਿਤਾ ਭਿਸਤੋਂ ਡਾਲ ਵੈ ਥੀਆ ਨਾਉ ਅਬੁਲੀਸ॥ ਲਿਖਿਆ ਵਿਚ ਕੁਰਾਨ ਦੇ ਆਖੈ ਨਬੀ ਹਦੀਸ॥

[917] ਉਹੀ, ਪਤਰਾ 939.

[918] ਉਹੀ, ਪਤਰਾ 916.

ਪੰਜ ਨਿਵਾਜਾ ਵਖਤਿ ਪੰਜ ਪੜਹਿ ਜੁ ਮੁਸਲਮਾਨ ਨਰਿ॥

ਰਾਖੈ ਤੀਸ ਜੁ ਰੋਜੜੇ ਜਾਇ ਸੁ ਭਿਸਤਨਿ ਦਾਨਵਰਿ॥17॥[919]

ਕਵੀ ਨੇ ਇਹ ਵੀ ਸਪਸ਼ਟ ਕਰ ਦਿਤਾ ਹੈ ਕਿ ਗੱਲਾਂ ਨਾਲ ਭਿਸਤ ਵਿਚ ਨਹੀਂ ਜਾਇਆ ਜਾ ਸਕਦਾ ਬਲਕਿ ਉਸ ਲਈ ਭਿਸਤ ਜਾਣ ਲਈ ਚੰਗੇ ਕਰਮ ਕਰਨੇ ਅਤਿ ਜਰੂਰੀ ਹਨ। ਜਿਸ ਤਰ੍ਹਾਂ ਗੱਲਾਂ ਨਾਲ ਭੁਲ ਨਹੀਂ ਬਖਸ਼ਾਈ ਜਾ ਸਕਦੀ ਉਸੇ ਤਰ੍ਹਾਂ ਗੱਲਾਂ ਨਾਲ ਭਿਸਤ ਵਿਚ ਨਹੀਂ ਜਾਇਆ ਜਾ ਸਕਦਾ। ਯਥਾ-

ਪਾਤਿਸਾਹਿ ਤੂੰ ਸੁਣਿ ਦਿਲ ਲਾਇ॥ ਗਲੀਂ ਭਿਸਨ ਨ ਜਾਣਾ ਪਾਇ॥

ਗਲੀਂ ਭਿਸਤ ਨ ਜਾਵੈ ਮੂਲਿ॥ ਗਲੀਂ ਬਖਸੀ ਜਾਇ ਨ ਭੂਲਿ॥[920]

ਭਿਸਤ ਵਿਚ ਜਾਣ ਲਈ ਖੁਦਾ ਦਾ ਨਾਮ ਸਭ ਤੋਂ ਸਰਵੋਤਮ ਹੈ। ਕਿਉਂਕਿ ਖੁਦਾ ਆਪ ਵੀ ਸਚਾ ਹੈ, ਉਸ ਦਾ ਨਾਮ ਵੀ ਸਚਾ ਹੈ। ਇਸ ਲਈ ਖੁਦਾ ਦਾ ਨਾਮ ਹੀ ਦਰਗਹ ਵਿਚ ਕਬੂਲ ਹੁੰਦਾ ਹੈ ਉਸ ਨੂੰ ਕਦੇ ਵੀ ਭੁਲਣਾ ਨਹੀਂ ਚਾਹੀਦਾ। ਯਥਾ-

ਸਾਚਾ ਨਾਮੁ ਖੁਦਾਇ ਕਾ ਸਾਚਾ ਆਪ ਖੁਦਾਇ॥

ਸਿਮਰੈ ਨਾਮ ਖੁਦਾਇ ਦਾ ਤਬ ਤੋ ਭਿਸਤਿ ਸੁ ਜਾਇ॥72॥

ਸਾਚਾ ਨਾਮੁ ਖੁਦਾਇ ਦਾ ਤਿਸੁ ਕੋ ਤੂ ਮਤਿ ਭੂਲਿ॥

ਨਾਨਕ ਆਖੈ ਹਿਯਾਤ ਤਬ ਦਰਗਹਿ ਪਵੈ ਕਬੂਲ॥[921]

ਸੋ ਕਵੀ ਅਨੁਸਾਰ ਭਿਸਤ ਇਕ ਪਰਾ-ਲੌਕਿਕ ਸਥਾਨ ਹੈ। ਜਿਥੇ ਚੰਗੇ ਕਰਮ ਕਰਨ ਵਾਲੇ ਜੀਵ ਹੀ ਪਹੁੰਚ ਸਕਦੇ ਹਨ। ਉਥੇ ਪਹੁੰਚਣ ਲਈ ਖੁਦਾ ਦਾ ਨਾਮ ਸਹਾਈ ਸਿਧ ਹੁੰਦਾ ਹੈ। ਗੱਲਾਂ ਨਾਲ ਭਿਸਤ ਵਿਚ ਨਹੀ ਜਾਇਆ ਜਾ ਸਕਦਾ। ਸੋ ਕਵੀ ਨੇ ਆਦਮ ਨੂੰ ਭਿਸਤ ਵਿਚ ਰਹਿੰਦਾ ਦਸ ਕੇ ਉਸ ਨੂੰ ਭਿਸਤ ਵਿਚੋਂ ਕੱਢਣ ਦਾ ਸੰਕੇਤ ਵੀ ਦਿਤਾ ਹੈ। ਇਸ ਤਰ੍ਹਾਂ ਕਵੀ ਨੇ ਜਿਥੇ ਭਾਰਤੀ ਲੋਕਾਂ ਲਈ ਸਵਰਗ ਦੀ

---

919 ਉਹੀ, ਪਤਰਾ 939.

920 ਉਹੀ, ਪਤਰਾ 912.

921 ਉਹੀ, ਪਤਰਾ 1657.

ਧਾਰਨਾ ਨੂੰ ਚਰਚਿਤ ਕ੍ਰਿਤੀ ਵਿਚ ਵਰਤਿਆ ਉਥੇ ਇਸਮਾਲਿਕ ਹਵਾਲਿਆਂ ਵਿਚ ਭਿਸਤ ਸ਼ਬਦ ਨੂੰ ਵਰਤਿਆ ਹੈ। ਕਿਤੇ ਵੀ ਕਵੀ ਨੇ ਇਨ੍ਹਾਂ ਥਾਵਾਂ ਦੇ ਵਖਰੇਵੇਂ ਦੀ ਜਾਂ ਇਕ ਹੋਣ ਦੀ ਗੱਲ ਨਹੀਂ ਕੀਤੀ।

ਉਪੋਰਕਤ ਅਸੀਂ ਚਰਚਿਤ ਕ੍ਰਿਤੀ ਵਿਚ ਆਏ ਮਿਥਿਹਾਸਕ ਸਥਾਨਾਂ ਦੀ ਚਰਚਾ ਕੀਤੀ ਹੈ, ਜਿਸ ਦੀ ਅਸੀਂ ਭਾਰਤੀ ਲੌਕਿਕ, ਭਾਰਤੀ ਪਰਾ-ਲੌਕਿਕ, ਅਭਾਰਤੀ ਲੌਕਿਕ ਅਤੇ ਅਭਾਰਤੀ ਪਰਾ-ਲੌਕਿਕ ਸਥਾਨਾਂ ਵਿਚ ਵਰਗੀਕ੍ਰਿਤ ਕਰਕੇ ਇਨ੍ਹਾਂ ਦੀ ਸਮੀਖਿਆ ਕੀਤੀ ਹੈ। ਜਿਸ ਵਿਚ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਬਹੁਤ ਸਾਰੇ ਸਥਾਨਾਂ ਨੂੰ ਸੰਕੇਤ ਰੂਪ ਜਾਂ ਵਿਸਤ੍ਰਿਤ ਰੂਪ ਵਿਚ ਵਰਣਿਤ ਕੀਤਾ ਹੈ। ਕਵੀ ਨੇ ਇਨ੍ਹਾਂ ਸਥਾਨਾਂ ਦਾ ਪਰੰਪਰਾਗਤ ਚਲੰਤ ਪ੍ਰਮਾਣਾਂ ਅਨੁਸਾਰ ਹੀ ਵਰਨਣ ਕੀਤਾ ਹੈ। ਜਿਥੇ ਕਵੀ ਦੇ ਇਨ੍ਹਾਂ ਸੰਕੇਤਾਂ ਤੋਂ ਉਸਦਾ ਇਨ੍ਹਾਂ ਵਿਚ ਵਿਸ਼ਵਾਸ ਜ਼ਾਹਿਰ ਹੁੰਦਾ ਹੈ, ਉਥੇ ਕਵੀ ਨੇ ਪਰਾ-ਲੌਕਿਕ ਸਥਾਨਾਂ ਦੀ ਹੋਂਦ ਯਕੀਨੀ ਬਣਾਉਣ ਹਿਤ ਇਨ੍ਹਾਂ ਦੀ ਕਾਲਪਨਿਕ ਦੂਰੀ ਦਸਣ ਦਾ ਵੀ ਯਤਨ ਕੀਤਾ ਹੈ।

### 3. ਮਿਥ ਕਥਾਵਾਂ

ਚਰਚਿਤ ਕ੍ਰਿਤੀ ਵਿਚ ਕਵੀ ਨੇ ਮਾਨਵ ਕਲਿਆਣ ਅਤੇ ਨੈਤਿਕ ਸ੍ਰੇਸ਼ਠਤਾ ਹਿਤ ਇਸ ਵਿਚ ਅਨੇਕਾਂ ਹੀ ਕਥਾਵਾਂ ਦੀ ਚਰਚਾ ਕੀਤੀ ਹੈ। ਵਾਸਤਵ ਵਿਚ ਕਵੀ ਨੇ ਮਿਥਿਹਾਸਕ ਪਾਤਰਾਂ, ਮਿਥ ਕਥਾਵਾਂ, ਮਨੌਤਾਂ, ਦੁਆਰਾ ਪਾਠਕ ਨੂੰ ਗੁਰੂ ਜੀ ਦੀ ਮਹਿਮਾ ਦਸ ਕੇ ਸਾਰਥਕ ਕਰਮ ਕਰਨ ਲਈ ਪ੍ਰੇਰਨ ਦਾ ਯਤਨ ਕੀਤਾ ਹੈ। ਚਰਚਿਤ ਕ੍ਰਿਤੀ ਵਿਚ ਦਰਜ ਮਿਥ ਕਥਾਵਾਂ ਧਰਮ ਕਾਵਿ ਦਾ ਅੰਗ ਹਨ, ਜਿਨ੍ਹਾਂ ਦੀ ਵਰਤੋਂ ਆਂਤ੍ਰਿਕ ਅਨੁਭੂਤੀ ਨੂੰ ਪ੍ਰਗਟਾਉਣ ਹਿਤ, ਪ੍ਰਸੰਗ ਨੂੰ ਸਰਲ ਬਨਾਉਣ ਹਿਤ ਕੀਤੀ ਹੈ। ਜਿਥੇ ਇਸ ਵਿਚ ਬਹੁਤ ਸਾਰੀਆਂ ਕਥਾਵਾਂ ਦਾ ਵਿਸਥਾਰ ਵਰਣਿਤ ਕੀਤਾ ਗਿਆ ਹੈ, ਉਥੇ ਅਨੇਕਾਂ ਹੀ ਕਥਾਵਾਂ ਦੀ ਵਰਤੋਂ ਵਿਚ ਮਿਥ ਕਥਾਵਾਂ ਦੇ ਬੀਜ ਰੂਪ, ਸੰਕੇਤ ਰੂਪ ਅਤੇ ਪਾਤਰਾਂ ਦੇ ਮਾਤਰ ਨਾਵਾਂ ਦਾ ਜ਼ਿਕਰ ਕਰਨ ਤਕ ਹੀ ਸੀਮਤ ਰਖਿਆ ਹੈ। ਇਹ ਸਾਰੀਆਂ ਹੀ ਕਥਾਵਾਂ ਪ੍ਰਾਸੰਗਿਕ ਵਰਤੋਂ ਦੀ ਸੂਚਕ ਹੈ, ਪ੍ਰਸੰਗ ਤੋਂ ਬਾਹਰ ਇਸ ਸਮਗ੍ਰੀ ਦੀ ਕੋਈ ਕੀਮਤ ਨਹੀਂ ਵੇਖੀ। ਕਵੀ ਦੁਆਰਾ ਇਨ੍ਹਾਂ ਕਥਾਵਾਂ ਦਾ ਪ੍ਰਸਤੁਤੀਕਰਨ ਕਰਦੇ ਸਮੇਂ ਉਸ ਦੀ ਸੰਤੁਲਿਤ ਅਤੇ ਸੁਹਜਾਤਮਕ ਬਿਰਤੀ ਦੇਖੀ ਜਾ ਸਕਦੀ ਹੈ ਕਿਉਂਕਿ ਇਕ ਹੀ ਪੰਕਤੀ ਵਿਚ ਬਹੁਤ ਸਾਰੀਆਂ ਮਿਥ ਕਥਾਵਾਂ ਦੀ ਲੜੀ-ਬਧ ਜੜਿਤ ਇਸ ਬਿਰਤੀ ਦਾ ਲਖਾਇਕ ਹੈ। ਇਥੇ ਅਸੀਂ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਸਾਖੀਆਂ ਦੀ ਵਿਚਾਰ ਨਹੀਂ ਕਰਾਂਗੇ ਮਾਤਰ ਉਨ੍ਹਾਂ ਕਥਾਵਾਂ ਨੂੰ ਹੀ ਦਾਇਰੇ ਵਿਚ ਰਖਾਂਗੇ ਜਿਨ੍ਹਾਂ ਨੂੰ ਕਿਸੇ ਨੇ ਸੁਣਾਇਆ ਹੈ ਜਾਂ ਫਿਰ ਕਿਸੇ ਦੀ ਮਹਿਮਾ ਦਸਣ ਹਿਤ ਪ੍ਰਸਤੁਤ ਕੀਤਾ ਹੈ। ਸੋ ਖੋਜ ਕਾਰਜ ਦੀ ਸਰਲਤਾ ਲਈ ਅਸੀਂ ਇਸ ਭਾਗ ਨੂੰ ਚਾਰ ਭਾਗਾਂ ਵਿਚ ਵਰਗੀਕ੍ਰਿਤ ਕੀਤਾ ਹੈ-

3.1 ਸਿਖਿਆਰਥ

3.2 ਮਹਿਮਾਰਥ

3.3 ਖੰਡਣਾਰਥ

3.4 ਮਿਥ ਕਥਾਵਾਂ ਦੇ ਸੰਕੇਤ

### 3.1 ਸਿਖਿਆਰਥ

ਚਰਚਿਤ ਕ੍ਰਿਤੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਹੈ, ਇਸ ਲਈ ਇਸ ਵਿਚ ਸਿਖਿਆਰਥ ਸਾਖੀਆਂ ਦੀ ਭਰਮਾਰ ਨਿਸ਼ਚਿਤ ਹੈ। ਜਿਵੇਂ ਕਿ ਅਸੀਂ ਉਪਰ ਕਹਿ ਆਏ ਹਾਂ ਕਿ ਮਾਤਰ ਉਨ੍ਹਾਂ

ਕਥਾਵਾਂ ਨੂੰ ਹੀ ਇਥੇ ਵਿਚਾਰਿਆ ਜਾਵੇਗਾ ਜਿਨ੍ਹਾਂ ਦਾ ਸੰਬੰਧ ਸਿਖਿਆਰਥ ਹੈ। ਸਿਖਿਆਰਥ ਨਾਲ ਸੰਬੰਧਿਤ ਸਾਨੂੰ ਲਗਪਗ 11 ਕਥਾਵਾਂ ਦੇਖਣ ਨੂੰ ਮਿਲ ਜਾਂਦੀਆਂ ਹਨ। ਜਿਨ੍ਹਾਂ ਦਾ ਵਿਵਰਣ ਇਸ ਤਰ੍ਹਾਂ ਅੰਕਿਤ ਹੈ।

### 3.1.1 ਜਨਕ ਦੀ ਕਥਾ

ਮੰਗਲ ਖੰਡ ਵਿਚ ਜਨਕ ਰਾਜੇ ਦੀ ਕਥਾ ਇਸ ਪ੍ਰਕਾਰ ਹੈ ਰਾਜਾ ਜਨਕ ਜਦ ਬੈਕੁੰਠ ਨੂੰ ਜਾ ਰਿਹਾ ਸੀ ਤਾਂ ਉਸ ਨੇ ਰਸਤੇ ਵਿਚ ਜੀਵਾਂ ਨੂੰ ਨਰਕ ਵਿਚ ਤੜਫਦੇ ਦੇਖਿਆ, ਪੁਛਣ 'ਤੇ ਦਸਿਆ ਗਿਆ ਕਿ ਇਹ ਜੀਵ ਆਪਣੇ ਕਰਮਾਂ ਕਰਕੇ ਇਹ ਦੁਖ ਭੋਗ ਰਹੇ ਹਨ। ਕਵੀ ਨੇ ਇਥੇ ਅਨੇਕਾਂ ਹੀ ਕਰਮਾਂ ਦੀਆਂ ਉਦਾਹਰਨਾ ਦਿਤੀਆਂ ਹਨ ਕਿ ਕਿਹੜੇ ਕਰਮਾਂ ਕਰਕੇ ਜੀਵ ਨਰਕ ਵਿਚ ਪੈਂਦਾ ਹੈ। ਦਿਆਲੂ ਪ੍ਰਵਿਰਤੀ ਹੋਣ ਕਰਕੇ ਜਨਕ ਨੇ ਧਰਮਰਾਜ ਨੂੰ ਬੇਨਤੀ ਕੀਤੀ ਕਿ ਇਨ੍ਹਾਂ ਨੂੰ ਆਜ਼ਾਦ ਕੀਤਾ ਜਾਵੇ। ਧਰਮਰਾਜ ਨੇ ਉਨ੍ਹਾਂ ਦੇ ਪਾਪਾਂ ਦੇ ਸਮਾਨ ਭਗਤੀ ਦੇਣ ਨੂੰ ਕਿਹਾ ਤਾਂ ਰਾਜਾ ਜਨਕ ਨੇ ਆਪਣੀ ਇਕ ਪਲ ਦੀ ਭਗਤੀ ਦਿਤੀ ਜਦੋਂ, ਉਸ ਨੂੰ ਤਰਾਜੂ ਵਿਚ ਤੋਲਿਆ ਗਿਆ ਤਾਂ ਉਹ ਪਾਪਾਂ ਦੇ ਪਲੜੇ ਨਾਲੋਂ ਭਾਰੀ ਸੀ, ਇਸ ਤਰ੍ਹਾਂ ਭਗਤੀ ਦੇ ਕੇ ਨਰਕਾਂ ਵਿਚੋਂ 96 ਕਰੋੜ ਜੀਵਾਂ ਨੂੰ ਕੱਢ ਦਿਤਾ ਸੀ।[922]

ਇਸ ਕਥਾ ਦਾ ਮਨੋਰਥ ਇਸ ਦੇ ਮੱਧ ਅਤੇ ਅੰਤ ਵਿਚ ਅੰਕਿਤ ਹੈ, ਜਾਂ ਕਹਿ ਲਈਏ ਕਿ ਦੋ ਮਨੋਰਥ ਇਸ ਕਥਾ ਦੇ ਅੰਕਿਤ ਕਰਨ ਦੇ ਹੋ ਸਕਦੇ ਹਨ। ਪਹਿਲਾ ਅਨੇਕਾਂ ਮੰਦ ਕਰਮਾਂ ਕਰਕੇ ਜੀਵ ਨਰਕ ਵਿਚ ਗਿਆ, ਜਿਨ੍ਹਾਂ ਤੋਂ ਵਰਜਣ ਦਾ ਮਨੋਰਥ ਹੈ। ਦੂਜਾ ਜਨਕ ਦੀ ਇਕ ਪਲ ਦੀ ਭਗਤੀ ਨੇ ਨਰਕ ਹੀ ਖਾਲੀ ਕਰ ਦਿਤੇ ਸੋ ਭਗਤੀ ਦਾ ਮਹਾਤਮ ਵੀ ਇਸ ਦਾ ਮਨੋਰਥ ਬਣਦਾ ਹੈ। ਸੋ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਰਾਜਾ ਜਨਕ ਦੀ ਕਥਾ ਦਸ ਕੇ ਅਧਿਆਤਮਕ ਪਧਰ ਦਾ ਮਨੋਰਥ ਭਗਤੀ ਕਰਨਾ ਦਸਿਆ ਹੈ ਅਤੇ ਨੈਤਿਕ ਪਧਰ ਦਾ ਮਨੋਰਥ ਚੰਗੇ ਕਰਮ ਦਸੇ ਹਨ ਜਾਂ ਮਾੜੇ ਕਰਮਾਂ ਤੋਂ ਵਰਜਿਆ ਹੈ।

### 3.1.2 ਬਾਲਮੀਕ ਦੀ ਕਥਾ

ਬਾਲਮੀਕ ਰਿਸ਼ੀ ਦੀ ਕਥਾ ਕਵੀ ਨੇ ਇੰਞ ਵਰਨਣ ਕੀਤੀ ਹੈ, ਬਾਲਮੀਕ ਪਹਿਲਾਂ ਆਪਣੇ ਪਰਿਵਾਰ ਨੂੰ ਪਾਲਣ ਲਈ ਰਾਹ ਜਾਂਦੇ ਰਾਹੀਆਂ ਨੂੰ ਘੇਰ ਕੇ ਉਨ੍ਹਾਂ ਕੋਲੋਂ ਸਭ ਕੁਝ ਲੁਟ ਲੈਂਦਾ ਸੀ, ਭਾਵ

---

[922] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 25-29.

ਲੁਟੇਰਾ ਸੀ। ਇਕ ਦਿਨ ਉਸਨੇ ਕੁਝ ਸਾਧੂਆਂ ਨੂੰ ਘੇਰਿਆ ਅਤੇ ਲੁਟਣ ਲਗਾ। ਸਾਧੂਆਂ ਨੇ ਉਸ ਨੂੰ ਕਿਹਾ ਕਿ ਤੂੰ ਆਪਣੇ ਪਰਿਵਾਰ ਲਈ ਪਾਪ ਕਰਦਾਂ ਹੈਂ ਕੀ ਉਹ ਅੰਤ ਸਮੇਂ ਤੇਰੇ ਨਾਲ ਚਲਣਗੇ? ਜਦ ਉਹ ਇਹ ਗੱਲ ਪਰਿਵਾਰ ਤੋਂ ਪੁਛਦਾ ਹੈ ਤਾਂ ਉਸਨੂੰ ਜਵਾਬ ਨਾਹ ਵਿਚ ਮਿਲਦਾ ਹੈ। ਇਸ ਪ੍ਰਕਾਰ ਉਹ ਪਛਤਾ ਕੇ ਸਾਧੂਆਂ ਦੇ ਚਰਨ ਫੜ ਲੈਂਦਾ ਹੈ। ਸਾਧੂ ਉਸ ਨੂੰ ਮਰਾ ਮਰਾ ਦਾ ਜਾਪ ਕਰਨ ਲਈ ਕਹਿ ਕੇ ਅਗੇ ਚਲੇ ਜਾਂਦੇ ਹਨ। ਹੌਲੀ ਹੌਲੀ ਬਾਲਮੀਕ ਮਰਾ ਮਰਾ ਤੋਂ ਰਾਮ ਰਾਮ ਕਹਿਣਾ ਅਰੰਭ ਕਰ ਦਿੰਦਾ ਹੈ ਅਤੇ ਰਾਮ ਦੀ ਭਗਤੀ ਕਰਦਾ ਹੈ। ਬਹੁਤ ਸਮਾਂ ਬਾਅਦ ਉਹੀ ਸਾਧੂ ਆਉਂਦੇ ਹਨ, ਉਹ ਦੇਖਦੇ ਹਨ ਕਿ ਇਕ ਬਿਰਮੀ ਵਿਚੋਂ ਰਾਮ ਰਾਮ ਦੀ ਆਵਾਜ਼ ਆ ਰਹੀ ਹੁੰਦੀ ਹੈ, ਜਦੋਂ ਉਹ ਬਿਰਮੀ ਤੋਂ ਮਿੱਟੀ ਹਟਾ ਕੇ ਦੇਖਦੇ ਹਨ ਤਾਂ ਵਿਚੋਂ ਬਾਲਮੀਕ ਨਿਕਲਦਾ ਹੈ ਭਾਵ ਇਤਨਾ ਸਮਾਂ ਭਗਤੀ ਕੀਤੀ ਕਿ ਉਸ ਦੇ ਸਰੀਰ ਉਤੇ ਮਿੱਟੀ ਜੰਮ ਗਈ। ਫਿਰ ਉਹ ਸਾਧੂ ਉਸ ਦਾ ਨਾਮ ਬਾਲਮੀਕ ਰਖਦੇ ਹਨ। ਇਸੇ ਬਾਲਮੀਕ ਰਿਸ਼ੀ ਨੇ ਰਮਾਇਣ ਦੀ ਰਚਨਾ ਕੀਤੀ। ਇਸ ਪ੍ਰਕਾਰ ਲੁਟੇਰੇ ਤੋਂ ਸਾਧੂ ਬਣਨ ਦੀ ਕਥਾ ਨੂੰ ਕਵੀ ਨੇ ਮੰਗਲ ਖੰਡ ਦੇ 7ਵੇਂ ਅਧਿਆਇ ਵਿਚ ਅੰਕਿਤ ਕੀਤੀ ਹੈ। ਇਸ ਦਾ ਮਨੋਰਥ ਵੀ ਕਵੀ ਨੇ ਇਸ ਕਥਾ ਦੇ ਅੰਤ ਵਿਚ ਦਸਿਆ ਹੈ।[923] ਯਥਾ-

ਮਰਾ ਕਹਤ ਮੁਨਿਵਰ ਭਏ ਸੋਇ॥

ਰਾਮ ਕਹਤ ਕਹੁ ਕਿਉਂ ਨਹੀਂ ਹੋਇ॥

ਦੋਹਰਾ॥

ਰਾਮ ਨਾਮੁ ਸਭ ਹੀ ਲਏ ਨਿਗੁਰੇ ਸਗੁਰੇ ਦੋਇ॥

ਨਿਗੁਰੇ ਕੋ ਫਲੁ ਹੋਤ ਨਹਿ ਸਗੁਰੇ ਕੋ ਫਲੁ ਹੋਇ॥[924]

ਕਵੀ ਦਾ ਮਨੋਰਥ ਸਪਸ਼ਟ ਹੈ ਕਿ ਪ੍ਰਭੂ ਭਗਤੀ ਦੇ ਮਹਾਤਮ ਕਰਕੇ ਹੀ ਇਹ ਕਥਾ ਅੰਕਿਤ ਕੀਤੀ ਹੈ। ਕਿਉਂਕਿ ਕਵੀ ਆਪ ਹੀ ਸਪਸ਼ਟ ਕਰ ਦਿੰਦਾ ਹੈ ਕਿ ਜਦੋਂ ਮਰਾ ਮਰਾ ਭਾਵ ਉਲਟਾ ਨਾਮ ਲੈ ਕੇ ਲੁਟੇਰੇ ਤੋਂ ਰਿਸ਼ੀ ਬਣ ਸਕਦਾ ਹੈ ਤਾਂ ਸਿਧਾ ਨਾਮ ਭਾਵ ਰਾਮ ਰਾਮ ਕਹਿਕੇ ਕਿਉਂ ਉਸ ਦਾ ਪਾਰ ਉਤਾਰਾ ਨਹੀਂ ਹੋਵੇਗਾ।

---

[923] ਉਹੀ, ਪਤਰਾ 30-33.

[924] ਉਹੀ, ਪਤਰਾ 35.

### 3.1.3 ਨਿਰਸੂ ਅਤੇ ਸਰਸੂ ਦੀ ਕਥਾ

ਨਿਰਸੂ ਅਤੇ ਸਰਸੂ ਦੀ ਕਥਾ ਦਾ ਸਾਰ ਮਿਥਿਹਾਸਕ ਸਖਸ਼ੀਅਤਾਂ ਵਿਚ ਅੰਕਿਤ ਕੀਤਾ ਹੈ। ਇਸ ਕਥਾ ਵਿਚ ਨਿਰਸੂ ਦੇ ਪਰਿਵਾਰ ਦੀ ਏਕਤਾ ਦੀ ਉਦਾਹਰਨ ਦੇ ਕੇ ਸਿਖਿਆ ਦਿਤੀ ਹੈ ਕਿ ਏਕਤਾ ਬਹੁਤ ਵਡਾ ਖਜ਼ਾਨਾ ਹੁੰਦਾ ਹੈ। ਨਿਰਸੂ ਨੂੰ ਏਕਤਾ ਕਰ ਕੇ ਹੀ ਸਭ ਕੁਝ ਮਿਲ ਗਿਆ ਅਤੇ ਸਰਸੂ ਨੇ ਰੀਸ ਕੀਤੀ ਪਰ ਏਕਾ ਨਾ ਹੋਣ ਕਰਕੇ ਸਭ ਕੁਝ ਗੁਆ ਲਿਆ। ਸੋ ਕਵੀ ਦਾ ਇਸ ਕਥਾ ਨੂੰ ਅੰਕਿਤ ਕਰਨ ਦਾ ਮਨੋਰਥ ਮਿਹਨਤ ਕਰਨੀ ਅਤੇ ਆਪਸੀ ਏਕੇ ਦੀ ਗੱਲ ਹੈ। ਇਸ ਕਥਾ ਦਾ ਮਨੋਰਥ ਕਵੀ ਨੇ ਕਥਾ ਆਰੰਭ ਕਰਨ ਤੋਂ ਪਹਿਲਾਂ ਹੀ ਸਪਸ਼ਟ ਕਰ ਦਿਤਾ ਸੀ। ਯਥਾ-

ਸਭ ਮਾਨੁਖ ਹ੍ਵੈ ਜਿਤਨੇ ਘਰਿ ਮੈ ਸਭ ਕਾ ਮਨ ਏਕ ਜੁ ਹੋਇ ਉਦਾਰੇ॥<br>
ਇਕ ਕੇ ਅਨੁਸਾਰ ਚਲੈ ਸਗਲੇ ਇਕ ਕਾਮ ਬਤਾਇ ਸੁ ਮਾਨਹਿ ਸਾਰੇ॥<br>
ਅਪਨਾ ਅਪਨਾ ਸਭ ਕਾਮ ਕਰੈ ਤਿਸ ਕੀ ਮਹਜੀ ਕਬਹੂੰ ਨਹਿ ਟਾਰੇ॥<br>
ਤਿਨ ਕੇ ਸਮ ਦੂਸਰਿ ਨਾਹਿ ਸੁਖੀ ਸਭ ਕੇ ਮਨ ਕਾ ਜਹਿ ਏਕ ਬਿਚਾਰੇ॥17॥[925]

ਸੋ ਕਵੀ ਨੇ ਨਿਰਸੂ ਅਤੇ ਸਰਸੂ ਦੀ ਕਥਾ ਅੰਕਿਤ ਕਰ ਕੇ ਇਹ ਪ੍ਰਯੋਜਨ ਸਿਧ ਕਰਨ ਦਾ ਪ੍ਰਯਤਨ ਕੀਤਾ ਹੈ ਕਿ ਏਕਤਾ ਕਰ ਕੇ ਹੀ ਘਰ ਵਿਚ ਖੁਸ਼ੀਆਂ ਰਹਿ ਸਕਦੀਆਂ ਹਨ।

### 3.1.4 ਕਾਰੂ ਅਤੇ ਹਮੀਦ ਕਾਰੂ ਦੀ ਕਥਾ

ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਪ੍ਰਸੰਗ ਇਸ ਤਰ੍ਹਾਂ ਹੈ- ਹਮੀਦ ਕਾਰੂ ਨੇ ਲੋਕਾਂ ਉਪਰ ਜ਼ੁਲਮ ਕਰ ਕੇ ਚਾਲੀ ਗੰਜ ਜੋੜ ਲਏ। ਹਮੀਦ ਕਾਰੂ ਨੇ ਕਾਰੂ ਬਾਦਸ਼ਾਹ ਵਾਂਗ ਹੀ ਰੁਪਏ ਜੋੜਨੇ ਆਰੰਭ ਕੀਤੇ। ਉਸ ਨੇ ਵੀ ਸਾਰੇ ਸੰਸਾਰ ਦੇ ਰੁਪਏ ਇਕਠੇ ਕਰ ਕੇ ਆਪਣੀ ਲੜਕੀ ਨੂੰ ਇਕ ਰੁਪਏ ਵਿਚ ਵੇਚਣ ਦਾ ਫੁਰਮਾਨ ਸੁਣਾਇਆ। ਇਕ ਲੜਕੇ ਨੇ ਆਪਣੀ ਮਾਂ ਕੋਲੋ ਇਕ ਰੁਪਇਆ ਮੰਗਿਆ, ਪਰ ਰੁਪਏ ਤਾਂ ਸਾਰੇ ਹੀ ਹਮੀਦ ਕਾਰੂ ਨੇ ਆਪਣੇ ਕੋਲ ਇਕਠੇ ਕੀਤੇ ਹੋਏ ਸਨ। ਉਸ ਦੀ ਮਾਂ ਨੇ ਪਹਿਲਾਂ ਤਾਂ ਮਨ੍ਹਾ ਕੀਤਾ ਫਿਰ ਜ਼ਿਦ ਦੇਖ ਕੇ ਉਸਦੀ ਪਿਤਾ ਦੇ ਮੂੰਹ ਵਿਚ ਇਕ ਰੁਪਇਆ ਹੋਣ ਦੀ ਗੱਲ ਕਹੀ ਕਿ ਉਹ ਕਬਰ ਖੋਦ ਕੇ ਕੱਢ

---

[925] ਉਹੀ, ਪਤਰਾ 737.

ਲਵੇ। ਉਸ ਨੇ ਇਸੇ ਤਰ੍ਹਾਂ ਕੀਤਾ ਅਤੇ ਇਕ ਰੁਪਇਆ ਦੇ ਕੇ ਲੜਕੀ ਨੂੰ ਖਰੀਦ ਲਿਆਇਆ, ਰੁਪਏ ਬਾਰੇ ਪੁਛਣ 'ਤੇ ਉਸ ਨੇ ਕਬਰ ਵਾਲੀ ਗੱਲ ਦਸੀ ਜੋ ਕਿ ਹਮੀਦ ਕਾਰੂ ਨੂੰ ਪਤਾ ਲਗੀ ਤਾਂ ਉਸ ਨੇ ਕਬਰਾਂ ਖੋਦ ਕੇ ਸਾਰੇ ਰੁਪਏ ਕਢਵਾ ਲਏ। ਗੁਰੂ ਨਾਨਕ ਦੇਵ ਜੀ ਉਸ ਦੇ ਰਾਜ ਵਿਚ ਗਏ ਅਤੇ ਉਸ ਨੂੰ ਮਿਲਣ ਲਈ ਉਸ ਦੇ ਪਹਿਰੇਦਾਰ ਨੂੰ ਕਿਹਾ। ਹਮੀਦ ਕਾਰੂ ਜਦੋਂ ਆਇਆ ਤਾਂ ਗੁਰੂ ਜੀ ਠੀਕਰੀਆਂ ਇਕਠੀਆਂ ਕਰ ਰਹੇ ਹੁੰਦੇ ਹਨ। ਪੁਛਣ 'ਤੇ ਗੁਰੂ ਜੀ ਨੇ ਕਿਹਾ ਕਿ ਇਨ੍ਹਾਂ ਨੂੰ ਅਲਾਹ ਕੋਲ ਲੈ ਕੇ ਜਾਣਾ ਹੈ। ਬਾਦਸ਼ਾਹ ਨੇ ਕਿਹਾ ਕਿ ਉਥੇ ਤਾਂ ਸਰੀਰ ਵੀ ਨਹੀਂ ਜਾ ਸਕਦਾ ਫਿਰ ਇਹ ਠੀਕਰੀਆਂ ਕਿਵੇਂ ਜਾਣਗੀਆਂ? ਗੁਰੂ ਜੀ ਨੇ ਸਮਝਾਇਆ ਕਿ ਫਿਰ ਚਾਲੀ ਗੰਜ ਰੁਪਏ ਕਿਵੇਂ ਨਾਲ ਜਾਣਗੇ? ਫਿਰ ਗੁਰੂ ਜੀ ਨੇ ਉਪਦੇਸ਼ ਦਿਤਾ, ਜਿਸ ਤੋਂ ਹਮੀਦ ਕਾਰੂ ਨੂੰ ਸਮਝ ਆ ਜਾਂਦੀ ਹੈ ਕਿ ਪਰਮਾਤਮਾ ਦੀ ਭਗਤੀ ਬਿਨ ਛੁਟਕਾਰਾ ਨਹੀਂ ਹੋਣਾ, ਇਸ ਲਈ ਉਹ ਭਗਤ ਫਰੀਦ ਵਾਂਗ ਭਗਤੀ ਕਰਨ ਦਾ ਨਿਹਚਾ ਕਰਦਾ ਹੈ।[926] ਇਸ ਕਥਾ ਦਾ ਮਨੋਰਥ ਵੀ ਅੰਤ ਵਿਚ ਕਵੀ ਨੇ ਸਪਸ਼ਟ ਕਰਦਿਆਂ ਕਿਹਾ ਹੈ ਕਿ ਪਰਮਾਤਮਾ ਦੀ ਭਗਤੀ ਤੋਂ ਬਿਨਾਂ ਹੋਰ ਕਿਸੇ ਪਦਾਰਥ ਨੇ ਜੀਵ ਦੇ ਨਾਲ ਨਹੀਂ ਜਾਣਾ। ਇਸ ਲਈ ਪਰਮਾਤਮਾ ਦੀ ਭਗਤੀ ਕਰਨੀ ਚਾਹੀਦੀ ਹੈ। ਯਥਾ-

ਬੰਦਗੀ ਬਿਨਾ ਖੁਦਾਇ ਦੀ ਮਿਲਿਣਾ ਮੁਸਕਲਿ ਜਾਨ॥
ਲਿਖਿਆ ਵਿਚ ਕਤੇਬ ਦੇ ਹਕਤਾਲਾ ਫੁਰਮਾਨ॥੧੪॥[927]

ਸੋ ਕਵੀ ਨੇ ਹਮੀਰ ਕਾਰੂ ਦੀ ਇਸ ਕਥਾ ਨੂੰ ਅੰਕਿਤ ਕਰਕੇ ਇਹ ਸਿਖਿਆ ਦੇਣ ਦੇ ਯਤਨ ਕੀਤਾ ਹੈ ਕਿ ਜੀਵ ਦੇ ਨਾਲ ਪਰਮਾਤਮਾ ਦੀ ਭਗਤੀ ਤੋਂ ਬਿਨਾਂ ਹੋਰ ਕੁਝ ਵੀ ਨਾਲ ਨਹੀਂ ਜਾਂਦਾ।

### 3.1.5 ਭੂਤ ਦੀ ਕਥਾ

ਰਾਮੇਸਰ ਖੰਡ ਦੇ ਤੀਜੇ ਅਧਿਆਇ ਵਿਚ ਇਕ ਭੂਤ ਦੀ ਕਥਾ ਇੰਝ ਅੰਕਿਤ ਕੀਤੀ ਹੈ- ਇਕ ਵਿਅਕਤੀ ਨੂੰ ਭੂਤ ਮਿਲ ਜਾਂਦਾ ਹੈ। ਭੂਤ ਵਿਅਕਤੀ ਨੂੰ ਕਹਿੰਦਾ ਹੈ ਕਿ ਜਿੰਨਾ ਸਮਾਂ ਮੈਨੂੰ ਕੰਮ ਦਸਦਾ ਰਹੇਂਗਾ ਮੈ ਕੰਮ ਕਰਾਂਗਾ ਜਿਸ ਦਿਨ ਮੈਨੂੰ ਕੰਮ ਨਾ ਮਿਲਿਆ ਉਸ ਦਿਨ ਮੈ ਤੈਨੂੰ ਮਾਰ ਦਵਾਂਗਾ। ਵਿਅਕਤੀ

---

[926] ਉਹੀ,ਪਤਰਾ 905-15.

[927] ਉਹੀ, ਪਤਰਾ 912.

ਰੋਜ ਕੰਮ ਦਿੰਦਾ ਅਤੇ ਡਰਦਾ ਕਿ ਜਿਸ ਦਿਨ ਕੰਮ ਨਾ ਮਿਲਿਆ ਉਸ ਦਿਨ ਮੈ ਮਰ ਜਾਵਾਂਗਾ । ਉਸ ਵਿਅਕਤੀ ਨੂੰ ਕੰਮ ਦਸਣਾ ਅਤਿ ਮੁਸ਼ਕਿਲ ਹੋ ਗਿਆ ਉਸ ਨੂੰ ਲਗ ਰਿਹਾ ਸੀ ਕਿ ਉਸ ਦਾ ਅੰਤਿਮ ਸਮਾਂ ਨੇੜੇ ਆ ਗਿਆ ਹੈ। ਇਕ ਦਿਨ ਉਸਨੂੰ ਸੰਤ ਮਿਲਿਆ। ਸੰਤ ਨੇ ਜੁਗਤੀ ਦਸੀ ਕਿ ਧਰਤੀ ਵਿਚ ਬਾਂਸ ਗੱਡ ਕੇ ਭੂਤ ਨੂੰ ਸੰਗਲ ਪਾ ਕੇ ਉਪਰ ਹੇਠ ਚੜਨ ਉਤਰਨ ਲਈ ਕਹਿ ਦਵੇ ਜਿਸ ਦਿਨ ਕੰਮ ਹੋਇਆ ਕਰੇਗਾ ਉਦੋਂ ਕੰਮ ਕਰਵਾ ਲਿਆ ਕਰਨਾ। ਇਸ ਤਰ੍ਹਾਂ ਭੂਤ ਕਾਬੂ ਵਿਚ ਆ ਗਿਆ । ਸੋ ਕਵੀ ਅਨੁਸਾਰ ਇਸੇ ਤਰ੍ਹਾਂ ਹੀ ਅਸੀਂ ਮਨ ਨੂੰ ਕਾਬੂ ਕਰ ਸਕਦੇ ਹਾਂ। ਇਸ ਕਥਾ ਨੂੰ ਅੰਕਿਤ ਕਰਨ ਦਾ ਮਨੋਰਥ ਇਸ ਦੇ ਅੰਤ ਵਿਚ ਵਿਅਕਤ ਕੀਤਾ ਗਿਆ ਹੈ। ਯਥਾ-

ਜਿਮ ਬਾਂਧ ਸੁ ਭੂਤਿ ਰਖਯੋ ਤਿਸ ਨੈ ਇਕ ਕਾਮ ਬਤਾਇ ਦਯੋ ਨਿਸ ਜਾਮੰ॥

ਤਿਮ ਹੀ ਤੁਮ ਬਾਂਧ ਰਖੋ ਮਨ ਕੋ ਅਭਿਆਸ ਕਰੋ ਸਿਮਰੋ ਹਰਿਨਾਮੰ॥35॥

ਦੋਹਰਾ॥

ਸੁਰਤਿ ਸਬਦਿ ਗਰਿ ਸੰਗਲੰ ਮਨ ਕੈ ਪਾਇ ਉਦਾਰ॥

ਸ੍ਵਾਸ ਬਾਂਸ ਪਰਿ ਨਾਨਕਾ ਮਨ ਕੋ ਦੀਜੈ ਚਾਰ॥36॥[928]

ਭੂਤ ਦੀ ਕਥਾ ਅੰਕਿਤ ਕਰਨ ਦਾ ਮਨੋਰਥ ਮਾਤਰ ਇਤਨਾ ਹੈ ਕਿ ਮਨ ਨੂੰ ਕਾਬੂ ਕਿਵੇਂ ਕਰੀਦਾ ਹੈ। ਜਿਸ ਤਰ੍ਹਾਂ ਭੂਤ ਨੂੰ ਬਾਂਸ ਉਪਰ ਚੜਣ ਉਤਰਨ ਲਈ ਕਿਹਾ ਸੀ, ਉਸੇ ਪ੍ਰਕਾਰ ਮਨ ਨੂੰ ਇਹ ਕੰਮ ਦੇਣਾ ਹੈ। ਸ਼ਬਦ ਦਾ ਮਨ ਦੇ ਗਲ ਵਿਚ ਸੰਗਲ ਪਾਉਣਾ ਹੈ ਅਤੇ ਸਵਾਸ ਰੂਪੀ ਬਾਂਸ ਉਪਰ ਉਤਰਨ ਚੜਣ ਦਾ ਹੁਕਮ ਕਰਨਾ ਹੈ। ਸੋ ਕਵੀ ਨੇ ਮਨ ਨੂੰ ਕਾਬੂ ਕਰਨ ਦੀ ਸਿਖਿਆ ਇਸ ਕਥਾ ਵਿਚ ਦਿਤੀ ਹੈ।

### 3.1.6 ਕਲਿਆਣ ਰਾਜਾ ਦੀ ਕਥਾ

ਗੁਰੂ ਨਾਨਕ ਦੇਵ ਜੀ ਨੇ ਰਾਇ ਬੁਲਾਰ ਨੂੰ ਇਹ ਕਥਾ ਸੁਣਾਈ ਅਤੇ ਉਪਦੇਸ਼ ਦਿਤਾ ਕਿ ਕਿਸ ਤਰ੍ਹਾਂ ਦਾ ਨਿਆਂ ਹੋਣਾ ਚਾਹੀਦਾ ਹੈ। ਕਥਾ ਇਸ ਪ੍ਰਕਾਰ ਹੈ- ਕੁਰੁਖੇਤਰ ਜੋ ਕਿ ਕੁਲਿਯਾਂਗਦਿ ਦੇ ਵਿਚ ਸੀ। ਉਸ ਦਾ ਰਾਜਾ ਕਲਿਆਣ ਸੀ ਪਰ ਉਹ ਪਾਪੀ ਸੀ। ਕਰਨਾਲ ਦਾ ਇਕ ਵਿਅਕਤੀ ਹਰਸਾ ਵਿਆਹ

---

[928] ਉਹੀ, ਪਤਰਾ 1098.

ਕਰਕੇ ਜਾ ਰਿਹਾ ਸੀ , ਉਸਦੀ ਇਸਤਰੀ ਸੋਹਣੀ ਸੀ ਰਾਜੇ ਨੇ ਉਹ ਇਸਤਰੀ ਖੋਹ ਲਈ। ਉਸ ਤੋਂ ਇਕ ਔਲਾਦ ਪੈਦਾ ਹੋਈ ਜਿਸ ਦਾ ਨਾਮ ਧਿਆਨ ਰਖਿਆ ਗਿਆ। ਰਾਜ ਦੇ ਮਰਨ ਪਿਛੋਂ ਉਸ ਦਾ ਪੁਤਰ ਧਿਆਨ ਰਾਜਾ ਬਣਿਆ ਤਾਂ ਉਸਦੇ ਪਰਉਪਕਾਰ ਦੇ ਚਰਚੇ ਦੂਰ ਦੂਰ ਤਕ ਹੋਣ ਲਗ ਗਏ। ਚਰਚੇ ਸੁਣ ਕੇ ਇਕ ਦਿਨ ਹਰਸਾ ਨੇ ਆ ਕੇ ਸਾਰੀ ਵਾਰਤਾ ਰਾਜੇ ਨੂੰ ਦਸੀ ਕਿ ਤੇਰੀ ਮਾਂ ਮੈਨੂੰ ਵਿਆਹੀ ਸੀ , ਇਸ ਲਈ ਉਹ ਮੇਰੀ ਇਸਤਰੀ ਹੈ। ਰਾਜੇ ਨੇ ਤਫਤੀਸ਼ ਕੀਤੀ ਅਤੇ ਉਸ ਦੀ ਇਸਤਰੀ ਭਾਵ ਅਪਣੀ ਮਾਂ ਉਸ ਨੂੰ ਦਿਤੀ। ਇਸ ਕਥਾ ਅਨੁਸਾਰ ਇਕ ਰਾਜਾ ਨੇ ਪੂਰਨ ਰੂਪ ਵਿਚ ਨਿਆਂ ਕੀਤਾ। ਸੋ ਕਵੀ ਦਾ ਮਨੋਰਥ ਇਹ ਸਿਖਿਆ ਦੇਣ ਦਾ ਹੈ ਕਿ ਵਿਅਕਤੀ ਨੂੰ ਜਿਹੜੀ ਵੀ ਮੁਸ਼ਕਿਲ ਆਵੇ, ਪਰ ਉਸਨੂੰ ਨਿਆਂ ਜ਼ਰੂਰ ਕਰਨਾ ਚਾਹੀਦਾ ਹੈ। ਗੁਰੂ ਜੀ ਨੇ ਕਿਹਾ ਕਿ ਇਸ ਤਰ੍ਹਾਂ ਇਕ ਰਾਜੇ ਨੂੰ ਨਿਆਂ ਕਰਨਾ ਚਾਹੀਦਾ ਹੈ। ਯਥਾ-

ਇਸ ਪਰਕਾਰ ਨਿਆਉ ਜੋ ਕਰੈ ਨਿਰਪ ਬੁਧਿਵਾਨ॥
ਤਿਸ ਕੋ ਪਾਪ ਨ ਲਾਗਈ ਭਾਖਯੋ ਗੁਰੂ ਮਹਾਨ॥33॥[929]

ਸੋ ਕਵੀ ਇਸ ਕਥਾ ਨੂੰ ਅੰਕਿਤ ਕਰਕੇ ਨਿਆਂ ਕਰਨ ਦੀ ਸਿਖਿਆ ਦਿੰਦਾ ਹੈ ਕਿ ਜਿਵੇਂ ਕਲਿਆਣ ਰਾਜੇ ਨੇ ਆਪਣੀ ਮਾਂ ਹਰਸਾ ਨੂੰ ਦੇ ਦਿਤੀ ਸੀ ਕਿਉਂਕਿ ਉਸ ਦੇ ਪਿਤਾ ਨੇ ਉਸ ਨੂੰ ਉਸ ਤੋਂ ਖੋਹਿਆ ਸੀ, ਇਸੇ ਭਾਂਤਿ ਮਨੁਖ ਨੂੰ ਵੀ ਹਰ ਇਕ ਨਾਲ ਨਿਆਂ ਕਰਨਾ ਚਾਹੀਦਾ ਹੈ।

### 3.1.7 ਕਲਪ ਰੁਖ ਤੇ ਮਨੁਖ ਦੀ ਕਥਾ

ਸਿਖਿਆ ਦੇ ਮਨੋਰਥ ਨਾਲ ਹੀ ਕਵੀ ਨੇ ਰਾਮੇਸਰ ਖੰਡ ਦੇ 12 ਵੇਂ ਅਧਿਆਇ ਵਿਚ ਇਕ ਮਨੁਖ ਦੀ ਕਥਾ ਅੰਕਿਤ ਕੀਤੀ ਹੈ। ਕਥਾ ਇੰਵ ਹੈ, ਇਕ ਮਨੁਖ ਰਸਤੇ ਵਿਚ ਜਾਂਦਾ ਹੋਇਆ ਜੰਗਲ ਵਿਚ ਕਲਪ ਰੁਖ ਨੀਚੇ ਅਰਾਮ ਕਰ ਨ ਲਗ ਜਾਂਦਾ ਹੈ, ਫਿਰ ਅਚਾਨਕ ਉਹ ਸੋਚਦਾ ਹੈ ਕਿ ਉਸਨੂੰ ਪੀਣ ਲਈ ਸ਼ੀਤਲ ਪਾਣੀ ਮਿਲ ਜਾਵੇ, ਤਾਂ ਬਹੁਤ ਵਧੀਆ ਰਹੇਗਾ, ਉਸ ਦੀ ਇਹ ਮਨੋਕਾਮਵਨਾ ਪੂਰੀ ਹੁੰਦੀ ਹੈ। ਇਸੇ ਤਰ੍ਹਾਂ ਫਿਰ ਉਹ ਫਲ, ਪਲੰਘ ਅਤੇ ਇਸਤਰੀ ਦੀ ਕਾਮਨਾ ਕਰਦਾ ਹੈ , ਜੋ ਪੂਰੀ ਹੋ ਜਾਂਦੀ ਹੈ। ਅੰਤ ਵਿਚ ਉਹ ਸ਼ੇਰ ਦੀ ਕਲਪਨਾ ਕਰਦਾ ਹੈ ਕਿ ਕਿਤੇ ਸ਼ੇਰ ਆ ਗਿਆ ਤਾਂ ਉਸਨੂੰ ਮਾਰ ਦੇਵੇਗਾ। ਸੋ ਸ਼ੇਰ ਆਉਂਦਾ ਹੈ

[929] ਉਹੀ, ਪਤਰਾ 1105.

ਅਤੇ ਉਸ ਨੂੰ ਮਾਰ ਦਿੰਦਾ ਹੈ। ਇਸ ਕਥਾ ਨੂੰ ਕਵੀ ਦੇ ਦਰਜ ਕਰਨ ਦਾ ਮਨੋਰਥ ਵਾਸਤਵਿਕਤਾ ਵਿਚ ਇਹ ਹੈ ਕਿ ਮਨੁਖ ਨੂੰ ਪਦਾਰਥਾਂ ਨੂੰ ਇਕਠਾ ਤਾਂ ਕਰਨਾ ਚਾਹੀਦਾ ਹੈ ਪਰ ਉਨ੍ਹਾਂ ਵਿਚ ਗਲਤਾਨ ਨਹੀਂ ਹੋਣਾ ਚਾਹੀਦਾ ਨਹੀਂ ਤਾਂ ਜੀਵ ਮਾਇਆ ਵਿਚ ਗਲਤਾਨ ਹੋ ਕੇ ਇਕ ਦਿਨ ਸ਼ੇਰ ਹਥੋਂ ਮਾਰਿਆ ਜਾਵੇਗਾ। ਇਸ ਦਾ ਮਨੋਰਥ ਵੀ ਇਸ ਕਥਾ ਦੇ ਅੰਤ ਵਿਚ ਕਵੀ ਨੇ ਅੰਕਿਤ ਕੀਤਾ ਹੈ। ਯਥਾ-

ਕਲਪ ਬਿਰਛ ਸੋ ਹਰਿ ਕੀ ਮਾਯਾ॥

ਤਿਨ ਸੰਕਲਪ ਸੁ ਨਾਹਿ ਉਪਾਯਾ॥

ਹਰਿ ਕੀ ਮਾਯਾ ਸੋ ਸੁਖਦਾਈ॥

ਕਲਪ ਬਿਰਛ ਜਿਉ ਜਾਨਹੁ ਭਾਈ॥38॥[930]

ਸੋ ਇਹ ਮਾਇਆ ਪਰਮਾਤਮਾ ਨੇ ਬਣਾਈ ਹੈ ਮਾਨੋ ਕਿ ਇਹ ਕਲਪ ਰੁਖ ਦੀ ਭਾਂਤਿ ਹੈ, ਜੋ ਮਨੁਖ ਇਸ ਤੋਂ ਮੰਗੇਗਾ ਉਹ ਪੂਰਾ ਕਰੇਗਾ, ਪਰ ਇਤਨੀ ਵੀ ਕਲਪਨਾ ਨਾ ਕਰੇ ਕਿ ਇਹ ਮਨੁਖ ਦੇ ਜੀਵਨ ਦਾ ਨਾਸ਼ ਹੀ ਕਰ ਦੇਵੇ। ਸੋ ਇਹ ਅਧਿਆਤਮਕ ਪਧਰ ਦੀ ਸਿਖਿਆ ਦੇ ਕੇ ਕਵੀ ਨੇ ਜੀਵ ਨੂੰ ਪਰਮਾਤਮਾ ਦੀ ਭਗਤੀ ਵਲ ਪ੍ਰੇਰਿਆ ਹੈ।

### 3.1.8 ਕਿਸਨ ਲਾਲ ਅਤੇ ਪਰਸਰਾਮ ਦੀ ਕਥਾ

ਇਕ ਸਥਾਨ ਉਤੇ ਦੋ ਵਿਅਕਤੀ ਕਿਸਨ ਲਾਲ ਅਤੇ ਪਰਸਰਾਮ ਰਹਿੰਦੇ ਹੁੰਦੇ ਹਨ। ਪਰਸਰਾਮ ਹਰ ਰੋਜ ਗੁਰੂ ਜੀ ਦੇ ਦਰਸ਼ਨ ਕਰਨ ਅਉਂਦਾ ਹੈ ਅਤੇ ਬਿਨਾਂ ਦਰਸ਼ਨਾਂ ਤੋਂ ਕੁਝ ਵੀ ਖਾਂਦਾ ਪੀਂਦਾ ਨਹੀਂ। ਕੁਝ ਸਮਾਂ ਬੀਤਣ ਤੋਂ ਬਾਦ ਉਸਦਾ ਮਿਤਰ ਮਿਲਦਾ ਹੈ ਕਿਸਨ ਲਾਲ ਜੋ ਕਿ ਹਰ ਰੋਜ ਵੇਸਵਾ ਦੇ ਕੋਠੇ ਜਾਂਦਾ ਹੈ। ਇਕ ਦਿਨ ਉਸ ਨੂੰ ਵੇਸਵਾ ਨਾ ਮਿਲੀ ਤਾਂ ਉਹ ਪੈਰ ਨਾਲ ਮਿਟੀ ਖੋਦਣ ਲਗ ਜਾਂਦਾ ਹੈ ਅਤੇ ਉਸ ਦੇ ਪੈਰ ਨੂੰ ਇਕ ਹਾਂਡੀ ਛੂਹ ਜਾਂਦੀ ਹੈ, ਉਹ ਖੁਸ਼ ਹੋ ਜਾਂਦਾ ਹੈ ਅਤੇ ਜਦੋਂ ਹਾਂਡੀ ਨੂੰ ਖੋਲਦਾ ਹੈ, ਉਹ ਸਾਰੀ ਕੋਲਿਆਂ ਨਾਲ ਭਰੀ ਹੁੰਦੀ ਹੈ ਅਤੇ ਉਸ ਵਿਚ ਸਿਰਫ ਇਕ ਮੋਹਰ ਹੁੰਦੀ ਹੈ। ਦੂਜੇ ਪਾਸੇ ਪਰਸਰਾਮ ਦੇ ਉਸੇ ਦਿਨ ਪੈਰ ਵਿਚ ਕੰਡਾ ਵਜ ਦਾ ਹੈ। ਦੋਨੋ ਆਪਸ ਵਿਚ ਗੱਲਾਂ ਕਰਦੇ ਹਨ ਕਿ

[930] ਉਹੀ, ਪਤਰਾ 1134.

ਕਿਸਨੂੰ ਨੁਕਸਾਨ ਹੋਇਆ ਅਤੇ ਕਿਸ ਨੂੰ ਲਾਭ। ਦੋਨੋ ਗੁਰੂ ਜੀ ਕੋਲ ਆਉਂਦੇ ਹਨ ਤਾਂ ਗੁਰੂ ਜੀ ਦਸਦੇ ਹਨ ਕਿ ਕਿਸਨ ਲਾਲ ਦੇ ਪਿਛਲੇ ਜਨਮ ਵਿਚ ਚੰਗੇ ਕਰਮ ਕੀਤੇ ਹੋਏ ਸਨ, ਇਸ ਲਈ ਇਹ ਹਾਂਡੀ ਸੋਨੇ ਦੀਆ ਮੋਹਰਾਂ ਨਾਲ ਭਰੀ ਹੋਈ ਸੀ, ਪਰ ਇਸ ਜਨਮ ਵਿਚ ਇਸ ਨੇ ਕੋਈ ਚੰਗੇ ਕਰਮ ਨਹੀਂ ਕੀਤੇ ਤਾਂ ਕਰਕੇ ਇਹ ਮੋਹਰਾਂ ਕੋਲਾ ਬਣਦੀਆਂ ਗਈਆਂ। ਜੇਕਰ ਇਕ ਕਰਮ ਹੋਰ ਮਾੜਾ ਕਰਦਾ ਤਾਂ ਇਹ ਮੋਹਰ ਵੀ ਕੋਲਾ ਬਣ ਜਾਣ ਸੀ। ਦੂਜੇ ਪਾਸੇ ਪਰਸਰਾਮ ਦੇ ਪਿਛਲੇ ਜਨਮ ਵਿਚ ਕਰਮਾ ਕਰਕੇ ਉਸਨੂੰ ਸੂਲੀ ਦੀ ਸਜ਼ਾ ਮਿਲਣੀ ਸੀ, ਪਰ ਇਸ ਜਨਮ ਵਿਚ ਚੰਗੇ ਕਰਮਾ ਕਰਕੇ ਸੂਲੀ ਤੋਂ ਸੂਲ (ਕੰਡਾ) ਬਣ ਗਿਆ। ਪਰਸਰਾਮ ਦੇ ਪੁਛਣ 'ਤੇ ਬਾਲੇ ਨੇ ਪਿਛਲੇ ਜਨਮ ਬਾਰੇ ਦਸਿਆ ਕਿ ਪਿਛਲੇ ਜਨਮ ਵਿਚ ਤੇਰੇ ਤੋਂ ਤੀਰ ਨਾਲ ਇਕ ਪਠਾਣ ਦੀ ਮੌਤ ਹੋ ਗਈ ਸੀ ਉਸ ਨੇ ਸਰਾਪ ਦਿਤਾ ਸੀ ਕਿ ਤੂੰ ਵੀ ਅਗਲੇ ਜਨਮ ਵਿਚ ਸੂਲੀ ਚੜ ਕੇ ਮਰੇਂਗਾ। ਸੋ ਕਰਮਾਂ ਬਾਰੇ ਇਹ ਕਥਾ ਦਸ ਕੇ ਕਵੀ ਨੇ ਸਿਖਿਆ ਦਿਤੀ ਹੈ ਕਿ ਸਾਨੂੰ ਚੰਗੇ ਕਰਮ ਹੀ ਕਰਨੇ ਚਾਹੀਦੇ ਹਨ ਕਿਉਂਕਿ ਮਾੜੇ ਕਰਮ ਪਿਛਲੇ ਜਨਮਾਂ ਦੇ ਚੰਗੇ ਫਲ ਦਾ ਵੀ ਨਾਸ਼ ਕਰ ਦਿੰਦੇ ਹਨ। ਇਸ ਕਥਾ ਦੁਆਰਾ ਸੰਤਾਂ ਦੀ ਸੇਵਾ ਕਰਨ ਦੀ ਵੀ ਸਿਖਿਆ ਦਿਤੀ ਹੈ ਕਿਉਂਕਿ ਸੰਤਾਂ ਦੀ ਸੇਵਾ ਨਿਸਫਲ ਨਹੀਂ ਜਾਂਦੀ, ਇਸ ਕਥਾ ਦੇ ਅੰਤ ਵਿਚ ਇਸ ਦਾ ਮਨੋਰਥ ਅੰਕਿਤ ਕੀਤਾ ਗਿਆ ਹੈ। ਯਥਾ-

ਹਰਿ ਗੁਰ ਸੇਵਾ ਸੰਤ ਕੀ ਕਬੂੰ ਨਿ ਬਿਰਥੀ ਜਾਇ॥

ਸੰਤਨਿ ਸੇਵਾ ਕੀਜਿਯੈ ਤਨੁ ਧਨੁ ਮਨ ਪੁਨਿ ਲਾਇ॥41॥[931]

ਸੋ ਕਵੀ ਨੇ ਪਰਸਰਾਮ ਅਤੇ ਕਿਸਨ ਲਾਲ ਦੀ ਕਥਾ ਅੰਕਿਤ ਕਰ ਕੇ ਸਿਖਿਆ ਦਿਤੀ ਹੈ ਕਿ ਸੰਤਾਂ ਦੀ ਸੇਵਾ ਕਦੇ ਵੀ ਵਿਅਰਥ ਨਹੀਂ ਜਾਂਦੀ, ਇਸ ਲਈ ਤਨ, ਮਨ ਅਤੇ ਧਨ ਨਾਲ ਮਨੁਖ ਨੂੰ ਸੇਵਾ ਕਰਨੀ ਚਾਹੀਦੀ ਹੈ।

### 3.1.9 ਮਾਲਵਾ ਦੇਸ ਦੇ ਰਾਜੇ ਦੀ ਕਥਾ

ਗੁਰੂ ਨਾਨਕ ਵਿਜੈ ਗ੍ਰੰਥ ਵਿਚ ਮੁਲਤਾਨ ਖੰਡ ਵਿਚ ਇਕ ਕਥਾ ਅੰਕਿਤ ਕੀਤੀ ਗਈ ਹੈ, ਜਿਸ ਵਿਚ ਮਾਲਵ ਦੇਸ਼ ਦਾ ਰਾਜਾ ਕਿਸੇ ਸੰਤ ਨੂੰ ਪੁਛਦਾ ਹੈ ਕਿ ਹੰਸਾਂ ਦੇ ਦਰਸ਼ਨ ਕਿਵੇਂ ਹੋਣਗੇ। ਸੰਤ ਨੇ

[931] ਉਹੀ, ਪਤਰਾ 1250.

ਕਿਹਾ ਕਿ ਹੰਸਾ ਦੇ ਦਰਸ਼ਨ ਦੁਰਲਭ ਹਨ ਇਸ ਦਾ ਇਕੋ ਇਕ ਉਪਾਅ ਹੈ ਕਿ ਤੂੰ ਪੰਛੀਆਂ ਨੂੰ ਚੋਗਾ ਪਾਉਣਾ ਸ਼ੁਰੂ ਕਰ। ਪੰਛੀ ਤੇਰੀ ਚਾਰੇ ਦਿਸ਼ਾਵਾਂ ਵਿਚ ਉਸਤਤੀ ਕਰਨਗੇ ਅਤੇ ਇਕ ਦਿਨ ਹੰਸ ਵੀ ਆਉਣਗੇ। ਹੰਸਾਂ ਦੇ ਲਈ ਦੁਧ ਰਖਣਾ, ਕਿਉਂਕਿ ਉਹ ਅੰਨ ਪਾਣੀ ਨਹੀਂ ਖਾਂਦੇ। ਸਮਾਂ ਬੀਤਣ ਤੇ ਰਾਜੇ ਦੀ ਚਰਚਾ ਮਾਨ ਸਰੋਵਰਿ ਤਕ ਹੋਣ ਲਗੀ । ਮਾਨਸਰੋਵਰਿ ਤੋਂ ਦੋ ਹੰਸ ਆਏ , ਉਨ੍ਹਾਂ ਨੇ ਚੋਗਾ ਲਿਆ ਅਤੇ ਦੋ ਲਾਲ ਦੇ ਕੇ ਗਏ। ਸੇਵਕਾਂ ਨੇ ਲਾਲ ਰਾਜੇ ਨੂੰ ਦਿਤੇ। ਦੂਜੇ ਦਿਨ ਜਿਥੇ ਹੰਸ ਆਏ ਸਨ। ਉਥੇ ਰਾਜਾ ਗਿਆ, ਉਸ ਦਿਨ ਫਿਰ ਹੰਸ ਆਏ ਅਤੇ ਲਾਲ ਦੇ ਕੇ ਗਏ। ਇਸ ਪ੍ਰਕਾਰ ਰਾਜੇ ਨੇ ਹੰਸਾਂ ਦੇ ਦਰਸ਼ਨ ਕੀਤੇ। ਇਸ ਸਾਰੀ ਕਥਾ ਨੂੰ ਅੰਕਿਤ ਕਰਨ ਤੋਂ ਪਹਿਲਾਂ ਪਰਮਚੰਦ ਨਾਂ ਦੇ ਵਿਅਕਤੀ ਦੁਆਰਾ ਗੁਰੂ ਜੀ ਤੋਂ ਇਹ ਪੁਛਿਆ ਜਾਂਦਾ ਹੈ ਕਿ ਸੰਤਾਂ ਦੇ ਦਰਸ਼ਨ ਕਿਵੇਂ ਹੋਣਗੇ? ਜਿਸਦੇ ਸਿਖਿਆ ਲਈ ਇਹ ਕਥਾ ਅੰਕਿਤ ਕੀਤੀ ਗਈ।

ਤਿਉ ਤੂੰ ਪਰਮਾਨੰਦ ਉਦਾਰੇ॥ ਕਰੋ ਭੇਖ ਕੀ ਸੇਵ ਪਿਆਰੇ॥28॥

ਭੇਖਨਿ ਮਾਹਿ ਸੰਤ ਹੈਂ ਜੇਤੇ॥ ਛੋਟੇ ਵਡੇ ਅਉਰ ਪੁਨਿ ਕੇਤੇ॥

ਖਗ ਚਿੜੀਉ ਕੀ ਨਯਾਈ ਸੋਇ॥ ਮਹਾ ਪੁਰਖ ਤਿਨ ਮੈ ਇਕ ਕੋਇ॥29॥[932]

ਸੋ ਕਵੀ ਨੇ ਇਸ ਕਥਾ ਦਾ ਮਨੋਰਥ ਸਪਸ਼ਟ ਕਰ ਦਿਤਾ ਹੈ ਕਿ ਸੰਤਾਂ ਦੇ ਦਰਸ਼ਨ ਕਿਵੇਂ ਕੀਤੇ ਜਾਣ, ਉਸ ਲਈ ਸੰਤਾਂ ਦੀ ਸੇਵਾ ਕਰਨੀ ਯਕੀਨੀ ਹੈ ਤਾਂ ਜੋ ਭੇਖ ਦੀ ਸੇਵਾ ਕਰਦਿਆਂ ਅਸਲ ਸੰਤਾਂ ਦੇ ਦਰਸ਼ਨ ਵੀ ਹੋ ਜਾਣ।

### 3.1.10 ਮਛ ਦਾ ਕਥਾ

ਬਰਨ ਖੰਡ ਵਿਚ ਇਕ ਕਥਾ ਕਰਹਾਟਕ ਦੇਸ ਦੀ ਹੈ, ਜਿਸ ਅਨੁਸਾਰ ਇਕ ਵਿਅਕਤੀ ਕਰਹਾਟਕ ਦੇਸ ਵਿਚ ਰਹਿੰਦਾ ਸੀ। ਉਸ ਨੇ ਗਿਆਨ ਅਰਜਿਤ ਕਰਨ ਹਿਤ ਗੁਰੂ ਧਾਰਨ ਕੀਤਾ ਅਤੇ ਕੁਝ ਸਮਾਂ ਉਸ ਤੋਂ ਵਿਦਿਆ ਪ੍ਰਾਪਤ ਕੀਤੀ। ਫਿਰ ਉਸ ਨੂੰ ਗਿਆਨ ਦਾ ਹੰਕਾਰ ਹੋ ਗਿਆ ਕਿ ਉਸਨੂੰ ਆਪਣੇ ਗੁਰੂ ਨਾਲੋਂ ਵੱਧ ਗਿਆਨ ਹੈ, ਜਿਸ ਸਦਕਾ ਉਸ ਨੇ ਗੁਰੂ ਨੂੰ ਅਪ-ਸ਼ਬਦ ਬੋਲੇ। ਗੁਰੂ ਨੇ ਉਸ ਦਾ ਹੰਕਾਰ ਦੇਖ ਕੇ ਉਸ ਨੂੰ ਸਰਾਪ ਦਿਤਾ ਜਿਸ ਕਾਰਨ ਉਸ ਨੂੰ ਮਛ ਦੀ ਜੂਨੀ ਮਿਲੀ, ਜਿਸ ਦਾ ਉਦਾਰ ਗੁਰੂ ਨਾਨਕ ਦੇਵ ਜੀ

---

[932] ਉਹੀ, ਪਤਰਾ 1495.

ਨੇ ਕੀਤਾ।[933] ਗੁਰੂ ਨਾਨਕ ਦੇਵ ਜੀ ਸਮੁੰਦਰ ਵਿਚ ਗਏ ਅਤੇ ਇਕ ਬਹੁਤ ਵਡਾ ਮੱਛ ਮਿਲਿਆ ਜਿਸ ਦਾ ਵਿਸਥਾਰ ਦਸ ਜੋਜਨ ਦਸਿਆ ਹੈ।-

ਇਕ ਔਰ ਬਿਲਾਇਤ ਮਾਹਿ ਗਏ ਗੁਰ ਸਾਗਰ ਮੈ ਇਕ ਮਛਿ ਨਿਹਾਰੇ॥

ਦਸ ਜੋਜਨ ਮੈ ਤਿਸ ਕਾ ਬਿਸਤਾਰ ਜਲਾ ਸੁ ਜਲਾ ਮਾਹਿ ਪੁਕਾਰੇ॥[934]

ਸੋ ਇਸ ਕਥਾ ਦਾ ਮਨੋਰਥ ਹੰਕਾਰ-ਗ੍ਰਸਤ ਹੋ ਕਿ ਜੀਵਨ ਨਾਸ਼ ਨਹੀਂ ਕਰਨਾ ਚਾਹੀਦਾ ਅਤੇ ਦੂਜਾ ਮਨੋਰਥ ਇਹ ਵੀ ਹੈ ਕਿ ਆਪਣੇ ਗੁਰੂ ਦਾ ਸਤਿਕਾਰ ਕਰਨਾ ਚਾਹੀਦਾ ਹੈ।

### 3.1.11 ਬਾਗ ਦੇ ਰਖਵਾਲੇ ਅੰਨ੍ਹਾ ਅਤੇ ਪਿੰਗਲਾ ਦੀ ਕਥਾ

ਗੁਰੂ ਨਾਨਕ ਵਿਜੈ ਗ੍ਰੰਥ ਦੇ ਕਰਤਾਰਪੁਰ ਖੰਡ ਵਿਚ ਇਕ ਕਥਾ ਅੰਕਿਤ ਹੈ ਕਿ ਇਕ ਵਾਰ ਇਕ ਬਾਗ ਵਾਲੇ ਨੇ ਦੋ ਵਿਅਕਤੀ ਇਕ ਅੰਨ੍ਹਾਂ ਤੇ ਦੂਜਾ ਪਿੰਗਲਾ ਰਾਖੀ ਲਈ ਰਖ ਲਏ ਤਾਂ ਕਿ ਇਹ ਫਲ ਤੋੜ ਕੇ ਨਾ ਖਾ ਸਕਣ ਪਰ ਇਕ ਦਿਨ ਪਿੰਗਲੇ ਨੇ ਅੰਨ੍ਹੇ ਦੇ ਮੋਢੇ 'ਤੇ ਚੜ ਕੇ ਫਲ ਤੋੜ ਕੇ ਖਾਣੇ ਸ਼ੁਰੂ ਕਰ ਦਿਤੇ। ਇਸ ਗੱਲ ਦਾ ਮਾਲਕ ਨੂੰ ਪਤਾ ਲਗ ਗਿਆ ਉਸ ਨੇ ਦੋਨੋ ਹੀ ਕੱਢ ਦਿਤਾ।

ਇਸੇ ਅਧਿਆਇ ਵਿਚ ਅੰਨ੍ਹੇ ਅਤੇ ਪਿੰਗਲੇ ਦੀ ਇਕ ਹੋਰ ਕਥਾ ਦਰਜ਼ ਹੈ ਜੋ ਕਿ ਇਸ ਨਾਲ ਹੀ ਸੰਬੰਧਿਤ ਹੈ। ਇਕ ਅੰਨ੍ਹਾਂ ਅਤੇ ਪਿੰਗਲਾ ਇਕ ਘਰ ਵਿਚ ਰਹਿੰਦੇ ਹੁੰਦੇ ਹਨ। ਇਕ ਦਿਨ ਘਰ ਨੂੰ ਅੱਗ ਲਗ ਜਾਂਦੀ ਹੈ। ਪਿੰਗਲਾ ਕਹਿੰਦਾ ਹੈ ਕਿ ਹੁਣ ਤਾਂ ਅੱਗ ਪੂਰੇ ਘਰ ਨੂੰ ਲਗ ਗਈ ਹੈ ਹੁਣ ਬਚਣ ਦੀ ਆਸ ਨਹੀਂ ਹੈ, ਮੈਂ ਪਿੰਗਲਾ ਹੋਣ ਕਰਕੇ ਬਾਹਰ ਨਹੀਂ ਜਾ ਸਕਦਾ। ਅੰਨ੍ਹਾਂ ਕਹਿੰਦਾ ਹੈ ਕਿ ਮੈਂ ਬਾਹਰ ਜਾ ਸਕਦਾ ਹਾਂ ਪਰ ਮੈਨੂੰ ਦਿਖਾਈ ਨਹੀਂ ਦਿੰਦਾ। ਫਿਰ ਪਿੰਗਲਾ ਕਹਿੰਦਾ ਹੈ ਕਿ ਮੈਨੂੰ ਆਪਣੇ ਮੋਢਿਆਂ 'ਤੇ ਚੁਕ ਕੇ ਲੈ ਚਲ ਅਤੇ ਮੈਂ ਰਸਤਾ ਦਸ ਦਵਾਂਗਾ। ਇਸ ਪ੍ਰਕਾਰ ਦੋਵਾਂ ਨੇ ਆਪਣੀ ਜਾਨ ਬਚਾਈ।

---

[933] ਉਹੀ, ਪਤਰਾ 1517-23.

[934] ਉਹੀ, ਪਤਰਾ 1521.

ਕਵੀ ਨੇ ਇਸ ਕਥਾ ਦਾ ਮਨੋਰਥ ਅੰਤ ਵਿਚ ਦਸਿਆ ਹੈ ਕਿ ਆਤਮਾ ਪਿੰਗਲੀ ਹੈ ਤੇ ਦੇਹ ਅੰਨ੍ਹੀ, ਜੇਕਰ ਦੋਨੋ ਇਕਠੇ ਹੋਣਗੇ ਤਾਂ ਹੀ ਭਵਸਾਗਰ ਤੋਂ ਪਾਰ ਹੋ ਸਕਣਗੇ। ਇਹ ਕਾਰਜ ਦੋਨੋਂ ਹੀ ਇਕਠੇ ਹੋ ਕੇ ਕਰਮ ਕਰਦੇ ਹਨ। ਯਥਾ-

ਏ ਦਿਸਟਾਂਤਿ ਕਹਜੋ ਤੁਮ ਕੋ ਹਮਦਾ ਦਿਸਟਾਂਤਿ ਸੁਨੋ ਅਬ ਭਾਈ॥

ਆਤਮ ਗਜਾਨ ਸੁ ਪਿੰਗੁਲ ਹੈ ਤਿਸ ਕੋ ਨਹਿ ਜਾਈ॥

ਜੀਵ ਜੁ ਆਪ ਕਰੇ ਕਰਮੰ ਤਿਨ ਕੋ ਪਗ ਹੈਂ ਹਰ ਨੈਨ ਨ ਕਾਈ॥27॥

ਦੋਹਰਾ॥

ਕਰਮ ਜੀਵ ਕੇ ਅੰਧਲੇ ਮਾਰਗ ਦਿਸੈ ਨ ਕੋਇ॥

ਭਵ ਅਗਨੀ ਤੇ ਜੀਵ ਕੋ ਕੈਸੇ ਕਾਢੈਂ ਸੋਇ॥28॥[935]

ਸੋ ਕਵੀ ਨੇ ਇਹ ਕਥਾਵਾਂ ਦਸ ਕੇ ਦ੍ਰਿਸ਼ਟਾਂਤ ਦੇ ਕੇ ਸਿਖਿਆ ਦਿਤੀ ਹੈ ਕਿ ਜੀਵ ਨੇ ਆਪ ਹੀ ਨਿਰਣੈ ਕਰਨਾ ਹੁੰਦਾ ਹੈ ਕਿ ਉਸ ਨੇ ਕਿਸ ਪ੍ਰਕਾਰ ਦਾ ਜੀਵਨ ਜਿਉਣਾ ਹੈ। ਭਾਵ ਜੀਵ ਨੇ ਮੁਕਤੀ ਹਾਸਿਲ ਕਰਨੀ ਹੈ ਜਾਂ ਆਪਣਾ ਜੀਵਨ ਨਸ਼ਟ ਕਰਨਾ ਹੈ। ਸੋ ਕਵੀ ਨੇ ਇਸ ਕਥਾ ਵਿਚ ਜੀਵ ਨੂੰ ਪ੍ਰੇਰਨਾ ਦਿਤੀ ਹੈ ਕਿ ਆਤਮ ਗਿਆਨ ਪਿੰਗਲ ਹੈ ਅਤੇ ਕਰਮ ਦੇ ਪੈਰ ਹਨ ਪਰ ਉਸ ਦੇ ਕੋਲ ਨੈਨ ਨਹੀਂ। ਦੋਵਾਂ ਦੀ ਸੁਮੇਲਤਾ ਨਾਲ ਹੀ ਸੁਚਜੇ ਮਾਰਗ ਉਤੇ ਚਲਿਆ ਜਾ ਸਕਦਾ ਹੈ।

ਸੋ ਕਵੀ ਨੇ ਅਨੇਕਾਂ ਹੀ ਸਿਖਿਆਰਥ ਕਥਾਵਾਂ ਦਾ ਵਿਸਤ੍ਰਿਤ ਸਰੂਪ ਵਰਣਿਤ ਕਰਕੇ ਪ੍ਰਸੰਗਾਂ ਦੇ ਹਿਤ ਨੂੰ ਧਿਆਨ ਵਿਚ ਰਖ ਕੇ ਉਨ੍ਹਾਂ ਦੀ ਸੁਯੋਗ ਵਰਤੋਂ ਕੀਤੀ ਹੈ। ਭਾਵੇਂ ਕਿ ਕਵੀ ਦਾ ਇਨ੍ਹਾਂ ਵਿਚਲੇ ਪਾਤਰਾਂ ਦੀ ਹੋਂਦ ਵਿਚ ਵਿਸ਼ਵਾਸ ਬਾਰੇ ਕੋਈ ਨਿਰਣੈ ਨਹੀਂ ਹੈ, ਪਰ ਫਿਰ ਵੀ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਇਨ੍ਹਾਂ ਕਥਾਵਾਂ ਨੂੰ ਅੰਕਿਤ ਕਰਕੇ ਪ੍ਰਸੰਗ ਦੀ ਯਥਾਰਥਕਤਾ ਲਈ ਵਰਤਿਆ ਹੈ। ਸੋ ਇਨ੍ਹਾਂ ਸਾਰੀਆਂ ਕਥਾਵਾਂ ਨੂੰ ਅਸੀਂ ਸਿਖਿਆਰਥ ਕਥਾਵਾਂ ਦੇ ਸਰੂਪ ਵਜੋਂ ਰਖ ਸਕਦੇ ਹਾਂ।

### 3.2 ਮਹਿਮਾਰਥ

---

[935] ਉਹੀ, ਪਤਰਾ 1799.

ਕਵੀ ਨੇ ਨੌਂ ਸਾਖੀਆਂ ਮਹਿਮਾਰਥ ਅੰਕਿਤ ਕੀਤੀਆਂ ਹਨ। ਵਾਸਤਵ ਵਿਚ ਕਵੀ ਨੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਵਸਤਾਂ, ਵਿਸ਼ੇਸ਼ ਵਿਅਕਤੀਆਂ ਇਤਿਆਦਿਕ ਨੂੰ ਅਵਤਾਰ ਦਰਸਾ ਕੇ ਉਨ੍ਹਾਂ ਦੀ ਅਤੇ ਗੁਰੂ ਜੀ ਦੀ ਮਹਿਮਾ ਨੂੰ ਹੋਰ ਵਧਾਉਣ ਦਾ ਪ੍ਰਯਤਨ ਕੀਤਾ ਹੈ। ਇਸ ਹਿਤ ਲਈ ਕਵੀ ਨੇ ਅਨੇਕਾਂ ਹੀ ਕਥਾਵਾਂ ਚਰਚਿਤ ਕ੍ਰਿਤੀ ਵਿਚ ਦਰਜ ਕੀਤੀਆਂ ਹਨ। ਜਿਨ੍ਹਾਂ ਦਾ ਵਿਵਰਣ ਨਿਮਨਾਂਕਿਤ ਹੈ-

### 3.2.1 ਵਿਸ਼ਨੂੰ ਅਤੇ ਨਾਰਦ ਦੀ ਕਥਾ

ਬ੍ਰਹਮ ਖੰਡ ਦੇ ਅਧਿਆਇ 10,11 ਅਤੇ 12 ਵਿਚ ਵਿਸ਼ਨੂੰ ਅਤੇ ਨਾਰਦ ਦੀ ਇਕ ਕਥਾ ਦਾ ਵਿਸਤ੍ਰਿਤ ਵਰਨਣ  ਕਵੀ ਨੇ ਕੀਤਾ ਹੈ। ਇਕ ਵਾਰ ਨਾਰਦ ਨੇ 12 ਸਾਲ ਗੋਤੇਸ੍ਵਰ ਸਥਾਨ ਉਤੇ ਭਗਤੀ ਕੀਤੀ ਅਤੇ ਬ੍ਰਹਮਚਰਜ ਨੂੰ ਜਿਤ ਲਿਆ। ਉਸ ਨੇ ਇਹ ਗੱਲ ਬ੍ਰਹਮਾ ਨੂੰ ਆ ਕੇ ਦਸੀ ਕਿ ਉਸ ਵਰਗਾ ਸੰਸਾਰ ਵਿਚ ਕੋਈ ਵੀ ਬ੍ਰਹਮਚਾਰੀ ਨਹੀਂ ਹੈ। ਬ੍ਰਹਮਾ ਨੇ ਕਿਹਾ ਕਿ ਉਸ ਦੇ ਦਰਸ਼ਨ ਕਰਨ ਨਾਲ ਹੀ ਲੋਕਾਂ ਦੇ ਸਾਰੇ ਹੀ ਵਿਕਾਰ ਦੂਰ ਹੋ ਜਾਂਦੇ ਹਨ, ਇਸ ਲਈ ਉਸ ਤੋਂ ਵਡਾ ਬ੍ਰਹਮਚਾਰੀ ਹੋਰ ਕੋਈ ਨਹੀਂ ਹੈ। ਪਰ ਇਹ ਗੱਲ ਉਹ ਵਿਸ਼ਨੂੰ ਨਾ ਦਸੇ। ਨਾਰਦ ਨੇ ਸ਼ਿਵ ਕੋਲ ਜਾ ਕੇ ਵੀ ਇਹੀ ਗੱਲ ਦਸੀ ਕਿ ਉਸ ਵਰਗਾ ਬ੍ਰਹਮਚਾਰੀ ਕੋਈ ਨਹੀਂ ਹੈ। ਸ਼ਿਵ ਨੇ ਵੀ ਵਿਸ਼ਨੂੰ ਇਹ ਗੱਲ ਨਾ ਦਸਣ ਬਾਰੇ ਕਿਹਾ। ਫਿਰ ਨਾਰਦ ਨੇ ਬ੍ਰਹਮਾ ਅਤੇ ਸ਼ਿਵ ਦੀ ਗੱਲ ਨਾ ਮੰਨ ਕੇ ਵਿਸ਼ਨੂੰ ਨੂੰ ਵੀ ਜਾ ਕੇ ਇਹੀ ਕਿਹਾ। ਵਿਸ਼ਨੂੰ ਨੇ ਉਸ ਨੂੰ ਵਿਦਾ ਕੀਤਾ ਅਤੇ ਸੌ ਕੋਹ ਉਤੇ ਇਕ ਨਗਰੀ ਆਪਣੀ ਮਾਇਆ ਨਾਲ ਰਚ ਦਿਤੀ ਜਿਸ ਦਾ ਰਾਜਾ ਸਾਂਤਿਨਿਧਿ ਸੀ। ਉਸ ਦੇ ਇਕ ਲੜਕੀ ਸੀ, ਨਾਰਦ ਜਾਂਦਾ ਹੋਇਆ ਉਥੇ ਰੁਕਿਆ ਅਤੇ ਰਾਜਾ ਦੀ ਲੜਕੀ ਉਤੇ ਮੋਹਿਤ ਹੋ ਗਿਆ। ਰਾਜਾ ਨੇ ਲੜਕੀ ਦੀ ਵਿਆਹ ਲਈ ਸ੍ਵੰਬਰ ਰਚਾਇਆ। ਨਾਰਦ ਨੇ ਵਿਸ਼ਨੂੰ ਨੂੰ ਜਾ ਕੇ ਕਿਹਾ ਕਿ ਉਸ ਦਾ ਚਿਹਰਾ ਇਸ ਤਰ੍ਹਾਂ ਦਾ ਬਣਾ ਦਿਤਾ ਜਾਵੇ ਜਿਸ ਤਰ੍ਹਾਂ ਦਾ ਹੋਰ ਕੋਈ ਮਨੁਖ ਨਾ ਹੋਵੇ । ਵਿਸ਼ਨੂੰ ਨੇ ਨਾਰਦ ਦਾ ਮੁਖ ਬਾਨਰ ਜਿਹਾ ਬਣਾ ਦਿਤਾ। ਸ੍ਵੰਬਰ ਵਿਚ ਨਾਰਦ ਦਾ ਮਜ਼ਾਕ ਉਡਾਇਆ ਗਿਆ। ਲੜਕੀ ਨੇ ਵਿਸ਼ਨੂੰ ਦੇ ਚਤੁਰਭੁਜ ਰੂਪ ਨੂੰ ਮਾਲਾ ਪਹਿਨਾ ਕੇ ਉਸ ਨਾਲ ਵਿਆਹ ਕੀਤੀ। ਨਾਰਦ ਨੇ ਇਸ ਤੋਂ ਦੁਖੀ ਹੋ ਕੇ ਵਿਸ਼ਨੂੰ ਨੂੰ ਸਰਾਪ ਦਿਤਾ ਕਿ ਉਹ ਇਸਤਰੀ ਲਈ ਭਟਕਦਾ ਫਿਰੇਗਾ। ਇਸ ‘ਤੇ ਵਿਸ਼ਨੂੰ ਨੇ ਵੀ ਸਰਾਪ ਦਿਤਾ ਕਿ ਉਹ ਨੀਚ ਜਾਤ ਵਿਚ ਜਨਮ ਲਵੇਗਾ ਅਤੇ ਟੂਕ ਟੂਕ ਮੰਗੇਗਾ। ਨਾਰਦ ਦੇ ਸਰਾਪ ਕਰਕੇ ਵਿਸ਼ਨੂੰ ਨੇ ਰਾਮ ਦਾ ਅਵਤਾਰ ਲਿਆ ਅਤੇ ਸੀਤਾ ਪਿਛੇ ਭਟਕਿਆ ਪਰ ਨਾਲ ਹੀ ਲੋਕਾਂ ਦਾ ਵੀ ਭਲਾ ਕੀਤਾ । ਲੋਕਾਂ

ਦਾ ਭਲਾ ਕਰਨ ਲਈ ਹੀ ਵਿਸ਼ਨੂੰ ਨੇ ਸਰਾਪ ਨੂੰ ਪਰਵਾਨ ਕਰ ਲਿਆ ਸੀ। ਨਾਰਦ ਦੀ ਬੇਨਤੀ ਕਰਨ 'ਤੇ ਵਿਸ਼ਨੂੰ ਨੇ ਕਿਹਾ ਕਿ ਉਹ ਵੀ ਉਸ ਨਾਲ ਅਵਤਾਰ ਲਵੇਗਾ ਜਿਸ ਕਰਕੇ ਉਹ ਉਸ ਦਾ ਸਾਥੀ ਬਣ ਕੇ ਰਹੇਗਾ। ਫਿਰ ਨਾਰਦ ਨੇ ਮਰਦਾਨਾ ਦਾ ਅਵਤਾਰ ਧਾਰਨ ਕੀਤਾ ਅਤੇ ਵਿਸ਼ਨੂੰ ਨੇ ਨਾਨਕ ਦਾ ਅਵਤਾਰ ਧਾਰਿਆ।[936]

ਇਸ ਕਥਾ ਵਿਚ ਕਵੀ ਨੇ ਜਿਥੇ ਮਰਦਾਨੇ ਅਤੇ ਨਾਨਕ ਨੂੰ ਅਵਤਾਰ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਥੇ ਉਸ ਦਾ ਮਨੋਰਥ ਵੀ ਸਾਫ ਦਿਖਾਈ ਦਿੰਦਾ ਹੈ। ਵਾਸਤਵ ਵਿਚ ਕਵੀ ਨਾਨਕ ਨੂੰ ਵਿਸ਼ਨੂੰ ਦਾ ਅਵਤਾਰ ਦਸ ਕੇ ਨਾਨਕ ਦੀ ਵਡਿਆਈ ਕਰਨਾ ਚਾਹੁੰਦਾ ਹੈ।

ਤਵ ਖਾਤਿਰ ਮੈ ਨਾਮ ਉਤਾਰ॥ ਧਰਿਹੋਂ ਆਪ ਸੁ ਮਹੀਂ ਮਝਾਰ॥
ਨਾਨਕ ਨਾਮ ਹਮਾਰਾ ਜਾਨੋ॥ ਮਰਦਾਨਾ ਤੁਮਰਾ ਪੁਨਿ ਮਾਨੋ॥78॥[937]

ਸੋ ਕਵੀ ਦੁਆਰਾ ਇਸ ਕਥਾ ਨੂੰ ਅੰਕਿਤ ਕਰਨ ਹਿਤ ਮਨੋਰਥ ਗੁਰੂ ਨਾਨਕ ਦੇਵ ਅਤੇ ਮਰਦਾਨਾ ਨੂੰ ਅਵਤਾਰ ਦਸ ਕੇ ਉਨ੍ਹਾਂ ਦੀ ਮਹਿਮਾ ਕਰਨਾ ਹੀ ਹੈ।

### 3.2.2 ਮੀਰਾ ਤੇ ਗਿਰਧਰ ਦੀ ਕਥਾ

ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਪਿਰਾਗ ਵਿਚ ਗੁਰ ਠਾਕੁਰ ਨਾਮ ਦਾ ਇਕ ਬ੍ਰਾਹਮਣ ਰਹਿੰਦਾ ਸੀ, ਉਸ ਦੀ ਪਤਨੀ ਬਿਰਤਾ ਸੀ। ਸੁਰਤਾ ਇਹਨਾਂ ਦੀ ਧੀ ਸੀ। ਇਕ ਦਿਨ ਬ੍ਰਾਹਮਣ ਦਾ ਦੇਹਾਂਤ ਹੋ ਜਾਂਦਾ ਹੈ। ਸੁਰਤਾ ਅਤੇ ਬਿਰਤਾ ਦੋਨੋਂ ਗਰੀਬੀ ਵਿਚ ਰਹਿ ਜਾਂਦੀਆਂ ਹਨ। ਬਿਰਤਾ ਆਪਣੀ ਧੀ ਨੂੰ ਮੇਹਣੇ ਦਿੰਦੀ ਹੈ ਕਿ ਤੂੰ ਅਭਾਗਣ ਹੈ। ਇਕ ਦਿਨ ਸੁਰਤਾ ਘਰ ਛਡ ਕੇ ਤਪ ਕਰਨ ਜੰਗਲ ਵਲ ਨੂੰ ਚਲੀ ਜਾਂਦੀ ਹੈ। ਉਤਰ ਦਿਸ਼ਾ ਵਿਚ ਹਰਿਦਵਾਰ ਇਸ਼ਨਾਨ ਕਰਦੀ ਹੈ ਅਤੇ ਜੰਗਲ ਨੂੰ ਜਾਂਦੀ ਹੈ। ਰਸਤੇ ਵਿਚ ਭਾਰਦਵਾਜ ਮੁਨੀ ਮਿਲਦਾ ਹੈ। ਉਹ ਸੁਰਤਾ ਨੂੰ ਮੰਤਰ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਜਾ ਕੇ ਤਪ ਕਰੋ। ਸੁਰਤਾ ਜੰਗਲ ਵਿਚ ਫਲ ਅਤੇ ਕੰਦਮੂਲ ਖਾ ਕੇ ਗੁਜਾਰਾ ਕਰਦੀ ਹੈ। ਕਥਾ ਅਨੁਸਾਰ ਉਹ ਇਕ ਹਜਾਰ

---

[936] ਉਹੀ, ਪਤਰਾ 159-79.

[937] ਉਹੀ, ਪਤਰਾ 178.

ਸਾਲ ਤਪ ਕਰਦੀ ਹੈ। ਤਪ ਦੇ ਕਾਰਨ ਉਹ ਉਦੇਪੁਰ ਦੇ ਰਾਣਾ ਦੇ ਘਰ ਜਨਮ ਲੈਂਦੀ ਹੈ ਜਿਸ ਦਾ ਨਾਮ ਮੀਰਾ ਬਾਈ ਰਖਿਆ ਜਾਂਦਾ ਹੈ। ਮੀਰਾ ਬਾਈ ਦਾ ਵਿਆਹ ਗਿਰਧਰ ਨਾਲ ਹੁੰਦਾ ਹੈ ਜੋ ਕਿ ਕ੍ਰਿਸਨ ਦਾ ਅਵਤਾਰ ਹੈ। ਮੀਰਾ ਬਾਈ ਕ੍ਰਿਸ਼ਨ ਦੀ ਬਹੁਤ ਵਡੀ ਭਗਤ ਸੀ ਅਤੇ ਉਹ ਗਿਰਧਰ ਨੂੰ ਵੀ ਰਾਮ ਦਾ ਨਾਮ ਲੈਣ ਨੂੰ ਕਹਿੰਦੀ ਹੈ ਪਰ ਉਹ ਨਹੀਂ ਲੈਂਦਾ। ਇਕ ਦਿਨ ਮੀਰਾ ਬਾਈ ਨੂੰ  ਇਕ ਦਾਸੀ ਆ ਕੇ ਦਸਦੀ ਹੈ ਕਿ ਅਜ ਮੈਂ ਗਿਰਧਰ ਦੇ ਮੂੰਹ ਤੋਂ ਰਾਮ ਨਾਮ ਸੁਣਿਆ ਹੈ। ਮੀਰਾ ਬਾਈ ਖੁਸ਼ ਹੋ ਕੇ ਉਸ ਨੂੰ ਨੌ ਲਖਾ ਹਾਰ ਦਿੰਦੀ ਹੈ। ਅਤੇ ਫਿਰ ਉਹ ਲੋਕਾਂ ਨੂੰ ਦਾਨ ਕਰਨ ਲਗ ਜਾਂਦੀ ਹੈ। ਗਿਰਧਰ ਆਉਂਦਾ ਹੈ ਉਹ ਪੁਛਦਾ ਹੈ ਕਿ ਐਨਾ ਦਾਨ ਕਿਉਂ ਕੀਤਾ ਜਾ ਰਿਹਾ ਹੈ। ਮੀਰਾ ਬਾਈ ਦਸਦੀ ਹੈ ਕਿ ਤੁਸੀਂ ਰਾਮ ਦਾ ਨਾਮ ਲਿਆ ਹੈ। ਗਿਰਧਰ ਕਹਿੰਦਾ ਹੈ ਕਿ ਜਦੋਂ ਅੰਦਰੋਂ ਰਾਮ ਨਾਮ ਹੀ ਨਿਕਲ ਗਿਆ ਤਾਂ ਇਹ ਦੇਹ ਕਿਸ ਕੰਮ ਦੀ ਹੈ। ਇਸ ਲਈ ਉਹ ਪਰਾਣ ਤਿਆਗ ਦਿੰਦਾ ਹੈ। ਫਿਰ ਰੋਣਾ ਧੋਣਾ ਸ਼ੁਰੂ ਹੋ ਜਾਂਦਾ ਹੈ। ਮੀਰਾ ਬਾਈ ਨੇ ਕ੍ਰਿਸ਼ਨ ਦਾ ਧਿਆਨ ਧਰਿਆ ਤਾਂ ਕ੍ਰਿਸ਼ਨ ਪਰਗਟ ਹੋ ਗਿਆ। ਮੀਰਾ ਬਾਈ ਨੂੰ ਪਤਾ ਲਗ ਜਾਂਦਾ ਹੈ ਕਿ ਗਿਰਧਰ ਹੀ ਕ੍ਰਿਸ਼ਨ ਸੀ। ਕ੍ਰਿਸ਼ਨ ਆਪਣੇ ਰੂਪ ਵਿਚ ਦਰਸ਼ਨ ਦੇਣ ਲਈ ਮੀਰਾ ਕੋਲ ਆਇਆ ਅਤੇ ਉਸ ਨੂੰ ਕਿਹਾ ਕਿ ਦਰਸ਼ਨ ਕਰ ਲਉ। ਮੀਰਾ ਨੇ ਕਿਹਾ ਕਿ ਜਿੰਨਾ ਸਮਾਂ ਗਿਰਧਰ ਦੇ ਰੂਪ ਵਿਚ ਦਰਸ਼ਨ ਨਹੀਂ ਦਿੰਦੇ ਮੈਂ ਦਰਸ਼ਨ ਨਹੀਂ ਕਰਨੇ। ਕ੍ਰਿਸ਼ਨ ਨੇ ਗਿਰਧਰ ਰੂਪ ਵਿਚ ਦਰਸ਼ਨ ਦਿਤੇ ਅਤੇ ਵਰ ਦਿਤਾ ਕਿ ਅਗਲੇ ਜਨਮ ਵਿਚ ਆਪਣਾ ਮੇਲ ਹੋਵੇਗਾ। ਇਸ ਤਰ੍ਹਾਂ ਗਿਰਧਰ ਪਰਮਾਨੰਦ ਦੇ ਘਰ ਜੈ ਰਾਮ ਦੇ ਰੂਪ ਵਿਚ ਅਵਤਾਰ ਲੈ ਕੇ ਆਇਆ। ਮੀਰਾ ਬਾਈ ਮਹਿਤਾ ਕਾਲੂ ਦੇ ਘਰ ਨਾਨਕੀ ਦੇ ਰੂਪ ਵਿਚ ਪੈਦਾ ਹੋਈ।[938]

ਸੋ ਕਵੀ ਦਾ ਇਥੇ ਵੀ ਉਹੀ ਮਨੋਰਥ ਹੈ ਕਿ ਨਾਨਕੀ ਨੂੰ ਮੀਰਾ ਦਾ ਅਵਤਾਰ ਦਰਸਾ ਕੇ ਉਸ ਦੀ ਮਹਿਮਾ ਕੀਤੀ ਜਾ ਸਕੇ। ਇਸ ਦੇ ਨਾਲ ਹੀ ਨਾਨਕੀ ਨੂੰ ਪੂਰਬਲੇ ਜਨਮਾਂ ਤੋਂ ਭਗਤੀ ਕਰਦੀ ਦਰਸਾ ਕਿ ਉਸ ਦੀ ਮਹਿਮਾ ਕੀਤੀ ਜਾ ਸਕੇ।

### 3.2.3 ਰਬਾਬ ਦੀ ਕਥਾ

[938] ਉਹੀ, ਪਤਰਾ 396-406.

ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਵਾਰ ਨਾਰਦ ਵਿਸ਼ਨੂੰ ਕੋਲ ਗਾ ਰਿਹਾ ਸੀ , ਉਥੇ ਬਹੁਤ ਸਾਰੇ ਰਾਗ ਆਕੇ ਗਾਉਣ ਲਗ ਗਏ , ਨਾਰਦ ਨੇ ਬੇਨਤੀ ਕੀਤੀ ਕਿ ਅਪਣੀ ਕੁਝ ਅੰਸ਼ ਦੇ ਕੇ ਜਾਉ , ਉਨ੍ਹਾਂ ਦੀ ਅੰਸ਼ ਲੈ ਕੇ ਵਿਸ਼ਵਕਰਮਾ ਨੂੰ ਦਿਤੀ ਇਸ ਤੋਂ ਵਿਸ਼ਵਕਰਮਾ ਨੇ ਰਬਾਬ ਬਣਾਈ ਜੋ ਕਿ ਵਿਸ਼ਨੂੰ ਨੂੰ ਦਿਤੀ ਗਈ। ਵਿਸ਼ਨੂੰ ਦਾ ਇਕ ਭਗਤ ਪ੍ਰੇਮਾ ਸੀ , ਵਿਸ਼ਨੂੰ ਨੇ ਇਹ ਰਬਾਬ ਉਸ ਨੂੰ ਦੇ ਦਿਤੀ। ਪ੍ਰੇਮਾ ਨੇ ਅਗਲੇ ਜਨਮ ਵਿਚ ਫਿਰੰਦਾ ਦੇ ਰੂਪ ਵਿਚ ਜਨਮ ਲਿਆ। ਜਦੋਂ ਗੁਰੂ ਜੀ ਨੇ ਮਰਦਾਨੇ ਨੂੰ ਭਾਈ ਫਿਰੰਦਾ ਤੋਂ ਰਬਾਬ ਲੈ ਕੇ ਆਉਣ ਲਈ ਕਿਹਾ ਤਾਂ ਭਾਈ ਫਿੰਰਦੇ ਨੇ ਇਹ ਜਾਣ ਕੇ ਕਿ ਗੁਰੂ ਜੀ ਵਿਸ਼ਨੂੰ ਦੇ ਅਵਤਾਰ ਹਨ ਇਸ ਲਈ ਮਰਦਾਨੇ ਨੂੰ ਉਹ ਰਬਾਬ ਦੇ ਦਿਤੀ।[939]

ਵਾਸਤਿਵਕਤਾ ਇਹ ਹੈ ਕਿ ਕਵੀ ਨੇ ਸਭ ਨੂੰ ਅਵਤਾਰਾਂ ਨਾਲ ਜੋੜ ਕਿ ਉਨ੍ਹਾਂ ਦੀ ਮਹਿਮਾ ਕਰਨ ਦੀ ਯਤਨ ਕੀਤਾ ਹੈ। ਕਵੀ ਨੇ ਇਸ ਕਥਾ ਵਿਚ ਵੀ ਇਹੀ ਸਿਧ ਕਰਨ ਦੀ ਯਤਨ ਕੀਤਾ ਹੈ ਕਿ ਮਰਦਾਨਾ ਤਾਂ ਅਵਤਾਰ ਸੀ, ਉਸ ਕੋਲ ਜੋ ਰਬਾਬ ਸੀ ਉਹ ਵੀ ਕੋਈ ਸਧਾਰਨ ਰਬਾਬ ਨਹੀਂ ਸੀ ਬਲਕਿ ਅਸਧਾਰਨ ਸੀ। ਸੋ ਕਵੀ ਦਾ ਮਨੋਰਥ ਇਤਨਾ ਹੈ ਕਿ ਗੁਰੂ ਜੀ ਦੇ ਕੋਲ ਜੋ ਵੀ ਵਸਤਾਂ ਸਨ ਉਹ ਸਧਾਰਨ ਨਾ ਹੋ ਕਿ ਅਸਧਾਰਨ ਸਨ।

### 3.2.4 ਬ੍ਰਹਮਣ ਨੂੰ ਤ੍ਰਿਪਤ ਕਰਨ ਦੀ ਕਥਾ

ਖਡੂਰੀ ਖੰਡ ਦੇ 7ਵੇਂ ਅਧਿਆਇ ਵਿਚ ਇਕ ਕਥਾ ਸ਼ਿਵ ਅਤੇ ਪਾਰਬਤੀ ਦੀ ਇੰਵ ਅੰਕਿਤ ਹੈ- ਪਾਰਵਤੀ ਸ਼ਿਵ ਨੂੰ ਕਹਿੰਦੀ ਹੈ ਕਿ ਵਿਸ਼ਨੂੰ ਭੋਜਨ ਕਰਾ ਕੇ ਤ੍ਰਿਪਤ ਕਰਨਾ ਹੈ । ਸ਼ਿਵ ਕਹਿੰਦਾ ਹੈ ਕਿ ਵਿਸ਼ਨੂੰ ਦੀ ਤ੍ਰਿਪਤੀ ਉਨਾ ਚਿਰ ਨਹੀਂ ਹੁੰਦੀ ਜਿੰਨਾ ਚਿਰ ਬ੍ਰਾਹਮਣ ਤ੍ਰਿਪਤ ਨਾ ਹੋਵੇ। ਪਾਰਵਤੀ ਜਿਦ ਕਰਕੇ ਵਿਸ਼ਨੂੰ ਨੂੰ ਭੋਜਨ ਤੇ ਬੁਲਾਉਂਦੀ ਹੈ। ਵਿਸ਼ਨੂੰ ਲਗਭਗ ਸਾਰਾ ਭੋਜਨ ਖਾਣ ਦੇ ਨੇੜੇ ਹੁੰਦਾ ਹੈ, ਪਰ ਉਸ ਦੀ ਤ੍ਰਿਪਤੀ ਨਹੀਂ ਹੁੰਦੀ। ਇਹ ਗੱਲ ਸ਼ਿਵ ਨੂੰ ਦਸਦੀ ਹੈ। ਸ਼ਿਵ ਦੇ ਕਹਿਣ ਤੇ ਪਹਿਲਾਂ ਬ੍ਰਾਹਮਣ ਨੂੰ ਭੋਜਨ ਖਵਾ ਕੇ ਤ੍ਰਿਪਤ ਕੀਤਾ ਜਾਂਦਾ ਹੈ, ਜਿਸ ਨਾਲ ਵਿਸ਼ਨੂੰ ਦੀ ਤ੍ਰਿਪਤੀ ਹੋ ਜਾਂਦੀ ਹੈ। [940] ਇਸ ਕਥਾ ਨੂੰ

---

[939] ਉਹੀ, ਪਤਰਾ 662-67.

[940] ਉਹੀ, ਪਤਰਾ 820-24.

ਅੰਕਿਤ ਕਰਨ ਦਾ ਮਨੋਰਥ ਕਵੀ ਦਾ ਇਤਨਾ ਹੈ ਕਿ ਬ੍ਰਹਮਣ ਦੀ ਪ੍ਰਤਿਸ਼ਠਾ ਸਮਾਜ ਵਿਚ ਬਣੀ ਰਹੇ। ਵਾਸਤਵ ਵਿਚ ਕਵੀ ਨੇ ਬ੍ਰਹਮਣ ਨੂੰ ਸਰਵੁਚ ਮੰਨ ਕੇ ਹੀ ਉਸ ਦੀ ਉਸਤਤੀ ਕਰਨ ਹਿਤ ਉਸ ਬਾਰੇ ਇਹ ਕਥਾ ਅੰਕਿਤ ਕੀਤੀ ਹੈ। ਇਹ ਮਨੋਰਥ ਇਸੇ ਕਥਾ ਦੇ ਅੰਤ ਵਿਚ ਕਵੀ ਨੇ ਸਪਸ਼ਟ ਕਰਦਿਆਂ ਕਿਹਾ ਹੈ-

ਬਿਪਰ ਭਗਵਤਿ ਕੋ ਹੈਂ ਪਯਾਰੇ॥ ਤਿਨ ਕਾਰਨਿ ਅਵਤਾਰ ਸੁ ਧਾਰੇ॥

ਬ੍ਰਹਮਣ ਕੋ ਜੁ ਖੁਲਾਵੈ ਅੰਨ॥ ਤਿਸ ਪਰ ਹ੍ਵੈ ਭਗਵਾਨ ਪ੍ਰਸੰਨ॥51॥

ਤਾਤੇ ਭਲਾ ਚਹੇ ਜੋ ਕੋਇ॥ ਸੇਵਾ ਕਰੈ ਬਿਪਰ ਕੀ ਸੋਇ॥

ਜਿਸ ਕੋ ਅਪਨਾ ਭਲਾ ਨ ਚਹਯੈ॥ ਤਿਸ ਤੇ ਸਦਾ ਡਰਿਦਿਆ ਰਹਯੈ॥52॥[941]

ਸੋ ਕਵੀ ਨੇ ਬ੍ਰਹਮਣ ਦੀ ਉਸਤਤੀ ਕਰਦਿਆਂ ਉਨ੍ਹਾਂ ਨੂੰ ਭਗਵਾਨ ਨੂੰ ਪਿਆਰੇ ਦਸਿਆ ਹੈ, ਇਸ ਕਾਰਨ ਹੀ ਭਗਵਾਨ ਨੇ ਅਨੇਕਾਂ ਹੀ ਅਵਤਾਰ ਧਾਰਨ ਕੀਤੇ ਹਨ। ਉਸ ਨੂੰ ਭੋਜਨ ਖੁਵਾਉਣ ਦਾ ਇਤਨਾ ਮਹਾਤਮ ਦਸਿਆ ਹੈ ਕਿ ਭਗਵਾਨ ਨੂੰ ਭੋਜਨ ਅਰਪਿਤ ਕਰਨ ਦੇ ਬਰਾਬਰ ਹੈ। ਜੋ ਵੀ ਵਿਅਕਤੀ ਆਪਣਾ ਭਲਾ ਚਾਹੁੰਦਾ ਹੈ, ਉਹ ਬ੍ਰਹਮਣ ਦੀ ਸੇਵਾ ਕਰੇ। ਸੋ ਕਵੀ ਨੇ ਬ੍ਰਹਮਣ ਦੀ ਮਹਿਮਾ ਕਰਕੇ ਉਸ ਦੀ ਪ੍ਰਤਸ਼ਿਠਤਾ ਨੂੰ ਵਧਾਉਣ ਦਾ ਯਤਨ ਕੀਤਾ ਹੈ।

### 3.2.5 ਸ਼ਿਵਲਿੰਗ ਦੀ ਕਥਾ

ਕਵੀ ਨੇ ਮਦੀਨਾ ਮਕੇਸ਼ਵਰ ਖੰਡ ਵਿਚ ਮਕੇ ਬਾਰੇ ਇਕ ਕਥਾ ਅੰਕਿਤ ਕੀਤੀ ਹੈ। ਕਥਾ ਇੰਵ ਹੈ- ਇਕ ਸੁਲਤਾਨ ਖੁਨਕਾਰ ਹੁਸੈਨ ਹੋਇਆ ਹੈ, ਉਸ ਨੇ ਹਿੰਦੂਆਂ ਦੇ ਬਹੁਤ ਸਾਰੇ ਮੰਦਿਰ ਢਾਹ ਦਿਤੇ। ਇਕ ਵਾਰ ਉਹ ਆਪਣੀ ਸੈਨਾ ਲੈ ਕੇ ਜਾ ਰਿਹਾ ਸੀ ਤਾਂ ਰਸਤੇ ਵਿਚ ਸਮੁੰਦਰ ਆਇਆ, ਉਸ ਵਿਚ ਉਸ ਦੀ ਸਾਰੀ ਸੈਨਾ ਵਹਿ ਗਈ ਉਹ ਇਕਲਾ ਮਸਾ ਬਚ ਕੇ ਨਿਕਲਿਆ। ਉਹ ਆਪਣੀ ਜਾਨ ਬਚਾ ਕੇ ਇਕ ਸਥਾਨ 'ਤੇ ਆਇਆ ਜੋ ਕਿ ਅਤਿ ਰਮਨੀਕ ਸੀ। ਉਥੇ ਇਕ ਸ਼ਿਵ ਦਾ ਮੰਦਿਰ ਸੀ। ਉਸ ਨੇ ਆਪਣੀ ਸੈਨਾ ਫਿਰ ਤੋਂ ਇਕਠੀ ਕਰਨੀ ਸ਼ੁਰੂ ਕਰ ਦਿਤੀ। ਉਹ ਉਥੇ ਤੰਬੂ ਲਗਾ ਕੇ ਬੈਠ ਗਿਆ ਅਤੇ ਉਸ ਨੇ ਹਾਜੀ ਕਾਜੀ ਮੁਲਾਂ ਅਤੇ ਫਕੀਰ ਬੁਲਾ ਲਏ। ਉਹ ਚਹੁੰਦਾ ਸੀ ਕਿ ਇਥੇ ਇਕ ਮਸੀਤ ਬਣਾਈ ਜਾਵੇ ਪਰ ਇਹ ਸਥਾਨ ਹਿੰਦੂਆਂ

---

[941] ਉਹੀ, ਪਤਰਾ 823-24.

ਦਾ ਸੀ। ਖੁਨਕਾਰ ਹੁਸੈਨ ਨੇ ਸੈਨਿਕਾਂ ਨੂੰ ਮੰਦਿਰ ਢਾਹ ਕੇ ਉਸ ਵਿਚ ਵਿਦਮਾਨ ਪਥਰ ਨੂੰ ਪੁਟਣ ਲਈ ਕਿਹਾ, ਪਰ ਜਿਵੇਂ -ਜਿਵੇਂ ਉਹ ਪਥਰ ਪੁਟਦੇ ਗਏ ਪਥਰ ਹੋਰ ਡੂੰਘਾ ਹੁੰਦਾ ਚਲਾ ਗਿਆ ਅੰਤ ਸ਼ਿਵ ਨੇ ਕਰਾਮਾਤ ਨਾਲ ਮੁਸਲਮਾਨਾ ਦੇ ਤੰਬੂਆਂ ਨੂੰ ਅੱਗ ਲਗਾ ਦਿਤੀ ਅਤੇ ਖੁਦਾਈ ਕਰਨ ਵਾਲੇ ਸ਼ਕਤੀ ਨਾਲ ਥਕਾ ਦਿਤੇ। ਇਸ ਸਾਰੇ ਤੋਂ ਡਰ ਕੇ ਖੁਨਕਾਰ ਹੁਸੈਨ ਨੇ ਮੁਆਫੀ ਮੰਗੀ। ਸ਼ਿਵ ਨੇ ਖੁਨਕਾਰ ਹੁਸੈਨ ਤੋਂ ਇਹ ਇਕਰਾਰ ਲਿਆ ਕਿ ਜੋ ਵੀ ਇਥੇ ਦਰਸ਼ਨ ਨੂੰ ਆਵੇਗਾ ਉ ਹ ਆਪਣੀਆਂ ਅੱਖਾਂ ਬੰਦ ਕਰਕੇ ਆਵੇਗਾ । ਜੇ ਕੋਈ ਅਖਾਂ ਖੋਲ ਕੇ ਦਰਸ਼ਨ ਕਰੇਗਾ ਤਾਂ ਉਹ ਅੰਨਾ ਹੋ ਜਾਵੇਗਾ। ਇਹ ਕਥਾ ਦਸ ਕੇ ਕਵੀ ਨੇ ਸਿਧ ਕੀਤਾ ਹੈ ਕਿ ਮਕੇ ਅੰਦਰ ਜੋ ਵੀ ਜਾਂਦਾ ਹੈ ਉਹ ਅੱਖਾਂ ਬੰਦ ਕਰਕੇ ਅੰਦਰ ਜਾਂਦਾ ਹੈ।[942] ਸੋ ਕਵੀ ਨੇ ਇਥੇ ਸ਼ਿਵ ਦੀ ਮਹਿਮਾ ਕਰਦਿਆਂ ਕਿਹਾ ਹੈ-

ਸਗਲੇ ਇਸ ਕੋ ਸੀਸ ਨਿਵਾਵੈ॥ ਜਾਰਤਿ ਕੋ ਦੂਰੋ ਚਲਿ ਆਵੈ॥

ਨੈਨ ਬਾਧਿ ਕਰਿ ਭੀਤਰ ਜਾਇ॥ ਅੰਧਾ ਹੋਇ ਤੇ ਸਰਬ ਡਰਾਇ॥21॥

ਮਹਾਦੇਵ ਕਾ ਇਹੁ ਅਸਥਾਨ॥ ਯੋ ਗੁਰ ਨਾਨਕ ਕੀਉ ਬਖਾਨ॥[943]

ਕਵੀ ਨੇ ਸਾਰੇ ਹੀ ਮਹਾਂਦੇਵ ਦੀ ਅਰਾਧਨਾ ਕਰਦੇ ਦਰਸਾ ਕੇ ਉਸ ਦਾ ਮਹਾਤਮ ਵਧਾਇਆ ਹੈ ਅਤੇ ਕਿਹਾ ਹੈ ਕਿ ਸਾਰੇ ਹੀ ਉਸ ਦੀ ਕਰੋਪੀ ਤੋਂ ਡਰਦੇ ਹਨ।

### 3.2.6 ਸ਼ਿਵ ਤੇ ਗਿਰਜਾ ਦੀ ਕਥਾ

ਰਾਮੇਸਰ ਖੰਡ ਵਿਚ ਕਵੀ ਨੇ ਇਕ ਕਥਾ ਗਿਰਜਾ ਦੀ ਮਹਿਮਾ ਬਾਰੇ ਅੰਕਿਤ ਕੀਤੀ ਹੈ।

ਕਥਾ ਇੰਝ ਹੈ- ਗਿਰਜਾ ਅਤੇ ਸ਼ਿਵ ਵਿਚ ਇਕ ਵਾਰ ਸ਼ਰਤ ਲਗੀ ਕਿ ਜੋ ਜਿਤਿਆ ਉਹ ਹਾਰੇ ਹੋਏ ਦੇ ਸਾਰੇ ਗਹਿਣੇ, ਜਾਂ ਜੋ ਵੀ ਸਮਗਰੀ ਹੋਵੇਗੀ ਉਹ ਲੈ ਲਵੇਗਾ। ਤਿੰਨ ਵਾਰ ਖੇਡ ਖੇਡੀ ਜਾਂਦੀ ਹੈ, ਤਿੰਨੋਂ ਵਾਰ ਸ਼ਿਵਜੀ ਹਾਰਦਾ ਹੈ। ਜਦ ਦਾਸੀਆਂ ਸ਼ਿਵ ਦੇ ਵਸਤਰ ਖੋਹ ਲੈਂਦੀਆਂ ਹਨ ਫਿਰ ਸ਼ਿਵ ਰੁਸ ਕੇ ਕੈਲਾਸ਼ ਪਰਬਤ ‘ਤੇ ਸਿੰਹਦੀਪ ਜਾਂ ਸਿੰਹਦ੍ਰੀ ਪਰਬਤ ‘ਤੇ ਲੁਕ ਜਾਂਦਾ ਹੈ। ਗਿਰਜਾ ਨੂੰ ਨਾਰਦ ਦਸਦਾ ਹੈ ਕਿ ਸ਼ਿਵ

---

[942] ਉਹੀ, ਪਤਰਾ 885-90.

[943] ਉਹੀ, ਪਤਰਾ 889.

ਉਥੇ ਹੈ। ਗਿਰਜਾ ਲਭਦੀ ਲਭਦੀ ਉਥੇ ਜਾਂਦੀ ਹੈ। ਪਹਿਲਾਂ ਗਿਰਜਾ ਸਾਰੀ ਧਰਤੀ ‘ਤੇ ਲਭਦੀ ਹੈ ਪਰ ਸ਼ਿਵਜੀ ਨਹੀਂ ਲਭਦਾ। ਗਿਰਜਾ ਜਦ ਸਿੰਹਦੀਪ ਪਰਬਤ ‘ਤੇ ਭੀਲਨੀ ਦੇ ਰੂਪ ਵਿਚ ਸ਼ਿਵ ਕੋਲ ਆਉਂਦੀ ਹੈ, ਸ਼ਿਵ ਉਸ ‘ਤੇ ਮੋਹਿਤ ਹੋ ਜਾਂਦਾ ਹੈ। ਸ਼ਿਵ ਉਸ ਨੂੰ ਕਹਿੰਦਾ ਹੈ ਕਿ ਉਸ ਨਾਲ ਚਲੇ। ਭੀਲਨੀ ਕਹਿੰਦੀ ਹੈ ਕਿ ਆਪਣੀ ਪਤਨੀ ਦੇ ਸਾਰੇ ਅਵਗੁਣ ਮਾਫ ਕਰ ਦੇ ਮੈ ਤੇਰੇ ਨਾਲ ਚਲਾਂਗੀ। ਸ਼ਿਵ ਮਾਫ ਕਰ ਦਿੰਦਾ ਹੈ ਅਤੇ ਭੀਲਨੀ ਨੂੰ ਲੈ ਕੇ ਘਰ ਆਉਂਦਾ ਹੈ। ਉਥੇ ਭੀਲਨੀ ਗਿਰਜਾ ਦੇ ਰੂਪ ਵਿਚ ਆਉਂਦੀ ਹੈ। ਸ਼ਿਵ ਕਹਿੰਦਾ ਹੈ ਕਿ ਤੂੰ ਬਹੁਤ ਸਿਆਣੀ ਹੈ।[944] ਕਵੀ ਨੇ ਇਸ ਕਥਾ ਵਿਚ ਗਿਰਜਾ ਦੀ ਉਸਤਤੀ ਕਰ ਕੇ ਉਸ ਨੂੰ ਬਹੁਤ ਹੀ ਸਿਆਣੀ, ਸਮਝਦਾਰ, ਰੂਪ ਵਟਾਉਣ ਵਾਲੀ ਆਦਿਕ ਗੁਣਾਂ ਵਾਲੀ ਦਰਸਾ ਕੇ ਉਸ ਦੀ ਮਹਿਮਾ ਕਰਦਿਆਂ ਕਿਹਾ ਹੈ-

ਪ੍ਰੇਮ ਸਹਤਿ ਹਰ ਬੋਲੇ ਬਾਨੀ॥ ਹੇ ਗਿਰਜਾ ਤੂੰ ਪਰਮ ਸਿਆਨੀ॥

ਤੋ ਸਮ ਚਤੁਰਿ ਨਹੀ ਕੋ ਨਾਰੀ॥ ਸਾਚੁ ਕਹੋ ਤੁਹਿ ਸੁਨੋ ਪਿਆਰੀ॥68॥

ਦੋਹਰਾ॥

ਛਲਿ ਕਰਿ ਮੋਹਿ ਰਿਝਾਇਯੋ ਤੁਮ ਸਮ ਚਤੁਰਿ ਨ ਕੋਇ॥

ਅਰਸਿ ਪ੍ਰਸਿ ਦੂਊ ਪ੍ਰੇਮ ਕਰਿ ਖੁਸੀ ਭਏ ਤਬ ਦੋਇ॥69॥[945]

ਸ਼ਿਵ ਨੇ ਗਿਰਜਾ ਦੀ ਉਸਤਤੀ ਕਰਦਿਆਂ ਕਿਹਾ ਹੈ ਕਿ ਉਹ ਪਰਮ ਸਿਆਣੀ ਹੈ, ਉਸ ਜਿਹੀ ਚਤੁਰ ਨਾਰੀ ਹੋਰ ਕੋਈ ਨਹੀਂ ਹੈ। ਉਹ ਛਲਣ ਵਾਲੀ ਹੈ, ਇਸ ਲਈ ਉਹ ਸ਼ਿਵ ਨੂੰ ਰਿਝਾਉਂਦੀ ਹੈ ਅਤੇ ਉਹ ਖੁਸ਼ੀ ਨਾਲ ਰਹਿੰਦੇ ਹਨ।

### 3.2.7 ਕੰਕਾਲ ਕੇਤੁ ਜਾਂ ਰਾਜਾ ਮਿਤਰਾਜਿਤ ਦੀ ਕਥਾ

ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਰਾਜਾ ਮਿਤਰਾਜਿਤ ਹੋਇਆ ਹੈ। ਜਿਸ ਦੇ ਰਾਜ ਵਿਚ ਸਾਰੇ ਹੀ ਲੋਕ ਸੁਖੀ ਰਹਿੰਦੇ ਸਨ। ਇਕ ਦਿਨ ਨਾਰਦ ਮਿਤਰਾਜਿਤ ਕੋਲ ਆਇਆ ਅਤੇ ਦਸਣ ਲਗਾ

---

944 ਉਹੀ, ਪਤਰਾ 1111-1122.

945 ਉਹੀ, ਪਤਰਾ 1121.

ਕਿ ਪਾਤਾਲ ਵਿਚ ਪਛਮ ਦਿਸ਼ਾ ਵਾਲੇ ਪਾਸੇ ਇਕ ਗੰਧਮਾਦਨ ਨਾਮ ਦਾ ਅਸਥਾਨ ਹੈ। ਜਿਥੇ ਦੇਵਤੇ ਗੰਧ੍ਰਵ ਰਹਿੰਦੇ ਹਨ। ਉਨ੍ਹਾਂ ਦੀ ਇਕ ਪੁਤਰੀ ਮਲ ਗੰਧਨੀ (ਅਮਲਗੰਧਨੀ) ਨੂੰ ਕੰਕਾਲ ਕੇਤੂ ਰਾਖਸ਼ ਚੁਕ ਕੇ ਲੈ ਗਿਆ ਹੈ ਜੋ ਕਿ ਕਾਪਾਲ ਕੇਤੂ ਦਾ ਪੁਤਰ ਹੈ। ਹੁਣ ਉਹ ਚੰਪਾਵਤੀ ਨਾਮ ਦੇ ਅਸਥਾਨ ਤੇ ਰਹਿੰਦਾ ਹੈ। ਨਾਰਦ ਮਿਤਰਾਜਿਤ ਨੂੰ ਕਹਿੰਦਾ ਹੈ ਕੇ ਤੂੰ ਬੀਰ ਯੋਧਾ ਹੈ ਤੂੰ ਜਾ ਅਤੇ ਉਸ ਕੰਕਾਲ ਕੇਤੂ ਨੂੰ ਮਾਰ ਕੇ ਅਮਲਾ ਗੰਧਨੀ ਨੂੰ ਮੁਕਤੀ ਦੁਆ। ਜਾਣ ਤੋਂ ਪਹਿਲਾਂ ਸ਼ਿਵ ਸਹਸਰ ਨਾਮ ਦਾ ਜਾਪ ਕਰ ਆਵੇ। ਰਾਜਾ ਨਾਰਦ ਦੀ ਗੱਲ ਮੰਨ ਕੇ ਸ਼ਿਵ ਦੀ ਆਰਾਧਨਾ ਕਰਕੇ ਪਾਤਾਲ ਨੂੰ ਗੰਗਾ ਨਦੀ ਦੇ ਨਾਲ ਚਲਾ ਜਾਂਦਾ ਹੈ ਅਤੇ ਅਮਲਾ ਗੰਧਨੀ ਨੂੰ ਲਭ ਲੈਂਦਾ ਹੈ। ਚੰਪਾਵਤੀ ਵਿਚ ਇਕਲੀ ਅਮਲਾ ਗੰਧਨੀ ਹੁੰਦੀ ਹੈ ਰਾਖਸ਼ ਉਥੇ ਨਹੀਂ ਹੁੰਦਾ ਅਮਲਾ ਗੰਧਨੀ ਅਤੇ ਮਿਤਰਾਜਿਤ ਦੀ ਬਾਰਤਾ ਹੁੰਦੀ ਹੈ ਅਮਲਾ ਗੰਧਨੀ ਨੂੰ ਮਿਤਰਾਜਿਤ 'ਤੇ ਭਰੋਸਾ ਹੋ ਜਾਂਦਾ ਹੈ ਅਤੇ ਉਹ ਉਸਨੂੰ ਕਹਿੰਦੀ ਹੈ ਕਿ ਤੂੰ ਅੰਦਰ ਲੁਕ ਜਾ ਜਦ ਰਾਖਸ਼ ਆਵੇਗਾ ਤਾਂ ਤੂੰ ਉਸ ਤੇ ਹਮਲਾ ਕਰ ਦੇਣਾ। ਫਿਰ ਰਾਖਸ਼ ਅਤੇ ਮਿਤਰਾ ਜਿਤ ਵਿਚ ਘਮਾਸਾਨ ਦਾ ਯੁਧ ਹੁੰਦਾ ਹੈ ਮਿਤਰਾਜਿਤ ਵਿਸ਼ਨੂੰ ਦਾ ਜਾਪ ਕਰਦਾ ਹੈ ਅਤੇ ਚਤੁਰਭੁਜ ਰੂਪ ਧਾਰਨ ਕਰ ਲੈਂਦਾ ਹੈ ਅਤੇ ਰਾਖਸ਼ 'ਤੇ ਵਾਰ ਕਰਕੇ ਉਸ ਨੂੰ ਮਾਰ ਦਿੰਦਾ ਹੈ। ਨਾਰਦ ਮੁਨਿ ਪ੍ਰਗਟ ਹੋ ਕੇ ਅਮਲਾ ਗੰਧਨੀ ਅਤੇ ਮਿਤਰਾਜਿਤ ਦਾ ਵਿਆਹ ਕਰਵਾ ਦਿੰਦਾ ਹੈ। ਫਿਰ ਉਹ ਕਾਸੀ ਵਾਪਿਸ ਆ ਜਾਂਦੇ ਹਨ। ਕੁਝ ਸਮਾਂ ਬੀਤਣ ਤੋਂ ਬਾਦ ਰਾਣੀ (ਅਮਲਾ ਗੰਧਨੀ) ਪੁਤਰ ਲਈ ਰਾਜੇ ਨੂੰ ਕਹਿੰਦੀ ਹੈ। ਰਾਜਾ ਉਸ ਨੂੰ ਭਵਾਨੀ ਅਤੇ ਸ਼ਿਵ ਦੀ ਆਰਾਧਨਾ ਨੂੰ ਕਰਨ ਨੂੰ ਕਹਿੰਦਾ ਹੈ ਆਰਧਾਨਾ ਤੋਂ ਬਾਦ ਪੁਤਰ ਪਰਾਪਤੀ ਹੁੰਦੀ ਹੈ। ਪੰਡਿਤ ਬੁਲਾਏ ਜਾਂਦੇ ਹਨ। ਪੰਡਿਤ ਜਨਮ ਪਤਰੀ ਦੇਖ ਕਹਿੰਦੇ ਹਨ  ਕਿ ਇਹ ਪੁਤਰ ਤੁਹਾਡੇ ਵੰਸ ਨੂੰ ਖਤਮ ਕਰੇਗਾ ਇਸ ਲਈ ਇਸ ਨੂੰ ਜੰਗਲ ਵਿਚ ਛਡ ਦਿਤਾ ਜਾਵੇ। ਰਾਜਾ ਸਾਰੀ ਬਾਰਤਾ ਰਾਣੀ ਨੂੰ ਦਸਦਾ ਹੈ ਤਾਂ ਰਾਣੀ ਕਹਿੰਦੀ ਹੈ ਕਿ ਭਵਾਨੀ ਨੇ ਹੀ ਦਿਤਾ ਹੈ ਅਤੇ ਭਵਾਨੀ ਨੂੰ ਹੀ ਵਾਪਿਸ ਕਰ ਦਿੰਦੇ ਹਾਂ ਤਾਂ ਉਹ ਬਾਲਕ ਨੂੰ ਭਾਵਨੀ ਦੇ ਮੰਦਰ ਵਿਚ ਛਡ ਦਿਤਾ ਜਾਂਦਾ ਹੈ। ਭਵਾਨੀ ਇਕ ਜੋਗਣ ਨੂੰ ਬੁਲਾ ਕੇ ਬਾਲਕ ਨੂੰ ਅਸਟ ਮਾਤ੍ਰਕਾ (ਬੈਸਨਵੀ, ਰੁਦ੍ਰਾਵੀ, ਬ੍ਰਹਮਵੀ, ਕੁਮਾਰੀ, ਵਾਰਾਹੀ, ਚਮੁੰਡਯ, ਨਾਰ ਸਿਹੂੰਕਾ ਅਤੇ ਮਹਿੰਦ੍ਰਕਾ) ਕੋਲ ਛਡਣ ਨੂੰ ਕਹਿੰਦੀ ਹੈ ਜੋਗਣ ਛਡ ਆਉਂਦੀ ਹੈ। ਫਿਰ ਬਾਲਕ ਜਦ ਥੋੜਾ ਵਡਾ ਹੁੰਦਾ ਹੈ ਤਾਂ ਉਹ ਗਉਰੀ ਕੋਲ ਵਾਪਿਸ ਆ ਜਾਂਦਾ ਹੈ ਗਉਰੀ ਉਸ ਦਾ ਨਾਮ

ਵੀਰ ਰਖਦੀ ਹੈ। ਖੇਡਦਾ ਖੇਡਦਾ ਬਾਲਕ ਵਿਸ਼ਨੂੰ ਕੋਲ ਜਾਂਦਾ ਹੈ ਤਾਂ ਵਿਸ਼ਨੂੰ ਉਸ ਦਾ ਨਾਮ ਬਿਸੇਰ ਰਖਦਾ ਹੈ। ਫਿਰ ਬਾਲਕ ਨੂੰ ਕਾਸੀ ਜਾ ਕੇ ਸ਼ਿਵ ਦੀ ਅਰਾਧਨਾ ਕਰਨ ਨੂੰ ਕਿਹਾ ਜਾਂਦਾ ਹੈ ਬਾਲਕ ਆਰਾਧਨਾ ਕਰਦਾ ਹੈ ਅਤੇ ਇਕ ਲਿੰਗ ਪ੍ਰਗਟ ਹੁੰਦਾ ਹੈ ਉਹ ਲਿੰਗ ਦੀ ਪੂਜਾ ਕਰਦਾ ਹੈ ਤਾਂ ਕੁਝ ਸਮਾਂ ਪਾ ਕੇ ਸ਼ਿਵ ਪ੍ਰਗਟ ਹੋ ਕੇ ਵਰ ਦਿੰਦਾ ਹੈ ਕਿ ਇਸ ਅਸਥਾਨ ਦਾ ਨਾਮ ਬਿਸੇਸ੍ਵਰ ਜੋ ਕਿ ਬਿਸੇਰ ਤੋਂ ਬਣਿਆ ਅਤੇ ਵਿਰੇਸਰ ਜੋ ਕਿ ਵੀਰ ਤੋਂ ਬਣਿਆ ਨਾਮ ਨਾਲ ਪ੍ਰਸਿਧ ਹੋਵੇਗਾ ਅਤੇ ਸਿਵ ਲਿੰਗ ਦੇ ਦਰਸ਼ਨ ਕਰਕੇ ਸੰਸਾਰ ਦੇ ਲੋਕਾਂ ਦਾ ਉਦਾਰ ਹੋਵੇਗਾ।[946] ਇਸ ਕਥਾ ਵਿਚ ਕਵੀ ਨੇ ਸ਼ਿਵ ਦੇ ਇਕ ਸਥਾਨ ਵਿਸ਼ੇਸ੍ਵਰ ਦੀ ਉਪਮਾ ਕੀਤੀ ਹੈ, ਉਸ ਸਥਾਨ ਦੇ ਬਣਨ ਦੀ ਸਾਰੀ ਕਥਾ ਦਸ ਕੇ ਉਸ ਸਥਾਨ ਉਤੇ ਦਰਸ਼ਨ ਕਰਨ ਵਾਲਿਆਂ ਦਾ ਉਦਾਰ ਕਰਨ ਦੀ ਗੱਲ ਕਹੀ ਹੈ। ਇਹ ਮਨੋਰਥ ਕਵੀ ਨੇ ਇਸ ਕਥਾ ਦੇ ਅੰਤ ਵਿਚ ਅਕਿੰਤ ਕੀਤਾ ਹੈ। ਯਥਾ-

ਯਾਹਿ ਬਿਸੇਸ੍ਵਰ ਲਿੰਗ ਕਾ ਦਰਸਨਿ ਕਰਹੈ ਜੋਇ॥

ਮੁਕਤਿ ਕਰੋਂਗੋ ਤਾਹਿ ਕੀ ਨਾਹਿ ਨ ਸੰਸਾ ਕੋਇ॥74॥

ਅੜਿਲ॥

ਬ੍ਰਹਮਾਦਿਕ ਸਭਿ ਦੇਵ ਆਹਿ ਜਗ ਜੇਤਿਆ॥

ਇਸ ਕੋ ਬੰਦਨ ਕਰਹੈਂ ਸੋ ਸਭਿ ਤੇਤਿਆ॥

ਇਉ ਸਿਵ ਨੈ ਵਰਿ ਦੀਨਾ ਤਾਹਿ ਸੁ ਜਾਨਿਯੈ॥

ਹੋ ਮਰਦਾਨੇ ਕੋ ਕਹਯੋ ਸੁ ਗੁਰੂ ਮਹਾਨਿਯੈ॥75॥[947]

ਸੋ ਕਵੀ ਨੇ ਦਸਿਆ ਹੈ ਕਿ ਇਸ ਸਥਾਨ ਨੂੰ ਸ਼ਿਵ ਨੇ ਵਰ ਦਿਤਾ ਹੋਇਆ ਹੈ ਕਿ ਇਸ ਸਥਾਨ ਦੇ ਲਿੰਗ ਦਾ ਜੋ ਵੀ ਦਰਸ਼ਨ ਕਰੇਗਾ ਉਹ ਮੁਕਤੀ ਪ੍ਰਾਪਤ ਕਰੇਗਾ। ਕਵੀ ਨੇ ਇਥੋਂ ਤਕ ਕਿਹਾ ਹੈ ਕਿ ਬ੍ਰਹਮਾ ਆਦਿਕ ਦੇਵਤੇ ਵੀ ਇਸ ਦੀ ਬੰਦਨਾ ਕਰਦੇ ਹਨ।

**3.2.8 ਤ੍ਰਿਸ਼ੂਲ ਸਥਾਨ ਦੀ ਕਥਾ**

---

[946] ਉਹੀ, ਪਤਰਾ 1221-34.

[947] ਉਹੀ, ਪਤਰਾ 1234.

ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਯੇਲੂ ਇਕ ਰਾਜਾ ਸੀ ਜਿਸਦਾ ਸਰੀਰ ਦਿਨ ਵਿਚ ਨਿਰਮਲ ਹੁੰਦਾ ਸੀ ਅਤੇ ਰਾਤ ਨੂੰ ਕੀੜੇ ਪੈਂਦੇ ਸਨ। ਇਸ ਦਾ ਕਾਰਨ ਪਿਛਲੇ ਜਨਮ ਦੇ ਕਰਮ ਸਨ, ਉਹ ਪਿਛਲੇ ਜਨਮ ਵਿਚ ਬ੍ਰਹਮਣ ਸੀ ਅਤੇ ਦਖਣ ਦੇਸ ਵਾਲੇ ਪਾਸੇ ਰਿਧੁਪੁਰ ਪਿੰਡ ਵਿਚ ਧਨੇਸਵਰ ਦੇ ਘਰ ਪੈਦਾ ਹੋਇਆ ਸੀ। ਜਿਸ ਦਾ ਨਾਮ ਬਿਦਿਆਧਰ ਰਖਿਆ ਗਿਆ। ਇਸ ਨੇ ਬਹੁਤ ਗਿਆਨ ਹਾਸਿਲ ਕੀਤਾ। ਜਦੋਂ ਪਿਤਾ ਦਾ ਦੇਹਾਂਤ ਹੋ ਗਿਆ ਤਾਂ ਇਕ ਦਿਨ ਇਸ ਦੀ ਜਨਮ ਪਤਰੀ ਇਸ ਦੇ ਹੱਥ ਲਗੀ ਤਾਂ ਪੜ੍ਹ ਕੇ ਹੈਰਾਨ ਹੋਇਆ ਉਸ ਵਿਚ ਲਿਖਿਆ ਸੀ ਕਿ ਇਸ ਬਾਲਕ ਦੇ ਹਥੋਂ ਮਾਤਾ ਗਮਨ, ਮਧੁਰਾ ਪਾਨ ਅਤੇ ਬ੍ਰਹਮਣ ਹਤਿਆ ਹੋਵੇਗੀ। ਇਹ ਪੜ੍ਹ ਕੇ ਉ ਉਦਾਸ ਹੋ ਕੇ ਘਰ ਬਾਰ ਤਿਆਗ ਕੇ ਉਤਰਾਖੰਡ ਵਿਚ ਪਰੋਲੀ ਪਿੰਡ ਚਲਾ ਗਿਆ। ਕੁਝ ਸਮਾਂ ਬਾਦ ਜਦ ਉਸਦੀ ਮਾਤਾ ਕੋਲ ਧਨ ਖਤਮ ਹੋ ਗਿਆ ਤਾਂ ਉਹ ਵੀ ਘਰ ਛਡ ਕੇ ਚਲੀ ਗਈ ਅਤੇ ਜਲਪੁਰ ਪਿੰਡ ਵਿਚ ਜੋ ਕਿ ਮੁਲਤਾਨ ਦੇ ਕੋਲ ਹੈ, ਉਥੇ ਜਾ ਕੇ ਨਾਮ ਬਦਲ ਕੇ (ਬਦਲਿਆ ਨਾਮ ਰਾਮਜਨੀ) ਵੇਸਵਾ ਦਾ ਕੰਮ ਸ਼ੁਰੂ ਕਰ ਦਿਤਾ। ਸਮਾਂ ਪਾ ਕੇ ਬਿਦਿਆਧਰਿ ਉਧਰ ਆਇਆ ਅਤੇ ਕਾਮ ਦੇ ਗ੍ਰਹਸਿਤ ਵਿਚ ਆਕੇ ਵੇਸਵਾ ਕੋਲ ਆਇਆ ਅਤੇ ਗਮਨ ਕੀਤਾ ਅਤੇ ਮਧੁਰਾ ਪਾਨ ਕੀਤਾ। ਫਿਰ ਯਾਦ ਆਇਆ ਕਿ ਇਹ ਕੰਮ ਤਾਂ ਮੈਂ ਕਰਨੇ ਨਹੀਂ ਸਨ। ਜਦ ਗੌਰ ਨਾਲ ਇਸਤਰੀ ਤੋਂ ਪੁਛਿਆ, ਉਸ ਨੂੰ ਪਤਾ ਲਗਾ ਕਿ ਇਹ ਉਸਦੀ ਮਾਤਾ ਹੈ। ਫਿਰ ਪਛਤਾਵਾ ਲੈ ਕੇ ਅਗੇ ਗਿਆ ਤਾਂ ਉਸ ਨੇ ਸੋਚਿਆ ਕਿ ਹੁਣ ਚੰਗੇ ਕਰਮ ਕਰਨੇ ਹਨ ਤਾਂ ਬ੍ਰਾਹਮਣਾਂ ਨੂੰ ਭੋਜਨ ਖਵਾਉਣ ਦੀ ਸੋਚੀ ਇਕ ਗਵਾਲਣ ਦੁਧ ਲਈ ਜਾ ਰਹੀ ਸੀ ਤਾਂ ਇਕ ਅਕਾਸ਼ ਵਿਚੋਂ ਪੰਛੀ ਤੋਂ ਕੋਈ ਜਹਿਰੀਲੀ ਚੀਜ਼ ਦੁਧ ਵਿਚ ਡਿਗ ਗਈ ਉਹੀ ਦੁਧ ਵਿਦਿਆਧਰ ਨੇ ਮੁਲ ਲੈ ਲਿਆ ਅਤੇ ਉਸ ਦੁਧ ਤੋਂ ਭੋਜਨ ਤਿਆਰ ਕਰਕੇ ਬ੍ਰਾਹਮਣ ਨੂੰ ਭੋਜਨ ਖੁਆਇਆ ਅਤੇ ਬ੍ਰਹਮਣ ਮਰ ਗਿਆ। ਤਿੰਨੋਂ ਭਵਿਖਬਾਣੀਆਂ ਸਹੀ ਸਾਬਿਤ ਹੋ ਗਈਆਂ। ਫਿਰ ਪਛਤਾਵਾ ਲੈ ਕੇ ਅਗੇ ਗਿਆ ਤਾਂ ਇਕ ਸਾਧੂ ਮਿਲਿਆ ਜਿਸਨੇ ਦਸਿਆ ਕਿ ਭਜਨ ਕਰ ਕੇ ਜੀਵਨ ਸਫਲ ਹੋ ਸਕਦਾ ਹੈ। ਤਾਂ ਭਜਨ ਕਰਦਾ ਹੋਇਆ ਵਿਦਿਆਧਰਿ ਮਰ ਗਿਆ। ਉਸ ਦੀ ਆਤਮਾ ਨੂੰ ਲੈਣ ਲਈ ਵਿਸ਼ਨੂੰ ਦੇ ਗਣ ਆਏ ਜਦ ਉਹ ਬਿਬਾਨ ਲੈ ਕੇ ਜਾਣ ਲਗੇ ਤਾਂ ਜਮ ਵੀ ਆ ਗਏ ਅਤੇ ਕਹਿਣ ਲਗੇ ਕਿ ਇਸਨੇ ਪਾਪ ਕੀਤੇ ਹਨ ਤਾਂ ਕਰਕੇ ਇਸਨੂੰ ਅਸੀਂ ਲੈ ਕੇ ਜਾਣਾ ਹੈ। ਅਕਾਸ਼ਵਾਣੀ ਹੋਣ ਤੋਂ ਬਾਦ ਬਿਬਾਨ ਨੂੰ ਭਰਾਦਵਾਜ ਰਿਸ਼ੀ

ਕੋਲ ਲੈ ਕੇ ਜਾਂਦੇ ਹਨ ਜੋ ਫੈਸਲਾ ਕਰਦਾ ਹੈ ਕਿ ਇਸ ਨੂੰ ਇਕੋ ਜਨਮ ਵਿਚ ਦੁਖ ਸੁਖ ਭੋਗਣੇ ਪੈਣਗੇ। ਉਹ ਰਾਜੇ ਦੇ ਘਰ ਪੈਦਾ ਹੋਇਆ, ਉਸ ਦਾ ਨਾਮ ਘੇਲੂ ਰਖਿਆ ਗਿਆ। ਉਹ ਹੌਲੀ ਹੌਲ਼ੀ ਵੱਡਾ ਹੁੰਦਾ ਹੈ ਉਸ ਦੇ ਪਿਤਾ ਦਾ ਦੇਹਾਂਤ ਹੋ ਜਾਂਦਾ ਹੈ। ਘੇਲੂ ਦਾ ਵਿਆਹ ਮਾਨਕਾ ਵਤੀ ਨਾਲ ਹੁੰਦਾ ਹੈ। ਵਿਆਹ ਤੋਂ ਕੁਝ ਸਮਾਂ ਬਾਦ ਘੇਲੂ ਦੇ ਸਰੀਰ ਵਿਚ ਰਾਤ ਨੂੰ ਕਿਰਮ ਪੈਣੇ ਸ਼ੁਰੂ ਹੋ ਜਾਂਦੇ ਹਨ ਅਤੇ ਦਿਨ ਵਿਚ ਨਿਰਮਲ ਹੋ ਜਾਂਦਾ ਹੈ। ਮਾਨਕਾ ਵਤੀ ਚਿੰਤਤ ਹੁੰਦੀ ਹੈ। ਇਕ ਦਿਨ ਘੇਲੂ ਰਾਜਾ ਸ਼ਿਕਾਰ ਖੇਡਣ ਗਿਆ ਅਤੇ ਸਿਪਾਹੀਆ ਤੋਂ ਅਗੇ ਨਿਕਲ ਜਾਂਦਾ ਹੈ। ਅਗੇ ਉਹ ਤ੍ਰਿਸੂਲ ਸਥਾਨ (ਜੋ ਕਿ ਸ਼ਿਵ ਦਾ ਸਥਾਨ ਸੀ ਅਤੇ ਬਾਦ ਵਿਚ ਉਥੇ ਸਿਵਾਲੈ ਤੀਰਥ ਬਣਿਆ) 'ਤੇ ਪਹੁੰਚ ਜਾਂਦਾ ਹੈ। ਰਾਜਾ ਨੂੰ ਪਾਣੀ ਦੀ ਪਿਆਸ ਲਗੀ ਹੁੰਦੀ ਹੈ। ਉਥੋਂ ਦਾ ਪਾਣੀ ਪੀਣ ਯੋਗ ਨਹੀਂ ਹੁੰਦਾ, ਰਾਜਾ ਉਸ ਪਾਣੀ ਨਾਲ ਹੱਥ ਧੋ ਲੈਂਦਾ ਅਤੇ ਅਖਾਂ ਧੋ ਲੈਂਦਾ ਹੈ। ਫਿਰ ਘਰ ਆ ਜਾਂਦਾ ਹੈ। ਉਸ ਰਾਤ ਰਾਜਾ ਦੇ ਹਥ ਅਤੇ ਅਖਾਂ ਵਿਚ ਕਿਰਮ ਨਹੀਂ ਪੈਂਦੇ ਰਾਣੀ ਇਹ ਦੇਖ ਕੇ ਖੁਸ਼ ਹੋ ਜਾਂਦੀ ਹੈ ਅਤੇ ਰਾਜਾ ਤੋਂ ਪੁਛਦੀ ਹੈ ਕਿ ਅਜ ਕਿਥੇ ਕਿਥੇ ਗਏ ਸੀ। ਰਾਜਾ ਸਾਰਾ ਬ੍ਰਿਤਾਂਤ ਸੁਣਾ ਦਿੰਦਾ ਹੈ ਰਾਣੀ ਕਹਿੰਦੀ ਹੈ ਕਿ ਮੈਨੂੰ ਤ੍ਰਿਸ਼ੂਲ ਸਥਾਨ 'ਤੇ ਲੈ ਕੇ ਚਲੋ। ਰਾਜਾ ਰਾਣੀ ਅਤੇ ਸਿਪਾਹੀ ਉਸ ਸਥਾਨ 'ਤੇ ਜਾਂਦੇ ਹਨ। ਉਥੇ ਪਾਣੀ ਖਤਮ ਹੋ ਜਾਂਦਾ ਹੈ, ਰਾਣੀ ਨਿਰਾਸ਼ ਹੋ ਜਾਂਦੀ ਹੈ ਅਤੇ ਸਿਪਾਹੀਆਂ ਨੂੰ ਉਹ ਜ਼ਮੀਨ ਖੋਦਣ ਨੂੰ ਕਹਿੰਦੀ ਹੈ। ਸਿਪਾਹੀ ਖੋਦਣਾ ਸ਼ੁਰੂ ਕਰ ਦਿੰਦੇ ਹਨ, ਪਰ ਪਾਣੀ ਨਹੀਂ ਆਉਂਦਾ ਰਾਣੀ ਪ੍ਰਤਿਗਿਆ ਲੈਂਦੀ ਹੈ ਕਿ ਜਿੰਨਾ ਸਮਾਂ ਪਾਣੀ ਨਹੀਂ ਮਿਲਦਾ ਉਹ ਕੁਝ ਖਾਵੇਗੀ ਅਤੇ ਪੀਵੇਗੀ ਨਹੀਂ। ਇਸੇ ਤਰ੍ਹਾਂ 21 ਦਿਨ ਬੀਤ ਜਾਂਦੇ ਹਨ ਪਰ ਪਾਣੀ ਨਹੀਂ ਆਉਂਦਾ। ਇਹ ਸਾਰਾ ਬ੍ਰਿਤਾਂਤ ਭਵਾਨੀ ਸ਼ਿਵ ਨੂੰ ਜਾਕੇ ਦਸਦੀ ਹੈ ਕਿ ਰਾਜਾ ਰਾਣੀ ਮਰਨ ਵਾਲੇ ਹੋ ਗਏ ਹਨ। ਸ਼ਿਵ ਕਹਿੰਦਾ ਹੈ ਕਿ ਅਜੇ 11 ਦਿਨ ਹੋਰ ਖੁਦਾਈ ਕਰਨੀ ਹੋਵੇਗੀ। ਫਿਰ 11 ਦਿਨ ਪਿਛੋਂ ਪਾਣੀ ਮਿਲਦਾ ਹੈ ਰਾਜਾ ਉਸ ਵਿਚ ਇਸ਼ਨਾਨ ਕਰਦਾ ਹੈ ਅਤੇ ਤੰਦਰੁਸਤ ਹੋ ਜਾਂਦਾ ਹੈ। ਰਾਣੀ ਫਿਰ ਉਸ ਸਥਾਨ 'ਤੇ ਮੰਦਰ ਬਣਾਉਣ ਦੀ ਜ਼ਿਦ ਕਰਦੀ ਹੈ। ਜਿਸ ਲਈ ਰਾਜਾ ਕੋਕਸੁ ਜੋ ਕਿ ਵਿਸ਼ਵਕਰਮਾ ਦਾ ਅਵਤਾਰ ਸੀ, ਉਸ ਨੇ ਪੰਜ ਦਿਨ ਵਿਚ ਮੰਦਰਿ ਬਣਾ ਦਿਤਾ। ਇਸ ਮੰਦਰ ਦਾ ਨਾਮ ਮਾਨਕੇਸੂਰ ਰਖਿਆ ਗਿਆ। ਸਿਵ ਅਤੇ ਗਿਰਜਾ ਇਕ ਵਾਰ ਇਸ ਬਨ ਵਿਚ ਘੁੰਮ ਰਹੇ ਸਨ ਤਾਂ ਗਿਰਜਾ ਨਗਨ ਅਵਸਥਾ ਵਿਚ ਸੀ। ਕੁਝ ਸਾਧੂ ਆਏ ਤਾਂ ਗਿਰਜਾ ਨੂੰ ਲਜਾ ਆਈ। ਗਿਰਜਾ ਦੇ ਕਹਿਣ ਤੇ ਸ਼ਿਵ ਨੇ

ਸਰਾਪ ਦਿਤਾ ਕਿ ਜੋ ਵੀ ਇਥੇ ਆਵੇਗਾ ਉਹ ਪੁਰਸ਼ ਤੋਂ ਇਸਤ੍ਰੀ ਬਣ ਜਾਵੇਗਾ। ਇਕ ਰਾਜਾ ਸੀ ਸ੍ਰਾਧ ਦੇਵ ਉਸ ਦੇ ਘਰ ਕੋਈ ਔਲਾਦ ਪੈਦਾ ਨਹੀਂ ਹੁੰਦੀ ਸੀ । ਉਸ ਨੇ ਬ੍ਰਹਾਮਣਾਂ ਦੇ ਕਹਿਣ 'ਤੇ ਪੁਤਰ ਪ੍ਰਾਪਤੀ ਲਾਈ ਯਗ ਕਰਵਾਇਆ। ਯਗ ਤੋਂ ਬਾਦ ਬ੍ਰਾਹਮਣਾਂ ਨੇ ਵਰ ਦਿਤਾ ਕੇ ਕੰਨਿਆ ਪੈਦਾ ਹੋਵੇਗੀ ਰਾਜਾ ਨੇ ਬੇਨਤੀ ਕੀਤੀ ਕਿ ਮੈਨੂੰ ਪੁਤਰ ਚਾਹੀਦਾ ਹੈ। ਬ੍ਰਾਹਮਣਾਂ ਨੇ ਫਿਰ ਕਿਹਾ ਕਿ ਪੈਦਾ ਤਾਂ ਪੁਤਰੀ ਹੀ ਹੋਵੇਗੀ, ਪਰ ਬਾਆਦ ਵਿਚ ਇਹ ਪੁਤਰ ਵਿਚ ਬਦਲ ਜਾਵੇਗੀ। ਹੁਕਮ ਅਨੁਸਾਰ ਪੁਤਰੀ ਪੈਦਾ ਹੋਈ ਜਿਸਦਾ ਨਾਮ ਯੇਲੀ ਰਖਿਆ ਗਿਆ। ਫਿਰ ਰਾਜੇ ਦੀ ਬੇਨਤੀ 'ਤੇ ਪੁਤਰੀ ਨੂੰ ਪੁਤਰ ਬਣਾ ਦਿਤਾ ਗਿਆ। ਪੁਤਰ ਦਾ ਨਾਮ ਸੁਦਿਨਮਾ ਰਖਿਆ ਗਿਆ। ਜਦ ਸੁਦਿਨਮਾ ਵੱਡਾ ਹੋਇਆ ਤਾਂ ਇਕ ਦਿਨ ਉਹ ਉਸ ਬਨ ਵਿਚ ਗਿਆ ਜਿਸਨੂੰ ਸ਼ਿਵ ਨੇ ਸਰਾਪ ਦਿਤਾ ਸੀ। ਸਰਾਪ ਅਨੁਸਾਰ ਸੁਦਿਨਮਾ ਇਸਤ੍ਰੀ ਬਣ ਗਿਆ। ਇਸ ਲਈ ਉਹ ਵਾਪਿਸ ਘਰ ਨਹੀਂ ਗਿਆ ਅਤੇ ਉਥੇ ਹੀ ਰਹਿਣ ਲਗ ਗਿਆ। ਇਕ ਦਿਨ ਇਕ ਰਾਜਾ ਬੁਧਿ ਉਸ ਬਨ ਵਿਚ ਆਇਆ ਤਾਂ ਉਹ, ਉਸ ਇਸਤ੍ਰੀ (ਜੋ ਸੁਦਿਨਮਾ ਬਣਿਆ ਸੀ।) ਨੂੰ ਮਿਲਿਆ ਅਤੇ ਉਸ ਨਾਲ ਵਿਆਹ ਕਰਵਾ ਲਿਆ। ਜਿਸ ਤੋਂ ਚਾਰ ਬੱਚਿਆ ਨੇ (ਚਾਰੋ ਲੜਕੇ )ਪਰੂਰਵਾ, ਗਗਨ, ਉਤਮ ਅਤੇ ਵਿਮਲ ਨੇ ਜਨਮ ਲਿਆ ਸੀ। ਜਦ ਪਹਿਲੇ ਬੱਚੇ (ਪਰੂਰਵਾ) ਦਾ ਜਨਮ ਹੋਇਆ ਤਾਂ ਉਹੀ ਬ੍ਰਹਾਮਣ ਆਏ ਸਨ ਜਿਨ੍ਹਾਂ ਨੇ ਰਾਜਾ ਸ੍ਰਾਧ ਦੇਵ ਦੇ ਲਈ ਯਗ ਕੀਤਾ ਸੀ। ਉਨ੍ਹਾਂ ਨੇ ਸੁਦਿਨਮਾ ਨੂੰ ਪਛਾਣ ਲਿਆ ਅਤੇ ਸਾਰੀ ਬਾਰਤਾ ਪੁਛੀ ਅਤੇ ਕਿਹਾ ਕਿ ਉਹ ਸ਼ਿਵ ਦੀ ਅਰਾਧਨਾ ਕਰੇ ਅਤੇ ਸਰਾਪ ਤੋਂ ਮੁਕਤ ਹੋ ਜਾਵੇ। ਸੁਦਿਨਮਾ ਨੇ ਸ਼ਿਵ ਦੀ ਅਰਾਧਨਾ ਕੀਤੀ ਤਾਂ ਸ਼ਿਵ ਨੇ ਕਿਹਾ ਕਿ ਸਰਾਪ ਨੂੰ ਟਾਲਿਆ ਨਹੀਂ ਜਾ ਸਕਦਾ ਪਰ ਇਹ ਹੋ ਸਕਦਾ ਹੈ ਕਿ ਤੂੰ ਇਕ ਮਾਸ ਇਸਤ੍ਰੀ ਅਤੇ ਇਕ ਮਾਸ ਪੁਰਸ਼ ਬਣ ਕੇ ਰਿਹਾ ਕਰੇਂਗਾ। ਫਿਰ ਜਦ ਉਹ ਪੁਰਸ਼ ਬਣ ਦਾ ਤਾਂ ਆਪਣੇ ਪਿਤਾ ਦਾ ਰਾਜ ਸੰਭਾਲਦਾ ਅਤੇ ਜਦ ਇਸਤ੍ਰੀ ਬਣਦਾ ਤਾਂ ਰਾਜਾ ਬੁਧਿ ਨਾਲ ਰਿਹਾ ਕਰਦਾ। ਪੁਰਸ਼ ਬਣ ਕੇ ਉਸ ਦੇ ਘਰ ਇਕ ਪੁਤਰ ਪੈਦਾ ਹੋਇਆ ਜਿਸ ਦਾ ਨਾਮ ਇਸਵਾਕ ਰਖਿਆ ਗਿਆ। ਇਸ ਤਰ੍ਹਾਂ ਸੁਦਿਨਮਾ ਆਪ ਤਪ ਕਰਨ ਚਲਾ ਗਿਆ ਅਤੇ ਸ਼ਿਵ ਦੀ ਆਰਾਧਨਾ ਕੀਤੀ। ਜਦ ਮਰਨ ਲਗਾ ਤਾਂ ਸ਼ਿਵ ਨੇ ਵਰ ਦਿਤਾ ਕਿ ਤੂੰ ਗੰਗਾ ਬਣ ਕੇ ਸਾਰੇ ਜਗਤ ਦਾ ਉਦਾਰ ਕਰੇਂਗਾ। ਇਸ ਦਾ ਨਾਮ ਯੇਲ ਗੰਗਾ ਰਖਿਆ ਗਿਆ। ਫਿਰ ਗੌਤਮ ਦੀ ਬੇਨਤੀ 'ਤੇ ਸ਼ਿਵ ਨੇ ਉਸ ਬਨ ਦਾ ਸਰਾਪ ਖਤਮ ਕੀਤਾ ਅਤੇ ਉਥੇ ਇਕ

ਸ਼ਿਵ ਲਿੰਗ ਦੀ ਸਥਾਪਨਾ ਕੀਤੀ ਜਿਸਦਾ ਨਾਮ ਘੂਸਮੇਸ੍ਵਰ ਰਖਿਆ ਗਿਆ। ਉਸ ਥਾਂ ਸ਼ਿਵ ਨੇ ਉਮਾ ਦੇ ਲਈ ਤ੍ਰਿਸ਼ੂਲ ਨਾਲ ਇਕ ਪਾਣੀ ਦਾ ਸ੍ਰੋਤ ਉਤਪੰਨ ਕੀਤਾ ਅਤੇ ਉਸ ਪਾਣੀ ਦੇ ਸ੍ਰੋਤ ਨੂੰ ਵਰ ਸੀ ਕਿ ਜੋ ਵੀ ਇਸ ਵਿਚ ਇਸ਼ਨਾਨ ਕਰੇਗਾ ਉਹ ਨਰਕ ਵਿਚ ਨਹੀਂ ਜਾਵੇਗਾ ਤਾਂ ਸਾਰਾ ਜਗਤ ਉਸ ਵਿਚ ਇਸ਼ਨਾਨ ਕਰਨ ਲਗ ਗਿਆ ਅਤੇ ਨਰਕ ਖਾਲੀ ਹੋ ਗਏ ਅਤੇ ਯਮਾਂ ਨੂੰ ਕੋਈ ਕੰਮ ਨਾ ਰਿਹਾ। ਲੋਕ ਪੁੰਨ ਅਤੇ ਭਗਤੀ ਕਰਨ ਤੋਂ ਹਟ ਗਏ। ਯਮਾਂ ਦੁਆਰਾ ਸ਼ਿਵ ਨੂੰ ਬੇਨਤੀ ਕਰਨ 'ਤੇ ਉਹ ਸ੍ਰੋਤ ਭਰਿਆ ਗਿਆ। ਜਿਸਦਾ ਨਾਮ ਤ੍ਰਿਸ਼ੂਲ ਸਥਾਨ ਸੀ।[948]

ਸਾਰੀ ਕਥਾ ਵਿਚ ਸ਼ਿਵ ਦੀ ਹੀ ਪ੍ਰਸ਼ੰਸਾ ਕੀਤੀ ਗਈ ਹੈ, ਸ਼ਿਵ ਹੀ ਸਰਾਪ ਦਿੰਦਾ ਹੈ ਅਤੇ ਫਿਰ ਉਹ ਸਰਾਪ ਨੂੰ ਬਦਲ ਕੇ ਲੋਕਾਂ ਦਾ ਭਲਾ ਕਰਦਾ ਦਿਖਾਇਆ ਗਿਆ ਹੈ। ਉਸ ਦੁਆਰਾ ਸਪਰਸ਼ ਕੀਤੇ ਸਥਾਨ ਤੀਰਥ ਸਥਾਨ ਬਣੇ ਦਸੇ ਹਨ, ਸੋ ਕਵੀ ਦਾ ਮਨੋਰਥ ਸ਼ਿਵ ਦੀ ਅਤੇ ਉਸ ਦੇ ਸਥਾਨਾਂ ਦੀ ਮਹਿਮਾ ਕਰਨਾ ਜਾਪਦਾ ਹੈ। ਜਦੋਂ ਨਰਕ ਖਾਲੀ ਹੋ ਗਏ ਤਾਂ ਉਸ ਸਥਾਨ ਨੂੰ ਸ਼ਿਵ ਦੀ ਆਗਿਆ ਨਾਲ ਭਰਿਆ ਗਿਆ।

### 3.2.9 ਗੋਕਰਣ ਦੀ ਕਥਾ

ਕਸ਼ਮੀਰ ਖੰਡ ਦੇ ਅਧਿਆਇ 24ਵੇਂ ਵਿਚ ਇਕ ਕਥਾ ਦਰਜ ਹੈ, ਕਥਾ ਇੰਞ ਹੈ- ਗੋਕਰਣ ਸਥਾਨ ਕਿਵੇਂ ਬਣਿਆ ਉਸ ਦੀ ਕਥਾ ਕਵੀ ਸ਼ੁਰੂ ਕਰਦਾ ਹੋਇਆ ਕਹਿੰਦਾ ਹੈ ਕਿ ਰਾਵਣ ਦੀ ਮਾਤਾ ਸ਼ਿਵ ਦੀ ਬਹੁਤ ਵੱਡੀ ਭਗਤ ਸੀ । ਉਹ ਹਰ ਰੋਜ਼ ਸ਼ਿਵਲਿੰਗ ਦੀ ਪੂਜਾ ਕਰਿਆ ਕਰਦੀ ਸੀ, ਉਸ ਦੇ ਪੂਜਾ ਦਾ ਮਨੋਰਥ ਇਹ ਸੀ ਕਿ ਰਾਵਣ ਬਹੁਤ ਵੱਡਾ ਯੋਧਾ ਬਣੇ। ਉਸ ਦੀ ਭਗਤੀ ਦੇਖ ਕੇ ਦੇਵਤੇ ਡਰ ਗਏ ਇਸ ਲਈ ਉਨ੍ਹਾਂ ਨੇ ਲੰਕਾਂ ਦੇ ਸਾਰੇ ਹੀ ਸ਼ਿਵਲਿੰਗ ਪਾਣੀ ਵਿਚ ਰੋੜ ਦਿਤੇ। ਰਾਵਣ ਦੀ ਮਾਤਾ ਨੇ ਅੰਨ-ਪਾਣੀ ਤਿਆਗ ਦਿਤਾ ਤਾਂ ਰਾਵਣ ਨੇ ਆਪਣੀ ਮਾਤਾ ਲਈ ਸ਼ਿਵਲਿੰਗ ਲਿਆਉਣ ਦਾ ਪ੍ਰਣ ਲਿਆ ਤੇ ਸ਼ਿਵ ਦੀ ਅਰਾਧਨਾ ਕਰਨ ਚਲਾ ਗਿਆ। ਸ਼ਿਵ ਨੇ ਉਸ ਨੂੰ ਖੁਸ਼ ਹੋ ਕੇ ਵਰ ਮੰਗਣ ਲਈ ਕਿਹਾ। ਰਾਵਣ ਨੇ ਇਕ ਸਰਵ-ਸ੍ਰੇਸ਼ਟ ਸ਼ਿਵਲਿੰਗ ਮੰਗਿਆ ਅਤੇ ਦੂਜੀ ਗਿਰਜਾ ਜਿਹੀ ਇਸਤਰੀ ਮੰਗੀ । ਸ਼ਿਵ ਨੇ ਖੁਸ਼ ਹੋ ਕਿ ਉਸ ਨੂੰ ਗਿਰਜਾ ਅਤੇ ਸਰਵ-ਸ੍ਰੇਸ਼ਟ ਲਿੰਗ ਦੇ ਦਿਤਾ। ਰਾਵਣ ਇਕ ਹੱਥ ਵਿਚ ਸ਼ਿਵਲਿੰਗ ਅਤੇ ਦੂਜੇ ਮੋਢੇ ਉਤੇ

[948] ਉਹੀ, ਪਤਰਾ 1536-64.

ਗਿਰਜਾ ਨੂੰ ਚੁਕੀ ਜਾ ਰਿਹਾ ਸੀ। ਇਹ ਸਾਰਾ ਬਿਰਤਾਂਤ ਦੇਖ ਕੇ ਸਾਰੇ ਹੀ ਦੇਵਤੇ ਡਰ ਗਏ ਇਸ ਲਈ ਉਨ੍ਹਾਂ ਨੇ ਨਾਰਦ ਨੂੰ ਬ੍ਰਹਮਣ ਦਾ ਰੂਪ ਧਾਰਨ ਕਰਕੇ ਭੇਜਿਆ ਉਸ ਨੇ ਜਾ ਕੇ ਕਿਹਾ ਕਿ ਇਸ ਬੁਢੀ ਇਸਤਰੀ ਨੂੰ ਕਿਉਂ ਚੁਕਿਆ ਹੈ, ਜਦ ਰਾਵਣ ਨੇ ਦਸਿਆ ਕਿ ਇਹ ਗਿਰਜਾ ਹੈ ਤਾਂ ਉਸਨੇ ਕਿਹਾ ਕਿ ਇਹ ਗਿਰਜਾ ਨਹੀਂ ਇਹ ਤਾਂ ਤੇਰੇ ਨਾਲ ਧੋਖਾ ਹੋਇਆ ਹੈ, ਇਹ ਕੋਈ ਬੁਢੀ ਇਸਤਰੀ ਹੈ। ਰਾਵਣ ਨੇ ਜਦ ਦੇਖਿਆ ਤਾਂ ਸਚ ਹੀ ਉਹ ਬੁਢੀ ਸੀ। ਰਾਵਣ ਨੇ ਸ਼ਿਵ ਨੂੰ ਜਾ ਕੇ ਉਸਨੂੰ ਮੋੜ ਦਿਤਾ। ਸ਼ਿਵ ਨੇ ਦਸਿਆ ਕਿ ਗਿਰਜਾ ਸਭ ਨੂੰ ਛਲਣ ਵਾਲੀ ਹੈ, ਇਸ ਲਈ ਇਹ ਤੇਰੇ ਕੋਲ ਨਹੀਂ ਰਹਿ ਸਕਦੀ। ਫਿਰ ਸ਼ਿਵ ਨੇ ਉਸ ਨੂੰ ਆਪਣੀ ਮੈਲ ਤੋਂ ਇਕ ਇਸਤਰੀ ਮਦੋਦਰੀ ਬਣਾ ਕਿ ਦਿਖਾਈ ਅਤੇ ਕਿਹਾ ਕਿ ਇਹ ਦੈਂਤਾਂ ਦੇ ਘਰ ਜਨਮ ਲਵੇਗੀ, ਇਸ ਦਾ ਵਿਆਹ ਤੇਰੇ ਨਾਲ ਹੋਵੇਗਾ, ਇਹ ਗਿਰਜਾ ਵਾਂਗ ਹੀ ਗੁਣਾਂ ਭਰਪੂਰ ਹੋਵੇਗੀ।

ਰਾਵਣ ਸ਼ਿਵਲਿੰਗ ਲੈ ਕੇ ਚਲ ਪਿਆ, ਰਸਤੇ ਵਿਚ ਉਸ ਨੂੰ ਪਿਸ਼ਾਬ ਦਾ ਜ਼ੋਰ ਪੈ ਗਿਆ। ਸ਼ਿਵ ਨੇ ਇਹ ਕਿਹਾ ਸੀ ਕਿ ਇਸ ਸ਼ਿਵਲਿੰਗ ਨੂੰ ਲੰਕਾਂ ਤੋਂ ਪਹਿਲਾਂ ਰਸਤੇ ਵਿਚ ਕਿਤੇ ਵੀ ਨਾ ਰਖੀ, ਕਿਉਂਕਿ ਇਸ ਨੇ ਉਥੇ ਹੀ ਸਥਾਪਿਤ ਹੋ ਜਾਣਾ ਹੈ। ਪਿਸ਼ਾਬ ਕਰਕੇ ਰਾਵਣ ਤੋਂ ਚਲਿਆ ਨਹੀਂ ਸੀ ਜਾ ਰਿਹਾ। ਉਸਨੇ ਇਕ ਵਿਅਕਤੀ ਨੂੰ ਦੇਖਿਆ ਅਤੇ ਉਸ ਨੂੰ ਸ਼ਿਵਲਿੰਗ ਦੇ ਕੇ ਆਪ ਪਿਸ਼ਾਬ ਕਰਨ ਗਿਆ। ਉਸ ਨੇ ਤਿੰਨ ਵਾਰ ਰਾਵਣ ਨੂੰ ਅਵਾਜ਼ ਮਾਰੀ ਪਰ ਰਾਵਣ ਨਾ ਆਇਆ ਤਾਂ ਉਸ ਨੇ ਸ਼ਿਵਲਿੰਗ ਉਥੇ ਰਖ ਦਿਤਾ। ਜਦ ਰਾਵਣ ਆਇਆ ਤਾਂ ਬਹੁਤ ਪਛਤਾਇਆ। ਜਿਥੇ ਸ਼ਿਵਲਿੰਗ ਰਖਿਆ ਗਿਆ ਸੀ, ਉਸ ਸਥਾਨ ਦਾ ਨਾਮ ਗੋਕਰਣ ਪਿਆ।[949] ਇਸ ਕਥਾ ਦੇ ਅਰੰਭ ਵਿਚ ਕਵੀ ਨੇ ਇਹ ਸਪਸ਼ਟ ਕਰ ਦਿਤਾ ਹੈ ਕਿ ਇਸ ਕਥਾ ਦੇ ਦਰਜ ਕਰਨ ਦਾ ਮਨੋਰਥ ਕੀ ਹੈ। ਕਵੀ ਨੇ ਸ਼ਿਵ ਦੇ ਇਸ ਸਥਾਨ ਦੀ ਮਹਿਮਾ ਕਰਦਾ ਹੋਇਆ ਕਹਿੰਦਾ ਹੈ-

ਪੂਰਨਮਾ ਪਰ ਦੋਸ ਅਮਾਵਸ ਜਾਨਿਯੈ॥ ਥਿਤੀ ਪਾਤ ਸਕ੍ਰਾਂਤਿ ਸੁ ਅਉਰ ਮਹਾਨਿਯੈ॥
ਇਨ ਪੁਰਬਨਿ ਮੈ ਜਾਇ ਜੁ ਸਾਗਰ ਨਾਇ ਹੈ॥ ਹੋ ਸਭਿ ਤੀਰਥ ਇਸਨਾਨ ਕਰੇ ਫਲੁ ਪਾਇ ਹੈ॥੪॥
ਸਿਵ ਕਾ ਦਰਸਨਿ ਕਰੈ ਨਾਇ ਕਰਿ ਸਾਗਰੇ॥ ਕੈ ਵਿਸਨੂ ਕਾ ਧਯਾਨ ਕਰੈ ਚਿਤਿ ਕਾਗਰੇ॥

[949] ਉਹੀ, ਪਤਰਾ 1734-41.

ਤਹਿ ਦਰਸਨਿ ਤੇ ਪਾਪ ਤਾਪ ਸਭ ਭਾਗਈ॥ ਹੋ ਜਬ ਲਗੁ ਜਗ ਮੈ ਰਹੈ ਪਾਪ ਨਹਿ ਲਾਗਈ॥੭॥[950]

ਸੋ ਕਵੀ ਇਸ ਸਥਾਨ ਦੀ ਇਤਨੀ ਪ੍ਰਸ਼ੰਸਾ ਕਰਦਾ ਹੈ ਕਿ ਇਥੇ ਜੋ ਵੀ ਵਿਅਕਤੀ ਪੂਰਨਮਾਸੀ ਵਾਲੇ ਦਿਨ ਸਾਗਰ ਵਿਚ ਇਸ਼ਨਾਨ ਕਰਕੇ ਇਸ ਸਥਾਨ ਦੇ ਦਰਸ਼ਨ ਕਰੇਗਾ ਉਸ ਦੇ ਸਾਰੇ ਹੀ ਤਾਪ-ਪਾਪ ਨਸ਼ਟ ਹੋ ਜਾਣਗੇ। ਸੋ ਕਵੀ ਦਾ ਮਾਤਰ ਮਨੋਰਥ ਸ਼ਿਵ ਅਤੇ ਉਸ ਦੇ ਸਥਾਨ ਦੀ ਮਹਿਮਾ ਕਰਨਾ ਜਾਪਦਾ ਹੈ।

ਉਪਰੋਕਤ ਅਸੀਂ ਉਨ੍ਹਾਂ ਕਥਾਵਾਂ ਦੀ ਵਿਚਾਰ ਕੀਤੀ ਹੈ ਜਿਨ੍ਹਾਂ ਵਿਚ ਮਹਿਮਾ ਕੀਤੀ ਗਈ ਹੋਵੇ। ਇਸ ਵਿਚ ਅਸੀਂ ਦੇਖਿਆ ਹੈ ਕਿ ਬਹੁਤ ਸਾਰੀਆਂ ਕਥਾਵਾਂ ਇਸ ਦਾਇਰੇ ਵਿਚ ਆ ਜਾਂਦੀਆਂ ਹਨ। ਕਵੀ ਨੇ ਜ਼ਿਆਦਾਤਰ ਸ਼ਿਵ ਦੀ ਮਹਿਮਾ ਨੂੰ ਪ੍ਰਾਥਿਮਕਤਾ ਦੇ ਕੇ ਉਸ ਦੀ ਪ੍ਰਸ਼ੰਸਾਮਈ ਕਥਾਵਾਂ ਨੂੰ ਵਧੇਰੇ ਦਰਜ ਕੀਤਾ ਹੈ। ਉਪਰੋਕਤ ਵਿਚਾਰਾਂ ਤੋਂ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਕਵੀ ਨੇ ਗੁਰੂ ਸਾਹਿਬ ਦੇ ਨਾਲ ਸੰਬੰਧਿਤ ਪਾਤਰਾਂ, ਵਸਤਾਂ ਅਤੇ ਸਥਾਨਾਂ ਦੀ ਮਹਿਮਾ ਹਿਤ ਉਨ੍ਹਾਂ ਨਾਲ ਮਿਥਿਹਾਸਕ ਕਥਾਵਾਂ ਜੋੜ ਕੇ ਉਨ੍ਹਾਂ ਦੀ ਮਹਿਮਾ ਵਧਾਉਣ ਦਾ ਪ੍ਰਯਤਨ ਕੀਤਾ ਹੈ। ਸੋ ਕਵੀ ਨੇ ਅਨੇਕਾਂ ਹੀ ਕਥਾਵਾਂ ਮਹਿਮਾਰਥ ਦੇ ਮਨੋਰਥ ਨਾਲ ਅੰਕਿਤ ਕੀਤੀਆਂ ਹਨ।

### 3.3 ਖੰਡਣਾਰਥ

ਕਵੀ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿਖਿਆਵਾਂ ਨੂੰ ਸਰਲਤਾ ਨਾਲ ਪਾਠਕਾਂ ਤਕ ਪਹੁੰਚਾਉਣ ਲਈ ਅਨਿਕ ਭਾਂਤਿ ਦੇ ਢੰਗ ਵਰਤੇ ਹਨ ਉਨ੍ਹਾਂ ਵਿਚੋਂ ਸਭ ਤੋਂ ਨਿਰਾਲਾ ਢੰਗ ਹੈ ਕਥਾ ਦੁਆਰਾ ਵਿਖਿਆਨ ਕਰਨਾ। ਸੋ ਕਵੀ ਨੇ ਖੰਡਣਾਰਥ ਲਈ ਵੀ ਚਰਚਿਤ ਕ੍ਰਿਤੀ ਵਿਚ ਇਕ ਕਥਾ ਸੰਕਿਲਤ ਕੀਤੀ ਹੈ, ਜਿਸ ਦਾ ਵਿਵਰਣ ਇਸ ਤਰ੍ਹਾਂ ਹੈ-

#### 3.3.1 ਸੀਤਾਪੁਰ ਦੇ ਰਾਮਚੰਦ ਦੀ ਕਥਾ

ਕਥਾ ਸੀਤਾਪੁਰ ਦੇ ਰਾਮਚੰਦ ਦੀ ਹੈ ਜੋ ਕਿ ਬਹੁਤ ਹੀ ਧਨਵਾਨ ਸੀ ਪਰ ਉਸ ਦੇ ਕੋਈ ਔਲਾਦ ਨਹੀਂ ਸੀ। ਉਸ ਨੂੰ ਕੋਈ ਸਾਧ ਕਹਿੰਦਾ ਹੈ ਕਿ ਸ਼ਿਵ ਨੂੰ ਖੁਸ਼ ਕਰਨ ਲਈ ਬਕਰੇ ਦੀ ਬਲੀ ਦੇਵੇ ਤਾਂ

[950] ਉਹੀ, ਪਤਰਾ 1734-35.

ਪੁਤਰ ਹੋ ਜਾਵੇਗਾ। ਜਦ ਬਲੀ ਦੇਣ ਲਗਦੇ ਹਨ ਤਾਂ ਬਕਰਾ ਬੋਲ ਪੈਂਦਾ ਹੈ ਕਿ ਮੈਂ ਵੀ ਪੁਤਰ ਲਈ ਆਟੇ ਦਾ ਬਕਰਾ ਬਣਾ ਕੇ ਬਲੀ ਦਿਤੀ ਸੀ ਤੇ ਮੈਨੂੰ ਤਿੰਨ ਵਾਰ ਬਾਂਦਰ ਦੀ ਜੂਨ ਭੋਗਣੀ ਪਈ ਤੇ ਜਿਸ ਨੇ ਮੈਨੂੰ ਬਲੀ ਲਈ ਕਿਹਾ ਸੀ ਉਸ ਨੇ ਵੀ ਤਿੰਨ ਵਾਰ ਬਾਂਦਰ ਦੀ ਜੂਨ ਭੋਗੀ ਤੇਰਾ ਕੀ ਹਾਲ ਹੋਵੇਗਾ ਜਿਉਂਦੇ ਬਕਰੇ ਦੀ ਬਲੀ ਦੇ ਕੇ। ਫਿਰ ਉਹ ਗੁਰੂ ਜੀ ਦੀ ਸ਼ਰਨ ਵਿਚ ਆਉਂਦਾ ਹੈ ਅਤੇ ਗੁਰੂ ਜੀ ਦੀ ਕਿਰਪਾ ਸਦਕਾ ਬਾਲਕ ਪੈਦਾ ਹੁੰਦਾ ਹੈ ਜਿਸ ਦਾ ਨਾਮ ਉਹ ਨਾਨਕ ਬਖਸ਼ ਰਖਦਾ ਹੈ ।[951] ਸੋ ਕਵੀ ਦਾ ਮਨੋਰਥ ਇਤਨਾ ਹੈ ਕਿ ਬਲੀ ਦੇ ਨਾਲ ਪੁਤਰ ਪ੍ਰਾਪਤੀ ਨਹੀਂ ਹੁੰਦੀ ਬਲਕਿ ਇਹ ਇਕ ਪਾਪ ਕਰਮ ਹੈ।

ਪਾਪ ਕਰਮ ਨਰ ਜੋ ਕਰਿਵਾਇ॥
ਤਿਸ ਕੀ ਐਸੀ ਮਿਲੈ ਸਜਾਇ॥52॥[952]

ਸੋ ਜਿਥੇ ਕਵੀ ਨੇ ਬਲੀ ਦਾ ਖੰਡਣ ਕੀਤਾ ਹੈ ਉਥੇ ਪਾਪ ਕਰਮ ਕਰਨ ਤੋਂ ਵੀ ਵਰਜਦਿਆਂ ਉਸ ਤੋਂ ਮਿਲਣ ਵਾਲੀ ਸਜਾ ਦਾ ਡਰ ਦੇ ਕੇ ਚੰਗੇ ਕਰਮ ਕਰਨ ਦਾ ਉਪਦੇਸ਼ ਦਿਤਾ ਹੈ। ਸੋ ਕਵੀ ਦੇ ਇਸ ਕਥਾ ਨੂੰ ਅੰਕਿਤ ਕਰਨ ਦਾ ਮਨੋਰਥ ਮਾਤਰ ਬਲੀ ਖੰਡਣ ਹੈ। ਚਰਚਿਤ ਕ੍ਰਿਤੀ ਵਿਚ ਸਿਧੇ ਤੌਰ 'ਤੇ ਖੰਡਣਾਰਥ ਦੇ ਮਨੋਰਥ ਨਾਲ ਸੰਬੰਧਿਤ ਮਾਤਰ ਇਕ ਹੀ ਕਥਾ ਅੰਕਿਤ ਕੀਤੀ ਹੈ।

### 3.4 ਮਿਥ ਕਥਾਵਾਂ ਦੇ ਸੰਕੇਤ

ਬੀਜ ਰੂਪ ਵਿਚ ਮਿਥ ਕਥਾਵਾਂ ਤੋਂ ਇਲਾਵਾ ਚਰਚਿਤ ਕ੍ਰਿਤੀ ਵਿਚ ਮਿਥ ਕਥਾਵਾਂ ਦੇ ਅਨੇਕਾਂ ਹੀ ਸੰਕੇਤ ਵੀ ਪ੍ਰਸੰਗ ਦੇ ਅੰਤਰਗਤ ਸੰਕਿਲਤ ਕੀਤੇ ਗਏ ਹਨ, ਜਿਨ੍ਹਾਂ ਦਾ ਰੂਪ ਅਤਿ ਸੂਖਮ ਹੋਣ ਦੇ ਨਾਲ-ਨਾਲ ਇੰਞ ਭਾਸਦਾ ਹੈ ਕਿ ਕਥਾ ਅੰਸ਼ ਬਿਲਕੁਲ ਲੁਪਿਤ ਹੋ ਗਿਆ ਹੋਵੇ। ਵਾਸਤਿਵਕਤਾ ਇਹ ਹੈ ਕਿ ਮਿਥ ਕਥਾਵਾਂ ਤੋਂ ਪਰਿਚਤ ਪ੍ਰਾਣੀ ਇਨ੍ਹਾਂ ਪਿਛੇ ਛੁਪੀਆਂ ਘਟਨਾਵਾਂ ਦੀ ਲੜੀ ਨੂੰ ਸਮਝਣ ਦੇ ਸਮਰਥ ਹੁੰਦਾ ਹੈ। ਇਹ ਸੰਕੇਤ ਬੀਜ ਰੂਪ ਵਿਚ ਕਵੀ ਨੇ ਚਰਚਿਤ ਕ੍ਰਿਤੀ ਵਿਚ ਅੰਕਿਤ ਕੀਤੇ ਹਨ- ਸੰਖਾਸੁਰ ਅਤੇ ਮਛ[953], ਕੂਰਮ[954], ਵੈਰਾਹ[955], ਪਰਸੁਰਾਮ[956], ਕਸਜਪ[957], ਮਾਧਵ[958], ਦਮੋਦਰ[959], ਗਿਰਧਾਰੀ[960],

---

[951] ਉਹੀ, ਪਤਰਾ 1693-98..

[952] ਉਹੀ, ਪਤਰਾ 1697.

[953] ਉਹੀ, ਪਤਰਾ 18-

ਮਧਕੈਟਭ[961], ਅਜਾਮਲ[962], ਬਾਲੀ ਅਤੇ ਬਲਿ [963], ਭੀਸਮ[964], ਕੈਰਵ ਅਤੇ ਪਾਂਡਵ [965], ਅਰਜਨ[966], ਦੁਰਯੋਧਨ[967], ਯੁਧਿਸਟਰ[968], ਸੁਪਨਖਾ[969], ਹਿਰਨਗਰਭ[970], ਗੋਵਰਧਨ[971], ਸੁਦਾਮਾ[972], ਦਸ਼ਰਥ[973],

---

ਮਛ ਬਨ ਤੈਂ ਸੰਖਾਸੁਰ ਮਾਰਾ॥ ਬਰਿ ਦੇਤੇ ਪੁਨਿ ਤਾਹਿ ਉਧਾਰਾ॥

954 ਉਹੀ, ਪਤਰਾ 18-

ਹੋ ਕੂਰਮ ਹ੍ਵੈ ਗਿਰ ਪੀਠ ਸੁ ਲਯੋ॥ ਅੰਮ੍ਰਿਤ ਕਾਢ ਸੁ ਦੇਵਨਿ ਦਯੋ॥

955 ਉਹੀ, ਪਤਰਾ 4-

ਮੀਨ ਪੁਨਿ ਕੂਰਮ ਬਰਾਹਿ ਨਰ ਸਿੰਘ ਪੁਨਿ ਬਾਵਨ ਪਰਸਰਾਮ ਰਾਮ ਪਹਚਾਨੀਐ॥

956 ਉਹੀ-

ਮੀਨ ਪੁਨਿ ਕੂਰਮ ਬਰਾਹਿ ਨਰ ਸਿੰਘ ਪੁਨਿ ਬਾਵਨ ਪਰਸਰਾਮ ਰਾਮ ਪਹਚਾਨੀਐ॥

957 ਉਹੀ, ਪਤਰਾ 18-

ਕਸਜਪ ਕੋ ਪੁਨਿ ਅਵਨੀ ਸਾਰੀ॥ ਤੈ ਕਰਿ ਦਈ ਸੁ ਪੁੰਨ ਉਦਾਰੀ॥

958 ਉਹੀ, ਪਤਰਾ 114-

ਗਰੁੜੰ ਧ੍ਵਜ ਏਕ ਉਚਾਰ ਕਰੈ ਚਤੁਰਭੁਜ ਏਕ ਕਹੈਂ ਅਬਿਨਾਸੀ॥ ਇਕ ਮਾਧਵ ਨਾਮ ਕਹੈਂ ਹਮਰਾ ਇਕ ਜੋਗ ਨਿਧੀ ਇਕ ਭੋਗ ਬਿਲਾਸੀ॥27॥

959 ਉਹੀ-

ਇਕ ਨਾਮ ਦਮੋਦਰਿ ਭਾਖਤਿ ਹੈਂ ਇਕ ਨਾਮ ਕਹੈਂ ਹਮਰਾ ਗਿਰਧਾਰੀ॥

960 ਉਹੀ-

ਇਕ ਨਾਮ ਦਮੋਦਰਿ ਭਾਖਤਿ ਹੈਂ ਇਕ ਨਾਮ ਕਹੈਂ ਹਮਰਾ ਗਿਰਧਾਰੀ॥

961 ਉਹੀ, ਪਤਰਾ 18-

ਸੁੰਭ ਨਿਸੁੰਭ ਬਲੀ ਤੈ ਮਾਰੇ॥ ਮਧਕੈਟਭ ਕੇ ਪ੍ਰਾਨ ਨਿਕਾਰੇ॥

962 ਉਹੀ, ਪਤਰਾ 1178-

ਹਰਿਨਾਮ ਉਚਾਰ ਤਰੀ ਗਨਿਕਾ ਪ੍ਰਹਲਾਦਿ ਤਰਯੋ ਸਧਨਾ ਸੁ ਕਸਾਈ॥ ਸੁ ਅਜਾਮਲ ਦੇਖਿ ਤਰਯੋ ਪਲ ਮੈ ਅਘਵੰਤਿ ਮਹਾ ਪੁਨਿ ਸੈਣ ਸੁ ਨਾਈ॥2॥

963 ਉਹੀ, ਪਤਰਾ 24-

ਰਾਮ ਕ੍ਰਿਪਾ ਬਲਿ ਜਬ ਤਿਨ ਭਯੋ॥ ਬਾਲੀ ਜੀਤ ਰਾਜ ਸਭਿ ਲਯੋ॥

ਸ਼ਤਰੂਘਨ[974], ਕਉਸ਼ਲਿਆ [975], ਅਹਿਰਾਵਣ ਅਤੇ ਮਹਿਰਾਵਣ [976], ਦਰੋਪਤੀ (ਦ੍ਰੋਪਦੀ) [977], ਮੁਰ [978], ਕੁੰਭਕਰਣ[979] ਇਤਿਆਦਿਕ ਅਨੇਕਾਂ ਹੀ ਸੰਕੇਤਕ ਰੂਪ ਵਿਚ ਮਿਥ ਕਥਾਵਾਂ ਨੂੰ ਬੀਜ ਰੂਪ ਵਿਚ ਸੰਕਿਲਤ ਕੀਤਾ ਹੈ।

---

[964] ਉਹੀ, ਪਤਰਾ 29-

ਭੀਸਮ ਐਸਾ ਪਰਨਿ ਸੁਨਿ ਕਹੀ ਕ੍ਰਿਸਨ ਸਿਉ ਬਾਤ॥ ਭੀਸਮ ਮੇਰੋ ਨਾਮ ਤਬ ਦਿਉ ਸਸਤਰਿ ਤਵ ਹਾਤ॥

[965] ਉਹੀ, ਪਤਰਾ 29-

ਕੈਰਵ ਪਾਂਡਵ ਲਰਨੇ ਆਏ॥ ਕੁਰੁਖੇਤਰਿ ਮੈ ਸੈਨ ਮਿਲਾਏ॥

[966] ਉਹੀ-

ਕਰਕੈ ਪ੍ਰਨ ਭੀਸਮ ਜੁਧ ਕਰਿਯੋ॥ ਅਰਜੁਨ ਤਾਹਿ ਦੇਖ ਕਰਿ ਡਰਿਯੋ॥

[967] ਉਹੀ, ਪਤਰਾ 29-

ਦੁਰਜੋਧਨ ਕੀ ਸੈਨਾ ਜੇਤੀ॥ ਮੁਦਿਤ ਭਈ ਮਨ ਮਾਹਿ ਸੁ ਤੇਤੀ॥11॥

[968] ਉਹੀ, ਪਤਰਾ 979-

ਏਕ ਜੁਧਿਸਟਰ ਸਾਬਤਿ ਆਯੋ॥ ਸੋ ਭੀ ਸੁਰਪਤਿ ਲੋਕ ਸਿਧਾਯੋ॥

[969] ਉਹੀ, ਪਤਰਾ 1578-

ਸੁਪਨਖਾ ਬਦਲੈ ਸੁਖਦਾਈ॥ ਰਾਕਸ ਨੀਚ ਲਰੇ ਤਹਿ ਆਈ॥

[970] ਉਹੀ, ਪਤਰਾ 114-

ਕਮਲਾਭੰ ਏਕ ਭਾਖੈਂ॥ ਹਿਰਨਜਗਰਭੰ ਏਕ ਆਖੈ॥

[971] ਉਹੀ, ਪਤਰਾ 526-

ਗੋਬਿੰਦ ਅਚੁਤ ਅਰੁ ਬਨਵਾਰੀ॥ ਮਧਸੂਦਨ ਗੋਵਰਧਨਿ ਧਾਰੀ॥

[972] ਉਹੀ, ਪਤਰਾ 528-

ਕ੍ਰਿਸਨ ਪਾਸ ਜਬ ਗਯੋ ਸੁਦਾਮਾ॥ ਕ੍ਰਿਸਨੁ ਧੋਇ ਪਗ ਸਹ ਨਿਜ ਬਾਮਾ॥71॥

[973] ਉਹੀ, ਪਤਰਾ 18-

ਦਸਰਥ ਬਚਨਿ ਲਯੋ ਬਨਬਾਸੰ॥ ਬਹੁ ਰਿਖ ਮੁਨਿ ਕੇ ਮੇਟੇ ਤ੍ਰਾਸੰ॥

[974] ਉਹੀ, ਪਤਰਾ 1743-

ਅਥਵਾ ਭਗਤਿ ਸੁ ਸਤਰਘਨ ਕੈ ਪੁਨਿ ਲਖਮਣ ਰਾਮ॥ ਨਾਤਰ ਹਨੂੰ ਸੁ ਮਕਰਧ੍ਵਜ ਵਾਸੁ ਕ੍ਰਿਸਨ ਬਲਿਰਾਮ॥44॥

ਕਵੀ ਨੇ ਜਿਵੇਂ ਪ੍ਰਚਿਲਤ ਕਥਾਵਾਂ ਸਨ ਉਸੇ ਪ੍ਰਵਿਰਤੀ ਨੂੰ ਬਰਕਰਾਰ ਰਖਦਿਆਂ ਉਸੇ ਪ੍ਰਕਾਰ ਕਥਾ ਨੂੰ ਪ੍ਰਵਾਨਿਤ ਕਰਕੇ ਆਪਣੇ ਮਨੋਰਥ ਨੂੰ ਪੂਰਨ ਕੀਤਾ ਹੈ। ਵਾਸਤਵ ਵਿਚ ਕਵੀ ਨੇ ਇਨ੍ਹਾਂ ਕਥਾਵਾਂ ਦੇ ਸੰਕੇਤ ਉਥੇ ਅੰਕਿਤ ਕੀਤੇ ਹਨ ਜਿਥੇ ਮੰਦ ਭਾਵਨਾਵਾਂ ਦੀ ਨਿਰਾਰਥਕਤਾ ਉਤੇ ਚੋਣ ਕਰਨ ਦੀ ਲੋੜ ਭਾਸੀ ਅਤੇ ਦੁਰਮਤ, ਗਰਬ, ਮੋਹ, ਕਰਮ ਅਨੁਸ਼ਠਾਨਾਂ ਦਾ ਪ੍ਰਪੰਚ ਇਤਿਆਦਿਕ ਦੀ ਵਿਪਰੀਤ ਅਤੇ ਨਿਰਾਰਥਕ ਬਿਰਤੀ ਦਾ ਉਲੇਖ, ਕਵੀ ਦੀ ਵਿਚਾਰਧਾਰਾ ਦੇ ਸੰਚਾਰ ਲਈ ਅਤਿ ਜ਼ਰੂਰੀ ਸੀ। ਮਿਥ ਕਥਾਵਾਂ ਦੇ ਪ੍ਰਸੰਗ ਅਤੇ ਮਿਥ ਪਾਤਰਾਂ ਦੀਆਂ ਘਟਨਾਵਾਂ ਅਜਿਹੀਆਂ ਬਿਰਤੀਆਂ ਦੀ ਨਿਰਾਰਥਕਤਾ ਨੂੰ ਉਘਾੜਣ ਲਈ ਸਹਾਇਕ ਸਿਧ ਹੁੰਦੀਆਂ ਹਨ। ਸੋ ਸਾਰੀ ਚਰਚਾ ਤੋਂ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਆਪਣੇ ਵਿਸ਼ੇ ਦੀ ਸਾਰਥਕਤਾ ਲਈ ਅਨੇਕਾਂ ਹੀ ਮਿਥਿਹਾਸਕ ਕਥਾਵਾਂ ਜੋ ਕਿ ਪ੍ਰਵਾਨਿਤ ਰੂਪ ਵਿਚ ਪ੍ਰਚਲਿਤ ਸਨ, ਨੂੰ ਸੰਕਿਲਤ ਕਰਕੇ ਸਰਲਤਾ ਨਾਲ ਗੁਰੂ ਜੀ ਦੇ ਜੀਵਨ ਅਤੇ ਸਿਖਿਆਵਾਂ ਦੇ ਗੁਝੇ ਭੇਤਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਹੈ। ਕਵੀ ਦੀਆਂ ਅਧਿਕਤਰ ਕਥਾਵਾਂ ਸਿਖਿਆਰਥ ਹੋਣ ਦੇ ਨਾਲ ਨਾਲ ਮਹਿਮਾਰਥ ਵੀ ਨਹੀਂ, ਬਲਕਿ ਖੰਡਣਾਰਥ ਵੀ ਹਨ। ਸੋ ਕਵੀ ਨੇ ਕਥਾਵਾਂ ਨੂੰ ਸੰਕਲਿਤ ਕਰਦੇ ਸਮੇਂ ਅਹਿਮ ਦ੍ਰਿਸ਼ਟੀਕੋਣਾਂ ਤੋਂ ਕਥਾਵਾਂ ਦਰਜ ਕਰਕੇ ਚਰਚਿਤ ਕ੍ਰਿਤੀ ਨੂੰ ਸਰਲ ਬਣਾਉਣ ਦਾ ਪ੍ਰਯਤਨ ਕੀਤਾ ਹੈ।

---

[975] ਉਹੀ, ਪਤਰਾ 774-

ਕਉਸਲਿਆ ਤੇ ਲੇ ਮਹਤਾਰੀ॥ ਰਾਮ ਕਹਯੋ ਰਿਖਿ ਕਿਰਪਾ ਧਾਰੀ॥22॥

[976] ਉਹੀ, ਪਤਰਾ 1274-

ਅਹਿਰਾਵਨ ਹੈਂ ਮਹਿਰਾਵਨ ਹੈਂ ਕਿ ਨਿਸੁੰਭ ਸੁ ਸੁੰਭ ਨਿਕੁੰਭ ਸੁ ਸਾਰੇ॥ ਹਰਨਾਕਸ ਰਾਵਨ ਆਹਿ ਕਿਧੋ ਮਹਿਖਾਸੁਰ ਹੈਂ ਕਿ ਅਹੇ ਗਿਰਜਾਰੇ॥

[977] ਉਹੀ, ਪਤਰਾ 1123-

ਦ੍ਰੋਪਤਿ ਨਗਨ ਕਰਨ ਕੋ ਲਈ॥ ਕ੍ਰਿਸਨੰ ਨਾਮੁ ਪੁਕਰਤਿ ਭਈ॥36॥

[978] ਉਹੀ, ਪਤਰਾ 1187-

ਮੁਰ ਮਧੁ ਕੈਟਵਿ ਰਾਵਨ ਭਾਰੀ॥ ਸੁੰਭ ਨਿਸੁੰਭ ਬਡੇ ਹੰਕਾਰੀ॥8॥

[979] ਉਹੀ, ਪਤਰਾ 1734-35-

ਕੁੰਭਕਰਣ ਪੁਨਿ ਰਾਵਣ ਅਉਰ ਬਿਭੀਖਣੇ॥ ਅਨੁਸਟਾਨ ਤਿਇਨ ਕੀਉ ਤਹਾ ਅਤਿ ਤੀਖਣੇ॥

### 4. ਮਿਥਿਹਾਸਕ ਮਨੌਤਾਂ

ਮਿਥਿਹਾਸ ਦਾ ਅਹਿਮ ਅੰਗ ਮਨੌਤਾਂ ਨੂੰ ਮੰਨਿਆ ਜਾ ਸਕਦਾ ਹੈ, ਜਿਸ ਵਿਚ ਸ੍ਰਿਸ਼ਟੀ ਰਚਨਾ ਅਤੇ ਪਾਸਾਰਾ, ਬ੍ਰਹਿਮੰਡ, ਆਕਾਸ਼, ਪਾਤਾਲ ਇਤਿਆਦਿਕ ਅਨੇਕਾਂ ਹੀ ਮਿਥ ਮਨੌਤਾਂ ਲੋਕ ਬਿਰਤੀ ਦਾ ਭਾਗ ਹਨ। ਇਨ੍ਹਾਂ ਮਨੌਤਾਂ ਦੀ ਧਰਮ ਵਿਚ ਵਿਆਖਿਆ ਅਤੇ ਵਿਸਥਾਰ ਹੁੰਦਾ ਅਸੀਂ ਦੇਖ ਸਕਦੇ ਹਾਂ, ਜਿਵੇਂ ਪਾਪ ਅਤੇ ਪੁੰਨ ਕਰਮਾਂ ਵਿਚ ਵਖਰੇਵਾਂ ਕੀ ਹੈ? ਇਸ ਦੇ ਨਾਲ ਹੀ ਪਾਪ ਕਰਮ ਕਿਹੜੇ ਹਨ ਅਤੇ ਉਨ੍ਹਾਂ ਦੀਆਂ ਸਜ਼ਾਵਾਂ ਕਿਹੜੀਆਂ ਹਨ? ਪੁੰਨ ਤਤ ਕਿਹੜੇ ਹਨ? ਇਤਿਆਦਿਕ ਪ੍ਰਸ਼ਨਾਂ ਦੇ ਉਤਰ ਦੇਣ ਸਮੇਂ ਧਰਮ ਇਨ੍ਹਾਂ ਦੀ ਵਿਆਖਿਆ ਅਤੇ ਵਿਸਥਾਰ ਕਰਦਾ ਨਜ਼ਰ ਆਉਂਦਾ ਹੈ। ਜਿਥੇ ਸਿਧਾਂਤਕ ਪਧਰ ਉਤੇ ਮੁਕਤੀ ਅਤੇ ਆਵਾਗਵਣ ਦੀ ਵਿਚਾਰ ਹੁੰਦੀ ਹੈ, ਉਥੇ ਇਸ ਦੀ ਵਿਚਾਰ ਮਿਥਿਹਾਸ ਵਿਚ ਹੋਣੀ ਵੀ ਸੁਭਾਵਿਕ ਹੈ। ਮਨੁਖਾ ਜਨਮ ਨੂੰ ਸਰਵੋਤਮ ਜਨਮ ਮੰਨਿਆ ਹੈ, ਮਿਥਿਹਾਸ ਬਾਕੀ ਆਵਾਗਵਣ ਦੇ ਜਨਮਾਂ ਵਿਚਲੇ ਦੁਖਾਂ/ਮੁਸੀਬਤਾਂ ਅਤੇ ਉਨ੍ਹਾਂ ਦੀ ਗਿਣਤੀ ਕਰਨ ਵਿਚ ਸਹਾਈ ਹੁੰਦਾ ਹੈ। ਜਿਥੇ ਦੁਖਾਂ ਦੀ ਚਰਚਾ ਇਸ ਵਿਚ ਕੀਤੀ ਜਾਂਦੀ ਹੈ ਉਥੇ ਨਾਲ ਹੀ ਸੁਖਾਂ ਦੀ ਕਲਪਨਾ ਕਰਕੇ ਵੀ ਇਸ ਵਿਚ ਮੁਕਤੀ ਦਾ ਅਲੌਕਿਕ ਸੰਸਾਰ ਸਿਰਜਿਆ ਜਾਂਦਾ ਹੈ। ਨਰਕ, ਸੁਰਗ, ਅਗਲਾ ਲੋਕ, ਬੈਕੁੰਠ ਇਤਿਆਦਿਕ ਇਸੇ ਦੀ ਹੀ ਕਲਪਨਾ ਹੈ। ਮਿਥਿਹਾਸ ਦੀ ਵਿਚਿਤ੍ਰਤਾ ਨੂੰ ਅਨੇਕਾਂ ਹੀ ਮੰਤ੍ਰ, ਰਿਧੀਆਂ, ਸਿਧੀਆਂ ਅਤੇ ਕਰਾਮਾਤਾਂ ਵੀ ਪ੍ਰਗਟ ਕਰ ਦਿੰਦੀਆਂ ਹਨ। ਸੋ ਚਰਚਿਤ ਕ੍ਰਿਤੀ ਵਿਚ ਕਵੀ ਦੁਆਰਾ ਅੰਕਿਤ ਮਿਥਿਹਾਸਕ ਮਨੌਤਾਂ ਦੀ ਸੰਖਿਪਤ ਚਰਚਾ ਨਿਮਨਾਂਕਿਤ ਹੈ।

#### 4.1 ਸ੍ਰਿਸ਼ਟੀ ਰਚਨਾ

ਮਨੁਖੀ ਦੀ ਬੌਧਿਕ ਸ਼ਕਤੀ ਨੇ ਇਸ ਨੂੰ ਉਨ੍ਹਾਂ ਕ੍ਰਿਆਵਾਂ ਨੂੰ ਸਮਝਣ ਲਈ ਉਤਸ਼ਾਹਿਤ ਕੀਤਾ ਜੋ ਉਸ ਦੇ ਦੁਆਲੇ ਵਾਪਰ ਰਹੀਆਂ ਸਨ, ਇਨ੍ਹਾਂ ਕ੍ਰਿਆਵਾਂ ਵਿਚ ਅਹਿਮ ਜਿਗਿਆਸਾ ਸ੍ਰਿਸ਼ਟੀ ਸੰਬੰਧੀ ਮਨੁਖੀ ਮਨ ਅੰਦਰ ਪਨਪਦੀ ਰਹੀ। ਉਸ ਜਿਗਿਆਸਾ ਨੇ ਹੀ ਮਨੁਖੀ ਮਨ ਦੇ ਇਸ ਪ੍ਰਸ਼ਨ ਦਾ ਚਿੰਤਨ ਕਰਦਿਆਂ ਉਸ ਨੇ ਆਪਣੀ ਸੀਮਤ ਬੌਧਿਕਤਾ ਨਾਲ ਅਸੀਮ ਨੂੰ ਜਾਨਣ ਦਾ ਯਤਨ ਕੀਤਾ। ਇਸ ਯਤਨ ਵਿਚ ਅਨੇਕ ਹੀ ਮਿਥ ਕਥਾਵਾਂ ਦਾ ਨਿਰਮਾਣ ਹੋਇਆ। ਵਾਸਤਵ ਵਿਚ ਸ੍ਰਿਸ਼ਟੀ ਸੰਬੰਧੀ ਮਿਥ ਚਿੰਤਨ, ਮਿਥਿਹਾਸ ਦਾ ਅਹਿਮ ਅੰਗ ਹੈ, ਜਿਸ ਵਿਚ ਸ੍ਰਿਸ਼ਟੀ ਦੇ ਪਾਸਾਰੇ, ਜਲ-ਥਲ, ਧਰਤੀ, ਅਸਮਾਨ, ਚੰਨ-ਤਾਰੇ, ਸੂਰਜ, ਪਹਾੜ, ਦਰਿਆ, ਪਸ਼ੂ-ਪੰਛੀ, ਖਾਣੀਆਂ, ਬਾਣੀਆਂ ਇਤਿਆਦਿਕ ਸ਼ਾਮਿਲ ਹਨ। ਮਨੁਖੀ ਜਿਗਿਆਸਾ ਨੇ ਆਦਿ ਤੋਂ ਹੀ ਸ੍ਰਿਸ਼ਟੀ

ਬਾਰੇ ਜਾਨਣ ਦਾ ਪ੍ਰਯਤਨ ਮਿਥ ਕਥਾਵਾਂ ਅਤੇ ਕਲਪਨਾ ਦੇ ਸਹਾਰੇ ਕੀਤਾ ਸੀ ਜਿਵੇਂ ਕਿ ਅਜ ਵਿਗਿਆਨ ਦੇ ਆਸਰੇ ਕਰ ਰਹੇ ਹਨ। ਇਥੇ ਇਹ ਵਿਚਾਰ ਵੀ ਅਤਿ ਮਹਤਵਪੂਰਨ ਹੈ ਕਿ ਇਹ ਕਥਾਵਾਂ ਧਰਮ ਨਾਲ ਜੁੜੀਆਂ ਹੋਣ ਕਰਕੇ ਇਨ੍ਹਾਂ ਨੂੰ ਸਹਿਜੇ ਹੀ ਪੁਟਣਾ ਅਤਿ ਮੁਸ਼ਕਲ ਕਾਰਜ ਸੀ, ਇਸ ਲਈ ਵਿਗਿਆਨ ਦੇ ਪਸਾਰੇ ਨਾਲ ਵੀ ਇਹ ਮਿਥ ਰੁਚੀ ਘੱਟ ਨਹੀਂ ਹੋਈ। ਸੋ ਚਰਚਿਤ ਕ੍ਰਿਤੀ ਵਿਚ ਸ੍ਰਿਸ਼ਟੀ ਦੀ ਉਤਪਤੀ ਅਤੇ ਵਿਕਾਸ, ਸ੍ਰਿਸ਼ਟੀ ਦਾ ਅਕਾਰ, ਸ੍ਰਿਸ਼ਟੀ ਦਾ ਆਧਾਰ ਸੰਕੇਤ ਸੰਕਿਲਤ ਕੀਤੇ ਹਨ।

### 4.1.1 ਸ੍ਰਿਸ਼ਟੀ ਦੀ ਉਤਪਤੀ ਅਤੇ ਵਿਕਾਸ

ਭਾਵੇਂ ਕਿ ਅਨਿਕ ਪ੍ਰਕਾਰ ਦੀਆਂ ਮਿਥਿਕ ਕਥਾਵਾਂ ਦੁਆਰਾ ਸ੍ਰਿਸ਼ਟੀ ਰਚਨਾ ਸੰਬੰਧੀ ਕਵੀ ਨੇ ਜ਼ਿਕਰ ਕੀਤਾ ਹੈ ਪਰ ਫਿਰ ਵੀ ਸ੍ਰਿਸ਼ਟੀ ਰਚਨਾ ਸੰਬੰਧੀ ਇਹ ਦ੍ਰਿਸ਼ਟੀਕੋਣ ਦੇਖਣ ਨੂੰ ਮਿਲਦਾ ਹੈ ਕਿ ਪਰਮਾਤਮਾ ਨੇ ਹੀ ਇਸ ਦੀ ਰਚਨਾ ਕੀਤੀ ਹੈ। ਉਹ ਸਭ ਵਿਚ ਵਿਦਮਾਨ ਹੈ ਅਤੇ ਸਭ ਦੀ ਪਾਲਣਾ ਕਰਦਾ ਹੈ-

ਜੜਿ ਚੇਤਨ ਇਹੁ ਵਿਸ ਸੁ ਜੇਤੀ॥ ਭਗਵਤਿ ਤੇ ਉਪਜੀ ਇਹੁ ਤੇਤੀ॥4॥[980]

ਚਰਚਿਤ ਕ੍ਰਿਤੀ ਵਿਚ ਬਹੁਤ ਹੀ ਦ੍ਰਿੜਤਾ ਨਾਲ ਇਸਦਾ ਪ੍ਰਮਾਣੀਕਰਨ ਕਰਨ ਦਾ ਯਤਨ ਕੀਤਾ ਹੈ ਕਿ ਸ੍ਰਿਸ਼ਟੀ ਪਰਮਾਤਮਾ ਤੋਂ ਹੀ ਉਪਜੀ ਹੈ ਅਤੇ ਇਸ ਦਾ ਗਿਆਨ ਪ੍ਰਾਪਤ ਕਰਨਾ ਅਤਿ ਜਟਿਲ ਕਾਰਜ ਹੈ-

ਜੜਿ ਚੇਤਨ ਦ੍ਵੈ ਭਾਂਤਿ ਕੀ ਸ੍ਰਿਸਟਿ ਰਚੀ ਭਗਵਾਨ॥

ਬੇਦ ਨੈਨ ਸੋ ਦੇਖਿਯੋ ਤਬ ਤਹਿ ਪਰੈ ਪਛਾਨ॥64॥[981]

ਮਾਤਰ ਸ੍ਰਿਸ਼ਟੀ ਦੀ ਰਚਨਾ ਹੀ ਪਰਮਾਤਮਾ ਨੇ ਨਹੀਂ ਕੀਤੀ ਬਲਕਿ ਉਹ ਇਸ ਦੇ ਅੰਦਰ ਅਤੇ ਬਾਹਰ ਵੀ ਵਿਦਮਾਨ ਹੋ ਕਿ ਇਸ ਵਿਚ ਵਿਆਪਿਆ ਹੋਇਆ ਹੈ-

ਜੜਿ ਚੇਤਨ ਦ੍ਵੈ ਭਾਤ ਕਿ ਸ੍ਰਿਸਟਿ ਰਚੀ ਭਗਵਾਨ॥

ਅੰਤਰਿ ਬਾਹਰਿ ਸ੍ਰਿਸਟਿ ਕੈ ਬਯਾਪਸੁ ਰਹਯੋ ਮਹਾਨ॥12॥[982]

---

[980] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 309.

[981] ਉਹੀ, ਪਤਰਾ 1110.

ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਪ੍ਰਸਥਿਤੀ ਨੂੰ ਬਿਆਨ ਕਰਦਿਆਂ ਕਵੀ ਨੇ ਸੁੰਨ ਅਤੇ ਧੁੰਧੂਕਾਰੇ ਦੀ ਵਿਚਾਰ ਵੀ ਸੰਕਿਲਤ ਕੀਤੀ ਹੈ। ਛਤੀਹ ਜੁਗ ਤੀਕ ਧੁੰਧੂਕਾਰੇ ਅਤੇ ਘੋਰ ਗੁਬਾਰ ਵਾਲੀ ਪ੍ਰਸਥਿਤੀ ਦਰਸਾ ਕੇ ਇਹ ਅਨੁਭੂਤੀ ਕਰਵਾਈ ਹੈ ਕਿ ਪਰਮਾਤਮਾ ਸ੍ਵੈ-ਸੰਕੁਚਿਤ ਸੀ ਜਾਂ ਸਰਲ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਨਿਜ-ਸਰੂਪ ਵਿਚ ਮਗਨ ਸੀ। ਕਵੀ ਨੇ ਪਰਮਾਤਮਾ ਦੀ ਸ੍ਵੈ-ਸੰਕੁਚਿਤ ਦੀ ਸਥਿਤੀ ਨੂੰ ਦਰਸਾਉਂਦਿਆਂ ਲਿਖਿਆ ਹੈ-

ਛਤੀਹ ਜੁਗ ਤਬ ਧੁੰਧੂਕਾਰੰ॥ ਬਰਤੈ ਤਾਹਿ ਸੁ ਘੋਰ ਗੁਬਾਰੰ॥

ਨਿਜ ਸਰੂਪ ਮੈ ਮਗਨਿ ਸੁ ਹੋਇ॥ ਖੇਲੁ ਸਕੋਚ ਆਪ ਹਰਿ ਸੋਇ॥42॥[983]

ਉਪਰੋਕਤ ਵਿਚਾਰਾਂ ਨੂੰ ਸਨਮੁਖ ਰਖ ਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਕਵੀ ਨੇ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਸਥਿਤੀ ਬਿਆਨ ਕੀਤੀ ਹੈ। ਵਾਸਤਵ ਵਿਚ ਵਿਚਾਰਾਧੀਨ ਕ੍ਰਿਤੀ ਵਿਚ ਸ੍ਰਿਸ਼ਟੀ ਰਚਨਾ ਸੰਬੰਧੀ ਸੰਕਿਲਤ ਸੰਕੇਤ ਵੇਦਾਂਤਿਕ, ਗੁਰਮਤਿ ਅਤੇ ਇਸਲਾਮਿਕ ਬਹੁਪਖੀ ਹਨ। ਵੇਦਾਂਤਿਕ ਰੰਗਣ ਵਿਚ ਕਵੀ ਨੇ ਸ੍ਰਿਸ਼ਟੀ ਦੀ ਰਚਨਾ ਇਕ ਅੰਡੇ ਤੋਂ ਹੋਣ ਦਾ ਸੰਕੇਤ ਦਿਤਾ ਹੈ। ਪਰ ਇਹ ਅੰਡਾ ਵੀ ਪਰਮਾਤਮਾ ਦੁਆਰਾ ਹੀ ਮਨਸਾ ਦੁਆਰਾ ਹੀ ਸਿਰਜਿਆ ਗਿਆ ਸੀ।[984]

---

[982] ਉਹੀ, ਪਤਰਾ 299.

[983] ਉਹੀ, ਪਤਰਾ 1048.

[984] ਉਹੀ, ਪਤਰਾ 1007-08-

ਸਤਿਗੁਰ ਕਹਯੋ ਸੁਨੋ ਮਰਦਾਨਾ॥ ਅਬ ਪਿਰਥਮਿ ਤੇ ਕਹੋਂ ਮਹਾਨਾ॥ ਨਿਰੰਕਾਰ ਜਬ ਕੀਉ ਅਕਾਰੇ॥ ਪਹਲੇ ਮਨਸਾ ਕਰੀ ਉਦਾਰੇ॥6॥ ਪਰਬ੍ਰਹਮਹੁ ਮਨਸਾ ਭਵ ਲਯੋ॥ ਪਰ ਕਛੁ ਬ੍ਰਹਮਾ ਸੁ ਕਮ ਨਹਿ ਭਯੋ॥ ਸਭ ਕੀ ਕਾਰਨ ਭਈ ਸੁ ਜਾਨ॥ ਅਬ ਤਹ ਕਾਰਜ ਕਰੋਂ ਬਖਾਨ॥7॥ ਮਨਸਾ ਚੇਤਨੁ ਪਾਇ ਸਮੀਪ॥ ਅਗਨਿ ਘਾਮ ਜਿਉ ਤਿਉ ਪੁਨਿ ਦੀਪ॥ ਮਨਸਾ ਤੇ ਪੁਨਿ ਭਯੋ ਅਕਾਸੰ॥ ਅਕਾਸੋ ਪੁਨਿ ਪਵਨ ਪ੍ਰਕਾਸੰ॥8॥ ਪਉਨਹੁ ਤੇਜ ਤੇਜ ਤੇ ਪਾਨੀ॥ ਪਾਨੀ ਤੇ ਪ੍ਰਿਥਮੀ ਪ੍ਰਗਟਾਨੀ॥ ਆਪ ਤੇਜਵਾਇ ਮਹੀ ਅਕਾਸ॥ ਪਾਚ ਤਤ ਇਹੁ ਭਏ ਪ੍ਰਕਾਸ॥9॥ ਸਬਦ ਸਪਰਸ ਰੂਪ ਰਸ ਗੰਧ॥ ਇਹੁ ਤਨੁ ਮਾਤ੍ਰਾ ਇਨ ਕੀ ਸੰਧ॥ ਇਕ ਇਕ ਕੀ ਪਰਕਿਰਤੀ ਜਾਨ॥ ਪਾਚ ਪਾਚ ਹੈ ਜਾਨ ਮਹਾਨ॥10॥ ਇਕ ਇਕ ਤਤ ਕੇ ਦੁਇ ਦੁਇ ਭਾਗ॥ ਕੀਨੇ ਆਪ ਸੁ ਹਰਿ ਬਡਿਭਾਗ॥ ਇਕ ਇਕ ਭਾਗ ਤਹ ਰਹਯੋ ਕਿਨਾਰ॥ ਇਕ ਇਕ ਕੇ ਪੁਨਿ ਕੀਨੇ ਚਾਰ॥11॥ ਜੋ ਜੋ ਅੰਸ ਮਿਲਿਉ ਜਿਸ ਮਾਹਿ॥ ਸੋ ਸੋ ਦਯੋ ਮਿਲਾਇ ਸੁ ਤਾਹਿ॥ ਬੈਰ ਭਾਵ ਤਿਨ ਕਾ ਮਿਟਿ ਗਯੋ॥ ਪੁਨਿ ਤਿਨ ਤੇ ਇਕ ਅੰਡਾ ਭਯੋ॥12॥ ਨਿਤ ਪ੍ਰਤਿ ਬਢਨਿ ਸੁ ਲਾਗੁਯੋ ਅੰਡ॥ ਹਰਿ

ਵਿਚਾਰਧੀਨ ਕ੍ਰਿਤੀ ਵਿਚ ਸ੍ਰਿਸ਼ਟੀ ਰਚਨਾ ਸੰਬੰਧੀ ਫੁਰਨਾ ਦੇ ਸੰਕੇਤ ਨੂੰ ਵੀ ਦਰਸਾਇਆ ਗਿਆ ਹੈ। ਇਹ ਦਸਦਿਆਂ ਕਵੀ ਨੇ ਪਰਮਾਤਮਾ ਦੇ ਇਕ ਤੋਂ ਅਨੇਕ ਹੋਣ ਦਾ ਸੰਕੇਤ ਵੀ ਦਿਤਾ ਹੈ ਜਿਸ ਵਿਚੋਂ ਮਾਇਆ ਪੈਦਾ ਹੋਈ ਅਤੇ ਉਸ ਨੇ ਸਾਰੇ ਪਸਾਰੇ ਨੂੰ ਪਸਾਰਿਆ। ਯਥਾ-

ਯੋਂ ਫੁਰਨਾ ਫੁਰਿਯੋ ਉਰ ਮਾਹਿ॥ ਏਕਹੁ ਬਹੁਤਿ ਹੁਵੋ ਮੈ ਤਾਹਿ॥

ਤਿਸ ਫੁਰਨੇ ਕੋ ਮਾਯਾ ਕਹਯੈ॥ ਤਿਸ ਤੇ ਏਹੁ ਵਿਸ੍ਰ ਸਭਿ ਪਯੈ॥16॥[985]

### 4.1.2 ਸ੍ਰਿਸ਼ਟੀ ਦਾ ਆਕਾਰ

ਜਦ ਮਨੁਖ ਨੇ ਮਿਥਿਹਾਸਕ ਪ੍ਰਵਿਰਤੀ ਤੋਂ ਇਸ ਦੀ ਰਚਨਾ ਦਾ ਅਨੁਮਾਨ ਲਗਾ ਲਿਆ ਫਿਰ ਇਸ ਦੇ ਪਸਾਰੇ ਬਾਰੇ ਵੀ ਖਿਆਲ ਆਉਣਾ ਸੁਭਾਵਿਕ ਸੀ। ਸੋ ਸ੍ਰਿਸ਼ਟੀ ਦਾ ਕਿਤਨਾ ਵਡਾ ਅਕਾਰ ਹੈ? ਇਹ ਪ੍ਰਸ਼ਨ ਵੀ ਮਿਥਿਹਾਸਕ ਵਿਸ਼ਲੇਸ਼ਣ ਦਾ ਅਹਿਮ ਪ੍ਰਸ਼ਨ ਬਣ ਗਿਆ। ਕਵੀ ਨੇ ਇਸ ਦਾ ਨਿਰਣੈ ਵੀ

---

ਪ੍ਰਭ ਸਤਾ ਆਹਿ ਅਖੰਡ॥ ਪਰਪਕ ਅੰਡ ਯੋ ਜਬ ਸੋਇ॥ ਪਵਨ ਬੇਗ ਭਯੇ ਖੰਡ ਸੁ ਦੋਇ॥13॥ ਤਿਸ ਤੇ ਨਿਕਲੀ ਜਗ ਕੀ ਖਾਨ॥ ਬਹੁਰਿ ਜਲੁ ਸਾਈ ਠਾਰਾਨ॥ ਹਰਿ ਪ੍ਰਭ ਲੀਲਾ ਲਖੀ ਨ ਜਾਇ॥ ਆਪ ਸੁ ਜਲੁ ਸਾਈ ਭੇਟੇ ਆਇ॥14॥ ਤਾਸ ਨਾਭਿ ਤੇ ਕਮਲਿਕ ਭਯੋ॥ ਕਮਲ ਨਾਲ ਤੇ ਅਜ ਭਵ ਲਯੋ॥ ਅਜ ਮਨ ਮਾਹਿ ਬਿਚਾਰ ਪਕਾਯੋ॥ ਮੈ ਕਹ ਰਹਯੋ ਕਹਾ ਤੇ ਆਯੋ॥15॥ ਅਬ ਲਗੁ ਮੈ ਕਹ ਰਹਯੋ ਮਹਾਨ॥ ਦੇਖੋ ਮੈ ਅਪਨਾ ਅਸਥਾਨ॥ ਇਉ ਬਿਚਾਰ ਤਿਨ ਮਨ ਮੈ ਕਯੋ॥ ਬਹੁਰਿ ਨਾਭਿ ਕਾ ਰਸਤਾ ਲਯੋ॥16 ॥ ਦੋਹਰਾ॥ ਖੋਜਨ ਗਯੋ ਸੁ ਨਾਭ ਕੋ ਅੰਤ ਨ ਆਯੋ ਤਾਹਿ॥ ਬੀਤੇ ਬਰਸਿ ਅਨੇਕ ਤਹ ਫਿਰਤ ਨਾਭ ਕੇ ਮਾਹਿ॥17॥ ਚੌਪਈ॥ ਬਿਸਨੂ ਸਿਵ ਪੁਨਿ ਉਤਿਪਤਿ ਭਏ॥ ਸੋ ਭੀ ਤਿਸ ਕੋ ਖੋਜਨ ਗਏ॥ ਬਰਸਿ ਅਨੇਕ ਫਿਰੇ ਤਿਸ ਮਾਹਿ॥ ਅੰਤ ਨਾਲ ਕਾ ਆਯੋ ਨਾਹਿ॥18॥ ਲਖ ਬਿਅੰਤ ਤਿਨਿ ਸੀਸ ਨਿਵਾਏ॥ ਤਿਨੋ ਫਿਰਿ ਪੁਨਿ ਊਪਰਿ ਆਏ॥ ਊਪਰਿ ਆਇ ਕਰੀ ਪਰਸੰਸਾ॥ ਹੇ ਪ੍ਰਭ ਪੂਰਨ ਅਨਭਵ ਬੰਸਾ॥19॥ ਤੁਮਰੀ ਗਤਿ ਮਿਤਿ ਲਖੀ ਨ ਜਾਇ॥ ਤੂੰ ਬਿਅੰਤ ਤਵ ਅੰਤ ਨ ਆਇ॥ ਅਸਤੁਤਿ ਕਰਤਿ ਭਏ ਲੈ ਲੀਨ॥ ਜਲੁ ਸਾਈ ਪੁਨਿ ਆਗਯਾ ਕੀਨ॥20॥ ਦੋਹਰਾ॥ ਮਹਾ ਸਕਤਿ ਕੋ ਆਗਿਆ ਕੀਨੀ ਹਰਿ ਕਰਤਾਰ॥ ਤੀਨ ਸਰੂਪ ਸੁ ਧਾਰ ਕਰਿ ਆਵਹੁ ਬਾਹਰਿ ਵਾਰ॥21॥ ਲਖਮੀ ਅਉਰ ਸਵਿਤਰੀ ਪਾਰਬਤੀ ਪੁਨਿ ਜਾਨ॥ ਤਿਸੀ ਨਾਲ ਤੇ ਭਈ ਸੋ ਤੀਨੋ ਸਕਤਿ ਮਹਾਨ॥22॥ ਚੌਪਈ॥ ਇਉ ਤ੍ਰੈ ਪੁਰਖੁ ਤੀਨ ਹੀ ਨਾਰ॥ ਉਤਪਤਿ ਕਰੇ ਸੁ ਹਰਿ ਕਰਤਾਰ॥ ਉਸ ਕੀ ਉਸ ਕੋ ਦਈ ਬਿਵਾਹਿ॥ ਏਹੁ ਚਲਾਯੋ ਭਗਵਤਿ ਰਾਹਿ॥23॥ ਤੀਨੋ ਕੋ ਤਿਨ ਕਾਮ ਬਤਾਏ॥ ਸਰਵਨਿ ਕਰੋ ਸੁ ਤੁਮ ਮਨ ਲਾਏ॥ ਬ੍ਰਹਮਾ ਰਚੈ ਬਿਸਨੁ ਪ੍ਰਤਿਪਾਰੇ॥ ਸਿਵ ਸਭ ਕੋ ਪਰਲੈ ਕਰਿ ਡਾਰੇ॥24॥

[985] ਉਹੀ, ਪਤਰਾ 1151.

ਮਿਥਿਹਾਸਕ ਸੰਕੇਤ ਦੇ ਕੇ ਹੀ ਕਰਨ ਦਾ ਪ੍ਰਯਤਨ ਕੀਤਾ ਹੈ। ਕਵੀ ਅਨੁਸਾਰ ਪ੍ਰਿਥਵੀ ਦਾ ਅਕਾਰ 56 ਕਰੋੜ ਜੋਜਨ ਹੈ-

ਕਰਿ ਸੰਖੇਪ ਕਹਯੋ ਹਮ ਏਹੁ॥ ਯਾਹਿ ਬਿਖੈ ਕਛੁ ਨਾਹਿ ਸੰਦੇਹੁ॥

ਇਉ ਪਿਰਥਮਿ ਹਰਿ ਮਹੀ ਸਵਾਰੀ॥ ਛਪਨਿ ਕੋਟਿ ਸੁ ਜੋਜਨ ਸਾਰੀ॥25॥[986]

ਕਵੀ ਨੇ ਮਾਤਰ ਪ੍ਰਿਥਵੀ ਦੇ ਅਕਾਰ ਦੀ ਗੱਲ ਹੀ ਨਹੀਂ ਕੀਤੀ ਬਲਕਿ ਸਾਰੇ ਬ੍ਰਹਿਮੰਡ ਦੇ ਪਾਸਾਰੇ ਦੀ ਗੱਲ ਮਕੇਸ੍ਵਰ ਖੰਡ ਵਿਚ ਕੀਤੀ ਹੈ, ਜਿਥੇ ਇਸ ਦਾ ਪਾਸਾਰਾ ਪਰਮਾਤਮਾ ਜਿੰਨਾਂ ਵੱਡਾ ਹੀ ਦਸਿਆ ਹੈ ਅਤੇ ਸਾਰੇ ਬ੍ਰਹਿਮੰਡ ਨੂੰ ਉਸ ਦੀਆਂ ਟਹਿਣੀਆਂ ਵਾਂਗ ਦਰਸਾ ਕੇ ਉਸ ਦੇ ਅਨੰਤਤਾ ਦਾ ਸੰਕੇਤ ਦਿਤਾ ਹੈ। ਯਥਾ-

॥35॥ ਭਗਵਤਿ ਗੁੱਲਰ ਪੇਡ ਸਮ ਫਲੁ ਸਮ ਬਹੁ ਬ੍ਰਹਮੰਡ॥

ਭਗਵਤਿ ਕੇ ਇਕ ਰੋਮ ਮੈ ਕਈ ਖੰਡ ਬ੍ਰਹਮੰਡ॥36॥[987]

ਮਿਥਿਹਾਸਕ ਸੰਕੇਤ ਦੁਆਰਾ ਬ੍ਰਹਿਮੰਡੀ ਪਾਸਾਰੇ ਨੂੰ ਦਰਸਾਉਣ ਲਈ ਕਵੀ ਨੇ ਪਰਮਾਤਮਾ ਨੂੰ ਇਕ ਰੁਖ ਦੇ ਰੂਪ ਵਿਚ ਵਿਅਕਤ ਕਰ ਕੇ ਅਨੰਤ ਬ੍ਰਹਿਮੰਡ ਉਸ ਦੇ ਫਲ ਦੀ ਭਾਂਤਿ ਮੰਨੇ ਹਨ। ਜੋ ਕਿ ਉਸ ਦੀ ਨਿਜ-ਇਛਾ ਵਿਚੋਂ ਉਪਜੇ ਹਨ, ਇਸ ਦਾ ਕੋਈ ਅੰਤ ਨਹੀਂ ਪਾਇਆ ਜਾ ਸਕਦਾ-

ਨਿਜ ਇਛਾ ਤੇ ਸ੍ਰਿਸਟ ਉਪਾਵੈ॥ ਤਿਨ ਸ੍ਰਿਸਟੀ ਕਾ ਅੰਤ ਨਾ ਆਵੈ॥

ਹਰਿ ਕੇ ਇਕ ਇਕ ਰੋਮ ਮਝਾਰੇ॥ ਅਨਿਕ ਸ੍ਰਿਸਟੀ ਭਰੀ ਉਦਾਰੇ॥46॥[988]

ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਪ੍ਰਿਥਵੀ ਤੋਂ ਅਕਾਸ਼ ਦੀ ਦੂਰੀ ਬਾਰੇ ਇਤਨੀ ਵਡੀ ਸੰਖਿਆ ਦਸੀ ਹੈ ਕਿ ਸਧਾਰਨ ਪਾਠਕ ਬਿਨਾਂ ਗਿਣਤੀ ਮਿਣਤੀ ਦੇ ਇਸ ਨੂੰ ਸੱਚ ਮੰਨ ਲਏ। ਧਰਤੀ ਤੋਂ ਅਕਾਸ਼ ਦੀ ਦੂਰੀ ਚੌਂਤੀ ਪਰਬ, ਉਨਤਰ ਅਰਬ, ਅਠਤਾਲੀ ਨੀਲ, ਪਚਾਨਵੇ ਪਦਮ, ਸਤਰ ਕਰੋੜ, ਪੈਹਠ ਲਖ, ਪਚਾਨਵੇਂ ਹਜ਼ਾਰ, ਪੰਜ ਸੌ ਜੋਜਨ ਹੈ। ਪਰ ਇਸਨੂੰ ਵੀ ਅੰਤ ਨਹੀਂ ਕਿਹਾ ਬਲਕਿ ਇਹ ਕਿਹਾ ਹੈ ਕਿ ਇਸ ਤੋਂ

---

[986] ਉਹੀ, ਪਤਰਾ 1008.

[987] ਉਹੀ, ਪਤਰਾ 894.

[988] ਉਹੀ, ਪਤਰਾ 1046.

ਅਗੇ ਪਰਮਾਤਮਾ ਜਾਣਦਾ ਹੈ। ਇਸ ਤਰ੍ਹਾਂ ਇਕ ਗਿਣਤੀ ਦਸ ਕੇ ਕਵੀ ਨੇ ਸ੍ਰਿਸ਼ਟੀ ਦੀ ਅਨੰਤਤਾ ਨੂੰ ਮਿਥਿਹਾਸਕ ਸੰਕੇਤ ਰਾਹੀਂ ਵਿਅਕਤ ਕੀਤਾ ਹੈ। ਯਥਾ-

ਚੁਉਤੀ ਬਾਲਾ ਜਾਨੋ ਪਰਬ 34॥ ਬਹੁਰਿ ਉਣਤਰਿ ਜਾਨੋ ਅਰਬ 69॥

ਅਠਤਾਲੀ ਪੁਨਿ ਨੀਲ ਪਛਾਨ 48॥ ਪੁਨਿ ਪਚਾਨਵੈ ਪਦਮ ਮਹਾਨ 95॥63॥

ਸਤਰ ਕਰੋੜੰ ਪੈਹਠਿ ਲਾਖ॥ ਇਹੁ ਗਨਤੀ ਤੂੰ ਮਨ ਮੈ ਰਾਖ॥

ਪੁਨਿ ਪਚਾਨਵੈ ਜਾਨ ਹਜ਼ਾਰ 95॥

ਬਹੁਰਿ ਪਾਚ ਸੈ ਜਾਨ ਉਦਾਰ॥64॥ 34,69,48,85,70,65,95,500॥

ਦੋਹਰਾ॥

ਛਿਤ ਅਕਾਸ ਕਾ ਅੰਤਰਾ ਇਤਿਨੇ ਜੋਜਨ ਜਾਨ॥

ਆਗੇ ਕੀ ਗਤਿ ਅਗਮ ਹੈ ਜਾਨੈ ਗੁਰ ਭਗਵਾਨ॥65॥[989]

ਸ੍ਰਿਸ਼ਟੀ ਦੇ ਅਕਾਰ ਦੀ ਵਿਚਾਰ ਕਵੀ ਨੇ ਬਹੁਤ ਹੀ ਸੰਖਿਪਤ ਕੀਤੀ ਹੈ ਪਰ ਇਹ ਅਜ ਦੀਆਂ ਵਿਗਿਆਨਕ ਯੁਕਤੀਆਂ ਅਨੁਸਾਰ ਸਹੀ ਨਹੀਂ ਜਾਪਦੀ ਹੈ। ਦੂਰੀ ਦੇ ਅਨੁਮਾਨ ਵਿਚ ਸ਼ੰਕੇ ਹੋ ਸਕਦੇ ਹਨ ਪਰ ਬ੍ਰਹਿਮੰਡ ਦੀ ਅਸੀਮਤਾ ਨੂੰ ਵਿਗਿਆਨ ਨੇ ਵੀ ਸਵੀਕ੍ਰਿਤ ਕੀਤਾ ਹੈ। ਇਨ੍ਹਾਂ ਮਿਥਿਹਾਸਕ ਸੰਕੇਤਾਂ ਦੁਆਰਾ ਸ੍ਰਿਸ਼ਟੀ ਦੀ ਅਸੀਮਤਾ ਨੂੰ ਵਿਅਕਤ ਕਰਕੇ ਉਸ ਦੇ ਅਨੰਤ ਅਕਾਰ ਨੂੰ ਦਸਣ ਦਾ ਪ੍ਰਯਤਨ ਕੀਤਾ ਹੈ।

### 4.1.3 ਸ੍ਰਿਸ਼ਟੀ ਦਾ ਆਧਾਰ

ਚਰਚਿਤ ਕ੍ਰਿਤੀ ਵਿਚ ਸ੍ਰਿਸ਼ਟੀ ਦੇ ਅਧਾਰ ਬਾਰੇ ਪਰੰਪਰਾਗਤ ਚਲੰਤ ਮਿਥਿਹਾਸਕ ਪ੍ਰਮਾਣਾਂ ਦੇ ਸੰਕੇਤ ਦਿਤਾ ਹਨ। ਜਿਵੇਂ ਕਿ ਪ੍ਰਿਥਵੀ ਦਾ ਆਧਾਰ ਕਛੂ ਨੂੰ ਮੰਨਿਆਂ ਜਾਂਦਾ ਹੈ। ਪਰ ਕਵੀ ਨੇ ਇਸ ਤੋਂ ਵੀ ਅਗੇ ਦਾ ਪ੍ਰਸੰਗ ਪ੍ਰਸਤੁਤ ਕਰਕੇ ਮਿਥਿਹਾਸਕ ਕਥਾਵਾਂ ਨੂੰ ਦਰੁਸਤ ਕਰਨ ਦਾ ਠੇਠ ਉਪਰਾਲਾ ਕੀਤਾ ਹੈ। ਕਵੀ ਦਾ ਮੰਨਣਾ ਹੈ ਕਿ ਜੇਕਰ ਕਛੂ ਦੀ ਪਿਠ ਉਤੇ ਧਰਤੀ ਹੈ, ਫਿਰ ਕਛੂ ਕਿਸ ਦੇ ਉਪਰ ਵਿਦਮਾਨ ਹੈ। ਇਸ ਤਰ੍ਹਾਂ ਸ਼ੰਕਾਂ ਪੈਦਾ ਕਰਕੇ ਫਿਰ ਉਤਰ ਦਿੰਦਾ ਹੈ ਕਿ ਪਰਮਾਤਮਾ ਹੀ ਉਸ ਦੀ ਆਧਾਰ ਹੈ। ਯਥਾ-

---

[989] ਉਹੀ, ਪਤਰਾ 1010.

ਕੂਰਮ ਕਿਸ ਕੀ ਪੀਠ ਪਰ ਕਹੋ॥ ਹਮਰੇ ਮਨ ਕਾ ਸੰਸਾ ਦਹੋ॥

ਸੁਣਿ ਕਰਿ ਕਹਯੋ ਗੁਰੂ ਸੁਖਦਾਈ॥ ਪਰਸਨ ਭਲਾ ਕੀਉ ਤੈ ਭਾਈ॥56॥

ਦੋਹਰਾ॥

ਕੂਰਮ ਹੈ ਸੋ ਧਰਮ ਪਰ ਧਰਮ ਸੁ ਸਤਾ ਅਧਾਰ॥

ਸਤਾ ਸੋ ਹਰਿ ਪ੍ਰਭੂ ਕੀ ਹਰਿ ਪ੍ਰਭ ਅਗਮ ਅਪਾਰ॥57॥

ਹਰਿ ਸਤਾ ਕੈ ਆਸਰੈ ਕਈ ਕੋਟਿ ਬ੍ਰਹਮੰਡ॥

ਹਰਿ ਪ੍ਰਭ ਸਦਾ ਸੁਤੰਤਰੰ ਸਤਾ ਸਦਾ ਅਖੰਡ॥58॥[990]

ਸੋ ਉਪਰੋਕਤ ਦ੍ਰਿਸ਼ਟੀਕੋਣ ਤੋਂ ਅਭਾਸ ਹੁੰਦਾ ਹੈ ਕਿ ਵਿਚਾਰਾਧੀਨ ਕ੍ਰਿਤੀ ਵਿਚ ਕਵੀ ਨੇ ਅਨੇਕਾਂ ਹੀ ਮਿਥਿਹਾਸਕ ਸੰਕੇਤਾਂ ਦੀ ਵਰਤੋਂ ਸ੍ਰਿਸ਼ਟੀ ਰਚਨਾ, ਉਸ ਦਾ ਅਕਾਰ ਅਤੇ ਆਧਾਰ ਦਸਣ ਲਈ ਵਰਤੇ ਹਨ। ਕਵੀ ਨੇ ਪਰੰਪਰਾਗਤ ਰੂੜ੍ਹੀਵਾਦੀ ਪ੍ਰਮਾਣਾਂ ਦਾ ਨਵੀਨੀਕਰਨ ਵੀ ਕੀਤਾ ਹੈ। ਸੋ ਇਨ੍ਹਾਂ ਮਿਥਹਾਸਿਕ ਸੰਕੇਤਾਂ ਰਾਹੀਂ ਇਹ ਦਸਣ ਯਤਨ ਕੀਤਾ ਹੈ ਕਿ ਸ੍ਰਿਸ਼ਟੀ ਦਾ ਕਰਤਾ ਅਤੇ ਅਧਾਰ ਪਰਮਾਤਮਾ ਹੈ।

**4.2 ਕਾਲ**

ਧਾਰਮਿਕ ਦ੍ਰਿਸ਼ਟੀਕੋਣ ਅਨੁਸਾਰ ਸਮੇਂ ਅਤੇ ਸਥਾਨ ਵਿਚ ਮਨੁਖ ਸਦਾਚਿਰ ਬੱਝਾ ਰਹਿੰਦਾ ਹੈ, ਮਨੁਖ ਦੇ ਜਨਮ ਨਾਲ ਹੀ ਉਸਦੇ ਪਿਛਲੇ ਕਰਮਾਂ, ਚਿਹਨ, ਚਕਰ, ਸੁਭਾ ਇਤਿਆਦਿ ਨਾਲ ਆਯੂ ਵੀ ਲਿਖਾ ਕੇ ਲੈ ਆਉਂਦਾ ਹੈ। ਆਯੂ ਭੋਗ ਕੇ ਮਨੁਖ ਇਸ ਸੰਸਾਰ ਤੋਂ ਕੂਚ ਕਰ ਜਾਂਦਾ ਹੈ। ਮੌਤ ਤੋਂ ਉਪਰੰਤ ਉਹ ਮੁੜ-ਮੁੜ ਜਨਮ ਮਰਨ ਦੇ ਚਕਰ ਵਿਚ ਪੈਂਦਾ ਹੈ ਜਿਸਨੂੰ ਆਵਾਗਵਨ ਜਾਂ ਜੂਨਾਂ ਦਾ ਚਕਰ ਕਿਹਾ ਗਿਆ ਹੈ। ਮਨੁਖ ਬਾਰ-ਬਾਰ ਜਨਮ ਲੈਂਦਾ ਹੈ ਅਤੇ ਬਾਰ-ਬਾਰ ਬਿਨਸਦਾ ਹੈ। ਇਸੇ ਆਵਾਗਵਨ ਦੇ ਸਿਲਸਿਲੇ ਵਿਚ ਉਸਨੂੰ ਚੁਰਾਸੀ ਲਖ ਜੂਨਾਂ ਦੇ ਚੱਕਰ ਵਿਚ ਘੁੰਮਣਾਂ ਪੈਂਦਾ ਹੈ ਅਤੇ ਚੇਤਨ ਮਨੁਖ ਆਤਮਾ ਨੂੰ ਕਰਮ-ਬੰਧਨ ਤੋਂ ਮੁਕਤ ਕਰਨ ਦਾ ਯਤਨ ਵੀ ਕਰਦੇ ਹਨ।

---

[990] ਉਹੀ, ਪਤਰਾ 1009-10.

ਦੇਹੀ ਦੇ ਅਸਤਿਤ੍ਵ ਦੀ ਵਿਚਾਰ ਕਰਦਿਆਂ ਸੁਮੇਰ ਖੰਡ ਵਿਚ ਸਿਧਾਂ ਵਲੋਂ ਪੁਛੇ ਪ੍ਰਸ਼ਨ ਦੇ ਉਤਰ ਵਿਚ ਇਸ ਦੀ ਉਪਜ ਮਲਮੂਤਰ ਤੋਂ ਦਸ ਕੇ ਇਸ ਦੀ ਹੋਂਦ ਛਿਣ-ਭੰਗਰ ਸੁਨਿਸ਼ਚਿਤ ਕੀਤੀ ਹੈ। ਵਿਚਾਰਾਧੀਨ ਕ੍ਰਿਤੀ ਵਿਚ ਤਿੜਕੇ ਘੜੇ ਵਿਚ ਪਾਣੀ ਦੀ ਉਦਾਹਰਨ ਦੇ ਕਿ ਨਿਰੰਤਰ ਆਯੂ ਦਾ ਘਟਣਾ ਅਤੇ ਕਾਲ ਦਾ ਸਿਰ ਉਪਰ ਖੜਾ ਹੋਣਾ, ਅਭਿਲਾਸ਼ੀ ਨੂੰ ਚਿੰਤਨ ਵਾਲੇ ਪਾਸੇ ਪ੍ਰੇਰਦੀ ਹੈ। ਪਰ ਮਨੁਖ ਪਸ਼ੂ ਸਮਾਨ ਵਿਵਹਾਰ ਕਰਦਾ ਹੋਇਆ ਤਨ ਨੂੰ ਵਿਕਾਰਾਂ ਨਾਲ ਵਿਕ੍ਰਿਤ ਕਰ ਲੈਂਦਾ ਹੈ। ਨਿਰਤੰਰ ਮ੍ਰਿਤਕ ਹੋ ਰਹੀ ਖਲਕਤ ਵਿਚ ਮਨੁਖ ਦੇ ਆਪਣੇ ਪਰਮ ਸਨੇਹੀ ਹੋਣ ਦੇ ਬਾਵਜੂਦ ਵੀ ਉਸ ਨੂੰ ਇਸ ਗੱਲ ਦੀ ਸੂਝ ਨਹੀਂ ਹੁੰਦੀ ਕਿ ਇਕ ਦਿਨ ਕਾਲ ਦੁਆਰਾ ਉਹ ਵੀ ਗ੍ਰਸਿਆ ਜਾਵੇਗਾ। ਵਾਸਤਵ ਵਿਚ ਮਨੁਖ ਵਿਸ਼ਯ-ਵਿਕਾਰਾਂ ਵਿਚ ਗਲਤਾਨ ਹੋਇਆ ਮਾਯਾ ਅਧੀਨ ਹੀ ਸਾਰਾ ਜੀਵਨ ਬਤੀਤ ਕਰ ਦਿੰਦਾ ਹੈ-

ਮਲਮੂਤਰ ਤੇ ਉਪਜਯੋ ਤਨ ਜੋ ਖਿਨ ਭੰਗਰੁ ਆਹਿ ਸੁ ਦੇਖਿ ਵਿਚਾਰੇ॥
ਦਿਨ ਹੀ ਦਿਨ ਆਯੁਰ ਖੀਨ ਹੁਵੇ ਫੁਟਕੇ ਘਟ ਤੇ ਜਿਮ ਨੀਰ ਉਦਾਰੇ॥
ਪੁਨਿ ਕਾਲ ਕਰਾਲ ਖੜਾ ਸਿਰ ਊਪਰਿ ਸਾਂਧ ਰਹਯੋ ਸਰ ਬਾਰਹ ਬਾਰੇ॥
ਅਜ ਕੈ ਕਲਿ ਦੇਖਿ ਉਠਾਵਤਿ ਹੈ ਜਿਮ ਤੀਤਰ ਬਾਜ ਅਚਾਨਕਿ ਮਾਰੇ॥73॥
ਰਵਿ ਕੀ ਗਤਿ ਆਗਤਿ ਆਉ ਘਟੈ ਕਛੁ ਨਾਹਿ ਕਰੈ ਮਨ ਮਾਹਿ ਬਿਚਾਰੇ॥
ਮਰਤੇ ਨਰ ਔਰਨਿ ਦੇਖਤਿ ਹੈ ਅਪਨੋ ਮਰਨੋ ਸਠ ਨਾਹਿ ਨਿਹਾਰੇ॥
ਨਿਤ ਭੋਗਨਿ ਕਾਰਨ ਧਾਵਤ ਹੈ ਪਸੁ ਜਯੋ ਤਿਰਣੰ ਤਨੁ ਕਾਰਨ ਸਾਰੇ॥
ਜਿਸ ਕੋ ਅਪਨਾ ਇਹੁ ਮਾਨ ਰਹਯੋ ਸਠ ਸੋ ਕਿਰਮੰ ਤਨੁ ਰਾਖ ਉਦਾਰੇ॥74॥[991]

ਪ੍ਰਤਾਪ ਖੰਡ ਵਿਚ ਕਵੀ ਨੇ ਕਾਲ ਨੂੰ ਮੌਤ ਦੇ ਰੂਪ ਵਿਚ ਦਰਸਾ ਕੇ ਉਸ ਦੀ ਸ਼ਕਤੀ ਦਾ ਜ਼ਿਕਰ ਕਰਦਿਆਂ ਇਹ ਨਿਰਣੈ ਕੀਤਾ ਹੈ ਕਿ ਕਾਲ ਉਮਰ ਦਾ ਲਿਹਾਜ ਨਾ ਕਰਕੇ ਸਾਰਿਆਂ ਨੂੰ ਆਪਣੀ ਚਪੇਟ ਵਿਚ ਲੈ ਲੈਂਦਾ ਹੈ। ਕਵੀ ਨੇ ਅਲਪ ਉਮਰ ਵਾਲਿਆਂ ਲਈ ਇਹ ਉਦਾਹਰਨ ਦਿਤੀ ਹੈ ਕਿ ਜਿਵੇਂ ਵਡੀਆਂ ਲਕੜੀਆਂ

---

[991] ਉਹੀ, ਪਤਰਾ 991.

ਨੂੰ ਅੱਗ ਲਗਾਉਣੀ ਹੁੰਦੀ ਹੈ ਤਾਂ ਛੋਟੀਆਂ ਲਕੜੀਆਂ ਪਹਿਲਾਂ ਜਲਾਈਆਂ ਜਾਦੀਆਂ ਹਨ। ਉਸੇ ਪ੍ਰਕਾਰ ਕਾਲ ਵੀ ਉਮਰ ਨਹੀਂ ਦੇਖਦਾ ਸਗੋਂ ਅਲਪ ਉਮਰ ਵਾਲਿਆਂ ਨੂੰ ਤਾਂ ਪਹਿਲਾਂ ਆਪਣੀ ਚਪੇਟ ਵਿਚ ਲੈਂਦਾ ਹੈ। ਯਥਾ-

ਸਮਧਾਂ ਕੇ ਮਾਹਿ ਪਾਈ ਫੂਕ ਮਾਰ ਕੈ ਚਿਤਾਈ ਛੋਟੀ ਮੋਟੀ ਸਮਧਾਂ ਲਗਾਈ ਏਕ ਬਾਰਿਆ॥

ਨੀਕੀ ਨੀਕੀ ਸਮਧਾਂ ਕੋ ਅਬਲ ਸੋ ਲਾਗੀ ਆਗ ਜਰ ਕੈ ਭਸਮ ਭਈ ਦੇਖਤਿ ਹਮਾਰਿਯਾ॥

ਅਬਲ ਸੋ ਜਾਰੀ ਨੀਕੀ ਪਾਛੇ ਤੇ ਸੋ ਜਾਰੀ ਮੀਕੀ ਦੇਖਿ ਬਰਤਾਂਤਿ ਮਨ ਮਾਹਿ ਮੈ ਬਿਚਾਰਿਯਾ॥

ਮਨ ਕੀਉ ਬਿਚਾਰ ਯਮ ਨਾ ਕਿਸ ਕਾ ਯਾਰ ਕਾਲ ਕਾ ਚਬੀਣਾ ਲੋਕ ਛੋਟੇ ਮੋਟੇ ਸਾਰਿਯਾ॥21॥[992]

ਕਾਲ ਦੀ ਪ੍ਰਸ਼ੰਸਾ ਕਰਦਿਆਂ ਕਵੀ ਨੇ ਇਹ ਵੀ ਦਰਸਾਇਆ ਹੈ ਕਿ ਉਸਨੇ ਯੋਧੇ, ਮਹਾਂਬਲੀ ਸਾਰੇ ਹੀ ਮਾਰ ਮੁਕਾਏ ਹਨ। ਕਵੀ ਨੇ ਸੁੰਭ, ਨਿਸੁੰਭ, ਰਾਵਨ ਇਤਿਆਦਿਕ ਦਾ ਹਵਾਲਾ ਦੇ ਕੇ ਮਨੁਖ ਨੂੰ ਉਪਦੇਸ਼ਾਤਮਕ ਬ੍ਰਿਤੀ ਨਾਲ ਸਮਝਾਉਣ ਦਾ ਪ੍ਰਯਤਨ ਕੀਤਾ ਹੈ। ਯਥਾ-

ਸੁੰਭ ਨਿਸੁੰਭ ਕੁੰਭਲਿ ਆਦਿਕ ਕਾਲ ਬਲੀ ਸਭ ਮਾਰ ਗਿਰਾਏ॥

ਰਾਵਨ ਬੀਰ ਬਲੀ ਮਹਿ ਰਾਵਨ ਕਾਲ ਬਲੀ ਸਭ ਮਾਰ ਖਪਾਏ॥

ਕਾਲ ਖਪਾਇ ਦਏ ਸਗਲੇ ਜਗ ਤੇ ਅਪਣੇ ਜਿਨਿ ਨਾਮੁ ਜਪਾਏ॥

ਕਾਲ ਬਲੀ ਸਭ ਕੇ ਸਿਰ ਊਪਰਿ ਦਾਨਵ ਦੇਵ ਨ ਬਾਚਣ ਪਾਏ॥22॥[993]

ਕਵੀ ਨੇ ਕਸ਼ਮੀਰ ਖੰਡ ਵਿਚ ਕਾਲ ਦਾ ਸੰਬਾਦ ਗੋਰਖ ਨਾਲ ਦਰਸਾਇਆ ਹੈ, ਜਿਸ ਵਿਚ ਕਾਲ ਦੇ ਗੁਣਾਂ ਦਾ ਵਿਆਖਿਆਨ ਭਲੀਂ-ਭਾਂਤਿ ਕਰਦਿਆਂ ਕਿਹਾ ਹੈ ਕਿ ਉਸਦਾ ਡੰਕਾ ਤਿੰਨਾਂ ਲੋਕਾਂ ਵਿਚ ਵਜਦਾ ਹੈ। ਸਾਰੇ ਹੀ ਉਸ ਤੋਂ ਡਰਦੇ ਹੋਏ ਉਸ ਦੇ ਨਾਮ ਦੀ ਦੁਹਾਈ ਦਿੰਦੇ ਹਨ। ਯਥਾ-

ਗੋਰਖ ਕਾਲ ਕਰੈਂ ਸੰਬਾਦਿ॥ ਅੰਗਦ ਕਹੋਂ ਸੁ ਰਾਖੋ ਯਾਦਿ॥

ਗੋਰਖ ਕਹੈ ਅਮਰ ਮੈ ਸ੍ਵਾਮੀ॥ ਕਾਲ ਕਹਜੋ ਸੁਨਿ ਅੰਤਰਿਜਾਮੀ॥62॥

ਤੀਨ ਲੋਕ ਮੈ ਮੋਰ ਦੁਹਾਈ॥ ਮੋ ਤੇ ਭਾਗ ਕਹਾ ਕੋ ਜਾਈ॥

ਸੁੰਭ ਨਿਸੁੰਭ ਬਲੀ ਮੈ ਮਾਰੇ॥ ਗੋਰਖ ਤੁਮ ਹੋ ਕਉਨ ਬਿਚਾਰੇ॥63॥[994]

---

[992] ਉਹੀ, ਪਤਰਾ 760.

[993] ਉਹੀ, ਪਤਰਾ 760.

ਕਾਲ ਦੀ ਸ਼ਕਤੀ ਦੀ ਪ੍ਰਸ਼ੰਸਾ ਕਰਦਿਆ ਕਵੀ ਨੇ ਕਿਹਾ ਹੈ ਕਿ ਉਹ ਉਠਦੇ ਬੈਠਦੇ, ਸੌਂਦੇ ਇਤਿਆਦਿਕ ਸਾਰੀਆਂ ਹੀ ਕ੍ਰਿਆਵਾਂ ਵਿਚ ਸਕ੍ਰਿਯ ਹੋ ਕੇ ਮੌਤ ਦੇ ਸਕਦਾ ਹੈ। ਯਥਾ-

ਊਠਤਿ ਮਾਰੋਂ ਬੈਠਤਿ ਮਾਰੋਂ ਮਾਰੋਂ ਜਾਗਤਿ ਸੂਤਾ॥

ਤੀਨ ਲੋਕ ਮੈ ਜਾਲ ਪਸਾਰ੍ਯੋ ਕਹਾਂ ਰਹੋ ਅਵਧੂਤਾ॥[995]

ਕਾਲ ਦੀ ਇਤਨੀ ਸਮਰਥਾ ਕਵੀ ਨੇ ਦਰਸਾਈ ਹੈ ਕਿ ਉਹ ਜੀਵ ਨੂੰ ਜਲ, ਥਲ, ਹਵਾ, ਅਕਾਸ਼, ਤਿੰਨਾਂ ਲੋਕਾਂ ਵਿਚ, ਅੰਦਰ, ਬਾਹਰ ਇਤਿਆਦਿਕ ਸਥਾਨਾਂ 'ਤੇ ਮਾਰ ਦਿੰਦਾ ਹੈ ਭਾਵ ਕਾਲ ਤੋਂ ਬਚਣਾ ਅਸੰਭਵ ਹੈ। ਕਵੀ ਨੇ ਕਾਲ ਦੀ ਸਮਰਥਾ ਦੀ ਕਲਪਨਾ ਕਰਦਿਆਂ ਇਥੋਂ ਤੀਕ ਕਿਹਾ ਹੈ ਕਿ ਉਹ ਹੀ ਇਕ ਕਾਰਨ ਹੈ ਜਿਸ ਕਰਕੇ ਜੀਵ ਪਰਮਾਤਮਾ ਦਾ ਨਾਮ ਜਪਦਾ ਹੈ। ਕਾਲ ਦੇ ਭੈਅ ਕਰਕੇ ਹੀ ਸਾਰੇ ਗਿਆਨ, ਧਿਆਨ ਇਤਿਆਦਿਕ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ। ਕਾਲ ਦੇ ਪ੍ਰਭਾਵ ਸਦਕਾ ਹੀ ਬੈਰਾਗੀ, ਜੋਗੀ, ਜੰਗਮ ਬਣਦਾ ਹੈ, ਕਾਲ ਸਦਕਾ ਹੀ ਪੁਰਾਣਾਂ ਦੇ ਪਾਠ, ਤੀਰਥਾਂ ਦਾ ਇਸ਼ਨਾਨ, ਜਪ, ਤਪ, ਦਾਨ, ਵਰਤ ਇਤਿਆਦਿਕ ਕਿਰਿਆਵਾਂ ਜੀਵ ਦੁਆਰਾ ਕੀਤੀਆਂ ਜਾਂਦੀਆਂ ਹਨ।[996] ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਕਾਲ ਤੋਂ ਕੋਈ ਵੀ ਦੇਵੀ ਦੇਵਤਾ ਇਤਿਆਦਿਕ ਨਹੀਂ ਬਚ ਸਕਦਾ ਹੈ।

ਕਸ਼ਮੀਰ ਖੰਡ ਵਿਚ ਕਵੀ ਦਸਦਾ ਹੈ ਕਿ ਅਵਤਾਰ, ਦੇਵਤੇ, ਮੋਨੀ, ਜੋਗੀ, ਰੰਕ, ਰਾਣਾ, ਸੁਰ-ਅਸੁਰ ਇਤਿਆਦਿਕ ਸਾਰੇ ਹੀ ਕਾਲ ਨੇ ਖਪਾ ਲਏ ਹਨ। ਇਹ ਸਾਰੇ ਹੀ ਕਾਲ ਨੇ ਪਕੜ ਕੇ, ਆਪਣੇ ਬੰਧਨ

---

[994] ਉਹੀ, ਪਤਰਾ 1721.

[995] ਉਹੀ, ਪਤਰਾ 1721.

[996] ਉਹੀ, ਪਤਰਾ 1721-

ਥਲ ਮੈ ਮਾਰੋਂ ਜਲ ਮੈ ਮਾਰੋਂ ਮਾਰੋਂ ਪਾਵਕ ਪਾਉਨਾ॥ ਨਭ ਮੈ ਮਾਰੋਂ ਹੰਮੈ ਮਾਰੋਂ ਮਾਰੋਂ ਮਹਤਤ ਭਉਨਾ॥ ਤੀਨ ਲੋਕ ਤੇ ਬਾਹਰਿ ਮਾਰੋਂ ਮਾਰੋਂ ਮਾਯਾ ਮਾਹੀ॥ ਕਾਲ ਕਹੈ ਸੁਣਿ ਗੋਰਖ ਨਾਥਾ ਤਮ ਕੋ ਛੋਡੋ ਨਾਹੀ॥65॥ ਕਾਲ ਕਾ ਭੈ ਕਰਿ ਨਾਮ ਜਪੋ ਤੁਮ ਤਜਿ ਕਰਿ ਹਰਿ ਕੀ ਸਕਤੀ॥ ਕਾਲ ਕਾ ਭੈ ਕਰਿ ਗ੍ਯਾਨ ਧ੍ਯਾਨ ਸਭ ਕਾਲ ਕਾ ਭੈ ਕਰਿ ਭਗਤੀ॥ ਕਾਲ ਕਾ ਭੈ ਕਰਿ ਬਨੈ ਬਿਰਾਗੀ ਘਰਿ ਤਜਿ ਬਨ ਕੋ ਜਾਈ॥ ਕਾਲ ਕੈ ਭੈ ਕਰਿ ਜੋਗੀ ਜੰਗਮ ਕਾਲ ਸਭਨਿ ਕੋ ਖਾਈ॥66॥ ਕਾਲ ਕਾ ਭੈ ਕਰਿ ਪੜੈ ਪੁਰਾਨਾ॥ ਕਾਲ ਕੈ ਭੈ ਕਰਿ ਤੀਰਥ ਨਾਨਾ॥ ਕਾਲ ਕਾ ਭੈ ਕਰਿ ਜਪ ਤਪੁ ਪੂਜਾ॥ ਕਾਲ ਕਾ ਭੈ ਕਰਿ ਦਾਨ ਤਨੂਜਾ॥67॥ ਕਾਲ ਕਾ ਭੈ ਕਰਿ ਬਨੈ ਗੁਸਾਈਂ॥ ਕਾਲ ਕਾ ਭੈ ਕਰਿ ਅੰਨ ਨ ਖਾਂਈ॥ ਕਾਲ ਕਾ ਭੈ ਕਰਿ ਸਾਧੈ ਜੋਗੰ॥ ਕਾਲ ਕਾ ਭੈ ਕਰਿ ਤ੍ਯਾਗੈ ਭੋਗੰ॥68॥

ਵਿਚ ਲੈ ਕੇ ਇਨ੍ਹਾਂ ਨੂੰ ਮਾਰ ਮੁਕਾਇਆ ਹੈ, ਪੀਰ, ਪੈਗੰਬਰ, ਸਾਲਕ, ਸਾਦਕ ਅਤੇ ਖਲਕ ਨੂੰ ਵੀ ਖਾਕ ਕਰ ਦਿਤਾ ਹੈ, ਬਲਕਿ ਸਾਰੇ ਹੀ ਦ੍ਰਿਸ਼ਮਾਨ ਵਸਤੂਆਂ ਕਾਲ ਦੀ ਪਕੜ ਤੋਂ ਬਚ ਨਹੀਂ ਸਕੀਆਂ। ਤਿੰਨਾਂ ਲੋਕਾਂ, ਚੌਦਹ ਤਬਕਾਂ ਦੇ ਜੀਵਾਂ ਦਾ ਨਾਸ਼ ਕਾਲ ਨੇ ਕੀਤਾ ਹੈ ਅਤੇ ਕਰਦਾ ਹੈ।[997] ਕਸ਼ਮੀਰ ਖੰਡ ਵਿਚ ਹੀ ਕਵੀ ਨੇ ਕਾਲ ਦੇ ਸਰੂਪ ਦਾ ਚਿਤਰਣ ਵੀ ਕੀਤਾ ਹੈ ਕਿ ਉਹ ਬਹੁਤ ਹੀ ਭਿਆਨਕ ਭਾਵ ਅਤਿ ਡਰਾਵਨਾ ਹੈ ਜਿਸ ਤੋਂ ਮਰਦਾਨਾ ਡਰ ਕੇ ਨਾਨਕ ਦੇਵ ਜੀ ਨੂੰ ਉਸ ਸਥਾਨ ਤੋਂ ਚਲਣ ਲਈ ਕਹਿੰਦਾ ਹੈ। ਯਥਾ-

ਦੇਖਿ ਕਾਲ ਕਾ ਰੂਪ ਭਿਆਨਕਿ ਜਾਨਿਯੈ॥ ਡਰਿਯੋ ਸੋ ਮਰਦਾਨਾ ਆਪ ਮਹਾਨਿਯੈ॥
ਸਤਿਗੁਰ ਕੋ ਤਿਨ ਕਹਯੋ ਇਹਾਂ ਤੇ ਚਾਲਿਯੈ॥ ਹੋ ਕਾਲ ਡਰਾਵੈ ਏਹੁ ਹਮੈ ਬਿਕਰਾਲਿਯੈ॥1॥[998]

ਸੋ ਵਿਚਾਰਾਧੀਨ ਕ੍ਰਿਤੀ ਵਿਚ ਕਾਲ ਦੇ ਸਰੂਪ ਦਾ ਵਰਨਣ ਕੀਤਾ ਹੈ, ਜਿਸ ਤੋਂ ਕਵੀ ਦਾ ਦ੍ਰਿਸ਼ਟੀਕੋਣ ਸਾਹਮਣੇ ਆਉਂਦਾ ਹਾ ਕਿ ਉਸ ਦੀ ਸਮਰਥਾ ਅਤੇ ਸ਼ਕਤੀ ਬਹੁਤ ਹੈ, ਉਹ ਸਾਰਿਆਂ ਨੂੰ ਮਾਰਨ ਵਾਲਾ ਹੈ ਅਤੇ ਉਸ ਤੋਂ ਕੋਈ ਵੀ ਕਿਸੇ ਪ੍ਰਕਾਰ ਨਾਲ ਨਹੀਂ ਬਚ ਸਕਦਾ। ਕਵੀ ਨੇ ਉਸ ਦਾ ਸਰੂਪ ਬਹੁਤ ਹੀ ਭਿਆਨਕ ਦਸਿਆ ਹੈ।

### 4.3 ਮੌਤ

ਵਿਸਮਾਦਮਈ ਬ੍ਰਹਿਮੰਡ ਵਿਚ ਕੁਦਰਤ, ਅਗ, ਪਾਉਣ-ਪਾਣੀ, ਸੂਰਜ, ਚੰਨ, ਅਸਮਾਨ ਅਤੇ ਚਮਕਣ ਵਾਲੇ ਲਖਾਂ ਹੀ ਤਾਰੇ, ਖਾਣੀਆਂ ਦੁਆਰਾ ਨਿਰੰਤਰ ਉਪਜਦੇ ਜੀਵ, ਸਮੁੰਦਰ ਅਤੇ ਮਨੁਖ ਸਾਰੇ ਹੀ

---

[997] ਉਹੀ, ਪਤਰਾ 1727-28-

ਨਿਸ ਬਾਸਰ ਤਟਿ ਦੇਵ ਦਿਵਾਲ॥ ਕਾਲਿ ਨ ਛੋਡੇ ਕਾਨਿ ਗੁਆਲਾ॥ ਮੋਨੀ ਜੋਗੀ ਫਿਰ ਫਿਰਿ ਥਾਕੇ॥ ਕਾਲ ਕਿਸੀ ਕਾ ਨਾਹਿ ਨ ਸਾਕੇ॥ ਸੁਰਿ ਨਰਿ ਮੂਏ ਕਾਲਿ ਕੇ ਚਾਪੇ॥ ਕਾਲ ਖਪਾਇ ਕਰੇ ਜਿਨਿ ਪਾਪੇ॥ ਰਾਣਾ ਰੰਕੁ ਨ ਕੋਈ ਰਹੈ॥ ਪਕੜਿ ਚੋਟੀ ਕਾਲਿ ਸਭਿ ਗਹੈ॥ ਖਾਕੀ ਚਾਰਿ ਨ ਰਹਿਸਨਿ ਜਗਿ ਮੈ॥ ਕਾਲੁ ਪਸਰਿਆ ਬੰਧਨੁ ਪਗ ਮੈ॥ ਪੀਰ ਪੈਯੰਬਰਿ ਸਾਲਕ ਸਾਦਕੁ॥ ਖਲਕ ਮਰੇ ਸਦਾ ਥਿਰ ਖਾਲਕੁ॥ ਜੋ ਦੀਸੈ ਸੋ ਸਗਲ ਸਿਧਾਵੈ॥ ਕਾਲੁ ਸਬਲੁ ਨਹੀ ਛੂਟਨਿ ਪਾਵੈ॥ ਕਾਲ ਜਲਾਇ ਸਭੈ ਚੁਣਿ ਮਾਰੀ॥ ਰਿਖਿ ਮੋਨੀਸਰਿ ਅਰ ਸੰਸਾਰੀ॥ ਜੋ ਦੀਸੈ ਸੋ ਸਗਲ ਖਪਾਵੈ॥ ਤ੍ਰੇਈ ਲੋਕ ਮਹਿ ਬਚਣ ਨ ਪਾਵੈ॥ ਚਉਦਹਿ ਤਬਕਿ ਕਾਲ ਕੇ ਬਸਿ॥ ਕਾਲ ਛੋਡਿ ਕਤਿ ਜਾਈਐ ਨਸਿ॥

[998] ਉਹੀ, ਪਤਰਾ 1728.

ਰਹਸਮਈ ਹਨ। ਮਨੁਖ ਲਈ ਇਹ ਵਿਸਮਾਦਮਈ ਅਤੇ ਰਹਸਮਈ ਪ੍ਰਕਿਰਤੀ ਸਮਝ ਨਾ ਆਉਣ ਕਰਕੇ ਉਹ ਸ੍ਰਿਸ਼ਟੀ ਦੇ ਕਣ-ਕਣ ਤੋਂ ਡਰ ਕੇ ਜੀਵਨ ਬਤੀਤ ਕਰਦਾ ਹੈ। ਵਾਸਤਵ ਵਿਚ ਮਨੁਖ ਇਸ ਨੂੰ ਬੌਧਿਕ ਸਤਰ ਉਤੇ ਸਮਝਣ ਦਾ ਯਤਨ ਕਰਦਾ ਹੈ ਅਤੇ ਮਨੁਖ ਦੀ ਸੀਮਾਂ ਮੌਤ ਹੈ। ਵਿਚਾਰਾਧੀਨ ਕ੍ਰਿਤੀ ਵਿਚ ਸ੍ਰਿਸ਼ਟੀ ਦੇ ਅੰਤ ਦੀ ਪ੍ਰਸਥਿਤੀ ਪ੍ਰਗਟਾਉਣ ਲਈ ਜੋ ਸ਼ਬਦ ਵਰਤੇ ਹਨ ਉਹ ਹਨ ਲੀਨ ਜਾਂ ਪਰਲੈ। ਭਾਈ ਕਾਨ੍ਹ ਸਿੰਘ ਨਾਭਾ ਇਨ੍ਹਾਂ ਸ਼ਬਦਾਂ ਦੇ ਅਰਥ ਇਸ ਤਰ੍ਹਾਂ ਕਰਦੇ ਹਨ-

1) ਨਾਸ਼- ਨਾਸ਼, ਵਿਨਾਸ਼ ਜਾਂ ਤਬਾਹੀ।[999]

2) ਨਾਸ਼ਵਾਨ- ਨਾਸ਼ ਹੋਣ ਵਾਲਾ. ਅਨਿਤਯ।[1000]

3) ਲੀਨ- ਮਿਲਿਆ ਹੋਇਆ।[1001]

4) ਪਰਲਉ- ਲਯ (ਲੀਨ) ਹੋਣ ਦਾ ਭਾਵ। ਜਾਂ ਜਗਤ ਦੇ ਲਯ ਹੋਣ ਦੀ ਦਸ਼ਾ।[1002]

5) ਪ੍ਰਲਯ- ਚੰਗੀ ਤਰ੍ਹਾਂ ਲੀਨ ਹੋਣਾ।[1003]

ਸ੍ਰਿਸ਼ਟੀ ਦੀ ਰਚਨਾ ਨਿਰਗੁਣ ਦੀ ਸਰਗੁਣ ਅਵਸਥਾ ਹੈ ਅਤੇ ਨਿਰਗੁਣ/ਸਰਗੁਣ ਅਬਿਨਾਸ਼ੀ ਹੈ।[1004] ਕ੍ਰਿਤੀ ਵਿਚ ਸ੍ਰਿਸ਼ਟੀ ਦੀ ਲੀਨਤਾ/ਪ੍ਰਲਯ ਦੀ ਵਿਚਾਰ ਵੀ ਸੰਖਿਪਤ ਰੂਪ ਵਿਚ ਅੰਕਿਤ ਕੀਤੀ ਹੈ। ਲੀਨਤਾ ਦੀ ਵਿਧੀ ਵੀ ਉਹੀ ਹੈ ਜੋ ਉਤਪਤੀ ਦੀ ਹੈ, ਅਜਿਹਾ ਦ੍ਰਿਸ਼ਟੀਕੋਣ ਕਵੀ ਦਾ ਹੈ।[1005] ਕ੍ਰਿਤੀ ਵਿਚ ਸ੍ਰਿਸ਼ਟੀ ਦੀ ਲੀਨਤਾ ਨੂੰ ਵਾਰ-ਵਾਰ ਸਵੀਕ੍ਰਿਤ ਕੀਤਾ ਗਿਆ ਹੈ। ਲੀਨ ਕਿਸ ਵਿਚ ਹੋਣਾ ਹੈ? ਇਸ ਪ੍ਰਸ਼ਨ ਦਾ

---

[999] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 688.

[1000] ਉਹੀ, ਪੰਨਾ 688.

[1001] ਉਹੀ, ਪੰਨਾ 1068.

[1002] ਉਹੀ, ਪੰਨਾ 749.

[1003] ਉਹੀ, ਪੰਨਾ 802.

[1004] ਨੋਟ- ਇਸ ਦੀ ਵਿਚਾਰ ਅਸੀਂ ਪਰਮਸਤਾ ਵਾਲੇ ਭਾਗ ਵਿਚ ਕਰ ਆਏ ਹਾਂ।

[1005] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 868-

ਜੈਸੇ ਉਪਜੈ ਵਿੱਸ੍ਵ ਇਹੁ ਤੈਸੇ ਹੋਵੈ ਲੀਨ॥ ਲੈ ਹ੍ਵੈ ਬਾਚੈ ਬ੍ਰਹਮ ਜੇ ਨਾਨਕ ਤਿਸ ਕੋ ਚੀਨ॥97॥

ਉਤਰ ਵੀ ਸਪਸ਼ਟ ਕਰਦਿਆਂ ਕਿਹਾ ਹੈ ਕਿ ਪਰਮਾਤਮਾ ਜਿਸ ਤੋਂ ਇਹ ਉਪਜੀ ਹੈ, ਉਸੇ ਵਿਚ ਹੀ ਹੋਣਾ ਨਿਯਤ ਹੈ। ਜਿਸ ਤਰ੍ਹਾਂ ਜਲ ਵਿਚ ਤਰੰਗਾਂ ਉਠ ਕੇ ਜਲ ਵਿਚ ਹੀ ਅਭੇਦ ਹੋ ਜਾਂਦੀਆਂ ਹਨ ਉਸੇ ਭਾਂਤਿ ਸ੍ਰਿਸ਼ਟੀ ਨੇ ਲੀਨ ਹੋਣਾ ਹੈ।[1006]

ਬ੍ਰਹਿਮੰਡੀ ਪਾਸਾਰੇ ਵਿਚ ਮਨੁਖ ਲਈ ਚੁਗਿਰਦਾ ਹੀ ਵਿਸਮਾਦਮਈ ਸਿਰਜਣਾ ਪ੍ਰਤੀਤ ਹੁੰਦਾ ਹੈ। ਬ੍ਰਹਿਮੰਡੀ ਪਉਣ-ਪਾਣੀ, ਤਾਰੇ, ਖਾਣੀਆਂ, ਸਾਗਰ, ਪਹਾੜ, ਧਰਤੀ ਦੀ ਵੰਨ-ਸੁਵੰਨਤਾ, ਮਨੁਖ, ਰੇਤਥਲ, ਅਨੰਤ ਜੀਵ ਇਤਿਆਦਿਕ ਮਨੁਖ ਲਈ ਅਲੌਕਿਕ, ਰਹਸਮਈ, ਵਿਸਮਾਦਮਈ ਪ੍ਰਤੀਤੀ ਪੈਦਾ ਕਰਦੇ ਹਨ। ਮਨੁਖ ਦਾ ਯਤਨ ਇਨ੍ਹਾਂ ਨੂੰ ਸਮਝਣ ਦਾ ਹੁੰਦਾ ਹੈ। ਬ੍ਰਹਿਮੰਡ ਦੇ ਸਮਾਂਤਰ ਮਨੁਖ ਬਹੁਤ ਹੀ ਨਿਗੂਣੀ ਜਿਹੀ ਚੀਜ਼ ਹੈ ਅਤੇ ਇਸ ਦੀ ਸਭ ਤੋਂ ਨਿਕਟਵਰਤੀ ਸੀਮਾਂ ਮੌਤ ਹੈ। ਇਸ ਦਾ ਮਨੁਖ ਨੇ ਅਜੇ ਤੀਕ ਭੇਦ ਨਹੀਂ ਪਾਇਆ ਹੈ। ਮਨੁਖ ਦੇ ਸਾਹਮਣੇ ਪ੍ਰਤੀਦਿਨ ਉਸ ਦੇ ਸੰਬੰਧੀ, ਜੀਵ, ਨਿਰਜੀਵ, ਪੰਛੀ, ਕੀੜੇ-ਮਕੌੜੇ ਇਤਿਆਦਿਕ ਵਸਤਾਂ ਦਾ ਨਾਸ਼ ਹੁੰਦਾ ਰਹਿੰਦਾ ਹੈ ਜਾਂ ਕਹਿ ਲਈਏ ਕਿ ਟੁਟਦੀਆਂ-ਭਜਦੀਆਂ ਰਹਿੰਦੀਆਂ ਹਨ, ਇਸ ਪ੍ਰਕ੍ਰਿਆ ਨੂੰ ਹੀ ਮਨੁਖ ਨੇ ਮੌਤ ਦਾ ਨਾਮ ਦੇ ਕੇ ਸੰਜੀਵ ਜੀਵਨ ਨਾਲ ਜੋੜ ਕੇ ਰਖਿਆ ਹੈ। ਮੌਤ ਪ੍ਰਤੀ ਮਨੁਖ ਦੇ ਜ਼ਿਹਨ ਵਿਚ ਅਨੇਕਾਂ ਹੀ ਪ੍ਰਸ਼ਨ ਉਤਪੰਨ ਹੁੰਦੇ ਹਨ, ਕੀ ਮਨੁਖ ਨੂੰ ਮੌਤ ਦਾ ਸੰਪੂਰਨ ਗਿਆਨ ਹੋ ਗਿਆ? ਜਿਹੜਾ ਮਰਿਆ ਹੈ ਉਹ ਵਾਪਿਸ ਆਵੇਗਾ ਜਾਂ ਨਹੀਂ? ਮਰਨ ਵਾਲਾ ਕਿਥੇ ਗਿਆ ਹੈ? ਉਸ ਨਾਲ ਕੀ ਬੀਤੇਗੀ? ਸ਼ਾਰੀਰਕ ਹਰਕਤ ਕਿਉਂ ਨਹੀਂ ਹੋ ਰਹੀ? ਮਰਨ ਵਾਲੇ ਦੀ ਚੇਤਨਤਾ ਕਿਥੇ ਗਈ? ਮਨੁਖ ਕਿਥੋਂ ਆਇਆ ਸੀ? ਸੋ ਇਹ ਸਾਰੇ ਹੀ ਪ੍ਰਸ਼ਨ ਮਨੁਖ ਦੀ ਹਰ ਨਸਲ, ਧਰਮ, ਦੇਸ਼ ਇਤਿਆਦਿਕ ਸਾਹਮਣੇ ਹਮੇਸ਼ਾ ਮੌਜੂਦ ਰਹੇ। ਜਿਨ੍ਹਾਂ ਦਾ ਉਤਰ ਮਨੁਖ ਬੁਧੀ ਦੁਆਰਾ ਨਹੀਂ ਦੇ ਸਕਦਾ ਸੀ। ਕਿਉਂਕਿ ਇਹ ਪ੍ਰਸ਼ਨ ਗਿਆਨ ਇੰਦ੍ਰੀਆਂ ਤੋਂ ਪਰ੍ਹਾਂ ਦਾ ਹੈ। ਤਰਕ ਨਾਲ ਮੌਤ ਦੇ ਰਹਸ ਨੂੰ ਸਮਝਣਾ ਅਤਿ ਕਠਿਨ ਸੀ, ਬਲਕਿ ਇਹ ਕਿਹਾ ਜਾ ਸਕਦਾ ਹੈ ਕਿ ਇਸਨੂੰ ਸਮਝਿਆ ਹੀ ਨਹੀਂ ਜਾ ਸਕਦਾ ਸੀ। ਪ੍ਰਾਚੀਨ ਮਨੁਖ ਲਈ ਮੌਤ ਇਕ ਅਸਾਧਾਰਣ

---

[1006] ਉਹੀ, ਪਤਰਾ 1572-

ਜੜਿ ਚੇਤਨ ਵਿਸ੍ਵ ਅਹੇ ਜਿਤਨੀ॥ ਪਰਮੇਸ੍ਵਰ ਤੇ ਉਪਜੀ ਤਿਤਨੀ॥ ਪਰਮੇਸ੍ਵਰ ਮੇ ਸੁਰ ਲੀਨ ਸੁ ਹ੍ਵੈ॥ ਜਿਮ ਜੀਵਨ ਫੇਨਿ ਤਰੰਗ ਸੁ ਦ੍ਵੈ॥ 45॥..........................ਸਤਿ ਚਿਤ ਆਨੰਦ ਰੂਪ ਜੋ ਨਿਤ ਲਖਣ ਇਹੁ ਜਾਨ॥ ਵਿਸ੍ਵ ਉਪਜੈ ਪੁਨਿ ਲੀਨ ਹ੍ਵੈ ਜਾਨ ਅਨਿਤ ਮਹਾਂਨ॥ 47॥

ਘਟਨਾ ਸੀ, ਇਸ ਲਈ ਉਸ ਨੇ ਇਸ ਤੋਂ ਬਚਣ ਲਈ ਅਨੇਕਾਂ ਹੀ ਯਤਨ ਕੀਤੇ। ਜਾਦੂ-ਟੂਣੇ ਇਸ ਤਰ੍ਹਾਂ ਦੇ ਹੀ ਯਤਨ ਸਨ। ਇਸ ਤੋਂ ਅਗੇ ਮੌਤ ਤੋਂ ਉਪਰੰਤ ਮੁਕਤੀ ਦੀ ਵਿਚਾਰਧਾਰਾ ਦਾ ਜਨਮ ਹੋਇਆ। ਇਸ ਦੇ ਨਾਲ ਹੀ ਨਰਕ-ਸੁਰਗ, ਮੁਕਤੀ ਦੇ ਸਾਧਨਾਂ, ਆਵਾਗਵਨ, ਚੁਰਾਸੀ ਲਖ ਜੂਨਾਂ, ਜਮਦੂਤ, ਚਿਤਰ-ਗੁਪਤ, ਧਰਮਰਾਜ, ਕਰਮ ਸਿਧਾਂਤ, ਦਾਨ-ਪੁੰਨ, ਕਰਮ-ਕਾਂਡ, ਬ੍ਰਹਮਚਰਜ, ਸੰਨਿਆਸ, ਪ੍ਰੇਤ ਲੋਕ, ਯਮ ਲੋਕ, ਪਿਤਰ ਲੋਕ ਅਤੇ ਦੇਵ ਲੋਕ ਇਤਿਆਦਿਕ ਸੰਕਲਪ ਵਿਕਲਪ ਪ੍ਰਤੀਕ ਵਜੋਂ ਸਾਹਮਣੇ ਆਏ। ਭਾਵੇਂ ਕਵੀ ਨੇ ਮਿਥਿਹਾਸ ਦੇ ਸਿਰਜੇ ਮੌਤ ਦੇ ਮੂਰਤ ਰੂਪ ਨੂੰ ਅਪਣਾ ਲਿਆ ਹੈ ਪਰ ਫਿਰ ਵੀ ਮੌਤ ਨੂੰ ਪ੍ਰਕਿਰਤਕ ਨਿਯਮਾਂ ਦੀ ਅਟਲਤਾ ਦੇ ਅਧੀਨ ਰਖਿਆ ਹੈ। ਕਵੀ ਨੇ ਮੌਤ ਨੂੰ ਛਿਣ-ਭੰਗਰ ਵਿਚ ਵਾਪਰਦੇ ਦਸਦਿਆਂ ਇਸ ਨੂੰ ਅਟਲ ਸਚਾਈ ਦਸਿਆ ਹੈ ਅਤੇ ਕਿਹਾ ਹੈ ਕਿ ਕਿਸੇ ਦੇ ਮਰਨ 'ਤੇ ਰੋਸ ਨਹੀਂ ਬਲਕਿ ਪਰਮਾਤਮਾ ਦੀ ਰਜ਼ਾ ਜਾਂ ਹੁਕਮ ਨੂੰ ਸਮਝਣਾ ਚਾਹੀਦਾ ਹੈ-

ਫਲੁ ਫੂਲ ਅਨੇਕ ਲਗੈ ਤਰ ਕੋ ਸਿਸਰੰ ਰੁਤਿ ਮੈ ਗਿਰ ਆਪ ਪਰੈ ਸੋ॥
ਫਲੁ ਫੂਲ ਨ ਏਕ ਰਹੈ ਤਰ ਮੈ ਕਿਸ ਕਾ ਕਿਸ ਕਾ ਤਰ ਸੋਕ ਕਰੈ ਸੋ॥
ਖਿਨ ਭੰਗੁਰ ਸੋ ਲਖ ਕੈ ਮਨ ਮੈ ਤਿਨ ਕਾ ਉਰ ਮਾਹਿ ਨ ਸੋਕ ਧਰੈ ਸੋ॥
ਫਲੁ ਫੂਲ ਲਗੇ ਹਰਖੇ ਸੁ ਨਹੀ ਤਿਸ ਕੇ ਉਰ ਕਾ ਨ ਬਿਚਾਰ ਟਰੈ ਸੋ॥29॥[1007]

ਕਵੀ ਦਾ ਵਿਚਾਰ ਹੈ ਕਿ ਮਨੁਖ ਨੂੰ ਦੇਹੀ ਦਾ ਅਭਿਮਾਨ ਹੋ ਜਾਂਦਾ ਹੈ, ਜਿਸ ਨਾਲ ਉਹ ਵਿਸ਼ਿਆਂ-ਵਿਕਾਰਾਂ ਵਿਚ ਫਸ ਕੇ ਰਹਿ ਜਾਂਦਾ ਹੈ। ਬਲਕਿ ਜਦੋਂ ਆਤਮਾ ਇਨ੍ਹਾਂ ਵਿਕ੍ਰਤੀਆਂ ਦਾ ਸਾਥ ਛਡੇਗੀ ਉਦੋਂ ਹੀ ਉਹ ਪਰਮਾਤਮਾ ਨਾਲ ਮਿਲ ਸਕਦੀ ਹੈ।[1008] ਕਵੀ ਨੇ ਜਗਤ ਨੂੰ ਮਿਥਿਆ ਮੰਨ ਕੇ ਇਸ ਨੂੰ ਦੋ ਦਿਨ

[1007] ਉਹੀ, ਪਤਰਾ 1747.

[1008] ਉਹੀ, ਪਤਰਾ 876-

ਤਨ ਕਾ ਕਰਿ ਅਭਿਮਾਨੰ ਜੀਵ ਮਹਾਨਿਯੈ॥ ਬਿਖਿਆਨ ਮਾਹਿ ਅਸਕਤਿ ਭਯੋ ਸੋ ਜਾਨਿਯੈ॥ ਇਨ ਕਾ ਛੋਡੈ ਸੰਗ ਜਬੈ ਜੀਵਾਤਮਾ॥ ਹੋ ਪਰਮੇਸ੍ਰ ਕੋ ਮਿਲੈ ਤਬੈ ਇਹੁ ਆਤਮਾ॥12॥

ਦੇ ਮੇਲੇ ਦੀ ਭਾਂਤਿ ਦਰਸਾਇਆ ਹੈ।[1009] ਦੇਹੀ ਨੂੰ ਮਿੱਟੀ ਰੂਪ ਮੰਨ ਕੇ ਇਸ ਦਾ ਗੁਮਾਨ ਕਰਨ ਤੋਂ ਵਰਜ ਕੇ ਮੌਤ ਨੂੰ ਅਟਲ ਕਿਹਾ ਹੈ।[1010] ਨਾਸ਼ਮਾਨਤਾ ਬਾਰੇ ਵਿਚਾਰਾਂ ਤੋਂ ਮਨੁਖ ਨੂੰ ਅਹਿਸਾਸ ਦਵਾਉਣ ਦਾ ਯਤਨ ਕੀਤਾ ਹੈ ਕਿ ਮਨੁਖੀ ਦੇਹੀ ਦੀ ਮਿਆਦ ਛਿਣ-ਭੰਗਰ/ਨਸ਼ਵਰ ਹੈ ਅਤੇ ਦੇਹੀ ਨੂੰ ਅਸਥਿਰ ਦਸ ਕੇ ਪਰਮਾਤਮਾ ਦੀ ਸਥਿਰਤਾ ਦੀ ਪ੍ਰਮਾਣੀਕਤਾ ਨੂੰ ਪ੍ਰਵਾਨ ਕੀਤਾ ਹੈ-

ਮਰੇ ਸੁ ਮਿਥਿਆ ਹ੍ਵੈ ਗਏ ਰਹੇ ਸੁ ਚਲਣਹਾਰ॥

ਅਸਥਿਰ ਇਕ ਭਗਵਾਨ ਹੈ ਸਾਚਾ ਸਿਰਜਨਹਾਰ॥34॥[1011]

ਸੋ ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਜੋ ਵੀ ਵਸਤੂ ਉਪਜਦੀ ਹੈ ਉਸ ਦਾ ਲੀਨ ਹੋਣਾ ਸੁਭਾਵਿਕ ਹੈ, ਉਸ ਨੇ ਇਕ ਦਿਨ ਭਜ ਜਾਣਾ ਹੈ। ਇਸ ਸਾਰੇ ਵਰਤਾਰੇ ਵਿਚ ਜੀਵ ਲਈ ਮਾਤਰ ਪਰਮਾਤਮਾ ਦਾ ਨਾਮ ਸਿਮਰਨ ਹੀ ਸਹਾਈ ਹੋ ਸਕਦਾ ਹੈ। ਸਾਰਾ ਹੀ ਬ੍ਰਹਿਮੰਡ ਅਸਥਿਰ ਹੈ ਮਾਤਰ ਪਰਮਾਤਮਾ ਜਾਂ ਬ੍ਰਹਮ ਹੀ ਸਥਿਰ ਹੈ।

### 4.4 ਕਰਮ, ਆਵਾਗਵਨ ਅਤੇ ਚੁਰਾਸੀ ਲਖ ਜੂਨਾਂ

ਕਰਮ ਸਿਧਾਂਤ ਆਵਾਗਵਨ ਅਤੇ ਚੁਰਾਸੀ ਲਖ ਜੂਨਾਂ ਦਾ ਸਿਧਾਂਤ ਇਕ ਲੜੀ ਵਿਚ ਪਰੋਤੇ ਮਣਕਿਆਂ ਵਾਂਗ ਹਨ। ਕਰਮ ਕਰਕੇ ਹੀ ਆਵਾਗਵਨ ਦਾ ਚਕਰ ਪੈਂਦਾ ਹੈ ਅਤੇ ਆਵਾਗਵਨ ਵਿਚ ਚੁਰਾਸੀ ਲਖ ਜੂਨਾਂ ਸਮਾਈਆਂ ਹੋਈਆਂ ਹਨ। ਜਿਥੇ ਮਨੁਖ ਦੀ ਵਿਚਾਰ ਹੋਵੇਗੀ ਉਥੇ ਕਰਮ ਸਿਧਾਂਤ ਦੀ ਗੱਲ

---

[1009] ਉਹੀ, ਪਤਰਾ 1089-

ਤਿਸ ਕੀ ਕੋਊ ਨਦਰਿ ਨ ਪਰੈ॥ ਫੂਕਿ ਫੂਕਿ ਧਰਨੀ ਪਗ ਧਰੈ॥ ਇਉ ਨਾ ਸਮਝੈ ਮੂੜਿ ਗਵਾਰੁ॥ ਦ੍ਵੈ ਦਿਨ ਕਾ ਮੇਲਾ ਸੰਸਾਰੁ॥66॥ ਨਾਸਵੰਤ ਇਹੁ ਸਭ ਜਗੁ ਹਏ॥ ਮੇਰੇ ਪਾਸੋ ਸਭ ਚਲਿ ਗਏ॥ ਮੇਰੇ ਭੀ ਦਿਨ ਥੋਰੇ ਰਹੇ॥ ਐਸੇ ਭੂਲਿ ਨ ਕਬਹੂੰ ਕਹੇ॥67॥

[1010] ਉਹੀ, ਪਤਰਾ 1884-

ਆਖਰਿ ਏ ਤਨੁ ਮਾਟੀ ਹੋਸੀ॥ ਜਾਨ ਬੂਝਿ ਕਿਉ ਹੋਵੈਂ ਦੋਸੀ॥ ਇਸ ਤਨ ਧਨ ਕੀ ਕਉਨ ਬਡਾਈ॥ ਆਖਰਿ ਸਭਿ ਮਾਟੀ ਮੈ ਜਾਈ॥28॥

[1011] ਉਹੀ, ਪਤਰਾ 1247.

ਯਕੀਨਨ ਹੋਵੇਗੀ, ਕਿਉਂਕਿ ਇਸ ਤੋਂ ਬਿਨਾਂ ਮਨੁਖ ਦਾ ਅਧਿਐਨ ਅਧੂਰਾ ਰਹੇਗਾ। ਕਵੀ ਵੀ ਕਰਮ ਸਿਧਾਂਤ ਦੀ ਵਿਚਾਰ ਕਰਦਾ ਹੈ, ਉਹ ਸੰਸਾਰਿਕ ਪਧਰ ਉਪਰ ਤਿੰਨ ਕਿਸਮ ਦੇ ਕਰਮਾਂ- ਉਤਮ, ਮਧਮ ਅਤੇ ਨੀਚ ਨੂੰ ਮਾਨਤਾ ਦਿੰਦਾ ਹੈ।[1012] ਕਵੀ ਦਾ ਵਿਚਾਰ ਹੈ ਕਿ ਵਿਸ਼ਯ-ਵਿਕਾਰਾਂ ਵਿਚ ਗ੍ਰਸਿਤ ਮਨੁਖ ਪਰਮਾਤਮਾ ਦੀ ਭਗਤੀ ਤੋਂ ਵੰਚਿਤ ਰਹਿਣ ਕਰਕੇ ਅਪਣੇ ਪੂਰਬਲੇ ਜਨਮਾਂ ਦੇ ਸਾਰੇ ਪੁੰਨ ਨਸ਼ਟ ਕਰ ਲੈਂਦਾ ਹੈ ਅਤੇ ਉਹ ਮਾਤਰ ਭੋਗ-ਬਿਲਾਸ ਤੀਕਰ ਹੀ ਸੀਮਤ ਰਹਿ ਜਾਂਦਾ ਹੈ।[1013] ਨਾਨਕ ਮਤਾ ਖੰਡ ਵਿਚ ਸੰਤਰੇਣ ਕਰਮਾਂ ਦੇ ਫਲ਼ ਨੂੰ ਦਰਸਾਉਂਦਾ ਹੋਇਆ ਗੁਰੂ ਨਾਨਕ ਦੇਵ ਜੀ ਦੁਆਰਾ ਉਪਦੇਸ਼ ਦਿੰਦੇ ਹੋਏ ਕਰਮਾਂ ਦੇ ਫਲ ਬਾਰੇ ਵਰਨਣ ਕਰਦਾ ਹੈ। ਜਿਸ ਵਿਚ ਪੂਰਬਲੇ ਕਰਮਾਂ ਸਦਕਾ ਮਨੁਖਾ ਸਰੀਰ ਮਿਲਣਾ ਅਤੇ ਫਿਰ ਪਿਛਲੇ ਕਰਮਾਂ ਕਰਕੇ ਹੀ ਰਾਜ-ਭਾਗ ਮਿਲਣ ਦੀ ਸਾਖੀ ਦਾ ਜ਼ਿਕਰ ਹੈ।[1014]

ਇਸੇ ਸਾਖੀ ਵਿਚ ਕਰਮਾਂ ਬਾਰੇ ਹੋਰ ਵੀ ਵਿਸਤ੍ਰਿਤ ਢੰਗ ਨਾਲ ਦਸਿਆ ਹੈ ਕਿ ਜਨਮ ਤੋਂ ਤਾਂ ਸਾਰੇ ਹੀ ਨਗਨ ਹੀ ਪੈਦਾ ਹੁੰਦੇ ਹਨ ਪਰ ਕਰਮਾਂ ਕਰਕੇ ਹੀ ਸੁਖ-ਦੁਖ ਪ੍ਰਾਪਤੀ ਹੁੰਦੀ ਹੈ, ਮਨੁਖ ਦੇ ਕਰਮਾਂ ਅਨੁਸਾਰ ਹੀ ਉਸ ਦਾ ਫਲ ਅਗਲੇ ਜਨਮ ਵਿਚ ਮਿਲਦਾ ਹੈ। ਕਵੀ ਨੇ ਇਥੇ ਘੁਮਿਆਰ ਅਤੇ ਭਾਂਡੇ ਦਾ

---

[1012] ਉਹੀ, ਪਤਰਾ 1246-

ਅਥਵਾ ਕਰਮਨਿ ਕੇ ਅਨੁਸਾਰ॥ ਜਨਮੈ ਮਰੈ ਜੀਵ ਬਹੁ ਬਾਰ॥ ਉਤਮ ਕਰਮ ਕਰੈ ਨਰ ਜੋਇ॥ ਸੁਰਗ ਲੋਕ ਕੋ ਜਾਵੈ ਸੋਇ॥ 20॥ ਨੀਚ ਕਰਮ ਜੋ ਕਰੈ ਪ੍ਰਾਨੀ॥ ਜਾਏ ਅਧੋਗਤਿ ਹੋ ਬਿਨਾਨੀ॥ ਮੱਧਮ ਕਰਮ ਕਰੈ ਨਰਿ ਜੋਇ॥ ਮਾਨੁਖ ਦੇਹ ਲਹੈ ਪੁਨਿ ਸੋਇ॥ 21॥ ਉਤਮ ਕਰਮ ਸੁ ਪੁੰਨ ਪ੍ਰਤਾਪ॥ ਨੀਚ ਕਰਮ ਸੁ ਜਾਨੋ ਪਾਪ॥ ਪੁੰਨਯ ਪਾਪ ਮਿਸ੍ਰਤਿ ਜੋ ਹੋਇ॥ ਮਧਯਮ ਕਰਮ ਪਛਾਨੋ ਸੋਇ॥ 22॥

[1013] ਉਹੀ, ਪਤਰਾ 1439-

ਨਿਸਦਿਨ ਭੋਗਨਿ ਮੈ ਗਲਤਾਨ॥ ਪਿਛਿਲਾ ਕੀਉ ਸੁ ਭੋਗੈਂ ਜਾਨ॥ ਪਿਛਿਲਾ ਪੁੰਨਯ ਸਭ ਖੋਯੋ॥ ਰਾਮ ਨ ਸਿਮਰਾ ਨਿਸ ਭਰਿ ਸੋਯੋ॥55॥

[1014] ਉਹੀ, ਪਤਰਾ 1221-

ਪੂਰਬ ਜਨਮ ਕੀਉ ਤਪ ਭਾਰੀ॥ ਕੰਦ ਮੂਲਿ ਇਨਿ ਖਾਇ ਉਦਾਰੀ॥ ਇਨ ਸਰੀਰ ਕੋ ਬਹੁ ਦੁਖ ਦਯੋ॥ ਇਹਾ ਆਇ ਅਬ ਭੂਪਤਿ ਭਯੋ॥ 12॥ ਪਿਛਿਲਾ ਏਹੁ ਥਕੇਵਾਂ ਭਾਈ॥ ਪੂਰਬ ਦੁਖ ਕਾ ਅਬ ਸੁਖ ਪਾਈ॥ ਤਪ ਤੇ ਰਾਜ ਪ੍ਰਾਪਤਿ ਹੋਇ॥ ਰਾਜਹੁ ਨਰਕ ਪਰੈ ਪੁਨਿ ਸੋਇ॥ 13॥

ਦ੍ਰਿਸ਼ਟਾਂਤ ਦਿਤਾ ਹੈ- ਇਕ ਘੁਮਿਆਰ ਭਾਂਡੇ ਬਣਾਉਂਦਾ ਹੈ ਅਤੇ ਉਨ੍ਹਾਂ ਭਾਂਡਿਆਂ ਵਿਚ ਵਖ-ਵਖ ਵਸਤਾਂ ਪਾਈਆਂ ਜਾਂਦੀਆਂ ਹਨ ਜਿਵੇਂ: ਅੰਮ੍ਰਿਤ, ਦੁਧ, ਪਾਣੀ, ਮਦਰਾ, ਦਹੀ, ਅਤਰ-ਫੁਲੇਲ ਆਦਿ। ਜਿਸ ਤਰ੍ਹਾਂ ਇਨ੍ਹਾਂ ਵਿਚ ਅਨੇਕਾਂ ਵਸਤਾਂ ਪਾਈਆਂ ਜਾਂਦੀਆਂ ਹਨ, ਉਸੇ ਤਰ੍ਹਾਂ ਕਰਮਾਂਨੁਸਾਰ ਹੀ ਉਸ ਨੂੰ ਦੁਖ-ਸੁਖ ਮਿਲਦੇ ਹਨ। ਕਰਮਾਂ ਕਰਕੇ ਹੀ ਇਕ ਰਾਜੇ ਅਤੇ ਇਕ ਮਜ਼ਦੂਰ ਬਣ ਜਾਂਦੇ ਹਨ।[1015]

ਕਰਮ ਸਿਧਾਂਤ ਅਨੁਸਾਰ ਕਵੀ ਦੇ ਦ੍ਰਿਸ਼ਟੀਕੋਣ ਤੋਂ ਮਨੁਖ ਦੇ ਭਵਿਖ ਵਿਚਲੀਆਂ ਦੋ ਕਿਸਮਾਂ ਹੋ ਸਕਦੀਆਂ ਹਨ; ਪਹਿਲੀ ਆਵਾਗਵਨ ਅਤੇ ਦੂਜੀ ਪਰਮਾਤਮਾ ਵਿਚ ਲੀਨ ਹੋਣਾ। ਕਵੀ ਕਹਿੰਦਾ ਹੈ

ਦੇਵਦਾਨੋ ਰਿਖ ਮੁਨਿ ਅਮਰ ਨ ਕੋਊ ਜਗ ਆਵਾਗੌਨ ਜਗਤਿ ਸੋ ਯੋ ਹੀ ਆਇ ਜਾਇ ਹੈ॥[1016]

ਦੇਵਗਣ, ਰਿਸ਼ੀ, ਮੁਨੀ ਇਤਿਆਦਿਕ ਸਭ ਨੂੰ ਆਵਾਗਵਨ ਦੇ ਚਕਰ ਵਿਚ ਗ੍ਰਸਿਆ ਦਸ ਕੇ ਕਵੀ ਨੇ ਚੁਰਾਸੀ ਲਖ ਜੋਨਾਂ ਦੀ ਵਿਚਾਰ ਕਰਦਿਆਂ ਕਿਹਾ ਕਿ ਇਸ ਵਿਚ ਕੋਈ ਸੰਦੇਹ ਨਹੀਂ ਕਿ ਇਹਨਾਂ ਸਾਰਿਆਂ ਨੂੰ ਇਸੇ ਤਰ੍ਹਾਂ ਭ੍ਰਮਦਿਆਂ ਹੋਇਆਂ ਅਨੰਤ ਵਾਰ ਜਨਮ ਲੈਣਾ ਪੈਂਦਾ ਹੈ।[1017] ਮਨੁਖ ਮਾਯਾ ਤੋਂ ਵਸ਼ੀਕ੍ਰਿਤ ਹੋਣ ਕਰਕੇ ਵਿਸ਼ਯ-ਵਿਕਾਰਾਂ ਅਧੀਨ ਕੁਕਰਮ ਕਰਦਾ ਹੋਇਆ ਚੁਰਾਸੀ ਲਖ ਜੋਨਾਂ ਵਿਚ ਫਸਿਆ ਰਹਿੰਦਾ ਹੈ।

---

[1015] ਉਹੀ, ਪਤਰਾ 1221-22-

ਜਨਨੀ ਉਦਰ ਮਾਹਿ ਤੇ ਜੇਤੇ॥ ਨਿਕਲੇ ਨੰਗੇ ਸਰਬ ਸੁ ਤੇਤੇ॥ ਸੁਖ ਦੁਖ ਪਿਛਿਲਾ ਲੇਖ ਪਛਾਨੇ॥ ਯਾ ਮੈ ਭੇਦ ਨ ਰੰਚਕ ਮਾਨੇ॥14॥ ਕਰਨੀ ਭੇਦ ਨ ਦੋਇ ਖੁਦਾਇ॥ ਕਰੇ ਕਰਮ ਤੈਸਾ ਫਲ ਪਾਇ॥ ਇਕ ਮਾਟੀ ਕੇ ਬਾਸਨਿ ਜੈਸੇ॥ ਕਰੇ ਕੁਲਾਲ ਅਨੇਕ ਸੁ ਤੈਸੇ॥15॥ ਦੁਵੈਯਾ ਛੰਦ॥ ਇਕ ਮੈ ਅੰਮ੍ਰਿਤ ਏਕ ਵਿਖੈ ਵਿਖ ਇਕ ਮੈ ਪਾਣੀ ਪਾਵੈਂ॥ ਇਕ ਮੈ ਦੂਧ ਏਕ ਮੈ ਮਦਰਾ ਇਕ ਮੈ ਦਹੀ ਜਮਾਵੈ॥ ਅਤਰਿ ਫੁਲੇਲ ਪਰੈ ਇਕ ਮਾਹੀ ਏਕ ਕੁ ਗੰਧ ਪਛਾਨੇ॥ ਏਕ ਅਕਾਸ ਸਭਨਿ ਕੇ ਮਾਹੀ ਬਸੁਤ ਭੇਦ ਸੁ ਜਾਨੇ॥16॥ ਨਭ ਮਾਟੀ ਮੈ ਭੇਦ ਨ ਕੋਊ ਬਸਤੂਹ ਭੇਦ ਸੁ ਪਯੈ॥ ਤਿਉ ਤਨ ਆਤਮ ਮਾਹਿ ਨ ਭੇਦ ਸੁ ਕਰਨੀ ਭੇਦਊ ਹਯੈ॥ ਕਰਨੀ ਕਰਿ ਇਕ ਭਏ ਨਰੇਸਾ ਏਕ ਮਜੂਰਿ ਕਹਾਰੰ॥ ਜਸ ਕਰਨੀ ਨਰ ਤਸ ਫਲੁ ਪਾਵੈ ਕਰਨੀ ਬਸਤੁ ਬਿਚਾਰੰ॥17॥

[1016] ਉਹੀ, ਪਤਰਾ 1459.

[1017] ਉਹੀ, ਪਤਰਾ 310-

ਲਖ ਚੁਰਾਸੀ ਭਰਮੈ ਸੋਇ॥ ਯਾਹਿ ਵਿਖੈ ਸੰਸਾ ਨਹੀਂ ਕੋਇ॥11॥ ਧਰਿ ਧਰਿ ਜਨਮੁ ਸੁ ਬਾਰਮ ਬਾਰੇ॥ ਮਾਂਗਤਿ ਫਿਰੈਂ ਸੁ ਆਪ ਉਦਾਰੇ॥

ਆਵਾਗਵਨ ਲਈ ਜਿਥੇ ਕੁਕਰਮ ਜ਼ਿੰਮੇਵਾਰ ਹਨ ਉਥੇ ਇਸ ਪਿਛੇ ਕਵੀ ਨੇ ਮਾਇਆ ਦੇ ਪ੍ਰਭਾਵ ਨੂੰ ਵੀ ਸਵੀਕ੍ਰਿਤ ਕੀਤਾ ਹੈ।[1018]

ਅੰਤ ਵਿਚ ਕਵੀ ਨੇ ਇਸ ਗੱਲ ਨੂੰ ਬਾ-ਦਲੀਲ ਸਪਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਗਿਆਨ ਤੋਂ ਬਿਨਾਂ ਜੋਨਾਂ ਦੇ ਚਕਰ ਵਿਚੋਂ ਨਿਕਲਣਾ ਜਟਿਲ ਕਾਰਜ ਹੀ ਨਹੀਂ ਬਲਕਿ ਅਸੰਭਵ ਹੈ-

ਸਮਝੈਂ ਨਾਹਿ ਗਿਆਨ ਕਰਿ ਜਬ ਲਗੁ ਅਪਨਾ ਆਪ॥

ਭਰਮੈਂ ਲਖ ਚੁਰਾਸੀਐ ਤਬ ਲਗੁ ਸਹੈਂ ਸੰਤਾਪ॥50॥[1019]

ਉਪਰੋਕਤ ਵਿਚਾਰਾਂ ਨੂੰ ਦ੍ਰਿਸ਼ਟੀਗੋਚਰੇ ਰਖ ਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਮਨੁਖਾ ਦੇਹੀ ਸਰਵ ਸ੍ਰੇਸ਼ਟ ਹੈ ਤੇ ਗੁਰੂ ਦੇ ਗਿਆਨ ਭਾਵ ਪਰਮਾਤਮਾ ਦੀ ਭਗਤੀ ਤੋਂ ਬਿਨਾਂ ਵਿਸ਼ਯ-ਵਿਕਾਰਾਂ ਤੋਂ ਛੁਟਕਾਰਾ ਪਾਉਣਾ ਅਸੰਭਵ ਅਤੇ ਜਟਿਲ ਕਾਰਜ ਹੈ। ਮਾਯਾ ਗ੍ਰਸਤ ਮਨੁਖ ਆਵਾਗਵਨ ਵਿਚ ਭ੍ਰਮਦਿਆਂ ਕੋਟਿ ਜਨਮ ਨਿਸ਼ਫਲ ਕਰ ਲੈਂਦਾ ਹੈ।

**4.5 ਮੁਕਤੀ**

ਮੌਤ ਤੋਂ ਬਾਦ ਦੀ ਸਥਿਤੀ ਲਈ ਮਨੁਖ ਨੇ ਬੌਧਿਕ ਸਤਰ ਉਤੇ ਅਨਿਕ ਪ੍ਰਕਾਰ ਨਾਲ ਖੋਜਣ ਦਾ ਯਤਨ ਕੀਤਾ ਹੈ। ਇਹ ਲਾਲਸਾ ਬੜੀ ਪ੍ਰਬਲ ਰਹੀ ਹੈ। ਚੁਰਾਸੀ ਲਖ ਜੂਨਾਂ, ਆਵਾਗਵਨ, ਜਨਮ ਪੀੜਾਂ, ਨਰਕ, ਅਨਿਕ ਮੁਸੀਬਤਾਂ, ਦੁਖ, ਜਮਦੂਤ ਇਤਿਆਦਿਕ ਦਾ ਪਾਸਾਰ ਅਧਿਕ ਡਰਾਵਣਾ ਹੈ। ਮਿਥਿਹਾਸ ਨੇ ਪਰਾਲੌਕਿਕ ਡਰਾਂ ਅਤੇ ਮੁਸੀਬਤਾਂ ਤੋਂ ਛੁਟਕਾਰੇ ਲਈ ਮੁਕਤੀ ਦਾ ਸੰਕਲਪ ਦਿਤਾ ਹੈ। ਵਾਸਤਵਿਕਤਾ ਇਹ ਹੈ ਕਿ ਮੁਕਤੀ ਮੁਸੀਬਤਾਂ, ਬੰਧਨਾਂ, ਆਵਾਗਵਨ, ਨਰਕ, ਯਮਦੂਤਾਂ ਇਤਿਆਦਿਕ ਤੋਂ ਛੁਟਕਾਰਾ ਪਾਉਣਾ ਹੈ। ਗੁਰਮਤਿ ਅਨੁਸਾਰ, ਜੀਵ ਆਤਮਾ, ਪਰਮਾਤਮਾ ਦੀ ਅੰਸ਼ ਹੈ। ਜੀਵ ਆਤਮਾ ਉਸ ਪਰਮਾਤਮਾ ਤੋਂ ਉਤਪੰਨ ਹੋਈ ਹੈ ਅਤੇ ਮੁੜ ਕੇ ਉਸ ਵਿਚ ਲੀਨ ਹੋਣ ਦੀ ਪ੍ਰਵਿਰਤੀ ਉਸ ਵਿਚ ਮੌਜੂਦ ਹੈ। ਸੋ ਇਥੇ ਜੰਮਣ-ਮਰਨ ਦੇ ਚਕਰ ਤੋਂ ਮੁਕਤ ਹੋ ਕੇ ਨਿਆਂਕਰ ਪਰਮਾਤਮਾ ਨਾਲ ਇੰਞ ਇਕ-ਮਿਕ ਹੋਣਾ ਕਿ ਮਨੁਖੀ ਜੀਵਨ-ਇਕਾਈ ਦਾ

---

[1018] ਉਹੀ, ਪਤਰਾ 322-

ਮਾਯਾ ਕੇ ਜੋ ਆਹਿ ਉਪਾਸੀ॥ ਸੋ ਨਰ ਭਰਮੈ ਲਖ ਚੁਰਾਸੀ॥

[1019] ਉਹੀ, ਪਤਰਾ 1801.

ਨਿਜਤਵ ਖ਼ਤਮ ਹੋ ਜਾਵੇ। ਮਨੁਖੀ ਆਤਮਾ ਪਰਮ ਆਤਮਾ ਵਿਚ ਇਸ ਤਰ੍ਹਾਂ ਵਿਲੀਨ ਹੋ ਜਾਵੇ ਕਿ ਇਸ ਦੀ ਵਖਰੀ ਹੋਂਦ ਸੰਸਕਾਰ ਰੂਪ ਵਿਚ ਵੀ ਕਾਇਮ ਨ ਰਹੇ।[1020]

ਵਿਚਾਰਾਧੀਨ ਕ੍ਰਿਤੀ ਵਿਚ ਜੀਵਨ ਮੁਕਤੀ ਦੇ ਪ੍ਰਸ਼ਨ ਦੀ ਜਿਗਿਆਸਾ ਪ੍ਰਤਾਪ ਖੰਡ ਵਿਚ ਪ੍ਰਗਟ ਕੀਤੀ ਗਈ ਹੈ ਜਿਥੇ ਸਿਧੇ ਰੂਪ ਵਿਚ ਜੀਵਨ ਮੁਕਤੀ ਬਾਰੇ ਪ੍ਰਸ਼ਨ ਕੀਤਾ ਹੈ।[1021]

ਕਵੀ ਨੇ ਫੋਕੇ ਕਰਮ-ਕਾਂਡਾਂ ਨੂੰ ਖੰਡਿਤ ਕਰਦਿਆਂ ਵਿਅਰਥ ਦਸਦੇ ਹੋਏ ਗੁਰਮਤ ਦੇ ਸਿਧਾਂਤ[1022]-ਪਰਮਾਤਮਾ ਦਾ ਸਿਮਰਨ ਸਰਵ ਸ੍ਰੇਸ਼ਟ ਹੈ, ਨੂੰ ਦ੍ਰਿੜ ਕਰਵਾਇਆ ਹੈ। ਯਥਾ-

ਤੀਰਥਿ ਕਰਹਿ ਬਰਤਿ ਬਹੁ ਰਾਖਹਿ॥ ਚਤੁਰ ਬੇਦ ਕਾ ਅਰਥ ਭੀ ਭਾਖਹਿ॥
ਇਤਿਨਾ ਕੀਉ ਨ ਸਿਮਰਿਉ ਰਾਮ॥ ਤੋ ਤਿਨ ਤੇ ਕਛੁ ਸਰੈ ਨ ਕਾਮ॥53॥
ਅਲਪ ਪੁੰਨਯ ਤਿਨ ਕਾ ਕਛੁ ਹੋਇ॥ ਫਲੁ ਅਭਿਲਾਖਾ ਖੋਯੋ ਸੋਇ॥
ਫਲੁ ਪਾਯੋ ਤਿਸ ਕਾ ਭਯੁ ਨਾਸ॥ ਕਛੁ ਭੀ ਰਹਯੋ ਨ ਤਿਨ ਕੇ ਪਾਸ॥54॥[1023]

ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਮਰਨ ਤੋਂ ਬਾਅਦ ਮੁਕਤੀ ਦੀ ਪ੍ਰਾਪਤੀ ਨਹੀਂ ਕਰਨੀ, ਬਲਕਿ ਜੀਵਨ-ਮੁਕਤੀ ਦੀ ਪ੍ਰਾਪਤੀ ਕਰਨੀ ਹੈ। ਕਵੀ ਦੇਹ ਨੂੰ ਨਸ਼ਵਰ ਕਹਿ ਕੇ ਆਤਮਾ ਦੀ ਅਮਰਤਾ ਨੂੰ ਸਵੀਕ੍ਰਿਤ ਕਰਦਾ ਹੋਇਆ ਜੀਵਨ-ਮੁਕਤੀ ਲਈ ਪਰਮਾਤਮਾ ਦੀ ਭਗਤੀ ਨੂੰ ਹੀ ਇਕ ਮਾਤਰ ਸਾਧਨ

---

[1020] ਰੂਪ ਸਿੰਘ (ਸੰਪਾ.), *ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ*, ਸ. ਵਰਿਆਮ ਸਿੰਘ, *ਮੁਕਤਿ ਅਵਸਥਾ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2015, ਪੰਨਾ 360.

[1021] ਉਹੀ, ਪਤਰਾ 779-

ਜੀਵਨ ਮੁਕਤਿ ਕਉਨ ਕੋ ਕਹਯੈ॥ ਇਹੁ ਭੀ ਹਮਰਾ ਪਰਸਨਿ ਹਯੈ॥ ਜੀਵਨ ਮੁਕਤਿ ਅਵਸਥਾ ਕਹੋ॥ ਹਮਰੇ ਮਨ ਕਾ ਸੰਸਾ ਦਹੋ॥33॥

[1022] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 43 -

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥੫॥

[1023] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1439.

ਮੰਨਦਾ ਹੈ। ਮਨੁਖ ਜਦੋਂ ਕਾਲ ਗ੍ਰਸਤ ਹੁੰਦਾ ਹੈ ਉਦੋਂ ਮਾਤਾ-ਪਿਤਾ, ਪਤਨੀ, ਪੁਤਰ ਅਤੇ ਸਨੇਹੀ ਇਤਿਆਦਿਕ ਸਾਰੇ ਹੀ ਸਾਥ ਛਡ ਜਾਂਦੇ ਹਨ।[1024]

ਪ੍ਰਸ਼ਨ ਅਜੇ ਵੀ ਵਿਦਮਾਨ ਹੈ ਕਿ ਜੀਵਨ ਮੁਕਤੀ ਲਈ ਕੀ ਉਪਰਾਲਾ ਕੀਤਾ ਜਾਵੇ, ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਪਰਮਾਤਮਾ ਦੀ ਭਗਤੀ ਹੀ ਮਨੁਖ ਨੂੰ ਜੀਵਨ-ਮੁਕਤੀ ਦਾ ਮਾਰਗ ਦਿਖਾਉਂਦੀ ਹੈ, ਭਗਤੀ ਬਿਹੀਨ ਮਨੁਖ ਮਲੀਨ ਹੁੰਦਾ ਹੈ ਅਤੇ ਭਗਤੀ ਕਰਨ ਵਾਲੇ ਦੀ ਬੁਧੀ ਕਲਿਆਣਕਾਰੀ ਹੋ ਜਾਂਦੀ ਹੈ-

ਭਗਤੀ ਬਹੀਨ ਦੀਨ ਜੀਵ ਏ ਮਲੀਨ ਸਦਾ ਭਗਤੀ ਬਿਬੇਕ ਮਿਲਿ ਹੋਇ ਕਲਿਆਨੀਐ॥11॥[1025]

ਕਵੀ ਨਿਰਣੈ ਕਰਦਾ ਕਹਿੰਦਾ ਹੈ ਕਿ ਸਿਰਫ ਸਿਮਰਨ ਹੀ ਮਨੁਖ ਨੂੰ ਮੁਕਤੀ ਦੇ ਦੁਆਰੇ 'ਤੇ ਲੈ ਕੇ ਜਾ ਸਕਦਾ ਹੈ ਅਤੇ ਇਸ ਗੱਲ ਦੀ ਪ੍ਰੋੜਤਾ ਸੰਤ ਅਤੇ ਵੇਦ ਵੀ ਕਰਦੇ ਹਨ।[1026] ਖੜੂਰੀ ਖੰਡ ਵਿਚ ਵੀ ਪਰਮਾਤਮਾ ਦੇ ਸਿਮਰਨ ਦੀ ਮਹਿਮਾ ਕਰਦਾ ਹੋਇਆ ਕਵੀ ਜਨਮ-ਮਰਨ ਤੋਂ ਛੁਟਕਾਰਾ ਪਾਉਣ ਦਾ ਮਾਤਰ ਇਹੀ ਸਾਧਨ ਦਸਦਾ ਹੈ ਅਤੇ ਇਹ ਨਿਰਣੈ ਕਰਦਾ ਹੈ ਕਿ ਉਸ ਮਨੁਖ ਨੂੰ ਜੀਉਂਦੇ ਹੀ ਮੁਕਤੀ ਮਿਲ ਜਾਂਦੀ ਹੈ, ਜਿਸ ਦਾ ਚਿਤ ਪਰਮੇਸ਼ਵਰ ਵਿਚ ਲਗਾ ਹੋਵੇ।[1027]

---

[1024] ਉਹੀ, ਪਤਰਾ 679-

ਜਿਨ ਕੋ ਅਪਨੇ ਕਰਿ ਮਾਨਤਿ ਹੈਂ ਦੁਖ ਮੈ ਇਸ ਕਾਮ ਨ ਆਵੈਂ॥ ਜਬ ਕਾਲ ਅਚਾਨਕਿ ਆਇ ਗਹੈ ਸਠ ਏ ਸਗਲੇ ਤੁਹਿ ਨਾਹਿ ਛੁਡਾਵੈਂ॥ ਜੁਵਤੀ ਸੁਤ ਮਾਤ ਪਿਤਾ ਸਗਲੇ ਨਰਿ ਦੇਖਤਿ ਹੀ ਸਭਿ ਏ ਭਜ ਜਾਵੈਂ॥ ਪਛੁਤਾਪ ਕਰੈ ਤਬ ਏ ਮਨ ਮੈ ਹਰਿ ਪੈ ਬਿਨਤੀ ਕਰਿ ਆਪ ਸੁਣਾਵੈਂ॥5॥

[1025] ਉਹੀ, ਪਤਰਾ 1330.

[1026] ਉਹੀ, ਪਤਰਾ 1440-

ਰਾਮ ਬਿਨਾ ਤਿਨ ਕਉਨ ਛੁਡਾਵੈ॥ *ਸੰਤਰੇਣ,* ਇਉ ਗੁਰੂ ਬਤਾਵੈ॥ ਰਾਮ ਨਾਮ ਬਿਨੁ ਮੁਕਤਿ ਨ ਹੋਇ॥ ਸੰਤ ਬੇਦ ਇਮ ਭਾਖੈਂ ਦੋਇ॥58॥

[1027] ਉਹੀ, ਪਤਰਾ 876-

ਪਰਮੇਸੁਰ ਕਾ ਕਰਿ ਕੈ ਭਜਨੰ ਜਨਮਾਂਤਰ ਕੇ ਸੁ ਲਏ ਭਵ ਲਾਹੇ॥ ਵਹਿ ਜੀਵਤਿ ਹੀ ਨਰ ਮੋਖ ਭਯੋ ਪਰਮੇਸੁਰ ਮੈ ਜਿਸ ਕਾ ਚਿਤ ਰਾਹੇ॥16॥

ਇਸ ਤਰ੍ਹਾਂ ਕਵੀ ਜੀਵਨ-ਮੁਕਤੀ ਬਾਰੇ ਵਿਚਾਰ ਪ੍ਰਗਟ ਕਰਕੇ ਉਹ ਭਗਤੀ ਨੂੰ ਹੀ ਸਰਵ ਸ੍ਰੇਸ਼ਟ ਸਥਾਨ ਦੇਣਾ ਚਾਹੁੰਦਾ ਹੈ। ਭਗਤੀ ਦਾ ਸਿਧਾ ਸੰਬੰਧ ਗਿਆਨ ਨਾਲ ਹੋਣ ਕਰਕੇ ਇਹ ਅਵਧਾਰਨਾ ਵੀ ਸ੍ਵੈ-ਉਜਵਲ ਹੋ ਜਾਂਦੀ ਹੈ ਕਿ ਜਦੋਂ ਮਨੁਖ ਅਗਿਆਨਤਾ ਦੇ ਵਸ਼ ਤੋਂ ਮੁਕਤ ਹੋ ਗਿਆ ਭਾਵ ਉਸ ਨੂੰ ਗਿਆਨ ਹੋ ਗਿਆ ਤਾਂ ਉਦੋਂ ਉਹ ਜੀਵਨ-ਮੁਕਤ ਦੀ ਪਦਵੀ ਦਾ ਧਾਰਣੀ ਹੋ ਜਾਵੇਗਾ।[1028] ਕਵੀ ਨੇ ਇਹ ਵੀ ਸਪਸ਼ਟ ਕਰ ਦਿਤਾ ਹੈ ਕਿ ਵਿਧੀਵਤ ਢੰਗ ਨਾਲ ਕੀਤੇ ਕਰਮ ਮਨੁਖ ਦਾ ਅੰਤਹਕਰਨ ਨਿਰਮਲ ਕਰਕੇ ਉਸ ਨੂੰ ਮਲੀਨ ਬੁਧੀ ਤੋਂ ਸ਼ੁਧਤਾ ਵਾਲੀ ਬੁਧੀ ਪ੍ਰਦਾਨ ਕਰਦੇ ਹਨ ਅਤੇ ਬੁਧੀ ਦੀ ਸ਼ੁਧਤਾ ਹੀ ਪ੍ਰਾਣੀ ਲਈ ਜੀਵਨ ਮੁਕਤੀ ਲਈ ਸਹਾਇਕ ਸਿਧ ਹੁੰਦੀ ਹੈ।[1029]

ਉਪਰੋਕਤ ਵਿਚਾਰਾਂ ਤੋਂ ਕਵੀ ਦਾ ਜੀਵਨ-ਮੁਕਤੀ ਬਾਰੇ ਦ੍ਰਿਸ਼ਟੀਕੋਣ ਸਪਸ਼ਟ ਹੁੰਦਾ ਹੈ ਕਿ ਪਰਮਾਤਮਾ ਦੀ ਭਗਤੀ ਨਾਲ ਹੀ ਜੀਵਨ-ਮੁਕਤੀ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।

### 4.6 ਅੰਮ੍ਰਿਤ

ਮਨੁਖੀ ਮਨ ਦੀ ਅਮਰਤਾ ਦੀ ਭਾਵਨਾ ਅੰਮ੍ਰਿਤ ਦੇ ਸੰਕਲਪ ਪਿਛੇ ਛੁਪੀ ਹੋਈ ਹੈ, ਇਹ ਇਕ ਅਤਿ ਆਕਰਸ਼ਕ ਸੰਕਲਪ ਹੈ। ਪੌਰਾਣਿਕ ਆਧਾਰਿਤ ਵਿਚਾਰ ਇਹ ਹੈ ਕਿ ਸਮੁੰਦਰ ਮੰਥਨ ਕਰਕੇ ਹੀ ਅਮ੍ਰਿੰਤ ਕਢਿਆ ਗਿਆ ਸੀ। ਦੇਵਤਿਆਂ ਦੀ ਸਦ-ਬਿਰਤੀ ਕਰਕੇ ਇਹ ਦੇਵਤਿਆਂ ਨੂੰ ਪ੍ਰਾਪਤ ਹੋਇਆ। ਮਨੁਖ ਵਿਸ਼ਾਲ ਸ੍ਰਿਸ਼ਟੀ ਵਿਚ ਹਮੇਸ਼ਾ ਹੀ ਅਨਿਸ਼ਚਿਤਤਾ ਵਿਚ ਵਿਚਰਦਾ ਰਹਿੰਦਾ ਹੈ, ਇਸੇ ਅਨਿਸ਼ਚਿਤਤਾ ਵਿਚੋਂ ਹੀ ਮਨੁਖੀ ਮਨ ਨੇ ਇਸ ਅਨਿਸ਼ਚਿਤਤਾ ਤੋਂ ਮੁਕਤ ਹੋਣ ਲਈ ਜਿਗਿਆਸਾ ਉਤਪੰਨ ਕੀਤੀ। ਇਸੇ ਜਿਗਿਆਸਾ ਦੇ ਯਤਨਾਂ ਦਾ ਹੀ ਫਲ ਹੈ ਅੰਮ੍ਰਿਤ ਲਈ ਕੀਤਾ ਗਿਆ ਪ੍ਰਯਤਨ। ਕਵੀ ਨੇ ਅੰਮ੍ਰਿਤ ਦਾ ਦੇਵਤਿਆਂ ਕੋਲ ਹੋਣਾ

---

[1028] ਉਹੀ, ਪਤਰਾ 835-

ਭੂਲਿ ਗਯੋ ਅੱਗਿਯਾਨ ਕਰਿ ਨਿਜ ਸਰੂਪ ਕੋ ਜੋਇ॥ ਤਿਸ ਹੀ ਕੋ ਫਿਰਿ ਜਾਨ ਕੈ ਜੀਵਨ ਮੁਕਤਿ ਸੁ ਹੋਇ॥76॥

[1029] ਉਹੀ, ਪਤਰਾ 779

ਵਰਨਾਸਰਮ ਕਰਮ ਹੈ ਜੇਤੇ॥ ਬਿਧਵਤਿ ਕਰੈ ਪਰਾਨੀ ਤੇਤੇ॥ ਤਿਨ ਤੇ ਅੰਤਰਕਰਨ ਮਹਾਨ॥ ਨਿਰਮਲੁ ਹੋਇ ਸੁ ਕਰੈਂ ਬਖਾਨ॥38॥ ਪਾਪਨਿ ਕਰਿ ਜੋ ਭਯੋ ਮਲੀਨ॥ ਕਰਮਨਿ ਤੇ ਹੁਇ ਸੁੱਧ ਸੁ ਚੀਨ॥ ਅੰਤਹਕਰਣ ਸੁੱਧ ਭਯੋ ਜਬੈ॥ ਲਹੈ ਪਰਾਣੀ ਮੁਕਤਿ ਸੁ ਤਬੈ॥39॥

ਪ੍ਰਵਾਨ ਕੀਤਾ ਹੈ। ਬਿਬਾਹ ਖੰਡ ਵਿਚ ਕਵੀ ਨੇ ਸ਼ਿਵ ਦੇ ਕੋਲ ਅੰਮ੍ਰਿਤ ਹੋਣ ਦੀ ਗੱਲ ਆਖੀ ਹੈ। ਸ਼ਿਵ ਆਪਣੇ ਤ੍ਰਿਸ਼ੂਲ ਨਾਲ ਅੰਮ੍ਰਿਤ ਦਾ ਝਰਨਾ ਵਗਣ ਲਗਾ ਦਿੰਦਾ ਹੈ। ਯਥਾ-

ਸਿਵ ਗੰਗਾ ਭੋਗਵਤੀਂ ਕਾਢੀ ਮਾਰ ਤ੍ਰਿਸੂਲਿ॥

ਅੰਮ੍ਰਿਤ ਸਮ ਜਲ ਕਾਢਿਯੋ ਸਭਹਨਿ ਕੋ ਅਲਕੂਲ॥52॥

ਸਵੈਯਾ॥ ਸਿਵ ਆਪ ਮਹਾਤਮ ਤਾਹਿ ਕਹਯੋ ਮਨ ਲਾਇ ਸੁਨੋ ਅਬ ਸੋਇ ਉਦਾਰੇ॥[1030]

ਅੰਮ੍ਰਿਤ ਦੀ ਮਹਾਨਤਾ ਦਸਦਾ ਹੋਇਆ ਕਵੀ ਇਹ ਵੀ ਸਵੀਕਾਰ ਕਰਦਾ ਹੈ ਕਿ ਜੋ ਵੀ ਇਸ ਵਿਚ ਇਸ਼ਨਾਨ ਕਰ ਲੈਂਦਾ ਹੈ ਉਹ ਜੀਵਨ ਮੁਕਤੀ ਨੂੰ ਪ੍ਰਾਪਤ ਕਰ ਲੈਂਦਾ ਹੈ। ਮਾਤਰ ਇਤਨਾ ਹੀ ਨਹੀਂ ਕਿ ਬਲਕਿ ਉਸਦੇ ਬੱਜਰ ਪਾਪਾਂ ਤੋਂ ਵੀ ਪਲ ਛਿਨ ਵਿਚ ਹੀ ਮੁਕਤ ਹੋ ਜਾਂਦਾ ਹੈ। ਯਥਾ-

ਇਕ ਬਾਰ ਸੁਨਾਨ ਕਰੈ ਇਸ ਮੈ ਜਨਮਾਂਤਰਿ ਕੇ ਅਘ ਜਾਂਇੰ ਸੁ ਸਾਰੇ॥

ਪਰ ਨਾਰ ਰਮੇ ਦਿਜਿ ਕੋ ਨ ਨਮੇਂ ਪਰਭਾਂਤਿ ਸਮੈ ਨਹਿ ਨਾਮ ਉਚਾਰੇ॥

ਦ੍ਵਿਜ ਘਾਤ ਪਿਤਾ ਪੁਨਿ ਮਾਤ ਹਨੇ ਗੁਰ ਨਾਰ ਰਮੇ ਪਰ ਪ੍ਰਾਨ ਨਿਕਾਰੇ॥53॥

ਮਦ ਪਾਂਨ ਕਰੇ ਪੁਨਿ ਆਮਿਖ ਖਾਇ ਰਮੇ ਗਨਿਕਾ ਦ੍ਵਿਜ ਲਾਤ ਜੁ ਮਰੇ॥

ਗਵ ਘਾਤ ਕਰੇ ਪਰ ਮਾਲ ਹਰੇ ਚੁਗਲੀ ਜੋ ਕਰੈ ਪਰ ਘਾਤ ਬਿਚਾਰੇ॥

ਪਗ ਸੋ ਪਗ ਹ੍ਵੈ ਗੁਰ ਗੋਪ ਕਰੇ ਦ੍ਵਿਜ ਆਵਤਿ ਦੇਖਿ ਨਾ ਬੰਦਨ ਧਾਰੇ॥

ਇਤਿਨੇ ਸਭਿ ਪਾਪ ਮਿਟੈ ਖਿਨ ਮੈ ਸਿਵ ਆਪ ਕਹਯੋ ਨਾ ਲਗੇ ਕਛੁ ਬਾਰੇ॥54॥[1031]

ਫਿਰ ਕਵੀ ਅੰਮ੍ਰਿਤ ਦੇ ਤਲਾਅ ਵਿਚ ਇਸ਼ਨਾਨ ਕਰਨ ਦੇ ਦਿਨਾਂ ਦੇ ਅਨੁਸਾਰ ਵੀ ਮਹਾਤਮ ਦਸਦਾ ਹੈ। ਕਵੀ ਦਾ ਮੰਨਣਾ ਹੈ ਕਿ ਦਸਮੀ, ਇਕਾਦਸੀ, ਦੁਆਦਸੀ, ਪੂਰਨਮਾਸੀ, ਅਮਾਵਸ, ਮਾਘੀ, ਦਿਵਾਲੀ, ਜਨਮ ਅਸ਼ਟਮੀ ਇਤਿਆਦਿਕ ਦਿਨਾਂ ਵਿਚ ਜੋ ਵੀ ਅੰਮ੍ਰਿਤ ਵਿਚ ਇਸ਼ਨਾਨ ਕਰੇਗਾ ਉਹ ਦੁਬਾਰਾ

[1030] ਉਹੀ, ਪਤਰਾ 550-51.

[1031] ਉਹੀ, ਪਤਰਾ 551.

ਆਵਾਗਵਨ ਦੇ ਗੇੜ ਵਿਚ ਨਹੀਂ ਪਵੇਗਾ। ਇਥੇ ਹੀ ਕਵੀ ਨੇ ਇਹ ਵੀ ਨਿਰਣਯ ਕੀਤਾ ਹੈ ਕਿ ਅੰਮ੍ਰਿਤ ਮਨੁਖ ਨੂੰ ਅਮਰ ਬਣਾਉਣ ਵਾਲਾ ਹੈ। ਯਥਾ-

ਬਹੁਰਿ ਸੁਰੇਸ ਆਪ ਵਰਿ ਦਯੋ॥ ਸੁਨਿ ਕੈ ਭੂਪ ਪ੍ਰਸੰਨ ਸੁ ਭਯੋ॥

ਦਸਮੀ ਪੁਨਿ ਇਕਾਦਸੀ ਜਾਨ॥ ਪੁਨਿ ਦੁਆਦਸੀ ਤਾਹਿ ਪਛਾਨ॥55॥

ਬਿਤੀ ਪਾਤ ਪੁਨਿ ਪੂਰਨਮਾਸੀ॥ ਬਹੁਰਿ ਅਮਾਵਸਿ ਪੁੰਨਯ ਪ੍ਰਕਾਸੀ॥

ਮਾਘੀ ਅਵਰ ਦਿਵਾਲੀ ਜਾਂਨ॥ ਜਨਮ ਅਸਟਮੀਂ ਅਉਰ ਮਹਾਨ॥56॥

ਇਤਿਨੇ ਦਿਨ ਮੈ ਅੰਮ੍ਰਿਤੁ ਧਾਰਾ॥ ਭੂਪ ਆਇ ਇਸ ਤਾਲ ਮਝਾਰਾ॥

ਇਨ ਦਿਨ ਮੈ ਅਸਨਾਨ ਜੁ ਕਰੈ॥ ਪੁਨਿਰਪਿ ਦੇਹ ਨ ਸੋ ਨਰ ਧਰੈਂ॥57॥

ਅਮਰ ਹੋਇ ਨਰ ਹਿਚੈ ਸੋਇ॥ ਅਮਰ ਨਾਮ ਲਹੇ ਮੁਕਤੀ ਉਇ॥

ਕਰਿ ਝਰਿ ਆਦਿ ਰੋਗ ਸਭਿ ਜੇਤੇ॥ ਭੂਪਤਿ ਮਿਟੈਂ ਤਾਹਿ ਸਭਿ ਤੇਤੇ॥58॥[1032]

ਨਾਨਕ ਮਤਾ ਖੰਡ ਵਿਚ ਵੀ ਕਵੀ ਨੇ ਅੰਮ੍ਰਿਤ ਦੀ ਗੱਲ ਕੀਤੀ ਹੈ, ਉਥੇ ਕਵੀ ਨੇ ਅੰਮ੍ਰਿਤ ਦੀ ਵਿਲਖਣਤਾ ਦਰਸਾਉਂਦਿਆਂ ਕਿਹਾ ਹੈ ਕਿ ਜੇਕਰ ਕੋਈ ਮਰ ਜਾਵੇ ਤਾਂ ਉਸ ਨੂੰ ਅੰਮ੍ਰਿਤ ਨਾਲ ਦੁਬਾਰਾ ਜੀਵਾਇਆ ਜਾ ਸਕਦਾ ਹੈ। ਇਸ ਦੀ ਉਦਾਹਰਨ ਕਵੀ ਨੇ ਦਿੰਦਿਆ ਕਿਹਾ ਹੈ ਕਿ ਕੀੜੀਆਂ ਦੀ ਸੈਨਾ ਨੇ ਪਾਤਾਲ ਵਿਚੋਂ ਜਾ ਕੇ ਅੰਮ੍ਰਿਤ ਲਿਆਂਦਾ ਅਤੇ ਸੈਨਾ ਜੋ ਕਿ ਮਰ ਚੁਕੀ ਸੀ ਨੂੰ ਦਿਤਾ ਅਤੇ ਉਹ ਦੁਬਾਰਾ ਜੀਅ ਉਠੀ। ਯਥਾ-

ਮੂੰਗੀ ਸੈਨਾ ਤੁਰਿਤ ਪਠਾਈ॥ ਅੰਮ੍ਰਿਤ ਬੇਗ ਲਿਆਵਹੁ ਜਾਈ॥

ਬਿਖ ਕੇ ਕੁੰਡ ਭਰੇ ਹੈਂ ਜਹਾਂ॥ ਸਪਤ ਕੁੰਡ ਅੰਮ੍ਰਿਤੁ ਕੇ ਤਹਾ॥25॥

ਦੋਨੋ ਹੈ ਪਾਤਾਲ ਕੇ ਮਾਹਿ॥ ਸਪਤ ਸਪਤ ਤੁਮ ਜਾਨਹੁ ਤਾਹਿ॥

ਅਬ ਤੁਮ ਅੰਮ੍ਰਿਤੁ ਜਾਇ ਲਿਆਵਹੁ॥ ਇਸ ਲਸਕਰਿ ਕੋ ਫੇਰ ਜਿਵਾਵਹੁ॥26॥

ਅੰਮ੍ਰਿਤ ਮੂੰਗੀ ਜਾਇ ਲਿਆਈ॥ ਤਿਨ ਪਰ ਲਜਾਇ ਦਯੋ ਛਿਰਕਾਈ॥

---

[1032] ਉਹੀ, ਪਤਰਾ 551.

ਬਾਵਨਿ ਖੂਹਨਿ ਲਸਕਰਿ ਜੇਤੋ॥ ਧਰਿ ਆਗਿਆ ਤੇ ਉਠਿਉ ਤੇਤੋ॥27॥[1033]

ਵਿਚਾਰਾਧੀਨ ਕ੍ਰਿਤੀ ਵਿਚ ਕਵੀ ਨੇ ਅੰਮ੍ਰਿਤ ਦੇ ਬਾਰੇ ਵਿਚਾਰ ਪ੍ਰਗਟ ਕੀਤੇ ਹਨ। ਜਿਥੇ ਕਵੀ ਨੇ ਇਹ ਦਸਿਆ ਹੈ ਕਿ ਅੰਮ੍ਰਿਤ ਸ਼ਿਵ ਵਰਗੇ ਦੇਵਤਿਆਂ ਕੋਲ ਹੈ ਉਥੇ ਹੀ ਕਵੀ ਨੇ ਉਸ ਦਾ ਸਥਾਨ ਪਾਤਾਲ ਵਿਚ ਵੀ ਸਵੀਕਾਰਿਆ ਹੈ। ਅੰਮ੍ਰਿਤ ਦੀ ਇਹ ਵਿਲਖਣ ਵਿਸ਼ੇਸ਼ਤਾ ਹੈ ਕਿ ਉਸ ਨੂੰ ਪ੍ਰਾਪਤ ਕਰਨ ਨਾਲ ਮਰੇ ਹੋਏ ਨੂੰ ਜੀਵਤ ਕੀਤਾ ਜਾ ਸਕਦਾ ਹੈ ਅਤੇ ਜਿਸ ਨੂੰ ਇਸ ਦੀ ਪ੍ਰਾਪਤੀ ਹੋ ਜਾਵੇ ਉਹ ਜੀਵਨ ਮੁਕਤੀ ਨੂੰ ਵੀ ਪ੍ਰਾਪਤ ਕਰ ਲੈਂਦਾ ਹੈ।

### 4.7 ਪੁੰਨ ਤੇ ਪਾਪ

ਮਨੁਖੀ ਬਿਰਤੀ ਅੰਦਰ ਵਿਚਰ ਰਹੀ ਪੁੰਨ ਪਾਪ ਦੀ ਧਾਰਨਾ ਅਤਿ ਵਿਆਪਕ ਹੋਣ ਨਾਲ ਨੈਤਿਕਤਾ ਨਾਲ ਵੀ ਸੰਬੰਧ ਰਖਦੀ ਹੈ। ਸਮੇਂ ਦੇ ਪਰਿਵਰਤਨ ਨਾਲ ਮਿਥ ਚੇਤਨਾ ਦੇ ਇਸ ਦੁਆਲੇ ਘੇਰੇ ਨੇ ਵਿਸਤ੍ਰਿਤ ਰੂਪ ਪ੍ਰਾਪਤ ਕਰ ਲਿਆ ਹੈ। ਪਾਪ ਕਰਮਾਂ ਨੂੰ ਸਤਯ ਮਾਰਗ ਉਤੇ ਲਿਆਉਣ ਲਈ ਪੁੰਨ ਕਰਮ ਦੀ ਪ੍ਰਬ੍ਰਿਤੀਆਂ ਦਾ ਅਤਿ ਬਲਵਾਨ ਸੰਕਲਪ ਹੈ। ਮਿਥ ਚੇਤਨਾ ਨੇ ਇਸ ਸੰਕਲਪ ਦੇ ਕਾਇਆ ਕਲਪ ਨੂੰ ਜੜ੍ਹ ਰੂਪ ਬਣਾ ਦਿਤਾ ਹੈ। ਯਗ ਕਰਨੇ, ਤੀਰਥ ਇਸ਼ਨਾਨ, ਦਾਨ ਇਤਿਆਦਿਕ ਪੁੰਨ ਹੈ, ਇਸ ਦੇ ਨਾਲ ਹੀ ਧਾਰਮਿਕ ਕਰਮ ਕਾਂਡ, ਅਨੁਸ਼ਠਾਨ ਅਤੇ ਸੰਸਕਾਰ ਵੀ ਪੁੰਨ ਹਨ। ਇਨ੍ਹਾਂ ਸਭ ਤੋਂ ਵਿਪਰੀਤ ਦੀਆਂ ਪ੍ਰਸਿਥਤੀਆਂ ਪਾਪ ਹਨ। ਇਸ ਨੇ ਹੀ ਸੁਰਗ ਨਰਕ ਦੀ ਧਾਰਨਾਂ ਨੂੰ ਜਨਮ ਦਿਤਾ ਹੈ। ਜਿਥੇ ਪੁੰਨੀ ਸੁਰਗ ਪ੍ਰਾਪਤੀ ਦੇ ਯੋਗ ਹੈ ਉਥੇ ਪਾਪੀ ਨਰਕ ਦਾ ਭਾਗੀ ਬਣਦਾ ਹੈ। ਕਵੀ  ਨੇ ਪਾਪ ਦਾ ਜ਼ਿੰਮੇਵਾਰ ਕਲਿਜੁਗ ਨੂੰ ਦਸਿਆ ਹੈ ਕਿ ਉਸ ਦੇ ਪ੍ਰਭਾਵ ਸਦਕਾ ਹੀ ਮਨੁਖ ਦੇ ਮੰਦੇ ਕਰਮ ਹੁੰਦੇ ਹਨ। ਕਲਿਜੁਗ ਹੀ ਮਨੁਖ ਦਾ ਗਿਆਨ ਖੋਹ ਲੈਂਦਾ ਹੈ ਅਤੇ ਉਸ ਨੂੰ ਮਤਿ ਹੀਨ ਕਰਕੇ ਉਸ ਤੋਂ ਪਾਪ ਕਰਵਾਉਂਦਾ ਹੈ। ਉਹ ਵਿਅਕਤੀ ਹਮੇਸ਼ਾ ਹੀ ਪਾਪ ਕਰਦਾ ਰਹਿੰਦਾ ਹੈ। ਉਸ ਦਾ ਰੰਚਿਕ ਮਾਤਰ ਵੀ ਧਿਆਨ ਧਰਮ ਦੇ ਕਰਮਾਂ ਵਾਲੇ ਪਾਸੇ ਨਹੀਂ ਆਉਂਦਾ। ਯਥਾ-

ਕਲਿਜੁਗ ਪਰਬਰ ਤੈ ਜਬ ਯਾ ਵਰਤੈ ਬੁਧਿ ਤਬ ਪਰਤੈ ਜੀਵਨ ਕੀ॥
ਕਲਿ ਹਰੈ ਗਿਆਨੰ ਹਰਿ ਭਗਵਾਨੇ ਹ੍ਵੈ ਮਤਿ ਹਾਨੰ ਧੀਵਨ ਕੀ॥

[1033] ਉਹੀ, ਪਤਰਾ 1279.

ਨਰ ਕਰਹਿ ਕੁਕਰਮੰ ਪਰਮ ਅਧਰਮੰ ਲਖੈਂ ਨ ਧਰਮੰ ਪਾਪ ਰਤੇ॥

ਤਿਨਕੀ ਬੁਧਿਵਾਨੰ ਕਹੋ ਮਹਾਨੰ ਕਿੰ ਭਗਵਾਨੰ ਹੋਇ ਗਤੇ॥32॥

ਤੋਟਕ ਛੰਦ॥

ਤਿਨਕੀ ਮਤਿ ਪਾਪਨਿ ਮਾਹਿ ਸਦਾ॥ ਧਰਮੰ ਨ ਕਰੈਂ ਇਕ ਰੰਚ ਕੇਦਾ॥

ਬਣਜੰ ਬਿਵਹਾਰ ਵਿਖੈ ਸੁਰਤੈ॥ ਹਰਿ ਨਾਮ ਵਿਖੈ ਤਿਨ ਨਾਹਿ ਮਤਾ॥33॥[1034]

ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਜੋ ਵਿਅਕਤੀ ਪੁੰਨ ਕਰਮ ਕਰਦਾ ਹੈ ਉਹ ਸੁਰਗ ਦਾ ਭਾਗੀ ਬਣਦਾ ਹੈ ਅਤੇ ਜੋ ਪਾਪ ਕਰਦਾ ਹੈ ਉਹ ਨਰਕ ਨੂੰ ਜਾਂਦਾ ਹੈ ਜੋ ਮਿਸ਼ਰਤ ਕਰਮ ਕਰਦਾ ਹੈ ਉਹ ਮਨੁਖ ਦੀ ਜੋਨੀ ਵਿਚ ਆਉਂਦਾ ਹੈ। ਯਥਾ-

ਪੁੰਨ ਕਰਮ ਕਰਿ ਸੁਰਗ ਸੁ ਜਾਵੈ॥ ਪਾਪ ਕਰਮ ਕਰਿ ਨਰਕ ਸਿਧਾਵੈ॥

ਮਿਸਰਤ ਕਰਮ ਕਰੈ ਨਰ ਜੋਇ॥ ਮਾਨੁਖ ਤਨ ਪੁਨਿ ਪਾਵੈ ਸੋਇ॥41॥[1035]

ਵਿਚਾਰਾਧੀਨ ਕ੍ਰਿਤੀ ਵਿਚ ਕਵੀ ਨੇ ਕੁਝ ਕੁ ਪਾਪਾਂ ਦੀ ਪਹਿਚਾਣ ਵੀ ਦਸੀ ਹੈ ਜਿਸ ਵਿਚ ਗਊ, ਬ੍ਰਹਮਣ ਨੂੰ ਲੱਤ ਮਾਰਨੀ, ਬਾਲਕ ਅਤੇ ਇਸਤਰੀ ਦਾ ਕਤਲ ਕਰਨਾ, ਮਾਤਾ ਪਿਤਾ ਦਾ ਕਤਲ ਕਰਨਾ, ਸਾਧੂ ਨੂੰ ਦੁਖ ਦੇਣਾ, ਗਾਂ ਦਾ ਘਾਤ, ਵਿਸ਼ਵਾਸ ਘਾਤ, ਝੂਠੀ ਗਵਾਹੀ, ਗੁਰੂ ਦੀ ਨਿੰਦਾ ਇਤਿਆਦਿਕ, ਸੋ ਕਵੀ ਨੇ ਇਸ ਤਰ੍ਹਾਂ ਦੀਰਘ ਅਤੇ ਸੂਖਮ ਪਾਪਾਂ ਬਾਰੇ ਵਿਚਾਰ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਯਥਾ-

ਗਊ ਬ੍ਰਹਮਣ ਕੋ ਮਾਰੀ ਲਾਤ॥ ਬਾਲਕ ਇਸਤ੍ਰੀ ਕੀਨੀ ਘਾਤ॥

ਮਾਤ ਪਿਤਾ ਕਾ ਬਧ ਜਿਨ ਕੀਨਾ॥ ਔਰੁ ਸਾਧੁ ਕੋ ਦੁਖ ਜਿਨ ਦੀਨਾ॥177॥

ਗੋ ਘਾਤੀ ਬ੍ਰਹਮ ਘਾਤੀ ਜੋਇ॥ ਮਾਤਾ ਗਮਨ ਕਰਾ ਜਿਨ ਹੋਇ॥

ਵਿਸ੍ਰਾਸ ਘਾਤ ਗੁਰ ਘਾਤਕ ਜੋਇ॥ ਝੂਠੀ ਸਾਖ ਭਰੀ ਜੇ ਹੋਇ॥178॥

ਗੁਰ ਨਿੰਦਾ ਕੀਨੋ ਸੁਰਾ ਪਾਨ॥ ਇਤ ਆਦਿ ਜੋ ਪਾਪ ਮਾਹਾਨ॥

---

[1034] ਉਹੀ, ਪਤਰਾ 71.

[1035] ਉਹੀ, ਪਤਰਾ 1538.

ਕਰੈ ਸਨਾਨ ਜੁ ਤਾ ਕੇ ਮਾਹਿ॥ ਇਤਨੇ ਪਾਪ ਨਾਇ ਤੇ ਜਾਂਹਿ॥179॥[1036]

ਉਪਰੋਕਤ ਅਸੀਂ ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਵਿਚਾਰ ਕੀਤੀ ਹੈ ਕਿ ਪਾਪ ਅਤੇ ਪੁੰਨ ਦੋ ਅਜਿਹੇ ਕਰਮ ਹਨ ਜੋ ਕਿ ਇਕ ਦੂਜੇ ਤੋਂ ਉਲਟ ਪ੍ਰਬਿਰਤੀ ਦੇ ਹਨ। ਪਾਪ/ਪੁੰਨ ਨਾਲ ਹੀ ਮਨੁਖ ਨੂੰ ਨਰਕ ਸੁਰਗ ਜਾਂ ਜੋਨਾਂ ਦੀ ਪ੍ਰਾਪਤੀ ਹੁੰਦੀ ਹੈ।

### 4.8 ਜੰਤਰ, ਮੰਤਰ ਅਤੇ ਤੰਤਰ

ਭਾਈ ਕਾਨ੍ਹ ਸਿੰਘ ਨਾਭਾ ਨੇ ਇਨ੍ਹਾਂ ਸ਼ਬਦਾਂ ਦੇ ਅਰਥ ਇਸ ਤਰ੍ਹਾਂ ਕੀਤੇ ਹਨ-

ਜੰਤਰ- ਤੰਤ੍ਰ ਸ਼ਾਸਤਰ ਅਨੁਸਾਰ ਟੂਣਾ[1037]

ਤੰਤਰ- ਤੰਤਰ ਦਾ ਅਰਥ ਟੂਣਾ ਜਾਂ ਜਾਦੂ।[1038]

ਮੰਤਰ- ਤੰਤ੍ਰਸ਼ਾਸਤਰ ਅਨੁਸਾਰ ਕਿਸੇ ਦੇਵਤਾ ਨੂੰ ਰਿਝਾਉਣ ਅਥਵਾ ਕਾਰਯਸਿਧੀ ਲਈ ਜਪਣ ਯੋਗ ਸ਼ਬਦ।[1039]

ਦੂਜੇ ਸ਼ਬਦਾਂ ਵਿਚ ਸ਼ਬਦਾਂ ਦੇ ਸੂਤਕ ਸਮੂਹ ਨੂੰ ਮੰਤਰ ਕਿਹਾ ਜਾਂਦਾ ਹੈ। ਇਸ ਦਾ ਸੰਬੰਧ ਕਿਸੇ ਵੀ ਮੰਤਵ ਦੀ ਸਿਧੀ ਨਾਲ ਜੋੜ ਲਿਆ ਜਾਂਦਾ ਹੈ। ਮੰਤਰ ਵਿਚ ਸ਼ਬਦ ਦੀ ਸ਼ਕਤੀ ਵਿਦਮਾਨ ਹੁੰਦੀ ਹੈ। ਅਕਸਰ ਮੰਤਰ ਜੰਤਰ ਜਾਦੂ ਟੂਣੇ ਦਾ ਹੀ ਰੂਪ ਸਮਝੇ ਜਾਂਦੇ ਹਨ। ਸਧਾਰਨ ਤੌਰ 'ਤੇ ਇਨ੍ਹਾਂ ਦਾ ਸੰਬੰਧ ਸਾਰੇ ਦੇਸ਼ਾਂ ਦੇ ਨਿਵਾਸੀਆਂ ਨਾਲ ਹੁੰਦਾ ਹੈ। ਇਸ ਵਿਚ ਇਹ ਧਾਰਨਾ ਪ੍ਰਬਲ ਹੁੰਦੀ ਹੈ ਕਿ ਪ੍ਰਾਕ੍ਰਿਤਕ ਸ਼ਕਤੀਆਂ ਨੂੰ ਖਾਸ ਢੰਗ ਨਾਲ ਕਾਬੂ ਕਰ ਕੇ ਵਸ ਵਿਚ ਕੀਤਾ ਹੁੰਦਾ ਹੈ ਅਤੇ ਮਨੋਪ੍ਰਵਿਰਤੀ ਅਨੁਸਾਰ ਕਰਮ ਕਰਵਾਏ ਜਾ ਸਕਦੇ ਹਨ। ਵਿਚਾਰਾਧੀਨ ਕ੍ਰਿਤੀ ਵਿਚ ਵੀ ਮੰਤਰ ਜੰਤਰਾਂ ਬਾਰੇ ਵਿਚਾਰ ਵਿਅਕਤ ਕੀਤੇ ਮਿਲਦੇ ਹਨ। ਖਡੂਰੀ ਖੰਡ ਵਿਚ ਜਦੋਂ ਗੁਰੂ ਨਾਨਕ ਦੇਵ ਜੀ ਜੈਨੀਆਂ ਨੂੰ ਮਿਲਦੇ ਹਨ, ਉਦੋਂ ਉਹ ਮੰਤਰ ਦੇ ਜ਼ਰੀਏ ਗੁਰੂ ਜੀ

---

[1036] ਉਹੀ, ਪਤਰਾ 1549.

[1037] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 539.

[1038] ਪੰਨਾ 604.

[1039] ਪੰਨਾ 1002.

ਨੂੰ ਹਰਾਉਣ ਦਾ ਯਤਨ ਕਰਦੇ ਹਨ। ਉਹ ਆਪਣੀ ਵਿਦਿਆ ਦੇ ਹੰਕਾਰ ਵਿਚ ਗੁਰੂ ਜੀ ਉਪਰ ਮੰਤਰ, ਜੰਤਰ, ਤੰਤਰ ਛਡਦੇ ਹਨ। ਯਥਾ-

ਸੁਨਿ ਕਰਿ ਏਕ ਸਰੇਵੜਾ ਆਯੋ ਨਾਨਕ ਪਾਸ॥

ਸੰਗ ਲਿਆਯੋ ਜਤੀ ਕੋ ਜੰਤਰ ਜਾਹਿ ਭਿਆਸ॥1॥

ਚੌਪਈ॥

ਮੰਤਰ ਜੰਤਰ ਤੰਤਰ ਜੇਤੇ॥ ਕਰਿਤਾ ਵਲਿ ਵਤਿ ਤਿਨ ਕੋ ਤੇਤੇ॥

ਬਿਦਿਯਾ ਆਹਿ ਸਾਬਰੀ ਜੇਤੀ॥ ਸਾਵਤਿ ਤਿਨ ਕੋ ਆਇ ਸੁ ਤੇਤੀ॥2॥[1040]

ਪਰ ਗੁਰੂ ਜੀ ਉਪਰ ਉਨ੍ਹਾਂ ਦਾ ਕੋਈ ਅਸਰ ਨਹੀਂ ਹੁੰਦਾ। ਗੁਰੂ ਨਾਨਕ ਦੇਵ ਜੀ ਨੇ ਉਸ ਮੰਤਰ ਨੂੰ ਭਲੇ ਕੰਮ ਵਿਚ ਲਗਾ ਦਿਤਾ। ਇਸ ਤਰ੍ਹਾਂ ਜਦੋਂ ਉਨ੍ਹਾਂ ਦਾ ਪਹਿਲਾ ਵਾਰ ਖਾਲੀ ਗਿਆ ਤਾਂ ਉਨ੍ਹਾਂ ਨੇ ਫਿਰ ਤੋਂ ਮੰਤਰਾਂ ਪੜਨੇ ਸ਼ੁਰੂ ਕਰ ਦਿਤੇ, ਜਿਸ ਦੇ ਨਾਮ ਦਾ ਉਹ ਮੰਤਰ ਪੜਦਾ ਉਹੋ ਹੀ ਪ੍ਰਗਟ ਹੋ ਜਾਂਦਾ ਮੰਤਰ ਤੋਂ ਪੈਦਾ ਹੋਣ ਵਾਲੇ ਇਤਨੇ ਬਲਸ਼ਾਲੀ ਸਨ ਕੇ ਸਾਹਮਣੇ ਵਾਲੇ ਨੂੰ ਅਕਾਸ਼ ਵਿਚ ਉਡਾ ਦਿੰਦੇ ਸਨ, ਜਦੋਂ ਉਹ ਧਰਤੀ ਉਤੇ ਡਿਗਦਾ ਤਾਂ ਉਸਦੇ ਪ੍ਰਾਣ ਨਿਕਲ ਜਾਂਦੇ ਸਨ। ਪਰ ਗੁਰੂ ਨਾਨਕ ਦੇਵ ਜੀ ਉਪਰ ਸਾਰੇ ਹੀ ਵਿਫਲ ਰਹੇ। ਸੋ ਕਵੀ ਨੇ ਇਥੇ ਮੰਤਰਾਂ ਤੋਂ ਬਲਸ਼ਾਲੀ ਸ਼ਕਤੀ ਪੈਦਾ ਹੁੰਦੀ ਦਰਸਾਈ ਹੈ ਅਤੇ ਉਸ ਨੂੰ ਜਾਦੂ ਟੂਣੇ ਨਾਲ ਜੋੜਨ ਦਾ ਯਤਨ ਕੀਤਾ ਹੈ। ਇਹ ਸਧਾਰਨ ਸ਼ਕਤੀ ਨਹੀਂ ਬਲਕਿ ਅਸਧਾਰਨ ਹੈ ਜੋ ਕਿ ਅਸੰਭਵ ਕੰਮ ਕਰਦੀ ਹੈ। ਯਥਾ-

ਪਰ ਗੁਰ ਨਾਨਕ ਦਿਆਲ ਹੈ ਮਾਰਨ ਦਏ ਨ ਕਾਹੂ॥

ਆਯਾ ਭਲੇ ਸੁ ਵਾਸਤੇ ਭਲੇ ਚਲਾਏ ਰਾਹੁ॥7॥

ਚੌਪਈ॥

ਪਹਲਾ ਬਾਰ ਗਯੋ ਜਬ ਖਾਲੀ॥ ਪੁਨਿ ਤਿਨਿ ਪੜੀ ਸੁ ਮੰਤਰ ਜਾਲੀ॥

ਮੰਤ੍ਰਨ ਮੈ ਗੁਣਿ ਆਹਿ ਸੁ ਜੇਤੇ॥ ਕਛੁ ਕਿ ਅਲਪ ਹਮ ਕਹੈਂ ਸੁ ਤੇਤੇ॥8॥

---

[1040] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 820.

ਮੰਤ੍ਰ ਸੁ ਪੜਿ ਜਿਸ ਕਾ ਲਏ ਨਾਮ॥ ਅਰੁ ਪੁਨਿ ਤਿਸ ਕੋ ਕਰੈ ਪ੍ਰਣਾਮ॥

ਬਹੁਰਿ ਸੁ ਦਰਸਨਿ ਦੇਵੇ ਆਇ॥ ਦਰਸਨਿ ਕਰਤਿ ਪ੍ਰਾਨ ਤਹਿ ਜਾਇ॥9॥

ਫੂਕਤਿ ਮੰਤ੍ਰ ਸੁ ਉਡੈ ਅਕਾਸ॥ ਭਰਮੈ ਨਭ ਮੈ ਏਕ ਸੁ ਮਾਸ॥

ਦੇਸ ਬਿਦੇਸ ਕਹੂੰ ਜਾਇ ਪਰੈ॥ ਸਿਵ ਕੇ ਵਚਨਿ ਸੁ ਨਾਹੀ ਟਰੈ॥10॥

ਨਭ ਤੇ ਗਿਰਤਿ ਹੀ ਜਾਇ ਪਰਾਨ॥ ਅਸਿ ਮੰਤ੍ਰਨ ਮੈ ਸਾਮ੍ਰਥ ਜਾਨ॥

ਤੀਨੋ ਕਾ ਤਿਨਿ ਲੇਕਰਿ ਨਾਮ॥ ਮੰਤ੍ਰ ਸੁ ਪੜਿ ਕਰਿ ਕਰੀ ਪ੍ਰਣਾਮ॥11॥

ਰਾਮ ਨਾਮ ਕਹ ਅੰਤਰਿਜਾਮੀ॥ ਆਤਮ ਧਯਾਨ ਕੀਉ ਗੁਰ ਸ੍ਵਾਮੀ॥

ਤਹਿ ਮੰਤ੍ਰਨ ਕਾ ਗਯੋ ਸੁ ਝੋਕੁ॥ ਗੁਰ ਨਾਨਕ ਤਬ ਕਹਯੋ ਸਲੋਕੁ॥12॥[1041]

ਵਿਚਾਰਾਧੀਨ ਕ੍ਰਿਤੀ ਵਿਚ ਮੰਤਰ ਤੰਤਰ ਨੂੰ ਤਾਮਸ ਕਰਮਾਂ ਅਧੀਨ ਰਖਿਆ ਹੈ।[1042] ਮਾਇਆ ਦੇ ਤਾਮਸ ਸਰੂਪ ਵਿਚ ਇਨ੍ਹਾਂ ਦੀ ਗਿਣਤੀ ਕਰਦੇ ਹੋਏ ਕਵੀ ਨੇ ਇਹ ਨਿਰਣਯ ਕੀਤਾ ਹੈ ਕਿ ਸੰਸਾਰ ਮੰਤਰ ਜੰਤਰ ਅਤੇ ਤੰਤਰ ਵਿਚ ਹੀ ਭਟਕਿਆ ਫਿਰਦਾ ਹੈ।[1043] ਜਦੋਂ ਮਨੁਖ ਪਰਮਾਤਮਾ ਦੇ ਮੰਤਰ ਦਾ ਜਾਪ ਕਰਦਾ ਹੈ ਤਾਂ ਉਸ ਉਪਰ ਕੀਤੇ ਗਏ ਸਾਰੇ ਹੀ ਮੰਤਰ ਜੰਤਰ ਤੰਤਰ ਸਾਰੇ ਹੀ ਨਿਹਫਲ ਹੋ ਜਾਂਦੇ ਹਨ।[1044] ਖਡੂਰੀ ਖੰਡ ਦੇ ਅਧਿਆਇ 7 ਵਿਚ ਨਿਰਣਯ ਕੀਤਾ ਗਿਆ ਹੈ ਕਿ ਮੰਤਰ ਤੰਤਰ ਤੋਂ ਸਰਬੋਤਮ ਪਰਮਾਤਮਾ ਦੇ ਨਾਮ

---

[1041] ਉਹੀ, ਪਤਰਾ 820-21.

[1042] ਉਹੀ, ਪਤਰਾ 1528-

ਮੰਤਰਿ ਤੰਤਰਿ ਸਾਧੈ ਜੋਇ॥ ਤਾਮਸ ਕਰਮ ਕਹਾਵੈ ਸੋਇ॥ ਗਯਾਨ ਭਜਨੁ ਬਿਨੁ ਜਪ ਤਪ ਕਰੈ॥ ਫਲ ਅਭਿਲਾਖਾ ਮਨ ਮੈ ਧਰੈ॥56॥

[1043] ਉਹੀ, ਪਤਰਾ 818-

ਮੰਤ੍ਰ ਜੰਤਰਿ ਤੰਤਰਿ ਮੈ ਭੂਲਾ ਸਭਿ ਸੰਸਾਰ॥ ਰਾਮ ਨਾਮ ਬਿਨੁ ਜੀਵ ਕਾ ਹੋਇ ਨ ਕਬੀ ਉਧਾਰ॥61॥

[1044] ਉਹੀ, ਪਤਰਾ 822-

ਰਾਮ ਕਹਤਿ ਹੀ ਮੰਤ੍ਰ ਸੁ ਜੇਤੇ॥ ਨਿਹਫਲੁ ਭਏ ਸੁ ਸਗਲੇ ਤੇਤੇ॥14॥

ਦਾ ਮੰਤਰ ਹੈ।[1045] ਧਰਮ ਉਦਯੋਗ ਖੰਡ ਵਿਚ ਕਵੀ ਨੇ ਤਾਰਕ ਮੰਤਰ ਦੀ ਵੀ ਗੱਲ ਕੀਤੀ ਹੈ। ਕਵੀ ਨੇ ਤਾਰਕ ਮੰਤਰ ਪਰਮਾਤਮਾ ਦੇ ਮੰਤਰ ਨੂੰ ਹੀ ਕਿਹਾ ਹੈ। ਯਥਾ-

ਸੁਨਿ ਕੈ ਮੁਨਿ ਆਪ ਕਹਯੋ ਤਿਸ ਕੋ ਸਮਰੂ ਬਨ ਮਾਹਿ ਕਰੋ ਤਪ ਜਾਏ॥
ਇਕ ਮੰਤਰ ਲੇ ਹਮ ਤੇ ਸੁਭ ਰੂ ਪੁਨਿ ਸਾਦਰ ਤਾਹਿ ਜਪੋ ਮਨ ਲਾਏ॥22॥
ਮੁਨਿ ਤਾਰਕ ਮੰਤਰ ਤਾਹਿ ਦਯੋ ਭਦਰੇ ਸਭਿ ਸੋਚਿ ਸੁ ਦੇਹਿ ਨਿਵਾਰੇ॥
ਇਹੁ ਮੰਤਰ ਸਾਦਰ ਆਪ ਜਪੋ ਸੁ ਤਪੇ ਬਨ ਮੈ ਅਬ ਜਾਇ ਉਦਾਰੇ॥
ਮੁਨਿ ਦੇ ਉਪਦੇਸ ਸੁ ਲੋਪ ਭਏ ਸੁਰਤਾ ਸੁ ਤਪੋ ਬਨ ਜਾਇ ਨਿਹਾਰੇ॥
ਜਹਿ ਕੋਕਲਿ ਕੀਰਮਯੂਰ ਘਨੇ ਸਭਿ ਰਾਮ ਸੁ ਮੰਤਰ ਆਪ ਉਚਾਰੇ॥23॥[1046]

ਵਿਚਾਰਾਧੀਨ ਕ੍ਰਿਤੀ ਵਿਚ ਕਵੀ ਨੇ ਗੁਰੂ ਨਾਨਕ ਦੇਵ ਜੀ ਨੂੰ ਸਤਿਨਾਮ ਦਾ ਮੰਤਰ ਲੋਕਾਂ ਨੂੰ ਦਿੰਦੇ ਹੋਏ ਦਰਸਾਇਆ ਹੈ। ਇਸ ਮੰਤਰ ਦੀ ਵਿਲਖਣਤਾ ਇਹ ਹੈ ਕਿ ਇਸ ਮੰਤਰ ਨਾਲ ਕਿਸੇ ਪ੍ਰਕਾਰ ਦੀ ਵੀ ਕੋਈ ਬਿਪਤਾ ਨਹੀਂ ਆਉਂਦੀ। ਪਲਖਦੀਪ ਖੰਡ ਵਿਚ ਗੁਰੂ ਜੀ ਵਣ ਮਾਣੂਆਂ ਨੂੰ ਇਹ ਮੰਤਰ ਦਿੰਦੇ ਹਨ। ਯਥਾ-

ਸਿਵ ਸਿਮਿਰੈ ਕੈਲਾਸ ਮੈ ਵਹੀ ਰਾਮ ਕੋ ਆਪ॥ ਬਿਖ ਬਾਧਾ ਨਾ ਕਰਿ ਸਕੈ ਰਾਮ ਨਾਮ ਪਰਤਾਪ॥72॥
ਸਤਿਨਾਮ ਹੈ ਰਾਮ ਕਾ ਛੂਠੇ ਜਗ ਕੇ ਨਾਮੁ॥ ਸਤਿਨਾਮ ਮੁਖਿ ਲੀਜਿਯੈ ਨਾਨਕ ਆਠੋ ਜਾਮੁ॥73॥
ਸਤਿਨਾਮੁ ਸਤਿਗੁਰੂ ਨੈ ਤਿਨ ਕੋ ਦੀਉ ਬਤਾਇ॥ ਸਿਮਰਨ ਲਾਗੇ ਨਾਮੁ ਸੋ ਵਣ ਮਾਣੂ ਸਭ ਸਾਇ॥74॥[1047]

ਬਰਨ ਖੰਡ ਵਿਚ ਵੀ ਕਵੀ ਨੇ ਗੁਰੂ ਨਾਨਕ ਦੇਵ ਜੀ ਨੂੰ ਲੋਕਾਂ ਨੂੰ ਵਾਹਿਗੁਰੂ ਮੰਤਰ ਦਿੰਦੇ ਦਸਿਆ ਹੈ। ਜੋ ਵੀ ਵਿਅਕਤੀ ਵਾਹਗੁਰੂ ਮੰਤਰ ਦਾ ਜਾਪ ਕਰਦਾ ਉਸ ਦਾ ਉਦਾਰ ਹੋ ਜਾਂਦਾ ਹੈ। [1048] ਸੋ

---

[1045] ਉਹੀ, ਪਤਰਾ 822-

ਰਾਮ ਮੰਤਰ ਇਨ ਸਭ ਕੋ ਦਯੋ॥ ਰਾਮ ਨਾਮ ਅਬੁ ਪਰਗਟਿ ਭਯੋ॥ ਐਸੇ ਕਰਿ ਮਨ ਮਾਹਿ ਬਿਚਾਰ॥ ਅਉਰ ਕੀਉ ਤਿਨਿ ਬਾਰ ਤਿਆਰ॥16॥

[1046] ਉਹੀ, ਪਤਰਾ 400.

[1047] ਉਹੀ, ਪਤਰਾ 1334.

[1048] ਉਹੀ, ਪਤਰਾ 1522-

ਕਵੀ ਦੇ ਦ੍ਰਿਸ਼ਟੀਕੋਣ ਅਨੁਸਾਰ ਮੰਤਰ, ਤੰਤਰ ਅਤੇ ਜੰਤਰ ਮਾਤਰ ਤਾਮਸ ਗੁਣ ਅਧੀਨ ਹਨ, ਪਰਮਾਤਮਾ ਦੇ ਨਾਮ ਦਾ ਮੰਤਰ ਸਰਬੋਤਮ ਹੈ।

**4.9 ਰਿਧੀਆਂ, ਸਿਧੀਆਂ ਅਤੇ ਜੈਨੀਆਂ ਦੀਆਂ ਮਨੌਤਾਂ**

ਵਿਚਾਰਾਧੀਨ ਕ੍ਰਿਤੀ ਵਿਚ ਕਵੀ ਨੇ ਗੁਰਬਾਣੀ ਦਾ ਹਵਾਲਾ ਦੇ ਕੇ ਰਿਧੀਆਂ ਸਿਧੀਆਂ ਤੋਂ ਮਨੁਖ ਨੂੰ ਵਰਜਿਆ ਹੈ। ਕਵੀ ਕਹਿੰਦਾ ਹੈ ਕਿ ਜਿਸ ਤਰ੍ਹਾਂ ਹੰਸ ਮੋਤੀਆਂ ਨੂੰ ਛਡ ਕੇ ਕਰੰਗਾਂ ਦੇ ਪਿਛੇ ਲਗਾ ਹੋਵੇ, ਉਸੇ ਤਰ੍ਹਾਂ ਮਨੁਖ ਦਾ ਮੋਤੀਆਂ ਨੂੰ ਛਡ ਕੇ ਰਿਧੀਆਂ ਸਿਧੀਆਂ ਪਿਛੇ ਲਗਣਾ ਵੀ ਹੰਸ ਦਾ ਕਰੰਗ ਪਿਛੇ ਲਗਣ ਦੇ ਸਮਾਨ ਹੈ। ਉਸ ਵਿਅਕਤੀ ਦੀ ਕਦਾਚਿਤ ਮੁਕਤੀ ਨਹੀਂ ਹੋ ਸਕਦੀ। ਮੋਖ ਪੰਥ ਲਈ ਇਹ ਕਰਮ ਅਵਰੋਧਕ ਦਾ ਕਾਰਜ ਕਰਦੇ ਹਨ। ਯਥਾ-

ਸਉ ਓਲਾਮੑੇ ਦਿਨੈ ਕੇ ਰਾਤੀ ਮਿਲਨਿੑ ਸਹੰਸ॥

ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ॥[1049]

ਟੀਕਾ॥ ਚੌਪਈ॥

ਰਿਧਿ ਸਿਧੀ ਅਰੁ ਕਰਮ ਸੁ ਜੇਤੇ॥ ਇਹੀ ਕਰੰਗਿ ਪਛਾਨੋ ਤੇਤੇ॥

ਰਿਧੀ ਸਿਧੀ ਆਹਿ ਸੁ ਜੇਤੀ॥ ਮੋਖ ਪੰਥ ਕੀ ਬੈਰਨਿ ਤੇਤੀ॥52॥

ਰਿਧੀ ਸਿਧੀ ਮਾਹਿ ਜੁ ਭੂਲੇ॥ ਤਿਨ ਕੀ ਮੁਕਤਿ ਹੋਇ ਨਹਿ ਮੂਲੈਂ॥

ਤਿਰਬਿਧਿ ਕਰਮ ਜੁ ਜਾਤਿ ਸੁਭਾਉ॥ ਮੋਖ ਪੰਥ ਕੇ ਜਾਨ ਠਗਾਊ॥53॥[1050]

ਇਸ ਤਰ੍ਹਾਂ ਕਵੀ ਨੇ ਮਨੁਖ ਨੂੰ ਰਿਧੀਆਂ ਸਿਧੀਆਂ ਨੂੰ ਮਾਤਰ ਕਰੰਗ ਦਸ ਕੇ ਉਨ੍ਹਾਂ ਤੋਂ ਵਰਜਿਆ ਹੈ। ਬਰਨ ਖੰਡ ਵਿਚ ਕਵੀ ਨੇ ਗੁਰੂ ਨਾਨਕ ਜੀ ਅਤੇ ਜੈਨੀਆਂ ਦੇ ਵਿਚਾਰ ਸਮੇਂ ਉਨ੍ਹਾਂ ਦੀਆਂ ਕੁਝ ਕੁ ਮਨੌਤਾਂ

---

ਵਾਹਗੁਰੂ ਗੁਰ ਮੰਤਰਿ ਦਯੋ॥ ਸਾਦਰਿ ਭਾਵ ਸਹਤਿ ਤਿਨ ਲਯੋ॥ ਗੁਰ ਮੰਤਰਿ ਦੇ ਗਏ ਅਗਾਰੇ॥ ਜਪਤਿ ਭਯੋ ਸੋ ਤਾਹਿ ਉਦਾਰੇ॥52॥ ਜਪਤਿ ਇਕਾਗਰਿ ਮਨ ਹ੍ਵੈ ਗਯੋ॥ ਇਤਿਨੈ ਦਿਵਸਿ ਸੁ ਆਵਤਿ ਭਯੋ॥ ਹਰਿ ਚਿੰਤਤਿ ਤਨੁ ਤਾਹਿ ਬਿਲਾਯੋ॥ ਭਯੋ ਮੁਕਤਿ ਪੁਨਿ ਜਨਮ ਨ ਆਯੋ॥53॥

1049 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 790.

1050 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1528.

ਬਾਰੇ ਵੀ ਵਿਚਾਰ ਵਿਅਕਤ ਕੀਤੇ ਹਨ। ਜਿਸ ਵਿਚ ਅਸੀਂ ਦੇਖਦੇ ਹਾਂ ਕਿ ਜੈਨੀ ਲੋਕ ਭਗਵਾਨ ਦਾ ਨਾਮ ਨਹੀਂ ਲੈਂਦੇਂ ਸਗੋਂ ਪਾਰਸਨਾਥ ਦੀਆਂ ਮੂਰਤੀਆਂ ਸਥਾਪਿਤ ਕੀਤੀਆਂ ਹੋਈਆਂ ਸਨ। ਉਹ ਸਾਰੇ ਹੀ ਲੋਕ ਮੰਤਰ ਜੰਤਰ ਵਿਚ ਹੀ ਫਸੇ ਹੋਏ ਸਨ। ਯਥਾ-

ਜੈਨ ਮਾਰਗੀ ਲੋਕ ਸੁ ਸਾਰੇ॥ ਭਗਵਤਿ ਨਾਮ ਨ ਕਰੈਂ ਉਚਾਰੇ॥

ਜੈਨ ਮਾਰਗੀ ਸਗਲਾ ਦੇਸ॥ ਜਤੀਅਨ ਕਾ ਸਭਿ ਕੋ ਉਪਦੇਸ॥58॥

ਪਾਰਸਨਾਥ ਪਰਤਿਮਾ ਸਾਰੇ॥ ਭੂਲ ਨ ਜਾਵੈ ਠਾਕੁਰ ਦ੍ਵਾਰੇ॥

ਰਾਮ ਨਾਮ ਜੋ ਜਗ ਮੈ ਸਾਰੈ॥ ਭੂਲ ਨ ਤਿਸ ਕਾ ਕਰੈਂ ਉਚਾਰੰ॥59॥

ਭੂਲੇ ਮੰਤਰ ਜੰਤ੍ਰਨ ਮਾਹੀ॥ ਰਾਮ ਨਾਮ ਕੋ ਜਾਨੈ ਨਾਹੀ॥

ਰਾਮ ਨਾਮ ਜੋ ਜਗ ਮੈ ਸਾਰੈ॥ ਕਰਨ ਨ ਦਏ ਸੁ ਜਤੀ ਉਚਾਰੰ॥60॥[1051]

ਕਵੀ ਦੇ ਦ੍ਰਿਸ਼ਟੀਕੋਣ ਅਨਸਾਰ ਇਨ੍ਹਾਂ ਲੋਕਾਂ ਦੀ ਇਕ ਮਨੌਤ ਇਹ ਵੀ ਸੀ ਕਿ ਉਨ੍ਹਾਂ ਨੇ ਜੀਵ ਹਤਿਆ ਨਹੀਂ ਕਰਨੀ ਇਸ ਲਈ ਆਪਣਾ ਪੇਟ ਭਰਨ ਹਿਤ ਅੰਨ ਨਹੀਂ ਸਨ ਖਾਂਦੇ[1052] ਬਲਕਿ ਉਹ ਲੋਕ ਹਾਥੀ ਮਾਰਦੇ ਸਨ ਅਤੇ ਸਾਰੇ ਇਕਠੇ ਹੋ ਕੇ ਖਾਂਦੇ ਸਨ। ਜਦੋਂ ਗੁਰੂ ਜੀ ਉਨ੍ਹਾਂ ਕੋਲ ਗਏ ਤਾਂ ਉਨ੍ਹਾਂ ਨੇ ਸਪਸ਼ਟ ਕੀਤਾ ਕਿ ਇਕ ਹਾਥੀ ਮਾਰਨ ਨਾਲ ਇਕ ਹੀ ਜੀਵ ਹਤਿਆ ਹੋਵੇਗੀ ਅਤੇ ਜੇਕਰ ਉਹ ਅੰਨ ਖਾਣਗੇ ਤਾਂ ਇਕ-ਇਕ ਦਾਣੇ ਨੂੰ ਖਾ ਕੇ ਉਹ ਅਨੇਕਾਂ ਹੀ ਜੀਵ ਹਤਿਆਵਾਂ ਦੇ ਭਾਗੀਦਾਰ ਬਣ ਜਾਣਗੇ, ਇਸ ਲਈ ਉਹ ਇਕ ਹੀ ਹਾਥੀ ਮਾਰ ਕੇ ਕਈ ਦਿਨ ਖਾਂਦੇ ਸਨ।[1053] ਜਦ ਗੁਰੂ ਜੀ ਨੇ ਉਨ੍ਹਾਂ ਨਾਲ ਸੰਵਾਦ ਰਚਾਇਆ ਤਾਂ ਉਨ੍ਹਾਂ ਨੇ ਕਿਹਾ

---

[1051] ਉਹੀ, ਪਤਰਾ 818.

[1052] ਉਹੀ, ਪਤਰਾ 1596-

ਨਹ ਊਨ ਘਨੀ ਪੁਨਿ ਲਾਜ ਨਹੀ ਇਸ ਤੇ ਸੁ ਫਿਰੈਂ ਸਭ ਲੋਕ ਉਘਾਰੇ॥ ਗਜ ਮਾਰ ਅਤੀਤ ਰਹੈਂ ਤਿਸ ਮੈ ਗਜ ਮਾਰ ਅਹਾਰ ਕਰੈਂ ਵਹਿ ਸਾਰੇ॥60॥ ਸਲੋਕੁ॥ ਅੰਨ ਗ੍ਰਹਨਿ ਨ ਸੋ ਕਰੈਂ ਜੀਵ ਦਯਾ ਮਨ ਧਾਰ॥ ਪੂਜਾ ਪਾਰਸਨਾਥ ਕੀ ਕਰੈਂ ਸੁ ਸਰਬ ਉਦਾਰ॥61॥ ਦੋਹਰਾ॥ ਕਰੇ ਉਛੇਦ ਸੁ ਬਿਸਨੂ ਕਾ ਸਿਵ ਕੋ ਮਾਨੈ ਨਾਹਿ॥ ਨਾਨਕ ਪਹੁਚੇ ਜਾਇ ਕੈ ਤਿਨ ਕੇ ਆਸ੍ਰਮ ਮਾਹਿ॥62॥

[1053] ਉਹੀ, ਪਤਰਾ 1596-97-

ਕਿ ਤੁਹਾਡਾ ਉਪਦੇਸ਼ ਹੈ ਕਿ ਸਾਰੇ ਹੀ ਦਾਣਿਆਂ ਇਤਿਆਦਿਕ ਵਿਚ ਜੀਵ ਹੈ। ਫਿਰ ਅਸੀਂ ਦਾਣੇ ਕਿਵੇਂ ਖਾ ਸਕਦੇ ਹਾਂ।[1054] ਗੁਰੂ ਜੀ ਨੇ ਕਿਹਾ ਕਿ ਬਾਣੀ ਵਿਚ ਇਹ ਵੀ ਕਿਹਾ ਹੈ ਕਿ ਪਾਣੀ ਸ੍ਰਿਸ਼ਟੀ ਦਾ ਪਹਿਲਾ ਜੀਵ ਹੈ[1055] ਫਿਰ ਉਪਦੇਸ਼ ਦਿਤਾ ਕਿ ਜੇਕਰ ਜੀਵ ਹਤਿਆ ਤੋਂ ਬਚਣਾ ਹੈ ਫਿਰ ਤਾਂ ਪਾਣੀ ਵੀ ਤਿਆਗਣਾ ਹੋਵੇਗਾ। ਇਸ ਪ੍ਰਕਾਰ ਗੁਰੂ ਜੀ ਨੇ ਉਨ੍ਹਾਂ ਨੂੰ ਉਪਦੇਸ਼ ਦਿਤਾ। ਯਥਾ-

ਜੀਵ ਦਯਾ ਜਬ ਤੁਮ ਨੈ ਮਾਨੀ॥ ਤਬ ਤੁਮ ਕਿਉ ਨਹਿ ਛੋਡਿਉ ਪਾਨੀ॥
ਜਿਸ ਤੇ ਸਰਬ ਪੈਦਾਇਸ ਹੋਇ॥ ਤਜਿਨਾ ਥਾ ਜਲੁ ਤੁਮ ਨੇ ਸੋਇ॥77॥[1056]

ਸੋ ਉਪਰੋਕਤ ਤੋਂ ਅਸੀਂ ਕਹਿ ਸਕਦੇ ਹਾਂ ਕਿ ਕਵੀ ਰਿਧੀਆਂ ਸਿਧੀਆਂ ਤੋਂ ਭਲੀਂ ਭਾਂਤਿ ਜਾਣੂ ਸੀ ਕਿ ਇਹ ਮਾਤਰ ਕਰੰਗ ਦੇ ਸਮਾਨ ਹਨ ਅਤੇ ਉਸ ਨੇ ਪਾਠਕਾਂ ਨੂੰ ਇਨ੍ਹਾਂ ਤੋਂ ਵਰਜਿਆ ਹੈ। ਜੈਨੀਆਂ ਦੀ ਮਨੌਤਾਂ ਬਾਰੇ ਵੀ ਕਵੀ ਨੇ ਜਾਣਕਾਰੀ ਪ੍ਰਦਾਨ ਕਰਨ ਦਾ ਯਤਨ ਕੀਤਾ ਹੈ, ਜਿਸ ਵਿਚ ਉਨ੍ਹਾਂ ਦਾ ਜੀਵ ਹਤਿਆ ਬਾਰੇ ਵਹਿਮ ਦਾ ਖੰਡਣ ਕਵੀ ਨੇ ਕੀਤਾ ਹੈ।

---

ਏਕ ਜੀਵ ਹਮ ਮਾਰੈਂ ਸਾਰੇ॥ ਤਿਸ ਹੀ ਕਾ ਸਭ ਕਰੈਂ ਅਹਾਰੇ॥67॥ ਦੋਹਰਾ॥ ਤਨ ਰਖਣ ਕੈ ਵਾਸਤੈ ਮਾਰੈਂ ਸੇ ਇਕ ਜੀਉ॥ ਤਨ ਹੀ ਭੋਗੈ ਪਾਪ ਸੋ ਠੰਢ ਤਾਪ ਦੁਖ ਹੀਉ॥68॥ ਹਮ ਕੋ ਪਾਪ ਨ ਸੋ ਲਗੈ ਭੋਗੈ ਤਨ ਹੀ ਸੋਇ॥ ਤਨਹੀ ਮਾਰੈ ਖਾਇ ਪੁਨਿ ਤਹ ਹੀ ਕੋ ਦੁਖ ਹੋਇ॥69॥

1054 ਉਹੀ, ਪਤਰਾ 1597-

ਦਾਣੇ ਅਹਿ ਅੰਨ ਕੇ ਜੇਤੇ॥ ਸਭ ਕੇ ਮਾਹਿ ਜੀਵ ਹੈਂ ਤੇਤੇ॥ ਅੰਨ ਤੀਨ ਪਾ ਸੇਰ ਉਦਾਰੇ॥ ਇਕ ਇਕ ਮਾਨੁਖ ਕਰੈਂ ਅਹਾਰੇ॥71॥ ਸਉ ਮਾਨੁਖ ਕਾ ਕੇਤਾ ਭਯੋ॥ ਦਾਨਿਯੋ ਕਾ ਲੇਖਾ ਕਿਨ ਕਯੋ॥ ਦਾਣੇ ਦਾਣੇ ਪਰਤੀ ਜੀਉ॥ ਖਾਵੈ ਅੰਨ ਸੁ ਭੋਗੈ ਹੀਉ॥72॥ ਬਹੁਤੇ ਜੀਵ ਪੀਸ ਜੋ ਖਾਵਹਿ॥ ਰੋਰਵਿ ਨਰਕ ਸੁ ਜਾਇ ਸੁ ਪਾਵਹਿ॥ ਏਕ ਜੀਵ ਹਮ ਮਾਰੈ ਸਾਰੇ॥ ਸਉ ਮਾਨੁਖ ਮਿਲਿ ਕਰੈਂ ਅਹਾਰੇ॥73॥ ਹਾਥੀ ਮਾਰ ਹਮਾਰਾ ਪੰਥ॥ ਇਉ ਤਿਨ ਖੋਲ ਸੁਨਾਯੋ ਗ੍ਰੰਥ॥ ਤੁਮ ਆਸਾ ਕੀ ਵਾਰ ਮਝਾਰੇ॥ ਭਾਖਿਉ ਆਪ ਸੁ ਸੁਨੋ ਉਦਾਰੇ॥74॥ ਜੇਤੇ ਦੇਣੇ ਅੰਨ ਕੇ ਜੀਆਂ ਬਾਝ ਨ ਕੋਇ॥ ਇਹ ਗੁਰ ਤੁਮਰਾ ਬਚਨਿ ਹਾ ਮਾਨ ਲਯੋ ਹਮ ਸੋਇ॥75॥

1055 ਉਹੀ, ਪਤਰਾ 1597-

ਪਹਲਾਂ ਪਾਣੀ ਜੀਉ ਹੋ ਜਿਤੁ ਹਰਿਆ ਸਭ ਕੋਇ॥ ਇਹੁ ਭੀ ਹਮਰਾ ਬਚਨਿ ਹੈ ਕਿਉ ਨਹ ਮਾਨਿਉ ਸੋਇ॥76॥

1056 ਉਹੀ, ਪਤਰਾ 1597.

ਸੋ ਉਪਰੋਕਤ ਤੋਂ ਇਲਾਵਾ ਕਵੀ ਨੇ ਹੋਰ ਵੀ ਮਨੌਤਾਂ ਦੀ ਵਿਚਾਰ ਕੀਤੀ ਹੈ ਜਿਵੇਂ ਕਰਾਮਾਤਾਂ ਅਤੇ ਅਭਾਰਤੀ ਮਨੌਤਾਂ ਬਾਰੇ- ਸੁੰਨਤ, ਸ੍ਰਿਸ਼ਟੀ ਰਚਨਾ ਬਾਰੇ, ਸੱਤ ਤਬਕ ਅਤੇ ਸੱਤ ਧਰਤੀਆਂ ਬਾਰੇ ਇਤਿਆਦਿਕ।

**5. ਮਿਥਿਹਾਸਕ ਹਵਾਲਿਆਂ ਦਾ ਮਨੋਰਥ (ਮੁਲੰਕਣ)**

ਉਪਰੋਕਤ ਲੰਮੀ ਮਿਥਿਹਾਸਕ ਚਰਚਾ ਤੋਂ ਬਾਅਦ ਕਵੀ ਦਾ ਇਨ੍ਹਾਂ ਨੂੰ ਗ੍ਰੰਥ ਵਿਚ ਸ਼ਾਮਿਲ ਕਰਨ ਦਾ ਮਨੋਰਥ ਜਾਣਨਾ ਅਤਿ ਆਵਸ਼ਕ ਹੋਵੇਗਾ। ਪ੍ਰਥਮ ਵਿਚਾਰ ਇਹ ਹੈ ਕਿ ਉਸ ਸਮੇਂ ਦੀ ਸ਼ੈਲੀ ਇਸ ਤਰ੍ਹਾਂ ਦੀ ਹੀ ਸੀ। ਜਿਵੇਂ ਕਵੀ ਦੀਆਂ ਸਮਕਾਲੀ ਲਿਖਤਾਂ- ਜਨਮਸਾਖੀ ਸਾਹਿਤ, ਸ੍ਰੀ ਨਾਨਕ ਪ੍ਰਕਾਸ਼ ਇਤਿਆਦਿਕ ਵਿਚ ਹਿੰਦੂ-ਮਿਥਿਹਾਸ ਨੂੰ ਸ਼ਾਮਿਲ ਕਰਕੇ ਆਪਣਾ ਮਨੋਰਥ ਸਿਧ ਕੀਤਾ ਗਿਆ ਹੈ । ਕਵੀ ਦਾ ਮਨੋਰਥ ਸਮਝਣ ਤੋਂ ਪਹਿਲਾਂ ਡਾ. ਕਿਰਪਾਲ ਸਿੰਘ ਦੇ ਸ਼ਬਦ ਸਾਡੇ ਲਈ ਲਾਹੇਵੰਦ ਹੋਣਗੇ-

*ਸੰਸਾਰ ਦੇ ਪ੍ਰਸਿਧ ਧਾਰਮਿਕ-ਗ੍ਰੰਥਾਂ ਵਿਚ, ਪ੍ਰਾਚੀਨ ਸਮੇਂ ਵਿਚ ਹੋਏ ਸੰਤਾਂ ਜਾਂ ਭਗਤਾਂ ਦੇ ਹਵਾਲੇ ਮਿਲਦੇ ਹਨ। ਜਿਵੇਂ ਬਾਈਬਲ ਵਿਚ ਮੂਸਾ ਦਾ ਹਵਾਲਾ ਹੈ। ਕੁਰਾਨ ਵਿਚ ਈਸਾ ਦਾ ਕਥਨ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਹਲਾਦ, ਹਰਨਾਖਸ਼, ਧਰੂ ਆਦਿ ਦਾ ਸੰਕੇਤ ਦੇ ਕੇ ਉਪਦੇਸ਼ਾਂ ਨੂੰ ਸਪਸ਼ਟ ਕੀਤਾ ਗਿਆ ਹੈ। ਮਨੋਵਿਗਿਆਨੀ ਦਸਦੇ ਹਨ ਕਿ ਮਨੁਖੀ-ਮਨ ਵਿਚ ਹਰ ਤਰ੍ਹਾਂ ਦੀ ਜਾਣਕਾਰੀ ਦੀਆਂ ਲੜੀਆਂ ਬਣੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਆਤਮ-ਚੇਤਨਾ ਜਾਂ ਆਤਮ-ਬੋਧ ਦਾ ਸਮੂਹ ਕਹਿੰਦੇ ਹਨ। ਜਦੋਂ ਕੋਈ ਉਪਦੇਸ਼ ਜਾਂ ਸਿਖਿਆ ਮਨੁਖੀ ਆਤਮ-ਬੋਧ ਦੀ ਲੜੀ ਨਾਲ ਜੁੜ ਜਾਂਦੀ ਹੈ ਤਾਂ ਉਹ ਦ੍ਰਿੜ ਹੋ ਜਾਂਦੀ ਹੈ। ਮੌਜੂਦਾ ਸਮੇਂ ਵਿਚ ਮਨੋਵਿਗਿਆਨ ਦੇ ਇਸ ਅਸੂਲ ਨੂੰ ਵਿਦਿਆ-ਖੇਤਰ ਵਿਚ ਪ੍ਰੋਯਗ ਕੀਤਾ ਜਾਂਦਾ ਹੈ। ਹਰ ਸੁਘੜ ਅਧਿਆਪਕ, ਸਬਕ ਦੇਣ ਲਗਿਆਂ ਪੁਰਾਣੇ ਸਬਕ ਨੂੰ ਦੁਹਰਾ ਕੇ, ਨਵੇਂ ਸਬਕ ਨੂੰ ਉਸ ਨਾਲ ਜੋੜਦਾ ਹੈ ਤਾਂ ਜੋ ਨਵਾਂ ਸਬਕ ਵਿਦਿਆਰਥੀਆਂ ਦੇ ਮਨਾਂ ਵਿਚ ਬਣੀਆਂ ਯਾਦ-ਲੜੀਆਂ ਨਾਲ ਜੁੜ ਜਾਏ ਤੇ ਉਨ੍ਹਾਂ ਦੇ ਮਨਾ ਵਿਚ ਦ੍ਰਿੜ੍ਹ ਹੋ ਜਾਵੇ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਵੀ ਹਿੰਦੂ-ਮਿਥਿਹਾਸ ਵਿਚੋਂ ਕਈ ਮਿਸਾਲਾਂ ਦਿਤੀਆਂ ਕਿਉਂਕਿ ਹਿੰਦੂ-ਮਿਥਿਹਾਸ ਬਾਰੇ ਸਾਰੇ ਪਹਿਲਾਂ ਹੀ ਜਾਣਦੇ ਹਨ ਤੇ ਆਪਣੀ ਸਿਖਿਆ ਨੂੰ ਹਿੰਦੂ ਮਿਥਿਹਾਸ ਵਿਚੋਂ ਮਿਸਾਲਾਂ ਦੇ ਕੇ ਸਪਸ਼ਟ ਕੀਤਾ।* [1057]

---

[1057] ਡਾ. ਕਿਰਪਾਲ ਸਿੰਘ, *ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ (ਭਾਗ ਦੂਜਾ)*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010, ਪੰਨਾ 37 (ਪ੍ਰਸਤਾਵਨਾ).

ਇਨ੍ਹਾਂ ਕਥਨਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਆਪਣੇ ਮਨੋਰਥ ਨੂੰ ਸਿਧ ਕਰਨ ਹਿਤ ਹਿੰਦੂ-ਮਿਥਿਹਾਸ ਵਿਚੋਂ ਹਵਾਲੇ ਗੁਰੂ ਸਾਹਿਬ ਨੇ ਦਿਤੇ ਹਨ। ਜੇਕਰ ਇਸੇ ਪਰਪਾਟੀ ਉਪਰ ਕਵੀ ਦੀ ਰਚਨਾ ਨੂੰ ਰਖਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਕਵੀ ਨੇ ਵੀ ਆਪਣੇ ਮਨੋਰਥ ਨੂੰ ਸਿਧ ਕਰਨ ਹਿਤ ਹੀ ਹਿੰਦੂ-ਮਿਥਿਹਾਸ ਵਿਚੋਂ ਹਵਾਲੇ ਅੰਕਿਤ ਕੀਤੇ ਹਨ। ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਅਸੀਂ ਦੇਖਦੇ ਹਾਂ ਕਿ ਕਵੀ ਨੇ ਬ੍ਰਹਮ ਦੀ ਏਕਤਾ ਅਤੇ ਸਰਵਉਚਤਾ, ਬ੍ਰਹਮ ਦੁਆਰਾ ਸ੍ਰਿਸ਼ਟੀ ਦੀ ਰਚਨਾ, ਗੁਰੂ ਦੀ ਮਹਤਾ, ਭਗਤੀ ਦੀ ਮਹਤਾ, ਨਾਮ ਸਿਮਰਨ, ਨੇਕੀ ਅਤੇ ਬਦੀ, ਸਖਸ਼ੀ ਨੈਤਿਕ ਆਚਾਰ- ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਇਤਿਆਦਿਕ ਦੀ ਮਹਤਾ ਨੂੰ ਦਰਸਾਉਣ ਹਿਤ ਮਿਥਿਹਾਸਕ ਹਵਾਲਿਆਂ ਨੂੰ ਸ਼ਾਮਿਲ ਕੀਤਾ ਹੈ। ਇਸ ਦੇ ਨਾਲ ਹੀ ਕਵੀ ਦਾ ਮੁਖ ਮਨੋਰਥ ਗੁਰੂ ਨਾਨਕ ਦੇਵ ਜੀ ਦੀ ਉਪਮਾ ਕਰਕੇ ਵੀ ਮਿਥਿਹਾਸਕ ਹਵਾਲਿਆਂ ਦੀ ਸ਼ਮੂਲੀਅਤ ਦਾ ਕਾਰਣ ਬਣਦੀ ਹੈ। ਇਨ੍ਹਾਂ ਸ਼ਬਦਾਂ ਨੂੰ ਹੋਰ ਸਪਸ਼ਟ ਕਰਨ ਲਈ ਕੁਝ ਕੁ ਉਦਾਹਰਨਾਂ ਲੈ ਕੇ ਸਮਝਣ ਦਾ ਯਤਨ ਕਰਾਂਗੇ। ਅਸੀਂ ਦੇਖਦੇ ਹਾਂ ਕਿ ਕਵੀ ਨੇ ਦੇਵਤਿਆਂ ਵਿਚ ਇੰਦਰ ਦਾ ਹਵਾਲਾ ਦਿਤਾ ਹੈ ਕਈ ਥਾਈਂ ਉਸ ਦੇ ਸੰਕੇਤ ਵੀ ਦਿਤੇ ਹਨ ਜਿਵੇਂ ਕਿ ਅਸੀਂ ਉਪਰ ਮਿਥਿਹਾਸਕ ਸਖਸ਼ੀਅਤਾਂ ਵਿਚ ਇੰਦਰ ਦੀ ਚਰਚਾ ਕਰਕੇ ਆਏ ਹਾਂ ਇਥੇ ਉਸ ਦੇ ਕੁਝ ਅੰਸ਼ ਦੁਹਰਾ ਰਹੇ ਹਾਂ-

ਨਿਖਲਥਲੀ ਅਤੇ ਅਰਜਨ ਖੇੜੇ ਜਦ ਗੁਰੂ ਜੀ ਜਾਂਦੇ ਹਨ ਤਾਂ ਇਹ ਬਿਰਤਾਂਤ ਵਿਚਾਰਾਧੀਨ ਕ੍ਰਿਤੀ ਵਿਚ ਅੰਕਿਤ ਕੀਤਾ ਹੈ ਕਿ ਉਸ ਸਥਾਨ 'ਤੇ ਕਾਲ ਪਿਆ ਹੋਇਆ ਸੀ ਅਤੇ ਦੋ ਸਾਲ ਤੋਂ ਵਰਖਾ ਨਹੀਂ ਸੀ ਹੋਈ। ਇਥੇ ਕਵੀ ਨੇ ਇੰਦਰ ਨੂੰ ਵਰਖਾ ਦਾ ਦੇਵਤਾ ਵਜੋਂ ਸਵਿਕ੍ਰਿਤੀ ਦਿਤੀ ਹੈ। ਕਿਉਂਕਿ ਗੁਰੂ ਜੀ ਉਸ ਨੂੰ ਹੁਕਮ ਕਰਦੇ ਹਨ ਕਿ ਵਰਖਾ ਕੀਤੀ ਜਾਵੇ ਤਾਂ ਜੋ ਲੋਕਾਂ ਦੇ ਦੁਖ ਦੂਰ ਹੋ ਸਕਣ ਅਤੇ ਫਿਰ ਇੰਦਰ ਨੇ ਵਰਖਾ ਕੀਤੀ। ਯਥਾ-

ਹੁਕਮ ਕੀਉ ਗੁਰ ਇੰਦ੍ਰ ਕੋ ਬਰਖਾ ਕਰੋ ਮਹਾਨ॥
ਜੀਵ ਦੁਖੀ ਹੈਂ ਥਲੀ ਕਿ ਮਿਰਗਾਦਿਕ ਸਭਿ ਜਾਨ॥51॥

... ... ... ... ... ... ... ... ... ...

ਆਗਯਾ ਮਾਨੀ ਗੁਰੂ ਕੀ ਬਰਖਾ ਕਰੀ ਸੁਰੇਸ॥

ਸਤਿਗੁਰ ਕ੍ਰਿਪਾ ਪ੍ਰਸਾਦਿ ਤੇ ਸਭਿ ਕੇ ਮਿਟੇ ਕਲੇਸ॥55॥[1058]

ਇਸ ਤਰ੍ਹਾਂ ਕਵੀ ਨੇ ਇੰਦਰ ਦੀ ਹੋਂਦ ਨੂੰ ਸਵਿਕ੍ਰਿਤ ਕਰਕੇ ਉਸ ਦੇ ਸਰੂਪ ਦਾ ਮਿਥਿਹਾਸਕ ਪ੍ਰਗਟਾਵਾ ਕਰਨ ਦਾ ਯਤਨ ਕੀਤਾ ਹੈ।

ਹੁਣ ਅਸੀਂ ਉਪਰੋਕਤ ਵਿਚ ਦੇਖਣ ਦਾ ਯਤਨ ਕਰਨਾ ਹੈ ਕਿ ਕਵੀ ਦਾ ਇੰਦਰ ਨੂੰ ਚਰਚਿਤ ਕ੍ਰਿਤੀ ਵਿਚ ਸ਼ਾਮਿਲ ਕਰਨ ਦਾ ਮਨੋਰਥ ਕੀ ਹੈ? ਉਪਰੋਕਤ ਸਥਿਤੀ ਇਸ ਤਰ੍ਹਾਂ ਦੀ ਹੈ ਕਿ ਮੀਂਹ ਨਾ ਪੈਣ ਕਰਕੇ ਕਾਲ ਪਿਆ ਹੋਇਆ ਹੈ ਅਤੇ ਇੰਦਰ ਵਰਖਾ ਦਾ ਦੇਵਤਾ ਦਸਿਆ ਗਿਆ ਹੈ। ਫਿਰ ਕੀ ਹੁੰਦਾ ਹੈ ਗੁਰੂ ਨਾਨਕ ਦੇਵ ਜੀ ਇੰਦਰ ਨੂੰ ਵਰਖਾ ਪਾਉਣ ਦਾ ਹੁਕਮ ਦਿੰਦੇ ਹਨ। ਉਪਰੋਕਤ ਪੰਕਤੀਆਂ ਵਿਚ ਸਪਸ਼ਟ ਲਿਖਿਆ ਹੈ ਕਿ *ਹੁਕਮ ਕੀਉ ਗੁਰ ਇੰਦ੍ਰ ਕੋ ਬਰਖਾ ਕਰੋ ਮਹਾਨ॥* ਸੋ ਹੁਕਮ ਹਮੇਸ਼ਾ ਆਪਣੇ ਅਧੀਨ ਨੂੰ ਦਿਤਾ ਜਾਂਦਾ ਹੈ। ਫਿਰ ਇੰਦਰ ਹੁਕਮ ਮੰਨ ਕੇ ਵਰਖਾ ਵੀ ਪਾਉਂਦਾ ਹੈ। ਸੋ ਇਸ ਤੋਂ ਸਿਧ ਹੁੰਦਾ ਹੈ ਕਿ ਕਵੀ ਇਥੇ ਇਹ ਸਿਧ ਕਰਨ ਦਾ ਯਤਨ ਕਰਦਾ ਹੈ ਕਿ ਇੰਦਰ ਗੁਰੂ ਨਾਨਕ ਦੇਵ ਜੀ ਦੇ ਅਧੀਨ ਹੈ। ਜਾਂ ਦੂਜੇ ਸ਼ਬਦਾਂ ਵਿਚ ਕਹਿ ਲਈਏ ਕਿ ਗੁਰੂ ਨਾਨਕ ਦੇਵ ਜੀ ਦੀ ਉਪਮਾ ਕਰਨ ਹਿਤ ਇਹ ਬਿਰਤਾਂਤ ਕਵੀ ਨੇ ਸ਼ਾਮਿਲ ਕੀਤਾ ਹੈ।

ਇਸੇ ਤਰ੍ਹਾਂ ਦੀ ਇਕ ਹੋਰ ਉਦਾਹਰਨ ਅਸੀਂ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦੀ ਲੈਂਦੇ ਹਾਂ ਇਸ ਗ੍ਰੰਥ ਵਿਚ ਇਨ੍ਹਾਂ ਦੀ ਬਹੁਤ ਮਹਿਮਾ ਕੀਤੀ ਮਿਲਦੀ ਹੈ, ਬਲਕਿ ਬਹੁਤੀ ਥਾਵਾਂ ਤੋਂ ਤਾਂ ਇਹ ਭੁਲੇਖਾ ਲਗਦਾ ਹੈ ਕਿ ਕਵੀ ਇਨ੍ਹਾਂ ਵਿਚੋਂ ਕਿਸੇ ਇਕ ਦਾ ਹੀ ਉਪਾਸ਼ਕ ਹੋਵੇਗਾ। ਪਰ ਧਰਮ ਉਦਯੋਗ ਖੰਡ ਵਿਚ ਇਕ ਪ੍ਰਸੰਗ ਮਿਲਦਾ ਹੈ। ਇਕ ਵਾਰ ਗੋਰਖ ਗੁਰੂ ਨਾਨਕ ਦੇਵ ਜੀ ਨੂੰ ਤਿੰਨ ਬਚਨ ਦਿੰਦਾ ਹੈ। ਗੁਰੂ ਨਾਨਕ ਦੇਵ ਜੀ ਗੋਰਖ ਤੋਂ ਸਵਾ ਪਾਉ ਗਰੀਬੀ ਮੰਗਦੇ ਹ ਨ। ਗੋਰਖ ਬ੍ਰਹਮਾ, ਵਿਸ਼ਨੂੰ, ਮਹੇਸ਼ , ਸ਼ੇਸ਼ਨਾਗ ਇਤਿਆਦਿਕ ਕੋਲ ਜਾਂਦਾ ਹੈ ਪਰ ਗਰੀਬੀ ਨਹੀਂ ਮਿਲਦੀ। ਯਥਾ-

ਇਹੁ ਤੋ ਮੁਸਕਲਿ ਬਣੀ ਮੁਹਿ ਅਬ ਆਇਕੈ॥ ਕਰਿ ਮਨ ਮਾਹਿ ਬਿਚਾਰ ਚਲਿਉ ਪੁਨਿ ਧਾਇਕੈ॥
ਗਯੋ ਸੁ ਬ੍ਰਹਮਾ ਪਾਸ ਗਰੀਬੀ ਮਾਙਿਏ॥ ਹੋ ਬ੍ਰਹਮਾ ਕੈ ਦਰਿ ਜਾਇ ਖੜਾ ਭਯੁ ਆਙਿਐ॥8॥

---

[1058] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 818.

ਜਾਇ ਉਭੈ ਕਰਿ ਜੋੜ ਬਹੁਰਿ ਸਿਰ ਨਾਇਯੋ॥ ਬ੍ਰਹਮਾ ਬੂਝਿਉ ਤਾਹਿ ਕਹੋ ਕਿਉ ਆਇਯੋ॥

ਗੋਰਖ ਨੈ ਇਉ ਕਹਯੋ ਗਰੀਬੀ ਦੀਜਿਯੈ॥ ਹੋ ਮੈ ਇਸ ਕਾਰਣ ਆਯੋ ਕਿਰਪਾ ਕੀਜਿਯੈ॥9॥

ਬ੍ਰਹਮਾ ਕਹਯੋ ਗਰੀਬੀ ਦੁਰਲਭ ਜਾਨਿਯੈ॥ ਨਾਹਿ ਮਿਲੈ ਸੁ ਮਾਂਗੀ ਗੋਰਖ ਮਾਨਿਯੈ॥

ਹਮ ਪੈ ਨਾਹਿ ਗਰੀਬੀ ਕਹਯੋ ਮਹਾਨ ਨੈ॥ ਹੋ ਰਜਗੁਣਿ ਮੋਹਿ ਸੁਭਾਉ ਦਯੋ ਭਗਵਾਨ ਨੈ॥10॥

ਰਾਗ ਦ੍ਵੈਖਿ ਅਭਿਮਾਨ ਭਰਾ ਜੋ ਤੋਹਿ ਮੈ॥ ਗੋਰਖ ਨਿਹਚਾ ਜਾਨ ਭਰਾ ਸੋ ਮੋਹਿ ਮੈ॥

ਬ੍ਰਹਮਾ ਦਯੋ ਜਬਾਬ ਕਹਯੋ ਸਮਝਾਇਕੈ॥ ਹੋ ਬਹੁਰਿ ਗਯੋ ਸਿਵ ਪਾਸ ਕਹਯੋ ਤਹਿ ਜਾਇਕੈ॥11॥[1059]

ਅੰਤ ਵਿਚ ਅਕਾਸ਼ ਵਾਣੀ ਹੁੰਦੀ ਹੈ ਕਿ ਗਰੀਬੀ ਹੁਣ ਗੁਰੂ ਨਾਨਕ ਦੇਵ ਜੀ ਕੋਲ ਹੀ ਹੈ। ਜੇਕਰ ਉਸਨੂੰ ਚਾਹੀਦੀ ਹੈ ਤਾਂ ਉਹ ਜਾ ਕੇ ਲੈ ਸਕਦਾ ਹੈ-

ਨਾਨਕ ਹਰਿ ਪ੍ਰਭ ਨਾਮ ਉਤਾਰੇ॥ ਲਯੋ ਜਾਇ ਤਿਨ ਮਹੀ ਮਝਾਰੇ॥

ਸਵਾ ਪਾਉ ਹਰਿ ਤਿਸ ਕੋ ਦੀਨੀ॥ ਇਤਿਨੀ ਸਭਿ ਨੈ ਮਾਗ ਸੁ ਲੀਨੀ॥44॥[1060]

ਹੁਣ ਇਹ ਦੇਖੋ ਕਿ ਜੋ ਵਸਤੂ ਬ੍ਰਹਮਾ, ਵਿਸ਼ਨੂੰ, ਮਹੇਸ਼ ਕੋਲ ਨਹੀਂ ਮਿਲੀ ਉਹ ਗੁਰੂ ਨਾਨਕ ਦੇਵ ਜੀ ਕੋਲ ਹੈ, ਹੁਣ ਇਸ ਤੋਂ ਤਾਂ ਇਹ ਹੀ ਸਪਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਇਨ੍ਹਾਂ ਤੋਂ ਅਧਿਕ ਸਮਰਥਾ ਵਾਲੇ ਹਨ ਜਾਂ ਜਿਆਦਾ ਸ੍ਰੇਸ਼ਠ ਹਨ, ਦੂਜੇ ਸ਼ਬਦਾਂ ਵਿਚ ਇਨ੍ਹਾਂ ਦੀ ਮਹਿਮਾ ਨਾਲੋਂ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਜਿਆਦਾ ਹੈ।

ਇਕ ਹੋਰ ਉਦਾਹਰਨ ਅਸੀਂ ਸੁਮੇਰ ਖੰਡ ਵਿਚੋਂ ਲੈਂਦੇ ਹਾਂ। ਜਿਥੇ ਗੁਰੂ ਨਾਨਕ ਦੇਵ ਜੀ ਆਦਿ ਭਵਾਨੀ ਦੇ ਧਾਮ ਜਾਂਦੇ ਹਨ, ਉਥੋਂ ਦਾ ਕਵੀ ਨੇ ਬਿਰਤਾਂਤ ਇਸ ਤਰ੍ਹਾਂ ਸਿਰਜਿਆ ਹੈ ਕਿ ਆਦਿ ਭਵਾਨੀ ਆਪਣਾ ਸਿੰਘਾਸਨ ਛਡ ਕੇ ਗੁਰੂ ਨਾਨਕ ਦੇਵ ਜੀ ਦੀ ਪੂਜਾ ਕਰਦੀ ਹੈ। ਯਥਾ-

ਯੌਂ ਕਹ ਆਪ ਸੁ ਆਦਿ ਭਵਾਨੀ॥ ਚੇਰੀ ਲਈ ਸੁ ਸੰਗ ਬਿਨਾਨੀ॥

ਛੋਡਿ ਸਿੰਘਾਸਨ ਸੋ ਸੁਖਦਾਈ॥ ਨਾਨਕ ਪਾਸ ਬੇਗ ਚਲਿ ਆਈ॥10॥

---

1059 ਉਹੀ, ਪਤਰਾ 430-31.

1060 ਉਹੀ, ਪਤਰਾ 434.

ਆਇ ਕਰੀ ਤਿਨ ਗੁਰ ਕੀ ਪੂਜਾ॥ ਭਗਵਤਿ ਜਾਨ ਭਾਵ ਨਹਿ ਦੂਜਾ॥

ਅਰਘਾਦਿਕ ਪੂਜਾ ਤਿਨ ਕੀਨੀ॥ ਬੋਲੀ ਗਿਰਾ ਸੁ ਅੰਮ੍ਰਿਤੁ ਭੀਨੀ॥11॥[1061]

ਇਕ ਹੋਰ ਉਦਾਹਰਨ ਉਦਾਸੀ ਖੰਡ ਵਿਚੋਂ ਲੈਂਦੇ ਹਾਂ ਜਿਥੇ ਕਵੀ ਜਵਾਲਾਮੁਖੀ ਦਾ ਚਿਤਰਣ ਇਕ ਦੇਵੀ ਦੇ ਰੂਪ ਵਿਚ ਕਰਦਾ ਹੈ। ਇਕ ਦਿਨ ਗੁਰੂ ਜੀ ਕੋਲ ਕਰਮਚੰਦ ਬ੍ਰਹਮਣ ਆਉਂਦਾ ਹੈ ਉਸਦੀ ਬੇਟੀ ਦਾ ਵਿਆਹ ਕਰਨ ਵਾਲੀ ਹੁੰਦੀ ਹੈ ਉਹ ਗੁਰੂ ਜੀ ਤੋਂ ਮਦਦ ਮੰਗਦਾ ਹੈ। ਗੁਰੂ ਜੀ ਇਕ ਪਰਚੀ ਬਣਾਕੇ ਦਿੰਦੇ ਹਨ ਜਿਸ ‘ਤੇ 60 ਮੋਹਰਾਂ ਦੇਣ ਲਈ ਕਿਹਾ ਗਿਆ ਸੀ। ਉਹ ਪਰਚੀ ਜ੍ਵਾਲਾਮੁਖੀ ਨੂੰ ਦੇਣ ਲਈ ਕਹਿੰਦੇ ਹਨ। ਗੁਰੂ ਜੀ ਦੇ ਬਚਨ ਮੰਨ ਕੇ ਜਵਾਲਾਮੁਖੀ ਕਰਮਚੰਦ ਨੂੰ 60 ਮੋਹਰਾਂ ਦਿੰਦੀ ਹੈ-

ਸਾਠ ਮੁਹਰਿ ਕਾਗਦ ਕੇ ਮਾਹਿ॥ ਲਿਖੀ ਗੁਰੂ ਨੈ ਦਯੀ ਸੁ ਤਾਹਿ॥

ਲੈ ਮੁਹੁਰਾ ਸੋ ਖੁਸ ਬਹੁ ਭਯੋ॥ ਲੈ ਕਰਿ ਤਾਹਿ ਸੁ ਘਰਿ ਕੋ ਗਯੋ॥30॥[1062]

ਜਵਾਲਾਮੁਖੀ ਨੇ ਗੁਰੂ ਜੀ ਦਾ ਬਚਨ ਨਹੀਂ ਮੋੜਿਆ। ਇਸ ਲਈ ਕਿਹਾ ਜਾ ਸਕਦਾ ਹੈ ਕਿ ਕਵੀ ਨੇ ਜਵਾਲਾਮੁਖੀ ਨੂੰ ਗੁਰੂ ਜੀ ਦੇ ਅਧੀਨ ਦਰਸਾਉਣ ਦਾ ਯਤਨ ਕੀਤਾ ਹੈ। ਜਵਾਲਾਮੁਖੀ ਨਾਲ ਸੰਬੰਧਿਤ ਸਾਖੀ ਪ੍ਰਤਾਪ ਖੰਡ ਵਿਚ ਦੇਖਣ ਨੂੰ ਮਿਲਦੀ ਹੈ, ਜਿਥੇ ਉਹ ਗੁਰੂ ਜੀ ਦੀ ਸੇਵਾ ਕਰਨ ਹਿਤ ਨਿਤ ਆਉਂਦੀ ਹੈ, ਸੋ ਸੇਵਾ ਹਮੇਸ਼ਾ ਆਪਣੇ ਤੋਂ ਸ੍ਰੇਸ਼ਠ ਦੀ ਹੀ ਕੀਤੀ ਜਾਂਦੀ ਹੈ-

ਝਾੜੂ ਦੇਵੇ ਜਾਗਾ ਸਾਰੇ॥ ਲੀਪ ਪੋਚਿ ਕਰਿ ਠਉਰ ਸਵਾਰੇ॥

ਬਸਤਰਿ ਧੋਵੇ ਨੀਰ ਲਿਆਇ॥ ਸੇਵਾ ਕਰਨੈ ਰੋਜ ਸੁ ਆਇ॥42॥

ਗੰਗਾ ਜਲੁ ਸੋ ਰੋਜ ਮਹਾਨ॥ ਲਿਆਇ ਕਰਾਵੈ ਸੋ ਅਸਨਾਨ॥

ਗੁਰ ਕੇ ਚਰਨੋ ਕੋ ਤਿਨ ਤੀਰਥ॥ ਲਯੋ ਸੁ ਦੇਖੀ ਆਪ ਭਾਗਰੀਥ॥43॥[1063]

ਸੋ ਉਪਰੋਕਤ ਉਦਾਹਰਨਾਂ ਤੋਂ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਮਿਥਿਹਾਸਕ ਸਖਸ਼ੀਅਤਾਂ, ਮਿਥਿਹਾਸਕ ਸਥਾਨਾਂ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਨੂੰ ਸ੍ਰੇਸ਼ਠ ਸਿਧ ਕਰਨ ਹਿਤ, ਸਿਖਿਆ ਦੇਣ ਹਿਤ

[1061] ਉਹੀ, ਪਤਰਾ 1056.

[1062] ਉਹੀ, ਪਤਰਾ 643.

[1063] ਉਹੀ, ਪਤਰਾ 771-72.

ਕੀਤੀ ਹੈ। ਇਸ ਦੇ ਨਾਲ ਹੀ ਮਿਥ ਕਥਾਵਾਂ ਨੂੰ ਸਿਖਿਆ, ਮਹਿਮਾ, ਭਾਣਾ ਮੰਨਣ ਅਤੇ ਖੰਡਣ ਕਰਨ ਦੇ ਮਨੋਰਥ ਨਾਲ ਸ਼ਾਮਿਲ ਕੀਤਾ ਗਿਆ ਹੈ। ਜੇਕਰ ਮਿਥਿਹਾਸਕ ਮਨੌਤਾਂ ਦੀ ਗੱਲ ਕਰੀਏ ਤਾਂ ਅਸੀਂ ਕਹਿ ਸਕਦੇ ਹਾਂ ਕਿ ਇਨ੍ਹਾਂ ਨੂੰ ਸ਼ਾਮਿਲ ਕਰਕੇ ਕਵੀ ਨੇ ਗੁਰੂ ਜੀ ਦੇ ਉਪਦੇਸ਼ਾਂ ਨੂੰ ਸਰਲਤਾ ਨਾਲ ਪਾਠਕਾਂ ਤਕ ਪਹੁੰਚਾਉਣ ਦੇ ਮਨੋਰਥ ਵਜੋਂ ਸ਼ਾਮਿਲ ਕੀਤਾ ਹੈ। ਸੰਖਿਪਤ ਰੂਪ ਵਿਚ ਅਸੀਂ ਕਵੀ ਦੇ ਨਿਮਨਲਿਖਤ ਮਨੋਰਥ ਮੰਨ ਸਕਦੇ ਹਾਂ-

1. ਮਿਥਿਹਾਸਕ ਸਖਸ਼ੀਅਤਾਂ ਵਿਚ ਦੇਵਤਿਆਂ , ਅਵਤਾਰਾਂ ਨੂੰ ਸ਼ਾਮਿਲ ਕਰਕੇ ਗੁਰੂ ਨਾਨਕ ਦੇਵ ਜੀ ਨੂੰ ਸ੍ਰੇਸ਼ਠ ਸਿਧ ਕਰਨਾ।
2. ਗੁਰੂ ਨਾਨਕ ਦੇਵ ਜੀ ਨੂੰ ਇਨ੍ਹਾਂ ਹਵਾਲਿਆਂ ਨਾਲ ਅਵਤਾਰੀ ਪੁਰੁਸ਼ ਸਿਧ ਕਰਨਾ।
3. ਜ਼ਿਆਦਾਤਰ ਅਸੁਰ ਸਖਸ਼ੀਅਤਾਂ ਨੂੰ ਮੰਦ ਕਰਮ ਕਰਨ ਵਾਲੇ ਮੰਨਿਆ ਜਾਂਦਾ ਹੈ ਜਿਵੇਂ - ਹਰਨਾਖਸ਼, ਰਾਵਣ ਇਤਿਆਦਿਕ, ਪਰ ਕੁਝ ਕੁ ਅਸੁਰ ਸਖਸ਼ੀਅਤਾਂ ਦੇ ਕਰਮ ਅਤਿ ਚੰਗੇ ਹਨ , ਜਿਵੇਂ-ਪ੍ਰਹਿਲਾਦ ਇਤਿਆਦਿਕ। ਸੋ ਇਨ੍ਹਾਂ ਸਖਸ਼ੀਅਤਾਂ ਨੂੰ ਸ਼ਾਮਿਲ ਕਰਕੇ ਚੰਗੇ ਅਤੇ ਮੰਦ ਕਰਮਾਂ ਬਾਰੇ ਪਾਠਕ ਨੂੰ ਸੁਚੇਤ ਕਰਨਾ ਅਤੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦਾ ਪ੍ਰਸਾਰ ਕਰਨਾ।
4. ਮਿਥਿਹਾਸਕ ਇਸਤਰੀਆਂ ਨੂੰ ਸ਼ਾਮਿਲ ਕਰਨ ਦਾ ਮਨੋਰਥ ਇਹ ਹੈ ਕਿ ਇਸਤਰੀ ਦੀ ਦਸ਼ਾ ਦਾ ਸਮਾਜ ਵਿਚ ਸੁਧਾਰ ਕਰਨਾ। ਇਹ ਕੇਵਲ ਮਿਥਿਹਾਸਕ ਇਸਤਰੀਆਂ ਦੇ ਪ੍ਰਸੰਗ ਵਿਚ ਨਹੀਂ ਬਲਕਿ ਕਵੀ ਨੇ ਬਹੁਤ ਥਾਵਾਂ ਉਪਰ ਇਸਤਰੀ ਬਾਰੇ ਸਾਕਾਰਾਤਮਕ ਵਿਚਾਰ ਪ੍ਰਸਤੁਤ ਕੀਤੇ ਹਨ।
5. ਮਿਥਿਹਾਸਕ ਰਾਜਿਆਂ ਦੀਆਂ ਕਥਾਵਾਂ ਨੂੰ ਸ਼ਾਮਿਲ ਕਰਕੇ ਸਹੀ ਰਾਜਨੀਤੀ ਤੋਂ ਜਾਣੂੰ ਕਰਵਾਉਣਾ ਭਾਵ ਸਹੀ ਰਾਜ ਕਿਵੇਂ ਦਾ ਹੋਣਾ ਚਾਹੀਦਾ ਹੈ।
6. ਰਿਸ਼ੀਆਂ ਅਤੇ ਯੋਧਿਆਂ ਦੇ ਪ੍ਰਸੰਗਾਂ ਨੂੰ ਸ਼ਾਮਿਲ ਕਰਨ ਦਾ ਮਨੋਰਥ ਪਰਮਾਤਮਾ ਦੀ ਭਗਤੀ ਅਤੇ ਦੇਸ਼ ਭਗਤੀ ਦਾ ਜਜਬਾ ਪੈਦਾ ਕਰਨਾ।
7. ਉਪਦੇਸ਼ਾਤਮਕ ਪ੍ਰਵਿਰਤੀ ਕਰਕੇ ਕਵੀ ਨੇ ਸਿਧਾਂ, ਨਾਥਾਂ, ਜਤੀਆਂ, ਜੋਗੀਆਂ ਆਦਿਕ ਨੂੰ ਸ਼ਾਮਿਲ ਕੀਤਾ ਹੈ।

8. ਮਿਥ ਕਥਾਵਾਂ ਨੂੰ ਸ਼ਾਮਿਲ ਕਰਨ ਦਾ ਮਨੋਰਥ ਜਿਗਿਆਸੀ ਨੂੰ ਸਿਖਿਆ ਦੇਣਾ , ਖੰਡਣ ਕਰਨਾ ਅਤੇ ਭਾਣਾ ਮੰਨਣਾ ਜਾਪਦਾ ਹੈ, ਨਾਲ ਹੀ ਮਹਿਮਾ ਕਰਨ ਹਿਤ ਵੀ ਇਨ੍ਹਾਂ ਨੂੰ ਸ਼ਾਮਿਲ ਕੀਤਾ ਗਿਆ ਹੈ।

9. ਕੁਝ ਕੁ ਮਿਥਿਹਾਸਕ ਮਨੌਤਾਂ ਜਿਵੇਂ , ਸ੍ਰਿਸ਼ਟੀ ਰਚਨਾ, ਮੌਤ, ਕਰਮ, ਆਵਾਗਵਨ, ਮੁਕਤੀ ਇਤਿਆਦਿਕ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਸ ਤੋਂ ਇਹ ਸਪਸ਼ਟ ਕਰਨ ਦਾ ਯਤਨ ਹੈ ਕਿ ਪਰਮਾਤਮਾ ਹੀ ਸਭ ਦਾ ਕਰਤਾ ਹੈ।

10. ਭਾਰਤੀ/ਅਭਾਰਤੀ ਲੌਕਿਕ/ਪਰਾਲੌਕਿਕ ਸਥਾਨਾਂ ਨੂੰ ਸ਼ਾਮਿਲ ਕਰਨ ਦਾ ਮਨੋਰਥ ਇਤਨਾ ਹੈ ਕਿ ਲਾਲਚ ਜਾਂ ਡਰਨ ਨਾਲ ਜੀਵ ਨੂੰ ਪਰਮਾਤਮਾ ਦੀ ਭਗਤੀ ਵਲ ਪ੍ਰੇਰਿਆ ਜਾਵੇ।

## ਇਤਿਹਾਸਕ/ਮਿਥਿਹਾਸਕ ਨਾਂ ਤੇ ਥਾਂ

**ਉਸਮਾਨ-** ਮੁਸਲਮਾਨਾਂ ਦਾ ਤੀਜਾ ਖਲੀਫ਼ਾ ਜਿਸ ਨੇ 644 ਈ. ਤੋਂ 656 ਈ. ਤਕ ਅਰਬ ਦੀ ਖਿਲਾਫ਼ਤ ਕੀਤੀ। ਉਸਮਾਨ ਹਜ਼ਰਤ ਮੁਹੰਮਦ ਸਾਹਿਬ ਦਾ ਜਵਾਈ ਸੀ ਅਤੇ ਇਸ ਨੇ ਉਨ੍ਹਾਂ ਦੀਆਂ ਦੋ ਧੀਆਂ ਰੁਕੀਅਹ ਅਤੇ ਉਮੁਕੁਲਸੂਮ ਨਾਲ ਵਿਆਹ ਕੀਤਾ ਹੋਇਆ ਸੀ। ਉਸਮਾਨ ਨੂੰ ਅਬੂ ਬਕਰ ਦੇ ਪੁਤਰ ਮੁਹੰਮਦ ਨੇ 656 ਈ. ਵਿਚ ਕਤਲ ਕਰ ਦਿਤਾ ਸੀ। ਹਜ਼ਰਤ ਉਸਮਾਨ ਦੀ ਇਸਲਾਮ ਨੂੰ ਸਭ ਤੋਂ ਵਡੀ ਦੇਣ ਕੁਰਾਨ ਦੀ ਸੁਧਾਈ ਹੈ। ਇਸ ਨੇ ਕੁਰਾਨ ਨੂੰ ਸੋਧ ਕੇ ਜੋ ਅੰਤਮ ਰੂਪ ਦਿਤਾ ਉਹੋ ਹੀ ਪ੍ਰਮਾਣਿਕ ਮੰਨ ਲਿਆ ਗਿਆ। ਮੁਸਲਮਾਨਾਂ ਵਿਚ ਹਜ਼ਰਤ ਉਸਮਾਨ ਗਨੀ ਦੇ ਨਾਂ ਨਾਲ ਵੀ ਪ੍ਰਸਿਧ ਹਨ। ਧਾਰਨਾ ਹੈ ਕਿ ਇਸ ਨੂੰ ਗਨੀ ਦੀ ਉਪਾਧੀ ਖੁਦਾ ਵਲੋਂ ਬਖਸ਼ੀ ਗਈ ਸੀ।[1] ਉਮਰ ਖਿਤਾਬ ਅਬੂ ਬਕਰ ਉਸਮਾਨ ਅਲੀ ਬੀ ਚਾਰ॥[2]

**ਉਹਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਵਿਅਕਤੀ ਜਿਸਦੇ ਨਾਮ ਉਪਰ ਉਹਰੀਜਾਪੂ (ਦੇਖੋ) ਨਾਮ ਦਾ ਨਗਰ ਵਸਿਆ। ਉਹਰੀ ਜਾਪੂਹੁ ਖੱਤ੍ਰੀ ਬੰਸੀ ਖੱਤ੍ਰੀ ਸੋਇ॥[3]

**ਉਹਰੀਜਾਪੂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ ਦਾ ਨਾਮ। ਉਹਰੀ ਜਾਪੂ ਪੁਰਿ ਵਿਖੈ ਪਰਗਟਿ ਭਏ ਮਹਾਨ॥59॥[4]

**ਉਗਰਸੈਨ-** ਨੰਦ ਵੰਸ਼ ਦਾ ਪਹਿਲਾ ਸਮਰਾਟ; ਕ੍ਰਿਸ਼ਨ ਦੇ ਨਾਨੇ ਦੇਵਕ ਦਾ ਭਰਾ ਅਤੇ ਕੰਸ ਦਾ ਪਿਤਾ। ਉਗ੍ਰਸੈਨ ਦੇ ਨੌ ਪੁਤਰ ਅਤੇ ਪੰਜ ਧੀਆਂ ਸਨ, ਜਿਨ੍ਹਾਂ ਵਿੱਚੋਂ ਕੰਸ ਸਭ ਤੋਂ ਵੱਡਾ ਸੀ। ਉਗ੍ਰਸੈਨ ਮਥਰਾ ਦਾ ਰਾਜਾ ਸੀ। ਦੇਵਕੀ ਨੂੰ ਧੀਆਂ ਵਾਂਗ ਪਾਲਣ ਕਰ ਕੇ ਉਗ੍ਰਸੈਨ ਦਾ ਉਸ ਨਾਲ ਬੜਾ ਸਨੇਹ ਸੀ। ਕੰਸ ਨੇ ਉਗ੍ਰਸੈਨ ਨੂੰ ਗਦੀ ਤੋਂ ਉਤਾਰ ਕੇ ਖ਼ੁਦ ਮਥਰਾ ਦਾ ਰਾਜ ਸੰਭਾਲ ਲਿਆ ਅਤੇ ਦੇਵਕੀ ਅਤੇ ਉਸ ਦੇ ਪਤੀ ਵਾਸੁਦੇਵ ਨੂੰ ਉਗ੍ਰਸੈਨ ਸਮੇਤ ਬੰਦੀ ਖ਼ਾਨੇ ਵਿਚ ਸੁੱਟ ਦਿਤਾ। ਕ੍ਰਿਸ਼ਨ ਨੇ ਦੇਵਕੀ ਦੇ ਉਦਰ ਤੋਂ ਜਨਮ ਲਿਆ

---

[1] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 2.

[2] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 941.

[3] ਉਹੀ, ਪਤਰਾ 772.

[4] ਉਹੀ.

ਤੇ ਆਪਣੇ ਮਾਮੇ ਕੰਸ ਨੂੰ ਮਾਰ ਕੇ ਮੁੜ ਉਗ੍ਰਸੈਨ ਨੂੰ ਮਥਰਾ ਦੇ ਰਾਜ-ਸਿੰਘਾਸਨ ਉਤੇ ਬਿਠਾ ਦਿਤਾ।[5] ਉਗਰਸੈਨ ਉਦਿਆਲਕੰ ਪੁਨਿ ਉਤਕਲਿ ਦ੍ਵਿਜ ਜਾਨ॥[6]

**ਉਜੈਨ-** ਮਾਲਵਾ ਦੇਸ਼ ਦੀ ਪੁਰਾਣੀ ਰਾਜਧਾਨੀ, ਜਿਸ ਦਾ ਪ੍ਰਾਚੀਨ ਨਾਉਂ 'ਉਜਯਿਨੀ' ਸੀ। ਉਜੈਨ ਭਾਰਤ ਦੀਆਂ ਸਤ ਪਵਿਤ੍ਰ ਪੁਰੀਆਂ ਵਿਚੋਂ ਇਕ ਹੈ। ਇਥੇ ਮਹਾਂ ਕਾਲ ਦਾ ਇਕ ਬਹੁਤ ਪੁਰਾਣਾ ਮੰਦਰ ਹੈ, ਜਿਸ ਦੀ ਯਾਤ੍ਰਾ ਲਈ ਦੂਰੋਂ ਦੂਰੋਂ ਯਾਤ੍ਰੀ ਆਉਂਦੇ ਹਨ। ਪਹਿਲੀ ਸਦੀ ਪੂਰਬੀ ਈਸਵੀ ਵਿਚ ਉਜੈਨ ਮਾਲਵਾ ਗਣਤੰਤ੍ਰ ਦੀ ਰਾਜਧਾਨੀ ਸੀ। ਇਥੋਂ ਦੇ ਰਾਜੇ ਵਿਕ੍ਰਮਾਦਿਤਯ ਨੇ 57 ਈਸਵੀ ਪੂਰਬੀ ਵਿਚ ਸ਼ਕਾਂ ਨੂੰ ਪ੍ਰਾਜਿਤ ਕਰ ਕੇ ਇਕ ਸੰਮਤ ਚਲਾਇਆ ਜਿਸ ਨੂੰ ਅੱਜ ਕਲ੍ਹ ਬਿਕਰਮੀ ਸੰਮਤ ਕਹਿੰਦੇ ਹਨ। ਰਾਜਾ ਭੋਜ ਦੇ ਸਮੇਂ ਉਜੈਨ ਅਤੇ ਧਾਰਾ ਨਗਰੀ ਕਲਾ, ਵਿਦਿਆ ਅਤੇ ਸੰਸਕ੍ਰਿਤੀ ਦਾ ਕੇਂਦਰ ਸਨ, ਪਰ ਮੁਸਲਮਾਨਾਂ ਦੇ ਰਾਜ-ਅਧਿਕਾਰ ਸਮੇਂ ਉਜੈਨ ਆਪਣਾ ਗੌਰਵ ਗੰਵਾ ਬੈਠਾ। ਉਜੈਨ ਸੰਬੰਧੀ ਪ੍ਰਥਮ ਉਲੇਖ ਬੁਧ ਧਰਮ ਦੇ ਪਾਲੀ ਗ੍ਰੰਥਾਂ ਵਿਚ ਮਿਲਦਾ ਹੈ।[7] ਓਅੰਕਾਰ ਉਜੈਨ ਪੁਨਿ ਮੰਗਲ ਦਾਇਕ ਮਾਨ॥3॥[8]

**ਉਤਕਲਿ-** 1. ਬ੍ਰਾਹਮਣਾਂ ਦੀਆਂ ਦਸਾਂ ਗੋਤਾਂ ਵਿਚੋਂ ਇਕ। ਇਹ ਸਾਰੇ ਗੌੜ ਬ੍ਰਾਹਮਣ ਅਖਵਾਂਦੇ ਹਨ। 2. ਇਕ ਪੌਰਾਣਿਕ ਰਾਜਾ ਜੋ ਸੁਦਯੁਮਨ ਦਾ ਪੁੱਤਰ ਸੀ। ਇਸ ਨੇ ਉਤਕਲ (ਉੜੀਸਾ) ਰਾਜ ਦੀ ਸਥਾਪਨਾ ਕੀਤੀ।[9] ਉਗਰਸੈਨ ਉਦਿਆਲਕੰ ਪੁਨਿ ਉਤਕਲਿ ਦ੍ਵਿਜ ਜਾਨ॥[10]

**ਉਤਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਯੇਲੀ (ਦੇਖੋ) ਦੇ ਪੁਤਰ ਦਾ ਨਾਮ। ਉਤਮ ਨਾਮ ਦੂਸਰਾ ਮਾਨੇ॥[11]

---

[5] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 3.

[6] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 11.

[7] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 6.

[8] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 11.

[9] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 7.

[10] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 11.

**ਉਤਰਾਖੰਡ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ। ਪਰਬਤਿ ਉਤਰਾਖੰਡੇ ਕੇ ਜਿਹ ਮੁਨਿ ਰਹੈਂ ਮਹਾਨ॥65॥[12]

**ਉਤਰਾਖੰਡ-** ਭਾਰਤ ਦੇ ਉਤਰ ਵਲ ਦਾ ਪਾਸਾ। ਹਿਮਾਲਯ ਪਾਸ ਦਾ ਉਤਰੀਯ ਭਾਗ।[13] ਉਤਰਾਖੰਡ ਭਜੋ ਤੇ ਮਾਹਿ॥[14]

**ਉਤਾਨਪਾਦ-** ਇਹ ਮਨੂ ਤੇ ਸ਼ਤਰੂਪਾ ਦਾ ਪੁਤਰ ਸੀ। ਇਸ ਦੀ ਪਤਨੀ ਦਾ ਨਾਂ ਸੁਨ੍ਰਿਤਾ ਸੀ। ਇਸ ਦੇ ਚਾਰ ਪੁਤਰ ਸਨ। ਉਨ੍ਹਾਂ ਦੇ ਨਾਂ ਇਹ ਹਨ, ਧਰੁਵ, ਕੀਰਤੀਮਾਨ, ਯੁਸ਼ਮਨ ਤੇ ਵਸੂ। ਕਈ ਪੁਰਾਣਾਂ ਵਿਚ ਇਸ ਦੀ ਇਕ ਹੋਰ ਪਤਨੀ ਦਾ ਨਾਂ ਵੀ ਮਿਲਦਾ ਹੈ ਜਿਸ ਦਾ ਨਾਂ ਸੁਰੁਚੀ ਸੀ। ਉਸ ਦੇ ਪੁਤਰ ਦਾ ਨਾਂ ਉਤਮ ਸੀ।[15] ਸੁ ਬਾਣ ਭੂਪ ਬੰਸ ਮੈ ਉਤਾਨਪਾਦ ਜਾਨਿਯੈ॥[16]

**ਉਦਿਆਂਚਲਿ-** ਇਕ ਪਰਬਤ (ਦੇਖੋ) ਦਾ ਨਾਮ। ਪੂਰਵੀ ਪਹਾੜ ਜਿਸ ਦੇ ਪਿਛੋਂ ਦੀ ਸੂਰਜ ਚੜ੍ਹਦਾ ਹੈ।[17] ਉਦਿਆਂਚਲਿ ਗਿਰ ਅਯੋ ਤਹਾ ਤੇ॥[18]

**ਉਦਿਆਲਕੰ (ਉਦਲਕ)-** ਇਕ ਰਿਸ਼ੀ, ਜੋ ਸ਼੍ਵੇਤ ਕੇਤੂ ਦਾ ਪਿਤਾ ਸੀ। ਇਸ ਦਾ ਪਹਿਲਾ ਨਾਮ ਆਰੁਣਿ ਸੀ। ਪਰ ਇਸ ਦੇ ਗੁਰੂ ਆਯੋਦ ਧੌਮਯ ਨੇ ਉਦਾਲਕ ਰਖਿਆ।[19] ਉਗਰਸੈਨ ਉਦਿਆਲਕੰ ਪੁਨਿ ਉਤਕਲਿ ਦ੍ਵਿਜ ਜਾਨ॥[20]

---

11 ਉਹੀ, ਪਤਰਾ 1554.

12 ਉਹੀ, ਪਤਰਾ 14.

13 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਤਵੀਂ ਵਾਰ, 2006, ਪੰਨਾ 7.

14 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1539.

15 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ 2013, ਪੰਨਾ 14.

16 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1077.

17 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 14.

18 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1426.

19 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 10.

20 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 11.

**ਉਦੇਪੁਰਿ-** ਰਾਜਪੂਤ ਰਾਣਾ ਪ੍ਰਤਾਪ ਸਿੰਘ ਦੁਆਰਾ ਆਪਣੇ ਪਿਤਾ ਉਦਯ ਸਿੰਘ ਦੇ ਨਾਮ ਉਪਰ ਵਸਾਇਆ ਗਿਆ ਨਗਰ, ਜੋ ਰਾਜਪੂਤਾਨੇ ਦੀ ਪ੍ਰਸਿਧ ਰਾਜਧਾਨੀ ਹੈ।[21] ਰਹੈ ਸੁ ਆਪ ਉਦੇਪਰਿ ਮਾਹਿ॥[22]

**ਉਧਵ-** ਇਹ ਕ੍ਰਿਸ਼ਨ ਦਾ ਦੋਸਤ ਤੇ ਸਲਾਹਕਾਰ ਸੀ। ਕਈਆਂ ਦੀ ਰਾਇ ਹੈ ਕਿ ਇਹ ਕ੍ਰਿਸ਼ਨ ਦੇ ਚਾਚੇ ਦਾ ਪੁਤਰ ਸੀ ਕਿਉਂਕਿ ਇਹ ਵਸੁਦੇਵ ਦੇ ਭਰਾ ਦੇਵਭਾਗ ਦਾ ਲੜਕਾ ਸੀ। ਇਸ ਨੂੰ ਪਵਨਵਯਾਧੀ ਵੀ ਕਹਿੰਦੇ ਹਨ।[23] ਅਰਜਨ ਉਧਵ ਦੋਇ ਸੁ ਮੋਹਿ ਸਵਾਰਿਆ॥[24]

**ਉਪਮੰਨਜ-** ਇਕ ਰਿਸ਼ੀ ਜੋ ਕਈ ਪ੍ਰਸਿਧ ਗ੍ਰੰਥਾਂ ਦਾ ਕਰਤਾ ਮੰਨਿਆ ਜਾਂਦਾ ਹੈ। ਇਹ ਵਸ਼ਿਸ਼ਟ ਵੰਸ਼ ਵਿਚੋਂ ਵਿਆਘ੍ਰਪਾਦ ਦਾ ਪੁਤਰ ਸੀ। ਇਸ ਦੀ ਮਾਤਾ ਦਾ ਨਾਂ ਅੰਬਾ ਸੀ। ਇਸ ਦੀ ਪ੍ਰਸਿਧੀ ਦਾ ਮੂਲ ਕਾਰਨ ਇਸ ਦੀ ਗੁਰ-ਭਗਤੀ ਸੀ। ਉਪਮਨਯੂ ਦੇ ਗੁਰੂ ਆਯੋਦਾਯੋਮਯ ਸਨ।[25] ਦਯੋ ਅਟਲ ਪਦ ਧ੍ਰੂ ਕੋ ਉਪਮੰਨਜ ਦਯੋ ਖੀਰ॥[26]

**ਉਪਲ ਲਾਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਬਹੁਰੇ ਕਰਮਾ ਧਰਮਾ ਉਪਲੰ ਲਾਲ ਜੀ॥[27]

**ਉਬਾਰੇ ਖਾਂ-** ਸਉੜੀਆਂ ਦਾ ਇਕ ਪਠਾਣ ਅਤੇ ਸ਼ੇਖ ਮਾਲੋ ਦਾ ਯਾਰ।[28] ਰਹੈ ਪਠਾਣ ਇਕ ਸਉੜੀਐਂ ਨਾਮੁ ਉਬਾਰੇ ਖਾਂਇ॥[29]

---

[21] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 9.

[22] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 401.

[23] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 15.

[24] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 85.

[25] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ*, ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 21.

[26] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 203.

[27] ਉਹੀ, ਪਤਰਾ 1629.

[28] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 2.

[29] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1198.

**ਉਮਰ ਖ਼ਿਤਾਬ-** ਮੁਸਲਮਾਨਾਂ ਦਾ ਦੂਜਾ ਖ਼ਲੀਫਾ ਜਿਸ ਦਾ ਪੂਰਾ ਨਾਂ ਉਮਰ-ਬਿਨ-ਖ਼ਤਾਬ ਸੀ। ਇਹ ਮੁਹੰਮਦ ਸਾਹਿਬ ਦੀ ਤੀਜੀ ਪਤਨੀ ਹਫ਼ਸਾ ਦੇ ਪਿਤਾ ਸਨ। ਇਨ੍ਹਾਂ ਦਾ ਉਪਨਾਮ 'ਅਮੀਰੁਲ ਮੋਮਨੀਨ' ਸੀ। ਉਮਰ ਖ਼ਿਤਾਬ ਦਾ ਜਨਮ 582 ਈ. ਵਿਚ ਹੋਇਆ ਅਤੇ ਇਨ੍ਹਾਂ ਨੇ 634 ਈਂ ਤੋਂ 644 ਈਂ. ਤਕ ਖਿਲਾਫ਼ਤ ਕੀਤੀ। ਇਸੇ ਦੌਰਾਨ ਇਨ੍ਹਾਂ ਨੇ ਸ਼ਾਮ, ਈਰਾਨ, ਈਰਾਕ ਅਤੇ ਮਿਸਰ ਆਦਿ ਦੇਸਾਂ ਨੂੰ ਫ਼ਤਿਹ ਕੀਤਾ। 644 ਈ. ਵਿਚ ਇਨ੍ਹਾਂ ਨੂੰ ਫਿਰੋਜ਼ ਨਾਂ ਦੇ ਈਰਾਨੀ ਗੁਲਾਮ ਨੇ ਐਨ ਉਸ ਵੇਲੇ ਕਤਲ ਕਰ ਦਿਤਾ ਜਦੋਂ ਇਹ ਸਵੇਰ ਦੀ ਨਮਾਜ਼ ਪੜ੍ਹ ਰਹੇ ਸਨ। ਉਮਰ ਖ਼ਿਤਾ ਦੀ ਨਿਆਂਕਾਰੀ ਬੜੀ ਪ੍ਰਸਿਧ ਸੀ। ਇਨ੍ਹਾਂ ਨੇ ਆਪਣੇ ਪੁਤਰ ਅਬੂ ਸਹਮਾ ਨੂੰ ਸ਼ਰਾਬ ਪੀਣ ਦੇ ਦੋਸ਼ ਵਿਚ 80 ਕੋਰੜੇ ਮਰਵਾਏ ਜਿਸ ਕਰਕੇ ਉਸ ਦੀ ਮ੍ਰਿਤੂ ਹੋ ਗਈ। ਓਦੋਂ ਤੋਂ ਮੁਸਲਮਾਨਾਂ ਵਿਚ ਉਮਰ ਖ਼ਿਤਾਬ ਦਾ ਨਿਆਉਂ ਕਹਾਵਤ ਬਣ ਚੁੱਕਾ ਹੈ।[30] ਉਮਰ ਖਿਤਾਬ ਅਬੂ ਬਕਰ ਉਸਮਾਨ ਅਲੀ ਬੀ ਚਾਰ॥[31]

**ਉਮਾ-** 'ਪ੍ਰਕਾਸ਼'। ਸ਼ਿਵ ਦੀ ਪਤਨੀ ਦਾ ਨਾਂ। ਪੌਰਾਣਿਕ ਕਥਾਵਾਂ ਅਨੁਸਾਰ ਇਹ ਬ੍ਰਹਮਾ ਤੇ ਹੋਰ ਦੇਵਤਿਆਂ ਦੇ ਵਿਚਕਾਰ ਮਧਿਆਸਥ ਇਸਤਰੀ ਦੇ ਰੂਪ ਵਿਚ ਉਪਸਥਿਤ ਹੁੰਦੀ ਹੈ। ਇਸ ਵਿਚ ਇਸ ਦਾ 'ਵਾਢ' ਨਾਲ ਏਕੀਕਰਨ ਕੀਤਾ ਜਾਂਦਾ ਹੈ।[32] ਉਮਾ ਰਮਾ ਸਾਵਿਤਰੀ ਰਾਨੀ॥[33]

**ਉਰਬਸੀ-** ਇਕ ਰੂਪਮਤੀ ਅਪਛਰਾ, ਨਾਰਾਇਣ ਦੇ ਉਰੁ (ਪਟ) ਤੋਂ ਪੈਦਾ ਹੋਣ ਕਰ ਕੇ ਇਸ ਦਾ ਨਾਂ ਉਰਵਸ਼ੀ ਪਿਆ। ਪਦਮ ਪੁਰਾਣ ਅਨੁਸਾਰ ਉਰਵਸ਼ੀ ਕਾਮਦੇਵ ਦੇ ਉਰੁ (ਪਟ) ਤੋਂ ਉਤਪੰਨ ਹੋਈ।[34] ਕੇਸੀ ਰੰਭਾ ਉਰਬਸੀ ਅਉਰ ਮੈਨਕਾ ਜਾਨ॥[35]

---

[30] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 24.

[31] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 941.

[32] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਤੀਜੀ ਵਾਰ, 2013, ਪੰਨਾ 17.

[33] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 2.

[34] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 25.

[35] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 163.

**ਊਨਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ। ਊਨਾ ਪਰਬਤਿ ਮੈ ਗਏ ਏਕ ਪਲਕ ਕੇ ਮਾਹਿ॥35॥[36]

**ਊਰਮ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬਰਿ ਊਰਮ ਧੂਰਮ ਸੁੰਗਰ ਜੂ ਸੁਰਨਾਥ ਬਲੀ ਭੁਗਤੇ ਕਨਕਾਰੇ॥[37]

**ਊਰਮ ਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੰਚਮੋ ਊਰਮ ਨਾਥ ਖਟਮੋ ਧੂਰਮ ਜਾਨ ਸਤਮੋ ਕਨੀਫਾ ਨਾਥ ਸਿਧ ਸੋ ਮਹਾਨੀਐ॥[38]

**ਓਹਾਰ-** ਇਕ ਕਲਪਿਤ ਪਰਬਤ (ਦੇਖੋ), ਜਿਸ ਦੀ ਉਚਾਈ ਧਰਤੀ ਤੋਂ 9 ਲਖ ਯੋਜਨ ਉਚੀ ਦਸੀ ਗਈ ਹੈ।[39] ਓਹਾਰ ਪਰਬਤਿ ਕੇ ਵਿਖੈ ਪੁਨਿ ਆਇ ਸਤਿਗੁਰ ਸੋਇ॥[40]

**ਓਕਾਰ-** ਇਹ ਉਜੈਨ ਵਿਚ ਸਥਿਤ ਕਿਹਾ ਜਾਂਦਾ ਹੈ, ਪਰ ਇਹ ਸ਼ਾਇਦ ਦਰਿਆ ਨਰਮਦਾ ਉਤੇ ਓਂਕਾਰ ਮਾਂਧਾਤਾ ਉਤੇ ਮਹਾਂਦੇਵ ਦਾ ਮੰਦਰ ਹੈ।[41] ਮਮਲੇਸ੍ਵਰ ਓਕਾਰ ਹਮਾਨ॥155॥[42]

**ਓਲੰਕ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ। ਆਏ ਸੋ ਓਲੰਕ ਗਿਰ ਠਹਰੇ ਤਹਾਂ ਸੁ ਆਇ॥43॥[43]

**ਅਉਘੜ-** ਜੋਗੀਆਂ ਦਾ ਇਕ ਫਿਰਕਾ। ਅਉਘੜ ਜੋਗੀ ਗਲ ਵਿਚ ਨਾਦ (ਸਿੰਗੀ) ਅਤੇ ਸੇਲੀ ਪਹਿਨਦੇ ਹਨ। ਨਾਉਂ ਦੇ ਅੰਤ ਵਿਚ ਨਾਥ ਪਦ ਵਰਤਦੇ ਹਨ। ਮੱਥੇ ਤੇ ਭਸਮ ਦਾ ਤ੍ਰਿਸ਼ੂਲ ਚਿੰਨ੍ਹ ਲਾਉਂਦੇ ਹਨ।[44] ਭਗਵਨਿ ਅਉਘੜ ਨਾਵ ਤਾਹਿ ਜਾਨਿਯੇ॥[45]

---

36 ਉਹੀ, ਪਤਰਾ 980.

37 ਉਹੀ, ਪਤਰਾ 246.

38 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1026.

39 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 1.

40 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1091.

41 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 489.

42 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1560.

43 ਉਹੀ, ਪਤਰਾ 1092.

**ਅੰਸ ਠੇਟਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਜੋਗ ਨੇਟਕਾ॥ ਅੰਸ ਠੇਟਕਾ॥[46]

**ਅੰਸ ਮਾਲਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਅੰਸ ਮਾਲਕਾ॥ ਰੂਪ ਜ੍ਵਾਲਕਾ॥ ਚਿੰਤ ਚਾਉਲੀ॥ ਰੂਪ ਪਾਉਲੀ॥85॥[47]

**ਅੰਸ ਮਾਲਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਅੰਸ ਮਾਲਨੀ॥ ਜੋਤਿ ਭਾਲਨੀ॥[48]

**ਅਸਟ ਮਾਤ੍ਰ ਕਾ-** ਦੇਵੀਆਂ ਦੇ ਇਕ ਸਮੂਹ ਲਈ ਵਰਤਿਆ ਗਿਆ ਸ਼ਬਦ। ਹਿੰਦੂ ਪੁਰਾਣਾਂ ਵਿਚ ਇਹ ਅਠ ਦੇਵੀਆਂ ਦੇ ਨਾਮ ਹਨ।[49] ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਨ੍ਹਾਂ ਦੇ ਨਾਮ ਹਨ- ਬੈਸਨਵੀ, ਰੁਦ੍ਰਾਵੀ, ਬ੍ਰਹਮਵੀ, ਕੁਮਾਰੀ, ਵਾਗਹੀ, ਚਮੁੰਡਯ, ਨਾਰ ਸਿਹੂੰਕਾ ਅਤੇ ਮਹਿੰਦ੍ਰਕਾ। ਅਸਟ ਮਾਤ੍ਰਕਾ ਕਵਨਿ ਕਵਨਿ ਸੋ ਭਾਖਿਯੈ॥[50]

**ਅਸਤਾਂਚਲਿ-** ਇਕ ਪਰਬਤ (ਦੇਖੋ) ਦਾ ਨਾਮ। ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਹਾੜ ਜਿਸ ਦੇ ਪਿਛੇ ਸੂਰਜ ਅਸਤ ਹੁੰਦਾ (ਛਿਪਦਾ) ਹੈ।[51] ਅਸਤਾਂਚਲਿ ਸੋ ਆਯੋ ਭਾਈ॥65॥[52]

**ਅੰਸਮਾਲ-** ਇਕ ਟਾਪੂ (ਦੇਖੋ) ਦਾ ਨਾਮ। ਅੰਸਮਾਲ ਪੁਨਿ ਟਾਪੂ ਹਯੈ॥[53]

---

[44] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 24.

[45] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 675.

[46] ਉਹੀ, ਪਤਰਾ 1054.

[47] ਉਹੀ.

[48] ਉਹੀ.

[49] Michael Jordan, *Dictionary of Gods And Goddesses,* Facts On File, Inc. New York, Second Edition, 2004, Page 33.

[50] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1233.

[51] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 14.

[52] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1426.

[53] ਉਹੀ, ਪਤਰਾ 1318.

**ਅਸਰਾਹਿ ਪਨਾਹ (ਰਾਇ ਪਨਾਹ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਠਾਰ੍ਹਾਂ ਰਾਜਿਆਂ (ਦੇਖੋ) ਵਿਚੋਂ ਇਕ ਰਾਜਾ। ਜਿਸ ਦਾ ਨਾਮ ਕਵਿ ਨੇ ਰਾਇ ਪਨਾਹ ਵੀ ਲਿਖਿਆ ਹੈ। ਸੋ ਅਸਰਾਹਿ ਪਨਾਹਿ ਨਰੇਸ॥[54]

**ਅਸਰਿਨਿਧ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬੀਸਵੋ ਗੰਗੁਲ ਨਾਥ ਏਕ ਬੀਸ ਸਮਰਤ ਬਹੁਰੋ ਅਸਰਿਨਿਧ ਬਾਈਸਮੋ ਠਾਨ ਸੋ॥50॥[55]

**ਅਹਲਿਆ-** ਅਹਲਿਆ ਨੂੰ ਪੰਜ ਪਵਿਤਰ ਕੰਨਿਆਵਾਂ ਵਿਚੋਂ ਵਡੀ ਮੰਨਿਆ ਜਾਂਦਾ ਹੈ, ਜਿਨ੍ਹਾਂ ਦਾ ਸਵੇਰੇ ਸਿਮਰਨ ਪਾਪਾਂ ਤੋਂ ਬਚਾਉਂਦਾ ਹੈ। ਇਹ ਗੋਤਮ ਰਿਸ਼ੀ ਦੀ ਪਤਨੀ ਸੀ। ਚੰਦਰਮਾ ਤੋਂ ਇੰਦਰ ਦੇਵਤਾ ਨੇ ਇਸਦੀ ਸੁੰਦਰਤਾ ਦੀ ਖਬਰ ਸੁਣ ਕੇ ਇਸ 'ਤੇ ਮੋਹਿਤ ਹੋ ਗਿਆ ਤੇ ਰਮਣ ਦਾ ਨਿਸ਼ਚਾ ਕੀਤਾ। ਮੇਲ ਲਈ ਇੰਦਰ ਨੇ ਗੋਤਮ ਦਾ ਰੂਪ ਧਾਰਨ ਕੀਤਾ। ਕਈ ਥਾਈਂ ਜ਼ਿਕਰ ਹੈ ਕਿ ਚੰਦਰਮਾ ਨੇ ਕੁਕੜ ਦਾ ਸਵਾਂਗ ਬਣਾ ਕੇ ਅਧੀ ਰਾਤ ਨੂੰ ਬਾਂਗ ਦੇ ਕੇ ਇੰਦਰ ਦੀ ਮਦਦ ਕੀਤੀ। ਬਾਂਗ ਸੁਣ ਕੇ ਗੋਤਮ ਦੇ ਇਸ਼ਨਾਨ ਨੂੰ ਜਾਣ ਤੋਂ ਬਾਦ ਇੰਦਰ ਉਸ ਦੇ ਘਰ ਗਿਆ। ਇਸ ਗੱਲ ਦਾ ਪਤਾ ਜਦੋਂ ਗੋਤਮ ਨੂੰ ਲਗਾ ਤਾਂ ਉਸ ਨੇ ਇੰਦਰ ਦੇ ਸਰੀਰ ਉਤੇ ਹਜ਼ਾਰ ਭਗ ਹੋਣ ਦਾ ਸ਼ਰਾਪ ਦਿਤਾ, ਚੰਦਰਮਾ ਨੂੰ ਮ੍ਰਿਗਸ਼ਾਲਾ ਮਾਰ ਕੇ ਕਲੰਕਿਤ ਕੀਤਾ ਅਤੇ ਅਹਲਿਆ ਨੂੰ ਸ਼ਰਾਪ ਦੇ ਕੇ ਪਥਰ ਬਣਾ ਦਿਤਾ। ਤ੍ਰੇਤਾ ਯੁਗ ਵਿਚ ਸੂਰਜਵੰਸੀ ਰਾਮਚੰਦਰ ਨੇ ਅਹਲਿਆ ਨੂੰ ਮੁਕਤ ਕੀਤਾ ਸੀ।[56] ਅੰਗਰਾ ਅਉਰ ਅਹਲਿਆ ਅਨਸੂਆ ਅਤ੍ਰੇ ਜਾਨ॥[57]

**ਅਹਿਮਦ-** ਸੁੰਨੀ ਮੱਤ ਦੇ ਚੌਥੇ ਇਮਾਮ ਅਹਿਮਦ ਦਾ ਜਨਮ ਬਗਦਾਦ ਵਿਚ 164 ਹਿਜਰੀ ਵਿਚ ਹੋਇਆ ਅਤੇ ਦੇਹਾਂਤ 241 ਹਿਜਰੀ ਵਿਚ। ਰਵਾਇਤ ਹੈ ਕਿ ਜਦੋਂ ਇਨ੍ਹਾਂ ਦਾ ਜਨਾਜ਼ਾ ਨਿਕਲਿਆ ਤਾਂ ਅਸਮਾਨ ਵਿਚ ਉਡਦੇ ਪੰਛੀ ਜਨਾਜ਼ੇ ਉਪਰ ਡਿਗਣ ਲਗੇ। ਇਸ ਮੋਅਜਜ਼ੇ ਨੂੰ ਵੇਖ ਕੇ ਅਨੇਕਾਂ ਅਰਬ ਵਾਸੀ ਮੁਸਲਮਾਨ ਬਣ ਗਏ। ਇਹ ਹੰਬਲੀਆ ਸੰਪ੍ਰਦਾਇ ਦਾ ਮੋਢੀ ਸੀ।[58] ਅਹਿਮਦ ਚਾਰ ਹੈ ਨਾਮ ਪਛਾਨ॥46॥[59]

---

[54] ਉਹੀ, ਪਤਰਾ 1289.

[55] ਉਹੀ, ਪਤਰਾ 1026.

[56] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 11-12.

[57] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 11.

[58] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 198.

**ਅਹਿਰਾਵਣ-** ਇਕ ਅਸੁਰ ਜੋ ਰਾਵਣ ਦਾ ਮਿਤਰ ਸੀ। ਇਹ ਮਹਿਰਾਵਣ ਨਾਲ ਪਤਾਲ ਲੰਕਾ ਵਿਚ ਰਹਿੰਦਾ ਸੀ। ਅਹਿਰਾਵਣ ਬੜਾ ਬਲਵਾਨ ਤੇ ਕੁਕਰਮੀ ਯੋਧਾ ਸੀ। ਰਾਮ ਤੇ ਲਛਮਨ ਨੇ ਮਾਰੂਤ ਦੀ ਮਦਦ ਨਾਲ ਇਸ ਨੂੰ ਮਾਰਿਆ। ਇਸਦੇ ਭਰਾ ਮਹਿਰਾਵਣ (ਦੇਖੋ) ਦਾ ਬਧ ਰਾਮ ਚੰਦਰ ਨੇ ਕੀਤਾ।[60] ਅਹਿਰਾਵਣ ਸੇ ਮਹਿਰਾਵਣ ਸੇ ਤਿਨ ਤੇ ਨ ਬਚੇ ਤੁਮ ਨਾਹਿ ਨ ਓਸੇ॥[61]

**ਅਕਾਲ ਨਿਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪਾਚੂ ਪਰਿ ਪਾਚਾਸਮੋ ਜਾਨੋ ਤਾਹਿ ਅਕਾਲ ਨਿਰ॥[62]

**ਅੰਕ੍ਰਹੀ-** ਇਕ ਟਾਪੂ (ਦੇਖੋ) ਦਾ ਨਾਮ। ਪੰਧ੍ਰਮਿ ਅੰਕ੍ਰਹੀ ਪੁਨਿ ਲਹਯੈ॥57॥[63]

**ਅਗ ਖੰਡ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨੌਂ ਖੰਡਾਂ (ਦੇਖੋ) ਵਿਚੋਂ ਇਕ ਖੰਡ ਦਾ ਨਾਮ। ਰਾਮ ਭਦਰ ਮ੍ਰਿਤਸਟਾ ਕਹਯੈ॥ ਅਗ ਪਰਮਾਤਮ ਅਉਰ ਸੁ ਲਹਯੈ॥[64]

**ਅਗਸਤ-** ਇਹ ਇਕ ਮਸ਼ਹੂਰ ਰਿਖੀ ਹੋਏ ਹਨ। ਇਹਨਾਂ ਨੇ ਰਿਗ ਵੇਦ ਦੇ ਕਈ ਮੰਤਰ ਪ੍ਰਗਟ ਕੀਤੇ ਹਨ। ਇਹਨਾਂ ਬਾਬਤ ਦਸਿਆ ਜਾਂਦਾ ਹੈ ਕਿ ਜਦ 'ਕਾਲਕੇਯ' ਦੈਂਤਾਂ ਨੇ ਦੇਵਤਿਆਂ ਨੂੰ ਜਿਤ ਲਿਆ, ਤਦ ਦੇਵਤੇ ਬ੍ਰਹਮਾ ਪਾਸ ਫ਼ਰਿਆਦੀ ਹੋ ਕੇ ਪੁਜੇ। ਬ੍ਰਹਮਾ ਨੇ ਇਹਨਾਂ ਨੂੰ ਅਗਸਤ ਮੁਨੀ ਪਾਸ ਘਲਿਆ। ਮੁਨੀ ਨੇ ਸਮੁੰਦਰ ਚੁਲੂ ਵਿਚ ਪਾ ਕੇ ਪੀ ਲਿਆ, ਦੈਂਤ ਜੋ ਸਮੁੰਦਰ ਵਿਚ ਛੁਪੇ ਹੋਏ ਸਨ, ਉਹਨਾਂ ਨੂੰ ਦੇਵਤਿਆਂ ਨੇ ਮਾਰ ਲਿਆ। ਫਿਰ ਬਿਨੈ ਕੀਤੀ ਕਿ ਸਮੁੰਦਰ ਨੂੰ ਭਰ ਦਿਤਾ ਜਾਵੇ, ਆਪ ਨੇ ਉਤਰ ਦਿਤਾ, ਜਦ ਭਾਗੀਰਥ ਤਪਾ ਗੰਗਾ ਨੂੰ ਪ੍ਰਿਥਵੀ 'ਤੇ ਲੈ ਆਵੇਗਾ, ਤਦ ਸਮੁੰਦਰ ਭਰ ਜਾਵੇਗਾ। ਕਈ ਥਾਂ ਇਉਂ ਦਸਿਆ ਹੈ ਕਿ ਰਿਖੀਆਂ ਨੇ ਯਗ ਕੀਤਾ ਤੇ ਸਮੁੰਦਰ ਨੂੰ ਭੀ ਸਦਿਆ, ਪਰ ਇਹ ਹੰਕਾਰ ਕਰਕੇ ਨਾ ਆਇਆ, ਇਸ ਤੇ

---

[59] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 941.

[60] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 48.

[61] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 832.

[62] ਉਹੀ, ਪਤਰਾ 1026.

[63] ਉਹੀ, ਪਤਰਾ 1318.

[64] ਉਹੀ, ਪਤਰਾ 1008.

ਅਗਸਤ ਨੇ ਸਮੁੰਦਰ ਨੂੰ ਪੀ ਲਿਆ। ਜਦ ਸਮੁੰਦਰ ਦੇ ਜੀਵ ਤੜਫਨ ਲਗੇ, ਤਦ ਪਿਸ਼ਾਬ ਦੇ ਰਾਹੀਂ ਸਮੁੰਦਰ ਫਿਰ ਭਰ ਦਿਤਾ, ਇਸੇ ਕਰਕੇ ਇਸਦਾ ਜਲ ਖਾਰਾ ਦਸਿਆ ਜਾਂਦਾ ਹੈ।[65] ਅਦਰੀ ਅਉਰ ਅਗਸਤਿ ਜੀ ਪੁਨਿ ਅਬਰੀਸ ਪਛਾਨ॥6॥[66]

**ਅਗਨਿ ਕੋਣਿ-** ਇਕ ਪਰਬਤ (ਦੇਖੋ) ਦਾ ਨਾਮ। ਅਗਨਿ ਕੋਣਿ ਕਾ ਸੋ ਹੈ ਵਸੀ॥[67]

**ਅਗਨਿ ਧਾਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਇਕ ਊਪਰਿ ਚਾਲੀਸਮੋ ਅਗਨਿ ਧਾਰ ਬਲਿਵਾਨ॥[68]

**ਅਗਨਿ ਮੁਖਿ ਦੈਂਤ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਦੈਂਤ ਜਿਸ ਦਾ ਵੈਰ ਪਚਾਨਨ (ਦੇਖੋ) ਨਾਲ ਪੈ ਜਾਂਦਾ ਹੈ ਅਤੇ ਇਹ ਛਲ ਕਰਕੇ ਉਸਨੂੰ ਕੁੰਦਨ ਰਿਸ਼ੀ ਤੋਂ ਸਰਾਪ ਦਿਵਾਉਂਦਾ ਹੈ। ਅਗਨੀ ਮੁਖਿ ਦੈਤਿ ਬਲੀ ਮਮ ਆਸ੍ਰਮ ਆਇ ਗਯੋ ਸਠ ਸੋ ਇਕ ਬਾਰੀ॥[69]

**ਅਗਮ ਪੰਥਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਅਗਮ ਪੰਥਨੀ॥ ਬੋਧ ਗ੍ਰੰਥਨੀ॥84॥[70]

**ਅੰਗਮੰਦਾਰ-** ਇਕ ਟਾਪੂ (ਦੇਖੋ) ਦਾ ਨਾਮ। ਬੇਣੂ ਬਿਅੰਗ ਅੰਗਮੰਦਾਰ॥[71]

**ਅੱਗਰਮੱਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਅੱਗਰਮੱਲ ਸੁਖਾਮਲ ਰਾਘਵ ਜੈਮਲ ਜਾ ਤੁਰਸਾ ਹਰਸਾ ਹੈ॥[72]

---

[65] ਮਾਸਟਰ, ਮਹਿਤਾਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਇਤਿਹਾਸਕ ਨਾਵਾਂ ਤੇ ਥਾਵਾਂ ਦਾ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸਤਵੀਂ ਵਾਰ, 2010, ਪੰਨਾ 108.

[66] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੁਦਨ, ਪਤਰਾ 11.

[67] ਉਹੀ, ਪਤਰਾ 1426.

[68] ਉਹੀ, ਪਤਰਾ 1026.

[69] ਉਹੀ, ਪਤਰਾ 1503.

[70] ਉਹੀ, ਪਤਰਾ 1054.

[71] ਉਹੀ, ਪਤਰਾ 1318.

[72] ਉਹੀ, ਪਤਰਾ 594.

**ਅੰਗਰਾ (ਅੰਗਿਰਸ)-** ਇਕ ਪ੍ਰਸਿਧ ਵੈਦਿਕ ਰਿਸ਼ੀ ਜੋ ਸਤ ਮਹਾਂ ਰਿਸ਼ੀਆਂ ਅਤੇ ਦਸ ਪ੍ਰਜਾਪਤੀਆਂ ਵਿਚੋਂ ਇਕ ਹੈ। ਅੰਗਿਰਸ ਰਿਗ ਵੇਦ ਦੀਆਂ ਅਨੇਕਾਂ ਰਿਚਾਂ ਦਾ ਕਰਤਾ ਵੀ ਮੰਨਿਆ ਜਾਂਦਾ ਹੈ। ਖ਼ਾਸ ਤੌਰ ਤੇ ਉਨ੍ਹਾਂ ਰਿਚਾਂ ਦਾ ਜਿਨ੍ਹਾਂ ਵਿਚ ਅਗਨੀ ਤੇ ਇੰਦਰ ਦੇਵਤੇ ਨੂੰ ਸੰਬੋਧਨ ਕੀਤਾ ਗਿਆ ਹੈ। ਅੰਗਿਰਸ ਨੂੰ ਦੇਵਤਿਆਂ ਦੇ ਪ੍ਰੋਹਿਤ ਅਤੇ ਯਗਾਂ ਦਾ ਦੇਵਤਾ ਵੀ ਮੰਨਿਆ ਗਿਆ ਹੈ। ਅੰਗਿਰਸ ਦੇ ਜਨਮ ਬਾਰੇ ਵੀ ਭਿੰਨ ਕਥਾਵਾਂ ਪ੍ਰਚਲਤ ਹਨ। ਇਕ ਰਵਾਇਤ ਅਨੁਸਾਰ ਉਹ ਬ੍ਰਹਮਾ ਦੇ ਮੁਖ ਵਿਚੋਂ ਪੈਦਾ ਹੋਇਆ। ਇਕ ਹੋਰ ਰਵਾਇਤ ਅੰਗਿਰਸ ਨੂੰ ਉਰੂ ਦਾ ਪੁੱਤਰ ਦਸਦੀ ਹੈ ਜੋ ਆਗਨੇਯੀ ਦੀ ਕੁੱਖੋਂ ਪੈਦਾ ਹੋਇਆ।[73] ਅੰਗਰਾ ਅਉਰ ਅਹਲਿਆ ਅਨਸੂਆ ਅਤ੍ਰੇ ਜਾਨ॥[74]

**ਅਘਰ ਘਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਇਕ ਊਪਰਿ ਪਾਚਾਸ ਅਘਰ ਘਨ ਭਾਖਿਯੈ॥[75]

**ਅਚੱਲਸਰ-** ਇਹ ਸ਼ਹਿਰ ਅਚਲ ਬਟਾਲਾ ਜਲੰਧਰ ਬਟਾਲਾ ਸੜਕ ਤੋਂ 6 ਕਿ. ਮੀ. ਦੂਰ ਦਖਣ ਵਲ ਸਥਿਤ ਹੈ। ਬਟਾਲਾ ਦਾ ਅਕਸ਼ਾਸ਼ 310-49 ਅਤੇ ਰੇਖਾਸ਼ ਦੇਸ਼ਾਤਰ 750-12 ਹੈ। ਇਥੇ ਗੁਰੂ ਨਾਨਕ ਦੇਵ ਜੀ ਦਾ ਇਤਿਹਾਸਿਕ ਗੁਰਦੁਆਰਾ ਹੈ। ਇਹ ਗੁਰਦੁਆਰਾ ਸਲਹੋ ਅਤੇ ਚਹਿਲ ਪਿੰਡਾਂ ਦੀ ਸਰਹਦ 'ਤੇ ਹੈ। ਗੁਰਦੁਆਰਾ ਛੋਟੀ ਟਿਬੀ 'ਤੇ ਦੂਰੋਂ ਨਜ਼ਰੀਂ ਪੈਂਦਾ ਹੈ। ਇਥੇ ਪੁਰਾਤਨ ਸਮੇਂ ਮਹਾਂਦੇਵ ਦਾ ਹਿੰਦੂ ਹੁੰਦਾ ਸੀ। ਜਿਸ ਨੂੰ ਅਚੱਲ ਆਖਿਆ ਜਾਂਦਾ ਸੀ। ਬਟਾਲੇ ਵਿਚ ਹੋਣ ਕਾਰਨ ਇਸ ਦੀ ਸੰਗਿਆ ਅਚਲ ਬਟਾਲਾ ਪੈ ਗਈ। ਅਚਲ ਮੰਦਰ ਵਿਚ ਆ ਕੇ ਦੂਰੋਂ-ਦੂਰੋਂ ਸਾਧੂ ਸ਼ਿਵਰਾਤਰੀ ਦੇ ਤਿਉਹਾਰ ਮਨਾਉਂਦੇ ਸਨ।[76] ਬਹੁਰਿ ਆਇ ਅੱਚਲ ਸਰ ਜਹਾਂ॥[77]

**ਅਚਲੇਸ੍ਵਰ-** ਇਕ ਪਰਬਤ (ਦੇਖੋ) ਦਾ ਨਾਮ। ਅਚਲੇਸ੍ਵਰ ਫੁਨਿ ਅਉਰ ਗਿਰਾਗੀ॥[78]

---

[73] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 70.

[74] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 11.

[75] ਉਹੀ, ਪਤਰਾ 1026.

[76] ਸਰਨਾ, ਜਸਬੀਰ ਸਿੰਘ, *ਗੁਰਦੁਆਰਾ ਕੋਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2016, ਪੰਨਾ 18.

[77] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 555.

[78] ਉਹੀ, ਪਤਰਾ 1426.

**ਅਛਰਦੇਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਅਛਰਦੇਨ ਪੁਨਿ ਪਲਕਿ ਨਿਧ ਬਹੁਰਿ ਪਿਪਲਕਾ ਜਾਨ॥[79]

**ਅੰਜਨਬੀਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕੂਰਮ (ਦੇਖੋ) ਦੀ ਪਿਠ ਉਪਰਲੇ ਅਠ ਹਾਥੀਆਂ ਵਿਚੋਂ ਇਕ ਹਾਥੀ ਦਾ ਨਾਮ ਜਿਨ੍ਹਾਂ ਉਪਰ ਧਰਤੀ ਟਿਕੀ ਹੋਈ ਹੈ। ਸਾਰਥ ਭੂਮੈ ਅੰਜਨ ਬੀਰ॥ ਸਪਰਤੀਕ ਬਡਿ ਗੁਣੀ ਗਹੀਰ॥45॥[80]

**ਅਜਾਮਲ-** ਪੁਰਾਣਿਕ ਸਾਹਿਤ ਅਨੁਸਾਰ ਇਕ ਬ੍ਰਾਹਮਣ ਜੋ ਕਨੌਜ ਦਾ ਵਸਨੀਕ ਸੀ। ਇਸ ਨੇ ਵੇਸ਼ਵਾ ਨਾਲ ਵਿਆਹ ਕੀਤਾ ਜਿਸ ਤੋਂ ਦਸ ਪੁੱਤਰ ਹੋਏ। ਜਦ ਛੋਟੇ ਪੁੱਤਰ ਦਾ ਨਾਮ ਰੱਖਣ ਦਾ ਸਮਾਂ ਆਇਆ ਤਾਂ ਇਸਨੇ, ਉਸ ਦਾ ਨਾਮ ਨਾਰਾਇਣ ਰੱਖਿਆ। ਜਦੋਂ ਇਸਦਾ ਮਰਣ- ਕਾਲ ਨੇੜੇ ਆਇਆ ਤਾਂ ਇਸਨੇ ਆਪਣੇ ਪੁੱਤਰ ਨਾਰਾਇਣ ਨੂੰ ਬਾਰ ਬਾਰ ਆਵਾਜ ਮਾਰੀ। ਨਤੀਜਾ ਇਹ ਕਿ ਇਸ ਦਾ ਧਿਆਨ ਪਰਮੇਸ਼ਰ ਵਿਚ ਜੁੜ ਗਿਆ ਤੇ ਰਬੀ ਗੁਣਾਂ ਨੇ ਇਸ ਦੀ ਜਿੰਦ ਨੂੰ ਜਮ- ਗਣਾਂ ਤੋਂ ਛੁਡਾ ਲਿਆ ਤੇ ਇਹ ਮੁਕਤ ਹੋਇਆ।[81] ਸੁ ਅਜਾਮਲ ਦੇਖਿ ਤਰਯੋ ਪਲ ਮੈ ਅਘਵੰਤਿ ਮਹਾ ਪੁਨਿ ਸੈਣ ਸੁ ਨਾਈ॥2॥[82]

**ਅਜਿਤਾ ਚੌਧਰੀ-** ਰੰਧਾਵਾ ਗੋਤ ਦਾ ਇਕ ਜਟ, ਜੋ ਗੁਰੂ ਨਾਨਕ ਸਾਹਿਬ ਦਾ ਸਿਖ ਸੀ। ਇਸ ਦਾ ਪਿਤਾ ਹੇਤਾ ਰੰਧਾਵਾ, ਪਖੋਕੇ ਰੰਧਾਵੇ ਦਾ ਪਟਵਾਰੀ ਸੀ, ਜਿਥੇ ਗੁਰੂ ਜੀ ਵਿਆਹੇ ਹੋਏ ਸਨ।[83] ਅਜਿਤਾ ਚੌਧਰੀ ਵਾਚ॥ ਧੀਰ ਧਰੋ ਅਪਨੇ ਮਨ ਮੈ ਤੁਮ ਮੈ ਲਿਖਿ ਕੈ ਅਬ ਆਪ ਪਠਾਊ॥[84]

---

[79] ਉਹੀ, ਪਤਰਾ 1026.

[80] ਉਹੀ, ਪਤਰਾ 1009.

[81] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 15.

[82] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1178.

[83] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 10.

[84] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 467.

**ਅਜੀਮ ਖਾਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਨਾਲ ਨਮਾਜ ਪੜ੍ਹਨ ਵਾਲੇ ਕਾਜੀ ਦਾ ਨਾਮ। ਜਨਮਸਾਖੀ ਸਾਹਿਤ ਵਿਚ ਕਿਸੇ ਵੀ ਕਾਜੀ ਦੇ ਨਾਮ ਦਾ ਜ਼ਿਕਰ ਕੀਤਾ ਨਹੀਂ ਮਿਲਦਾ। ਅਜੀਮ ਖਾਂਨੋ ਵਾਚ॥ ਏ ਤੋ ਰਹੈਂ ਦੋਊ ਕੇ ਮਾਹਿ॥[85]

**ਅਜੁਧਿਆ-** ਹਿੰਦੂਆਂ ਦੀਆਂ ਸਤ ਪਵਿਤਰ-ਪੁਰੀਆਂ ਵਿਚੋਂ ਇਕ ਪੁਰੀ। ਇਹ ਉਤਰ-ਪ੍ਰਦੇਸ਼ ਵਿਚ ਗੋਗਰਾ ਦਰਿਆ ਕੰਢੇ ਵਸਿਆ ਇਕ ਪ੍ਰਸਿਧ ਸ਼ਹਿਰ ਹੈ, ਜਿਹੜਾ ਫੈਜ਼ਾਬਾਦ ਤੋਂ 5 ਮੀਲ ਦੂਰ ਹੈ। ਮਿਥਿਕ-ਪਰੰਪਰਾ ਵਿਚ ਇਸ ਨੂੰ ਮੰਨੂੰ ਰਾਜੇ ਵਲੋਂ ਆਬਾਦ ਕੀਤਾ ਮੰਨਿਆ ਜਾਂਦਾ ਹੈ। ਲੰਮਾ ਸਮਾਂ ਇਹ ਸੂਰਜ-ਵੰਸ਼ੀ ਰਾਜਿਆਂ (ਮਨਧਾਤਰੀ, ਹਰਿਸ਼ਚੰਦਰ ਸਾਗਰ, ਰਘੂ, ਦਸਰਥ, ਰਾਮਚੰਦਰ ਆਦਿ) ਦੀ ਰਾਜਧਾਨੀ ਰਿਹਾ ਹੈ। ਇਥੇ ਹੀ ਰਾਮ ਦਾ ਜਨਮ ਹੋਇਆ ਮੰਨਿਆ ਜਾਂਦਾ ਹੈ।[86] ਪ੍ਰਿਥਮ ਜਾਹੁ ਅਜੁਧਿੱਆ ਸੀਧਾ ਰਸਤਾ ਓਇ॥30॥[87]

**ਅਟਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਠਾਰ੍ਹਾਂ ਰਾਜਿਆਂ (ਦੇਖੋ) ਵਿਚੋਂ ਇਕ ਰਾਜੇ ਦਾ ਨਾਮ। ਅਟਕਾ ਨਿਰਪ ਗਿਅਰਵਾ ਮਾਨ॥[88]

**ਅਟੱਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਜਟਮੱਲ ਅਟੱਲ ਪ੍ਰਿਥੀਮਲਿ ਜਾ ਰਤਨਾਹਰਿ ਕੇਸਰ ਜੀ ਕਰਮਾਏ॥[89]

**ਅਠਾਰ੍ਹਾਂ ਰਾਜੇ-** ਗੁਰੂ ਨਾਨਕ ਵਿਜੈ ਗ੍ਰੰਥ ਵਿਚ ਅਠਾਰ੍ਹਾਂ ਰਾਜਿਆਂ ਦਾ ਜ਼ਿਕਰ ਮਿਲਦਾ ਹੈ, ਜਿਹਨਾਂ ਦੇ ਨਾਮ ਇਸ ਪ੍ਰਕਾਰ ਹਨ- ਕਉਲ ਨੈਨ, ਅਸਰਾ ਪਨਾਹ, ਸੁਖਚੈਨ, ਸਾਗਰ ਸੈਨ, ਬੀਰ ਸੈਨ, ਲਾਲ ਨੈਨ, ਰਾਇ ਐਨ, ਸੁਖ ਸਾਗਰ, ਨਾਗਾਂ ਪਰਸਰਾਮ, ਸੁਧ ਸਭਾਲਕਾ, ਅਟਕਾ, ਘਟਕਾ, ਨੈਨ ਜੋਤਿ, ਬੁਧਿ ਬਿਬੇਕ ਬਾਲਕਾ, ਤੁਰ ਤਰੰਗ, ਮਗਨਿ ਰਾਇ, ਮਧਰ ਬੈਨ, ਸੁੰਦਰ ਸੈਣ। ਇਹ ਰਾਜੇ ਇਤਿਹਾਸਕ, ਮਿਥਿਹਾਸਕ ਜਾਂ

---

[85] ਉਹੀ, ਪਤਰਾ 634.

[86] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 10.

[87] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 702.

[88] ਉਹੀ, ਪਤਰਾ 1323.

[89] ਉਹੀ, ਪਤਰਾ 594.

ਕਲਪਿਤ ਹਨ? ਇਸ ਬਾਰੇ ਕੋਈ ਪਕੀ ਧਾਰਨਾ ਬਣਾਉਣੀ ਮੁਸ਼ਕਿਲ ਹੈ। ਈਹਾ ਤੀਨੋ ਦੀਪ ਮੈ ਅਠ ਦਸ ਨਿਰਪ ਸੁ ਜਾਨ॥27॥[90]

**ਅਣਦਾਣਾ-** ਪੰਜਾਬ ਦੇ ਸੰਗਰੂਰ ਜਿਲੇ ਦੀ ਮੂਨਕ ਤਹਿਸੀਲ ਦੇ ਇਕ ਨਗਰ ਦਾ ਨਾਮ।[91] ਜਿਵੇਂ ਗੁਰੂ ਨਾਨਕ ਵਿਜੈ ਗ੍ਰੰਥ ਵਿਚ ਦਸਿਆ ਹੈ ਕਿ ਗੁਰੂ ਜੀ ਅਣਦਾਣੇ ਤੋਂ ਸੁਨਾਮ ਗਏ ਤਾਂ ਇਹ ਭੂਗੋਲਕਿ ਦ੍ਰਿਸ਼ਟੀ ਤੋਂ ਸਹੀ ਜਾਪਦਾ ਹੈ। ਤਹਿ ਤੇ ਗੁਰ ਆਏ ਅਣਦਾਣੇ॥[92]

**ਅਣੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਨਾਗਰਚੰਦ ਅਣੀ ਦਖਣੀ ਅਰੁ ਮੋਹਿਣ ਜੀ ਜਗਤਾ ਪਰਸਾ ਹੈ॥[93]

**ਅੰਤਰਾਲੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਅੰਤਰਾਲੀ॥ ਬ੍ਰਹਮ ਬਾਲੀ॥89॥[94]

**ਅਤਰੀ (ਅਤ੍ਰੈ)-** ਇਕ ਮਹਾਨ ਰਿਸ਼ੀ ਜਿਸ ਦੀ ਗਿਣਤੀ ਸਪਤ ਰਿਸ਼ੀਆਂ ਅਤੇ ਦੇਸ਼ ਪਰਜਾਪਤੀਆਂ ਵਿਚ ਕੀਤੀ ਜਾਂਦੀ ਹੈ। ਅਤਰੀ ਰਿਗ ਵੇਦ ਦੀਆਂ ਅਨੇਕਾਂ ਰਿਚਾਵਾਂ ਦਾ ਕਰਤਾ ਵੀ ਹੈ। ਅਤਰੀ ਬ੍ਰਹਮਾ ਦਾ ਪੁਤਰ ਸੀ ਜੋ ਉਨ੍ਹਾਂ ਦੇ ਨੇਤਰਾਂ ਵਿਚੋਂ ਉਤਪੰਨ ਹੋਇਆ। ਕੁਝ ਕਥਾਵਾਂ ਵਿਚ ਅਤਰੀ ਨੂੰ ਬ੍ਰਹਮਾ ਦੇ ਹਿਰਦੇ ਤੋਂ ਪੈਦਾ ਹੋਇਆ ਵੀ ਮੰਨਿਆ ਗਿਆ ਹੈ। ਅਤਰੀ ਦਾ ਵਿਆਹ ਹਰਦਮ ਦੀ ਪੁਤਰੀ ਮਨਸੂਯਾ ਨਾਲ ਹੋਇਆ, ਜਿਸ ਤੋਂ ਦਤਾਤ੍ਰੇਯ ਦਾ ਜਨਮ ਹੋਇਆ। ਇਕ ਕਥਾ ਅਨੁਸਾਰ ਪੁਤਰ ਦੀ ਪ੍ਰਾਪਤੀ ਲਈ ਅਤਰੀ ਨੇ ਆਪਣੀ ਪਤਨੀ ਸਮੇਤ ਰਿਖਸ਼ ਪਰਬਤ ਉਤੇ ਘੋਰ ਤਪ ਕੀਤਾ। ਤ੍ਰਿਮੂਰਤੀ ਦੀ ਪੂਜਾ ਕਰਨ ਕਰ ਕੇ ਉਨ੍ਹਾਂ ਦੇ ਘਰ ਤਿੰਨਾਂ ਦੇਵਤਿਆਂ ਦੇ ਅੰਸ਼ ਰੂਪ ਵਿਚ ਤਿੰਨ ਪੁਤਰ - ਦਤਾਤ੍ਰੇਯ, ਦੁਰਬਾਸਾ ਅਤੇ ਸੋਮ ਉਤਪੰਨ ਹੋਏ ਜੋ

---

[90] ਉਹੀ, ਪਤਰਾ 1322.

[91] *District Census Handbook Sangrur,* Series-04 Part XII-B, Directorate of Census Operations Punjab, 2011.

[92] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 675.

[93] ਉਹੀ, ਪਤਰਾ 594.

[94] ਉਹੀ, ਪਤਰਾ 1054.

ਕ੍ਰਮਵਾਰ ਵਿਸ਼ਨੂੰ, ਸ਼ਿਵ ਤੇ ਬ੍ਰਹਮਾ ਦੇ ਅੰਸ਼ ਰੂਪ ਸਨ। ਇਕ ਹੋਰ ਕਥਾ ਅਨੁਸਾਰ ਅਤਰੀ ਦਾ ਪੁਤਰ ਸੋਮ ਉਨ੍ਹਾਂ ਦੇ ਨੇਤਰਾਂ ਵਿਚੋਂ ਪੈਦਾ ਹੋਇਆ ਸੀ।[95] ਅੰਗਰਾ ਅਉਰ ਅਹਲਿਆ ਅਨਸੂਆ ਅਤ੍ਰੇ ਜਾਨ॥[96]

**ਅਤਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਪਰਮ ਸਰੇਸਟਿ ਮਾਨੋ ਦੂਜਾ ਅਤਰੀ॥[97]

**ਅਦਰਮਾਨ-** ਸ਼ੇਖ ਉਬਾਰੇ ਖਾਂ ਦਾ ਮੁਰਸ਼ਦ, ਜਿਹੜਾ ਹਿੰਦੂਆਂ ਨੂੰ ਨਫ਼ਰਤ ਕਰਦਾ ਸੀ, ਪਰ ਗੁਰੂ ਜੀ ਨੂੰ ਮਿਲ ਕੇ ਇਸਦਾ ਨਿਸਤਾਰਾ ਹੋਇਆ।[98] ਕੀਨੀ ਜਾਇ ਤਰੀਫ ਤਿਨ ਅਦਰਮਾਨ ਦਰਬਾਰ॥60॥ [99]

**ਅਦਰੀ (ਐਂਦ੍ਰੀ)-** ਇੰਦ੍ਰ ਦਾ ਪੁਤਰ। ਅਰਜਨ ਦੀ ਇਕ ਉਪਾਧੀ।[100] ਅਦਰੀ ਅਉਰ ਅਗਸਤਿ ਜੀ ਪੁਨਿ ਅਬਰੀਸ ਪਛਾਨ॥6॥[101]

**ਅਦਿਤੀ-** ਹਿੰਦੂਆਂ ਦੀ ਇਕ ਪ੍ਰਾਚੀਨ ਦੇਵੀ ਜਿਸਨੂੰ ਦੇਵ ਮਾਤਾ/ਜਗਤ ਮਾਤਾ ਵੀ ਕਿਹਾ ਜਾਂਦਾ ਹੈ। ਵੇਦਾਂ ਅਤੇ ਪੁਰਾਣਾਂ ਵਿਚ ਅਨੇਕਾਂ ਥਾਈਂ ਅਦਿਤੀ ਦੇਵੀ ਦਾ ਜ਼ਿਕਰ ਆਉਂਦਾ ਹੈ। ਰਿਗਵੇਦ ਅਨੁਸਾਰ ਅਦਿਤੀ ਦੇ ਅੱਠ ਪੁਤਰ ਸਨ। ਇਸ ਨੇ ਮਾਰਤੰਡ (ਸੂਰਜ) ਤੋਂ ਛੁਟ ਬਾਕੀ ਸੱਤਾਂ ਪੁਤਰਾਂ ਨੂੰ ਸੰਸਾਰ ਦੇ ਕਲਿਆਣ ਲਈ ਦੇਵਤਿਆਂ ਦੀ ਭੇਟ ਕਰ ਦਿਤਾ ਸੀ। ਵੈਦਿਕ ਕਾਲ ਵਿਚ ਬੱਚਿਆਂ ਤੇ ਪਸ਼ੂਆਂ ਦੀ ਰਖਿਆ ਤੇ ਖ਼ੁਸ਼ਹਾਲੀ

---

95 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 83.

96 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 11.

97 ਉਹੀ, ਪਤਰਾ 1629.

98 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 21.

99 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1199.

100 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਤੀਜੀ ਵਾਰ, 2013, ਪੰਨਾ 70.

101 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 11.

ਲਈ ਅਦਿਤੀ ਦੇਵੀ ਦੀ ਅਰਾਧਨਾ ਆਮ ਪ੍ਰਚਲਤ ਸੀ।[102] ਕੱਸਜਪ ਅਉਰ ਅਦਿਤੀ ਨੈ ਤਪ ਕੀਨੋ ਬਨ ਜਾਇ॥56॥[103]

**ਅਧਰਾ (ਅਧਰਕਾ)-** ਸਾਲਸ ਰਾਇ (ਦੇਖੋ) ਜੌਹਰੀ ਦਾ ਗੁਲ (ਨੌਕਰ)।[104] ਜਹ ਅਧਰੇ ਕੀ ਗਾਦੀ ਹਯੈ॥[105]

**ਅੰਧੇਰ ਨਗਰੀ-** ਉਹ ਨਗਰੀ ਜਿਥੇ ਚੰਗੇ ਮੰਦੇ, ਮੂਰਖ ਬੁਧੀਵਾਨ ਅਤੇ ਚੋਰ ਸਾਧ ਵਿਚ ਕੋਈ ਨਿਖੇੜ ਨਾ ਕੀਤਾ ਜਾਵੇ ਅਤੇ ਵਿਵੇਕ ਅਵਿਵੇਕ ਦਾ ਕੋਈ ਭੇਦ ਨਾ ਹੋਵੇ। ਪੰਜਾਬ ਵਿਚ ਇਸ ਬਾਰੇ ਕਥਾ ਆਮ ਪ੍ਰਚਲਿਤ ਹੈ ਅਤੇ ਪੰਜਾਬੀ ਦੀ ਅਖਾਣ ਵੀ ਹੈ- ਅੰਧੇਰ ਨਗਰੀ ਚੌਪਟ ਰਾਜਾ। ਟਕੇ ਸਿਰ ਭਾਜੀ ਟਕੇ ਸੇਰ ਖਾਜਾ।[106] ਸੋ ਗੁਰੂ ਨਾਨਕ ਵਿਜੈ ਗ੍ਰੰਥ ਵਿਚ ਇਹ ਘਟਨਾ ਗੁਰੂ ਨਾਨਕ ਦੇਵ ਜੀ ਨਾਲ ਵਾਪਰੀ ਦਸੀ ਹੈ। ਗੁਰ ਆਇ ਅੰਧੇਰ ਨਗਰੀ ਭਾਈ॥[107]

**ਅੰਨ ਪੂਰਨਾ (ਦਾਸੀ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਬ੍ਰਹਮ ਪੂਰਨਾ॥ ਅੰਨ ਪੂਰਨਾ॥[108]

**ਅਨਸੂਆ (ਅਨਸੂਯਾ)-** "ਦਇਆ"। ਇਹ ਅਤ੍ਰੀ ਰਿਸ਼ੀ ਦੀ ਪਤਨੀ ਸੀ। ਰਮਾਇਣ ਵਿਚ ਇਸ ਨੂੰ ਚਿਤ੍ਰਕੂਟ ਦੇ ਦੱਖਣੀ ਬਣ ਵਿਚ ਆਪਣੇ ਪਤੀ ਨਾਲ ਆਸ਼ਰਮ ਵਿਚ ਨਿਵਾਸ ਕਰਦੀ ਹੋਈ ਦਸਿਆ ਗਿਆ ਹੈ। ਇਹ ਬੜੀ ਧਾਰਮਕ ਤੇ ਪਵਿੱਤਰ ਆਚਰਣ ਵਾਲੀ ਸੀ। ਘੋਰ ਤਪਸਿਆ ਕਰਨ ਨਾਲ ਇਸ ਨੂੰ ਬੜੀਆਂ

---

102 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 87.

103 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 125.

104 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 12.

105 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1310.

106 ਵਣਜਾਰ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 91.

107 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1620.

108 ਉਹੀ, ਪਤਰਾ 1054.

ਕਰਾਮਾਤਾਂ ਪ੍ਰਾਪਤ ਹੋ ਗਈਆਂ ਸਨ। ਜਦੋਂ ਇਸ ਦਾ ਅਤੇ ਇਸ ਦੇ ਪਤੀ ਦਾ ਸੀਤਾ ਨਾਲ ਮੇਲ ਹੋਇਆ ਤਾਂ ਇਹ ਉਸ ਨਾਲ ਬੜੇ ਸਤਿਕਾਰ ਨਾਲ ਪੇਸ਼ ਆਈ ਅਤੇ ਇਸ ਨੇ ਸੀਤਾ ਨੂੰ ਇਕ ਅਜਿਹਾ ਲੇਪ ਦਿਤਾ ਤਾਂ ਜੋ ਉਹ ਹਮੇਸ਼ਾ ਲਈ ਆਪਣੀ ਸੁੰਦਰਤਾ ਕਾਇਮ ਰਖ ਸਕੇ। ਇਹ ਕ੍ਰੋਧਵਾਨ ਰਿਸ਼ੀ ਦੁਰਵਾਸਾ ਦੀ ਮਾਂ ਸੀ।[109] ਅੰਗਰਾ ਅਉਰ ਅਹਲਿਆ ਅਨਸੂਆ ਅਤ੍ਰੇ ਜਾਨ॥[110]

**ਅਨੰਦਹਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਸਾਗਰਚੰਦ ਅਨੰਦਹਰੀ ਕਿਰਪਾਮੱਲ ਜੀ ਭਗਤਾ ਗੁਰਸਾ ਹੈ॥[111]

**ਅਨਭੀ-** ਇਕ ਜੈਨੀ ਸਾਧੂ। ਦਖਣ ਦੀ ਉਦਾਸੀ ਸਮੇਂ ਇਹ ਗੁਰੂ ਨਾਨਕ ਸਾਹਿਬ ਨੂੰ ਕਾਂਚੀ ਵਿਖੇ ਤ੍ਰਿਣਮਲਾਏ ਤੇ ਸ੍ਰੀ ਰੰਗਮ ਦੇ ਪੁਰਾਣੇ ਰਾਹ ਉਤੇ ਜੈਨੀਆਂ ਦੇ ਇਕ ਪ੍ਰਸਿਧ ਤੇ ਪੁਰਾਣੇ ਮੰਦਰ ਵਿਚ ਮਿਲਿਆ ਸੀ। ਗੁਰੂ ਜੀ ਨੇ ਇਸ ਨਾਲ ਗੋਸ਼ਟਿ ਕਰਦਿਆਂ ਜੈਨੀਆਂ ਦੇ ਝੂਠੇ ਤੇ ਬੇ-ਬੁਨਿਆਦ ਵਿਸ਼ਵਾਸਾਂ ਨੂੰ ਰਦ ਕਰ ਕੇ ਸਚ ਦਾ ਸੁਖਾਲਾ ਮਾਰਗ ਦਸਿਆ ਸੀ। ਮਲਾਰ ਕੀ ਵਾਰ ਇਸ ਪਰਥਾਇ ਉਚਾਰੀ ਗਈ ਦਸੀ ਜਾਂਦੀ ਹੈ।[112] ਤਿਸ ਨੈ ਨਰਭੀ ਅਨਭੀ ਫੜਕੈ ਧਰ ਮੈ ਪਟਕੇ ਨ ਲਗੀ ਕਛੁ ਬਾਰੇ॥[113]

**ਅੰਬ ਰਿਸ਼ੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਰਿਸ਼ੀ। ਅੰਬ ਰਿਸੀ ਕੋ ਕਥਾ ਇਹੁ ਕਹੀ ਆਪ ਭਗਵਾਨ॥[114]

**ਅੰਬਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਪੁਨੈ ਅੰਬਕਾ ਤੋਤਲਾ ਨੈਣ ਸ੍ਰਿੰਗੀ॥[115]

---

[109] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਤੀਜੀ ਵਾਰ, 2013, ਪੰਨਾ 41.

[110] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 11.

[111] ਉਹੀ, ਪਤਰਾ 594.

[112] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 12.

[113] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1516.

[114] ਉਹੀ, ਪਤਰਾ 1443-44.

[115] ਉਹੀ, ਪਤਰਾ 1054.

**ਅਬਰੀਸ/ਅੰਬਰੀਸ਼/ਅੰਬਰੀਕ-** ਅਜੁਧਿਆ ਦਾ ਇਕ ਸੂਰਜਵੰਸ਼ੀ ਰਾਜਾ ਜੋ ਪ੍ਰਸੁਸ਼ਰੁਤ ਦਾ ਪੁਤਰ ਤੇ ਇਕਸ਼ਵਾਕੂ ਤੋਂ ਅਠਾਈਵੀਂ ਪੀੜ੍ਹੀ ਸੀ। ਅੰਬਰੀਕ ਬੜਾ ਸੂਰਬੀਰ ਤੇ ਪ੍ਰਾਕ੍ਰਮੀ ਰਾਜਾ ਸੀ। ਰਵਾਇਤ ਹੈ ਕਿ ਉਸ ਨੇ ਦਸ ਲਖ ਰਾਜਿਆਂ ਉਤੇ ਫਤਹਿ ਪ੍ਰਾਪਤ ਕੀਤੀ ਸੀ। ਅੰਬਰੀਸ਼ ਵਿਸ਼ਨੂੰ ਦਾ ਅਨਿੰਨ ਭਗਤ ਸੀ।[116] ਅਦਰੀ ਅਉਰ ਅਗਸਤਿ ਜੀ ਪੁਨਿ ਅਬਰੀਸ ਪਛਾਨ॥6॥[117]

**ਅੰਬੜਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਦੇਵ ਧਾਮਨੀ ਅੰਬੜਾ ਮਨਸ ਬਹੁਰਿ ਸੁ ਜਾਨ॥[118]

**ਅੰਬੜਾਲੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਅੰਬੜਾਲੀ॥ ਨਾਗ ਬਾਲੀ॥96॥[119]

**ਅੰਬੀਰ ਖਾਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਹ ਹਬੀਰ ਖਾਨ (ਦੇਖੋ) ਦਾ ਭਰਾ ਸੀ। ਅੰਬੀਰ ਖਾਨੋ ਵਾਚ॥[120]

**ਅਬੂ ਬਕਰ-** ਹਜ਼ਰਤ ਉਸਮਾਨ ਦਾ ਪੁਤਰ ਅਤੇ ਮੁਹੰਮਦ ਸਾਹਿਬ ਦੀ ਪਤਨੀ ਆਇਸ਼ਾਂ ਦਾ ਪਿਤਾ। ਅਬੂ ਬਕਰ ਇਸਲਾਮ ਦੇ ਪਹਿਲੇ ਖ਼ਲੀਫਾ ਸਨ। ਸੁੰਨੀ ਮੁਸਲਮਾਨ ਇਨ੍ਹਾਂ ਨੂੰ ਚੌਹਾਂ ਖ਼ਲੀਫ਼ਿਆਂ ਵਿਚੋਂ ਪ੍ਰਮੁਖ ਮੰਨਦੇ ਹਨ। ਅਬੂ ਬਕਰ ਨੇ ਹੀ ਮੁਹੰਮਦ ਸਾਹਿਬ ਨੂੰ ਸਭ ਤੋਂ ਪਹਿਲਾਂ ਪੈਗੰਬਰ ਦੇ ਤੌਰ ਉਤੇ ਸਵੀਕਾਰ ਕੀਤਾ ਅਤੇ ਉਨ੍ਹਾਂ ਦੇ ਪਹਿਲੇ ਅਨੁਯਾਈ ਬਣੇ। ਇਹ ਸੱਠ ਸਾਲ ਦੀ ਉਮਰ ਖ਼ਲੀਫ਼ਾ ਬਣੇ, ਪਰ ਇਨ੍ਹਾਂ ਨੇ ਆਪਣੀ ਦੋ ਸਾਲ ਤੇ ਤਿੰਨਾਂ ਮਹੀਨਿਆਂ ਦੀ ਖ਼ਿਲਾਫ਼ਤ ਦੇ ਦੌਰਾਨ ਮੁਸਲਮਾਨਾਂ ਨੂੰ ਧਾਰਮਿਕ ਤੇ ਰਾਜਸੀ

---

116 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 108.

117 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 11.

118 ਉਹੀ, ਪਤਰਾ 1054.

119 ਉਹੀ.

120 ਉਹੀ, ਪਤਰਾ 1457.

ਤੌਰ ਤੇ ਪੂਰੀ ਤਰ੍ਹਾਂ ਸੰਗਠਿਤ ਕੀਤਾ। ਇਨ੍ਹਾਂ ਦੀ ਮ੍ਰਿਤੂ 23 ਅਗਸਤ 634 ਈ. ਨੂੰ ਹੋਈ।[121] ਉਮਰ ਖਿਤਾਬ ਅਬੂ ਬਕਰ ਉਸਮਾਨ ਅਲੀ ਬੀ ਚਾਰ॥[122]

**ਅਭਿਕਰਿਖਣਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਲਮਕਾਨਿਉ ਕਾ ਟਾਪੂ (ਦੇਖੋ) ਵਿਚ ਰਹਿਣ ਵਾਲਾ ਇਕ ਵਿਅਕਤੀ ਜੋ ਗੁਰੂ ਨਾਨਕ ਦੇਵ ਜੀ ਦਾ ਉਥੋਂ ਦਾ ਸਭ ਤੋਂ ਪਹਿਲਾ ਸਿਖ ਬਣਿਆ। ਅਭਿਕਰਿਖਣਿ ਪਹਿਲਾ ਸਿਖ ਭਯੋ॥[123]

**ਅਮਰ ਸਿੰਘ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਜਾ ਮਾਯਾ ਬੀਰ (ਦੇਖੋ) ਦੇ ਪਿਤਾ ਦਾ ਨਾਮ। ਅਮਰ ਸਿੰਘ ਕਾ ਬੇਟਾ ਮਾਨ॥[124]

**ਅਮਰਦਾਸ-** ਗੁਰੂ ਨਾਨਕ-ਗੱਦੀ ਉਤੇ ਬੈਠਣ ਵਾਲੇ ਤੀਜੇ ਗੁਰੂ ਅਮਰਦਾਸ ਸਨ। ਆਪ ਦਾ ਜਨਮ 5 ਮਈ 1479 ਈ. ਨੂੰ ਪਿੰਡ ਬਾਸਰਕੇ, ਜਿਲ੍ਹਾ ਅੰਮ੍ਰਿਤਸਰ, ਭੱਲਾ ਬੰਸ ਵਿਚ ਭਾਈ ਤੇਜੋ ਦੇ ਘਰ ਮਾਤਾ ਲਖੋ ਦੀ ਕੁਖੋਂ ਹੋਇਆ ਸੀ। ਪਹਿਲੇ ਵੈਸ਼ਣਵ ਵਿਚਾਰਾਂ ਦੇ ਸਨ ਤੇ ਕਈ ਵਾਰ ਤੀਰਥ ਯਾਤਰਾ ਕਰ ਚੁਕੇ ਸਨ। ਗੁਰੂ ਅੰਗਦ ਦੇਵ ਜੀ ਦੀ ਸਪੁਤਰੀ ਬੀਬੀ ਅਮਰੋ, ਜੋ ਆਪਦੇ ਭਤੀਜੇ ਨੂੰ ਵਿਆਹੀ ਹੋਈ ਸੀ, ਉਸਤੋਂ ਗੁਰਬਾਣੀ ਸੁਣ ਕੇ ਗੁਰੂ ਘਰ ਦਾ ਪਿਆਰ ਜਾਗਿਆ ਤੇ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਆਏ। ਲੰਗਰ ਦੀ ਸੇਵਾ ਕਰਨ ਤੇ ਗੁਰੂ ਜੀ ਲਈ ਦਰਿਆ ਬਿਆਸ ਤੋਂ ਪਾਣੀ ਦੀ ਗਾਗਰ ਲਿਆਉਣਾ ਆਪਦਾ ਨਿਤ ਕਰਮ ਸੀ। ਇਸ ਕਰੜੀ ਘਾਲ ਤੋਂ ਪ੍ਰਸੰਨ ਹੋ ਕੇ 1552 ਈ. ਵਿਚ ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਸੌਂਪੀ। ਗੁਰ-ਗੱਦੀ ਤੇ ਬੈਠਦਿਆਂ ਆਪ ਨੇ ਗੋਇੰਦਵਾਲ ਨੂੰ ਕੇਂਦਰ ਬਣਾਇਆ ਤੇ ਪ੍ਰਚਾਰ ਲਈ 22 ਮੰਜੀਆਂ ਸਥਾਪਤ ਕੀਤੀਆਂ। ਆਪ ਨੇ ਪੁਤਰ ਮੋਹਨ ਤੇ ਮੋਹਰੀ ਅਤੇ ਪੋਤਰਿਆਂ ਪਾਸੋਂ ਗੁਰਬਾਣੀ ਦੀਆਂ ਸੈਂਚੀਆਂ ਲਿਖਾਉਣ ਦਾ ਉਚੇਚਾ ਕਾਰਜ ਕੀਤਾ। ਆਪ ਨੇ ਜੋ ਖੁਦ ਬਾਣੀ ਰਚੀ, ਉਹ 17 ਰਾਗਾਂ ਵਿਚ 907 ਸ਼ਬਦ ਹਨ ਤੇ

---

[121] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 111.

[122] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 941.

[123] ਉਹੀ, ਪਤਰਾ 1534.

[124] ਉਹੀ, ਪਤਰਾ 1388.

ਇਸ ਵਿਚੋਂ ਅਨੰਦ ਬਾਣੀ ਵਧੇਰੇ ਪ੍ਰਸਿਧ ਹੈ। 1 ਸਤੰਬਰ 1574 ਈ. ਨੂੰ ਗੋਇੰਦਵਾਲ ਵਿਖੇ ਜੋਤੀ ਜੋਤਿ ਸਮਾਏ।[125] ਇਤਿਨੈ ਅਮਰਦਾਸ ਤਹ ਆਯੋ॥[126]

**ਅਮਰਿ ਕਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਅਮਰਿ ਕਰੀ ਮਮ ਰਾਖਿਉ ਨਾਮੁ॥[127]

**ਅਮੈਠ-** ਇਕ ਟਾਪੂ (ਦੇਖੋ) ਦਾ ਨਾਮ। ਦ੍ਵੈ ਪਰ ਤੀਸ ਸੁ ਜਾਨ ਅਮੈਠ॥[128]

**ਅਯਰਾਪਤਿ (ਐਰਾਪਤਿ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗਜ ਬੰਦਰ ਦੇ ਲੋਕ ਸਤਿਵਾਦੀ ਸਨ। ਨਾ ਝੂਠ ਬੋਲਦੇ ਸਨ ਅਤੇ ਨਾ ਕਿਸੇ ਨਾਲ ਵੈਰ ਵਿਰੋਧ ਰਖਦੇ ਸਨ। ਇਥੋਂ ਦਾ ਰਾਜਾ ਚੰਦਰ ਵੰਸ਼ੀ ਸੀ ਅਤੇ ਉਸ ਦਾ ਨਾਮ ਐਰਾਪਤਿ ਸੀ। ਸਾਰੇ ਹੀ ਲੋਕ ਉਸ ਨੂੰ ਹੀ ਪਰਮਾਤਮਾ ਭਾਵ ਸਭ ਕੁਝ ਕਰਨ ਵਾਲਾ ਮੰਨਦੇ ਸਨ ਅਤੇ ਉਸਦਾ ਬਹੁਤ ਸਤਿਕਾਰ ਕਰਦੇ ਸਨ। ਜਦੋਂ ਗੁਰੂ ਜੀ ਨੇ ਉਥੇ ਜਾ ਕੇ ਦੇਖਿਆ ਕਿ ਇਨ੍ਹਾਂ ਲੋਕਾਂ ਨੂੰ ਪਰਮਾਤਮਾ ਦੀ ਸੋਝੀ ਨਹੀਂ ਤਾਂ ਲੋਕਾਂ ਨੂੰ ਸਿਧੇ ਰਸਤੇ ਪਉਣ ਲਈ ਉਥੇ ਵਰਖਾ ਹੋਣ ਤੋਂ ਰੋਕ ਦਿਤੀ। ਜਦੋਂ ਫਸਲਾਂ ਬੀਜਣ ਦਾ ਸਮਾਂ ਲੰਘ ਜਾਂਦਾ ਹੈ, ਸਾਰੇ ਲੋਕ ਰਾਜੇ ਕੋਲ ਜਾਂਦੇ ਹਨ। ਰਾਜਾ ਕਹਿੰਦਾ ਹੈ ਕਿ ਵਰਖਾ ਹੋ ਜਾਵੇਗੀ, ਪਰ ਵਰਖਾ ਨਹੀਂ ਹੁੰਦੀ। ਲੋਕ ਗੁਰੂ ਨਾਨਕ ਦੇਵ ਜੀ ਕੋਲ ਆਉਂਦੇ ਹਨ ਤਾਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਬਿਨਾਂ ਵਰਖਾ ਤੋਂ ਹੀ ਫਸਲ ਬੀਜ ਦਿਉ ਲੋਕ ਫਸਲ ਬੀਜ ਦਿੰਦੇ ਹਨ ਅਤੇ ਫਸਲ ਪੁੰਗਰ ਪੈਂਦੀ ਹੈ। ਫਿਰ ਗੁਰੂ ਜੀ ਉਪਦੇਸ਼ ਦਿੰਦੇ ਹਨ ਕਿ ਇਹ ਸਭ ਪਰਮਾਤਮਾ ਦੀ ਸ਼ਕਤੀ ਹੈ ਅਤੇ ਉਸਦੀ ਹੀ ਭਗਤੀ ਕਰਨੀ ਚਾਹੀਦੀ ਹੈ। ਰਾਜਾ ਵੀ ਉਪਦੇਸ਼ ਲੈ ਕੇ ਆਪਣਾ ਰਾਜ ਭਾਗ ਆਪਣੇ ਪੁਤਰ ਨੂੰ ਦੇ ਕੇ ਆਪ ਭਗਤੀ ਵਿਚ ਲੀਨ ਹੋ ਜਾਂਦਾ ਹੈ। ਸਾਰੇ ਲੋਕ ਵੀ ਪਰਮਾਤਮਾ ਦੀ ਭਗਤੀ ਕਰਨ ਲਗਦੇ ਹਨ। ਅਯਰਾਪਤਿ ਭੂਪਤਿ ਕਾ ਨਾਮ॥[129]

---

[125] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 20.

[126] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1833.

[127] ਉਹੀ, ਪਤਰਾ 1044.

[128] ਉਹੀ, ਪਤਰਾ 1318.

[129] ਉਹੀ, ਪਤਰਾ 1603.

**ਅਰਜਨ ਖੇੜਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਨਗਰ ਦਾ ਨਾਮ ਜੋ ਬੀਕਾਨੇਰ ਦੇ ਨੇੜੇ ਹੈ।

ਅਰਜਨ ਖੈੜੇ ਮੈ ਪੁਨਿ ਆਇ॥38॥[130]

**ਅਰਜਨ ਦੇਵ (ਗੁਰੂ)-** ਗੁਰੂ-ਨਾਨਕ-ਗੱਦੀ ਉਤੇ ਬਿਰਾਜਣ ਵਾਲੇ ਪੰਜਵੇਂ ਗੁਰੂ ਅਰਜਨ ਦੇਵ ਸਨ, ਆਪ ਦਾ ਜਨਮ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਦੀ ਕੁਖੋਂ 15 ਅਪਰੈਲ 1563 ਈ. ਨੂੰ ਗੋਇੰਦਵਾਲ ਜਿਲ੍ਹਾ ਅੰਮ੍ਰਿਤਸਰ ਵਿਚ ਹੋਇਆ। 1 ਸਤੰਬਰ 1581 ਈ. ਨੂੰ ਗੁਰਗੱਦੀ ਉਤੇ ਬੈਠੇ ਤੇ ਸਿਖ ਸੰਗਠਨ ਨੂੰ ਮਜ਼ਬੂਤ ਕਰਨ ਲਈ ਕਈ ਤਰ੍ਹਾਂ ਦੇ ਉਪਰਾਲੇ ਕੀਤੇ। ਸਾਈਂ ਮੀਆਂ ਮੀਰ ਹਥੋਂ ਹਰਿਮੰਦਿਰ ਦੀ  ਬੁਨਿਆਦ ਰਖਾਈ, 30-35 ਮਹਾਂਪੁਰਸ਼ਾਂ ਦੀ ਬਾਣੀ ਸੰਚਿਤ ਕਰਕੇ ਆਦਿ ਗ੍ਰੰਥ ਦੀ ਬੀੜ ਤਿਆਰ ਕਰਵਾਈ। ਜਹਾਂਗੀਰ ਦੇ ਹੁਕਮ ਨਾਲ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦੇ ਕੇ 30 ਮਈ 1606 ਈ. ਨੂੰ ਲਾਹੌਰ ਰਾਵੀ ਦੇ ਕਿਨਾਰੇ ਸ਼ਹੀਦ ਕਰ ਦਿਤਾ ਗਿਆ ਜਿਥੇ ਕਿ ਡੇਰਾ ਸਾਹਿਬ ਥਾਂ ਤੇ ਆਪਦੀ ਯਾਦਗਾਰ ਕਾਇਮ ਹੈ। ਗੁਰੂ ਅਰਜਨ ਸਾਹਿਬ ਆਦਿ ਗ੍ਰੰਥ ਦੇ ਸੰਪਾਦਕ ਹੋਣ ਤੋਂ ਇਲਾਵਾ ਖੁਦ ਮਹਾਨ ਕਵੀ ਸਨ, ਜਿਨ੍ਹਾਂ ਦੀ ਬਾਣੀ ਸਭ ਤੋਂ ਵਧ ਹੈ। ਸੁਖਮਨੀ ਆਪ ਦੀ ਪ੍ਰਸਿਧ ਰਚਨਾ ਹੈ।[131] ਰਾਮਦਾਸ ਤੇ ਗੁਰ ਅਰਜਨ ਪੀਰ॥[132]

**ਅਰਜੁਨ-** ਰਾਜਾ ਪਾਂਡੂ ਦੀ ਇਸਤਰੀ ਕੁੰਤੀ ਦੇ ਪੇਟ ਤੋਂ ਪੈਦਾ ਹੋਣ ਵਾਲਾ ਪੰਜਾਂ ਪਾਂਡਵਾਂ ਵਿਚੋਂ ਵਿਚਕਾਰਲਾ ਭਾਈ, ਅਰਜਨ ਇਕ ਬੀਰ ਬਹਾਦਰ ਪੁਰਸ਼ ਹੋਇਆ ਹੈ। ਇਹ ਧਨੁਸ਼ ਵਿਦਿਆ ਤੇ ਤੀਰੰਦਾਜੀ ਵਿਚ ਬੜਾ ਪ੍ਰਬੀਨ ਸੀ, ਇਸ ਵਿਦਿਆ ਦੇ ਅਨੋਖੇ ਕਮਾਲ ਨਾਲ ਹੀ ਇਸਨੇ ਮੱਛੀ ਦੀ ਅਖ ਦੀ ਛਾਇਆ, ਤੇਲ ਦੇ ਕੜਾਹੇ ਵਿਚ ਤਕ ਕੇ ਉਸਦਾ ਨਿਸ਼ਾਨਾ ਫੁੰਡਿਆ ਤੇ ਰਾਜੇ ਦ੍ਰੋਪਦ ਦੀ ਬੇਟੀ ਦ੍ਰੋਪਦੀ ਨੂੰ ਸ੍ਵਯੰਬਰ ਵਿਚ ਹਾਸਲ ਕੀਤਾ ਸੀ। ਮਹਾਂਭਾਰਤ ਦੀ ਜੰਗ ਸਮੇਂ ਇਹ ਆਪਣੇ ਹੀ ਸਾਕ ਸੰਬੰਧੀਆਂ ਨੂੰ ਲੜਨ ਆਏ ਦੇਖਕੇ ਹਥਿਆਰ ਸੁਟ ਬੈਠਾ ਤੇ ਕ੍ਰਿਸ਼ਨ ਨੇ ਇਸਨੂੰ ਕਰਤਵ ਦੀ ਸਿਖਿਆ ਦੇ ਕੇ ਮੁੜ ਸਾਵਧਾਨ ਕੀਤਾ। ਇਉਂ ਅਰਜਨ ਗੀਤਾ ਗਿਆਨ ਦਾ ਸਾਧਨ ਬਣਿਆ। ਜਦੋਂ ਅਸ਼ਵਮੇਧ ਕਰਨ ਲਈ ਯੁਧਿਸ਼ਟਰ ਨੇ ਘੋੜਾ ਛਡਿਆ ਤਾਂ ਅਰਜਨ ਇਸ ਘੋੜੇ ਦੇ ਨਾਲ ਨਾਲ ਰਿਹਾ ਤੇ ਕਈ ਥਾਂ ਜੰਗ-ਜੁਧ ਕਰਕੇ ਰੁਕਾਵਟਾਂ ਦੂਰ ਕੀਤੀਆਂ ਤੇ

---

130 ਉਹੀ, ਪਤਰਾ 817.

131 ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 21-22.

132 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1837.

ਯਗ ਨੂੰ ਸਫਲ ਬਣਾਇਆ। ਬਾਕੀ ਪਾਂਡਵ ਭਰਾਵਾਂ ਨਾਲ ਇਸਨੇ ਬਾਰਾਂ ਸਾਲ ਬਨਵਾਸ ਕਟਿਆ।[133]

ਅਰਜੁਨ ਤਾਹਿ ਦੇਖ ਕਰਿ ਡਰਿਯੋ॥[134]

**ਅਰੁਨ ਪਿੰਗਲਾ ਸਾਰਥੀ-** ਲਾਲ, ਗੁਲਾਬੀ। ਉਸ਼ਾ ਜਿਸ ਦਾ ਸੂਰਜ ਦੇ ਰਥਵਾਨ ਦੇ ਰੂਪ ਵਿਚ ਮਾਨਵੀਕਰਨ ਕੀਤਾ ਗਿਆ ਹੈ। ਇਹ ਧਾਰਨਾ ਵੈਦਿਕ ਉਸ਼ਾ ਦੀਆਂ ਧਾਰਨਾਵਾਂ ਤੋਂ ਪਿਛਲੇਰੀ ਹੈ। ਇਹ ਕਸ਼ਜਪ ਤੇ ਕਦਰੂ ਦਾ ਪੁਤਰ ਹੈ। ਇਸ ਨੂੰ ਰੁਮ੍ਰ ਕਖਾਈ ਰੰਗ ਦਾ ਵੀ ਕਿਹਾ ਜਾਂਦਾ ਹੈ। ਇਸ ਲਈ ਦੋ ਹੋਰ ਉਪਾਧੀਆਂ ਅਨੁਰੂ ਜੰਘਾਂ ਤੋਂ ਰਹਿਤ ਅਤੇ ਆਸ਼੍ਮਨ ਪਥਰੀਲਾ ਵੀ ਪ੍ਰਯੁਕਤ ਕੀਤੀਆਂ ਜਾਂਦੀਆਂ ਹਨ, ਪਰ ਇਹ ਸਪਸ਼ਟ ਨਹੀਂ ਹਨ।[135] ਅਰੁਨ ਪਿੰਗਲਾ ਸਾਰਥੀ ਕੀਨੋ ਕਰਮ ਗੁਲਾਮ॥[136]

**ਅਰੂਲਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਿਵਾਲੈ ਤੀਰਥ (ਦੇਖੋ) ਦਾ ਇਕ ਨਾਮ। ਸਰਵਨਿ ਕਰੋ ਸੁ ਆਪ ਪਰੂਲਾ ਇਸ ਜਾਗਾ ਕਾ ਨਾਮ ਅਰੂਲਾ॥[137]

**ਅਰੋਗਾ ਪੈਠ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਬੇਗਾਪੁਰ (ਦੇਖੋ) ਨਗਰ ਵਿਚਲੇ ਇਕ ਸਥਾਨ ਦਾ ਨਾਮ। ਉਤਰੇ ਆਇ ਅਰੋਗਾ ਪੇਠਿ॥[138]

**ਅਲੰਕਾ ਪਤਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਮਿਤਰਾਜਿਤ (ਦੇਖੋ) ਦਾ ਇਕ ਨਾਮ। ਤਾਹਿ ਅਲੰਕਾ ਪਤਿ ਭੀ ਨਾਮ॥[139]

**ਅਲਕਾਪੁਰੀ-** ਕੁਬੇਰ ਦੀ ਰਾਜਧਾਨੀ ਜੋ ਕੈਲਾਸ਼ ਪਰਬਤ ਦੇ ਲਾਗੇ ਸਥਿਤ ਮੰਨੀ ਜਾਂਦੀ ਹੈ। ਕਈ ਇਸ ਨਗਰੀ ਨੂੰ ਸੁਮੇਰ ਪਰਬਤ ਉਤੇ ਸਥਿਤ ਦਸਦੇ ਹਨ। ਇਹ ਪੌਰਾਣਿਕ ਨਗਰੀ ਸੋਨੇ ਚਾਂਦੀ ਤੇ ਹੀਰਿਆਂ

---

133 ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 20-21.

134 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 29.

135 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 56.

136 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1538.

137 ਉਹੀ, ਪਤਰਾ 1536.

138 ਉਹੀ, ਪਤਰਾ 1392.

139 ਉਹੀ, ਪਤਰਾ 1231.

ਆਦਿ ਨਾਲ ਭਰਪੂਰ ਮੰਨੀ ਗਈ ਹੈ। ਪੌਰਾਣਿਕ ਨਗਰਾਂ ਵਿਚੋਂ ਇਹ ਨਗਰੀ ਸਭ ਤੋਂ ਵਧ ਖੂਬਸੂਰਤ ਤੇ ਸੰਪੰਨ ਹੈ।[140] ਅਲਕਾਪੁਰੀ ਸਮਾਨ ਮਹਾਨ॥[141]

**ਅਲਖਨਿੰਦਰਾ-** ਗੰਗਾ ਦਰਿਆ ਦੀਆਂ ਚਾਰ ਸ਼ਾਖਾ ਵਿਚੋਂ ਇਕ ਸ਼ਾਖ ਜਿਹੜੀ ਭਾਰਤ ਦੇ ਦੱਖਣ ਵਲ ਵਗਦੀ ਹੈ। ਵੈਸ਼ਣਵ ਇਸ ਨੂੰ ਧਰਤੀ ਗੰਗਾ ਕਹਿੰਦੇ ਹਨ, ਜਿਸ ਨੂੰ ਸ਼ਿਵ ਨੇ ਆਪਣੇ ਸਿਰ ਉਤੇ ਧਾਰਨ ਕੀਤਾ ਹੋਇਆ ਹੈ।[142] ਵਸੂਧਾਰਾ ਰਾਜਗਿਰੀ ਫਲਗੂ ਮਹਾਨ ਪੁਨਿ ਅਲਖਨਿੰਦਰਾ ਪੁਨਿ ਔਰ ਉਰਿ ਆਨੀਐ॥[143]

**ਅਲਨਾਸੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਸਪਤਿ ਸਾਠ ਕੇ ਊਪਰੇ ਅਲਨਾਸੀ ਸਿਧ ਜਾਨ ਵਰਿ॥[144]

**ਅਲਬੇਲਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕਿਸੇ ਜੋਗੀ ਦਾ ਨਾਮ। ਨਾਥ ਮਛਿੰਦਰ ਪੁਨਿ ਅਲਬੇਲਾ॥[145]

**ਅਲਮਸਤਿ-** ਉਦਾਸੀ ਸੰਪ੍ਰਦਾਇ ਦੇ ਚਰਾ ਧੂਣੇ (ਦੇਖੋ) ਵਿਚੋਂ ਇਕ ਦਾ ਨਾਮ। ਦੂਜਾ ਅਲਮਸਤਿ ਪਛਾਨੋ॥[146]

**ਅਲਲ (ਅਲਿ)-** ਭੌਰ, ਭਵਰ, ਕਾਲੇ ਰੰਗ ਦਾ ਭੂੰਡ ਜੋ ਫੁਲਾਂ ਤੇ ਮਸਤ ਰਹਿੰਦਾ ਹੈ।[147] ਸ਼ਾਇਦ ਗੁਰੂ ਨਾਨਕ ਵਿਜੈ ਗ੍ਰੰਥ ਵਿਚ ਇਸ ਵਲ ਹੀ ਸੰਕੇਤ ਕੀਤਾ ਗਿਆ ਹੋਵੇ। ਅਲਲ ਪਖੇਰੂ ਜਹ ਰਹੈਂ ਕੋਵਿਦ ਬੁਧਿ ਬਿਸਾਲ॥48॥[148]

---

[140] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ*, ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 135.

[141] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 173.

[142] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 57.

[143] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 58.

[144] ਉਹੀ, ਪਤਰਾ 1027.

[145] ਉਹੀ, ਪਤਰਾ 1093.

[146] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 696.

[147] ਸਰਨਾ, ਜਸਬੀਰ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਪਸ਼ੂ-ਪੰਛੀ ਤੇ ਬਨਸਪਤੀ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2007, ਪੰਨਾ 2.

**ਅਲਲਾਚੀਨ-** ਅਲਲ (ਦੇਖੋ) ਪੰਛੀ ਦਾ ਹੀ ਇਕ ਨਾਮ। ਅਲਾਲਾਚੀਨ ਤਾਹਿ ਅਗਵਾਨੀ॥[149]

**ਅਲਾਲੀਲ ਪਰਬਤ-** ਇਕ ਪਰਬਤ (ਦੇਖੋ) ਜਿਥੇ ਪ੍ਰਹਿਲਾਦ ਦਾ ਰਾਜ ਹੈ।[150] ਅਲਾਲੀਲ ਪਰਬਤਿ ਗਏ ਸ੍ਰੀ ਗੁਰ ਪਰਮ ਦਿਆਲ॥[151]

**ਅਲੀ-** ਇਹ ਅਬੂਤਾਲਿਬ ਦਾ ਪੁਤ੍ਰ ਅਤੇ ਮੁਹੰਮਦ ਸਾਹਿਬ ਦੀ ਪੁਤ੍ਰੀ ਫ਼ਾਤਿਮਾ ਦਾ ਪਤੀ ਸੀ। ਇਸ ਦਾ ਜਨਮ 599 ਈ. ਵਿਚ ਹੋਇਆ। ਇਹ ਚੌਥਾ ਖ਼ਲੀਫ਼ਾ ਥਾਪਿਆ ਗਿਆ, ਪਰ ਕਰੀਬ ਪੰਜ ਵਰ੍ਹੇ ਖ਼ਲਾਫ਼ਤ ਕਰਕੇ ਆਪਣੇ ਅਹੁਦੇ ਨੂੰ ਛਡਣ ਲਈ ਮਜ਼ਬੂਰ ਹੋਇਆ। ਕੂਫਾ ਦੇ ਮਕਾਮ ਅਬਦੁਰਹਮਾਨ ਦੇ ਹਥੋਂ ਜ਼ਹਿਰੀਲੀ ਤਲਵਾਰ ਦੀ ਧਾਰ ਨਾਲ ਖ਼ਲੀਫ਼ਾ ਅਲੀ ਜ਼ਖਮੀਂ ਹੋ ਕੇ ਚਾਰ ਦਿਨਾਂ ਪਿਛੋਂ 661 ਈ. ਵਿਚ ਮਰ ਗਿਆ। ਇਸ ਦੀ ਕਬਰ 'ਨਜਫ਼' ਨਾਮਕ ਨਗਰ ਵਿਚ ਮੁਸਲਮਾਨਾਂ ਦਾ ਪ੍ਰਸਿਧ ਤੀਰਥ ਹੈ। ਇਮਾਮ ਅਲੀ ਦੇ 18 ਪੁਤਰ ਅਤੇ 18 ਪੁਤਰੀਆਂ ਹੋਈਆਂ, ਇਨ੍ਹਾਂ ਵਿਚੋਂ ਮੁਹੰਮਦ ਸਾਹਿਬ ਦੀ ਸੁਪੁਤਰੀ ਫ਼ਾਤਿਮਾ ਦੇ ਪੇਟੋਂ ਤਿੰਨ ਪੁਤਰ- ਹਸਨ, ਹੁਸੈਨ ਅਤੇ ਮੁਹਸਿਨ ਸਨ।[152] ਉਮਰ ਖਿਤਾਬ ਅਬੂ ਬਕਰ ਉਸਮਾਨ ਅਲੀ ਬੀ ਚਾਰ॥[153]

**ਅਵਢੇਕਾ-** ਇਕ ਸਥਾਨ। ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਥੇ ਨਾਗਨਾਥ (ਦੇਖੋ) ਸ਼ਿਵ ਦੇ ਬਾਰ੍ਹਾਂ ਲਿੰਗਾਂ ਵਿਚੋਂ ਇਕ ਇਥੇ ਹੈ। ਨਾਗਨਾਥ ਅਵਢੇਕੇ ਮਾਹਿ॥[154]

**ਅਵੰਤਕਾ ਪੁਰੀ-** ਉਜੈਨ (ਦੇਖੋ) ਦਾ ਪੁਰਾਣਾ ਨਾਂ। ਪੁਨਿ ਅਵੰਤਕਾ ਪੁਰੀ ਸੁ ਆਏ॥[155]

---

148 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1033.

149 ਉਹੀ, ਪਤਰਾ 1033.

150 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 19.

151 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1032-33.

152 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਤਵੀਂ ਵਾਰ, 2006, ਪੰਨਾ 370.

153 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 941.

154 ਉਹੀ, ਪਤਰਾ 1560.

155 ਉਹੀ, ਪਤਰਾ 826.

**ਅਵਤਾਰ-** ਉਤਰਲ ਵਾਲਾ। ਦੇਵਤੇ ਦਾ ਅਵਤਾਰ, ਵਿਸ਼ੇਸ਼ ਕਰ ਕੇ ਵਿਸ਼ਨੂੰ ਦਾ ਅਵਤਾਰ। ਇਸ ਦਾ ਸਭ ਤੋਂ ਪਹਿਲਾਂ ਸੰਕੇਤ ਅਵਤਾਰ ਦਾ ਨਾ ਹੋ ਕੇ ਸਗੋਂ ਉਸ ਵਸਤ ਦਾ ਜਿਸ ਦਾ ਪਿਛੋਂ ਜਾ ਕੇ ਅਵਤਾਰ ਦੇ ਰੂਪ ਵਿਚ ਵਿਕਾਸ ਹੋਇਆ, ਰਿਗ ਵੇਦ ਵਿਚ ਅਜੇਯ ਰਖਿਅਕ ਵਿਸ਼ਨੂੰ ਦੇ ਤਿੰਨ ਕਦਮਾਂ ਦੇ ਵਰਨਣ ਵਿਚ ਮਿਲਦਾ ਹੈ, ਜਿਸ ਨੇ ਇਸ ਬ੍ਰਹਮੰਡ ਨੂੰ ਮਿਣਿਆ ਅਤੇ ਤਿੰਨ ਥਾਵਾਂ ਤੇ ਆਪਣੇ ਪਦ ਚਿੰਨ੍ਹਾਂ ਨੂੰ ਲਾਇਆ। ਮੁਢਲੇ ਭਾਸ਼ਕਾਰ ਇਨ੍ਹਾਂ ਤਿੰਨਾਂ ਥਾਵਾਂ ਨੂੰ ਪ੍ਰਿਥਵੀ, ਪੁਲਾੜ ਅਤੇ ਅਕਾਸ਼ ਸਮਝਦੇ ਹਨ ਅਤੇ ਇਸ ਤਰ੍ਹਾਂ ਵਿਸ਼ਨੂੰ ਨੂੰ ਪ੍ਰਿਥਵੀ ਉਤੇ ਅਗ, ਪੁਲਾੜ ਵਿਚ ਬਿਜਲੀ ਅਤੇ ਆਕਾਸ਼ ਵਿਚ ਸੂਰਜ ਦੇ ਰੂਪ ਵਿਚ ਮੰਨਦੇ ਹਨ। ਅਵਤਾਰ ਸੰਬੰਧੀ ਇਕ ਹੋਰ ਸੰਕੇਤ ਮਿਲਦਾ ਹੈ, ਜਿਸ ਅਨੁਸਾਰ ਇੰਦਰ ਨੇ ਗਿਦੜੀ ਦਾ ਰੂਪ ਧਾਰ ਕੇ ਤਿੰਨ ਕਦਮਾਂ ਵਿਚ ਸਾਰੀ ਧਰਤੀ ਮਾਪੀ ਅਤੇ ਇਸ ਤਰ੍ਹਾਂ ਦੇਵਤਿਆਂ ਨੇ ਇਸ ਨੂੰ ਪ੍ਰਾਪਤ ਕੀਤਾ। ਮੁਢਲੀਆਂ ਲਿਖਤਾਂ ਵਿਚ ਵਰਾਹ, ਕਛ ਅਤੇ ਮਛ ਅਵਤਾਰਾਂ ਨੂੰ ਪ੍ਰਜਾਪਤੀ ਅਰਥਾਤ ਬ੍ਰਹਮਾ ਦੇ ਪ੍ਰਕਾਸ਼ਾਂ ਦਾ ਰੂਪ ਹੀ ਦਰਸਾਇਆ ਗਿਆ ਹੈ। ਤਿੰਨ ਕਦਮ ਜਿਹੜੇ ਵਾਮਨ ਅਵਤਾਰ ਦੀ ਕਥਾ ਦਾ ਆਧਾਰ ਹਨ, ਵਿਸ਼ਨੂੰ ਨਾਲ ਸਬੰਧਿਤ ਕੀਤੇ ਜਾਂਦੇ ਹਨ, ਪਰ ਇਹ ਕਿਸੇ ਵਿਸ਼ੇਸ਼ ਦੇਵਤੇ ਦੀ ਕੀਰਤੀ ਵਧਾਉਣ ਨਾਲੋਂ ਖਗੋਲਕ ਜਾਂ ਮਿਥਿਹਾਸਕ ਤਤ ਵਾਲੇ ਵਧੇਰੇ ਪ੍ਰਤੀਤ ਹੁੰਦੇ ਹਨ। ਮਹਾਂਭਾਰਤ ਕਾਲ ਵਿਚ ਆਕੇ ਵਿਸ਼ਣੂ ਨੇ ਸਭ ਦੇਵਤਿਆਂ ਨਾਲੋਂ ਵਧੇਰੇ ਪ੍ਰਸਿਧਤਾ ਪ੍ਰਾਪਤ ਕਰ ਲਈ ਸੀ ਅਤੇ ਉਸ ਦੇ ਕੁਝ ਅਵਤਾਰਾਂ ਨੂੰ ਥੁਹੜੀ-ਬਹੁਤ ਮਹਤਤਾ ਹੀ ਪ੍ਰਾਪਤ ਹੋਈ ਸੀ, ਪਰ ਪੁਰਾਣ ਕਾਲ ਵਿਚ ਆ ਕੇ ਇਨ੍ਹਾਂ ਦਾ ਪੂਰਣ ਰੂਪ ਵਿਚ ਵਿਕਾਸ ਹੋ ਗਿਆ। ਆਮ ਪ੍ਰਚਲਿਤ ਮਤ ਅਨੁਸਾਰ ਵਿਸ਼ਨੂੰ ਦੇ ਦਸ ਅਵਤਾਰ ਹਨ ਅਤੇ ਹਰ ਅਵਤਾਰ ਜਗਤ ਦੀ ਰਖਿਆ ਕਰਨ ਵਾਲੇ ਵਿਸ਼ਨੂੰ ਨੇ ਸੰਸਾਰ ਨੂੰ ਕਿਸੇ ਮਹਾਂ ਹੋਣੀ ਤੋਂ ਬਚਾਉਣ ਲਈ ਹੀ ਧਾਰਿਆ। 1. ਮਤ੍ਸਜ- ਮਛ। ਇਹ ਵਿਸ਼ਨੂੰ ਦਾ ਅਵਤਾਰ ਹੈ। ਪੁਰਾਣਾਂ ਵਿਚ ਆਏ ਇਸ ਅਵਤਾਰ ਦੇ ਵਰਨਣਾਂ ਵਿਚ ਥੁਹੜਾ ਬਹੁਤ ਹੀ ਭੇਦ ਮਿਲਦਾ ਹੈ। ਇਸ ਅਵਤਾਰ ਦਾ ਪ੍ਰਯੋਜਨ ਮਨੁਖ ਜਾਤੀ ਦੇ ਸਿਰਜਾਣਹਾਰ ਵੈਵਸ੍ਵਤ (ਸਤਵੇਂ ਮਨੂ) ਨੂੰ ਜਲ ਪ੍ਰਲਯ ਤੋ ਬਚਾਉਣਾ ਸੀ। ਮਨੂ ਦੇ ਹਥਾਂ ਵਿਚ ਇਕ ਛੋਟੀ ਜਿਹੀ ਮਛੀ ਆ ਗਈ, ਜਿਸ ਨੇ ਆਪਣੀ ਰਖਿਆ ਲਈ ਬੇਨਤੀ ਕੀਤੀ। ਮਨੂ ਨੇ ਬੜੀ ਚੰਗੀ ਤਰ੍ਹਾਂ ਉਸ ਦੀ ਰਖਿਆ ਕੀਤੀ। ਹੌਲੀ ਹੌਲੀ ਮਛੀ ਦਾ ਅਕਾਰ ਏਡਾ ਵਡਾ ਹੋ ਗਿਆ ਕਿ ਉਸ ਨੂੰ ਕੇਵਲ ਸਮੁੰਦਰ ਹੀ ਸਾਂਭ ਸਕਦਾ ਸੀ। ਇਸ ਤੋਂ ਮਨੂ ਨੇ ਇਸ ਦਾ ਦੇਵਦਤ ਪਛਾਣ ਲਿਆ ਅਤੇ ਵਿਸ਼ਨੂੰ ਦਾ ਅਵਤਾਰ ਸਮਝਕੇ ਇਸ ਦੀ ਅਰਾਧਨਾ ਕੀਤੀ। ਵਿਸ਼ਨੂੰ ਨੇ ਮਨੂ ਨੂੰ ਆਉਣ ਵਾਲੀ ਜਲ ਪ੍ਰਲਯ ਤੋਂ ਜਾਣੂ ਕੀਤਾ ਅਤੇ ਉਸ ਨੂੰ ਤਿਆਰ ਰਹਿਣ ਲਈ ਕਿਹਾ। ਜਦੋਂ ਜਲ ਪ੍ਰਲਯ ਆਈ,

ਮਨੂ ਰਿਸ਼ੀਆਂ ਅਤੇ ਜੀਵ ਜੰਤੂਆਂ ਦੇ ਬੀਜਾਂ ਸਮੇਤ ਕਿਸ਼ਤੀ ਵਿਚ ਬੈਠ ਗਿਆ। ਉਸ ਵੇਲੇ ਵਿਸ਼ਨੂੰ ਇਕ ਵਡੇ ਸਿੰਗ ਵਾਲੇ ਮਛ ਦੇ ਰੂਪ ਵਿਚ ਪ੍ਰਗਟ ਹੋਏ ਅਤੇ ਉਹ ਕਿਸ਼ਤੀ ਇਕ ਵਡੇ ਸਪ ਨੂੰ ਰਸੀ ਬਣਾਕੇ ਮਛ ਦੇ ਸਿੰਗ ਨਾਲ ਬੰਨ ਦਿਤੀ ਗਈ। ਇਸ ਤਰ੍ਹਾਂ ਕਰਨ ਨਾਲ ਕਿਸ਼ਤੀ ਸੁਰਖਿਅਤ ਹੋ ਗਈ ਅਤੇ ਤੁਫਾਨ ਗੁਜ਼ਰ ਗਿਆ। ਇਕ ਹੋਰ ਕਥਾ ਅਨੁਸਾਰ ਇਕ ਰਾਤ ਨੂੰ ਜਦੋਂ ਬ੍ਰਹਮਾ ਬਿਸਰਾਮ ਕਰ ਰਿਹਾ ਸੀ, ਪ੍ਰਿਥਵੀ ਅਤੇ ਦੂਸਰੇ ਲੋਕ ਸਮੁੰਦਰ ਵਿਚ ਡੁਬ ਗਏ। ਉਸ ਸਮੇਂ ਹਯਗ੍ਰੀਵ ਨਾਂ ਦਾ ਦੈਤ ਬ੍ਰਹਮਾ ਕੋਲ ਆਇਆ ਅਤੇ ਬ੍ਰਹਮਾ ਦੇ ਮੁਖਾਰਬਿੰਦ ਤੋਂ ਉਚਾਰੇ ਹੋਏ ਵੇਦਾਂ ਨੂੰ ਚੁਰਾਕੇ ਲੈ ਗਿਆ। ਇਸ ਤਰ੍ਹਾਂ ਗੁਆਚੇ ਹੋਏ ਵੇਦਾਂ ਨੂੰ ਪ੍ਰਾਪਤ ਕਰਨ ਲਈ ਵਿਸ਼ਨੂੰ ਨੇ ਮਛ ਦਾ ਅਵਤਾਰ ਧਾਰਿਆ ਅਤੇ ਮਨੂ ਨੂੰ ਉਪਰੋਕਤ ਵਰਨਣ ਅਨੁਸਾਰ ਪ੍ਰਲਯ ਤੋਂ ਬਚਾਇਆ। ਜਦੋਂ ਬ੍ਰਹਮਾ ਇਸ ਬ੍ਰਹਮੰਡ ਦੇ ਵਿਸਰਜਨ ਤੋ ਬਾਅਦ ਸੁਚੇਤ ਹੋਇਆ, ਉਦੋਂ ਵਿਸ਼ਨੂੰ ਨੇ ਹਯਗ੍ਰੀਵ ਨੂੰ ਮਾਰਕੇ ਵੇਦ ਬ੍ਰਹਮਾ ਨੂੰ ਵਾਪਿਸ ਕਰ ਦਿਤੇ। 2. ਕੂਰਮ- ਕਛੂਆ। ਜਿਵੇਂ ਦਸਿਆ ਗਿਆ ਹੈ ਕਿ ਅਵਤਾਰ ਦੇ ਬੀਜ ਸ਼ਤਪਥ ਬ੍ਰਾਹਮਣ ਵਿਚ ਹੀ ਮਿਲਦੇ ਹਨ। ਵਿਸ਼ਨੂੰ, ਪਿਛਲੇਰੇ ਅਤੇ ਵਿਕਸਤ ਰੂਪ ਵਿਚ, ਮਛ ਦਾ ਰੂਪ ਧਾਰ ਕੇ ਸਤਯੁਗ ਵਿਚ ਜਲ ਪ੍ਰਲਯ ਦੁਆਰਾ ਗੁਆਚੀਆਂ ਹੋਈਆਂ ਅਮੁਲ ਵਸਤੂਆਂ ਨੂੰ ਲਭਣ ਲਈ ਪ੍ਰਗਟ ਹੋਏ। ਇਸ ਤਰ੍ਹਾਂ ਮਛ ਦੇ ਰੂਪ ਵਿਚ ਇਹ ਦੁਧ ਦੇ ਸਮੁੰਦਰ ਥਲੇ ਖੜੋ ਗਏ ਅਤੇ ਮੰਦਰ ਪਰਬਤ ਨੂੰ ਆਪਣੀ ਪਿਠ ਉਤੇ ਰਖ ਲਿਆ। ਦੇਵਾਂ ਅਤੇ ਦਾਨਵਾਂ ਨੇ ਮਹਾਂ-ਨਾਗ ਵਾਸੁਕੀ ਨੂੰ ਇਸ ਪਰਬਤ ਦੇ ਆਲੇ ਦੁਆਲੇ ਲਪੇਟ ਕੇ ਰਸੇ ਵਾਂਗ ਸਪ ਦਾ ਇਕ ਸਿਰਾ ਫੜਕੇ ਸਮੁਦੰਰ ਮੰਥਣ ਕੀਤਾ। ਸਮੁਦੰਰ ਮੰਥਣ ਕਰਦਿਆਂ ਹੋਇਆਂ ਅਨੇਕਾਂ ਵਸਤਾਂ ਦੀ ਪ੍ਰਾਪਤੀ ਹੋਈ। 3. ਵਰਾਹ- ਸੂਰ। ਬ੍ਰਾਹਮਣ ਗ੍ਰੰਥਾਂ ਵਿਚ ਆਈ ਵਰਾਹ ਦੀ ਪੁਰਾਤਨ ਮਿਥਿਹਾਸਕ ਕਥਾ, ਜਿਸ ਅਨੁਸਾਰ ਵਰਾਹ ਨੇ ਪ੍ਰਿਥਵੀ ਨੂੰ ਸਮੁੰਦਰ ਵਿਚੋਂ ਕਢਿਆ ਸੀ, ਵਿਸ਼ਨੂੰ ਨਾਲ ਸਬੰਧਿਤ ਕੀਤੀ ਜਾਂਦੀ ਹੈ। ਇਸ ਕਥਾ ਅਨੁਸਾਰ ਹਿਰਨਾਖਸ਼ ਨਾਂ ਦਾ ਦੈਂਤ ਪ੍ਰਿਥਵੀ ਨੂੰ ਘਸੀਟ ਕੇ ਸਮੁੰਦਰ ਦੇ ਡੂੰਘੇ ਪਾਣੀ ਵਿਚ ਲੈ ਗਿਆ। ਇਸ ਨੂੰ ਵਾਪਸ ਲਿਆਉਣ ਲਈ ਵਿਸ਼ਨੂੰ ਨੇ ਵਰਾਹ (ਸੂਰ) ਦਾ ਰੂਪ ਧਾਰਨ ਕੀਤਾ ਅਤੇ ਇਕ ਹਜ਼ਾਰ ਸਾਲ ਦੇ ਯੁਧ ਪਿਛੋਂ ਉਸ ਦੈਂਤ ਨੂੰ ਮਾਰ ਦਿਤਾ ਅਤੇ ਪ੍ਰਿਥਵੀ ਨੂੰ ਕੱਢ ਲਿਆਂਦਾ। 4. ਨਰਿਸੰਹ ਜਾਂ ਨ੍ਰਿ ਸਿੰਹ- ਨਰ ਸਿੰਘ। ਇਹ ਅਵਤਾਰ ਵਿਸ਼ਨੂੰ ਨੇ ਹਿਰਣਜਕਸ਼ਿਪ ਨਾਂ ਦੇ ਦੈਂਤ ਦੇ ਅਤਿਆਚਾਰਾਂ ਤੋਂ ਪ੍ਰਿਥਵੀ ਨੂੰ ਬਚਾਉਣ ਲਈ ਧਾਰਨ ਕੀਤਾ ਸੀ। ਇਹ ਦੈਂਤ ਬ੍ਰਹਮਾ ਦੇ ਵਰ ਨਾਲ ਅਜੇਯ ਹੋ ਗਿਆ ਸੀ ਅਤੇ ਦੇਵਤਿਆਂ ਮਨੁਖਾਂ, ਪਸ਼ੂਆਂ ਆਦਿ ਕਿਸੇ ਤੋਂ ਵੀ ਮਾਰਿਆ ਨਹੀਂ ਜਾ ਸਕਦਾ ਸੀ। ਇਸ ਦਾ ਪੁਤਰ ਪ੍ਰਹਿਲਾਦ ਵਿਸ਼ਨੂੰ ਦਾ ਭਗਤ ਸੀ, ਜਿਸ ਕਰਕੇ ਉਸ ਦਾ ਪਿਤਾ ਉਸ

ਤੇ ਬਹੁਤ ਗੁਸੇ ਰਹਿੰਦਾ ਸੀ। ਹਿਰਣਜਕਸ਼ਿਪ ਨੇ ਪ੍ਰਹਿਲਾਦ ਨੂੰ ਮਾਰਨ ਦੀ ਬੜੀ ਕੋਸ਼ਿਸ਼ ਕੀਤੀ, ਪਰ ਉਹ ਅਸਫਲ ਹੀ ਰਿਹਾ। ਉਸ ਨੇ ਵਿਸ਼ਨੂੰ ਦੇ ਸਰਵ ਸ਼ਕਤੀਮਾਨ ਅਤੇ ਸਰਵ ਵਿਆਪਕ ਹੋਣ ਤੋਂ ਮੁਨਕਰ ਹੁੰਦਿਆਂ ਪ੍ਰਹਿਲਾਦ ਨੂੰ ਇਕ ਪਥਰ ਦੇ ਥੰਮ ਨਾਲ ਬੰਨ੍ਹ ਦਿਤਾ ਅਤੇ ਕਿਹਾ ਕਿ ਇਸ ਵਿਚੋਂ ਵਿਸ਼ਨੂੰ ਪ੍ਰਗਟ ਹੋ ਕੇ ਵਿਖਾਵੇ। ਪ੍ਰਹਿਲਾਦ ਦੇ ਬਦਲਾ ਚੁਕਾਉਣ ਅਤੇ ਦੈਤ ਵਲੋਂ ਆਪਣੀ ਪ੍ਰਭੁਤਾ ਦੇ ਹੋਏ ਅਪਮਾਨ ਨੂੰ ਦੂਰ ਕਰਨ ਲਈ ਵਿਸ਼ਨੂੰ ਥੰਮ ਵਿਚੋਂ ਨਿਰਸਿੰਹ ਅਧੇ ਮਨੁਖ ਤੇ ਅਧੇ ਸ਼ੇਰ ਦੇ ਰੂਪ ਵਿਚ ਪ੍ਰਗਟ ਹੋਏ ਅਤੇ ਅਹੰਕਾਰੀ ਦੈਤ ਨੂੰ ਚੀਰ ਕੇ ਬੋਟੀ ਬੋਟੀ ਕਰ ਦਿਤਾ। ਉਪਰੋਕਤ ਚਾਰ ਅਵਤਾਰ ਸਤਯੁਗ ਅਰਥਾਤ ਸ੍ਰਿਸ਼ਟੀ ਦੇ ਪ੍ਰਥਮ ਯੁਗ ਵਿਚ ਹੋਏ ਖਿਆਲ ਕੀਤੇ ਜਾਂਦੇ ਹਨ। 5. ਵਾਮਨ- ਬੌਣਾਂ। ਜਿਸ ਤਰ੍ਹਾਂ ਕਿ ਪਹਿਲੇ ਵਰਨਣ ਕੀਤਾ ਜਾ ਚੁਕਾ ਹੈ ਇਸ ਅਵਤਾਰ ਦਾ ਜਨਮ ਰਿਗ ਵੇਦ ਵਿਚ ਵਰਨਣ ਕੀਤੇ ਗਏ ਵਿਸ਼ਨੂੰ ਦੇ ਤਿੰਨ ਕਦਮਾਂ ਵਿਚੋਂ ਮੰਨਿਆਂ ਜਾਂਦਾ ਹੈ। ਤ੍ਰੇਤਾ ਯੁਗ ਵਿਚ ਦੈਂਤ ਰਾਜੇ ਬਲੀ ਨੇ ਆਪਣੀ ਭਗਤੀ ਤੇ ਤਪਸਿਆ ਨਾਲ ਤਿੰਨਾਂ ਲੋਕਾਂ ਦੀ ਬਾਦਸ਼ਾਹੀ ਨੂੰ ਪ੍ਰਾਪਤ ਕਰ ਲਿਆ ਸੀ ਅਤੇ ਇਸ ਕਾਰਨ ਦੇਵਤਾ ਲੋਕ ਆਪਣੀ ਸ਼ਕਤੀ ਤੇ ਸਤਿਕਾਰ ਤੋਂ ਵਾਂਝੇ ਹੋ ਗਏ ਸਨ। ਇਸ ਨੂੰ ਦੂਰ ਕਰਨ ਲਈ ਵਿਸ਼ਨੂੰ ਨੇ ਕਸ਼ਜਪ ਤੇ ਅਦਿਤੀ ਦੇ ਘਰ ਛੋਟੇ ਪੁਤਰ ਦੇ ਰੂਪ ਵਿਚ ਜਨਮ ਲੀਤਾ। ਵਾਮਨ ਅਵਤਾਰ ਬਲੀ ਕੋਲ ਗਿਆ ਅਤੇ ਉਸ ਕੋਲੋਂ ਆਪਣੇ ਰਹਿਣ ਲਈ ਤਿੰਨ ਕਦਮ ਧਰਤੀ ਦੀ ਮੰਗ ਕੀਤੀ। ਦਾਨੀ ਰਾਜੇ ਨੇ ਉਸਦੀ ਬੇਨਤੀ ਮੰਨ ਲਈ। ਵਿਸ਼ਨੂੰ ਨੇ ਪ੍ਰਿਥਵੀ ਤੇ ਸਵਰਗ ਨੂੰ ਦੋ ਕਦਮਾਂ ਵਿਚ ਹੀ ਮਿਣ ਲਿਆ, ਪਰ ਬਲੀ ਦੀ ਦਾਨਸ਼ੀਲਤਾ ਦਾ ਖਿਆਲ ਕਰਦਿਆਂ ਹੋਇਆਂ ਉਨ੍ਹਾਂ ਨੇ ਪਾਤਾਲ ਦੀ ਬਾਦਸ਼ਾਹੀ ਉਸ ਕੋਲ ਹੀ ਰਹਿਣ ਦਿਤੀ। ਉਪਰੋਕਤ ਪੰਜੇ ਅਵਤਾਰ ਨਿਰੋਲ ਮਿਥਿਹਾਸਕ ਹਨ, ਅਗਲੇ ਤਿੰਨ ਅਵਤਾਰਾਂ ਵਿਚੋਂ ਬੀਰ ਰਸ ਅਤੇ ਨੌਵੇਂ ਵਿਚ ਧਾਰਮਕਤਾ ਦਾ ਪ੍ਰਗਟਾਵਾ ਹੁੰਦਾ ਹੈ। 6. ਪਰਸ਼ੁਰਾਮ- ਉਹ ਰਾਮ ਜਿਸ ਦੇ ਹਥ ਵਿਚ ਕੁਹਾੜਾ ਫੜਿਆ ਹੋਇਆ ਹੈ। ਇਹ ਅਵਤਾਰ ਤ੍ਰੇਤਾ ਯੁਗ ਵਿਚ ਜਮਦਗਨੀ ਰਿਸ਼ੀ ਦੇ ਘਰ ਬ੍ਰਾਹਮਣਾਂ ਨੂੰ ਅਹੰਕਾਰੀ ਕਸ਼ਤਰੀਆਂ ਦੀ ਅਧੀਨਤਾ ਤੋਂ ਮੁਕਤੀ ਦਿਲਾਉਣ ਲਈ ਹੋਇਆ ਸੀ। 7. ਰਾਮ ਜਾਂ ਰਾਮਚੰਦ੍ਰ- ਚੰਦ੍ਰਮਾਂ ਵਰਗਾ ਜਾਂ ਕੁਲੀਨ ਰਾਮ। ਰਾਮਾਯਣ ਦਾ ਨਾਇਕ। ਇਹ ਅਯੁਧਿਆ ਦੇ ਸੂਰਜਵੰਸ਼ੀ ਰਾਜਾ ਦਸ਼ਰਥ ਦਾ ਪੁਤਰ ਸੀ ਜਿਸ ਦਾ ਅਵਤਾਰ ਤ੍ਰੇਤਾ ਯੁਗ ਵਿਚ ਰਾਵਣ ਦਾ ਨਾਸ਼ ਕਰਨ ਲਈ ਹੋਇਆ ਸੀ। 8. ਕ੍ਰਿਸ਼ਨ- ਕਾਲਾ ਜਾਂ ਸਾਵਲੇ ਰੰਗ ਵਾਲਾ। ਕ੍ਰਿਸ਼ਨ ਦੇ ਉਤਰਕਾਲੀ ਸਾਰੇ ਦੇਵਤਿਆਂ ਨਾਲੋਂ ਸਭ ਤੋਂ ਵਧੇਰੇ ਲੋਕਪ੍ਰਿਯ ਤੇ ਮਹਤਵਪੂਰਨ ਹੋਣ ਕਾਰਨ ਇਸ ਦੇ ਸ਼ਰਧਾਲੂ ਇਸ ਨੂੰ ਨਿਰਾ ਅਵਤਾਰ ਹੀ ਨਹੀਂ, ਸਗੋਂ ਵਿਸ਼ਨੂੰ ਦੀਆਂ

ਸੰਪੂਰਨ ਕਲਾਵਾਂ ਦਾ ਅਵਤਾਰ ਸਮਝਦੇ ਹਨ। ਜਦੋਂ ਕ੍ਰਿਸ਼ਨ ਨੇ ਈਸ਼ਵਰਤਾ ਦੀ ਪੂਰਣਤਾ ਨੂੰ ਪ੍ਰਾਪਤ ਕਰ ਲਿਆ ਤਾਂ ਉਸ ਵੇਲੇ ਉਨ੍ਹਾਂ ਦੇ ਵਡੇ ਭਰਾ ਬਲਰਾਮ ਨੂੰ ਵੀ ਅਠਵਾਂ ਅਵਤਾਰ ਮੰਨਿਆ ਗਿਆ। 9. ਬੁਧ- ਬੁਧ ਦੀ ਧਾਰਮਕ ਗੁਰੂ ਦੇ ਰੂਪ ਵਿਚ ਮਹਾਨ ਸਫਲਤਾ ਕਾਰਨ ਹੀ ਬ੍ਰਾਹਮਣਾਂ ਨੇ ਉਸ ਨੂੰ ਵਿਰੋਧੀ ਨਾ ਸਮਝਦਿਆਂ ਹੋਇਆ, ਅਵਤਾਰ ਦੇ ਰੂਪ ਵਿਚ ਸਵੀਕਾਰ ਕੀਤਾ। ਸੋ ਇਸ ਤਰ੍ਹਾਂ ਬੁਧ ਦੇ ਰੂਪ ਵਿਚ ਵਿਸ਼ਨੂੰ ਦੈਤਾਂ ਤੇ ਪਾਪੀ ਮਨੁਖਾਂ ਨੂੰ ਵੇਦਾਂ ਦੀ ਅਵਗਿਆ ਕਰਨ ਜਾਤ ਪਾਤ ਤੋੜਨ ਅਤੇ ਰਬ ਦੀ ਹੋਂਦ ਤੋਂ ਮੁਨਕਰ ਹੋਣ ਦਾ ਉਤਸ਼ਾਹ ਦੇਣ ਲਈ ਅਤੇ ਇਸ ਤਰ੍ਹਾਂ ਉਨ੍ਹਾਂ ਦਾ ਆਪਣਾ ਵਿਨਾਸ਼ ਕਰਨ ਲਈ ਪ੍ਰਗਟ ਹੋਏ। 10. ਕਲਕੀ ਅਰਥਾਤ ਕਲਕਿਨ- ਚਿਟਾ ਘੋੜਾ। ਵਿਸ਼ਨੂੰ ਦਾ ਇਹ ਅਵਤਾਰ ਚਿਟੇ ਘੋੜੇ ਉਤੇ ਸਵਾਰ ਹੋਕੇ, ਹਥ ਵਿਚ ਬੋਦੀ ਵਾਲੇ ਤਾਰ ਵਾਂਗੂੰ ਚਮਕਦੀ ਤਲਵਾਰ ਲੈ ਕੇ ਧਰਮੀਆਂ ਦਾ ਨਾਸ਼ ਕਰਨ ਲਈ ਅਤੇ ਜਗਤ ਦੀ ਪੁਨਰ ਸੁਰਜੀਤੀ ਤੇ ਧਰਮ ਦੀ ਸਥਾਪਨਾ ਲਈ ਕਲਜੁਗ ਦੇ ਅੰਤ ਵਿਚ ਪ੍ਰਗਟ ਹੋਵੇਗਾ। ਉਪਰੋਕਤ ਅਵਤਾਰ ਲਗਪਗ ਸਾਰੇ ਹੀ ਪ੍ਰਵਾਨਿਤ ਹਨ, ਪਰ ਕਈ ਵਾਰੀ ਇਨ੍ਹਾਂ ਦੀ ਗਿਣਤੀ ਵਧ ਮੰਨੀ ਜਾਂਦੀ ਹੈ। ਭਾਗਵਤ ਪੁਰਾਣ, ਜਿਸ ਵਿਚ ਵਿਸ਼ਨੂੰ ਦੀ ਮਹਿਮਾ ਦਾ ਪ੍ਰਧਾਨ ਰੂਪ ਵਿਚ ਵਰਨਣ ਹੈ, ਅਵਤਾਰਾਂ ਦੀ ਗਿਣਤੀ 22 ਮੰਨੀ ਗਈ ਹੈ- 1. ਪੁਰਸ਼, ਨਰ, ਸਿਰਜਣਹਾਰ, 2. ਵਰਾਹ, ਸੂਰ 3. ਨਾਰਦ ਇਕ ਮਹਾਨ ਰਿਸ਼ੀ 4. ਨਰ ਤੇ ਨਾਰਾਯਣ 5. ਕਪਿਲ ਇਕ ਮਹਾਨ ਰਿਸ਼ੀ 6. ਦਤਾਤ੍ਰੇਯ ਇਕ ਰਿਸ਼ੀ 7. ਯਜਨ, ਯਗ 8. ਰਿਸ਼ਭ, ਇਕ ਧਰਮੀ ਰਾਜਾ ਜੋ ਭਰਤ ਦਾ ਪਿਤਾ ਸੀ 9. ਪ੍ਰਿਥੂ, ਇਕ ਰਾਜਾ 10. ਮਤ੍ਸਜ, ਮਛ 11. ਕੂਰ੍ਮ, ਕਛੂਆ 12. ਤੇ 13. ਧਨਵੰਤਰੀ ਦੇਵਤਿਆਂ ਦਾ ਵੈਦ 14. ਨਰਸਿੰਹ, ਨਰਸਿੰਘ 15. ਵਾਮਨ, ਬੌਣਾ 16. ਪਰਸ਼ੁਰਾਮ 17. ਵੇਦ ਵਜਾਸ 18. ਰਾਮ 19. ਬਲਰਾਮ 20. ਕ੍ਰਿਸ਼ਨ 21. ਬੁਧ 22. ਕਲਕੀ। ਅਗੇ ਜਾ ਕੇ ਲਿਖਿਆ ਹੈ ਜਿਵੇਂ ਅਮੁਕ ਝੀਲ ਵਿਚੋਂ ਅਨੇਕਾਂ ਨਦੀਆਂ ਫਟਦੀਆਂ ਹਨ ਇਸੇ ਤਰ੍ਹਾਂ ਵਿਸ਼ਨੂੰ ਦੇ ਅਵਤਾਰ ਵੀ ਅਣਗਿਣਤ ਹਨ। ਰਿਸ਼ੀ ਮਨੂ, ਦੇਵਤੇ, ਮਨੂ ਦੇ ਪੁਤਰ ਅਤੇ ਪ੍ਰਜਾਪਤੀ ਸਭ ਉਸ ਦੇ ਅੰਸ਼ ਹਨ।[156]

**ਆਸਕਪੁਰ-** ਭਾਈ ਫਿਰੰਦੇ ਦਾ ਪਿੰਡ।[157] ਆਸਕਪੁਰ ਮੈ ਜਾਹਿ ਤੂੰ ਕਹਯੋ ਸਿਰੀ ਗੁਰ ਰਾਇ॥[158]

---

[156] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਤੀਜੀ ਵਾਰ, 2013, ਪੰਨਾ 57-63.

[157] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 20.

**ਆਸਾ ਦੇਸ-** ਮੌਜੂਦਾ ਆਸਾਮ ਰਾਜ, ਜਿਹੜਾ ਭਾਰਤ ਦੇ ਉਤਰ-ਪੂਰਬ ਵਲ ਸਥਿਤ ਹੈ। ਕੁਝ ਵਿਦਵਾਨਾਂ ਦਾ ਮਤ ਹੈ ਕਿ 'ਆਸਾ ਦੇਸ' ਦਾ ਕੋਈ ਭੂਗੋਲਿਕ ਥਾਂ ਟਿਕਾਣਾ ਨਹੀਂ ਲਭਿਆ ਜਾ ਸਕਦਾ।[159] ਚਲੇ ਸੁ ਆਸਾ ਦੇਸ ਕੋ ਸ੍ਰੀ ਗੁਰ ਪਰਮ ਉਦਾਰ॥1॥[160]

**ਆਜ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਸਲਾਮ ਦੇ ਇਕ ਇਮਾਮ ਦਾ ਨਾਮ। ਜੋ ਚਾਰ ਇਮਾਮਾਂ ਵਿਚੋਂ ਇਕ ਸੀ। ਆਜ ਮੁਸਾਫੀ ਮਾਲਕੁ ਜਾਨ। ਅਹਿਮਦ ਚਾਰ ਹੈ ਨਾਮ ਪਛਾਨ॥46॥[161]

**ਆਤਸਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਲਾਹ ਦੁਆਰਾ ਬਣਾਏ ਪਹਿਲੇ ਚਾਰ ਯਾਰਾਂ ਵਿਚੋਂ ਇਕ ਦਾ ਨਾਮ। ਬਾਦੀ ਆਬੀ ਆਤਸਿ ਜਾਨ॥ ਚਉਥਾ ਖਾਕੀ ਤਾਹਿ ਪਛਾਨ॥42॥[162]

**ਆਦਮ-** ਸਾਮੀ ਰਵਾਇਤ ਅਨੁਸਾਰ ਸਭ ਤੋਂ ਪਹਿਲਾ ਮਨੁਖ ਆਦਮ ਸੀ। ਬਾਇਬਲ ਵਿਚ ਕਥਾ ਹੈ ਕਿ ਜਦ ਉਹ ਸੌ ਗਿਆ ਤਾਂ ਰਬ ਨੇ ਉਸਦੀ ਪਸਲੀ ਕਢ ਕੇ ਇਸਤਰੀ ਬਣਾ ਦਿਤੀ ਤਾਂ ਕਿ ਆਦਮ ਦਾ ਦਿਲ ਲਗਿਆ ਰਹੇ। ਇਸੇ ਪਹਿਲੀ ਇਸਤਰੀ ਦਾ ਨਾਮ ਹਵਾ ਸੀ। ਆਦਮ ਤੇ ਹਵਾ ਦੋਵੇਂ ਅਦਨ ਬਾਗ ਵਿਚ ਘੁੰਮਦੇ ਫਿਰਦੇ ਐਸ਼-ਅਰਾਮ ਦਾ ਜੀਵਨ ਬਤੀਤ ਕਰਦੇ ਸਨ। ਖੁਦਾ ਨੇ ਹਦਾਇਤ ਕੀਤੀ ਕਿ ਹੋਰ ਭਾਵੇਂ ਕੁਝ ਵੀ ਖਾਂਦੇ-ਪੀਂਦੇ ਜਾਓ ਪਰ ਇਕ ਗਿਆਨ ਦੇ ਬੂਟੇ ਦਾ ਫਲ ਨਾ ਖਾਣਾ। ਸ਼ੈਤਾਨ ਨੇ ਸਪ ਦਾ ਰੂਪ ਧਾਰ ਕੇ ਦੋਹਾਂ ਨੂੰ ਵਰਗਲਾਇਆ ਅਤੇ ਦੋਹਾਂ ਨੇ ਵਰਜਿਤ ਫਲ ਖਾ ਲਿਆ। ਜਿਸਦੇ ਸਿਟੇ ਵਜੋਂ ਦੋਵੇਂ ਇਸ ਦੋਸ਼ ਅਧੀਨ ਬਾਗ ਵਿਚੋਂ ਕਢ ਦਿਤੇ ਗਏ। ਕਈਆਂ ਨੇ ਇਹ ਵੀ ਲਿਖਿਆ ਹੈ ਕਿ ਜਦੋਂ ਇਹ ਬਹਿਸ਼ਤ ਵਿਚੋਂ ਕਢੇ ਗਏ ਤਾਂ ਆਦਮ ਲੋਕਾਂ ਵਿਚ ਅਤੇ ਹਵਾ ਅਰਬ ਵਿਚ ਜਦਾਹ ਦੇ ਪਾਸ ਜਾ ਕੇ ਡਿਗੀ, ਚਿਰਾਂ ਬਾਦ ਦੋਹਾਂ ਨੂੰ ਫਰਿਸ਼ਤੇ ਨੇ ਮਿਲਾਇਆ। ਕਹਿੰਦੇ ਹਨ ਕਿ 930 ਵਰ੍ਹੇ ਦੀ ਉਮਰ ਭੋਗਣ ਉਪਰੰਤ ਆਦਮ ਦਾ ਦੇਹਾਂਤ ਹੋਇਆ।[163] ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਆਦਮ ਦੇ ਹਾਬਲ, ਕਾਬਲ, ਈਰਜ ਅਤੇ ਤੂਰਜ ਚਾਰ

---

[158] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 662.

[159] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 20.

[160] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1154.

[161] ਉਹੀ, ਪਤਰਾ 941.

[162] ਉਹੀ.

[163] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਿਸਟੀ, ਪਟਿਆਲਾ, 2009, ਪੰਨਾ 26-27.

ਪੁਤਰ ਹੋਏ, ਜਿਹੜੇ ਕਿ ਪਹਿਲੇ ਇਮਾਮ ਕਹਿਲਾਏ।[164] ਭਾਵੇਂ ਕਿ ਇਨ੍ਹਾਂ ਦੀ ਪੁਸ਼ਟੀ ਹੋਰ ਸ੍ਰੋਤਾਂ ਤੋਂ ਨਹੀਂ ਹੁੰਦੀ। ਬੇਟੇ ਆਦਮ ਦੇ ਸਭੈ ਹਿੰਦੂ ਮੁਸਲਮਾਨ॥[165]

**ਆਦਿ ਨਰਾਯਣ-** ਵਿਸ਼ਨੂੰ (ਦੇਖੋ) ਦਾ ਇਕ ਨਾਮ। ਆਦਿ ਨਰਾਯਣੋ ਵਾਚ॥ ਚੌਪਈ॥ ਨਾਨਕ ਕੋ ਹਮ ਆਪ ਬਲਾਯੋ॥[166]

**ਆਦਿ ਭਵਾਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ (ਦੇਖੋ) ਦਾ ਇਕ ਨਾਮ।॥9॥ ਚੌਪਈ॥ ਯੋਂ ਕਹ ਆਪ ਸੁ ਆਦਿ ਭਵਾਨੀ॥[167]

**ਆਪ ਰੂਪੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੁਨਿ ਜੋਗ ਗਹਰੇ ਆਪ ਰੂਪੀ ਦੋਇ ਸਿਧ ਮਹਾਨਿਯੈ॥[168]

**ਆਬੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਲਾਹ ਦੁਆਰਾ ਬਣਾਏ ਪਹਿਲੇ ਚਾਰ ਯਾਰਾਂ ਵਿਚੋਂ ਇਕ ਦਾ ਨਾਮ। ਬਾਦੀ ਆਬੀ ਆਤਸਿ ਜਾਨ॥ ਚਉਥਾ ਖਾਕੀ ਤਾਹਿ ਪਛਾਨ॥42॥[169]

**ਆਵੰਦ-** ਇਕ ਟਾਪੂ (ਦੇਖੋ) ਦਾ ਨਾਮ। ਤਿਸ ਤੇ ਆਗੈ ਹੈ ਆਵੰਦ॥[170]

**ਐਯਤੁ-** ਇਕ ਟਾਪੂ (ਦੇਖੋ) ਦਾ ਨਾਮ। ਐਯਤੁ ਟਾਪੂ ਪੁਨਿ ਜਾਨੋ॥[171]

**ਐਰਾਵਤਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕੂਰਮ (ਦੇਖੋ) ਦੀ ਪਿਠ ਉਪਰਲੇ ਅਠ ਹਾਥੀਆਂ ਵਿਚੋਂ ਇਕ ਹਾਥੀ ਦਾ ਨਾਮ ਜਿਨ੍ਹਾਂ ਉਪਰ ਧਰਤੀ ਟਿਕੀ ਹੋਈ ਹੈ। ਐਰਾਵਤਿ ਪੁੰਡਰੀ ਕਸੁ ਜਾਨ॥ ਬਾਮਨ ਅਉਰ ਮੁਕੰਦ ਪਛਾਨ॥[172]

---

164 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 941.

165 ਉਹੀ.

166 ਉਹੀ, ਪਤਰਾ 1070.

167 ਉਹੀ, ਪਤਰਾ 1056.

168 ਉਹੀ, ਪਤਰਾ 1027.

169 ਉਹੀ, ਪਤਰਾ 941.

170 ਉਹੀ, ਪਤਰਾ 1318.

171 ਉਹੀ.

172 ਉਹੀ, ਪਤਰਾ 1009.

**ਔਘੜ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਸਿਧ ਸੰਗਰ ਔਘੜ ਮੌਗਲ ਜੂ ਗਿਰਬੋਧ ਬਲੀ ਸਭ ਕਾ ਸਿਰਦਾਰੇ॥[173]

**ਔਘੜ ਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਛਬੀਮੋ ਔਘੜ ਨਾਥ ਮਨ ਮੈ ਸੋ ਜਾਨ ਲੋਹੁ ਬਹੁਰੋ ਸਤਾਈਸਵੋ ਪ੍ਰਬਤਿ ਮਹਾਨੀਐ॥[174]

**ਇਅੰਗ-** ਇਕ ਟਾਪੂ (ਦੇਖੋ) ਦਾ ਨਾਮ। ਸੰਕਰ ਮਾਧਵ ਇਅੰਗ ਬਿਰਾਲ॥[175]

**ਇਸਰਾਫੀਲ-** ਇਕ ਫਰਿਸ਼ਤਾ। ਇਸਲਾਮਿਕ ਸਾਹਿਤ ਅਨੁਸਾਰ ਇਸਰਾਫੀਲ ਚਾਰ ਮੁਖੀ ਫਰਿਸ਼ਤਿਆਂ ਵਿਚੋਂ ਇਕ ਹੈ। ਮੁਸਲਮਾਨੀ ਪੌਰਾਣ-ਸ਼ਾਸ਼ਤ੍ਰ ਅਨੁਸਾਰ ਕਿਆਮਤ ਵਾਲੇ ਦਿਨ ਇਸਰਾਫੀਲ ਨਰਿਸੰਘਾ ਵਜਾਏਗਾ ਅਤੇ ਸਾਰਾ ਸੰਸਾਰ ਪਲਾਂ ਵਿਚ ਨਸ਼ਟ ਹੋ ਜਾਵੇਗਾ। ਫਿਰ ਮੁਰਦੇ ਕਬਰਾਂ ਵਿਚੋਂ ਉਠ ਖੜੇ ਹੋਣਗੇ। ਇਹ ਫਰਿਸ਼ਤਾ ਸਤਵੇਂ ਅਸਮਾਨ ਵਿਚ ਰੱਫਰੱਫ ਦੇ ਨੇੜੇ ਰਹਿੰਦਾ ਹੈ। ਇਸ ਫਰਿਸ਼ਤੇ ਦਾ ਸਿਰ ਅਰਸ਼ ਉਤੇ ਹੈ, ਪਰ ਪੈਰ ਜ਼ਮੀਨ ਨਾਲ ਲਗੇ ਹੋਏ ਹਨ। ਇਸ ਦੇ ਸ਼ਰੀਰ ਉਤੇ ਦੋ ਖੰਭ ਹਨ।[176] ਇਸਰਾਫੀਲ ਇਜਰਾਈਲ ਮੇਕਾਈਲ ਪਛਾਨ॥[177]

**ਇਸਵਾਕ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸੁਦਿਨਮਾ (ਦੇਖੋ) ਦੇ ਪੁਤਰ ਦਾ ਨਾਮ। ਇਸਵਾਕ ਤਹ ਨਾਮ ਹੈ ਸੁੰਦਰ ਮਦਨ ਸਮਾਨ॥70॥[178]

**ਇਕ ਟੰਗਯਾ ਦੇ ਦੇਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ ਦਾ ਨਾਮ ਜਿਥੇ ਸਾਰੇ ਹੀ ਲੋਕਾਂ ਦੀ ਇਕ ਲੱਤ ਹੈ। ਇਹ ਨਾਮ ਕਾਲਪਨਿਕ ਭਾਸਦਾ ਹੈ। ਇਕ ਟੰਗਜਾ ਕੇ ਟਾਪੂ ਆਇ॥36॥[179]

---

[173] ਉਹੀ, ਪਤਰਾ 246.

[174] ਉਹੀ, ਪਤਰਾ 1026.

[175] ਉਹੀ, ਪਤਰਾ 1318.

[176] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 181.

[177] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 959-60.

[178] ਉਹੀ, ਪਤਰਾ 1554.

[179] ਉਹੀ, ਪਤਰਾ 1743.

**ਇਖਵਾਕੂ-** ਇਕ ਪੌਰਾਣਿਕ ਰਾਜਾ ਜੋ ਸੂਰਜ ਵੰਸ਼ ਦਾ ਮੋਢੀ ਸੀ। ਇਕਸ਼ਵਾਕੂ ਸੂਰਜ ਦੇ ਪੁਤਰ ਵੈਵਸਵਤ ਮਨੂ ਦਾ ਲੜਕਾ ਸੀ। ਇਸ ਦੀ ਉਤਪਤੀ ਆਲਿੰਗਕ ਮੰਨੀ ਗਈ ਹੈ। ਇਕਸ਼ਵਾਕੂ ਮਨੂ ਦੇ ਨਿਛ ਮਾਰਨ ਵੇਲੇ ਉਸ ਦੇ ਨੱਕ ਵਿਚੋਂ ਜੰਮਿਆ ਸੀ। ਇਕਸ਼ਵਾਕੂ ਤ੍ਰੇਤੇ ਯੁਗ ਵਿਚ ਅਜੁਧਿਆ ਦਾ ਰਾਜਾ ਸੀ। ਇਸ ਦੇ ਇਕ ਸੌ ਪੁਤਰ ਸਨ, ਜਿਨ੍ਹਾਂ ਵਿਚੋਂ ਦੋ ਵਿਕੁਕਸ਼ੀ ਤੇ ਨਿਮੀ ਬੜੇ ਪ੍ਰਤਾਪੀ ਅਤੇ ਪ੍ਰਾਕ੍ਰਮੀ ਹੋਏ ਹਨ। ਵਿਕੁਕਸ਼ੀ ਤੋਂ ਰਘੁਕੁਲ ਅਤੇ ਨਿਮੀ ਤੋਂ ਰਾਜੇ ਜਨਕ ਦੀ ਵੰਸ਼ ਚਲੀ। ਨਿਮੀ ਨੇ ਹੀ ਮਿਥਿਲਾ ਦੀ ਨੀਂਹ ਰਖੀ। ਸ੍ਰੀ ਰਾਮਚੰਦਰ ਰਘੁਕੁਲ ਵਿਚੋਂ ਸਨ। ਇਕਸ਼ਵਾਕੂ ਦਾ ਯਗ ਕੁੰਡ ਅਸਥਾਨ ਅੰਮ੍ਰਿਤਸਰ ਸੀ।[180] ਇਖਵਾਕੂ ਤਪੁ ਕੀਨੇ ਜਹਾਂ॥[181]

**ਇਸਰਾਈਲ-** ਹਜ਼ਰਤ ਯਾਕੂਬ ਦਾ ਇਕ ਨਾਉਂ। ਇਸਰਾਈਲ ਇਸਹਾਕ ਦਾ ਪੁਤਰ ਤੇ ਇਬਰਾਹੀਮ ਦਾ ਪੋਤਰਾ ਸੀ। ਇਸੇ ਤੋਂ ਇਸਰਾਈਲ ਦੀ ਵੰਸ਼ ਚੱਲੀ। ਇਬਰਾਨੀ ਯਾਕੂਬ ਨੂੰ ਆਦਰ ਨਾਲ ਇਸਰਾਈਲ ਕਹਿੰਦੇ ਹਨ, ਜਿਸ ਦੇ ਅਰਥ ਹਨ- ਈਲ (ਖੁਦਾ) ਦਾ ਇਸਰਾ (ਚੁਣਿਆ ਹੋਇਆ) ਭਾਵ ਪੈਗੰਬਰ।[182] ਇਸਰਾਫੀਲ ਇਜਰਾਈਲ ਮੇਕਾਈਲ ਪਛਾਨ॥[183]

**ਇੱਠਲ-** ਪਰਮਾਤਮਾ ਦਾ ਇਕ ਨਾਮ। ਇਕ ਇੱਠਲ ਵਿੱਠਲ ਨਾਮ ਕਹੈ ਜਿਸਨੂ ਵਿਸਨੂ ਕਹਿ ਅੰਤ ਨ ਆਈ॥12॥[184]

**ਇੰਦਸੈਣ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕਉਲ ਨੈਨ (ਦੇਖੋ) ਦਾ ਦੀਬਾਨ। ਇੰਦਸੈਣ ਪੁਨਿ ਵਾਕ ਉਚਾਰੇ॥[185]

---

180 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਚੌਥੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2004, ਪੰਨਾ 184.

181 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 547.

182 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 181.

183 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 959-60.

184 ਉਹੀ, ਪਤਰਾ 113.

185 ਉਹੀ, ਪਤਰਾ 1343.

**ਇੰਦਭਾਨ ਸੁਤ-** ਬਾਲਾ (ਦੇਖੋ) ਇੰਦਭਾਨ ਦਾ ਪੁਤਰ ਸੀ, ਇਸ ਕਰਕੇ ਉਸ ਨੂੰ ਇੰਦ ਭਾਨ ਸੁਤ ਕਿਹਾ ਗਿਆ ਹੈ। ਇੰਦੁਭਾਨ ਸੁਤ ਸੰਗ ਦੇਖਿ ਚਲੇ ਸਿਰੀਰੰਗ ਮਨਮੈ ਉਮੰਗ ਸੰਗ ਸੰਧੂ ਸੋ ਪਛਾਨੀਐ॥[186]

**ਇੰਦਭਾਨ ਕਾ ਖੂਹ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਤਲਵੰਡੀ ਨੇੜੇ ਇਕ ਸਥਾਨ। ਜਿਥੇ ਗੁਰੂ ਜੀ ਨੇ ਮਰਦਾਨੇ ਦੇ ਪੁਤਰ ਸ਼ਜਾਦੇ ਨੂੰ ਭਾਈ ਬਾਲਾ ਨੂੰ ਭੇਜ ਕੇ ਮਿਲਣ ਲਈ ਬੁਲਾਇਆ ਸੀ। ਇਦੁਭਾਨ ਕੇ ਖੂਹੁ ਪਰਿ ਸਤਿਗੁਰ ਉਤਰੇ ਆਇ॥[187]

**ਇੰਦਰ ਸੈਣ-** ਇਕ ਅਣ-ਇਤਿਹਾਸਕ ਪਾਤਰ। ਇਹ ਰਾਜਾ ਸੁਧ੍ਰਸੈਣ ਦਾ ਭਾਣਜਾ ਹੈ।[188] ਗੁਰੂ ਨਾਨਕ ਵਿਜੈ ਗ੍ਰੰਥ ਵਿਚ ਇਸਨੂੰ ਰਾਜਾ ਸੁੰਦਰ ਸੈਣ (ਦੇਖੋ) ਦਾ ਭਾਣਜਾ ਦਸਿਆ ਹੈ। ਆਗੈ ਮਿਲਿਯੋ ਇੰਦਰ ਸੈਨਿ॥[189]

**ਇੰਦਰ ਸੈਣ (ਬੇਦੀ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸ਼੍ਰੋਮਣੀ ਬੇਦੀਆਂ ਵਿਚੋਂ ਇਕ। ਇਹ ਗੁਰੂ ਜੀ ਦੇ ਵਿਆਹ ਸਮੇਂ ਸੁਲਤਾਨਪੁਰ ਤੋਂ ਨਾਲ ਗਿਆ ਸੀ। ਇੰਦਰਿ ਸੈਣ ਸੁ ਸਪਤਸਿ ਮਾਨ॥[190]

**ਇੰਦਰ-** ਦੇਵਤਿਆਂ ਦਾ ਰਾਜਾ। ਵੇਦਾਂ ਵਿਚ ਇਸ ਨੂੰ ਸਭ ਦੇਵਤਿਆਂ ਤੋਂ ਸ੍ਰੇਸ਼ਟ ਮੰਨਿਆ ਗਿਆ ਹੈ। ਇਸ ਦਾ ਜਨਮ ਇਕ ਸ਼ਕਤੀਸ਼ਾਲੀ ਦੇਵਤੇ ਦੁਆਰਾ ਇਕ ਵੀਰਾਂਗਨਾ ਇਸਤਰੀ ਦੀ ਕੁਖੋਂ ਹੋਇਆ। ਇਸ ਦਾ ਰੰਗ ਲਾਲ ਅਤੇ ਸੁਨਹਿਰੀ ਹੈ। ਇਸ ਦੀਆਂ ਬਾਹਾਂ ਬੜੀਆਂ ਹੀ ਲੰਮੀਆਂ ਹਨ। ਇਸ ਦੇ ਅਣਗਿਣਤ ਰੂਪ ਹਨ ਅਤੇ ਇਹ ਆਪਦੀ ਇਛਾ ਅਨੁਸਾਰ ਕੋਈ ਵੀ ਰੂਪ ਧਾਰਨ ਕਰ ਸਕਦਾ ਹੈ। ਇਹ ਸੁਨਹਿਰੀ ਰਥ ਦੀ ਸਵਾਰੀ ਕਰਦਾ ਹੈ। ਇਹ ਸੋਮ ਰਸ ਪੀਣ ਦਾ ਸ਼ੌਕੀਨ ਹੈ। ਇਹ ਵਾਯੂ ਦਾ ਦੇਵਤਾ ਹੈ ਇਸ ਲਈ ਰੁੱਤਾਂ ਦਾ ਪ੍ਰਬੰਧ ਅਤੇ ਮੀਂਹ ਵਰ੍ਹਾਉਣ ਦਾ ਕੰਮ ਵੀ ਇਸੇ ਦੇ ਅਖ਼ਤਿਆਰ ਵਿਚ ਹਨ। ਵੇਦਾਂ ਵਿਚ ਅਗਨੀ ਦੇਵਤਾ ਨੂੰ ਛੱਡ ਕੇ ਸਭ ਤੋਂ ਵਧੇਰੇ ਰਿਚਾਵਾਂ ਇਸੇ ਨੂੰ ਸੰਬੋਧਨ ਕੀਤੀਆਂ ਗਈਆਂ ਹਨ। ਇੰਦ੍ਰ ਦੀ ਇਕ ਪਤਨੀ ਵੀ ਸੀ,

---

[186] ਉਹੀ, ਪਤਰਾ 1573.

[187] ਉਹੀ, ਪਤਰਾ 1751.

[188] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 24.

[189] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1315.

[190] ਉਹੀ, ਪਤਰਾ 540.

ਜਿਸ ਦਾ ਨਾਂ ਇੰਦ੍ਰਾਣੀ ਜਾਂ ਏਂਦ੍ਰੀ ਸੀ। ਇੰਦ੍ਰਾਣੀ ਦੀ ਦੇਵੀਆਂ ਵਿਚ ਉਸਤਤੀ ਕੀਤੀ ਜਾਂਦੀ ਹੈ।[191] ਸਸਿ ਸਵਿਤਾ ਕੈ ਇੰਦਰ ਵਰਨੰ॥[192]

**ਇੰਦ੍ਰ ਸੈਣ (ਟਾਪੂ)-** ਇਕ ਟਾਪੂ (ਦੇਖੋ) ਦਾ ਨਾਮ। ਇੰਦ੍ਰ ਸੈਣ ਪੰਚਮ ਤੁਮ ਜਾਨੋ॥[193]

**ਇੰਦ੍ਰ ਪੈਠ-** ਇਕ ਟਾਪੂ (ਦੇਖੋ) ਦਾ ਨਾਮ। ਇੰਦ੍ਰ ਪੈਠ ਤੀਸਰੀ ਕਹਯੈ॥[194]

**ਇੰਦ੍ਰ ਪ੍ਰਹਸਤਿ-** ਇਕ ਟਾਪੂ (ਦੇਖੋ) ਦਾ ਨਾਮ। ਇੰਦ੍ਰ ਪ੍ਰਹਸਤਿ ਚਤੁਰਿਥੀ ਹਯੈ॥54॥[195]

**ਇੰਦ੍ਰਸੈਣ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਇੰਦ੍ਰਸੈਣ ਪ੍ਰਮਾਨੰਦ॥[196]

**ਇਮਾਮ ਕਮਲਾਦੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਮਕੇ ਵਿਚਲਾ ਇਕ ਕਾਜੀ। ਕਹਯੋ ਇਮਾਮ ਕਮਲਾਦੀ ਨਾਨਕ ਪੂਛਉ ਤੋਹਿ॥[197]

**ਇੰਯ-** ਇਕ ਟਾਪੂ (ਦੇਖੋ) ਦਾ ਨਾਮ। ਇਯੰ ਜਯੇ ਯਿਤੀ ਯੇਯੰਪਾਲ॥[198]

**ਇਯੰਮਾਲ-** ਇਕ ਟਾਪੂ (ਦੇਖੋ) ਦਾ ਨਾਮ। ਇਯੰਮਾਲ ਪੁਨਿ ਅਉਰ ਬਖਾਨੇ।[199]

**ਇਯਾਤੂ-** ਇਕ ਟਾਪੂ (ਦੇਖੋ) ਦਾ ਨਾਮ। ਇਯਾਤੂ ਨਾਮ ਅਉਰ ਪੁਨਿ ਕਹਯੈ॥[200]

**ਇਰਮਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਆਦਮ (ਦੇਖੋ) ਦੇ ਪੁਤਰ ਕਾਬਲ ਤੋਂ ਜੋ ਚਾਰ ਕੌਮਾਂ ਪੈਦਾ ਹੋਈਆਂ ਉਨ੍ਹਾਂ ਵਿਚੋਂ ਇਕ ਦਾ ਨਾਮ। ਜੰਗੀ ਇਰਮਨੀ ਰੂਮੀ ਜਾਨ॥ ਅਵਰ ਫਿਰੰਗ ਸਿਲਾਰ ਪਛਾਨ॥[201]

---

[191] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ 2013, ਪੰਨਾ 74-75.

[192] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1226.

[193] ਉਹੀ, ਪਤਰਾ 1317.

[194] ਉਹੀ.

[195] ਉਹੀ.

[196] ਉਹੀ, ਪਤਰਾ 595.

[197] ਉਹੀ, ਪਤਰਾ 935.

[198] ਉਹੀ.

[199] ਉਹੀ.

[200] ਉਹੀ.

**ਇਲਾ ਖੰਡ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨੌਂ ਖੰਡਾਂ (ਦੇਖੋ) ਵਿਚੋਂ ਇਕ ਖੰਡ ਦਾ ਨਾਮ। ਭਰਥ ਖੰਡ ਪਿਰਥਮਿ ਪਹਿਚਾਨ॥ ਕਿੰਨਰ ਇਲਾ ਬਰਤਿ ਪੁਨਿ ਮਾਨ॥33॥[202]

**ਇਲਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਇਲਾ ਹਿੰਗੁਲਾ ਪਿੰਗੁਲਾ ਬਾਕਬਾਨੀ॥[203]

**ਈਸਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬਹੁਰੋ ਅਠਾਈਸਵੋ ਈਸਰ ਸੋ ਜਾਨ ਲੇਹੁ ਬਹੁਰੋ ਭਰਥਰੀ ਉਨਤੀਸਮੋ ਸੁ ਜਾਨੀਐ॥[204]

**ਈਸਰ (ਮਾਰਵਾੜੀ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਮਾਰਵਾੜੀ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[205] ਮੇਘਰਾਜ ਲਾਲਚੰਦ ਈਸਰ ਮਾਣਕਚੰਦ ਕਰਮਾ ਪਰਮਚੰਦ ਔਰ ਉਰ ਆਨੀਐ॥[206]

**ਈਨਾ ਗਿਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ। ਈਨਾ ਗਿਰ ਮੈ ਸਤਿਗੁਰ ਆਯੋ॥3॥[207]

**ਈਰਜ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਆਦਮ (ਦੇਖੋ) ਦੇ ਇਕ ਪੁਤਰ ਦਾ ਨਾਮ। ਅਬਲ ਚਾਰ ਇਮਾਮ ਥੇ ਹਾਬਲ ਕਾਬਲੁ ਜਾਨ॥ ਤੀਜਾ ਈਰਜੁ ਆਖੀਐ ਚਉਥਾ ਤੂਰਜੁ ਮਾਨ॥38॥[208]

**ਏਕ ਰੰਗੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੁਨਿ ਏਕ ਰੰਗੀ ਕਰਮ ਨਾਸੀ ਸਤਰਵੋ ਇਕ ਊਪਰੇ॥[209]

---

[201] ਉਹੀ, ਪਤਰਾ 948.

[202] ਉਹੀ, ਪਤਰਾ 1008.

[203] ਉਹੀ, ਪਤਰਾ 1054.

[204] ਉਹੀ, ਪਤਰਾ 1026.

[205] ਉਹੀ, ਪਤਰਾ 1783.

[206] ਉਹੀ.

[207] ਉਹੀ, ਪਤਰਾ 1036.

[208] ਉਹੀ, ਪਤਰਾ 940.

[209] ਉਹੀ, ਪਤਰਾ 1027.

**ਏਕਨਾਥ-** ਇਕ ਉਘਾ ਮਰਾਠੀ ਸੰਤ ਜੋ ਸੰਤ ਭਾਨੂਦਾਸ ਦਾ ਪੋਤਰਾ ਸੀ। ਇਸ ਦਾ ਜੀਵਨ ਕਾਲ 1533 ਤੋਂ 1599 ਈ. ਸੀ।[210] ਏਕਨਾਥ ਪ੍ਰੇਮ ਦੇਖਿ ਪਾਟਨਿ ਮੈ ਗੋਪੀਨਾਥ॥[211]

**ਏਤੂ-** ਇਕ ਟਾਪੂ (ਦੇਖੋ) ਦਾ ਨਾਮ। ਏਤੂ ਸੇਤੂ ਦੋਨੋ ਕਹਯੈ॥[212]

**ਏਮਨਾਬਾਦ-** ਪਾਕਿਸਤਾਨ ਦੇ ਜਿਲ੍ਹਾ ਗੁਜਰਾਂਵਾਲਾ ਵਿਚ ਇਕ ਨਗਰ, ਜਿਥੇ ਭਾਈ ਲਾਲੋ ਰਹਿੰਦਾ ਸੀ। ਸੈਦਪੁਰ ਵੀ ਇਸੇ ਦਾ ਪੁਰਾਣਾ ਨਾਂ ਹੈ। ਇਸ ਨਗਰ ਉਤੇ ਬਾਬਰ ਨੇ 1520 ਈ. ਵਿਚ ਹਮਲਾ ਕਰਕੇ ਭਾਰੀ ਕਤਲੇਆਮ ਕੀਤਾ। ਇਕ ਪਰੰਪਰਾ ਮੁਤਾਬਿਕ ਬਾਬਰ ਨੇ ਇਕ ਧੋਬੀ ਦੀ ਪਤਨੀ 'ਏਮਾ' ਦੇ ਨਾਂ ਉਤੇ ਸੈਦਪੁਰ ਦਾ ਨਾਂ ਏਮਨਾਬਾਦ ਰਖਿਆ, ਜਿਸ ਨੇ ਬਾਬਰ ਨੂੰ ਚਨੇ ਭੁੰਨ ਕੇ ਖੁਆਏ ਸਨ।[213] ਆਪ ਏਮਨਾਵਾਦਿ ਕੋ ਗਏ ਸੁ ਸ੍ਰੀ ਗੁਰ ਰਾਇ॥4॥[214]

**ਸਸਿ-** ਚੰਦਰਮਾਂ, ਕਿਉਂਕਿ ਇਸ ਤੇ ਖਰਗੋਸ਼ ਵਰਗਾ ਨਿਸ਼ਾਨ ਹੈ ਇਸ ਲਈ ਇਸ ਨੂੰ ਸਸਿ ਕਿਹਾ ਜਾਂਦਾ ਹੈ।[215] ਸਸਿ ਸਵਿਤਾ ਕੈ ਇੰਦਰ ਵਰਨੰ॥[216]

**ਸਹਸਫਨੀ(ਸ਼ੇਸ਼ਨਾਗ)-** ਸ਼ੇਸ਼ਨਾਗ (ਦੇਖੋ) ਦਾ ਇਕ ਨਾਮ। ਤਵਿ ਗੁਨਹਿ ਅਪਰਿ ਨਾਹਿ ਸੁਮਾਰੰ ਪਾਇ ਨ ਪਰਿ ਸਹਸਫਨੀ॥[217]

**ਸਹਗਲ ਧਰਮਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਹੋ ਸਹਗਲ ਧਰਮਾ ਜਾਨ ਟਾਡੂ ਬਲਰਾਮ ਜੀ॥[218]

---

210 ਰਜਿੰਦਰ ਸਿੰਘ, *ਪੰਜਾਬੀ ਵਿਸ਼ਵ ਕੋਸ਼ ਜਿਲਦ ਤੀਜੀ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1989, ਪੰਨਾ 268.

211 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1714.

212 ਉਹੀ, ਪਤਰਾ 1318.

213 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 26.

214 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 686.

215 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 82.

216 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1226.

217 ਉਹੀ, ਪਤਰਾ 70.

218 ਉਹੀ, ਪਤਰਾ 1629.

**ਸਹਜਾਦਾ/ਸ਼ਜ਼ਾਦਾ-** ਗੁਰੂ ਨਾਨਕ ਦੇਵ ਜੀ ਦੇ ਉਦਾਸੀਆਂ ਦੇ ਸਾਥੀ ਭਾਈ ਮਰਦਾਨੇ ਦਾ ਪੁਤਰ, ਜਿਸ ਦਾ ਜ਼ਿਕਰ ਕੇਵਲ ਭਾਈ ਬਾਲਾ ਵਾਲੀ ਜਨਮਸਾਖੀ ਵਿਚ ਹੈ, ਹੋਰ ਕਿਸੇ ਵਿਚ ਨਹੀਂ। ਭਾਈ ਮਰਦਾਨੇ ਦੀ ਮੌਤ ਤੋਂ ਬਾਅਦ ਗੁਰੂ ਸਾਹਿਬ ਭਾਈ ਬਾਲੇ ਨੂੰ ਤਲਵੰਡੀ ਭੇਜ ਕੇ ਸਹਜਾਦੇ ਨੂੰ ਸਦਦੇ ਹਨ। ਬਾਲਾ ਜਨਮਸਾਖੀ ਅਨੁਸਾਰ ਖੁਰਮੇ ਸ਼ਹਿਰ ਵਿਚ ਜਿਥੇ ਭਾਈ ਮਰਦਾਨੇ ਦੀ ਸਮਾਧ ਹੈ, ਉਥੇ ਭਾਈ ਸਹਜਾਦੇ ਦੀ ਮੰਜੀ ਸਥਾਪਿਤ ਕੀਤੀ ਗਈ। ਸਜਣ ਠਗ ਦੀ ਸਾਖੀ ਵਿਚ ਸਹਜਾਦਾ ਹੀ ਗੁਰੂ ਸਾਹਿਬ ਦੇ ਨਾਲ ਸੀ।[219] ਸਹਜਾਦਾ ਸੋ ਤੁਰਤਿ ਹੀ ਲੇਕਰਿ ਕਛੁ ਅਰਦਾਸ॥[220]

**ਸਹਜਾਨੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਸਹਜਾਨੰਦ ਫਿਰੰਦਾ ਰਾਮਾ॥[221]

**ਸਹਿਦੇਵ (ਸਹਦੇਵ)-** ਇਹ ਰਾਜਾ ਪਾਂਡੂ ਦੀ ਦੂਜੀ ਰਾਣੀ ਮਾਦਰੀ ਦਾ ਜੌੜਾ ਪੁੱਤਰ ਅਤੇ ਪਾਂਡਾਵਾਂ ਵਿਚੋਂ ਸਭ ਤੋਂ ਛੋਟਾ ਰਾਜਕੁਮਾਰ ਸੀ। ਮਿਥਿਹਾਸਕ ਤੌਰ ਤੇ ਇਹ ਅਸ਼੍ਵਿਨੀ ਕੁਮਾਰਾਂ ਦਾ ਪੁੱਤਰ ਜਾਂ ਹੋਰ ਸਪਸ਼ਟ ਰੂਪ ਵਿਚ ਕਿਹਾ ਜਾਏ ਤਾਂ ਅਸ਼੍ਵਿਨ ਦਸ੍ਰ ਦਾ ਪੁੱਤਰ ਸੀ। ਇਹ ਖਗੋਲ ਵਿਗਿਆਨ ਦਾ ਵਿਦਵਾਨ ਸੀ, ਜਿਸ ਨੂੰ ਇਸ ਨੇ ਦ੍ਰੋਣਾਚਾਰਯ ਕੋਲੋਂ ਪੜ੍ਹਿਆ ਸੀ। ਇਹ ਪਸ਼ੂਆਂ ਦੀ ਸੰਭਾਲ ਵਿਚ ਬੜਾ ਨਿਪੁੰਨ ਸੀ। ਇਸ ਦੇ ਪੁੱਤਰ ਦਾ ਨਾਂ ਸੁਹੋਤ੍ਰ ਸੀ ਜਿਹੜਾ ਇਸ ਦੀ ਪਤਨੀ ਵਿਜਯਾ ਦੀ ਕੁਖੋਂ ਹੋਇਆ ਸੀ।[222] ਸਹਿਦੇਵ ਸਦਾ ਵਰਤੀ ਸੁਕਰੰ ਸੁਰ ਸੰਕਰ ਸੰਬਰ ਸੰਭ ਸੁਦਾਮਾ॥[223]

**ਸਕਤੀ-** ਹਿੰਦੂਆਂ ਦੀ ਇਕ ਦੇਵੀ, ਹਿੰਦੂਆਂ ਦਾ ਇਕ ਮਤ ਪਰਮੇਸ਼ਵਰ ਦੀ ਕਲਪਨਾ ਇਸਤ੍ਰੀ ਦੇ ਰੂਪ ਵਿਚ ਕਰਦਾ ਹੈ ਅਤੇ ਉਸ ਨੂੰ ਸ਼ਕਤੀ ਦਾ ਨਾਂ ਦੇਂਦਾ ਹੈ। ਪੁਰਾਣਿਕ ਕਥਾ ਅਨੁਸਾਰ ਸ਼ਕਤੀ ਹੀ ਸਰਬ ਸਮਰਥ ਹੈ ਤੇ ਆਦਿ ਅਨਾਦੀ ਹੈ। ਉਹ ਹੀ ਜਗਤ ਦਾ ਕਾਰਣ ਅਤੇ ਸਰੂਪ ਹੈ। ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਵੀ ਸ਼ਕਤੀ ਦੇ

---

[219] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 27-28.

[220] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1752.

[221] ਉਹੀ, ਪਤਰਾ 594.

[222] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਤੀਜੀ ਵਾਰ, 2013, ਪੰਨਾ 82.

[223] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 11.

ਅਧੀਨ ਹਨ ਅਤੇ ਉਸੇ ਦੀ ਇਛਾ ਅਨੁਸਾਰ ਕਰਮਵਾਰ ਸੰਸਾਰ ਦੀ ਰਚਨਾ, ਪਾਲਣ ਤੇ ਸੰਘਾਰ ਦਾ ਕੰਮ ਕਰ ਰਹੇ ਹਨ।[224] ਪਰਬ੍ਰਹਮ ਸਕਤੀ ਕੋ ਕਹਜੋ ਅਬ ਸੁਨੋ ਸੋ ਮਨ ਲਾਇ॥[225]

**ਸੰਕਰ-** ਇਕ ਟਾਪੂ (ਦੇਖੋ) ਦਾ ਨਾਮ। ਸੰਕਰ ਮਾਧਵ ਇਅੰਗ ਬਿਰਾਲ॥[226]

**ਸੰਕਰ-** ਸ਼ਿਵ ਦੀ ਇਕ ਉਪਾਧੀ, ਸ਼ੰਕਰ ਦਾ ਕੋਸ਼ਗਤ ਅਰਥ ਹੈ: ਸ਼ੁਭ ਲਗਨ ਵਾਲਾ।[227] ਸਹਿਦੇਵ ਸਦਾ ਵਰਤੀ ਸੁਕਰੰ ਸੁਰ ਸੰਕਰ ਸੰਬਰ ਸੰਭ ਸੁਦਾਮਾ॥[228]

**ਸੰਕਰ ਜੋਗ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬਹੁਰੋ ਸੰਕਰ ਜੋਗ ਏਕ ਕਮ ਸਾਠ ਏ॥[229]

**ਸੰਕਰਜੋਗ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਸੰਕਰਜੋਗ ਸੁਲਿੰਦਰ ਨੈਨਿ॥[230]

**ਸੰਕਰਾਚਾਰਯ-** ਇਕ ਬਹੁਤ ਵਡਾ ਧਾਰਮਕ ਸੁਧਾਰਕ ਤੇ ਵੇਦਾਂਤ ਦਰਸ਼ਨ ਦਾ ਅਧਿਆਪਕ ਜੋ ਅੱਠਵੀਂ ਜਾਂ ਨੌਵੀਂ ਸਦੀ ਵਿਚ ਹੋਇਆ ਹੈ। ਇਸ ਦਾ ਜਨਮ ਸਥਾਨ ਕੇਰਲ ਜਾਂ ਮਾਲਾਬਾਰ ਸੀ। ਇਸ ਨੇ ਕਸ਼ਮੀਰ ਤਕ ਯਾਤਰਾ ਕੀਤੀ ਅਤੇ ਇਸ ਦੀ ਮੌਤ ਬੱਤੀ ਵਰ੍ਹੇ ਦੀ ਛੋਟੀ ਜਿਹੀ ਉਮਰ ਵਿਚ ਹੀ ਹਿਮਾਲਿਆ ਪਹਾੜ ਤੇ ਕੇਦਾਰ ਨਾਥ ਵਿਚ ਹੋਈ। ਇਸ ਦੀ ਵਿਦਵਤਾ ਤੇ ਪਵਿਤਰਤਾ ਨੂੰ ਏਨੇ ਸਤਿਕਾਰ ਤੇ ਮਾਨ ਨਾਲ ਵੇਖਿਆ

---

224 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ ਤੀਜੀ ਵਾਰ, 2016, ਪੰਨਾ 225.

225 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 52.

226 ਉਹੀ, ਪਤਰਾ 1318.

227 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 227.

228 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 11.

229 ਉਹੀ, ਪਤਰਾ 1027.

230 ਉਹੀ, ਪਤਰਾ 246.

ਜਾਂਦਾ ਸੀ ਕਿ ਲੋਕ ਇਸ ਨੂੰ ਸ਼ਿਵ ਦਾ ਅਵਤਾਰ ਮੰਨਦੇ ਸੀ।[231] ਸੰਕ੍ਰਾਚਾਰਯ ਕੀ ਕਥਾ ਤੁਮ ਜੋ ਕਹੀ ਉਦਾਰ॥[232]

**ਸੰਖ ਗਿਰ-** ਇਕ ਪਰਬਤ (ਦੇਖੋ) ਦਾ ਨਾਮ। ਚੰਦਰਵੇਗਾ ਕੇ ਸੁਤੰ ਉਤੰਗ ਸੰਖ ਗਿਰ ਜੋਇ॥[233]

**ਸੰਖਾਸੁਰ-** ਇਕ ਦੈਂਤ ਜੋ ਪੁਰਾਣਾਂ ਅਨੁਸਾਰ ਸੰਖ ਵਿਚੋਂ ਪੈਦਾ ਹੋਇਆ। ਜਲ-ਪਰਲੈ ਸਮੇਂ ਇਹ ਅਸੁਰ ਸੁਤੇ ਪਏ ਬ੍ਰਹਮਾ ਦੇ ਮੁਖ ਵਿਚੋਂ, ਚਾਰੇ ਵੇਦ ਚੁਰਾ ਕੇ ਸਮੁੰਦਰ ਵਿਚ ਅਲੋਪ ਹੋ ਗਿਆ। ਬ੍ਰਹਮਾ ਨੇ ਵਿਸ਼ਨੂੰ ਅਗੇ ਮਦਦ ਲਈ ਬੇਨਤੀ ਕੀਤੀ ਅਤੇ ਵਿਸ਼ਨੂੰ ਨੇ ਮਛ ਦਾ ਅਵਤਾਰ ਧਾਰ ਕੇ, ਸੰਖਾਸੁਰ ਨੂੰ ਮਾਰ ਕੇ ਵੇਦ ਵਾਪਸ ਲੈ ਆਂਦੇ। ਇਸ ਦੈਂਤ ਦਾ ਨਾਉਂ ਹਯਗ੍ਰੀਵ ਲਿਖਿਆ ਮਿਲਦਾ ਹੈ।[234] ਮਛ ਬਨ ਤੈਂ ਸੰਖਾਸੁਰ ਮਾਰਾ॥[235]

**ਸਖਾਮਲਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਧਰਮਾ ਬਖਸੀ ਲਹਣਾ ਗਹਣਾ ਗੁਰਦਾਸ ਸਖਾਮਲਿ ਜੀ ਗੁਰਸਾਇ॥17॥[236]

**ਸੰਖੂਧਾਰਾ-** ਬਾਟੀ ਨਾਮ ਦਾ ਇਕ ਟਾਪੂ, ਜੋ ਗੁਜਰਾਤ ਵਿਚ ਦਖਣ-ਪਛਮ ਕਛ ਦੀ ਖਾੜੀ ਵਿਚ ਸਥਿਤ ਹੈ। ਕਿਹਾ ਜਾਂਦਾ ਹੈ ਇਥੇ ਵਿਸ਼ਨੂੰ ਨੇ ਸ਼ੰਖਾਸੁਰ ਨੂੰ ਮਾਰਿਆ ਸੀ। ਜਿਸ ਕਰਕੇ ਇਸ ਦਾ ਨਾਮ ਸੰਖੂਧਾਰਾ ਪਿਆ।[237] ਸੰਖੂਧਾਰਾ ਤੀਰਥ ਕਪਾਲ ਮੋਚਨਿ ਮਹਾਨ ਔਰ ਰਿਣ ਮੋਚਨਿ ਸੁ ਤੀਰਥ ਪਛਾਨੀਐ॥[238]

---

[231] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 86-87.

[232] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 206.

[233] ਉਹੀ, ਪਤਰਾ 1426.

[234] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 231.

[235] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 18.

[236] ਉਹੀ, ਪਤਰਾ 594.

[237] Nundo Lal Dey, *The Geographical Dictionary Of Ancient And Mediaeval India,* Oriental Books, New Delhi, Second Edition, 1984, Page 177.

[238] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 58.

**ਸੰਗਤ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਹ ਗੁਰੂ ਜੀ ਦੇ ਵਿਆਹ ‘ਤੇ ਰਥ ਲੈ ਕੇ ਆਇਆ ਸੀ। ਇਸ ਦੇ ਨਾਲ ਇਸ ਦਾ ਪੁਤਰ ਹਾਲੂ ਵੀ ਸੀ। ਗੁਰੂ ਜੀ ਦੇ ਵਿਆਹ ਸਮੇਂ ਸੁਲਤਾਨਪੁਰ ਤੋਂ ਨਾਲ ਗਿਆ ਸੀ। ਆਇ ਗਯੋ ਰਥ ਲੇਕਰਿ ਕੈ ਇਤਿਨੇ ਮਹਿ ਸੰਗਤਿ ਕਾ ਸੁਤਿ ਹਾਲੂ॥[239]

**ਸੰਗਤਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨੇਊ ਦੀ ਰਸਮ ‘ਤੇ ਆਇਆ ਇਕ ਸਾਕ ਸਬੰਧੀ। ਕੇਸਰੀ ਕੀਰਤਿ ਰਾਮ ਲਾਲ ਕੋਟਿ ਤਾਕੇ ਧਾਮ ਸੰਗਤਿ ਪਰੇਮਾ ਔਰ ਧਰਮਾ ਪਛਾਨੀਐ॥[240]

**ਸੰਗਰ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਸਿਧ ਸੰਗਰ ਔਘੜ ਮੌਗਲ ਜੂ ਗਿਰਬੋਧ ਬਲੀ ਸਭ ਕਾ ਸਿਰਦਾਰੇ॥[241]

**ਸੰਗਰ ਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਅਠਵੇਂ ਹਨੀਫਾ ਨਾਥ ਨਮਮੇ ਸੰਗਰ ਨਾਥ ਲਹਰੂਪਾ ਦਸਮੋ ਸੋ ਸਿਧ ਪਹਚਾਨੀਐ॥[242]

**ਸੰਘਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਜਾ ਸਿਉਨਾਭ/ਸਿਵਨਾਭ (ਦੇਖੋ) ਦੇ ਬਾਗ ਦਾ ਬਾਗਵਾਨ। ਸੰਘਰੁ ਬਾਗਵਾਨ ਕਾ ਨਾਮੁ॥[243]

**ਸੰਘਰੁ ਤੁਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪ੍ਰਿਥਮ ਭੰਗਰ ਨਾਥ ਦੂਸਰੇ ਸੰਗਰ ਨਾਥ ਤੀਸਰਾ ਸੰਘਰੁ ਤੁਰੀ ਙੰਗਰੁ ਬਖਾਨੀਐ॥[244]

**ਸਚੁਖੰਡ-** ਸਾਧਕ ਦੀ ਉਚ ਮਾਨਸਿਕ/ਆਤਮਿਕ ਅਵਸਥਾ। ਗੁਰਮਤਿ ਵਿਚ ਇਹ ਸ਼ਬਦ ਸਥਾਨ-ਵਾਚਕ ਨਹੀਂ, ਅਵਸਥਾ-ਵਾਚਕ ਹੈ। ਇਸ ਦੀ ਕੋਈ ਭੂਗੋਲਿਕ ਹੋਂਦ ਨਹੀਂ।[245] ਸਚੁਖੰਡ ਤੇ ਪੁਨਿ ਫਿਰੇ ਆਇ ਸੁ ਮਹੀ ਮਝਾਰ॥[246]

---

[239] ਉਹੀ, ਪਤਰਾ 540.

[240] ਉਹੀ, ਪਤਰਾ 288.

[241] ਉਹੀ, ਪਤਰਾ 246.

[242] ਉਹੀ, ਪਤਰਾ 1026.

[243] ਉਹੀ, ਪਤਰਾ 1352.

[244] ਉਹੀ, ਪਤਰਾ 1026.

[245] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 29-30.

**ਸਜਣਪੁਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜਿਥੇ ਸਜਣ ਠਗ ਰਹਿੰਦੀ ਸੀ ਉਸ ਸਥਾਨ ਦਾ ਨਾਮ, ਜਨਮਸਾਖੀ ਸਾਹਿਤ ਵਿਚ ਇਸ ਦਾ ਨਾਮ ਤੁਲੰਬਾ ਦਸਿਆ ਹੈ। ਸਜਣ ਪੁਰ ਤੇ ਬਿਦਾ ਹ੍ਵੈ ਸ੍ਰੀ ਗੁਰ ਪਰਮ ਉਦਾਰੁ॥[247]

**ਸੱਤ ਦੀਪ-** ਚੁਫੇਰੇ ਤੋਂ ਪਾਣੀ (ਸਮੁੰਦਰ) ਨਾਲ ਘਿਰੇ ਹੋਏ ਧਰਤੀ ਦੇ ਟੁਕੜੇ ਨੂੰ ਦੀਪ ਕਿਹਾ ਜਾਂਦਾ ਹੈ। ਧਰਤੀ ਉਤੇ ਅਨੇਕਾਂ ਦੀਪਾਂ ਦੀ ਹੋਂਦ ਹੈ, ਪਰ ਭਾਰਤੀ ਪੌਰਾਣਿਕ-ਪਰੰਪਰਾ ਵਿਚ ਸੱਤ ਦੀਪ ਕਲਪੇ ਗਏ ਹਨ, ਜਿਹੜੇ ਸੱਤ ਸਾਗਰਾਂ ਨੇ ਘੇਰੇ ਹੋਏ ਹਨ। ਇਨ੍ਹਾਂ ਸੱਤ ਦੀਪਾਂ ਦੇ ਨਾਂ ਹਨ, 1. ਜੰਬੂ, 2. ਪਲਕਸ਼, 3. ਸਾਲਮਲਿ, 4. ਕੁਸ, 5. ਕ੍ਰੌਂਚ, 6. ਸ਼ਾਕ ਅਤੇ 7. ਪੁਸ਼ਕਰ।[248]

**ਸ਼ਤਰਘਨ (ਸ਼ਤਰੂਘਨ)-** ਦਸਰਥ ਦਾ ਪੁਤਰ, ਜੋ ਸੁਮਿਤ੍ਰਾ ਦੇ ਉਦਰ ਤੋਂ ਪੈਦਾ ਹੋਇਆ। ਇਹ ਲਛਮਣ ਦਾ ਜੁੜਵਾ ਅਤੇ ਰਾਮ ਚੰਦਰ ਦਾ ਮਤ੍ਰੇਆ ਭਰਾ ਸੀ। ਇਸ ਨੇ ਰਾਵਣ ਦੇ ਭਣੇਵੇਂ ਲਵਣ ਰਾਖਸ਼ ਦਾ ਬੱਧ ਕੀਤਾ ਅਤੇ ਉਸ ਤੋਂ ਮਥਰਾ ਦਾ ਰਾਜ ਖੋਹ ਲਿਆ। ਸ਼ਤਰੂਘਨ ਵਿਸ਼ਨੂੰ ਦੇ ਅਠਵੇਂ ਅੰਸ਼ ਦਾ ਅਵਤਾਰ ਮੰਨਿਆ ਜਾਂਦਾ ਹੈ। ਕਈ ਇਸ ਨੂੰ ਵਿਸ਼ਨੂੰ ਦੀ ਖੱਬੀ ਬਾਂਹ ਦਾ ਅਵਤਾਰ ਕਹਿੰਦੇ ਹਨ। ਇਕ ਹੋਰ ਪਰੰਪਰਾ ਅਨੁਸਾਰ ਸ਼ਤਰੂਘਨ ਵਿਸ਼ਨੂੰ ਦੇ ਸੰਖ ਦਾ ਅਵਤਾਰ ਸੀ। ਜਦੋਂ ਵਿਸ਼ਨੂੰ ਨੇ ਰਾਮ ਦੇ ਰੂਪ ਵਿਚ ਅਤੇ ਪਾਰਬਤੀ ਨੇ ਸੀਤਾ ਦੇ ਰੂਪ ਵਿਚ ਅਵਤਾਰ ਲਿਆ ਤਾਂ ਸ਼ੇਸ਼ਨਾਗ ਨੇ ਲਛਮਣ ਦੇ ਰੂਪ ਵਿਚ ਅਤੇ ਵਿਸ਼ਨੂੰ ਦੇ ਸੰਖ ਨੇ ਸ਼ਤਰੂਘਨ ਦੇ ਰੂਪ ਵਿਚ ਅਵਤਾਰ ਧਾਰਿਆ ਸੀ।[249] ਸੀਅ ਸੀਤਾ ਪੁਨਿ ਸਤਰਘਨ ਅਉਰ ਸਾਤਨੁ ਜਾਨ॥[250]

**ਸਤਾਵਦਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਜਾ ਸਿਉਨਾਭ/ਸਿਵਨਾਭ (ਦੇਖੋ) ਦੇ ਸ਼ਹਿਰ ਦਾ ਨਾਮ, ਜੋ ਸਿੰਗਲਾਦੀਪ ਖੰਡ ਵਿਚ ਹੈ। ਤਿਸ ਭੂਪਤਿ ਕੇ ਸਹਰਿ ਕਾ ਨਾਮ ਸਤਾਵਦਿ ਜਾਨੁ॥[251]

---

[246] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੁਦਨ, ਪਤਰਾ 52.

[247] ਉਹੀ, ਪਤਰਾ 1753.

[248] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 135.

[249] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, 2016, ਪੰਨਾ 252-253.

[250] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੁਦਨ, ਪਤਰਾ 12.

[251] ਉਹੀ, ਪਤਰਾ 1388.

**ਸਤਿਭਾਮਾ-** ਇਹ ਸ਼ਤ੍ਰਾਜਿਤ ਦੀ ਪੁਤਰੀ ਅਤੇ ਕ੍ਰਿਸ਼ਨ ਦੀਆਂ ਚਾਰ ਮੁਖੀ ਰਾਣੀਆਂ ਵਿਚੋਂ ਇਕ ਸੀ। ਇਸ ਦੇ ਦਸ ਪੁਤਰ ਸਨ ਜਿਨ੍ਹਾਂ ਦੇ ਨਾਂ ਇਹ ਸਨ- ਭਾਨੂ, ਸੁਭਾਨੂ, ਸ੍ਰਭਾਨੂ, ਪ੍ਰਭਾਨੂ, ਭਾਨੂਮਤ, ਚੱਦ੍ਰਭਾਨ, ਬਿਹਦਭਾਨੂ, ਸ੍ਰੀ ਭਾਨੂ ਅਤੇ ਪ੍ਰਤਿਭਾਨੂ। ਕ੍ਰਿਸ਼ਨ ਸਵਰਗ ਜਾਣ ਵੇਲੇ ਇਸ ਨੂੰ ਨਾਲ ਲੈ ਗਏ ਸੀ ਉਥੇ ਜਾ ਕੇ ਇਸ ਨੇ ਉਨ੍ਹਾਂ ਨੂੰ ਪਾਰਿਜਾਤ ਬਿਰਛ ਲਿਆਉਣ ਲਈ ਪ੍ਰੇਰਿਆ ਸੀ।[252] ਔਰ ਸਤਿਭਾਮਾ ਗੋਪੀ ਬੇਦ ਮਰਜਾਦਾ ਲੋਪੀ ਤਜੇ ਭਰਿਤਾਰ ਲਾਗੀ ਕ੍ਰਿਸਨ ਸੋ ਜਾਪਣੇ॥[253]

**ਸਤਿਲੁਦ (ਸਤਿਲੁਜ)-** ਪੰਜਾਬ ਦਾ ਇਕ ਦਰਿਆ, ਵੈਦਿਕ ਗ੍ਰੰਥਾਂ ਵਿਚ ਇਸ ਦਾ ਨਾਉਂ ਸ਼ਤਦ੍ਰਵ, ਸ਼ਤੱਦਰੂ ਜਾਂ ਸ਼ਤੁਦਰੀ ਲਿਖਿਆ ਮਿਲਦਾ ਹੈ, ਜਿਸਦੇ ਸ਼ਾਬਦਿਕ ਅਰਥ ਹਨ: ਸੌ ਧਾਰਾਂ ਵਾਲਾ ਦਰਿਆ।[254] ਸਤਿਲੁਦ ਮਹਾਨਦ ਰਾਨਤੇ ਨ ਆਵੈ ਹਦ ਤੀਰਥ ਅਨੇਕ ਸਭਿ ਕਹਾ ਲੌ ਬਖਾਨੀਐ॥[255]

**ਸੰਧ ਸੈਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਸੰਧ ਸੈਨ ਪੁਨਿ ਗਿਰਵਰਿ ਫੁਨਿ ਦ੍ਵੈ ਆਖਿਆ॥[256]

**ਸਧਨਾ-** ਮਧਕਾਲ ਦੇ ਇਕ ਨਿਰਗੁਣਵਾਦੀ ਉਚ-ਆਤਮਿਕ ਅਵਸਥਾ ਵਾਲੇ ਭਗਤ, ਜਿਨ੍ਹਾਂ ਦਾ ਇਕ ਪਦਾ (ਸ਼ਬਦ) ਗੁਰੂ ਗ੍ਰੰਥ ਸਾਹਿਬ ਵਿਚ ਪੰਨਾ 858 ਉਤੇ, ਬਿਲਾਵਲ ਰਾਗ ਵਿਚ ਸੁਸ਼ੋਭਿਤ ਹੈ। ਇਨ੍ਹਾਂ ਦਾ ਜਨਮ 1180 ਈ. ਦੇ ਲਗਭਗ ਸਿੰਧ ਕੋਲ ਪਿੰਡ ਸਿਹਵਾਂ ਵਿਚ ਹੋਇਆ। ਭਾਈ ਗੁਰਦਾਸ ਅਨੁਸਾਰ ਆਪ ਦਾ ਕਿਤਾ ਕਸਾਈਪੁਣਾ ਸੀ। ਇਨ੍ਹਾਂ ਦਾ ਇਕ ਦੇਹੁਰਾ ਸਰਹਿੰਦ ਦੇ ਲਾਗੇ ਹੈ, ਜਿਸ ਤੋਂ ਅਨੁਮਾਨ ਲਾਇਆ ਜਾਂਦਾ

---

[252] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013,ਪੰਨਾ 92.

[253] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1713.

[254] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 253.

[255] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 57-58.

[256] ਉਹੀ, ਪਤਰਾ 1026.

ਹੈ ਕਿ ਸ਼ਾਇਦ ਆਪ ਦਾ ਦੇਹਾਂਤ ਪੰਜਾਬ ਵਿਚ ਹੀ ਹੋਇਆ ਹੋਵੇ।[257] ਹਰਿਨਾਮ ਉਚਾਰ ਗਨਿਕਾ ਪ੍ਰਹਲਾਦਿ ਤਰਯੋ ਸਧਨਾ ਸੁ ਕਸਾਈ॥[258]

**ਸਨਕ-** ਦੇਖੋ ਸਨਕਾਦਿਕ। ਸਨਕ ਸਨੰਦਨ ਸਨਤ ਕੁਮਾਰ ਮਾਨੇ॥40॥[259]

**ਸਨਕਾਦਿਕ-** ਸਨਕ+ਆਦਿਕ, ਸਨਕ ਅਤੇ ਹੋਰ। ਭਾਰਤੀ ਪੌਰਾਣਿਕ-ਪਰੰਪਰਾ ਦੇ ਮੰਨੇ ਜਾਂਦੇ ਤਿੰਨ ਪ੍ਰਮੁਖ ਦੇਵਤਿਆਂ ਬ੍ਰਹਮਾ-ਵਿਸ਼ਨੂੰ-ਮਹੇਸ਼ ਵਿਚੋਂ ਬ੍ਰਹਮਾ ਦੇ ਚਾਰ ਪੁਤਰਾਂ ਸਨਕ, ਸਨੰਦਨ, ਸਨਾਤਨ ਤੇ ਸਨਤਕੁਮਾਰ ਲਈ 'ਸਨਕਾਦਿਕ' ਸਮਾਸ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਹ ਬ੍ਰਹਮਾ ਦੇ ਮਸਤਕ ਵਿਚੋਂ ਪੈਦਾ ਹੋਏ, ਇਸ ਕਰਕੇ ਇਨ੍ਹਾਂ ਨੂੰ ਬ੍ਰਹਮ ਦੇ ਮਾਨਸਿਕ ਪੁਤਰ ਵੀ ਕਿਹਾ ਜਾਂਦਾ ਹੈ।[260] ਮੁਨਿ ਸਨਕਾਦਿਕ ਜਿਸ ਭਜੈ ਸਿਵ ਬ੍ਰਹਮਾ ਪੁਨਿ ਦੋਇ॥[261]

**ਸਨਤ-** ਦੇਖੋ ਸਨਕਾਦਿਕ। ਸਨਕ ਸਨੰਦਨ ਸਨਤ ਕੁਮਾਰ ਮਾਨੇ॥40॥ [262]

**ਸਨਤਕੁਮਾਰੇ-** ਦੇਖੋ ਸਨਕਾਦਿਕ। ਮਦਨ ਮਾਰੁਤੀ ਸਨਤਕੁਮਾਰੇ॥[263]

**ਸਨੰਦਨ-** ਦੇਖੋ ਸਨਕਾਦਿਕ। ਸਨਕ ਸਨੰਦਨ ਸਨਤ ਕੁਮਾਰ ਮਾਨੇ॥40॥[264]

**ਸਪਤ ਸ੍ਰਿੰਗੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੇਵੀ ਦਾ ਇਕ ਸਥਾਨ। ਸਪਤਿ ਸ੍ਰਿੰਗੀ ਦੇਵੀ ਜਹਾਂ॥[265]

---

[257] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 31.

[258] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1178.

[259] ਉਹੀ, ਪਤਰਾ 812.

[260] ਗੁਰਮੇਲ ਸਿੰਘ, ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 32.

[261] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 43.

[262] ਉਹੀ, ਪਤਰਾ 812.

[263] ਉਹੀ, ਪਤਰਾ 1425.

[264] ਉਹੀ, ਪਤਰਾ 812.

[265] ਉਹੀ, ਪਤਰਾ 1723.

**ਸਪਤੰ ਪੁੜੇ-** ਪਰਬਤਾਂ ਦੀ ਇਕ ਸ੍ਰੰਖਲਾ। ਜਿਸ ਵਿਚ ਵਿੰਦਿਆਪੜਾ ਅਤੇ ਬੈਦੁਰਯਾ ਪਰਬਤ (ਦੇਖੋ) ਸ਼ਾਮਲ ਹਨ।[266] ਬਿੰਧਜਾ ਦਿਰੀ ਪਰਬਤਿ ਵਿਖੈ ਸਪਤੰ ਪੁੜੇ ਮੈ ਜਾਨਿਯੈ॥[267]

**ਸਪਰਤੀਕ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕੂਰਮ (ਦੇਖੋ) ਦੀ ਪਿਠ ਉਪਰਲੇ ਅਠ ਹਾਥੀਆਂ ਵਿਚੋਂ ਇਕ ਹਾਥੀ ਦਾ ਨਾਮ ਜਿਨ੍ਹਾਂ ਉਪਰ ਧਰਤੀ ਟਿਕੀ ਹੋਈ ਹੈ। ਸਾਰਥ ਭੂਮੈ ਅੰਜਨ ਬੀਰ॥ ਸਪਰਤੀਕ ਬਡਿ ਗੁਣੀ ਗਹੀਰ॥45॥[268]

**ਸਫਰਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕੋਈ ਨਰਬਦਾ (ਦੇਖੋ) ਜਿਹੀ ਪ੍ਰਸਿਧ ਨਦੀ ਜਾਂ ਸਥਾਨ। ਸਫਰਾ ਅਰੁ ਪੁਨਿ ਨਰਬਦਾ ਸਰਬ ਸੁ ਤੀਰਥ ਜਾਨ॥[269]

**ਸੰਬਰ-** ਇਕ ਦੈਂਤ ਜੋ ਸੋਕਾ ਤੇ ਕਲਹ ਵਰਤਾਂਦਾ ਹੈ। ਵੈਦਿਕ ਕਥਾਵਾਂ ਅਨੁਸਾਰ ਸੰਬਰ ਦੈਂਤ ਨੇ ਦੇਵਤਿਆਂ ਨੂੰ ਬੜਾ ਪਰੇਸ਼ਾਨ ਕੀਤਾ ਹੋਇਆ ਸੀ। ਰਾਜੇ ਦਿਵੋਦਾਸ ਨੇ ਸੰਬਰ ਨਾਲ ਯੁਧ ਕਰ ਕੇ ਦੇਵਤਿਆਂ ਦੀ ਰਖਿਆ ਕੀਤੀ। ਇੰਦਰ ਨੇ ਸੰਬਰ ਨਾਲ ਲੜਾਈ ਕਰ ਕੇ ਇਸ ਦੇ ਅਨੇਕਾਂ ਕਿਲੇ ਬਰਬਾਦ ਕਰ ਦਿਤੇ। ਪੁਰਾਣਾਂ ਅਨੁਸਾਰ ਸੰਬਰ ਦੀ ਕਾਮਦੇਵ ਨਾਲ ਦੀਰਘ ਕਾਲ ਤਕ ਲੜਾਈ ਜਾਰੀ ਰਹੀ। ਜਦੋਂ ਕਾਮਦੇਵ ਨੇ ਪ੍ਰਦਯੁਮਨ ਦੇ ਰੂਪ ਵਿਚ ਕ੍ਰਿਸ਼ਨ ਦੇ ਘਰ ਅਵਤਾਰ ਲਿਆ, ਤਾਂ ਸੰਬਰ ਨੇ ਬਾਲ ਪ੍ਰਦਯੁਮਨ ਨੂੰ ਚੁਰਾ ਕੇ ਸਮੁੰਦਰ ਵਿਚ ਜਾ ਸੁਟਿਆ, ਜਿਥੋਂ ਉਸ ਨੂੰ ਇਕ ਮੱਛੀ ਨਿਗਲ ਗਈ। ਇਹ ਮੱਛੀ ਕਿਸੇ ਮਛੇਰੇ ਨੇ ਫੜ ਕੇ ਮੰਡੀ ਵਿਚ ਵੇਚੀ। ਦੇਵਨੈਤ ਸੰਬਰ ਦੀ ਦਾਸੀ ਮਾਯਾਵਤੀ ਉਸੇ ਮੱਛੀ ਨੂੰ ਖ਼ਰੀਦ ਲਿਆਈ। ਦਾਸੀ ਨੇ ਮੱਛੀ ਦਾ ਪੇਟ ਚੀਰਿਆ ਤਾਂ ਵਿਚੋਂ ਬਾਲ ਨਿਕਲਿਆ। ਉਸ ਬਾਲ ਨੂੰ ਚੋਰੀ ਛੁਪੀ ਸੰਬਰ ਦੀ ਦਾਸੀ ਮਾਯਾਵਤੀ ਨੇ ਹੀ ਪਾਲ ਕੇ ਵੱਡਾ ਕੀਤਾ। ਜਦੋਂ ਪ੍ਰਦਯੁਮਨ ਜਵਾਨ ਹੋਇਆ ਤਾਂ ਉਸ ਨੇ ਸੰਬਰ ਨਾਲ ਲੜਾਈ ਕਰ ਕੇ ਉਸ ਨੂੰ ਮਾਰ ਮੁਕਾਇਆ।[270] ਸਹਿਦੇਵ ਸਦਾ ਵਰਤੀ ਸੁਕਰੰ ਸੁਰ ਸੰਕਰ ਸੰਬਰ ਸੰਭ ਸੁਦਾਮਾ॥[271]

---

[266] Nundo Lal Dey, *The Geographical Dictionary of Ancient and Medieval India,* Oriental Books, New Delhi, Forth edition, 1984, Page 256.

[267] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1476.

[268] ਉਹੀ, ਪਤਰਾ 1009.

[269] ਉਹੀ, ਪਤਰਾ 57.

[270] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 227.

**ਸੰਭ-** ਸ਼ਿਵ (ਦੇਖੋ) ਦਾ ਇਕ ਨਾਮ। ਸਹਿਦੇਵ ਸਦਾ ਵਰਤੀ ਸੁਕਰੰ ਸੁਰ ਸੰਕਰ ਸੰਬਰ ਸੰਭ ਸੁਦਾਮਾ॥[272]

**ਸਭਰਾਈ (ਭਿਰਾਈ)-** ਗੁਰੂ ਨਾਨਕ ਦੇਵ ਜੀ ਦੀ ਨਾਨੀ ਦਾ ਨਾਂ, ਮਾਤਾ ਤ੍ਰਿਪਤਾ ਜੀ ਦੇ ਮਾਤਾ ਜੀ। ਇਨ੍ਹਾਂ ਦਾ ਪਿੰਡ ਚਾਹਲਾਂਵਾਲਾ (ਲਾਹੌਰ) ਸੀ।[273] ਕਿਸਨਾ ਰਾਮਾ ਪੁਨਿ ਸਭਿਰਾਈ॥[274]

**ਸੰਭਾਲਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬਚਿਤ੍ਰ ਰਹੀਸੈ ਜਾਨ ਇਕ ਪੁਨਿ ਸੰਭਾਲਕਾ ਜਾਨ॥[275]

**ਸੰਭੂ ਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਤੀਸਵੇ ਭੂਤਵੇ ਨਾਥ ਕਨਿਕ ਸੋ ਏਕ ਤੀਸ ਬਤੀਸਮੋ ਸੰਭੂ ਨਾਥ ਮਨ ਮੈ ਪਛਾਨੀਐ॥51॥[276]

**ਸਮਸਤਰ ਵੇਜ-** ਇਕ ਸੂਫ਼ੀ ਫ਼ਕੀਰ, ਜਿਸ ਦਾ ਪੂਰਾ ਨਾਂ ਮਖ਼ਦੂਮ ਸ਼ਾਹ ਸਮਸੁਦੀਨ ਸੀ। ਇਸ ਦਾ ਜਨਮ ਗਜ਼ਨੀ ਦੇ ਸਬਜ਼ਵਾਰ ਇਲਾਕੇ ਵਿਚ ਲਗਭਗ 1180 ਈ. ਵਿਚ ਹੋਇਆ। ਸੁਭਾਅ ਕਰਕੇ ਅਤੇ ਪ੍ਰਭੂ-ਪਿਆਰ ਦੇ ਰੰਗ ਕਰਕੇ ਇਹ ਫ਼ਕੀਰ ਮਸਤ-ਮੌਲਾ ਸੀ। ਇਕ ਵਾਰ ਜਦੋਂ ਇਹ ਮੁਲਤਾਨ ਪਹੁੰਚਿਆ ਤਾਂ ਇਸ ਨੇ 'ਅਨਲਹਕ' (ਮੈਂ ਹੀ ਖ਼ੁਦਾ ਹਾਂ) ਦਾ ਨਾਹਰਾ ਲਾਇਆ ਤਾਂ ਇਥੋਂ ਦੇ ਤੁਅਸਬੀ ਮੁਲਾਣਿਆਂ ਨੇ ਕਾਜ਼ੀ ਰਾਹੀਂ ਫਤਵਾ ਲਗਵਾ ਕੇ ਇਸ ਦੀ ਖੱਲ ਲੁਹਾ ਦਿਤਾ ਗਈ ਤੇ ਉਸਨੂੰ ਤੂੜੀ ਨਾਲ ਭਰ ਦਿਤਾ ਗਿਆ। ਇਸ ਦੀ ਯਾਦ ਵਿਚ ਮੁਲਤਾਨ ਵਿਖੇ ਮਜ਼ਾਰ ਵੀ ਬਣਿਆ ਹੋਇਆ ਹੈ। ਸਮਸਤਰ ਵੇਜ ਤੋਂ ਸੂਫ਼ੀਆਂ ਦੀ ਇਕ

---

[271] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 11.

[272] ਉਹੀ, ਪਤਰਾ 10.

[273] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 183.

[274] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 520.

[275] ਉਹੀ, ਪਤਰਾ 1027.

[276] ਉਹੀ, ਪਤਰਾ 1026.

'ਸਮਸੀ ਸੰਪ੍ਰਦਾਇ' ਵੀ ਤੁਰੀ।[277] ਸਮਸਤਰ ਵੇਜ ਕੋ ਮਿਲੇ ਗੁਰ ਜਾਇ ਕੈ ਸਾਦਰੰ ਭਾਵ ਤਿਨ ਫਾਰ ਕੀਨਾ॥[278]

**ਸੰਮਣ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਉਪਰੰਤ ਦਰਸ਼ਨ ਕਰਨ ਆਇਆ ਇਕ ਵਿਅਕਤੀ। ਸੰਮਣ ਥੰਮਣ ਜੱਲਣ ਜੱਟ॥[279]

**ਸੰਮਣ (ਸਿਖ)-** ਭਾਈ ਕਾਨ੍ਹ ਸਿੰਘ ਨਾਭਾ  ਨੇ ਇਸ ਨੂੰ ਸ਼ਾਹਬਾਜਪੁਰੇ ਦਾ ਵਸਨੀਕ ਮੂਸਨ ਦਾ ਪਿਤਾ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਨੰਨ ਸਿਖ ਦਸਿਆ ਹੈ।[280] ਪਰ ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਸਨੂੰ ਗੁਰੂ ਨਾਨਕ ਦੇਵ ਜੀ ਦਾ ਸਿਖ ਦਸਿਆ ਹੈ। ਜੱਲ੍ਹਣ ਸੰਮਣ ਮੋਦਾਂ ਮਾਈ॥[281]

**ਸਮਰਤ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬੀਸਵੋ ਗੰਗੁਲ ਨਾਥ ਏਕ ਬੀਸ ਸਮਰਤ ਬਹੁਰੋ ਅਸਰਿਨਿਧ ਬਾਈਸਮੋ ਠਾਨ ਸੋ॥50॥[282]

**ਸਯਦ ਜਲਾਲਦੀ-** ਇਕ ਫਕੀਰ, ਜਿਸ ਨਾਲ ਗੁਰੂ ਜੀ ਦੀ 'ਚਉਦਹ ਤਬਕਹ' ਤੇ 'ਲਖ ਪਾਤਾਲਾ' ਦੇ ਵਿਸ਼ੇ ਉਤੇ ਗੋਸ਼ਟਿ ਹੋਈ।[283] ਗੁਰੂ ਨਾਨਕ ਵਿਜੈ ਗ੍ਰੰਥ ਵਿਚ ਇਸ ਦਾ ਨਾਮ ਜਲਾਲਦੀ ਜਾਂ ਸ਼ੇਖ ਜਲਾਲ ਵੀ ਦਸਿਆ ਹੈ। ਊਚ ਸੁ ਸਯਦ ਜਲਾਲਦੀ ਗਏ ਤਹਾਂ ਗੁਰ ਓਇ॥25॥[284]

**ਸਯਾਮ ਸੁੰਦਰਿ (ਸਥਾਨ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸ਼ਹਿਰ ਦਾ ਨਾਮ। ਤਬ ਸਯਾਮ ਸੁੰਦਰਿ ਸਹਰਿ ਮੈ ਗੁਰ ਲੇ ਗਯੋ ਤਾ ਕੋ ਤਬੈ॥[285]

---

[277] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 34.

[278] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1444.

[279] ਉਹੀ, ਪਤਰਾ 159.

[280] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 248.

[281] ਸੰਤਰੇਣ,  *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 792.

[282] ਉਹੀ, ਪਤਰਾ 1026.

[283] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 118.

[284] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1202.

**ਸਯਾਮ ਸੁੰਦਰਿ (ਰਾਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਰਾਜਾ, ਜਿਸਦੇ ਨਾਮ ਉਪਰ ਸਯਾਮ ਸੁੰਦਰਿ ਸ਼ਹਿਰ ਬਣਿਆ। ਬਰਿ ਸਯਾਮ ਸੁੰਦਰਿ ਭੂਪ ਕਾ ਸੁਤ ਰਾਮ ਸੁੰਦਰਿ ਜਾਨਿਯੇ॥[286]

**ਸਰਸੂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨਿਰਸੂ (ਦੇਖੋ) ਦਾ ਭਾਈ। ਨਿਰਸੂ ਸਰਸੂ ਕੀ ਕਥਾ ਸੁਨਤਿ ਮਿਟੈ ਸਭ ਪਾਪ॥[287]

**ਸਰਸ੍ਵਤੀ-** ਆਰੀਆ ਲੋਕਾਂ ਦੀ ਇਕ ਪੂਜਨੀਕ ਨਦੀ ਜਿਸਦੀ ਪ੍ਰਸੰਸਾ ਰਿਗਵੇਦ ਵਿਚ ਅੰਨਵਤੀ ਅਤੇ ਉਦਕਵਤੀ ਕਹਿਕੇ ਕੀਤੀ ਗਈ ਹੈ। ਇਹ ਪੰਜਾਬ ਵਿਚ ਸਿਰਮੌਰ ਰਾਜ ਦੇ ਪਹਾੜੀ ਹਿਸੇ ਤੋਂ ਨਿਕਲ ਕੇ ਅੰਬਾਲੇ ਅਤੇ ਕੁਰਖੇਤਰ ਤੋਂ ਹੁੰਦੀ ਹੋਈ ਜਿਲ੍ਹਾ ਕਰਨਾਲ ਅਤੇ ਪਟਿਆਲੇ ਵਿਚ ਦਾਖਲ ਹੋ ਕੇ ਘੱਗਰ-ਦ੍ਰਿਸ਼ਦੂਤੀ ਨਦੀ ਵਿਚ ਮਿਲ ਜਾਂਦੀ ਸੀ। ਪੁਰਾਤਨ ਕਾਲ ਵਿਚ ਇਹ ਸਮਿਲਤ ਨਦੀ ਰਾਜਪੂਤਾਨੇ ਦੇ ਕਈ ਥਾਵਾਂ ਨੂੰ ਸਿੰਜਦੀ ਸੀ। ਖ਼ਿਆਲ ਹੈ ਕਿ ਪ੍ਰਯਾਗ ਦੇ ਨੇੜੇ ਜਾ ਕੇ ਗੰਗਾ ਅਤੇ ਜਮੁਨਾ ਵਿਚ ਮਿਲ ਕੇ ਤ੍ਰਿਬੈਣੀ ਬਣ ਗਈ। ਸਮੇਂ ਦੇ ਗੇੜ ਨਾਲ ਨਦੀ ਸੁਕ ਗਈ ਪਰ ਤਾਂ ਵੀ ਲੋਕਾਂ ਦੀ ਧਾਰਨਾ ਹੈ ਕਿ ਇਹ ਹੁਣ ਵੀ ਪ੍ਰਯਾਗ ਵਿਖੇ ਗੁਪਤ ਵਹਿ ਰਹੀ ਹੈ।[288] ਜਮਨਾ ਸਰਸ੍ਰਤੀ ਭਗੀਰਥੀ ਪਿਰਾਗ ਰਾਜ ਪੈਸੁਨੀ ਕੁਬੇਰੀ ਤਾਪੀ ਕਿਸਨਾ ਸੁ ਜਾਨੀਐ॥[289]

**ਸਰਜੂ (ਸਰਯੂ)-** ਇਕ ਨਦੀ, ਜੋ ਅਯੋਧਜਾ ਪਾਸ ਵਹਿੰਦੀ ਹੈ, ਇਸ ਦਾ ਨਾਉਂ ਗੋਗਰਾ ਅਤੇ ਘਾਗਰਾ ਭੀ ਹੈ। ਵਾਲਮੀਕ ਰਾਮਾਇਣ ਵਿਚ ਲੇਖ ਹੈ ਕਿ ਮਾਨਸਰ ਤੋਂ ਨਿਕਲਨੇ ਕਾਰਣ ਸਰਯੂ ਨਾਉਂ ਹੋਇਆ ਹੈ।[290] ਜੇਲਵ ਰਾਵੀ ਤੁੰਗਭਦਰਾ ਸੁ ਭਾਵੀ ਸਿੰਧ ਟੌਸ ਸਰਜੂ ਸੁਗਿਰੀ ਉਰਿ ਆਨੀਐ॥[291]

**ਸਰਜੂ-** ਇਕ ਪਰਬਤ (ਦੇਖੋ) ਦਾ ਨਾਮ। ਸਰਜੂ ਉਪਜੀ ਜਾ ਪਾਠਾਰੀ॥[292]

---

[285] ਉਹੀ, ਪਤਰਾ 1158.

[286] ਉਹੀ, ਪਤਰਾ 1162.

[287] ਉਹੀ, ਪਤਰਾ 737.

[288] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 42.

[289] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 57.

[290] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 168.

[291] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 57.

[292] ਉਹੀ, ਪਤਰਾ 1426.

**ਸਰਮਾ-** ਰਿਗਵੇਦ ਅਨੁਸਾਰ ਇੰਦਰ ਦੀ ਕੁੱਤੀ, ਜਿਸ ਨੇ ਚੌਹਾਂ ਅੱਖਾਂ ਵਾਲੇ ਕਾਲੇ ਤੇ ਭੂਰੇ ਰੰਗ ਦੇ ਦੋ ਕੁੱਤਿਆਂ, ਸਯਾਮ ਤੇ ਸਬਲ ਨੂੰ ਜਨਮ ਦਿਤਾ। ਇਹ ਦੋਵੇਂ ਕੁੱਤੇ ਯਮ ਨਗਰੀ ਦੀ ਰਾਖੀ ਕਰਦੇ ਹਨ ਅਤੇ ਇਨ੍ਹਾਂ ਦੋਹਾਂ ਨੂੰ ਮਾਂ ਦੇ ਨਾਂ ਉਤੇ ਸਾਰਮੇਯ ਵੀ ਕਿਹਾ ਜਾਂਦਾ ਹੈ। ਪੁਰਾਣ-ਸਾਹਿਤ ਅਨੁਸਾਰ ਸਰਮਾ ਦਕਸ਼ ਦੀ ਇਕ ਪੁਤਰੀ ਅਤੇ ਕਸ਼ਯਪ ਦੀ ਪਤਨੀ ਸੀ, ਇਸੇ ਤੋਂ ਸੰਸਾਰ ਦੇ ਜੰਗਲੀ ਪਸ਼ੂਆਂ ਦੀ ਉਤਪਤੀ ਹੋਈ। ਰਾਮਾਇਣ ਅਨੁਸਾਰ ਸਰਮਾ ਸ਼ੈਲੂਖ ਗੰਧਰਵ ਦੀ ਲੜਕੀ ਅਤੇ ਵਿਭੀਸ਼ਣ ਦੀ ਪਤਨੀ ਸੀ। ਜਦੋਂ ਰਾਵਣ ਨੇ ਸੀਤਾ ਨੂੰ ਬੰਦੀ ਬਣਾ ਕੇ ਅਸ਼ੋਕ ਵਾਟਿਕਾ ਵਿਚ ਰਖਿਆ, ਤਾਂ ਸਰਮਾ ਹੀ ਉਸਦੀ ਦੇਖਭਾਲ ਕਰਦੀ ਸੀ ਅਤੇ ਇਸ ਦਾ ਸੀਤਾ ਨਾਲ ਵਰਤਾਰਾ ਬਹੁਤ ਹੀ ਚੰਗਾ ਸੀ।[293] ਸਰਮਾ ਥੀ ਕਾਲੂ ਕੀ ਆਜੀ॥[294]

**ਸਰੁਤਾਂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨਿਰਸੂ (ਦੇਖੋ) ਦੀ ਪਤਨੀ। ਸਰੁਤਾਂ ਹਮਕੋ ਦੇਹੁ ਬਤਾਏ॥[295]

**ਸਰੂਪਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਘੋਰ ਰੂਪਾ॥ ਪੁਨਿ ਸਰੂਪਾ॥[296]

**ਸਵਿਤਾ-** ਦੇਵਤਾ ਸੂਰਯ (ਦੇਖੋ) ਦਾ ਇਕ ਨਾਮ।[297] ਸਸਿ ਸਵਿਤਾ ਕੈ ਇੰਦਰ ਵਰਨੰ॥[298]

**ਸਾਸਤ੍ਰੀ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[299] ਗੁਰਸਾ ਬਹੁਰਿ ਸਾਸਤ੍ਰੀ ਜਾਨ॥[300]

---

[293] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਚੌਥੀ, ਨੈਸ਼ਨਲ ਬੁਕ ਸ਼ਾਪ, ਦਿੱਲੀ*, ਦੂਜੀ ਵਾਰ, 2004, ਪੰਨਾ 296.

[294] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 394.

[295] ਉਹੀ, ਪਤਰਾ 738.

[296] ਉਹੀ, ਪਤਰਾ 1054.

[297] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਤਵੀਂ ਵਾਰ, 2006, ਪੰਨਾ 117.

[298] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1226.

[299] ਉਹੀ, ਪਤਰਾ 1783.

[300] ਉਹੀ.

**ਸਾਹਿਬ ਰਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਉਪਰੰਤ ਦਰਸ਼ਨ ਕਰਨ ਆਇਆ ਇਕ ਵਿਅਕਤੀ। ਸਾਹਿਬੁ ਰਾਮ ਸਭਨਿ ਸਿਰਦਾਰ॥2॥[301]

**ਸਾਹਿਬਦਾਸ-** ਕਵੀ ਸੰਤਰੇਣ ਨੇ ਇਸ ਸਾਧੂ ਤੋਂ ਦੀਖਿਆ ਲਈ ਸੀ। ਸਾਹਿਬਦਾਸ ਦਾ ਜਨਮ ਲਗਪਗ 1688 ਤੋਂ 1693 ਈ. ਦਰਮਿਆਨ ਹੋਇਆ ਮੰਨਿਆ ਜਾਂਦਾ ਹੈ। ਇਸ ਦਾ ਜਨਮ ਅਲਾਲ ਰੇਲਵੇ ਸਟੇਸ਼ਨ ਨੇੜੇ ਪਿੰਡ ਹੇੜੀ ਕੇ ਜਟਾਂ ਦੇ ਘਰ ਹੋਇਆ। ਇਕ ਹੋਰ ਹਵਾਲੇ ਅਨੁਸਾਰ ਇਸ ਦਾ ਜਨਮ ਸ਼ੇਰਪੁਰ ਨੇੜੇ ਖੇੜੀ ਦਾ ਵੀ ਮੰਨਿਆ ਜਾਂਦਾ ਹੈ। ਇਸ ਦਾ ਗੁਰੂ ਸੰਤ ਪ੍ਰਸਾਦ ਨੇ ਭੂਦਨ ਡੇਰੇ ਦੀ ਨੀਂਹ ਰਖੀ ਸੀ। ਸਾਹਿਬ ਦਾਸ ਉਦਾਸੀ ਸੰਪ੍ਰਦਾਇ ਵਿਚੋਂ ਬਾਲੂ ਹਸਨਾ ਧੂਣੇ ਦੇ ਅਨੁਯਾਈ ਬਾਬਾ ਰੂੜ੍ਹ ਮਲ ਦੀ ਗੱਦੀ ਵਿਚੋਂ ਸਨ। ਸਾਹਿਬ ਦਾਸ ਦੀਆਂ ਪੰਜ ਰਚਨਾਵਾਂ ਵੀ ਮਿਲਦੀਆਂ ਹਨ-1. ਲਵ ਕੁਸ਼ ਦੀ ਕਥਾ 2. ਭਗਤ ਸੁਦਾਮਾ ਦੀ ਕਥਾ 3. ਭਰਤ ਬਾਰਾਮਾਂਹ 4. ਪ੍ਰੇਮ ਪਚੀਸੀ 5. ਗ੍ਰੰਥ ਸਾਮੁੰਦ੍ਰਕ ਜਾਂ ਇਸਤਰੀ ਸਮੁੰਦ੍ਰੀਕ। ਇਸ ਦੇ ਜੀਵਨ ਅਤੇ ਰਚਨਾਵਾਂ ਬਾਰੇ ਅਜੇ ਖੋਜ ਕਰਨੀ ਬਾਕੀ ਹੈ।[302] ਸਾਹਿਬਦਾਸ ਸ੍ਰੀ ਗੁਰ ਕੋ ਅਭਿਬੰਦਨ ਦ੍ਵੈ ਕਰਿ ਜੋਰਿ ਹਮਾਰੀ॥57॥[303]

**ਸਾਹੁ ਜਲਾਲ-** ਇਕ ਫ਼ਕੀਰ, ਜਿਸ ਨਾਲ ਗੁਰੂ ਜੀ ਦੀ 'ਚਉਦਹ ਤਬਕਹ' ਤੇ 'ਲਖ ਪਾਤਾਲਾ' ਦੇ ਵਿਸ਼ੇ ਉਤੇ ਗੋਸ਼ਟਿ ਹੋਈ।[304] ਗਏ ਜਲਾਲ ਸੁ ਪਾਸ ਮਹਾਨਾ॥ ਸਾਹੁ ਜਲਾਲ ਕੀਉ ਬਹੁ ਆਦਰ॥[305]

**ਸਾਕੁਸ ਦੀਪ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸੱਤ ਦੀਪਾਂ (ਦੇਖੋ) ਵਿਚੋਂ ਇਕ ਦਾ ਨਾਮ। ਸਾਕੁਸ ਦੀਪ ਸੁ ਖਸਟਿਮੋ ਪੁਹਕਰ ਸਪਤਮ ਮਾਨ॥[306]

---

[301] ਉਹੀ, ਪਤਰਾ 159.

[302] ਪੰਜਾਬ ਹਿਸਟਰੀ ਕਾਨਫਰੰਸ, ਪ੍ਰਸੀਡਿੰਗ, 48 ਸੈਸ਼ਨ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਮਾਰਚ 2016, ਪੰਨਾ 457-461.

[303] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 6.

[304] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 118.

[305] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1448.

[306] ਉਹੀ, ਪਤਰਾ 1008.

**ਸਾਗਰ ਸੈਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਠਾਰ੍ਹਾਂ ਰਾਜਿਆਂ (ਦੇਖੋ) ਵਿਚੋਂ ਇਕ ਰਾਜੇ ਦਾ ਨਾਮ।

ਸਾਗਰ ਸੈਨ ਸੁ ਚਤੁਰਥਿ ਹਯੈ॥[307]

**ਸਾਗਰਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਸਾਗਰਚੰਦ ਅਨੰਦਹਰੀ ਕਿਰਪਾਮੱਲ ਜੀ ਭਗਤਾ ਗੁਰਸਾ ਹੈ॥[308]

**ਸਾਤਨੁ (ਸ਼ਾਂਤਨੁ)** ਇਕ ਚੰਦ੍ਰਬੰਸੀ ਰਾਜਾ, ਜੋ ਪ੍ਰਤੀਪ ਦਾ ਪੁਤਰ ਅਤੇ ਭੀਸ਼ਮ ਪਿਤਾਮਾ ਦਾ ਪਿਤਾ ਸੀ। ਸਾਂਤਨੁ ਨਿਮ੍ਰਤਾ, ਦਾਨਸ਼ੀਲਤਾ ਤੇ ਭਗਤੀ ਲਈ ਬੜਾ ਪ੍ਰਸਿਧ ਸੀ। ਸ਼ਾਂਤਨੁ ਦੀ ਪਹਿਲੀ ਪਤਨੀ ਗੰਗਾ ਸੀ, ਪਰ ਬੁਢੇਪੇ ਵਿਚ ਉਸ ਨੇ ਮਤਸਯੋਦਰੀ ਨਾਲ ਵਿਆਹ ਕਰ ਕੇ ਚਿਤ੍ਰਾਂਗਦ ਅਤੇ ਵਿਚਿਤ੍ਰ ਵੀਰਯ ਨਾਂ ਦੇ ਦੋ ਪੁਤਰ ਪੈਦਾ ਕੀਤੇ।[309] ਸੀਅ ਸੀਤਾ ਪੁਨਿ ਸਤਰਘਨ ਅਉਰ ਸਾਤਨੁ ਜਾਨ॥[310]

**ਸਾਧੂ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[311] ਸੂਬਾ ਸਾਧੂ ਸਾਰਸੁਤਿ ਇਤਿਨੇ ਇਹੁ ਪਰਚਾਨ॥[312]

**ਸਾਧੂਬੀਰ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[313] ਸਾਧੂਬੀਰ ਭਾਨ ਪੁਨਿ ਜਾਨੋ॥[314]

---

[307] ਉਹੀ, ਪਤਰਾ 1323.

[308] ਉਹੀ, ਪਤਰਾ 594.

[309] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਤੀਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ 2016, ਪੰਨਾ 332.

[310] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 12.

[311] ਉਹੀ, ਪਤਰਾ 1783.

[312] ਉਹੀ.

[313] ਉਹੀ.

[314] ਉਹੀ,

**ਸਾਂਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰੂਮ ਦੇ ਨੇੜੇ ਦਾ ਕੋਈ ਸਥਾਨ। ਪਹਿਲੇ ਸਭਿ ਬਜੰਕੜਿ ਦੇਸ ਮਿਲੇ ਤਿਨ ਰੂਮ ਲਈ ਪੁਨਿ ਸਾਂਮ ਸੁ ਆਏ॥[315]

**ਸਾਂਮਾ ਪੰਡਿਤ-** ਗੁਰੂ ਨਾਨਕ ਸਾਹਿਬ ਦੇ ਸਹੁਰੇ ਮੂਲੇ ਦਾ ਗੁਰੂ। ਜਦੋਂ ਮੂਲਾ ਜੀ ਨੂੰ ਇਹ ਪਤਾ ਲਗਦਾ ਹੈ ਕਿ ਉਨ੍ਹਾਂ ਦਾ ਜੁਆਈ (ਗੁਰੂ ਨਾਨਕ) ਕੋਈ ਪੈਸਾ-ਧੇਲਾ ਨਹੀਂ ਜੋੜਦਾ, ਸਭ ਕੁਝ ਲੁਟਾਈ ਜਾਂਦਾ ਹੈ ਤਾਂ ਉਹ ਬਹੁਤ ਦੁਖੀ ਹੁੰਦੇ ਹਨ। ਇਹ ਦੁਖ ਉਹ ਪੰਡਿਤ ਸਾਮੇ ਕੋਲ ਜਾ ਕੇ ਦਸਦੇ ਹਨ। ਸਾਮਾ ਪੰਡਿਤ ਉਨ੍ਹਾਂ ਨੂੰ ਧਰਵਾਸ ਦਿੰਦਾ ਹੈ ਤੇ ਖੁਦ ਗੁਰੂ ਜੀ ਨੂੰ ਮਿਲਦਾ ਹੈ, ਪ੍ਰੰਤੂ ਉਸ ਦੀ ਕੁਝ ਕਹਿਣ/ਕਰਨ ਦੀ ਜੁਅਰਤ ਨਹੀਂ ਪੈਂਦੀ।[316] ਮੂਲਚੰਦ ਸਾਂਮੇ ਪਯ ਗਯੋ॥[317]

**ਸਾਰਸੁਤਿ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[318] ਸੂਬਾ ਸਾਧੂ ਸਾਰਸੁਤਿ ਇਤਿਨੇ ਇਹੁ ਪਰਚਾਨ॥[319]

**ਸਾਰਥਭੂਮੈ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕੂਰਮ (ਦੇਖੋ) ਦੀ ਪਿਠ ਉਪਰਲੇ ਅਠ ਹਾਥੀਆਂ ਵਿਚੋਂ ਇਕ ਹਾਥੀ ਦਾ ਨਾਮ ਜਿਨ੍ਹਾਂ ਉਪਰ ਧਰਤੀ ਟਿਕੀ ਹੋਈ ਹੈ। ਸਾਰਥ ਭੂਮੈ ਅੰਜਨ ਬੀਰ॥ ਸਪਰਤੀਕ ਬਡਿ ਗੁਣੀ ਗਹੀਰ॥45॥[320]

**ਸਾਲਸ ਰਾਇ-** ਹੀਰੇ, ਲਾਲ, ਜਵਾਹਰ ਆਦਿ ਦੀ ਪਰਖ ਕਰਨ ਵਾਲਾ ਜੌਹਰੀ ਤੇ ਵਿਉਪਾਰੀ। ਬਿਸੰਭਰ ਪੁਰ (ਦੇਖੋ) ਵਿਚ ਗੁਰੂ ਜੀ ਭਾਈ ਮਰਦਾਨੇ ਨੂੰ ਇਕ ਲਾਲ ਦੇ ਕੇ ਭੇਜਦੇ ਹਨ, ਜਿਸਦਾ ਸਹੀ ਮੁਲ ਜੌਹਰੀ

---

315 ਉਹੀ, ਪਤਰਾ 118.

316 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 42.

317 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 652.

318 ਉਹੀ, ਪਤਰਾ 1783.

319 ਉਹੀ.

320 ਉਹੀ, ਪਤਰਾ 1009.

ਸਾਲਸਰਾਇ ਹੀ ਪਾਉਂਦਾ ਹੈ। ਅੰਤ ਵਚ ਇਹ ਗੁਰੂ ਜੀ ਦਾ ਸਿਖ ਬਣ ਜਾਂਦਾ ਹੈ।[321] ਸਾਲਸ ਰਾਇ ਪਾਸ ਲੈ ਜਾਇ॥[322]

**ਸਾਲਸਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੁਨਿ ਗਿਰਬੋਧ ਸੁ ਸਾਲਸਾ ਕੇਸਕਰਨ ਪਹਚਾਨ॥[323]

**ਸਾਲਸਾ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਖਿੰਥੜਾ ਜਾਲਕਾ ਸਾਲਸਾ ਜਾਨਿਯੈ॥[324]

**ਸਾਲਕੋਟ (ਸਿਆਲਕੋਟ)-** ਪਾਕਿਸਤਾਨ ਵਿਚ ਸਥਿਤ ਕਰਤਾਰਪੁਰ ਤੋਂ ਲਗਪਗ 50 ਮੀਲ ਉਤਰ ਵਾਲੇ ਪਾਸੇ ਪਹਾੜੀ ਨਦੀ ਐਕ ਦੇ ਕੰਢੇ ਸਥਿਤ ਇਕ ਸ਼ਹਿਰ। ਇਸ ਦਾ ਪੁਰਾਣਾ ਨਾਂ 'ਸਲਕੋਟ' ਸੀ।[325] ਸਾਲਕੋਟ ਕਾ ਸੋ ਰਹਿ ਵਾਸੀ॥[326]

**ਸਾਲਮਲੀ-** ਮਲਾਇਆ ਜਾਂ ਕੇਂਦਰੀ ਯੂਰਪ।[327] ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਦੀਪ ਦਾ ਨਾਮ। ਸਾਲਮਲੀ ਕੁਮਦੀਪ ਪੁਨਿ ਔਰ  ਕਰੌਂਚ ਸੁ ਜਾਨ ਤੀਨ॥[328]

**ਸਾਲੋ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਉਪਰੰਤ ਦਰਸ਼ਨ ਕਰਨ ਆਇਆ ਇਕ ਵਿਅਕਤੀ। ਲਾਲੋ ਸਾਲੋ ਮਾਲੋ ਲਾਲੂ॥[329]

---

[321] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 42-43.

[322] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1301.

[323] ਉਹੀ, ਪਤਰਾ 1026.

[324] ਉਹੀ, ਪਤਰਾ 246.

[325] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 44.

[326] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 363.

[327] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 135.

[328] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1317.

[329] ਉਹੀ, ਪਤਰਾ 159.

**ਸਾਵਣਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਯਾਂਗਰਮੱਲ ਹਰੀਹਰਿ ਸਾਵਣਿ ਕੇਵਲ ਰਾਮ ਬੁਧੂ ਨਰਸਾ॥[330]

**ਸਾਵਿਤਰੀ-** ਪਦਮ ਪੁਰਾਣ ਅਨੁਸਾਰ ਬ੍ਰਹਮਾ ਦੀ ਇਸਤ੍ਰੀ। ਬ੍ਰਹਮਾ ਨੇ ਇਕ ਵਿਸ਼ੇਸ਼ ਯੱਗ ਕੀਤਾ। ਸਾਵਿਤ੍ਰੀ ਬੁਲਾਉਣ ਦੇ ਬਾਵਜੂਦ ਵੀ ਯਗ ਵਿਚ ਹਾਜ਼ਰ ਨਾ ਹੋਈ। ਇਸਤ੍ਰੀ ਬਗ਼ੈਰ ਕੋਈ ਯਗ ਸੰਪੂਰਨ ਨਹੀਂ ਸੀ ਹੋ ਸਕਦਾ। ਸੋ ਬ੍ਰਹਮਾ ਨੇ ਇਕ ਗਵਾਲਨ 'ਗਾਯਤ੍ਰੀ' ਨਾਲ ਗੰਧਰਵ ਰੀਰੀ ਨਾਲ ਵਿਆਹ ਕਰਕੇ ਯਗ ਸੰਪੂਰਨ ਕੀਤਾ।[331] ਉਮਾ ਰਮਾ ਸਾਵਿਤਰੀ ਰਾਨੀ॥[332]

**ਸਿਉ ਰਾਮ-** ਗੁਰੂ ਨਾਨਕ ਦੇਵ ਦੇ ਦਾਦਾ ਜੀ।[333] ਭੂਤਲਿ ਮੈ ਸਿਉ ਰਾਮ ਘਰਿ ਕੱਸਜਪ ਲਯੋ ਉਤਾਰ॥[334]

**ਸਿਉਨਾਭ-** ਸਿੰਗਲਾਦੀਪ/ਸੰਘਲਾਦੀਪ (ਲੰਕਾ) ਦਾ ਰਾਜਾ।[335] ਬਾਗ ਨਿਰਪ ਸਿਉਨਾਭ ਕਾ ਤਿਸ ਮੈ ਉਤਰੇ ਜਾਇ॥[336]

**ਸਿਉਰਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕ੍ਰੌਂਚ ਦੀਪ (ਦੇਖੋ) ਦੇ ਸ਼ਹਿਰ ਜਯਵੰਤ (ਦੇਖੋ) ਦਾ ਇਕ ਰਾਜਾ। ਤਹਿ ਸਿਉਰਾਮੰ ਨਿਰਪ ਉਦਾਰੇ॥[337]

**ਸਿਆਮਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਜਗਤਿਰਾਇ ਪੁਨਿ ਅਵਰ ਸਿਆਮਾ॥[338]

---

[330] ਉਹੀ, ਪਤਰਾ 594.

[331] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਤੀਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 344.

[332] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 2.

[333] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 44.

[334] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 125.

[335] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 43.

[336] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1348.

[337] ਉਹੀ, ਪਤਰਾ 1284.

[338] ਉਹੀ, ਪਤਰਾ 594.

**ਸਿੰਹਾਦੀਪ ਜਾਂ ਸਿੰਹਾਦ੍ਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ। ਸਿੰਹਦੀਪ ਪਰਬਤਿ ਕੇ ਬਿਖੈ ਆਏ ਤਬ ਭਗਵਾਨ॥[339]

**ਸਿੰਹ੍ਰਾਦਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ)। ਸਿੰਹ੍ਰਾਦਿ ਪਰਬਤ ਮੈ ਆਇ॥[340]

**ਸਿਕੰਦਰ ਸੁਤ-** ਬਿਰਾਹਮ ਖਾਂ (ਦੇਖੋ) ਸਿੰਕਦਰ ਦਾ ਪੁਤਰ ਸੀ, ਜਿਸ ਕਰਕੇ ਇਸ ਨੂੰ ਸਿਕੰਦਰ ਸੁਤ ਕਿਹਾ ਗਿਆ ਹੈ। ਮੁਯੋ ਸਿਕੰਦਰ ਸੁਤ ਬੰਰਾਹੀ॥[341]

**ਸਿਕਾਰਪੁਰਿ-** ਮਕੇ ਤੋਂ ਮੁਲਤਾਨ ਦੇ ਰਾਹ ਵਿਚ ਪੈਣ ਵਾਲਾ ਇਕ ਨਗਰ। ਬਹਾਵਲਪੁਰ, ਸਖਰ ਆਦਿ ਨਗਰ ਇਸ ਦੇ ਨਾਲ ਹੀ ਪੈਂਦੇ ਹਨ।[342] ਗੁਰ ਸਿਕਾਰਪੁਰਿ ਮੈ ਪੁਨਿ ਆਏ॥[343]

**ਸਿੰਗਲ-** ਇਕ ਟਾਪੂ (ਦੇਖੋ) ਦਾ ਨਾਮ। ਸਿੰਗਲ ਮਯੰਗਲ ਪਿੰਗਲ ਰਾਇ॥[344]

**ਸਿੰਗਲਾ ਦੀਪ-** ਸ੍ਰੀ ਲੰਕਾ ਦਾ ਪੌਰਾਣਿਕ ਨਾਂ। ਸ੍ਰੀ ਲੰਕਾ ਦਾ ਇਕ ਪੁਰਾਤਨ ਨਾਂ ਸਿਹੁੰਲਦੀਪ ਵੀ ਹੈ। ਇਥੋਂ ਦੀ ਪਰੰਪਰਾ ਅਨੁਸਾਰ ਕਾਲਿੰਗਾ ਦੇ ਇਕ ਰਾਜਕੁਮਾਰ ਸੀਹਾਬਾਹੂ ਨੇ ਇਸ ਦੇਸ਼ ਵਿਚ ਰਾਜ ਘਰਾਣੇ ਦੀ ਨੀਂਹ ਰਖੀ ਸੀ, ਜਿਸ ਕਰਕੇ ਇਸ ਟਾਪੂ ਦਾ ਨਾਂ ਰਾਜੇ ਦੇ ਨਾਂ ਉਤੇ ਸਿਹੁੰਲਦੀਪ ਪੈ ਗਿਆ, ਜਿਸ ਨੂੰ ਬਾਅਦ ਵਿਚ ਸਿੰਘਲਾਦੀਪ (ਸਿੰਗਲਾਦੀਪ) ਕਹਿਣਾ ਸ਼ੁਰੂ ਹੋ ਗਿਆ। ਇਕ ਹੋਰ ਪਰੰਪਰਾ ਅਨੁਸਾਰ ਲੰਕਾ ਦੇ ਉਤਰ-ਪੂਰਬ ਵਿਚ ਜਾਫ਼ਨਾ ਲਾਗੇ ਕਈ ਛੋਟੇ-ਛੋਟੇ ਦੀਪ (ਟਾਪੂ) ਆਦਿ ਹਨ, ਜੋ ਸੰਗਲੀ ਦੀਆਂ ਕੜੀਆਂ ਵਾਂਗ ਜੁੜੇ ਹੋਏ ਹਨ, ਹੋ ਸਕਦਾ ਇਸੇ ਆਧਾਰ ਉਤੇ ਹੀ ਇਸ ਨੂੰ ਸਿੰਲਾਦੀਪ ਕਹਿਣ ਲਗ ਪਏ ਹੋਣ।[345] ਸਿੰਗਲਾ ਦੀਪ ਸੋ ਹੈ ਉਪੰ ਦੀਪ ਸੋ॥[346]

---

339 ਉਹੀ, ਪਤਰਾ 1117.

340 ਉਹੀ, ਪਤਰਾ 1558.

341 ਉਹੀ, ਪਤਰਾ 735.

342 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 45.

343 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1470.

344 ਉਹੀ, ਪਤਰਾ 1318.

345 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 28-29.

**ਸਿੰਘ-** ਲਖਮੀ (ਦੇਖੋ) ਦਾ ਵਾਹਨ। ਲਖਮੀ ਬਾਹਨ ਸਿੰਘ ਮਹਾਨ॥37॥[347]

**ਸਿਤਾਬ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਸਿਧਰਾਮ ਸਿਤਾਬ ਨਿਧਾ ਪਰਸਾ ਸੁਖਰਾਮ ਸੁਖੂ ਬਲਿਰਾਮ ਸੁ ਆਏ॥[348]

**ਸਿੰਧ-** ਪਾਕਿਸਤਾਨ ਵਿਚ ਸਿੰਧ ਦਰਿਆ ਨਾਲ ਲਗਦੇ ਇਲਾਕੇ/ਪ੍ਰਦੇਸ਼ ਨੂੰ ਸਿੰਧ ਕਿਹਾ ਜਾਂਦਾ ਹੈ। ਗਿਆਨਰਤਨਾਵਲੀ ਅਨੁਸਾਰ ਇਥੋਂ ਦੇ ਭਾਰੀ ਚਿਲੇ ਕਟਦੇ ਇਕ ਸਰਵਰੀ (ਕਬਰਾਂ ਦਾ ਪੂਜਾਰੀ) ਨੂੰ ਗੁਰੂ ਨਾਨਕ ਸਾਹਿਬ ਨੇ ਉਪਦੇਸ਼ ਦੇ ਕੇ ਸਿਖ ਬਣਾਇਆ ਸੀ।[349] ਗੋਰਖ ਨਾਥ ਮਛਿੰਦਰ ਆਦਿਕ ਸਿਧ ਮਿਲੈ ਪੁਨਿ ਸਿੰਧ ਮਝਾਰੇ॥[350]

**ਸਿਧ ਮਤਾ-** ਨਾਨਕਮਤਾ (ਦੇਖੋ) ਦਾ ਪਹਿਲਾ ਨਾਮ। ਕਾਸੀ ਤੇ ਫਿਰਿ ਸਤਿਗੁਰੂ ਸਿਧ ਮਤੇ ਮੈ ਆਇ॥[351]

**ਸਿਧਰਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਸਿਧਰਾਮ ਸਿਤਾਬ ਨਿਧਾ ਪਰਸਾ ਸੁਖਰਾਮ ਸੁਖੂ ਬਲਿਰਾਮ ਸੁ ਆਏ॥[352]

**ਸਿਧੋਰਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਤਲਵੰਡੀ ਦਾ ਨੇੜੇ ਦਾ ਕੋਈ ਸਥਾਨ। ਤਿਸ ਕਾ ਨਾਮ ਸਿਧੋਰਾ ਅਹੇ॥[353]

**ਸਿਧੋਰਾ ਟਾਪੂ-** ਇਕ ਟਾਪੂ (ਦੇਖੋ) ਦਾ ਨਾਮ। ਬਹੁਰਿ ਸਿਧੋਰਾ ਟਾਪੂ ਮਾਨੋ॥[354]

---

[346] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1283.

[347] ਉਹੀ, ਪਤਰਾ 1425.

[348] ਉਹੀ, ਪਤਰਾ 594.

[349] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 50.

[350] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1530.

[351] ਉਹੀ, ਪਤਰਾ 1234.

[352] ਉਹੀ, ਪਤਰਾ 594.

[353] ਉਹੀ, ਪਤਰਾ 710.

**ਸਿਰਗਲ਼ (ਪਰਬਤ)-** ਗੁਰੂ ਨਾਨਕ ਵਿਜੈ ਅਨੁਸਾਰ ਭਾਰਤ ਦੇ ਉਤਰ ਵਲ ਇਕ ਪਰਬਤ (ਦੇਖੋ)। ਸਿਰਗਲ਼ ਪਰਬਤਿ ਤੇ ਕੇ ਪਾਸ॥[355]

**ਸਿਰੰਦ (ਸਰਹਿੰਦ)-** ਹਿੰਦ ਦਾ ਸ਼ਿਰੋਮਣਿ ਨਗਰ, ਫਿਰੋਜਸ਼ਾਹ ਤੁਗਲਕ ਨੇ ਇਸ ਨਗਰ ਨੂੰ ਸਮਾਣੇ ਦੀ ਹੁਕੂਮਤ ਤੋਂ ਅਲਗ ਕਰਕੇ ਪਰਗਣੇ ਦਾ ਪ੍ਰਧਾਨ ਥਾਪਿਆ। ਮੁਗਲ-ਰਾਜ ਸਮੇਂ ਇਹ ਵਡਾ ਧਨੀ ਸ਼ਹਿਰ ਸੀ ਅਤੇ ਇਥੇ ਹੀ ਮਾਤਾ ਗੂਜਰੀ ਦਾ ਵੀ ਦੇਹਾਂਤ ਹੋਇਆ ਸੀ।[356] ਲੇ ਸਿਰੰਦ ਮੈ ਜਾਉਂ ਤਹਾਂ ਇਹੁ ਦੀਜਿਯੇ॥[357]

**ਸਿਰਾਧਾਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ। ਕਰਤੇ ਸੈਲੁ ਸਿਰੀ ਗੁਰ ਰਾਈ॥ ਸਿਰਾਧਾਰ ਪਹੁਚੇ ਜਾਈ॥[358]

**ਸਿਰੀਨਗਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ ਜਿਸਨੂੰ ਵਿਸ਼ਨੂੰ ਨੇ ਬਣਾਇਆ ਸੀ। ਇਕ ਵਾਰ ਨਾਰਦ ਨੂੰ ਆਪਣੇ ਤਪ ਉਪਰ ਹੰਕਾਰ ਹੋ ਜਾਂਦਾ ਹੈ ਉਹ ਆਪਣੇ ਤਪ ਦੀ ਕਥਾ ਵਿਸ਼ਨੂੰ ਨੂੰ ਦਸ ਕੇ ਵਾਪਸ ਜਾ ਰਿਹਾ ਹੁੰਦਾ ਹੈ ਉਦੋਂ ਉਸ ਨੂੰ ਰਸਤੇ ਵਿਚ ਵਿਸ਼ਨੂੰ ਵਲੋਂ ਤਿਆਰ ਕੀਤਾ ਗਿਆ ਨਗਰ ਸਿਰੀਨਗਰ ਮਿਲਦਾ ਹੈ। ਉਸ ਦਾ ਰਾਜਾ ਸੀਲਸਾਂਤਿਨਿਧ ਸੀ। ਉਸਦੀ ਇਕ ਕਨਿੰਆ ਬਹੁਤ ਹੀ ਸੁੰਦਰ ਸੀ। ਨਾਰਦ ਰਾਜੇ ਕੋਲ ਜਾਂਦਾ ਹੈ ਅਤੇ ਰਾਜੇ ਦੀ ਲੜਕੀ ਨੂੰ ਦੇਖ ਕੇ ਮੋਹਿਤ ਹੋ ਜਾਂਦਾ ਹੈ। ਸੁਵੰਬਰ ਰਚਾਇਆ ਜਾਂਦਾ ਹੈ ਤਾਂ ਨਾਰਦ ਵਿਸ਼ਨੂੰ ਕਹਿੰਦਾ ਹੈ ਕਿ ਉਸ ਨੂੰ ਸਾਰਿਆਂ ਨਾਲੋਂ ਵਖਰਾ ਬਣਾ ਦੇਵੇ। ਵਿਸ਼ਨੂੰ ਸਮਝਾਉਂਦਾ ਹੈ ਕਿ ਤੂੰ ਬ੍ਰਹਮਚਾਰੀ ਹੈ ਪਰ ਨਾਰਦ ਨਹੀਂ ਸਮਝਦਾ। ਵਿਸ਼ਨੂੰ ਉਸ ਦੇ ਬਾਨਰ ਦਾ ਮੁਖ ਲਗਾ ਦਿੰਦਾ ਹੈ। ਵਿਸ਼ਨੂੰ ਉਸ ਕੰਨਿਆ ਨੂੰ ਖੁਦ ਵਿਆਹ ਕੇ ਲੈ ਜਾਂਦਾ ਹੈ ਇਸ ਗੁਸੇ ਨਾਲ ਨਾਰਦ ਵਿਸ਼ਨੂੰ ਨੂੰ ਸਰਾਪ ਦਿੰਦਾ ਹੈ ਕਿ ਤੂੰ ਮੇਰੀ ਬੇਇਜਤੀ ਇਕ ਇਸਤਰੀ ਪਿਛੇ ਕਰਵਾਈ ਹੈ ਤੇਰਾ ਜਨਮ ਧਰਤੀ 'ਤੇ ਹੋਵੇਗਾ ਅਤੇ ਤੇਰਾ ਸਭ ਕੁਝ ਇਸਤਰੀ ਕਰਕੇ ਖੋਹ ਹੋ ਜਾਵੇਗਾ ਅਤੇ ਤੇਰੀ ਮਦਦ ਵੀ ਬਾਂਦਰ ਹੀ ਕਰਨਗੇ। ਵਿਸ਼ਨੂੰ ਵੀ ਨਾਰਦ ਨੂੰ ਸਰਾਪ ਦਿੰਦਾ ਹੈ ਕਿ ਤੇਰਾ ਜਨਮ ਨੀਚ ਕੁਲ ਵਿਚ ਹੋਵੇਗਾ ਅਤੇ ਦਰ ਦਰ ਮੰਗਦਾ

---

[354] ਉਹੀ, ਪਤਰਾ 1318.

[355] ਉਹੀ, ਪਤਰਾ 1539.

[356] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 164.

[357] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 494.

[358] ਉਹੀ, ਪਤਰਾ 979.

ਫਿਰੇਂਗਾ।[359] ਕਵਿ ਨੇ ਇਸ ਨੂੰ ਪਰਾ ਲੌਕਿਕ ਸਥਾਨ ਦਸਿਆ ਹੈ, ਜੋ ਜੰਮੂ ਕਸ਼ਮੀਰ ਦੇ ਸਿਰੀਨਗਰ ਤੋਂ ਵਖਰਾ ਭਾਸਦਾ ਹੈ। ਸਿਰੀਨਗਰ ਇਸ ਕਾ ਹੈ ਨਾਮ॥[360]

**ਸਿਰੀਰੰਗ-** ਤ੍ਰਿਚਨਾਪਾਲੀ ਤੋਂ ਉਤਰ ਵਲ ਦੋ ਮੀਲ ਦੀ ਦੂਰੀ 'ਤੇ ਸਥਿਤ ਇਕ ਮੰਦਿਰ। ਇਹ ਮੰਦਿਰ ਸਿਰੀਰੰਗਮ ਦੇ ਨਾਮ ਨਾਲ ਪ੍ਰਸਿਧ ਹੈ ਜਿਥੇ ਵਿਸ਼ਨੂੰ ਦੀ ਮੂਰਤੀ ਸਥਾਪਿਤ ਕੀਤੀ ਹੋਈ ਹੈ।[361] ਦੀਨਾਨਾਥ ਗੋਪੀਨਾਥ ਦੂਸਰਾ ਭੀ ਬੈਜਨਾਥ ਕਾਸੀ ਮੈ ਬਸੇਸਰਿ ਮਹਾਨ ਉਰ ਆਨੀਐ॥[362]

**ਸਿਰੀਰਾਮ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[363] ਹਰੀਰਾਮ ਸਿਰੀਰਾਮ ਰੂਪਚੰਦ ਖੇਮਰਾਜ ਦੇਵਰਾਜ ਦੇਵਚੰਦ ਬਾਣੀਐ ਮਹਾਨੀਐ॥30॥[364]

**ਸਿਲਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ। ਸਿਲਕਾ ਪਰਬਤਿ ਮੈ ਗਏ ਸ੍ਰੀ ਗੁਰ ਪਰਮ ਉਦਾਰ॥[365]

**ਸਿਲਮਿਲ ਦੀਪ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸੱਤ ਦੀਪਾਂ (ਦੇਖੋ) ਵਿਚੋਂ ਇਕ ਦਾ ਨਾਮ। ਪਲਖਹਿ ਸਿਲਮਿਲ ਕੁਸੂ ਪੁਨਿ ਬਹੁਰਿ ਕਰੌਂਚ ਸੁ ਜਾਨ॥35॥[366]

**ਸਿਵ-** ਹਿੰਦੂਆਂ ਦਾ ਇਕ ਪ੍ਰਧਾਨ ਦੇਵਤਾ, ਜੋ ਸੰਘਾਰ ਸਰੂਪ ਵਿਚ, ਤ੍ਰਿਮੂਰਤੀ ਨਾਲ ਜੁੜਿਆ ਹੋਇਆ ਹੈ। ਹਿੰਦੂ ਧਾਰਨਾ ਅਨੁਸਾਰ ਮੌਤ ਨਾਲ ਕੋਈ ਵਸਤੂ/ਪ੍ਰਾਣੀ ਨਸ਼ਟ ਨਹੀਂ ਹੋ ਜਾਂਦਾ, ਸਗੋਂ ਰੂਪ ਬਦਲ ਕੇ ਨਵੀਂ ਸ਼ਕਲ ਗ੍ਰਹਿਣ ਕਰ ਲੈਂਦਾ ਹੈ। ਸੋ ਸੰਘਾਰ ਪੁਨਰ-ਨਿਰਮਾਣ ਦਾ ਹੀ ਬੋਧਿਕ ਹੈ। ਇਸ ਤਰ੍ਹਾਂ ਸ਼ਿਵ ਸੰਘਾਰ

---

[359] ਉਹੀ, ਪਤਰਾ 172-75.

[360] ਉਹੀ, ਪਤਰਾ 172.

[361] Nundo Lal Dey, *The Geographical Dictionary of Ancient and Medieval India,* Oriental Books, New Delhi, Forth edition, 1984, Page 193.

[362] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1708.

[363] ਉਹੀ, ਪਤਰਾ 1783.

[364] ਉਹੀ.

[365] ਉਹੀ, ਪਤਰਾ 982.

[366] ਉਹੀ, ਪਤਰਾ 1008.

ਅਤੇ ਪੁਨਰ-ਸਿਰਜਨਾ ਦੀਆਂ ਬਿਪਰੀਤ ਪ੍ਰਾਕ੍ਰਿਤਕ ਸ਼ਕਤੀਆਂ ਦਾ ਹੀ ਮਾਨਵੀਕਰਣ ਹੈ। ਸ਼ਿਵ ਦੇ ਸ਼ਾਬਦਿਕ ਅਰਥ 'ਕਲਿਆਣਕਾਰੀ' ਵੀ ਇਸੇ ਦਿਸ਼ਾ ਵਲ ਸੰਕੇਤ ਕਰਦੇ ਹਨ। ਰਾਮਾਇਣ, ਮਹਾਂ ਭਾਰਤ ਅਤੇ ਪੁਰਾਣਾਂ ਵਿਚ ਸ਼ਿਵ ਦੀ ਵਡਿਆਈ ਵਿਚ ਕਾਫ਼ੀ ਸਾਮਗ੍ਰੀ ਮਿਲਦੀ ਹੈ, ਪਰ ਵੇਦਾਂ ਵਿਚ ਸ਼ਿਵ ਦਾ ਜ਼ਿਕਰ ਕਿਧਰੇ ਨਹੀਂ। ਸ਼ਿਵ ਦੀ ਵੈਦਿਕ ਦੇਵਤੇ ਦੇ ਰੂਪ ਵਿਚ ਪ੍ਰਤਿਸ਼ਠਤਾ ਸਥਾਪਤ ਕਰਨ ਲਈ ਸ਼ੈਵਮਤ ਦੀ ਇਹ ਧਾਰਨਾਂ ਹੈ ਕਿ ਵੇਦਾਂ ਵਿਚ ਰੁਦ੍ਰ ਨਾਂ ਦੇ ਹੇਠ ਪ੍ਰਾਪਤ ਦੇਵਤਾ, ਅਸਲੋਂ ਸ਼ਿਵ ਹੀ ਹੈ।[367] ਕਲਗੀ ਅਵਤਾਰ ਕਿਲਾਸ ਸਿਵੰ ਕਮਠੰ ਕਸਮੀਰ ਨਿਵਾਸ ਹਿਵੰ॥[368]

**ਸ਼ਿਵ ਰਾਮ-** ਗੁਰੂ ਨਾਨਕ ਸਾਹਿਬ ਜੇ ਦੇ ਦਾਦਾ ਜੀ।[369] ਸੁਤ ਕੇ ਸੁਤ ਕੋ ਸੁ ਬਿਵਾਹਿਨ ਕੋ ਸਿਵ ਰਾਮ ਚਲ੍ਯੋ ਮਨ ਮੈ ਹਰਖਾਈ॥[370]

**ਸ਼ਿਵਸ਼ੰਭੂ (ਸਿਵਸੰਭ)-** ਸ਼ਿਵ (ਦੇਖੋ) ਦਾ ਇਕ ਨਾਮ। ਸਨਕਾਦਿਕ ਸਿਧ ਮੁਨੀਸ ਰਿਖੀ ਪੁਨਿ ਆਪ ਕਹੈ ਸਿਵ ਸੰਭ ਉਦਾਰੇ॥[371]

**ਸਿਵਾਨ ਨਗਰੀ-** ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸ਼ਿਵਨਗਰੀ ਤੋਂ ਭਾਵ ਕਾਸ਼ੀ।[372] ਪਰ ਗੁਰੂ ਨਾਨਕ ਵਿਜੈ ਗ੍ਰੰਥ ਵਿਚ ਇਸ ਦਾ ਨੂੰ ਸਿਵਾਨ ਨਗਰੀ ਕਿਹਾ ਹੈ। ਜੇਕਰ ਇਹ ਸ਼ਿਵਨਗਰੀ ਹੈ ਫਿਰ ਤਾਂ ਇਹ ਕਾਸ਼ੀ ਹੈ। ਜੇਕਰ ਇਹ ਸ਼ਿਵਨਗਰੀ ਨਹੀਂ ਤਾਂ ਕਵੀ ਦਾ ਸੰਕੇਤ ਕਿਸੇ ਹੋਰ ਸਥਾਨ ਵਲ ਹੈ, ਜਿਸਦੀ ਪੁਸ਼ਟੀ ਨਹੀਂ ਹੋਈ। ਰਹੇ ਗੁਰਦੇਵ ਸੋ ਸਿਵਾਨ ਨਗਰੀ ਕੇ ਮਾਹਿ ਤਹਾ ਗੁਰਦੇਵ ਕੀ ਨ ਸੇਵਾ ਕਾਹੂ ਕੀਨੀ ਹੈ॥[373]

---

[367] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਤੀਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 373.

[368] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 12.

[369] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 44.

[370] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 540.

[371] ਉਹੀ, ਪਤਰਾ 1516.

[372] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਤਵੀਂ ਵਾਰ, 2006, ਪੰਨਾ 871.

[373] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1469.

**ਸਿਵਾਲੈ ਤੀਰਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਤੀਰਥ ਜੋ ਘੇਲੂ (ਏਲੂ) ਦਾ ਹੈ। ਘੇਲੂ ਇਕ ਰਾਜਾ ਸੀ ਜਿਸਦਾ ਸਰੀਰ ਦਿਨ ਵਿਚ ਨਿਰਮਲ ਹੁੰਦਾ ਸੀ ਅਤੇ ਰਾਤ ਨੂੰ ਕੀੜੇ ਪੈਂਦੇ ਸਨ। ਇਸ ਦਾ ਕਾਰਨ ਸੀ ਕਿ ਉਹ ਪਿਛਲੇ ਜਨਮ ਵਿਚ ਬ੍ਰਹਮਣ ਸੀ ਅਤੇ ਦਖਣ ਦੇਸ ਵਾਲੇ ਪਾਸੇ ਰਿਧੂਪੁਰ ਪਿੰਡ ਵਿਚ ਧਨੇਸਵਰ ਦੇ ਘਰ ਪੈਦਾ ਹੋਇਆ ਸੀ। ਇਸ ਦਾ ਨਾਮ ਬਿਦਿਆਧਰਿ ਸੀ ਅਤੇ ਇਸ ਨੇ ਬਹੁਤ ਗਿਆਨ ਹਾਸਿਲ ਕੀਤਾ। ਪਿਤਾ ਦੇ ਦੇਹਾਂਤ ਤੋਂ ਬਾਅਦ ਇਕ ਦਿਨ ਇਸ ਦੀ ਜਨਮ ਪਤ੍ਰੀ ਇਸ ਦੇ ਹੱਥ ਲਗੀ ਤਾਂ ਪੜ ਕੇ ਹੈਰਾਨ ਹੋਇਆ ਉਸ ਵਿਚ ਲਿਖਿਆ ਸੀ ਕਿ ਇਸ ਬਾਲਕ ਦੇ ਹਥੋਂ ਮਾਤਾ ਗਮਨ, ਮਧੁਰਾ ਪਾਨ ਅਤੇ ਬ੍ਰਹਮਣ ਹਤਿਆ ਹੋਵੇਗੀ। ਇਹ ਪੜ ਕੇ ਉਹ ਉਦਾਸ ਹੋ ਕੇ ਘਰ ਬਾਰ ਤਿਆਗ ਕੇ ਉਤਰਾਖੰਡ ਵਿਚ ਪਰੋਲੀ ਪਿੰਡ ਚਲਾ ਗਿਆ। ਕੁਝ ਸਮਾਂ ਬਾਦ ਜਦ ਉਸਦੀ ਮਾਤਾ ਕੋਲ ਧਨ ਖਤਮ ਹੋ ਗਿਆ ਤਾਂ ਉਹ ਵੀ ਘਰ ਛਡ ਕੇ ਚਲੀ ਗਈ ਅਤੇ ਜਲਪੁਰ ਪਿੰਡ ਵਿਚ ਜੋ ਕਿ ਮੁਲਤਾਨ ਦੇ ਕੋਲ ਹੈ, ਉਥੇ ਜਾ ਕੇ ਵੇਸਵਾ ਦਾ ਕੰਮ ਸ਼ੁਰੂ ਕਰ ਦਿਤਾ। ਸਮਾਂ ਪਾ ਕੇ ਬਿਦਿਆਧਰਿ ਉਧਰ ਆਇਆ ਅਤੇ ਕਾਮ ਦੇ ਗ੍ਰਹਸਿਤ ਵਿਚ ਆਕੇ ਵੇਸਵਾ ਕੋਲ ਆਇਆ ਅਤੇ ਗਮਨ ਕੀਤਾ ਅਤੇ ਮਧੁਰਾ ਪਾਨ ਕੀਤਾ। ਫਿਰ ਯਾਦ ਆਇਆ ਕਿ ਇਹ ਕੰਮ ਤਾਂ ਮੈਂ ਕਰਨੇ ਨਹੀਂ ਸਨ। ਜਦ ਉਸ ਇਸਤਰੀ ਤੋਂ ਨਾਮ ਪੁਛਿਆ ਤਾਂ ਉਸ ਨੇ ਦਸਿਆ ਅਤੇ ਬਿਦਿਆਧਰਿ ਨੂੰ ਪਤਾ ਲਗਾ ਕਿ ਇਹ ਉਸਦੀ ਮਾਤਾ ਹੈ। ਫਿਰ ਪਛਤਾਵਾ ਲੈ ਕੇ ਅਗੇ ਗਿਆ ਤਾਂ ਉਸ ਨੇ ਸੋਚਿਆ ਕਿ ਹੁਣ ਚੰਗੇ ਕਰਮ ਕਰਨੇ ਹਨ ਤਾਂ ਬ੍ਰਾਹਮਣਾਂ ਨੂੰ ਭੋਜਨ ਖਵਾਉਣ ਦੀ ਸੋਚੀ ਇਕ ਗਵਾਲਣ ਦੁਧ ਲਈ ਜਾ ਰਹੀ ਸੀ ਤਾਂ ਇਕ ਅਕਾਸ਼ ਵਿਚੋਂ ਪੰਛੀ ਤੋਂ ਕੋਈ ਜ਼ਹਿਰੀਲੀ ਚੀਜ਼ ਦੁਧ ਵਿਚ ਡਿਗ ਗਈ ਉਹੀ ਦੁਧ ਬਿਦਿਆਧਰਿ ਨੇ ਮੁਲ ਲੈ ਲਿਆ ਅਤੇ ਉਸ ਦੁਧ ਤੋਂ ਭੋਜਨ ਤਿਆਰ ਕਰਕੇ ਬ੍ਰਾਹਮਣ ਨੂੰ ਭੋਜਨ ਖੁਆਇਆ, ਸਿਟੇ ਵਜੋਂ ਬ੍ਰਹਮਣ ਮਰ ਗਿਆ। ਤਿੰਨੋਂ ਭਵਿਖਬਾਣੀਆਂ ਸਹੀ ਸਾਬਿਤ ਹੋ ਗਈਆਂ। ਫਿਰ ਪਛਤਾਵਾ ਲੈ ਕੇ ਅਗੇ ਗਿਆ ਤਾਂ ਇਕ ਸਾਧੂ ਮਿਲਿਆ ਜਿਸਨੇ ਦਸਿਆ ਕਿ ਭਜਨ ਕਰ ਕੇ ਜੀਵਨ ਸਫ਼ਲ ਹੋ ਸਕਦਾ ਹੈ ਅਤੇ ਭਜਨ ਕਰਦਾ ਹੋਇਆ ਬਿਦਿਆਧਰਿ ਮਰ ਗਿਆ। ਉਸ ਦੀ ਆਤਮਾ ਨੂੰ ਲੈਣ ਲਈ ਵਿਸ਼ਨੂੰ ਦੇ ਗਣ ਆਏ ਜਦ ਉਹ ਬਿਬਾਨ ਲੈ ਕੇ ਜਾਣ ਲਗੇ ਤਾਂ ਜਮ ਵੀ ਆ ਗਏ ਅਤੇ ਕਹਿਣ ਲਗੇ ਕਿ ਇਸਨੇ ਪਾਪ ਕੀਤੇ ਹਨ ਇਸ ਕਰਕੇ ਇਸਨੂੰ ਅਸੀਂ ਲੈ ਕੇ ਜਾਣਾ ਹੈ। ਅਕਾਸ਼ਵਾਣੀ ਹੋਣ ਤੋਂ ਬਾਦ ਬਿਬਾਨ ਨੂੰ ਭਾਰਦਵਾਜ ਰਿਸ਼ੀ ਕੋਲ ਲੈ ਕੇ ਜਾਂਦੇ ਹਨ ਜੋ ਫੈਸਲਾ ਕਰਦਾ ਹੈ ਕਿ ਇਸ ਨੂੰ ਇਕੋ ਜਨਮ ਵਿਚ ਦੁਖ ਸੁਖ ਭੋਗਣੇ ਪੈਣਗੇ। ਫਿਰ ਉਹ

ਰਾਜੇ ਦੇ ਘਰ ਪੈਦਾ ਹੋਇਆ ਅਤੇ ਉਸਦਾ ਸਰੀਰ ਦਿਨ ਸਮੇਂ ਨਿਰਮਲ ਰਹਿੰਦਾ ਅਤੇ ਰਾਤ ਸਮੇਂ ਕੀੜੇ ਪੈ ਜਾਂਦੇ। ਫਿਰ ਯੇਲੂ ਹੌਲੀ-ਹੌਲੀ ਵਡਾ ਹੁੰਦਾ ਹੈ ਯੇਲੂ ਦੇ ਪਿਤਾ ਦਾ ਦੇਹਾਂਤ ਹੋ ਜਾਂਦਾ ਹੈ। ਯੇਲੂ ਦਾ ਵਿਆਹ ਮਾਨਕਾ ਵਤੀ ਨਾਲ ਹੁੰਦਾ ਹੈ। ਵਿਆਹ ਤੋਂ ਕੁਝ ਸਮਾਂ ਬਾਦ ਯੇਲੂ ਦੇ ਸਰੀਰ ਵਿਚ ਰਾਤ ਨੂੰ ਕਿਰਮ ਪੈਣੇ ਸ਼ੁਰੂ ਹੋ ਜਾਂਦੇ ਹਨ ਅਤੇ ਦਿਨ ਵਿਚ ਨਿਰਮਲ ਹੋ ਜਾਂਦਾ ਹੈ। ਮਾਨਕਾ ਵਤੀ ਚਿੰਤਤ ਹੁੰਦੀ ਹੈ। ਇਕ ਦਿਨ ਯੇਲੂ ਰਾਜਾ ਸ਼ਿਕਾਰ ਖੇਡਣ ਗਿਆ, ਸਿਪਾਹੀਆ ਤੋਂ ਅਗੇ ਨਿਕਲ ਜਾਂਦਾ ਹੈ ਅਤੇ ਤ੍ਰਿਸ਼ੂਲ ਸਥਾਨ (ਜੋ ਕਿ ਸ਼ਿਵ ਦਾ ਸਥਾਨ ਸੀ ਅਤੇ ਬਾਦ ਵਿਚ ਉਥੇ ਸਿਵਾਲੈ ਤੀਰਥ ਬਣਿਆ) 'ਤੇ ਪਹੁੰਚ ਜਾਂਦਾ ਹੈ। ਰਾਜਾ ਨੂੰ ਪਾਣੀ ਦੀ ਪਿਆਸ ਲਗੀ ਹੁੰਦੀ ਹੈ। ਰਾਜਾ ਦੀ ਨਿਗਾਹ ਉਸ ਸਥਾਨ 'ਤੇ ਪੈਂਦੀ ਹੈ, ਉਥੇ ਪਾਣੀ ਹੁੰਦਾ ਹੈ, ਪਰ ਪੀਣ ਯੋਗ ਨਹੀਂ ਹੁੰਦਾ ਰਾਜਾ ਉਸ ਪਾਣੀ ਨਾਲ ਹੱਥ ਅਤੇ ਅਖਾਂ ਧੋ ਲੈਂਦਾ ਹੈ। ਉਸ ਰਾਤ ਰਾਜਾ ਦੇ ਹਥ ਅਤੇ ਅਖਾਂ ਵਿਚ ਕਿਰਮ ਨਹੀਂ ਪੈਂਦੇ, ਰਾਣੀ ਇਹ ਦੇਖ ਕੇ ਖੁਸ਼ ਹੁੰਦੀ ਹੈ। ਰਾਜਾ ਤੋਂ ਪੁਛਣ 'ਤੇ ਉਹ ਬ੍ਰਿਤਾਂਤ ਸੁਣਾ ਦਿੰਦਾ ਹੈ ਰਾਣੀ ਕਹਿੰਦੀ ਹੈ ਕਿ ਮੈਨੂੰ ਤ੍ਰਿਸ਼ੂਲ ਸਥਾਨ 'ਤੇ ਲੈ ਕੇ ਚਲੋ। ਰਾਜਾ-ਰਾਣੀ ਅਤੇ ਸਿਪਾਹੀ ਉਸ ਸਥਾਨ 'ਤੇ ਜਾਂਦੇ ਹਨ। ਉਥੇ ਪਾਣੀ ਖ਼ਤਮ ਹੋ ਜਾਂਦਾ ਹੈ। ਰਾਣੀ ਨਿਰਾਸ਼ ਹੋ ਜਾਂਦੀ ਹੈ ਅਤੇ ਸਿਪਾਹੀਆਂ ਨੂੰ ਉਹ ਜ਼ਮੀਨ ਖੋਦਣ ਨੂੰ ਕਹਿੰਦੀ ਹੈ। ਸਿਪਾਹੀ ਖੋਦਣਾ ਸ਼ੁਰੂ ਕਰ ਦਿੰਦੇ ਹਨ। ਬਹੁਤ ਖੁਦਾਈ ਤੋਂ ਬਾਅਦ ਪਾਣੀ ਨਿਕਲਦਾ ਹੈ, ਜਿਸ ਵਿਚ ਰਾਜਾ ਇਸ਼ਨਾਨ ਕਰਦਾ ਹੈ ਅਤੇ ਤੰਦਰੁਸਤ ਹੋ ਜਾਂਦਾ ਹੈ। ਰਾਣੀ ਉਸ ਸਥਾਨ 'ਤੇ ਰਾਜਾ ਕੋਕਸੁ ਜੋ ਕਿ ਵਿਸ਼ਵਕਰਮਾ ਦਾ ਅਵਤਾਰ ਸੀ ਤੋਂ ਪੰਜ ਦਿਨ ਵਿਚ ਮੰਦਰਿ ਬਣਵਾਉਂਦੀ ਹੈ। ਇਸ ਮੰਦਰ ਦਾ ਨਾਮ ਮਾਨਕੇਸੂਰ ਰਖਿਆ ਗਿਆ। ਇਥੇ ਸਥਾਪਿਤ ਸ਼ਿਵ ਲਿੰਗ ਦੀ ਕਥਾ ਇਸ ਤਰ੍ਹਾਂ ਹੈ- ਇਕ ਵਾਰ ਸ਼ਿਵ ਅਤੇ ਗਿਰਜਾ ਇਸ ਬਨ ਵਿਚ ਘੁੰਮ ਰਹੇ ਸਨ ਤਾਂ ਗਿਰਜਾ ਨਗਨ ਅਵਸਥਾ ਵਿਚ ਸੀ। ਕੁਝ ਸਾਧੂ ਆਏ ਤਾਂ ਗਿਰਜਾ ਨੂੰ ਲਜਾ ਆਈ। ਗਿਰਜਾ ਦੇ ਕਹਿਣ 'ਤੇ ਸ਼ਿਵ ਨੇ ਸਰਾਪ ਦਿਤਾ ਕਿ ਜੋ ਵੀ ਇਥੇ ਆਵੇਗਾ ਉਹ ਪੁਰਸ਼ ਤੋਂ ਇਸਤ੍ਰੀ ਬਣ ਜਾਵੇਗਾ। ਇਕ ਰਾਜਾ ਸੀ ਸ੍ਰਾਧ ਦੇਵ ਉਸ ਦੇ ਘਰ ਕੋਈ ਔਲਾਦ ਪੈਦਾ ਨਹੀਂ ਹੁੰਦੀ ਸੀ। ਉਸ ਨੇ ਬ੍ਰਹਾਮਣਾਂ ਦੇ ਕਹਿਣ 'ਤੇ ਪੁਤਰ ਪ੍ਰਾਪਤੀ ਲਾਈ ਯਗ ਕਰਵਾਇਆ। ਯਗ ਤੋਂ ਬਾਦ ਬ੍ਰਾਹਮਣਾਂ ਨੇ ਵਰ ਦਿਤਾ ਕੇ ਕੰਨਿਆ ਪੈਦਾ ਹੋਵੇਗੀ ਰਾਜਾ ਨੇ ਬੇਨਤੀ ਕੀਤੀ ਕਿ ਮੈਨੂੰ ਪੁਤਰ ਚਾਹੀਦਾ ਹੈ। ਬ੍ਰਾਹਮਣਾਂ ਨੇ ਫਿਰ ਕਿਹਾ ਕਿ ਪੈਦਾ ਤਾਂ ਪੁਤਰੀ ਹੀ ਹੋਵੇਗੀ ਪਰ ਬਾਦ ਵਿਚ ਇਹ ਪੁਤਰ ਵਿਚ ਬਦਲ ਜਾਵੇਗੀ। ਹੁਕਮ ਅਨੁਸਾਰ ਪੁਤਰੀ ਪੈਦਾ ਹੋਈ ਜਿਸਦਾ ਨਾਮ ਯੇਲੀ ਰਖਿਆ

ਗਿਆ। ਫਿਰ ਰਾਜੇ ਦੀ ਬੇਨਤੀ 'ਤੇ ਪੁਤਰੀ ਨੂੰ ਪੁਤਰ ਬਣਾ ਦਿਤਾ ਗਿਆ। ਪੁਤਰ ਦਾ ਨਾਮ ਸੁਦਿਨਮਾ ਰਖਿਆ ਗਿਆ। ਜਦ ਸੁਦਿਨਮਾ ਵਡਾ ਹੋਇਆ ਤਾਂ ਇਕ ਦਿਨ ਉਹ ਉਸ ਬਨ ਵਿਚ ਗਿਆ ਜਿਸਨੂੰ ਸ਼ਿਵ ਨੇ ਸਰਾਪ ਦਿਤਾ ਸੀ। ਸਰਾਪ ਅਨੁਸਾਰ ਸੁਦਿਨਮਾ ਇਸਤ੍ਰੀ ਬਣ ਗਿਆ। ਇਸ ਲਈ ਉਹ ਵਾਪਸ ਘਰ ਨਹੀਂ ਗਿਆ ਅਤੇ ਉਥੇ ਹੀ ਰਹਿਣ ਲਗ ਗਿਆ। ਇਕ ਦਿਨ ਇਕ ਰਾਜਾ ਬੁਧਿ ਉਸ ਬਨ ਵਿਚ ਆਇਆ ਤਾਂ ਉਸ ਨੇ ਉਸ ਇਸਤ੍ਰੀ (ਜੋ ਸੁਦਿਨਮਾ ਬਣਿਆ ਸੀ) ਨੂੰ ਮਿਲਿਆ ਅਤੇ ਉਸ ਨਾਲ ਵਿਆਹ ਕਰਵਾ ਲਿਆ ਜਿਸ ਤੋਂ ਚਾਰ ਬੱਚਿਆ ਨੇ (ਚਾਰੋਂ ਲੜਕੇ) ਪਰੂਰਵਾ, ਗਗਨ, ਉਤਮ ਅਤੇ ਵਿਮਲ ਨੇ ਜਨਮ ਲਿਆ ਸੀ। ਜਦ ਪਹਿਲੇ ਬੱਚੇ (ਪਰੂਰਵਾ) ਦਾ ਜਨਮ ਹੋਇਆ ਤਾਂ ਉਹੀ ਬ੍ਰਾਹਮਣ ਆਏ ਸਨ ਜਿਨ੍ਹਾਂ ਨੇ ਰਾਜਾ ਸ੍ਰਾਧ ਦੇਵ ਦੇ ਲਈ ਯਗ ਕੀਤਾ ਸੀ ਅਤੇ ਯੇਲੀ (ਸੁਦਿਨਮਾ) ਦਾ ਜਨਮ ਹੋਇਆ ਸੀ। ਉਨ੍ਹਾਂ ਨੇ ਸੁਦਿਨਮਾ ਨੂੰ ਪਛਾਣ ਲਿਆ ਅਤੇ ਸਾਰੀ ਬਾਰਤਾ ਪੁਛੀ ਅਤੇ ਕਿਹਾ ਕਿ ਉਹ ਸ਼ਿਵ ਦੀ ਅਰਾਧਨਾ ਕਰੇ ਅਤੇ ਸਰਾਪ ਤੋਂ ਮੁਕਤ ਹੋ ਜਾਵੇ। ਸੁਦਿਨਮਾ ਨੇ ਸ਼ਿਵ ਦੀ ਅਰਾਧਨਾ ਕੀਤੀ ਤਾਂ ਸ਼ਿਵ ਨੇ ਕਿਹਾ ਕਿ ਸਰਾਪ ਨੂੰ ਟਾਲਿਆ ਨਹੀਂ ਜਾ ਸਕਦਾ ਪਰ ਇਹ ਹੋ ਸਕਦਾ ਹੈ ਕਿ ਤੂੰ ਇਕ ਮਾਸ ਇਸਤ੍ਰੀ ਅਤੇ ਇਕ ਮਾਸ ਪੁਰਸ਼ ਬਣ ਕੇ ਰਿਹਾ ਕਰੇਂਗਾ। ਫਿਰ ਜਦ ਉਹ ਪੁਰਸ਼ ਬਣ ਦਾ ਤਾਂ ਆਪਣੇ ਪਿਤਾ ਦਾ ਰਾਜ ਸੰਭਾਲਦਾ ਅਤੇ ਜਦ ਇਸਤ੍ਰੀ ਬਣਦਾ ਤਾਂ ਰਾਜਾ ਬੁਧਿ ਨਾਲ ਰਿਹਾ ਕਰਦਾ। ਪੁਰਸ਼ ਬਣ ਕੇ ਉਸ ਦੇ ਘਰ ਇਕ ਪੁਤਰ ਪੈਦਾ ਹੋਇਆ ਜਿਸ ਦਾ ਨਾਮ ਇਸਵਾਕ ਰਖਿਆ ਗਿਆ। ਇਸਵਾਕ ਨੂੰ ਅਯੁਧਿਆ ਰਾਜਧਾਨੀ ਬਣਾਈ ਗਈ ਅਤੇ ਦਖਣ ਦੇਸ ਵਿਚ ਪੈਠਨ ਰਾਜਧਾਨੀ ਵਿਚ ਸਸਿ ਬੰਸ ਦਾ ਰਾਜ ਹੋਇਆ। ਇਸ ਤਰ੍ਹਾਂ ਸੁਦਿਨਮਾ ਆਪ ਤਪ ਕਰਨ ਚਲਾ ਗਿਆ ਅਤੇ ਸ਼ਿਵ ਦੀ ਆਰਾਧਨਾ ਕੀਤੀ। ਜਦ ਮਰਨ ਲਗਾ ਤਾਂ ਸ਼ਿਵ ਨੇ ਵਰ ਦਿਤਾ ਕਿ ਤੂੰ ਗੰਗਾ ਬਣ ਕੇ ਸਾਰੇ ਜਗਤ ਦਾ ਉਦਾਰ ਕਰੇਂਗਾ। ਇਸ ਦਾ ਨਾਮ ਯੇਲ ਗੰਗਾ ਰਖਿਆ ਗਿਆ। ਫਿਰ ਗੌਤਮ ਦੀ ਬੇਨਤੀ 'ਤੇ ਸ਼ਿਵ ਨੇ ਉਸ ਬਨ ਦਾ ਸਰਾਪ ਖ਼ਤਮ ਕੀਤਾ ਅਤੇ ਉਥੇ ਇਕ ਸ਼ਿਵ ਲਿੰਗ ਦੀ ਸਥਾਪਨਾ ਕੀਤੀ ਜਿਸਦਾ ਨਾਮ ਘੁਸਮੇਸ੍ਰਰ ਰਖਿਆ ਗਿਆ। ਉਸ ਥਾਂ ਸ਼ਿਵ ਨੇ ਉਮਾ ਦੇ ਲਈ ਤ੍ਰਿਸ਼ੂਲ ਨਾਲ ਇਕ ਪਾਣੀ ਦਾ ਸ੍ਰੋਤ ਉਤਪੰਨ ਕੀਤਾ ਅਤ ਉਸ ਪਾਣੀ ਦੇ ਸ੍ਰੋਤ ਨੂੰ ਵਰ ਸੀ ਕਿ ਜੋ ਵੀ ਇਸ ਵਿਚ ਇਸ਼ਨਾਨ ਕਰੇਗਾ ਉਹ ਨਰਕ ਵਿਚ ਨਹੀਂ ਜਾਵੇਗਾ ਤਾਂ ਸਾਰਾ ਜਗਤ ਉਸ ਵਿਚ ਇਸ਼ਨਾਨ ਕਰਨ ਲਗ ਗਿਆ ਅਤੇ ਨਰਕ ਖਾਲੀ ਹੋ ਗਏ ਅਤੇ ਯਮਾਂ ਨੂੰ ਕੋਈ ਕੰਮ ਨਾ ਰਿਹਾ। ਲੋਕ ਪੁੰਨ ਅਤੇ ਭਗਤੀ ਕਰਨ ਤੋਂ ਹਟ ਗਏ। ਯਮਾਂ ਨੇ ਦੇਵਤਿਆਂ ਨੂੰ

ਬੇਨਤੀ ਕੀਤੀ ਤਾਂ ਸ਼ਿਵ ਨੂੰ ਬੇਨਤੀ ਕਰਨ 'ਤੇ ਉਹ ਸ੍ਰੋਤ ਭਰਿਆ ਗਿਆ। ਜਿਸਦਾ ਨਾਮ ਤ੍ਰਿਸ਼ੂਲ ਸਥਾਨ ਸੀ।[374] ਆਇ ਸਿਵਾਲੈ ਤੀਰਥੰ ਸ੍ਰੀ ਗੁਰ ਨਾਨਕ ਦੇਉ॥[375]

**ਸੀਹਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ ਦਾ ਨਾਮ। ਸੀਹਾ ਮੈ ਪੁਨਿ ਆਇ ਮਹਾਨ॥[376]

**ਸੀਹਾ ਛੀਬਾਂ-** ਗੁਰੂ ਨਾਨਕ ਸਾਹਿਬ ਜੀ ਦਾ ਇਕ ਪਿਆਰਾ ਸਿਖ। ਜਨਮਸਾਖੀ ਸਾਹਿਤ ਅਨੁਸਾਰ ਤੀਜੀ ਉਦਾਸੀ ਵੇਲੇ ਇਹ ਗੁਰੂ ਜੀ ਦੇ ਨਾਲ ਸੀ, ਦੂਸਰਾ ਸਾਥੀ ਹਸੂ ਲੁਹਾਰ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਾਈ ਸੀਹੇਂ ਦਾ ਇਕ ਭਰਾ ਗਜਣ ਸਿੰਘ ਵੀ ਸੀ। ਸਿਖ ਇਤਿਹਾਸ ਵਿਚ ਇਸ ਨਾਂ ਦੇ ਹੋਰ ਸਿਖ ਵੀ ਆਉਂਦੇ ਹਨ, ਜਿਵੇਂ ਮਥੋ ਮੁਰਾਰੀ ਨਾਲ ਗੁਰੂ ਅੰਗਦ ਸਾਹਿਬ ਦੀ ਸ਼ਰਨ ਵਿਚ ਆਉਣ ਵਾਲਾ, ਸੋਢੀ ਧੀਰ ਮਲ ਦਾ ਇਕ ਮਸੰਦ। ਪੁਰਾਤਨ ਜਨਮਸਾਖੀ ਅਨੁਸਾਰ ਤੀਜੀ ਉਦਾਸੀ ਵੇਲੇ ਜਦੋਂ ਗੁਰੂ ਜੀ ਕਸ਼ਮੀਰ ਗਏ ਤਾਂ ਉਥੇ ਉਨ੍ਹਾਂ ਦੀ ਮੁਲਾਕਾਤ ਪੰਡਿਤ ਬ੍ਰਿਹਮਦਾਸ ਨਾਲ ਹੋਈ, ਜਿਸਨੇ ਵੇਦ, ਪੁਰਾਣ ਆਦਿਕ ਗ੍ਰੰਥਾਂ ਦੇ ਊਠ ਲਦੇ ਹੋਏ ਸਨ। ਇਸ ਪਰਥਾਏ ਗੁਰੂ ਜੀ ਨੇ ਵਾਰ ਮਲਾਰ ਕੀ ਉਚਾਰੀ, ਜਿਸਨੂੰ ਭਾਈ ਹਸੂ ਲੁਹਾਰ ਅਤੇ ਸੀਹੈਂ ਛੀਬੇ ਨੇ ਲਿਖਿਆ।[377] ਸੀਹਾ ਹਸੂ ਸੰਗ ਲੀਨੇ ਗੁਰੂ ਦੋਇ॥[378]

**ਸੀਹੋਂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸੈਦੋ (ਦੇਖੋ) ਦਾ ਭਰਾ। ਪਰ ਇਸ ਦੀ ਪੁਸ਼ਟੀ ਹੋਰ ਕਿਸੇ ਇਤਿਹਾਸਿਕ ਸ੍ਰੋਤ ਤੋਂ ਨਹੀਂ ਹੁੰਦੀ। ਸੀਹੋਂ ਨਾਮੁ ਸੁ ਤਾਹਿ ਪਛਾਨੋਂ॥[379]

**ਸੀਤਲ ਜਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਹੋ ਸੀਤਲ ਜਲ ਪਾਚਾਸਮ ਤੋਹਿ ਪ੍ਰਭਾਨਿਯੋ॥56॥[380]

---

374 ਉਹੀ, ਪਤਰਾ 1536-1555.

375 ਉਹੀ, ਪਤਰਾ 1536.

376 ਉਹੀ, ਪਤਰਾ 771.

377 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 53.

378 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1631.

379 ਉਹੀ, ਪਤਰਾ 1518.

380 ਉਹੀ, ਪਤਰਾ 1026.

**ਸੀਤਲਾ ਬਾਈ-** ਚੇਚਕ ਦੇ ਰੋਗ ਦੀ ਦੇਵੀ। ਸੀਤਲਾ ਨੂੰ 'ਠੰਢੀ ਮਾਤਾ', 'ਵਡੀ ਮਾਤਾ', 'ਫਫਰੋਲੇ ਵਾਲੀ' ਵੀ ਕਿਹਾ ਜਾਂਦਾ ਹੈ। ਸੀਤਲਾ ਦੁਰਗਾ ਦਾ ਹੀ ਛੋਟੇ ਪੱਧਰ ਉਤੇ ਪ੍ਰਕਾਸ਼ ਜਾਂ ਰੂਪਾਂਤ੍ਰਣ ਹੈ। ਸੀਤਲਾ ਦਾ ਰੰਗ ਸੁਨਹਿਰੀ ਤੇ ਵਸਤ੍ਰ ਲਾਲ ਹਨ। ਇਸ ਦੇ ਇਕ ਹਥ ਵਿਚ ਝਾੜੂ ਹੈ ਤੇ ਖਬੇ ਬਾਜੂ ਹੇਠ ਘੜਾ। ਇਸ ਨੇ ਮਥੇ ਉਪਰ ਛਜ ਧਾਰਨ ਕੀਤਾ ਹੋਇਆ ਹੈ। ਖੋਤਾ ਇਸ ਦਾ ਵਾਹਣ ਹੈ, ਇਹ ਜਾਤ ਦੀ ਚੰਡਾਲ ਅਥਵਾ ਚੂਹੜੀ ਹੈ। ਇਸ ਦਾ ਵਾਸਾ ਕਿੱਕਰ ਦੇ ਬ੍ਰਿਛ ਉਤੇ ਹੈ।[381] ਬਹੁਰਿ ਸੀਤਲਾ ਬਾਈ ਆਈ॥[382]

**ਸੀਤਾ-** ਸੀਤਾ ਮਿਥਲਾ ਦੇ ਰਾਜਾ ਜਨਕ ਦੀ ਪੁਤਰੀ ਅਤੇ ਅਜੁਧਿਆ ਦੇ ਰਾਜਾ ਰਾਮ ਦੀ ਪਤਨੀ ਸੀ। ਇਸਦਾ ਪਵਿਤਰ ਉਚ ਆਚਾਰ, ਹਿੰਦੂ ਇਸਤਰੀ ਲਈ ਆਦਰਸ਼ ਬਣਿਆ ਰਿਹਾ ਹੈ।[383] ਸੀਅ ਸੀਤਾ ਪੁਨਿ ਸਤਰਘਨ ਅਉਰ ਸਾਤਨੁ ਜਾਨ॥[384]

**ਸੀਤਾ ਕੁੰਡ-** ਸੈਦਪੁਰ ਵਿਚ ਸੀਤਾ ਨਾਲ ਸੰਬੰਧਿਤ ਇਕ ਕੁੰਡ, ਧਾਰਨਾ ਹੈ ਕਿ ਬਨਬਾਸ ਦੇ ਦਿਨਾਂ ਵਿਚ ਰਾਮ ਚੰਦਰ ਉਥੇ ਕੁਝ ਦਿਨਾਂ ਲਈ ਠਹਿਰੇ ਸਨ।[385] ਔਰ ਪਾਪ ਨਾਸਨੀ ਸੁ ਚੰਮਲਿ ਮਹਾਨ ਗੰਗਾ ਰਾਮ ਕੁੰਡ ਸੀਤਾ ਕੁੰਡ ਲਖਮਣ ਮਾਨੀਐ॥[386]

**ਸੀਤਾ ਪਤੀ (ਰਾਮ)-** ਰਾਮ ਚੰਦਰ (ਦੇਖੋ) ਸੀਤਾ ਦਾ ਪਤੀ ਹੋਣ ਕਰਕੇ ਸੀਤਾਪਤੀ ਵੀ ਕਿਹਾ ਜਾਂਦਾ ਹੈ। ਸੀਤਾ ਪਤੀ ਕੀਸ ਜਾਕੇ ਪਰੈਂ ਪਾਇ॥[387]

**ਸੀਤਾਪੁਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਨਗਰ ਦਾ ਨਾਮ। ਇਸ ਦੇ ਨਾਲ ਹੋਰ ਨਾਮ ਕਾਲਪਨਿਕ ਭਾਸਦੇ ਹਨ। ਸੀਤਾਪੁਰਿ ਇਕ ਨਗਰ ਪਨੀਤ ਸੁ ਜਾਨਿਯੈ॥[388]

---

[381] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਤੀਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 380.

[382] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1425.

[383] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 51-52.

[384] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 12.

[385] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 384.

[386] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 58.

[387] ਉਹੀ, ਪਤਰਾ 115.

**ਸੀਤਾਰਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਜੈਦਰਥ ਸੀਤਾਰਾਮ॥[389]

**ਸੀਲਸਾਂਤਿਨਧ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਿਰੀਨਗਰ (ਦੇਖੋ) ਦਾ ਰਾਜਾ। ਸੀਲ ਸਾਂਤਿਨਿਧ ਭੂਪ ਸੁ ਜਾਨ॥[390]

**ਸੀਲਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ। ਸੀਲਾ ਪਰਬਤਿ ਆਇ ਪੁਨਿ ਜਾਇ ਕਵੀ ਬਲਿਹਾਰ॥12॥[391]

**ਸੀਲਾਪੁਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਨਗਰ ਦਾ ਨਾਮ, ਜਿਥੋਂ ਦਾ ਰਾਜਾ ਕੰਕਾ ਕਰਨ (ਦੇਖੋ) ਸੀ। ਸੀਲਾਪੁਰ ਤਹ ਨਗਰ ਥਾ ਉਤਰਿ ਦਿਸਾ ਵਿਸਾਲ॥[392]

**ਸੁਕਦੇਵ (ਸੁਕਦੇਉ)-** ਰਿਸ਼ੀ ਵਿਆਸ ਦਾ ਪੁਤਰ, ਜਿਸਨੂੰ ਸੁਕ, ਸੁਕਦੇਵ, ਸੁਖਦੇਵ ਆਦਿ ਵੀ ਕਿਹਾ ਜਾਂਦਾ ਹੈ। ਇਸ ਦਾ ਜਨਮ ਘ੍ਰਿਤਾਚੀ ਨਾਂ ਦੀ ਅਪਛ੍ਰਾ ਦੇ ਪੇਟੋਂ ਹੋਇਆ ਅਤੇ ਇਹ ਬਹੁਤ ਵਿਦਵਾਨ ਮੰਨਿਆ ਜਾਂਦਾ ਹੈ। ਇਸ ਨੇ ਰਾਜੇ ਜਨਕ ਪਾਸੋਂ ਬ੍ਰਹਮ-ਵਿਦਿਆ ਲਈ।[393] ਤਿਨ ਕੀ ਮਹਿਮਾ ਸੁਕਦੇਵ ਕਹੀ॥[394]

**ਸੁਕਪਿਤਾ (ਸੁਕਦੇਵ ਦਾ ਪਿਤਾ)-** ਸੁਕਦੇਵ (ਦੇਖੋ) ਦਾ ਪਿਤਾ ਹੋਣ ਕਰਕੇ ਵਿਆਸ (ਦੇਖੋ) ਰਿਸ਼ੀ ਨੂੰ ਸੁਕਪਿਤਾ ਕਿਹਾ ਗਿਆ ਹੈ। ਗਰੁੜ ਸੁ ਮਾਰਕੰਡੇ ਸੁਕਪਿਤਾ ਪਾਪ ਖੰਡੇ ਚੱਕਰ ਸੁਹਾਮਣੇ ਪੁਸਕਰ ਮਾਨੀਐ॥[395]

---

388 ਉਹੀ, ਪਤਰਾ 1695.

389 ਉਹੀ, ਪਤਰਾ 595.

390 ਉਹੀ, ਪਤਰਾ 172.

391 ਉਹੀ, ਪਤਰਾ 1090.

392 ਉਹੀ, ਪਤਰਾ 984.

393 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 56.

394 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 397.

395 ਉਹੀ, ਪਤਰਾ 57.

**ਸੁੱਕ੍ਰ-** ਸ਼ੁਕ੍ਰ ਗ੍ਰਹਿ ਦਾ ਮਾਨਵੀਕਰਨ ਕੀਤਾ ਹੋਇਆ। ਇਸ ਦਾ ਰੰਗ ਸਫੇਦ ਹੈ।[396] ਸੁੱਕ੍ਰਕਾ ਮੇਡਕ ਪਹਿਚਾਨਹੁ॥42॥[397]

**ਸੁਖ ਸਾਗਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਠਾਰ੍ਹਾਂ ਰਾਜਿਆਂ (ਦੇਖੋ) ਵਿਚੋਂ ਇਕ ਰਾਜੇ ਦਾ ਨਾਮ। ਸੁਖ ਸਾਗਰ ਅਸਟਮਿ ਪਹਚਾਨਹੁ॥[398]

**ਸੁਖਚੈਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਠਾਰ੍ਹਾਂ ਰਾਜਿਆਂ (ਦੇਖੋ) ਵਿਚੋਂ ਇਕ ਰਾਜੇ ਦਾ ਨਾਮ। ਪੁਨਿ ਸੁਖ ਚੈਨ ਸੁ ਤੀਸਰ ਕਹਯੈ॥[399]

**ਸੁਖਚੈਨ ਰਖੀਸਰ-** ਘਿਰਨਾ (ਘਿਰਨੇ) ਪਰਬਤ ਉਤੇ ਜਿਸ ਰਿਖੀਸਰ ਨਾਲ ਗੁਰੂ ਜੀ ਦੀ ਗੋਸ਼ਟਿ ਹੋਈ ਸੀ।[400] ਘਿਰਨੇ ਗਿਰ ਮੈ ਗੁਰ ਆਇ ਬਲੀ ਸੁਖਚੈਨ ਰਖੀਸਰ ਪਾਸ ਅਗਾਮੀ॥[401]

**ਸੁਖਨੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੰਗਾ ਵਿਖੇ ਮਿਲਣ ਵਾਲਾ ਇਕ ਗੁਰੂ ਨਾਨਕ ਦੇਵ ਜੀ ਦੇ ਸਿਖ ਦਾ ਨਾਮ। ਇਕ ਸਿਖ ਪੁਨਿ ਤਹਿ ਆਇਯੋ ਨਾਮ ਤਾਹਿ ਸੁਖ ਨੰਦ॥[402]

**ਸੁਖਰਾਜ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਸਿਆਲਕੋਟ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[403] ਮਾਮਾ ਨੰਦ ਰਾਮ ਚੰਦ ਚਿਮਨਾ ਬਿਹਾਰੀਲਾਲ ਔਰ ਸੁਖਰਾਜ ਮਨਰਾਜ ਉਰ ਆਨੀਐ॥[404]

---

396 Michael Jordan, *Dictionary of Gods And Goddesses,* Facts On File, Inc. New York, Second Edition, 2004, Page 295.

397 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1425.

398 ਉਹੀ, ਪਤਰਾ 1323.

399 ਉਹੀ, ਪਤਰਾ 1322.

400 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 56.

401 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1092.

402 ਉਹੀ, ਪਤਰਾ 831.

403 ਉਹੀ, ਪਤਰਾ 1783.

404 ਉਹੀ.

**ਸੁਖਰਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਸਿਧਰਾਮ ਸਿਤਾਬ ਨਿਧਾ ਪਰਸਾ ਸੁਖਰਾਮ ਸੁਖੂ ਬਲਿਰਾਮ ਸੁ ਆਏ॥[405]

**ਸੁਖਰੂਪ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਚਤੁਰਬੈਨ ਸੁਖਰੂਪ ਅਨੰਦ॥[406]

**ਸੁਖਾਮਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਅੱਗਰਮੱਲ ਸੁਖਾਮਲ ਰਾਘਵ ਜੈਮਲ ਜਾ ਤੁਰਸਾ ਹਰਸਾ ਹੈ॥[407]

**ਸੁਖੂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਸਿਧਰਾਮ ਸਿਤਾਬ ਨਿਧਾ ਪਰਸਾ ਸੁਖਰਾਮ ਸੁਖੂ ਬਲਿਰਾਮ ਸੁ ਆਏ॥[408]

**ਸੁੰਗਰ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬਰਿ ਊਰਮ ਧੂਰਮ ਸੁੰਗਰ ਜੂ ਸੁਰਨਾਥ ਬਲੀ ਭੁਗਤੇ ਕਨਕਾਰੇ॥[409]

**ਸੁਗਿਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕਿਸੇ ਨਦੀ ਦਾ ਨਾਮ। ਜੇਲਵ ਰਾਵੀ ਤੁੰਗਭਦਰਾ ਸੁ ਭਾਵੀ ਸਿੰਧ ਟੌਸ ਸਰਜੂ ਸੁਗਿਰੀ ਉਰਿ ਆਨੀਐ॥[410]

**ਸੁਤੀਖਣ ਰਿਸ਼ੀ-** ਇਕ ਰਿਸ਼ੀ ਇਸ ਦਾ ਨਾਮ ਸੁਤੀਕ੍ਸ਼ਣ ਮਿਲਦਾ ਹੈ। ਇਹ ਦੰਡਕ ਬਣ ਵਿਚ ਰਹਿੰਦਾ ਸੀ। ਰਾਮਚੰਦ੍ਰ ਤੇ ਸੀਤਾ ਬਣਵਾਸ ਸਮੇਂ ਇਸ ਦੇ ਆਸ਼ਰਮ ਵਿਚ ਵੀ ਗਏ ਸੀ।[411] ਬਹੁਰਿ ਸੁਤੀਖਣ ਬ੍ਰਹਮ ਬਿਚਾਰੀ॥[412]

---

[405] ਉਹੀ, ਪਤਰਾ 594.

[406] ਉਹੀ, ਪਤਰਾ 247.

[407] ਉਹੀ, ਪਤਰਾ 594.

[408] ਉਹੀ.

[409] ਉਹੀ, ਪਤਰਾ 246.

[410] ਉਹੀ, ਪਤਰਾ 57.

[411] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 132.

**ਸੁੰਦਰ ਸੈਣ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਠਾਰ੍ਹਾਂ ਰਾਜਿਆਂ (ਦੇਖੋ) ਵਿਚੋਂ ਇਕ ਰਾਜੇ ਦਾ ਨਾਮ। ਸੁੰਦਰ ਸੈਣਿ ਅਠਾਰਵਾ ਭੂਪਤਿ ਜਾਨ ਮਹਾਨ॥34॥[413]

**ਸੁੰਦਰ ਸੈਣ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਬਿਸੀਹਰ ਦੇਸ ਦਾ ਰਾਜਾ। ਜਿਸ ਨੂੰ ਗੁਰੂ ਜੀ ਨੇ ਤਿੰਨ ਦੀਪਾਂ ਅਤੇ 100 ਟਾਪੂਆਂ ਦਾ ਰਾਜ ਬਖਸ਼ਿਆ ਸੀ। ਸੁੰਦਰ ਸੈਣਿ ਨਿਰਪ ਹੈ ਜੋਇ॥[414]

**ਸੁੰਦਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਇਕ ਪੁਨਿ ਆਈ ਭਾਮਨੀ ਨਾਮੁ ਸੁੰਦਰੀ ਤਾਹਿ॥10॥[415]

**ਸੁਦਾਮਾ-** ਇਕ ਗਰੀਬ ਬ੍ਰਾਹਮਣ, ਜੋ ਕ੍ਰਿਸ਼ਨ ਦਾ ਮਿਤ੍ਰ ਤੇ ਗੁਰਭਾਈ ਸੀ। ਜਦੋਂ ਕ੍ਰਿਸ਼ਨ ਕੰਸ ਨੂੰ ਮਾਰ ਕੇ ਰਾਜ ਗੱਦੀ ਉਤੇ ਬਿਰਾਜਮਾਨ ਹੋਏ, ਤਾਂ ਸੁਦਾਮਾ ਦੀ ਪਤਨੀ ਨੇ ਉਸਨੂੰ ਕ੍ਰਿਸ਼ਨ ਪਾਸ ਦੁਆਰਕਾ ਜਾਣ ਦੀ ਪ੍ਰੇਰਨਾ ਦਿਤੀ। ਸੁਦਾਮਾ ਕ੍ਰਿਸ਼ਨ ਕੋਲ ਖਾਲੀ ਹੱਥ ਨਹੀਂ ਸੀ ਜਾਣਾ ਚਾਹੁੰਦਾ। ਸੋ ਉਸ ਦੀ ਪਤਨੀ ਨੇ ਇਕ ਪੋਟਲੀ ਵਿਚ ਸੱਤੂ ਬੰਨ੍ਹ ਦਿਤੇ। ਦੁਆਰਕਾ ਜਾ ਕੇ ਸੁਦਾਮਾ ਘਬਰਾ ਗਿਆ ਕਿ ਖਬਰੇ ਕ੍ਰਿਸ਼ਨ ਉਸ ਨੂੰ ਪਛਾਣਦੇ ਵੀ ਹਨ ਕਿ ਨਹੀਂ। ਪਰ ਸੁਦਾਮੇ ਨੂੰ ਵੇਖਦੇ ਸਾਰ ਕ੍ਰਿਸ਼ਨ ਆਸਣ ਤੋਂ ਉਠ ਕੇ ਸੁਦਾਮੇ ਨੂੰ ਅੱਗੋਂ ਲੈਣ ਵਾਸਤੇ ਗਏ ਅਤੇ ਉਹ ਦੇ ਹੱਥੋਂ ਸੱਤੂਆਂ ਵਾਲੀ ਪੋਟਲੀ ਖੋਹ ਕੇ, ਪਿਆਰ ਨਾਲ ਖਾਣ ਲਗੇ। ਕੁਝ ਚਿਰ ਪਿਛੋਂ ਜਦੋਂ ਸੁਦਾਮਾ ਘਰ ਵਾਪਸ ਪੁਜਾ ਤਾਂ ਅਗੇ ਝੁੱਗੀ ਦੀ ਥਾਂ ਮਹਿਲ ਖੜਾ ਸੀ, ਜਿਸ ਵਿਚ ਸੁਖ ਭੋਗਾਂ ਦੀ ਹਰ ਵਸਤੂ ਤੇ ਧਨ ਦੌਲਤ ਮੌਜੂਦ ਸੀ।[416] ਕ੍ਰਿਸਨ ਪਾਸ ਜਬ ਗਯੋ ਸੁਦਾਮਾ॥[417]

**ਸੁਦਿਨਮਾ-** ਇਹ ਮਨੂ ਵੈਵਸਵਤ ਦਾ ਪੁਤਰ ਸੀ। ਜਨਮ ਵੇਲੇ ਇਹ ਲੜਕੀ ਸੀ ਤੇ ਇਸ ਦਾ ਨਾਂ ਇਲਾ ਸੀ, ਪਰ ਬਾਅਦ ਵਿਚ ਇਹ ਆਦਮੀ ਬਣ ਗਿਆ ਅਤੇ ਇਸ ਦਾ ਨਾਂ ਸੁਦਿਨਮਾ ਰਖਿਆ ਗਿਆ। ਸ਼ਿਵ ਦੇ ਸਰਾਪ ਨਾਲ ਇਹ ਫੇਰ ਲੜਕੀ ਬਣ ਗਿਆ ਅਤੇ ਇਸ ਦਾ ਵਿਆਹ ਬੁਧਿ ਨਾਲ ਹੋਇਆ। ਇਹ ਪੁਰੂਰਵਾ

---

[412] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1628.

[413] ਉਹੀ, ਪਤਰਾ 1323.

[414] ਉਹੀ, ਪਤਰਾ 1315.

[415] ਉਹੀ, ਪਤਰਾ 1045.

[416] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਚੌਥੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2004, ਪੰਨਾ 402.

[417] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 528.

ਦੀ ਮਾਂ ਸੀ। ਵਿਸ਼ਨੂੰ ਦੀ ਕਿਰਪਾ ਨਾਲ ਇਹ ਫੇਰ ਆਦਮੀ ਬਣ ਗਈ। ਸੁਦਿਨਮਾ ਦੇ ਘਰ ਤਿੰਨ ਲੜਕੇ ਹੋਏ। ਚੰਦ੍ਰਵੰਸ਼ੀ ਰਾਜਿਆਂ ਦੀ ਉਤਪਤੀ ਬਾਰੇ ਇਹੋ ਕਹਾਣੀ ਪ੍ਰਸਿਧ ਹੈ।[418] ਗੁਰੂ ਨਾਨਕ ਵਿਜੈ ਗ੍ਰੰਥ ਵਿਚ ਇਸ ਦਾ ਜ਼ਿਕਰ ਸ਼ਿਵਾਲੈ ਤੀਰਥ (ਦੇਖੋ) ਦੇ ਪ੍ਰਸੰਗ ਵਿਚ ਕੀਤਾ ਗਿਆ ਹੈ। ਇਹ ਘੇਲੀ (ਦੇਖੋ) ਦੇ ਪੁਰਸ਼ ਰੂਪ ਦਾ ਨਾਮ ਹੈ। ਸੁਦਿਨਮਾ ਨਾਮ ਤਾਹਿ ਕਾ ਧਰਿਓ॥[419]

**ਸੁਧ ਸਭਾਲਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਠਾਰ੍ਹਾਂ ਰਾਜਿਆਂ (ਦੇਖੋ) ਵਿਚੋਂ ਇਕ ਰਾਜੇ ਦਾ ਨਾਮ। ਸੁਧ ਸਭਾਲਕਾ ਦਸਵਾ ਜਾਨ॥[420]

**ਸੁਧੂ/ਸੁਧਾ-** ਰਾਇ ਭੋਏ ਦੀ ਤਲਵੰਡੀ ਦੇ ਚੌਧਰੀ ਰਾਇ ਬੁਲਾਰ ਦਾ ਲਾਗੀ (ਕੰਮ-ਕਾਰ ਕਰਨ ਵਾਲਾ)। ਇਹ ਜਾਤ ਦਾ ਬ੍ਰਹਮਣ ਦਸਿਆ ਗਿਆ ਹੈ।[421] ਸੁਧੂ ਵਾਚ॥ ਸਲੋਕੁ॥ ਖੇਤ ਬਿਗਾਨਾ ਏਹੁ ਹੈ ਕੈਸੇ ਦੇਵਊ ਖਾਣ॥[422]

**ਸੁਨਚੀ-** ਧ੍ਰੂਅ (ਦੇਖੋ) ਦੀ ਮਾਤਾ। ਇਸ ਦਾ ਨਾਮ ਸੁਨੀਤੀ ਜਾਂ ਸੁਨ੍ਰਿਤਾ ਮਿਲਦਾ ਹੈ। ਸੁਨਚੀ ਨਾਮ ਦੂਸਰੀ ਕਹਯੈ॥[423]

**ਸੁਨਾਮ-** ਰਿਆਸਤ ਪਟਿਆਲੇ ਵਿਚ ਇਕ ਪੁਰਾਣਾ ਸ਼ਹਿਰ ਹੈ। ਇਸ ਦੀ ਨਜਾਮਤ, ਤਸੀਲ ਅਤੇ ਥਾਣਾ ਖਾਸ ਸੁਨਾਮ ਹੈ। ਇਸ ਸ਼ਹਿਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਨੇ ਜਦੋਂ ਇਥੇ ਚਰਣ ਪਾਏ ਤਾਂ ਸ਼ਹਿਰੋਂ ਬਾਹਰ ਨਦੀ ਕਿਨਾਰੇ ਪਹਿਲਾਂ ਠਹਿਰੇ। ਇਥੋਂ ਦੇ ਲਾਹੜੇ ਖਤ੍ਰੀਆਂ ਨੇ ਗੁਰੂ ਜੀ ਦੀ ਸੇਵਾ ਕੀਤੀ ਅਤੇ ਆਪਣੇ ਘਰ ਵਿਚ ਗੁਰੂ ਜੀ ਨੂੰ ਲਿਆਏ। ਜਿਥੇ ਹੁਣ ਗੁਰਦੁਆਰਾ ਹੈ।[424] ਅਣਦਾਣੇ ਤੇ ਸਤਿਗੁਰੂ ਆਏ ਬਹੁਰਿ ਸੁਨਾਮ॥[425]

---

[418] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 130.

[419] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1552.

[420] ਉਹੀ, ਪਤਰਾ 1323.

[421] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 57.

[422] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 354.

[423] ਉਹੀ, ਪਤਰਾ 1077.

[424] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 215.

**ਸੁਪਨਖਾ-** ਇਹ ਰਾਵਣ ਦੀ ਭੈਣ ਸੀ। ਇਹ ਰਾਮ ਦੀ ਸੁਹਪਣ ਤੇ ਮੋਹਤ ਹੋ ਗਈ ਸੀ। ਜਦੋਂ ਇਸ ਨੇ ਰਾਮ ਦੇ ਨੇੜੇ ਹੋਣ ਦੀ ਕੋਸ਼ਿਸ਼ ਕੀਤੀ ਤਾਂ ਰਾਮ ਨੇ ਇਸ ਨੂੰ ਲਕਸ਼ਮਣ ਕੋਲ ਜਾਣ ਲਈ ਪ੍ਰੇਰਿਆ, ਪਰ ਜਦੋਂ ਇਹ ਲਕਸ਼ਮਣ ਕੋਲ ਗਈ ਤਾਂ ਉਸ ਨੇ ਵੀ ਰਾਮ ਵਲ ਜਾਣ ਲਈ ਕਹਿ ਕੇ ਟਾਲ ਦਿਤਾ। ਇਸ ਤਰ੍ਹਾਂ ਦੋਨਾਂ ਪਾਸਿਆਂ ਤੋਂ ਠੁਕਰਾਏ ਜਾਣ ਤੇ ਇਸ ਨੂੰ ਬੜਾ ਗੁਸਾ ਚੜਿਆ ਅਤੇ ਇਸ ਨੇ ਆਪਣਾ ਗੁਸਾ ਸੀਤਾ ਤੇ ਕਢਣਾ ਚਾਹਿਆ। ਰਾਮ ਮਜ਼ਬੂਰ ਹੋ ਕੇ ਆਪਣੀ ਪਤਨੀ ਦੀ ਰਖਿਆ ਲਈ ਆ ਗਏ ਅਤੇ ਉਨ੍ਹਾਂ ਨੇ ਲਕਸ਼ਮਣ ਨੂੰ ਬੁਲਾਇਆ ਤਾਂ ਕਿ ਉਹ ਇਸ ਦੀ ਸ਼ਕਲ ਨੂੰ ਵਿਗਾੜ ਦੇਵੇ। ਲਕਸ਼ਮਣ ਨੇ ਇਸ ਦਾ ਨੱਕ ਤੇ ਦੋਨੋਂ ਕੰਨ ਕੱਟ ਦਿਤੇ। ਇਹ ਰੋਂਦੀ ਪਿਟਦੀ ਆਪਣੇ ਭਰਾਵਾਂ ਕੋਲ ਗਈ ਅਤੇ ਇਸੇ ਕਾਰਨ ਰਾਮ ਤੇ ਰਾਵਣ ਦੀ ਲੜਾਈ ਹੋਈ। ਇਸ ਨੇ ਰਾਵਣ ਅਗੇ ਸੀਤਾ ਦੀ ਸੁਹਪਣ ਦੀ ਬਹੁਤ ਤਾਰੀਫ਼ ਕੀਤੀ ਅਤੇ ਉਸ ਨੂੰ ਸੀਤਾ ਚੁਰਾਉਣ ਲਈ ਉਕਸਾਇਆ।[426] ਸੁਪਨਖਾ ਬਦਲੈ ਸੁਖਦਾਈ॥[427]

**ਸੁੰਭ ਨਿਸੁੰਭ-** ਇਹ ਦੋਵੇਂ ਭਰਾ ਅਸੁਰ ਸਨ ਅਤੇ ਇਨ੍ਹਾਂ ਨੂੰ ਦੁਰਗਾ ਨੇ ਮਾਰਿਆ ਸੀ। ਇਨ੍ਹਾਂ ਨੇ ਅਮਰਤਾ ਪ੍ਰਾਪਤ ਕਰਨ ਲਈ 5000 ਵਰ੍ਹੇ ਸ਼ਿਵ ਦੀ ਬੜੀ ਘੋਰ ਤਪੱਸਿਆ ਕੀਤੀ। ਸ਼ਿਵ ਨੇ ਇਹ ਵਰ ਦੇਣ ਤੋਂ ਇਨਕਾਰ ਕਰ ਦਿਤਾ ਤਾਂ ਇਨ੍ਹਾਂ ਨੇ 800 ਵਰ੍ਹੇ ਹੋਰ ਬੜੀ ਕਠਿਨ ਤਪੱਸਿਆ ਕੀਤੀ। ਇਨ੍ਹਾਂ ਦੋਨਾਂ ਦੀ ਤਪੱਸਿਆ ਕਾਰਨ ਏਨੀ ਤਾਕਤ ਵਧ ਗਈ ਕਿ ਦੇਵਤਾ ਬੜੇ ਡਰ ਗਏ। ਇੰਦ੍ਰ ਦੀ ਸਲਾਹ ਨਾਲ ਕਾਮਦੇਵਤਾ ਰੰਭਾ ਤੇ ਤਿਲੋਤਮਾ ਨਾਂ ਦੀਆਂ ਦੋ ਅਪੱਛਰਾਵਾਂ ਨਾਲ ਇਨ੍ਹਾਂ ਕੋਲ ਗਿਆ ਅਤੇ ਇਨ੍ਹਾਂ ਦਾ ਤਪ ਭੰਗ ਕਰਨ ਵਿਚ ਸਫਲ ਹੋ ਗਿਆ। ਦੋਨੋਂ ਅਸੁਰ 5000 ਸਾਲ ਲਈ ਇਨ੍ਹਾਂ ਅਪੱਛਰਾਵਾਂ ਨਾਲ ਐਸ਼ਇਸ਼ਰਤ ਵਿਚ ਲਗੇ ਰਹੇ। ਇਸ ਤੋਂ ਬਾਅਦ ਇਹ ਦੋਵੇਂ ਬਿਲਾਸੀ ਜੀਵਨ ਨੂੰ ਛਡਕੇ ਅਤੇ ਅਪੱਛਰਾਵਾਂ ਨੂੰ ਸਵਰਗ ਚ ਵਾਪਸ ਭੇਜਕੇ ਤਪੱਸਿਆ ਵਿਚ ਫੇਰ ਲੀਨ ਹੋ ਗਏ। ਇਕ ਹਜ਼ਾਰ ਸਾਲ ਬਤੀਤ ਹੋਣ ਤੋਂ ਬਾਅਦ ਸ਼ਿਵ ਨੇ ਆਸ਼ੀਰਵਾਦ ਦਿਤਾ ਕਿ ਬਲ ਤੇ ਤਾਕਤ ਵਿਚ ਤੁਸੀਂ ਦੇਵਤਿਆਂ ਨਾਲੋਂ ਵਧ ਜਾਉਗੇ। ਬਲ ਪ੍ਰਾਪਤੀ ਤੋਂ ਬਾਦ ਇਨ੍ਹਾਂ ਨੇ ਦੇਵਤਿਆਂ ਨਾਲ ਲੜਾਈ ਕੀਤੀ ਅਤੇ ਦੇਵਤਿਆਂ ਨੇ ਨਿਰਾਸ ਹੋ ਕੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਕੋਲ ਬੇਨਤੀਆਂ ਕੀਤੀਆਂ, ਪਰ ਕੁਝ ਨਾ ਬਣਿਆ। ਸ਼ਿਵ ਨੇ ਦੁਰਗਾ ਕੋਲ ਜਾ ਕੇ ਸਹਾਇਤਾ ਕਰਨ ਦੀ ਬੇਨਤੀ

---

[425] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 686.

[426] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 136-137.

[427] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1578.

ਕਰਨ ਲਈ ਕਿਹਾ। ਦੇਵੀ ਨੇ ਅਸੁਰਾਂ ਨੂੰ ਲੜਾਈ ਕਰਨ ਲਈ ਤਿਆਰ ਕੀਤਾ, ਇਨ੍ਹਾਂ ਦੀ ਫ਼ੌਜ ਨੂੰ ਹਰਾਇਆ, ਇਨ੍ਹਾਂ ਦੇ ਸੈਨਾਪਤੀਆਂ ਚ਼ੰਡ ਤੇ ਮੁੰਡ ਨੂੰ ਕਤਲ ਕਰ ਦਿਤਾ ਅਤੇ ਅੰਤ ਤੇ ਇਨ੍ਹਾਂ ਦੋਵਾਂ ਨੂੰ ਵੀ ਮਾਰ ਦਿਤਾ।[428] ਸੁੰਭ ਨਿਸੁੰਭ ਬਲੀ ਤੈ ਮਾਰੇ॥[429]

**ਸੁਭਦ੍ਰਾ-** ਦੁਨੀ ਚੰਦ (ਦੇਖੋ) ਦੀ ਪਤਨੀ। ॥ਸੁਭਦ੍ਰੋ ਵਾਚ॥ ਸੁਈ ਦੇਹੁ ਕਹਾ ਤੇ ਲਯਾਯੋ॥ ਤਬ ਤਿਨ ਸੋ ਬਰਤਾਤਿ ਸੁਣਾਯੋ॥56॥[430]

**ਸੁਰ ਨੰਦ-** ਇਕ ਟਾਪੂ (ਦੇਖੋ) ਦਾ ਨਾਮ। ਬਹੁਰਿ ਸਤਾਈਸਮੋ ਸੁਰ ਨੰਦ॥[431]

**ਸੁਰ ਪੁਰਿ-** ਬੈਕੁੰਠ ਦਾ ਹੀ ਇਕ ਨਾਮ। ਸੁਰ ਪੁਰਿ ਕਾ ਪੁਨਿ ਮਗੁ ਲਯੋ ਕਰੈ ਸੰਤ ਜਹ ਸੇਉ॥12॥[432]

**ਸੁਰਸਤੀ-** ਸਰਸ੍ਵਤੀ (ਦੇਖੋ) ਦਾ ਇਕ ਨਾਮ। ਜੜਿ ਚੇਤਨ ਵਿਸ੍ਵ ਕੀ ਸੁ ਆਗਾਰੇ॥ ਵਹੀ ਸਰਸੁਤੀ ਭਈ ਉਦਾਰੇ॥15॥[433]

**ਸੁਰਸਿੰਧ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਜੇ ਕਉਲ ਨੈਨ ਦਾ ਪਿਤਾ। ਬੇਟਾ ਸੋ ਸੁਰਸਿੰਧ ਕਉਲ ਨੈਨ ਭੂਪਾਲ॥[434]

**ਸੁਰਚੀ-** ਉਤਾਨਪਾਦ (ਦੇਖੋ) ਦੀ ਪਤਨੀ ਅਤੇ ਧ੍ਰੂਅ (ਦੇਖੋ) ਦੀ ਮਤਰੇਈ ਮਾਂ। ਸੁਰਚੀ ਨਾਮ ਏਕ ਕਾ ਜਾਨ॥[435]

**ਸੁਰਤਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਮੀਰਾ ਬਾਈ (ਦੇਖੋ) ਦਾ ਪਿਛਲੇ ਜਨਮ ਵਿਚ ਇਹ ਨਾਮ ਸੀ। ਸੁਰਤਾ ਦੇ ਪਿਤਾ ਦਾ ਨਾਮ ਗੁਰ ਠਾਕੁਰ ਸੀ ਅਤੇ ਮਾਤਾ ਦਾ ਨਾਮ ਬਿਰਤਾ ਸੀ। ਇਹ ਬ੍ਰਹਮਣ ਪਰਿਵਾਰ ਵਿਚ ਪੈਦਾ ਹੋਈ ਸੀ। ਗੁਰ ਠਾਕੁਰ ਦੀ ਮੌਤ ਇਸ ਦੇ ਪੈਦਾ ਹੋਣ ਤੋਂ ਬਾਅਦ ਹੋ ਗਈ ਸੀ, ਜਿਸ ਕਰਕੇ ਇਸ

---

428 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 133.

429 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 18.

430 ਉਹੀ, ਪਤਰਾ 757.

431 ਉਹੀ, ਪਤਰਾ 1318.

432 ਉਹੀ, ਪਤਰਾ 881.

433 ਉਹੀ, ਪਤਰਾ ਨੰ 2.

434 ਉਹੀ, ਪਤਰਾ 1338.

435 ਉਹੀ, ਪਤਰਾ 1077.

ਦੀ ਮਾਤਾ ਇਸ ਨੂੰ ਅਭਾਗਣ ਸਮਝਦੀ ਸੀ, ਉਹ ਨਿਤ ਸੁਰਤਾ ਨੂੰ ਮੇਹਣੇ ਦਿੰਦੇ ਰਹਿੰਦੀ ਸੀ। ਇਕ ਦਿਨ ਸੁਰਤਾ ਘਰ-ਬਾਰ ਤਿਆਗ ਕੇ ਤਪ ਕਰਨ ਚਲੀ ਗਈ ਰਸਤੇ ਵਿਚ ਉਸਨੂੰ ਭਾਰਦੁਆਜ ਰਿਸ਼ੀ ਨੇ ਮੰਤਰ ਦਸਿਆ। ਇਸ ਨੇ ਇਕ ਹਜਾਰ ਸਾਲ ਤਪ ਕੀਤਾ ਅਤੇ ਅਗਲੇ ਜਨਮ ਵਿਚ ਮੀਰਾ ਬਾਈ ਦੇ ਰੂਪ ਵਿਚ ਅਵਤਾਰ ਧਾਰਨ ਕੀਤਾ ਤੇ ਨਾਨਕੀ ਮੀਰਾ ਬਾਈ ਦਾ ਅਵਤਾਰ ਸੀ।[436] ਸੁਰਤਾ ਇਹੁ ਨਾਮ ਹੁਤੀ ਦੁਹਿਤਾ ਤਿਸਕੀ ਗੁਰ ਅੰਗਦ ਆਪ ਪਛਾਨੋ॥[437]

**ਸੁਰਤਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਬੰਦਰਗਾਹ (ਦੇਖੋ) ਦਾ ਨਾਮ। ਸੁਰਤਿ ਤਿਰਤਿ ਦੂਸਰਾ ਜਾਨ॥[438]

**ਸੁਰਤਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬਹੁਰੋ ਅਠਾਰਵੇ ਸੁਰਤਿ ਸਿਧ ਅਨਮਾਨ ਕੇਵਲ ਕਰਨ ਸੋ ਉਨੀਸਵੋ ਤੂੰ ਮਾਨ ਸੋ॥[439]

**ਸੁਰਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨੌਂ ਨਾਥਾਂ (ਦੇਖੋ) ਅਤੇ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਦਾ ਨਾਮ। ਅਸਟਮਿ ਪੁਨਿ ਸੁਰਨਾਥ ਸੁ ਮਾਨੋ॥[440]

**ਸੁਰਪਤਿ-** ਇੰਦਰ (ਦੇਖੋ) ਦਾ ਇਕ ਨਾਮ। ਸੁਰਪਤਿ ਕੋ ਭਈ ਆਗਿਆ ਬੇਗ ਬਿਬਾਨ ਪਠਾਇ॥[441]

**ਸੁਰਿੰਦ੍ਰ (ਦੇਵਤਾ)-** ਦੇਵਤਿਆਂ ਦਾ ਸੁਆਮੀ, ਜੋ ਕਿ ਇੰਦਰ (ਦੇਖੋ) ਹੈ। ਦੇਵਨ ਮਾਹਿ ਸੁਰਿੰਦ੍ਰ ਤੈਸੋ॥[442]

**ਸੁਰੇਸੀ (ਸੁਰਸਾ)-** 1. ਤੁਲਸੀ। ਇਹ ਕਿਸੇ ਕਿਸੇ ਮਤ ਵਿਚ ਦੁਰਗਾ ਦਾ ਵੀ ਇਕ ਨਾਮ ਹੈ। 2. ਨਾਗਮਾਤਾ ਦਾ ਨਾਮ ਵੀ ਸੁਰਸਾ ਲਿਖਿਆ ਮਿਲਦਾ ਹੈ। ਵਾਲਮੀਕੀ ਰਮਾਇਣ ਵਿਚ ਇਸ ਦਾ ਉਲੇਖ ਹਨੂਮਾਨ ਦੇ

---

436 ਉਹੀ, ਪਤਰਾ 398-403.

437 ਉਹੀ, ਪਤਰਾ 398.

438 ਉਹੀ, ਪਤਰਾ 1090.

439 ਉਹੀ, ਪਤਰਾ 1026.

440 ਉਹੀ, ਪਤਰਾ 1025-26.

441 ਉਹੀ, ਪਤਰਾ 1505.

442 ਉਹੀ, ਪਤਰਾ 75.

ਸਾਗਰ ਲੰਘਣ ਵੇਲੇ ਹੁੰਦਾ ਹੈ।[443] ਮੈਨਕਾ ਸੁਰੇਸੀ ਰੰਭਾ ਦੇਖ ਰੂਪ ਹ੍ਵੈ ਅਚੰਭਾ ਕਰੀ ਸਮ ਚਾਲ ਮਾਨੋ ਉਰਬਸੀ ਦੂਸਰੀ॥[444]

**ਸੁਲਖਣੀ-** ਗੁਰੂ ਨਾਨਕ ਸਾਹਿਬ ਦੀ ਧਰਮ-ਸੁਪਤਨੀ, ਜਿਸ ਨੂੰ ਸਿਖ-ਸੰਸਾਰ 'ਮਾਤਾ ਸੁਲਖਣੀ' ਕਹਿ ਕੇ ਸਤਿਕਾਰ ਪ੍ਰਗਟ ਕਰਦਾ ਹੈ। ਇਨ੍ਹਾਂ ਦੇ ਪਿਤਾ ਦਾ ਨਾਂ ਭਾਈ ਮੂਲਾ ਜੀ ਤੇ ਮਾਤਾ ਦਾ ਨਾਂ ਚੰਦੋਰਾਣੀ ਸੀ, ਇਹ ਬਟਾਲੇ ਦੇ ਨਿਵਾਸੀ ਸਨ।[445] ਨਾਮ ਸੁਲਖਣੀ ਤਾਹਿ ਕੋ ਰੂਪ ਰਾਸ ਬੁਧਿਵਾਨ॥[446]

**ਸੁਲਤਾਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਸ ਬਾਲਕ ਨੇ ਗੁਰੂ ਜੀ ਨੂੰ ਹੋਲਾਂ ਭੁੰਨ ਕੇ ਖੁਵਾਈਆਂ ਸਨ ਅਤੇ ਗੁਰੂ ਜੀ ਨੇ ਇਸ ਨੂੰ ਅਸ਼ੀਰਵਾਦ ਦਿਤਾ ਸੀ। ਸੁਲਤਾਨੁ ਤਹਿ ਨਾਮ ਉਦਾਰੇ॥[447]

**ਸੁਲਤਾਨਪੁਰ-** ਮੌਜੂਦਾ ਪੰਜਾਬ ਦੇ ਦੁਆਬੇ ਇਲਾਕੇ ਦੇ ਜਿਲ੍ਹੇ ਕਪੂਰਥਲੇ ਦੀ ਪ੍ਰਸਿਧ ਤਹਿਸੀਲ। ਇਹ ਜਲੰਧਰ ਤੋਂ 28 ਮੀਲ ਦਖਣ-ਪਛਮ ਵਲ ਹੈ। ਸੁਲਤਾਨਪੁਰ ਦਾ ਪੁਰਾਣਾ ਨਾਂ ਤਾਮਸਵਣ (ਕਾਲਾ ਜੰਗਲ) ਸੀ, ਕਿਉਂਕਿ ਇਥੋਂ ਦੀ ਨਦੀ (ਵੇਈਂ) ਦਾ ਪਾਣੀ ਤੇ ਮਿੱਟੀ ਕਾਲੇ ਰੰਗ ਦੇ ਹਨ, ਇਸ ਕਰਕੇ ਇਹ ਨਾਂ ਪਿਆ। ਗਜ਼ਨੀ ਦੇ ਪ੍ਰਸਿਧ ਜਰਨੈਲ ਮਹਿਮੂਦ ਗਜ਼ਨਵੀ ਦੇ ਇਕ ਫੌਜੀ ਜਰਨੈਲ ਸੁਲਤਾਨ ਖਾਂ ਤੋਂ 11ਵੀਂ ਸਦੀ ਵਿਚ, ਇਸ ਦਾ ਨਾਂ ਸੁਲਤਾਨਪੁਰ ਪੈ ਗਿਆ। ਇਸਲਾਮੀ-ਰਾਜ ਵੇਲੇ (ਸੁਲਤਾਨ-ਕਾਲ ਅਤੇ ਮੁਗਲ-ਕਾਲ, ਭਾਵ 1200-1700 ਈ. ਲਗਭਗ) ਇਹ ਵਿਦਿਆ ਦਾ ਗੜ੍ਹ ਰਿਹਾ ਹੈ। ਬਾਦਸ਼ਾਹ ਔਰੰਗਜ਼ੇਬ ਇਥੋਂ ਹੀ ਪੜ੍ਹਿਆ ਸੀ। ਗੁਰੂ ਨਾਨਕ ਸਾਹਿਬ ਦੀ ਵਡੀ ਭੈਣ ਨਾਨਕੀ ਇਥੇ ਹੀ ਨਵਾਬ ਦੌਲਤ ਖਾਂ ਕੋਲ ਨੌਕਰੀ ਕਰਦੇ ਭਾਈ ਜੈ ਰਾਮ ਨਾਲ ਵਿਆਹੀ ਹੋਈ ਸੀ। ਗੁਰੂ ਜੀ ਦੇ ਮੁਢਲੇ ਕਈ ਵਰ੍ਹੇ ਇਥੇ ਹੀ ਬਤੀਤ ਹੋਏ। ਇਥੇ ਗੁਰੂ

---

[443] डा. राजबली पांडेय, *हिन्दू धर्म कोश,* उत्तर प्रदेश संस्थान, उत्तर प्रदेश, दूसरी बार, 1988, पृष्ठ 675.

[444] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 848.

[445] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 60.

[446] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 468.

[447] ਉਹੀ, ਪਤਰਾ 1447.

ਸਾਹਿਬ ਨੇ ਦੌਲਤ ਖਾਨ ਦੇ ਮੋਦੀਖਾਨੇ ਦੀ ਨੌਕਰੀ ਕੀਤੀ ਅਤੇ ਇਥੋਂ ਹੀ ਆਪਣਾ ਮਹਾਨ ਮਿਸ਼ਨ (ਸੰਸਾਰ ਨੂੰ ਸਚ ਦਾ ਸੁਨੇਹਾ ਦੇਣ ਦਾ) ਆਰੰਭਿਆ।[448] ਸੁਲਤਾਨਪੁਰ ਮੈ ਰਹਤਿ ਹੈ ਬਹੁ ਦੂਰਿ ਨਾਹਿ ਸੋਇ॥[449]

**ਸੁਲਿੰਦਰ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਸੰਕਰਜੋਗ ਸੁਲਿੰਦਰ ਨੈਨਿ॥[450]

**ਸੁਵਰਿਣਾਂ-** ਇਕ ਪਰਬਤ (ਦੇਖੋ) ਦਾ ਨਾਮ। ਸੁਵਰਿਣਾਂ ਚਲਿ ਪਿਰਥਮਿ ਤੁਮ ਜਾਨੋ॥[451]

**ਸੂਬਾ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[452] ਸੂਬਾ ਸਾਧੂ ਸਾਰਸੁਤਿ ਇਤਿਨੇ ਇਹੁ ਪਰਚਾਨ॥[453]

**ਸੂਰ ਐਨ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਰਾਇ ਐਨ ਸੂਰ ਐਨ ਸੰਧ ਸੈਨ ਜਾਨਿਯੈ॥[454]

**ਸੂਰ ਸਿੰਘ-** ਇਕ ਟਾਪੂ (ਦੇਖੋ) ਦਾ ਨਾਮ। ਸੂਰ ਸਿੰਘ ਚਉਧਮਿ ਪੈਠ ਸੁ ਹਯੈ॥[455]

**ਸੂਰ ਸੇਨ-** ਇਕ ਟਾਪੂ (ਦੇਖੋ) ਦਾ ਨਾਮ। ਸੁਰ ਸੇਨ ਕੰਦਰਾ ਜਾਨੋ॥[456]

**ਸੂਰਐਨਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਸੁਰਐਨਿ ਚਹੁ ਊਪਰਿ ਚਾਲੀ ਮਾਨਿਯੈ॥[457]

---

[448] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 61.

[449] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 368.

[450] ਉਹੀ, ਪਤਰਾ 246.

[451] ਉਹੀ, ਪਤਰਾ 1426.

[452] ਉਹੀ, ਪਤਰਾ 1783.

[453] ਉਹੀ.

[454] ਉਹੀ, ਪਤਰਾ 246.

[455] ਉਹੀ, ਪਤਰਾ 1318.

[456] ਉਹੀ.

[457] ਉਹੀ, ਪਤਰਾ 1026.

**ਸੂਰਸਤੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਸੂਰਸਤੀ ਗੋਵਰਧਨ ਸੈਨ ਦੁ ਅਉਰਹਿ ਭਾਖੇ॥[458]

**ਸੂਰਤਿ-** ਇਕ ਟਾਪੂ (ਦੇਖੋ) ਦਾ ਨਾਮ। ਸੂਰਤਿ ਭਾਗੀ ਬੰਦਰ ਸਾਇ॥72॥[459]

**ਸੂਰਯ-** ਸੂਰਯ ਦੇਵਤਾ। ਇਹ ਵੇਦਾਂ ਵਿਚ ਵਰਣਤ ਤਿੰਨ ਪ੍ਰਧਾਨ ਦੇਵਤਿਆਂ ਵਿਚੋਂ ਇਕ ਮੰਨਿਆ ਜਾਂਦਾ ਹੈ ਅਤੇ ਪ੍ਰਕਾਸ਼ ਤੇ ਤੇਜ਼ ਦਾ ਸ੍ਰੋਤ ਹੈ। ਇਸ ਦੇ ਸਬੰਧ ਵਿਚ ਜਿਹੜੇ ਸੰਕੇਤ ਮਿਲਦੇ ਹਨ ਉਹ ਯਥਾਰਥ ਦੀ ਬਜਾਏ ਕਾਵਿਮਈ ਜ਼ਿਆਦਾ ਹਨ। ਕਈ ਇਸ ਨੂੰ Dyaus ਦਾ ਪੁਤਰ ਤੇ ਕਈ ਇਸ ਨੂੰ ਅਇਤੀ ਦਾ ਪੁਤਰ ਮੰਨਦੇ ਹਨ। ਇਕ ਸਥਾਨ ਵਿਚ ਊਸ਼ਾ ਨੂੰ ਇਸ ਦੀ ਪਤਨੀ ਕਿਹਾ ਗਿਆ ਹੈ, ਪਰ ਦੂਸਰੇ ਪ੍ਰਕਰਣ ਵਿਚ ਇਸ ਨੂੰ ਉਸ ਦਾ ਬੱਚਾ ਕਿਹਾ ਗਿਆ ਹੈ। ਇਹ ਸਤ ਲਾਲ ਘੋੜਿਆਂ ਵਾਲੇ ਰਥ ਵਿਚ ਸਵਾਰੀ ਕਰਦਾ ਹੋਇਆ ਅਸਮਾਨ ਵਿਚ ਚਲਦਾ ਹੈ।[460] ਕਸਯਪ ਤੇ ਸੂਰਯ ਭਵਿ ਲਯੋ॥[461]

**ਸੂਰਯ ਕ੍ਰਾਂਤੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਰਾਜਾ ਜੋ ਬਿਸੰਭਰਿ ਪੁਰ (ਦੇਖੋ) ਵਿਚ ਗੁਰੂ ਜੀ ਦੀ ਮਹਿਮਾ ਸੁਣ ਕੇ ਦਰਸ਼ਨ ਕਰਨ ਆਇਆ ਸੀ, ਇਸ ਦੀ ਪੁਸ਼ਟੀ ਹੋਰ ਸ੍ਰੋਤਾਂ ਤੋਂ ਨਹੀਂ ਹੁੰਦੀ। ਗੁਰ ਸੂਰਯ ਕ੍ਰਾਂਤਿ ਨਰੇਸ ਸੁਣਯੋ ਸੁਣਿ ਕੈ ਗੁਰ ਨਾਨਕ ਪਾਸ ਸੁ ਆਯੋ॥[462]

**ਸੂਰਯਕੁੰਡ-** ਸੂਰਜ ਦੇਵਤੇ ਨਾਲ ਸੰਬੰਧਿਤ ਸਰੋਵਰ। ਪੰਜਾਬ ਵਿਚ ਪ੍ਰਾਚੀਨ ਕਾਲ ਵਿਚ ਸੂਰਜ ਦੇਵਤੇ ਦੀ ਪੂਜਾ ਆਮ ਪ੍ਰਚਲਿਤ ਸੀ। ਉਦੋਂ ਅਨੇਕ ਥਾਈਂ ਸੂਰਜ ਨਾਲ ਸੰਬੰਧਿਤ ਮੰਦਰ ਅਤੇ ਕੁੰਡ ਬਣਾਏ ਗਏ, ਜੋ ਮਗਰੋਂ ਮੁਸਲਮਾਨੀ ਧਾੜਵੀਆਂ ਵੇਲੇ ਤਬਾਹ ਕਰ ਦਿਤੇ ਗਏ। ਸੂਰਜ ਦੇਵਤੇ ਦਾ ਸਭ ਤੋਂ ਸ੍ਰੇਸ਼ਟ ਮੰਦਰ ਮੁਲਤਾਨ ਵਿਚ ਸੀ, ਜੋ ਬਾਰ੍ਹਵੀਂ ਸਦੀ ਵਿਚ ਮੁਸਲਮਾਨਾਂ ਨੇ ਮਲੀਆਮੇਟ ਕਰ ਦਿਤਾ। ਪਰ ਸੂਰਜ ਕੁੰਡ ਕਈ ਥਾਈਂ ਹੁਣ ਤਕ ਮਿਲਦੇ ਹਨ। ਸਭ ਤੋਂ ਵਡਾ ਸੂਰਜ ਕੁੰਡ ਮੁਲਤਾਨ ਦੇ ਸ਼ਹਿਰ ਦੇ ਦਖਣ ਵਲ ਸਥਿਤ ਹੈ। ਜਲੰਧਰ ਸ਼ਹਿਰ ਵਿਚ ਨਵਾਂ ਸ਼ਹਿਰ ਤੋਂ ਪੰਜ ਕੁ ਮੀਲਾਂ ਦੀ ਵਿਥ ਉਤੇ ਇਕ ਪ੍ਰਾਚੀਨ ਨਗਰ ਰਾਹੋਨ ਹੈ,

---

458 ਉਹੀ, ਪਤਰਾ 1027.

459 ਉਹੀ, ਪਤਰਾ 1318.

460 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 137.

461 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1077.

462 ਉਹੀ, ਪਤਰਾ 1309.

ਜਿਥੇ ਦੋ ਪੁਰਾਣੇ ਤਲਾਬ ਹਨ, ਜੋ ਸੂਰਜ ਕੁੰਡ ਤੇ ਪੰਜ ਤੀਰਥ ਦੇ ਨਾਂ ਨਾਲ ਪ੍ਰਸਿਧ ਹਨ। ਇਕ ਹੋਰ ਸੂਰਜ ਕੁੰਡ ਬੂੜੀਏ (ਜ਼ਿਲਾ ਅੰਬਾਲਾ) ਵਿਚ ਹੈ। ਇਹ ਨਗਰ ਜਗਾਧਰੀ ਸਟੇਸ਼ਨ ਤੋਂ ਪੰਜ ਮੀਲ ਪੂਰਬ ਵਲ ਹੈ ਅਤੇ ਹਿੰਦੂਆਂ ਦਾ ਪ੍ਰਸਿਧ ਤੀਰਥ ਹੈ। ਪੰਜਾਬ ਤੋਂ ਬਾਹਰ ਵੀ ਸੂਰਜ ਦੇਵਤੇ ਦੇ ਕਈ ਕੁੰਡ ਮਿਲਦੇ ਹਨ, ਜਿਨ੍ਹਾਂ ਵਿਚ ਇਕ ਪ੍ਰਸਿਧ ਕੁੰਡ ਮਥਰਾ ਵਿਚ ਜਮਨਾ ਨਦੀ ਦੇ ਕੰਢੇ ਹੈ।[463] ਗੁਰੂ ਨਾਨਕ ਵਿਜੈ ਗ੍ਰੰਥ ਵਿਚ ਸੂਰਯਕੁੰਡ ਦਾ ਸੰਕੇਤ  ਕੀਤਾ ਹੈ ਉਹ ਸੂਰਯਕੁੰਡ ਮੇਰਠ ਵਿਚ ਹੈ। ਸੁਰਯਕੁੰਡ ਕੀਉ ਅਸਨਾਨ॥3॥[464]

**ਸੇਸ (ਸ਼ੇਸ਼ਨਾਗ)-** ਸ਼ੇਸ਼ਨਾਗ ਹਜ਼ਾਰਾਂ ਫਣਾਂ ਵਾਲਾ ਇਕ ਮਹਾਨ ਨਾਗ ਹੈ ਜਿਸ ਦੀ ਸੇਜਾ 'ਤੇ ਵਿਸ਼ਨੂੰ ਬਿਰਾਜਮਾਨ ਹਨ ਤੇ ਜਿਸ ਨੇ ਸਾਰੀ ਧਰਤੀ ਨੂੰ ਥੰਮਿਆ ਹੋਇਆ ਹੈ। ਇਸ ਦਾ ਪਿਤਾ ਕਸ਼ਪ ਤੇ ਮਾਤਾ ਕਦਰੂ ਕਹੀ ਜਾਂਦੀ ਹੈ।[465] ਭਾਖਿਉ ਸੇਸ ਜੁ ਮੋਹਿ ਸੁ ਜਾਨੰ॥[466]

**ਸੇਖ ਸਜਣ (ਸੱਜਣ ਠੱਗ)-** ਪਿੰਡ ਤੁਲੰਬੇ ਦਾ ਇਕ ਸ਼ੇਖ ਜਿਹੜਾ 'ਸਜਣ' ਦੇ ਭੇਖ ਵਿਚ ਰਹਿੰਦਾ ਸੀ, ਪਰ ਅੰਦਰੋਂ ਠਗ ਸੀ। ਲਾਹੌਰੋਂ ਮੁਲਤਾਨ ਵਲ ਜਾਂਦਿਆਂ ਰਾਵੀ ਦੇ ਕੰਢੇ ਉਤੇ ਤੁਲੰਬਾ ਨਗਰ ਆਉਂਦਾ ਹੈ, ਜਿਸ ਦਾ ਹੁਣ ਨਾਂ ਮਖਦੂਮਪੁਰ ਹੈ। ਇਹ ਜਿਲ੍ਹਾ ਮੁਲਤਾਨ (ਪਾਕਿਸਤਾਨ) ਵਿਚ ਹੈ।[467] ਸੇਖੁ ਸਜਣ ਕੈ ਪਹੁਚੇ ਜਾਈ॥[468]

**ਸੇਖ ਸਰਫ-** ਇਸ ਦਾ ਅਸਲ ਨਾਂ ਸ਼ੇਖ ਸਰਫ-ਉਦ-ਦੀਨ ਸੀ, ਜਿਸ ਨੂੰ ਸ਼ਾਹ ਸਰਫ ਜਾਂ ਸ਼ੇਖ ਸਰਫ ਕਰਕੇ ਜਾਣਿਆ ਜਾਂਦਾ ਸੀ। ਇਹ ਸ਼ੇਖ ਈਰਾਨ ਵਿਚ ਪੈਦਾ ਹੋਇਆ ਅਤੇ ਪਾਣੀਪਤ ਵਿਚ ਇਸ ਦਾ ਦੇਹਾਂਤ

---

463 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਤੀਜੀ*, ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 424.

464 ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1221.

465 ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 59.

466 ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 79.

467 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 30.

468 ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 712.

(ਲਗਭਗ 1332 ਈ. ਵਿਚ) ਹੋਇਆ। ਪਾਣੀਪਤ ਵਿਚ ਇਸ ਦਾ ਮਕਬਰਾ ਮੁਸਲਮਾਨਾਂ ਲਈ ਪ੍ਰਸਿਧ ਜ਼ਿਆਰਤ-ਸਥਾਨ ਹੈ।[469] ਸੇਖ ਸਰਫ ਤਹ ਨਾਮ ਪੁਨਿ ਜਾਤ ਪਠਾਣ ਸੁ ਜਾਨ॥30॥[470]

**ਸੇਖ ਕਮਾਲ-** ਬਾਬਾ ਸ਼ੇਖ ਫਰੀਦ (ਦੇਖੋ) ਦੀ ਗੱਦੀ ਉਤੇ ਬਿਰਾਜਮਾਨ ਸ਼ੇਖ ਇਬਰਾਹੀਮ ਦਾ ਇਕ ਮੁਰੀਦ।[471] ਸੇਖ ਕਮਾਲ ਏਕ ਸੋ ਅਹੇ॥[472]

**ਸੇਖ ਜਮਾਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਬਾਬਾ ਸ਼ੇਖ ਫਰੀਦ ਦੀ ਗੱਦੀ ਉਤੇ ਬਿਰਾਜਮਾਨ ਸ਼ੇਖ ਇਬਰਾਹੀਮ ਦਾ ਇਕ ਮੁਰੀਦ। ਸੇਖ ਜਮਾਲ ਦੂਸਰੋ ਜਾਨੋ॥[473]

**ਸੇਖ ਟਟੀਹਰੀ-** ਇਕ ਮੁਸਲਮਾਨ ਫ਼ਕੀਰ ਸਰਫ ਪਠਾਣ ਦਾ ਮੁਰੀਦ। 'ਟਟੀਹਰ' ਸ਼ਬਦ 'ਤਾਹਿਰ' ਦਾ ਰੂਪਾਂਤਰਣ ਮੰਨਿਆ ਜਾਂਦਾ ਹੈ।[474] ਸੇਖ ਟਟੀਹਰੀ ਵਾਚ॥ ਚੌਪਈ॥ ਇਕ ਦਰਵੇਸ ਆਜ ਹੈ ਆਯੋ॥[475]

**ਸੇਖ ਫਰੀਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਹ ਕੋਈ ਫਕੀਰ ਹੈ ਜਿਸਦੀ ਮੁਲਾਕਾਤ ਗੁਰੂ ਨਾਨਕ ਦੇਵ ਜੀ ਨਾਲ ਹੋਈ। ਇਹ ਫਰੀਦ ਸੇਖ (ਦੇਖੋ) ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਨਾਲੋਂ ਵਖਰਾ ਹੈ। ਜਹਿ ਸੇਖ ਫਰੀਦ ਰਹੈ ਬਨ ਮੈਂ ਗੁਰ ਨਾਨਕ ਆਪ ਤਹਾ ਚਲਿ ਆਯੋ॥26॥[476]

**ਸੇਖੁ ਬਿਰਾਹਮ-** ਬਾਬਾ ਫਰੀਦ (ਦੇਖੋ) ਦੀ ਗਦੀ ਦੇ 11ਵੇਂ ਵਾਰਿਸ ਸ਼ੇਖ ਇਬਰਾਹੀਮ।[477] ਪੀਰ ਤਖਤਿ ਥੇ ਸੇਖੁ ਬਿਰਾਹਮ॥[478]

---

[469] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 36.

[470] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1755.

[471] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 83.

[472] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1427.

[473] ਉਹੀ, ਪਤਰਾ 1427.

[474] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 124.

[475] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 669.

[476] ਉਹੀ, ਪਤਰਾ 1155.

**ਸੇਤੂ-** ਇਕ ਟਾਪੂ (ਦੇਖੋ) ਦਾ ਨਾਮ। ਏਤੂ ਸੇਤੂ ਦੋਨੋ ਕਹਯੈ॥[479]

**ਸੇਰ ਅਲੀ (ਕਾਜ਼ੀ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸੇਰ ਅਲੀ ਇਕ ਕਾਜੀ ਸੀ। ਗੁਰੂ ਨਾਨਕ ਦੇਵ ਜੀ ਦੁਆਰਾ ਸਿਆਲਕੋਟ ਵਿਚ ਇਕ ਦਾਤਣ ਕਰਕੇ ਉਹ ਦਬ ਦਿਤੀ ਸੀ ਅਤੇ ਉਹ ਹਰੀ ਹੋ ਗਈ ਸੀ। ਇਸ ਬੇਰੀ ਨੂੰ ਸੇਰ ਅਲੀ ਨੇ ਪੁਟਣ ਦੇ ਅਨੇਕਾਂ ਯਤਨ ਕੀਤੇ ਪਰ ਉਹ ਅਸਫਲ ਰਿਹਾ। ਉਸ ਦੇ ਬੇਰੀ ਨੂੰ ਪੁਟਣ ਦੇ ਯਤਨਾਂ ਸਦਕਾ ਹੀ ਮੁਸਲਮਾਨ ਲੋਕਾਂ ਦੇ ਘਰਾਂ ਨੂੰ ਅੱਗ ਲਗ ਗਈ ਉਸ ਨੇ ਗੁਰੂ ਜੀ ਤੋਂ ਮੁਆਫ਼ੀ ਮੰਗ। ਗੁਰੂ ਜੀ ਨੇ ਉਸ ਨੂੰ ਮੁਆਫ਼ ਕਰ ਦਿਤਾ ਅਤੇ ਉਹ ਗੁਰੂ ਜੀ ਦਾ ਸਿਖ ਬਣ ਗਿਆ।[480] ਸੇਰ ਅਲੀ ਸੁਣਿ ਚਰਨੀ ਪਰਯੋ॥[481]

**ਸੇਰ ਅਲੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕੋਈ ਇਸਲਾਮ ਦਾ ਹੋ ਚੁਕਿਆ ਰਾਜਾ। ਪਾਤਸਾਹਿ ਭਯਾ ਜਗਤਿ ਮੈ ਸੇਰ ਅਲੀ ਉਸ ਵਖਤਿ॥2॥[482]

**ਸੇਰਸਵਰਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ, ਧਰਤੀ ਉਪਰ ਪ੍ਰਮੁਖ ਅਠ ਪਰਬਤ ਹਨ, ਇਨ੍ਹਾਂ ਅਠਾਂ ਉਪਰ ਦਸ ਹੋਰ ਪਰਬਤ ਹਨ, ਉਨ੍ਹਾਂ ਦਸਾਂ ਵਿਚੋਂ ਇਕ ਦਾ ਨਾਮ। ਕੈਲਾਸ ਮਰਦਨ ਬੈਡੂਰਜਯਾਂ॥ ਸੇਰਸਵਰਮ ਇਮ ਰਕਟਮਯਾ॥[483]

**ਸੈਣ-** ਸੈਣ ਭਗਤ ਸਬੰਧੀ ਦੋ ਰਵਾਇਤਾਂ ਹਨ। ਪਹਿਲੀ ਇਹ ਕਿ ਇਹ ਬਿਦਰ ਦੇ ਰਾਜਾ ਦੇ ਨੌਕਰ ਸਨ ਤੇ ਸੰਤ ਗਿਆਨੇਸ਼ਵਰ ਦੇ ਸ਼ਰਧਾਲੂ ਸੇਵਕ ਸਨ। ਦੂਸਰੀ ਰਵਾਇਤ ਵਧੇਰੇ ਪ੍ਰਚਲਤ ਇਹ ਹੈ ਕਿ ਸੈਣ ਭਗਤ ਬਾਂਧਵਗਢ ਦੇ ਰਾਜਾਰਾਮ ਦੀ ਸੇਵਾ ਵਿਚ ਰਿਹਾ ਕਰਦੇ ਸਨ ਤੇ ਸੁਆਮੀ ਰਾਮਾਨੰਦ ਦੇ ਚੇਲੇ ਸਨ। ਸੈਣ ਭਗਤ ਦੀਆਂ ਕੁਝ ਫੁਟਕਲ ਰਚਨਾਵਾਂ ਮਹਾਂਰਾਸ਼ਟਰ ਵਿਚ ਵੀ ਪੜ੍ਹੀਆਂ ਸੁਣੀਆਂ ਜਾਂਦੀਆਂ ਹਨ, ਹੋ ਸਕਦਾ

---

[477] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 174.

[478] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1427.

[479] ਉਹੀ, ਪਤਰਾ 1318.

[480] ਉਹੀ, ਪਤਰਾ 1666-69.

[481] ਉਹੀ, ਪਤਰਾ 1666.

[482] ਉਹੀ, ਪਤਰਾ 957.

[483] ਉਹੀ, ਪਤਰਾ 1008.

ਹੈ ਇਨ੍ਹਾਂ ਉਧਰ ਵੀ ਫੇਰੀ ਪਾਈ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪਦਾ ਇਕੋ ਇਕ ਸ਼ਬਦ ਧਨਾਸਰੀ ਰਾਗ ਵਿਚ ਹੈ।[484] ਸੁ ਅਜਾਮਲ ਦੇਖਿ ਤਰਯੋ ਪਲ ਮੈ ਅਘਵੰਤਿ ਮਹਾ ਪੁਨਿ ਸੈਣ ਸੁ ਨਾਈ॥2॥[485]

**ਸੈਦੁ ਜਮਾਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਮਕੇ ਵਿਚਲਾ ਇਕ ਕਾਜੀ। ਸੁਣਿ ਕਰਿ ਚਮਕਿਉ ਸੈਦੁ ਜਮਾਲ॥[486]

**ਸੈਦੋ (ਸਿਖ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਇਕ ਸਿਖ ਦਾ ਨਾਮ, ਇਸ ਨਾਲ ਇਕ ਸਿਖ ਰਾਮਾ (ਦੇਖੋ) ਵੀ ਸੀ। ਇਹ ਦੋਵੇਂ ਬਿਰਧ ਉਮਰ ਵਿਚ ਗੁਰੂ ਜੀ ਦੀ ਸ਼ਰਨ ਵਿਚ ਆਏ ਸਨ। ਕਵਿ ਅਨੁਸਾਰ ਇਹ ਵਿਅਕਤੀ ਸੈਦੋ ਲਿਖਾਰੀ ਨਾਲੋਂ ਵਖਰਾ ਹੈ। ਰਾਮਾ ਸੈਦੋ ਜਾਣ ਸੁ ਦੋਊ॥[487]

**ਸੈਦੋ-** ਘੇਹੋ ਜਾਤ ਦਾ ਇਕ ਖਤ੍ਰੀ ਅਤੇ ਗੁਰੂ ਜੀ ਦਾ ਇਕ ਪਿਆਰਾ ਸਿਖ। ਦਖਣ ਦੀ ਦੂਜੀ ਉਦਾਸੀ ਸਮੇਂ ਇਹ ਗੁਰੂ ਨਾਨਕ ਜੀ ਦਾ ਸਾਥੀ ਸੀ। ਪਹਿਲਾਂ ਇਹ ਖੁਆਜੇ ਪੀਰ ਦਾ ਭਗਤ ਸੀ, ਪਰ ਗੁਰੂ ਬਾਬੇ ਦੀ ਸ਼ਰਨ ਵਿਚ ਆ ਕੇ ਉਨ੍ਹਾਂ ਦਾ ਸਿਖ ਸਜ ਗਿਆ। ਜਦੋਂ ਗੁਰੂ ਜੀ ਦੀ ਮਛਿੰਦਰ ਆਦਿ ਸਿਧਾਂ ਨਾਲ ਗੋਸ਼ਟਿ ਹੋਈ ਤਾਂ ਉਚਾਰੀ ਗਈ ਬਾਣੀ ਇਸੇ ਨੇ ਹੀ ਲਿਖੀ।[488] ਕੁੰਤੀ ਕੁੰਜੀ ਦੋਨੋ ਭਾਈ ਸੇਦੋ ਘਰਿ ਮਾਨੀਐ॥[489]

**ਸੋਮ ਭੱਦਰਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ ਜਿਥੇ ਤ੍ਰਿਬੰਕ ਬ੍ਰਾਹਮਣ ਰਹਿੰਦਾ ਸੀ। ਸੋਮ ਭੱਦਰਾ ਨਾਮ ਗਰਾਮ॥[490]

**ਸੋਮਨਾਥ (ਰਿਸ਼ੀ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸੋਮਨਾਥ ਰਿਸ਼ੀ ਕੁੰਦਨਿ ਮੁਨੀ ਦਾ ਪੁਤਰ ਸੀ ਅਤੇ ਮਾਤਾ ਮੈਨੁਕਾ ਦੇ ਕੁਖੋਂ ਜਨਮਿਆ ਸੀ। ਚਿਮਨ ਰਿਸ਼ੀ ਦਾ ਪੁਤਰ ਮੇਧਾਵੀ ਇਸ ਦਾ ਗੁਰੂ ਸੀ। ਸੋਮਨਾਥ ਰਿਸ਼ੀ ਬਾਕੀ ਰਿਖੀਆਂ ਦੇ ਚੇਲਿਆਂ ਅਤੇ ਬਚਿਆਂ ਨਾਲ ਇਹ ਨਿਤ ਲੜਦਾ ਰਹਿੰਦਾ ਸੀ। ਉਸਦੇ ਗੁਰੂ ਨੇ

---

[484] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 60.

[485] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1178.

[486] ਉਹੀ, ਪਤਰਾ 935.

[487] ਉਹੀ, ਪਤਰਾ 813.

[488] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 65.

[489] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1499.

[490] ਉਹੀ, ਪਤਰਾ 354.

ਬਹੁਤ ਸਮਝਾਇਆ ਪਰ ਇਹ ਨਾ ਸਮਝਿਆ ਅਤੇ ਇਕ ਦਿਨ ਆਪਣੇ ਗੁਰੂ 'ਤੇ ਹੱਥ ਚੁਕ ਲਿਆ। ਗੁਰੂ ਨੇ ਗੁਸੇ ਵਿਚ ਇਸ ਨੂੰ ਸ਼ਰਾਪ ਦਿਤਾ ਕਿ ਤੇਰੀ ਰਾਕਸ਼ ਬੁਧੀ ਹੈ ਅਤੇ ਤੂੰ ਇਕ ਹਥ, ਇਕ ਕੰਨ ਵਾਲਾ ਰਾਕਸ਼ ਬਣ ਜਾਏਂਗਾ ਅਤੇ ਤੇਰੇ ਕੋਲ ਬੋਲਣ ਲਈ ਜ਼ੁਬਾਨ ਵੀ ਨਹੀਂ ਹੋਵੇਗੀ। ਫਿਰ ਸੋਮਨਾਥ ਨੂੰ ਬਹੁਤ ਪਛਤਾਵਾ ਹੋਇਆ ਤਾਂ ਰਿਸ਼ੀ ਤੋਂ ਮੁਆਫੀ ਮੰਗੀ ਕਿ ਕੋਈ ਉਪਾਅ ਦਸੋ ਤਾਂ ਉਸ ਨੇ ਦਸਿਆ ਕਿ ਗੁਰੂ ਨਾਨਕ ਅਵਤਾਰ ਆਵੇਗਾ ਅਤੇ ਉਹ ਸਪਰਸ਼ ਕਰਨਗੇ ਤਾਂ ਤੇਰਾ ਉਦਾਰ ਹੋਵੇਗਾ। ਗੁਰੂ ਨਾਨਕ ਦੇਵ ਜੀ ਦੇ ਸਪਰਸ਼ ਤੋਂ ਉਸ ਦਾ ਉਦਾਰ ਹੋਇਆ।[491] ਲਾਗਤਿ ਗੁਰੂ ਕੋ ਹਾਥ ਭਯੋ ਨੀਚੋ ਸੋਮਨਾਥ ਨਾਯੋ ਤਿਨ ਮਾਥ ਭਯੋ ਮਨਤੇ ਸੋ ਸੇਵਕੋ॥[492]

**ਸੋਮਨਾਥ-** ਚੰਦਰਮਾ ਦਾ ਪ੍ਰਭੂ। ਸ਼ਿਵ ਦੇ ਪ੍ਰਸਿਧ ਲਿੰਗ ਜਾਂ ਚਿੰਨ੍ਹ ਦਾ ਨਾਂ ਜਿਹੜਾ ਗੁਜਰਾਤ ਵਿਚ ਸੋਮਨਾਥ ਪਤਨ ਸ਼ਹਿਰ ਵਿਚ ਵਰਤਮਾਨ ਹੈ। ਇਸ ਨੂੰ ਮਹਿਮੂਦ ਗਜਨਵੀ ਨੇ ਤਬਾਹ ਕਰ ਦਿਤਾ ਸੀ।[493] ਸੋਮਨਾਥ ਰਾਮਨਾਥ ਦ੍ਵਾਰਕਾ ਜਗਨਨਾਥ ਬੈਜਨਾਥ ਬਦਰੀ ਕਿਦਾਰ ਨਮਹੁ ਹਰਦੁਆਰ ਪਹਿਚਾਨੀਐ॥[494]

**ਸੋਰਠ ਦੇਸ (ਸੋਰਟ)-** ਰਾਜਸਥਾਨ ਦੇ ਬੀਕਾਨੇਰ ਦਾ ਸੁਰਾਸ਼ਟਰ (ਕਾਠੀਆਵਾੜ) ਸ਼ਹਿਰ, ਜਿਥੋਂ ਦੀ ਸੋਰਠਿ ਨਾਂ ਦੀ ਰਾਜਪੂਤ ਲੜਕੀ ਦਾ ਬੀਜੇ ਨਾਲ ਪਿਆਰ-ਕਿਸਾ ਲੋਕ-ਸਾਹਿਤ ਵਿਚ ਉਘੀ ਥਾਂ ਰਖਦਾ ਹੈ, ਸੋਰਠਿ ਦੇ ਨਾਂ ਉਤੇ ਹੀ ਕਾਠੀਆਵਾੜ ਨੂੰ ਸੋਰਠ-ਨਗਰ ਕਹਿੰਦੇ ਹਨ।[495] ਸੋਮਨਾਥ ਸੋਰਟ ਦੇਸ ਮੈ ਐਸੇ॥[496]

---

[491] ਉਹੀ, ਪਤਰਾ 1573-76.

[492] ਉਹੀ, ਪਤਰਾ 1573.

[493] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 145.

[494] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1708.

[495] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 66.

[496] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1560.

**ਸਜੈਣ ਰਾਉ/ਸੈਯਣ ਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਿਉ ਰਾਮ (ਦੇਖੋ) ਦੇ ਪਿਤਾ ਦਾ ਨਾਮ। ਦਿਲੀ ਕੇ ਸੁਲਤਾਂਨ ਕਾ ਸਜੈਣ ਰਾਉ ਦੀਬਾਨ॥[497]

**ਸ੍ਰਾਧ ਦੇਵ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਸ ਦਾ ਜ਼ਿਕਰ ਸ਼ਿਵਾਲੈ ਤੀਰਥ (ਦੇਖੋ) ਦੇ ਪ੍ਰਸੰਗ ਵਿਚ ਕੀਤਾ ਗਿਆ ਹੈ। ਇਹ ਇਕ ਰਾਜਾ ਸੀ। ਸ੍ਰਾਧ ਦੇਵ ਸਸਿ ਬੰਸੀ ਨੰਦਨ॥[498]

**ਸ੍ਰੀ ਚੰਦ-** ਗੁਰੂ ਨਾਨਕ ਸਾਹਿਬ ਦਾ ਵਡਾ ਸਪੁਤਰ, ਜਿਨ੍ਹਾਂ ਨੇ 'ਉਦਾਸੀ ਮਤਿ' ਚਲਾਇਆ।[499] ਸ੍ਰੀ ਚੰਦ ਲਖਮੀ ਚੰਦ ਨੈ ਗੁਰ ਪਾਇ ਸੀਸ ਝੁਕਾਇਯੋ॥54॥[500]

**ਸ੍ਵੰ ਜੋਤੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਸ੍ਵੰ ਜੋਤੀ ਚੇਰੀ ਵਾਚ॥ ਦੋਹਰਾ॥ ਇਹੁ ਦੁਰਗਾ ਗਾ ਧਾਮ ਹੈ ਹਮ ਹੈ ਖਿਜਮਤਿਗਾਰ॥[501]

**ਸ੍ਵੰ ਪ੍ਰਭਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਸ੍ਵੰ ਪ੍ਰਭਾ ਕਹੇ ਸੁਨੋ ਉਦਾਰਾ॥[502]

**ਸ੍ਵੰਦ-** ਇਕ ਟਾਪੂ (ਦੇਖੋ) ਦਾ ਨਾਮ। ਸ੍ਵੰਨਾ ਸ੍ਵੰਦ ਅਉਰ ਕੈਯਾ ਕਾਲ॥[503]

**ਸ੍ਵੰਨਾ-** ਇਕ ਟਾਪੂ (ਦੇਖੋ) ਦਾ ਨਾਮ। ਸ੍ਵੰਨਾ ਸ੍ਵੰਦ ਅਉਰ ਕੈਯਾ ਕਾਲ॥[504]

**ਸ੍ਵਾਨ-** ਭੈਰੋਂ (ਦੇਖੋ) ਦਾ ਵਾਹਨ। ਭੈਰੋਂ ਕਾ ਬਾਹਨ ਹੈ ਸ੍ਵਾਨ ਸੁਰ ਗੁਰ ਕਾ ਬਾਜੀ ਪਹਚਾਨ॥43॥[505]

---

[497] ਉਹੀ, ਪਤਰਾ 152.

[498] ਉਹੀ, ਪਤਰਾ 1550.

[499] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 52.

[500] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1195.

[501] ਉਹੀ, ਪਤਰਾ 1043.

[502] ਉਹੀ.

[503] ਉਹੀ, ਪਤਰਾ 1318.

[504] ਉਹੀ.

[505] ਉਹੀ, ਪਤਰਾ 1426.

**ਹੰਸ (ਹੰਸਾ ਅਵਤਾਰ)-** ਵਿਸ਼ਨੂੰ ਦਾ ਇਕ ਅਵਤਾਰ (ਦੇਖੋ), ਜੋ ਹੰਸ ਦੇ ਰੂਪ ਵਿਚ ਪ੍ਰਗਟ ਹੋਇਆ। ਹਨੂੰ ਹੰਸ ਹਰਿਬੰਸ ਪੁਨਿ ਹਰਿ ਸਹੰਸ ਅਵਤਾਰ॥[506]

**ਹੰਸ-** 1. ਪੌਰਾਣਿਕ ਪ੍ਰਸੰਗ ਅਨੁਸਾਰ ਇਹ ਇਹ ਇਕ ਜਾਤੀ ਦਾ ਨਾਂ ਸੀ। ਇਹ ਉਨ੍ਹਾਂ ਪ੍ਰਚੀਨ ਸਮਿਆਂ ਦੀ ਗੱਲ ਹੈ ਜਦੋਂ ਸਿਰਫ ਇਕ ਵੇਦ, ਇਕ ਪਰਮਾਤਮਾ ਤੇ ਇਕ ਜਾਤ ਹੀ ਵਰਤਮਾਨ ਸੀ। 2. ਮਹਾਂਭਾਰਤ ਵਿਚ ਕ੍ਰਿਸ਼ਨ (ਦੇਖੋ) ਲਈ ਪ੍ਰਯੁਕਤ ਕੀਤਾ ਇਕ ਨਾਂ। ਮੇਰੂ ਦੇ ਉਤਰ ਵਿਚ ਪਹਾੜਾਂ ਦੀ ਇਕ ਸ਼ਰੇਣੀ।[507] ਕ੍ਰਿਸਨ ਮਹਾਂਨ ਬੋਧ ਕਲਗੀ ਪ੍ਰਿਥੂ ਬਿਆਸ ਹਰੀ ਹੰਸ ਮਨੂ ਯਗ ਰਿਖਭ ਸੋ ਜਾਨੀਐ॥[508]

**ਹੰਸ ਬਾਹਿਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਰੂਪ ਦਾਇਨੀ॥ ਹੰਸ ਬਾਹਿਨੀ॥92॥[509]

**ਹੰਸ-** ਬ੍ਰਹਮਾ (ਦੇਖੋ) ਦਾ ਵਾਹਨ। ਬ੍ਰਹਮਾ ਕਾ ਬਾਹਨ ਹੈ ਹੰਸ॥[510]

**ਹਸਤਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਜਾ ਸਿਉਨਾਭ/ਸਿਵਨਾਭ (ਦੇਖੋ) ਦੁਆਰਾ ਗੁਰੂ ਨਾਨਕ ਦੇਵ ਜੀ ਨੂੰ ਮੋਹਿਤ ਕਰਨ ਲਈ ਭੇਜੀ ਗਈ ਇਕ ਇਸਤਰੀ ਦਾ ਨਾਮ। ਇਕ ਹਸਤਨੀ ਇਕ ਚਿਤਰਨੀ ਇਕ ਪਦਮਨੀ ਪਹਿਚਾਨਿਯੈ॥[511]

**ਹਸਤੀ-** ਇੰਦਰ (ਦੇਖੋ) ਦਾ ਵਾਹਨ। ਸੁਰਪਤਿ ਬਾਹਨਿ ਹਸਤੀ ਕਹਯੈ॥39॥[512]

**ਹਸਨ ਹੁਸੈਨ-** ਇਮਾਮ ਹਸਨ ਹੁਸੈਨ, ਬੀਬੀ ਫਾਤਿਮਾ ਤੋਂ ਹਜ਼ਰਤ ਅਲੀ ਦੇ ਪੁਤਰ ਅਤੇ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤਰੇ ਸਨ। ਇਨ੍ਹਾਂ ਦੋਹਾਂ ਦੀ ਸ਼ਹਾਦਤ ਇਸਲਾਮੀ ਇਤਿਹਾਸ ਵਿਚ ਇਕ ਸੰਵੇਦਨਾਸ਼ੀਲ ਘਟਨਾ ਮੰਨੀ ਜਾਂਦੀ ਹੈ। ਸ਼ੀਆ ਮੁਸਲਮਾਨ ਹਸਨ ਹੁਸੈਨ ਦੀ ਸ਼ਹੀਦੀ ਨੂੰ ਲਾਸਾਨੀ ਮੰਨਦੇ ਹਨ ਅਤੇ ਹਰ ਸਾਲ ਮੁਹਰਮ ਦੇ ਮਹੀਨੇ ਇਨ੍ਹਾਂ ਦੇ ਤਾਜ਼ੀਏ ਕਢਦੇ ਹਨ। ਉਹ ਰੋਂਦੇ ਪਿਟਦੇ ਹੋਏ ਹਸਨ

---

506 ਉਹੀ, ਪਤਰਾ 11.

507 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਤੀਜੀ ਵਾਰ, 2013, ਪੰਨਾ 148.

508 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 4.

509 ਉਹੀ, ਪਤਰਾ 1054.

510 ਉਹੀ, ਪਤਰਾ 1425.

511 ਉਹੀ, ਪਤਰਾ 1359.

512 ਉਹੀ, ਪਤਰਾ 1425.

ਹੁਸੈਨ ਪ੍ਰਤੀ ਸਹਾਨੁਭੂਤੀ ਪ੍ਰਗਟ ਕਰਦੇ ਹਨ ਅਤੇ ਨਾਲੋ ਨਾਲ ਨਾਅਤੇ ਪੜ੍ਹਦੇ ਹਨ।[513] ਕਵੀ ਨੇ ਇਨ੍ਹਾਂ ਨੂੰ ਦੋ ਦਸਾ ਹੈ ਹਸਨ ਅਤੇ ਹੁਸੈਨ। ਸੇਰ ਅਲੀ ਕੀਆ ਸਫਰ ਜਬ ਤਬੁ ਰਹੇ ਹਸਨ ਹੁਸੈਨ॥[514]

**ਹਸੂ ਲੁਹਾਰ-** ਗੁਰੂ ਨਾਨਕ ਸਾਹਿਬ ਜੀ ਦਾ ਇਕ ਸਿਖ। ਪੁਰਾਤਨ ਜਨਮਸਾਖੀ ਅਨੁਸਾਰ ਤ੍ਰਿਤੀਆ ਉਦਾਸੀ ਉਤਰਾਖੰਡ ਕੀ ਵੇਲੇ ਇਹ ਗੁਰੂ ਜੀ ਦਾ ਸਾਥੀ ਸੀ। [515] ਮੈਨਾਵਲੀ ਛੰਦ॥ ਸੀਹਾ ਹਸੂ ਸੰਗ ਲੀਨੇ ਗੁਰੂ ਦੋਇ॥[516]

**ਹਜੀਮ ਪੀਰ-** ਗੁਰੂ ਨਾਨਕ ਵਿਜੈ ਗ੍ਰੰਥ ਵਿਚ ਅਜੀਮ ਖਾਨ (ਦੇਖੋ) ਨੂੰ ਹੀ ਹਜੀਮ ਪੀਰ ਕਿਹਾ ਗਿਆ ਹੈ। ਹਜੀਮ ਪੀਰੋ ਵਾਚ॥ ਹਮ ਕਰਤੇ ਥੇ ਸਿਜਦਾ ਦੋਇ॥[517]

**ਹਟਕੇਸ੍ਵਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਪਾਤਾਲ ਵਿਚ ਸ਼ਿਵ ਦਾ ਇਕ ਸਥਾਨ। ਹਟਕੇਸ੍ਵਰੀ ਇਕ ਲਿੰਗ ਹੈ ਤਹ ਗਯੋ ਥਾ ਮੈ ਜਾਨਿਯੈ॥[518]

**ਹਨਮਤਿ-** ਹਨੂੰਮਾਨ (ਦੇਖੋ) ਦਾ ਇਕ ਨਾਮ। ਤੀਸਰ ਹਨਮਤਿ ਜਤੀ ਚਤੁਰਿਥੇ ਭੇਰੋਂ ਮਾਨੋ॥[519]

**ਹਨੀਫਾ ਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਅਠਵੇਂ ਹਨੀਫਾ ਨਾਥ ਨਮਮੇ ਸੰਗਰ ਨਾਥ ਲਹਰੂਪਾ ਦਸਮੋ ਸੋ ਸਿਧ ਪਹਚਾਨੀਐ॥[520]

**ਹਨੂੰ (ਹਨੂੰਮਾਨ)-** ਇਹ ਰਾਮਚੰਦਰ ਦਾ ਇਕ ਭਗਤ ਸੀ, ਜਿਸਨੂੰ ਹਿੰਦੂ ਦੇਵਤਾ ਕਰਕੇ ਪੂਜਦੇ ਹਨ। ਇਹ ਸੁਗ੍ਰੀਵ ਦਾ ਮੰਤਰੀ ਅਤੇ ਬਾਨਰ-ਸੈਨਾ ਦਾ ਸਰਦਾਰ ਸੀ। ਮਨੌਤ ਹੈ ਕਿ ਇਹ ਪਵਨ ਦੇਵਤਾ ਦਾ ਪੁਤਰ ਸੀ

---

[513] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਚੌਥੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ 2004, ਪੰਨਾ 451.

[514] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 957.

[515] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 67.

[516] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1631.

[517] ਉਹੀ, ਪਤਰਾ 634.

[518] ਉਹੀ, ਪਤਰਾ 1225.

[519] ਉਹੀ, ਪਤਰਾ 1026.

[520] ਉਹੀ.

ਜੋ ਕਿ ਗੌਤਮ ਰਿਸ਼ੀ ਦੀ ਕਵਾਰੀ ਲੜਕੀ ਅੰਜਨੀ ਤੋਂ ਪੈਦਾ ਹੋਇਆ ਸੀ। ਇਸ ਨੇ ਜੰਮਦਿਆਂ ਹੀ ਸੂਰਜ ਨੂੰ ਫਲ ਸਮਝ ਕੇ ਖਾਣ ਦੀ ਚੇਸ਼ਟਾ ਕੀਤੀ, ਪਰ ਇੰਦਰ ਨੇ ਵੱਜ ਮਾਰ ਕੇ ਧਰਤੀ 'ਤੇ ਸੁਟ ਦਿਤਾ, ਜਿਸ ਨਾਲ ਇਸਦਾ ਹਨੁ (ਜਬਾੜਾ) ਵਿੰਗਾ ਹੋ ਗਿਆ ਤੇ ਨਾਂ ਹਨੂੰਮਾਨ ਪੈਗਿਆ। ਰਾਮਚੰਦਰ ਦੇ ਚੌਦਾਂ ਸਾਲਾਂ ਦੇ ਬਨਵਾਸ ਸਮੇਂ ਇਸ ਨੇ ਬਹੁਤ ਸੇਵਾ ਕੀਤੀ ਜਿਵੇਂ- ਸੀਤਾ ਦੀ ਭਾਲ ਕਰਨੀ, ਲੰਕਾ ਨੂੰ ਅਗ ਲਗਾਉਣੀ, ਬਾਂਦਰ-ਸੈਨਾ ਤੋਂ ਪਥਰਾਂ ਦਾ ਪੁਲ ਬਣਵਾਉਣਾ, ਲਛਮਣ ਲਈ ਦ੍ਰੋਣਾਗਿਰੀ ਤੋਂ ਸੰਜੀਵਨੀ ਬੂਟੀ ਲੈ ਕੇ ਆਉਣਾ ਇਤਿਆਦਿਕ। ਇਤਨੀ ਸੇਵਾ ਦੇ ਬਾਵਜੂਦ ਹਨੂੰਮਾਨ ਨੂੰ ਰਾਮ ਵਲੋਂ ਬਖਸ਼ਿਸ਼ ਵਜੋਂ ਕਛੌਟੀ ਹੀ ਮਿਲੀ। ਇਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਪਿਛਲੇ ਕਰਮਾਂ ਦਾ ਫਲ ਸੀ, ਕਿਉਂਕਿ ਇਕ ਵਾਰੀ ਇਸਨੇ ਪਿਛਲੇ ਜਨਮ ਵਿਚ ਜੰਗਲ ਵਿਚ ਜਾ ਰਹੇ ਰਿਸ਼ੀਆਂ ਨੂੰ ਲੁਟਿਆ ਤੇ ਉਨ੍ਹਾਂ ਕੋਲ ਸਿਰਫ ਕੱਛ ਹੀ ਰਹਿਣ ਦਿਤੀ ਸੀ।[521] ਹਨੂੰ ਹੰਸ ਹਰਿਬੰਸ ਪੁਨਿ ਹਰਿ ਸਹੰਸ ਅਵਤਾਰ॥[522]

**ਹਨੂੰ-** ਹਨੂੰਮਾਨ (ਦੇਖੋ) ਦਾ ਨਾਮ। ਗੁਰ ਰੰਚਕਿ ਕੋਪ ਕਰਯੋ ਮਨ ਮੈ ਨਰ ਸਿੰਘ ਸਮਾਨ ਹਨੂੰ ਲਲਕਾਰੇ॥[523]

**ਹਬੀਰ ਖਾਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅੰਬੀਰ ਖਾਨ (ਦੇਖੋ) ਦਾ ਭਰਾ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਨੂੰ ਉਪਦੇਸ਼ ਦਿਤਾ ਅਤੇ ਇਹ ਗੁਰੂ ਜੀ ਦੇ ਸਿਖ ਬਣੇ। ਹਬੀਰ ਖਾਨੋ ਵਾਚ॥[524]

**ਹਮੀਦ ਕਾਰੂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਹ ਰੂਮ ਦਾ ਬਾਦਸ਼ਾਹ ਸੀ। ਉਸ ਨੂੰ ਗੁਰੂ ਨਾਨਕ ਦੇਵ ਜੀ ਨੇ ਕਾਰੂ (ਦੇਖੋ) ਦੀ ਸਾਖੀ ਸੁਣਾ ਕੇ ਉਪਦੇਸ਼ ਦਿਤਾ ਸੀ। ਅਹੇ ਹਮੀਦ ਕਾਰੂ ਕਾ ਏਹੁ॥[525]

**ਹਰਸਾ (ਮੋਖਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਹੋ ਹਰਸਾ ਪਰਸਾ ਮੋਖੇ ਚੋਪੜਾ ਲਾਲ ਚੰਦ॥[526]

---

[521] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 66.

[522] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 12.

[523] ਉਹੀ, ਪਤਰਾ 1516.

[524] ਉਹੀ, ਪਤਰਾ 1456.

[525] ਉਹੀ, ਪਤਰਾ 906.

[526] ਉਹੀ, ਪਤਰਾ 1629.

**ਹਰਸਾ (ਜੱਟ)-** ਕਰਨਾਲ ਦਾ ਇਕ ਵਿਅਕਤੀ ਹਰਸਾ ਜੋ ਕਿ ਗਰੀਬ ਜੱਟ ਸੀ। ਉਹ ਵਿਆਹ ਕਰਕੇ ਜਾ ਰਿਹਾ ਸੀ ਉਸਦੀ ਇਸਤਰੀ ਸੋਹਣੀ ਸੀ ਰਾਜਾ ਕਲਿਆਣ (ਦੇਖੋ) ਜੋ ਕਿ ਕੁਰੁਖੇਤਰ (ਦੇਖੋ) ਦਾ ਰਾਜਾ ਸੀ, ਨੇ ਉਹ ਇਸਤਰੀ ਖੋਹ ਲਈ। ਉਸ ਤੋਂ ਇਕ ਔਲਾਦ ਪੈਦਾ ਹੋਈ ਜਿਸ ਦਾ ਨਾਮ ਧਿਆਨ ਰਖਿਆ ਗਿਆ। ਰਾਜਾ ਮਰ ਗਿਆ। ਧਿਆਨ ਰਾਜਾ ਬਣਿਆ ਤਾਂ ਉਸਦੇ ਪਰਉਪਕਾਰ ਦੇ ਚਰਚੇ ਦੂਰ ਦੂਰ ਤਕ ਹੋਣ ਲਗ ਗਏ। ਚਰਚੇ ਸੁਣ ਕੇ ਇਕ ਦਿਨ ਹਰਸਾ ਨੇ ਆ ਕੇ ਸਾਰੀ ਵਾਰਤਾ ਰਾਜੇ ਨੂੰ ਦਸੀ ਕਿ ਤੇਰੀ ਮਾਂ ਮੈਨੂੰ ਵਿਆਹੀ ਸੀ ਇਸ ਲਈ ਉਹ ਮੇਰੀ ਇਸਤਰੀ ਹੈ। ਰਾਜੇ ਨੇ ਤਫਤੀਸ਼ ਕੀਤੀ ਅਤੇ ਉਸ ਦੀ ਇਸਤਰੀ ਭਾਵ ਅਪਣੀ ਮਾਂ ਉਸ ਨੂੰ ਦਿਤੀ। ਹਰਸਾ ਵਾਚ॥ ਭੂਪਤਿ ਤੁਮ ਕੀ ਮਾਤਾ ਜੋਇ॥[527]

**ਹਰਸਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਅੱਗਰਮੱਲ ਸੁਖਾਮਲ ਰਾਘਵ ਜੈਮਲ ਜਾ ਤੁਰਸਾ ਹਰਸਾ ਹੈ॥[528]

**ਹਰਠਾਉਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਬ੍ਰਹਮ ਧਾਮਨੀ ਹਰਿਪਰੀ ਹਰਠਾਉਰੀ ਪਰਧਾਨਾ॥੧੧॥[529]

**ਹਰਨਾਕਸ਼-** ਹਿਰਣਾਕਸ਼ ਜਾਂ ਹਰਨਾਖਸ਼ ਤੇ ਹਿਰਣਜ ਕਸ਼ਪ ਦੋ ਦੈਂਤ ਜੌੜੇ ਭਰਾ ਸਨ। ਮਨੌਤ ਇਹ ਹੈ ਕਿ ਹਿਰਣਾਕਸ਼ ਧਰਤੀ ਚੋਰੀ ਕਰਕੇ ਸਮੁੰਦਰ ਵਿਚ ਲੈ ਗਿਆ ਤੇ ਭਗਵਾਨ ਨੇ ਵਰਾਹ ਆਵਤਾਰ ਧਾਰ ਕੇ ਇਸਨੂੰ ਮਾਰ ਦਿਤਾ। ਹਿਰਣਜਕਸ਼ਪ ਨੇ ਤਪ ਕਰਕੇ ਸ਼ਿਵ ਤੋਂ ਦਸ ਲਖ ਸਾਲ ਲਈ ਤ੍ਰੈਲੋਕੀ ਦਾ ਰਾਜ ਪ੍ਰਾਪਤ ਕੀਤਾ। ਇਸ ਨੇ ਇਹ ਵੀ ਵਰ ਪ੍ਰਾਪਤ ਕੀਤਾ ਹੋਇਆ ਸੀ ਕਿ ਉਸਨੂੰ ਕੋਈ ਆਦਮੀ ਕਿਸੇ ਸ਼ਸਤ੍ਰ ਨਾਲ ਦਿਨ-ਰਾਤ ਨਹੀਂ ਮਾਰ ਸਕੇਗਾ। ਇਸ ਦਾ ਪੁਤਰ ਪ੍ਰਹਿਲਾਦ ਵਿਸ਼ਨੂੰ ਭਗਤ ਸੀ। ਹਿਰਣਜਕਸ਼ਪ ਨੂੰ ਇਹ ਪਸੰਦ ਨਹੀਂ ਸੀ, ਇਸ ਲਈ ਪ੍ਰਹਿਲਾਦ ਨੂੰ ਭਗਤੀ ਤੋਂ ਰੋਕਣ ਲਈ ਬਹੁਤ ਸਾਰੇ ਤਸੀਹੇ ਦਿਤੇ ਜਿਵੇਂ- ਕੋਠੀ ਬੰਦ ਕਰਨਾ ਅਤੇ ਪਹਾੜ ਤੋਂ ਰੋੜ੍ਹਿਆ ਇਤਿਆਦਿਕ। ਅੰਤ ਜਦੋਂ ਪ੍ਰਹਿਲਾਦ ਨੂੰ ਤਤੇ ਥੰਮ੍ਹ ਨੂੰ ਜਫੀ ਪਾਉਣ ਲਈ ਕਿਹਾ ਤਾਂ ਵਿਸ਼ਨੂੰ ਨੇ ਨਰਸਿੰਘ ਦਾ ਰੂਪ ਧਾਰ ਕੇ ਹਿਰਣਜਕਸ਼ਪ ਨੂੰ ਸੰਧਿਆ ਸਮੇਂ ਨਹੁੰਦਰਾਂ ਨਾਲ ਵਿਨਾਸ਼ ਕੀਤਾ। ਮਹਾਂ ਭਾਰਤ ਅਤੇ ਪੁਰਾਣਾਂ ਵਿਚ ਇਹ ਕਥਾ ਹਿਰਣਜਕਸ਼ਪ ਨਾਲ ਸੰਬੰਧਿਤ ਹੈ

---

[527] ਉਹੀ, ਪਤਰਾ 1104.

[528] ਉਹੀ, ਪਤਰਾ 594.

[529] ਉਹੀ, ਪਤਰਾ 1054.

ਪਰੰਤੂ ਭਗਤੀ ਲਹਿਰ ਦੇ ਸਾਰੇ ਸੰਤਾਂ ਨੇ ਪ੍ਰਹਿਲਾਦ ਦੇ ਪਿਤਾ ਦਾ ਨਾਂ ਹਰਨਾਖਸ਼ ਦਸਿਆ ਹੈ ਤੇ ਇਸੇ ਨਾਲ ਸਾਰੀ ਕਥਾ ਜੋੜੀ ਜਾਂਦੀ ਹੈ।[530] ਹਰਨਾਕਸ ਔਰ ਪਿਖੇ ਹਰ ਜਾਂਹਿ ਸੁਰੇਸਰ ਬਾਹਨ ਔਰ ਹਿਮਾਰੇ॥[531]

**ਹਰਵਤਿ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਸੰਮਰਤਿ ਪੁਨਿ ਹਰਵਤਿ ਸਹਿ॥[532]

**ਹਰਿ ਕ੍ਰਿਸ਼ਨ-** ਸਿਖ ਕੌਮ ਦੇ ਅਠਵੇਂ ਪਾਤਸ਼ਾਹ। ਆਪ ਦਾ ਜਨਮ ਸੋਮਵਾਰ 8 ਸਾਵਣ ਸੰਮਤ 1713 (7 ਜੁਲਾਈ ਸੰਨ1656) ਨੂੰ ਕੀਰਤਪੁਰ ਵਿਚ ਸ੍ਰੀ ਗੁਰੂ ਹਰਿਰਾਇ ਦੇ ਘਰ ਮਾਤਾ ਕ੍ਰਿਸ਼ਨ ਕੌਰ ਤੋਂ ਹੋਇਆ। 8 ਕੱਤਕ ਸੰਮਤ 1718 (7 ਅਕਤੂਬਰ ਸੰਨ 1661) ਨੂੰ ਗੁਰਗੱਦੀ ਤੇ ਵਿਰਾਜੇ। ਰਾਮਰਾਇ ਦੀ ਸ਼ਿਕਾਇਤ ਉਪਰ ਔਰੰਗਜ਼ੇਬ ਨੇ ਇਨ੍ਹਾਂ ਨੂੰ ਦਿਲੀ ਬੁਲਾਇਆ। ਉਥੇ ਚੇਚਕ ਨਾਲ ਚੇਤ ਸੁਦੀ 14 ( 3 ਵੈਸਾਖ) ਸੰਮਤ 1721 (30 ਮਰਚ ਸੰਨ 1664) ਨੂੰ ਜੋਤੀ-ਜੋਤ ਸਮਾ ਗਏ। ਆਪ ਦੇ ਪਵਿਤ੍ਰ ਅਸਥਾਨ ਬਾਲਾ ਸਾਹਿਬ ਅਤੇ ਬੰਗਲਾ ਸਾਹਿਬ ਦਿਲੀ ਵਿਦਯਮਾਨ ਹਨ।[533] ਸ੍ਰੀ ਹਰਿਕ੍ਰਿਸਨ ਪਰਮ ਸੁਖਦਾਈ॥[534]

**ਹਰਿ ਗਣ-** 'ਗਣ' ਦੇ ਸ਼ਾਬਦਿਕ ਅਰਥ 'ਸਮੂਹ' ਹਨ। ਹਰਿ ਗਣ ਭਾਵ ਦੇਵਤਿਆਂ ਦਾ ਸਮੂਹ। ਹਰਿ ਗਣਿ ਜਮ ਗਣਿ ਲਰੈਂ ਕਿਨਾਰੇ॥20॥[535]

**ਹਰਿ ਰਾਮ (ਹਕੀਮ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਇ ਬੁਲਾਰ ਦੇ ਇਕ ਵੈਦ ਦਾ ਨਾਮ, ਪਰ ਇਸ ਦੀ ਪੁਸ਼ਟੀ ਹੋਰ ਕਿਸੇ ਸ੍ਰੋਤ ਤੋਂ ਨਹੀਂ ਹੁੰਦੀ। ਹਰਿ ਰਾਮ ਹਕੀਮ ਅਯੋ ਸੁਨਿ ਕੈ ਸੁਨਿਕੈ ਤਿਨ ਨਾਹਿ ਨ ਬਾਰ ਲਗਾਈ॥[536]

**ਹਰਿਸੁਖਰਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਹੋ ਮਿਹਰਾ ਹਰਿਸੁਖਰਾਮ ਗੁਬਿੰਦਾ ਕਕੜੰ॥[537]

---

[530] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 68.

[531] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 12.

[532] ਉਹੀ, ਪਤਰਾ 246.

[533] ਨਾਭਾ ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 265.

[534] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1837.

[535] ਉਹੀ, ਪਤਰਾ 1252.

[536] ਉਹੀ, ਪਤਰਾ 436.

[537] ਉਹੀ, ਪਤਰਾ 1629.

**ਹਰਿਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਸਿਖ। ਇਹ ਜੇਹਲਮ ਦੇ ਪਾਰ ਦਾ ਰਹਿਣ ਵਾਲਾ ਇਕ ਖੱਤਰੀ ਸੀ। ਜਦੋਂ ਗੁਰੂ ਜੀ ਕੇਰ (ਦੇਖੋ) ਵਿਖੇ ਸਨ ਉਦੋਂ ਗੁਰੂ ਜੀ ਨੂੰ ਮਿਲਿਆ ਸੀ। ਹਰਿ ਚੰਦ ਫੇਰਿ ਬੋਲਿਉ ਉਦਾਰੇ॥[538]

**ਹਰਿਦਯਾਲ-** ਗੁਰੂ ਨਾਨਕ ਦੇਵ ਦੀ ਜਨਮ-ਪਤ੍ਰੀ ਦੇ ਲੇਖਕ ਅਤੇ ਮਹਿਤਾ ਕਾਲੂ ਦੇ ਘਰ ਦਾ ਕੁਲ-ਪੁਰੋਹਿਤ-ਬ੍ਰਾਹਮਣ। ਜਨਮਸਾਖੀ ਭਾਈ ਬਾਲਾ ਅਨੁਸਾਰ ਬਾਲ ਨਾਨਕ ਦੇ ਪ੍ਰਕਾਸ਼(ਜਨਮ) ਤੋਂ ਪੰਜ ਘੜੀਆਂ ਬਾਅਦ ਦਿਨ ਚੜ੍ਹੇ ਇਹ ਕਾਲੂ ਦੇ ਘਰ ਜਨਮ-ਪਤ੍ਰੀ ਲਿਖਣ ਆਇਆ। ਇਹ ਮਹਿਤਾ-ਕਾਲੂ ਦਾ ਪਰਿਵਾਰ(ਵੇਦੀਆਂ) ਨੂੰ ਧਰਮ-ਕਰਮ ਦੀ ਸਿਖਿਆ ਵੀ ਦਿੰਦਾ ਸੀ।[539] ਹਰਿਦਯਾਲ ਪਰੋਹਿਤ ਪੰਡਿਤ ਸੋ ਨਿਤ ਬੇਦ ਪੁਰਾਨ ਕਥਾ ਸੁਨਾਵੈ॥[540]

**ਹਰਿਦੁਆਰ-** ਕੁਰਕਸ਼ੇਤਰ ਤੋਂ ਪਿਪਲੀ ਸੜਕ ਉਤੇ ਲਕਸ਼ਰ ਤੋਂ 28 ਕਿ.ਮੀ. ਦੂਰੀ ਉਤੇ ਸਥਿਤ ਇਹ ਇਕ ਪ੍ਰਸਿਧ ਹਿੰਦੂ ਤੀਰਥ/ਨਗਰ ਹੈ, ਜਿਹੜਾ ਹਿੰਦੂਆਂ ਦੀਆਂ ਪਵਿਤਰ ਸਤ ਪੁਰੀਆਂ ਵਿਚੋਂ ਇਕ ਹੈ। ਹਰਿਦੁਆਰ ਦਾ ਪੌਰਾਣਿਕ ਨਾਂ ਮਾਇਆਪੁਰ ਹੈ। ਸ਼ਿਵ ਦੇ ਉਪਾਸ਼ਕ ਇਸ ਨੂੰ 'ਹਰੀ ਦਾ ਦਰਵਾਜ਼ਾ' ਜਾਂ 'ਹਰਿ ਕੀ ਪਉੜੀ' ਕਹਿੰਦੇ ਹਨ।[541] ਪਰ ਸੰਤਨਿ ਸੰਗ ਮਿਲਜੌਨ ਕਹੂੰ ਹਰਿਦ੍ਵਾਰ ਪਿਰਾਗ॥[542]

**ਹਰਿਦ੍ਵਾਰ-** 'ਹਰੀ ਦਾ ਦਰਵਾਜ਼ਾ' ਵਰਤਮਾਨ ਹਰਦਵਾਰ। ਉਹ ਥਾਂ, ਜਿਥੋਂ ਗੰਗਾ ਅਖੀਰ ਵਿਚ ਪਹਾੜਾਂ ਨੂੰ ਚੀਰ ਕੇ ਹਿੰਦੁਸਤਾਨ ਦੇ ਮੈਦਾਨਾਂ ਵਿਚ ਦਾਖਲ ਹੁੰਦੀ ਹੈ। ਇਹ ਇਕ ਮਹਾਨ ਤੀਰਥ ਹੈ।[543] ਬ੍ਰਹਮਾ ਬਰਤੰ ਹਰਿਦ੍ਵਾਰ ਵਿਖੈ ਕਰਿਯੋ ਅਸਨਾਨ ਸੁ ਤਾਹਿ ਉਦਾਰੀ॥[544]

---

538 ਉਹੀ.

539 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 72.

540 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1498.

541 ਗੁਰਮੇਲ ਸਿੰਘ, ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 72.

542 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 45.

543 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ 2013, ਪੰਨਾ 152.

544 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 399.

**ਹਰਿਪਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਬ੍ਰਹਮ ਧਾਮਨੀ ਹਰਿਪਰੀ ਹਰਠਾਉਰੀ ਪਰਧਾਨਾ॥੧੧॥[545]

**ਹਰਿਯਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਨੂੰ ਖਡੂਰ ਵਿਚ ਮਿਲਿਆ ਇਕ ਵਿਅਕਤੀ ਜੋ ਗੁਰੂ ਜੀ ਦੇ ਉਪਦੇਸ਼ਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਜੀ ਦਾ ਸਿਖ ਬਣਿਆ। ਅਉਰ ਕਨਉਜੀ ਜਾਨਹੁ ਹਰਿਯਾ॥62॥[546]

**ਹਰਿਰਾਇ (ਗੁਰੂ)-** ਸਿਖ ਕੌਮ ਦੇ ਸਤਵੇਂ ਪਾਤਸ਼ਾਹ। ਇਨ੍ਹਾਂ ਦਾ ਜਨਮ 20 ਮਾਘ (ਸੁਦੀ 13) ਸੰਮਤ 1686 (26 ਫਰਵਰੀ ਸੰਨ 1630) ਨੂੰ ਬਾਬਾ ਗੁਰਦਿਤਾ ਦੇ ਘਰ ਮਾਤਾ ਨਿਹਾਲ ਕੌਰ ਦੇ ਉਦਰ ਤੋਂ ਕੀਰਤਪੁਰ ਹੋਇਆ। ਹਾੜ ਸੁਦੀ 3 ਸੰਮਤ 1697 ਨੂੰ ਅਨੂਪ ਸ਼ਹਿਰ (ਜਿਲ੍ਹਾ ਬੁਲੰਦ ਯੂ. ਪੀ.) ਨਿਵਾਸੀ ਦਯਾ ਰਾਮ ਦੀਆਂ ਪੁਤ੍ਰੀਆਂ ਨਾਲ ਵਿਆਹ ਹੋਇਆ। ਮਹਲਾ ਕੋਟਕਲਜਾਣੀ ਦੇ ਉਦਰ ਤੋਂ ਰਾਮਰਾਇ ਅਤੇ ਕ੍ਰਿਸ਼ਨ ਕੌਰ ਤੋਂ ਗੁਰੂ ਹਰਿਕ੍ਰਿਸ਼ਨ ਜਨਮੇ। 12 ਚੇਤ (ਸੁਦੀ) ਸੰਮਤ 1701 (8 ਮਾਰਚ ਸੰਨ 1644) ਨੂੰ ਗੁਰਗੱਦੀ ਤੇ ਵਿਰਾਜੇ ਅਤੇ ਉਤਮ ਰੀਤਿ ਨਾਲ ਗੁਰੂ ਨਾਨਕ ਦੇਵ ਜੀ ਦੇ ਧਰਮ ਦਾ ਪ੍ਰਚਾਰ ਕੀਤਾ। ਔਰੰਗਜ਼ੇਬ ਨੇ ਦਾਰਾਸ਼ਿਕੋਹ ਦੀ ਸਹਾਇਤਾ ਕਰਨ ਦਾ ਦੋਸ਼ ਗੁਰੂ ਸਾਹਿਬ ਉਪਰ ਲਾ ਕੇ ਦਿਲੀ ਹਾਜਰ ਹੋਣ ਦਾ ਹੁਕਮ ਦਿਤਾ। ਗੁਰੂ ਸਾਹਿਬ ਨੇ ਆਪਣੇ ਵਡੇ ਪੁਤਰ ਰਾਮਰਾਇ ਨੂੰ ਦਿਲੀ ਭੇਜਿਆ। 7 ਕੱਤਕ (ਵਦੀ 9) ਸੰਮਤ 1718 (6 ਅਕਤੂਬਰ ਸੰਨ 1661) ਨੂੰ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰੁਤਾ ਦੇਕੇ ਕੀਰਤਪੁਰ ਜੋਤੀ-ਜੋਤ ਸਮਾਏ।[547] ਹਰਿ ਗੁਬਿੰਦ ਤੇ ਸ੍ਰੀ ਹਰਿਰਾਇ॥[548]

**ਹਰੀ (ਵਿਸ਼ਨੂੰ)-** ਇਕ ਨਾਮ, ਜਿਹੜਾ ਅਕਸਰ ਵਿਸ਼ਨੂੰ (ਦੇਖੋ) ਲਈ ਪ੍ਰਯੁਕਤ ਕੀਤਾ ਜਾਂਦਾ ਹੈ, ਪਰ ਇਸ ਨੂੰ ਹੋਰਨਾਂ ਦੇਵਤਿਆਂ ਲਈ ਕਦੀ-ਕਦੀ ਵਰਤ ਲਿਆ ਜਾਂਦਾ ਹੈ।[549] ਕ੍ਰਿਸਨ ਮਹਾਂਨ ਬੋਧ ਕਲਗੀ ਪ੍ਰਿਥੂ ਬਿਆਸ ਹਰੀਹੰਸ ਮਨੂ ਯਗ ਰਿਖਭ ਸੋ ਜਾਨੀਐ॥[550]

---

[545] ਉਹੀ, ਪਤਰਾ 1054.

[546] ਉਹੀ, ਪਤਰਾ 805.

[547] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 267.

[548] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1837.

[549] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਤੀਜੀ ਵਾਰ, 2013, ਪੰਨਾ 152.

**ਹਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਜਗਸੀਤਲ ਮਾਣਕਚੰਦ ਹਰੀਕਿਸਨਾ ਬਿਸਨਾ ਕਿਰਪਾ ਜਗਰਾਇ॥[551]

**ਹਰੀ ਚੰਦ (ਸਿਖ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਹਰੀ ਚੰਦ ਪੁਨਿ ਦੁਜਾ ਜਾਨ ਗੁਬਿੰਦ ਜੀ॥[552]

**ਹਰੀ ਬਗਾਲੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਬੰਗਾਲ ਦੇ ਰਾਜੇ ਦਾ ਨਾਮ ਹਰੀ ਬੰਗਾਲ ਸੀ ਜੋ ਗੁਰੂ ਨਾਨਕ ਦੇਵ ਜੀ ਨੂੰ ਮਿਲਿਆ ਅਤੇ ਗੁਰੂ ਜੀ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਇਸ ਦੀ ਪੁਸ਼ਟੀ ਹੋਰ ਸ੍ਰੋਤਾਂ ਤੋਂ ਨਹੀਂ ਹੁੰਦੀ। ਹਰੀ ਬਗਾਲੀ ਸੁਣਿਯੋ ਜਬੈ॥[553]

**ਹਰੀ ਰਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਰਹਿੰਦ ਵਿਚ ਮਹਿਤਾ ਕਾਲੂ ਦੀ ਆੜ੍ਹਤ ਉਪਰ ਕੰਮ ਕਰਨ ਵਾਲਾ ਇਕ ਵਿਅਕਤੀ, ਜਿਸਨੇ ਦਮੋਦਰ (ਦੇਖੋ) ਨੂੰ ਮਹਿਤਾ ਕਾਲੂ ਦੇ ਕਹਿਣ 'ਤੇ ਰੁਪਏ ਦਿਤੇ ਸਨ। ਹਰੀ ਰਾਮ ਥਾ ਖਤਰੀ ਦਏ ਦਾਂਮ ਤਿਨ ਸੋਇ॥[554]

**ਹਰੀਹਰਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਯਾਂਗਰਮੱਲ ਹਰੀਹਰਿ ਸਾਵਣਿ ਕੇਵਲ ਰਾਮ ਬੁਧੂ ਨਰਸਾ॥[555]

**ਹਰੀਚੰਦ ਕਪਾਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਹਰੀ ਚੰਦ ਕੰਪਾਨੀ ਭਾਕਨ ਰਾਇ ਜੀ॥[556]

**ਹਰੀਚੰਦ-** ਭਾਰਤੀ ਪੌਰਾਣ-ਪਰੰਪਰਾ ਵਿਚ ਧਰਮਾਤਮਾ ਤੇ ਨਿਆਂਇ ਲਈ ਪ੍ਰਸਿਧ ਇਹ ਰਾਜਾ ਤ੍ਰਿਸ਼ੰਕੂ ਦਾ ਪੁਤਰ ਅਤੇ ਸੂਰਜ-ਵੰਸ਼ ਦਾ ਅਠਾਈਵਾਂ ਰਾਜਾ ਮੰਨਿਆ ਜਾਂਦਾ ਹੈ। ਪੁਰਾਣ-ਸਾਹਿਤ ਵਿਚ ਇਸ ਬਾਰੇ

---

[550] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 4.

[551] ਉਹੀ, ਪਤਰਾ 594.

[552] ਉਹੀ, ਪਤਰਾ 1630.

[553] ਉਹੀ, ਪਤਰਾ 1267.

[554] ਉਹੀ, ਪਤਰਾ 496.

[555] ਉਹੀ, ਪਤਰਾ 594.

[556] ਉਹੀ, ਪਤਰਾ 1629.

ਅਨੇਕਾਂ ਕਥਾ-ਕਹਾਣੀਆਂ ਪ੍ਰਚਲਿਤ ਹਨ, ਜਿਨ੍ਹਾਂ ਵਿਚ ਇਕਸਾਰਤਾ ਨਹੀਂ। ਇਕ ਕਥਾ ਅਨੁਸਾਰ ਨਾਰਦ ਦੀ ਚਲਾਕੀ ਕਰਕੇ ਇਸ ਨੂੰ ਆਪਣੇ ਰਾਜ-ਭਾਗ ਅਤੇ ਇਥੋਂ ਤਕ ਕਿ ਪਤਨੀ ਅਤੇ ਬੱਚੇ ਤੋਂ ਵੀ ਵਾਂਝਾ ਹੋਣਾ ਪਿਆ, ਪਰ ਇਹ ਘਬਰਾਇਆ ਨਹੀਂ। ਹੰਕਾਰ ਕਰਕੇ ਇਸ ਦੀ ਨਗਰੀ ਪੁਲਾੜ ਵਿਚ ਹੀ ਕਿਧਰੇ ਰੁਕ ਗਈ। ਇਸ ਖਿਆਲੀ ਨਗਰੀ ਲਈ ਕਈ ਨਾਂ ਪ੍ਰਚਲਿਤ ਹਨ, ਜਿਵੇਂ ਹਰਿਸ਼ਚੰਦਰਪੁਰ, ਸ਼ੋਭਨਗਰ, ਗੰਧਰਭ ਨਗਰ ਆਦਿ।[557] ਹਰੀ ਚੰਦ ਮੇਰੋ ਅਵਤਾਰੰ॥[558]

**ਹਰੀਰਾਮ (ਸਿਖ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[559] ਹਰੀਰਾਮ ਸਿਰੀਰਾਮ ਰੂਪਚੰਦ ਖੇਮਰਾਜ ਦੇਵਰਾਜ ਦੇਵਚੰਦ ਬਾਣੀਐ ਮਹਾਨੀਐ॥30॥[560]

**ਹਵਾਇ-** ਆਦਮ (ਦੇਖੋ) ਦੀ ਇਸਤਰੀ। ਕੁਦਰਤਿ ਸਿਰਜੇ ਆਦਮੁ ਹਵਾਇ॥[561]

**ਹਾਬਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਆਦਮ (ਦੇਖੋ) ਦੇ ਇਕ ਪੁਤਰ ਦਾ ਨਾਮ। ਅਬਲ ਚਾਰ ਇਮਾਮ ਥੇ ਹਾਬਲ ਕਾਬਲੁ ਜਾਨ॥ ਤੀਜਾ ਈਰਜੁ ਆਖੀਐ ਚਉਥਾ ਤੂਰਜੁ ਮਾਨ॥38॥[562]

**ਹਾਰਤ ਜੀਤਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਹਾਰਤ ਜੀਤਨ ਪੁਨਿ ਗਯਾਰਮੋ ਸੋ ਜਾਨ ਲੋਹੁ ਬਾਰਵੋ ਲੰਘਰ ਨਾਥ ਸਿਧ ਸੋ ਪਛਾਨੀਐ॥49॥[563]

**ਹਾਰੂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕਾਰੂ ਦਾ ਭਰਾ। ਹੋਰ ਸ੍ਰੋਤਾਂ ਵਿਚ ਕਾਰੂ ਦੇ ਭਰਾ ਦਾ (ਦੇਖੋ) ਇਕ ਹਾਰੂ ਅਲ ਰਸ਼ੀਦ ਦਾ ਜ਼ਿਕਰ ਆਉਂਦਾ ਹੈ ਜੋ ਬਗਦਾਦ ਦਾ ਪ੍ਰਸਿਧ ਖਲੀਫ ,ਜ਼ਿਕਰ ਨਹੀਂ ਆਉਂਦਾ ਸੀ।[564]ਕਾਰੂ ਹਾਰੂ ਦੋਨੋ ਭਾਈ॥[565]

---

[557] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 71-72.

[558] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 109.

[559] ਉਹੀ, ਪਤਰਾ 1783.

[560] ਉਹੀ.

[561] ਉਹੀ, ਪਤਰਾ 1448-49.

[562] ਉਹੀ, ਪਤਰਾ 940.

[563] ਉਹੀ, ਪਤਰਾ 1026.

**ਹਾਲੂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸੰਗਤ (ਦੇਖੋ) ਦਾ ਪੁਤਰ ਅਤੇ ਇਹ ਗੁਰੂ ਜੀ ਦੇ ਵਿਆਹ ਸਮੇਂ ਸੁਲਤਾਨਪੁਰ ਤੋਂ ਨਾਲ ਗਿਆ ਸੀ। ਆਇ ਗਯੋ ਰਥ ਲੇਕਰਿ ਕੈ ਇਤਿਨੇ ਮਹਿ ਸੰਗਤਿ ਕਾ ਸੁਤਿ ਹਾਲੂ॥[566]

**ਹਿੰਗਲਾਸ-** ਉਹ ਅਸਥਾਨ, ਜਿਥੇ ਸਤੀ ਦੇਵੀ ਦੀ ਤਾਲੂਆ ਡਿਗਿਆ ਸੀ। ਹਿੰਗੋਲ ਨਦੀ ਦੇ ਕੰਢੇ ਲਾਸਾਬੇਲਾ ਰਾਜ ਅੰਦਰ ਇਕ ਦੇਵੀ ਦਾ ਮੰਦਿਰ, ਜੋ ਮੇਕਰਾਨ ਸਾਹਿਲ ਉਤੇ ਹਿੰਗੁਲਾ ਪਰਬਤ ਦੇ ਸਿਰੇ ਤੇ ਹੈ। ਹਿੰਗਲਾਜ ਠਟੇ ਤੋਂ ਨੌਂ ਦਿਨ ਦਾ ਪੈਂਡਾ ਵੀ ਦਸਿਆ ਜਾਂਦਾ ਹੈ ਅਤੇ ਸਮੁੰਦਰ ਦੇ ਕੰਢੇ ਤੋਂ ਨੌਂ ਮੀਲ ਦੀ ਵਿਥ ਤੇ ਹੈ।[567] ਰਾਮਨਾਥ ਤੇ ਦੁਆਰਕਾ ਪੁਨਿ ਹਿੰਗਲਾਸ ਸੁ ਜਾਇ॥[568]

**ਹਿੰਗੁਲਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਇਲਾ ਹਿੰਗੁਲਾ ਪਿੰਗੁਲਾ ਬਾਕਬਾਨੀ॥[569]

**ਹਿੰਦੁਸਤਾਨ-** ਵਿਦੇਸ਼ੀ ਲੇਖਕਾਂ ਖ਼ਾਸ ਕਰਕੇ ਮੁਸਲਮਾਨਾਂ ਵਲੋਂ ਪਾਇਆ ਭਾਰਤ ਦਾ ਪ੍ਰਚਲਤ ਨਾਮ ਹਿੰਦੁਸਤਾਨ ਹੈ। ਏਸ਼ੀਆ ਦਾ ਇਹ ਭੂਭਾਗ, ਤਿੰਨ ਪਾਸਿਓਂ ਸਮੁੰਦਰ ਨਾਲ ਘਿਰਿਆ ਤੇ ਇਕ ਪਾਸੇ ਹਿਮਾਲੀਆ ਪਰਬਤ ਹੈ। ਉਤਰ ਵਲ ਹਿਮਾਲੀਆ ਤੇ ਦਖਣ ਵਲ ਹਿੰਦ ਮਹਾਂ ਸਾਗਰ ਹੈ, ਪੂਰਬ ਵਲ ਬਰਮਾ ਤੇ ਪਛਮ ਵਲ ਬਲੋਚਸਤਾਨ ਤੇ ਅਫਗਾਨਿਸਤਾਨ ਪੈਂਦਾ ਹੈ। ਜਨਸੰਖਿਆ ਦੇ ਹਿਸਾਬ ਨਾਲ ਚੀਨ ਨੂੰ ਛਡ ਕੇ ਹਿੰਦ ਦੂਜੇ ਨੰਬਰ ਤੇ ਹੈ, ਸਭ ਤੋਂ ਵਧ ਗਿਣਤੀ ਵੈਦਿਕ ਧਰਮ ਵਾਲੇ ਹਿੰਦੂਆਂ ਦੀ ਹੈ।[570] ਹਿੰਦੁਸਾਨ ਸਰਬ ਡਰਿ ਗਯੋ॥8॥[571]

---

564 ਵਣਜਾਰਾ ਬੇਦੀ,ਸੋਹਿੰਦਰ ਸਿੰਘ , *ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਜਿਲਦ ਚੌਥੀ,* ਨੈਸ਼ਨਲ ਬੁਕ ਸ਼ਾਪ, *ਦਿੱਲੀ* ,ਦੂਜੀ ਵਾਰ , .488 ਪੰਨਾ ,2004

565 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ .909

566 ਉਹੀ, ਪਤਰਾ 540-41.

567 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 273.

568 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 702.

569 ਉਹੀ, ਪਤਰਾ 1054.

570 ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 70.

571 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 731.

**ਹਿਮ ਕੂਟਂ-** ਇਕ ਪਰਬਤ (ਦੇਖੋ) ਦਾ ਨਾਮ। ਹਿੰਮ ਕੂਟਂ ਪੂਨਿ ਅਉਰ ਸੁ ਜਾਨ॥[572]

**ਹਿਮ ਮੇਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ), ਸ਼ਾਇਦ ਹਿਮਾਲਿਆ ਦੇ ਕਿਸੇ ਪਰਬਤ ਵਲ ਸੰਕੇਤ ਹੋਵੇ। ਕਰਿਕੈ ਉਪਮਾ ਪਰਣਾਮ ਮੁਨੀ ਪੁਨਿ ਆਪ ਗੁਨੀ ਹਿਮ ਮੇਰ ਪਧਾਰੇ॥[573]

**ਹਿਮ ਵੰਤ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ, ਇਸ ਤਰ੍ਹਾਂ ਦੇ ਧਰਤੀ ਉਪਰ ਅਠ ਪਰਬਤ ਹਨ। ਹਿਮ ਵੰਤ ਹੇਮ ਵੰਤ ਗੁਨਿ ਸੀਲ॥ ਨਿਖਧਮੇਰ ਭਗਨਾ ਵਤਨੀਲ॥28॥[574]

**ਹਿਮਾਦਰੀ-** ਇਕ ਪਰਬਤ (ਦੇਖੋ) ਦਾ ਨਾਮ। ਹਿਮਾਲਿਆ ਪਹਾੜਾਂ ਦਾ ਮਾਨਵੀਕਰਨ। ਇਹ ਮੇਨਾ ਜਾਂ ਮੇਨਕਾ ਦਾ ਪਤੀ ਅਤੇ ਉਮਾ ਤੇ ਗੰਗਾ ਦਾ ਪਿਤਾ ਹੈ।[575] ਪੁਨਿ ਹਿਮਾਦਰੀ ਪਰਬਤਿ ਆਯੋ॥[576]

**ਹਿੰਮਾਦ੍ਰੀ-** ਹਿਮਾਲਿਆ ਪਰਬਤ (ਦੇਖੋ)। ਹਿੰਮਾਦ੍ਰੀ ਗਿਰ ਮੈ ਦੇਵ ਕਿਦਾਰ॥[577]

**ਹਿਮਾਲਾ-** ਹਿਮਾਲਿਆ ਪਰਬਤ (ਦੇਖੋ), ਹਿਮਾਲਾ ਦਾ ਸ਼ਬਦੀ ਅਰਥ ਬਰਫ ਦਾ ਘਰ ਜਾਂ ਖਜ਼ਾਨਾ ਹੈ। ਭਾਰਤ ਦੇ ਉਤਰ ਵਲ ਦੀਵਾਰ-ਰੂਪ ਵਿਚ ਸਥਿਤ ਇਹ ਲਗਭਗ 1500 ਮੀਲ ਲੰਮੀ ਤੇ 150 ਮੀਲ ਚੌੜੀ ਪਰਬਤ-ਲੜੀ ਹੈ। ਗੰਗਾ ਤੇ ਪਾਰਬਤੀ ਨਦੀਆਂ ਨੂੰ ਲੋਕ-ਵਿਸ਼ਵਾਸ ਵਿਚ ਹਿਮਾਲਾ ਦੀਆਂ ਪੁਤਰੀਆਂ ਮੰਨਿਆ ਜਾਂਦਾ ਹੈ।[578] ਪਾਛੈ ਰਹਯੋ ਹਿਮਾਲਾ ਜੋਇ॥[579]

---

[572] ਉਹੀ, ਪਤਰਾ 1426.

[573] ਉਹੀ, ਪਤਰਾ 1577.

[574] ਉਹੀ, ਪਤਰਾ 1008.

[575] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 156.

[576] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1426.

[577] ਉਹੀ, ਪਤਰਾ 1560.

[578] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 76.

[579] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 979.

**ਹਿਯਾਤ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਿਆਲਕੋਟ ਦਾ ਇਕ ਕਾਜੀ। ਜੋ ਕਿ ਬਾਅਦ ਵਿਚ ਗੁਰੂ ਜੀ ਦਾ ਸਿਖ ਬਣਿਆ। ਜਦੋਂ ਗੁਰੂ ਜੀ ਸਿਆਲਕੋਟ ਗਏ ਉਦੋਂ ਉਸ ਨਾਲ ਮੁਲਾਕਾਤ ਹੋਈ ਅਤੇ ਗੁਰੂ ਜੀ ਨੇ ਇਸ ਨੂੰ ਉਪਦੇਸ਼ ਦਿਤਾ।[580] ਨਾਨਕ ਆਖੈ ਹਿਯਾਤ ਤਬ ਦਰਗਹਿ ਪਵੈਂ ਕਬੂਲਿ॥73॥[581]

**ਹਿਯਾਤ ਖਾਂ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[582] ਹਿਯਾਤ ਖਾਂਹਿ ਜੋਧਾ ਪੁਨਿ ਆਯੋ॥[583]

**ਹਿਰਨਗਰਭੰ-** ਸੁਨਹਿਰੀ ਆਂਡਾ, ਰਿਗਵੇਦ ਅਨੁਸਾਰ ਸ੍ਰਿਸ਼ਟੀ ਦੇ ਆਦਿ ਵਿਚ ਕਰਤਾ ਪੁਰਖ ਹਿਰਣਯ ਗਰਭ ਅਥਵਾ ਸੁਨਹਿਰੀ ਆਂਡੇ ਦੇ ਰੂਪ ਵਿਚ ਪ੍ਰਗਟ ਹੋਇਆ। ਹੋਰ ਗ੍ਰੰਥਾਂ ਅਨੁਸਾਰ ਸਿਰਜਣਹਾਰ ਸ੍ਵੈ-ਭੂ ਨੇ ਪਹਿਲਾਂ ਪਾਣੀ ਦੀ ਰਚਨਾ ਕੀਤੀ, ਫਿਰ ਉਸ ਵਿਚ ਇਕ ਬੀਜ ਸੁਟਿਆ, ਜੋ ਸੁਨਹਿਰੀ ਆਂਡੇ (ਹਿਰਣਯ-ਗਰਭ) ਦਾ ਰੂਪ ਧਾਰਨ ਕਰ ਗਿਆ, ਜਿਸ ਵਿਚੋਂ ਕਰਤਾ ਪੁਰਖ ਖੁਦ ਬ੍ਰਹਮਾ ਦੇ ਰੂਪ ਵਿਚ ਪ੍ਰਗਟ ਹੋਇਆ। ਉਸ ਨੇ ਪਹਿਲਾਂ ਦੇਵਤੇ ਪੈਦਾ ਕੀਤੇ। ਫਿਰ ਤਿੰਨਾਂ ਲੋਕਾਂ ਵਿਚ ਅਥਵਾ ਇਸ ਲੋਕ ਵਿਚ ਅਗਨੀ, ਪੁਲਾੜ ਵਿਚ ਵਾਯੂ ਅਤੇ ਆਕਾਸ਼ ਵਿਚ ਸੂਰਜ ਨੂੰ ਉਦੈ ਕੀਤਾ।[584] ਹਿਰਨਜ ਗਰਭੰ ਏਕ ਆਖੈ॥[585]

**ਹਿਵੰਚਲਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ। ਗਏ ਹਿਵੰਚਲਿ ਗਿਰ ਵਿਖੈ ਬਰਫੁ ਭਰੀ ਜਾ ਮਾਹਿ॥15॥[586]

---

580 ਉਹੀ, ਪਤਰਾ 1657.

581 ਉਹੀ.

582 ਉਹੀ, ਪਤਰਾ 1782.

583 ਉਹੀ.

584 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਚੌਥੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 500.

585 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੁਦਨ, ਪਤਰਾ 114.

586 ਉਹੀ, ਪਤਰਾ 979.

**ਹੀਰਾਬਾਈ-** ਸ੍ਰੀ ਸੰਤਰੇਣ ਗ੍ਰੰਥਾਵਲੀ ਪੁਸਤਕ ਅਨੁਸਾਰ ਇਹ ਕਵੀ ਸੰਤਰੇਣ ਨਾਲ ਹੀ ਦੱਖਣ ਤੋਂ ਆਈ ਸੀ। ਇਸ ਦੇ ਪਿਤਾ ਦਾ ਨਾਮ ਰਾਮਲਾਲ ਸੀ ਅਤੇ ਇਸ ਨੇ ਹੀ ਕਵੀ ਦੀ ਭੂਦਨ ਵਿਖੇ ਪੱਕੀ ਸਮਾਧ ਬਣਾਈ ਸੀ। ਇਸ ਦੀ ਕਵੀ ਵਿਚ ਅੰਨਿਨ ਸ਼ਰਧਾ ਸੀ।[587] ਹੀਰਾ ਤਿਸ ਕਾ ਨਾਮੰ ਜਾਨ ਮਹਾਨਿਯੈ॥[588]

**ਹੇਮ ਪੁਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਨਗਰ ਜੋ ਦਖਣ ਪਛਮ ਦੇ ਮਧ ਦੇ ਨੇੜੇ ਹੋਣ ਵਲ ਸੰਕੇਤ ਕੀਤਾ ਗਿਆ ਹੈ। ਪਰ ਇਤਿਹਾਸਕ ਸ੍ਰੋਤਾਂ ਤੋਂ ਇਸ ਦੀ ਪੁਸ਼ਟੀ ਨਹੀਂ ਹੁੰਦੀ। ਪਰ ਕਵੀ ਦਾ ਇਥੇ ਗੁਰੂ ਜੀ ਦੀ ਗੱਦੀ ਬਾਰੇ ਦਸਣਾ ਖੋਜ ਦਾ ਵਿਸ਼ਾ ਹੈ।[589] ਤਿਸ ਦੇ ਵਿਖੈ ਇਕ ਹੇਮਪੁਰੀ ਸਭ ਲੋਕ ਤਹਾ ਸੁ ਅਹੇ ਸਤਿਵਾਦੀ॥[590]

**ਹੇਮ ਵੰਤ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ, ਇਸ ਤਰ੍ਹਾਂ ਦੇ ਧਰਤੀ ਉਪਰ ਅਠ ਪਰਬਤ ਹਨ। ਹਿਮ ਵੰਤ ਹੇਮ ਵੰਤ ਗੁਨਿ ਸੀਲ॥ ਨਿਖਧਮੇਰ ਭਗਨਾ ਵਤਨੀਲ॥28॥[591]

**ਹੈਦਰਾਬਾਦ-** ਇਸ ਨਾਮ ਦੇ ਦੋ ਪ੍ਰਸਿਧ ਸ਼ਹਿਰ ਹਨ। ਇਕ ਸਿੰਧ ਵਿਚ, ਦੂਜਾ ਦਖਣ ਵਿਚ, ਜੋ ਨਿਜ਼ਾਮ ਦੀ ਰਾਜਧਾਨੀ ਹੈ।[592] ਚਉਥੈ ਹੈਦਰਿਬਾਦ ਬਤਾਯੋ॥[593]

**ਕਉਸਲਿਆ (ਕੁਸ਼ਲਿਆ)-** ਰਾਜੇ ਦਸਰਥ ਦੀ ਵਡੀ ਰਾਣੀ, ਜਿਸ ਦੇ ਕੁਖੋਂ ਰਾਮ ਚੰਦਰ ਨੇ ਜਨਮ ਲਿਆ। ਕੋਸ਼ਲ ਦੇਸ਼ ਦੇ ਰਾਜੇ ਦੀ ਕੰਨਿਆ ਹੋਣ ਕਰਕੇ ਉਹ ਕੁਸ਼ਲਿਆ ਅਖਵਾਈ।[594] ਕਉਸਲਿਆ ਕੁਰੂਖੇਤਰੰ ਬਹੁਰਿ ਕੁਬੇਰੀ ਜਾਨ॥[595]

---

[587] ਰਾਮਦਾਸ ਵੈਦ, *ਸ੍ਰੀ ਸੰਤ ਰੇਣੁ ਗ੍ਰੰਥਾਵਲੀ,* ਸੰਤਰੇਣਾਸ਼੍ਰਮ, ਭੂਦਨ, 1953, ਪੰਨਾ 3.

[588] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1848.

[589] ਉਹੀ, ਪਤਰਾ 1614.

[590] ਉਹੀ.

[591] ਉਹੀ, ਪਤਰਾ 1008.

[592] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 281.

[593] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 702.

[594] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪੰਜਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2017, ਪੰਨਾ 676.

[595] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 12.

**ਕਉਡਾ ਰਾਖਸ਼-** 'ਕਉਡਾ' ਕਿਸੇ ਰਾਕਸ਼, ਆਦਮੀ ਜਾਂ ਆਦਮ-ਜਾਤ ਦਾ ਨਾਂ ਨਹੀਂ, ਸਗੋਂ 'ਕਾਡਾਨ' ਕਬੀਲੇ ਦਾ ਹੈ। ਇਹ ਕਬੀਲਾ ਗੁਰੂ ਨਾਨਕ ਦੇਵ ਜੀ ਸਮੇਂ ਨੀਲਗਿਰੀ ਪਹਾੜਾਂ ਵਿਚ ਰਹਿੰਦਾ ਸੀ। ਨੀਲਗਿਰੀ ਪਹਾੜ ਦਖਣੀ ਭਾਰਤ ਵਿਚ ਪਾਲਕ ਕੋਟਾਇਮ ਤੋਂ ਉਤਰ ਵਲ ਕੰਬੇਟੂਰ ਜਿਲ੍ਹੇ ਦੇ ਦਖਣ ਵਲ ਅਨਾਮਲਾਏ ਪਰਬਤਾਂ ਕੋਲ ਹਨ।[596] ਕਉਡੇ ਰਾਕਸਿ ਪਕਰਿਉ ਸੋਇ॥[597]

**ਕਉਰੂ ਦੇਸ-** ਮੌਜੂਦਾ ਆਸਾਮ ਵਿਚ ਕਾਮਰੂਪ ਦਾ ਖੇਤਰ। ਇਥੇ ਕਾਮਾਕਸ਼ਾ ਦੇਵੀ ਦਾ ਪ੍ਰਸਿਧ ਮੰਦਰ ਹੈ ਜੋ ਵਾਮ-ਮਾਰਗੀ ਪੂਜਾ-ਪਧਤੀ ਲਈ ਪ੍ਰਸਿਧ ਹੈ। ਦੇਵੀ ਦੀ ਅਧਿਕ ਉਪਾਸ਼ਨਾ ਹੋਣ ਕਰਕੇ ਇਥੇ ਇਸਤਰੀਆਂ ਨੂੰ ਮਰਦਾਂ ਦੇ ਮੁਕਾਬਲੇ ਜ਼ਿਆਦਾ ਅਧਿਕਾਰ ਜਾਂ ਆਦਰ ਪ੍ਰਾਪਤ ਸਨ। ਤ੍ਰੀਮਤਾਂ ਦੀ ਸਰਦਾਰੀ ਹੋਣ ਕਰਕੇ ਇਸ ਥਾਂ ਨੂੰ 'ਤ੍ਰੀਆ ਰਾਜ' ਵੀ ਕਿਹਾ ਜਾਣ ਲਗ ਪਿਆ।[598] ਗੁਰ ਉਧਾਰ ਕਰਿ ਤਿਨੇ ਕਾ ਗਯੋ ਕਉਰੂ ਦੇਸ॥[599]

**ਕਉਲ ਨੈਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਠਾਰ੍ਹਾਂ ਰਾਜਿਆਂ (ਦੇਖੋ) ਵਿਚੋਂ ਇਕ ਰਾਜੇ ਦਾ ਨਾਮ। ਕਉਲ ਨੈਨ ਪਿਰਥਮ ਤੁਮ ਜਾਨੋ॥[600]

**ਕਉਲਾਸ-** ਕੈਲਾਸ਼ (ਦੇਖੋ) ਪਰਬਤ ਲਈ ਵਰਤਿਆ ਸ਼ਬਦ-ਰੂਪ।[601] ਅਲਾਲੀਲ ਅਗ ਤੇ ਉਡੇ ਚੜੇ ਜਾਇ ਕਉਲਾਸ॥[602]

---

[596] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 77.

[597] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1296.

[598] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 78.

[599] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1256.

[600] ਉਹੀ, ਪਤਰਾ 1322.

[601] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 79.

[602] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1034.

**ਕੰਸ-** ਕੰਸ ਮਥਰਾ ਦੇ ਰਾਜੇ ਉਗ੍ਰਸੈਨ ਦਾ ਪੁਤਰ ਸੀ। ਪੁਰਾਣਿਕ ਕਥਾ ਅਨੁਸਾਰ ਇਹ ਪਿਛਲੇ ਜਨਮ ਵਿਚ ਕਾਲਨੇਮ ਦੈਂਤ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਦਾ ਜਨਮ ਦੁਰਮਲ ਦੈਂਤ ਦੇ ਸੰਯੋਗ ਕਾਰਣ ਹੋਇਆ ਸੀ। ਇਹ ਮਗਧ ਦੇ ਰਾਜੇ ਜਰਾਸੰਧ ਦੀ ਪੁਤਰੀ ਨਾਲ ਵਿਆਹਿਆ ਗਿਆ ਤੇ ਸਾਜ਼ਸ ਕਰਕੇ ਅਤੇ ਪਿਤਾ ਨੂੰ ਸਿੰਘਾਸਨ ਤੋਂ ਲਾਹ ਕੇ ਆਪ ਰਾਜਗੱਦੀ ਦਾ ਮਾਲਕ ਬਣ ਬੈਠਾ ਅਤੇ ਪਿਤਾ ਨੂੰ ਕੈਦ ਕਰ ਦਿਤਾ। ਕੰਸ ਬੜਾ ਅਤਿਆਚਾਰੀ ਰਾਜਾ ਸੀ। ਇਕ ਵਾਰ ਜੋਤਸ਼ੀਆਂ ਨੇ ਇਸ ਨੂੰ ਦਸਿਆ ਕਿ ਤੇਰੀ ਭੈਣ ਦੇਵਕੀ ਦਾ ਪੁਤਰ ਤੇਰਾ ਕਾਤਿਲ ਬਣੇਗਾ, ਇਸ ਕਰਕੇ ਇਸ ਨੇ ਆਪਣੀ ਭੈਣ ਦੇਵਕੀ ਅਤੇ ਉਸ ਦੇ ਪਤੀ ਵਾਸੁਦੇਵ ਨੂੰ ਕੈਦ ਵਿਚ ਸੁਟ ਦਿਤਾ। ਇਸ ਦੇ ਛੇ ਬੱਚੇ ਹੋਏ ਜੋ ਵਾਰੀ- ਵਾਰੀ ਮਰਵਾ ਦਿਤੇ ਗਏ। ਸਤਵਾਂ ਬੱਚਾ ਬਲਭੱਦ੍ਰ ਸੀ ਜਿਸ ਨੂੰ ਕਿਸੇ ਤਰੀਕੇ ਨਾਲ ਬਚਾ ਕੇ ਬਾਹਰ ਭੇਜ ਦਿਤਾ ਗਿਆ ਤੇ ਵਾਸਦੇਵ ਦੀ ਦੂਜੀ ਇਸਤਰੀ ਰੋਹਣੀ ਨੇ ਇਸ ਦੀ ਪਾਲਣਾ ਕੀਤੀ। ਅੱਠਵੀਂ ਥਾਂ ਕ੍ਰਿਸ਼ਨ ਪੈਦਾ ਹੋਇਆ, ਜੰਮਣ ਸਾਰ ਇਸ ਨੂੰ ਕੰਸ ਤੋਂ ਚੋਰੀ ਨੰਦ ਗੁਆਲੇ ਦੇ ਘਰ ਪਹੁੰਚਾਇਆ ਗਿਆ ਤੇ ਜਸ਼ੋਧਾ ਨੇ ਇਸ ਦੀ ਪਾਲਣਾ ਕੀਤੀ। ਅਖੀਰ ਹੋਣੀ ਐਸੀ ਹੋਈ ਕਿ ਕ੍ਰਿਸ਼ਨ ਜੀ ਨੇ ਧਨੁਖ ਯੱਗ ਵਿਚ ਪੁਜਕੇ ਕੰਸ ਨੂੰ ਕੇਸਾਂ ਤੋਂ ਪਕੜ ਲਿਆ ਤੇ ਥਾਂ ਪਟਕਾ ਮਾਰਿਆ ਅਤੇ ਉਹ ਮਰ ਗਿਆ।[603] ਕੈਰਵਿ ਕੰਸ ਬਡੇ ਅਭਿਮਾਨੀ॥[604]

**ਕਸਮੀਰ (ਕਸ਼ਮੀਰ)-** ਧਰਤੀ ਉਤੇ ਜਨਤ ਜਾਂ ਸਵਰਗ ਹੋਣ ਦਾ ਗੌਰਵ ਪ੍ਰਾਪਤ ਕਰਨ ਵਾਲਾ ਕਸ਼ਮੀਰ ਪ੍ਰਦੇਸ਼ ਭਾਰਤ ਦੇ ਉਤਰ ਵਿਚ ਇਕ ਰਮਣੀਕ ਪਹਾੜੀ ਖੇਤਰ ਹੈ। ਭਾਰਤ ਨੂੰ ਅਜ਼ਾਦੀ ਪ੍ਰਾਪਤ ਹੋਣ ਤਕ ਇਹ ਮਹਾਰਾਜਾ ਹਰੀ ਸਿੰਘ ਡੋਗਰੇ ਅਧੀਨ ਸੀ, ਪਰ ਕਬਾਈਲੀਆਂ ਦੇ ਹਮਲੇ ਕਾਰਨ ਉਸ ਕੋਲੋਂ ਇਸ ਨੂੰ ਸੁਤੰਤਰ ਰਿਆਸਤ ਵਜੋਂ ਕਾਇਮ ਰਖਣਾ ਔਖਾ ਹੋ ਗਿਆ। ਜਦੋਂ 50 ਹਜ਼ਾਰ ਵਰਗ ਮੀਲ ਤਕ ਦਾ ਇਲਾਕਾ ਹਮਲਾਵਰਾਂ ਨੇ ਕਬਜ਼ੇ ਵਿਚ ਲੈ ਲਿਆ ਤਾਂ ਰਾਜੇ ਨੇ ਭਾਰਤ ਸਰਕਾਰ ਦੀ ਮਦਦ ਮੰਗੀ। ਭਾਰਤੀ ਫੌਜਾਂ ਨੇ ਕਬਾਈਲੀਆਂ ਦੀ ਪੇਸ਼ਕਦਮੀ ਰੋਕ ਦਿਤੀ ਅਤੇ ਬਾਅਦ ਵਿਚ ਹੋਈ ਲਾਮਬੰਦੀ ਕਾਰਨ ਅਜੇ ਤਕ ਮਾਮਲਾ ਲਟਕ ਰਿਹਾ ਹੈ। ਕਸ਼ਮੀਰ ਨਾਂ ਦਾ ਸਬੰਧ ਕਸ਼ਜਪ ਪਰਜਾਪਤੀ ਨਾਲ ਜੋੜਿਆ ਜਾਂਦਾ ਹੈ। ਪੁਰਾਤਨ ਕਾਲ

---

[603] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 99-100.

[604] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1187.

ਤੋਂ ਇਸ ਖੇਤਰ ਵਿਚ ਭਾਰਤੀ ਸੰਸਕ੍ਰਿਤੀ ਦਾ ਗੌਰਵ ਬਣਿਆ ਆ ਰਿਹਾ ਹੈ।[605] ਕਲਗੀ ਅਵਤਾਰ ਕਿਲਾਸ ਸਿਵੰ ਕਮਠੰ ਕਸਮੀਰ ਨਿਵਾਸ ਹਿਵੰ॥[606]

**ਕਸੂਰਿ ਜਾਂ ਕਸੂਰ-** ਪਾਕਿਸਤਾਨ ਵਿਚ ਲਾਹੌਰ ਦੇ ਬਿਲਕੁਲ ਲਾਗੇ ਦਾ ਇਕ ਨਗਰ, ਜਿਹੜਾ ਪਹਿਲਾਂ ਲਾਹੌਰ ਜਿਲ੍ਹੇ ਦੀ ਇਕ ਤਹਿਸੀਲ ਸੀ। ਇਸ ਨਗਰ ਦੀ ਹੋਂਦ ਭਾਵੇਂ ਚਿਰ-ਕਾਲ ਤੋਂ ਮੰਨੀ ਜਾਂਦੀ ਹੈ, ਪਰ ਇਸ ਦਾ ਵਿਕਾਸ ਬਾਬਰ ਦੇ ਰਾਜ-ਕਾਲ (1526-1530 ਈ.) ਵਿਚ ਹੀ ਹੋਇਆ। ਪ੍ਰਸਿਧ ਪੰਜਾਬੀ ਸੂਫੀ ਕਵੀ ਬੁਲੇ ਸ਼ਾਹ ਇਥੋਂ ਦਾ ਹੀ ਸੀ। ਪੌਰਾਣਿਕ ਪਰੰਪਰਾ ਇਸ ਸ਼ਹਿਰ ਦੀ ਉਤਪਤੀ ਦਾ ਸਬੰਧ ਰਾਮਚੰਦਰ ਦੇ ਪੁਤਰ ਕੁਸ਼ ਨਾਲ ਜੋੜਦੀ ਹੈ।[607] ਦੇਸ ਪਜਾਬ ਕਸੂਰਿ ਵਿਖੈ ਇਕ ਬਿਪਰ ਥਾ ਪੜਿਆ ਨਹਿ ਕੋਇ॥[608]

**ਕਸ਼ਜਪ-** ਇਕ ਵੈਦਿਕ ਰਿਸ਼ੀ ਜਿਸ ਨਾਲ ਕੁਝ ਰਿਚਾਵਾਂ ਸੰਬੰਧਤ ਕੀਤੀਆਂ ਜਾਂਦੀਆਂ ਹਨ। ਸਾਰੇ ਹੀ ਵਿਦਵਾਨ ਇਸ ਮੱਤ ਨਾਲ ਸਹਿਮਤ ਹਨ ਕਿ ਰਚਨਾ ਦਾ ਇਕ ਵਡਾ ਭਾਗ ਇਸ ਨਾਲ ਹੀ ਸਬੰਧਤ ਹੈ। ਮਹਾਂਭਾਰਤ, ਰਾਮਾਯਣ ਅਤੇ ਪੁਰਾਣਾਂ ਅਨੁਸਾਰ ਇਹ ਬ੍ਰਹਮਾ ਦੇ ਪੁਤਰ ਮਰੀਚੀ ਦਾ ਪੁਤਰ, ਅਤੇ ਮਨੂ ਦੇ ਪਿਤਾ ਵਿਵਸਵਤ ਦਾ ਪਿਤਾ ਸੀ। ਮਹਾਂ-ਭਾਰਤ ਅਤੇ ਉਸ ਤੋਂ ਪਿਛੋਂ ਦੇ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ 'ਕਸ਼ਜਪ' ਨੇ 'ਅਦਿਤੀ' ਅਤੇ ਦਕਸ਼ ਦੀਆਂ ਹੋਰ ਬਾਰ੍ਹਾਂ ਧੀਆਂ ਨਾਲ ਵਿਆਹ ਕਰਵਾਇਆ।[609] ਕਲਿਆਣ ਕਮੰਡਲ ਔਰ ਕਪੀ ਪੁਨੀ ਕਸਜਪ ਕਾਰਣ ਕੰਜ ਕਿਦਾਰੇ॥[610]

**ਕੰਕਾ ਕਰਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸੀਲਾਪੁਰ ਦਾ ਰਾਜਾ। ਤੂੰ ਸੁਤ ਕੰਕਾ ਕਰਨ ਕਾ ਕੰਕਾ ਕਰਨ ਭੂਪਾਲ॥[611]

---

[605] ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼ ਭਾਗ ਪਹਿਲਾ,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 442.

[606] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 12.

[607] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 80.

[608] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1249.

[609] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 161-162.

[610] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 12.

[611] ਉਹੀ, ਪਤਰਾ 984.

**ਕੰਕਾਲ ਕੇਤੂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਰਾਖਸ਼ ਜਿਸ ਨੂੰ ਮਿਤਰਾਜਿਤ (ਦੇਖੋ) ਨੇ ਮਾਰ ਕੇ ਅਮਲ ਗੰਧਨੀ (ਦੇਖੋ) ਨਾਲ ਵਿਆਹ ਕਰਵਾਇਆ ਸੀ। ਕੰਕਾਲ ਕੇਤੂ ਸੁ ਦੈਤੰ ਬਲੀ ਬੀਰ॥[612]

**ਕੰਗੇਹੁ-** ਇਕ ਟਾਪੂ (ਦੇਖੋ) ਦਾ ਨਾਮ। ਪ੍ਰਿਯ ਕਰਿ ਧਰਮਾ ਅਰੁ ਕੰਗੇਹੁ॥[613]

**ਕਛ/ਕੂਰਮ (ਅਵਤਾਰ)-** ਚੌਵੀ ਅਵਤਾਰਾਂ ਵਿਚੋਂ ਵਿਸ਼ਨੂੰ ਦਾ ਦੂਜਾ ਅਵਤਾਰ (ਦੇਖੋ) ਕਛ ਹੈ। ਹੋ ਕੂਰਮ ਹ੍ਵੈ ਗਿਰ ਪੀਠ ਸੁ ਲਯੋ॥[614]

**ਕਜਲੀ ਬਨ-** ਆਸਾਮ ਦਾ ਇਕ ਪ੍ਰਸਿਧ ਜੰਗਲ, ਜਿਸ ਵਿਚ ਬਹੁਤ ਹਾਥੀ ਰਹਿੰਦੇ ਹਨ।[615] ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਹ ਬੇਗਾਪੁਰ ਤੋਂ 80 ਕੋਹ ਦੀ ਦੂਰੀ ਉਪਰ ਸਥਿਤ ਹੈ ਇਤੇ ਇਥੇ ਇਸਤ੍ਰੀਆਂ ਦੀ ਰਾਜ ਸੀ ਅਤੇ ਇਥੋਂ ਦੀ ਸਰਦਾਰਨੀ ਦਾ ਨਾਮ ਚੰਦ੍ਰ ਕਲਾ ਸੀ। ਬੇਗਾਪੁਰ ਤੇ ਸਤਿਗੁਰੂ ਕਜਲੀ ਬਨ ਕੋ ਆਇ॥[616]

**ਕੰਜੇਤਸਿ-** ਇਕ ਟਾਪੂ (ਦੇਖੋ) ਦਾ ਨਾਮ। ਖਟਚਾਲੀ ਕੰਜੇਤਸਿ ਹਯੈ॥[617]

**ਕਟਾਸ-** ਪਛਮੀ ਪੰਜਾਬ ਵਿਚ ਹਿੰਦੂਆਂ ਦਾ ਇਕ ਵਡਾ ਤੀਰਥ, ਦੇਸ਼ ਵੰਡ ਤੋਂ ਪਹਿਲਾਂ ਇਥੇ ਹਰ ਸਾਲ ਵਿਸਾਖੀ ਨੂੰ ਚਾਰ ਦਿਨਾਂ ਲਈ ਇਕ ਭਾਰੀ ਮੇਲਾ ਲਗਦਾ ਸੀ। ਕਟਾਸ ਨਿਕਮ ਦੀਆਂ ਪਹਾੜੀਆਂ ਦੇ ਨੇੜੇ ਪਿੰਡ ਦਾਦਨ ਖਾਂ ਤੋਂ 15 ਮੀਲ ਉਤਰ ਵਲ ਅਤੇ ਚਕਵਾਲ ਤੋਂ ਅਠਾਰਾਂ ਮੀਲ ਦੂਰ ਸਥਿਤ ਹੈ। ਇਹ ਅਸਥਾਨ ਬੜਾ ਪ੍ਰਾਚੀਨ ਤੇ ਪੌਰਾਣਿਕ ਮਹਤਤਾ ਵਾਲਾ ਹ। ਇਥੇ ਨਿਰਮਲ ਜਲ ਦੇ 10 ਸਰੋਵਰ ਅਤੇ ਕਈ ਮੰਦਰ ਹਨ। ਬ੍ਰਾਹਮਣੀ ਕਥਾਵਾਂ ਅਨੁਸਾਰ ਕਟਾਸ ਸ਼ਬਦ ਦਾ ਮੂਲ ਕਟਾਖਸ਼ ਹੈ ਜਿਸ ਦਾ ਅਰਥ ਹੈ 'ਮੀਂਹ ਵਰ੍ਹਾਂਦੀਆਂ ਅੱਖਾਂ'। ਜਦੋਂ ਸ਼ਿਵ ਨੇ ਆਪਣੀ ਪਤਨੀ ਸਤੀ ਦੀ ਮ੍ਰਿਤੂ ਬਾਰੇ ਸੁਣਿਆ, ਤਾਂ ਉਨ੍ਹਾਂ ਦੀਆਂ ਅੱਖਾਂ ਵਿਚੋਂ ਅਥਰੂਆਂ ਦੀਆਂ ਧਾਰਾਂ ਵਗ ਤੁਰੀਆਂ। ਰਵਾਇਤ ਹੈ ਕਿ ਉਹ ਸਾਰਾ ਜਲ ਇਸੇ ਥਾਂ ਤੇ ਦਸਾਂ ਸਰੋਵਰਾਂ

---

[612] ਉਹੀ, ਪਤਰਾ 1225.

[613] ਉਹੀ, ਪਤਰਾ 1318.

[614] ਉਹੀ, ਪਤਰਾ 18.

[615] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਤਵੀਂ ਵਾਰ, 2006, ਪੰਨਾ 290.

[616] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1393.

[617] ਉਹੀ, ਪਤਰਾ 1318.

ਵਿਚ ਇਕਤ੍ਰ ਹੋ ਗਿਆ। ਹਿੰਦੂ ਰਵਾਇਤਾਂ ਅਨੁਸਾਰ ਕਟਾਸ ਧਰਤੀ ਦੀ ਤੀਜੀ ਅੱਖ ਹੈ। ਬਾਕੀ ਦੀਆਂ ਦੋ ਅੱਖਾਂ ਕੁਰਕਸ਼ੇਤਰ ਅਤੇ ਥਾਨੇਸ਼ਵਰ ਮੰਨੀਆਂ ਜਾਂਦੀਆਂ ਹਨ।[618] ਕਟਾਸ ਗੰਡਕਾ ਨਦੀ ਰਵਾਲ ਤੀਰਥੰ ਪੁਨੋ॥[619]

**ਕੰਦਰਾ-** ਇਕ ਟਾਪੂ (ਦੇਖੋ) ਦਾ ਨਾਮ। ਸੁਰ ਸੇਨ ਕੰਦਰਾ ਜਾਨੋ॥[620]

**ਕਦਰੂ-** ਪੁਰਾਣਾਂ ਅਨੁਸਾਰ ਦੱਕਸ਼ ਦੀ ਕੰਨਿਆ ਅਤੇ ਕਸ਼ਜਪ ਦੀਆਂ ਤੇਰਾਂ ਪਤਨੀਆਂ ਵਿਚੋਂ ਇਕ। ਕਦਰੂ ਦੇ ਉਦਰ ਤੋਂ ਨਾਗ ਜਾਤੀ ਨੇ ਜਨਮ ਲਿਆ ਸੀ। ਕਸ਼ਜਪ ਨੇ ਕਿਸੇ ਗੱਲੋਂ ਪ੍ਰਸੰਨ ਹੋ ਕੇ ਕਦਰੂ ਨੂੰ ਵਰ ਮੰਗਣ ਲਈ ਕਿਹਾ। ਕਦਰੂ ਨੇ ਪਾਤਾਲ ਲੋਕ ਨੂੰ ਵਸਾਉਣ ਦੇ ਵਿਚਾਰ ਨਾਲ ਇਕ ਹਜ਼ਾਰ ਨਾਗ-ਪੁਤਰ ਮੰਗੇ। ਇਨ੍ਹਾਂ ਦੀ ਗਿਣਤੀ ਵਖ-ਵਖ ਪੁਰਾਣਾਂ ਵਿਚ ਵਖ-ਵਖ ਮਿਲਦੀ ਹੈ। ਕੁਝ ਪੁਰਾਣਾਂ ਵਿਚ ਕਦਰੂ ਦੇ ਪੁਤਰਾਂ ਦੀ ਸੰਖਿਆ ਇਕ ਹਜ਼ਾਰ ਮਿਲਦੀ ਹੈ। ਸ਼ੇਸ਼ਨਾਗ, ਬਾਸ਼ਕੀ ਆਦਿ ਕਦਰੂ ਦੇ ਹੀ ਪੁਤਰ ਸਨ।[621] ਕਦਰੂ ਕੁਬਜਾਂ ਕੁਲਿ ਜਾਨਰਵੀ ਕਰਣੰ ਕਚ ਕੇਸਰ ਜੋ ਹਰਿ ਚਾਰੇ॥[622]

**ਕੰਧਾਰ-** ਕਾਬਲ ਦੇ ਨੇੜੇ ਮੌਜੂਦਾ ਅਫਗਾਨਿਸਤਾਨ ਦਾ ਇਕ ਪ੍ਰਸਿਧ ਸ਼ਹਿਰ। ਪਿਸ਼ਾਵਰ ਤੇ ਬਲਖ ਵੀ ਇਸ ਦੇ ਇਰਦ-ਗਿਰਦ ਹੀ ਹਨ।[623] ਪੁਨਿ ਕੰਧਾਰ ਸਿਰੀ ਗੁਰ ਗਯੋ॥[624]

---

[618] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਚੌਥੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2004, ਪੰਨਾ 530.

[619] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 57.

[620] ਉਹੀ, ਪਤਰਾ 1318.

[621] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਚੌਥੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2004, ਪੰਨਾ 547.

[622] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 12.

[623] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 81.

[624] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1754.

**ਕੰਨਕਾ ਪਤੀ-** ਗੁਰੂ ਨਾਨਕ ਵਿਜੈ ਗ੍ਰੰਥ ਵਿਚ ਇਸ ਦਾ ਨਾਮ ਗਿਰੀਸ (ਸ਼ਿਵ) ਦੇ ਨਾਲ ਆਇਆ ਹੈ, ਸੋ ਹੋ ਸਕਦਾ ਹੈ ਕਵੀ ਨੇ ਸ਼ਿਵ ਦੀ ਪਤਨੀ ਨੂੰ ਹੀ ਕੰਨਕਾ ਕਿਹਾ ਹੋਵੇ ਅਤੇ ਕੰਨਕਾ ਪਤੀ ਸ਼ਿਵ ਵਲ ਸੰਕੇਤ ਹੋਵੇ। ਗਿਰੀਸ ਕੰਨਕਾ ਪਤੀ ਪਦਾਰਬਿੰਦ ਜਾਂ ਭਜੇ॥[625]

**ਕਨਿਕ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਤੀਸਵੋ ਭੂਤਵੇ ਨਾਥ ਕਨਿਕ ਸੋ ਏਕ ਤੀਸ ਬਤੀਸਮੋ ਸੰਭੂ ਨਾਥ ਮਨ ਮੈ ਪਛਾਨੀਐ॥51॥[626]

**ਕਨਿਕ ਮੰਜਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਕਨਿਕ ਮੰਜਰੀ ਨਾਮੁ ਤਹਿ ਗਦਿ ਗਦਿ ਹਸਤੀ ਜਾਇ॥74॥[627]

**ਕਨੀਫਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੰਚਮੋ ਊਰਮ ਨਾਥ ਖਟਮੋ ਧੂਰਮ ਜਾਨ ਸਤਮੋ ਕਨੀਫਾ ਨਾਥ ਸਿਧ ਸੋ ਮਹਾਨੀਐ॥[628]

**ਕਨੇਰਿ-** ਇਕ ਟਾਪੂ (ਦੇਖੋ) ਦਾ ਨਾਮ। ਬਾਸਮਲੀ ਪੁਨਿ ਅਉਰ ਕਨੇਰਿ॥71॥[629]

**ਕਪਲ (ਕਪਿਲ ਰਿਸ਼ੀ)-** ਕਪਲ ਜਾਂ ਕਪਿਲ ਇਕ ਰਿਸ਼ੀ ਸੀ ਜਿਸ ਨੂੰ ਛੇ ਸ਼ਾਸਤ੍ਰਾਂ ਵਿਚੋਂ ਸਾਂਖ ਸ਼ਾਸਤ੍ਰ ਦਾ ਮੋਢੀ ਆਚਾਰਯ ਮੰਨਿਆ ਜਾਂਦਾ ਹੈ। ਇਸ ਦੀ ਮਾਤਾ ਦਾ ਨਾਮ ਦੇਵਹੂਤਿ ਤੇ ਪਿਤਾ ਦਾ ਨਾਮ ਕਰਦਮ ਸੀ। ਇਸ ਨੂੰ ਵਿਸ਼ਨੂੰ ਦਾ ਪੰਜਵਾਂ ਅਵਤਾਰ(ਦੇਖੋ) ਮੰਨਿਆ ਜਾਂਦਾ ਹੈ। ਇਸ ਨੂੰ ਅਗਨੀ ਦਾ ਅਵਤਾਰ ਤੇ ਬ੍ਰਹਮਾ ਦਾ ਮਾਨਸਕ ਪੁਤਰ ਵੀ ਮੰਨਿਆ ਜਾਂਦਾ ਹੈ। ਕਪਿਲ ਆਚਾਰਯ ਨੇ ਤੱਤ ਗਿਆਨ ਦੁਆਰਾ ਮੋਖ ਪ੍ਰਾਪਤੀ ਦਾ ਮਾਰਗ ਸੁਝਾਇਆ ਅਤੇ ਤਿਆਗ-ਤਪਸਿਆ ਦੀ ਰਹੁਰੀਤੀ ਸਿਖਾਈ। ਇਕ ਇਹ ਵੀ ਮਨੌਤ ਹੈ ਕਿ ਰਾਜਾ ਸਾਗਰ ਨੇ ਅਸ਼ਵਮੇਧ ਯਗ ਕੀਤਾ ਤਾਂ ਇੰਦ੍ਰ ਨੇ ਡਰ ਕੇ ਯਗ ਦਾ ਘੋੜਾ ਚੁਰਾ ਕੇ ਪਤਾਲ ਵਿਚ ਪਹੁੰਚਾ ਦਿਤਾ ਜਿਥੇ ਕਪਿਲ ਰਿਸ਼ੀ ਤਪ ਕਰ ਰਿਹਾ ਸੀ। ਇਸ ਘੋੜੇ ਦੀ ਤਲਾਸ਼ ਵਿਚ ਰਾਜੇ ਸਾਗਰ ਦੇ ਸਠ ਹਜ਼ਾਰ ਪੁਤਰ ਉਥੇ ਪਹੁੰਚੇ, ਉਨ੍ਹਾਂ ਨੇ ਇਹ ਸਮਝਿਆ ਕਿ ਘੋੜਾ ਰਿਸ਼ੀ ਨੇ ਚੁਰਾਇਆ ਹੈ, ਇਸ ਲਈ ਸਾਰੇ

625 ਉਹੀ, ਪਤਰਾ 2.

626 ਉਹੀ, ਪਤਰਾ 1026.

627 ਉਹੀ, ਪਤਰਾ 1043.

628 ਉਹੀ, ਪਤਰਾ 1026.

629 ਉਹੀ, ਪਤਰਾ 1318.

ਹੀ ਅਭਿਮਾਨ-ਗ੍ਰਸਤ ਹੋ ਕੇ ਬੋਲ-ਕਬੋਲ ਬੋਲਣ ਲਗੇ। ਰਿਸ਼ੀ ਨੇ ਗੁਸੇ ਵਿਚ ਇਕੋ ਨਜ਼ਰ ਨਾਲ ਸਾਰਿਆਂ ਨੂੰ ਭਸਮ ਕਰ ਦਿਤਾ। ਸਾਂਖ ਸ਼ਸਤ੍ਰ ਦੇ ਬਾਨੀ ਅਤੇ ਇਸ ਰਿਸ਼ੀ ਦੇ ਇਕ ਹੋਣ ਬਾਰੇ ਵਿਦਵਾਨਾਂ ਨੇ ਸੰਦੇਹ ਪ੍ਰਗਟ ਕੀਤੇ ਹਨ, ਇਸ ਲਈ ਹੋ ਸਕਦਾ ਹੈ, ਇਹ ਭਿੰਨ ਹੋਣ।[630] ਦਤ ਪੁਨਿ ਕਪਲ ਮਹਾਨ ਸਨਕਾਦਿ ਜਾਨ ਚੌਵੀ ਅਵਤਾਰ ਸੰਤਰੇਣ ਸੋ ਪਛਾਨੀਐ॥੩੮॥[631]

**ਕਪਾਲ ਮੋਚਨ ਤੀਰਥ-** ਪੌਰਾਣਿਕ ਕਥਾ ਹੈ ਕਿ ਇਕ ਵਾਰ ਬ੍ਰਹਮਾ ਆਪਣੀ ਅਤਿ ਸੁੰਦਰ ਸਪੁਤਰੀ ਸਰਸਵਤੀ ਉਤੇ ਮੋਹਿਤ ਹੋ ਗਿਆ ਤੇ ਦੁਰਾਚਾਰੀ ਲਈ ਯਤਨ ਕਰਨ ਲਗਾ। ਇਹ ਗੱਲ ਦੇਖਕੇ ਸ਼ਿਵ ਬਹੁਤ ਰੋਹ ਵਿਚ ਆਏ ਤੇ ਉਨ੍ਹਾਂ ਖਬੇ ਹੱਥ ਦੀ ਉਂਗਲ ਦੇ ਨਹੁੰ ਨਾਲ ਬ੍ਰਹਮਾ ਦਾ ਇਕ ਸਿਰ ਕੱਟ ਲਿਆ ਜੋ ਉਨ੍ਹਾਂ ਦੇ ਹੱਥ ਨਾਲ ਹੀ ਚਿਪਕ ਗਿਆ। ਪਹਿਲੇ ਬ੍ਰਹਮਾ ਦੇ ਪੰਜ ਸਿਰ ਸਨ, ਕੱਟਣ ਤੇ ਬਾਕੀ ਚਾਰ ਰਹਿ ਗਏ। ਉਧਰ ਸ਼ਿਵ ਨੇ ਕਈ ਯਤਨ ਕੀਤੇ ਪਰ ਉਹ ਹੱਥ ਨਾਲ ਚੰਬੜਿਆ ਸਿਰ ਨਾਲੋਂ ਨਾ ਲਥਾ ਅਖੀਰ ਉਨ੍ਹਾਂ ਕਾਸ਼ੀ ਵਿਚ ਆ ਕੇ ਇਕ ਸਰੋਵਰ ਉਤੇ ਇਸ਼ਨਾਨ ਕੀਤਾ ਤਾਂ ਬ੍ਰਹਮ-ਹਤਿਆ ਦੇ ਪਾਪ ਕਾਰਣ ਕਪਾ, ਹੱਥ ਤੋਂ ਉਤਰਿਆ। ਹੁਣ ਇਸ ਤੀਰਥ ਦਾ ਨਾਂ ਕਪਾਲਮੋਚਨ ਹੈ।[632] ਸੰਖੂਧਾਰਾ ਤੀਰਥ ਕਪਾਲ ਮੋਚਨਿ ਮਹਾਨ ਔਰ ਰਿਣ ਮੋਚਨਿ ਸੁ ਤੀਰਥ ਪਛਾਨੀਐ॥[633]

**ਕਪਾਲੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਿਧ। ਪਰ ਕਵੀ ਨੇ ਚੁਰਾਸੀ ਸਿਧਾਂ ਵਿਚ ਨਹੀਂ ਦਿਤਾ। ਪਰਸਿਨ ਕਰਿਯੋ ਸਿੱਧ ਕਪਾਲੀ॥[634]

**ਕਬਾਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕਾਬਲ ਦੇ ਨੇੜੇ ਦਾ ਕੋਈ ਸਥਾਨ। ਸ਼ਾਇਦ ਕਵੀ ਨੇ ਕਾਬਲ ਦੇ ਨਜਦੀਕ ਦੇ ਸਥਾਨ ਲਈ ਇਹ ਸ਼ਬਦ ਵਰਤਿਆ ਹੋਵੇ, ਕਿਉਂਕਿ ਭੂਗੋਲਿਕ ਅਜਿਹਾ ਕੋਈ ਸਥਾਨ ਨਹੀਂ ਹੈ। ਪੁਨਿ ਕਾਬਲ ਔਰ ਕਬਾਲ ਲਈ ਪੁਨਿ ਚੀਨ ਮਚੀਨ ਲਈ ਤਿਨਿ ਸਾਰੀ॥[635]

---

[630] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 77-78.

[631] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 4.

[632] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 77.

[633] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 58.

[634] ਉਹੀ, ਪਤਰਾ .881

[635] ਉਹੀ, ਪਤਰਾ 119.

**ਕਬੀਰ-** ਭਗਤ ਕਬੀਰ (1398-1495) ਭਗਤੀ ਲਹਿਰ ਦੇ ਸਭ ਤੋਂ ਵਧ ਪ੍ਰਸਿਧ ਕ੍ਰਾਂਤੀਕਾਰੀ ਸੰਤ ਹੋਏ, ਜਿਨ੍ਹਾਂ ਧਾਰਮਿਕ ਤੇ ਸਮਾਜਕ ਵਹਿਮਾਂ- ਭਰਮਾਂ ਨੂੰ ਰੱਦ ਕਰਕੇ ਰਬੀ ਏਕਤਾ ਤੇ ਮਨੁੱਖੀ ਏਕਤਾ ਦਾ ਸਬਕ ਪੜ੍ਹਾਇਆ। ਪ੍ਰਚਲਤ ਰਵਾਇਤ ਅਨੁਸਾਰ ਆਪ ਦਾ ਜਨਮ ਜੁਲਾਹਿਆਂ ਦੇ ਘਰ ਬਨਾਰਸ ਵਿਚ ਹੋਇਆ ਤੇ ਸੁਆਮੀ ਰਾਮਾਨੰਦ ਤੋਂ ਦੀਖਿਆ ਪ੍ਰਾਪਤ ਕੀਤੀ। ਇਸ ਸਮੇਂ ਕਰਮਕਾਂਡੀ ਧਰਮ ਮਜ਼ਬੀ ਕਟੜਤਾ, ਹਿੰਦੂ ਮੁਸਲਮ ਵਿਰੋਧ ਤੇ ਪਰੋਹਤ ਜਮਾਤ ਦੀਆਂ ਆਪਹੁਦਰੀਆਂ ਨੇ ਭਾਰਤੀ ਸਮਾਜ ਵਿਚ ਬੜੇ ਸੰਕਟ ਪੈਦਾ ਕੀਤੇ ਹੋਏ ਸਨ, ਕਬੀਰ ਨੇ ਬਿਨਾਂ ਕਿਸੇ ਡਰ ਭੈ ਸਭ ਨਾਲ ਟੱਕਰ ਲਈ ਤੇ ਏਕਤਾ ਅਤੇ ਪ੍ਰੇਮਾ ਭਗਤੀ ਦਾ ਪ੍ਰਚਾਰ ਕੀਤਾ। ਆਪ ਨੂੰ ਸਮੇਂ ਦੇ ਮੁਸਲਮ ਬਾਦਸ਼ਾਹ ਵਲੋਂ ਦਿਤੀਆਂ ਸਾਜ਼ਾਵਾਂ ਵੀ ਭੁਗਤਣੀਆਂ ਪਈਆਂ ਪਰ ਆਪ ਅਡੋਲ ਰਹੇ ਤੇ ਇਸ ਅਡੋਲਤਾ ਤੇ ਦ੍ਰਿੜ੍ਹਤਾ ਨੇ ਹੀ ਉਨ੍ਹਾਂ ਨੂੰ ਲੋਕ- ਨੇਤਾ ਬਣਇਆ। `ਕਬੀਰ ਪੰਥ` ਨਾਂ ਤੇ ਕਬੀਰ ਨੂੰ ਮੰਨਣ ਵਾਲੀ ਇਕ ਭਾਰੀ ਸੰਪ੍ਰਦਾ ਹੈ ਜਿਸਦੀ ਗੱਦੀ ਕਾਂਸ਼ੀ ਵਿਚ ਹੈ ਤੇ ਇਨ੍ਹਾਂ ਦਾ ਗ੍ਰੰਥ `ਕਬੀਰ ਬੀਜਕ` ਹੈ। ਭਗਤੀ ਲਹਿਰ ਦੇ ਬਾਕੀ ਭਗਤਾਂ ਨਾਲੋਂ ਕਬੀਰ ਦੀ ਬਾਣੀ ਸਭ ਤੋਂ ਵਧ ਹੈ, ਕਾਫੀ ਬਾਣੀ ਉਨ੍ਹਾਂ ਦੇ ਨਾਂ ਤੇ ਪਿਛੋਂ ਨਕਲੀ ਵੀ ਰਚੀ ਗਈ ਹੈ। ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 17 ਰਾਗਾਂ ਵਿਚ ਆਏ 541 ਸ਼ਬਦ ਸਭ ਤੋਂ ਵਧ ਪ੍ਰਮਾਣਿਕ ਮੰਨੇ ਜਾਂਦੇ ਹਨ, ਕਿਉਂਕਿ ਇਸਤੋਂ ਪਹਿਲਾਂ ਦੀ ਹੋਰ ਕੋਈ ਭਰੋਸੇ- ਯੋਗ ਹਥ- ਲਿਖਤ ਪ੍ਰਾਪਤ ਨਹੀਂ।[636] ਪੁਨਿ ਜਾਤਿ ਅਵਿੰਦ ਕਬੀਰ ਤਰਯੋ ਪੁਨਿ ਔਰ ਫਰੀਦ ਕਮਾਲ ਉਦਾਰੇ॥[637]

**ਕਮੱਖਯਾ ਦੇਵੀ -**ਕਾਮ ਨੇਤ੍ਰਾਂ ਵਾਲੀ ,ਸੁਲੋਚਨਾ। ਦੇਵੀ ਦਾ ਯੋਨਿਪੀਠਕਾਮਰੂਪ ਵਿਚ ਗੋਹਾਟੀ ,ਕਾਮਾਖਜਾ , ਜਿਸ ਵਿਚ ,ਤੋਂ ਦੋ ਮੀਲ ਪੱਛਮ ਨੀਲਾਚਲ ਪੁਰ ਬ੍ਰਹਮਪੁਤ੍ਰ ਨਦੀ ਦੇ ਕਿਨਾਰੇ ਸਤੀ ਦੇਵੀ ਦਾ ਮੰਦਿਰ ਪੂਜੀ ਜਾਂਦੀ ਹੈ (ਭਗ) ਸਤੀ ਦੀ ਯੋਨਿ।[638] ਬਹੁਰਿ ਕਮੱਖਯਾ ਦੇਵੀ ਆਏ॥[639]

**ਕਮਠੰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕਸ਼ਮੀਰ ਵਿਚ ਸ਼ਿਵ ਦਾ ਕੋਈ ਸਥਾਨ। ਕਲਗੀ ਅਵਤਾਰ ਕਿਲਾਸ ਸਿਵੰ ਕਮਠੰ ਕਸਮੀਰ ਨਿਵਾਸ ਹਿਵੰ॥[640]

---

[636] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 78-79.

[637] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1178.

[638] ਨਾਭਾ ,ਕਾਨ੍ਹ ਸਿੰਘ ,*ਮਹਾਨ ਕੋਸ਼,* ਭਾਸ਼ਾ ਵਿਭਾਗ,2006 ,ਸਤਵੀਂ ਵਾਰ ,ਪਟਿਆਲਾ ,ਪੰਜਾਬ , ਪੰਨਾ .325

[639] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ .881

**ਕਮਲਾਕੰਤ-** ਵਿਸ਼ਨੂੰ (ਦੇਖੋ) ਦਾ ਇਕ ਨਾਮ। ਤੂੰ ਬ੍ਰਹਮਾ ਕੈ ਕਮਲਾਕੰਤੰ॥78॥[641]

**ਕਮਲੋਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਪਚਾਨਨ (ਦੇਖੋ) ਦਾ ਗੁਰੂ। ਕਮਲੋਦ ਮੁਨੀਵਰਿ ਕਾ ਸਿਸ ਹੋਂ ਤਿਸ ਨੈ ਬਿਦਿਆ ਹਮ ਕੋ ਸੁ ਪੜਾਈ॥[642]

**ਕਰਹਾਟਿਕ ਦੇਸ-** ਸਤਾਰਾ ਜਿਲੇ ਵਿਚ ਇਕ ਸਥਾਨ ਜੋ ਮੁੰਬਈ ਵਿਚ ਸਥਿਤ ਹੈ। ਇਹ ਕੋਹਲਾਪੁਰ ਤੋਂ 40 ਮੀਲ ਦੀ ਦੂਰੀ 'ਤੇ ਸਥਿਤ ਹੈ।[643] ਕਰਹਾਟਕਿ ਦੇਸ ਵਿਖੈ ਜਨਮੰ ਇਕ ਬਿਪਰ ਕੈ ਘਰਿ ਹੋਤਿ ਹਮਾਰੋ॥[644]

**ਕਰਣ ਭੱਟ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਉਪਰੰਤ ਦਰਸ਼ਨ ਕਰਨ ਆਇਆ ਇਕ ਵਿਅਕਤੀ। ਧਰਮਚੰਦ ਪੁਨਿ ਕਰਣ ਸੁ ਭੱਟ॥[645]

**ਕਰਤਾਰਪੁਰ-** 1. ਸਿਖਾਂ ਦਾ ਇਕ ਇਤਿਹਾਸਕ ਨਗਰ, ਜੋ ਤਹਿਸੀਲ ਸ਼ਕਰਗੜ੍ਹ, ਪਾਕਿਸਤਾਨੀ ਪੰਜਾਬ ਵਿਚ, ਸਰਹੱਦ ਦੇ ਨੇੜੇ ਸਥਿਤ ਹੈ। ਇਸ ਨਗਰ ਨੂੰ ਗੁਰੂ ਨਾਨਕ ਦੇਵ ਨੇ ਰਾਵੀ ਦਰਿਆ ਦੇ ਪਾਰਲੇ ਕੰਢੇ 1504 ਈ. ਵਿਚ ਵਸਾਇਆ ਸੀ। ਇਸ ਨਗਰ ਦੇ ਵਸਾਉਣ ਵਿਚ ਭਾਈ ਦੋਦਾ ਤੇ ਦੁਨੀ ਚੰਦ (ਕਰੋੜੀ ਮੱਲ) ਦੇ ਉਦਮ ਹੋਇਆ, ਜਿਨ੍ਹਾਂ ਨੇ ਸਤਿਗੁਰੂ ਲਈ ਪਿੰਡ ਵਸਾ ਕੇ ਧਰਮਸਾਲਾ ਬਣਵਾਈ। ਇਥੇ ਗੁਰੂ ਨਾਨਕ ਦੇਵ ਜੀ 1522 ਈ. ਵਿਚ ਆ ਕੇ ਵਸੇ ਅਤੇ ਜ਼ਿੰਦਗੀ ਦੇ ਅੰਤਲੇ ਅਠਾਰਾਂ ਸਾਲ ਉਨ੍ਹਾਂ ਇਥੇ ਹੀ ਗੁਜ਼ਾਰੇ। ਇਸੇ ਨਗਰ ਵਿਚ ਗੁਰੂ ਨਾਨਕ ਦੇਵ 1539 ਈ. ਨੂੰ ਜੋਤੀ ਜੋਤ ਸਮਾਏ ਅਤੇ ਗੁਰੂ ਅੰਗਦ ਦੇਵ ਨੂੰ ਗੁਰਗੱਦੀ ਬਖਸ਼ੀ ਗਈ।[646] 2. ਜ਼ਿਲ੍ਹਾ ਜਲੰਧਰ ਵਿਚ ਜਰਨੈਲੀ ਸੜਕ ਕੰਢੇ ਵਸਿਆ ਇਕ ਨਗਰ, ਜਿਸਨੂੰ ਗੁਰੂ ਅਰਜਨ ਸਾਹਿਬ ਨੇ 1593 ਈ. ਵਿਚ ਵਸਾਉਣਾ ਸ਼ੁਰੂ ਕੀਤਾ। ਅਕਬਰਨਾਮੇ ਦੀ ਲਿਖਤ ਅਨੁਸਾਰ

---

640 ਉਹੀ, ਪਤਰਾ 12.

641 ਉਹੀ, ਪਤਰਾ 1226.

642 ਉਹੀ, ਪਤਰਾ 1503.

643 Nundo Lal Dey, *The Geographical Dictionary of Ancient and Medieval India,* Oriental Books, New Delhi, Forth edition, 1984, Page 92.

644 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1521.

645 ਉਹੀ, ਪਤਰਾ 159.

646 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਚੌਥੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2004, ਪੰਨਾ 574.

ਬਾਦਸ਼ਾਹ ਅਕਬਰ ਗੋਇੰਦਵਾਲ ਦੇ ਪਤਣ ਤੋਂ ਬਿਆਸ ਪਾਰ ਕਰਕੇ 1598 ਈ. 24 ਨਵੰਬਰ ਨੂੰ ਗੁਰੂ ਅਰਜਨ ਸਾਹਿਬ ਦੇ ਡੇਰੇ ਆਇਆ ਸੀ। ਸੋ ਇਸ ਸਮੇਂ ਇਹ ਜ਼ਮੀਨ ਦਾ ਪਟਾ ਦਿਤਾ ਗਿਆ ਤੇ ਗੁਰੂ ਸਾਹਿਬ ਨੇ ਇਸ ਨਗਰ ਨੂੰ ਪੂਰੀ ਤਰ੍ਹਾਂ ਆਬਾਦ ਕੀਤਾ।[647] ਪੁਰੀ ਔਰ ਕਰਤਾਰਪੁਰ ਤਹ ਗੁਰ ਕਾ ਅਸਥਾਨ॥18॥[648]

**ਕਰਨ-** ਇਹ ਪ੍ਰਿਥਾ ਜਾਂ ਕੁੰਤੀ ਦਾ ਪੁਤਰ ਸੀ ਜਿਹੜਾ ਸੂਰਜ ਦੇ ਸੰਜੋਗ ਨਾਲ ਉਸ ਦੇ ਪਾਂਡੂ ਨਾਲ ਵਿਆਹ ਹੋਣ ਤੋਂ ਪਹਿਲਾਂ ਪੈਦਾ ਹੋਇਆ ਸੀ। ਇਸ ਤਰ੍ਹਾਂ ਕਰਨ ਪਾਂਡਵਾਂ ਦਾ ਇਕ ਪਾਸਿਉਂ ਮਤਰੇਆ ਭਰਾ ਲਗਦਾ ਸੀ, ਪਰ ਇਸ ਰਿਸ਼ਤੇ ਦਾ ਪਾਂਡਵਾਂ ਨੂੰ ਇਸ ਦੀ ਮੌਤ ਤੋਂ ਪਹਿਲਾਂ ਪਤਾ ਨਾ ਲਗਿਆ।[649] ਅਰਜਨ ਭੀਮ ਕਿ ਹੈ ਤੂੰ ਕਰਨੰ॥[650]

**ਕਰਨਾਟਕ-** ਇਹ ਦੱਖਣੀ ਭਾਰਤ ਦਾ ਇਕ ਰਾਜ ਹੈ, ਜਿਸ ਦਾ ਪਹਿਲਾ ਨਾਂ ਮੈਸੂਰ ਸੀ। ਇਸ ਰਾਜ ਦਾ ਖੇਤਰਫਲ 191791 ਵ. ਕਿ. ਮੀ. ਹੈ ਅਤੇ ਅਕਾਰ ਵਿਚ ਕਾਜੂ ਵਰਗਾ ਹੈ। ਇਸ ਦੇ ਉਤਰ ਵੱਲ ਮਹਾਂਰਾਸ਼ਟਰ, ਪੂਰਬ ਵੱਲ ਆਂਧਰਾ ਪ੍ਰਦੇਸ਼, ਦਖਣ-ਪੂਰਬ ਵਲ ਤਾਮਿਲਨਾਡੂ, ਦਖਣ-ਪਛਮ ਵੱਲ ਕੇਰਲਾ ਅਤੇ ਪਛਮ ਵਲ ਗੋਆ ਰਾਜ ਅਤੇ ਅਰਬ ਸਾਗਰ ਹਨ। ਇਸ ਦੀ ਰਾਜਧਾਨੀ ਬੰਗਲੌਰ ਹੈ।[651] ਮਲਯਾਦ੍ਰਿ ਕਰਨਾਟਕ ਮਾਹਿ॥[652]

**ਕਰਨਾਲ-** ਹਰਿਆਣੇ ਦਾ ਇਕ ਪ੍ਰਸਿਧ ਸ਼ਹਿਰ, ਰਵਾਇਤ ਹੈ ਕਿ ਇਸ ਨਗਰ ਨੂੰ ਮਹਾਂਭਾਰਤ ਦੇ ਪ੍ਰਸਿਧ ਯੋਧੇ ਕਰਣ ਨੇ ਵਸਾ ਕੇ ਇਹਦਾ ਨਾਂ 'ਕਰਮਾਲਯ' ਰਖਿਆ, ਜੋ ਮਗਰੋਂ ਵਿਗੜ ਕੇ ਕਰਨਾਲ ਬਣ ਗਿਆ। ਮਹਾਂਭਾਰਤ ਦੇ ਯੁਧ ਵਿਚ ਕਰਣ ਕੌਰਵਾਂ ਵਲੋਂ ਲੜਿਆ ਸੀ ਅਤੇ ਅਰਜਨ ਹਥੋਂ ਮਾਰਿਆ ਗਿਆ ਸੀ। ਕਰਨਾਲ ਦਾ ਨਗਰ ਸ਼ਾਹੀ ਸੜਕ ਉਤੇ ਪਾਣੀਪਤ ਦੇ ਨੇੜੇ ਹੋਣ ਕਰਕੇ ਕਈ ਵਾਰ ਉਜੜਿਆ। ਪਰ 1573

---

647 ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 79.

648 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 12.

649 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 167.

650 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1226.

651 ਰਜਿੰਦਰ ਸਿੰਘ, *ਪੰਜਾਬੀ ਵਿਸ਼ਵ ਕੋਸ਼ ਜਿਲਦ ਸਤਵੀਂ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1990, ਪੰਨਾ 22.

652 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1560.

ਈ. ਵਿਚ ਇਬਰਾਹੀਮ ਮਿਰਜ਼ਾ ਨੇ ਜਦੋਂ ਅਕਬਰ ਵਿਰੁਧ ਬਗਾਵਤ ਕੀਤੀ, ਤਾਂ ਕਰਨਾਲ ਨੂੰ ਉਸ ਨੇ ਖੂਬ ਲੁਟਿਆ। ਨਾਦਰ ਸ਼ਾਹ ਨੇ 1739 ਈ. ਵਿਚ ਮੁਹੰਮਦ ਸ਼ਾਹ ਨੂੰ ਇਥੇ ਹੀ ਹਾਰ ਦਿਤੀ।[653] ਇਕ ਨਾਰ ਬਿਵਾਹਿ ਗਰੀਬ ਚਲਯੋ ਤਹ ਜਾਤ ਜਟੰ ਕਰਨਾਲ ਸੁ ਵਾਸੀ॥[654]

**ਕਰਮ ਨਾਸੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੁਨਿ ਏਕ ਰੰਗੀ ਕਰਮ ਨਾਸੀ ਸਤਰਵੋ ਇਕ ਊਪਰੇ॥[655]

**ਕਰਮਚੰਦ (ਬ੍ਰਾਹਮਣ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਬ੍ਰਾਹਮਣ ਜੋ ਗੁਰੂ ਨਾਨਕ ਦੇਵ ਜੀ ਦੀ ਉਪਮਾ ਸੁਣ ਕੇ ਪੁਤਰੀ ਦੇ ਵਿਆਹ ਲਈ ਗੁਰੂ ਜੀ ਤੋਂ ਮਦਦ ਮੰਗਣ ਆਇਆ ਸੀ। ਕਰਮਚੰਦ ਬ੍ਰਿਹਮਣਿ ਕਾ ਨਾਮ॥[656]

**ਕਰਮਚੰਦ (ਸਿਖ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਹੋ ਕਰਮ ਚੰਦ ਪੁਨਿ ਸੋਢੀ ਖਤਰੀ ਮਾਨਿਯੈ॥[657]

**ਕਰਮਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨੇਊ ਦੀ ਰਸਮ 'ਤੇ ਆਇਆ ਇਕ ਸਾਕ ਸਬੰਧੀ। ਕਰਮ ਚੰਦ ਸੁਤ ਤਾਂਹਿ ਗੁਪਾਲ॥[658]

**ਕਰਮਪਾਲ (ਰਾਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜਾਪਾ ਪਟਣ (ਦੇਖੋ) ਦੇ ਸਤ ਰਾਜਿਆਂ ਵਿਚੋਂ ਇਕ ਰਾਜੇ ਦਾ ਨਾਮ। ਕਰਮਪਾਲ ਪੁਨਿ ਕਰੁਣਾਧਾਮ॥37॥[659]

**ਕਰਮਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਬਹੁਰੇ ਕਰਮਾ ਧਰਮਾ ਉਪਲੰ ਲਾਲ ਜੀ॥[660]

---

[653] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਚੌਥੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2004, ਪੰਨਾ 575.

[654] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1103-04.

[655] ਉਹੀ, ਪਤਰਾ 1027.

[656] ਉਹੀ, ਪਤਰਾ 644.

[657] ਉਹੀ, ਪਤਰਾ 1629.

[658] ਉਹੀ, ਪਤਰਾ 287.

[659] ਉਹੀ, ਪਤਰਾ 1388.

**ਕਰਮਾ (ਮਾਰਵਾੜੀ ਸਿਖ)**- ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਮਾਰਵਾੜੀ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[661] ਮੇਘਰਾਜ ਲਾਲਚੰਦ ਈਸਰ ਮਾਣਕਚੰਦ ਕਰਮਾ ਪਰਮਚੰਦ ਔਰ ਉਰ ਆਨੀਐ॥[662]

**ਕਰਮਾਬਾਈ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਮੀਰਾਬਾਈ ਵਰਗੀ ਇਕ ਭਗਤ। ਇਸ ਨੇ ਹੀਰਾ ਬਾਈ (ਦੇਖੋ) ਜੋ ਸੰਤੇਰਣ ਨਾਲ ਦੱਖਣ ਤੋਂ ਨਾਲ ਆਈ ਸੀ, ਦਾ ਅਵਤਾਰ ਸੀ। ਹੋ ਕਰਮਾਬਾਈ ਕਾ ਅਵਤਾਰ ਸੁ ਜਾਨਿਯੈ॥91॥[663]

**ਕਰਿੰਦਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਫਿਰੰਦਾ (ਦੇਖੋ) ਦਾ ਪੂਰਬਲਾ ਨਾਮ। ਬਹੁਰਿ ਕਿਰਿੰਦਾ ਤਾਂਹਿ ਸੁ ਮਾਨੋ॥ ਨਾਮੁ ਫਿਰੰਦਾ ਇਸ ਤੇ ਪਾਯੋ॥[664]

**ਕਰੁਣਾਰੂਪ (ਰਾਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜਾਪਾ ਪਟਣ (ਦੇਖੋ) ਦੇ ਸਤ ਰਾਜਿਆਂ ਵਿਚੋਂ ਇਕ ਰਾਜੇ ਦਾ ਨਾਮ। ਕਰੁਣਾ ਧਾਮ ਸੁ ਕਰੁਣਾ ਰੂਪਾ॥[665]

**ਕਰੌਂਚ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪੰਛੀ ਦਾ ਨਾਮ। ਪੰਖੀ ਮਿਲੇ ਕਰੌਂਚ ਤਾਹਿ ਪੁਨਿ ਜਾਨਿਯੈ॥[666]

**ਕਰੌਂਚ ਦੀਪ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸੱਤ ਦੀਪਾਂ (ਦੇਖੋ) ਵਿਚੋਂ ਇਕ ਦਾ ਨਾਮ। ਪਲਖਹਿ ਸਿਲਮਿਲ ਕੁਸੂ ਪੁਨਿ ਬਹੁਰਿ ਕਰੌਂਚ ਸੁ ਜਾਨ॥35॥[667]

**ਕਲਕ ਸੰਗੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਆਠਾਹਿਟੋ ਪੁਨਿ ਗੁਫਾ ਬਾਸੀ ਕਲਕ ਸੰਗੀ ਜਾਨਿਯੈ॥[668]

---

[660] ਉਹੀ, ਪਤਰਾ 1629.

[661] ਉਹੀ, ਪਤਰਾ 1783.

[662] ਉਹੀ.

[663] ਉਹੀ, ਪਤਰਾ 1848.

[664] ਉਹੀ, ਪਤਰਾ 540.

[665] ਉਹੀ, ਪਤਰਾ 1388.

[666] ਉਹੀ, ਪਤਰਾ 1619.

[667] ਉਹੀ, ਪਤਰਾ 1008.

**ਕਲਕੀ (ਕਲਗੀ ਅਵਤਾਰ)-** ਭਵਿਖ ਵਿਚ ਹੋਣ ਵਾਲੇ ਇਕ ਅਵਤਾਰ (ਦੇਖੋ) ਦਾ ਨਾਮ। ਕਲਗੀ ਅਵਤਾਰ ਕਿਲਾਸ ਸਿਵੰ ਕਮਠੰ ਕਸਮੀਰ ਨਿਵਾਸ ਹਿਵੰ॥[669]

**ਕਲਪ ਬਿਰਛ (ਸੁਰਤਰੁ)-** ਦੇਵਤਿਆਂ ਦਾ ਬਿਰਛ, ਸੰਸਕ੍ਰਿਤ ਗ੍ਰੰਥਾਂ ਵਿਚ ਪੰਜ ਸੁਰਤਰੁ ਲਿਖੇ ਹਨ- ਮੰਦਾਰ, ਪਾਰਿਜਾਤ, ਸੰਤਾਨ, ਕਲਪਵ੍ਰਿਕ, ਹਰਿਚੰਦਨ।[670] ਕਲਪ ਬਿਰਛ ਧਨ ਦੇਇ ਹਰੇ ਦਾਰਿਦ ਇਕ ਅੰਗਾ॥[671]

**ਕਲਿਆਣ (ਰਾਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕੁਰੁਖੇਤਰ ਦਾ ਇਕ ਰਾਜਾ ਸੀ, ਇਸ ਨੇ ਇਕ ਕਰਨਾਲ ਦੇ ਵਿਅਕਤੀ ਹਰਸਾ (ਦੇਖੋ) ਦੀ ਪਤਨੀ ਖੋਹ ਲਈ ਸੀ ਅਤੇ ਉਸ ਨਾਲ ਵਿਆਹ ਕਰਵਾ ਲਿਆ ਸੀ ਉਸ ਤੋਂ ਇਕ ਪੁਤਰ ਧਿਆਨ ਪੈਦਾ ਹੋਇਆ। ਕਲਿਆਣ ਸੁ ਨਾਉ ਹੁਤੋ ਤਿਸ ਕਾ ਪਰ ਕਾਮ ਕਰੈ ਅਕਲਯਾਣ ਸਦਾ ਹੀ॥[672]

**ਕਲਿਆਣ ਆਸ੍ਰਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜਿਥੇ ਕਲਿਆਣ ਰਿਸ਼ੀ ਰਹਿੰਦਾ ਸੀ ਉਸ ਦਾ ਆਸ਼੍ਰਮ। ਕਲਿਆਣ ਆਸ੍ਰਮ ਕੇ ਵਿਖੈ ਤਿਨ ਤਿਹੂੰ ਆਸਣ ਲਾਇ॥31॥[673]

**ਕਲਿਆਣ ਮੁਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕੋਈ ਹੋ ਗੁਜਰਿਆ ਰਿਸ਼ੀ। ਕਲਿਆਣ ਮੁਨੀ ਉਠਿ ਆਸਨ ਤੇ ਪਰਣਾਮ ਕਰੀ ਜੁਗ ਹਾਥ ਸੁ ਜੋਰੇ॥[674]

**ਕਲਿਕ ਪਰਬਤ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ। ਕਲਿਕਾ ਪਰਬਤਿ ਮੈ ਗੁਰ ਆਏ॥3॥[675]

**ਕਲਿੰਗ ਗਿਰੀ-** ਇਕ ਪਰਬਤ (ਦੇਖੋ) ਦਾ ਨਾਮ। ਬਹੁਰਿ ਕਲਿੰਗ ਗਿਰੀ ਤਹ ਆਯੋ॥[676]

---

[668] ਉਹੀ, ਪਤਰਾ 1027.

[669] ਉਹੀ, ਪਤਰਾ 12.

[670] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 219.

[671] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 37.

[672] ਉਹੀ, ਪਤਰਾ 1103.

[673] ਉਹੀ, ਪਤਰਾ 1091.

[674] ਉਹੀ.

[675] ਉਹੀ, ਪਤਰਾ 1090.

**ਕਲਿੰਦਰ ਨੈਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੁਨਿਹ ਕਲਿੰਦਰ ਨੈਨ ਨਲਿੰਦਰ ਚਉਸਠ ਭਾਨਿ॥[677]

**ਕਲੇਸ ਧੂਪੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬਿਹਰੀਮ ਜੋਗਿ ਕਲੇਸ ਧੂਪੀ ਅਉਰ ਦੋਇ ਬਖਾਨਿਯੈ॥[678]

**ਕੜਕ ਛਾਹ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਸਿਖ ਜੋ ਸਾਮ ਨਗਰ ਵਿਚ ਰਹਿੰਦਾ ਸੀ। ਕੜਕ ਛਾਹੁ ਵਾਚ॥ ਗੁਰ ਤੂੰ ਸਭਿ ਕੇ ਦਿਲ ਕੀ ਜਾਣੇ॥[679]

**ਕੜਵੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਇਕ ਸਿਖ ਇਸਤਰੀ, ਜੋ ਬਹੁਤ ਕੜਵਾ ਬੋਲਦੀ ਸੀ ਪਰ ਗੁਰੂ ਜੀ ਦੇ ਉਪਦੇਸ਼ ਸਦਕਾ ਇਹ ਮਿਸ਼ਰੀ ਵਾਂਗ ਮਿਠਾ ਬੋਲਣ ਲਗ ਗਈ। ਦੇਖਿ ਨਿਹਾਲੀ ਕੀ ਦਸਾ ਤੂਲਾ ਕੜਵੀ ਦੋਇ॥[680]

**ਕਾਂਸ਼ੀ-** ਕਾਂਸ਼ੀ ਉਤਰ ਪ੍ਰਦੇਸ ਦਾ ਇਕ ਪ੍ਰਾਚੀਨ ਨਗਰ ਹੈ ਜੋ ਗੰਗਾ ਦੇ ਖੱਬੇ ਕਿਨਾਰੇ ਆਬਾਦ ਹੈ। ਵਾਰਣਿ ਤੇ ਅਸੀ ਨਾਂ ਦੀਆਂ ਦੋ ਨਦੀਆਂ ਵਿਚਕਾਰ ਹੋਣ ਕਰਕੇ ਇਸਨੂੰ `ਵਾਰਾਣਸੀ` ਵੀ ਕਿਹਾ ਜਾਂਦਾ ਹੈ ਤੇ ਇਸੇ ਦਾ ਬਦਲਿਆ ਰੂਪ ਬਨਾਰਸ ਹੈ। ਸ਼ਿਵ-ਉਪਾਸਨਾ ਦਾ ਕੇਂਦਰ ਹੋਣ ਕਰਕੇ ਇਸਨੂੰ ਸ਼ਿਵ ਨਗਰੀ ਵੀ ਕਿਹਾ ਜਾਂਦਾ ਹੈ ਤੇ ਇਥੋਂ ਦਾ ਵਿਸ਼ਵਨਾਥ ਦਾ ਮੰਦਰ ਪ੍ਰਸਿਧ ਹੈ ਜਿਸਨੂੰ ਔਰੰਗਜ਼ੇਬ ਨੇ ਮਲੀਆਮੇਟ ਕਰਕੇ ਇਥੇ ਵੱਡੀ ਮਸਜਿਦ ਬਣਾ ਦਿਤੀ ਸੀ। ਸੰਕਟ ਮੋਚਨ ਤੇ ਦੁਰਗਾ ਦਾ ਮੰਦਰ ਵੀ ਪ੍ਰਸਿਧ ਹਨ। ਯਾਤਰੂ ਪੰਜ-ਕੋਸ਼ੀ ਮਾਰਗ ਦੀ ਪਰਿਕਰਮਾ ਕਰਨਾ ਇਕ ਪਵਿੱਤਰ ਕਰਮ ਮੰਨਦੇ ਹਨ। ਇਸਤੋਂ ਇਲਾਵਾ ਇਥੇ ਲਗਭਗ ਡੇਢ ਹਜ਼ਾਰ ਮੰਦਰ ਹੋਰ ਸਨ। ਮੁਸਲਮ ਹੱਲਿਆਂ ਸਮੇਂ ਅਨੇਕਾਂ ਮੰਦਰ ਤਬਾਹ ਹੋਏ ਪਰ ਨੌਵੀਂ ਸਦੀ ਵਿਚ ਸ਼ੰਕਰਾਚਾਰਯ ਨੇ ਇਸੇ ਨਗਰੀ ਨੂੰ ਆਪਣਾ ਵਿਚਾਰ ਕੇਂਦਰ ਬਣਾਇਆ ਅਤੇ ਇਸ ਤੋਂ ਬਾਦ ਸੁਆਮੀ

---

676 ਉਹੀ, ਪਤਰਾ 1426.

677 ਉਹੀ, ਪਤਰਾ 1027.

678 ਉਹੀ, ਪਤਰਾ 1027.

679 ਉਹੀ, ਪਤਰਾ 974.

680 ਉਹੀ, ਪਤਰਾ 789.

ਰਾਮਾਨੰਦ ਤੇ ਭਗਤ ਕਬੀਰ ਦੀ ਸਰਬਸਾਂਝੀ ਸ਼ਖਸੀਅਤ ਨੇ ਇਸਨੂੰ ਹੋਰ ਗੌਰਵ ਪ੍ਰਦਨ ਕੀਤਾ।[681] ਕਾਸੀ ਕਾਗਭਸੁੰਡ ਪੁਨਿ ਕਰਿਕ ਲਗਨਿ ਸੁਭਦਾਇ॥॥[682]

**ਕਾਕੁਸੁ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਵਿਕੁਖੀ (ਦੇਖੋ) ਦਾ ਪੁਤਰ। ਬਹੁਰਿ ਵਿਕੁਖੀ ਤੇ ਭਯੋ ਕਾਕੁਸੁ ਭੂਪ ਮਹਾਨ॥40॥[683]

**ਕਾਗਭਸੁੰਡ-** ਇਕ ਰਿਸ਼ੀ, ਜਿਸ ਦਾ ਅਸਲੀ ਨਾਉਂ ਭਸੁੰਡ ਸੀ। ਮਹਾਂਭਾਰਤ ਅਨੁਸਾਰ ਇਹ ਪੋਲੋਮਸ਼ ਰਿਸ਼ੀ ਦੇ ਸਰਾਪ ਕਾਰਨ ਕਾਂ ਬਣ ਗਿਆ। ਰਾਮਾਇਣ ਅਨੁਸਾਰ ਭਸੁੰਡ ਰਿਸ਼ੀ ਨੇ, ਰਾਮ ਚੰਦਰ ਦਾ ਜੂਠਾ ਭੋਜਨ ਖਾਣ ਲਈ, ਕਾਂ ਦਾ ਰੂਪ ਸਵੈ-ਇਛਾ ਨਾਲ ਧਾਰਨ ਕੀਤਾ ਸੀ। ਕਾਗਭਸੁੰਡ ਬੜਾ ਵਿਦਵਾਨ ਰਿਸ਼ੀ ਸੀ ਅਤੇ ਉਹ ਰਿਸ਼ੀਆਂ ਨੂੰ ਰਾਮਾਇਣ ਦੀ ਕਥਾ ਸੁਣਾਇਆ ਕਰਦਾ ਸੀ। ਇਸ ਰਿਸ਼ੀ ਨੇ 'ਕਾਕ ਭਸੁੰਡ' ਰਾਮਾਇਣ ਵੀ ਲਿਖੀ। ਕਾਗਭਸੁੰਡ ਬੜਾ ਵਿਦਵਾਨ ਸੀ, ਇਸੇ ਲਈ ਕਾਂ ਨੂੰ ਸਿਆਣਾ ਸੂਝਵਾਨ ਮੰਨਿਆ ਜਾਂਦਾ ਹੈ।[684] ਕਾਸੀ ਕਾਗਭਸੁੰਡ ਪੁਨਿ ਕਰਿਕ ਲਗਨਿ ਸੁਭਦਾਇ॥॥[685]

**ਕਾਂਗੜਾ-** ਪੰਜਾਬ ਦਾ ਇਕ ਪਹਾੜੀ ਜਿਲਾ ਅਤੇ ਉਸ ਦਾ ਪ੍ਰਧਾਨਨਗਰ, ਜੋ ਕਿਸੇ ਸਮੇਂ ਕਟੋਚ ਰਾਜਪੂਤਾਂ ਦੀ ਰਾਜਧਾਨੀ ਸੀ। ਇਸ ਵੇਲੇ ਜਿਲੇ ਦਾ ਪ੍ਰਧਾਨ ਨਗਰ ਧਰਮਸਾਲਾ ਹੈ।[686] ਗੁਰੂ ਕਾਂਗੜੇ ਮੈ ਗਏ ਦੇਵੀ ਕੈ ਦਰਵਾਰ॥36॥[687]

**ਕਾਂਗੜਾ-** ਪੁਰਾਣੇ ਪੰਜਾਬ ਦਾ ਇਕ ਪਹਾੜੀ ਜਿਲ੍ਹਾ ਅਤੇ ਪੁਰਾਤਨ ਇਤਿਹਾਸਕ ਨਗਰ, ਪੰਜਾਬ ਦੇ ਅਜੋਕੇ ਪੁਨਰ-ਸੰਗਠਨ ਵੇਲੇ, ਕਾਂਗੜੇ ਦੇ ਜਿਲ੍ਹੇ ਨੂੰ ਪੰਜਾਬ ਨਾਲੋਂ ਅੱਡ ਕਰ ਕੇ ਹਿਮਾਚਲ ਪ੍ਰਦੇਸ਼ ਵਿਚ ਸ਼ਾਮਲ ਕਰ ਦਿਤਾ ਗਿਆ। ਇਸ ਨਗਰ ਨੂੰ ਰਾਜੇ ਸੁਸਰਮ ਚੰਦ ਨੇ ਮਹਾਂਭਾਰਤ ਦੇ ਯੁਧ ਤੋਂ ਬਾਅਦ ਵਸਾਇਆ।

---

681 ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 84-85.

682 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 12.

683 ਉਹੀ, ਪਤਰਾ 1077.

684 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪੰਜਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2017, ਪੰਨਾ 610.

685 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 12.

686 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 316.

687 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1682.

ਕਾਂਗੜੇ ਦਾ ਨਾਂ ਨਗਰਕੋਟ ਵੀ ਦਸਿਆ ਜਾਂਦਾ ਹੈ। ਪਹਿਲਾਂ ਪਹਿਲ ਨਗਰਕੋਟ ਵਿਚ ਜੋ ਸ਼ਾਹੀ ਕਿਲਾ ਸੀ, ਉਹਦਾ ਨਾਂ ਕਾਂਗੜਾ ਸੀ। ਇਸ ਕਿਲੇ ਦਾ ਸਾਰੇ ਇਲਾਕੇ ਵਿਚ ਕਦੇ ਇਤਨਾ ਗੌਰਵ ਸੀ ਕਿ ਇਸ ਕਿਲੇ ਦੇ ਨਾਂ ਤੋਂ ਮਗਰੋਂ ਸ਼ਹਿਰ ਅਤੇ ਆਸ ਪਾਸ ਦੇ ਸਾਰੇ ਖੇਤਰ ਦਾ ਨਾਂ ਕਾਂਗੜਾ ਪੈ ਗਿਆ।[688] ਪੁਨਿ ਕਸਮੀਰ ਹ੍ਵੈ ਕਾਗੜੇ ਸੂਧਾ ਰਸਤਾ ਯਾਇ॥35॥[689]

**ਕਾਨ੍ਹ (ਅਵਤਾਰ)-** ਕ੍ਰਿਸ਼ਨ (ਦੇਖੋ) ਦਾ ਇਕ ਨਾਮ। ਇਕ ਦੱਤ ਕਹੈਂ ਇਕ ਸੱਤਿ ਕਹੈਂ ਇਕ ਕਾਨ੍ਹ ਕਹੈਂ ਇਕ ਗੋਕਲਵਾਸੀ॥[690]

**ਕਾਨ੍ਹ ਗੁਆਲਾ-** ਕ੍ਰਿਸ਼ਨ (ਦੇਖੋ) ਦਾ ਇਕ ਨਾਮ। ਕਾਲਿ ਨ ਛੋਡੇ ਕਾਨਿ ਗੁਆਲਾ॥[691]

**ਕਾਪਾਲ ਕੇਤੂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕੰਕਾਲ ਕੇਤੂ (ਦੇਖੋ) ਦਾ ਪਿਤਾ। ਬਲੀ ਰਾਕਸੰ ਏਕ ਕਾਪਾਲ ਕੇਤੂ॥[692]

**ਕਾਬਲ (ਸਥਾਨ)-** ਅਫਗਾਨਿਸਤਾਨ ਦਾ ਇਕ ਪ੍ਰਸਿਧ ਸ਼ਹਿਰ ਤੇ (ਅਜ ਕਲ) ਇਸ ਦੀ ਰਾਜਧਾਨੀ, ਜਿਸ ਨੂੰ ਉਤਰ ਵਲੋਂ ਬਲਖ, ਦਖਣ ਵਲੋਂ ਕੰਧਾਰ ਅਤੇ ਪੂਰਬ ਵਲੋਂ ਬਨੂੰ ਤੇ ਪਿਸ਼ਾਵਰ ਤੋਂ ਰਾਹ ਜਾਂਦੇ ਹਨ। ਇਹ ਸ਼ਹਿਰ ਉਤਰੀ ਈਰਾਨ ਦੇ ਪੁਰਾਣੇ ਰਾਹ ਉਤੇ, ਅਫਗਾਨਿਸਤਾਨ ਦੇ ਬਲਖ ਨਗਰ ਦੇ ਬਿਲਕੁਲ ਕੋਲ ਹੈ। ਕਿਸੇ ਵਿਦੇਸ਼ੀ ਬਾਬਰ ਨੇ ਸਭ ਤੋਂ ਪਹਿਲਾਂ 1504 ਈ. ਵਿਚ ਇਸ ਨੂੰ ਜਿਤਿਆ ਤੇ ਆਪਣੀ ਰਾਜਧਾਨੀ ਬਣਾਇਆ।[693] ਪੁਨਿ ਕਾਬਲ ਔਰ ਕਬਾਲ ਲਈ ਪੁਨਿ ਚੀਨ ਮਚੀਨ ਲਈ ਤਿਨਿ ਸਾਰੀ॥[694]

---

688 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪੰਜਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2017, ਪੰਨਾ 611.

689 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 702.

690 ਉਹੀ, ਪਤਰਾ 114.

691 ਉਹੀ, ਪਤਰਾ 1728.

692 ਉਹੀ, ਪਤਰਾ 1225.

693 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 88.

694 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 119.

**ਕਾਬਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਆਦਮ (ਦੇਖੋ) ਦੇ ਇਕ ਪੁਤਰ ਦਾ ਨਾਮ। ਅਬਲ ਚਾਰ ਇਮਾਮ ਥੇ ਹਾਬਲ ਕਾਬਲੁ ਜਾਨ॥ ਤੀਜਾ ਈਰਜੁ ਆਖੀਐ ਚਉਥਾ ਤੂਰਜੁ ਮਾਨ॥38॥[695]

**ਕਾਮਕ ਬਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਿੰਹਾਦੀਪ ਪਰਬਤ ਉਪਰ ਕੋਈ ਬਣ। ਕਾਮਕ ਬਨ ਤਹਿ ਨਾਮ ਸੁ ਜਾਨੰ॥[696]

**ਕਾਰਤਿਕ-** ਲੜਾਈ ਦਾ ਦੇਵਤਾ ਜਾਂ ਮੰਗਲ ਗ੍ਰਹਿ। ਇਸ ਨੂੰ ਸਕੰਦ ਵੀ ਕਹਿੰਦੇ ਹਨ। ਮਹਾਂਭਾਰਤ ਤੇ ਰਾਮਾਯਣ ਅਨੁਸਾਰ ਇਹ ਸ਼ਿਵ ਜਾਂ ਰੁਦ੍ਰ ਦਾ ਪੁਤਰ ਸੀ, ਜਿਹੜਾ ਇਸਤਰੀ ਦੇ ਸਬੰਧ ਬਿਨਾਂ ਹੀ ਪੈਦਾ ਹੋਇਆ ਸੀ। ਸ਼ਿਵ ਨੇ ਆਪਣਾ ਬੀਜ ਅਗ ਵਿਚ ਪਾਇਆ ਅਤੇ ਪਿਛੋਂ ਜਾ ਕੇ ਇਸ ਨੂੰ ਗੰਗਾ ਨੇ ਪ੍ਰਾਪਤ ਕਰ ਲਿਆ ਅਤੇ ਇਉਂ ਕਾਰਤਿਕ ਦਾ ਜਨਮ ਹੋਇਆ। ਇਸ ਲਈ ਇਸ ਨੂੰ ਅਗਨੀਭੂ ਜਾਂ ਗੰਗਜ ਵੀ ਕਹਿੰਦੇ ਹਨ। ਇਸ ਦੀ ਪਾਲਨਾ ਕ੍ਰਿਤਕਾ ਨੇ ਕੀਤੀ, ਇਸ ਦੇ ਛੇ ਸਿਰ ਹਨ ਅਤੇ ਇਸ ਨੂੰ ਕਾਰੱਤਿਕੇਯ (ਕਾਰਤਿਕ) ਕਹਿੰਦੇ ਹਨ। ਇਸ ਦਾ ਜਨਮ ਤਾਰਕ ਨਾਂ ਦੇ ਦੈਂਤ ਨੂੰ ਮਾਰਨ ਲਈ ਹੋਇਆ ਸੀ, ਜੋ ਆਪਣੀ ਤਪਸਿਆ ਕਾਰਨ ਦੇਵਤਿਆਂ ਕੋਲੋਂ ਮਾਰਿਆ ਨਹੀਂ ਜਾ ਸਕਦਾ ਸੀ। ਇਹ ਮੋਰ, ਜਿਸ ਦਾ ਨਾਂ ਪਰਵਾਣੀ ਹੈ, ਦੀ ਸਵਾਰੀ ਕਰਦਾ ਹੈ। ਇਸ ਦੀ ਪਤਨੀ ਦਾ ਨਾਂ ਕੌਮਾਰੀ ਜਾਂ ਸੇਨਾ ਹੈ। [697] ਨੈਰੁਤਜ ਸਾਮੀ ਕਾਰਤਿਕ ਜਾਨ॥[698]

**ਕਾਰੂ-** ਮਿਸਰ ਦਾ ਇਕ ਰਾਜਾ ਜੋ ਮੂਸਾ ਦੇ ਚਾਚੇ ਯਸ਼ਰ ਦਾ ਪੁਤਰ ਸੀ। ਉਹ ਇਜ਼ਰਾਇਲ ਵੰਸ਼ ਨਾਲ ਸੰਬੰਧ ਰਖਦਾ ਸੀ। ਯਹੂਦੀ ਗ੍ਰੰਥਾਂ ਅਨੁਸਾਰ ਕਾਰੂ ਦੇ ਕੋਲ ਚਾਲੀ ਗੰਜ ਧਨ ਸੀ ਅਤੇ ਇਸ ਦੇ ਖਜ਼ਾਨੇ ਦੀਆਂ ਕੂੰਜੀਆਂ ਤਿੰਨ ਸੌ ਖਚਰਾਂ ਉਤੇ ਲਦੀਆਂ ਜਾਂਦੀਆਂ ਸਨ। ਧਨ ਦੇ ਅਭਿਮਾਨ ਵਿਚ, ਉਹ ਇਤਨਾ ਮਲੀਨ ਹੋ ਗਿਆ ਕਿ ਹਜ਼ਰਤ ਮੂਸੇ ਦੇ ਆਦੇਸ਼ਾਂ ਦੀ ਪਰਵਾਹ ਵੀ ਨਹੀਂ ਸੀ ਕਰਦਾ। ਉਲਟਾ ਮੂਸਾ ਉਤੇ ਤੁਹਮਤਾਂ ਲਗਾਂਦਾ ਫਿਰਦਾ ਸੀ। ਕੰਜੂਸ ਹੋਣ ਕਰਕੇ ਉਹ ਜ਼ਕਾਤ ਨਹੀਂ ਸੀ ਦੇਂਦਾ। ਅਖੀਰ, ਹਜ਼ਰਤ ਮੂਸੇ ਦੇ ਸਰਾਪ ਨਾਲ ਕਾਰੂ ਆਪਣੇ ਖਜਾਨਿਆਂ ਸਮੇਤ, ਜਿਮੀਂ ਵਿਚ ਗਰਕ ਹੋ ਗਿਆ। ਕੁਰਾਨ ਸ਼ਰੀਫ ਦੀਆਂ

---

[695] ਉਹੀ, ਪਤਰਾ 940.

[696] ਉਹੀ, ਪਤਰਾ 1118.

[697] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 176-77.

[698] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1425.

ਕਈ ਆਇਤਾਂ ਵਿਚ ਕਾਰੂ ਦੀ ਅਮੀਰੀ ਤੇ ਕੰਜੂਸੀ ਦਾ ਜ਼ਿਕਰ ਆਉਂਦਾ ਹੈ।[699] ਕਾਰੂ ਵਡਾ ਤੁਮਾਰਾ ਜੋਊ॥[700]

**ਕਾਲਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਜੋਤਿ ਜਵਾਲਕਾ॥ ਬਹੁਰਿ ਕਾਲਕਾ॥83॥[701]

**ਕਾਲਕਾ ਪਰਬਤ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ। ਕਲਕਾ ਪਰਬਤਿ ਕੋ ਉਡੇ ਸਿਮਰਨ ਕਰਤਿ ਗੁਪਾਲੁ॥38॥[702]

**ਕਾਲਿੰਦੀ-** ਇਕ ਪਰਬਤ (ਦੇਖੋ) ਦਾ ਨਾਮ। ਕਲਿੰਦ (ਸੂਰਜ) ਦੀ ਪੁਤਰੀ ਹੋਣ ਕਾਰਨ ਯਮੁਨਾ ਦਾ ਇਕ ਨਾਂ।[703] ਕਾਲਿੰਦੀ ਕਾ ਬਾਪ ਸੁ ਮਾਨੋ॥[704]

**ਕਾਲਿੰਦ੍ਰ-** ਇਕ ਪਰਬਤ (ਦੇਖੋ) ਦਾ ਨਾਮ। ਕਾਲਿੰਦ੍ਰ ਕੇ ਸਿਰ ਪਰ ਸੋਇ॥[705]

**ਕਾਲੂ-** ਗੁਰੂ ਨਾਨਕ ਸਾਹਿਬ ਦੇ ਪਿਤਾ ਮਹਿਤਾ ਕਾਲੂ ਜੀ, ਜਿਸਨੂੰ ਜਨਮਸਾਖੀਆਂ ਜ਼ਿਆਦਾਤਰ 'ਕਾਲੂ' ਹੀ ਲਿਖਦੀਆਂ ਹਨ। 'ਮਹਿਤਾ' ਜ਼ਾਤ ਜਾਂ ਗੋਤ ਦਾ ਨਾਂ ਨਹੀਂ, ਇਹ ਅਹੁਦੇ ਦਾ ਨਾਂ ਹੈ। ਸੁਲਤਾਨ ਤੇ ਮੁਗਲ-ਕਾਲ ਵਿਚ ਵਡੇ ਭੂ-ਪਤੀ ਮਲਕ ਅਖਵਾਉਂਦੇ ਸਨ ਅਤੇ ਛੋਟੇ ਭੂ-ਪਤੀ ਮਹਿਤਾ। ਮਹਿਤਾ ਕਾਲੂ ਵੇਦੀ ਵੰਸ਼ ਵਿਚੋਂ ਸਨ, ਜਿਹੜੀ ਭਾਰਤੀ ਵਰਣਾਸ਼ਰਮ ਅਨੁਸਾਰ ਕਸ਼ਤਰੀ ਜ਼ਾਤ ਸੀ। ਮਹਿਤਾ ਕਾਲੂ ਕਿਤੇ ਵਜੋਂ ਭਟੀਆਂ ਦੇ ਪਟਵਾਰੀ ਸਨ।[706] ਕਾਲੂ ਖਤ੍ਰੀ ਬੇਦੀ ਬੰਸ ਸੁ ਜਾਇਯ॥[707]

---

[699] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਜਿਲਦ ਪੰਜਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2017, ਪੰਨਾ 639.

[700] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 909.

[701] ਉਹੀ, ਪਤਰਾ 1054.

[702] ਉਹੀ, ਪਤਰਾ 1088.

[703] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 181.

[704] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1426.

[705] ਉਹੀ, ਪਤਰਾ 1426.

[706] ਗੁਰਮੇਲ ਸਿੰਘ, ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 90.

**ਕਿਸਨ ਕੁਮਾਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਕਿਸਨ ਕੁਮਾਰ ਸਤ ਊਪਰਿ ਜਾਨ ਮਹਾਨਿਯੈ॥[708]

**ਕਿਸਨ-** ਗੁਰੂ ਨਾਨਕ ਦੇਵ ਜੀ ਦੇ ਮਾਮੇ ਦਾ ਨਾਂ, ਮਾਤਾ ਤ੍ਰਿਪਤਾ ਦਾ ਭਰਾ।[709] ਇਕ ਦਿਨ ਆਇ ਕਿਸਨ ਅਰੁ ਰਾਮਾ॥ ਕਿਸਨ ਸੁ ਥਾ ਨਾਨਕ ਕਾ ਮਾਮਾ॥[710]

**ਕਿਸਨ ਲਾਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਸਿਖ। ਕਿਸਨ ਲਾਲ ਕਾ ਪਰਸਨਿ ਕਹਿਯੋ॥[711]

**ਕਿਸਨਦਾਸ ਮਹੰਤ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਮ ਤੀਰਥ (ਦੇਖੋ) ਦੇ ਸਥਾਨ ਉਪਰ ਰਹਿਣ ਵਾਲਾ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਕੋਈ ਮਹੰਤ। ਕਿਸਨਦਾਸ ਮਹੰਤੋ ਵਾਚ॥ ਸਵੈਯਾ॥ ਹਮਰੇ ਤੁਮਰੇ ਇਸ ਕੇ ਮਨਿ ਕੀ ਹਰਿ ਜਾਨਤਿ ਹੈ ਪ੍ਰਭ ਦੀਨ ਦਿਆਲਾ॥[712]

**ਕਿਸਨਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਜਗਸੀਤਲ ਮਾਣਕਚੰਦ ਹਰੀਕਿਸਨਾ ਬਿਸਨਾ ਕਿਰਪਾ ਜਗਰਾਇ॥[713]

**ਕਿਸਨਾ (ਨਦੀ)-** ਦਖਣ ਦੀ ਇਕ ਨਦੀ , ਜੋ ਪਛਮੀ ਘਾਟ ਤੋਂ ਨਿਕਲਕੇ ਬੰਗਾਲ ਦੀ ਖਾੜੀ ਵਿਚ ਡਿਗਦੀ ਹੈ। ਇਸ  ਦੀ ਲੰਬਾਈ 400 ਮੀਲ ਹੈ। ਇਸਨੂੰ ਕ੍ਰਿਸ਼ਨ ਗੰਗਾ ਵੀ ਕਹਿੰਦੇ ਹਨ।[714] ਜਮਨਾ ਸਰਸ੍ਵਤੀ ਭਗੀਰਥੀ ਪਿਰਾਗ ਰਾਜ ਪੈਸੁਨੀ ਕੁਬੇਰੀ ਤਾਪੀ ਕਿਸਨਾ ਸੁ ਜਾਨੀਐ॥[715]

---

[707] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 78.

[708] ਉਹੀ, ਪਤਰਾ 1027.

[709] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 91.

[710] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 451.

[711] ਉਹੀ, ਪਤਰਾ 1249.

[712] ਉਹੀ, ਪਤਰਾ 592.

[713] ਉਹੀ, ਪਤਰਾ 594.

[714] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 358.

**ਕਿਸਨਾ (ਸਿਖ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[716]

ਠਾਕੁਰ ਕਿਸਨਾ ਕ੍ਰਿਸਨ ਬਖਾਨੋ॥31॥[717]

**ਕਿਦਾਰ-** ਇਹ ਹਿਮਾਲਿਆ ਵਿਚ ਹੈ। ਇਹ ਅਕਾਰ ਰਹਿਤ ਪੱਥਰ ਹੈ, ਜਿਸ ਦੀ ਦੇਵਤੇ ਦੇ ਰੂਪ ਵਿਚ ਪੂਜਾ ਕੀਤੀ ਜਾਂਦੀ ਹੈ।[718] ਹਿੰਮਾਦ੍ਰੀ ਗਿਰ ਮੈ ਦੇਵ ਕਿਦਾਰ॥[719]

**ਕਿਦਾਰ ਜੋਗੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬਿਆਸੀਏ ਸੁ ਕਿਦਾਰ ਜੋਗੀ ਨਾਮੁ ਤੋਹਿ ਪ੍ਰ ਭਾਨਿਯੋ॥63॥[720]

**ਕਿਦਾਰਹਿ (ਕੇਦਾਰਨਾਥ)-** ਇਕ ਵਡਾ ਤੀਰਥ, ਹਿੰਦੂਆਂ ਦੇ ਅਠਾਹਠ ਤਰੀਥਾਂ ਵਿਚੋਂ ਇਕ, ਇਹ ਤੀਰਥ ਰੁਦ੍ਰ ਹਿਮਾਲੇ ਦੀਆਂ ਬਰਫ਼ਾਨੀ ਚੋਟੀਆਂ ਵਿਚ, ਮਹਾਪੰਥ ਦੀ ਚੋਟੀ ਹੇਠ, ਇਕ ਟਿਲੇ ਉਤੇ ਸਥਿਤ ਹੈ। ਇਥੇ ਸ਼ਿਵ ਦਾ ਇਕ ਮੰਦਰ ਤੇ ਝੋਟੇ ਦੀ ਸ਼ਕਲ ਦੀ ਇਕ ਮੂਰਤੀ ਹੈ। ਪੌਰਾਣਕ ਕਥਾ ਹੈ ਕਿ ਅਰਜਨ ਤੋਂ ਹਾਰ ਕੇ, ਸ਼ਿਵ ਝੋਟੇ ਦੀ ਸ਼ਕਲ ਧਾਰ ਕੇ, ਇਥੇ ਪਹਾੜਾਂ ਵਿਚ ਆ ਛੁਪਿਆ। ਸ਼ਿਵ ਦਾ ਧੜ ਤਾਂ ਪਹਾੜ ਵਿਚ ਧਸ ਗਿਆ, ਕੇਵਲ ਪਿਠ ਬਾਹਰੋਂ ਵਿਖਾਈ ਦੇਂਦੀ ਰਹੀ। ਪਿਠ ਵਾਲੀ ਥਾਂ ਉਤੇ ਕੇਦਾਰਨਾਥ ਤੀਰਥ ਬਣਾਇਆ ਗਿਆ।[721] ਮੈ ਇਕ ਬਾਰ ਕਿਦਾਰਹਿ ਗਯੋ॥[722]

---

715 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 57.

716 ਉਹੀ, ਪਤਰਾ 1783.

717 ਉਹੀ.

718 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 490.

719 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1560.

720 ਉਹੀ, ਪਤਰਾ 1027.

721 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪੰਜਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2017, ਪੰਨਾ 700.

722 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 35.

**ਕਿੰਨਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨੌਂ ਖੰਡਾਂ (ਦੇਖੋ) ਵਿਚੋਂ ਇਕ ਖੰਡ ਦਾ ਨਾਮ। ਭਰਥ ਖੰਡ ਪਿਰਥਮਿ ਪਹਿਚਾਨ॥ ਕਿੰਨਰ ਇਲਾ ਬਰਤਿ ਪੁਨਿ ਮਾਨ॥33॥[723]

**ਕਿਬਲਾ-** ਕਿਬਲੇ ਦੇ ਅਰਥ ਹਨ ਸਾਹਮਣੇ ਹੋਣਾ, ਭਾਵ ਉਹ ਦਿਸ਼ਾ ਜਿਧਰ ਮੂੰਹ ਕਰਕੇ ਨਮਾਜ਼ ਪੜ੍ਹੀ ਜਾਵੇ।[724] ਕਿਬਲਾ ਤਿਨ ਜਾਇ ਫਿਰਾਇ ਦਯੋ ਪਗ ਸਾਥ ਅਵਿੰਦਨ ਤੇਜ ਸੁ ਟਾਰਾ॥[725]

**ਕਿਰਪਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਜਗਸੀਤਲ ਮਾਣਕਚੰਦ ਹਰੀਕਿਸਨਾ ਬਿਸਨਾ ਕਿਰਪਾ ਜਗਰਾਇ॥[726]

**ਕਿਰਪਾ (ਮਾਰਵਾੜੀ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਮਾਰਵਾੜੀ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[727] ਖੇਮਚੰਦ ਲਾਲਦਾਸ ਤੀਸਰਾ ਭੀਖਾਰੀ ਦਾਸ ਕਿਰਪਾ ਪੂਰਨ ਚੰਦ ਔਰ ਪਹਚਾਨੀਐ॥[728]

**ਕਿਰਪਾ ਨਿਧਾਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਬਹੁਰਿ ਕਹਿਯੋ ਤਿਨ ਕ੍ਰਿਪਾ ਨਿਧਾਨੀ॥[729]

**ਕਿਰਪਾਮੱਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਸਾਗਰਚੰਦ ਅਨੰਦਹਰੀ ਕਿਰਪਾਮੱਲ ਜੀ ਭਗਤਾ ਗੁਰਸਾ ਹੈ॥[730]

---

[723] ਉਹੀ, ਪਤਰਾ 1008.

[724] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪੰਜਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2017, ਪੰਨਾ 669.

[725] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 51.

[726] ਉਹੀ, ਪਤਰਾ 594.

[727] ਉਹੀ, ਪਤਰਾ 1783.

[728] ਉਹੀ.

[729] ਉਹੀ, ਪਤਰਾ 1047.

[730] ਉਹੀ, ਪਤਰਾ 594.

**ਕਿਲੰਗ-** ਇਕ ਟਾਪੂ (ਦੇਖੋ) ਦਾ ਨਾਮ। ਕਿਲੰਗ ਪੁਲੰਗ ਪੁਨਿ ਰਾਮ॥[731]

**ਕਿੜੀਆ ਪਠਾਣਾ-** ਇਕ ਪਿੰਡ, ਜਿਹੜਾ ਗੁਰਦਾਸਪੁਰ ਜਿਲ੍ਹੇ ਵਿਚ ਸ੍ਰੀ ਹਰਿਗੋਬਿੰਦਪੁਰ ਦੇ ਕੋਲ ਹੀ ਹੈ। ਇਹ ਅਚਲ ਵਟਾਲੇ ਤੋਂ ਉਤਰ-ਪੂਰਬ ਵਲ ਨੂੰ ਪੈਂਦਾ ਹੈ। ਇਸ ਨੂੰ ਕਿੜੀ ਅਫਗਾਨਾ ਵੀ ਕਹਿੰਦੇ ਹਨ।[732] ਕਿੜੀਆਂ ਪਠਾਣਾ ਦੀ ਵਿਖੈ ਸ੍ਰੀ ਗੁਰੂ ਫੇਰਿ ਸੁ ਆਯੋ॥[733]

**ਕੀਰਤਿ ਰਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨੇਊ ਦੀ ਰਸਮ 'ਤੇ ਆਇਆ ਇਕ ਸਾਕ ਸਬੰਧੀ। ਕੇਸਰੀ ਕੀਰਤਿ ਰਾਮ ਲਾਲ ਕੋਟਿ ਤਾਕੇ ਧਾਮ ਸੰਗਤਿ ਪਰੇਮਾ ਔਰ ਧਰਮਾ ਪਛਾਨੀਐ॥[734]

**ਕੀੜੀ ਪੁਰ-** ਮੌਜੂਦਾ ਬੈਜਨਾਥ ਦਾ ਪੁਰਾਣਾ ਨਾਂ ਕੀੜਨਗਰ (ਕੀੜੀ ਪੁਰ) ਸੀ। ਮੁਸਲਮਾਨ ਇਤਿਹਾਸਕਾਰਾਂ ਨੇ ਇਸ ਇਲਾਕੇ ਲਈ ਨਗਰ ਕੋਟ ਜਾਂ ਭੀਮਕੋਟ ਸ਼ਬਦ ਵੀ ਵਰਤਿਆ ਹੈ।[735] ਕੀੜੀ ਪੁਰ ਮੈ ਆਇ ਕੈ ਪ੍ਰਗਟੈ ਭਏ ਸੁ ਦਿਆਲ॥[736]

**ਕੁਸ-** ਰਾਮਚੰਦ੍ਰ ਤੇ ਸੀਤਾ ਦੇ ਜੌੜੇ ਪੁਤਰਾਂ ਵਿਚੋਂ ਇਕ ਸੀ, ਰਾਮਚੰਦ੍ਰ ਦੀ ਮੌਤ ਪਿਛੋਂ ਉਸ ਦੇ ਦੋ ਪੁਤਰ ਕੁਸ਼ ਤੇ ਲਵ ਦਖਣੀ ਤੇ ਉਤਰੀ ਕੋਸਲ ਦੇ ਰਾਜੇ ਬਣ ਗਏ ਸਨ। ਕੁਸ਼ ਨੇ ਵਿੰਧੀਆਚਲ ਵਿਚ ਕੁਸ਼ ਸਥਲੀ ਜਾਂ ਕੁਸ਼ਾਵਤੀ ਨਾਂ ਦਾ ਸ਼ਹਿਰ ਵਸਾਇਆ ਅਤੇ ਇਸ ਨੂੰ ਆਪਣੀ ਰਾਜਧਾਨੀ ਬਣਾ ਲਿਆ।[737] ਕੁਸ ਕੁਲਿ ਮਾਹਿ ਸੁ ਜਾਨਹੁ ਆਗਰਿ॥25॥[738]

---

[731] ਉਹੀ, ਪਤਰਾ 1318.

[732] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 92.

[733] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 739.

[734] ਉਹੀ, ਪਤਰਾ 288.

[735] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 92.

[736] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1278.

[737] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 196.

[738] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 543.

**ਕੁਸਨਾਭ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜਿਸ ਰਾਜੇ ਦੇ ਮਹਿਲਾਂ ਵਿਚ ਲੋਪਾ ਮੁੰਦ੍ਰਾ (ਦੇਖੋ) ਨੂੰ ਛਡਿਆ ਗਿਆ ਸੀ, ਉਸ ਰਾਜੇ ਦਾ ਨਾਮ। ਪਰ ਹਿੰਦੂ ਮਿਥਿਹਾਸ ਕੋਸ਼ ਵਿਚ ਉਸ ਰਾਜੇ ਦਾ ਨਾਮ ਵਿਦਰਭ ਦਸਿਆ ਹੈ।[739] ਇਹ ਪੂਰਬ ਭੂਪਤਿ ਕੁਸਨਾਭ॥[740]

**ਕੁਸੁ ਦੀਪ-** ਇਰਾਨ, ਅਰਬੀਆ ਅਤੇ ਇਥੋਪੀਆ ਆਦਿ ਦਾ ਇਲਾਕਾ।[741] ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸੱਤ ਦੀਪਾਂ (ਦੇਖੋ) ਵਿਚੋਂ ਇਕ ਦਾ ਨਾਮ। ਪਲਖਹਿ ਸਿਲਮਿਲ ਕੁਸੂ ਪੁਨਿ ਬਹੁਰਿ ਕਰੌਂਚ ਸੁ ਜਾਨ॥35॥[742]

**ਕੁੰਜੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਤਲਵੰਡੀ ਵਿਚ ਰਹਿਣ ਵਾਲੇ ਦੋ ਭਰਾ ਕੁੰਤੀ ਅਤੇ ਕੁੰਜੀ। ਕੁੰਤੀ ਕੁੰਜੀ ਦੋਨੋ ਭਾਈ ਸੇਦੋ ਘਰਿ ਮਾਨੀਐ॥[743]

**ਕੁਤਾਲਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਤਿਲਗੰਜੀ ਸਾਹਿਬ (ਦੇਖੋ) ਦਾ ਪੁਰਾਤਨ ਨਾਮ। ਨਾਮੁ ਕੁਤਾਲਮ ਤਿਸ ਕਾ ਰਾਖਾ॥[744]

**ਕੁੰਤੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਤਲਵੰਡੀ ਵਿਚ ਰਹਿਣ ਵਾਲੇ ਦੋ ਭਰਾ ਕੁੰਤੀ ਅਤੇ ਕੁੰਜੀ। ਕੁੰਤੀ ਕੁੰਜੀ ਦੋਨੋ ਭਾਈ ਸੇਦੋ ਘਰਿ ਮਾਨੀਐ॥[745]

**ਕੁੰਤੀ (ਇਸਤਰੀ)-** ਮਹਾਂਭਾਰਤ ਦੀ ਇਕ ਪ੍ਰਸਿਧ ਇਸਤ੍ਰੀ ਪਾਤਰ। ਕੁੰਤੀ ਕ੍ਰਿਸ਼ਨ ਦੀ ਭੂਆ ਅਤੇ ਯੁਧਿਸ਼ਟਰ, ਭੀਮਸੈਨ ਤੇ ਅਰਜਨ ਆਦਿ ਦੀ ਮਾਤਾ ਸੀ, ਅਥਵਾ ਰਾਜਾ ਪਾਂਡੂ ਦੀ ਰਾਣੀ ਸੀ। ਇਹ ਮਥਰਾ ਦੇ ਰਾਜੇ ਸੂਰਸੈਨ ਦੀ ਕੰਨਿਆ ਸੀ।[746] ਕੁੰਤੀ ਕੁੰਜ ਕਦੰਬ ਪੁਨਿ ਕਨਿਕ ਕੇਤਕੀ ਜਾਨ॥[747]

---

739 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 493.

740 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 846.

741 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 135.

742 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1008.

743 ਉਹੀ, ਪਤਰਾ 1499.

744 ਉਹੀ, ਪਤਰਾ 1594.

745 ਉਹੀ, ਪਤਰਾ 1499.

**ਕੁੰਦਨ ਮੁਨਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸੋਮਨਾਥ (ਦੇਖੋ) ਦਾ ਪਿਤਾ। ਕੁੰਦਨਿ ਮੁਨੀ ਕੋ ਸੁਤ ਪੂਰਬ ਪਛਾਨੋ ਮੋਹਿ ਮੈਨੁਕਾ ਸੁ ਜਨਨੀ ਹਮਾਰੀ ਉਰ ਆਨੀਐ॥[748]

**ਕੁੰਦਨਿ ਮੁਨਿ (ਰਿਸ਼ੀ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਰਿਸ਼ੀ ਜੋ ਪਚਾਨਨ (ਦੇਖੋ) ਨੂੰ ਸਰਾਪ ਦਿੰਦਾ ਹੈ। ਮੁਨਿ ਕੂੰਦਨਿ ਮੋਹਿ ਮਿਲਯੋ ਬਨ ਮੈ ਮੁਨੀ ਕੋ ਗੁਰ ਮੈ ਨਿਜ ਆਸ੍ਰਮ ਲਯਾਯੋ॥[749]

**ਕੁਬਜਾਂ-** ਕੁਬਜਾਂ ਕੰਸ ਦੀ ਦਾਸੀ ਸੀ, ਜਿਸ ਦਾ ਸਰੀਰ ਕੁੱਬਾ ਸੀ। ਕ੍ਰਿਸ਼ਨ ਨੇ ਇਸ ਦਾ ਕੁੱਬ ਦੂਰ ਕੀਤਾ ਸੀ।[750] ਕਦਰੂ ਕੁਬਜਾਂ ਕੁਲਿ ਜਾਨਰਵੀ ਕਰਣੰ ਕਚ ਕੇਸਰ ਜੋ ਹਰਿ ਚਾਰੇ॥[751]

**ਕੁਬਜਾ ਨਗਰੀ-** ਕਾਨਜਕੁਬਜ, ਕਨੌਜ ਸ਼ਹਿਰ। ਕਨੌਜ ਦੇ ਆਸ ਪਾਸ ਦਾ ਇਲਾਕਾ, ਫਰਰੁਖਾਬਾਦ ਦਾ ਜ਼ਿਲਾ। ਇਕ ਕਥਾ ਅਨੁਸਾਰ ਰਾਜਰਿਖੀ ਕੁਸ਼ਨਾਭ ਨੇ ਘ੍ਰਿਤਾਚੀ ਅਪਸਰਾ ਤੋਂ ਸੌ ਕੰਨਜਾ ਪੈਦਾ ਕੀਤੀਆਂ, ਜਦ ਲੜਕੀਆਂ ਜੁਆਨ ਹੋਈਆਂ, ਤਦ ਵਾਯੂ ਦੇਵਤਾ ਮੋਹਿਤ ਹੋ ਕੇ ਉਨ੍ਹਾਂ ਨੂੰ ਵਰਣ ਲਗਾ। ਲੜਕੀਆਂ ਨੇ ਆਖਿਆ ਕਿ ਪਿਤਾ ਦੀ ਆਗਜਾ ਬਿਨਾ ਅਸੀਂ ਕਿਸੇ ਨੂੰ ਨਹੀਂ ਵਰਦੀਆਂ। ਇਸ ਕਰਕੇ ਪੌਣ ਦੇਵਤਾ ਨੇ ਕ੍ਰੋਧ ਕਰਕੇ ਸਾਰੀਆਂ ਕੁਬੀਆਂ ਕਰ ਦਿਤੀਆਂ। ਕੁਸ਼ਨਾਭ ਨੇ ਉਨ੍ਹਾਂ ਕੁਬੜੀਆਂ ਨੂੰ ਰਾਜਾ ਬ੍ਰਹਮਦੱਤ ਨਾਲ ਵਿਆਹ ਦਿਤਾ ਅਤੇ ਸ਼ਾਦੀ ਹੋਣ ਤੋਂ ਬਾਅਦ ਉਨ੍ਹਾਂ ਦਾ ਕੁਬੜਾਪਨ ਦੂਰ ਹੋ ਗਿਆ, ਇਨ੍ਹਾਂ ਕੁਬੀਆਂ ਕੰਨਜਾ ਤੋਂ ਗੋਤ ਅਤੇ ਦੇਸ਼ ਦਾ ਨਾਉਂ ਕਾਨਜਕੁਬਜ ਹੋ ਗਿਆ।[752] ਕੁਸਨਾਭ ਨਰੇਸ ਸੁਰੇਸ ਸਮੰ ਕੁਬਜਾ ਨਗਰੀ ਤਿਸ ਕੀ ਰਜਧਾਨੀ॥[753]

---

746 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪੰਜਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2017, ਪੰਨਾ 680.

747 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 12.

748 ਉਹੀ, ਪਤਰਾ 1574.

749 ਉਹੀ, ਪਤਰਾ 1504.

750 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪੰਜਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2017, ਪੰਨਾ 681.

751 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 12.

752 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 345.

753 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 847.

**ਕੁਬੇਰ-** ਵੈਦਿਕ ਸਾਹਿਤ ਵਿਚ ਕੁਬੇਰ ਨੂੰ ਦੁਸ਼ਟ ਰੂਹਾਂ ਦਾ ਮੁਖੀ ਮੰਨਿਆ ਗਿਆ ਹੈ ਅਤੇ ਜੋ ਹਨੇਰੇ ਵਿਚ ਰਹਿੰਦਾ ਹੈ। ਇਸ ਦਾ ਪਿਤ੍ਰੀ ਨਾਂ ਵੈਸ੍ਰਵਨ ਹੈ। ਇਹ ਵਿਸ੍ਰਵਸ ਦਾ ਪੁਤਰ ਸੀ, ਜੋ ਇਡਾਵਡਾ ਦੀ ਕੁਖੋਂ ਹੋਇਆ ਸੀ। ਇਹ ਰਾਵਣ ਦਾ ਮਤਰੇਆ ਭਰਾ ਸੀ।[754] ਨਲ ਕੁਬੇਰ ਸਮ ਪੁਤ੍ਰ ਸੁ ਦਯੋ॥[755]

**ਕੁਬੇਰੀ-** ਦੱਖਣ ਦੇਸ਼ ਦੀ ਪ੍ਰਸਿਧ ਨਦੀ, ਜੋ ਪਛਮ ਘਾਟ ਤੋਂ ਨਿਕਲ ਕੇ ਬੰਗਾਲ ਦੀ ਖਾੜੀ ਵਿਚ ਪੈਂਦੀ ਹੈ। ਸਕੰਦ ਪੁਰਾਣ ਅਨੁਸਾਰ ਇਹ ਕਵੇਰ ਰਿਸ਼ੀ ਦੀ ਪੁਤਰੀ ਹੈ, ਜੋ ਨਦੀ ਹੋ ਕੇ ਵਹਿ ਰਹੀ ਹੈ। ਇਸ ਦਾ ਨਾਮ ਅਰਧ ਗੰਗਾ ਵੀ ਹੈ।[756] ਕਉਸਲਿਆ ਕੁਰੂਖੇਤਰੰ ਬਹੁਰਿ ਕੁਬੇਰੀ ਜਾਨ॥[757]

**ਕੁੰਭਕਰਣ-** ਇਹ ਵਿਸ੍ਰਵਸ ਦਾ ਪੁਤਰ ਸੀ ਜੋ ਉਸ ਦੀ ਰਾਖਸ਼ ਪਤਨੀ ਕੇਸ਼ਿਨੀ ਦੀ ਕੁਖੋਂ ਹੋਇਆ ਸੀ। ਇਹ ਰਾਵਣ ਦਾ ਸਕਾ ਭਰਾ ਸੀ। ਇਹ ਬ੍ਰਹਮਾ ਦੇ ਸਰਾਪ ਕਾਰਨ 6 ਮਹੀਨੇ ਲਗਾਤਾਰ ਸੁੱਤਾ ਰਹਿੰਦਾ ਸੀ ਅਤੇ ਕੇਵਲ ਇਕ ਦਿਨ ਵਾਸਤੇ ਹੀ ਜਾਗਦਾ ਸੀ। ਜਦੋਂ ਰਾਵਣ ਰਾਮ ਤੋਂ ਤੰਗ ਆ ਗਿਆ ਤਾਂ ਉਸ ਨੇ ਕੁੰਭਰਕਣ ਨੂੰ ਜਗਾਉਣ ਲਈ ਕਿਹਾ। ਇਹ ਕਰਨ ਲਈ ਬਹੁਤ ਤਰੱਦਦ ਕਰਨਾ ਪਿਆ। ਇਹ 2000 ਸ਼ਰਾਬ ਦੀਆਂ ਸੁਰਾਹੀਆਂ ਪੀਣ ਤੋਂ ਬਾਅਦ ਆਪਦੇ ਭਰਾ ਨਾਲ ਸਲਾਹ ਮਸ਼ਵਰਾ ਕਰਨ ਲਈ ਗਿਆ ਅਤੇ ਬਾਂਦਰ ਸੈਨਾ ਦੇ ਵਿਰੁੱਧ ਮੈਦਾਨ ਵਿਚ ਆਇਆ। ਇਸ ਨੇ ਬਾਂਦਰਾਂ ਦੇ ਸੈਨਾਪਤੀ ਸੁਗ੍ਰੀਵ ਨੂੰ ਇਕ ਪਥਰ ਮਾਰਕੇ ਅਤੇ ਉਸ ਨੂੰ ਕੈਦੀ ਬਣਾ ਕੇ ਲੰਕਾ ਸ਼ਹਿਰ ਵਿਚ ਲੈ ਆਂਦਾ। ਰਣਖੇਤਰ ਵਿਚ ਵਾਪਸ ਆਉਣ 'ਤੇ ਇਸ ਦਾ ਰਾਮਚੰਦ੍ਰ ਨਾਲ ਟਾਕਰਾ ਹੋ ਗਿਆ ਅਤੇ ਭਿਅੰਕਰ ਲੜਾਈ ਪਿਛੋਂ ਉਸ ਕੋਲੋਂ ਹਾਰ ਗਿਆ। ਰਾਮ ਨੇ ਇਸ ਦਾ ਸਿਰ ਕੱਟ ਦਿੱਤਾ।[758] ਰਾਵਣ ਕੁੰਭਕਰਣ ਸੁਖਰਾਸੀ॥[759]

---

[754] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 201.

[755] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1231.

[756] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006 ਪੰਨਾ 326.

[757] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 12.

[758] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 198-99.

[759] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1240.

**ਕੁੰਭਕੋਣ-** ਦਖਣ ਭਾਰਤ ਦਾ ਇਕ ਪ੍ਰਸਿਧ ਸਥਾਨ। ਕਪਲ ਮੁਨੀ ਭਗਵਾਨ ਪੁਨਿ ਕੁੰਭਕੋਣ ਭਗਵਾਨ॥17॥[760]

**ਕੁੰਭਜ-** ਅਗਸਤ (ਦੇਖੋ) ਰਿਸ਼ੀ ਦਾ ਇਕ ਨਾਮ। ਕੁੰਭਜ ਮਹਾਨ ਰਿਸੀ ਸਿਸ ਸਭਿ ਸੰਗ ਲੀਏ ਆਯੋ ਦੁਰਬਾਸਾ ਪੁਨਿ ਤੇਜ ਪੁੰਜ ਜਾਨੀਐ॥[761]

**ਕੁਮਦੀਪ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਦੀਪ ਦਾ ਨਾਮ। ਸਾਲਮਲੀ ਕੁਮਦੀਪ ਪੁਨਿ ਔਰ ਕਰੌਂਚ ਸੁ ਜਾਨ ਤੀਨ॥[762]

**ਕੁਮਾਰ-** ਦੇਖੋ ਸਨਕਾਦਿਕ। ਸਨਕ ਸਨੰਦਨ ਸਨਤ ਕੁਮਾਰ ਮਾਨੇ॥40॥ [763]

**ਕੁਮਾਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਸਟ ਮਾਤ੍ਰ ਕਾ (ਦੇਖੋ) ਵਿਚੋਂ ਇਕ ਦੇਵੀ ਦਾ ਨਾਮ। ਤ੍ਰਿਤਿਯੇ ਬ੍ਰਹਮਵੀ ਜਾਨ ਚਤੁਰਥੀ ਜਾਨ ਕੁਮਾਰੀ॥[764]

**ਕੁਰਖੇਤਰ (ਕੁਰੂਖੇਤਰੰ)-** ਘਗਰ ਨਦੀ ਦੇ ਉਤਰ ਤੇ ਸਰਸ੍ਵਤੀ ਦੇ ਦਖਣ ਵਲ ਕੁਰਖੇਤਰ ਇਕ ਪ੍ਰਸਿਧ ਹਿੰਦੂ ਤੀਰਥ ਹੈ ਜਿਸਦਾ ਬ੍ਰਾਹਮਣ ਗ੍ਰੰਥਾਂ ਵਿਚ ਮਿਲਦਾ ਹੈ। ਇਕ ਕਥਾ ਅਨੁਸਾਰ ਰਾਜ-ਰਿਸ਼ੀ ਕਰੂ ਨੇ ਯਗ ਕਰਨ ਤੋਂ ਪਹਿਲਾ ਇਥੇ ਹਲ ਵਾਹੁਣ ਕਰਕੇ ਇਸਨੂੰ ਧਰਮ ਖੇਤਰ ਆਖਿਆ ਜਾਂਦਾ ਹੈ। ਕੌਰਵ ਪਾਂਡਵਾਂ ਦਾ ਯੁਧ ਅਤੇ ਕ੍ਰਿਸ਼ਨ ਨੇ ਅਰਜਨ ਪ੍ਰਤੀ ਗੀਤਾ ਗਿਆਨ ਦਾ ਉਚਾਰਣ ਵੀ ਇਥੇ ਹੀ ਕੀਤਾ ਸੀ। ਇਹ ਵੀ ਮਨੌਤ ਹੈ ਕਿ ਜਦੋਂ ਵਿਸ਼ਨੂੰ ਨੇ ਮਧ ਕੈਂਟਭ ਦੈਂਤ ਮਾਰੇ ਤਾਂ ਉਨ੍ਹਾਂ ਦੀ ਮਿਝ ਸਾਰੇ ਪਾਣੀ 'ਤੇ ਫਿਰ ਗਈ ਪਰ ਇਥੇ ਬਾਰਾਂ ਜੋਜਨ ਵਿਚ ਵਿਸ਼ਨੂੰ ਦਾ ਆਪਣਾ ਨਿਵਾਸ ਸੀ, ਇਸ ਕਰਕੇ ਇਥੇ ਮਿਝ ਨਹੀਂ ਫੈਲੀ ਜਿਸ ਕਰਕੇ ਇਹ ਥਾਂ ਪਵਿਤਰ ਬਣਿਆ ਰਿਹਾ। ਸੂਰਜ ਗ੍ਰਹਿਣ ਸਮੇਂ ਇਥੇ ਸਾਲਾਨਾ ਮੇਲਾ ਲਗਦਾ ਹੈ।[765] ਕਉਸਲਿਆ ਕੁਰੂਖੇਤਰੰ ਬਹੁਰਿ ਕੁਬੇਰੀ ਜਾਨ॥[766]

---

760 ਉਹੀ, ਪਤਰਾ 11.

761 ਉਹੀ, ਪਤਰਾ 50.

762 ਉਹੀ, ਪਤਰਾ 1317.

763 ਉਹੀ, ਪਤਰਾ 812.

764 ਉਹੀ, ਪਤਰਾ 1233.

765 ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 96.

766 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 12.

**ਕੁਰਖੇਤਿ-** ਕੁਰਖੇਤਰ (ਦੇਖੋ) ਦਾ ਵਿਕ੍ਰਿਤ ਰੂਪ। ਬਿਦਾ ਭਏ ਗੁਰ ਤਹਾ ਤੇ ਪੁਨਿ ਆਇ ਕੁਰਖੇਤਿ॥[767]

**ਕੁਲਾਬਿਲਾਸੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਚਉਹਤਰਿਵੇ ਕੁਲਾਬਿਲਾਸੀ ਮਾਨਿਯੈ॥[768]

**ਕੁਲਿਆਂਗਦਿ ਦੇਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ ਦਾ ਨਾਮ ਜੋ ਹਰਿਦੁਆਰ ਦੇ ਨੇੜੇ ਹੈ। ਗੁਰ ਕੁਲਿ ਆਂਗਦਿ ਦੇਸ ਕੋ ਗਏ ਸੁ ਆਪ ਉਦਾਰ॥[769]

**ਕੁਲੇਸਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦਖਣ ਵਿਖੇ ਇਕ ਸ਼ਿਵ ਦਾ ਅਸਥਾਨ। ਤਿਸ ਠੌਰ ਮਹਾਨਿਕ ਦੇਵ ਅਹੇ ਤਹਿ ਨਾਮੁ ਕੁਲੇਸਰ ਲੋਕ ਸੁ ਭਾਨੇ॥[770]

**ਕੂੰਡੀ ਕੁਤਾਲਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਤਿਲਗੰਜੀ ਸਾਹਿਬ (ਦੇਖੋ) ਦਾ ਪੁਰਾਤਨ ਨਾਮ। ਕੂੰਡੀ ਕੁਤਾਲਮ ਨਾਮ ਮਿਲਾਇ ਕਹੈਂ ਤਹਿ ਕੇ ਸਭ ਲੋਕ ਉਦਾਰੇ॥[771]

**ਕੂੰਡੀ ਗੁਫਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਤਿਲਗੰਜੀ ਸਾਹਿਬ (ਦੇਖੋ) ਦਾ ਪੁਰਾਤਨ ਨਾਮ। ਦਰਸਨਿ ਕੂੰਡੀ ਗੁਫਾ ਕਾ ਗੰਗਾ ਕਾ ਇਸਨਾਨ॥[772]

**ਕੂਨਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ। ਕੂਨੈ ਪਰਬਤਿ ਪਹੁਚੇ ਜਾਈ॥[773]

**ਕੂਮਾਂ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਬੰਗਾਲ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[774] ਧੂਮਾਂ ਕੂਮਾਂ ਗਉੜ ਪੁਨਿ ਆਇ ਸੁ ਪਰਮ ਮਹਾਨ॥[775]

---

[767] ਉਹੀ, ਪਤਰਾ 1497.

[768] ਉਹੀ, ਪਤਰਾ 1027.

[769] ਉਹੀ, ਪਤਰਾ 1623.

[770] ਉਹੀ, ਪਤਰਾ 43.

[771] ਉਹੀ, ਪਤਰਾ 1594.

[772] ਉਹੀ.

[773] ਉਹੀ, ਪਤਰਾ 983.

[774] ਉਹੀ, ਪਤਰਾ 1783.

**ਕੂਰਮ ਅਵਤਾਰ-** ਇਕ ਅਵਤਾਰ (ਦੇਖੋ) ਦਾ ਨਾਮ। ਮੀਨ ਪੁਨਿ ਕੂਰਮ ਬਰਾਹਿ ਨਰ ਸਿੰਘ ਪੁਨਿ ਬਾਵਨ ਪਰਸਰਾਮ ਰਾਮ ਪਹਚਾਨੀਐ॥[776]

**ਕੂਰਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕੂਰਮ ਦੀ ਪਿਠ ਉਪਰ ਇਹ ਧਰਤੀ ਟਿਕੀ ਹੈ ਅਤੇ ਕੂਰਮ ਧਰਮ ਉਪਰ ਟਿਕਿਆ ਹੋਇਆ ਹੈ। ਕੂਰਮ ਦੀ ਪਿਠ ਉਪਰ ਅਠ ਹਾਥੀ ਹਨ ਜੋ ਕਿ ਬਹੁਤ ਹੀ ਵਡੇ ਹਨ, ਇਨ੍ਹਾਂ ਦੀ ਇਕ-ਇਕ ਦੀ ਲੰਬਾਈ 18 ਕਰੋੜ ਜੋਜਨ ਹੈ। ਇਹ ਛੇ ਹਜ਼ਾਰ ਜੋਜਨ ਉਚੇ ਹਨ ਅਤੇ ਇਨ੍ਹਾਂ ਦੀ ਸੁੰਡ ਦੋ ਕਰੋੜ ਜੋਜਨ ਲੰਬੀ ਹੈ।[777] ਇਹ ਕੂਰਮ ਅਵਤਾਰ ਨਾਲੋਂ ਵਖਰਾ ਹੈ, ਭਾਵੇਂ ਕਵੀ ਨੇ ਸਪਸ਼ਟ ਨਹੀਂ ਕੀਤਾ, ਪਰ ਇਸ ਦੇ ਜ਼ਿਕਰ ਵਿਚ ਕਿਤੇ ਅਵਤਾਰ ਹੋਣ ਦੀ ਪੁਸ਼ਟੀ ਨਹੀਂ ਕੀਤੀ ਗਈ। ਇਹੁ ਤਰ ਸਾਗਰ ਦੀਪ ਜੁ ਭਾਖੇ॥ ਇਹੁ ਸਭ ਪ੍ਰਿਥਮੀ ਊਪਰਿ ਰਾਖੇ॥ ਤੇ ਪ੍ਰਿਥਮੀ ਕੂਰਮ ਪਰ ਹਯੈ॥ ਅਬ ਪਰਮਾਨ ਕੂਰਮ ਕਾ ਕਹਯੈ॥42॥[778]

**ਕੇਸਕਰਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੁਨਿ ਗਿਰਬੋਧ ਸੁ ਸਾਲਸਾ ਕੇਸਕਰਨ ਪਹਚਾਨ॥[779]

**ਕੇਸਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨੇਊ ਦੀ ਰਸਮ 'ਤੇ ਸ਼ਾਮਿਲ ਹੋਣ ਵਾਲਾ ਅਤੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲਾ ਇਕ ਸਾਕ ਸਬੰਧੀ। ਜਟਮੱਲ ਅਟੱਲ ਪ੍ਰਿਥੀਮਲਿ ਜਾ ਰਤਨਾਹਰਿ ਕੇਸਰ ਜੀ ਕਰਮਾਏ॥[780]

**ਕੇਸਰੀ (ਸਿਖ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਭੰਡਾਰੀ ਜੈ ਦੇਉ ਕੇਸਰੀ ਲਕੜੰ॥[781]

---

[775] ਉਹੀ.

[776] ਉਹੀ, ਪਤਰਾ 4.

[777] ਉਹੀ, ਪਤਰਾ 1009.

[778] ਉਹੀ, ਪਤਰਾ 1009.

[779] ਉਹੀ, ਪਤਰਾ 1026.

[780] ਉਹੀ, ਪਤਰਾ 594.

[781] ਉਹੀ, ਪਤਰਾ 1629.

**ਕੇਸਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨੇਊ ਦੀ ਰਸਮ 'ਤੇ ਆਇਆ ਇਕ ਸਾਕ ਸਬੰਧੀ। ਕੇਸਰੀ ਕੀਰਤਿ ਰਾਮ ਲਾਲ ਕੋਟਿ ਤਾਕੇ ਧਾਮ ਸੰਗਤਿ ਪਰੇਮਾ ਔਰ ਧਰਮਾ ਪਛਾਨੀਐ॥[782]

**ਕੇਸਰੀ ਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਮੇ ਝਿੰਗੜ ਦਾ ਤਾਇਆ ਜੋ ਕਿ ਕਿਸੇ ਹਾਕਮ ਦੇ ਕੰਮ ਲਗਾ ਹੋਇਆ ਸੀ ਕਵੀ ਅਨੁਸਾਰ ਇਸ ਨੇ ਹੀ ਤ੍ਰਿਪਤਾ ਦਾ ਵਿਆਹ ਦਾ ਸਾਰਾ ਖਰਚਾ ਕੀਤਾ ਸੀ। ਇਸ ਦਾ ਪਿੰਡ ਲੂਣ ਮਿਆਣੀ ਸੀ। ਲੇਨ ਕੇਸਰੀ ਚੰਦ ਕੋ ਨਿਜ ਸੁਤ ਭੇਜਿਉ ਤਾਂਹਿ॥[783]

**ਕੇਸਰੀ (ਮਾਰਵਾੜੀ ਸਿਖ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਮਾਰਵਾੜੀ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[784] ਕੇਸਰੀ ਮਨੋਰਦਾਸ ਮਾਰਵਾੜੀ ਕਹੇ ਏ ਤੋ ਦਿਲੀ ਵਾਲ ਬਾਣੀਏ ਅਨੇਕ ਔਰ ਜਾਨੀਐ॥[785]

**ਕੇਸੀ-** ਕੰਸ ਦਾ ਇਕ ਸੇਵਕ, ਇਹ ਬੜੇ ਉਚੇ ਲੰਮੇ ਦੇਓ ਕੱਦ ਦਾ ਪਹਿਲਵਾਨ ਦੈਂਤ ਸੀ, ਕੰਸ ਨੇ ਕੇਸੀ ਦੁਆਰਾ ਕ੍ਰਿਸ਼ਨ ਨੂੰ ਮਰਵਾਣ ਦੀ ਸਾਜਿਸ਼ ਕੀਤੀ, ਜੋ ਸਫਲ ਨਾ ਹੋ ਸਕੀ। ਕੇਸੀ ਨੇ ਘੋੜੇ ਦਾ ਰੂਪ ਧਾਰ ਕੇ ਕ੍ਰਿਸ਼ਨ ਨੂੰ ਪੈਰਾਂ ਹੇਠ ਕੁਚਲਣਾ ਚਾਹਿਆ, ਪਰ ਕ੍ਰਿਸ਼ਨ ਨੇ ਇਸ ਦੇ ਜਬਾੜਿਆਂ ਨੂੰ ਖਿਚ ਕੇ ਚੀਰ ਸੁਟਿਆ।[786] ਕੇਸੀ ਰੰਭਾ ਉਰਬਸੀ ਅਉਰ ਮੈਨਕਾ ਜਾਨ॥[787]

**ਕੇਤਕੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕੁੰਤੀ (ਦੇਖੋ) ਜਿਹੀ ਕੋਈ ਹੋ ਚੁਕੀ ਇਸਤਰੀ। ਕੁੰਤੀ ਕੁੰਜ ਕਦੰਬ ਪੁਨਿ ਕਨਿਕ ਕੇਤਕੀ ਜਾਨ॥[788]

**ਕੇਤੂ-** ਇਕ ਟਾਪੂ (ਦੇਖੋ) ਦਾ ਨਾਮ। ਸਪਤਮਿ ਚਾਲੀ ਕੇਤੂ ਕਹਯੈ॥63॥[789]

---

782 ਉਹੀ, ਪਤਰਾ 288.

783 ਉਹੀ, ਪਤਰਾ 155.

784 ਉਹੀ, ਪਤਰਾ 1783.

785 ਉਹੀ.

786 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪੰਜਵੀਂ*, ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 699.

787 ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 163.

788 ਉਹੀ, ਪਤਰਾ 12.

**ਕੇਰ-** ਪਿੰਡ ਜੈਸੁਖ, ਜਿਲ੍ਹਾ ਗੁਜਰਾਤ, ਤਸੀਲ ਫਾਲੀਆ, ਥਾਣਾ ਪਿੰਡੀ ਬਹਾਉਦੀਨ ਤੋਂ ਪੂਰਵ ਦੋ ਫਰਲਾਂਗ ਦੇ ਕਰੀਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ। ਮਹਾਰਾਜਾ ਰਣਜੀਤ ਸਿੰਘ ਨੇ 40 ਮੁਰਬੇ ਜ਼ਮੀਨ ਅਤੇ ਪੰਜ ਹਜ਼ਾਰ ਰੁਪਯਾ ਸਾਲਾਨਾ ਜਾਗੀਰ ਇਸ ਗੁਰਦੁਆਰੇ ਨਾਲ ਲਾਈ, ਦਰਬਾਰ ਅਤੇ ਤਲਾਉ ਦੀ ਸੇਵਾ ਕਰਾਈ। ਇਥੇ ਵੈਸਾਖੀ ਚੇਤ ਚੌਦਸ ਅਤੇ ਭਾਦੋਂ ਦੀ ਮਸਿਆ ਨੂੰ ਮੇਲੇ ਲਗਦੇ ਹਨ। ਉਦਾਸੀ ਪੁਜਾਰੀ ਹੈ। ਰੇਲਵੇ ਸਟੇਸ਼ਨ ਚਿਲੀਆਂਵਾਲਾ ਤੋਂ ਦੱਖਣ ਵੱਲ 6 ਮੀਲ ਦੇ ਕਰੀਬ ਹੈ।[790] ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਸ ਨਗਰ ਨੂੰ ਗੁਰੂ ਨਾਨਕ ਦੇਵ ਜੀ ਨੇ ਵਸਾਇਆ ਸੀ। ਕਵੀ ਅਨੁਸਾਰ ਗੁਰੂ ਜੀ ਇਕ ਦਿਨ ਕੇਰ ਨਾਮ ਦੇ ਸਥਾਨ 'ਤੇ ਗਏ ਜਿਥੇ ਕਿ ਜੰਗਲ ਸੀ। ਕੁਝ ਦਿਨ ਉਥੇ ਰਹੇ। ਲੋਕ ਗੁਰੂ ਜੀ ਦੇ ਦਰਸ਼ਨਾ ਨੂੰ ਆਉਣ ਲਗ ਗਏ। ਇਕ ਦਿਨ ਜੇਹਲਮ ਪਾਰ ਤੋਂ ਹਰੀ ਚੰਦ ਗੁਰੂ ਜੀ ਕੋਲੋਂ ਜੋਗ ਅਤੇ ਭੋਗ ਸਬੰਧੀ ਸਵਾਲ ਲੈ ਕੇ ਆਇਆ ਅਤੇ ਗੁਰੂ ਜੀ ਨੇ ਉਸ ਦੇ ਸਵਾਲਾਂ ਦਾ ਜਵਾਬ ਦਿਤਾ। ਉਹ ਗੁਰੂ ਜੀ ਦਾ ਸੇਵਕ ਬਣ ਗਿਆ। ਫਿਰ ਗੁਰੂ ਜੀ ਨੇ ਸੰਗਤ ਨੂੰ ਕਿਹਾ ਕਿ ਇਥੇ ਤਲਾਅ ਖੋਦੋ। ਲੋਕਾਂ ਨੇ ਮਿਟੀ ਕਢ ਕੇ ਇਕ ਪਾਸੇ ਢੇਰ ਲਾ ਕੇ ਤਲਾਅ ਖੋਦ ਦਿਤਾ ਅਤੇ ਉਸ ਸਥਾਨ ਦਾ ਨਾਮ ਕੇਰ ਗਾਉਂ ਰਖ ਦਿਤਾ।[791] ਜਿਸ ਤੇ ਪਰਿਯੋ ਕੇਰ ਨਾਮੁ ਸੁ ਜਾਨਿਯੈ॥[792]

**ਕੇਲ ਕਰਮੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਤੰਹਤਰਿਵੇਂ ਕੇਲ ਕਰਮੀ ਜਾਨਿਯੈ॥[793]

**ਕੇਲਕ੍ਰਨ ਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਤੇਈਸ ਚਤਰ ਬੈਨ ਚਾਰ ਬੀਸ ਰਾਉ ਨੈਨ ਪੰਚ ਬੀਸ ਕੇਲਕ੍ਰਨ ਨਾਥ ਅਨੁਮਾਨੀਐ॥[794]

**ਕੇਵਲ ਕਰਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬਹੁਰੋ ਅਠਾਰਵੇ ਸੁਰਤਿ ਸਿਧ ਅਨਮਾਨ ਕੇਵਲ ਕਰਨ ਸੋ ਉਨੀਸਵੋ ਤੂੰ ਮਾਨ ਸੋ॥[795]

---

[789] ਉਹੀ, ਪਤਰਾ 1318.

[790] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 348.

[791] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1667-70.

[792] ਉਹੀ, ਪਤਰਾ 1667.

[793] ਉਹੀ, ਪਤਰਾ 1027.

[794] ਉਹੀ, ਪਤਰਾ 1026.

**ਕੇਵਲ ਕਰਮੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ । ਕੇਵਲ ਕਰਮੀ ਪੁਨਿ ਲਹਰੂਪਾ॥[796]

**ਕੇਵਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਯਾਂਗਰਮੱਲ ਹਰੀਹਰਿ ਸਾਵਣਿ ਕੇਵਲ ਰਾਮ ਬੁਧੂ ਨਰਸਾ॥[797]

**ਕੈਕਈ-** ਇਹ ਕੈਕੇਯ ਦੀ ਰਾਜਕੁਮਾਰੀ, ਰਾਜੇ ਦਸ਼ਰਥ ਦੀ ਪਤਨੀ ਅਤੇ ਉਸ ਦੇ ਤੀਜੇ ਪੁਤਰ ਭਰਤ ਦੀ ਮਾਂ ਸੀ। ਇਕ ਵਾਰ ਜਦੋਂ ਦਸ਼ਰਥ ਯੁਧ ਵਿਚ ਬਹੁਤ ਜ਼ਖ਼ਮੀ ਹੋ ਗਿਆ ਤਾਂ ਇਸ ਨੇ ਰਾਜੇ ਦੀ ਬੜੀ ਸੇਵਾ ਕੀਤੀ ਅਤੇ ਇਸ ਦੇ ਧੰਨਵਾਦ ਵਜੋਂ ਉਸ ਨੇ ਰਾਣੀ ਨੂੰ ਬਚਨ ਦਿਤਾ ਕਿ ਉਹ ਕੋਈ ਵੀ ਦੋ ਵਰ ਕਿਸੇ ਵੇਲੇ ਮੰਗ ਸਕਦੀ ਹੈ। ਮੰਥਰਾ ਨਾਂ ਦੀ ਇਕ ਦਾਸੀ ਦੀ ਭੈੜੀ ਸਿਖਿਆ ਤੋਂ ਪ੍ਰਭਾਵਿਤ ਹੋ ਕੇ ਕੈਕੇਯੀ ਨੇ ਰਾਮ ਨੂੰ ਬਣਵਾਸ ਦਿਵਾ ਕੇ ਆਪਣੇ ਪੁਤਰ ਭਰਤ ਨੂੰ ਉਸ ਦੀ ਥਾਂ ਰਾਜ ਤੇ ਬਿਠਾਉਣ ਦੀ ਕੋਸ਼ਿਸ਼ ਕੀਤੀ।[798] ਕੈਕਈ ਬਚਨਿ ਰਾਮ ਬਨਬਾਸ॥[799]

**ਕੈਕਸੀ-** ਇਸ ਦਾ ਨਾਮ ਕੇਸ਼ੀ ਵੀ ਸੀ। ਇਹ ਵਿਸ਼੍ਰਵਸ ਦੀ ਪਤਨੀ ਅਤੇ ਰਾਵਣ ਦੀ ਮਾਂ ਸੀ। ਇਸ ਨੂੰ ਕੈਕਸੀ ਵੀ ਕਹਿੰਦੇ ਸਨ।[800] ਨਾਮ ਕੈਕਸੀ ਤਾਹਿ ਸੁ ਭਾਈ॥12॥[801]

**ਕੈਯਾ ਕਾਲ-** ਇਕ ਟਾਪੂ (ਦੇਖੋ) ਦਾ ਨਾਮ। ਸ੍ਰੰਨਾ ਸ੍ਰੰਦ ਅਉਰ ਕੈਯਾ ਕਾਲ॥[802]

**ਕੈਰਵ (ਕੌਰਵ)-** ਚੰਦ੍ਰਬੰਸੀ ਰਾਜਾ ਯਯਾਤਿ ਦੇ ਖਾਨਦਾਨ ਵਿਚ ਇਕ ਕੁਰੂ ਨਾਮੀ ਪ੍ਰਤਾਪੀ ਰਾਜਾ ਹੋਇਆ ਜਿਸਤੋਂ ਕੌਰਵ ਬੰਸ ਚਲਿਆ। ਯਯਾਤੀ ਦੇ ਪੁਤ੍ਰ ਪੁਰੂ, ਪੁਰੂ ਦੇ ਪੁਤ੍ਰ ਦੁਸ਼ਯੰਤ ਤੇ ਅਗੇ ਦੁਸ਼ਯੰਤ ਦਾ ਪੁਤਰ ਭਰਤ ਹੋਇਆ ਜੋ ਕਿ ਚਕ੍ਰਵਰਤੀ ਰਾਜਾ ਸੀ। ਇਸ ਤੋਂ ਪਿਛੋਂ ਰਾਜਾ ਸੰਵਰਣ ਹੋਇਆ ਜਿਸਦਾ ਪੁਤਰ ਕੁਰੂ

---

795 ਉਹੀ.

796 ਉਹੀ, ਪਤਰਾ 246.

797 ਉਹੀ, ਪਤਰਾ 594.

798 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 204.

799 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 178.

800 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 203.

801 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1735.

802 ਉਹੀ, ਪਤਰਾ 1318.

ਸੀ। ਇਸ ਨੇ 'ਕੁਰਖੇਤਰ' ਦੀ ਸਥਾਪਨਾ ਕੀਤੀ। ਇਸੇ ਘਰਾਣੇ ਵਿਚ ਅਗੇ ਰਾਜਾ ਸ਼ਾਂਤਨੂੰ ਹੋਏ ਇਨ੍ਹਾਂ ਦੇ ਪੁਤ੍ਰ ਚਿਤ੍ਰਾਂਗਦ ਤੇ ਵਚਿਤ੍ਰਵੀਰਯ ਸਨ ਜੋ ਜਲਦੀ ਹੀ ਚਲ ਵਸੇ। ਵਚਿਤ੍ਰਵੀਰਯ ਦੇ ਪੁਤਰ ਸਨ-ਧ੍ਰਿਤਰਾਸ਼ਟਰ ਤੇ ਪਾਂਡੂ। ਧ੍ਰਿਤਰਾਸ਼ਟਰ ਜਮਾਂਦਰੂ ਅੰਨ੍ਹਾ ਸੀ, ਇਸ ਲਈ ਪਾਂਡੂ ਨੂੰ ਰਾਜ-ਗੱਦੀ ਮਿਲੀ ਪਰ ਉਸਦੀ ਛੇਤੀ ਮੌਤ ਹੋ ਗਈ ਜਿਸ ਕਰਕੇ ਧ੍ਰਿਤਰਾਸ਼ਟਰ ਨੂੰ ਰਾਜ ਸੰਭਾਲਣਾ ਪਿਆ। ਇਸਦੀ ਰਾਣੀ ਗਾਂਧਾਰੀ ਤੋਂ ਸੌ ਪੁਤਰ ਪੈਦਾ ਹੋਏ ਜੋ 'ਕੌਰਵ' ਕਹਿਲਾਏ। ਦੁਰਜੋਧਨ ਇਨ੍ਹਾਂ ਵਿਚੋਂ ਮੁਖੀ ਸੀ ਤੇ ਅਤਿ ਅਭਿਮਾਨੀ ਸੀ। ਇਹ ਆਪਣੇ ਭਾਈ ਪਾਂਡਵਾਂ ਨੂੰ ਰਾਜ ਦਾ ਰੰਚਕ ਮਾਤ੍ਰ ਹਿਸਾ ਵੀ ਦੇਣ ਲਈ ਤਿਆਰ ਨਹੀਂ ਸੀ, ਜਿਸ ਕਰਕੇ ਕੌਰਵਾਂ ਪਾਂਡਵਾਂ ਦਾ ਜੁਧ ਹੋਇਆ ਇਸਦਾ ਸਵਿਸਤਾਰ ਹਾਲ ਮਹਾਂਭਾਰਤ ਵਿਚ ਮਿਲਦਾ ਹੈ।[803] ਕੈਰਵ ਪਾਂਡਵ ਲਰਨੇ ਆਏ॥[804]

**ਕੈਲਾਸ (ਸਿਧ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਚਾਲਿਸਮੋ ਕੈਲਾਸ ਪੁਨਿ ਸਿਧਨ ਮਾਹਿ ਮਹਾਨ॥53॥[805]

**ਕੈਲਾਸ਼ (ਕਿਲਾਸ)-** ਹਿਮਾਲਿਆ ਪਰਬਤਮਾਲਾ ਦੀ ਇਕ ਵਿਸ਼ੇਸ਼ ਚੋਟੀ ਦਾ ਨਾਮ ਕੈਲਾਸ਼ ਹੈ ਜੋ ਮਾਨ ਸਰੋਵਰ ਦੇ ਉਤਰ ਤੇ ਤਿਬਤ ਦੇ ਦੱਖਣ ਵਲ ਹੈ। ਪੁਰਾਇਕ ਭੂਗੋਲਕਾਰਾਂ ਨੇ ਇਸ ਨੂੰ ਮੱਧ ਹਿਮਾਲੀਆ ਦੇ ਪਿਛਲੇ ਪਾਸੇ ਦੱਸਿਆ ਹੈ। ਹਿੰਦੂ ਮਨੌਤ ਅਨੁਸਾਰ ਇਹ ਪਰਬਤ ਚੋਟੀ, ਸ਼ਿਵਾ ਦਾ ਨਿਵਾਸ ਅਸਥਾਨ ਹੈ, ਇਸ ਦੀ ਉਚਾਈ 22028 ਫੁਟ ਹੈ ਜੋ ਕਿ ਉਪਰੋਂ ਹਿੰਦੂ ਮੰਦਰ ਵਾਂਗ ਲਗਦੀ ਹੈ। ਕਿਉਂਕਿ ਇਹ ਪਹਾੜ ਅਤਿਅੰਤ ਚਮਕੀਲੇ ਪੱਥਰ ਦਾ ਹੈ, ਇਸ ਲਈ ਇਸ ਨੂੰ `ਚਾਂਦੀ ਦਾ ਪਹਾੜ` ਵੀ ਕਹਿ ਦਿਤਾ ਜਾਂਦੈ ਹੈ। ਧਨ ਦੇ ਦੇਵਤਾ ਕੁਬੇਰ ਅਤੇ ਜੱਖ, ਕਿੰਨਰ ਆਦਿ ਵੀ ਇਥੇ ਨਿਵਾਸ ਰਖਦੇ ਹਨ।[806] ਕਲਗੀ ਅਵਤਾਰ ਕਿਲਾਸ ਸਿਵੰ ਕਮਠੰ ਕਸਮੀਰ ਨਿਵਾਸ ਹਿਵੰ॥[807]

---

803 ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 98.

804 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 29.

805 ਉਹੀ, ਪਤਰਾ 1026.

806 ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 98.

807 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 12.

**ਕੋਕਸੁ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸ਼ਿਵਾਲੈ ਤੀਰਥ (ਦੇਖੋ) ਦੇ ਮੰਦਰ ਦੀ ਇਮਾਰਤ ਇਸ ਨੇ ਬਣਾਈ ਸੀ, ਇਹ ਵਿਸ਼ਵਕਰਮਾ ਦਾ ਅਵਤਾਰ ਸੀ। ਕੋਕਸੁ ਨਾਵੇ ਏਕ ਵਿਦਾਨ॥[808]

**ਕੋਛਕ ਦਿਆਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਦੁਗਲ ਜੈਦੋ ਜਾਨ ਕੋਛਕ ਦਿਆਲ ਜੀ॥[809]

**ਕੋਲੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਕੋਲੀ ਪੁਨਿ ਦਿਉ ਚੰਦ ਚੰਨਣ ਰਾਮ ਜੀ॥[810]

**ਕੌਲਸਰ ਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬਹੁਰਿ ਕੌਲਸਰ ਨਾਥ ਖਟ ਊਪਰਿ ਪਾਂਚ ਇਹੁ॥58॥[811]

**ਕ੍ਰਿਸ਼ਨ (ਅਵਤਾਰ)-** ਕ੍ਰਿਸ਼ਨ ਨੂੰ ਸੋਲਾਂ ਕਲਾਂ ਅਵਤਾਰ (ਦੇਖੋ) ਮੰਨਿਆ ਜਾਂਦਾ ਹੈ, ਇਹ ਵਿਸ਼ਨੂੰ ਦਾ ਅਠਵਾਂ ਅਵਤਾਰ ਸੀ।[812] ਕ੍ਰਿਸਨ ਮਹਾਂਨ ਬੋਧ ਕਲਗੀ ਪ੍ਰਿਥੂ ਬਿਆਸ ਹਰੀਹੰਸ ਮਨੁ ਯਗ ਰਿਖਭ ਸੋ ਜਾਨੀਐ॥[813]

**ਕ੍ਰਿਸ਼ਨ (ਸਿਖ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[814] ਠਾਕੁਰ ਕਿਸਨਾ ਕ੍ਰਿਸਨ ਬਖਾਨੋ॥31॥[815]

**ਕ੍ਰਿਸਨਾ-** ਇਕ ਪਰਬਤ (ਦੇਖੋ) ਦਾ ਨਾਮ। ਕ੍ਰਿਸਨਾ ਨਾਮ ਤਾਹਿ ਕੀ ਕਾਂਤਾ॥[816]

---

808 ਉਹੀ, ਪਤਰਾ 1548.

809 ਉਹੀ, ਪਤਰਾ 1629.

810 ਉਹੀ.

811 ਉਹੀ, ਪਤਰਾ 1026-27.

812 ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 81-83.

813 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 4.

814 ਉਹੀ, ਪਤਰਾ 1783.

815 ਉਹੀ.

816 ਉਹੀ, ਪਤਰਾ 1426.

**ਕ੍ਰੌਂਚ ਦੀਪ-** ਪਛਮੀ ਯੂਰਪ, (ਕਈਆਂ ਅਨੁਸਾਰ) ਏਸ਼ੀਆ ਮਿਨਰ ਜਾਂ ਕਾਲੇ ਸਾਗਰ ਦਾ ਇਲਾਕਾ।[817] ਕ੍ਰੌਂਚ ਦੀਪ ਤੇ ਆਇ ਸੁ ਜਾਨ॥[818]

**ਖਹਿਰਾ ਖਤਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਜਾ ਰਾਮ ਪਨਾਹਿ (ਦੇਖੋ) ਦੇ ਬਾਗ ਦਾ ਇਕ ਬਾਗਵਾਨ ਜੋ ਖਤਰੀ ਜਾਤ ਦਾ ਸੀ। ਖਹਰੇ ਖਤ੍ਰੀ ਕਾ ਸੋ ਬਾਗ॥[819]

**ਖਡੂਰਿ-** ਪੰਜਾਬ ਦੇ ਜਿਲ੍ਹਾ ਅੰਮ੍ਰਿਤਸਰ ਵਿਚ ਪ੍ਰਸਿਧ ਨਗਰ, ਜਿਹੜਾ ਤਰਨਤਾਰਨ ਤੋਂ ਪੂਰਬ ਵਲ ਲਗਭਗ 19 ਕਿ. ਮੀ. ਦੂਰੀ ਉਤੇ ਸਥਿਤ ਹੈ। ਇਸ ਸਥਾਨ ਉਤੇ ਗੁਰੂ ਅੰਗਦ ਸਾਹਿਬ, ਗੁਰੂ ਨਾਨਕ ਸਾਹਿਬ ਦੇ ਹੁਕਮ ਨਾਲ ਆਏ ਸਨ। ਜਦੋਂ ਗੁਰੂ ਨਾਨਕ ਸਾਹਿਬ ਜੋਤੀ-ਜੋਤਿ ਸਮਾਅ ਗਏ ਤਾਂ ਉਨ੍ਹਾਂ ਆਪਣਾ ਨਿਵਾਸ ਸਥਾਨ ਅਤੇ ਮੁਖ ਧਰਮ-ਪ੍ਰਚਾਰ ਕੇਂਦਰ ਖਡੂਰ ਸਾਹਿਬ ਹੀ ਰਖਿਆ।[820] ਬਹੁਰਿ ਖਡੂਰਿ ਸੁ ਆਇ ਸੁਆਮੀ॥[821]

**ਖੰਡੇ ਰਾਉ-** ਸ਼ਿਵ (ਦੇਖੋ) ਦਾ ਇਕ ਅਵਤਾਰ। ਖੰਡੇ ਰਾਉ ਕਾ ਬਾਹਨੰ ਘੋੜਾ ਜਾਨ ਸੁਜਾਨ॥[822]

**ਖਯਾਲੀ-** ਇਕ ਟਾਪੂ (ਦੇਖੋ) ਦਾ ਨਾਮ। ਪਾਚੂਪਰਿ ਚਾਲੀ ਸੋ ਖਯਾਲੀ॥[823]

**ਖਲਾਸ ਮੁਗਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੁਨਿ ਖਲਾਸ ਮੁਗਲ ਸਿਧ ਅਉਰ ਬਖਾਨਿਯੋ॥[824]

---

[817] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 135.

[818] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1284.

[819] ਉਹੀ, ਪਤਰਾ 1294.

[820] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 97.

[821] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 782-83.

[822] ਉਹੀ, ਪਤਰਾ 1426.

[823] ਉਹੀ, ਪਤਰਾ 1318.

[824] ਉਹੀ, ਪਤਰਾ 1027.

**ਖਾਕੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਲਾਹ ਦੁਆਰਾ ਬਣਾਏ ਪਹਿਲੇ ਚਾਰ ਯਾਰਾਂ ਵਿਚੋਂ ਇਕ ਦਾ ਨਾਮ। ਬਾਦੀ ਆਬੀ ਆਤਸਿ ਜਾਨ॥ ਚਉਥਾ ਖਾਕੀ ਤਾਹਿ ਪਛਾਨ॥42॥[825]

**ਖਾਨ ਚੰਦ-** ਮਾਨਚੰਦ (ਦੇਖੋ) ਦਾ ਪਿਤਾ। ਜੋ ਕਾਬਲ ਵਿਚ ਰਹਿੰਦਾ ਸੀ ਅਤੇ ਗੁਰੂ ਨਾਨਕ ਦੇਵ ਜੀ ਦਾ ਸਿਖ ਸੀ। ਖਾਨ ਚੰਦ ਕੋ ਸੁ ਪੂਤ ਰੂਪ ਮੈ ਜਜੋ ਪਰੁ ਹੂਤ ਤਿਸ ਕੋ ਸਪੂਤ ਬਾਤ ਹਮਰੀ ਸੁਣਾਈਐ॥[826]

**ਖਿੰਥੜਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੰਦ੍ਰਵੋ ਜਾਲਕਾ ਨਾਥ ਖਿੰਥੜਾ ਸੋਲਵੋ ਜਾਨ ਸਤ੍ਰਵੋ ਨਿਰਤ ਸਿਧ ਮਨ ਮੈ ਪਛਾਨਸੋ॥[827]

**ਖਿਵਣ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਸਿਦਕੀ ਸਿਖ ਧਰਮਾ (ਦੇਖੋ) ਦਾ ਪੁਤਰ। ਨਿਵਣ ਖਿਵਣ ਦੁਇ ਬਾਲਕ ਜਾਨ॥[828]

**ਖੁਆਜਾ (ਖਵਾਜਾ)-** ਮੁਸਲਮਾਨੀ ਰਵਾਇਤਾਂ ਅਨੁਸਾਰ ਇਕ ਪੈਗੰਬਰ ਜਿਸਨੇ ਆਬੇ-ਹਯਾਤ ਪੀਤਾ ਹੋਇਆ ਸੀ ਤੇ ਜੋ ਰਹਿੰਦੀ ਦੁਨੀਆਂ ਤਕ ਅਮਰ ਰਹੇਗਾ। ਇਹੋ ਪਾਣੀ ਦਾ ਦੇਵਤਾ ਮੰਨਿਆ ਗਿਆ ਹੈ।[829] ਹਿੰਦੂ ਭਾਖੈ ਬਰਨ ਮੁਹਿ ਖੁਆਜਾ ਮੁਸਲਮੀਨ॥[830]

**ਖੁਨਾਕਰ ਹੁਸੈਨ-** ਮਕੇ ਉਪਰ ਰਾਜ ਕਰਨ ਵਾਲਾ ਕੋਈ ਹੋ ਗੁਜ਼ਰਿਆ ਪੁਰਾਤਨ ਰਾਜਾ।[831] ਖੁਨਕਾਰ ਹੁਸੈਨ ਹੁਤੋ ਸੁਲਤਾਨ ਬਡੋ ਇਕ ਯਾਹਿ ਸੁ ਦੇਸ ਮੁਝਾਰੇ॥[832]

---

825 ਉਹੀ, ਪਤਰਾ 941.

826 ਉਹੀ, ਪਤਰਾ 1650.

827 ਉਹੀ, ਪਤਰਾ 1026.

828 ਉਹੀ, ਪਤਰਾ 1627.

829 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼ ਜਿਲਦ ਪੰਜਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2017, ਪੰਨਾ 91.

830 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1509.

831 ਗੁਰਮੇਲ ਸਿੰਘ ,*ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 98.

832 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 886.

**ਖੁਰਮਾ-** ਅਫਗਾਨਿਸਾਤਨ ਦੇ ਕੁਰਮ ਦਰਿਆ ਕੰਢੇ ਵਸੇ ਨਗਰ ਕੁਰੁਮ ਲਈ ਜਨਮਸਾਖੀਕਾਰ ਖੁਰਮਾ ਸ਼ਬਦ ਵਰਤਦੇ ਹਨ। ਜਨਮਸਾਖੀ ਸਾਹਿਤ ਅਨੁਸਾਰ ਭਾਈ ਮਰਦਾਨੇ ਨੇ ਇਥੇ ਸਰੀਰ ਛਡਿਆ ਅਤੇ ਹੁਣ ਖੁਰਮੇ ਨਗਰ ਉਨ੍ਹਾਂ ਦੀ ਸਮਾਧ ਹੈ। ਗਿਆਨਰਤਨਾਵਲੀ ਵਿਚ ਜਿਗਿਆਸੂ-ਸਿਖ ਭਾਈ ਮਨੀ ਸਿੰਘ ਨੂੰ ਸਵਾਲ ਕਰਦੇ ਹਨ ਕਿ ਜਨਮ ਗੋਸਟਿ ਵਿਚ ਮਰਦਾਨੇ ਦੀ ਜੋ ਕਬਰ ਖੁਰਮੇ ਦੇਸ ਹੋਣੀ ਲਿਖੀ ਹੈ ਉਸਨੂੰ ਮੰਨਣਾ/ਪੂਜਣਾ ਚਾਹੀਦਾ ਹੈ ਕਿ ਨਹੀਂ? ਭਾਈ ਮਨੀ ਸਿੰਘ ਗੁਰਬਚਨਾਂ ਨੂੰ ਮੰਨਣ ਦੀ ਤਾਕੀਦ ਕਰਦੇ ਹਨ।[833] ਖੁਰਮਾ ਸਹਰੰ ਇਕ ਔਰ ਅਗੈ ਰਹਸੀ ਇਸ ਮਾਹਿ ਉਲਾਦਿ ਤੁਮਾਰੀ॥18॥[834]

**ਖੁਰਾਸਾਨ-** ਈਰਾਨ ਦੇਸ਼ ਦਾ ਇਕ ਪ੍ਰਾਂਤ, ਜਿਸਦੇ ਪੂਰਬ ਵਿਚ ਅਫਗਾਨਿਸਤਾਨ, ਉਤਰ ਵਿਚ ਤੁਰਕੀ, ਰੂਸ ਅਤੇ ਦਖਣ ਵਿਚ ਹਿੰਦੂਕੁਸ਼ ਪਹਾੜ ਹੈ। ਖੁਰਾਸਾਨ ਦਾ ਇਲਾਕਾ ਜ਼ਿਆਦਾਤਰ ਪਹਾੜੀ, ਰੇਤੀਲਾ ਤੇ ਕਲਰੀ ਹੈ। ਬਾਬਰ ਨੇ ਖੁਰਾਸਾਨ ਨੂੰ ਜਿਤ ਕੇ ਫਿਰ 1521 ਈ. ਵਿਚ ਸੈਦਪੁਰ (ਏਮਨਾਬਾਦ) ਉਤੇ ਹਮਲਾ ਕੀਤਾ।[835] ਛੀਨ ਲਯੋ ਸੁਲਤਾਨਪੁਰ ਮਾਰਿਉ ਦੌਲਤਿ ਖਾਂਨ॥[836]

**ਖੇਚਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਪੁਨੈ ਭੂਚਰੀ ਖੇਚਰੀ ਬੇਣ ਬ੍ਰਿੰਗੀ॥98॥[837]

**ਖੇਮ ਚੰਦ (ਮਾਰਵਾੜੀ ਸਿਖ)**- ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਮਾਰਵਾੜੀ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[838] ਇਸੇ ਗ੍ਰੰਥ ਵਿਚ ਇਕ ਹੋਰ ਖੇਮ ਚੰਦ ਦਾ ਪ੍ਰਸੰਗ ਵੀ ਅੰਕਿਤ ਕੀਤਾ ਗਿਆ ਹੈ, ਪਰ

---

[833] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 98.

[834] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1730.

[835] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 99.

[836] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 731.

[837] ਉਹੀ, ਪਤਰਾ 1054.

[838] ਉਹੀ, ਪਤਰਾ 1783.

ਉਸ ਨੂੰ ਸਿਆਲਕੋਟ ਦਾ ਦਸਿਆ ਹੈ, ਸੋ ਇਹ ਵਖਰਾ ਭਾਸਦਾ ਹੈ। ਖੇਮਚੰਦ ਲਾਲਦਾਸ ਤੀਸਰਾ ਭੀਖਾਰੀ ਦਾਸ ਕਿਰਪਾ ਪੂਰਨ ਚੰਦ ਔਰ ਪਹਚਾਨੀਐ॥[839]

**ਖੇਮ ਚੰਦ (ਖਤ੍ਰੀ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਲਾਹੌਰ ਦਾ ਇਕ ਖਤ੍ਰੀ ਜੋ ਗੁਰੂ ਜੀ ਦੇ ਵਿਆਹ ਉਪਰ 60000 ਰੁਪਏ ਲੈ ਕੇ ਆਇਆ ਸੀ। ਇਸ ਦੇ ਦੋ ਪੁਤਰ ਹਰਸਾ ਅਤੇ ਪਰਸਾ ਸਨ। ਖੇਮ ਚੰਦ ਤਹਿ ਨਾਮ ਸੁ ਜਾਨੋ॥[840]

**ਖੇਮ ਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਵਿਚ ਖੇਮ ਚੰਦ ਨੂੰ ਸਿਆਲਕੋਟ ਦਾ ਰਹਿਣ ਵਾਲਾ ਗੁਰੂ ਨਾਨਕ ਦੇਵ ਜੀ ਦਾ ਸਿਖ ਦਸਿਆ ਹੈ। ਕਵੀ ਨੇ ਇਸ ਨਾਲ ਇਕ ਅਲੌਕਿਕ ਪ੍ਰਸੰਗ ਜੋੜਿਆ ਹੈ। ਖੇਮ ਚੰਦ ਜਪੁ ਬਾਣੀ ਦਾ ਲਗਾਤਾਰ ਪਾਠ ਕਰਨ ਵਾਲਾ ਸਿਖ ਹੈ। ਜਪੁ ਦਾ ਗੁਟਕਾ ਉਹ ਪੂਜਾ ਘਰ ਵਿਚ ਰਖ ਦਿੰਦਾ ਹੈ। ਉਸ ਦੀ ਹਰ ਰੋਜ਼ ਪੂਜਾ ਕਰਦਾ ਹੈ। ਉਥੇ ਇਕ ਹੋਰ ਬਾਣੀਆ ਹੁੰਦਾ ਹੈ ਜੋ ਕਿ ਜੋਰ ਨਾਲ ਉਸ ਨੂੰ ਆਪਣੇ ਨਾਲ ਲੈ ਜਾਂਦਾ ਹੈ ਜਿਸ ਕਰਕੇ ਗੁਟਕੇ ਦੀ ਸੇਵਾ ਨਹੀਂ ਹੁੰਦੀ। ਇਕ ਰਾਤ ਦੂਜੇ ਬਾਣੀਏ ਨੂੰ ਗੁਟਕਾ ਆ ਕੇ ਕੁਟਦਾ ਹੈ। ਪੁਛਣ ਤੇ ਦਸਦਾ ਹੈ ਕਿ ਉਹ ਖੇਮ ਚੰਦ ਦਾ ਪੁਤਰ ਹੈ। ਬਾਣੀਏ ਵਲੋਂ ਨਗਰ ਵਿਚ ਰੌਲਾ ਪਾਇਆ ਜਾਂਦਾ ਹੈ ਅਤੇ ਦਸਿਆ ਜਾਂਦਾ ਹੈ ਕਿ ਖੇਮ ਚੰਦ ਦੇ ਪੁਤਰ ਨੇ ਮੈਨੂੰ ਕੁਟਿਆ ਹੈ। ਪਰ ਖੇਮ ਚੰਦ ਕਹਿੰਦਾ ਹੈ ਕਿ ਮੇਰੇ ਕੋਈ ਪੁਤਰ ਨਹੀਂ ਹੈ। ਇਕ ਦਿਨ ਚੋਰ ਆਉਂਦੇ ਹਨ ਅਤੇ ਗੁਟਕਾ ਬਾਲਕ ਦਾ ਰੂਪ ਧਾਰ ਕੇ ਚੋਰੀ ਤੋਂ ਬਚਾਉਂਦਾ ਹੈ।[841] ਖੇਮ ਚੰਦ ਤਹਿ ਨਾਮੁ ਥਾ ਭਯੋ॥ ਸਿਖਜ ਪੁਨਿ ਸੋਇ॥52॥[842]

**ਖੇਮ ਨੰਦ-** ਇਕ ਟਾਪੂ (ਦੇਖੋ) ਦਾ ਨਾਮ। ਅਸਟਮਿ ਖੇਮ ਨੰਦ ਸੋ ਕਹਯੈ॥55॥[843]

**ਖੇਮਰਾਜ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[844] ਹਰੀਰਾਮ ਸਿਰੀਰਾਮ ਰੂਪਚੰਦ ਖੇਮਰਾਜ ਦੇਵਰਾਜ ਦੇਵਚੰਦ ਬਾਣੀਐ ਮਹਾਨੀਐ॥30॥[845]

---

[839] ਉਹੀ.

[840] ਉਹੀ, ਪਤਰਾ 522.

[841] ਉਹੀ, ਪਤਰਾ 1660-65.

[842] ਉਹੀ, ਪਤਰਾ 1660.

[843] ਉਹੀ, ਪਤਰਾ 1317.

**ਖੋਖਰ ਵਾਢੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਝੰਡਾ ਵਾਢੀ (ਦੇਖੋ) ਦਾ ਪਿਤਾ। ਖੋਖਰ ਵਾਢੀ ਕਾ ਸੋ ਬੇਟਾ॥[846]

**ਗਉਸਦੀਨ -**ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਮਕੇ ਵਿਚਲਾ ਇਕ ਕਾਜੀ। ਬੋਲਿਯੋ ਤੀਜਾ ਗਉਸਦੀ ਮਨਿ ਮੈ ਤਮਕਿ ਸੁ ਖਾਇ॥1॥[847]

**ਗਉਰੀ-** 'ਪੀਲਾ ਜਾਂ ਚਮਕਦਾਰ' ਸ਼ਿਵ ਜੀ ਦੀ ਇਕ ਪ੍ਰੇਮਕਾ ਦਾ ਨਾਂ। ਵਰੁਣ ਦੀ ਪਤਨੀ ਨੂੰ ਵੀ ਗਉਰੀ ਕਹਿੰਦੇ ਹਨ।[848] ਪਿਰਥਮਿ ਕਰਿ ਗਉਰੀ ਕੀ ਪੂਜਾ॥[849]

**ਗਹਣਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਧਰਮਾ ਬਖਸੀ ਲਹਣਾ ਗਹਣਾ ਗੁਰਦਾਸ ਸਖਾਮਲਿ ਜੀ ਗੁਰਸਾਇ॥17॥[850]

**ਗਹਿਣਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਦੌਲਤ ਖਾਨ ਕੋਲ ਚੁਗਲੀ ਕਰਨ ਵਾਲਾ ਇਕ ਵਿਅਕਤੀ ਇਸ ਦੇ ਭਰਾ ਦਾ ਨਾਮ ਲਹਿਣਾ ਦਸਿਆ ਹੈ। ਹੋਰ ਕਿਸੇ ਸ੍ਰੋਤ ਵਿਚ ਇਨ੍ਹਾਂ ਦੇ ਨਾਮ ਨਹੀਂ ਦਸੇ ਗਏ। ਲਹਿਣਾ ਗਹਿਣਾ ਦੋਨੋ ਭਾਈ॥[851]

**ਗਗਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਧੇਲੀ (ਦੇਖੋ) ਦੇ ਪੁਤਰ ਦਾ ਨਾਮ। ਗਗਨ ਨਾਮ ਏਕ ਕਾ ਜਾਨੋ॥[852]

---

844 ਉਹੀ, ਪਤਰਾ 1783.

845 ਉਹੀ.

846 ਉਹੀ, ਪਤਰਾ 1315-16.

847 ਉਹੀ, ਪਤਰਾ 938.

848 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 226.

849 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1231.

850 ਉਹੀ, ਪਤਰਾ 594.

851 ਉਹੀ, ਪਤਰਾ 509.

852 ਉਹੀ, ਪਤਰਾ 1554.

**ਗੰਗਾ (ਨਦੀ)-** ਭਾਰਤ ਦੀ ਸਭ ਤੋਂ ਵੱਡੀ ਅਤੇ ਲੰਮੀ ਨਦੀ ਜੋ ਅਤਿ ਪਵਿੱਤਰ ਮੰਨੀ ਜਾਂਦੀ ਹੈ ਤੇ ਜਿਸਨੂੰ ਹਿੰਦੂ ਗੰਗਾ ਮਾਈ ਕਹਿ ਕੇ ਯਾਦ ਕਰਦੇ ਹਨ। ਇਹ ਚੌਦਾਂ ਹਜ਼ਾਰ ਫੁਟ ਦੀ ਉਚਾਰਈ ਤੋਂ ਗੰਗੋਤਰੀ ਤੋਂ ਨਿਕਲ ਕੇ 1557 ਮੀਲ ਲੰਮਾ ਚਕ੍ਰ ਕਟਦੀ ਬੰਗਾਲ ਦੀ ਖਾੜੀ ਵਿਚ ਆ ਸਮੁੰਦਰ ਵਿਚ ਜਾ ਸਮਾਉਂਦੀ ਹੈ। ਰਸਤੇ ਵਿਚ ਘਾਗਰਾ, ਜਮਨਾ, ਸੋਨ, ਗੰਡਕ ਤੇ ਕੋਸ਼ੀ ਆਦਿ ਨਦੀਆਂ ਵੀ ਇਸ ਵਿਚ ਮਿਲਦੀਆਂ ਜਾਂਦੀਆਂ ਹਨ। ਪੁਰਾਣਿਕ ਲਿਖਤਾਂ ਵਿਚ ਇਸ ਬਾਰੇ ਕਈ ਕਹਾਣੀਆਂ ਪ੍ਰਚਲਤ ਹਨ। ਕੋਈ ਇਸ ਨੂੰ ਬਾਵਨ ਅਵਤਾਰ ਦੇ ਚਰਣਾਂ ਦਾ ਜਲ ਲਿਖਦਾ ਹੈ ਜੋ ਕਿ ਬ੍ਰਹਮਾ ਨੇ ਕਮੰਡਲ ਵਿਚ ਪਾ ਰੱਖਿਆ ਤੇ ਭਗੀਰਥ ਦੇ ਕਹਿਣ ਤੇ ਜਦੋਂ ਛੱਡਿਆ ਤਾਂ ਸ਼ਿਵਾ ਦੀਆਂ ਜਟਾਂ ਵਿਚ ਪੈ ਕੇ ਧਰਤੀ ਤੇ ਆ ਗਿਆ। ਕਹਿੰਦੇ ਹਨ ਰਾਜਾ ਸਗਰ ਦੇ 60 ਹਜ਼ਾਰ ਪੁੱਤਰ ਕਪਲ ਰਿਸ਼ੀ ਦੇ ਸ਼ਰਾਪ ਕਾਰਣ ਭਸਮ ਹੋ ਗਏ ਸਨ, ਉਨ੍ਹਾਂ ਦੇ ਕਲਿਆਣ ਲਈ ਰਾਜਾ ਭਗੀਰਥ ਲੰਮੀ ਤਪੱਸਿਆ ਬਾਦ ਗੰਗਾ ਲੈ ਕੇ ਆਇਆ ਸੀ। ਇਕ ਕਥਾ ਅਨੁਸਾਰ ਹਿਮਾਲਾ ਪਰਬਤ ਦੇ ਘਰ ਮੇਨਕਾ ਦੇ ਪੇਟੋਂ ਗੰਗਾ ਤੇ ਉਮਾ ਦੋ ਧੀਆਂ ਪੈਦਾ ਹੋਈਆਂ। ਇਹ ਸਾਰੇ ਅਲੰਕਾਰਕ ਬਿਆਨ ਇਹ ਗੱਲ ਦਸਦੇ ਹਨ ਕਿ ਗੰਗਾ ਪਹਾੜਾਂ ਵਿਚੋਂ ਨਿਕਲਦੀ ਹੈ, ਪਹਾੜੀ ਜੰਗਲ ਸ਼ਿਵਾਂ ਦੀਆਂ ਜਟਾਂ ਹਨ ਜਿਨ੍ਹਾਂ ਵਿਚੋਂ ਨਿਕਲ ਕੇ ਇਹ ਮੈਦਾਨੀ ਇਲਾਕੇ ਵਿਚ ਪ੍ਰਵੇਸ਼ ਕਰਦੀ ਹੈ।[853] ਬਾਲਖਿਲਯ ਪੁਨਿ ਬਿਕਰਮਾ ਗੰਗਾ ਬਜਾਸ ਸੁ ਜਾਨ॥[854]

**ਗੰਗਾ-** ਭੀਸਮ (ਦੇਖੋ) ਦੀ ਮਾਤਾ ਦਾ ਨਾਮ। ਤਬ ਮੈਂ ਗੰਗਾ ਪੁਤ੍ਰ ਸੁ ਜਾਨ॥[855]

**ਗੰਗੁਲ ਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬੀਸਵੋ ਗੰਗੁਲ ਨਾਥ ਏਕ ਬੀਸ ਸਮਰਤ ਬਹੁਰੋ ਅਸਰਿਨਿਧ ਬਾਈਸਮੋ ਠਾਨ ਸੋ॥50॥[856]

**ਗਜ ਬੰਦਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਬੰਦਰਗਾਹ (ਦੇਖੋ) ਦਾ ਨਾਮ। ਤੁਮ ਧੀਰ ਧਰੋ ਅਪਨੇ ਮਨ ਮੈ ਗਜ ਬੰਦਰ ਹੈ ਇਕ ਜੋਜਨ ਅਗਾਰੇ॥[857]

---

[853] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 120-121.

[854] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

[855] ਉਹੀ, ਪਤਰਾ 29.

[856] ਉਹੀ, ਪਤਰਾ 1026.

[857] ਉਹੀ, ਪਤਰਾ 1603.

**ਗਜਨੀ-** ਅਫਗਾਨਿਸਤਾਨ ਦਾ ਇਕ ਪ੍ਰਸਿਧ ਨਗਰ, ਜਿਹੜਾ ਕਾਬਲ ਤੋਂ ਲਗਭਗ 150 ਕਿ.ਮੀ. ਦੀ ਵਿਥ ਉਤੇ ਪਹਾੜੀ ਸਥਾਨ ਵਿਚ ਵਸਿਆ ਹੋਇਆ ਹੈ। 11ਵੀਂ ਸਦੀ ਈ. ਵਿਚ ਮਹਿਮੂਦ ਗਜ਼ਨਵੀ ਨੇ ਇਸ ਨੂੰ ਆਪਣੀ ਰਾਜਧਾਨੀ ਬਣਾ ਕੇ ਖੈਬਰ ਦਰੇ ਰਾਹੀਂ ਭਾਰਤ ਉਤੇ 17 ਹਮਲੇ ਕੀਤੇ, ਇਸ ਨਾਂ ਉਤੇ ਹੀ ਮਹਿਮੂਦ, ਗਜ਼ਨਵੀ ਕਰਕੇ ਪ੍ਰਸਿਧ ਹੋਇਆ।[858] ਤਿਨਿ ਰੂਮ ਸੁ ਧਾਮ ਕਰਯੋ ਅਪਨਾ ਗਜਨੀ ਪਰ ਫੇਰਿ ਸਬੈ ਮਿਲਿ ਧਾਏ॥[859]

**ਗੰਡਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਮਾਰਤੰਡਕਾ॥ ਬਹੁਰਿ ਗੰਡਕਾ॥[860]

**ਗੰਡਕਾ ਨਦੀ (ਗੰਡਕੀ)-** ਇਕ ਨਦੀ, ਜਿਸ ਨੂੰ ਵੈਸ਼ਨੋਮਤ ਵਾਲੇ ਪੂਜਨੀਕ ਮੰਨਦੇ ਹਨ। ਇਹ ਨਦੀ ਸਪਤ-ਗੰਡਨੀ (ਨਿਪਾਲ) ਪਹਾੜ ਵਿਚੋਂ ਨਿਕਲ ਕੇ, ਪਟਨਾ ਦੇ ਨੇੜੇ ਗੰਗਾ ਦਰਿਆ ਵਿਚ ਜਾ ਮਿਲਦੀ ਹੈ। ਇਸ ਨਦੀ ਵਿਚੋਂ ਕਾਲੇ ਰੰਗ ਦੇ ਗੋਲ ਪਥਰ, ਜਿਨ੍ਹਾਂ ਨੂੰ ਸਾਲਿਗਰਾਮ ਕਹਿੰਦੇ ਹਨ, ਆਮ ਮਿਲਦੇ ਹਨ। ਇਨਾਂ ਪਥਰਾਂ ਉਤੇ ਚੱਕਰ ਦਾ ਚਿੰਨ੍ਹ ਬਣਿਆ ਹੁੰਦਾ ਹੈ ਤੇ ਵੈਸ਼ਨੋਮਤ ਵਾਲੇ ਵਿਸ਼ਨੂੰ ਦਾ ਰੂਪ ਮੰਨ ਕੇ ਪੂਜਦੇ ਹਨ।[861] ਕਟਾਸ ਗੰਡਕਾ ਨਦੀ ਰਵਾਲ ਤੀਰਥੰ ਪੁਨੇ॥[862]

**ਗਣਪਤਿ (ਜੌਹਰੀ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਵਿਸੰਭਰ ਪੁਰ (ਦੇਖੋ) ਦੇ ਇਕ ਜੌਹਰੀ ਦਾ ਨਾਮ। ਕਵੀ ਨੇ ਦਸਿਆ ਹੈ ਕਿ ਮਰਦਾਨਾ ਸਾਲਸ ਰਾਇ ਤੋਂ ਪਹਿਲਾਂ ਇਸ ਜੌਹਰੀ ਕੋਲ ਗਿਆ ਸੀ। ਬਾਕੀ ਸ੍ਰੋਤਾਂ ਤੋਂ ਇਹ ਪੁਸ਼ਟੀ ਤਾਂ ਹੁੰਦੀ ਹੈ ਕਿ ਮਰਦਾਨਾ ਕਿਸੇ ਹੋਰ ਜੌਹਰੀ ਕੋਲ ਗਿਆ ਸੀ, ਪਰ ਨਾਮ ਕਿਸੇ ਨੇ ਨਹੀਂ ਦਿਤਾ। ਗਣਪਤਿ ਜਹੁਰੀ ਕਹਯੋ ਸੁਣਾਇ॥[863]

---

[858] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 101.

[859] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 118.

[860] ਉਹੀ, ਪਤਰਾ 1054.

[861] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪੰਜਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2017, ਪੰਨਾ 752.

[862] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 57.

[863] ਉਹੀ, ਪਤਰਾ 1301.

**ਗਣਪਤਿ ਰਾਇ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਪ੍ਰਾਣ ਸੰਗਲੀ ਦਾ ਲਿਖਾਰੀ। ਜਦੋਂ ਗੁਰੂ ਜੀ ਪ੍ਰਾਣ ਸੰਗਲੀ ਉਚਾਰ ਰਹੇ ਸੀ ਤਾਂ ਇਸ ਨੇ ਲਿਖਾਰੀ ਦੀ ਭੂਮਿਕਾ ਨਿਭਾਈ ਸੀ। ਲਾਗੇ ਲਿਖਿਣ ਸੁ ਗਣਿ ਪਤਿ ਰਾਇ॥61॥[864]

**ਗਣੇਸ਼-** ਗਣੇਸ਼, ਗਣਾਂ ਜਾਂ ਸ਼ਿਵ ਦੀ ਸੇਵਾ ਵਿਚ ਰਹਿਣ ਵਾਲੇ ਛੋਟੇ ਸੇਵਕਾਂ ਦਾ ਮੁਖੀ ਹੈ, ਜੋ ਪਾਰਬਤੀ ਦਾ ਪੁਤਰ ਹੈ। ਕਹਿੰਦੇ ਹਨ ਪਾਰਬਤੀ ਨੇ ਵਟਨਾ ਮਲ ਕੇ ਜਦੋਂ ਉਤਾਰਿਆ ਤੇ ਇਸ਼ਨਾਨ ਕਰਨ ਲਗੀ ਤਾਂ ਇਸ ਨੇ ਵਟਨੇ ਦੇ ਪੁਤਲੇ ਵਿਚ ਜਾਨ ਪਾ ਕੇ ਪਹਿਰੇਦਾਰ ਵਜੋਂ ਖੜਾ ਕਰ ਦਿਤਾ। ਸ਼ਿਵ ਆਏ ਤਾਂ ਇਸ ਨੇ ਰੋਕਿਆ ਪਰੰਤੂ ਉਹ ਇਸ ਦਾ ਸਿਰ ਕੱਟ ਕੇ ਅੱਗੇ ਲੰਘ ਆਏ। ਜਦ ਪਾਰਬਤੀ ਨੂੰ ਪਤਾ ਲਗਾ ਤਾਂ ਬਹੁਤ ਵਿਰਲਾਪ ਕਰਨ ਲਗੀ ਤੇ ਪਿਛੋਂ ਸ਼ਿਵ ਨੇ ਹਾਥੀ ਦਾ ਸਿਰ ਲਾ ਕੇ ਇਸ ਨੂੰ ਮੁੜ ਸੁਰਜੀਤ ਕੀਤਾ।[865] ਗੁਰ ਗਣੇਸ ਕਿਰਪਾ ਕਰੋ ਮਮ ਉਰ ਕਰੋ ਨਿਵਾਸ॥[866]

**ਗਣੇਸ ਪੈਠ-** ਇਕ ਟਾਪੂ (ਦੇਖੋ) ਦਾ ਨਾਮ। ਬਹੁਰੀ ਗਣੇਸ ਪੈਠ ਤੁਮ ਜਾਨੋ॥[867]

**ਗੰਧਮਾਦਨੰ-** ਖੁਸ਼ਬੂ ਨਾਲ ਮਸਤ ਕਰਨ ਵਾਲਾ। ਇਲਾਵ੍ਰਿਤ ਵਿਚ ਵਰਤਮਾਨ ਇਕ ਪਹਾੜ ਤੇ ਜੰਗਲ, ਜੋ ਵਿਸ਼ਵ ਦਾ ਮੱਧ ਖੰਡ ਹੈ ਤੇ ਜਿਥੇ ਮੇਰੂ ਪਰਬਤ (ਦੇਖੋ) ਸਥਿਤ ਹੈ। ਕਈ ਵਿਦਵਾਨ ਇਸ ਪਰਬਤ ਦਾ ਮੇਰੂ ਨਾਲ ਸਬੰਧ ਜੋੜਨ ਵਿਚ ਅਸਹਿਮਤ ਹਨ।[868] ਗੰਧਮਾਦਨੰ ਨਾਮ ਸੁ ਜਾਨ॥[869]

**ਗੰਧਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ, ਇਸ ਤਰ੍ਹਾਂ ਦੇ ਧਰਤੀ ਉਪਰ ਅਠ ਪਰਬਤ ਹਨ। ਗੰਧਰ ਮਰਦਨ ਸ੍ਰੋਤ ਸੁ ਜਾਨ॥[870]

---

[864] ਉਹੀ, ਪਤਰਾ 1389.

[865] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 110-111.

[866] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1.

[867] ਉਹੀ, ਪਤਰਾ 1318.

[868] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 215.

[869] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1224.

[870] ਉਹੀ, ਪਤਰਾ 1008.

**ਗੰਧਾ ਗਿਰਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ। ਪਸਚਮਿ ਕਾ ਗੰਧਾ ਗਿਰਿ ਆਯੋ॥[871]

**ਗਨਿਕਾ-** ਪੁਰਾਣਕ ਕਹਾਣੀ ਹੈ ਕਿ ਇਕ ਸੁੰਦਰ ਵੇਸ਼ਿਆ ਬੜਾ ਭੈੜਾ ਵਿਕਾਰੀ ਜੀਵਨ ਬਸਰ ਕਰਦੀ ਸੀ। ਉਸਨੂੰ ਸ਼ਰਮ ਧਰਮ ਦਾ ਕੋਈ ਖਿਆਲ ਤਕ ਨਹੀਂ ਸੀ। ਇਕ ਵਾਰ ਅਚਾਨਕ ਉਸ ਦੇ ਦਾਆਰੇ ਸੰਤ ਪੁਰਸ਼ ਆ ਗਏ। ਉਨ੍ਹਾਂ ਵੇਸ਼ਿਆ ਦੀ ਸਾਰੀ ਹਾਲਤ ਤੱਕੀ ਤੇ ਮਨ ਹੀ ਮਨ ਵਿਚ ਉਸ ਦਾ ਇਲਾਜ ਸੋਚਿਆ। ਉਨ੍ਹਾਂ ਆਪਣਾ ਪਾਲਿਆ ਹੋਇਆ ਤੋਤਾ ਉਸ ਕੰਚਨੀ ਨੂੰ ਦੇਂਦਿਆਂ ਕਿਹਾ ਕਿ ਅਗੋਂ ਲਈ ਤੂੰ ਇਸ ਨੂੰ ਰਾਮ ਰਾਮ ਸਿਖਾਇਆ ਕਰ, ਤੇਰਾ ਉਧਾਰ ਹੋ ਜਾਵੇਗਾ। ਸੰਤਾਂ ਦੀ ਸਿਖਿਆ ਦਾ ਅਜੇਹਾ ਪ੍ਰਭਾਵ ਪਿਆ ਕਿ ਉਹ ਰਾਮ ਰਾਮ ਸਿਖਾਉਂਦੀ ਖੁਦ ਰਾਮ ਨਾਲ ਇਕਮਿਕ ਹੋ ਗਈ ਤੇ ਵਿਕਾਰਾਂ ਦਾ ਗੰਦਾ ਚੋਲਾ ਉਤਾਰ ਦਿਤਾ।[872] ਗਨਿਕਾ ਲਉਡੇ ਨਾਚੈ ਜਹਾਂ॥[873]

**ਗਨੇਸਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦਿਨੇਸ (ਦੇਖੋ) ਦਾ ਪਿਤਾ। ਬਡਾ ਹਮਾਰ ਜੋ ਹੁਤੋ ਨ ਹੋਇ ਪੂਤ ਤਾਹਿ ਕੇ ਗਨੇਸਿ ਨਾਮ ਤਾਹਿ ਕੋ ਥਕਾ ਮਨਾਇ ਦੇਵ ਸੋ॥[874]

**ਗਯਾ-** ਇਕ ਟਾਪੂ (ਦੇਖੋ) ਦਾ ਨਾਮ। ਨੰਦਰਾਇ ਗਯਾ ਚੇਕਉਰ॥[875]

**ਗਯਾ (ਸਥਾਨ)-** ਬਿਹਾਰ ਦਾ ਇਕ ਸ਼ਹਿਰ। ਇਹ ਸਤ ਪਵਿਤਰ ਸ਼ਹਿਰਾਂ ਵਿਚੋਂ ਇਕ ਹੈ ਅਤੇ ਅਜ ਕਲ੍ਹ ਵੀ ਇਕ ਤੀਰਥ ਮੰਨਿਆ ਜਾਂਦਾ ਹੈ, ਭਾਵੇਂ ਇਸ ਦੀ ਮਹਿਮਾ ਹੁਣ ਉਹ ਨਹੀਂ ਰਹੀ।[876] ਗਯਾ ਜਾਹੁ ਤੁਮ ਆਦਿ ਉਦਾਰੇ॥[877]

**ਗਰਨਾ ਸਾਹਿਬ-** ਜਿਲਾ ਹੁਸ਼ਿਆਰਪੁਰ, ਥਾਣਾ ਦਸੂਹਾ ਵਿਚ ਪਿੰਡ "ਬੋਦਲ" ਤੋਂ ਪਛਮ ਵਲ ਦੋ ਫਰਲਾਂਗ ਤੇ ਕਰੀਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ, ਇਥੇ ਵਡਾ ਸੰਘਣਾ ਜੰਗਲ ਸੀ। ਗੁਰੂ ਜੀ

---

[871] ਉਹੀ, ਪਤਰਾ 1426.

[872] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 111.

[873] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 42.

[874] ਉਹੀ, ਪਤਰਾ 1502.

[875] ਉਹੀ, ਪਤਰਾ 1318.

[876] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 216.

[877] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 702.

ਕਰਤਾਰਪੁਰੋਂ ਇਥੇ ਸ਼ਿਕਾਰ ਖੇਡਣ ਲਈ ਆਏ ਤਾਂ ਗਰਨੇ ਬਿਰਛ ਹੇਠ ਕੁਝ ਸਮਾਂ ਵਿਰਾਜੇ।[878] ਗਰਨਾ ਸਾਹਿਬ ਗੁਰੂ ਕੀ ਜਾਗਾ ਅਉਰ ਮਹਾਨ॥26॥[879]

**ਗਰੁੜ-** ਇਕ ਪੰਛੀ, ਜੋ ਵਿਸ਼ਨੂੰ ਦੇ ਵਾਹਨ ਵਜੋਂ ਪ੍ਰਸਿਧ ਹੈ। ਇਹ ਕਸ਼ਪ ਰਿਸ਼ੀ ਦੀ ਪਤਨੀ ਵਿਨਤਾ ਦੀ ਕੁਖੋਂ ਜਨਮਿਆ। ਕਸ਼ਪ ਦੀ ਦੂਸਰੀ ਪਤਨੀ ਕਦਰੂ, ਸੱਪਾਂ ਦੀ ਮਾਂ ਮੰਨੀ ਜਾਂਦੀ ਹੈ। ਦੋਵਾਂ ਦਾ ਸ਼ੌਂਕਣ-ਸਾੜਾ ਹੋਣ ਕਰਕੇ, ਸੱਪਾਂ ਤੇ ਗਰੁੜ ਦਾ ਵੈਰ ਹੋਣਾ ਮੰਨਿਆ ਗਿਆ ਹੈ।[880] ਗਰੁੜ ਸੁ ਮਾਰਕੰਡੇ ਸੁਕਪਿਤਾ ਪਾਪ ਖੰਡੇ ਚੱਕਰ ਸੁਹਾਮਣੇ ਪੁਸਕਰ ਮਾਨੀਐ॥[881]

**ਗਿਰਹਾ ਰਾਜਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪ੍ਰਾਚੀਨ ਹੋ ਗੁਜਰਿਆ ਰਾਜਾ ਜਿਸ ਨੇ ਕੀੜੀਆਂ ਨਾਲ ਯੁਧ ਕੀਤਾ ਸੀ। ਪੂਰਬ ਗਿਰਹਾ ਭੂਪਤਿ ਭਯੋ॥[882]

**ਗਿਰਜਾ-** ਹਿਮਾਲਾ ਦੀ ਪੁਤਰੀ, ਸ਼ਿਵਾਂ ਦੀ ਘਰਵਾਲੀ, ਗਣੇਸ਼ ਦੀ ਮਾਤਾ ਦਾ ਨਾਂ ਪਾਰਬਤੀ ਹੈ, ਜਿਸਦਾ ਗੌਰਵ ਬਾਕੀ ਦੇਵੀਆਂ ਨਾਲੋਂ ਵਧੇਰੇ ਮੰਨਿਆ ਗਿਆ ਹੈ। ਇਹ ਵੀ ਖਿਆਲ ਹੈ ਕਿ ਦੁਰਗਾ, ਚੰਡੀ, ਭਵਾਨੀ ਆਦਿ ਸਭ ਇਸੇ ਦੇ ਅਵਤਾਰ ਹਨ। ਮਾਲੂਮ ਹੁੰਦਾ ਹੈ ਕਿ ਇਹ ਪਹਿਲੇ ਪਰਬਤ-ਵਾਸੀਆਂ ਦੀ ਪੂਜਨੀਕ ਦੇਵੀ ਸੀ ਤੇ ਇਸਨੂੰ ਪਰਬਤਾਂ ਵਿਚ ਰਹਿਣ ਵਾਲੀ ਹੋਣ ਕਰਕੇ ਪਾਰਬਤੀ ਕਿਹਾ ਜਾਂਦਾ ਸੀ। ਪਿਛੋਂ ਜਾ ਕੇ ਕਠਿਨ ਤਪਸਿਆ ਬਾਦ ਇਸਦਾ ਸ਼ਿਵ ਨਾਲ ਸਬੰਧ ਜੁੜ ਗਿਆ, ਜਿਸ ਕਰਕੇ ਸ਼ੈਵ ਤੇ ਸ਼ਾਕਤ ਲੋਕ ਇਸਨੂੰ ਮਹਾਂ ਮਾਈ ਮੰਨ ਕੇ ਪੂਜਣ ਲਗੇ ਤੇ ਸਿਧਾਂ ਜੋਗੀਆਂ ਵੀ ਇਸ ਦੀ ਮਹਾਨਤਾ ਨੂੰ ਸਵੀਕਾਰ ਕੀਤਾ। ਕਿਸੇ ਨੇ ਗੌਰੀ ਕਹਿ ਕੇ ਇਸਦਾ ਕੋਮਲ ਸਰੂਪ ਧਿਆਨ ਵਿਚ ਕੀਤਾ ਤੇ ਕਿਸੇ ਨੇ ਕਾਲਕਾ ਵਰਗੇ ਭਿਅੰਕਰ ਰੂਪ ਨੂੰ ਸਲਾਹਿਆ।[883] ਸਿਵ ਗਿਰਜਾ ਮਨ ਗੁਮੈ ਸੁ ਨਾਹੀ॥[884]

---

[878] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 398.

[879] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 13.

[880] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 102.

[881] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 57.

[882] ਉਹੀ, ਪਤਰਾ 1278.

[883] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 206.

[884] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1550.

**ਗਿਰਧਾਰੀ (ਅਵਤਾਰ)-** ਕ੍ਰਿਸ਼ਨ (ਦੇਖੋ) ਦਾ ਇਕ ਨਾਮ। ਇਕ ਦਮੋਦਰਿ ਭਾਖਤਿ ਹੈਂ ਇਕ ਨਾਮ ਕਹੈਂ ਹਮਰਾ ਗਿਰਧਾਰੀ॥[885]

**ਗਿਰਨਾਰ-** ਗਿਰਿਨਗਰ। ਮੁੰਬਈ ਦੇ ਇਲਾਕੇ ਜੂਨਾਗੜ੍ਹ ਤੋਂ ਥੋੜ੍ਹੀ ਦੂਰ ਪੂਰਵ ਇਕ ਪਰਬਤ (ਦੇਖੋ), ਜਿਸ ਦੀ ਬੁਲੰਦੀ 3500 ਫੁਟ ਹੈ। ਇਸ ਉਪਰ ਜੈਨੀਆਂ ਦੇ ਧਰਮ ਮੰਦਰ ਅਤੇ ਦੁਰਗਾ, ਗੋਰਖ, ਕਾਲਿਕਾ ਅਰ ਦਤਾਤ੍ਰੇਯ ਦੇ ਅਸਥਾਨ ਭੀ ਹਨ। ਸ੍ਰੀ ਗੁਰੂ ਨਾਨਕ ਦੇਵ ਨੇ ਇਸ ਥਾਂ ਜਗਤ ਦਾ ਉਦਾਰ ਕਰਦੇ ਹੋਏ ਚਰਨ ਪਾਏ ਸਨ।[886] ਆਇ ਸੁ ਪੁਨਿ ਗਿਰਨਾਰ ਮੈ ਕਰੈਂ ਸੰਤ ਜਹ ਜਾਪ।1।[887]

**ਗਿਰਬੋਧ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੁਨਿ ਗਿਰਬੋਧ ਸੁ ਸਾਲਸਾ ਕੇਸਕਰਨ ਪਹਚਾਨ॥[888]

**ਗਿਰਵਰਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਸੰਧ ਸੈਨ ਪੁਨਿ ਗਿਰਵਰਿ ਫੁਨਿ ਦ੍ਵੈ ਆਖਿਆ॥[889]

**ਗਿਰਾਗੀ-** ਇਕ ਪਰਬਤ (ਦੇਖੋ) ਦਾ ਨਾਮ। ਅਚਲੇਸ੍ਵਰ ਫੁਨਿ ਅਉਰ ਗਿਰਾਗੀ॥[890]

**ਗਿਰੀਸ-** ਸ਼ਿਵ (ਦੇਖੋ) ਦਾ ਇਕ ਨਾਮ। ਅਨੂਪ ਨਰਾਜ ਛੰਦ॥ ਗਿਰੀਸ ਕੰਨਕਾ ਪਤੀ ਪਦਾਰਬਿੰਦ ਜਾਂ ਭਜੇ॥[891]

**ਗੁਜਰਾਤ-** ਪਾਕਿਸਤਾਨੀ ਪੰਜਾਬ ਦਾ ਇਕ ਪ੍ਰਸਿਧ ਸ਼ਹਿਰ, ਜੋ ਝਨਾਂ ਦਰਿਆ ਤੋਂ ਪੰਜ ਕੁ ਮੀਲ ਦੀ ਵਿਥ 'ਤੇ ਵਗਦਾ ਹੈ। ਇਕ ਰਵਾਇਤ ਅਨੁਸਾਰ ਇਹ ਨਗਰ 175 ਸੰਮਤ (118 ਈਸਵੀ) ਵਿਚ ਰਾਣੀ ਗੁਜਰਾਂ ਜੋ ਬਦਰਸੈਨ ਦੀ ਸੁਪਤਨੀ ਸੀ, ਨੇ ਵਸਾਇਆ ਸੀ। ਰਾਜਾ ਬਦਰਸੈਨ ਰਾਜਾ ਰਸਾਲੂ ਦਾ ਪੁਤਰ ਦਸਿਆ ਜਾਂਦਾ ਹੈ। ਇਕ ਹੋਰ ਰਵਾਇਤ ਅਨੁਸਾਰ ਇਸ ਨਗਰ ਦਾ ਪੁਰਾਣਾ ਨਾਉਂ ਹੈਰਤ ਸੀ ਅਤੇ ਇਸ ਨਗਰ ਦੀ

---

885 ਉਹੀ, ਪਤਰਾ 114.

886 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਤਵੀਂ ਵਾਰ, 2006, ਪੰਨਾ 409.

887 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1441.

888 ਉਹੀ, ਪਤਰਾ 1026.

889 ਉਹੀ.

890 ਉਹੀ, ਪਤਰਾ 1426.

891 ਉਹੀ, ਪਤਰਾ 2.

ਨੀਂਹ ਇਕ ਸੂਰਜਵੰਸ਼ੀ ਰਾਜਪੂਤ ਰਾਜੇ ਬਚਨ ਪਾਲ ਨੇ ਰਖੀ। ਮੁਸਲਮਾਨੀ ਹੱਲਿਆਂ ਦੇ ਦੌਰਾਨ 1303 ਈ. ਵਿਚ ਇਹ ਨਗਰ ਤਬਾਹ ਹੋ ਗਿਆ। ਪਿਛੋਂ 1588 ਈ. ਵਿਚ ਇਸਨੂੰ ਮੁੜ ਗੁਜਰਾਂ ਨੇ ਵਸਾਇਆ, ਜਿਸ ਕਰਕੇ ਇਸ ਦਾ ਨਾਂ ਗੁਜਰਾਤ ਪੈ ਗਿਆ।[892] ਪੁਨਿ ਸਤਿਗੁਰ ਆਏ ਗੁਜਰਾਤਿ॥57॥[893]

**ਗੁੱਦੜ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਉਪਰੰਤ ਦਰਸ਼ਨ ਕਰਨ ਆਇਆ ਇਕ ਵਿਅਕਤੀ। ਗੁੱਦੜ ਬੈਲੋ ਰਾਇ ਬੁਲਾਰ॥[894]

**ਗੁਨਿਸੀਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ, ਇਸ ਤਰ੍ਹਾਂ ਦੇ ਧਰਤੀ ਉਪਰ ਅਠ ਪਰਬਤ ਹਨ। ਹਿਮ ਵੰਤ ਹੇਮ ਵੰਤ ਗੁਨਿ ਸੀਲ॥ ਨਿਖਧਮੇਰ ਭਗਨਾ ਵਤਨੀਲ॥28॥[895]

**ਗੁਪਾਲ (ਸਿਖ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਨੀਲੀ ਖਤਰੀ ਹਰਸਾ ਧਉਣ ਗੁਪਾਲ ਜੀ॥[896]

**ਗੁਪਾਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨੇਊ ਦੀ ਰਸਮ 'ਤੇ ਆਇਆ ਇਕ ਸਾਕ ਸਬੰਧੀ। ਕਰਮ ਚੰਦ ਸੁਤ ਤਾਂਹਿ ਗੁਪਾਲ॥[897]

**ਗੁਪਾਲਾ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਸਿਆਲਕੋਟ ਵਿਚ ਬਣਿਆ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[898] ਦੇਵਰਾ ਬਸੰਤੁਰਾਇ ਸਾਲਕੋਟ ਕੇ ਸੁ ਵਾਸੀ ਬਿਸਨ ਗੁਪਾਲਾ ਖੰਨੇ ਖਤਰੀ ਸੋ ਜਾਨੀਐ॥[899]

---

[892] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪੰਜਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2017, ਪੰਨਾ 787-88.

[893] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 818.

[894] ਉਹੀ, ਪਤਰਾ 159.

[895] ਉਹੀ, ਪਤਰਾ 1008.

[896] ਉਹੀ, ਪਤਰਾ 1629.

[897] ਉਹੀ, ਪਤਰਾ 287.

[898] ਉਹੀ, ਪਤਰਾ 1783.

[899] ਉਹੀ.

**ਗੁਫਾ ਬਾਸੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਆਠਾਹਿਟੋ ਪੁਨਿ ਗੁਫਾ ਬਾਸੀ ਕਲਕ ਸੰਗੀ ਜਾਨਿਯੈ॥[900]

**ਗੁਬਿੰਦ (ਦੂਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਹਰੀ ਚੰਦ ਪੁਨਿ ਦੁਜਾ ਜਾਨ ਗੁਬਿੰਦ ਜੀ॥[901]

**ਗੁਬਿੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਹੋ ਮਿਹਰਾ ਹਰਿਸੁਖਰਾਮ ਗੁਬਿੰਦਾ ਕਕੜੰ॥[902]

**ਗੁਰੂ ਅੰਗਦ-** ਗੁਰੂ ਨਾਨਕ ਸਾਹਿਬ ਦੀ ਦੂਸਰੀ ਜੋਤਿ, ਸਿਖ ਧਰਮ ਦੇ ਦੂਸਰੇ ਰਹਿਬਰ ਗੁਰੂ ਅੰਗਦ ਸਾਹਿਬ, ਜਿਨ੍ਹਾਂ ਦਾ ਪਹਿਲਾਂ ਨਾਂ ਭਾਈ ਲਹਿਣਾ ਸੀ। ਇਨ੍ਹਾਂ ਦਾ ਜਨਮ 31 ਮਾਰਚ 1504 ਈ. ਨੂੰ ਤ੍ਰੇਹਣ ਵੰਸ਼ ਵਿਚੋਂ ਪਿਤਾ ਬਾਬਾ ਫੇਰੂ ਮਲ ਦੇ ਘਰ ਤੇ ਮਾਤਾ ਸੁਭਰਾਈ ਦੀ ਕੁਖੋਂ 'ਮਤੇ ਕੀ ਸਰਾਂਅ' ਵਿਖੇ ਹੋਇਆ। ਆਪ ਦਾ ਵਿਆਹ 1519 ਨੂੰ ਬੀਬੀ ਖੀਵੀ ਨਾਲ ਹੋਇਆ। ਇਨ੍ਹਾਂ ਦੀ ਕੁਖੋਂ ਦੋ ਬੇਟੇ ਦਾਤੂ ਤੇ ਦਾਸੂ ਅਤੇ ਦੋ ਬੇਟੀਆਂ ਬੀਬੀ ਅਮਰੋ ਤੇ ਅਨੋਖੀ ਪੈਦਾ ਹੋਈਆਂ। ਲਗਭਗ 1532 ਈ. ਨੂੰ ਗੁਰੂ ਅੰਗਦ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿਚ ਕਰਤਾਪੁਰ ਵਿਖੇ ਆਏ ਅਤੇ 1539 ਈ. ਨੂੰ ਗੁਰੂ ਨਾਨਕ ਦੇਵ ਜੀ ਨੇ ਆਪ ਨੂੰ ਗੁਰਿਆਈ ਦੀ ਵਡੀ ਜਿੰਮੇਵਾਰੀ ਸੌਂਪੀ।[903] ਗੁਰ ਅੰਗਦ ਜੁ ਹਮ ਜਾਨ ਲਯੋ॥[904]

**ਗੁਰ ਠਾਕੁਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸੁਰਤਾ (ਦੇਖੋ) ਮੀਰਾਬਾਈ ਦੀ ਅਵਤਾਰ ਦਾ ਪਿਤਾ। ਗੁਰ ਠਾਕੁਰ ਨਾਮ ਹੁਤੋ ਇਕ ਬ੍ਰਾਹਮਣ ਤਾਹਿ ਪਿਰਾਗ ਵਿਖੈ ਘਰਿ ਜਾਨੇ॥[905]

**ਗੁਰਸਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਸਾਗਰਚੰਦ ਅਨੰਦਹਰੀ ਕਿਰਪਾਮੱਲ ਜੀ ਭਗਤਾ ਗੁਰਸਾ ਹੈ॥[906]

---

[900] ਉਹੀ, ਪਤਰਾ 1027.

[901] ਉਹੀ, ਪਤਰਾ 1630.

[902] ਉਹੀ, ਪਤਰਾ 1629.

[903] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 6-8.

[904] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 397.

[905] ਉਹੀ, ਪਤਰਾ 398.

**ਗੁਰਸਾ (ਸਿਖ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[907]

ਗੁਰਸਾ ਬਹੁਰਿ ਸਾਸਤ੍ਰੀ ਜਾਨ॥[908]

**ਗੁਰਹੋਦਾਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਰਾਮਚੰਦ ਗੁਰਹੋਦਾਸ ਘਨੈਯਾ ਮਾਨਿਯੈ॥[909]

**ਗੁਰਦਾਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਧਰਮਾ ਬਖਸੀ ਲਹਣਾ ਗਹਣਾ ਗੁਰਦਾਸ ਸਖਾਮਲਿ ਜੀ ਗੁਰਸਾਇ॥17॥[910]

**ਗੁਰਦਿਤਾ-** ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵਡੇ ਸੁਪੁਤ੍ਰ, ਜੋ ਕੱਤਕ ਸੁਦੀ 15 ਸੰਮਤ 1670 ਨੂੰ ਮਾਤਾ ਦਾਮੋਦਰੀ ਦੇ ਉਦਰੋਂ ਡਰੋਲੀ (ਜਿਲਾ ਫਿਰੋਜ਼ਪੁਰ) ਵਿਚ ਜਨਮੇ। ਇਸ ਨੇ ਧਾਰਮਿਕ ਅਤੇ ਸ਼ਸਤ੍ਰਵਿਦਜਾ ਪਿਤਾ ਦੀ ਨਿਗਰਾਨੀ ਵਿਚ ਉਤਮ ਰੀਤਿ ਨਾਲ ਪਾਈ। 21 ਵੈਸਾਖ ਸੰਮਤ 1681 ਨੂੰ ਆਪ ਦਾ ਵਿਆਹ ਰਾਮੇ ਸਿਲ ਖਤ੍ਰੀ ਦੀ ਸੁਪੁਤ੍ਰੀ ਅਨੰਤੀ ਨਾਲ ਵਟਾਲੇ ਹੋਇਆ, ਜਿਸ ਦੀ ਕੁਖ ਤੋਂ ਧੀਰਮੱਲ ਅਤੇ ਗੁਰੂ ਹਰਿ ਰਾਇ ਸਾਹਿਬ ਪੈਦਾ ਹੋਏ। ਚੇਤ ਸੁਦੀ 10 ਸੰਮਤ 1695 ਨੂੰ ਕੀਰਤ ਪੁਰ ਪਰਲੋਕ ਸਿਧਾਰੇ।[911]

ਬਾਬਾ ਗੁਰਦਿਤਾ ਮਮ ਨਾਮ॥[912]

---

[906] ਉਹੀ, ਪਤਰਾ 594.

[907] ਉਹੀ, ਪਤਰਾ 1783.

[908] ਉਹੀ.

[909] ਉਹੀ, ਪਤਰਾ 595.

[910] ਉਹੀ, ਪਤਰਾ 594.

[911] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 416.

[912] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 811.

**ਗੁਰਮੁਖਿ ਦਾਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕਾਲਪਨਿਕ ਕਥਾ ਦਾ ਇਕ ਪਾਤਰ। ਜਿਸ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਇਕ ਬਾਂਸ ਤੋਂ ਬਣਾਇਆ ਗਿਆ ਦਸਿਆ ਗਿਆ ਹੈ। ਨਾਮ ਤੁਮਾਰਾ ਗੁਰਮੁਖਿ ਦਾਸ॥[913]

**ਗੁਰੂ ਸਾਹ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਬੀਕਾਨੇਰ ਦੇ ਨੇੜੇ ਕਿਸੇ ਸਥਾਨ ਦਾ ਨਾਮ। ਗੁਰੂ ਸਾਹ ਮੈ ਸਤਿਗੁਰੂ ਆਇ ਸੁ ਆਪ ਉਦਾਰ॥[914]

**ਗੈਲਸਾ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪ੍ਰਾਣਨਾਥ ਘੁਘੂ ਗੈਲਸਾ ਮਾਨਿਯੈ॥[915]

**ਗੋਇੰਦ-** ਉਦਾਸੀ ਸੰਪ੍ਰਦਾਇ ਦੇ ਚਰਾ ਧੂਣੇ (ਦੇਖੋ) ਵਿਚੋਂ ਇਕ ਦਾ ਨਾਮ। ਤੀਸਰ ਗੋਇੰਦ ਲੇਹੁ ਬਿਚਾਰ॥[916]

**ਗੋਇੰਦਵਾਲ-** ਅੰਮ੍ਰਿਤਸਰ ਜਿਲ੍ਹੇ ਵਿਚ ਤਰਨਤਾਰਨ ਤੋਂ 25 ਕਿ. ਮੀ. ਪੂਰਬ ਵਲ ਬਿਆਸ ਨਦੀ ਦੇ ਕੰਢੇ ਉਤੇ ਵਸਿਆ ਪ੍ਰਸਿਧ ਨਗਰ, ਜਿਸ ਨੂੰ ਗੁਰੂ ਅੰਗਦ ਸਾਹਿਬ ਦੇ ਹੁਕਮ ਨਾਲ ਗੁਰੂ ਅਮਰਦਾਸ ਜੀ ਨੇ ਵਸਾਇਆ ਸੀ। ਇਸ ਨਗਰ ਦੀ ਜ਼ਮੀਨ ਗੋਇੰਦਾ ਨਾਂ ਦੇ ਇਕ ਮਰਵਾਹਾ ਖਤਰੀ ਸਿਖ ਨੇ ਗੁਰੂ ਸਾਹਿਬ ਨੂੰ ਭੇਟ ਕੀਤੀ ਸੀ। ਇਸੇ ਦੇ ਨਾਂ ਉਪਰ ਹੀ ਇਹ ਥਾਂ ਗੋਇੰਦਵਾਲ ਕਰਕੇ ਮਸ਼ਹੂਰ ਹੋਇਆ।[917] ਰਹੈ ਸੁ ਗੋਇੰਦਵਾਲ ਮੈ ਪੁਰ ਤੇ ਬਾਹਰਿ ਵਾਰੁ॥[918]

**ਗੋਕਰਣ-** 'ਗਊ ਦੇ ਕੰਨ'। ਮੰਗਲੌਰ ਦੇ ਨੇੜੇ ਪੱਛਮੀ ਘਾਟ ਉਤੇ ਵਰਤਮਾਨ ਸ਼ਿਵ ਦਾ ਇਕ ਪਵਿੱਤਰ ਤੀਰਥ।[919] ਗੋਕਰਣ ਮਹਾਬਲੇਸ੍ਵਰੰ ਜਹਿ ਦਰਸਨ ਅਘਿ ਜਾਇ॥[920]

---

913 ਉਹੀ, ਪਤਰਾ 812.

914 ਉਹੀ, ਪਤਰਾ 815.

915 ਉਹੀ, ਪਤਰਾ 246.

916 ਉਹੀ, ਪਤਰਾ 696.

917 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 106.

918 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 735.

919 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 224.

920 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1734.

**ਗੋਕਲਵਾਸੀ (ਅਵਤਾਰ)-** ਕ੍ਰਿਸ਼ਨ (ਦੇਖੋ) ਦਾ ਇਕ ਨਾਮ। ਇਕ ਦੱਤ ਕਹੈਂ ਇਕ ਸੱਤਿ ਕਹੈਂ ਇਕ ਕਾਨ੍ਹ ਕਹੈਂ ਇਕ ਗੋਕਲਵਾਸੀ॥[921]

**ਗੋਤਮ-** ਗੌਤਮ ਜਨਕ ਦੇ ਪੁਰੋਹਿਤ ਸਤਾਨੰਦ ਦਾ ਪਿਤਾ ਸੀ ਅਤੇ ਇਸ ਦੀ ਪਤਨੀ ਸੀ ਅਹਿਲਿਆ। ਅਹਿਲਿਆ ਦੇ ਇੰਦਰ ਨਾਲ ਅਯੋਗ ਸਬੰਧ ਹੋਣ ਕਰਕੇ ਗੌਤਮ ਨੇ ਉਸ ਨੂੰ ਪੱਥਰ ਦੀ ਤਰ੍ਹਾਂ ਜੜ੍ਹ ਹੋ ਜਾਣ ਦਾ ਸ਼ਰਾਪ ਦਿਤਾ ਜਿਸ ਦਾ ਉਧਾਰ ਪਿਛੋਂ ਰਾਮ ਨੇ ਕੀਤਾ।[922] ਵਾਸਦੇਵ ਬਾਲਮੀਕ ਗੋਤਮ ਮਹਾਨ ਰਿਖੀ ਅੰਗਰੇ ਕਪਲਮੁਨੀ ਔਰ ਗੁਨਿਵਾਨਿਐ॥[923]

**ਗੋਤੇਸੂਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਸ ਸਥਾਨ ‘ਤੇ ਗੋਤਮ ਰਿਸ਼ੀ ਨੇ ਬਹੁਤ ਤਪ ਕੀਤਾ ਸੀ ਅਤੇ ਇਸਦਾ ਨਾਮ ਹੀ ਗੋਤਮ ਦੇ ਨਾਮ ‘ਤੇ ਪੈ ਗਿਆ ਸੀ ਬਾਅਦ ਵਿਚ ਇਥੇ ਨਾਰਦ ਨੇ ਵੀ ਤਪ ਕੀਤਾ ਸੀ। ਗੋਤੇਸੂਰ ਤਹਿ ਨਾਮ ਸੁ ਜਾਨ॥[924]

**ਗੋਦਾਵਰੀ (ਗੁਦਾਵਰੀ)-** ਭਾਰਤ ਦੀ ਪ੍ਰਸਿਧ ਨਦੀ ਜਿਹੜੀ ਦੱਖਣੀ ਭਾਰਤ ਵਿਚ ਪੱਛਮੀ ਘਾਟ ਤੋਂ ਲੈ ਕੇ ਪੂਰਬੀ ਘਾਟ ਤੱਕ ਵਹਿੰਦੀ ਹੈ। ਇਹ ਬੰਬਈ ਰਾਜ ਦੇ ਨਾਸਿਕ ਜ਼ਿਲੇ ਵਿਚ ਤ੍ਰਿਅੰਬਕ ਨਾਂ ਦੇ ਨਗਰ ਦੇ ਪਹਾੜਾਂ ਵਿਚੋਂ ਨਿਕਲ ਕੇ ਸੌ ਮੀਲ ਵਹਿੰਦੀ ਹੋਈ ਬੰਗਾਲ ਦੀ ਖਾੜੀ ਵਿਚ ਦੌਲੇਸ਼ਵਰਮ ਲਾਗੇ ਸਮੁੰਦਰ ਵਿਚ ਜਾ ਪੈਂਦੀ ਹੈ। ਸਮੁੰਦਰ ਵਿਚ ਡਿਗਣ ਤੋਂ ਪਹਿਲਾਂ ਇਹ ਸੱਤ ਮੁਖ ਧਾਰਾ ਦਾ ਰੂਪ ਧਾਰਨ ਕਰਦੀ ਹੈ ਜਿਨ੍ਹਾਂ ਵਿਚੋਂ ਗੋਤਮੀ ਗੋਦਾਵਰੀ ਮੁਖ ਹੈ।[925] ਗਿਰਜਾ ਅਉਰ ਗੁਦਾਵਰੀ ਗੋਰਖ ਗੋਪੀ ਚੰਦ॥[926]

**ਗੋਪਾਲਸਾਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਤਾਲ ਵਾੜ ਗੋਪਾਲਸਾਲ ਪੁਨਿ ਮਾਨਿਯੈ॥[927]

---

921 ਉਹੀ, ਪਤਰਾ 114.

922 ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 116.

923 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 50.

924 ਉਹੀ, ਪਤਰਾ 161.

925 ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 116-117.

926 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 13.

927 ਉਹੀ, ਪਤਰਾ 1629.

**ਗੋਪੀ ਚੰਦ (ਸਿਧ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਗੋਰਖ ਗੋਪੀ ਚੰਦ ਕੋ ਭਾਖਿਉ ਬਹੁਰਿ ਬੁਲਾਇ॥[928]

**ਗੋਪੀ ਨਾਥ (ਸਿਧ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨੌਂ ਨਾਥਾਂ (ਦੇਖੋ) ਵਿਚੋਂ ਇਕ ਨਾਥ ਦਾ ਨਾਮ। ਖਸਟਮਿ ਗੋਪੀ ਨਾਥ ਮਹਾਨੇ॥45॥[929]

**ਗੋਪੀਚੰਦ (ਰਾਜਾ)-** ਬੰਗਾਲ ਦਾ ਇਕ ਰਾਜਾ ਜੋ ਆਪਣੀ ਮਾਤਾ ਦੀ ਸਿਖਿਆ ਤੇ ਜਵਾਨੀ ਵਿਚ ਹੀ ਰਾਜ ਭਾਗ ਤਿਆਗ ਕੇ ਜੋਗੀ ਹੋ ਗਿਆ ਸੀ। ਇਸ ਦੀ ਕਥਾ ਜੋਗੀਆਂ ਵਿਚ ਆਮ ਗਾਈ ਜਾਂਦੀ ਹੈ। ਇਹ ਮਾਲਵੇ ਦੇ ਰਾਜਾ ਭਰਥਰੀ ਦੀ ਭੈਣ ਮੈਨਾਵਤੀ ਦਾ ਪੁਤਰ ਸੀ ਤੇ ਇਸ ਦੇ ਪਿਤਾ ਦਾ ਨਾਮ ਮਾਣਕਚੰਦ ਸੀ ਜੋ ਕਿ ਬੰਗਾਲ ਦੇ ਰੰਗਪੁਰ ਇਲਾਕੇ ਦਾ ਰਾਜਾ ਸੀ।[930] ਗਿਰਜਾ ਅਉਰ ਗੁਦਾਵਰੀ ਗੋਰਖ ਗੋਪੀ ਚੰਦ॥[931]

**ਗੋਪੀਨਾਥ-** ਜੋ ਗੋਪੀਆਂ ਦਾ ਸੁਆਮੀ ਹੈ। ਰਿਸ਼ੀਕੇਸ਼।[932] ਦੀਨਾਨਾਥ ਗੋਪੀਨਾਥ ਦੂਸਰਾ ਭੀ ਬੈਜਨਾਥ ਕਾਸੀ ਮੈ ਬਸੇਸਰਿ ਮਹਾਨ ਉਰ ਆਨੀਐ॥[933]

**ਗੋਬਿੰਦ ਸਿੰਘ-** ਗੁਰੂ-ਨਾਨਕ-ਗੱਦੀ ਉਤੇ ਬਿਰਾਜਣ ਵਾਲੇ ਦਸਵੇਂ ਗੁਰੂ ਗੋਬਿੰਦ ਸਿੰਘ ਸਨ, ਆਪ ਦਾ ਜਨਮ ਗੁਰੂ ਤੇਗ ਸਾਹਿਬ ਦੇ ਘਰ ਮਾਤਾ ਗੁਜਰੀ ਦੀ ਕੁਖੋਂ ਸੰਮਤ 1723 (1666 ਈ.) ਨੂੰ ਪਟਨੇ ਸ਼ਹਿਰ ਵਿਚ ਹੋਇਆ। ਜਦ ਗੁਰੂ ਤੇਗ ਬਹਾਦਰ ਸਾਹਿਬ ਦਿੱਲੀ ਵਿਚ ਸ਼ਹੀਦ ਹੋਏ, ਤਦ ਸੰਮਤ 1732 ਵਿਚ ਆਪ ਗੁਰਿਆਈ ਦੀ ਗੱਦੀ 'ਤੇ ਬੈਠੇ। ਆਪ ਦਾ ਵਿਆਹ ਮਾਤਾ ਜੀਤੋ ਨਾਲ ਗੁਰੂ ਕੇ ਲਾਹੌਰ ਹੋਇਆ। ਆਪ ਦੇ ਵਿਆਹ ਦੇ ਬਾਰੇ ਵਖ-ਵਖ ਇਤਿਹਾਸਕਾਰਾਂ ਦੇ ਵਖ-ਵਖ ਮਤ ਹਨ। ਕਈ ਇਤਿਹਾਸਕਾਰ ਆਪ ਜੀ ਦੇ ਤਿੰਨ ਮਹਿਲ ਦਸਦੇ ਹਨ ਅਤੇ ਕਈ ਦੋ। ਕਈਆਂ ਦਾ ਖਿਆਲ ਹੈ ਕਿ ਮਾਤਾ ਜੀਤੋ ਦਾ ਹੀ ਦੂਜਾ ਨਾਮ ਸੁੰਦਰੀ ਸੀ। ਦੂਜੇ ਮਹਿਲ ਮਾਤਾ ਸਾਹਿਬ ਕੌਰ ਸਨ ਤੇ ਗੁਰੂ ਜੀ ਨੇ ਖਾਲਸਾ ਇਨ੍ਹਾਂ ਦੀ ਗੋਦ ਵਿਚ ਪਾਇਆ ਸੀ। ਆਪ ਦਾ ਜੀਵਨ ਧਰਮ, ਦੇਸ਼ ਤੇ ਕੌਮ ਦੇ ਪਰਵਾਨਿਆਂ ਲਈ ਕਦਮ ਕਦਮ 'ਤੇ ਅਦੁਤੀ ਸਿਖਿਆ

---

[928] ਉਹੀ, ਪਤਰਾ 985.

[929] ਉਹੀ, ਪਤਰਾ 1025.

[930] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 118.

[931] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 13.

[932] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 429.

[933] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1708.

ਨਾਲ ਭਰਿਆ ਪਿਆ ਹੈ। ਆਪ ਦੇ ਘਰ ਚਾਰ ਸਾਹਿਬਜਾਦੇ-ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਪੈਦਾ ਹੋਏ। ਆਪ ਨੇ ਅਨੰਦਪੁਰ ਸਾਹਿਬ ਵਿਖੇ ਖਾਲਸਾ ਦੀ ਸਿਰਜਨਾ ਵੀ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪ ਕੇ ਸਿਖ ਪੰਥ ਨੂੰ ਗੁਰੂ ਗ੍ਰੰਥ ਨਾਲ ਜੋੜਿਆ। ਇਸ ਤਰ੍ਹਾਂ ਆਪ ਸੰਮਤ 1765 (1708 ਈ) ਨੂੰ 42 ਸਾਲ ਦੀ ਆਯੂ ਵਿਚ ਅਬਚਲ ਨਗਰ ਵਿਖੇ ਜੋਤੀ-ਜੋਤ ਸਮਾ ਗਏ।[934]

ਗੁਰ ਗੁਬਿੰਦ ਸਿੰਘ ਜਾਨ ਮਹਾਨ॥24॥[935]

**ਗੋਬਿੰਦ ਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨੇਊ ਦੀ ਰਸਮ 'ਤੇ ਆਇਆ ਇਕ ਸਾਕ ਸਬੰਧੀ। ਅੰਗਦ ਗੋਬਿੰਦ ਚੰਦ ਤਾਕੋ ਸੁਤ ਲਾਲਚੰਦ ਕੇਸਰਿ ਪਰਸਰਾਮ ਔਰ ਉਰ ਜਾਨੀਐ॥[936]

**ਗੋਰਖ-** ਸਿੱਧ ਜੋਗੀਆਂ ਦੀ ਪਰੰਪਰਾ ਵਿਚ ਜੋ ਗੌਰਵ ਗੋਰਖਨਾਥ ਨੂੰ ਹਾਸਲ ਹੈ, ਉਹ ਕਿਸੇ ਨੂੰ ਨਹੀਂ। ਪੁਰਾਣੀ ਰਵਾਇਤ ਚਾਰ ਮੋਢੀ ਸਿੱਧ ਦਸਦੀ ਹੈ- ਜਲੰਧਰ ਨਾਥ, ਮਛਿੰਦਰ ਨਾਥ, ਕਾਨ੍ਹਪਾ ਤੇ ਗੋਰਖਨਾਥ। ਜਲੰਧਰ ਦੇ ਚੇਲੇ ਕਾਨ੍ਹਪਾ ਸਨ ਤੇ ਮਛਿੰਦਰ ਦੇ ਚੇਲੇ ਗੋਰਖ ਜੋ ਕਿ ਆਪਣੇ ਗੁਰੂ ਨਾਲੋਂ ਵੀ ਵਧੇਰੇ ਪ੍ਰਸਿਧ ਹੋਏ। ਕੋਈ ਵਿਦਵਾਨ ਇਸ ਨੂੰ ਦਸਵੀਂ ਜਾਂ ਗਿਆਰ੍ਹਵੀਂ ਸਦੀ ਵਿਚ ਹੋਇਆ ਮੰਨਦੇ ਹਨ। ਬੋਧੀ ਜੈਨੀਆਂ ਪਿਛੋਂ ਤੇ ਭਗਤੀ ਲਹਿਰ ਤੋਂ ਪਹਿਲਾਂ ਅਜੇਹਾ ਹੋਰ ਤਪੱਸਵੀ ਸਾਧੂ ਨਹੀਂ ਹੋਇਆ ਜਿਸ ਨੂੰ ਗੋਰਖਨਾਥ ਜਿਤਨੀ ਮਾਨਤਾ ਮਿਲੀ ਹੋਵੇ। ਕਹਿੰਦੇ ਹਨ, ਇਹ ਬੜਾ ਹੀ ਸੁੰਦਰ, ਜਟਾਧਾਰੀ ਪ੍ਰਤਾਪੀ ਪੁਰਖ ਸੀ ਜਿਸ ਨੇ ਭਾਰਤ ਦੇ ਕੋਨੇ-ਕੋਨੇ ਵਿਚ ਆਪਣਾ ਪ੍ਰਭਾ ਜਮਾਇਆ। ਗੋਪੀਚੰਦ ਤੇ ਭਰਥਰੀ ਵਰਗੇ ਰਾਜਿਆਂ ਨੂੰ ਜੋਗੀ ਬਣਾਉਣਾ ਇਨ੍ਹਾਂ ਦੀ ਕਰਾਮਾਤ ਸੀ। ਇਨ੍ਹਾਂ ਦੀ ਜਨਮਭੂਮੀ ਤੇ ਕਰਮਖੇਤਰ ਨੂੰ ਪੂਰੀ ਤਰ੍ਹਾਂ ਨਿਸ਼ਚਤ ਨਹੀਂ ਕੀਤਾ ਜਾ ਸਕਿਆ। ਤਿਬਤੀ ਰਵਾਇਤ ਇਨ੍ਹਾਂ ਨੂੰ ਬੋਧੀ ਜਾਦੂਗਰ ਦਸਦੀ ਹੈ। ਨਿਪਾਲ ਵਾਲੇ ਇਨ੍ਹਾਂ ਨੂੰ ਨਿਪਾਲ ਦਾ ਜੰਮਪਲ ਮੰਨਦੇ ਹਨ। ਉਤਰਪ੍ਰਦੇਸ ਵਿਚ ਗੋਰਖਪੁਰ ਇਨ੍ਹਾਂ ਦੀ ਪੁਰਾਣੀ ਗੱਦੀ ਚੱਲੀ ਆ ਰਹੀ ਹੈ। ਪੰਜਾਬ ਵਾਲਿਆਂ ਦਾ ਖਿਆਲ ਹੈ ਕਿ ਇਹ ਪਿਸ਼ਾਵਰ ਵਿਚ ਪੈਦਾ ਹੋਏ। ਇਹ ਚੰਗੇ ਤਕੜੇ ਘੁਮੱਕੜ

---

[934] ਮਹਿਤਾਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਇਤਿਹਾਸਕ ਨਾਵਾਂ ਤੇ ਥਾਵਾਂ ਦਾ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸਤਵੀਂ ਵਾਰ, 2010, ਪੰਨਾ 60-66.

[935] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1837.

[936] ਉਹੀ, ਪਤਰਾ 288.

ਸਨ ਤੇ ਫਿਰ ਫਿਰ ਕੇ ਹਠਯੋਗ ਦਾ ਪ੍ਰਚਾਰ ਕਰਦੇ ਸਨ ਕੰਨਪਾਟੇ ਜੋਗੀ ਇਨ੍ਹਾਂ ਦੇ ਹੀ ਚੇਲੇ ਹਨ। ਇਨ੍ਹਾਂ ਦੀਆਂ ਰਿਧੀਆਂ ਸਿਧੀਆਂ ਦੀਆਂ ਅਨੇਕਾਂ ਚਮਤਕਾਰੀ ਕਹਾਣੀਆਂ ਮਿਲਦੀਆਂ ਹਨ, ਇਹ ਵੀ ਕਿਹਾ ਜਾਂਦਾ ਹੈ ਕਿ ਆਪਣੇ ਗੁਰੂ ਮਛੰਦਰ ਨਾਥ ਨੂੰ ਇਨ੍ਹਾਂ ਨੇ ਹੀ ਤ੍ਰਿਯਾਜਾਲ ਵਿਚੋਂ ਕਢਿਆ ਸੀ। ਗੋਰਖ ਦੇ ਨਾਮ ਉਤੇ 40 ਰਚਨਾਵਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਬਹੁਤੀਆਂ ਬਾਦ ਦੇ ਸਿੱਧਾਂ ਦੀਆਂ ਲਿਖੀਆਂ ਹੋਈਆਂ ਹਨ, ਇਨ੍ਹਾਂ ਨੂੰ 'ਗੋਰਖ ਬਾਣੀ' ਨਾਂ ਹੇਠ ਸੰਗ੍ਰਹਿਤ ਕੀਤਾ ਗਿਆ ਹੈ। ਜੋਗੀਆਂ ਵਿਚ ਜਾਂ ਤਾਂ ਸ਼ਿਵਾਂ ਦਾ ਜਾਪ ਹੁੰਦਾ ਸੀ ਜਾਂ ਫਿਰ 'ਗੋਰਖ' ਦੇ ਨਾਮ ਦਾ ਸਿਮਰਨ ਕੀਤਾ ਜਾਂਦਾ ਰਿਹਾ ਹੈ।[937] ਗਿਰਜਾ ਅਉਰ ਗੁਦਾਵਰੀ ਗੋਰਖ ਗੋਪੀ ਚੰਦ॥[938]

**ਗੋਰਖ ਹਟੜੀ-** ਪਾਕਿਸਤਾਨ ਵਿਚ ਜਿਲ੍ਹਾ ਪਿਸ਼ਾਵਰ ਵਿਚ ਗੋਰਖ ਨਾਥ ਦਾ ਪ੍ਰਸਿਧ ਸਥਾਨ।[939] ਗੋਰਖ ਹਟੜੀ ਨਿਕਟ ਹੈ ਚਰਣ ਮਝੂਰਾ ਗਾਵ॥[940]

**ਗੋਰਖ ਪੁਰ-** ਯੂ. ਪੀ. ਵਿਚ ਇਕ ਸ਼ਹਿਰ, ਜੋ ਗੋਰਖਪੁਰ ਜਿਲੇ ਦਾ ਪ੍ਰਧਾਨ ਅਸਥਾਨ ਹੈ। ਇਸ ਨਾਮ ਦੇ ਹੋਰ ਕਈ ਸ਼ਹਿਰ ਅਤੇ ਪਿੰਡ ਹਨ।[941] ਤਾਹਿ ਨਾਮ ਗੋਰਖ ਪੁਰ ਭਾਈ॥53॥[942]

**ਗੋਰਖਨਾਥ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਇਤਿਨੈ ਸਿਧ ਗੋਰਖਨਾਥ ਮਛਿੰਦਰ ਮੰਗਲਨਾਥ ਸੁ ਔਰ ਉਦਾਰੇ॥[943]

**ਗੋਰਾ-** ਇਕ ਪ੍ਰਸਿਧ ਮਰਾਠੀ ਸੰਤ। ਚੋਖਾ ਮੇਲਾ ਢੇਢ ਸੋ ਗੋਰਾ ਜਾਤ ਘੁਮਾਰ॥[944]

---

[937] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 119-120.

[938] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 13.

[939] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 108.

[940] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1391.

[941] ਨਾਭਾ, ਕਾਨ੍ਹ ਸਿੰਘ, ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਤਵੀਂ ਵਾਰ, 2006, ਪੰਨਾ 431.

[942] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1497.

[943] ਉਹੀ, ਪਤਰਾ 246.

[944] ਉਹੀ, ਪਤਰਾ 232.

**ਗੋਵਰਧਨ ਸੈਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਸੂਰਸਤੀ ਗੋਵਰਧਨ ਸੈਨ ਦੁ ਅਉਰਹਿ ਭਾਖੇ॥[945]

**ਗ੍ਰੀਵ-** ਘੋੜੇ ਦੀ ਗਰਦਨ ਵਾਲਾ। ਇਕ ਕਥਾ ਅਨੁਸਾਰ ਇਕ ਦੈਂਤ, ਜਿਸ ਨੇ ਕਿਸੇ ਕਲਪ ਦੇ ਅੰਤ ਤੇ ਸੌਂ ਰਹੇ ਬ੍ਰਹਮਾ ਦੇ ਮੂੰਹ ਵਿਚੋਂ ਨਿਕਲੇ ਵੇਦ ਨੂੰ ਚੁਰਾ ਲਿਆ ਸੀ। ਇਸ ਦੀ ਮੌਤ ਵਿਸ਼ਨੂੰ ਦੇ ਮਛ ਅਵਤਾਰ ਦੁਆਰਾ ਹੋਈ ਸੀ। ਕੁਝ ਲੋਕਾਂ ਅਨੁਸਾਰ ਹਯ-ਗ੍ਰੀਵ ਵਿਸ਼ਨੂੰ ਆਪ ਹੀ ਸੀ, ਜਿਸ ਨੇ ਦੈਤ ਦੁਆਰਾ ਚੁਰਾਏ ਹੋਏ ਵੇਦਾਂ ਨੂੰ ਪ੍ਰਾਪਤ ਕਰਨ ਲਈ ਇਸ ਰੂਪ ਨੂੰ ਧਾਰਨ ਕੀਤਾ ਸੀ।[946] ਬਹੁਰੋ ਹੈ ਗ੍ਰੀਵ ਜਾਨ ਧਰੂੰਅ ਵਰਿ ਦੇਨ ਮਾਨ ਬਹੁਰੋ ਧਨੰਤਰਿ ਬਦਰੀ ਪਤਿ ਮਾਨੀਐ॥[947]

**ਗ੍ਵਾਲ ਬਾਲੰ (ਕ੍ਰਿਸ਼ਨ)-** ਕ੍ਰਿਸ਼ਨ (ਦੇਖੋ) ਦਾ ਇਕ ਨਾਮ। ਗ੍ਵਾਲ ਬਾਲੰ ਜਿਤੇ ਨਾਇ ਤਾਂ ਸੀਸ ਸੋ॥30॥[948]

**ਘਟਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਠਾਰ੍ਹਾਂ ਰਾਜਿਆਂ (ਦੇਖੋ) ਵਿਚੋਂ ਇਕ ਰਾਜੇ ਦਾ ਨਾਮ। ਘਟਕਾ ਨਿਰਪ ਬਾਰਵਾ ਹਯੈ॥[949]

**ਘਨੈਯਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਰਾਮਚੰਦ ਗੁਰਹੋਦਾਸ ਘਨੈਯਾ ਮਾਨਿਯੈ॥[950]

**ਘਿਰਨਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ। ਜਿਥੇ ਸੁਖਚੈਨ ਰਿਸ਼ੀ ਰਹਿੰਦਾ ਸੀ। ਘਿਰਨੇ ਗਿਰ ਮੈ ਗੁਰ ਆਇ ਬਲੀ ਸੁਖਚੈਨ ਰਖੀਸਰ ਪਾਸ ਅਗਾਮੀ॥[951]

**ਘੁਸਮੇਸ੍ਵਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਿਵਾਲੈ ਤੀਰਥ (ਦੇਖੋ) ਦਾ ਇਕ ਨਾਮ। ਘੁਸਮੇਸ੍ਵਰ ਇਹੁ ਲਿਗ ਸੁ ਜੋਇ॥[952]

---

[945] ਉਹੀ, ਪਤਰਾ 1027.

[946] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਤੀਜੀ ਵਾਰ, 2013, ਪੰਨਾ 151.

[947] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 4.

[948] ਉਹੀ, ਪਤਰਾ 115.

[949] ਉਹੀ, ਪਤਰਾ 1323.

[950] ਉਹੀ, ਪਤਰਾ 595.

[951] ਉਹੀ, ਪਤਰਾ 1092.

[952] ਉਹੀ, ਪਤਰਾ 1549.

**ਘੁਘੂ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪ੍ਰਾਣਨਾਥ ਘੁਘੂ ਗੈਲਸਾ ਮਾਨਿਯੈ॥[953]

**ਘੁਘੂਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨੌਂ ਨਾਥਾਂ (ਦੇਖੋ) ਵਿਚੋਂ ਇਕ ਨਾਥ ਦਾ ਨਾਮ। ਪੰਚਮ ਘੁਘੂਨਾਥ ਸੁ ਜਾਨੋ॥[954]

**ਘੁਰਟਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਬੰਦਰਗਾਹ (ਦੇਖੋ) ਦਾ ਨਾਮ। ਘੁਰਟਾ ਬੰਦਰ ਆਹਿ ਮਹਾਨ॥[955]

**ਘੇਹੋ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸੈਦੋ ਅਤੇ ਸੀਹੋਂ ਦਾ ਭਾਈ। ਭਾਵੇਂ ਬਾਕੀ ਸ੍ਰੋਤਾਂ ਵਿਚ ਘੇਹੋ ਇਕ ਜਾਤੀ ਦਸੀ ਗਈ ਹੈ ਪਰ ਇਸ ਗ੍ਰੰਥ ਦੇ ਕਰਤਾ ਨੇ ਇਸ ਨੂੰ ਇਕ ਵਿਅਕਤੀ ਦਸਿਆ ਹੈ ਅਤੇ ਇਹ ਤਿੰਨ ਭਰਾ ਦਸੇ ਹਨ ਸੈਦੋ, ਘੇਹੋ ਅਤੇ ਸੀਹੋਂ। ਸੈਦੋ ਘੇਹੋ ਸੀਹੋਂ ਭਾਈ॥ ਤੀਨੋ ਨੈ ਫਲੁ ਖਾਇ ਅਘਾਈ॥[956]

**ਘੋਰ ਰੂਪਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਘੋਰ ਰੂਪਾ॥ ਪੁਨਿ ਸਰੂਪਾ॥[957]

**ਘੋੜਾ-** ਖੰਡੇ ਰਾਉ (ਦੇਖੋ) ਦਾ ਵਾਹਨ। ਖੰਡੇ ਰਾਉ ਕਾ ਬਾਹਨੰ ਘੋੜਾ ਜਾਨ ਸੁਜਾਨ॥[958]

**ਘੋੜਿਮੁਖਿਓ ਕਾ ਦੇਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਨਗਰ ਜਿਥੇ ਸਾਰੇ ਹੀ ਲੋਕਾਂ ਦੇ ਮੁਖ ਘੋੜਿਆਂ ਵਰਗੇ ਹਨ। ਇਹ ਨਗਰ ਕਾਲਪਨਿਕ ਭਾਸਦਾ ਹੈ। ਘੋੜਿ ਮੁਖਿਉ ਕੇ ਦੇਸ ਮੈ ਆਇ ਸੁ ਨਾਨਕ ਦੇਉ॥[959]

**ਚੱਕ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨਾਨਕ ਚੱਕ (ਦੇਖੋ) ਦਾ ਪਹਿਲਾ ਨਾਮ। ਚਰਣ ਮਛੂਰੈ ਕੈ ਵਿਖੈ ਚੱਕ ਨਾਮੁ ਇਕ ਪੈਠ॥[960]

---

953 ਉਹੀ, ਪਤਰਾ 246.

954 ਉਹੀ, ਪਤਰਾ 1025.

955 ਉਹੀ, ਪਤਰਾ 1092.

956 ਉਹੀ, ਪਤਰਾ 1499.

957 ਉਹੀ, ਪਤਰਾ 1054.

958 ਉਹੀ, ਪਤਰਾ 1426.

959 ਉਹੀ, ਪਤਰਾ 1618.

960 ਉਹੀ, ਪਤਰਾ 1391.

**ਚੰਗਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਵਿਅਕਤੀ ਦਾ ਨਾਮ ਜੋ ਗੁਰੂ ਜੀ ਨੂੰ ਬੇਗਾਪੁਰ (ਦੇਖੋ) ਨਗਰ ਵਿਚ ਮਿਲਿਆ ਸੀ ਅਤੇ ਗੁਰੂ ਜੀ ਨੇ ਇਸ ਨੂੰ ਉਪਦੇਸ਼ ਦਿਤਾ ਸੀ। ਚੰਗਾ ਨਾਮ ਭਾਟੜਾ ਆਯੋ॥[961]

**ਚਤਰ ਬੈਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਤੇਈਸ ਚਤਰ ਬੈਨ ਚਾਰ ਬੀਸ ਰਾਉ ਨੈਨ ਪੰਚ ਬੀਸ ਕੇਲਕ੍ਰਨ ਨਾਥ ਅਨੁਮਾਨੀਐ॥[962]

**ਚਤੁਰ ਭੁਜ-** ਵਿਸ਼ਨੂੰ (ਦੇਖੋ) ਦਾ ਇਕ ਨਾਮ। ਚਤੁਰੰ ਭੁਜ ਰੂਪ ਭਯੋ ਤਿਸ ਕਾ ਵਿਸਨੂ ਜਪੁ ਪੰਜਰ ਕੇ ਪਰਤਾਪੇ॥[963]

**ਚਤੁਰੰਦਸ-** ਇਕ ਪਰਬਤ (ਦੇਖੋ) ਦਾ ਨਾਮ। ਪੁਨਿ ਚੁਤਰੰਦਸ ਰਤਨ ਸੋ ਜੋਇ॥[964]

**ਚਤੁਰਬੈਨ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਚਤੁਰਬੈਨ ਸੁਖਰੂਪ ਅਨੰਦ॥[965]

**ਚਤੁਰਿ ਸਰਿੰਗੀ ਦੇਵੀ-** ਪੂਨੇ ਦਾ ਇਕ ਪ੍ਰਸਿਧ ਮੰਦਿਰ। ਇਹ ਮੰਦਿਰ ਸੇਨਾਪਤੀ ਬਪਤ ਰੋਡ ਉਪਰ ਸਥਿਤ ਹੈ। ਮੰਨਿਆ ਜਾਂਦਾ ਹੈ ਕਿ ਇਸ ਨੂੰ ਮਰਾਠਾ ਛਤਰਪਤੀ ਸ਼ਿਵਾਜੀ ਰਾਜੇ ਭੋਸਲੇ ਨੇ 1786 ਈ. ਵਿਚ ਬਣਾਇਆ। ਇਹ ਦੇਵੀ ਚੁਤਰਸ੍ਰਿੰਗੀ ਦਾ ਮੰਦਰ ਹੈ ਜਿਸ ਨੂੰ ਅੰਬੇਸ਼ਵਰੀ ਵੀ ਕਿਹਾ ਜਾਂਦਾ ਹੈ। ਚਤੁਰ ਦੇ ਅਰਥ ਹਨ- ਚਾਰ ਅਤੇ ਸ਼੍ਰਿੰਗ ਦੇ ਅਰਥ ਹਨ- ਪਰਬਤ। ਸੋ ਜਿਸਦੇ ਚਾਰ ਪਰਬਤ ਹੋਣ। ਇਸ ਮੰਦਿਰ ਦੀ ਉਚਾਈ 90 ਫੁਟ ਅਤੇ ਚੌੜਾਈ 125 ਫੁਟ ਹੈ। ਇਸ ਦੇ ਉਪਰ ਜਾਣ ਲਈ 100 ਪੌੜੀਆਂ ਵੀ ਹਨ।[966] ਚਤੁਰਿ ਸਰਿੰਗੀ ਦੇਵੀ ਜਹਾ॥[967]

---

961 ਉਹੀ, ਪਤਰਾ 1392.

962 ਉਹੀ, ਪਤਰਾ 1026.

963 ਉਹੀ, ਪਤਰਾ 1228.

964 ਉਹੀ, ਪਤਰਾ 1426.

965 ਉਹੀ, ਪਤਰਾ 247.

966 Dr. Rachna Khare, *Design For All*, Ms. Megha Bilgi, *Chaturshringi Temple,* CHCR, Bhopal, January 2019, vol-14 no-01, Page 50.

967 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 843.

**ਚਤੁਰਿ ਦਾਸ-** ਬਨਾਰਸ ਦਾ ਪੰਡਿਤ, ਜਿਸ ਨਾਲ ਗੁਰੂ ਜੀ ਦੀ ਬਨਾਰਸ ਵਿਖੇ ਗੋਸ਼ਟਿ ਹੋਈ ਸੀ।[968]

ਚਤੁਰਿ ਦਾਸ ਪੰਡਿਤ ਤਹਿ ਆਯੋ॥[969]

**ਚੰਦ ਕਲਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਜੇ ਸਿਵਨਾਭ/ਸਿਉਨਾਭ (ਦੇਖੋ) ਦੀ ਪਤਨੀ। ਇਤਿ ਚੰਦਕਲਾ ਚੜਿ ਦੇਖਤਿ ਹੈ ਮਹਲੀ ਕਬਿ ਆਂਵਹਿਗੇ ਗੁਰ ਪਯਾਰੇ॥[970]

**ਚੰਦ ਕੌਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਜਾ ਮੇਘਰਾਜ (ਦੇਖੋ) ਦੀ ਪਤਨੀ। ਚੰਦ ਕੋਰ ਤਿਸ ਕੀ ਪਟਰਾਨੀ॥[971]

**ਚੰਦ ਪ੍ਰਭਾ-** ਇਕ ਇਸਤਰੀ ਦਾ ਨਾਮ ਜੋ ਕਿ ਰਿਸ਼ੀ ਦੀ ਪੁਤਰੀ ਸੀ, ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਤਿਰਦੇਵ (ਦੇਖੋ) ਰਾਜਾ ਇਕ ਵਾਰ ਇਸ ਰਿਸ਼ੀ ਪੁਤਰੀ ਉਪਰ ਮੋਹਿਤ ਹੋ ਗਿਆ ਸੀ, ਜਿਸ ਕਰਕੇ ਇਸ ਦੇ ਪਿਤਾ ਨੇ ਰਾਜਾ ਨੂੰ ਕੋਹੜੀ ਅਤੇ ਅੰਨ੍ਹਾਂ ਹੋਣ ਦਾ ਸਰਾਪ ਦਿਤਾ ਸੀ। ਚੰਦ ਪ੍ਰਭਾ ਅੰਧੀ ਹੋਇ ਗਈ॥[972]

**ਚੰਦ ਭਾਲਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਚੰਦ ਭਾਲਨੀ॥ ਵਿਸ੍ਰ ਪਾਲਨੀ॥[973]

**ਚਦਉਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਨਗਰ ਦਾ ਨਾਮ ਜਿਥੇ ਗੁਰੂ ਜੀ ਮੇਘਨੰਦ ਨੂੰ ਮਿਲੇ। ਇਹ ਨਗਰ ਰਾਮਨਗਰ ਦੇ ਨਜਦੀਕ ਹੋਣ ਦਾ ਸੰਕੇਤ ਹੈ। ਜਨਮਸਾਖੀ ਸਾਹਿਤ ਵਿਚ ਇਸ ਦਾ ਪ੍ਰਸੰਗ ਨਹੀਂ ਮਿਲਦਾ। ਰਾਮਨਗਰਿ ਤੇ ਬਿਦਾ ਹ੍ਵੈ ਆਏ ਗੁਰੂ ਚਦਉਰ॥[974]

**ਚੰਦਸੈਣ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਕਥਾ ਦੇ ਪਾਤਰ ਦਾ ਨਾਮ ਜੋ ਉਜੈਨ ਨਗਰੀ ਵਿਚ ਰਹਿੰਦਾ ਸੀ ਇਸ ਦੇ ਪੁਤਰ ਦਾ ਨਾਮ ਚੰਦਰ ਭਾਨ ਸੀ। ਚੰਦਰ ਭਾਨ ਦੀ ਵਿਦਵਤਾ ਦਾ ਡੰਕਾ ਪੂਰੇ ਇਲਾਕੇ

---

[968] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 111.

[969] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1222.

[970] ਉਹੀ, ਪਤਰਾ 1365.

[971] ਉਹੀ, ਪਤਰਾ 1472.

[972] ਉਹੀ, ਪਤਰਾ 554.

[973] ਉਹੀ, ਪਤਰਾ 1054.

[974] ਉਹੀ, ਪਤਰਾ 1689.

ਵਿਚ ਹੁੰਦਾ ਹੈ ਪਰ ਉਸ ਦਾ ਪਿਤਾ ਉਸ ਦੀ ਹਮੇਸ਼ਾ ਹੀ ਬੁਰਾਈ ਹੀ ਕਰਦਾ ਰਹਿੰਦਾ ਹੈ। ਇਕ ਦਿਨ ਚੰਦਰ ਭਾਨ ਆਪਣੇ ਪਿਤਾ ਦਾ ਕਤਲ ਕਰਨ ਦਾ ਸੋਚਦਾ ਹੈ, ਇਸ ਰਾਤ ਉਸ ਦੀ ਮਾਤਾ ਆਪਣੇ ਪਤੀ ਕੋਲੋਂ ਪੁਛਦੀ ਹੈ ਕਿ ਉਹ ਆਪਣੇ ਪੁਤਰ ਦੀ ਉਪਮਾ ਕਿਉਂ ਨਹੀਂ ਕਰਦਾ ਤਾਂ ਉਹ ਦਸਦਾ ਹੈ ਕਿ ਉਸ ਦਾ ਪੁਤਰ ਬਹੁਤ ਹੀ ਵਿਦਵਾਨ ਹੈ, ਜਿਵੇਂ ਰਾਮ, ਕ੍ਰਿਸ਼ਨ ਹੋਵੇ ਪਰ ਉਹ ਅਪਣੇ ਮੂੰਹੋਂ ਆਪਣੇ ਪੁਤਰ ਦੀ ਉਪਮਾ ਜਗ ਕਰਕੇ ਨਹੀਂ ਕਰਦਾ। ਜਦੋਂ ਇਹ ਗੱਲ ਚੰਦਰਭਾਨ ਨੇ ਸੁਣੀ ਤਾਂ ਬਹੁਤ ਹੀ ਪਛਤਾਵਾ ਹੋਇਆ ਅਤੇ ਉਸ ਨੇ ਆਪਣੇ ਜੀਵਨ ਤਿਆਗ ਦਿਤਾ। ਚੰਦਸੈਣ ਇਕ ਹੁਤੋ ਬ੍ਰਾਹਮਨਿ॥[975]

**ਚੰਦਨਪੁਰਿ-** ਇਕ ਟਾਪੂ (ਦੇਖੋ) ਦਾ ਨਾਮ। ਚੰਦਨਪੁਰਿ ਚੰਦੌਰਬਿਅ ਅਹੇ॥[976]

**ਚੰਦਰ ਸੈਣ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕਉਲ ਨੈਨ ਦਾ ਪੁਤਰ। ਸੁਤ ਚੰਦਰ ਸੈਣ ਸੁ ਸੰਗ ਲਯੋ ਪੁਰ ਤੇ ਨਿਕਸੇ ਝਬਿ ਬਾਹਰਿ ਵਾਰੇ॥[977]

**ਚੰਦਰ ਖਾਂ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[978] ਚੰਦਰ ਖਾਂ ਤਹ ਨਾਮ ਸੁ ਜਾਨ॥[979]

**ਚੰਦਰ ਬੰਸੀ-** ਇਕ ਵੰਸ਼ ਦਾ ਨਾਮ। ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗਜ ਬੰਦਰ (ਦੇਖੋ) ਦਾ ਰਾਜਾ ਐਰਾਪਤਿ (ਦੇਖੋ) ਚੰਦਰ ਬੰਸੀ ਸੀ। ਚੰਦਰ ਬੰਸੀ ਸੋ ਸੁਖਧਾਮ॥[980]

**ਚੰਦਰ ਭਾਨ ਸੁਤ-** ਭਾਈ ਬਾਲਾ (ਦੇਖੋ) ਦੇ ਪਿਤਾ ਦਾ ਨਾਮ ਚੰਦਰ ਭਾਨ ਹੋਣ ਕਰਕੇ ਉਸਨੂੰ ਚੰਦਰ ਭਾਨ ਸੁਤ ਲਿਖਿਆ ਹੈ। ਪੂਰਬ ਚੰਦਰ ਭਾਨ ਸੁਤੰ ਗਯੋ ਪਹਿਲੇ ਤਿਨ ਜਾਇ ਲਈ ਜੈ॥[981]

---

[975] ਉਹੀ, ਪਤਰਾ 459.

[976] ਉਹੀ, ਪਤਰਾ 1318.

[977] ਉਹੀ, ਪਤਰਾ 1342.

[978] ਉਹੀ, ਪਤਰਾ 1782.

[979] ਉਹੀ.

[980] ਉਹੀ, ਪਤਰਾ 1607.

[981] ਉਹੀ, ਪਤਰਾ 1499.

**ਚੰਦਰ ਭਾਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੰਦਸੈਣ (ਦੇਖੋ) ਦਾ ਪੁਤਰ। ਚੰਦਰ ਭਾਨ ਤਾਹਿ ਕਾ ਬਾਲਕ॥[982]

**ਚੰਦਰਵੇਗਾ-** ਇਕ ਪਰਬਤ (ਦੇਖੋ) ਦਾ ਨਾਮ। ਚੰਦਰਵੇਗਾ ਕੇ ਸੁਤੰ ਉਤੰਗ ਸੰਖ ਗਿਰ ਜੋਇ॥[983]

**ਚੰਦੇਰਿ-** ਇਕ ਟਾਪੂ (ਦੇਖੋ) ਦਾ ਨਾਮ। ਚੰਪਾ ਚੰਬਾ ਪੁਨਿ ਚੰਦੇਰਿ॥[984]

**ਚੰਦੋ-** ਗੁਰੂ ਨਾਨਕ ਸਾਹਿਬ ਦੀ ਸੱਸ ਦਾ ਨਾਮ, ਮਾਤਾ ਸੁਲਖਣੀ ਦੀ ਮਾਤਾ।[985] ਚੰਦੋ ਦੁਲੈਹਨਿ ਮਾਤ ਕੋ ਤਿਨ ਜਾਇ ਭਾਖਿਓ ਤਾਹਿ॥[986]

**ਚੰਦੌਰਬਿਅ-** ਇਕ ਟਾਪੂ (ਦੇਖੋ) ਦਾ ਨਾਮ। ਚੰਦਨਪੁਰਿ ਚੰਦੌਰਬਿਅ ਅਹੇ॥[987]

**ਚੰਦ੍ਰ ਕਲਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕਜਲੀ ਬਨ (ਦੇਖੋ) ਦੀ ਸਰਦਾਰਨੀ ਦਾ ਨਾਮ। ਚੰਦ੍ਰ ਕਲਾ ਇਤਿਨੇ ਮੈ ਆਈ॥[988]

**ਚੰਦ੍ਰਾਚਲੰ-** ਇਕ ਪਰਬਤ (ਦੇਖੋ) ਦਾ ਨਾਮ। ਰੁਦ੍ਰਾਂਚਲਿ ਚੰਦ੍ਰਾਚਲੰ ਤਿਸ ਕੇ ਬੰਧ ਜਾਨ॥[989]

**ਚੰਨਣ ਰਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਕੋਲੀ ਪੁਨਿ ਦਿਉ ਚੰਦ ਚੰਨਣ ਰਾਮ ਜੀ॥[990]

**ਚਪਟਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਬੰਦਰਗਾਹ (ਦੇਖੋ) ਦਾ ਨਾਮ। ਚਪਟਾ ਨਕਟਾ ਅਉਰ ਮਹਾਨ॥10॥[991]

---

[982] ਉਹੀ, ਪਤਰਾ 459.

[983] ਉਹੀ, ਪਤਰਾ 1426.

[984] ਉਹੀ, ਪਤਰਾ 1318.

[985] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 84 ਅਤੇ 111.

[986] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 572-73.

[987] ਉਹੀ, ਪਤਰਾ 1318.

[988] ਉਹੀ, ਪਤਰਾ 1394.

[989] ਉਹੀ, ਪਤਰਾ 1426.

[990] ਉਹੀ, ਪਤਰਾ 1629.

**ਚੰਪਾ (ਟਾਪੂ)-** ਇਕ ਟਾਪੂ (ਦੇਖੋ) ਦਾ ਨਾਮ। ਚੰਪਾ ਚੰਬਾ ਪੁਨਿ ਚੰਦੇਰਿ॥[992]

**ਚੰਪਾ (ਸਿਧ)-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਚੰਪਾ ਗੋਪੀ ਪਰਮ ਅਨੂਪਾ॥[993]

**ਚੰਪਾ ਪੈਠ-** ਇਕ ਟਾਪੂ (ਦੇਖੋ) ਦਾ ਨਾਮ। ਇਕ ਪਰ ਤੀਸਮੋ ਚੰਪਾ ਪੈਠ॥[994]

**ਚੰਪਾਵਤੀ-** ਇਹ ਅੰਗ ਦੇਸ਼ ਦੀ ਰਾਜਧਾਨੀ ਸੀ। ਭਾਗਲਪੁਰ ਦੇ ਕੋਲ ਅਜੇ ਵੀ ਇਸ ਦੇ ਖੰਡਰ ਮਿਲਦੇ ਹਨ। ਇਸ ਨੂੰ ਮਾਲਾ ਵਾਂਗ ਚੰਪਕ ਰੁਖਾਂ ਨਾਲ ਘਿਰਿਆ ਹੋਣ ਕਰਕੇ ਮਾਲਿਨੀ ਵੀ ਕਿਹਾ ਜਾਂਦਾ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਦਾ ਇਹ ਨਾਂ ਇਸ ਦੇ ਸਥਾਪਕ ਚੰਪਾ ਕਰਕੇ ਪਿਆ, ਪਰ ਚੰਪਕ ਰੁਖਾਂ ਦੀ ਬਹੁਤਾਤ ਕਰਕੇ ਵੀ ਇਸ ਦਾ ਇਹ ਨਾਂ ਪ੍ਰਸਿਧ ਹੋ ਸਕਦਾ ਹੈ।[995] ਪਰ ਗੁਰੂ ਨਾਨਕ ਵਿਜੈ ਗ੍ਰੰਥ ਵਿਚ ਇਸ ਨੂੰ ਪਾਤਾਲ ਵਿਚ ਦਸਿਆ ਹੈ। ਨਗਰ ਏਕ ਚੰਪਾਵਤੀ ਆਹਿ ਪਤਾਲ ਮਹਾਨ॥[996]

**ਚੰਬਾ (ਨਾਥ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਘੁਘੂਨਾਥ ਬੁਲਾਇਯੋ ਚੰਬਾ ਬੋਲੈ ਨਾਹੀ॥[997]

**ਚੰਬਾ (ਟਾਪੂ)-** ਇਕ ਟਾਪੂ (ਦੇਖੋ) ਦਾ ਨਾਮ। ਚੰਪਾ ਚੰਬਾ ਪੁਨਿ ਚੰਦੇਰਿ॥[998]

**ਚੰਬਾ (ਸਥਾਨ)-** ਇਕ ਪਹਾੜੀ ਰਿਆਸਤ, ਜਿਸ ਦਾ ਪ੍ਰਧਾਨ ਨਗਰ ਚੰਬਾ ਹੈ। ਇਸ ਦੇ ਉਤਰ ਅਤੇ ਪਛਮ ਕਸ਼ਮੀਰ ਰਾਜ ਅਤੇ ਦਖਣ ਗੁਰਦਾਸਪੁਰ ਦਾ ਜਿਲਾ ਅਰ ਕਾਂਗੜਾ ਹੈ। ਚੰਬਾ ਨਗਰ ਰਾਵੀ ਨਦੀ ਦੇ ਸਜੇ ਕਿਨਾਰੇ ਸਨ 920 ਵਿਚ ਸਾਹਿਲਵਰਮਾ ਨੇ ਵਸਾਇਆ ਹੈ। ਇਹ ਪਠਾਨਕੋਟ ਤੋਂ ਸੜਕ ਦੇ ਰਸਤੇ 70 ਮੀਲ ਹੈ।[999] ਨਦੀ ਕਿਨਾਰੇ ਊਤਰੇ ਚੰਬੇ ਮੈ ਪੁਨਿ ਜਾਇ॥37॥[1000]

---

991 ਉਹੀ, ਪਤਰਾ 1090.

992 ਉਹੀ, ਪਤਰਾ 1318.

993 ਉਹੀ, ਪਤਰਾ 246.

994 ਉਹੀ, ਪਤਰਾ 1318.

995 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 236.

996 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1225.

997 ਉਹੀ, ਪਤਰਾ 1012.

998 ਉਹੀ, ਪਤਰਾ 1318.

999 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਨੈਸ਼ਨਲ ਬੁਕ ਸ਼ਾਪ, ਦਿੱਲੀ, 1998, ਪੰਨਾ 483.

**ਚੰਬਾ ਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨੌਂ ਨਾਥਾਂ (ਦੇਖੋ) ਵਿਚੋਂ ਇਕ ਨਾਥ ਦਾ ਨਾਮ। ਸਪਤਮ ਚੰਬਾ ਨਾਥ ਸੁ ਜਾਨੋ॥[1001]

**ਚੰਮਲਿ-** ਰਾਜਪੁਤਾਨਾ ਦੀ ਚਰਮਾਨਵਤੀ ਨਾਮ ਦੀ ਇਕ ਨਦੀ ਦਾ ਨਾਮ।[1002] ਔਰ ਪਾਪ ਨਾਸਨੀ ਸੁ ਚੰਮਲਿ ਮਹਾਨ ਗੰਗਾ ਰਾਮ ਕੁੰਡ ਸੀਤਾ ਕੁੰਡ ਲਖਮਣ ਮਾਨੀਐ॥[1003]

**ਚਮੁੰਡਯ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਸਟ ਮਾਤ੍ਰ ਕਾ (ਦੇਖੋ) ਵਿਚੋਂ ਇਕ ਦੇਵੀ ਦਾ ਨਾਮ। ਵਾਗਹੀ ਭਯੀ ਪਾਂਚ ਖਸਟਿ ਚਮੁੰਡਯ ਉਦਾਰੀ॥[1004]

**ਚਰਣ ਮਝੂਰਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਸ ਸਥਾਨ ਉਪਰ ਪ੍ਰਾਣ ਸੰਗਲੀ ਦੀ ਰਚਨਾ ਕੀਤੀ ਗਈ ਸੀ। ਜਿਵੇਂ ਕਿ ਸੰਤਰੇਣ ਨੇ ਦਸਿਆ ਹੈ ਕਿ ਇਹ ਸਥਾਨ ਗੋਰਖ ਹਟੜੀ ਦੇ ਨੇੜੇ ਹੈ, ਪਰ ਇਤਿਹਾਸਿਕ ਸ੍ਰੋਤਾਂ ਵਿਚ ਗੋਰਖ ਹਟੜੀ (ਦੇਖੋ) ਪਾਕਿਸਤਾਨ ਵਿਚ ਦਸਿਆ ਗਿਆ ਹੈ, ਪਰ ਕਵੀ ਨੇ ਇਸ ਨੂੰ ਸਿੰਗਲਾਦੀਪ (ਦੇਖੋ) ਵਿਚ ਦਸਿਆ ਹੈ। ਗੋਰਖ ਹਟੜੀ ਨਿਕਟ ਹੈ ਚਰਣ ਮਝੂਰਾ ਗਾਵ॥[1005]

**ਚਰਪਟ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਭਰਥਰਿ ਚਰਪਟ ਗਿਰਵਰਿ॥[1006]

**ਚਰਪਟ ਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨੌਂ ਨਾਥਾਂ (ਦੇਖੋ) ਵਿਚੋਂ ਇਕ ਨਾਥ ਦਾ ਨਾਮ। ਤੀਜਾ ਚਰਪਟ ਨਾਥ ਸੁ ਹਯੈ॥[1007]

**ਚਲਨਨਾਚਤੋ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਚਲਨਨਾਚਤੋ ਤਿਹੁ ਪਰ ਚਾਲੀ ਜਾਨਿਯੈ॥[1008]

---

[1000] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1682.

[1001] ਉਹੀ, ਪਤਰਾ 1025.

[1002] Nundo Lal Dey, *The Geographical Dictionary Of Ancient And Mediaeval India,* Oriental Books, New Delhi, Second Edition, 1984, Page 227.

[1003] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 58.

[1004] ਉਹੀ, ਪਤਰਾ 1233.

[1005] ਉਹੀ, ਪਤਰਾ 1391.

[1006] ਉਹੀ, ਪਤਰਾ 246.

[1007] ਉਹੀ, ਪਤਰਾ 1025.

[1008] ਉਹੀ, ਪਤਰਾ 1026.

**ਚਾਂਗਦੇਵ-** ਇਕ ਪ੍ਰਸਿਧ ਜੋਗੀ ਜਿਸ ਦੀ ਗਿਆਨਦੇਵ ਨਾਲ ਚਰਚਾ ਹੋਈ ਸੀ, ਇਸ ਦੇ ਨਾਮ 'ਤੇ ਬਣਿਆ ਮਹਾਂਰਾਸ਼ਟਰ ਦਾ ਪ੍ਰਸਿਧ ਮੰਦਰ।[1009] ਚਾਂਗਦੇਵ ਕਾ ਮੇਲਾ ਆਯੋ॥45॥[1010]

**ਚਾਨੂ-** ਇਕ ਟਾਪੂ (ਦੇਖੋ) ਦਾ ਨਾਮ। ਬਿਉਸਾ ਚਾਨੂ ਪਰਿ ਏ ਚਾਲੀ॥[1011]

**ਚਾਰ ਧੂੰਣੇ-** ਇਕ ਵਾਰ 1681 ਬਿ. ਵਿਚ ਗੁਰੂ ਹਰਿਗੋਬਿੰਦ ਜੀ, ਬਾਰਠ ਪਿੰਡ ਸ੍ਰੀ ਚੰਦ ਦੇ ਦਰਸ਼ਨ ਕਰਨ ਨੂੰ ਗਏ। ਉਨ੍ਹਾਂ ਨਾਲ ਹੀ ਵਡਾ ਪੁਤਰ ਗੁਰਦਿਤਾ ਵੀ ਸੀ। ਆਪਸ ਵਿਚ ਬਚਨ ਬਿਲਾਸ, ਅਰ ਮੇਲ ਮਿਲਾਪ ਦੇ ਪਿਛੋਂ ਸ੍ਰੀ ਚੰਦ ਨੇ ਕਿਹਾ ਆਪ ਦੇ ਕਿਤਨੇ ਪੁਤਰ ਹਨ? ਗੁਰੂ ਜੀ ਨੇ ਪੰਜ ਕਹੇ। ਫਿਰ ਸ੍ਰੀ ਚੰਦ ਨੇ ਕਿਹਾ ਇਕ ਸਾਨੂੰ ਦੇਵੋ। ਸਤਿਗੁਰਾਂ 'ਪੰਜੇ ਆਪਦੇ ਹਨ' ਕਹਿ ਕੇ ਗੁਰਦਿਤਾ ਨੂੰ ਸਾਹਮਣੇ ਕੀਤਾ। ਸ੍ਰੀ ਚੰਦ ਨੇ ਗੁਰਦਿਤਾ ਨੂੰ ਆਪਣੇ ਭੇਖ ਦੀ ਸੇਲੀ ਟੋਪੀ ਅਰ ਬਾਬਾ ਪਦ ਬਖਸ਼ ਕੇ ਆਪਣਾ ਚੇਲਾ ਕਰ ਲਿਆ। ਇਹੋ ਭੇਖ ਗੁਰਦਿਤਾ ਨੇ ਅਗੋਂ ਆਪਣੇ ਚਾਰ ਸੇਵਕਾਂ ਨੂੰ ਵੰਡ ਕੇ ਦਿਤਾ, ਜਿਨ੍ਹਾਂ ਦੁਆਰਾ ਚਾਰ ਧੂੰਏ ਪ੍ਰਸਿਧ ਹੋਏ। ਜਿਨ੍ਹਾਂ ਵਿਚੋਂ ਪਹਿਲੇ ਦਾ ਨਾਮ 'ਬਾਲੂ' ਸੀ, ਉਹ ਲਿਬਾਸ ਪਾ ਕੇ ਬਾਹਲਾ ਖਿੜ ਖਿੜਾਇ ਹਸਿਆ, ਤਾਂ ਉਸ ਦਾ ਨਾਮ 'ਬਾਲੂ ਹਸਨਾ' ਰਖਿਆ ਗਿਆ। ਦੂਜੇ ਦਾ ਨਾਮ 'ਆਲੂ' ਸੀ ਇਹ ਭੀ ਬਾਣਾ ਪਾ ਕੇ ਅਹਲਾਦ (ਅਨੰਦ) ਵਿਚ ਆਇਆ ਤਾਂ ਇਸ ਦਾ ਨਾਂ 'ਅਲਮਸਤ' ਪ੍ਰਸਿਧ ਕੀਤਾ। ਤੀਜਾ 'ਫੂਲਾ' ਸੀ ਇਹ ਭੀ ਬਾਣਾ ਪਾ ਕੇ ਫੁਲਿਆ, ਤਾਂ ਇਸ ਦਾ ਨਾਮ 'ਫੂਲ ਸਾਹਿਬ' ਮਸ਼ਹੂਰ ਹੋਇਆ। ਚੌਥੇ ਦਾ ਨਾਮ ਗੋਂਦਾ ਸੀ, ਇਹ ਭੀ ਬਾਣਾ ਲੈ ਕੇ ਗੁਟਕਿਆ, ਤਾਂ ਇਸ ਦਾ ਨਾਮ 'ਗੋਇੰਦ ਸਾਹਿਬ' ਕਹਿ ਕੇ ਆਖਿਆ। ਇਸ ਤਰ੍ਹਾਂ ਚਾਰਾਂ ਨੂੰ ਪਦਵੀ ਤੇ ਬਾਣਾ ਦੇ ਕੇ ਚਰਨਾਮ੍ਰਿਤ ਪਿਲਾ ਕੇ ਸਤਿਨਾਮ ਮੰਤ੍ਰ ਦੇ ਕੇ ਚੇਲੇ ਬਣਾ ਲਿਆ। ਇਹ ਚਾਰ ਧੂੰਣਿਆਂ ਦੇ ਨਾਮ ਨਾਲ ਪ੍ਰਸਿਧ ਹੋਏ।[1012] ਧੂੰਣੇ ਚਾਰ ਪਛਾਨੋ ਏਹਿ॥[1013]

---

[1009] पांगारकर, लक्ष्मण रामचंद्र, *श्रीज्ञानेव्श्वरमहाराज-चरित्र आणि ग्रंथविवेचन,* पूने, आवृत्ति दूसरी, 1963, पृष्ठ 112.

[1010] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 833.

[1011] ਉਹੀ, ਪਤਰਾ 1318.

[1012] ਮਹੰਤ, ਗਣੇਸ਼ਾ ਸਿੰਘ, *ਭਾਰਤ ਮਤ ਦਰਪਣ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਦੂਜੀ ਵਾਰ, 1992, ਪੰਨਾ 10.

[1013] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 696.

**ਚਿੰਤ ਚਾਉਲੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਚਿੰਤ ਚਾਉਲੀ॥ ਰੂਪ ਪਾਉਲੀ॥85॥[1014]

**ਚਿੰਤਪੂਰਨੀ ਚੇਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਚਿੰਤਪੂਰਨੀ ਯੌਂ ਕਹਯੋ ਸਭ ਗੁਣਿ ਮੋ ਮੈ ਹੰਨ॥97॥[1015]

**ਚਿਤਰ ਗੁਪਤ-** ਪੌਰਾਣਿਕ-ਪਰੰਪਰਾ ਅਨੁਸਾਰ ਚਿਤਰ ਅਤੇ ਗੁਪਤ, ਧਰਮਰਾਜ (ਜਮਰਾਜੇ) ਦੇ ਦੋ ਲੇਖਾਕਾਰ ਹਨ, ਜੋ ਮਨੁਖ ਦੇ ਸਜੇ ਅਤੇ ਖਬੇ ਮੋਢਿਆਂ ਅੰਦਰ ਬੈਠ ਕੇ ਉਸ ਦੇ ਚੰਗੇ-ਮਾੜੇ ਕਰਮਾਂ ਦਾ ਲਖਾ-ਜੋਖਾ ਤਿਆਰ ਕਰਦੇ ਰਹਿੰਦੇ ਹਨ। ਜਦੋਂ ਮਨੁਖ ਮਰ ਜਾਂਦਾ ਹੈ ਤਾਂ ਇਹ ਮਨੁਖੀ ਕਰਮਾਂ ਦੇ ਲੇਖੇ-ਜੋਖੇ ਨੂੰ ਧਰਮਰਾਜ ਅਗੇ ਪੇਸ਼ ਕਰ ਦਿੰਦੇ ਹਨ, ਜਿਸ ਦੇ ਆਧਾਰ ਉਤੇ ਧਰਮਰਾਜ ਜੀਵ ਨੂੰ ਨਰਕ, ਸਵਰਗ ਜਾਂ ਹੋਰ ਜੂਨੀ ਬਖਸ਼ਦਾ ਹੈ। ਅਸਲ ਵਿਚ 'ਚਿਤ' ਮਨੁਖੀ ਅੰਤਹਕਰਣ ਦਾ ਇਕ ਹਿਸਾ ਹੈ। ਮਨੁਖ ਦੁਆਰਾ ਕੀਤੇ ਕੰਮਾਂ ਦਾ ਪ੍ਰਭਾਵ ਇਸ ਉਤੇ ਲਗਾਤਾਰ ਗੁਪਤ ਰੂਪ ਵਿਚ ਪੈਂਦਾ ਰਹਿੰਦਾ ਹੈ, ਜਿਸ ਦੀ ਜਾਣਕਾਰੀ ਜੀਵ ਨੂੰ ਨਹੀਂ ਹੁੰਦੀ। ਚੰਗੇ ਕਰਮਾਂ ਦੇ ਫਲ ਸਰੂਪ ਮਨੁਖ ਨਿਰਮਲ- ਚਿਤ ਹੁੰਦਾ ਰਹਿੰਦਾ ਹੈ ਅਤੇ ਮਾੜੇ ਕਰਮਾਂ ਦੇ ਫਲਸਰੂਪ ਉਸ ਦਾ ਚਿਤ ਮੈਲਾ, ਵਿਕਾਰੀ ਹੋ ਜਾਂਦਾ ਹੈ। ਇਸ ਤਰ੍ਹਾਂ ਮਨੁਖੀ ਚਿਤ ਉਪਰ ਪਏ ਗੁਪਤ ਪ੍ਰਭਾਵ ਹੀ ਚਿਤ- ਗੁਪਤ ਹਨ।[1016] ਚਿਤਰਿ ਗੁਪਤਿ ਤਿਨ ਬਚਨਿ ਕੋ ਲਿਖਤੇ ਜਾਂਇ ਮਹਾਨ॥66॥[1017]

**ਚਿਤਰਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਜਾ ਸਿਉਨਾਭ/ਸਿਵਨਾਭ (ਦੇਖੋ) ਦੁਆਰਾ ਗੁਰੂ ਨਾਨਕ ਦੇਵ ਜੀ ਨੂੰ ਮੋਹਿਤ ਕਰਨ ਲਈ ਭੇਜੀ ਗਈ ਇਕ ਇਸਤਰੀ ਦਾ ਨਾਮ। ਇਕ ਹਸਤਨੀ ਇਕ ਚਿਤਰਨੀ ਇਕ ਪਦਮਨੀ ਪਹਿਚਾਨਿਯੈ॥[1018]

---

[1014] ਉਹੀ, ਪਤਰਾ 1054.

[1015] ਉਹੀ, ਪਤਰਾ 1044.

[1016] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 112.

[1017] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1220.

[1018] ਉਹੀ, ਪਤਰਾ 1359.

**ਚਿਮਨ ਰਿਸ਼ੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਰਿਸ਼ੀ ਜੋ ਮੇਧਾਵੀ ਦਾ ਗੁਰੂ ਸੀ। ਚਿਮਨ ਰਿਖੀ ਕੋ ਸੁਤ ਮੇਧਾਵੀ ਸੁ ਗੁਰੂ ਮੇਰਾ ਬਿਦਿਆ ਭਿਆਸ ਕਰੋਂ ਰੈਨਿ ਦਿਨ ਜਾਨੀਐ॥[1019]

**ਚਿਮਨਾ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਸਿਆਲਕੋਟ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1020] ਮਾਮਾ ਨੰਦ ਰਾਮ ਚੰਦ ਚਿਮਨਾ ਬਿਹਾਰੀਲਾਲ ਔਰ ਸੁਖਰਾਜ ਮਨਰਾਜ ਉਰ ਆਨੀਐ॥[1021]

**ਚੀਨ ਮਹਾਚਿਨ-** ਪੂਰਵ ਏਸ਼ੀਆ ਦਾ ਪ੍ਰਸਿਧ ਦੇਸ਼, ਜੋ ਭਾਰਤ ਦੇ ਉਤਰ ਹਿਮਾਲੇ ਤੋਂ ਪਰੇ ਹੈ। ਇਹ ਬਹੁਤ ਪੁਰਾਣਾ ਨਾਉਂ ਸੰਸਕ੍ਰਿਤ ਦੇ ਗ੍ਰੰਥਾਂ ਵਿਚ ਦੇਖਿਆ ਜਾਂਦਾ ਹੈ। ਚੀਨ ਰਾਜ ਦਾ ਵਿਸਤਾਰ 5445980 ਵਰਗ ਮੀਲ ਹੈ।[1022] ਚੀਨ ਮਹਾਚਿਨ ਹੋਇ ਕਰਿ ਅਚਲਿ ਵਟਾਲੈ ਆਇ॥78॥[1023]

**ਚੁਤਰਭੁਜ-** ਵਿਸ਼ਨੂੰ (ਦੇਖੋ) ਦਾ ਇਕ ਨਾਮ। ਸਰਗੁਨਿ ਮੇਰੋ ਰੂਪ ਚਤੁਰਿਭੁਜ ਜੋਇ ਰੇ॥[1024]

**ਚੁਰਾਸੀ ਸਿਧ-** ਲੋਕ-ਵਿਸ਼ਵਾਸ ਵਿਚ ਅਰਧ-ਦੈਵੀ ਮਨੁਖਾਂ ਦਾ ਇਕ ਵਰਗ, ਜਿਨ੍ਹਾਂ ਨੂੰ ਬੜੇ ਹੀ ਨਿਰਮਲ ਤੇ ਕਰਾਮਾਤੀ ਮੰਨਿਆ ਜਾਂਦਾ ਹੈ। ਭਾਰਤ ਦੇ (ਇਤਿਹਾਸਿਕ-ਕੋਣ ਤੋਂ) ਪੁਰਾਤਨ ਤੇ ਮਧਕਾਲ ਦੇ ਸਮੇਂ ਵਿਚ, ਇਹ ਸਿਧ ਪ੍ਰਸਿਧ ਧਾਰਮਿਕ ਵਿਅਕਤੀ ਸਨ, ਜਿਨ੍ਹਾਂ ਤਪ ਆਦਿਕ ਸਾਧਨਾਂ ਨਾਲ ਰਿਧੀਆਂ-ਸਿਧੀਆਂ ਦੀ ਪ੍ਰਾਪਤੀ ਕਰ ਲਈ ਸੀ ਅਤੇ ਆਮ ਲੋਕਾਂ ਉਤੇ ਇਨ੍ਹਾਂ ਦਾ ਬੜਾ ਪ੍ਰਭਾਵ ਸੀ। ਇਨ੍ਹਾਂ ਲੋਕਾਂ ਦੀ ਸੰਪ੍ਰਦਾਇ ਨੂੰ 'ਸਿਧਮਤਿ' ਕਿਹਾ ਜਾਂਦਾ ਹੈ, ਜਿਸ ਨੂੰ ਵਿਦਵਾਨ ਬੁਧਮਤਿ ਵਿਚੋਂ ਵਿਕਸਤ ਹੋਈ ਮੰਨਦੇ ਹਨ। ਬੁਧਮਤਿ ਦੀ ਵਜ੍ਰਯਾਨੀ-ਸ਼ਾਖਾ ਵਿਚੋਂ ਸਿਧ-ਮਤਿ ਦਾ ਵਿਕਾਸ ਹੋਇਆ। ਇਸ ਮਤਿ ਦੇ ਧਾਰਨੀਆਂ (ਸਿਧਾਂ) ਦਾ ਸਮਾਂ ਦਸਵੀਂ ਸਦੀ ਈਸਵੀ ਤੋਂ ਪਹਿਲਾਂ ਦਾ ਮੰਨਿਆ ਜਾਂਦਾ ਹੈ। ਭਾਰਤੀ ਧਰਮ-ਗ੍ਰੰਥਾਂ ਅਤੇ ਲੋਕ-ਮਾਨਸ ਵਿਚ 'ਸਿਧ' ਪੌਰਾਣਿਕ ਰੂਪ ਧਾਰ ਗਏ ਹਨ। ਇਨ੍ਹਾਂ ਦੀ ਗਿਣਤੀ 88,000 ਤਕ ਕੀਤੀ ਗਈ, ਪਰ ਵਖ-ਵਖ ਸਮੇਂ ਉਤੇ ਹੋਏ ਪ੍ਰਮੁਖ ਸਿਧਾਂ ਦੀ ਗਿਣਤੀ 84 ਮੰਨੀ ਗਈ ਹੈ, ਜਿਹੜੀ ਭਾਰਤੀ-ਧਰਮ ਸਾਹਿਤ ਵਿਚ

---

[1019] ਉਹੀ, ਪਤਰਾ 1574.

[1020] ਉਹੀ, ਪਤਰਾ 1783.

[1021] ਉਹੀ.

[1022] ਨਾਭਾ, ਕਾਨ੍ਹ ਸਿੰਘ, ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਤਵੀਂ ਵਾਰ, 2006, ਪੰਨਾ 471.

[1023] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1745.

[1024] ਉਹੀ, ਪਤਰਾ 85.

ਇਕ ਰੂੜ੍ਹੀ (Motif) ਬਣ ਗਈ ਹੈ। ਇਹ 84 ਸਿਧ ਕਿਹੜੇ-ਕਿਹੜੇ ਸਨ, ਇਨ੍ਹਾਂ ਬਾਰੇ ਕੋਈ ਪਰਮਾਣਿਕ/ਪ੍ਰਵਾਣਿਤ ਸੂਚੀ ਦੇਣੀ ਅਸੰਭਵ ਹੈ।[1025] ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ 84 ਸਿਧਾਂ ਦੇ ਨਾਮ ਇਸ ਪ੍ਰਕਾਰ ਹਨ, 1. ਭੰਗਰ ਨਾਥ, 2. ਸੰਗਰ ਨਾਥ, 3. ਸੰਘਰੁ ਤੁਰੀ, 4. ਝੰਗਰੁ, 5. ਊਰਮ ਨਾਥ, 6. ਧੂਰਮ, 7. ਕਨੀਫਾ ਨਾਥ, 8. ਹਨੀਫਾ ਨਾਥ, 9. ਸੰਗਰ ਨਾਥ, 10. ਲਹਰੂਪਾ, 11. ਹਾਰਤ ਜੀਤਨ, 12. ਲੰਘਰ ਨਾਥ, 13. ਨਾਸਕਾ ਨਾਥ ਭੇਰਵੋ, 14. ਬਿਬਾਲਕਾ, 15. ਜਾਲਕਾ ਨਾਥ, 16. ਖਿੰਥੜਾ, 17. ਨਿਰਤ, 18. ਸੁਰਤਿ, 19. ਕੇਵਲ ਕਰਨ, 20. ਗੰਗੁਲ ਨਾਥ, 21. ਸਮਰਤ, 22. ਅਸਰਿਨਿਧ, 23. ਚਤਰ ਬੈਨ, 24. ਰਾਉ ਨੈਨ, 25. ਕੇਲਕ੍ਰਨ ਨਾਥ, 26. ਔਘੜ ਨਾਥ, 27. ਪ੍ਰਬਤਿ, 28. ਈਸਰ, 29. ਭਰਥਰੀ, 30. ਭੂਤਵੇ ਨਾਥ, 31. ਕਨਿਕ, 32. ਸੰਭੂ ਨਾਥ, 33. ਅਛਰਦੇਨ, 34. ਪਲਕਿ ਨਿਧ, 35. ਪਿਪਲਕਾ, 36. ਰਾਮਾ, 37. ਗਿਰਬੋਧ, 38. ਸਾਲਸਾ, 39. ਕੇਸਕਰਨ, 40. ਕੈਲਾਸ, 41. ਅਗਨਿ ਧਾਰ, 42. ਮੁਕਤੀਸਰੁ, 43. ਚਲਨਨਾਚਤੋ, 44. ਸੂਰਐਨਿ, 45. ਸੰਧ ਸੈਨ, 46. ਗਿਰਵਰਿ, 47. ਜੋਤਿ ਲਗਨ, 48. ਜੋਤਿ ਮਗਨ, 49. ਬਿਮਲ ਜੋਤਿ, 50 ਸੀਤਲ ਜਲ, 51. ਅਘਰ ਘਨ, 52. ਤੁਲਸ ਜੋਗ, 53. ਪ੍ਰਤਪਾਨ, 54. ਰਾਮ ਕੁਅਰ, 55. ਅਕਾਲ ਨਿਰ, 56. ਕੌਲਸਰ ਨਾਥ, 57. ਕਿਸਨ ਕੁਮਾਰ, 58. ਬਿਸਨਪਾਤਿ, 59. ਸੰਕਰ ਜੋਗ, 60. ਬਰਮ ਜੋਗ, 61. ਮੀਰ ਹੁਸੈਨ, 62. ਮੀਰ ਜੰਬੀਲੀ, 63. ਕਲਿੰਦਰ ਨੈਨ, 64. ਨਲਿੰਦਰ, 65. ਸੂਰਸਤੀ, 66. ਗੋਵਰਧਨ ਸੈਨ, 67. ਅਲਨਾਸੀ, 68. ਗੁਫਾ ਬਾਸੀ, 69. ਕਲਕ ਸੰਗੀ, 70. ਏਕ ਰੰਗੀ, 71. ਕਰਮ ਨਾਸੀ, 72. ਮੂਲ ਮੰਤ੍ਰੀ, 73. ਕੇਲ ਕਰਮੀ, 74. ਕੁਲਾਬਿਲਾਸੀ, 75. ਜੋਗਾ ਤੰਤੀ, 76. ਦੀਸ ਪਰੰਗੀ, 77. ਜੋਗ ਗਹਰੇ, 78. ਆਪ ਰੂਪੀ, 79. ਬਿਹਰੀਮ ਜੋਗਿ, 80. ਕਲੇਸ ਧੂਪੀ, 81. ਖਲਾਸ ਮੁਗਲ, 82. ਕਿਦਾਰ ਜੋਗੀ, 83. ਬਚਿਤ੍ਰ, 84. ਸੰਭਾਲਕਾ। ਬਹੁਰੋ ਚਉਰਾਸੀ ਸਿਧ ਹਯੈ॥[1026]

**ਚੇਕਉਰ-** ਇਕ ਟਾਪੂ (ਦੇਖੋ) ਦਾ ਨਾਮ। ਨੰਦਰਾਇ ਗਯਾ ਚੇਕਉਰ॥[1027]

---

[1025] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 45-46.

[1026] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1026.

[1027] ਉਹੀ, ਪਤਰਾ 1318.

**ਚੋਹਾ ਸਾਹਿਬ-** ਰੋਹਤਾਸ (ਦੇਖੋ) ਵਿਖੇ ਇਕ ਅਸਥਾਨ, ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਜੀ ਇਥੇ ਗਏ ਸਨ ਅਤੇ ਇਕ ਪਾਣੀ ਦਾ ਚਸ਼ਮਾ ਪੈਦਾ ਕੀਤਾ ਸੀ। ਚੋਹਾ ਸਾਹਿਬ ਨਾਮੁ ਤਹਾ ਰਾਖਿਯੋ ਗੁਰੂ ਮਹਾਨ॥54॥[1028]

**ਚੋਖਾ ਮੇਲਾ-** ਇਕ ਪ੍ਰਸਿਧ ਮਰਾਠੀ ਸੰਤ। ਚੋਖਾ ਮੇਲਾ ਢੇਢ ਸੋ ਗੋਰਾ ਜਾਤ ਘੁਮਾਰ॥[1029]

**ਚੋਣਾ ਭਾਗੂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਚੋਣਾ ਭਾਗੂ ਜਾਨ ਸੁ ਬੈਹਲ ਪ੍ਰਮ ਚੰਦ ਜੀ॥[1030]

**ਚੋਪੜਾ ਲਾਲਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਹੋ ਹਰਸਾ ਪਰਸਾ ਮੋਖੇ ਚੋਪੜਾ ਲਾਲ ਚੰਦ॥[1031]

**ਛੇ ਜਤੀ-** ਜਿਸ ਵਿਅਕਤੀ ਨੇ ਵਿਕਾਰਾਂ ਨੂੰ ਰੋਕ ਕੇ ਇੰਦਰੀਆਂ ਉਤੇ ਕਾਬੂ ਪਾ ਲਿਆ ਹੋਵੇ, ਉਸ ਨੂੰ ਜਤੀ ਕਹਿੰਦੇ ਹਨ। ਆਮ ਅਰਥਾਂ ਵਿਚ ਗ੍ਰਹਿਸਥ ਨਾ ਅਪਨਾਉਣ ਵਾਲੇ ਨੂੰ ਵੀ 'ਜਤੀ' ਕਹਿ ਦਿਤਾ ਜਾਂਦਾ ਹੈ। ਵੈਦਿਕ-ਸਾਹਿਤ ਵਿਚ ਭ੍ਰਿਗੂਆਂ ਦੀ ਇਕ ਕੁਲ ਵੀ 'ਜਤੀ' ਸਦਾਉਂਦੀ ਹੈ। ਜੈਨਮਤਿ ਵਿਚ ਧਰਮ ਦੀ ਸਿਖਿਆ ਦੇਣ ਵਾਲੇ ਨੂੰ ਜਤੀ ਕਿਹਾ ਜਾਂਦਾ ਹੈ। ਪੌਰਾਣਿਕ-ਪਰੰਪਰਾ ਵਿਚ ਛੇ ਜਤੀ ਮੰਨੇ ਗਏ ਹਨ।[1032] ਕਵੀ ਨੇ ਛੇ ਜਤੀਆਂ ਦੇ ਨਾਮ ਇਸ ਪ੍ਰਕਾਰ ਦਿਤੇ ਹਨ, 1. ਗੋਰਖ, 2. ਦਤ, 3. ਹਨਮਤਿ, 4. ਭੇਰੋਂ, 5. ਲਛਮਣ, 6. ਭੀਖਮ। ਬਹੁਰਿ ਜਤੀ ਛਿਅ ਜਾਨੋ ਸਾਥ॥43॥[1033]

**ਜਸ ਦਾਇਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਰੂਪ ਨਾਇਕਾ॥ ਜਸੁ ਦਾਇਕਾ॥[1034]

---

[1028] ਉਹੀ, ਪਤਰਾ 1675.

[1029] ਉਹੀ, ਪਤਰਾ 232.

[1030] ਉਹੀ, ਪਤਰਾ 1630.

[1031] ਉਹੀ, ਪਤਰਾ 1629.

[1032] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 115.

[1033] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1026.

[1034] ਉਹੀ, ਪਤਰਾ 1054.

**ਜਸੋਵਾਲ-** ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਜਗਰਾਉਂ ਦੇ ਇਕ ਪਿੰਡ ਦਾ ਨਾਮ, ਜੋ ਲੁਧਿਆਣਾ ਰਾਏਕੋਟ ਸੜਕ ਤੋਂ ਤਿੰਨ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ।[1035] ਜਸੋਵਾਲ ਅਖਾੜਾ ਤਿਸ ਕਾ ਜਾਨਿਯੈ॥[1036]

**ਜਖਮੇਖ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ, ਧਰਤੀ ਉਪਰ ਪ੍ਰਮੁਖ ਅਠ ਪਰਬਤ ਹਨ, ਇਨ੍ਹਾਂ ਅਠਾਂ ਉਪਰ ਦਸ ਹੋਰ ਪਰਬਤ ਹਨ, ਉਨ੍ਹਾਂ ਦਸਾਂ ਵਿਚੋਂ ਇਕ ਦਾ ਨਾਮ। ਜਖਮੇਖ ਇਹੁ ਦਸ ਤੁਮ ਜਾਨੋ॥[1037]

**ਜਖਯਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਦੇਵ ਰਖਨੀ॥ ਬਹੁਰਿ ਜਖਯਨੀ॥91॥[1038]

**ਜਗ ਸੀਤਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸ਼੍ਰੋਮਣੀ ਬੇਦੀਆਂ ਵਿਚੋਂ ਇਕ। ਇਹ ਗੁਰੂ ਜੀ ਦੇ ਵਿਆਹ ਸਮੇਂ ਸੁਲਤਾਨਪੁਰ ਤੋਂ ਨਾਲ ਗਿਆ ਸੀ। ਜਗ ਸੀਤਲ ਪ੍ਰਿਥਮ ਤੁਮ ਜਾਨੋ॥[1039]

**ਜੰਗ ਜੀਤਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਜੰਗ ਜੀਤਨੀ॥ ਜੈਸੁਕੀਤਨੀ॥[1040]

**ਜੰਗ ਜੋਧ-** ਇਕ ਟਾਪੂ (ਦੇਖੋ) ਦਾ ਨਾਮ। ਜੰਗ ਜੋਧ ਅਰੁ ਜੰਗ ਬਲਿ ਨੰਦਾ ਬ੍ਰਹਮਾ ਜਾਨ॥[1041]

**ਜੰਗ ਬਲਿ-** ਇਕ ਟਾਪੂ (ਦੇਖੋ) ਦਾ ਨਾਮ। ਜੰਗ ਜੋਧ ਅਰੁ ਜੰਗ ਬਲਿ ਨੰਦਾ ਬ੍ਰਹਮਾ ਜਾਨ॥[1042]

**ਜਗਤ ਰਾਇ (ਬੇਦੀ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸ਼੍ਰੋਮਣੀ ਬੇਦੀਆਂ ਵਿਚੋਂ ਇਕ। ਇਹ ਗੁਰੂ ਜੀ ਦੇ ਵਿਆਹ ਸਮੇਂ ਸੁਲਤਾਨਪੁਰ ਤੋਂ ਨਾਲ ਗਿਆ ਸੀ। ਜਗਤਿ ਰਾਇ ਪੰਚਮ ਤੁਮ ਮਾਨੋ॥39॥[1043]

---

1035 ਸੁਖਮਿੰਦਰ ਸਿੰਘ (ਸੰਪਾ.), *ਪੰਜਾਬ ਦੇ ਪਿੰਡ, ਸ਼ਹਿਰ ਅਤੇ ਕਸਬੇ,* ਇੰਡੀਅਨ ਸਟੈਟਿਸਟੀਕਲ ਲਾਇਬ੍ਰੇਰੀ, ਲੁਧਿਆਣਾ, ਨੌਵੀਂ ਵਾਰ, 2011, ਪੰਨਾ 488.

1036 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 5.

1037 ਉਹੀ, ਪਤਰਾ 1008.

1038 ਉਹੀ, ਪਤਰਾ 1054.

1039 ਉਹੀ, ਪਤਰਾ 540.

1040 ਉਹੀ, ਪਤਰਾ 1054.

1041 ਉਹੀ, ਪਤਰਾ 1318.

1042 ਉਹੀ.

**ਜਗਤਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਨਾਗਰਚੰਦ ਅਣੀ ਦਖਣੀ ਅਰੁ ਮੋਹਿਣ ਜੀ ਜਗਤਾ ਪਰਸਾ ਹੈ॥[1044]

**ਜਗਤਿਪਾਲ (ਰਾਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜਾਪਾ ਪਟਣ (ਦੇਖੋ) ਦੇ ਸਤ ਰਾਜਿਆਂ ਵਿਚੋਂ ਇਕ ਰਾਜੇ ਦਾ ਨਾਮ। ਜਗਤਿਪਾਲ ਖਸਟਮ ਪਹਚਾਨ॥[1045]

**ਜਗਤਿਰਾਇ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਜਗਤਿਰਾਇ ਪੁਨਿ ਅਵਰ ਸਿਆਮਾ॥[1046]

**ਜਗਤਿਰਾਇ (ਦੂਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਜਗਤਿਰਾਇ ਵਖਤਾਵਰਿ ਅਵਰਿ ਸੁ ਜਾਨਿਯੈ॥[1047]

**ਜਗੰਨਾਥ-** ਸੰਸਾਰ ਦਾ ਸੁਆਮੀ। ਵਿਸ਼ਨੂੰ ਜਾਂ ਕ੍ਰਿਸ਼ਨ ਦਾ ਇਕ ਵਿਸ਼ੇਸ਼ ਰੂਪ। ਇਸ ਦੀ ਪੂਜਾ ਬੰਗਾਲ ਅਤੇ ਭਾਰਤ ਦੇ ਹੋਰਨਾਂ ਥਾਵਾਂ ਉਤੇ ਕੀਤੀ ਜਾਂਦੀ ਹੈ, ਪਰ ਉੜੀਸਾ ਵਿਚ ਕਟਕ ਦੇ ਨੇੜੇ ਦਾ ਇਕ ਸ਼ਹਿਰ ਪੁਰੀ ਇਸ ਦੀ ਪੂਜਾ ਦਾ ਮਹਾਨ ਕੇਂਦਰ ਹੈ।[1048] ਜਗੰਨਾਥ ਬੋਧਾ ਅਵਤਾਰੇ॥[1049]

**ਜਗਰਾਇ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਜਗਸੀਤਲ ਮਾਣਕਚੰਦ ਹਰੀਕਿਸਨਾ ਬਿਸਨਾ ਕਿਰਪਾ ਜਗਰਾਇ॥[1050]

---

[1043] ਉਹੀ, ਪਤਰਾ 540.

[1044] ਉਹੀ, ਪਤਰਾ 594.

[1045] ਉਹੀ, ਪਤਰਾ 1388.

[1046] ਉਹੀ, ਪਤਰਾ 594.

[1047] ਉਹੀ, ਪਤਰਾ 595.

[1048] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 245-46.

[1049] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 74.

[1050] ਉਹੀ, ਪਤਰਾ 594.

**ਜੰਗੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਆਦਮ ਤੋਂ ਜੋ ਚਾਰ ਕੌਮਾਂ ਪੈਦਾ (ਦੇਖੋ) ਦੇ ਪੁਤਰ ਕਾਬਲ (ਦੇਖੋ) ਹੋਈਆਂ ਉਨ੍ਹਾਂ ਵਿਚੋਂ ਇਕ ਦਾ ਨਾਮ।ਜੰਗੀ ਇਰਮਨੀ ਰੂਮੀ ਜਾਨ॥ ਅਵਰ ਫਿਰੰਗ ਸਿਲਾਰ ਪਛਾਨ॥[1051]

**ਜਟ ਮਲ (ਬੇਦੀ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸ਼੍ਰੋਮਣੀ ਬੇਦੀਆਂ ਵਿਚੋਂ ਇਕ। ਇਹ ਗੁਰੂ ਜੀ ਦੇ ਵਿਆਹ ਸਮੇਂ ਸੁਲਤਾਨਪੁਰ ਤੋਂ ਨਾਲ ਗਿਆ ਸੀ। ਜਟ ਮਲ ਲਾਲ ਚੰਦ ਪੁਨਿ ਜਾਨੋ॥[1052]

**ਜਟਮੱਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਜਟਮੱਲ ਅਟੱਲ ਪ੍ਰਿਥੀਮਲਿ ਜਾ ਰਤਨਾਹਰਿ ਕੇਸਰ ਜੀ ਕਰਮਾਏ॥[1053]

**ਜਟਮਲਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨੇਊ ਦੀ ਰਸਮ 'ਤੇ ਆਇਆ ਇਕ ਸਾਕ ਸਬੰਧੀ। ਜਗਤਿਰਾਇ ਜਟਮਲਿ ਬੁਧਿਵਾਨ॥[1054]

**ਜਨਕ-** ਪੁਰਾਣ-ਸਾਹਿਤ ਵਿਚ ਦੋ ਜਨਕ ਰਾਜਿਆਂ ਦਾ ਉਲੇਖ ਹੈ। ਇਕ ਸੂਰਜਵੰਸ਼ੀ ਰਾਜਾ, ਜਿਹੜਾ ਮਿਥਿਲਾ ਉਪਰ ਰਾਜ ਕਰਦਾ ਸੀ। ਦੂਸਰਾ ਵਿਦੇਹ ਦਾ ਰਾਜਾ ਤੇ ਰਾਮਚੰਦਰ ਦੀ ਸੁਪਤਨੀ ਸੀਤਾ ਦਾ ਪਿਤਾ। ਭਾਰਤੀ-ਮਿਥਿਹਾਸ ਜ਼ਿਆਦਾਤਰ ਦੂਸਰੇ ਰਾਜੇ ਦਾ ਹੀ ਜ਼ਿਕਰ ਕਰਦਾ ਹੈ। ਇਹ ਰਾਜਾ ਆਪਣੇ ਵਿਸ਼ਾਲ ਗਿਆਨ ਤੇ ਸ਼ੁਭ-ਕਾਰਜਾਂ ਕਰਕੇ ਪ੍ਰਸਿਧ ਸੀ। ਇਸ ਦੀ ਗਿਣਤੀ ਭਾਰਤ ਦੇ ਆਦਰਸ਼ਕ ਪਰਉਪਕਾਰੀ ਰਾਜਿਆਂ ਵਿਚ ਕੀਤੀ ਜਾਂਦੀ ਹੈ।[1055] ਜਨਕਿ ਬਿਦੇਹਿ ਸੁ ਇਕ ਸਮੈ ਪਰਮ ਪੁਰਖੁ ਪੈ ਜਾਇ॥[1056]

---

[1051] ਉਹੀ, ਪਤਰਾ 948.

[1052] ਉਹੀ, ਪਤਰਾ 540.

[1053] ਉਹੀ, ਪਤਰਾ 594.

[1054] ਉਹੀ, ਪਤਰਾ 287.

[1055] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 115.

[1056] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 99.

**ਜਨਕਾਦਿਕ-** ਜਨਕ (ਦੇਖੋ) ਅਤੇ ਹੋਰ ਅਵਤਾਰ (ਜਨਕ+ਆਦਿਕ)। ਜਨਕਾਦਿਕ ਨਾਰਦ ਬਯਾਸ ਮੁਨੀ ਹਰਿਨਾਮ ਮਹਾਤਮ ਭਾਖਹਿ ਸਾਰੇ॥[1057]

**ਜਨੀ ਬਾਈ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਪਾਂਡੂਰੰਗ (ਦੇਖੋ) ਦੀ ਇਕ ਭਗਤ। ਜਨੀ ਬਾਈ ਕੇ ਕਾਮ ਸਭ ਕਰੈ ਪਾਡੂਰੰਗ॥30॥[1058]

**ਜਪੁ ਗੁਟਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜਪੁ ਦੇ ਗੁਟਕੇ ਦਾ ਮਨੁਖ ਦੀ ਦੇਹ ਧਾਰਨ ਕਰਕੇ ਇਕ ਬਾਲਕ ਦੇ ਰੂਪ ਵਿਚ ਪ੍ਰਗਟ ਹੋਣਾ। ਖੇਮ ਚੰਦ (ਦੇਖੋ) ਦੇ ਗੁਰਬਾਣੀ ਪੜ੍ਹਨ ਸਦਕਾ ਉਸ ਦੇ ਮੁਸ਼ਕਿਲ ਹਾਲਾਤਾਂ ਵਿਚ ਜਪੁ ਗੁਟਕੇ ਨੇ ਮਨੁਖ ਦਾ ਰੂਪ ਧਾਰਣ ਕਰਕੇ ਉਸ ਦੀ ਮਦਦ ਕੀਤੀ।[1059] ਜਪੁ ਗੁਟਕਾ ਤਿਨ ਨਾਮੁ ਬਤਾਯੋ॥[1060]

**ਜਬਰਾਇਲ-** ਇਸਲਾਮੀ-ਪਰੰਪਰਾ ਦਾ ਇਕ ਫਰਿਸ਼ਤਾ, ਇਸ ਨੂੰ 'ਰੂਹ-ਉਲ-ਕੁਦਸ' (The Holy Ghost) ਵੀ ਕਿਹਾ ਜਾਂਦਾ ਹੈ। ਇਹ ਫਰਿਸ਼ਤਾ ਹਜ਼ਰਤ ਮੁਹੰਮਦ ਸਾਹਿਬ ਤੇ ਅਲਾਹ ਵਿਚਾਲੇ ਵਿਚੋਲੇ ਦਾ ਕੰਮ ਕਰਦਾ ਸੀ। ਖੁਦਾ ਵਲੋਂ ਭੇਜੇ ਸੁਨੇਹੇ ਮੁਹੰਮਦ ਸਾਹਿਬ ਤਕ ਇਸ ਫਰਿਸ਼ਤੇ ਰਾਹੀਂ ਹੀ ਪਹੁੰਚਾਏ ਜਾਂਦੇ ਸਨ, ਜਿਹੜੇ ਬਾਦ ਵਿਚ ਕੁਰਾਨ ਦੀਆਂ ਆਇਤਾਂ ਬਣੇ। ਹਿਰਾ ਨਾਂ ਦੇ ਪਹਾੜ ਉਤੇ ਇਨ੍ਹਾਂ ਦੀ ਮੁਲਾਕਾਤ ਹੁੰਦੀ ਸੀ।[1061] ਜਬਰਾਈਲ ਦਿਖਾਇਓ ਸੁ ਕੁਦਰਤਿ ਸੁ ਤਰ ਕਤਾਰ॥[1062]

**ਜੰਬੂ ਦੀਪ-** ਲਗਭਗ ਸਾਰਾ ਭਾਰਤ ਅਤੇ ਏਸ਼ੀਆ-ਮਹਾਂਦੀਪ ਦਾ ਕੁਝ ਹਿਸਾ।[1063] ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸੱਤ ਦੀਪਾਂ (ਦੇਖੋ) ਵਿਚੋਂ ਇਕ ਦਾ ਨਾਮ। ਜੰਬੂ ਦੀਪ ਨਾਮ ਸੋ ਕਹਯੈ॥32॥[1064]

---

1057 ਉਹੀ, ਪਤਰਾ 1516.

1058 ਉਹੀ, ਪਤਰਾ 1842.

1059 ਉਹੀ, ਪਤਰਾ 1660-65.

1060 ਉਹੀ, ਪਤਰਾ 1663.

1061 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 116.

1062 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 917.

1063 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 135.

**ਜਮ ਗਣ-** 'ਗਣ' ਦੇ ਸ਼ਾਬਦਿਕ ਅਰਥ 'ਸਮੂਹ' ਹਨ। 'ਜਮ ਗਣ' ਭਾਵ ਯਮ ਦੇ ਗਣਾਂ ਦਾ ਸਮੂਹ। ਹਰਿ ਗਣਿ ਜਮ ਗਣਿ ਲਰੈਂ ਕਿਨਾਰੇ॥20॥[1065]

**ਜਮਨਾ-** ਭਾਰਤ ਦੀਆਂ ਪ੍ਰਸਿਧ ਨਦੀਆਂ ਵਿਚੋਂ ਇਕ ਨਦੀ। ਇਹ ਟੇਹੜੀ ਖੇਤਰ ਦੇ ਕਲਿੰਦ ਪਰਬਤ ਤੋਂ ਨਿਕਲ ਕੇ ਲਗਭਗ 115 ਕਿ.ਮੀ. ਪਹਾੜੀ ਸਫਰ ਕਰਦੀ ਹੋਈ ਫੈਜ਼ਾਬਾਦ ਨਾਂ ਦੇ ਸਥਾਨ ਕੋਲ ਮੈਦਾਨੀ ਇਲਾਕੇ ਵਿਚ ਪ੍ਰਵੇਸ਼ ਕਰਦੀ ਹੈ ਅਤੇ ਲਗਭਗ 1400 ਕਿ. ਮੀ. ਵਹਿ ਕੇ ਇਲਾਹਾਬਾਦ ਦੇ ਨੇੜੇ ਸੰਗਮ ਵਿਚ ਗੰਗਾ ਨਾਲ ਜਾ ਰਲਦੀ ਹੈ। ਇਸ ਕਰਕੇ ਇਸ ਨੂੰ ਤ੍ਰਿਵੇਣੀ (ਗੰਗਾ-ਜਮਨਾ-ਸਰਸਵਤੀ) ਵਿਚ ਸ਼ਾਮਲ ਕੀਤਾ ਜਾਂਦਾ ਹੈ।[1066] ਤਹ ਤੇ ਸਤਿਗੁਰ ਬਿਦਾ ਹ੍ਵੈ ਆਇ ਸੁ ਜਮਨਾ ਤੀਰ॥[1067]

**ਜਯਵੰਤ (ਸਥਾਨ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕ੍ਰੌਂਚ ਦੀਪ (ਦੇਖੋ) ਦੇ ਇਕ ਸ਼ਹਿਰ ਦਾ ਨਾਮ। ਤਿਸ ਮੈ ਸਹਰਿ ਏਕ ਜਯਵੰਤ॥[1068]

**ਜਯਵੰਤ (ਰਾਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਪੁਸਕਰ ਦੀਪ (ਦੇਖੋ) ਦਾ ਇਕ ਰਾਜਾ ਜੋ ਹੀਯਾਵੰਤ ਵੰਸ਼ ਵਿਚੋਂ ਸੀ। ਨਾਮ ਤਾਹਿ ਜਯਵੰਤਿ ਸੁ ਜਾਨ॥[1069]

**ਜਯੇ-** ਇਕ ਟਾਪੂ (ਦੇਖੋ) ਦਾ ਨਾਮ। ਇਯੰ ਜਯੇ ਯਿਤੀ ਯੇਯੰਪਾਲ॥[1070]

**ਜਰੀਫ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਿਆਲਕੋਟ ਦਾ ਰਹਿਣ ਵਾਲਾ ਇਕ ਸਯਦ ਜੋ ਗੁਰੂ ਜੀ ਦੀ ਚਰਚਾ ਸੁਣ ਕੇ ਸੁਲਤਾਨਪੁਰ ਵਿਚ ਦਰਸ਼ਨ ਕਰਨ ਆਇਆ ਸੀ। ਨਾਮ ਜਰੀਫ ਤਾਹਿ ਕਾ ਅਹੇ॥[1071]

---

1064 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1008.

1065 ਉਹੀ, ਪਤਰਾ 1252.

1066 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 117.

1067 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1496.

1068 ਉਹੀ, ਪਤਰਾ 1284.

1069 ਉਹੀ, ਪਤਰਾ 1400.

1070 ਉਹੀ, ਪਤਰਾ 1318.

1071 ਉਹੀ, ਪਤਰਾ 365.

**ਜੱਲਣ (ਜੱਟ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਉਪਰੰਤ ਦਰਸ਼ਨ ਕਰਨ ਆਇਆ ਇਕ ਵਿਅਕਤੀ। ਸੰਮਣ ਥੰਮਣ ਜੱਲਣ ਜੱਟ॥[1072]

**ਜਲੰਧਰਿ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਕਰੀ ਜਲੰਧਰਿ ਕੀ ਤਿਨ ਸੇਵਾ॥[1073]

**ਜਲਪੁਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਿਵਾਲੈ ਤੀਰਥ (ਦੇਖੋ) ਦੇ ਰਾਜਾ ਯੇਲੂ ਦੇ ਪੂਰਬਲੇ ਜਨਮ ਦਾ ਨਾਮ ਬਿਦਿਆਧਰ ਸੀ, ਇਸ ਨਗਰ ਵਿਚ ਉਸ ਦੀ ਮਾਤਾ ਰਾਮਜਨੀ ਆ ਕੇ ਰਹੀ ਸੀ, ਇਹ ਨਗਰ ਮੁਲਤਾਨਾ ਦੇ ਨੇੜੇ ਦਸਿਆ ਹੈ। ਜਲਪੁਰ ਨਾਮ ਨਗਰ ਹੈ ਜੋਊ॥[1074]

**ਜਲਾਲਾਬਾਦ-** ਸੁਲਤਾਨਪੁਰ ਦੇ ਨੇੜੇ ਦਾ ਇਕ ਪਿੰਡ।[1075] ਗੁਰ ਸਿਕਾਰਪੁਰ ਤੇ ਚਲੇ ਗਏ ਜਲਾਲਾਬਾਦਿ॥[1076]

**ਜਲਾਲੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਫਕੀਰ ਜਿਸ ਨੇ ਦੌਲਤ ਖਾਂ ਨੂੰ ਕਿਹਾ ਸੀ ਕਿ ਜਿਸ ਸਥਾਨ ਉਪਰ ਗੁਰੂ ਜੀ ਬੈਠਿਆ ਕਰਦੇ ਸਨ ਉਸ ਸਥਾਨ ਦੀ ਪੂਜਾ ਕਰਨੀ ਚਾਹੀਦੀ ਹੈ। ਇਕ ਫਕੀਰ ਤਹਿ ਰਹੈ ਜਲਾਲੀ॥[1077]

**ਜਲਿ ਪਤਿ ਵਰਨ-** ਭਾਰਤੀ ਪਰੰਪਰਾ ਅਨੁਸਾਰ ਪਾਣੀ ਦਾ ਦੇਵਤਾ। ਸਾਮੀ ਰਵਾਇਤਾਂ ਅਨੁਸਾਰ ਪਾਣੀ ਦਾ ਦੇਵਤਾ ਖਵਾਜਾ (ਦੇਖੋ) ਨੂੰ ਮੰਨਿਆ ਜਾਂਦਾ ਹੈ।[1078] ਇਤਿਨੇ ਜਲਿ ਪਤਿ ਵਰਨ ਸੁ ਆਯੋ॥[1079]

---

[1072] ਉਹੀ, ਪਤਰਾ 159.

[1073] ਉਹੀ, ਪਤਰਾ 675.

[1074] ਉਹੀ, ਪਤਰਾ 1539.

[1075] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 118.

[1076] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1483.

[1077] ਉਹੀ, ਪਤਰਾ 669.

[1078] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 99.

[1079] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1454.

**ਜੱਲੁਣ-** ਭਾਈ ਕਾਨ੍ਹ ਸਿੰਘ ਨਾਭਾ ਨੇ ਜਲ੍ਹਣ ਨੂੰ ਇਕ ਭਟ ਦਸਿਆ ਹੈ।[1080] ਪਰ ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਹ ਗੁਰੂ ਨਾਨਕ ਦੇਵ ਜੀ ਦਾ ਇਕ ਸਿਖ ਸੀ। ਇਸ ਦੇ ਨਾਲ ਇਕ ਸਿਖ ਸੰਮਣ ਦਾ ਨਾਮ ਵੀ ਜੋੜਿਆ ਹੈ। ਜੱਲੁਣ ਸੰਮਣ ਮੋਦਾਂ ਮਾਈ॥[1081]

**ਜਾਦੋ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਹ ਕੋਈ ਤਲਵੰਡੀ ਦਾ ਹੀ ਇਕ ਵਿਅਕਤੀ ਹੈ। ਇਹ ਲੇਖਾ ਕਰਨ ਵਾਲੇ ਜਾਦੋ ਨਾਲੋਂ ਵਖਰਾ ਹੈ, ਜੋ ਸੁਲਤਾਨਪੁਰ ਦਾ ਸੀ। ਲਾਲੂ ਕਾਲੂ ਦੋਨੋ ਭਾਈ ਤੀਜਾ ਜਾਦੋ ਜਾਨੀਐ॥[1082]

**ਜਾਦੋ ਰਾਇ (ਲੇਖਾਕਾਰ)-** ਸੁਲਤਾਨਪੁਰ ਦੇ ਨਵਾਬ ਦੌਲਤ ਖਾਂ ਲੋਧੀ ਦਾ ਇਕ ਕਰਮਚਾਰੀ, ਜਿਸ ਨੇ ਦੂਜੀ ਵਾਰ ਮੋਦੀਖਾਨੇ, ਜਿਥੇ ਗੁਰੂ ਸਾਹਿਬ ਮੋਦੀ ਦਾ ਕੰਮ ਕਰਦੇ ਸਨ, ਦਾ ਹਿਸਾਬ-ਕਿਤਾਬ ਕਰਕੇ ਨਵਾਬ ਨੂੰ ਵੇਰਵਾ ਭੇਜਿਆ, ਜਿਸ ਵਿਚ ਸਭ ਕੁਝ ਠੀਕ-ਠਾਕ ਪਾਇਆ ਗਿਆ।[1083] ਜਾਦੋ ਰਾਇ ਬੁਲਾਯੋ ਖਾਂਨ॥[1084]

**ਜਾਪਾ ਪਟਣ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਬੰਦਰਗਾਹ (ਦੇਖੋ) ਦਾ ਨਾਮ, ਇਸ ਬੰਦਰਗਾਹ ਦੇ ਵਿਚ 14000 ਪਿੰਡ ਸਨ ਅਤੇ ਇਸ ਦੇ ਸਤ ਰਾਜੇ- ਮਾਯਾਵੀ, ਮਾਯਾਵੀਰ, ਧਰਮਧ੍ਰੂਜ, ਕਰਮਪਾਲ, ਕਰਣਰੂਪ, ਜਗਤਿਪਾਲ, ਕੇਤੂਮਹਾ/ਮਹਾਕੇਤੂ। ਜਾਪਾ ਪਟਣੰ ਬੰਦਰੰ ਨਾਮ ਬਿਲਾਇਤਿ ਮਾਨ॥34॥[1085]

**ਜਾਪੂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਵਿਅਕਤੀ ਜਿਸਦੇ ਨਾਮ ਉਪਰ ਉਹਰੀਜਾਪੂ (ਦੇਖੋ) ਨਾਮ ਦਾ ਨਗਰ ਵਸਿਆ। ਉਹਰੀ ਜਾਪੂਹੁ ਖੱਤ੍ਰੀ ਬੰਸੀ ਖੱਤ੍ਰੀ ਸੋਇ॥[1086]

**ਜਾਲਕਾ ਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੰਦ੍ਰਵੋ ਜਾਲਕਾ ਨਾਥ ਖਿੰਥੜਾ ਸੋਲਵੋ ਜਾਨ ਸਤ੍ਰਵੋ ਨਿਰਤ ਸਿਧ ਮਨ ਮੈ ਪਛਾਨਸੋ॥[1087]

---

1080 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 514.

1081 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 792.

1082 ਉਹੀ, ਪਤਰਾ 1499.

1083 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 118.

1084 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 517.

1085 ਉਹੀ, ਪਤਰਾ 1388.

1086 ਉਹੀ, ਪਤਰਾ 772.

**ਜਾਲੋ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਰਾ ਰਾਮਖਾਨ/ਰਹਿਮਖਾਨ (ਦੇਖੋ) ਦਾ ਇਕ ਹੋਰ ਦੀਬਾਨ। ਉਪਲੇ ਖਤਰੀ ਇਕ ਔਰ ਦੁਬਾਨ ਹੁਤੋ ਤਿਸ ਕਾ ਤਹਿ ਨਾਮ ਸੁ ਜਾਲੋ॥[1088]

**ਜੀਤਨ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੁਨਿ ਡੰਗਰ ਭੰਗਰ ਲੰਗਰ ਜੂਫ਼ਨਿ ਹਾਰਤਿ ਜੀਤਨ ਈਸਰ ਭਾਰੇ॥[1089]

**ਜੀਵਣ -(ਮੁੱਲਾ)**ਮਕੇ ਦਾ ਇਕ ਕਾਜੀ। ਪਿਛਲੀ ਪਹਰਿ ਰਾਤਿ ਰਹੀ ਜਬੈ॥ ਮੁੱਲਾ ਜੀਵਣ ਆਯੋ ਤਬੈ॥[1090]

**ਜੁਆਲਾ-** ਹਿਮਾਚਲ ਪ੍ਰਦੇਸ਼ ਵਿਚ ਕਾਂਗੜਾ ਜਿਲ੍ਹੇ ਦਾ ਇਕ ਧਰਮ-ਧਾਮ 'ਜਵਾਲਾਮੁਖੀ', ਜੁਆਲਾ ਦੇਵੀ ਦਾ ਮੰਦਿਰ ਹੈ। ਇਸ ਦਾ ਨਾਉਂ ਚੰਡੀ ਵੀ ਹੈ, ਕਈ ਦੁਰਗਾ ਵੀ ਕਹਿ ਦਿੰਦੇ ਹਨ। ਇਸ ਦੇ ਮੂੰਹ ਵਿਚੋਂ ਅੱਗ ਦੀਆਂ ਲਾਟਾਂ ਨਿਕਲਦੀਆਂ ਮੰਨੀਆਂ ਜਾਂਦੀਆਂ ਹਨ।[1091] ਅਪਨਾ ਤੁਮ ਨਾਮੁ ਕਹੋ ਹਮ ਕੋ ਹਮਰਾ ਸੁਨਿ ਨਾਮੁ ਸੁ ਆਹਿ ਜੁਆਲਾ॥[1092]

**ਜੁਧਿਸਟਰ-** ਇਹ ਪੰਜ ਪਾਂਡਵਾਂ ਵਿਚੋਂ ਸਭ ਤੋਂ ਵਡਾ ਰਾਜਕੁਮਾਰ ਅਤੇ ਮਿਥਿਹਾਸਕ ਤੌਰ 'ਤੇ ਨਿਆਂ ਦੇ ਦੇਵਤੇ ਧਰਮਰਾਜ ਦਾ ਪੁਤਰ ਸੀ। ਪੰਜਾਂ ਪਾਂਡਵਾਂ ਵਿਚੋਂ ਇਹ ਹਿੰਦੂਆਂ ਦਾ ਹਰਮਨ ਪਿਆਰਾ ਹੈ ਅਤੇ ਆਪਣੇ ਸ਼ਾਂਤ ਸੁਭਾ, ਬੇਲਾਗ ਨਿਆਂ, ਅਹਿਲ ਸਤਵਾਦਤਾ, ਪਵਿਤਰ ਆਚਰਨ ਅਤੇ ਧਰਮਗਤਾ ਲਈ ਬਹੁਤ ਪ੍ਰਸਿਧ ਹੈ। ਇਹ ਇਕ ਸੁਯੋਗ ਸ਼ਾਸਕ ਅਤੇ ਨਿਰਦੇਸ਼ਕ ਦੇ ਤੌਰ ਤੇ ਵਧੇਰੇ ਪ੍ਰਸਿਧ ਹੈ। ਇਸ ਨੇ ਧ੍ਰਿਤਰਾਸ਼ਟਰ ਦੇ ਦਰਬਾਰ ਵਿਚ ਵਿਦਿਆ ਪ੍ਰਾਪਤ ਕਰਨ ਤੋਂ ਬਾਦ ਗੁਰੂ ਦ੍ਰੋਣ ਕੋਲੋਂ ਸ਼ਸਤਰ ਵਿਦਿਆ ਸਿਖੀ।[1093] ਏਕ ਜੁਧਿਸਟਰ ਸਾਬਤਿ ਆਯੋ॥[1094]

---

1087 ਉਹੀ, ਪਤਰਾ 1026.

1088 ਉਹੀ, ਪਤਰਾ 691.

1089 ਉਹੀ, ਪਤਰਾ 246.

1090 ਉਹੀ, ਪਤਰਾ 889.

1091 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 119.

1092 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1044-45.

1093 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 452.

1094 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 979.

**ਜੂਫੁਨਿ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੁਨਿ ਝੰਗਰ ਭੰਗਰ ਲੰਗਰ ਜੂਫੁਨਿ ਹਾਰਤਿ ਜੀਤਨ ਈਸਰ ਭਾਰੇ॥[1095]

**ਜੂਰ ਸਿੰਧ-** ਇਕ ਟਾਪੂ (ਦੇਖੋ) ਦਾ ਨਾਮ। ਪੁਨਿ ਇਕਸਮੰ ਜੂਰ ਸਿੰਘ ਹਯੈ॥58॥[1096]

**ਜੇਲਵ (ਜੇਹਲਮ)-** ਵਿਤਸ੍ਰਾ ਨਦੀ, ਜੋ ਕਸ਼ਮੀਰ ਵਿਚੋਂ ਵਾਰਿਨਾਗ ਆਦਿ ਚਸ਼ਮਿਆਂ ਤੋਂ ਉਪਜਕੇ ਬਾਰਾਂਮੂਲਾ, ਮੁਜ਼ੱਫਰਾਬਾਦ, ਕੋਹਾਲਾ, ਜੇਹਲਮ, ਗੁਜਰਾਤ, ਸ਼ਾਹਪੁਰ, ਬੰਗ ਆਦਿ ਇਲਾਕਿਆਂ ਵਿਚੋਂ 450 ਮੀਲ ਵਹਿੰਦੀ ਹੋਈ ਮਘਿਆਣੇ ਪਾਸ ਚਨਾਬ (ਚੰਦ੍ਰਭਾਗਾ) ਵਿਚ ਜਾ ਮਿਲਦੀ ਹੈ। ਕਸ਼ਮੀਰ ਦੀ ਰਾਜਧਾਨੀ ਸ੍ਰੀਨਗਰ, ਇਸੇ ਦੇ ਕਿਨਾਰੇ ਆਬਾਦ ਹੈ।[1097] ਜੇਲਵ ਰਾਵੀ ਤੁੰਗਭਦਰਾ ਸੁ ਭਾਵੀ ਸਿੰਧ ਟੌਸ ਸਰਜੂ ਸੁਗਿਰੀ ਉਰਿ ਆਨੀਐ॥[1098]

**ਜੈ ਕਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਭੂਤਿ ਭੈ ਕਰੀ॥ ਬਹੁਰਿ ਜੈ ਕਰੀ॥[1099]

**ਜੈ ਰਾਮ (ਸਿਖ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਕਰਮ ਚੰਦ ਜੈ ਰਾਮ ਸੁ ਤੇਹਣਿ ਦੋਨਈ॥[1100]

**ਜੈਸੁਕੀਤਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਜੰਗ ਜੀਤਨੀ॥ ਜੈਸੁਕੀਤਨੀ॥[1101]

**ਜੈਦਰਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਜੈਦਰਥ ਸੀਤਾਰਾਮ॥[1102]

---

[1095] ਉਹੀ, ਪਤਰਾ 246.

[1096] ਉਹੀ, ਪਤਰਾ 1318.

[1097] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 531.

[1098] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 57.

[1099] ਉਹੀ, ਪਤਰਾ 1054.

[1100] ਉਹੀ, ਪਤਰਾ 1629.

[1101] ਉਹੀ, ਪਤਰਾ 1054.

[1102] ਉਹੀ, ਪਤਰਾ 595.

**ਜੈਦੇਉ (ਸਿਖ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਭੰਡਾਰੀ ਜੈ ਦੇਉ ਕੇਸਰੀ ਲਕੜੰ॥[1103]

**ਜੈਦੇਉ (ਭਗਤ)-** ਤੇਰ੍ਹਵੀਂ ਸਦੀ ਦੇ ਇਕ ਬੰਗਾਲੀ ਭਗਤ ਕਵੀ (1201-1245 ਈ.) ਜਿਨ੍ਹਾਂ ਦੀ ਸੰਸਕ੍ਰਿਤ ਰਚਨਾ 'ਗੀਤ ਗੋਵਿੰਦ' ਕਾਵਿ ਤੇ ਸੰਗੀਤ ਕਲਾ ਦੇ ਪੱਖ ਤੋਂ ਕਾਫੀ ਪ੍ਰਸਿਧ ਹੈ। ਆਪ ਦਾ ਜਨਮ ਜ਼ਿਲ੍ਹਾ ਬੀਰ-ਭੂਮਿ ਦੇ ਪਿੰਡ ਕੇਂਦਲੀ ਵਿਚ ਹੋਇਆ, ਜਿਥੇ ਕਿ ਯਾਦਗਾਰੀ ਮੰਦਰ ਬਣਿਆ ਹੋਇਆ ਹੈ। ਕ੍ਰਿਸ਼ਨ ਭਗਤੀ ਦੀ ਪ੍ਰਬਲਤਾ ਨੇ ਆਪ ਨੂੰ ਕਵੀ ਬਣਾ ਦਿੱਤਾ। ਕੁਝ ਅਰਸਾ ਸੈਨਬੰਸੀ ਰਾਜਾ ਲਛਮਣ ਸੇਨ ਦੇ ਦਰਬਾਰੀ ਕਵੀ ਰਹੇ, ਪਿਛੋਂ ਭਗਤੀ ਰੰਗ ਇਤਨਾ ਵਧਿਆ ਕਿ ਸਭ ਕੁਝ ਪਾਸੇ ਛੱਡ ਕੇ ਪ੍ਰਭੂ ਪਰਾਇਣ ਹੋ ਗਏ। 'ਗੀਤ ਗੋਵਿੰਦ' ਮਹਾਂਕਾਵਿ ਵਿਚ ਰਾਧਾ ਕ੍ਰਿਸ਼ਨ ਭਗਤੀ ਦਾ ਗੂੜ੍ਹਾ ਰੰਗ ਹੈ, ਇਨਾਂ ਮਾਧੁਰਯਪੂਰਣ ਗੀਤਾਂ ਨੇ ਕ੍ਰਿਸ਼ਨ ਭਗਤੀ ਨੂੰ ਬੜੀ ਸ਼ਕਤੀ ਪ੍ਰਦਾਨ ਕੀਤੀ ਹੈ। ਜੈਦੇਵ ਦੀ ਲੰਮੀ ਸਾਧਨਾ ਦਾ ਸਿਟਾ ਸੀ ਕਿ ਇਹ ਸਰਗੁਣਵਾਦ ਦੀ ਥਾਂ ਨਿਰਗੁਣਵਾਦ ਦੀ ਉਚੀ ਮੰਜ਼ਲ ਤੇ ਪੁੱਜ ਗਏ।[1104] ਪੁਨਿ ਬੇਦ ਅਉਰ ਪੁਰਾਨ॥ ਜੈਦੇਉ ਨਾਮਾ ਜਾਨ॥[1105]

**ਜੈਪੁਰ-** ਜੈਪੁਰ ਸ਼ਹਿਰ ਰਾਜੇ ਜਯਸਿੰਘ ਨੇ ਵਸਾਇਆ ਜੋ ਕਿ ਸਵਾਮੀ ਬਿਸਨਸਿੰਘ ਦਾ ਪੁਤ੍ਰ ਸੀ। ਇਹ ਰਾਜਗੱਦੀ ਉਪੁਰ ਸਨ 1697 (ਸੰਮਤ 1755) ਵਿਚ ਬੈਠਾ।[1106] ਜੈ ਪੁਰ ਕੀ ਧਰਤੀ ਪੁਨਿ ਆਇ॥1॥[1107]

**ਜੈਮੱਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਅੱਗਰਮੱਲ ਸੁਖਾਮਲ ਰਾਘਵ ਜੈਮਲ ਜਾ ਤੁਰਸਾ ਹਰਸਾ ਹੈ॥[1108]

**ਜੋਗ ਗਹਰੇ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੁਨਿ ਜੋਗ ਗਹਰੇ ਆਪ ਰੂਪੀ ਦੋਇ ਸਿਧ ਮਹਾਨਿਯੈ॥[1109]

---

1103 ਉਹੀ, ਪਤਰਾ 1629.

1104 ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 150-151.

1105 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1705.

1106 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 508.

1107 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 824.

1108 ਉਹੀ, ਪਤਰਾ 594.

1109 ਉਹੀ, ਪਤਰਾ 1027.

**ਜੋਗ ਨੇਟਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਜੋਗ ਨੇਟਕਾ॥ ਅੰਸ ਠੇਟਕਾ॥[1110]

**ਜੋਗ ਪਨਾਹਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਮ ਪਨਾਹਿ (ਦੇਖੋ) ਦਾ ਪਿਤਾ। ਜੋਗ ਪਨਾਹਿ ਤਾਹਿ ਕਾ ਬਾਪ॥[1111]

**ਜੋਗ ਪਾਲ-** ਇਕ ਟਾਪੂ (ਦੇਖੋ) ਦਾ ਨਾਮ। ਜੋਗ ਪਾਲ ਚੌਦਾ ਅਰੁ ਬੀਸ॥61॥[1112]

**ਜੋਗਾ ਤੰਤੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪਚਹਤਰਿਵੇਂ ਜੋਗਾ ਤੰਤੀ ਭਾਖਿਯੈ॥[1113]

**ਜੋਗਾ ਰੂੜ-** ਇਕ ਟਾਪੂ (ਦੇਖੋ) ਦਾ ਨਾਮ। ਜੋਗਾ ਰੂੜ ਤੀਨ ਪਰ ਤੀਸ॥[1114]

**ਜੋਤਿ ਜਵਾਲਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਜੋਤਿ ਜਵਾਲਕਾ॥ ਬਹੁਰਿ ਕਾਲਕਾ॥83॥[1115]

**ਜੋਤਿ ਭਾਲਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਅੰਸ ਮਾਲਨੀ॥ ਜੋਤਿ ਭਾਲਨੀ॥[1116]

**ਜੋਤਿ ਮਗਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਜੋਤਿ ਮਗਨ ਅਠ ਊਪਰਿ ਤਿਤਨੇ ਜਾਨਿਯੈ॥[1117]

**ਜੋਤਿ ਮੈਯਪਰੁ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਬੈਕੁੰਠ ਦੇ ਰਸਤੇ ਵਿਚ ਇਕ ਨਗਰ ਦਾ ਨਾਮ। ਜੋਤਿ ਮੈਯਪੁਰ ਹੈ ਇਕ ਨਗਰ॥25॥[1118]

---

[1110] ਉਹੀ, ਪਤਰਾ 1054.

[1111] ਉਹੀ, ਪਤਰਾ 1290.

[1112] ਉਹੀ, ਪਤਰਾ 1318.

[1113] ਉਹੀ, ਪਤਰਾ 1027.

[1114] ਉਹੀ, ਪਤਰਾ 1318.

[1115] ਉਹੀ, ਪਤਰਾ 1054.

[1116] ਉਹੀ.

[1117] ਉਹੀ, ਪਤਰਾ 1026.

**ਜੋਤਿ ਲਗਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਜੋਤਿ ਲਗਨ ਸਤ ਊਪਰਿ ਚਾਲੀ ਮਾਨਿਯੈ॥[1119]

**ਜ੍ਵਾਲਾਮੁਖੀ-** 'ਅੱਗ ਦਾ ਮੂੰਹ'। ਪੰਜਾਬ ਦੇ ਉਤਰ ਵਿਚ ਅਤੇ ਹਿਮਾਲਿਆ ਦੇ ਹੇਠਲੇ ਹਿਸੇ ਵਿਚ ਇਕ ਪ੍ਰਸਿਧ ਤੀਰਥ ਜਿਥੇ ਜ਼ਮੀਨ ਵਿਚੋਂ ਅੱਗ ਨਿਕਲਦੀ ਹੈ। ਇਕ ਕਥਾ ਅਨੁਸਾਰ ਇਹ ਉਹ ਅੱਗ ਹੈ, ਜਿਸ ਨੂੰ ਸ਼ਿਵ ਦੀ ਪਤਨੀ ਸਤੀ ਨੇ ਉਤਪੰਨ ਕੀਤਾ ਸੀ ਅਤੇ ਜਿਸ ਵਿਚ ਉਹ ਆਪ ਹੀ ਸੜ ਗਈ ਸੀ।[1120] ਜ੍ਵਾਲਾਮੁਖੀ ਕੋ ਸਤਿਗੁਰੂ ਕਾਗਦ ਲਿਖਿਉ ਬਨਾਇ॥[1121]

**ਝੰਗਰੁ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪ੍ਰਿਥਮ ਭੰਗਰ ਨਾਥ ਦੂਸਰੇ ਸੰਗਰ ਨਾਥ ਤੀਸਰਾ ਸੰਘਰੁ ਤੁਰੀ ਝੰਗਰੁ ਬਖਾਨੀਐ॥[1122]

**ਝੰਡਾ ਪਾਖਰ-** ਪਾਖਰ ਵਾਢੀ (ਦੇਖੋ) ਦਾ ਪੁਤਰ। ਝੰਡਾ ਪਾਖਰ ਕਾ ਸੁਤ ਜਾਨ॥[1123]

**ਝੰਡਾ ਬਾਢੀ-** ਗੁਰੂ ਨਾਨਕ ਸਾਹਿਬ ਦਾ ਇਕ ਸਿਖ। ਜਦੋਂ ਗੁਰੂ ਸਾਹਿਬ ਪਹਿਲੀ ਉਦਾਸੀ ਸਮੇਂ 'ਬਿਸੀਅਰ ਦੇਸ' ਗਏ ਤਾਂ ਇਹ ਗੂਰੂ ਜੀ ਨੂੰ ਮਿਲਿਆ ਅਤੇ 'ਜੁਗਾਵਲੀ' ਇਸੇ ਨੇ ਹੀ ਲਿਖੀ। ਇਸ ਦੇ ਪਿਤਾ ਦਾ ਨਾਂ ਪਾਖਰੂ ਸੀ। 'ਅਠਾਰਾਂ ਰਾਜਿਆਂ' ਤੇ 'ਪਹਾੜੀ ਸੈਰ' ਸਮੇਂ ਵੀ ਗੁਰੂ ਜੀ ਦੇ ਨਾਲ ਹੀ ਸੀ।[1124] ਝੰਡਾ ਤਿਸ ਕਾ ਨਾਉ ਬਾਢੀ ਸੁ ਜਾਨਿਯੈ॥[1125]

**ਝਨਾਉ ਨਦੀ-** ਹਿਮਾਲਯ ਦੇ ਚੰਦ੍ਰਭਾਗ ਨਾਮਕ ਅਸਥਾਨ ਤੋਂ ਨਿਕਲੀ ਹੋਈ ਇਕ ਨਦੀ, ਚਨਾਬ, ਝਨਾਂ। ਰਿਗਵੇਦ ਵਿਚ ਇਸ ਦਾ ਨਾਮ ਅਸਿਕ੍ਨੀ ਹੈ। ਲਾਹੁਲ ਪਾਸੋਂ ਚਨਾਬ ਦੇ ਦੋ ਪ੍ਰਵਾਹ ਨਿਕਲਦੇ ਹਨ। ਇਹ ਨਦੀ

---

1118 ਉਹੀ, ਪਤਰਾ 1057.

1119 ਉਹੀ, ਪਤਰਾ 1026.

1120 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 253.

1121 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 644.

1122 ਉਹੀ, ਪਤਰਾ 1026.

1123 ਉਹੀ, ਪਤਰਾ 1314-15.

1124 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 123-24.

1125 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1291.

ਕਸ਼ਮੀਰ ਦੇ ਇਲਾਕੇ ਅਖਨੂਰ ਕਿਸ਼੍ਵਾਰ ਅਤੇ ਚੰਬਾ ਰਾਜ ਵਿਚ ਵਹਿੰਦੀ ਹੋਈ ਅਰ ਸਿਆਲਕੋਟ ਵਜ਼ੀਰਬਾਦ ਦੀ ਜ਼ਮੀਨ ਨੂੰ ਸੈਰਾਬ ਕਰਦੀ ਝੰਗ ਦੇ ਜਿਲੇ ਜੇਹਲਮ ਨਾਲ ਮਿਲਕੇ, ਅਰ ਸਿੰਧੁ ਪਾਸ ਰਾਵੀ ਨਾਲ ਇਕਠੀ ਹੋ ਕੇ ਮਿਠਨਕੋਟ ਦੇ ਮਕਾਮ ਸਿੰਧੁਨਦ ਵਿਚ ਜਾ ਮਿਲਦੀ ਹੈ।[1126] ਪੁਨਿ ਝਾਲਰ ਔਰ ਝਨਾਉ ਨਦੀ ਇਸਨਾਨ ਕਰੇ ਸਭਿ ਪਾਪ ਨਿਵਾਰੇ॥45॥[1127]

**ਝਾੜੂ-** ਗੁਰੂ ਨਾਨਕ ਜੀ ਦਾ ਇਕ ਕਲਾਲ ਜਾਤ ਦਾ ਸਿਖ। ਜਦੋਂ ਗੁਰੂ ਨਾਨਕ ਸਾਹਿਬ ਬਾਬਰ ਬਾਦਸ਼ਾਹ ਦੀ ਬੰਦੀ (ਕੈਦਖਾਨੇ) ਵਿਚ ਸਨ ਤਾਂ ਇਹ ਵੀ ਬਾਬਰ ਦੀ ਬੰਦੀ ਵਿਚ ਸੀ। ਜੋ ਬਾਣੀ ਗੁਰੂ ਜੀ ਨੇ ਉਥੇ ਉਚਾਰੀ, ਉਹ ਇਸੇ ਨੇ ਹੀ ਲਿਖੀ। ਇਸ ਦਾ ਪਿੰਡ ਖਾਨਪੁਰ ਖਰੜ ਮੰਨਿਆ ਜਾਂਦਾ ਹੈ, ਜਿਹੜਾ ਖਰੜ ਸ਼ਹਿਰ ਤੋਂ 2 ਕਿ. ਮੀ. ਦੀ ਦੂਰੀ ਉਤੇ ਹੈ। ਇਥੇ ਕਲਾਲ ਅਜੇ ਵੀ ਵਸਦੇ ਹਨ।[1128] ਝਾੜੂ ਨਾਮ ਕਲਾਲ ਇਕ ਹੁਤੋ ਬੰਦ ਕੇ ਮਾਹਿ॥[1129]

**ਝਿੰਗੜ ਲਾਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਹੋ ਗੁਰ ਸਾ ਜਾਨ ਕੰਦੋਯਿ ਝਿੰਗੜ ਲਾਲ ਜੀ॥[1130]

**ਟਾਡੂ ਬਲਰਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਹੋ ਸਹਗਲ ਧਰਮਾ ਜਾਨ ਟਾਡੂ ਬਲਰਾਮ ਜੀ॥[1131]

**ਟਾਪੂ-** ਚਾਰੇ ਪਾਸਿਓਂ ਪਾਣੀ ਨਾਲ ਘਿਰਿਆ ਹੋਇਆ ਦੇਸ਼, ਦ੍ਵੀਪ।[1132] ਗੁਰੂ ਨਾਨਕ ਵਿਜੈ ਗ੍ਰੰਥ ਵਿਚ 100 ਟਾਪੂਆਂ ਦਾ ਜ਼ਿਕਰ ਕੀਤਾ ਗਿਆ ਹੈ, ਜਿਹਨਾਂ ਦਾ ਰਾਜ ਗੁਰੂ ਨਾਨਕ ਦੇਵ ਜੀ ਨੇ ਰਾਜਾ ਸੁੰਦਰ ਸੈਣ ਨੂੰ ਦੇਣ ਦਾ ਅਸ਼ੀਰਵਾਦ ਦਿਤਾ। ਇਹਨਾਂ ਦੇ ਨਾਮ ਇਸ ਪ੍ਰਕਾਰ ਹਨ- ਰਾਮ ਪੈਠ, ਰੋਗਾ ਪੈਠ, ਇੰਦ੍ਰ ਪੈਠ, ਇੰਦ੍ਰ

---

[1126] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 483.

[1127] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 15.

[1128] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 124.

[1129] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 749.

[1130] ਉਹੀ, ਪਤਰਾ 1629.

[1131] ਉਹੀ.

[1132] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਤਵੀਂ ਵਾਰ, 2006, ਪੰਨਾ 549.

ਪ੍ਰਹਸਤਿ, ਇੰਦ੍ਰ ਸੈਣ, ਬ੍ਰਹਮ ਪੁਰਿੰਦਰਿ, ਵੰਸ ਵਰਧਿ, ਖੇਮ ਨੰਦ, ਗਣੇਸ ਪੈਠ, ਮਹਾ ਪ੍ਰਤਾਪੀ, ਬ੍ਰਹਮ ਨੰਦ, ਬਿਕਲਪ ਪੈਠ, ਪ੍ਰੇਮਾ ਨੰਦ, ਸੂਰ ਸਿੰਘ, ਅੰਕ੍ਰਹੀ, ਭਾਗਾ ਨਗਰ, ਤੂੰਗਾ, ਬ੍ਰੰਹਮ ਬਾਲਕਾ, ਜੂਰ ਸਿੰਧ, ਪਲਕਾ ਟਾਪੂ, ਯਾਪੂ, ਸੂਰ ਸੇਨ, ਕੰਦਰਾ, ਬਨੰਦਾ, ਸੁਰ ਨੰਦ, ਆਵੰਦ, ਸਿਧੋਰਾ ਟਾਪੂ, ਬੰਕਾ, ਚੰਪਾ ਪੈਠ, ਅਮੈਠ, ਜੋਗਾ ਰੂੜ, ਜੋਗ ਪਾਲ, ਤੁੰਗ, ਭਦਰਾ, ਬੀਰਮ, ਬਾਲ, ਸ੍ਰੰਨਾ, ਸ੍ਰੰਦ, ਕੈਯਾ ਕਾਲ, ਮੂਲਾ, ਬਿਊਸਾ, ਚਾਠੂ, ਖਯਾਲੀ, ਕੰਜੇਤਸਿ, ਕੇਤੂ, ਜੰਗ ਜੋਧ, ਜੰਗ ਬਲਿ, ਨੰਦਾ, ਬ੍ਰਹਮਾ, ਬਿਜੈ ਪਾਲ, ਬਲਵੰਤ ਪੁਰਿ, ਮੇਰਊ, ਪ੍ਰੀਤਿ ਵਰਧਿ, ਪ੍ਰਿਯ ਵਾਦੀ, ਰਾਇ ਪਾਲ, ਪ੍ਰਿਯ ਕਰਿ, ਧਰਮਾ, ਕੰਗੇਹੁ, ਨੰਦਰਾਇ, ਗਯਾ, ਚੇਕਉਰ, ਏਤੂ, ਸੇਤੂ, ਐਯਤੁ, ਬੇਣ ਪ੍ਰਿਅ, ਅੰਸਮਾਲ, ਇਯਾਤੂ, ਇਯੰਮਾਲ, ਇੰਯ, ਜਯੇ, ਯਿਤੀ, ਯੇਯੰਪਾਲ, ਸੰਕਰ, ਮਾਧਵ, ਇਅੰਗ, ਬਿਰਾਲ, ਚੰਦਨਪੁਰਿ, ਚੰਦੌਰਬਿਅ, ਬਿਸੈਹਰਿ, ਬੀਰ ਬਿਸੈਹਰਿ, ਧੀਰ, ਚੰਪਾ, ਚੰਬਾ, ਚੰਦੇਰਿ, ਬਾਸਮਲੀ, ਕਨੇਰਿ, ਕਿਲੰਗ, ਪੁਲੰਗ, ਸਿੰਗਲ, ਮਯੰਗਲ, ਪਿੰਗਲ, ਸੂਰਤਿ, ਭਾਗੀਬੰਦਰ, ਬੇਣੂ, ਬਿਅੰਗ, ਅੰਗਮੰਦਾਰ, ਮਦਰਾ, ਭਾਲਚੰਦ।

**ਟਿਲਾ ਬਾਲ ਗੁੰਦਾਈ-** ਜੋਗੀਆਂ ਦਾ ਇਕ ਸਥਾਨ ਜਿਸਨੂੰ ਟਿਲਾ ਬਾਲ ਗੁਦਾਈ ਕਹਿੰਦੇ ਹਨ, ਇਹ ਥਾਂ ਪਾਕਿਸਤਾਨ ਦੇ ਜਿਲ੍ਹਾ ਜੇਹਲਮ ਵਿਚ ਮੌਜੂਦ ਹੈ। ਇਹ ਸਥਾਨ ਬਾਲ ਨਾਥ ਨਾਂ ਦੇ ਜੋਗੀ ਦਾ ਸਥਾਨ ਹੋਣ ਕਰਕੇ ਇਸ ਨਾਂ ਨਾਲ ਮਸ਼ਹੂਰ ਹੋ ਗਿਆ। ਰਵਾਇਤ ਹੈ ਕਿ ਬਾਲ ਨਾਥ ਦਾ ਜਤ ਪਰਖਣ ਲਈ ਇਕ ਜਵਾਨ ਔਰਤ ਨੇ ਇਸਦੇ ਕੇਸਾਂ ਦਾ ਜੂੜਾ ਕੀਤਾ ਜਿਸ ਤੋਂ ਇਹ ਥਾਂ ਬਾਲ ਗੋਦਾਈ ( ਵਾਲਾਂ ਨੂੰ ਗੁੰਦਣਾਂ, ਭਾਵ ਜੂੜਾ ਕਰਨਾ) ਕਰਕੇ ਪ੍ਰਸਿਧ ਹੋ ਗਿਆ। ਹਸਨ ਅਬਦਾਲ ਤੋਂ ਪੂਰਬ-ਦਖਣ ਵਲ ਨੂੰ ਚਲਦੇ-ਚਲਦੇ ਗੁਰੂ ਜੀ ਟਿਲਾ ਬਾਲ ਗੋਦਾਈ ਪਹੁੰਚ ਗਏ। ਇਥੇ ਬਾਲ ਨਾਥ ਜੋਗੀ ਬੜੇ ਪਿਆਰ ਨਾਲ ਗੁਰੂ ਜੀ ਨੂੰ ਆਪਣੇ ਟਿਲੇ ਅੰਦਰ ਲੈ ਗਿਆ ਤੇ ਪਰਮਾਰਥ ਦੀਆਂ ਵਿਚਾਰਾਂ ਸਮਝ ਕੇ ਗੁਰੂ ਜੀ ਦੀ ਸ਼ਰਨੀ ਪੈ ਗਿਆ।[1133] ਟਿੱਲੇ ਬਾਲ ਗੁੰਦਾਈ ਦੇ ਸਤਿਗੁਰ ਉਤਰੇ ਆਇ॥[1134]

**ਟੋਡਾ ਰਾਖਸ਼-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਰਾਖਸ਼। ਇਹ ਇਕ ਟਾਪੂ ਉਪਰ ਰਹਿੰਦਾ ਸੀ ਅਤੇ ਨਗਰ ਦੇ ਸਾਰੇ ਲੋਕਾਂ ਨੇ ਇਸ ਤੋਂ ਡਰ ਕੇ ਆਪਣਾ ਘਰ ਬਾਰ ਤਿਆਗ ਦਿਤਾ ਹੈ। ਜੇ ਕੋਈ ਉਥੇ ਆਉਂਦਾ ਹੈ

---

[1133] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 169-70.

[1134] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1653.

ਤਾਂ ਟੋਡਾ ਰਾਖਸ਼ ਉਨਹਾਂ ਨੂੰ ਤੰਗ ਕਰਦਾ ਹੈ। ਜਦ ਗੁਰੂ ਨਾਨਕ ਦੇਵ ਜੀ ਉਥੇ ਪਹੁੰਚੇ ਤਾਂ ਟੋਡਾ ਰਾਖਸ਼ ਉਨ੍ਹਾਂ ਨੂੰ ਸਤਾਉਣ ਲਗਾ। ਗੁਰੂ ਨਾਨਕ ਦੇਵ ਜੀ ਦੀ ਕਿਰਪਾ ਸਦਕਾ ਉਹ ਅੰਨ੍ਹਾਂ ਹੋ ਗਿਆ ਅਤੇ ਬਲਹੀਨ ਹੋ ਗਿਆ। ਫਿਰ ਗੁਰੂ ਜੀ ਤੋਂ ਮੁਆਫੀ ਮੰਗੀ ਗੁਰੂ ਜੀ ਦੇ ਕਹਿਣ 'ਤੇ ਸਾਰਾ ਪਿੰਡ ਰਾਤ ਨੂੰ ਚੁਕ ਕੇ ਲੈ ਆਇਆ ਅਤੇ ਉਸ ਥਾਂ 'ਤੇ ਵਸਾ ਦਿਤਾ। ਗੁਰੂ ਜੀ ਨੇ ਮੁਆਫ ਕਰ ਦਿਤਾ ਅਤੇ ਇਹ ਗੁਰੂ ਜੀ ਦਾ ਸੇਵਕ ਬਣ ਗਿਆ।[1135] ਟੋਡਾ ਰਾਕਸਿ ਸੇਵਾ ਕਰੇ॥ ਸਤਿਗੁਰ ਤੇ ਮਨ ਮਾਹਿ ਸੁ ਡਰੇ॥[1136]

**ਟੌਂਸ-** ਤਮਸਾ ਨਦੀ। ਜੋ ਸਰਜੂ ਅਤੇ ਗੁਮਤੀ ਦੇ ਵਿਚਕਾਰ ਹੈ। ਇਹ ਆਜਮਗੜ੍ਹ ਤੋਂ ਹੋ ਕੇ ਗੰਗਾ ਵਿਚ ਜਾ ਰਲਦੀ ਹੈ। ਇਸ ਦੇ ਤਟ ਦਾ ਸੰਬੰਧ ਵਾਲਮੀਕ ਰਿਸ਼ੀ ਨਾਲ ਵੀ ਜੋੜਿਆ ਜਾਂਦਾ ਹੈ।[1137] ਜੇਲਵ ਰਾਵੀ ਤੁੰਗਭਦਰਾ ਸੁ ਭਾਵੀ ਸਿੰਧ ਟੌਂਸ ਸਰਜੂ ਸੁਗਿਰੀ ਉਰਿ ਆਨੀਐ॥[1138]

**ਠੰਡੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਭਾਲ ਚੰਡੀ॥ ਬਹੁਰਿ ਠੰਡੀ[1139]

**ਠਾਕੁਰ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1140] ਠਾਕੁਰ ਕਿਸਨਾ ਕ੍ਰਿਸਨ ਬਖਾਨੋ॥31॥[1141]

**ਤਪਤਿਕੁੰਡ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕਾਂਗੜਾ ਅਤੇ ਚੰਬੇ ਦੇ ਨੇੜੇ ਦਾ ਕੋਈ ਤੀਰਥ ਅਸਥਾਨ। ਕਵੀ ਨੇ ਇਥੇ ਗੁਰੂ ਨਾਨਕ ਦੇਵ ਜੀ ਦਾ ਚੰਬੇ ਤੋਂ ਤਪਤਿ ਕੁੰਡ ਜਾਣ ਦਾ ਅਤੇ ਇਥੋਂ ਵਸੁਧਾਰਾ ਜਾਣ ਦਾ ਸੰਕੇਤ ਦਿਤਾ ਹੈ। ਤਪਤਿਕੁੰਡ ਗੁਰ ਕਰਿ ਇਸਨਾਨ॥[1142]

---

[1135] ਉਹੀ, ਪਤਰਾ 1520-21.

[1136] ਉਹੀ, ਪਤਰਾ 1521.

[1137] Nundo Lal Dey, *The Geographical Dictionary Of Ancient And Mediaeval India,* Oriental Books, New Delhi, Second Edition, 1984, Page 261.

[1138] ਉਹੀ, ਪਤਰਾ 57.

[1139] ਉਹੀ, ਪਤਰਾ 1054.

[1140] ਉਹੀ, ਪਤਰਾ 1783.

[1141] ਉਹੀ.

**ਤਪੋਬਨ-** ਵ੍ਰਿੰਦਾਵਨ ਵਿਚ ਇਕ ਖਾਸ ਵਨ, ਜੋ ਚੀਰਘਾਟ ਦੇ ਪਾਸ ਹੈ।[1143] ਬਹੁਰਿ ਤਪੋਬਨ ਜਾਇ ਉਦਾਰ॥[1144]

**ਤਲਵੰਡੀ-** ਗੁਰੂ ਨਾਨਕ ਸਾਹਿਬ ਦਾ ਜਨਮ-ਸਥਾਨ, ਅਜਕਲ ਨਨਕਾਣਾ ਸਾਹਿਬ, ਪਾਕਿਸਤਾਨ ਵਿਚ ਹੈ। ਇਹ ਸਥਾਨ ਲਾਹੌਰ ਤੋਂ ਲਗਭਗ 34 ਮੀਲ ਦਖਣ-ਪਛਮ ਵਲ ਨੂੰ ਹੈ। ਇਸ ਨਗਰ ਨੂੰ ਭਟੀਆਂ ਦੇ ਕਿਸੇ ਵਡੇ-ਵਡੇਰੇ ਨੇ ਵਸਾਇਆ ਸੀ।[1145] ਤਲਵੰਡੀ ਕੋ ਆਵਤਿ ਭਏ॥[1146]

**ਤਾਪੀ (ਤਪਤੀ)-** ਦਰਿਆ ਤਪਤੀ ਜਿਸ ਦਾ ਮਾਨਵੀਕਰਨ ਸੂਰਜ ਦੀ ਧੀ ਜੋ ਛਾਯਾ ਦੀ ਕੁਖੋਂ ਹੋਈ ਸੀ, ਦੇ ਰੂਪ ਵਿਚ ਕੀਤਾ ਜਾਂਦਾ ਹੈ। ਇਹ ਸਮਵਰਣ ਦੇ ਪੁਤਰ ਕੁਰੂ ਦੀ ਮਾਂ ਸੀ।[1147] ਜਮਨਾ ਸਰਸ੍ਵਤੀ ਭਗੀਰਥੀ ਪਿਰਾਗ ਰਾਜ ਪੈਸੁਨੀ ਕੁਬੇਰੀ ਤਾਪੀ ਕਿਸਨਾ ਸੁ ਜਾਨੀਐ॥[1148]

**ਤਾਪੀ ਸੰਗਮ-** ਤਪਤੀ ਨਦੀ ਦਾ ਇਕ ਨਾਮ। ਇਹ ਨਦੀ ਸਤਪੁੜਾ ਪਰਬਤ ਤੋਂ ਨਿਕਲ ਕੇ ਅਰਬ ਸਾਗਰ ਵਿਚ ਜਾ ਮਿਲਦੀ ਹੈ। ਸੂਰਤ ਸ਼ਹਿਰ ਇਸ ਨਦੀ ਉਪਰ ਸਥਿਤ ਹੈ।[1149] ਪੁਨਿ ਤਾਪੀ ਸੰਗਮ ਮੈ ਆਇ॥53॥[1150]

**ਤਿਮਰਲਿੰਗ-** ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਅਞਾਣ ਲੇਖਕਾਂ ਨੇ ਇਹ ਤੈਮੂਰ ਦੀ ਥਾਂ ਲਿਖਿਆ ਹੈ। ਤਿਮਰਲਿੰਗ ਤੈਮੂਰ ਦਾ ਹੀ ਨਾਮ ਹੈ।[1151] ਇਹ ਇਕ ਮੁਗਲਵੰਸ਼ੀ ਸਮਰਕੰਦ ਦਾ ਬਾਦਸ਼ਾਹ ਸੀ, ਜਿਸ ਨੂੰ

---

1142 ਉਹੀ, ਪਤਰਾ 1683.

1143 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 575.

1144 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 702.

1145 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 125.

1146 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1435.

1147 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 258-59.

1148 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 57.

1149 Nundo Lal Dey, *The Geographical Dictionary of Ancient and Medieval India,* Oriental Books, New Delhi, Forth edition, 1984, Page 204.

1150 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1723.

1151 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 591.

ਤਿਮਰਲੰਗ ਭੀ ਆਖਦੇ ਹਨ। ਇਸ ਦਾ ਜਨਮ ਤੁਰਗਾਈ ਦੇ ਘਰ ਤਕੀਨਾ ਖਾਤੂਨ ਦੇ ਉਦਰੋਂ ਕੁਸ ਵਿਚ 9 ਅਪ੍ਰੈਲ 1336 ਈ. ਨੂੰ ਹੋਇਆ ਸੀ।[1152] ਤਿਮਰਲਿੰਗ ਇਕ ਥਾ ਪਾਤਿਸਾਹੁ॥[1153]

**ਤਿਰਤਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਬੰਦਰਗਾਹ (ਦੇਖੋ) ਦਾ ਨਾਮ। ਸੁਰਤਿ ਤਿਰਤਿ ਦੂਸਰਾ ਜਾਨ॥[1154]

**ਤਿਰਦੇਵ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਸਿ ਵੰਸ਼ ਦਾ ਇਕ ਰਾਜਾ ਸੀ। ਜੋ ਇਕ ਵਾਰ ਕਿਸੇ ਰਿਸ਼ੀ ਦੀ ਪੁਤਰੀ ਚੰਦ ਪ੍ਰਭਾ ਉਪਰ ਮੋਹਿਤ ਹੋ ਗਿਆ ਸੀ। ਰਿਸ਼ੀ ਦੁਆਰਾ ਰਾਜੇ ਨੂੰ ਸਰਾਪ ਦਿਤਾ ਕਿ ਉਸਦੇ ਕੋਹੜ ਫੁਟੇਗਾ ਅਤੇ ਉਹ ਅੰਨ੍ਹਾ ਹੋ ਜਾਵੇਗਾ। ਨਾਰਦ ਦੇ ਕਹਿਣ ਤੇ ਰਾਜਾ ਨੇ ਇਖਵਾਕੂ ਤੀਰਥ ਅਸਥਾਨ ਉਪਰ ਇਸ਼ਨਾਨ ਕਰਨ 'ਤੇ ਉਸ ਦਾ ਇਹ ਸਰਾਪ ਦੂਰ ਹੋਇਆ। ਸਸਿ ਬੰਸ ਵਿਖੈ ਇਕ ਭੂਪ ਮਹਾਨ ਭਯੋ ਤਿਰਦੇਵ ਮਹਾ ਬਲਿਕਾਰੀ॥[1155]

**ਤਿਰਪੁਰਾ(ਤ੍ਰਿਪਤਾ)-** ਗੁਰੂ ਨਾਨਕ ਦੇਵ ਜੀ ਦੇ ਮਾਤਾ ਤ੍ਰਿਪਤਾ (ਦੇਖੋ) ਦਾ ਹੀ ਨਾਮ। ਰਾਖਿਯੋ ਤਾਹਿ ਤਿਰਪੁਰੋ ਨਾਮ॥[1156]

**ਤਿਲਗੰਜੀ ਸਾਹਿਬ-** ਗਿਆਨਰਤਨਾਵਲੀ ਅਨੁਸਾਰ ਇਕ ਸ਼ਹਿਰ ਦਾ ਨਾਉਂ, ਜਿਥੇ ਸਿਧਾਂ ਨਾਲ ਗੁਰੂ ਜੀ ਨੇ ਗੋਸ਼ਟਿ ਕੀਤੀ। ਸਾਖੀ ਅਨੁਸਾਰ ਸਿਧਾਂ ਨੇ ਗੁਰੂ ਜੀ ਨੂੰ ਇਕ ਤਿਲ ਭੇਟਾ ਕੀਤਾ ਤੇ ਮਨ ਵਿਚ ਆਖਿਆ ਤਿਲ ਬਾਬਾ ਕਿਉ ਕਰਿ ਵਰਤਾਵੇਗਾ ਪਰੰਤੂ ਗੁਰੂ ਜੀ ਨੇ ਤਿਲ ਜਲ ਵਿਚ ਘੋਟਕੇ ਸਭ ਨੂੰ ਵਰਤਾਅ ਦਿਤਾ। ਇਹ ਸ਼ਹਿਰ ਮਦਰਾਸ (ਚੇਨਈ) ਦੇ ਪਾਲੀਪਰੰ ਇਲਾਕੇ ਵਿਚ ਸਮੁੰਦਰ ਕੰਢੇ ਪੈਂਦਾ ਹੈ।[1157] ਤਿਲਗੰਜੀ ਸਾਹਿਬ ਤਹਿ ਨਾਮ॥44॥[1158]

---

[1152] ਉਹੀ, ਪੰਨਾ 602.

[1153] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 872.

[1154] ਉਹੀ, ਪਤਰਾ 1090.

[1155] ਉਹੀ, ਪਤਰਾ 552.

[1156] ਉਹੀ, ਪਤਰਾ 149.

[1157] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 126.

[1158] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1594.

**ਤਿਲੋਤਮਾ-** ਇਤ ਅਪਛਰਾ ਦਾ ਨਾਂ। ਇਹ ਅਪਛਰਾ ਅਸਲ ਵਿਚ ਬ੍ਰਾਹਮਣੀ ਸੀ, ਪਰ ਅਯੋਗ ਰਿਤੂ ਵਿਚ ਨਹਾਉਣ ਦੇ ਦੋਸ਼ ਵਿਚ ਇਸ ਨੂੰ ਅਪਛਰਾ ਦੇ ਘਰ ਜੰਮਣ ਦਾ ਸਰਾਪ ਮਿਲਿਆ। ਇਸ ਸਰਾਪ ਦਾ ਕਾਰਨ ਸੁੰਦ ਤੇ ਉਪਸੁੰਦ ਨਾਂ ਦੇ ਦੋ ਦੈਤਾਂ ਦਾ ਨਾਸ਼ ਕਰਨਾ ਸੀ।[1159] ਮੰਜ ਘੋਸਾ ਨਾਹੀ ਐਸੀ ਪਦਮਾਵਤੀ ਸੋ ਤੈਸੀ ਤੀਸਰੀ ਤਿਲੋਤਮਾ ਲੀਲਾਵਤੀ ਨ ਊਸਰੀ॥[1160]

**ਤੀਖਣ ਭੈਣ (ਤੀਖਣ ਨੈਨ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਪਰਸ (ਦੇਖੋ) ਸ਼ਹਿਰ ਦਾ ਰਾਜਾ। ਤਿਸ ਕਾ ਭੂਪਤਿ ਤੀਖਣ ਭੈਣ॥[1161]

**ਤੁਕਾਰਾਮ-** ਸਤਾਰਵੀਂ ਸਦੀ ਦਾ ਮਹਾਰਾਸ਼ਟਰ ਦਾ ਇਕ ਸੰਤ। ਤੁਕਾਰਾਮ ਦਾ ਜਨਮ ਭਗਵਤੀ ਇੰਦ੍ਰਾਣੀ ਦੇ ਕਿਨਾਰੇ ਪਿੰਡ ਦੇਹੂ ਵਿਚ ਸੰਮਤ 1665 ਨੂੰ ਹੋਇਆ। ਇਨ੍ਹਾਂ ਦੇ ਪਿਤਾ ਵੋਲੋਜੀ ਅਤੇ ਮਾਤਾ ਕਨਕਾਬਾਈ ਸੀ। ਇਹ ਪਾਂਡੂਰੰਗ ਦੇ ਭਗਤ ਸਨ।[1162] ਤੁਕਾਰਾਮ ਤਾਕਾਰ ਪੁਨਿ ਤਾਹਿ ਨਮਾਮ ਹਮਾਰ॥[1163]

**ਤੁੰਗ-** ਇਕ ਟਾਪੂ (ਦੇਖੋ) ਦਾ ਨਾਮ। ਤੁੰਗ ਭਦਰਾ ਬੀਰਮ ਬਾਲ॥[1164]

**ਤੁੰਗਭਦਰਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਸ ਦਾ ਨਾਮ ਤੁਲਸੀ ਅਤੇ ਗੰਗਾ ਨਦੀ ਨਾਲ ਆਇਆ ਹੈ, ਇਸ ਲਈ ਭਾਸਦਾ ਹੈ ਕਿ ਕਵੀ ਦਾ ਇਸ਼ਾਰਾ ਕਿਸੇ ਤੁੰਗਭਦਰਾ ਨਾਮ ਦੀ ਨਦੀ ਵੱਲ ਹੈ। ਤੁਲਸੀ ਪੁਨਿ ਤੁੰਗਭਦਰਾ ਗੰਗਾ ਦਖਣ ਦੇਸ॥[1165]

**ਤੁਰ ਤਰੰਗ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਠਾਰ੍ਹਾਂ ਰਾਜਿਆਂ (ਦੇਖੋ) ਵਿਚੋਂ ਇਕ ਰਾਜੇ ਦਾ ਨਾਮ। ਤੁਰ ਤਰੰਗ ਪੁਨਿ ਪੰਦ੍ਰਵਾ ਜਾਨਹੁ ਨਿਰਪ ਉਦਾਰ॥[1166]

---

[1159] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 267.

[1160] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 848.

[1161] ਉਹੀ, ਪਤਰਾ 1333.

[1162] रामलाल, *भारत के संत महातमा,* गोरखपुर, 1957, पृष्ठ 587-89.

[1163] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 15.

[1164] ਉਹੀ, ਪਤਰਾ 1318.

[1165] ਉਹੀ, ਪਤਰਾ 15.

[1166] ਉਹੀ, ਪਤਰਾ 1323.

**ਤੁਰਸਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਅੱਗਰਮੱਲ ਸੁਖਾਮਲ ਰਾਘਵ ਜੈਮਲ ਜਾ ਤੁਰਸਾ ਹਰਸਾ ਹੈ॥[1167]

**ਤੁਲਸ ਜੋਗ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਤੁਲਸ ਜੋਗ ਦੁਇ ਊਪਰਿ ਤਾਹਿ ਭਿਲਾਖਿਯੈ॥[1168]

**ਤੁਲਸਾਂ (ਦਾਸੀ)-** ਬੀਬੀ ਨਾਨਕੀ ਦੀ ਦਾਸੀ, ਜੋ ਸਤਿਗੁਰੂ ਨਾਨਕ ਦੇਵ ਦੀ ਸਿਖੀ ਧਾਰਕੇ ਪਰਮ ਗਜਾਨ ਨੂੰ ਪ੍ਰਾਪਤ ਹੋਈ। ਜਦ ਸਤਿਗੁਰੂ ਸੁਲਤਾਨਪੁਰ ਰਹੇ, ਤਦ ਇਹ ਸ੍ਰਧਾ ਨਾਲ ਸੇਵਾ ਅਤੇ ਸਤਿਸੰਗ ਕਰਦੀ ਰਹੀ।[1169] ਤਿਨਿ ਮੈ ਤੁਲਸਾਂ ਪਰਮ ਉਦਾਰ॥[1170]

**ਤੁਲਸਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਵੈਰੋਵਾਲ (ਦੇਖੋ) ਦਾ ਇਕ ਬਾਣੀਆ ਜੋ ਦੇਵੀ ਦਾ ਭਗਤ ਸੀ। ਉਹ ਗੁਰੂ ਨਾਨਕ ਦੇਵ ਜੀ ਤੋਂ ਬਹੁਤ ਪ੍ਰਭਾਵਿਤ ਹੋਇਆ। ਦੇਵੀ ਕਾ ਸੋ ਭਗਤਿ ਥਾ ਤੁਲਸਾ ਨਾਮੁ ਮਹਾਨ॥1॥[1171]

**ਤੁਲਸੀ-** ਇਕ ਪੌਦਾ ਜਿਸ ਨੂੰ ਹਿੰਦੂ ਬੜਾ ਪਵਿਤਰ ਮੰਨਦੇ ਹਨ। ਵਿਸ਼ਨੂੰ ਭਗਤ ਇਸ ਬੂਟੇ ਨੂੰ ਆਪਣੇ ਘਰਾਂ ਵਿਚ ਲਗਾਂਦੇ ਤੇ ਨਿਤ ਸਵੇਰੇ ਇਸ ਦੀ ਪੂਜਾ ਕਰਦੇ ਹਨ। ਇਸਨੂੰ ਤੁਲਸਾਂ ਵੀ ਕਿਹਾ ਜਾਂਦਾ ਹੈ। ਪੌਰਾਣਿਕ ਕਥਾਵਾਂ ਅਨੁਸਾਰ ਤੁਲਸੀ ਜਲੰਧਰ ਦੈਂਤ ਦੀ ਪਤਨੀ ਵਰਿੰਦਾ ਸੀ, ਜੋ ਵਿਸ਼ਨੂੰ ਦੇ ਸਰਾਪ ਕਾਰਨ ਪੌਦੇ ਦਾ ਰੂਪ ਧਾਰਨ ਕਰ ਗਈ। ਇਕ ਹੋਰ ਕਥਾ ਅਨੁਸਾਰ ਤੁਲਸਾਂ ਪਹਿਲਾਂ ਇਕ ਅਪਛਰਾ ਸੀ। ਕ੍ਰਿਸ਼ਨ ਨੇ ਉਸ ਦੀ ਕਾਇਆ ਬਦਲ ਕੇ ਬੂਟੇ ਦਾ ਰੂਪ ਦੇ ਦਿਤਾ। ਕਈ ਤੁਲਸੀ ਨੂੰ ਵਿਸ਼ਨੂੰ ਦਾ ਪਤਨੀ ਲਖਸ਼ਮੀ ਦਾ ਅਵਤਾਰ ਵੀ ਮੰਨਦੇ ਹਨ।[1172] ਗੁਰੂ ਨਾਨਕ ਵਿਜੈ ਗ੍ਰੰਥ ਵਿਚ ਤੁਲਸੀ ਦਾ ਜ਼ਿਕਰ ਤੁੰਗਭਦਰਾ ਅਤੇ ਗੰਗਾ

---

[1167] ਉਹੀ, ਪਤਰਾ 594.

[1168] ਉਹੀ, ਪਤਰਾ 1026.

[1169] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 598.

[1170] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 391.

[1171] ਉਹੀ, ਪਤਰਾ 716.

[1172] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਛੇਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2010, ਪੰਨਾ 1507.

ਨਦੀਆਂ ਨਾਲ ਕਰਨ ਤੋਂ ਇਹ ਭਾਸਦਾ ਹੈ ਕਿ ਕਵੀ ਦਾ ਇਸ਼ਾਰਾ ਤੁਲਸੀ ਨਾਮ ਦੀ ਕਿਸੇ ਨਦੀ ਵਲ ਹੈ। ਤੁਲਸੀ ਪੁਨਿ ਤੁੰਗਭਦਰਾ ਗੰਗਾ ਦਖਣ ਦੇਸ॥[1173]

**ਤੁਲਸੀਦਾਸ-** ਰਾਜਪੁਰ (ਜਿਲ੍ਹਾ ਬਾਂਦਾ) ਦੇ ਵਸਨੀਕ ਬ੍ਰਹਮਣ ਆਤਮਾਰਾਮ ਦੇ ਘਰ ਮਾਤਾ ਹੁਲਸੀ ਦੇ ਉਦਰ ਤੋਂ ਤੁਲਸੀਦਾਸ ਦਾ ਜਨਮ ਹੋਇਆ। ਇਹ ਮਹਾਕਵਿ ਸ੍ਰੀ ਰਾਮਚੰਦ੍ਰ ਦੇ ਅਨਨਜ ਭਗਤ ਸਨ। ਇਨ੍ਹਾਂ ਨੇ ਹਿੰਦੀ ਭਾਸ਼ਾ ਵਿਚ ਰਾਮਾਇਣ ਦੀ ਮਨੋਹਰ ਰਚਨਾ ਕੀਤੀ ਹੈ। ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਤੁਲਸੀ ਨੂੰ ਆਪਣੀ ਇਸਤ੍ਰੀ ਰਤਨਾਵਲੀ ਦੇ ਵਚਨ ਸੁਣਕੇ ਪਰਮੇਸ੍ਵਰ ਵਲ ਪ੍ਰੇਮ ਜਾਗਿਆ ਸੀ। ਤੁਲਸੀਦਾਸ ਜੀ ਦਾ ਦੇਹਾਂਤ ਸੰਮਤ 1680 ਵਿਚ ਕਾਸ਼ੀ ਹੋਇਆ।[1174] ਤੁਲਸੀਦਾਸ ਜੁ ਕਹਯੋ ਮਹਾਨੰ॥[1175]

**ਤੁਲੰਭਾ-** ਪਾਕਿਸਤਾਨ ਵਿਚ ਸਿੰਧ ਲਾਗੇ ਇਕ ਨਗਰ।[1176] ਸਹਰਿ ਤੁਲੰਭੇ ਪਹੁਚੇ ਜਾਈ॥46॥[1177]

**ਤੂੰਗਾ-** ਇਕ ਟਾਪੂ (ਦੇਖੋ) ਦਾ ਨਾਮ। ਪੁਨਿ ਉਨੀਸਮੀ ਤੂੰਗਾ ਮਾਨੋ॥[1178]

**ਤੂਰਜ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਆਦਮ (ਦੇਖੋ) ਦੇ ਇਕ ਪੁਤਰ ਦਾ ਨਾਮ। ਅਬਲ ਚਾਰ ਇਮਾਮ ਥੇ ਹਾਬਲ ਕਾਬਲੁ ਜਾਨ॥ ਤੀਜਾ ਈਰਜੁ ਆਖੀਐ ਚਉਥਾ ਤੂਰਜੁ ਮਾਨ॥38॥[1179]

**ਤੂਲਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਇਕ ਸਿਖ ਇਸਤਰੀ, ਜੋ ਬਹੁਤ ਕੜਵਾ ਬੋਲਦੀ ਸੀ ਪਰ ਗੁਰੂ ਜੀ ਦੇ ਉਪਦੇਸ਼ ਸਦਕਾ ਇਹ ਤੁਲਸੀ ਵਾਂਗ ਪਵਿਤਰ ਹੋ ਗਈ। ਦੇਖਿ ਨਿਹਾਲੀ ਕੀ ਦਸਾ ਤੂਲਾ ਕੜਵੀ ਦੋਇ॥[1180]

---

[1173] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 15.

[1174] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਤਵੀਂ ਵਾਰ, 2006, ਪੰਨਾ 598.

[1175] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1143.

[1176] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 128.

[1177] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1753.

[1178] ਉਹੀ, ਪਤਰਾ 1318.

[1179] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 940.

[1180] ਉਹੀ, ਪਤਰਾ 789.

**ਤੇਗ ਬਹਾਦੁਰ (ਗੁਰੂ)-** ਗੁਰੂ-ਨਾਨਕ-ਗੱਦੀ ਉਤੇ ਬਿਰਾਜਣ ਵਾਲੇ ਨੌਵੇਂ ਗੁਰੂ ਤੇਗ ਬਹਾਦਰ ਸਨ, ਆਪ ਦਾ ਜਨਮ ਗੁਰੂ ਹਰਿਗੋਬਿੰਦ ਸਾਹਿਬ ਛੇਵੀਂ ਪਾਤਸ਼ਾਹੀ ਦੇ ਘਰ ਮਾਤਾ ਨਾਨਕੀ ਦੀ ਕੁਖੋਂ ਸੰਮਤ 1678 (1621 ਈ.) ਨੂੰ ਸ੍ਰੀ ਅੰਮ੍ਰਿਤਸਰ ਵਿਚ, ਜਿਥੇ ਅੱਜ-ਕੱਲ੍ਹ ਗੁਰੂ ਕੇ ਮਹਲ ਹਨ, ਪੈਦਾ ਹੋਇਆ। ਆਪ ਦਾ ਵਿਆਹ ਮਾਤਾ ਗੁਜਰੀ ਨਾਲ ਕਰਤਾਰਪੁਰ ਸੰਮਤ 1689 ਨੂੰ ਹੋਇਆ। ਜਦੋਂ ਸੰਮਤ 1721 ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਦਿਲੀ ਵਿਚ ਜੋਤੀ ਜੋਤ ਸਮਾਉਣ ਲਗੇ ਤਦ ਸੰਗਤਾਂ ਦੇ ਕਹਿਣ 'ਤੇ ਅਗਲੇ ਗੁਰੂ ਦਾ ਸੰਕੇਤ ਬਾਬਾ ਬਾਕਾਲ ਕਹਿ ਕੇ ਦਿਤਾ। ਆਪ ਨੇ ਕਹਿਲੂਰ ਦੇ ਰਾਜੇ ਪਾਸੋਂ ਜ਼ਮੀਨ ਖਰੀਦ ਕੇ ਅੰਨਦਪੁਰ ਦੀ ਨੀਂਹ ਰੱਖੀ ਅਤੇ ਸੰਮਤ 1723 ਵਿਚ ਆਪ ਦੇ ਘਰ ਬਾਲਕ ਨੇ ਜਨਮ ਲਿਆ ਜਿਸ ਦਾ ਨਾਮ ਗੋਬਿੰਦ ਰਾਇ ਰਖਿਆ ਗਿਆ। ਔਰੰਗਜੇਬ ਨੇ ਗੁਰੂ ਜੀ ਨੂੰ ਕੈਦ ਕਰਕੇ ਅਤੇ ਤਸੀਹੇ ਦੇ ਕੇ ਸੰਮਤ 1732 (1675 ਈ.) ਨੂੰ ਦਿਲੀ ਵਿਖੇ ਸ਼ਹੀਦ ਕਰ ਦਿਤਾ ਗਿਆ।[1181] ਤੇਗ ਬਹਾਦਰਿ ਤਿਨ ਕੇ ਪਾਛੇ॥[1182]

**ਤੋਤਲਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਪੁਨੈ ਅੰਬਕਾ ਤੋਤਲਾ ਨੈਣ ਸ੍ਰਿੰਗੀ॥[1183]

**ਤਜਾਪਾਠਾਰੀ-** ਇਕ ਪਰਬਤ (ਦੇਖੋ) ਦਾ ਨਾਮ। ਤਜਾਪਾਠਾਰੀ ਕ੍ਰਿਸਨਾ ਸੋਉ॥[1184]

**ਤ੍ਰਿਸੂਲ ਸਥਾਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜਿਥੇ ਸ਼ਿਵਾਲੈ ਤੀਰਥ (ਦੇਖੋ) ਹੈ, ਉਥੋਂ ਦੇ ਤਲਾਅ ਦਾ ਨਾਮ। ਹਿੰਡਤ ਹਿੰਡਤ ਸਹਜ ਸੁਭਾਇ॥ ਤ੍ਰਿਸੂਲ ਸਥਾਨ ਸੁ ਪਹੁਚਾ ਆਇ॥17॥[1185]

**ਤ੍ਰਿਬੰਕ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਬ੍ਰਹਮਣ ਦਾ ਨਾਮ ਜੋ ਰਾਜਾ ਦਰੁਪਦ (ਦੇਖੋ) ਦਾ ਭੋਜਨ ਬਣਾਉਂਦਾ ਸੀ ਅਤੇ ਸੋਮ ਭਦਰਾ ਨਗਰ ਵਿਚ ਰਹਿੰਦਾ ਸੀ। ਇਕ ਵਾਰ ਇਹ ਦੁਰਬਾਸਾ ਰਿਸ਼ੀ ਨੂੰ ਮਿਲਿਆ ਅਤੇ ਭੇਦ ਭਾਵ ਕਰਨ ਕਰਕੇ ਰਿਸ਼ੀ ਨੇ ਇਸ ਨੂੰ ਸਰਾਪ ਦਿਤਾ ਅਤੇ ਕਿਹਾ ਕਿ ਉਹ ਰਾਖਸ਼ ਬਣੇਗਾ ਅਤੇ

---

[1181] ਮਹਿਤਾਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਇਤਿਹਾਸਕ ਨਾਵਾਂ ਤੇ ਥਾਵਾਂ ਦਾ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸਤਵੀਂ ਵਾਰ, 2010, ਪੰਨਾ 56-60

[1182] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1837.

[1183] ਉਹੀ, ਪਤਰਾ 1054.

[1184] ਉਹੀ, ਪਤਰਾ 1426.

[1185] ਉਹੀ, ਪਤਰਾ 1545.

ਮੁਆਫੀ ਮੰਗਣ ਉਤੇ ਕਿਹਾ ਕਿ ਜਦੋਂ ਗੁਰੂ ਨਾਨਕ ਅਵਤਾਰ ਰੂਪ ਵਿਚ ਆਵੇਗਾ ਉਦੋਂ ਉਦਾਰ ਹੋਵੇਗਾ। ਫਿਰ ਉਹ ਰੋਮਕੰਟਿ ਰਾਖਸ਼ ਬਣ ਗਿਆ।[1186] ਤ੍ਰਿਬੰਕ ਨਾਮ ਕਹੈ ਮਮ ਸਾਰੇ॥46॥[1187]

**ਤ੍ਰਿੰਬਕੁ ਗੋਦਾ-** ਤ੍ਰਯੰਬਕ-ਤਿੰਨ ਹਨ ਜਿਸ ਦੇ ਅੰਬਕ(ਨੇਤ੍ਰ)। ਤਿੰਨ ਨੇਤ੍ਰਾਂ ਵਾਲਾ ਸ਼ਿਵ। ਬੰਬਈ ਹਾਤੇ ਨਾਸਿਕ ਜ਼ਿਲ੍ਹੇ ਵਿਚ ਗੋਦਾਵਰੀ ਦੇ ਕਿਨਾਰੇ ਇਕ ਸ਼ਿਵ ਮੰਦਿਰ ਅਤੇ ਇਸੇ ਨਾਮ ਦਾ ਨਗਰ, ਜੋ ਨਾਸਿਕ ਤੋਂ 20 ਮੀਲ ਦੱਖਣ ਪੱਛਮ ਹੈ। ਇਸ ਥਾਂ ਬਾਰਾਂ ਵਰ੍ਹੇ ਪਿਛੋਂ ਭਾਰੀ ਕੁੰਭ ਮੇਲਾ ਹੁੰਦਾ ਹੈ।[1188] ਤ੍ਰਿੰਬਕੁ ਗੋਦਾ ਤਟ ਮੈ ਜੈਸੇ॥[1189]

**ਤ੍ਰਿਬੇਣੀ-** ਇਸ ਨੂੰ ਮੁਕਤਾਬੇਣੀ ਵੀ ਕਿਹਾ ਜਾਂਦਾ ਹੈ। 1. ਗੰਡਕੀ, ਦੇਵਿਕਾ ਅਤੇ ਬ੍ਰਹਮਾਪੁਤਰੀ ਦੇ ਸੰਗਮ ਵਾਲਾ ਸਥਾਨ। 2. ਇਲਾਹਾਬਾਦ ਵਿਚ ਗੰਗਾ, ਯਮੁਨਾ ਅਤੇ ਸਰਸਵਤੀ ਦੇ ਸੰਗਮ ਵਾਲਾ ਸਥਾਨ। 3. ਤੈਮੋਰ, ਅਰੁਣ ਅਤੇ ਸੰਕੋਸੀ ਦੇ ਸੰਗਮ ਦਾ ਸਥਾਨ।[1190] ਤ੍ਰਿਬੇਣੀ ਮੈ ਕਰਿ ਇਸਨਾਨੰ॥[1191]

**ਤ੍ਰਿਮੁਖਿ-** ਤ੍ਰਿੰਬਕੁ (ਦੇਖੋ) ਦਾ ਹੀ ਇਕ ਨਾਮ। ਤਹਿ ਤੇ ਤ੍ਰਿਮੁਖਿ ਕੋ ਤੁਮ ਜਾਵਉ॥[1192]

**ਥੰਮਣ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਉਪਰੰਤ ਦਰਸ਼ਨ ਕਰਨ ਆਇਆ ਇਕ ਵਿਅਕਤੀ। ਸੰਮਣ ਥੰਮਣ ਜੱਲਣ ਜੱਟ॥[1193]

**ਥਾਨ ਦੇਸ-** ਇਕ ਸਥਾਨ ਦਾ ਨਾਮ ਜਿਥੇ ਸ਼ਿਵ ਦਾ ਅਸਥਾਨ ਹੋਣ ਕਰਕੇ ਤੀਰਥ ਅਤੇ ਸ਼ਹਿਰ ਦਾ ਨਾਮ ਥਨੇਸਰ ਹੋ ਗਿਆ। ਇਹ ਕਰਨਾਲ ਜਿਲੇ ਵਿਚ ਹਿੰਦੂਆਂ ਦੇ ਪ੍ਰਸਿਧ ਤੀਰਥ ਕੁਰੂਕੇਸ਼ਤਰ ਦੇ ਅੰਤਰਗਤ

---

[1186] ਉਹੀ, ਪਤਰਾ 354-55.

[1187] ਉਹੀ, ਪਤਰਾ 354.

[1188] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 605.

[1189] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1560.

[1190] Nundo Lal Dey, *The Geographical Dictionary of Ancient and Medieval India,* Oriental Books, New Delhi, Forth edition, 1984, Page 207.

[1191] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1723.

[1192] ਉਹੀ, ਪਤਰਾ 702.

[1193] ਉਹੀ, ਪਤਰਾ 159.

ਹੈ।[1194] ਸ਼ਾਇਦ ਗੁਰੂ ਨਾਨਕ ਵਿਜੈ ਗ੍ਰੰਥ ਵਿਚ ਇਸੇ ਸਥਾਨ ਵਲ ਸੰਕੇਤ ਕੀਤਾ ਗਿਆ ਹੋਵੇ। ਥਾਨ ਦੇਸ ਮੈ ਸਤਿਗੁਰ ਆਇ॥23॥[1195]

**ਥਾਵਰਿ ਜੰਗਮ-** ਇਕ ਪਰਬਤ (ਦੇਖੋ) ਦਾ ਨਾਮ। ਪੁਨਿ ਥਾਵਰਿ ਜੰਗਮ ਤਹ ਆਯੋ॥[1196]

**ਦਸਰਥ-** ਰਾਮ (ਦੇਖੋ) ਅਵਤਾਰ ਦਾ ਪਿਤਾ। ਦਸਰਥ ਬਚਨਿ ਲਯੋ ਬਨਬਾਸੰ॥[1197]

**ਦਖਣੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਨਾਗਰਚੰਦ ਅਣੀ ਦਖਣੀ ਅਰੁ ਮੋਹਿਣ ਜੀ ਜਗਤਾ ਪਰਸਾ ਹੈ॥[1198]

**ਦੰਗਲੀ ਰਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਵਿਅਕਤੀ ਦਾ ਨਾਮ ਜੋ ਬਹੁਤ ਹੀ ਧਨਾਢ ਸੀ। ਰਹੈ ਦੰਗਲੀ ਏਕ ਗੁਸਾਈ॥[1199]

**ਦਤ (ਅਵਤਾਰ)/ਦੱਤਾਤ੍ਰੇਯ-** ਇਹ ਪੁਰਾਣਾ ਵਿਚ ਦਸੇ 24 ਅਵਤਾਰਾਂ ਵਿਚੋਂ ਇਕ ਅਵਤਾਰ (ਦੇਖੋ) ਸੀ ਜਿਸ ਦਾ ਜਨਮ ਅਨਸੂਯਾ ਦੀ ਕੁਖੋਂ ਹੋਇਆ। ਇਹ ਅਤਰੀ ਰਿਸ਼ੀ ਦਾ ਪੁਤਰ ਸੀ। ਇਸ ਵਿਚ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਤਿੰਨਾਂ ਦੇ ਦੈਵੀ ਅੰਸ਼ ਵਿਦਮਾਨ ਸਨ। ਇਕ ਕਥਾ ਅਨੁਸਾਰ ਅਨਸੂਯਾ ਦੇ ਵਰ ਮੰਗਣ ਤੇ ਉਸ ਦੇ ਗਰਭ ਤੋਂ ਬ੍ਰਹਮਾ 'ਸੋਮ' ਰੂਪ ਵਿਚ ਵਿਸ਼ਨੂੰ 'ਦੱਤ' ਰੂਪ ਵਿਚ ਤੇ ਸ਼ਿਵ 'ਦੁਰਵਾਸਾ' ਦੇ ਰੂਪ ਵਿਚ ਪੈਦਾ ਹੋਇਆ। ਦੱਤਾ ਤ੍ਰੇਯ ਤ੍ਰੇਤਾ ਯੁਗ ਵਿਚ ਹੋਇਆ ਜਦੋਂ ਧਰਮ ਦਾ ਚੌਥਾ ਨਸ਼ਟ ਹੋ ਚੁਕਾ ਸੀ ਤੇ ਇਸ ਅਵਤਾਰ ਦਾ ਮੰਤਵ ਮਨੁਖ ਵਿਚ ਆਪਸੀ ਮੇਲ ਮਿਲਾਪ ਦੀ ਭਾਵਨਾ ਜਗਾਉਣਾ ਤੇ ਲੋਕਾਂ ਨੂੰ ਧਰਮ ਵੱਲ ਮੁੜ ਰੁਚਿਤ ਕਰਨਾ ਸੀ।[1200] ਦਤ ਪੁਨਿ ਕਪਲ ਮਹਾਨ ਸਨਕਾਦਿ ਜਾਨ ਚੌਵੀ ਅਵਤਾਰ ਸੰਤਰੇਣ ਸੋ ਪਛਾਨੀਐ॥38॥[1201]

---

[1194] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 610.

[1195] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 829.

[1196] ਉਹੀ, ਪਤਰਾ 1426.

[1197] ਉਹੀ, ਪਤਰਾ 18.

[1198] ਉਹੀ, ਪਤਰਾ 594.

[1199] ਉਹੀ, ਪਤਰਾ 853.

[1200] ਹਰਭਜਨ ਕੌਰ, *ਪੰਜਾਬੀ ਵਿਸ਼ਵ ਕੋਸ਼ ਜਿਲਦ 13ਵੀਂ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2011, ਪੰਨਾ 104.

[1201] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 4.

**ਦਤ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਛੇ ਜਤੀ (ਦੇਖੋ) ਵਿਚੋਂ ਇਕ ਜਤੀ ਦਾ ਨਾਮ। ਪਿਰਥਮਿ ਗੋਰਖ ਜਤੀ ਦੂਸਰੇ ਦਤ ਸੁ ਜਾਨੋ॥[1202]

**ਦੰਦਚੰਦ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਸਿਆਲਕੋਟ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1203] ਭਾਗਚੰਦ ਭਾਗਰਾਇ ਦੰਦਚੰਦ ਆਇਕੈ ਸੋ ਪਾਇ ਪਰੇ ਗੁਰੂ ਕੈ ਮਹਾਨੀਐ॥39॥[1204]

**ਦਮੋਦਰ (ਅਵਤਾਰ)-** ਕ੍ਰਿਸ਼ਨ (ਦੇਖੋ) ਦਾ ਇਕ ਨਾਮ। ਇਕ ਦਮੋਦਰਿ ਭਾਖਤਿ ਹੈਂ ਇਕ ਨਾਮ ਕਹੈਂ ਹਮਰਾ ਗਿਰਧਾਰੀ॥[1205]

**ਦਰਬੇਲਾ (ਦਰਬੇਲਹ)-** ਜਨਮਸਾਖੀ ਸਾਹਿਤ ਅਨੁਸਾਰ ਇਕ ਸ਼ਹਿਰ, ਜਿਥੇ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਨੂੰ ਬਚਨ ਕੀਤਾ ਕਿ ਇਥੇ ਤੇਰੀ ਔਲਾਦ ਰਹੇਗੀ। ਇਸ ਸ਼ਹਿਰ ਦੀ ਭਾਵੇਂ ਭੂਗੋਲਿਕ ਪੁਸ਼ਟੀ ਔਖੀ ਹੈ, ਪਰੰਤੂ ਹੋ ਸਕਦੈ ਅਫਗਾਨਿਸਤਾਨ/ਪਾਕਿਸਤਾਨ ਵਿਚ ਗੁਰੂ-ਸਮਕਾਲੀ ਕੋਈ ਥਾਂ ਹੋਵੇ ਅਤੇ ਹੁਣ ਇਸ ਦਾ ਨਾਂ ਬਦਲ ਗਿਆ ਹੋਵੇ। ਇਹ ਵੀ ਹੋ ਸਕਦੈ ਕਿ ਕਿਸੇ ਸ਼ਹਿਰ ਦੀ ਬਜਾਇ ਇਹ ਆਮ ਥਾਂ ਨੂੰ ਹੀ ਕਹਿੰਦੇ ਹੋਣ।[1206] ਦਰਬੇਲਹ ਜਾਇ ਗੁਰੂ ਉਤਰੇ ਸਚੁ ਦੇਖ ਤਰੀ ਤਿਸ ਠੌਰ ਮਝਾਰੇ॥[1207]

**ਦਾਮੋਦਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਪਰਮਾਨੰਦ ਦਾ ਗੁਰੂ ਨਾਨਕ ਦੇਵ ਜੀ ਅਤੇ ਪਿਤਾ ਮਹਿਤਾ ਕਾਲੂ ਦੀ ਪ੍ਰੀਖਿਆ ਲੈਣ ਲਈ ਬਦਲਾਏ ਭੇਸ ਵਿਚ ਦਸਿਆ ਗਿਆ ਨਾਮ। ਪ੍ਰਸੰਗ ਇਹ ਹੈ ਕਿ ਪਰਮਾਨੰਦ ਨੇ ਗੁਰੂ ਜੀ ਤੇ ਮਹਿਤਾ ਕਾਲੂ ਦੀ ਪ੍ਰੀਖਿਆ ਲੈਣ ਲਈ ਦਮੋਦਰ ਦਾ ਭੇਸ ਬਦਲਾਇਆ ਅਤੇ ਮਦਦ ਲਈ ਮਹਿਤਾ ਕਾਲੂ ਤੋਂ ਰੁਪਇਆਂ ਦੀ ਮੰਗ ਕੀਤੀ। ਮਹਿਤਾ ਕਾਲੂ ਨੇ ਚਿਠੀ ਲਿਖ ਕੇ ਸਰਹਿੰਦ ਦੇ ਹਰੀ ਰਾਮ ਕੋਲ ਭੇਜ ਦਿਤਾ। ਹਰੀ ਰਾਮ ਮਹਿਤਾ ਕਾਲੂ ਦੀ ਆੜ੍ਹਤ ਦੀ ਦੁਕਾਨ ਉਪਰ ਕੰਮ ਕਰਦਾ ਸੀ। ਹਰੀ ਰਾਮ ਨੇ

---

1202 ਉਹੀ, ਪਤਰਾ 1026.

1203 ਉਹੀ, ਪਤਰਾ 1783.

1204 ਉਹੀ.

1205 ਉਹੀ, ਪਤਰਾ 114.

1206 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 132.

1207 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1729.

ਦਮੋਦਰ (ਪਰਮਾਨੰਦ) ਨੂੰ ਰੁਪਏ ਦੇ ਦਿਤੇ। ਫਿਰ ਪਰਮਾਨੰਦ ਨੂੰ ਬਹੁਤ ਪਛਤਾਵਾ ਹੋਇਆ ਅਤੇ ਉਸ ਨੇ ਮਹਿਤਾ ਕਾਲੂ ਤੋਂ ਮੁਆਫੀ ਮੰਗੀ ਅਤੇ ਕਿਹਾ ਕੇ ਉਸ ਨੇ ਪਰਖਣ ਹਿਤ ਇਹ ਭੇਸ ਬਦਲਾਇਆ ਸੀ। ਮੈਂ ਦ੍ਵਿਜ ਰਹੌਂ ਸੁਨਾਮ ਮੈ ਦਾਮੋਦਰ ਮਮ ਨਾਮ॥[1208]

**ਦਾਮੋਦਰ (ਸਿਖ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਸਿਆਲਕੋਟ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1209] ਮੇਘਰਾਜ ਦੀਪਚੰਦ ਪੂਰਨਾ ਪੂਰਨਚੰਦ ਮਾਧਵ ਦਾਮੋਦਰ ਸੋ ਖਤਰੀ ਪਛਾਨੀਐ॥[1210]

**ਦਿਉਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਕੋਲੀ ਪੁਨਿ ਦਿਉ ਚੰਦ ਚੰਨਣ ਰਾਮ ਜੀ॥[1211]

**ਦਿਨੇਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦਿਨੇਸ ਪੇਠਿ ਦੇ ਰਹਿਣ ਵਾਲਾ ਇਕ ਵਿਅਕਤੀ ਜਿਸ ਦੇ ਨਾਮ ਉਪਰ ਇਸ ਨਗਰ ਦਾ ਨਾਮ ਪਿਆ। ਇਸ ਦੇ ਪਿਤਾ ਦਾ ਨਾਮ ਗਨੇਸਿ ਸੀ। ਮਹਾ ਸਰੂਪ ਵਾਨ ਸੋ ਦਿਨੇਸਿ ਕੇ ਸਮਾਨ ਸੋ ਦਿਨੇਸਿ ਨਾਮ ਰਾਖਿਯੋ ਸੁ ਤਾਹਿ ਕੋ ਮਹਾਨਿਯੈ॥34॥[1212]

**ਦਿਨੇਸ ਪੇਠਿ (ਸਥਾਨ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦਖਣ ਵਲ ਦਾ ਇਕ ਸਥਾਨ। ਅਨੰਗ ਸੇਖਰ ਛੰਦ॥ ਗੁਰੂ ਉਲੰਘ ਸਿੰਧ ਕੋ ਦਯੋ ਦਿਦਾਰ ਜਾਇ ਕੈ ਦਿਨੇਸਿ ਪੇਠਿ ਮੈ ਰਹੇ ਸੁ ਆਪ ਤਾਂ ਸੁ ਜਾਨੀਯੈ॥[1213]

**ਦਿਲੀ-** ਭਾਰਤ ਦੀ ਰਾਜਧਾਨੀ ਅਤੇ ਸ੍ਵੈ-ਸ਼ਾਸਤ ਪ੍ਰਦੇਸ਼। ਇਹ ਭਾਰਤ ਦੇ ਚਾਰ ਮਹਾਂਨਗਰਾਂ ਵਿਚੋਂ ਇਕ ਮਹਾਂਨਗਰ ਹੈ। ਜਮੁਨਾ ਨਦੀ ਦੇ ਕੰਢੇ ਉਤੇ ਵਸੇ ਇਸ ਮਹਾਂਨਗਰ ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਮੰਨਿਆ ਜਾਂਦਾ ਹੈ ਕਿ ਪਾਂਡਵ ਸਾਸ਼ਨ-ਕਾਲ (1200 ਈ. ਪੂ.) ਵੇਲੇ ਇਸ ਦਾ ਨਾਂ ਇੰਦਰ-ਪ੍ਰਸਥ ਸੀ। ਇਸ ਨਗਰ ਦਾ ਨਾਂ ਦਿਲੀ ਕਿਵੇਂ ਪਿਆ? ਇਸ ਬਾਰੇ ਭਰੋਸੇਯੋਗ ਕੋਈ ਪ੍ਰਮਾਣਿਕ ਸਬੂਤ ਪੇਸ਼ ਨਹੀਂ ਕੀਤਾ ਜਾ ਸਕਿਆ, ਵਿਦਵਾਨਾਂ ਨੇ ਰਵਾਇਤਾਂ ਵਿਚੋਂ ਹੀ ਅਨੁਮਾਨ ਲਗਾਏ ਹਨ। ਮੁਗਲ ਬਾਦਸ਼ਾਹ (1526-1707

---

[1208] ਉਹੀ, ਪਤਰਾ 493-94.

[1209] ਉਹੀ, ਪਤਰਾ 1783.

[1210] ਉਹੀ.

[1211] ਉਹੀ, ਪਤਰਾ 1629.

[1212] ਉਹੀ, ਪਤਰਾ 1500.

[1213] ਉਹੀ, ਪਤਰਾ 1500.

ਈ.) ਦੇ ਰਾਜ-ਕਾਲ ਵੇਲੇ ਦਿਲੀ ਦੁਨੀਆਂ ਦੇ ਪ੍ਰਸਿਧ ਨਗਰਾਂ ਵਿਚ ਗਿਣੀ ਜਾਣ ਲਗ ਪਈ।[1214] ਇਕ ਸਿਖ ਦਿੱਲੀ ਕੇ ਵਿਖੈ ਕਰੇ ਸ੍ਰੀ ਗੁਰ ਯਾਦਿ॥1॥[1215]

**ਦੀਸ ਪਰੰਗੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਹੋ ਦੀਸ ਪਰੰਗੀ ਸਿਧ ਛਿਹਤਰਿ ਆਖਿਯੈ॥62॥[1216]

**ਦੀਨਾ ਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜਿਥੇ ਵਲੀ ਕੰਧਾਰ ਰਹਿੰਦਾ ਸੀ, ਉਸ ਦੇ ਨੇੜੇ ਹੀ ਇਕ ਗੁਫਾ ਵਿਚ ਦੀਨਾ ਨਾਥ ਬਾਣੀਆ ਰਹਿੰਦਾ ਸੀ। ਇਸ ਦੇ ਪਿਤਾ ਦਾ ਨਾਮ ਰਾਮੂ ਸ਼ਾਹ ਸੀ। ਇਹ ਗੁਰੂ ਜੀ ਨੂੰ ਮਿਲਿਆ ਅਤੇ ਬਹੁਤ ਪ੍ਰਭਾਵਿਤ ਹੋਇਆ, ਗੁਰੂ ਜੀ ਇਸ ਕੋਲ ਤਿੰਨ ਦਿਨ ਰਹਿ ਕੇ ਅਗੇ ਵਲੀ ਕੰਧਾਰੀ ਕੋਲ ਗਏ।[1217] ਆਗੇ ਹੀ ਗੁਰ ਯੋ ਕਹਜੋ ਆਵਉ ਦੀਨਾ ਨਾਥ॥46॥[1218]

**ਦੀਪ ਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਸਿਖ ਜੋ ਬੀਜਾਪੁਰ (ਦੇਖੋ) ਦਾ ਰਹਿਣ ਵਾਲਾ ਸੀ। ਦੀਪ ਚੰਦ ਪਰ ਕਿਰਪਾ ਭਈ॥[1219]

**ਦੀਪਚੰਦ (ਸਿਆਲਕੋਟੀ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਸਿਆਲਕੋਟ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1220] ਮੇਘਰਾਜ ਦੀਪਚੰਦ ਪੂਰਨਾ ਪੂਰਨਚੰਦ ਮਾਧਵ ਦਾਮੋਦਰ ਸੋ ਖਤਰੀ ਪਛਾਨੀਐ॥[1221]

**ਦੁਆਰਕਾ-** ਦਰਵਾਜਿਆਂ ਦਾ ਸ਼ਹਿਰ। ਇਹ ਕ੍ਰਿਸ਼ਨ ਦੀ ਗੁਜਰਾਤ ਦੀ ਰਾਜਧਾਨੀ ਸੀ ਜਿਹੜੀ ਉਸਦੇ ਪ੍ਰਲੋਕ ਗਮਨ ਤੋਂ ਸੱਤ ਦਿਨ ਪਿਛੋਂ ਸਮੁੰਦਰ ਵਿਚ ਗਰਕ ਹੋ ਗਈ ਸੀ। ਇਹ ਸਤ ਪਵਿਤਰ ਸ਼ਹਿਰਾਂ ਵਿਚੋਂ

---

1214 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 134.

1215 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1493.

1216 ਉਹੀ, ਪਤਰਾ 1027.

1217 ਉਹੀ, ਪਤਰਾ 1757-58.

1218 ਉਹੀ, ਪਤਰਾ 1757.

1219 ਉਹੀ, ਪਤਰਾ 1392.

1220 ਉਹੀ, ਪਤਰਾ 1783.

1221 ਉਹੀ.

ਇਕ ਹੈ। ਇਸ ਨੂੰ ਅਬੁਧਿ ਨਗਰੀ ਵੀ ਕਿਹਾ ਜਾਂਦਾ ਹੈ।[1222] ਰਾਮਨਾਥ ਤੇ ਦੁਆਰਕਾ ਪੁਨਿ ਹਿੰਗਲਾਸ ਸੁ ਜਾਇ॥[1223]

**ਦੁਗਲ ਜੈਦੋ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਦੁਗਲ ਜੈਦੋ ਜਾਨ ਕੋਛਕ ਦਿਆਲ ਜੀ॥[1224]

**ਦੁਨੀ ਚੰਦ (ਕਰੋੜੀਆ)-** ਗੁਰੂ ਨਾਨਕ ਸਾਹਿਬ ਦਾ ਇਕ ਸਿਖ। ਇਹ ਲਾਹੌਰ ਦੇ ਆਲੇ-ਦੁਆਲੇ ਦੇ ਇਲਾਕੇ ਦਾ ਮਾਲੀ ਅਫਸਰ ਸੀ, ਜਵਾਹਰ ਮਲ ਇਸੇ ਦੇ ਵਡੇਰਿਆਂ ਵਿਚੋਂ ਸੀ। ਦੁਨੀ ਚੰਦ ਨਾਲ ਜੁੜਿਆ ਕਰੋੜੀ ਜਾਂ ਕਰੋੜੀਆ ਕੋਈ ਅੱਲ ਜਾਂ ਗੋਤ/ਜ਼ਾਤ ਨਹੀਂ, ਸਗੋਂ ਮੁਸਲਮਾਨਾਂ ਦੇ ਰਾਜ ਸਮੇਂ ਕਰੋੜੀ, ਮਾਲੀ-ਅਫਸਰ ਦੀ ਇਕ ਉਪਾਧੀ ਸੀ। ਇਹ ਪਦਵੀ ਜਾਂ ਉਪਾਧੀ ਉਸ ਅਫਸਰ ਨੂੰ ਮਿਲਦੀ ਸੀ, ਜੋ ਸਰਕਾਰੀ ਖਜ਼ਾਨੇ ਵਾਸਤੇ ਕਰੋੜ ਦਾਮ ਇਕਠੇ ਕਰਦਾ ਹੋਵੇ।[1225] ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਸ ਦੀ ਪਤਨੀ ਦਾ ਨਾਮ ਸੁਭਦ੍ਰਾ ਦਸਿਆ ਗਿਆ ਹੈ। ਰਾਵੀ ਕੇ ਨਗੀਚ ਟੀਚ ਉਤਰੇ ਸੁ ਬਾਗੀਚ ਦੁਨੀ ਚੰਦ ਖਤਰੀ ਸੁਣਾ ਸੁ ਲੇਣੇ ਆਯੋ ਹੈ॥[1226]

**ਦੁਰਗਾ-** ਸ਼ਿਵ ਦੀ ਪਤਨੀ ਅਤੇ ਹਿਮਵਤ (ਹਿਮਾਲਿਆ) ਦੀ ਧੀ ਹੈ। ਪੁਰਾਣਾਂ ਅਤੇ ਪਿਛਲੇਰੀਆਂ ਰਚਨਾਵਾਂ ਵਿਚ ਇਸ ਦੀ ਵਿਸ਼ੇਸ਼ਤਾ ਵਧੇਰੇ ਰੂਪਮਾਨ ਹੋਈ ਹੈ। ਇਸ ਦੇ ਅਨੇਕਾਂ ਨਾਂ ਹਨ ਜਿਹੜੇ ਇਸ ਦੇ ਭਿੰਨ-ਭਿੰਨ ਰੂਪਾਂ, ਗੁਣਾਂ ਅਤੇ ਕਰਮਾਂ ਨਾਲ ਸਬੰਧ ਰਖਦੇ ਹਨ।[1227] ਦਰਬਾਸਾ ਦੁਧ ਦੂਭ ਦਿਸ ਦੁਰਗਾ ਬਰਨ ਦਕਾਰ॥[1228]

---

[1222] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 288.

[1223] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 702.

[1224] ਉਹੀ, ਪਤਰਾ 1629.

[1225] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 84.

[1226] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 755.

[1227] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 297-98.

[1228] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 15.

**ਦੁਰਗਾ ਧਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜਿਥੇ ਦੁਰਗਾ ਦਾ ਨਿਵਾਸ ਹੈ, ਉਸ ਸਥਾਨ ਦਾ ਨਾਮ ਦੁਰਗਾ ਧਾਮ ਹੈ। ਇਸ ਸਥਾਨ ਉਪਰ ਇਸ ਦੀਆਂ ਬਹੁਤ ਸਾਰੀਆਂ ਦਾਸੀਆਂ ਉਸ ਦੀ ਸੇਵਾ ਵਿਚ ਹਾਜਰ ਰਹਿੰਦੀਆਂ ਹਨ। ਕਵੀ ਨੇ ਇਨ੍ਹਾਂ ਦੇ ਨਾਮ ਇਹ ਦਸੇ ਹਨ- ਰੂਪ ਸੁੰਦਰੀ, ਰੂਪ ਪ੍ਰਭਾ, ਸ੍ਵੰ ਪ੍ਰਭਾ, ਸ੍ਵੰ ਜੋਤੀ, ਚਿੰਤਪੂਰਨੀ, ਅਮਰਿਕਰੀ, ਸੁੰਦਰੀ, ਕਿਰਪਾ ਨਿਧਾਨੀ, ਭਦਰਕਾਲੀ, ਪਰਧਾਨ, ਧਰਿ ਸਿੰਗਾਰ, ਪਰਮ ਸੁੰਦਰੀ, ਰੂਪ ਗੁੰਦਰੀ, ਕਾਲਕਾ, ਜੋਤਿ ਜਵਾਲਕਾ, ਵਿਸ੍ਵ ਮੋਹਨੀ, ਪਰਮ ਸੋਹਨੀ, ਅਗਮ ਪੰਥਨੀ, ਬੋਧ ਗ੍ਰੰਥਨੀ, ਅੰਸ ਮਾਲਕਾ, ਰੂਪ ਜ੍ਵਾਲਕਾ, ਚਿੰਤ ਚਾਉਲੀ, ਰੂਪ ਪਾਉਲੀ, ਰੂਪ ਮੰਜਰੀ, ਨੈਨ ਕੰਜਰੀ, ਅੰਸ ਮਾਲਿਨੀ, ਜੋਤਿ ਭਾਲਨੀ, ਜੋਗ ਨੇਟਕਾ, ਅੰਸ ਠੇਟਕਾ, ਚੰਦ ਭਾਲਨੀ, ਵਿਸ੍ਵ ਪਾਲਨੀ, ਭਦਰਿਕਾਲੀ, ਰਤਨਿ ਜਾਲੀ, ਰਤਨਿ ਕ੍ਵਾਂਤਾਂ, ਬਰਿਸੁਦਾਤਾਂ, ਰੂਪ ਸ੍ਵਾਂਤੀ, ਮਦਨ ਕ੍ਵਾਂਤੀ, ਅੰਤਰਾਲੀ, ਬ੍ਰਹਮ ਬਾਲੀ, ਬ੍ਰਹਮ ਪੂਰਨਾ, ਅੰਨ ਪੂਰਨਾ (ਦਾਸੀ), ਰੂਪ ਕੰਨਿਆ, ਨਸਰਮੰਨਿਆ, ਬੁਧਿ ਦਾਇਨੀ, ਦੈਤਿ ਘਾਇਨੀ, ਦੇਵ ਰਖਨੀ, ਜਖਯਨੀ, ਪਾਲਕਾ, ਰੂਪ ਜਾਲਕਾ, ਰੂਪ ਦਾਇਨੀ, ਹੰਸ ਬਾਹਿਨੀ, ਭੈਕਰੀ, ਜੈ ਕਰੀ, ਬ੍ਰਹਮ ਸੂਤਰੀ, ਰੂਪ ਪੂਤਰੀ, ਰੂਪ ਨਾਇਕਾ, ਜਸ ਦਾਇਕਾ, ਮਾਰਤੰਡਕਾ, ਗੰਡਕਾ, ਜੈਸੁਕੀਤਨੀ, ਰੁੰਡ ਮਾਲਕਾ, ਮਹਾਕਾਲਕਾ, ਭਾਲਚੰਡੀ, ਠੰਡੀ, ਅੰਬੜਾਲੀ, ਨਾਗ ਬਾਲੀ, ਘੋਰ ਰੂਪਾ, ਸਰੂਪਾ, ਬ੍ਰਹਮ ਬਾਦੀ, ਬਿਖਾਦੀ, ਇਲਾ, ਹਿੰਗੁਲਾ, ਪਿੰਗੁਲਾ, ਬਾਕਬਾਨੀ, ਭੈਰਵੀ (ਦਾਸੀ), ਭੈ ਬਿਲਾਨੀ, ਅੰਬਕਾ, ਤੋਤਲਾ, ਨੈਣ ਸ੍ਰਿੰਗੀ, ਭੂਚਰੀ, ਖੇਚਰੀ, ਬੇਣ ਸ੍ਰਿੰਗੀ, ਬ੍ਰਹਮ ਧਾਮਨੀ, ਹਰਿਪਰੀ, ਹਰਠਾਉਰੀ, ਪਰਧਾਨਾ, ਬਡਿਭਾਗੀ। ਇਹੁ ਹਰਿ ਦੁਰਗਾ ਕਾ ਹੈ ਧਾਮ॥[1229]

**ਦੁਰਜੋਧਨ-** ਚੰਦ੍ਰਬੰਸੀ ਰਾਜਾ ਧ੍ਰਿਤਰਾਸ਼ਟਰ ਦਾ ਵੱਡਾ ਪੁਤਰ ਅਤੇ ਕੌਰਵਾਂ ਦੇ ਮੁਖੀ ਦਾ ਨਾਮ।[1230] ਦੁਰਜੋਧਨ ਕੀ ਸੈਨਾ ਜੇਤੀ॥[1231]

**ਦੁਰਬਾਸਾ-** ਦੁਰਬਾਸਾ ਦਾ ਜਨਮ ਅੰਤ੍ਰਿ ਰਿਸ਼ੀ ਦੇ ਘਰ ਅਨਸੂਯਾ ਦੀ ਕੁੱਖੋਂ ਹੋਇਆ। ਇਸ ਦਾ ਸੁਭਾ ਸਖ਼ਤ ਸੀ ਤੇ ਕਦੀ ਕਦੀ ਮਾਮੂਲੀ ਗੱਲ ਤੇ ਹਰ ਇਕ ਨੂੰ ਸਰਾਪ ਦੇ ਦਿੰਦਾ ਸੀ।[1232] ਦਰਬਾਸਾ ਦੁਧ ਦੂਭ ਦਿਸ ਦੁਰਗਾ ਬਰਨ ਦਕਾਰ॥[1233]

---

[1229] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1050.

[1230] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 176.

[1231] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 30.

**ਦੇਸ ਰਾਇ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਪਤਪੁੜੇ ਦਾ ਕੋਈ ਰਾਜਾ। ਦੇਸ ਰਾਇ ਜਿਉ ਮਰਹੈਂ ਭੂਖਾ ਜਾਨ ਰੇ॥[1234]

**ਦੇਵ ਗੰਧਾਰ-** ਇਕ ਕਲਪਿਤ ਸ਼ਹਿਰ।[1235] ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕੁਸਾਦੀਪ ਦੇ ਰਸਤੇ ਵਿਚ ਪੈਂਦਾ ਇਕ ਸ਼ਹਿਰ। ਗੁਰ ਨਾਨਕ ਪੁਨਿ ਇਉ ਕਹਯੋ ਨਾਮੁ ਦੇਵ ਗੰਧਾਰ॥67॥[1236]

**ਦੇਵ ਦੂਤ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਜਾ ਦੇਵ ਲੂਤ (ਦੇਖੋ) ਦਾ ਵਜੀਰ। ਦੇਵਲੂਤ ਕਾ ਵਜੀਰ ਦੇਵਦੂਤ ਦੇਵ ਜਾਨ ਸੁਕ ਕੇ ਸਮਾਨ ਬੁਧਿਵਾਨ ਸੋ ਪਛਾਨੀਐ॥[1237]

**ਦੇਵ ਧਾਮਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਦੇਵ ਧਾਮਨੀ ਅੰਬੜਾ ਮਨਸ ਬਹੁਰਿ ਸੁ ਜਾਨ॥[1238]

**ਦੇਵ ਪਰੂਲੀ-** ਪਾਰਲੀਪੁਰਾ ਦਾ ਇਕ ਨਾਮ। ਇਹ ਦਿਉਗੜ ਬੰਗਾਲ ਵਿਚ ਸਥਿਤ ਹੈ। ਇਥੇ ਬੈਜਨਾਥ ਦਾ ਇਕ ਮੰਦਰ ਹੈ, ਜਿਹੜਾ ਬਾਰ੍ਹਾਂ ਮਹਾਂ ਲਿੰਗਾਂ ਵਿਚੋਂ ਇਕ ਹੈ।[1239] ਬੈਜਨਾਥ ਹੈ ਦੇਵ ਪਰੂਲੀ॥[1240]

**ਦੇਵ ਬਲਭਾ-** ਰਾਮਨਗਰ ਦੇ ਮੇਘਰਾਜ (ਦੇਖੋ) ਦੀ ਪਤਨੀ। ਮੇਘਰਾਜ ਕੀ ਇਸਤ੍ਰੀ ਦੇਵ ਬਲਪਾ ਨਾਮ॥ ਜਾਂ ਸੁਨਿ ਦੇਵ ਬਲਭਾ ਤੂੰ ਉਦਾਰ॥87॥[1241]

---

[1232] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 175-76.

[1233] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 15.

[1234] ਉਹੀ, ਪਤਰਾ 1476.

[1235] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 137.

[1236] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1329.

[1237] ਉਹੀ, ਪਤਰਾ 1329.

[1238] ਉਹੀ, ਪਤਰਾ 1054.

[1239] Nundo Lal Dey, *The Geographical Dictionary of Ancient and Medieval India,* Oriental Books, New Delhi, Forth edition, 1984, Page 148.

[1240] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1560.

[1241] ਉਹੀ, ਪਤਰਾ 1687.

**ਦੇਵ ਰਖਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਦੇਵ ਰਖਨੀ॥ ਬਹੁਰਿ ਜਖਯਨੀ॥91॥[1242]

**ਦੇਵ ਲੂਤ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੇਵ ਗੰਧਾਰ (ਦੇਖੋ) ਦਾ ਰਾਜਾ। ਦੇਵਲੂਤ ਕੇ ਸਲਾਮੀ ਸਭ ਹੀ ਸੁ ਦੇਵ ਜਾਨ ਦੇਵਲੂਤ ਸਿਰਦਾਰ ਸਭ ਜਾ ਸੁ ਜਾਨੀਐ॥[1243]

**ਦੇਵ ਲੋਕ (ਸੁਰਗ)-** ਆਕਾਸ਼ ਵਿਚ ਦੇਵਤਿਆਂ ਦੇ ਰਹਿਣ ਦੀ ਥਾਂ।[1244] ਦੇਵ ਲੋਕ ਕੋ ਗਯ ਉਦਾਰ॥[1245]

**ਦੇਵਕੀ ਨੰਦਨੰ (ਕ੍ਰਿਸ਼ਨ)-** ਕ੍ਰਿਸ਼ਨ (ਦੇਖੋ) ਨੂੰ ਦੇਵਕੀ ਦਾ ਪੁਤਰ ਹੋਣ ਕਰਕੇ ਦੇਵਕੀ ਨੰਦਨ ਵੀ ਕਿਹਾ ਜਾਂਦਾ ਹੈ। ਦੇਵਕੀ ਨੰਦਨੰ ਦ੍ਵਾਰਕਾਧੀਸ ਸੋ॥[1246]

**ਦੇਵਗਿਰੀ-** ਉਜੈਨ ਅਤੇ ਮੰਦਾਸੋਰ ਦੇ ਵਿਚਕਾਰ ਚੰਬਲ ਦੇ ਨੇੜੇ ਇਕ ਪਰਬਤ (ਦੇਖੋ)।[1247] ਰੰਗਿਨਾਥ ਦੇਵਗਿਰੀ ਦੇਵਨਾਥ ਝਾਲਰਾ ਪਟਣਿ ਰਾਮਮੂਰਤੀ ਸੁ ਜਾਨਿਐ॥[1248]

**ਦੇਵਚੰਦ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1249] ਹਰੀਰਾਮ ਸਿਰੀਰਾਮ ਰੂਪਚੰਦ ਖੇਮਰਾਜ ਦੇਵਰਾਜ ਦੇਵਚੰਦ ਬਾਣੀਐ ਮਹਾਨੀਐ॥30॥[1250]

---

1242 ਉਹੀ, ਪਤਰਾ 1054.

1243 ਉਹੀ, ਪਤਰਾ 1329.

1244 ਗੁਰਮੇਲ ਸਿੰਘ, ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 138-39.

1245 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 40.

1246 ਉਹੀ, ਪਤਰਾ 115.

1247 Nundo Lal Dey, *The Geographical Dictionary of Ancient and Medieval India,* Oriental Books, New Delhi, Forth edition, 1984, Page 54.

1248 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1708.

1249 ਉਹੀ, ਪਤਰਾ 1783.

1250 ਉਹੀ.

**ਦੇਵਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪ੍ਰਸਿਧ ਤੀਰਥ ਅਸਥਾਨ ਜਿਸਦੀ ਪ੍ਰਸਿਧੀ ਜਗਨਾਥ, ਬਦਰੀਨਾਥ ਇਤਿਆਦਿਕ ਜਿਤਨੀ ਹੈ। ਰੰਗਿਨਾਥ ਦੇਵਗਿਰੀ ਦੇਵਨਾਥ ਝਾਲਰਾ ਪਟਣਿ ਰਾਮਮੂਰਤੀ ਸੁ ਜਾਨਿਐ॥[1251]

**ਦੇਵਨਾਥ (ਟਾਪੂ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜਿਥੇ ਇਕ ਅਖ ਵਾਲੇ ਲੋਕਾਂ ਦਾ ਟਾਪੂ ਸੀ, ਉਥੇ ਲੋਕ ਪਾਰਸਨਾਥ ਦੀ ਪੂਜਾ ਕਰਦੇ ਸਨ। ਇਹ ਵਿਅਕਤੀ ਉਨ੍ਹਾਂ ਦਾ ਆਗੂ ਸੀ। ਦੇਵ ਨਾਥ ਸੋ ਬੋਲਿਯੋ ਜੋਰ ਦੋਊ ਕਰਿ ਆਪ॥[1252]

**ਦੇਵਭਾਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੇਵ ਦੂਤ (ਦੇਖੋ) ਦਾ ਪੁਤਰ ਜਿਸਨੂੰ ਗੁਰੂ ਨਾਨਕ ਦੇਵ ਜੀ ਨੇ ਵਜੀਰ ਬਣਾਇਆ। ਦੇਵਭਾਨ ਸੋ ਕੀਉ ਵਜੀਰ॥[1253]

**ਦੇਵਰਾ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਸਿਆਲਕੋਟ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1254] ਦੇਵਰਾ ਬਸੰਤੁਰਾਇ ਸਾਲਕੋਟ ਕੇ ਸੁ ਵਾਸੀ ਬਿਸਨ ਗੁਪਾਲਾ ਖੰਨੇ ਖਤਰੀ ਸੋ ਜਾਨੀਐ॥[1255]

**ਦੇਵਰਾਇ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੇਵਗੰਧਾਰ (ਦੇਖੋ) ਦੇ ਰਾਜਾ ਦੇਵ ਲੂਤ (ਦੇਖੋ) ਦਾ ਪੁਤਰ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਰਾਜਾ ਬਣਾਇਆ। ਦੇਵਰਾਇ ਕੋ ਦੇਵਨ ਰਾਜ ਸਤਿਗੁਰ ਦਯੋ ਗਰੀਬ ਨਿਵਾਜ॥[1256]

**ਦੇਵਰਾਜ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1257] ਹਰੀਰਾਮ ਸਿਰੀਰਾਮ ਰੂਪਚੰਦ ਖੇਮਰਾਜ ਦੇਵਰਾਜ ਦੇਵਚੰਦ ਬਾਣੀਐ ਮਹਾਨੀਐ॥30॥[1258]

---

[1251] ਉਹੀ, ਪਤਰਾ 1708.

[1252] ਉਹੀ, ਪਤਰਾ 1600.

[1253] ਉਹੀ, ਪਤਰਾ 1332.

[1254] ਉਹੀ, ਪਤਰਾ 1783.

[1255] ਉਹੀ.

[1256] ਉਹੀ, ਪਤਰਾ 1332.

[1257] ਉਹੀ, ਪਤਰਾ 1783.

**ਦੈਤਿ ਘਾਇਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਬੁਧਿ ਦਾਇਨੀ ॥ ਦੈਤਿ ਘਾਇਨੀ॥[1259]

**ਦ੍ਰੋਣਾਗਿਰਿ-** ਇਕ ਪਰਬਤ (ਦੇਖੋ) ਦਾ ਨਾਮ। ਅੰਮ੍ਰਿਤ ਔਛਾਦੀ ਕਾ ਪਿਤਾ ਜੋ ਦ੍ਰੋਣਾਗਿਰਿ ਜਾਨ॥[1260]

**ਦ੍ਰੋਪਤਿ-** ਰਾਜਾ ਦ੍ਰਪਦ ਦੀ ਪੁਤਰੀ ਅਤੇ ਪੰਜਾਂ ਪਾਂਡਵਾਂ ਦੀ ਪਤਨੀ। ਪੌਰਾਣਿਕ-ਕਥਾ ਅਨੁਸਾਰ ਪਿਛਲੇ ਜਨਮ ਵਿਚ ਇਹ ਇਕ ਰਿਸ਼ੀ-ਕੰਨਿਆ ਸੀ, ਤਪਸਿਆ ਕਰਕੇ ਇਸ ਨੇ ਸ਼ੰਕਰ (ਸ਼ਿਵ) ਤੋਂ ਚੰਗੇ ਪਤੀ ਦਾ ਵਰ ਮੰਗਿਆ ਸੀ। ਸ਼ਿਵ ਦੇ ਪੰਜ ਵਾਰ ਦੁਹਰਾਉਣ ਉਤੇ ਵੀ ਜਦ ਇਸ ਨੇ ਇਹੀ ਵਰ ਮੰਗਿਆ ਤਾਂ ਸ਼ੰਕਰ ਨੇ ਇਸ ਨੂੰ ਪੰਜ-ਪਤੀ ਹੋਣ ਦਾ ਵਰ ਦਿਤਾ। ਇਸ ਦੇ ਪਿਤਾ ਵਲੋਂ ਜਦੋਂ ਇਸ ਦੇ ਵਿਆਹ ਲਈ ਸੁਅੰਬਰ ਰਚਾਇਆ ਗਿਆ ਤਾਂ ਭਾਵੇਂ ਕਰਨ ਨੇ ਇਸ ਨੂੰ ਜਿਤ ਲਿਆ, ਪਰ ਇਸ ਨੇ ਅਰਜਨ ਨੂੰ ਪ੍ਰਵਾਨ ਕੀਤਾ। ਮਹਾਂਭਾਰਤ ਦੇ ਯੁਧ ਦਾ ਕਾਰਨ, ਜਿਥੇ ਰਾਜ ਭਾਗ, ਧਨ-ਦੌਲਤ ਸੀ, ਉਥੇ ਦ੍ਰੋਪਤੀ ਵੀ ਇਸ ਦਾ ਇਕ ਕਾਰਨ ਬਣੀ।[1261] ਦ੍ਰੋਪਤਿ ਨਗਨ ਕਰਨ ਕੋ ਲਈ॥[1262]

**ਦ੍ਰੋਪਦ/ਦਰੁਪਦ-** ਇਹ ਪੰਚਾਲ ਦਾ ਰਾਜਾ ਅਤੇ ਪ੍ਰਿਸ਼ਤ ਦਾ ਪੁਤਰ ਸੀ। ਇਸ ਨੂੰ ਯਜਨ ਸੇਨ ਵੀ ਕਿਹਾ ਜਾਂਦਾ ਹੈ। ਇਹ ਦ੍ਰੋਣ ਜਿਹੜਾ ਪਾਂਡਵਾਂ ਤੇ ਕੌਰਵਾਂ ਦਾ ਸ਼ਸਤਰ ਗੁਰੂ ਸੀ, ਦਾ ਸਹਿਪਾਠੀ ਸੀ। ਇਸ ਨੇ ਆਪਣੀ ਪੁਰਾਣੀ ਮਿੱਤਰਤਾ ਨੂੰ ਭੁਲਾਕੇ ਆਪਣੇ ਮਿਤਰ ਨੂੰ ਕਾਫੀ ਨੁਕਸਾਨ ਪਹੁੰਚਾਇਆ। ਦ੍ਰੋਣ ਨੇ ਗੁਰੂ ਦੇ ਰੂਪ ਵਿਚ ਆਪਣੀ ਦੀਖਿਆ ਦੀ ਪ੍ਰਾਪਤੀ ਲਈ ਆਪਣੇ ਸ਼ਿਸ਼ਾਂ ਨੂੰ ਦਰੁਪਦ ਨੂੰ ਕੈਦੀ ਬਣਾਉਣ ਲਈ ਕਿਹਾ। ਕੌਰਵਾਂ ਇਸ ਤੇ ਹਮਲਾ ਕੀਤਾ ਤੇ ਅਸਫਲ ਰਹੇ, ਪਰ ਪਾਂਡਵਾਂ ਨੇ ਦਰੁਪਦ ਨੂੰ ਕੈਦ ਕਰ ਲਿਆ ਅਤੇ ਉਸ ਦਾ ਰਾਜ ਖੋਹ ਲਿਆ। ਦ੍ਰੋਣ ਨੇ ਇਸ ਦੀ ਜ਼ਿੰਦਗੀ ਬਖਸ਼ ਦਿਤੀ ਅਤੇ ਇਸ ਦੇ ਰਾਜ ਦਾ ਦੱਖਣੀ ਅੱਧਾ ਭਾਗ ਇਸ ਨੂੰ ਵਾਪਸ ਕਰ ਦਿਤਾ।[1263] ਦ੍ਰੋਪਦ ਨਿਰਪ ਸੁ ਏਕ ਮਹਾਨ॥ ਭਯੋ ਦੁਆਪਰ ਮਾਹਿ ਸੁ ਜਾਨ॥25॥[1264]

---

[1258] ਉਹੀ.

[1259] ਉਹੀ, ਪਤਰਾ 1054.

[1260] ਉਹੀ, ਪਤਰਾ 1426.

[1261] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 140.

[1262] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1123.

[1263] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 282-83.

**ਦ੍ਵਾਰਕਾ ਵਾਸਨਿੰ (ਕ੍ਰਿਸ਼ਨ)-** ਕ੍ਰਿਸ਼ਨ (ਦੇਖੋ) ਦਾ ਇਕ ਨਾਮ। ਦ੍ਵਾਰਕਾ ਵਾਸਨਿੰ ਪੰਡਰੀ ਨਾਥ ਜੀ॥[1265]

**ਦ੍ਵਾਰਕਾਧੀਸ (ਕ੍ਰਿਸ਼ਨ)-** ਕ੍ਰਿਸ਼ਨ (ਦੇਖੋ) ਨੂੰ ਦ੍ਵਾਰਕਾ ਵਿਚ ਰਹਿਣ ਕਰਕੇ ਇਹ ਨਾਮ ਦਿਤਾ ਗਿਆ। ਦੇਵਕੀ ਨੰਦਨੰ ਦ੍ਵਾਰਕਾਧੀਸ ਸੋ॥[1266]

**ਧਉਣ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਨੀਲੀ ਖਤਰੀ ਹਰਸਾ ਧਉਣ ਗੁਪਾਲ ਜੀ॥[1267]

**ਧਨੰਸ ਤੀਰਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ। ਇਸ ਦਾ ਜ਼ਿਕਰ ਭੁਗਾਵਤੀ ਨਾਲ ਹੈ, ਇਸ ਲਈ ਪ੍ਰਤੀਤ ਹੁੰਦਾ ਹੈ ਕਿ ਇਹ ਪਤਾਲ ਵਿਚ ਕੋਈ ਸਥਾਨ ਹੈ। ਮਦਾਕਨੀ ਭੁਗਾਵਤੀ ਧਨੰਸ ਤੀਰਥੰ ਗੁਨੇ॥[1268]

**ਧਨੰਤਰਿ-** ਇਕ ਅਵਤਾਰ (ਦੇਖੋ) ਦਾ ਨਾਮ। ਬਹੁਰੋ ਹੈ ਗ੍ਰੀਵ ਜਾਨ ਧਰੂੰਅ ਵਰਿ ਦੇਨ ਮਾਨ ਬਹੁਰੋ ਧਨੰਤਰਿ ਬਦਰੀ ਪਤਿ ਮਾਨੀਐ॥[1269]

**ਧਨਪਤਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਬੈਰਮ ਭੱਟ (ਦੇਖੋ) ਦਾ ਇਕ ਨਾਮ। ਧਨਪਤਿ ਦੂਜਾ ਨਾਮ ਪਛਾਨੋ॥[1270]

**ਧੰਨਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਮੜਿਯੋ ਪਰਸਾ ਪੁਰੀ ਸੁ ਧੰਨਾ ਜਾਨਿਯੈ॥[1271]

**ਧਨਾਸਿਰੀ ਦੇਸਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ। ਨਰਾਜ ਛੰਦ॥ ਧਨਾਸਿਰੀ ਨਿਸੇਸਿ ਦੇਸਿ ਸੇਵਕੰ ਭਯੋ ਸਭੀ॥[1272]

---

1264 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 352.

1265 ਉਹੀ, ਪਤਰਾ 115.

1266 ਉਹੀ.

1267 ਉਹੀ, ਪਤਰਾ 1629.

1268 ਉਹੀ, ਪਤਰਾ 57.

1269 ਉਹੀ, ਪਤਰਾ 4.

1270 ਉਹੀ, ਪਤਰਾ 797.

1271 ਉਹੀ, ਪਤਰਾ 1629.

**ਧਨੇਸਵਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਿਵਾਲੈ ਤੀਰਥ (ਦੇਖੋ) ਦੇ ਰਾਜਾ ਯੇਲੂ ਦਾ ਪੂਰਬਲੇ ਜਨਮ ਵਿਚ ਨਾਮ ਬਿਦਿਆਧਰ ਸੀ ਅਤੇ ਇਸ ਦੇ ਪਿਤਾ ਦਾ ਨਾਮ ਧਨੇਸਵਰ ਸੀ। ਨਾਮ ਧਨੇਸਵਰ ਸਭ ਤਹ ਕਹੇ॥[1273]

**ਧਰਮ ਸਿੰਘ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਵਿਅਕਤੀ ਦਾ ਨਾਮ ਜੋ ਸਵਰਨਪੁਰ (ਦੇਖੋ) ਦਾ ਰਹਿਣ ਵਾਲਾ ਸੀ। ਇਹ ਗੁਰੂ ਨਾਨਕ ਦੇਵ ਜੀ ਨੂੰ ਮਿਲਿਆ ਸੀ ਅਤੇ ਇਸ ਨੇ ਗੁਰੂ ਜੀ ਅਤੇ ਮਰਦਾਨੇ ਦੀ ਬਹੁਤ ਸੇਵਾ ਕੀਤੀ ਸੀ। ਧਰਮ ਸਿੰਘ ਪੁਨਿ ਕਹਯੋ ਉਦਾਰੇ॥[1274]

**ਧਰਮ ਚੰਦ-** ਬਾਬਾ ਲਖਮੀ ਦਾਸ ਦੇ ਸਪੁਤ੍ਰ, ਜਿਨ੍ਹਾਂ ਦਾ ਜਨਮ ਸੰਮਤ 1580 ਅਤੇ ਦੇਹਾਂਤ ਸੰਮਤ 1675 ਵਿਚ ਹੋਇਆ। ਧਰਮਚੰਦ ਦੇ ਪੁਤ੍ਰ ਮਾਣਕਚੰਦ, ਮੇਹਰਚੰਦ ਕਰਣੀ ਵਾਲੇ ਮਹਾਤਮਾ ਸਨ।[1275] ਧਰਮ ਚੰਦ ਸੁਤ ਤਿਸ ਕਾ ਲਯੋ ਉਤਾਰ ਕੈ॥[1276]

**ਧਰਮ ਚੰਦ (ਸਿਖ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਨੂੰ ਖਡੂਰ ਵਿਚ ਮਿਲਿਆ ਇਕ ਵਿਅਕਤੀ ਜੋ ਗੁਰੂ ਜੀ ਦੇ ਉਪਦੇਸ਼ਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਜੀ ਦਾ ਸਿਖ ਬਣਿਆ। ਪਰਮਾ ਧਰਮ ਚੰਦ ਸੁਖਦਾਈ॥[1277]

**ਧਰਮਚੰਦ (ਦੂਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਧਰਮ ਚੰਦ ਪੁਨਿ ਦੂਜਾ ਜਾਨ ਮਹਾਨਿਯੈ॥[1278]

**ਧਰਮਚੰਦ (ਤੀਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਉਪਰੰਤ ਦਰਸ਼ਨ ਕਰਨ ਆਇਆ ਇਕ ਵਿਅਕਤੀ। ਧਰਮਚੰਦ ਪੁਨਿ ਕਰਣ ਸੁ ਭੱਟ॥[1279]

---

[1272] ਉਹੀ, ਪਤਰਾ 1511.

[1273] ਉਹੀ, ਪਤਰਾ 1536-37.

[1274] ਉਹੀ, ਪਤਰਾ 1337.

[1275] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 663.

[1276] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 4.

[1277] ਉਹੀ, ਪਤਰਾ 805.

[1278] ਉਹੀ, ਪਤਰਾ 1630.

[1279] ਉਹੀ, ਪਤਰਾ 159.

**ਧਰਮਚੰਦ ਕਪੂਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਧਰਮ ਚੰਦ ਕਪੂਰ ਕਪੂਰ ਸੁ ਖਤਰੀ ਜਾਨਿਯੈ॥[1280]

**ਧਰਮਦਾਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਉਪਰੰਤ ਦਰਸ਼ਨ ਕਰਨ ਆਇਆ ਇਕ ਵਿਅਕਤੀ। ਧਰਮ ਦਾਸ ਪੁਨਿ ਅਉਰ ਦ੍ਵਿਜੇਸ॥[1281]

**ਧਰਮਦਾਸ (ਕਸ਼ਮੀਰੀ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜਦੋਂ ਗੁਰੂ ਨਾਨਕ ਦੇਵ ਜੀ ਕਸ਼ਮੀਰ ਗਏ ਤਾਂ ਉਥੇ ਉਨ੍ਹਾਂ ਦੀ ਮੁਲਾਕਾਤ ਧਰਮਦਾਸ ਨਾਲ ਹੋਈ। ਇਸ ਨੇ ਧਰਮ ਦੀ ਚਰਚਾ ਕਰਕੇ ਵੇਦ, ਪੁਰਾਣ ਇਕਠੇ ਕੀਤੇ ਹੋਏ ਸਨ। ਜਦੋਂ ਇਸ ਨੂੰ ਪਤਾ ਲਗਾ ਕਿ ਗੁਰੂ ਨਾਨਕ ਦੇਵ ਜੀ ਆਏ ਹਨ ਤਾਂ ਇਹ ਗੁਰੂ ਜੀ ਨਾਲ ਚਰਚਾ ਕਰਨ ਆਇਆ ਅਤੇ ਗੁਰੂ ਜੀ ਤੋਂ ਬਹੁਤ ਪ੍ਰਭਾਵਿਤ ਹੋਇਆ। ਗੁਰੂ ਜੀ ਨੇ ਇਸ ਨੂੰ ਉਪਦੇਸ਼ ਦਿਤਾ। ਜਨਮਸਾਖੀਆਂ ਵਿਚ ਕਸ਼ਮੀਰ ਵਿਚ ਗੁਰੂ ਜੀ ਦੀ ਚਰਚਾ ਬ੍ਰਹਮਦਾਸ ਨਾਲ ਹੋਈ ਦਸੀ ਹੈ। ਪਰ ਕਵੀ ਨੇ ਇਸ ਦਾ ਨਾਮ ਧਰਮਦਾਸ ਦਸਿਆ ਹੈ।[1282] ਧਰਮ ਦਾਸ ਪੰਡਿਤ ਗਯੋ ਸਭ ਕੋ ਭਯੋ ਅਨੰਦ॥[1283]

**ਧਰਮਧ੍ਰੂਜ (ਰਾਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜਾਪਾ ਪਟਣ (ਦੇਖੋ) ਦੇ ਸਤ ਰਾਜਿਆਂ ਵਿਚੋਂ ਇਕ ਰਾਜੇ ਦਾ ਨਾਮ। ਧਰਮਧ੍ਰੂਜੰ ਤੀਸਰ ਕਾ ਨਾਮ॥[1284]

**ਧਰਮਰਾਇ-** ਜਮਾਂ ਦਾ ਸਰਦਾਰ, ਰਾਜਾ।[1285] ਧਰਮਰਾਇ ਕੋ ਕਹਜੋ ਸੁਨਾਇ॥[1286]

**ਧਰਮਾ (ਟਾਪੂ)-** ਇਕ ਟਾਪੂ (ਦੇਖੋ) ਦਾ ਨਾਮ। ਪ੍ਰਿਯ ਕਰਿ ਧਰਮਾ ਅਰੁ ਕੰਗੇਹੁ॥[1287]

---

[1280] ਉਹੀ, ਪਤਰਾ 1629.

[1281] ਉਹੀ, ਪਤਰਾ 159.

[1282] ਉਹੀ, ਪਤਰਾ 1632-1635.

[1283] ਉਹੀ, ਪਤਰਾ 1635.

[1284] ਉਹੀ, ਪਤਰਾ 1388.

[1285] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 141.

[1286] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 28.

[1287] ਉਹੀ, ਪਤਰਾ 1318.

**ਧਰਮਾ (ਸਿਖ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਬਹੁਰੇ ਕਰਮਾ ਧਰਮਾ ਉਪਲੰ ਲਾਲ ਜੀ॥[1288]

**ਧਰਮਾ (ਸਿਦਕੀ ਸਿਖ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਸਿਦਕੀ ਸਿਖ। ਇਸ ਗ੍ਰੰਥ ਅਨੁਸਾਰ ਇਸ ਦਾ ਪ੍ਰਸੰਗ ਇਸ ਤਰ੍ਹਾਂ ਹੈ। ਇਕ ਵਾਰ ਭਗਵਾਨ ਸਿਖਾਂ ਦੇ ਭੇਸ ਵਿਚ ਧਰਮਾ ਅਤੇ ਧਰਮੀ ਨਾਂ ਦੇ ਸਿਖ ਜੋੜੇ ਕੋਲ ਜਾਂਦੇ ਹਨ ਉਨ੍ਹਾਂ ਦੇ ਦੋ ਪੁਤਰ ਨਿਵਣ ਅਤੇ ਖਿਵਣ ਹਨ ਅਤੇ ਇਕ ਪੁਤਰੀ ਮਣੀਆ ਹੈ। ਸਿਖਾਂ ਨੂੰ ਘਰ ਆਏ ਦੇਖ ਕੇ ਸਿਖ ਜੋੜਾ ਉਨ੍ਹਾਂ ਦੀ ਸੇਵਾ ਕਰਨੀ ਚਾਹੁੰਦਾ ਹੈ ਪਰ ਅਤਿ ਦੀ ਗਰੀਬੀ ਕਰਕੇ ਘਰ ਵਿਚ ਕੁਝ ਵੀ ਨਹੀਂ ਹੁੰਦਾ। ਭਗਵਾਨ ਅਪਣੀ ਲੀਲਾ ਵਰਤਾਉਂਦਾ ਹੈ ਅਤੇ ਇਕ ਪੁਤਰ ਨੂੰ ਮਾਰ ਦਿੰਦਾ ਹੈ। ਸਿਖ ਜੋੜਾ ਪੁਤਰ ਦੀ ਮੌਤ ਦੀ ਪਰਵਾਹ ਕਰੇ ਬਿਨਾਂ ਸਿਖਾਂ ਦੀ ਸੇਵਾ ਦੀ ਵਿਚਾਰ ਕਰਦੇ ਹਨ। ਫਿਰ ਉਹ ਆਪਣੀ ਪੁਤਰੀ ਵੇਚ ਕੇ ਅੰਨ ਲਿਆਉਣ ਜਾਂਦੇ ਹਨ ਤਾਂ ਪੁਤਰੀ ਨੂੰ ਗਹਿਣੇ ਰਖ ਕੇ ਅੰਨ ਲੈ ਅਉਂਦੇ ਹਨ। ਜਦ ਘਰ ਆ ਕੇ ਦੇਖਦੇ ਹਨ ਤਾਂ ਦੂਜੇ ਪੁਤਰ ਨੂੰ ਫਾਸੀ ਲਗਾਈ ਹੁੰਦੀ ਹੈ ਉਹ ਵੀ ਮਰ ਜਾਂਦਾ ਹੈ। ਭਗਵਾਨ (ਸਿਖ ਦੇ ਰੂਪ ਵਿਚ) ਕਹਿੰਦੇ ਹਨ ਕਿ ਸਾਨੂੰ ਇਸ ਨੇ ਸੌਣ ਨਹੀਂ ਦਿਤਾ ਤੰਗ ਕਰਦਾ ਸੀ ਇਸ ਲਈ ਅਸੀਂ ਇਸ ਨੂੰ ਮਾਰ ਦਿਤਾ। ਸਿਖ ਜੋੜੇ ਦਾ ਸਿਦਕ ਫਿਰ ਵੀ ਨਾ ਡੋਲਿਆ ਉਸ ਨੇ ਕਿਹਾ ਕਿ ਤੁਹਾਡੇ ਹਥੋਂ ਜੋ ਹੋਇਆ ਵਧੀਆ ਹੀ ਹੋਇਆ ਹੈ। ਫਿਰ ਉਨ੍ਹਾਂ ਨੇ ਭੋਜਨ ਕਰਵਾਇਆ। ਭਗਵਾਨ ਨੇ ਕਿਰਪਾ ਕਰਕੇ ਉਨ੍ਹਾਂ ਦੀ ਗਰੀਬੀ ਦੂਰ ਕੀਤੀ ਅਤੇ ਪੁਤਰਾਂ ਨੂੰ ਜਿਉਂਦਾ ਕੀਤਾ ਅਤੇ ਪੁਤਰੀ ਨੂੰ ਘਰ ਮੋੜਿਆ।[1289] ਧਰਮੀ ਧਰਮਾ ਦੋਇ ਮਹਾਨੇ॥[1290]

**ਧਰਮਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨੇਊ ਦੀ ਰਸਮ 'ਤੇ ਆਇਆ ਇਕ ਸਾਕ ਸਬੰਧੀ। ਧਰਮਾ ਮਾਨਚੰਦ ਸੁਖਦਾਈ॥ ਦੋਨੋ ਜਾਨ ਸਗੇ ਸੁ ਭਾਈ॥[1291]

---

[1288] ਉਹੀ, ਪਤਰਾ 1629.

[1289] ਉਹੀ, ਪਤਰਾ 1627-28.

[1290] ਉਹੀ, ਪਤਰਾ 1627.

[1291] ਉਹੀ, ਪਤਰਾ 287.

**ਧਰਮਾ (ਦੂਜਾ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1292] ਪੁਨਿ ਧਰਮਾ ਮਿਸਰ ਸੁਖਦਾਈ॥[1293]

**ਧਰਮੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਸਿਦਕੀ ਸਿਖ ਧਰਮਾ (ਦੇਖੋ) ਦੀ ਪਤਨੀ। ਧਰਮੀ ਧਰਮਾ ਦੋਇ ਮਹਾਨੇ॥[1294]

**ਧਰਿ ਸਿੰਗਾਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਧਰਿ ਸਿੰਗਾਰ ਕਿੰਕਰੀ ਆਇ ਕੀਉ ਪਰਣਾਮ॥[1295]

**ਧਰੂੰਅ-** ਧਰੂਅ ਜਾਂ ਧਰੂੰਅ ਇਕ ਭਗਤ ਹੋਇਆ ਹੈ ਜਿਸਦੀ ਆਦਰਸ਼ਕ ਭਗਤਾਂ ਵਿਚ ਵਿਸ਼ੇਸ਼ ਪ੍ਰਸਿਧੀ ਹੈ। ਵਿਸ਼ਨੂੰ ਪੁਰਾਣ ਅਨੁਸਾਰ ਰਾਜਾ ਉਤਾਨਪਾਦ ਦੀਆਂ ਸੁਨੀਤਿ ਤੇ ਸੁਰੁਚਿ ਦੋ ਰਾਣੀਆਂ ਸਨ, ਸੁਨੀਤਿ ਤੋਂ ਧਰੂਅ ਤੇ ਸੁਰੁਚਿ ਤੋਂ ਉਤਮ ਨਾਂ ਦਾ ਪੁਤਰ ਪੈਦਾ ਹੋਇਆ। ਸੁਰੁਚਿ ਚਾਹੁੰਦੀ ਸੀ ਕਿ ਉਸ ਦਾ ਪੁਤਰ ਉਤਮ ਹੀ ਰਾਜ-ਗੱਦੀ ਦਾ ਉਤਰਾਧਿਕਾਰੀ ਹੋਵੇ। ਇਕ ਦਿਨ ਧਰੂਅ ਪਿਤਾ ਦੀ ਗੋਦੀ ਵਿਚ ਬੈਠਾ ਸੀ ਜਿਸ ਨੂੰ ਮਤ੍ਰੇਈ ਮਾਂ ਨੇ ਹੇਠਾਂ ਉਤਾਰ ਦਿਤਾ ਤੇ ਕਿਹਾ ਕਿ ਰਾਜਗੱਦੀ ਦਾ ਮਾਲਕ ਮੇਰਾ ਪੁਤਰ ਬਣੇਗਾ। ਇਹ ਗੱਲ ਸੁਣ ਕੇ ਧਰੂਅ ਰੋਂਦਾ-ਰੋਂਦਾ ਆਪਣੀ ਮਾਤਾ ਸੁਨੀਤਿ ਕੋਲ ਗਿਆ ਤੇ ਸਾਰੀ ਬਾਰਤਾ ਦਸੀ। ਮਾਂ ਨੇ ਸਿਖਿਆ ਦਿਤੀ ਕਿ ਰਾਜ-ਗੱਦੀ ਚੰਗੇ ਕਰਮਾਂ ਨਾਲ ਹੀ ਮਿਲਦੀ ਹੈ ਅਤੇ ਚੰਗੇ ਕਰਮ ਪ੍ਰਭੂ ਭਗਤੀ ਨਾਲ ਬਣਦੇ ਹਨ ਜੇ ਤੂੰ ਇਸ ਨੂੰ ਪਾਉਣਾ ਚਾਹੁੰਦਾ ਹੈਂ ਤਾਂ ਪ੍ਰਭੂ ਭਗਤੀ ਕਰਨੀ ਪੈਣੀ ਹੈ। ਇਹ ਸਿਖਿਆ ਸੁਣ ਕੇ ਧਰੂਅ ਮਧੂਬਨ ਚਲਾ ਗਿਆ ਤੇ ਉਥੇ ਭਗਤੀ ਕਰਕੇ ਪੂਰਨ ਪਦਵੀ ਦੀ ਪ੍ਰਾਪਤੀ ਕੀਤੀ। ਭਗਤੀ ਉਪਰੰਤ ਜਦ ਉਹ ਘਰ ਵਾਪਸ ਆਇਆ ਤਾਂ ਪਿਤਾ ਨੇ ਪ੍ਰਸੰਨ ਹੋ ਕੇ ਰਾਜ-ਗੱਦੀ ਸੌਂਪ ਦਿਤੀ ਕਿਉਂਕਿ ਦੂਜਾ ਭਰਾ ਰਾਕਸ਼ਾਂ ਨੇ ਮਾਰ ਦਿਤਾ ਸੀ। ਮਨੌਤ ਇਹ ਹੈ ਕਿ ਧਰੂਅ ਨੇ 36 ਹਜ਼ਾਰ ਸਾਲ ਰਾਜ ਕੀਤਾ ਤੇ ਪਿਛੋਂ ਤਾਰਾ-ਮੰਡਲ

---

[1292] ਉਹੀ, ਪਤਰਾ 1783.

[1293] ਉਹੀ.

[1294] ਉਹੀ, ਪਤਰਾ 1627.

[1295] ਉਹੀ, ਪਤਰਾ 1051.

ਵਿਚ ਅਟੱਲ ਪਦਵੀ ਪ੍ਰਾਪਤ ਕਰ ਲਈ।[1296] ਬਹੁਰੋ ਹੈ ਗ੍ਰੀਵ ਜਾਨ ਧਰੂੰਅ ਵਰਿ ਦੇਨ ਮਾਨ ਬਹੁਰੋ ਧਨੰਤਰਿ ਬਦਰੀ ਪਤਿ ਮਾਨੀਐ॥[1297]

**ਧਰੂਅਜਏ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਧ੍ਰੂਅ (ਦੇਖੋ) ਇਕ ਨਾਮ। ਸੁਨਚੀ ਕਾ ਧਰੂਅਜਏ ਮਹਾਨ॥[1298]

**ਧਰੂਆ ਪੁਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਾ-ਲੌਕਿਕ ਸਥਾਨ, ਜਥੇ ਭਗਤ ਧ੍ਰੂ (ਦੇਖੋ) ਦਾ ਨਿਵਾਸ ਹੈ। ਇਹ ਮਾਨਸਰੋਵਰ ਤੋਂ ਸੁਮੇਰ ਅਤੇ ਸੁਮੇਰ ਤੋਂ ਬੈਕੁੰਠ ਦੇ ਰਸਤੇ ਵਿਚ ਆਉਂਦਾ ਹੈ। ਧਰੂਆ ਪੁਰੀ ਹ੍ਵੈ ਕਰਿ ਗੁਰ ਸ੍ਵਾਮੀ॥[1299]

**ਧਰੂਵਜਯੋ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਉਤਾਨਪਾਦ (ਦੇਖੋ) ਅਤੇ ਸੁਰਚੀ (ਦੇਖੋ) ਦਾ ਪੁਤਰ। ਜਿਸ ਦਾ ਨਾਮ ਹੋਰ ਸ੍ਰੋਤਾਂ ਵਿਚ ਉਮ ਲਿਖਿਆ ਮਿਲਦਾ ਹੈ। ਧਰੂਵਜਯੋ ਸੁਰਚੀ ਕਾ ਜਾਨ॥[1300]

**ਧਵਲਾਦ੍ਰੀ-** ਇਕ ਪਰਬਤ (ਦੇਖੋ) ਦਾ ਨਾਮ। ਧਵਲਾਦ੍ਰੀ ਲਵਣਾਦ੍ਰੀ ਦੋਇ॥[1301]

**ਧਵੋਨ ਮਹਿਪਾਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਸਾਲ ਸੁ ਧੰਨਾ ਜਾਨ ਧਵੋਨ ਮਹਿਪਾਲ ਜੀ॥[1302]

**ਧਾਰਾ-** ਇਕ ਪਰਬਤ (ਦੇਖੋ) ਦਾ ਨਾਮ। ਤਹ ਧਾਰਾ ਪਤਿਨੀ ਪਹਚਾਨੋ॥50॥[1303]

**ਧਿਆਨ-** ਰਾਜਾ ਕਲਿਆਣ (ਦੇਖੋ) ਦਾ ਪੁਤਰ। ਤਿਸ ਤੋ ਕ ਪੂਤ ਭਯੋ ਉਤਿਪੰਨ ਰਖਯੋ ਤਿਸ ਕਾ ਨਾਮ ਧਿਆਨੰ॥**[1304]**

---

[1296] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 181-82.

[1297] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 4.

[1298] ਉਹੀ, ਪਤਰਾ 1077.

[1299] ਉਹੀ, ਪਤਰਾ 881.

[1300] ਉਹੀ, ਪਤਰਾ 1077.

[1301] ਉਹੀ, ਪਤਰਾ 1426.

[1302] ਉਹੀ, ਪਤਰਾ 1629.

[1303] ਉਹੀ, ਪਤਰਾ 1426.

[1304] ਉਹੀ, ਪਤਰਾ 1104.

**ਧੀਰ-** ਇਕ ਟਾਪੂ (ਦੇਖੋ) ਦਾ ਨਾਮ। ਬੀਰ ਬਿਸੈਹਰਿ ਜਾਨੋ ਧੀਰ॥[1305]

**ਧੀਰਚੰਦ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1306] ਧੀਰਚੰਦ ਪੁਨਿ ਦੋਨੋ ਭਾਈ॥[1307]

**ਧੂਮਾ (ਦਿਲੀ ਵਾਲਾ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1308] ਧੂਮਾ ਰਾਮਾ ਦੋਨੋ ਭਾਈ॥[1309]

**ਧੂਮਾਂ (ਬੰਗਾਲ ਵਾਲਾ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਬੰਗਾਲ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1310] ਧੂਮਾਂ ਕੂਮਾਂ ਗਉੜ ਪੁਨਿ ਆਇ ਸੁ ਪਰਮ ਮਹਾਨ॥[1311]

**ਧੂਰਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੰਚਮੋ ਊਰਮ ਨਾਥ ਖਟਮੋ ਧੂਰਮ ਜਾਨ ਸਤਮੋ ਕਨੀਫਾ ਨਾਥ ਸਿਧ ਸੋ ਮਹਾਨੀਐ॥[1312]

**ਧ੍ਰੂਅ ਮੰਡਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜਿਥੇ ਧਰੂਅ (ਦੇਖੋ) ਭਗਤ ਦਾ ਨਿਵਾਸ ਹੈ। ਧ੍ਰੂਅ ਮੰਡਲ ਮੈ ਗਏ ਉਦਾਰੰ॥80॥[1313]

---

1305 ਉਹੀ, ਪਤਰਾ 1318.

1306 ਉਹੀ, ਪਤਰਾ 1783.

1307 ਉਹੀ.

1308 ਉਹੀ.

1309 ਉਹੀ.

1310 ਉਹੀ.

1311 ਉਹੀ.

1312 ਉਹੀ, ਪਤਰਾ 1026.

1313 ਉਹੀ, ਪਤਰਾ 1034.

**ਨਸਰਮੰਨਿਆ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਰੂਪ ਕੰਨਿਆ॥ ਨਸਰਮੰਨਿਆ॥੭੦॥[1314]

**ਨਕਟਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਬੰਦਰਗਾਹ (ਦੇਖੋ) ਦਾ ਨਾਮ। ਚਪਟਾ ਨਕਟਾ ਅਉਰ ਮਹਾਨ॥10॥[1315]

**ਨਗਬਿਯਾਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ। ਨਗਬਿਯਾਰ ਪਹੁਚੇ ਜਾਇ॥[1316]

**ਨੰਦ ਕੇਸਰੰ-** ਸ਼ਿਵ (ਦੇਖੋ) ਦੀ ਸਵਾਰੀ ਦਾ ਬੈਲ। ਨੰਦ ਕੇਸਰੰ ਸਿਵ ਕਾ ਜਾਨ॥[1317]

**ਨੰਦ-** ਯਸ਼ੋਧਾ ਦਾ ਪਤੀ, ਜਿਸ ਦੇ ਘਰ ਕ੍ਰਿਸ਼ਨ ਜੀ ਦੀ ਪਾਲਨਾ ਹੋਈ ਸੀ।[1318] ਤਪ ਬਲਿ ਕ੍ਰਿਸ਼ਨ ਗਯੋ ਘਰਿ ਨੰਦ॥10॥[1319]

**ਨੰਦ ਰਾਮਚੰਦ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਸਿਆਲਕੋਟ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1320] ਮਾਮਾ ਨੰਦ ਰਾਮ ਚੰਦ ਚਿਮਨਾ ਬਿਹਾਰੀਲਾਲ ਔਰ ਸੁਖਰਾਜ ਮਨਰਾਜ ਉਰ ਆਨੀਐ॥[1321]

**ਨੰਦ ਲਾਲ (ਬੇਦੀ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸ਼੍ਰੋਮਣੀ ਬੇਦੀਆਂ ਵਿਚੋਂ ਇਕ। ਇਹ ਗੁਰੂ ਜੀ ਦੇ ਵਿਆਹ ਸਮੇਂ ਸੁਲਤਾਨਪੁਰ ਤੋਂ ਨਾਲ ਗਿਆ ਸੀ। ਖਸਟਮਿ ਨੰਦ ਲਾਲ ਪਹਿਚਾਨ॥[1322]

**ਨੰਦਰਾਇ-** ਇਕ ਟਾਪੂ (ਦੇਖੋ) ਦਾ ਨਾਮ। ਨੰਦਰਾਇ ਗਯਾ ਚੇਕਉਰ॥[1323]

---

1314 ਉਹੀ, ਪਤਰਾ 1054.

1315 ਉਹੀ, ਪਤਰਾ 1090.

1316 ਉਹੀ, ਪਤਰਾ 1029.

1317 ਉਹੀ, ਪਤਰਾ 1425.

1318 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 309.

1319 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 788.

1320 ਉਹੀ, ਪਤਰਾ 1783.

1321 ਉਹੀ.

1322 ਉਹੀ, ਪਤਰਾ 540.

**ਨੰਦਲਾਲ-** ਗੁਰੂ ਨਾਨਕ ਦੇਵ ਜੀ ਦਾ ਚਚੇਰਾ ਭਰਾ, ਲਾਲੂ ਵੇਦੀ (ਚਾਚੇ) ਦਾ ਪੁਤਰ।[1324] ਕਿਸਨਾ ਝਿੰਗੜ ਪੁਨਿ ਨੰਦਲਾਲ॥[1325]

**ਨੰਦਲਾਲ (ਦੂਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਸੁੰਦਰ ਪਦਾ ਛੰਦ॥ ਨੰਦਲਾਲ ਲਾਲਚੰਦ॥[1326]

**ਨੰਦਾ-** ਇਕ ਟਾਪੂ (ਦੇਖੋ) ਦਾ ਨਾਮ। ਜੰਗ ਜੋਧ ਅਰੁ ਜੰਗ ਬਲਿ ਨੰਦਾ ਬ੍ਰਹਮਾ ਜਾਨ॥[1327]

**ਨਨਕਾਣਾ-** ਤਲਵੰਡੀ (ਦੇਖੋ) ਦਾ ਇਕ ਨਾਮ। ਨਨਕਾਣੇ ਤੇ ਸਤਿਗੁਰੂ ਬਿਦਾ ਭਏ ਪੁਨਿ ਆਪ॥[1328]

**ਨੰਨਾਮਲ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1329] ਨੰਨਾਮਲ ਨਾਨੂ ਬੁਧਿਵਾਨ॥33॥[1330]

**ਨਰਸਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਯਾਂਗਰਮੱਲ ਹਰੀਹਰਿ ਸਾਵਣਿ ਕੇਵਲ ਰਾਮ ਬੁਧੂ ਨਰਸਾ॥[1331]

**ਨਰਸਿੰਘ-** ਪੌਰਾਣਕ ਮਨੌਤ ਅਨੁਸਾਰ ਨਰ ਸਿੰਘ ਵਿਸ਼ਨੂੰ ਦਾ ਇਕ ਅਵਤਾਰ (ਦੇਖੋ) ਸੀ ਜਿਸ ਦਾ ਅਧਾ ਸਰੀਰ ਮਨੁਖ ਦਾ ਅਤੇ ਅਧਾ ਸ਼ੇਰ ਦਾ ਸੀ।[1332] ਗੁਰ ਰੰਚਕਿ ਕੋਪ ਕਰਯੋ ਮਨ ਮੈ ਨਰ ਸਿੰਘ ਸਮਾਨ ਹਨੂੰ ਲਲਕਾਰੇ॥[1333]

---

[1323] ਉਹੀ, ਪਤਰਾ 1318.

[1324] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 143.

[1325] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 287.

[1326] ਉਹੀ, ਪਤਰਾ 594-95.

[1327] ਉਹੀ, ਪਤਰਾ 1318.

[1328] ਉਹੀ, ਪਤਰਾ 1426.

[1329] ਉਹੀ, ਪਤਰਾ 1783.

[1330] ਉਹੀ.

[1331] ਉਹੀ, ਪਤਰਾ 594.

**ਨਰਹਰਿ-** ਨਰਿਸਿੰਘ (ਦੇਖੋ) ਵਿਸ਼ਨੂੰ ਦਾ ਇਕ ਅਵਤਾਰ (ਦੇਖੋ)। ਨਰਹਰਿ ਹ੍ਵੈ ਪ੍ਰਹਲਾਦਿ ਉਬਾਰਿਉ॥[1334]

**ਨਰਬਦਾ-** ਦਖਣ ਦੀ ਇਕ ਪ੍ਰਸਿਧ ਨਦੀ, ਇਸ ਦੇ ਤਟ ਉਤੇ ਅਨੇਕਾਂ ਹਿੰਦੂ ਮੰਦਿਰ ਬਣੇ ਹੋਏ ਹਨ।[1335] ਸਫਰਾ ਅਰੁ ਪੁਨਿ ਨਰਬਦਾ ਸਰਬ ਸੁ ਤੀਰਥ ਜਾਨ॥[1336]

**ਨਰਭੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਜੈਨੀ ਸਾਧੂ ਜੋ ਅਨਭੀ (ਦੇਖੋ) ਜੈਨੀ ਸਾਧੂ ਨਾਲ ਸੀ। ਤਿਸ ਨੈ ਨਰਭੀ ਅਨਭੀ ਫੜਕੈ ਧਰ ਮੈ ਪਟਕੇ ਨ ਲਗੀ ਕਛੁ ਬਾਰੇ॥[1337]

**ਨਲ-** ਇਹ ਨਿਸ਼ਧ ਦੇਸ਼ ਦਾ ਰਾਜਾ ਅਤੇ ਦਮਯੰਤੀ ਦਾ ਪਤੀ ਸੀ। ਨਲ ਅਤੇ ਦਮਯੰਤੀ ਦੀ ਕਥਾ ਮਹਾਂਭਾਰਤ ਦੀਆਂ ਪਰਸੰਗਕ ਕਥਾਵਾਂ ਵਿਚ ਆਉਂਦੀ ਹੈ ਅਤੇ ਬਹੁਤ ਪ੍ਰਸਿਧ ਹੈ। ਰਾਜਾ ਨਲ ਬੜਾ ਹੀ ਬਹਾਦਰ, ਸੁਹਣਾ, ਕਲਾ-ਪ੍ਰੇਮੀ, ਵੇਦਾਂ ਦਾ ਗਿਆਤਾ, ਸਸ਼ਤਰ ਵਿਦਿਆ ਵਿਚ ਚਤੁਰ ਅਤੇ ਘੋੜਿਆਂ ਦੀ ਵਿਦਿਆ ਵਿਚ ਨਿਪੁੰਨ ਸੀ, ਪਰ ਇਸ ਦੇ ਨਾਲ-ਨਾਲ ਇਸ ਨੂੰ ਜੂਆ ਖੇਡਣ ਦਾ ਵੀ ਸ਼ੌਕ ਸੀ। ਇਨ੍ਹਾਂ ਦੇ ਘਰ ਦੋ ਬੱਚੇ ਹੋਏ, ਪੁਤਰ ਦਾ ਨਾਂ ਇੰਦ੍ਰਸੈਨ ਅਤੇ ਪੁਤਰੀ ਦਾ ਨਾਂ ਇੰਦ੍ਰਸੇਨਾ ਸੀ।[1338] ਨਲ ਕੁਬੇਰ ਸਮ ਪੁਤ੍ਰ ਸੁ ਦਯੋ॥[1339]

**ਨਲਿੰਦਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੁਨਿਹ ਕਲਿੰਦਰ ਨੈਨ ਨਲਿੰਦਰ ਚਉਸਠ ਭਾਨਿ॥[1340]

---

[1332] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 190.

[1333] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1516.

[1334] ਉਹੀ, ਪਤਰਾ 18.

[1335] ਗੁਰਮੇਲ ਸਿੰਘ, ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 144.

[1336] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 57.

[1337] ਉਹੀ, ਪਤਰਾ 1516.

[1338] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 313.

[1339] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1231.

[1340] ਉਹੀ, ਪਤਰਾ 1027.

**ਨਲੋਆ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਰਾ ਇਕ ਸਥਾਨ ਦਾ ਨਾਮ। ਨਾਮ ਨਲੋਆ ਜਾਨ ਤਹਿ ਤਹਿ ਤੁਮ ਜਾਉ ਮਹਾਨ॥[1341]

**ਨਾਸਕ-** 1. ਦਖਣ ਦਾ ਇਕ ਦੇਸ਼, ਬੰਬਈ ਦੇ ਹਾਤੇ ਦਾ ਇਕ ਨਗਰ, ਜੋ ਜਿਲ੍ਹੇ ਦਾ ਪ੍ਰਧਾਨ ਅਸਥਾਨ ਹੈ, ਇਹ ਬੰਬਈ ਤੋਂ 107 ਮੀਲ ਹੈ। ਇਸ ਪਾਸੋਂ ਗੋਦਾਵਰੀ ਨਦੀ ਨਿਕਲਦੀ ਹੈ। ਨਾਸਿਕ ਵਿਚ ਸ਼ਿਵ ਦਾ ਪ੍ਰਸਿਧ ਮੰਦਿਰ ਹੈ, ਜਿਥੇ ਕੁੰਭ ਮੇਲਾ ਵਡੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ।[1342] ਨਾਸਕ ਤਿਰਮੁਖਿ ਕੀ ਕਰੈ ਪਰਕਰਮਾ ਨਰ ਜੋਇ॥[1343]

**ਨਾਸਕਾ ਨਾਥ ਭੇਰਵੇ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੂਰਨ ਨਾਸਕਾ ਨਾਥ ਭੇਰਵੇ ਸੋ ਜਾਨ ਲੋਹੁ ਚੌਧਵੇ ਬਿਬਾਲਕਾ ਮਹਾਨ ਸਿਧ ਜਾਨ ਸੋ॥[1344]

**ਨਾਗ ਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਬੈਰਮ ਭੱਟ (ਦੇਖੋ) ਨੂੰ ਸਬਕ ਸਿਖਾਉਣ ਵਾਲਾ, ਕਿਸੇ ਸੰਪ੍ਰਦਾਇ ਦਾ ਮੋਹਰੀ ਵਿਅਕਤੀ। ਨਾਗ ਨਾਥ ਬੈਰਮ ਕਾ ਜੈਸੇ॥[1345]

**ਨਾਗ ਬਾਲੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਅੰਬੜਾਲੀ॥ ਨਾਗ ਬਾਲੀ॥96॥[1346]

**ਨਾਗਨਾਥ-** ਇਹ ਸ਼ਾਇਦ ਗੌਤਸੇਸ਼ ਜਾਂ ਅਮਰੇਸ੍ਵਰ ਦੋਨਾਂ ਵਿਚੋਂ ਇਕ ਦਾ ਹੀ ਨਾਮ ਹੈ, ਇਹ ਬਾਰ੍ਹਾਂ ਮਹਾਂ ਲਿੰਗਾਂ ਵਿਚੋਂ ਇਕ ਹੈ।[1347] ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਹ ਅਵਢੇਕਾ ਨਗਰ ਵਿਚ ਹੈ। ਨਾਗਨਾਥ ਅਵਢੇਕੇ ਮਾਹਿ॥[1348]

---

[1341] ਉਹੀ, ਪਤਰਾ 811.

[1342] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 688.

[1343] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 859.

[1344] ਉਹੀ, ਪਤਰਾ 1026.

[1345] ਉਹੀ, ਪਤਰਾ 797.

[1346] ਉਹੀ, ਪਤਰਾ 1054.

[1347] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 489.

[1348] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1560.

**ਨਾਗਰਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਨਾਗਰਚੰਦ ਅਣੀ ਦਖਣੀ ਅਰੁ ਮੋਹਿਣ ਜੀ ਜਗਤਾ ਪਰਸਾ ਹੈ॥[1349]

**ਨਾਗਾ ਨਾਗੀ ਦੇਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ ਦਾ ਨਾਮ ਜਿਥੇ ਸਾਰੇ ਹੀ ਲੋਕ ਨਿਰਵਸਤਰ ਰਹਿੰਦੇ ਹਨ। ਇਹ ਨਾਮ ਕਾਲਪਨਿਕ ਭਾਸਦਾ ਹੈ। ਇਥੋਂ ਦੇ ਰਾਜੇ ਦਾ ਨਾਮ ਬ੍ਰਹਮ (ਦੇਖੋ) ਸੀ। ਨਾਂਗਾ ਨਾਂਗੀ ਦੇਸ ਮਝਾਰੇ॥[1350]

**ਨਾਗਾਂ ਪਰਸਰਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਠਾਰ੍ਹਾਂ ਰਾਜਿਆਂ (ਦੇਖੋ) ਵਿਚੋਂ ਇਕ ਰਾਜੇ ਦਾ ਨਾਮ। ਨਾਗਾਂ ਪਰਸਰਾਮ ਨਵ ਮਾਨਹੁ॥[1351]

**ਨਾਨਕ ਕੁੰਡ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਤ੍ਰਿਮੁਖ (ਦੇਖੋ) ਸਥਾਨ ਉਪਰ ਗੁਰੂ ਨਾਨਕ ਦੇਵ ਜੀ ਦੇ ਨਾਮ ਉਪਰ ਬਣੇ ਇਕ ਕੁੰਡ ਦਾ ਨਾਮ। ਨਾਨਕ ਕੁੰਡ ਬਨਿਯੋ ਹੈ ਤਹਾ॥[1352]

**ਨਾਨਕ ਚੱਕ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ ਦਾ ਨਾਮ। ਜਿਸ ਸਥਾਨ ਉਪਰ ਪ੍ਰਾਣ ਸੰਗਲੀ ਗ੍ਰੰਥ ਦੀ ਰਚਨਾ ਕੀਤੀ ਗਈ ਉਸ ਸਥਾਨ ਦੇ ਨੇੜੇ ਇਕ ਨਗਰ ਦਾ ਨਾਮ ਚੱਕ ਸੀ, ਜਿਸ ਨੂੰ ਬਾਅਦ ਵਿਚ ਰਾਜਾ ਸਿਉਨਾਭ/ਸਿਵਨਾਭ (ਦੇਖੋ) ਨੇ ਬਦਲ ਕੇ ਨਾਨਕ ਚੱਕ ਰਖਿਆ। ਪੁਨਿ ਭੂਪਤਿ ਨੈ ਰਾਖਿਯੋ ਨਾਨਕ ਚੱਕ ਸੁ ਨਾਵ॥14॥[1353]

**ਨਾਨਕ ਝੇਰਾ-** ਹੈਦਰਾਬਾਦ ਦਖਣ ਦਾ ਇਕ ਜਿਲਾ ਅਤੇ ਉਸ ਦਾ ਪ੍ਰਧਾਨ ਨਗਰ, ਜੋ ਅਬਿਚਲਨਗਰ ਤੋਂ 40 ਕੋਹ ਦਖਣ ਵਲ ਹੈ। ਇਥੇ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਨਾਨਕਝੇਰਾ ਪ੍ਰਸਿਧ ਹੈ।[1354] ਨਾਨਕ ਝੇਰਾ ਰਾਖਿਯੋ ਨਾਮ॥[1355]

---

[1349] ਉਹੀ, ਪਤਰਾ 594.

[1350] ਉਹੀ, ਪਤਰਾ 1743.

[1351] ਉਹੀ, ਪਤਰਾ 1323.

[1352] ਉਹੀ, ਪਤਰਾ 858.

[1353] ਉਹੀ, ਪਤਰਾ 1391.

[1354] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 869.

[1355] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 880.

**ਨਾਨਕ ਟੋਭਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ ਜੋ ਕਿ ਜਵਾਲਾ ਮੁਖੀ ਤੋਂ ਸੀਹਾ ਦੇ ਨੇੜੇ ਹੈ। ਜਿਸ ਦਾ ਅਜੋਕਾ ਨਾਮ ਨਾਨਕ ਟੋਭਾ ਹੈ। ਇਹ ਇਕ ਪੁਰਾਣਾ ਤੀਰਥ ਸੀ, ਇਸ ਸਥਾਨ ਤੇ ਕਈ ਰਿਸ਼ੀ ਰਹਿੰਦੇ ਸਨ। ਜਲ ਦੀ ਘਾਟ ਕਰਕੇ ਸਾਰੇ ਰਿਸ਼ੀ ਚਲੇ ਗਏ। ਇਥੇ ਸਿਰਫ ਚਿਮਨ ਰਿਸ਼ੀ ਰਹਿ ਗਿਆ। ਰਿਸ਼ੀਆਂ ਨੇ ਕਿਹਾ ਕਿ ਜਦੋਂ ਰਾਮ ਯਾਤਰਾ ਤੇ ਨਿਕਲਣਗੇ ਤਾਂ ਇਖਵਾਕੂ ਤੀਰਥ ਸਥਾਨ ਤੋਂ ਹੁੰਦੇ ਹੋਏ ਤੇਰੇ ਪਾਸ ਆਉਣਗੇ। ਦੋ ਹਜਾਰ ਸਾਲ ਚਿਮਨ ਰਿਸ਼ੀ ਨੇ ਇਥੇ ਤਪ ਕੀਤਾ। ਫਿਰ ਰਾਮ ਚੰਦਰ ਉਥੇ ਆਏ। ਇਸ ਸਥਾਨ ਤੇ ਰਾਮ ਨੇ ਤੀਰ ਮਾਰ ਕੇ ਪਤਾਲ ਤੋਂ ਪਾਣੀ ਦਾ ਇਕ ਝਰਨਾ ਕਢਿਆ। ਇਸ ਸਥਾਨ ਦਾ ਨਾਮ ਰਾਮਬਾਨ ਸਰ ਰਖਿਆ। ਗੁਰੂ ਨਾਨਕ ਦੇਵ ਜੀ ਦੁਆਰਾ ਇਥੇ ਚਰਨ ਪਾਉਣ ਤੋਂ ਬਾਅਦ ਇਸ ਸਥਾਨ ਦਾ ਨਾਮ ਨਾਨਕ ਟੋਭਾ ਰਖਿਆ ਗਿਆ।[1356] ਨਾਨਕ ਟੋਭਾ ਨਉ ਰਖਾਯੋ॥[1357]

**ਨਾਨਕ ਬਖਸ਼-** ਸੀਤਾਪੁਰ (ਦੇਖੋ) ਦੇ ਰਾਮਚੰਦ (ਦੇਖੋ) ਦਾ ਪੁਤਰ। ਜੋ ਗੁਰੂ ਜੀ ਦੇ ਆਸ਼ੀਰਵਾਦ ਸਦਕਾ ਪੈਦਾ ਹੋਇਆ ਇਸ ਲਈ ਉਸਦਾ ਨਾਮ ਨਾਨਕ ਬਖਸ਼ ਰਖਿਆ ਗਿਆ। ਨਾਨਕ ਬਖਸਿ ਨਾਮੁ ਤਿਨ ਰਾਖਾ॥68॥[1358]

**ਨਾਨਕ ਮਤਾ-** ਯੂ.ਪੀ. ਦੇ ਜਿਲ੍ਹਾ ਪੀਲੀਭੀਤ ਵਿਚ ਦਿਉਰਾ ਨਦੀ ਦੇ ਕੋਲ ਇਕ ਸਥਾਨ, ਜਿਸ ਨੂੰ ਪਹਿਲਾਂ ਗੋਰਖ ਮਤਾ ਜਾਂ ਸਿਧ ਮਤਾ (ਦੇਖੋ) ਕਹਿੰਦੇ ਸਨ। ਇਹ ਸਥਾਨ ਰੀਠਾ ਸਾਹਿਬ ਤੋਂ ਪਹਾੜੀ ਰਾਹ ਉਤੇ 30 ਮੀਲ ਹੈ ਅਤੇ ਹਲਦਵਾਨੀ ਤੋਂ ਲਗਭਗ 70 ਮੀਲ ਹੈ।[1359] ਨਾਨਕ ਮਤਾ ਨਾਮ ਧਰਿ ਦਯੋ॥[1360]

**ਨਾਨਕਸਰ-** 1.ਨਾਨਕਿਆਣੇ ਦਾ ਉਹ ਤਾਲ, ਜੋ ਰਾਇ ਬੁਲਾਰ ਨੇ ਗੁਰੂ ਨਾਨਕ ਦੇਵ ਦੇ ਨਾਮ ਪੁਰ ਖੁਦਵਾਇਆ ਸੀ। ਇਸੇ ਥਾਂ ਛੇਵੇਂ ਸਤਿਗੁਰੂ ਨਾਨਕਿਆਣੇ ਦੀ ਯਾਤ੍ਰਾ ਸਮੇਂ ਵਿਰਾਜੇ ਸਨ। 2. ਜਿਲਾ ਗੁਜਰਾਤ, ਤਹਿਸੀਲ ਖਾਰੀਆਂ ਦੇ ਡਿੰਗੇ ਪਿੰਡ ਵਿਚ ਆਬਾਦੀ ਤੋਂ ਉਤਰ ਪਛਮ ਗੁਰੂ ਨਾਨਕ ਦੇਵ ਦਾ

---

[1356] ਉਹੀ, ਪਤਰਾ 772-73.

[1357] ਉਹੀ, ਪਤਰਾ 773.

[1358] ਉਹੀ, ਪਤਰਾ 1698.

[1359] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 146.

[1360] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੁਦਨ, ਪਤਰਾ 1241.

ਅਸਥਾਨ, ਜਿਸ ਦੇ ਨਾਲ ਇਕ ਤਾਲ ਹੈ, ਗੁਰਦੁਆਰਾ ਛੋਟਾ ਜੇਹਾ ਬਣਿਆ ਹੋਇਆ ਹੈ, ਨਾਲ ਸਤ ਕਨਾਲ ਜ਼ਮੀਨ ਹੈ। 3. ਜਿਲਾ ਮਾਂਟਗੁਮਰੀ ਥਾਣਾ ਖਾਸ ਹੜਪਾ। ਹੜਪਾ ਨਗਰ ਤੋਂ ਪੌਣ ਮੀਲ ਦਖਣ ਗੁਰੂ ਨਾਨਕ ਦੇਵ ਦਾ ਅਸਥਾਨ। ਗੁਰਦੁਆਰਾ ਸੁੰਦਰ ਬਣਿਆ ਹੋਇਆ ਹੈ। ਪਾਸ ਰਿਹਾਇਸ਼ੀ ਮਕਾਨ ਬਹੁਤ ਹਨ। ਦਸ ਘੁਮਾਉਂ ਜ਼ਮੀਨ ਗੁਰਦੁਆਰੇ ਨਾਲ ਹੈ। 4. ਜਿਲਾ ਤਹਿਸੀਲ ਸਿਆਲਕੋਟ, ਥਾਣਾ ਸੰਭੜਿਆਲ ਦਾ ਪਿੰਡ ਸਾਹੋਵਾਲ ਹੈ, ਜੋ ਰੇਲਵੇ ਸਟੇਸ਼ਨ ਉਗੋਕੀ ਤੋਂ ਤਿੰਨ ਮੀਲ ਦੱਖਣ ਪਛਮ ਹੈ। ਇਸ ਤੋਂ ਚੜਦੇ ਵਲ ਦੋ ਫਰਲਾਂਗ ਦੇ ਕਰੀਬ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਸਿਆਲਕੋਟੋਂ ਇਥੇ ਆਏ ਅਤੇ ਸਤ ਦਿਨ ਵਿਰਾਜੇ। ਉਸ ਸਮੇਂ ਇਥੇ ਇਕ ਤਾਲ 25 ਘੁਮਾਉਂ ਵਿਚ ਸੀ। ਇਹ ਗੁਰਦੁਆਰਾ ਭੀ ਉਸ ਦੇ ਵਿਚ ਹੀ ਹੈ। 5. ਜਿਲ੍ਹਾ ਤਹਿਸੀਲ ਅੰਮ੍ਰਿਤਸਰ ਵਿਚ ਵੇਰਕਾ ਪਿੰਡ ਹੈ ਜੋ ਖਾਸ ਰੇਲਵੇ ਸਟੇਸ਼ਨ ਹੈ। ਇਸ ਗ੍ਰਾਮ ਤੋਂ ਲਹਿੰਦੇ ਵਲ ਪਾਸ ਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਨਾਨਕਿਆਣੇ ਸਾਹਿਬ ਤੋਂ ਬਟਾਲੇ ਵਲ ਜਾਂਦੇ ਇਥੇ ਵਿਰਾਜੇ ਹਨ। ਗੁਰਦੁਆਰੇ ਨਾਲ ਕੇਵਲ ਪੰਜ ਵਿਘੇ ਜ਼ਮੀਨ ਹੈ। 6. ਜਿਲਾ ਜਲੰਧਰ ਤਹਿਸੀਲ ਨਵਾਂਸ਼ਹਿਰ, ਥਾਣਾ ਬੰਗਾ ਵਿਚ ਪਿੰਡ ਹਕੀਮਪੁਰ ਹੈ, ਜੋ ਰੇਲਵੇ ਸਟੇਸ਼ਨ ਬੈਹਰਾਮ ਤੋਂ ਪੰਜ ਮੀਲ ਦੱਖਣ ਹੈ। ਹਕੀਮਪੁਰ ਤੋਂ ਉਤਰ ਵਲ ਦੋ ਫਰਲਾਂਗ ਦੇ ਕਰੀਬ ਸ਼੍ਰੀ ਗੁਰੂ ਹਰਿਰਾਏ ਸਾਹਿਬ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਨੇ ਕਰਤਾਰਪੁਰੋਂ ਕੀਰਤਪੁਰ ਵਲ ਜਾਂਦੇ ਇਥੇ ਕੁਝ ਦਿਨ ਨਿਵਾਸ ਕੀਤਾ। ਜਿਨ੍ਹਾਂ ਪਿਪਲਾਂ ਅਤੇ ਨਿੰਮਾਂ ਨਾਲ ਗੁਰੂ ਜੀ ਨੇ ਘੋੜੇ ਬਧੇ ਸਨ ਉਹ ਮੌਜੂਦ ਹਨ। ਦਰਬਾਰ ਸੁੰਦਰ ਬਣਿਆ ਹੋਇਆ ਹੈ। ਜਿਸ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਕੀਤੀ ਸੀ। ਸੁਣਿਆ ਹੈ ਕਿ ਇਥੇ ਗੁਰੂ ਨਾਨਕ ਦੇਵ ਜੀ ਨੇ ਭੀ ਚਰਣ ਪਾਏ ਸਨ। 7. ਜਿਲਾ ਫਿਰੋਜਪੁਰ, ਤਹਿਸੀਲ ਮੋਗਾ, ਥਾਣਾ ਨਿਹਾਲ ਸਿੰਘ ਵਾਲੇ ਦਾ ਇਕ ਪਿੰਡ ਤਖਤੂਪੁਰਾ ਹੈ, ਜੋ ਰੇਲਵੇ ਸਟੇਸ਼ਨ ਮੋਗੇ ਤੋਂ 17 ਮੀਲ ਦਖਣ ਹੈ। ਇਸ ਤਖਤੂਪੁਰੇ ਤੋਂ ਪੂਰਵ, ਗੁਰਅਸਥਾਨ ਨਾਨਕਸਰ ਨਾਮ ਤੋਂ ਪ੍ਰਸਿਧ ਹੈ।[1361] ਤਹਿ ਗੁਰ ਤੀਰਥ ਥਾਪਿਯੋ ਨਾਨਕਸਰ ਤਹਿ ਨਾਮ॥[1362]

**ਨਾਨਕਪੁਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਵਲੋਂ ਵਸਾਇਆ ਇਕ ਨਗਰ ਜੋ ਗੋਰਖਪੁਰ ਦੇ ਨੇੜੇ ਹੈ। ਨਾਨਕ ਪੂਰਿ ਤਹਿ ਨਾਮ ਬਤਾਯੋ॥[1363]

---

[1361] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 692.

[1362] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1628.

[1363] ਉਹੀ, ਪਤਰਾ 1497.

**ਨਾਨੂ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1364]

ਨੰਨਾਮਲ ਨਾਨੂ ਬੁਧਿਵਾਨ॥33॥[1365]

**ਨਾਨੋ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨਿਹਾਲੀ (ਦੇਖੋ) ਦਾ ਪੁਰਾਣਾ ਨਾਂ। ਪਿਰਥਮ ਨਾਮ ਸੁ ਨਾਨੋ ਤਾਹਿ॥[1366]

**ਨਾਮਾ-** ਆਪ ਦਾ ਜਨਮ ਮਹਾਂਰਾਸ਼ਟਰ ਵਿਖੇ ਜ਼ਿਲਾ ਸਤਾਰਾ ਦੇ ਪਿੰਡ ਨਰਸੀ ਵਾਮਨੀ ਵਿਚ ਪਿਤਾ ਦਾਮਸੇਤੀ ਦੇ ਘਰ ਮਾਤਾ ਗੋਨਾਬਾਈ ਦੀ ਕੁੱਖੋਂ 1270 ਈ. ਵਿਚ ਹੋਇਆ। ਪਿਤਾ ਤੋਂ ਪ੍ਰੇਮਾ ਭਗਤੀ ਦੀ ਗੁੜ੍ਹਤੀ ਮਿਲੀ ਤੇ ਵਿਸ਼ੋਭਾ ਖੇਚਰ ਨੂੰ ਗੁਰੂ ਧਾਰਨ ਕੀਤਾ। ਇਸ ਸਮੇਂ 'ਵਾਰਕਰੀ' ਸੰਪ੍ਰਦਾ ਜ਼ੋਰਾਂ ਤੇ ਸੀ ਤੇ ਨਾਮਦੇਵ ਵੀ ਇਸੇ ਪੰਥ ਵਿਚ ਰਲ ਕੇ ਵਿੱਠਲ ਦੀ ਪੂਜਾ ਕਰਨ ਲਗੇ। ਪੰਡਰਪੁਰ ਇਨ੍ਹਾਂ ਦੀ ਪੂਜਾ ਉਪਾਸ਼ਨਾ ਦਾ ਕੇਂਦਰੀ ਸਥਾਨ ਸੀ ਤੇ ਆਪ ਆਪਣੇ ਸਾਥੀਆਂ ਨਾਲ ਸਦਾ ਹਾੜ੍ਹ ਤੇ ਕੱਤਕ ਦੀ ਏਕਾਦਸ਼ੀ ਨੂੰ ਇਸ ਥਾਂ ਦੀ ਯਾਤ੍ਰਾ ਕਰਦੇ। ਭਗਤੀ ਦੀ ਪਰਿਪੱਕਤਾ ਪਿੱਛੋਂ ਉਹ ਸਰਗੁਣਵਾਦੀ ਦੀ ਥਾਂ ਨਿਰਗੁਣਵਾਦੀ ਹੋ ਗਏ। ਕੁਝ ਸਮੇਂ ਪਿਛੋਂ ਆਪਣੇ ਸਾਥੀ ਗਿਆਨੇਸ਼ਵਰ ਨਾਲ ਤੀਰਥ-ਯਾਤਰਾ ਕਰਦਿਆਂ ਉੱਤਰੀ ਭਾਰਤ ਦੀ ਸੈਰ ਕੀਤੀ ਤੇ ਪੰਜਾਬ ਆਏ। ਪੰਜਾਬੀ ਸ਼ਰਧਾਲੂਆਂ ਦਾ ਖਿਆਲ ਹੈ ਕਿ ਆਪ ਦਾ ਦੇਹਾਂਤ ਅੱਸੂ ਵਦੀ ਤ੍ਰੌਦਸ਼ੀ ਨੂੰ (1350 ਈ.) ਪਿੰਡ ਘੁਮਾਣ ਜ਼ਿਲ੍ਹਾ ਗੁਰਦਾਸਪੁਰ ਵਿਚ ਹੋਇਆ ਜਿਥੇ ਕਿ ਆਪ ਦੀ ਸਮਾਧਿ ਬਣੀ ਹੋਈ ਹੈ ਤੇ ਸਾਲਾਨਾ ਮੇਲਾ ਲਗਦਾ ਹੈ। ਬ੍ਰਾਹਮਣ ਆਪ ਨੂੰ ਮੰਦਰ ਵਿਚ ਦਾਖਲ ਹੋਣ ਦੀ ਆਗਿਆ ਨਹੀਂ ਸੀ ਦਿੰਦਾ ਤੇ 'ਸੂਦ੍ਰ' ਆਖ ਕੇ ਤ੍ਰਿਸਕਾਰਦਾ ਸੀ। ਇਸੇ ਤਰ੍ਹਾਂ ਜਾਬਰ ਮੁਸਲਮ ਹਾਕਮ ਆਪ ਨੂੰ ਇਸਲਾਮ ਵਿਚ ਲਿਆਉਣ ਲਈ ਜ਼ੋਰ ਲਾਉਂਦੇ ਰਹੇ ਪਰੰਤੂ ਭਗਤ ਨਾਮਦੇਵ ਦ੍ਰਿੜ ਰਹੇ ਤੇ ਅੰਤ ਉਨ੍ਹਾਂ ਦੀ ਜਿਤ ਹੋਈ। ਸ੍ਰੀ

---

[1364] ਉਹੀ, ਪਤਰਾ 1783.

[1365] ਉਹੀ.

[1366] ਉਹੀ, ਪਤਰਾ 789.

ਗੁਰੂ ਗ੍ਰੰਥ ਸਾਹਿਬ ਵਿਚ ਆਪਦੇ 61 ਸ਼ਬਦ ਦਰਜ ਹਨ।[1367] ਪੁਨਿ ਬੇਦ ਅਉਰ ਪੁਰਾਨ॥ ਜੈਦੇਉ ਨਾਮਾ ਜਾਨ॥[1368]

**ਨਾਰ ਸਿਹੂੰਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਸਟ ਮਾਤ੍ਰ ਕਾ (ਦੇਖੋ) ਵਿਚੋਂ ਇਕ ਦੇਵੀ ਦਾ ਨਾਮ। ਨਾਰ ਸਿਹੂੰ ਕਾ ਸਪਤਿਮੀ ਪੁਨਿ ਮਹਿੰਦ੍ਰਕਾ ਜਾਨ ਉਰ॥[1369]

**ਨਾਰੂ ਸੰਕਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਮਾਲਾ (ਦੇਖੋ) ਰਾਕਸ਼ ਦੇ ਨਾਮ 'ਤੇ ਮਾਲੇ ਗਾਉਂ (ਦੇਖੋ) ਵਸਾਉਣ ਵਾਲੇ ਵਿਅਕਤੀ ਦਾ ਨਾਮ। ਨਾਰੂ ਸੰਕਰ ਗਾਉ ਬਸਾਯੋ॥[1370]

**ਨਾਲੇਰ ਪੁਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਬ੍ਰਾਹਮਣ ਦਾ ਨਾਮ। ਨਾਲੇਰਪੁਰੀ ਵਾਚ॥ ॥ਚੌਪਈ॥ ਰਹੈ ਦੰਗਲੀ ਏਕ ਗੁਸਾਈ॥[1371]

**ਨਿਹਾਲੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਇਕ ਸਿਖ ਇਸਤਰੀ। ਜਿਸਦੀ ਜਾਤ ਰੰਧਾਵਾ ਸੀ ਅਤੇ ਉਸ ਦਾ ਨਾਮ ਨਾਨੋ ਸੀ। ਜਦੋਂ ਉਸ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਉਹ ਨਿਹਾਲ ਹੋ ਗਈ ਅਤੇ ਉਸ ਦਾ ਨਾਮ ਨਿਹਾਲੀ ਪੈ ਗਿਆ। ਨਾਮ ਨਿਹਾਲੀ ਤਾਹਿ ਸੁ ਭਾਈ॥[1372]

**ਨਿਹਾਲੂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਉਪਰੰਤ ਦਰਸ਼ਨ ਕਰਨ ਆਇਆ ਇਕ ਵਿਅਕਤੀ। ਬੂੜਾ ਰੂੜਾ ਅਉਰ ਨਿਹਾਲੂ॥[1373]

**ਨਿਕੁੰਭ-** ਸੁੰਦ ਉਪਸੁੰਦ (ਦੇਖੋ) ਦਾ ਪਿਤਾ। ਨਾਮੁ ਨਿਕੁੰਭ ਸੁ ਜਾਨ ਤਹ ਮਹਾ ਸੂਰ ਬਲਿਵਾਨ॥1॥[1374]

---

[1367] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 195-96.

[1368] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1705.

[1369] ਉਹੀ, ਪਤਰਾ 1233.

[1370] ਉਹੀ, ਪਤਰਾ 831.

[1371] ਉਹੀ, ਪਤਰਾ 853.

[1372] ਉਹੀ, ਪਤਰਾ 789.

[1373] ਉਹੀ, ਪਤਰਾ 159.

[1374] ਉਹੀ, ਪਤਰਾ 1457.

**ਨਿਖਧਮੇਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ, ਇਸ ਤਰ੍ਹਾਂ ਦੇ ਧਰਤੀ ਉਪਰ ਅਠ ਪਰਬਤ ਹਨ। ਹਿਮ ਵੰਤ ਹੇਮ ਵੰਤ ਗੁਨਿ ਸੀਲ॥ ਨਿਖਧਮੇਰ ਭਗਨਾ ਵਤਨੀਲ॥28॥[1375]

**ਨਿਧ ਸੈਣ-** ਸੁੰਦਰ ਸੈਣ (ਦੇਖੋ) ਦਾ ਦੀਬਾਨ। ਨਿਧ ਸੈਣਿ ਦੁਬਾਨ ਤਿਆਰ ਕਰਯੋ ਤਿਨ ਲਯਾਵਨਿ ਕੋ ਸੁ ਬਜਾਇ ਨਗਾਰੇ॥[1376]

**ਨਿਧਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਸਿਧਰਾਮ ਸਿਤਾਬ ਨਿਧਾ ਪਰਸਾ ਸੁਖਰਾਮ ਸੁਖੂ ਬਲਿਰਾਮ ਸੁ ਆਏ॥[1377]

**ਨਿਰਸੂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਿਖਿਆਦਾਇਕ ਕਥਾ ਦਾ ਪਾਤਰ। ਕਥਾ ਅਨੁਸਾਰ ਨਿਰਸੂ ਤੇ ਸਰਸੂ ਦੋ ਭਰਾ ਸਨ ਜੋ ਬਗਾਲਾ ਦੇਸ ਦੇ ਰਹਿਣ ਵਾਲੇ ਸਨ। ਸਰਸੂ ਕੁਝ ਧਨਵਾਨ ਸੀ ਪਰ ਨਿਰਸੂ ਅਤਿ ਗਰੀਬ ਸੀ। ਨਿਰਸੂ ਦੀ ਪਤਨੀ ਦਾ ਨਾਮ ਸੁਰਤਾਂ ਸੀ ਅਤੇ ਸਰਸੂ ਦੀ ਪਤਨੀ ਦਾ ਨਾਮ ਨਿਰੁਤਾਂ ਸੀ। ਇਕ ਦਿਨ ਨਿਰਸੂ ਘਰਬਾਰ ਫੂਕ ਕੇ ਜੰਗਲ ਚਲਾ ਜਾਂਦਾ ਹੈ ਉਥੇ ਇਕ ਪੰਛੀ ਇਸ ਦੇ ਪਰਿਵਾਰ ਦੀ ਏਕਤਾ ਦੇਖ ਕੇ ਇਸ ਨੂੰ ਧੰਨ ਦਿੰਦਾ ਹੈ। ਸਰਸੂ ਵੀ ਰੀਸ ਕਰਦਾ ਹੈ ਪਰ ਏਕਾ ਨਾ ਹੋਣ ਕਰਕੇ ਸਭ ਕੁਝ ਖੋਹ ਬੈਠਦਾ ਹੈ। ਅਤੇ ਫਿਰ ਮਿਹਨਤ ਕਰਨ ਲਗਦੇ ਹਨ। ਨਿਰਸੂ ਸਰਸੂ ਕੀ ਕਥਾ ਸੁਨਤਿ ਮਿਟੈ ਸਭ ਪਾਪ॥[1378]

**ਨਿਰਤ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੰਦ੍ਰਵੇ ਜਾਲਕਾ ਨਾਥ ਖਿੰਥੜਾ ਸੋਲਵੇ ਜਾਨ ਸਤ੍ਰਵੇ ਨਿਰਤ ਸਿਧ ਮਨ ਮੈ ਪਛਾਨਸੋ॥[1379]

**ਨਿਰੁਤਾਂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਰਸੂ (ਦੇਖੋ) ਦੀ ਪਤਨੀ। ਨਿਰੁਤਾਂ ਪਾਸ ਕਹਿਉ ਸਭ ਤੇਤੋ॥[1380]

---

[1375] ਉਹੀ, ਪਤਰਾ 1008.

[1376] ਉਹੀ, ਪਤਰਾ 1324.

[1377] ਉਹੀ, ਪਤਰਾ 594.

[1378] ਉਹੀ, ਪਤਰਾ 737.

[1379] ਉਹੀ, ਪਤਰਾ 1026.

**ਨਿਵਣ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਸਿਦਕੀ ਸਿਖ ਧਰਮਾ (ਦੇਖੋ) ਦਾ ਪੁਤਰ। ਨਿਵਣ ਖਿਵਣ ਦੁਇ ਬਾਲਕ ਜਾਨ[1381]॥

**ਨੀਲੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਨੀਲੀ ਖਤਰੀ ਹਰਸਾ ਧਉਣ ਗੁਪਾਲ ਜੀ॥[1382]

**ਨੂਰ ਸਾਹ-** ਆਸਾਮ ਦੀ ਇਕ ਜਾਦੂਗਰਨੀ। ਨੂਰ ਸ਼ਾਹ ਦਾ ਅਸਲ ਨਾਮ ਪਦਮਾ ਸੀ ਅਤੇ ਇਸ ਦਾ ਪਿਤਾ ਨਰਿੰਦਰ ਨਾਥ ਸੀ। ਪਦਮਾ ਅਤੇ ਇਸ ਦਾ ਪਿਤਾ ਨਰਿੰਦਰ, ਧਾਨਪੁਰ ਦੇ ਇਕ ਮੁਸਲਮਾਨ ਸੂਫੀ ਤਾਂਤ੍ਰਿਕ ਨੂਰਸ਼ਾਹ ਦੇ ਚੇਲੇ ਸਨ, ਜਿਸ ਦੀ ਮੌਤ ਬਾਅਦ ਇਸ ਦਾ ਡੇਰਾ ਪਦਮਾ ਨੇ ਸਾਂਭਿਆ ਅਤੇ ਨੂਰ ਸਾਹ ਦੇ ਨਾਂ ਨਾਲ ਮਸ਼ਹੂਰ ਹੋਈ।[1383] ਸਿਰੇ ਕੁੰਭ ਲਾਗਯੋ ਸੁਣਯੋ ਨੂਰ ਸਾਹੰ॥[1384]

**ਨੂਰ ਹੁਸੈਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਕਾਬਲ ਦਾ ਇਕ ਸਿਖ। ਜਿਸ ਦਾ ਨਾਮ ਮਾਂਮ ਹੁਸੈਨ ਜਾਂ ਹੁਸੈਨ ਵੀ ਦਸਿਆ ਹੈ।[1385] ਮਹਾ ਪੁਰਖੁ ਇਹੁ ਤੁਮ ਕੀਉ ਨੂਰ ਹੁਸੈਨ ਉਦਾਰ॥27॥[1386]

**ਨੈਣ ਸ੍ਰਿੰਗੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਪੁਨੈ ਅੰਬਕਾ ਤੋਤਲਾ ਨੈਣ ਸ੍ਰਿੰਗੀ॥[1387]

**ਨੈਨ ਕੰਜਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਰੂਪ ਮੰਜਰੀ॥ ਨੈਨ ਕੰਜਰੀ॥[1388]

---

1380 ਉਹੀ, ਪਤਰਾ 738.

1381 ਉਹੀ, ਪਤਰਾ 1627.

1382 ਉਹੀ, ਪਤਰਾ 1629.

1383 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 149.

1384 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1257.

1385 ਉਹੀ, ਪਤਰਾ 1647-49.

1386 ਉਹੀ, ਪਤਰਾ 1649.

1387 ਉਹੀ, ਪਤਰਾ 1054.

**ਨੈਨ ਜੋਤਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਠਾਰ੍ਹਾਂ ਰਾਜਿਆਂ (ਦੇਖੋ) ਵਿਚੋਂ ਇਕ ਰਾਜੇ ਦਾ ਨਾਮ। ਨੈਨ ਜੋਤਿ ਤੇਰਮ ਪੁਨਿ ਕਹਯੈ॥[1389]

**ਨੈਰੁਤਜ-** ਬਰਾਹਿ (ਦੇਖੋ) ਦਾ ਵਾਹਨ। ਨੈਰੁਤਜ ਬਾਹਨ ਜਾਨ ਬਰਾਹਿ॥[1390]

**ਨੌਂ ਖੰਡ-** ਸੰਸਾਰ ਦੀਆਂ ਧਰਮ-ਪਰੰਪਰਾਵਾਂ ਵਿਚ ਕਈ ਪ੍ਰਕਾਰ ਦੇ ਖੰਡਾਂ ਦਾ ਜ਼ਿਕਰ ਆਉਂਦਾ ਹੈ। ਭਾਰਤੀ-ਪਰੰਪਰਾ ਵਿਚ ਸਰੀਰ ਦੇ ਨਉਂ ਖੰਡਾਂ ਦਾ ਜ਼ਿਕਰ ਵੀ ਹੈ, ਭਾਰਤ ਦੇ ਨਉਂ ਖੰਡਾਂ ਦਾ ਵੀ ਅਤੇ ਸੰਸਾਰ (ਪ੍ਰਿਥਵੀ) ਦੇ ਵੀ। ਆਮ ਤੌਰ 'ਤੇ ਨਉਂ ਖੰਡਾਂ ਦੀ ਗਿਣਤੀ ਵਿਚ ਇਹ ਆਉਂਦੇ ਹਨ, 1. ਭਾਰਤ, 2. ਕਿੰਪੁਰਖ, 3. ਹਰਿਵਰਖ, 4. ਭਦ੍ਰਾਸ, 5. ਕੇਤਮਾਲ, 6. ਇਲਾਬਾਰਤ, 7. ਰਮਯ, 8. ਹਿਰਣਮਯ ਅਤੇ 9. ਕੁਸ਼। ਉਪਰੋਕਤ ਖੰਡਾਂ ਦੀ ਭੂਗੋਲਿਕਤਾ ਬਾਰੇ ਭਾਵੇਂ ਦਾਅਵੇ ਨਾਲ ਤਾਂ ਪਕਾ ਕੁਝ ਨਹੀਂ ਕਿਹਾ ਜਾ ਸਕਦਾ, ਪਰ ਬਹੁਤ ਸਾਰੇ ਵਿਦਵਾਨਾਂ ਨੇ ਇਨ੍ਹਾਂ ਨਉਂ ਖੰਡਾਂ ਨੂੰ ਜੰਬੂ ਦੀਪ ਨਾਲ ਸਬੰਧਿਤ ਕੀਤਾ ਹੈ।[1391] ਕਵੀ ਨੇ ਨੌਂ ਖੰਡ ਇਸ ਪ੍ਰਕਾਰ ਦਸੇ ਹਨ, 1. ਭਰਥ, 2. ਕਿੰਨਰ, 3. ਇਲਾ, 4.ਬਰਤਿ, 5. ਰਾਮ, 6. ਭਦਰ, 7. ਮ੍ਰਿਤਸਟਾ, 8. ਅਗ ਅਤੇ 9. ਪਰਮਾਤਮ।

**ਨੌਂ ਨਾਥ-** ਨਾਥ ਸ਼ਬਦ ਦਾ ਲਫ਼ਜ਼ੀ ਅਰਥ ਸੁਆਮੀ, ਮਾਲਕ ਜਾਂ ਵਡਾ ਹੈ। ਨਾਥ, ਜੋਗੀ, ਸਿਧ ਆਦਿ ਸ਼ਬਦ ਭਾਵੇਂ ਵਖੋ-ਵਖ ਅਰਥ ਤੇ ਪਰੰਪਰਾਵਾਂ ਨਾਲ ਸਬੰਧਿਤ ਸਨ, ਪਰ ਕਾਲਾਂਤਰ ਵਿਚ ਇਨ੍ਹਾਂ ਬਾਰੇ ਭੇਦ ਕਰਨਾ ਕਾਫੀ ਔਖਾ ਹੋ ਗਿਆ ਹੈ। ਹੁਣ ਇਹ ਤਿੰਨੋਂ ਸ਼ਬਦ ਲਗਭਗ ਗੋਰਖਨਾਥ ਦੇ ਅਨੁਯਾਈਆਂ ਲਈ ਆਮ ਵਰਤ ਲਏ ਜਾਂਦੇ ਹਨ। ਸਾਹਿਤ ਵਿਚ ਇਹ ਸਮਾਸ ਰੂਪਾਂ ਵਿਚ ਆਮ ਵਰਤੀਂਦੇ ਹਨ, ਜਿਵੇਂ 'ਸਿਧ-ਨਾਥ', 'ਨਾਥ-ਜੋਗੀ', 'ਸਿਧ-ਜੋਗੀ' ਆਦਿ। ਨਾਥ ਮਤ ਦਾ ਜਨਮ/ਵਿਕਾਸ, ਸਿਧਾਂ ਦੇ ਅਨੈਤਿਕ ਆਚਾਰ ਤੇ ਕਰਮਕਾਂਡੀ ਢਾਂਚੇ ਵਿਰੁਧ ਰੋਸ-ਲਹਿਰ ਵਜੋਂ ਹੋਇਆ ਸੀ। ਅਜਕਲ ਦੇ 'ਕੰਨਪਾਟੇ ਜੋਗੀ' ਨਾਥ-ਪਰੰਪਰਾ ਦਾ ਪੁਰਾਤਨ ਰੂਪ ਸਾਂਭੀ ਬੈਠੇ ਹਨ। ਪਰੰਪਰਾ ਵਿਚ ਨਾਥਾਂ ਦੀ ਗਿਣਤੀ ਸਪਸ਼ਟ ਤੇ ਨਿਸ਼ਚਿਤ ਨਹੀਂ, ਪ੍ਰੰਤੂ ਜ਼ਿਆਦਾਤਰ ਇਨ੍ਹਾਂ ਦੀ ਗਿਣਤੀ 9 ਕੀਤੀ ਜਾਂਦੀ ਹੈ। ਵਿਦਵਾਨਾਂ ਦੁਆਰਾ 'ਨਉ ਨਾਥਾਂ' ਦੀਆਂ ਦਿਤੀਆਂ ਸੂਚੀਆਂ ਵਿਚ

---

1388 ਉਹੀ.

1389 ਉਹੀ, ਪਤਰਾ 1323.

1390 ਉਹੀ, ਪਤਰਾ 1425.

1391 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 96.

ਜਿਥੇ ਅੰਤਰ ਹੈ, ਉਥੇ ਇਨ੍ਹਾਂ ਵਿਚੋਂ ਕਈਆਂ ਦੇ 'ਇਤਿਹਾਸਕ' ਹੋਣ ਉਤੇ ਵੀ ਸ਼ਕ ਕੀਤਾ ਜਾਂਦਾ ਹੈ।[1392] ਕਵੀ ਨੇ ਨੌਂ ਨਾਥਾਂ ਦੇ ਨਾਮ ਇਸ ਪ੍ਰਕਾਰ ਦਿਤੇ ਹਨ, 1. ਮਛਿੰਦਰ, 2. ਗੋਰਖ ਨਾਥ, 3. ਚਰਪਟ ਨਾਥ, 4. ਮੰਗਲਨਾਥ, 5. ਘੁਘੂਨਾਥ, 6. ਗੋਪੀ ਨਾਥ, 7. ਚੰਬਾ ਨਾਥ, 8. ਸੁਰਨਾਥ, 9. ਪ੍ਰਾਣਨਾਥ। ਹਮ ਨੈ ਸੁਣੇ ਅਹੇ ਨਉ ਨਾਥ॥[1393]

**ਪਖੋਕੇ ਰੰਧਾਵੇ-** ਰਾਵੀ ਦਰਿਆ ਦੇ ਪੂਰਬੀ ਕੰਢੇ ਵਸਿਆ ਪਿੰਡ, ਅਜ ਕਲ ਜਿਲ੍ਹਾ ਗੁਰਦਾਸਪੁਰ ਵਿਚ ਹੈ। ਇਥੇ ਗੁਰੂ ਨਾਨਕ ਸਾਹਿਬ ਦੇ ਸਹੁਰੇ ਸਨ। ਗੁਰੂ ਜੀ ਦਾ ਵਿਆਹ ਬਟਾਲੇ, ਪਖੋ ਕੇ ਤੋਂ 20 ਕੁ ਮੀਲ ਦੂਰ ਕੀਤਾ ਗਿਆ।[1394] ਮਨ ਮੈ ਕੀਉ ਬਿਚਾਰ ਬਿਪਰ ਕੋ ਲੀਉ ਲਾਰ ਪਖੋਕੇ ਰਧਾਵੇ ਪਾਸ ਕਹੀ ਬਾਤ ਆਨਕੈ॥48॥[1395]

**ਪਖੋਵਾਲ-** ਪਖੋਕੇ ਰੰਧਾਵੇ (ਦੇਖੋ) ਦਾ ਹੀ ਇਕ ਨਾਮ। ਪਖੋਵਾਲ ਕਥਾ ਇਹੁ ਭਈ॥[1396]

**ਪੰਚਬਟੀ-** ਗੋਦਾਵਰੀ ਦੇ ਕੰਢੇ ਦੱਖਣ ਦਿਸ਼ਾ ਦੇ ਬਣਾਂ ਦੇ ਨੇੜੇ ਇਕ ਸਥਾਨ ਦਾ ਨਾਂ ਜਿਥੇ ਰਾਮਚੰਦ੍ਰ ਬਣਵਾਸ ਦੇ ਸਮੇਂ ਕਾਫੀ ਦੇਰ ਰਹੇ ਸੀ। ਇਸ ਦਾ ਆਧੁਨਿਕ ਨਾਸਕ ਦੇ ਨਾਲ ਏਕੀਕਰਨ ਵੀ ਕੀਤਾ ਜਾਂਦਾ ਹੈ। ਕਿਉਂ ਜੁ ਲਛਮਣ ਨੇ ਸਰੂਪਨਖਾ ਦੀ ਨਕ ਇਥੇ ਹੀ ਵੱਢੀ ਸੀ।[1397] ਗਏ ਸੁ ਪੰਚਬਟੀ ਸੁਖਦਾਈ॥27॥[1398]

**ਪਚਾਨਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਪੰਚਾਨਨ ਦੇ ਪ੍ਰਸੰਗ ਵਿਚ ਇਹ ਦਸਿਆ ਗਿਆ ਹੈ ਕਿ ਪੰਚਾਨਨ ਨੂੰ ਕਿਸ ਤਰ੍ਹਾਂ ਸਰਾਪ ਦਿਤਾ ਗਿਆ ਸੀ, ਉਸ ਦਾ ਗੁਰੂ ਕਮਲੋਦ ਰਿਸ਼ੀ ਸੀ। ਉਸ ਦਾ ਵੈਰ

---

[1392] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 144-45.

[1393] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1025.

[1394] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 150.

[1395] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 467.

[1396] ਉਹੀ, ਪਤਰਾ 468.

[1397] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 326.

[1398] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 706.

ਅਗਨੀ ਮੁਖੀ ਦੈਂਤ ਨਾਲ ਪੈ ਜਾਂਦਾ ਹੈ ਅਤੇ ਫਿਰ ਅਗਨੀ ਮੁਖੀ ਦੈਂਤ ਕੁੰਦਨ ਮੁਨੀ ਤੋਂ ਚਾਲ ਚਲ ਕੇ ਪੰਚਾਨਨ ਨੂੰ ਸਰਾਪ ਦਿਵਾ ਦਿੰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਛੋਹ ਨਾਲ ਪੰਚਾਨਨ ਅਤੇ ਉਸਦੀ ਪਤਨੀ ਸੁਰਗ ਲੋਕ ਨੂੰ ਚਲੇ ਜਾਂਦੇ ਹਨ।[1399] ਦੇਹਿ ਪਚਾਨਨ ਕੀ ਮਮ ਪਈ॥[1400]

**ਪੰਚਾਲ ਦੇਸ-** ਇਕ ਦੇਸ਼ ਦਾ ਨਾਂ। ਮਹਾਂਭਾਰਤ ਅਨੁਸਾਰ ਇਹ ਹੇਠਲੇ ਦੁਆਬ ਵਿਚ ਵਸਿਆ ਹੋਇਆ ਸੀ, ਪਰ ਮਨੂ ਇਸ ਦਾ ਸਥਾਨ ਕਨੌਜ ਦੇ ਨੇੜੇ ਦਸਦਾ ਹੈ। ਕਿਸੀ ਸਮੇਂ ਇਸ ਦਾ ਪੰਜਾਬ ਨਾਲ ਵੀ ਏਕੀਕਰਨ ਕੀਤਾ ਜਾਂਦਾ ਸੀ, ਖਾਸ ਕਰਕੇ ਹਸਤਨਾਪੁਰ ਦੇ ਨੇੜੇ ਦੇ ਇਲਾਕੇ ਨਾਲ।[1401] ਪੰਚਾਲੰ ਦੇਸੰ ਜਾਨੋ ਪੰਜਾਬੰ॥[1402]

**ਪੰਜਾ (ਬ੍ਾਹਮਣ)-** ਇਕ ਚੁਗਲਖੋਰ ਬ੍ਰਾਹਮਣ। ਜਦੋਂ ਗੁਰੂ ਨਾਨਕ ਜੀ ਭਾਈ ਲਾਲੋ ਕੋਲ ਠਹਿਰੇ ਹੋਏ ਸਨ ਤਾਂ ਪੰਜੇ ਬਾਮਣ ਨੇ ਹੀ ਮਲਕ ਭਾਗੋ ਕੋਲ ਚੁਗਲੀ ਕੀਤੀ ਸੀ ਕਿ ਖਤਰੀ ਨਾਨਕ ਸ਼ੂਦਰ (ਲਾਲੋ) ਦੇ ਘਰ ਠਹਿਰਿਆ ਹੋਇਆ ਹੈ। ਇਹੋ 'ਪੰਜਾ' ਹੀ ਗੁਰੂ ਸਾਹਿਬ ਨੂੰ ਮਲਕ ਭਾਗੋ ਦੇ ਬ੍ਰਹਮ-ਭੋਗ ਲਈ ਸਦਣ ਵਾਸਤੇ ਆਇਆ ਸੀ।[1403] ਬਿਪਰ ਇਕ ਤਹਿ ਆਇਯੋ ਪੰਜਾ ਤਾਹਿ ਸੁ ਨਾਮ॥53॥[1404]

**ਪੰਜਾ ਸਾਹਿਬ-** ਹਸਨ ਅਬਦਾਲ ਵਿਖੇ ਇਕ ਸਥਾਨ, ਜਿਥੇ ਗੁਰੂ ਨਾਨਕ ਦੇਵ ਜੀ ਵਲੀ ਕੰਧਾਰੀ (ਦੇਖੋ) ਨੂੰ ਮਿਲੇ। ਇਥੇ ਪੰਜਾ ਲਗਾ ਕੇ ਗੁਰੂ ਜੀ ਨੇ ਇਸ ਵਲੋਂ ਰੋੜੇ ਪੱਥਰ ਨੂੰ ਰੋਕਿਆ। ਇਸ ਕਰਕੇ ਇਸ ਸਥਾਨ ਦਾ ਨਾਮ ਪੰਜਾ ਸਾਹਿਬ ਪਿਆ। ਪੰਜਾ ਸਾਹਿਬੁ ਨਾਮੁ ਤਾਹਿ ਕਾ ਰਾਖਿਯੋ॥[1405]

**ਪੰਜਾਬ-** ਵਗਦੇ ਪੰਜ ਦਰਿਆਵਾਂ ਦੀ ਧਰਤੀ ਦੇਸ ਪੰਜਾਬ। ਇਹ ਦਰਿਆ ਹਨ- ਸਤਲੁਜ, ਬਿਆਸ, ਰਾਵੀ, ਚਿਨਾਬ ਤੇ ਜਿਹਲਮ। ਪੰਜਾਬ ਫ਼ਾਰਸੀ ਬੋਲੀ ਦਾ ਸ਼ਬਦ ਹੈ, ਜਿਸ ਦਾ ਅਰਥ ਪੰਜ ਪਾਣੀਆਂ ਦੀ ਧਰਤੀ

---

[1399] ਉਹੀ, ਪਤਰਾ 1502-05.

[1400] ਉਹੀ, ਪਤਰਾ 1505.

[1401] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 327.

[1402] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 77.

[1403] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 150-51.

[1404] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 689.

[1405] ਉਹੀ, ਪਤਰਾ 1673.

ਹੈ। ਕਾਲਾਂਤਰ ਵਿਚ ਪੰਜਾਬ ਦੀ ਭੂਗੋਲਿਕ ਸਥਿਤੀ ਬਦਲਦੀ ਰਹੀ ਹੈ। ਅਜ ਦੇ ਵਰਤਮਾਨ ਪੰਜਾਬ ਤੇ ਜਨਮਸਾਖੀਆਂ ਦੇ ਲਿਖਣ-ਕਾਲ ਵੇਲੇ ਦੇ ਪੰਜਾਬ ਦੀ ਭੂਗੋਲਿਕ ਸਥਿਤੀ ਵਿਚ ਬੜਾ ਅੰਤਰ ਹੈ। ਉਸ ਸਮੇਂ ਇਸ ਵਿਚ ਸਾਰਾ ਪਾਕਿਸਤਾਨ, ਹਰਿਆਣਾ, ਹਿਮਾਚਲ ਤੇ ਕਸ਼ਮੀਰ ਆਦਿ ਦਾ ਹਿਸਾ ਸ਼ਾਮਿਲ ਸੀ।[1406]
ਪੰਚਾਲੰ ਦੇਸੰ ਜਾਨੋ ਪੰਜਾਬੰ॥[1407]

**ਪਟਣ-** ਪਾਕਪਟਨ ਦਾ ਸੰਖੇਪ। ਪਾਕਪਟਨ, ਜਿਲ੍ਹਾ ਮਿੰਟਗੁਮਰੀ (ਪਾਕਿਸਤਾਨ) ਦਾ ਇਕ ਪ੍ਰਸਿਧ ਨਗਰ ਹੈ। ਇਹ ਬਾਬਾ ਸ਼ੇਖ ਫ਼ਰੀਦ ਗੰਜ- ਇ- ਸ਼ਕਰ (ਸ਼ਕਰਗੰਜ) ਕਰਕੇ ਮਸ਼ਹੂਰ ਹੈ। ਪਾਕਪਟਨ ਦਾ ਪਹਿਲਾ ਨਾਂ ਅਜੋਧਨ ਸੀ। ਸਤਲੁਜ ਕੰਢੇ ਉਪਰ ਸਥਿਤ ਇਸ ਨਗਰ ਵਿਚ ਬਾਬਾ ਸ਼ੇਖ ਫ਼ਰੀਦ 13ਵੀਂ ਸਦੀ ਵਿਚ ਆਏ ਸਨ।[1408] ਪਟਣ ਤੁਮਾਰਾ ਪੀਰ ਹੈ ਤਹਾਂ ਜਾਉ ਤੁਮ ਬੀਰ॥24॥[1409]

**ਪੰਡਰਪੁਰਿ-** ਪੰਢਰਪੁਰ, ਮੁਬੰਈ ਦੇ ਇਲਾਕੇ ਜਿਲਾ ਸ਼ੋਲਪੁਰ ਵਿਚ ਭੀਮਾ ਨਦੀ ਦੇ ਦਖਣੀ ਕਿਨਾਰੇ ਇਕ ਨਗਰ, ਜਿਥੇ ਵਿਠੋਭਾ ਦਾ ਪ੍ਰਸਿਧ ਮੰਦਰ ਹੈ।[1410] ਪੰਡਰਪੁਰਿ ਮੈ ਆਇ ਪੁਨਿ ਕਰੈਂ ਦੇਵ ਜਹ ਸੇਉ॥79॥[1411]

**ਪੰਡਰੀ ਨਾਥ-** ਇਕ ਸਥਾਨ ਦਾ ਨਾਮ। ਦ੍ਵਾਰਕਾ ਵਾਸਨਿੰ ਪੰਡਰੀ ਨਾਥ ਜੀ॥[1412]

**ਪਤਾਲ** -ਇਹ ਨਾਂ ਜ਼ਮੀਨ ਦੇ ਹੇਠਲੇ ਹਿਸੇਯਕਸ਼ ਅਤੇ ਹੋਰ ਜਾਤੀਆਂ ,ਦਾਨਵ ,ਦੈਂਤ ,ਜਿਥੇ ਨਾਗ , -ਲਈ ਵਰਤਿਆ ਜਾਂਦਾ ਹੈ। ਪਾਤਾਲ ਸਤ ਹਨ। ਵਖ ,ਰਹਿੰਦੀਆਂ ਹਨਵਖ ਲੇਖਕਾਂ ਅਨੁਸਾਰ ਇਨ੍ਹਾਂ ਦੇ ਨਾਂ ਵੀ ਵਖ-ਵਖ ਹਨ। ਮੰਨਿਆ ਜਾਂਦਾ ਹੈ ਕਿ ਜਦੋਂ ਨਾਰਦ ਰਿਸ਼ੀ ਇਨ੍ਹਾਂ ਪਾਤਾਲਾਂ ਨੂੰ ਵੇਖਣ ਲਈ ਗਿਆ ਤਾਂ ਉਸ ਨੇ ਆਪਣੀ ਵਾਪਸੀ ਤੇ ਇਨ੍ਹਾਂ ਦੀ ਬੜੀ ਪ੍ਰਸ਼ੰਸਾ ਕੀਤੀ। ਉਸ ਨੇ ਕਿਹਾ ਕਿ ਇਹ ਪ੍ਰਦੇਸ਼ ਇੰਦ੍ਰ ਪੁਰੀ

---

[1406] ਗੁਰਮੇਲ ਸਿੰਘ, ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 150.

[1407] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 77.

[1408] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 151.

[1409] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1161.

[1410] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 793.

[1411] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 879.

[1412] ਉਹੀ, ਪਤਰਾ 115.

ਨਾਲੋਂ ਵੀ ਬਹੁਤ ਜ਼ਿਆਦਾ ਸੁਹਣੇ ਹਨ ਅਤੇ ਇਥੇ ਹਰ ਤਰ੍ਹਾਂ ਦੇ ਐਸ਼ੋ ਇਸ਼ਰਤ ਦੇ ਸਾਮਾਨ ਮਿਲਦੇ ਹਨ।[1413] ਸਤਿ ਲੋਕ ਕੈ ਰਸਤੈ ਫਿਰੇ॥ ਪੁਨਿ ਪਤਾਲ ਕੈ ਰਸਤੇ ਬਰੇ॥[1414]

**ਪਦਮਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਜਾ ਸਿਉਨਾਭ/ਸਿਵਨਾਭ (ਦੇਖੋ) ਦੁਆਰਾ ਗੁਰੂ ਨਾਨਕ ਦੇਵ ਜੀ ਨੂੰ ਮੋਹਿਤ ਕਰਨ ਲਈ ਭੇਜੀ ਗਈ ਇਕ ਇਸਤਰੀ ਦਾ ਨਾਮ। ਇਕ ਹਸਤਨੀ ਇਕ ਚਿਤਰਨੀ ਇਕ ਪਦਮਨੀ ਪਹਿਚਾਨਿਯੈ॥[1415]

**ਪਦਮਾਵਤੀ-** ਸੁਰਗ ਦੀ ਇਕ ਅਪਸਰਾ।[1416] ਮੰਜ ਘੋਸਾ ਨਾਹੀ ਐਸੀ ਪਦਮਾਵਤੀ ਸੋ ਤੈਸੀ ਤੀਸਰੀ ਤਿਲੋਤਮਾ ਲੀਲਾਵਤੀ ਨ ਊਸਰੀ॥[1417]

**ਪਰਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸ਼ਹਿਰ ਜਿਥੋਂ ਦਾ ਰਾਜਾ ਤੀਖਣ ਭੈਣ (ਨੈਨ) ਸੀ ਅਤੇ ਇਥੇ ਬਣ ਮਾਣੂ ਰਹਿੰਦੇ ਸਨ। ਪਰਸ ਨਾਮ ਸਹਰਿ ਕੇ ਅਹੇ॥[1418]

**ਪਰਸਰਾਮ (ਖਤਰੀ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਿਆਲਕੋਟ ਦਾ ਇਕ ਖਤਰੀ ਜੋ ਗੁਰੂ ਜੀ ਕੋਲ ਪੁਤਰ ਪ੍ਰਾਪਤੀ ਦੀ ਅਭਿਲਾਖਾ ਲੈ ਕੇ ਸੁਲਤਾਨਪੁਰ ਆਇਆ ਸੀ। ਗੁਰੂ ਜੀ ਦੇ ਅਸ਼ੀਰਵਾਦ ਸਦਕਾ ਇਸ ਦੇ ਘਰ ਪੁਤਰ ਪੈਦਾ ਹੋਇਆ ਅਤੇ ਇਸ ਨੇ ਉਸ ਦਾ ਨਾਮ ਮੂਲਾ ਰਖਿਆ। ਪਰਸਰਾਮ ਥਾ ਖੱਤਰੀ ਬਹੁਤਿ ਤਾਹਿ ਘਰਿ ਆਥ॥[1419]

**ਪਰਸਰਾਮ (ਵਜੀਰ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਜੇ ਸਿਵਨਾਭ/ਸਿਉਨਾਭ (ਦੇਖੋ) ਦਾ ਵਜੀਰ। ਪਰਸਰਾਮ ਵਜੀਰ ਬਹੁਰਿ ਸਿਰ ਨਾਇਯੋ॥[1420]

---

[1413] ਜਾਨ ਡੌਸਨ , *ਹਿੰਦੂ ਮਿਥਿਹਾਸ ਕੋਸ਼* ,ਚੌਥੀ ਵਾਰ ,ਪਟਿਆਲਾ ,ਪੰਜਾਬ ,ਭਾਸ਼ਾ ਵਿਭਾਗ ,2013 ,ਪੰਨਾ 343-342.

[1414] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 897.

[1415] ਉਹੀ, ਪਤਰਾ 1359.

[1416] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 741.

[1417] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 848.

[1418] ਉਹੀ, ਪਤਰਾ 1333.

[1419] ਉਹੀ, ਪਤਰਾ 365.

[1420] ਉਹੀ, ਪਤਰਾ 1363.

**ਪਰਸਰਾਮ (ਸਿਖ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਸਿਖ। ਪਰਸਰਾਮ ਪਰਸਨਿ ਰਹਯੋ॥36॥[1421]

**ਪਰਸਰਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨੇਊ ਦੀ ਰਸਮ 'ਤੇ ਆਇਆ ਇਕ ਸਾਕ ਸਬੰਧੀ। ਅੰਗਦ ਗੋਬਿੰਦ ਚੰਦ ਤਾਕੋ ਸੁਤ ਲਾਲਚੰਦ ਕੇਸਰਿ ਪਰਸਰਾਮ ਔਰ ਉਰ ਜਾਨੀਐ॥[1422]

**ਪਰਸਰਾਮ (ਦੂਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਸਮੇਂ ਸੁਲਤਾਨਪੁਰ ਤੋਂ ਨਾਲ ਜਾਣ ਵਾਲਾ ਇਕ ਵਿਅਕਤੀ। ਸੰਗ ਲਜੋ ਪਰਸਾ ਪ੍ਰਸਰਾਮ ਸੁ ਆਪ ਚੜਯੋ ਤਿਸ ਮਾਹਿ ਸੁ ਲਾਲੂ॥49॥[1423]

**ਪਰਸਰਾਮ (ਅਵਤਾਰ)-** ਪਰਸੁਰਾਮ ਦਾ ਅਰਥ ਹੈ ਕੁਹਾੜਾ, ਕੁਹਾੜੇ ਵਾਲਾ ਰਾਮ ਪਰਸੁਰਾਮ ਕਿਹਾ ਜਾਂਦਾ ਹੈ ਜੋ ਕਿ ਬ੍ਰਾਹਮਣ ਰਿਸ਼ੀ ਜਾਮਗਦਨ ਤੇ ਕਾਮਲੀ ਰੇਣਕਾ ਦਾ ਪੁਤਰ ਸੀ। ਪੌਰਾਣਕ ਮਨੌਤ ਅਨੁਸਾਰ ਇਹ ਵਿਸ਼ਨੂੰ ਦਾ ਅਵਤਾਰ (ਦੇਖੋ) ਸੀ ਜਿਸ ਨੇ 21 ਵਾਰ ਖਤਰੀਆਂ ਦਾ ਸੰਘਾਰ ਕਰਕੇ ਧਰਤੀ ਨੂੰ ਬ੍ਰਾਹਮਣਾਂ ਹਵਾਲੇ ਕੀਤਾ ਸੀ।[1424] ਮੀਨ ਪੁਨਿ ਕੂਰਮ ਬਰਾਹਿ ਨਰ ਸਿੰਘ ਪੁਨਿ ਬਾਵਨ ਪਰਸਰਾਮ ਰਾਮ ਪਹਚਾਨੀਐ॥[1425]

**ਪਰਸਾ (ਮੋਖਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਹੋ ਹਰਸਾ ਪਰਸਾ ਮੋਖੇ ਚੋਪੜਾ ਲਾਲ ਚੰਦ॥[1426]

**ਪਰਸਾ-** ਗੁਰੂ ਨਾਨਕ ਸਾਹਿਬ ਦੇ ਵਿਆਹ ਉਤੇ ਤਲਵੰਡੀ ਤੋਂ ਸੁਲਤਾਨਪੁਰ ਜਾਣ ਵਾਲੇ ਬੇਦੀ ਪਰਿਵਾਰ ਵਿਚੋਂ ਕੋਈ ਇਕ ਮੈਂਬਰ।[1427] ਗੁਰੂ ਨਾਨਕ ਵਿਜੈ ਗ੍ਰੰਥ ਵਿਚ ਇਸ ਨੂੰ ਖੇਮ ਚੰਦ ਦਾ ਪੁਤਰ ਦਸਿਆ ਹੈ ਅਤੇ ਇਸ ਦਾ ਇਕ ਭਰਾ ਹਰਸਾ ਵੀ ਦਸਿਆ ਹੈ। ਪਰਸੇ ਹਰਸੇ ਕਾ ਸੋ ਬਾਪ॥[1428]

---

[1421] ਉਹੀ, ਪਤਰਾ 1249.

[1422] ਉਹੀ, ਪਤਰਾ 288.

[1423] ਉਹੀ, ਪਤਰਾ 541.

[1424] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 201-02

[1425] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 4.

[1426] ਉਹੀ, ਪਤਰਾ 1629.

**ਪਰਸਾ (ਦੂਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਸਿਧਰਾਮ ਸਿਤਾਬ ਨਿਧਾ ਪਰਸਾ ਸੁਖਰਾਮ ਸੁਖੂ ਬਲਿਰਾਮ ਸੁ ਆਏ॥[1429]

**ਪਰਧਾਨ ਚੇਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਤਿਸ ਕਾ ਨਾਮ ਅਹੇ ਪਰਧਾਨ॥[1430]

**ਪਰਧਾਨਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਬ੍ਰਹਮ ਧਾਮਨੀ ਹਰਿਪਰੀ ਹਰਠਾਉਰੀ ਪਰਧਾਨਾ॥੭੭॥[1431]

**ਪਰਬਤ-** ਪਹਾੜ, ਧਰਤੀ ਦੇ ਸਮਤਲ ਪਧਰ ਤੋਂ ਉਚੀ ਉਠੀ ਹੋਈ ਥਾਂ। ਜਨਮਸਾਖੀਆਂ ਵਿਚ ਦਰਜ ਅਨੇਕਾਂ ਪਰਬਤਾਂ ਦੀ ਭੂਗੋਲਿਕਤਾ ਬਾਰੇ ਵਿਦਵਾਨਾਂ ਦੇ ਵਖੋ-ਵਖ ਅਨੁਮਾਨ ਹਨ। ਕਈ ਕਹਿੰਦੇ ਹਨ ਕਿ ਇਹ ਨਿਰੋਲ ਕਲਪਨਿਕ ਹਨ, ਪ੍ਰੰਤੂ ਕਈਆਂ ਦਾ ਵਿਚਾਰ ਹੈ ਕਿ ਇਨ੍ਹਾਂ ਵਿਚੋਂ ਕੁਝ ਕੁ ਦੀ ਭੂਗੋਲਿਕ ਪੁਸ਼ਟੀ ਕੀਤੀ ਜਾ ਸਕਦੀ ਹੈ। ਅਧੁਨਿਕ ਵਿਚਾਰ ਅਨੁਸਾਰ ਇਹ ਪਰਬਤ ਜਾਂ ਹੋਰ ਥਾਵਾਂ ਦੇ ਪੌਰਾਣਿਕ ਤੇ ਪੁਰਾਤਨ ਨਾਂ ਹਨ। ਖੋਜ ਦੁਆਰਾ ਇਨ੍ਹਾਂ ਦੀ ਪੁਸ਼ਟੀ ਕੀਤੀ ਜਾ ਸਕਦੀ ਹੈ।[1432] ਗੁਰੂ ਨਾਨਕ ਵਿਜੈ ਗ੍ਰੰਥ ਵਿਚ ਅਨੇਕਾਂ ਪਰਬਤਾਂ ਦਾ ਨਾਮ ਆਇਆ ਹੈ। ਇਨ੍ਹਾਂ ਵਿਚੋਂ ਕੁਝ ਕੁ ਦਾ ਮਾਨਵੀਕਰਨ ਵੀ ਕੀਤਾ ਗਿਆ ਹੈ। ਗੁਰੂ ਨਾਨਕ ਵਿਜੈ ਗ੍ਰੰਥ ਵਿਚ ਇਹ ਪਰਬਤਾਂ ਦਾ ਨਾਮ ਪ੍ਰਮੁਖ ਹੈ- ਸੁਵਰਿਣਾਂ, ਧਾਰਾ, ਹਿਮਾਦਰੀ, ਮੇਨਯਾ, ਕਲਿੰਗ ਗਿਰੀ, ਕ੍ਰਿਸਨਾ, ਮਹਾਗਿਰੀ, ਤਜਾਪਾਠਾਰੀ, ਕਲਿੰਗ, ਕਾਲਿੰਦ੍ਰੀ, ਥਾਵਰਿ ਜੰਗਮ, ਵਿਧਜਾਦ੍ਰੀ, ਸਰਜੂ, ਮਲਿਲਾਂਚਲਿ, ਲਿੰਗਗਿਰੀ, ਮੰਦ੍ਰਾ, ਅਗਨਿ ਕੋਣ, ਚਤੁਰੰਦਸ, ਰੁਦ੍ਰਾਂਚਲਿ, ਚੰਦ੍ਰਾਂਚਲ, ਸੰਖਗਿਰ,

---

[1427] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 153.

[1428] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 522.

[1429] ਉਹੀ, ਪਤਰਾ 594.

[1430] ਉਹੀ, ਪਤਰਾ 1050.

[1431] ਉਹੀ, ਪਤਰਾ 1054.

[1432] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 153.

ਦ੍ਰੋਣਾਗਿਰਿ, ਉਦਿਆਂਚਲਿ, ਅਸਤਾਂਚਲਿ, ਗੰਧਾਗਿਰਿ, ਹਿਮਕੂਟੰ, ਬੈਰਾਗਰਿ, ਅਚਲੇਸ੍ਵਰ, ਗਿਰਾਗੀ, ਧਵਲਾਦ੍ਰੀ, ਲਵਣਾਦ੍ਰੀ, ਕਾਲਿੰਦ੍ਰਾ, ਚੰਦਰਵੇਗਾ, ਓਹਾਰ, ਸੀਲਾ, ਘਿਰਨਾ, ਓਲੰਕ, ਸਿਹੰਦੀਪ, ਹਿੰਵਚਲ, ਸਿਰਾਧਾਰ, ਹਿਮਾਲਾ, ਊਨਾ, ਕੂਨਾ, ਸਿਲਕਾ, ਮੀਨਾ, ਹਿਮਵੰਤ, ਹੇਮਵੰਤ, ਭਗਨਾ, ਗੁਨਿਸੀਲ, ਨਿਖਧਮੇਰ, ਵਤਨੀਲ, ਗੰਧਰ, ਮਰਦਨ, ਪਾਰਜਾਤ, ਵੈਰਾਹ, ਮਰਕਟਮਯ, ਬੈਕੁੰਠ, ਕੈਲਾਸ, ਬੈਡੂਰਜਯਾ, ਸੇਰਸਵਰਮ, ਰਕਟਮਯਾ, ਜਖਮੇਖ ਆਦਿ।

**ਪਰਮ ਸੁੰਦਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਪਰਮ ਸੁੰਦਰੀ॥ ਰੂਪ ਗੁੰਦਰੀ॥ ਜੋਤਿ ਜਵਾਲਕਾ॥ ਬਹੁਰਿ ਕਾਲਕਾ॥83॥[1433]

**ਪਰਮ ਸੋਹਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਵਿਸ੍ਵ ਮੋਹਨੀ॥ ਪਰਮ ਸੋਹਨੀ॥ ਅਗਮ ਪੰਥਨੀ॥ ਬੋਧ ਗ੍ਰੰਥਨੀ॥84॥[1434]

**ਪਰਮ ਚੰਦ (ਖਤ੍ਰੀ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਲਹੌਰ ਦਾ ਇਕ ਖਤਰੀ ਜੋ ਗੁਰੂ ਜੀ ਦਾ ਸੇਵਕ ਸੀ। ਪਰਮ ਚੰਦੋ ਵਾਚ॥ ਦੀਰਘ ਅੜਿਲ॥ ਹਮ ਕੋ ਅਪਨੀ ਮਾਯਾ ਗੁਰੂ ਦਿਖਾਈਐ॥[1435]

**ਪਰਮਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਕਰਮ ਚੰਦ ਜੈ ਰਾਮ ਸੁ ਤੇਹਣਿ ਦੋਨਈ॥[1436]

**ਪਰਮਚੰਦ (ਮਾਰਵਾੜੀ ਸਿਖ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਮਾਰਵਾੜੀ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1437] ਮੇਘਰਾਜ ਲਾਲਚੰਦ ਈਸਰ ਮਾਣਕਚੰਦ ਕਰਮਾ ਪਰਮਚੰਦ ਔਰ ਉਰ ਆਨੀਐ॥[1438]

---

1433 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1054.

1434 ਉਹੀ.

1435 ਉਹੀ, ਪਤਰਾ 764.

1436 ਉਹੀ, ਪਤਰਾ 1629.

1437 ਉਹੀ, ਪਤਰਾ 1783.

1438 ਉਹੀ.

**ਪਰਮਾ (ਗਉੜ ਬ੍ਰਾਹਮਣ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਨੂੰ ਖਡੂਰ ਵਿਚ ਮਿਲਿਆ ਇਕ ਵਿਅਕਤੀ ਜੋ ਗੁਰੂ ਜੀ ਦੇ ਉਪਦੇਸ਼ਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਜੀ ਦਾ ਸਿਖ ਬਣਿਆ। ਪਰਮਾ ਧਰਮ ਚੰਦ ਸੁਖਦਾਈ॥[1439]

**ਪਰਮਾ ਕਾ ਨੰਦਨ (ਜੈ ਰਾਮ)-** ਜੈਰਾਮ (ਦੇਖੋ) ਨੂੰ ਪਰਮਾ ਨੰਦ ਦਾ ਪੁਤਰ ਹੋਣ ਕਰਕੇ ਪਰਮਾ ਕਾ ਨੰਦਨ ਕਿਹਾ ਗਿਆ ਹੈ। ਅਉਰ ਮੇਲਿ ਸਭਿ ਗਯੋ ਰਹਯੋ ਪਰਮਾ ਕਾ ਨੰਦਨ॥[1440]

**ਪਰਮਾਤਮ ਖੰਡ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨੌਂ ਖੰਡਾਂ (ਦੇਖੋ) ਵਿਚੋਂ ਇਕ ਖੰਡ ਦਾ ਨਾਮ। ਰਾਮ ਭਦਰ ਮ੍ਰਿਤਸਟਾ ਕਹਯੈ॥ ਅਗ ਪਰਮਾਤਮ ਅਉਰ ਸੁ ਲਹਯੈ॥[1441]

**ਪਰਮਾਨੰਦ (ਦੀਬਾਨ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਲਹੌਰ ਦਾ ਇਕ ਖਤ੍ਰੀ, ਜੋ ਦਿਲੀ ਦੇ ਸੁਲਤਾਨ ਦਾ ਦੀਬਾਨ ਸੀ। ਪਰਮਾਨੰਦ ਨਾਮ ਜਗ ਕਹੇ॥[1442]

**ਪਰਮਾਨੰਦ-** ਬੇਬੇ ਨਾਨਕੀ ਦਾ ਸਹੁਰਾ, ਭਾਈ ਜੈ ਰਾਮ ਦਾ ਪਿਤਾ।[1443] ਪਰਮਾਨੰਦ ਨਾਮ ਤਹਿ ਕਹੇ॥[1444]

**ਪਰਮਾਨੰਦ (ਬਾਣੀਆ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਬਾਣੀਆ ਜੋ ਚਰਪਟ ਨਾਥ ਦਾ ਸੇਵਕ ਸੀ ਅਤੇ ਉਸ ਦੀ ਮਨੋਕਾਮਨਾ ਪੂਰੀ ਹੋਣ ਉਪਰ ਉਸਨੇ ਇਕ ਬਾਗ ਬਣਵਾਇਆ ਸੀ। ਪਰਮਾਚੰਦ ਨਾਮ ਤਹਿ ਕਹੇ॥3॥[1445]

**ਪਰਾਸਰ ਕੀ ਨਗਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ ਦਾ ਨਾਮ ਜੋ ਭਾਰਤ ਦੀ ਦਖਣ ਦਿਸ਼ਾ ਵਿਚ ਹੈ। ਇਕ ਦੱਖਣ ਦੇਸ ਪਰਾਸਰ ਕੀ ਨਗਰੀ ਤਹਿ ਨਾਮੁ ਪਤੂਰ ਬਖਾਨੇ॥[1446]

---

[1439] ਉਹੀ, ਪਤਰਾ 805.

[1440] ਉਹੀ, ਪਤਰਾ 478.

[1441] ਉਹੀ, ਪਤਰਾ 1008.

[1442] ਉਹੀ, ਪਤਰਾ 543.

[1443] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 153.

[1444] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 368.

[1445] ਉਹੀ, ਪਤਰਾ 561.

[1446] ਉਹੀ, ਪਤਰਾ 43.

**ਪਰਿਥੀਮਲਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਨੂੰ ਜਿਸ ਪਾਂਧੇ ਕੋਲ ਪੜ੍ਹਨ ਭੇਜਿਆ ਗਿਆ ਉਸ ਦਾ ਨਾਮ ਪਿਰਥੀਮਲ ਸੀ। ਪਰ ਇਸ ਦੀ ਪੁਸ਼ਟੀ ਹੋਰ ਕਿਸੇ ਸ੍ਰੋਤ ਤੋਂ ਨਹੀਂ ਹੁੰਦੀ। ਪਿਰਥੀ ਮਲਿ ਪੰਡਿਤ ਜੋਗ ਮਹਾਤੁਮ ਨਾਨਕ ਕੋ ਤਿਸ ਪਾਸ ਬਿਠਾਵੋ॥[1447]

**ਪਰੂਰਵਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਯੇਲੀ (ਦੇਖੋ) ਦੇ ਪੁਤਰ ਦਾ ਨਾਮ। ਨਾਮ ਪਰੂਰਵਾ ਨਿਰਪਹਿ ਧਰਿਯੋ॥[1448]

**ਪਰੇਮਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨੇਊ ਦੀ ਰਸਮ ‘ਤੇ ਆਇਆ ਇਕ ਸਾਕ ਸਬੰਧੀ। ਕੇਸਰੀ ਕੀਰਤਿ ਰਾਮ ਲਾਲ ਕੋਟਿ ਤਾਕੇ ਧਾਮ ਸੰਗਤਿ ਪਰੇਮਾ ਔਰ ਧਰਮਾ ਪਛਾਨੀਐ॥[1449]

**ਪਰੋਲੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਉਤਰਾਖੰਡ (ਦੇਖੋ) ਅਤੇ ਸਿਰਗਲ੍ਹ (ਦੇਖੋ) ਦੇ ਵਿਚਕਾਰ ਇਕ ਪਿੰਡ ਦਾ ਨਾਮ। ਪਰੋਲੀ ਨਾਮ ਸੁ ਗਾਂਮ ਤਹਾਂਹਿ॥[1450]

**ਪਰੋਲੈ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ ਦਾ ਨਾਮ। ਸਹਰਿ ਪਰੋਲੈ ਤਿਸ ਕਾ ਧਾਮ॥44॥[1451]

**ਪਲਕਾ ਟਾਪੂ-** ਇਕ ਟਾਪੂ (ਦੇਖੋ) ਦਾ ਨਾਮ। ਪੁਨਿ ਬਾਈ ਮੋ ਪਲਕਾ ਟਾਪੂ॥[1452]

**ਪਲਕਿ ਨਿਧ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਅਛਰਦੇਨ ਪੁਨਿ ਪਲਕਿ ਨਿਧ ਬਹੁਰਿ ਪਿਪਲਕਾ ਜਾਨ॥[1453]

**ਪਲਖ ਦੀਪ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸੱਤ ਦੀਪਾਂ (ਦੇਖੋ) ਵਿਚੋਂ ਇਕ ਦਾ ਨਾਮ। ਪਲਖਹਿ ਸਿਲਮਿਲ ਕੁਸੂ ਪੁਨਿ ਬਹੁਰਿ ਕਰੌਂਚ ਸੁ ਜਾਨ॥35॥[1454]

---

1447 ਉਹੀ, ਪਤਰਾ 295.

1448 ਉਹੀ, ਪਤਰਾ 1553.

1449 ਉਹੀ, ਪਤਰਾ 288.

1450 ਉਹੀ, ਪਤਰਾ 1539.

1451 ਉਹੀ, ਪਤਰਾ 833.

1452 ਉਹੀ, ਪਤਰਾ 1318.

1453 ਉਹੀ, ਪਤਰਾ 1026.

**ਪਲਬੰਦਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਬੰਦਰਗਾਹ (ਦੇਖੋ) ਦਾ ਨਾਮ। ਪਲਬੰਦਰ ਨਾਮ ਕਹੈਂ ਤਿਸ ਕਾਤਹ ਜਾਇ ਕਰਯੋ ਜਲੁ ਗੋੜ ਸੁ ਸਾਰੇ॥[1455]

**ਪਾਖਰ ਵਾਢੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਸੇਵਕ। ਜੋ ਝੰਡਾ ਪਾਖਰ ਦਾ ਪਿਤਾ ਸੀ। ਇਸ ਗ੍ਰੰਥ ਵਿਚ ਝੰਡਾ ਵਾਢੀ ਅਤੇ ਝੰਡਾ ਪਾਖਰ ਦੋ ਵਿਅਕਤੀ ਦਸੇ ਹਨ ਜਦਕਿ ਹੋਰ ਸ੍ਰੋਤਾਂ ਵਿਚ ਮਾਤਰ ਝੰਡਾ ਵਾਢੀ ਹੀ ਮਿਲਦਾ ਹੈ। ਪਾਖਰ ਵਾਢੀ ਕੈ ਤੂੰ ਜਾਇ॥[1456]

**ਪਾਂਡਵ-** ਚੰਦ੍ਰਬੰਸੀ ਰਾਜਾ ਸ਼ਾਂਤਨੂੰ ਦਾ ਪੁੱਤਰ ਵਿਚਿਤ੍ਰ ਵੀਰਯ ਜੁਆਨੀ ਵਿਚ ਮਰ ਗਿਆ ਤੇ ਉਸ ਦੀਆਂ ਦੋ ਪਤਨੀਆਂ-ਅੰਬਿਕਾ ਤੇ ਅੰਬਾਲਿਕਾ ਤੋਂ ਬਿਆਸ ਦੇ ਸੰਜੋਗ ਨਾਲ ਧ੍ਰਿਤਰਾਸ਼ਟਰ ਤੇ ਪਾਂਡੂ ਦੋ ਪੁੱਤਰ ਪੈਦਾ ਹੋਏ। ਅੱਗੇ ਧ੍ਰਿਤਰਾਸ਼ਟਰ ਦੀ ਔਲਾਦ ਕੌਰਵ ਕਹਿਲਾਈ ਤੇ ਪਾਂਡੂ ਦੀਆਂ ਇਸਤਰੀਆਂ ਕੁੰਤੀ ਤੇ ਮਾਦ੍ਰੀ ਤੋਂ ਪੰਜ ਪਾਂਡਵ ਪੈਦਾ ਹੋਏ-ਯੁਧਿਸ਼ਟਰ, ਭੀਮਸੈਨ, ਅਰਜਨ, ਨਕੁਲ ਤੇ ਸਹਿਦੇਵ। ਕੌਰਵਾਂ ਦੀ ਰਾਜਧਾਨੀ ਹਸਤਨਾਪੁਰ ਸੀ ਤੇ ਪਾਂਡਵਾਂ ਦੀ ਇੰਦ੍ਰਪ੍ਰਸਥ। ਈਰਖਾ ਦਵੈਖ ਨੇ ਦੋਹਾਂ ਨੂੰ ਨਿਖੇੜ ਦਿੱਤਾ ਤੇ ਦੁਰਯੋਧਨ ਦੇ ਅਭਿਮਾਨੀ ਰਵੱਈਏ ਕਾਰਣ ਇਨ੍ਹਾਂ ਦੀ ਸਖਤ ਅਣਬਣ ਹੋ ਗਈ। ਫਿਰ ਇਨ੍ਹਾਂ ਦੋਹਾਂ ਜੂਆ ਖੇਲਿਆ ਤੇ ਜੂਏ ਵਿਚ ਪਾਂਡਵ ਹਾਰ ਗਏ। ਹਾਰਣ ਵਾਲੀ ਧਿਰ ਲਈ ਇਹ ਸ਼ਰਤ ਸੀ ਕਿ ਉਹ ਬਾਰਾਂ ਸਾਲ ਬਨਵਾਸ ਕੱਟੇ ਤੇ ਤੇਰ੍ਹਵਾਂ ਸਾਲ ਲੁਕ ਛੁਪ ਕੇ ਗੁਜ਼ਾਰੇ। ਇਸ ਕਾਰਨ ਪਾਂਡਵਾਂ ਨੂੰ ਰਾਜ ਭਾਗ ਛੱਡ ਕੇ ਬਨਵਾਸੀ ਹੋਣਾ ਪਿਆ ਤੇ ਕਈ ਥਾਂ ਮਾਮੂਲੀ ਮਜੂਰੀ ਕਰਕੇ ਦਿਨ-ਕਟੀ ਕਰਨੀ ਪਈ। ਭਾਵੇਂ ਕ੍ਰਿਸ਼ਨ ਇਨ੍ਹਾਂ ਦੀ ਵੇਲੇ ਕੁਵੇਲੇ ਸਹਾਇਤਾ ਕਰਦੇ ਰਹੇ, ਪਰ ਹੋਣੀ ਨੇ ਖਹਿੜਾ ਨਾ ਛਡਿਆ।[1457] ਕੈਰਵ ਪਾਂਡਵ ਲਰਨੇ ਆਏ॥[1458]

**ਪਾਂਡਵ ਮੀਤ-** ਕ੍ਰਿਸ਼ਨ (ਦੇਖੋ) ਦਾ ਇਕ ਨਾਮ। ਇਕ ਪਾਂਡਵ ਮੀਤ ਕਹੈਂ ਹਮਕੋ ਇਕ ਨਾਮ ਗੁਰੂ ਗੁਰਦੇਵ ਉਚਾਰੀ॥[1459]

**ਪਾਂਡੂਰੰਗ-** ਬੀਠਲ (ਦੇਖੋ) ਦਾ ਇਕ ਨਾਮ। ਜਨੀ ਬਾਈ ਕੇ ਕਾਮ ਸਭ ਕਰੈ ਪਾਡੂਰੰਗ॥30॥[1460]

---

[1454] ਉਹੀ, ਪਤਰਾ 1008.

[1455] ਉਹੀ, ਪਤਰਾ 1620.

[1456] ਉਹੀ, ਪਤਰਾ 1314.

[1457] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 205-206.

[1458] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 29.

[1459] ਉਹੀ, ਪਤਰਾ 115.

**ਪਾਣੀਪਤ-** ਹਰਿਆਣੇ ਦਾ ਇਕ ਪ੍ਰਸਿਧ ਨਗਰ, ਜੋ ਦਿੱਲੀ ਤੋਂ 53 ਮੀਲ ਦੂਰ ਅੰਬਾਲੇ ਵਲ ਜਾਂਦੀ ਸੜਕ ਉਤੇ ਸਥਿਤ ਹੈ। ਇਥੋਂ ਦੇ ਮੈਦਾਨ ਵਿਚ ਬਾਬਰ ਨੇ ਦਿੱਲੀ ਦੇ ਲੋਧੀ ਹਾਕਮਾਂ ਨਾਲ ਤਿੰਨ ਲੜਾਈਆਂ ਲੜੀਆਂ ਤੇ ਅਖੀਰ ਵਿਜੈ ਪ੍ਰਾਪਤ ਕਰ ਕੇ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ ਤੇ ਮੁਗ਼ਲ ਘਰਾਣੇ ਦੀ ਨੀਂਹ ਰਖੀ।[1461] ਪਾਣੀਪਤਿ ਕੋ ਜਾਇਗੋ ਸਿਰੀ ਗੁਰ ਦੀਨ ਦਿਆਲ॥[1462]

**ਪਾਰਸਨਾਥ-** ਜੈਨ ਧਰਮ ਦੇ ਤੇਈਵੇਂ ਤੀਰਥੰਕਰ ਦਾ ਨਾਮ ਪਾਰਸਨਾਥ ਸੀ। ਇਸ ਦਾ ਜਨਮ 777 ਈ. ਪੂ. ਵਾਰਾਣਸੀ ਦੇ ਰਾਜਾ ਅਸ਼ਵਸੇਨ ਅਤੇ ਰਾਣੀ ਵਾਮਾ ਦੇਵੀ ਦੀ ਘਰ ਹੋਇਆ। ਇਸ ਦਾ ਨਾਮ ਪਾਸ਼ ਪਿਆ। ਇਸ ਵਿਆਹ ਕੁਸ਼ਸਥਲ ਦੀ ਰਾਜਾ ਪਰਸ਼ੇਨਜਿਤ ਦੀ ਰਾਜਕੁਮਾਰੀ ਪ੍ਰਭਾਵਤੀ ਨਾਲ ਹੋਇਆ। ਸਾਵਣ ਮਹੀਨੇ ਦੀ ਸ਼ੁਕਲਾ ਅਸ਼ਟਮੀ ਨੂੰ ਇਕ ਮਹੀਨੇ ਦੇ ਅਨਸ਼ਨ ਬਾਅਦ 677 ਈ. ਪੂ. ਨੂੰ ਮਹਾਪਰਿਨਿਰਵਾਣ ਪ੍ਰਾਪਤ ਕੀਤਾ।[1463] ਪੂਜਾ ਪਾਰਸਨਾਥ ਕੀ ਕਰੈਂ ਸੁ ਸਰਬ ਉਦਾਰ॥[1464]

**ਪਾਰਜਾਤ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ, ਧਰਤੀ ਉਪਰ ਪ੍ਰਮੁਖ ਅਠ ਪਰਬਤ ਹਨ, ਇਨ੍ਹਾਂ ਅਠਾਂ ਉਪਰ ਦਸ ਹੋਰ ਪਰਬਤ ਹਨ, ਉਨ੍ਹਾਂ ਦਸਾਂ ਵਿਚੋਂ ਇਕ ਦਾ ਨਾਮ। ਪਾਰਜਾਤ ਵੈਰਾਹ ਪ੍ਰਧਾਨ॥ ਮਰਕਟਮਯਾ ਬੈਕੁੰਠੇ ਜਾਨ॥30॥[1465]

**ਪਾਲਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਪੁੰਨਯ ਪਾਲਕਾ॥ ਰੂਪ ਜਾਲਕਾ॥[1466]

**ਪਾਲਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਮਨਮਹੇਸ ਅਤੇ ਰਵਾਲਸਰ ਦੇ ਵਿਚਕਾਰ ਦਾ ਇਕ ਸਥਾਨ, ਇਥੇ ਦੇ ਚਾਵਲ ਬਹੁਤ ਪ੍ਰਸਿਧ ਹਨ। ਤਹ ਤੇ ਪੁਨਿ ਪਾਲਮ ਮੈ ਆਇ॥[1467]

---

[1460] ਉਹੀ, ਪਤਰਾ 1842.

[1461] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਚੌਥੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 1691.

[1462] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 667.

[1463] ਡਾ. ਪ੍ਰਦਯੁਮਨ ਸ਼ਾਹ ਸਿੰਘ, *ਜੈਨ ਧਰਮ,* ਗ੍ਰੇਸ਼ਿਅਸ ਬੁਕਸ, ਪਟਿਆਲਾ, 2016, ਪੰਨਾ 23-25.

[1464] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1596.

[1465] ਉਹੀ, ਪਤਰਾ 1008.

[1466] ਉਹੀ, ਪਤਰਾ 1054.

**ਪਿੰਗਲ-** ਇਕ ਟਾਪੂ (ਦੇਖੋ) ਦਾ ਨਾਮ। ਸਿੰਗਲ ਮਘੰਗਲ ਪਿੰਗਲ ਰਾਇ॥[1468]

**ਪਿੰਗੁਲਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਇਲਾ ਹਿੰਗੁਲਾ ਪਿੰਗੁਲਾ ਬਾਕਬਾਨੀ॥[1469]

**ਪਿਜੌਰ-** ਪੁਰਾਣੇ ਪੰਜਾਬ ਦਾ ਇਕ ਪ੍ਰਸਿਧ ਅਸਥਾਨ, ਜੋ ਹੁਣ ਹਰਿਆਣੇ ਪ੍ਰਾਂਤ ਵਿਚ ਸ਼ਾਮਲ ਹੈ। ਇਹ ਅਸਥਾਨ ਬੜਾ ਪ੍ਰਾਚੀਨ ਹੈ ਤੇ ਇਸ ਦਾ ਵਰਨਣ ਮਹਾਂਭਾਰਤ ਵਿਚ ਮਿਲਦਾ ਹੈ। ਕਿਹਾ ਜਾਂਦਾ ਹੈ ਕਿ ਪਾਂਡੋ ਆਪਣੇ ਬਨਬਾਸ ਦੇ ਦਿਨੀਂ ਕੁਝ ਅਰਸਾ ਇਥੇ ਵੀ ਠਹਿਰੇ ਸਨ। ਪਿਛੋਂ ਜਦੋਂ ਪਾਂਡਵਾਂ ਨੂੰ ਰਾਜ ਮਿਲ ਗਿਆ ਤਾਂ ਉਨ੍ਹਾਂ ਨੇ ਉਸ ਅਸਥਾਨ ਨੂੰ ਸੁੰਦਰ ਰੂਪ ਦੇਣ ਦਾ ਯਤਨ ਕੀਤਾ। ਮੁਗਲੀਆ ਰਾਜ ਸਮੇਂ 17 ਵੀਂ ਸਦੀ ਵਿਚ ਔਰੰਗਜੇਬ ਦੇ ਸਮੇਂ ਪੰਜਾਬ ਦੇ ਸੂਬੇ ਫਦਾਈ ਖਾਨ ਨੇ ਇਹਨੂੰ ਅਜੋਕਾ ਰੂਪ ਦਿਤਾ ਤੇ ਇਥੇ ਸੁੰਦਰ ਬਾਗ ਬਣਵਾਏ।[1470] ਇਕ ਗੂਜਰ ਮਾਣਕ ਨਾਮ ਬਿਧਾਨ ਰਹੈ ਵਹਿ ਆਪ ਪਿਜੌਰ ਮਝਾਰੇ॥[1471]

**ਪਿਪਲਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਅਛਰਦੇਨ ਪੁਨਿ ਪਲਕਿ ਨਿਧ ਬਹੁਰਿ ਪਿਪਲਕਾ ਜਾਨ॥[1472]

**ਪਿਪਲੋਥਰਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ ਜਿਥੇ ਗੁਰੂ ਨਾਨਕ ਦੇਵ ਜੀ ਗਏ। ਇਹ ਸਥਾਨ ਰੁਤਾਸ ਤੋਂ ਪੂਰਬ ਵੱਲ ਸਥਿਤ ਹੈ। ਉਥੇ ਗੁਰੂ ਜੀ ਇਕ ਤਖਾਣ ਨੂੰ ਮਿਲੇ ਉਹ ਗੁਰੂ ਜੀ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਜੀ ਦਾ ਸਿਖ ਬਣਿਆ। ਪਿਪਲੋਥਰਿ ਮੈ ਗਏ ਸੁ ਨਾਨਕ ਬੇਪਰਵਾਹੁ॥1॥[1473]

**ਪਿਰਥੀਮਲ-** ਗੁਰੂ ਨਾਨਕ ਵਿਜੈ ਅਨੁਸਾਰ ਇਹ ਇਕ ਬ੍ਰਹਮਣ ਸੀ। ਇਸ ਕੋਲ ਅਕਸਰ ਸੰਤ ਜਨ ਆਇਆ ਕਰਦੇ ਸਨ। ਇਕ ਦਿਨ ਇਸ ਕੋਲ ਸੰਤ ਜਨ ਆਏ ਅਤੇ ਮੁਰਲੀਧਰ (ਦੇਖੋ) ਜੋ ਕਿ ਸ਼ੂਦਰ ਸੀ ਨੇ

---

[1467] ਉਹੀ, ਪਤਰਾ 1683.

[1468] ਉਹੀ, ਪਤਰਾ 1318.

[1469] ਉਹੀ, ਪਤਰਾ 1054.

[1470] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਜਿਲਦ 7ਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 1695.

[1471] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1718.

[1472] ਉਹੀ, ਪਤਰਾ 1026.

[1473] ਉਹੀ, ਪਤਰਾ 1680.

ਬੇਨਤੀ ਕੀਤੀ ਕਿ ਸੰਤ ਉਸ ਦੇ ਘਰ ਭੋਜਨ ਛਕਣ। ਪਰ ਸੰਤਾਂ ਨੇ ਮਨ੍ਹਾਂ ਕਰ ਦਿਤਾ।[1474] ਪਿਰਥੀਮਲ ਨਾਮ ਹੁਤੋ ਤਿਸ ਕਾ ਤਿਸ ਕੈ ਘਰਿ ਸੰਤਿਕ ਆਇ ਉਦਾਰਾ॥50॥[1475]

**ਪਿਰਾਗ (ਪ੍ਰਯਾਗ)-** ਅਜੋਕਾ ਇਲਾਹਾਬਾਦ। ਇਹ ਉਹ ਸਥਾਨ ਹੈ ਜਿਥੇ ਗੰਗਾ, ਜਮਨਾ ਤੇ ਪੁਰਾਣਕ ਕਥਾ ਅਨੁਸਾਰ ਗੁਪਤ ਰੂਪ ਵਿਚ ਵਗਦੀ ਸਰਸਵਤੀ ਦਾ ਸੰਗਮ ਹੁੰਦਾ ਹੈ। ਇਸ ਸੰਗਮ ਸਥਾਨ ਨੂੰ ਤ੍ਰਿਵੇਣੀ ਵੀ ਕਿਹਾ ਜਾਂਦਾ ਹੈ। ਇਹ ਥਾਂ ਹਮੇਸ਼ਾ ਹੀ ਤੀਰਥ-ਯਾਤਰਾ ਲਈ ਪ੍ਰਸਿਧ ਰਿਹਾ ਹੈ।[1476] ਪੂਰਬ ਦਿਸਾ ਪਿਰਾਗ ਪੁਨਿ ਬਹੁਰਿ ਪੂਰਨਾ ਜਾਨ॥[1477]

**ਪਿਰਾਗ ਕੁੰਡ-** ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਕੁੰਡ ਦੇ ਸ਼ਾਬਦਿਕ ਅਰਥ ਹਨ- ਜੋ ਜਲ ਦੀ ਰਖ੍ਯਾ ਕਰੇ, ਟੋਆ, ਗਢਾ, ਚਬਚਾ।[1478] ਸੋ ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਪਿਰਾਗ ਵਿਚ ਬਣੇ ਕਿਸੇ ਕੁੰਡ ਵਲ ਸੰਕੇਤ ਕੀਤਾ ਗਿਆ ਹੈ। ਪਿਰਾਗ ਕੁੰਡ ਮੈ ਕਰੈ ਸਨਾਨ ਜੋ ਪਰਾਨਿਯੈ॥[1479]

**ਪੀਪਾ (ਭਗਤ)-** ਪੀਪਾ ਭਗਤ (ਜਨਮ 1426 ਈ.) ਨੂੰ ਰਵਾਇਤ ਰਾਮਾਨੰਦ ਦੇ ਚੇਲਿਆਂ ਵਿਚ ਗਿਣਦੀ ਹੈ। ਮੇਵਾੜ ਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਇਹ ਰਾਣਾ ਕੁੰਭਾ ਦੇ ਸਮਕਾਲੀ ਅਤੇ ਗਗਰੌਨ ਗਢ ਦੇ ਚੌਹਾਨ ਰਾਜਾ ਸਨ। ਜਨਰਲ ਕਨਿੰਘਮ ਨੇ ਇਨ੍ਹਾਂ ਨੂੰ ਜੈਤਪਾਲ ਦੀ ਚੌਥੀ ਪੀੜ੍ਹੀ ਵਿਚ ਹੋਏ ਦਸਿਆ ਹੈ। ਰਾਜ ਭਾਗ ਦਾ ਮੋਹ ਛੱਡ ਕੇ ਭਗਤੀ ਵਲ ਲੱਗ ਗਏ, ਦੁਆਰਕਾ ਵਲ ਤੀਰਥ ਯਾਤ੍ਰਾ ਕੀਤੀ ਜਿਸ ਦੀ ਯਾਦਗਾਰ ਪੀਪਾ ਵਟ ਪ੍ਰਸਿਧ ਮਠ ਹੈ।[1480] ਪੁਨਿ ਪੀਪਹਿ ਛਾਪ ਨਿਸਾਇ ਦਈ ਸਧਨੈ ਪੁਨਿ ਕੋਟਿ ਗਿਰਾਇ ਦਯੋ ਹੈ॥[1481]

---

[1474] ਉਹੀ, ਪਤਰਾ 1650-52.

[1475] ਉਹੀ, ਪਤਰਾ 1651.

[1476] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 336.

[1477] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 15.

[1478] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 337.

[1479] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 859.

[1480] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 207.

[1481] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1843.

**ਪੀਰ ਬਹਾਵਦੀ** -ਇਸਦਾ ਅਸਲ ਨਾਮ ਮਖਦੂਮ ਸ਼ੇਖ ਬਹਾ-ਉਦ-ਦੀਨ ਸੀਜੋ ਮੁਲਤਾਨ ਦੇ ਉਘੇ ਪੀਰ , ਸ਼ੇਖ ਬਹਾਉਦੀਨ ਜ਼ਕਰੀਆ ਦੇ ਸਥਾਨਉਤੇ ਸੀਇਹ ਸਥਾਨ ਆਮ ਕਰਕੇ ਸ਼ੇ ਖਾਂ ਦੀ ਔਲਾਦ ਵਿਚੋਂ ਹੀ , ਕਹਿੰਦੇ ਸਨ।[1482] 'ਮਖਦੂਮ' ਜਿਸਨੂੰ ,ਮਿਲਦਾ ਸੀਸੁਣਿ ਕਰਿ ਪੀਰ ਬਹਾਵਦੀ ਸਭ ਕੋ ਕਹਿਯੋ ਸੁਣਾਇ॥[1483]

**ਪੁਸਕਰ-** ਹਿੰਦੂਆਂ ਦੇ ਅਠਾਹਠ ਤੀਰਥਾਂ ਵਿਚੋਂ ਇਕ ਪ੍ਰਮੁਖ ਤੀਰਥ, ਜੋ ਰਾਜਸਥਾਨ ਵਿਚ ਅਜਮੇਰ ਤੋਂ ਪੰਜ ਮੀਲ ਦੂਰ ਉਤਰ ਪੱਛਮ ਵਲ ਇਰਾਵਤੀ ਪਰਬਤ ਮਾਲਾ ਦੀ ਇਕ ਸੁੰਦਰ ਘਾਟੀ ਵਿਚ, ਸਮੁੰਦਰੀ ਤਲ ਤੋਂ 1580 ਫੁਟ ਉਚਾ ਹੈ। ਇਥੇ ਇਕ ਵਡੀ ਸਾਰੀ ਝੀਲ ਹੈ, ਜਿਸ ਵਿਚ ਇਸ਼ਨਾਨ ਕਰਨ ਦਾ ਬੜਾ ਮਹਾਤਮ ਹੈ। ਸਭ ਤੀਰਥਾਂ ਤੋਂ ਉਤਮ ਹੋਣ ਕਰਕੇ ਪੁਸ਼ਕਰ ਨੂੰ ਸਨਮਾਨ ਨਾਲ ਤੀਰਥ ਰਾਜ ਕਿਹਾ ਜਾਂਦਾ ਹੈ। ਇਥੋਂ ਦਾ ਸਰੋਵਰ ਭਾਰਤ ਦੇ ਪੰਜ ਪ੍ਰਮੁਖ ਸਰੋਵਰਾਂ ਵਿਚੋਂ ਇਕ ਹੈ। ਇਹ ਪੰਜ ਸਰੋਵਰ, ਪੰਚ ਤੀਰਥਾਂ ਦੇ ਨਾਂ ਨਾਲ ਪ੍ਰਸਿਧ ਹਨ।[1484] ਗਰੁੜ ਸੁ ਮਾਰਕੰਡੇ ਸੁਕਪਿਤਾ ਪਾਪ ਖੰਡੇ ਚੱਕਰ ਸੁਹਾਮਣੇ ਪੁਸਕਰ ਮਾਨੀਐ॥[1485]

**ਪੁਸਕਰ ਦੀਪ-** ਚੀਨ, ਮੰਗੋਲੀਆ ਆਦਿ ਦਾ ਇਲਾਕਾ।[1486] ਗਏ ਸੁ ਪੁਸਕਰ ਦੀਪ ਕੋ ਕਰਹਿ ਸੰਤ ਜਹ ਜਾਪ॥1॥[1487]

**ਪੁਹਕਰ ਦੀਪ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸੱਤ ਦੀਪਾਂ (ਦੇਖੋ) ਵਿਚੋਂ ਇਕ ਦਾ ਨਾਮ। ਸਾਕੁਸ ਦੀਪ ਸੁ ਖਸਟਿਮੋ ਪੁਹਕਰ ਸਪਤਮ ਮਾਨ॥[1488]

---

[1482] ਗੁਰਮੇਲ ਸਿੰਘ ,*ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼* .ਪ੍ਰੋ , ,ਪਟਿਆਲਾ ,ਸਾਹਿਬ ਸਿੰਘ ਗੁਰਮਤਿ ਟਰੱਸਟ2004164 ਪੰਨਾ ,.

[1483] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 889.

[1484] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਸਤਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 1708.

[1485] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 57.

[1486] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 135.

[1487] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1400.

**ਪੁਹਪਦੰਤ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕੂਰਮ (ਦੇਖੋ) ਦੀ ਪਿਠ ਉਪਰਲੇ ਅਠ ਹਾਥੀਆਂ ਵਿਚੋਂ ਇਕ ਹਾਥੀ ਦਾ ਨਾਮ ਜਿਨ੍ਹਾਂ ਉਪਰ ਧਰਤੀ ਟਿਕੀ ਹੋਈ ਹੈ। ਪੁਹਪ ਦੰਤ ਪੁਨਿ ਅਸਟਮਿ ਮਾਨੋ॥[1489]

**ਪੁੰਡਰੀਕਸੁ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕੂਰਮ (ਦੇਖੋ) ਦੀ ਪਿਠ ਉਪਰਲੇ ਅਠ ਹਾਥੀਆਂ ਵਿਚੋਂ ਇਕ ਹਾਥੀ ਦਾ ਨਾਮ ਜਿਨ੍ਹਾਂ ਉਪਰ ਧਰਤੀ ਟਿਕੀ ਹੋਈ ਹੈ। ਐਰਾਵਤਿ ਪੁੰਡਰੀ ਕਸੁ ਜਾਨ॥ ਬਾਮਨ ਅਉਰ ਮੁਕੰਦ ਪਛਾਨ॥[1490]

**ਪੁਰਹੂਤਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਸ ਨੂੰ ਮੀਂਹ ਪਵਾਉਣ ਲਈ ਗੁਰੂ ਜੀ ਨੇ ਹੁਕਮ ਕੀਤਾ, ਇਸ ਲਈ ਹੋ ਸਕਦਾ ਹੈ ਇੰਦਰ ਵਲ ਸੰਕੇਤ ਹੋਵੇ। ਪੁਨਿ ਹੁਕਮਿ ਕਰਿ ਪੁਰਹੂਤਿ ਕੋ ਗੁਰ ਮੀਹੁ ਤਹਾ ਪਵਾਇਯੋ॥[1491]

**ਪੁਲੰਗ-** ਇਕ ਟਾਪੂ (ਦੇਖੋ) ਦਾ ਨਾਮ। ਕਿਲੰਗ ਪੁਲੰਗ ਪੁਨਿ ਰਾਮ॥[1492]

**ਪੂਰਨ ਚੰਦ (ਸਿਖ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਮਾਰਵਾੜੀ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1493] ਖੇਮਚੰਦ ਲਾਲਦਾਸ ਤੀਸਰਾ ਭੀਖਾਰੀ ਦਾਸ ਕਿਰਪਾ ਪੂਰਨ ਚੰਦ ਔਰ ਪਹਚਾਨੀਐ॥[1494]

**ਪੂਰਨਚੰਦ-** ਐਮਨਾਬਾਦ ਦੇ ਵਿਅਕਤੀ ਪੰਜਾ (ਦੇਖੋ) ਦਾ ਇਕ ਨਾਮ। ਪੰਜਾ ਬਿਪਰ ਸੁ ਪੂਰਨ ਚੰਦ॥[1495]

**ਪੂਰਨਚੰਦ (ਸਿਆਲਕੋਟੀ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਸਿਆਲਕੋਟ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1496] ਮੇਘਰਾਜ ਦੀਪਚੰਦ ਪੂਰਨਾ ਪੂਰਨਚੰਦ ਮਾਧਵ ਦਾਮੋਦਰ ਸੋ ਖਤਰੀ ਪਛਾਨੀਐ॥[1497]

---

[1488] ਉਹੀ, ਪਤਰਾ 1008.

[1489] ਉਹੀ, ਪਤਰਾ 1009.

[1490] ਉਹੀ.

[1491] ਉਹੀ, ਪਤਰਾ. 1579.

[1492] ਉਹੀ, ਪਤਰਾ 1318.

[1493] ਉਹੀ, ਪਤਰਾ 1783.

[1494] ਉਹੀ.

[1495] ਉਹੀ, ਪਤਰਾ 689.

**ਪੂਰਨਾ (ਅੰਨ ਪੂਰਣਾ)-** ਹਿੰਦੂਆਂ ਦੀ ਇਕ ਦਾਨਸ਼ੀਲ ਦੇਵੀ, ਜੋ ਦੁਰਗਾ/ਪਾਰਬਤੀ ਦਾ ਹੀ ਇਕ ਰੂਪ ਹੈ। ਇਹ ਦੇਵੀ ਅੰਨ ਦੇ ਭੰਡਾਰਿਆਂ ਦੀ ਮਾਲਕ ਹੈ ਤੇ ਇਸ ਦੀ ਪੂਜਾ ਪ੍ਰਤਿਸ਼ਠਾ ਸਦਕਾ ਕਦੇ ਅੰਨ ਦੀ ਥੁੜ ਨਹੀਂ ਰਹਿੰਦੀ। ਅੰਨਪੂਰਣਾ ਦੀ ਪੂਜਾ ਚੇਤ ਸੁਦੀ ਅਸ਼ਟਮੀ ਨੂੰ ਵਿਸ਼ੇਸ਼ ਰੂਪ ਵਿਚ ਕੀਤੀ ਜਾਂਦੀ ਹੈ। ਇਸ ਦੇਵੀ ਦਾ ਪ੍ਰਸਿਧ ਮੰਦਰ ਕਾਸ਼ੀ ਵਿਚ ਹੈ।[1498] ਪੂਰਬ ਦਿਸਾ ਪਿਰਾਗ ਪੁਨਿ ਬਹੁਰਿ ਪੂਰਨਾ ਜਾਨ॥॥[1499]

**ਪੂਰਨਾ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਸਿਆਲਕੋਟ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1500] ਮੇਘਰਾਜ ਦੀਪਚੰਦ ਪੂਰਨਾ ਪੂਰਨਚੰਦ ਮਾਧਵ ਦਾਮੋਦਰ ਸੋ ਖਤਰੀ ਪਛਾਨੀਐ॥[1501]

**ਪੈਸੁਨੀ-** ਇਕ ਨਦੀ ਜੋ ਗਿਰਨਾਰ ਪਰਬਤ ਦੇ ਨੇੜੇ ਕਾਠਿਆਵਾੜ ਤੋਂ ਹੋ ਕੇ ਵਗਦੀ ਹੈ।[1502] ਗੋਦਾ ਗੰਗਾ ਤੇ ਉਡੇ ਆਇ ਪੈਸੁਨੀਤੀਰ॥[1503]

**ਪ੍ਰਹਲਾਦ-** ਹਿਰਣਕਸ਼ਪ ਦੈਂਤ ਦਾ ਪੁਤਰ ਅਤੇ ਰਾਜਾ ਬਲੀ ਦਾ ਪਿਤਾ। ਇਸ ਦਾ ਪਿਤਾ ਦੁਨੀਆਂ ਨੂੰ ਆਪਣਾ ਨਾਂ ਜਪਾਉਣਾ ਚਾਹੁੰਦਾ ਸੀ, ਪਰ ਖੁਦ ਇਸਦਾ ਪੁਤਰ ਹੀ ਇਸ ਤੋਂ ਆਕੀ ਹੋ ਬੈਠਾ। ਇਸਦੇ ਪਿਤਾ ਨੂੰ ਐਨਾ ਗੁਸਾ ਚੜ੍ਹਿਆ ਕਿ ਉਸ ਨੇ ਕਈ ਤਰੀਕਿਆਂ ਨਾਲ ਇਸ ਨੂੰ ਮਰਵਾਉਣ ਦਾ ਯਤਨ ਕੀਤਾ, ਪਰ ਇਸ ਪ੍ਰਭੂ-

---

1496 ਉਹੀ, ਪਤਰਾ 1783.

1497 ਉਹੀ.

1498 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 94.

1499 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 15.

1500 ਉਹੀ, ਪਤਰਾ 1783.

1501 ਉਹੀ.

1502 Nundo Lal Dey, *The Geographical Dictionary of Ancient and Medieval India,* Oriental Books, New Delhi, Forth edition, 1984, Page 144.

1503 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 1723.

ਪਿਆਰੇ ਦੀ ਹਰ ਵਾਰ ਰਖਿਆ ਹੁੰਦੀ ਰਹੀ। ਆਖਰ ਵਿਚ ਇਸਦਾ ਪਿਤਾ ਹੀ ਮਾਰਿਆ ਗਿਆ ਅਤੇ ਪ੍ਰਹਲਾਦ ਨੂੰ ਅਟਲ ਪਦਵੀ ਪ੍ਰਾਪਤ ਹੋਈ।[1504] ਨਰਹਰਿ ਹ੍ਵੈ ਪ੍ਰਹਲਾਦਿ ਉਬਾਰਿਉ॥[1505]

**ਪ੍ਰਤਪਾਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪ੍ਰਤਪਾਨ ਤਿਨ ਊਪਰਿ ਤਾਹਿ ਸੁ ਜਾਨਿਯੈ॥[1506]

**ਪ੍ਰਬਤਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਛਬੀਮੋ ਔਘੜ ਨਾਥ ਮਨ ਮੈ ਸੋ ਜਾਨ ਲੋਹੁ ਬਹੁਰੋ ਸਤਾਈਸਵੋ ਪ੍ਰਬਤਿ ਮਹਾਨੀਐ॥[1507]

**ਪ੍ਰਮਾਨੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਇੰਦ੍ਰਸੈਣ ਪ੍ਰਮਾਨੰਦ॥[1508]

**ਪ੍ਰਾਣਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨੌਂ ਨਾਥਾਂ (ਦੇਖੋ) ਵਿਚੋਂ ਇਕ ਨਾਥ ਦਾ ਨਾਮ। ਪ੍ਰਾਣਨਾਥ ਨਵਮੋ ਪੁਨਿ ਕਹਯੈ॥[1509]

**ਪ੍ਰਾਣਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪ੍ਰਾਣਨਾਥ ਘੁਘੂ ਗੈਲਸਾ ਮਾਨਿਯੈ॥[1510]

**ਪ੍ਰਿਥੀਮਲਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਜਟਮੱਲ ਅਟੱਲ ਪ੍ਰਿਥੀਮਲਿ ਜਾ ਰਤਨਾਹਰਿ ਕੇਸਰ ਜੀ ਕਰਮਾਏ॥[1511]

---

[1504] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 160.

[1505] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 18.

[1506] ਉਹੀ, ਪਤਰਾ 1026.

[1507] ਉਹੀ.

[1508] ਉਹੀ, ਪਤਰਾ 595.

[1509] ਉਹੀ, ਪਤਰਾ 1026.

[1510] ਉਹੀ, ਪਤਰਾ 246.

[1511] ਉਹੀ, ਪਤਰਾ 594.

**ਪ੍ਰਿਥੂ-** ਇਕ ਅਵਤਾਰ (ਦੇਖੋ) ਦਾ ਨਾਮ। ਕ੍ਰਿਸਨ ਮਹਾਂਨ ਬੋਧ ਕਲਗੀ ਪ੍ਰਿਥੂ ਬਿਆਸ ਹਰੀਹੰਸ ਮਨੂ ਯਗ ਰਿਖਭ ਸੋ ਜਾਨੀਐ॥[1512]

**ਪ੍ਰਿਯ ਕਰਿ-** ਇਕ ਟਾਪੂ (ਦੇਖੋ) ਦਾ ਨਾਮ। ਪ੍ਰਿਯ ਕਰਿ ਧਰਮਾ ਅਰੁ ਕੰਗੇਹੁ॥[1513]

**ਪ੍ਰਿਯ ਵਾਦੀ-** ਇਕ ਟਾਪੂ (ਦੇਖੋ) ਦਾ ਨਾਮ। ਪ੍ਰੀਤਿ ਵਰਧਿ ਪ੍ਰਿਯ ਵਾਦੀ ਰਾਇ॥[1514]

**ਪ੍ਰੀਤਿ ਵਰਧਿ-** ਇਕ ਟਾਪੂ (ਦੇਖੋ) ਦਾ ਨਾਮ। ਪ੍ਰੀਤਿ ਵਰਧਿ ਪ੍ਰਿਯ ਵਾਦੀ ਰਾਇ॥[1515]

**ਪ੍ਰੇਮਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਭਾਈ ਫਿਰੰਦਾ (ਦੇਖੋ) ਦਾ ਪਿਛਲੇ ਜਨਮ ਦਾ ਨਾਮ ਜੋ ਕਿ ਵਿਸ਼ਨੂੰ ਦਾ ਸੇਵਕ ਸੀ। ਜਿਸਨੂੰ ਵਿਸ਼ਨੂੰ ਨੇ ਰਬਾਬ ਦਿਤੀ ਸੀ। ਮੈ ਸਿਸ ਜਨਕਿ ਬਿਦੇਹਿ ਕਾ ਪ੍ਰੇਮਾ ਹਮਰੋ ਨਾਮ॥[1516]

**ਪ੍ਰੇਮਾ ਨੰਦ-** ਇਕ ਟਾਪੂ (ਦੇਖੋ) ਦਾ ਨਾਮ। ਪ੍ਰੇਮਾ ਨੰਦ ਤੇਰਮ ਤੁਮ ਜਾਨੋ॥[1517]

**ਫਹੁੜੀ ਗੰਗਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਉਹ ਗੰਗਾ ਜਿਸ ਨੂੰ ਮਰਦਾਨਾ ਗੁਰੂ ਜੀ ਦੀ ਫਾਹੁੜੀ ਨਾਲ ਲੈ ਕੇ ਆਇਆ ਸੀ। ਇਹ ਨਾਨਕ ਮਤੇ ਵਗਦੀ ਹੈ ਇਸ ਦਾ ਨਾਮ ਫਾਹੁੜੀ ਗੰਗਾ ਹੈ। ਨਾਮ ਫਹੁੜੀ ਗੰਗਾ ਰਾਖਯੋ॥[1518]

**ਫਰਿੰਦਾ (ਸਿਖ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਇਹ ਸਿਖ ਫਰਿੰਦੇ ਰਬਾਬੀ ਤੋਂ ਵਖਰਾ ਹੈ। ਪ੍ਰਿਥਮ ਸੁ ਨਾਮ ਫਰਿੰਦਾ ਬੇਦੀ ਖਤਰੀ॥[1519]

**ਫਰਿੰਦਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨੇਊ ਦੀ ਰਸਮ 'ਤੇ ਆਇਆ ਇਕ ਸਾਕ ਸਬੰਧੀ। ਇੰਦਰ ਸੈਣ ਅਵਰ ਫਰਿੰਦਾ॥[1520]

---

[1512] ਉਹੀ, ਪਤਰਾ 4.

[1513] ਉਹੀ, ਪਤਰਾ 1318.

[1514] ਉਹੀ.

[1515] ਉਹੀ.

[1516] ਉਹੀ, ਪਤਰਾ 665.

[1517] ਉਹੀ, ਪਤਰਾ 1318.

[1518] ਉਹੀ, ਪਤਰਾ 1242.

[1519] ਉਹੀ, ਪਤਰਾ 1629.

**ਫਰੀਦ (ਸ਼ੇਖ)-** ਸ਼ੇਖ ਫਰੀਦੁਦੀਨ ਮਸਊਦ ਸ਼ੱਕਰ ਗੰਜ ਦਾ ਜਨਮ ਪਿੰਡ ਕੋਠੀਵਾਲ (ਚਾਵਲ ਮੁਸ਼ੈਖਾਂ) ਜ਼ਿਲ੍ਹਾ ਮੁਲਤਾਨ ਵਿਚ ਸ਼ੇਖ ਜਮਾਲੁਦੀਨ ਦੇ ਘਰ ਬੀਬੀ ਕੁਰਸਮ ਦੀ ਉਦਰ ਤੋਂ 1175 ਈ. ਵਿਚ ਹੋਇਆ ਸੀ। ਜਨਮ-ਸਾਲ ਬਾਰੇ ਵਿਦਵਾਨਾਂ ਵਿਚ ਮਤਭੇਦ ਵੀ ਹੈ ਇਕ ਮਤ ਅਨੁਸਾਰ ਆਪ ਦਾ ਜਨਮ 1173 ਈ. ਨੂੰ ਵੀ ਮੰਨਿਆ ਜਾਂਦਾ ਹੈ। ਆਪ ਮੁਲਤਾਨ ਦੇ ਖੁਆਜਾ ਕੁਤਬਦੀਨ ਬਖਤਿਆਰ ਕਾਕੀ ਦੇ ਮੁਰੀਦ ਬਣੇ। 15-20 ਸਾਲ ਹਾਂਸੀ ਰਹੇ, ਫਿਰ ਅਜੋਧਨ (ਹੁਣ ਪਾਕਪਟਨ) ਨਿਵਾਸ ਕੀਤਾ ਇਥੇ ਫਰੀਦ ਦੀ ਗਦੀ ਦਾ ਡੇਰਾ ਹੈ। ਚਿਸ਼ਤੀ ਫਿਰਕੇ ਦੇ ਸੂਫੀਆਂ ਵਿਚ ਆਪ ਦਾ ਨਾਮ ਬਹੁਤ ਸਤਿਕਾਰ ਨਾਲ ਲਿਆ ਜਾਂਦਾ ਹੈ, ਸ਼ੇਖ ਨਿਜਾਮੁਦੀਨ ਔਲੀਆ ਆਪ ਦੇ ਚੇਲੇ ਸਨ। ਆਪਦੇ ਪੰਜ ਪੁਤਰ ਤੇ ਤਿੰਨ ਪੁਤਰੀਆਂ ਸਨ। ਆਪ ਦਾ ਦੇਹਾਂਤ 15 ਅਕਤੂਬਰ 1265 ਈ. ਨੂੰ ਪਾਕਪਟਨ ਵਿਚ ਹੋਇਆ।[1521] ਸੁਕ ਸੇਖ ਫਰੀਦ ਸਹੀਦ ਸਹੀਸੂਰ ਔਰ ਸਤੀ ਅਬਲਾਂ ਸਤਿਧਾਮਾਂ॥[1522]

**ਫਲਗੂ-** ਇਕ ਤੀਰਥ ਜੋ ਹਰਿਆਣਾ ਵਿਚ ਪਹੋਏ ਦੇ ਨੇੜੇ ਸਥਿਤ ਹੈ। ਇਸ ਤੀਰਥ ਦਾ ਨਾਉਂ ਬਿਹਾਰ ਪ੍ਰਾਂਤ ਦੀ ਇਕ ਨਦੀ ਫਲਗੂ ਉਤੇ ਜਿਸ ਦੇ ਕੰਢੇ ਗਯਾ ਦਾ ਤੀਰਥ ਹੈ, ਰਖਿਆ ਗਿਆ। ਇਥੇ ਦੇਸ਼ ਭਰ ਵਿਚੋਂ ਹਿੰਦੂ ਆਪਣੇ ਪਿਤਰਾਂ ਦਾ ਪਿੰਡ ਦਾਨ ਕਰਨ ਲਈ ਆਇਆ ਕਰਦੇ ਹਨ। ਫਲਗੂ ਤੀਰਥ ਦੀ ਯਾਤ੍ਰਾ ਦਾ ਮਹਾਤਮ ਵੀ ਗਯਾ ਜਿਤਨਾ ਹੀ ਮੰਨਿਆ ਗਿਆ ਹੈ ਅਤੇ ਪੰਜਾਬ ਤੇ ਆਸ ਪਾਸ ਦੇ ਹਿੰਦੂ ਇਥੇ ਪਿਤਰਾਂ ਨਮਿਤ ਪਿੰਡ ਦਾਨ ਕਰਦੇ ਹਨ। ਬਿਹਾਰ ਪ੍ਰਾਂਤ ਦੀ ਇਕ ਨਦੀ ਜਿਸ ਦੇ ਕੰਢੇ ਗਯਾ ਦਾ ਪ੍ਰਸਿਧ ਤੀਰਥ ਹੈ। ਇਸ ਨਦੀ ਵਿਚ ਪਿੰਡ ਦਾਨ ਕਰਨ ਦਾ ਬਹੁਤ ਮਹਾਤਮ ਮੰਨਿਆ ਜਾਂਦਾ ਹੈ।[1523] ਫਲਗੂ ਫਾਗਨਿ ਮਾਸ ਪੁਨਿ ਫਕਰਿ ਫਰੀਦ ਫਕੀਰ॥[1524]

---

[1520] ਉਹੀ, ਪਤਰਾ 287.

[1521] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 214.

[1522] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 11.

[1523] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਸਤਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 1734.

[1524] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

**ਫਿਰੰਗ ਸਿਲਾਰ -**ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਆਦਮ ਦੇ ਪੁਤਰ ਕਾਬਲ ਤੋਂ ਜੋ ਚਾਰ ਕੌਮਾਂ (ਦੇਖੋ) ਪੈਦਾ ਹੋਈਆਂ ਉਨ੍ਹਾਂ ਵਿਚੋਂ ਇਕ ਦਾ ਨਾਮ। ਜੰਗੀ ਇਰਮਨੀ ਰੂਮੀ ਜਾਨ॥ ਅਵਰ ਫਿਰੰਗ ਸਿਲਾਰ ਪਛਾਨ॥[1525]

**ਫਿਰੰਦਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਸਹਜਾਨੰਦ ਫਿਰੰਦਾ ਰਾਮਾ॥[1526]

**ਫਿਰੰਦਾ ਜਾਂ ਫੇਰੂ (ਰਬਾਬੀ)-** ਸੁਲਤਾਨਪੁਰ ਦੇ ਨੇੜੇ ਇਕ ਪਿੰਡ ਭਰੋਆਣਾ ਦਾ ਵਸਨੀਕ, ਇਹ ਗੁਰੂ ਨਾਨਕ ਸਾਹਿਬ ਦਾ ਸਿਖ ਸੀ, ਜਿਸ ਨੇ ਗੁਰੂ ਜੀ ਨੂੰ ਰਬਾਬ ਭੇਂਟ ਕੀਤੀ। ਇਹ ਪਿੰਡ ਦਰਿਆ ਬਿਆਸ ਦੀ ਬੇਟ ਵਿਚ ਹੈ, ਜਿਥੇ ਵੇਈ ਨਦੀ ਬਿਆਸ ਦਰਿਆ ਵਿਚ ਆ ਕੇ ਮਿਲਦੀ ਹੈ।[1527] ਗੁਰੂ ਨਾਨਕ ਵਿਜੈ ਗ੍ਰੰਥ ਵਿਚ ਭਾਈ ਫਰਿੰਦੇ ਦਾ ਪਿੰਡ ਆਸਕਪੁਰ ਦਸਿਆ ਹੈ। ਨਾਮੁ ਹੈ ਫਿਰੰਦਾ ਪਰ ਫੇਰੂ ਬੀ ਕਹੈ ਜਹਾਨ ਹਮਰਾ ਸਦੇਸਾ ਤਾਹਿ ਜਾਇ ਕੈ ਸੁਣਾਇਐ॥[1528]

**ਫੂਲ-** ਉਦਾਸੀ ਸੰਪ੍ਰਦਾਇ ਦੇ ਚਰਾ ਧੂਣੇ (ਦੇਖੋ) ਵਿਚੋਂ ਇਕ ਦਾ ਨਾਮ। ਚਤੁਰਥ ਫੂਲ ਸੁ ਜਾਨ ਉਦਾਰ॥47॥[1529]

**ਬਸੰਤਰਾਇ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਸਿਆਲਕੋਟ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1530] ਦੇਵਰਾ ਬਸੰਤੁਰਾਇ ਸਾਲਕੋਟ ਕੇ ਸੁ ਵਾਸੀ ਬਿਸਨ ਗੁਪਾਲਾ ਖੰਨੇ ਖਤਰੀ ਸੋ ਜਾਨੀਐ॥[1531]

---

[1525] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 948.

[1526] ਉਹੀ, ਪਤਰਾ 594.

[1527] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 164.

[1528] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 662.

[1529] ਉਹੀ, ਪਤਰਾ 696.

[1530] ਉਹੀ, ਪਤਰਾ 1783.

[1531] ਉਹੀ.

**ਬਸਿਸਟ-** ਇਕ ਵੈਦਿਕ ਰਿਸ਼ੀ ਜਿਸ ਨੂੰ ਸੱਤ ਮਹਾਂ ਰਿਸ਼ੀਆਂ ਜਾਂ ਦਸ ਪ੍ਰਜਾਪਤੀਆਂ ਵਿਚ ਗਿਣਿਆ ਜਾਂਦਾ ਹੈ। ਇਸ ਦਾ ਜਨਮ ਮਿਤ੍ਰਾਵਰਣ ਦੇ ਬੀਰਜ ਤੋਂ ਅਪਸਰਾ ਉਰਵਸੀ ਦੇ ਉਦਰੋਂ ਹੋਇਆ। ਇਹ ਆਪਣੀ ਸੁਯੋਗਤਾ ਸਦਕੇ ਇਕਸ਼ਵਾਕੂ ਬੰਸ ਦਾ ਪਰੋਹਤ ਬਣਿਆ ਤੇ ਰਾਮ ਜੀ ਦਾ ਗੁਰੂ ਬਣ ਕੇ ਉਨ੍ਹਾਂ ਨੂੰ ਧਰਮ ਵਿਦਿਆ ਦਿੰਦਾ ਰਿਹਾ।[1532] ਬਜਾਸ ਬਸਿਸਟ ਸੁ ਰਿਸੀਵਰ ਭਗਤਿ ਬਭੀਖਣ ਜਾਨ॥[1533]

**ਬਹਾਉਲਹਕ-** ਮੁਲਤਾਨ ਵਿਚ ਗੁਰੂ ਨਾਨਕ ਦੇਵ ਜੀ ਨਾਲ ਗੋਸ਼ਟਿ ਕਰਨ ਵਾਲੇ ਪੀਰਾਂ ਵਿਚੋਂ ਇਕ।[1534] ਕਹਯੋ ਬਹਾਉਲਹੱਕ ਨੈ ਨਾਨਕ ਪੀਰ ਸੁ ਜਾਨ॥[1535]

**ਬਕਦਾਲਭੰ-** ਪੰਚਾਲ ਦੇਸ਼ ਵਿਚ ਰਹਿਣ ਵਾਲਾ ਇਕ ਮੁਨਿ। ਇਸ ਦਾ ਆਸ਼੍ਰਮ ਸਰਸ੍ਵਤੀ ਨਦੀ ਦੇ ਕਿਨਾਰੇ ਰਾਜਾ ਧ੍ਰਿਤਰਾਸ਼ਟ੍ਰ ਦੇ ਰਾਜ ਵਿਚ ਸੀ। ਇਕ ਕਥਾ ਅਨੁਸਾਰ ਇਕ ਵਾਰ ਰਾਜਾ ਵਿਸ੍ਵਜਿਤ ਦਾ ਇਸ ਮੁਨਿ ਨੇ ਯਗਜ ਕਰਾਇਆ, ਜਿਸ ਵਿਚ 21 ਬੈਲ ਦਕਸ਼ਣਾ ਵਿਚ ਮਿਲੇ। ਬਕਦਾਲਭ ਨੇ ਓਹ ਬੈਲ ਹੋਰ ਰਿਖੀਆਂ ਨੂੰ ਬਖਸ਼ ਦਿਤੇ ਅਤੇ ਰਾਜਾ ਧ੍ਰਿਤਰਾਸ਼ਟ੍ਰ ਤੋਂ ਆਪਣੇ ਲਈ ਹੋਰ ਬੈਲ ਮੰਗੇ, ਰਾਜੇ ਨੇ ਕ੍ਰੋਧ ਵਿਚ ਆਕੇ ਆਖਿਆ ਕਿ ਮੇਰੀਆਂ ਮੋਈਆਂ ਹੋਈਆਂ ਗਾਈਆਂ ਲੈ ਲੈ। ਬਕਦਾਲਭ ਨੇ ਮੋਈਆਂ ਗਾਈਆਂ ਲੈ ਕੇ ਉਨ੍ਹਾਂ ਦੇ ਮਾਸ ਨਾਲ ਧ੍ਰਿਤਰਾਸ਼ਟ੍ਰ ਦਾ ਰਾਜ ਨਾਸ਼ ਕਰਨ ਲਈ ਯਗਜ ਆਰੰਭਿਆ, ਜਿਉਂ ਜਿਉਂ ਰਿਖੀ ਗਾਈਆਂ ਦਾ ਮਾਸ ਕਟਕੇ ਹਵਨ ਕਰੇ, ਤਿਉਂ ਤਿਉਂ ਰਾਜ ਨਸ੍ਟ ਹੁੰਦਾ ਜਾਵੇ। ਅੰਤ ਨੂੰ ਧ੍ਰਿਤਰਾਸ਼ਟ੍ਰ ਨੇ ਮੁਆਫੀ ਮੰਗੀ।[1536] ਬਾਲਮੀਕ ਬਕਦਾਲਭੰ ਬਾਵਨ ਬਲੀ ਮਹਾਨ॥3॥[1537]

**ਬੰਕਾ-** ਇਕ ਟਾਪੂ (ਦੇਖੋ) ਦਾ ਨਾਮ। ਅਉਰ ਤੀਸਮੋ ਬੰਕਾ ਜਾਨੋ॥60॥[1538]

---

[1532] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 216.

[1533] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

[1534] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 165.

[1535] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1446.

[1536] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 829.

[1537] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

[1538] ਉਹੀ, ਪਤਰਾ 1318.

**ਬਖਤਮਲਿ-** ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਦਾ ਇਕ ਮਸੰਦ, ਜੋ ਕਾਬਲ ਦੀ ਕਾਰ ਉਗਰਹਾਉਂਦਾ ਸੀ। ਜਦ ਦਸ਼ਮੇਸ਼ ਨੇ ਮਸੰਦਾਂ ਨੂੰ ਤਾੜਨਾ ਕੀਤੀ, ਤਦ ਇਹ ਇਸਤ੍ਰੀ ਦਾ ਭੇਖ ਧਾਰਕੇ ਮਾਤਾ ਜੀ ਦੀ ਸ਼ਰਨ ਆ ਗਿਆ ਅਰ ਮੁਆਫੀ ਮੰਗੀ, ਮਾਤਾ ਜੀ ਦੇ ਕਹਿਣ ਪੁਰ ਕਲਗੀਧਰ ਨੇ ਇਸ ਨੂੰ ਮੁਆਫ ਕੀਤਾ। ਅਗੋਂ ਸੁਮਾਰਗ ਚਲਣ ਦਾ ਉਪਦੇਸ਼ ਦਿਤਾ। ਇਸ ਦੀ ਸੰਪ੍ਰਦਾਇ ਦੇ ਉਦਾਸੀ ਬਖਤਮਲੀਏ ਸਦਾਉਂਦੇ ਹਨ ਅਤੇ ਗੱਦੀ ਉਪਰ ਬੈਠਣ ਸਮੇਂ ਮਹੰਤ ਇਸਤ੍ਰੀ ਦਾ ਲਿਬਾਸ ਪਹਿਨਦਾ ਹੈ।[1539] ਪਰਮ ਕ੍ਰਿਪਾਲ ਸੁ ਬਖਤਮਲਿ ਦਏ ਸੁ ਮੁਕਤਿ ਉਦਾਰ॥[1540]

**ਬਖਮੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਧਰਮਾ ਬਖਸੀ ਲਹਣਾ ਗਹਣਾ ਗੁਰਦਾਸ ਸਖਾਮਲਿ ਜੀ ਗੁਰਸਾਇ॥17॥[1541]

**ਬਗਾਲਾ ਦੇਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਦੇਸ਼ ਸ਼ਾਇਦ ਬੰਗਲਾ ਦੇਸ ਵਲ ਇਸ਼ਾਰਾ ਹੋਵੇ ਪਰ ਕਵੀ ਨੇ ਇਸ ਨੂੰ ਪੂਰਬ ਦਿਸਾ ਵਲ ਦਸਿਆ ਹੈ। ਇਥੋਂ ਦੇ ਦੋ ਭਰਾ ਨਿਰਸੂ (ਦੇਖੋ) ਅਤੇ ਸਰਸੂ ਰਹਿਣ ਵਾਲੇ ਸਨ, ਜਿਨ੍ਹਾ ਦੀ ਸਿਖਿਦਾਇਕ ਕਥਾ ਇਸ ਗ੍ਰੰਥ ਵਿਚ ਅੰਕਿਤ ਕੀਤੀ ਗਈ ਹੈ। ਪੂਰਬ ਦਿਸਾ ਬਗਾਲਾ ਦੇਸ॥[1542]

**ਬਚਿਤ੍ਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬਚਿਤ੍ਰ ਰਹੀਸੈ ਜਾਨ ਇਕ ਪੁਨਿ ਸੰਭਾਲਕਾ ਜਾਨ॥[1543]

**ਬਡਿਭਾਗੀ ਚੇਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਬਡਿਭਾਗੀ ਚੇਰੀ ਪੁਨਿ ਬੋਲੀ॥[1544]

---

[1539] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 830.

[1540] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 5.

[1541] ਉਹੀ, ਪਤਰਾ 594.

[1542] ਉਹੀ, ਪਤਰਾ 737.

[1543] ਉਹੀ, ਪਤਰਾ 1027.

[1544] ਉਹੀ, ਪਤਰਾ 1068.

**ਬੰਦਰਗਾਹ-** ਸਮੁੰਦਰ ਕੰਢੇ ਜਾਹਜ਼ ਰੁਕਣ ਦੀ ਥਾਂ, ਸਮੁੰਦਰੀ ਜਾਹਜ਼ਾਂ ਦਾ ਅੱਡਾ। ਗੁਰੂ ਨਾਨਕ ਵਿਜੈ ਗ੍ਰੰਥ ਵਿਚ ਇਨ੍ਹਾਂ ਬੰਦਰਗਾਹਾਂ ਦੇ ਨਾਮ ਆਏ ਹਨ- ਗਜ ਬੰਦਰ, ਲਮਕਾਂਨਿ ਬੰਦਰ, ਪਲਬੰਦਰ, ਜਾਪਾ ਪਟਣ, ਸੁਰਤਿ, ਤਿਰਤਿ, ਚਪਟਾ, ਨਕਟਾ, ਮਛਲੀ, ਲਹਰੀ, ਘੁਰਟਾ, ਲਾਹਿੜੀ, ਇਨ੍ਹਾਂ ਬੰਦਰਗਾਹਾਂ ਦੀ ਭੂਗੋਲਿਕ ਪੁਸ਼ਟੀ ਬਾਰੇ ਵਿਦਵਾਨਾਂ ਵਿਚ ਮਦਭੇਦ ਹੈ। ਕੁਝ ਵਿਦਵਾਨ ਜਿਥੇ ਇਨ੍ਹਾਂ ਨੂੰ ਕਲਪਿਤ ਮੰਨਦੇ ਹਨ, ਉਥੇ ਕਈਆਂ ਅਨੁਸਾਰ ਇਹ ਬੰਦਰਗਾਹਾਂ ਦੇ ਪੁਰਾਣੇ ਨਾਂ ਹਨ।

**ਬਦਰੀਖੰਡ-** ਹਿਮਾਲਿਆ ਉਤੇ ਗੰਗਾ ਦੇ ਨੇੜੇ ਵਿਸ਼ਨੂੰ ਦਾ ਵਿਸ਼ੇਸ਼ ਕਰਕੇ ਉਸ ਦੇ ਨਰ-ਨਾਰਾਇਣ ਸਰੂਪ ਦਾ ਤੀਰਥ ਸਥਾਨ। ਹੁਣ ਇਹ ਸਥਾਨ ਬਦਰੀਨਾਥ ਕਰਕੇ ਵਧੇਰੇ ਪ੍ਰਸਿਧ ਹੈ, ਭਾਵੇਂ ਅਸਲ ਵਿਚ ਇਹ ਵਿਸ਼ਨੂੰ ਦੀ ਬਦਰੀ ਦਾ ਨਾਥ ਹੋਣ ਕਾਰਨ ਇਕ ਉਪਾਧੀ ਹੈ।[1545] ਬਦਰੀ ਖੰਡ ਪਰਮ ਅਸਥਾਨ ਸੈਲਜ ਉਤੰਗ ਸੁ ਪਰਮ ਮਹਾਨ॥[1546]

**ਬਦਰੀਪਤਿ-** ਵਿਸ਼ਨੂੰ (ਦੇਖੋ) ਦਾ ਇਕ ਨਾਮ ਜੋ ਨਰ ਨਾਰਾਇਣ ਅਵਤਾਰ (ਦੇਖੋ) ਨਾਲ ਸੰਬੰਧਿਤ ਹੈ। ਬਹੁਰੋ ਹੈ ਗ੍ਰੀਵ ਜਾਨ ਧਰੂੰਅ ਵਰਿ ਦੇਨ ਮਾਨ ਬਹੁਰੋ ਧਨੰਤਰਿ ਬਦਰੀ ਪਤਿ ਮਾਨੀਐ॥[1547]

**ਬਨਜਾਰੇ ਕੈ ਟਾਂਡੈ-** ਨਾਨਕ ਮਤੇ ਤੋਂ ਲਗਭਗ ਸਤ ਮੀਲ ਦਖਣ ਵਲ ਇਕ ਨਗਰ, ਜਿਸ ਨੂੰ ਵਣਜਾਰਿਆਂ ਦਾ ਟਾਂਡਾ (ਬਨਜਾਰੇ ਕੈ ਟਾਂਡੈ) ਕਿਹਾ ਜਾਂਦਾ ਹੈ। ਇਹ ਨਗਰ ਮੁਰਾਦਾਬਾਦ ਤੋਂ ਨੈਨੀਤਾਲ ਵਲ (ਜਿਲ੍ਹਾ ਰਾਮਪੁਰਾ) ਜਾਂਦੀ ਸੜਕ ਉਤੇ ਹੈ। ਵਣਜਾਰਿਆਂ ਵਿਚ ਪਾਈ ਜਾਂਦੀ ਇਕ ਰਵਾਇਤ ਸੀ ਕਿ ਜਿਥੇ-ਜਿਥੇ ਵੀ ਵਣਜਾਰੇ ਆਪਣਾ ਪੜਾ ਬਣਾਉਂਦੇ ਸਨ, ਪਿਛੋਂ ਕੁਝ ਸਮੇਂ ਬਾਅਦ ਉਸ ਥਾਂ 'ਟਾਂਡਾ ਨਗਰ' ਆਬਾਦ ਹੋ ਜਾਂਦਾ ਸੀ।[1548] ਬਨਜਾਰੈ ਕੈ ਟਾਂਡੈ ਆਇ॥ 44॥[1549]

**ਬਨੰਦਾ-** ਇਕ ਟਾਪੂ (ਦੇਖੋ) ਦਾ ਨਾਮ। ਛਬੀਸਮ ਬਨੰਦਾ ਮਾਨੋ॥59॥[1550]

---

[1545] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 362.

[1546] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 127.

[1547] ਉਹੀ, ਪਤਰਾ 4.

[1548] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 124.

[1549] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1243.

[1550] ਉਹੀ, ਪਤਰਾ 1318.

**ਬਭੀਖਣ-** ਰਾਵਣ ਦਾ ਛੋਟਾ ਭਾਈ ਬਭੀਖਣ ਇਕ ਭਲੇ ਸੁਭਾ ਦਾ ਆਦਮੀ ਸੀ। ਇਸ ਨੇ ਰਾਵਣ ਨੂੰ ਬੜਾ ਸਮਝਾਇਆ ਕਿ ਉਹ ਸੀਤਾ ਨੂੰ ਰਾਮ ਦੇ ਹਵਾਲੇ ਕਰ ਦੇਵੇ, ਪਰ ਰਾਵਣ ਨਾ ਮੰਨਿਆ। ਲੜਾਈ ਵੇਲੇ ਬਭੀਖਣ ਰਾਮ ਵਲ ਹੋ ਗਿਆ ਤੇ ਰਾਵਣ ਦੇ ਸਾਰੇ ਅੰਦਰਲੇ ਭੇਤ ਦੱਸ ਦਿਤੇ। ਇਸਨੇ ਹੀ ਰਾਵਣ ਦੇ ਨਾ ਮਰਨ ਦਾ ਭੇਤ ਰਾਮ ਨੂੰ ਦੱਸਿਆ ਕਿ ਰਾਵਣ ਦੇ ਹਿਰਦੇ ਵਿਚ 'ਅੰਮ੍ਰਿਤ-ਕੁੰਡ' ਹੈ ਜਿਸ ਕਰਕੇ ਇਸ ਦੇ ਵੱਢੇ-ਕੱਟੇ ਅੰਗ ਮੁੜ ਜੁੜ ਜਾਂਦੇ ਹਨ। ਉਸ ਕੁੰਡ ਦੇ ਸੁਕਣ ਤੇ ਹੀ ਰਾਵਣ ਮਰ ਸਕਦਾ ਹੈ। ਰਾਮ ਨੇ 'ਅਗਨਿ ਬਾਣ' ਮਾਰ ਕੇ ਰਾਵਣ ਦਾ 'ਅੰਮ੍ਰਿਤ ਕੁੰਡ' ਸੁਕਾ ਦਿਤਾ ਤੇ ਉਹ 'ਰਾਮ ਬਾਣ' ਨਾਲ ਢਹਿ-ਢੇਰੀ ਹੋ ਗਿਆ। ਲੰਕਾ ਫਤਹਿ ਹੋਣ ਉਪਰੰਤ ਰਾਮ ਨੇ ਰਾਜਗੱਦੀ ਬਭੀਖਣ ਨੂੰ ਦੇ ਦਿਤੀ।[1551] ਬਜਾਸ ਬਸਿਸਟ ਸੁ ਰਿਸੀਵਰ ਭਗਤਿ ਬਭੀਖਣ ਜਾਨ॥[1552]

**ਬਯਾਸ (ਵਿਆਸ)-** ਸੰਗ੍ਰਹਿਕਾਰ। ਇਹ ਨਾਂ ਕਈ ਪ੍ਰਾਚੀਨ ਲੇਖਕਾਂ ਅਤੇ ਸੰਗ੍ਰਹਿਕਾਰਾਂ ਲਈ ਸਾਂਝੇ ਰੂਪ ਵਿਚ ਪ੍ਰਯੁਕਤ ਕੀਤਾ ਜਾਂਦਾ ਹੈ, ਪਰ ਵਿਸ਼ੇਸ਼ ਕਰਕੇ ਇਹ ਨਾਂ ਵੇਦਾਂ ਦੇ ਸੰਗ੍ਰਹਿਕਾਰ ਵੇਦ ਵਿਆਸ ਲਈ ਹੀ ਪ੍ਰਯੁਕਤ ਕੀਤਾ ਜਾਂਦਾ ਹੈ। ਇਹ ਨਾਂ ਮਹਾਂਭਾਰਤ ਦੇ ਸੰਕਲਨ ਕਰਤਾ ਵੇਦਾਂਤ ਸ਼ਾਸਤਰ ਦੇ ਬਾਨੀ ਅਤੇ ਪੁਰਾਣਾਂ ਦੇ ਸੰਗ੍ਰਹਿਕਾਰ ਲਈ ਵੀ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਇਨ੍ਹਾਂ ਸਾਰੇ ਵਿਅਕਤੀਆਂ ਨੂੰ ਵੇਦ-ਵਿਆਸ ਦੇ ਨਾਲ ਜੋੜਿਆ ਜਾਂਦਾ ਹੈ। ਪਰ ਇਹ ਅਸੰਭਵ ਹੈ ਅਤੇ ਇਨ੍ਹਾਂ ਰਚਨਾਵਾਂ ਨੂੰ ਇਕ ਵਿਅਕਤੀ ਨਾਲ ਸਬੰਧਤ ਕਰਨ ਦੀ ਭਾਵਨਾ ਜਾਂ ਤਾਂ ਉਨ੍ਹਾਂ ਦੀ ਪ੍ਰਾਚੀਨਤਾ ਅਤੇ ਪ੍ਰਮਾਣੀਕਤਾ ਸਿਧ ਕਰਨ ਲਈ ਹੈ ਅਤੇ ਜਾਂ ਅਨੇਕਾਂ ਸੰਪਾਦਕਾਂ ਦੀ ਕਲਪਤ ਸਮਰੂਪਤਾ ਵਿਚੋਂ ਪੈਦਾ ਹੋਈ ਹੈ। ਵੇਦ ਵਿਆਸ ਪਰਾਸ਼ਰ ਰਿਸ਼ੀ ਅਤੇ ਸਤਜਾਵਤੀ ਦਾ ਨਜਾਇਜ਼ ਲੜਕਾ ਸੀ। ਇਹ ਕਾਲੇ ਰੰਗ ਦਾ ਸੀ ਅਤੇ ਇਸ ਦਾ ਜਨਮ ਯਮਨਾ ਵਿਚ ਜਜ਼ੀਰੇ (ਦੀਪ) ਵਿਚ ਹੋਇਆ ਸੀ। ਜਜ਼ੀਰੇ ਵਿਚ ਪੈਦਾ ਹੋਣ ਕਰਕੇ ਅਤੇ ਕਾਲੇ ਰੰਗ ਕਰਕੇ ਇਸ ਨੂੰ ਕ੍ਰਿਸ਼ਨ ਅਤੇ ਜਨਮਭੂਮੀ ਦੇ ਨਾਂ ਦੇ ਆਧਾਰ ਤੇ ਇਸ ਨੂੰ ਦ੍ਵੈਪਾਯਨ ਵੀ ਕਿਹਾ ਜਾਂਦਾ ਹੈ। ਪੁਰਾਣਾਂ ਵਿਚ ਘਟੋ ਘਟ 20 ਵਿਆਸਾਂ ਦਾ ਵਰਨਣ ਕੀਤਾ ਗਿਆ ਹੈ, ਜਿਹੜੇ ਵਿਸ਼ਨੂੰ ਜਾਂ ਬ੍ਰਹਮਾ ਦੇ ਅਵਤਾਰ ਹਨ, ਜਿਹੜੇ ਸਮੇਂ

---

[1551] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 218.

[1552] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 16.

ਸਮੇਂ ਵੇਦਾਂ ਨੂੰ ਸੰਗ੍ਰਹਿ ਅਤੇ ਪ੍ਰਚਾਰਨ ਲਈ ਧਰਤੀ ਉਤੇ ਪ੍ਰਗਟ ਹੁੰਦੇ ਰਹੇ ਸਨ।[1553] ਜਨਕਾਦਿਕ ਨਾਰਦ ਬਯਾਸ ਮੁਨੀ ਹਰਿਨਾਮ ਮਹਾਤਮ ਭਾਖਹਿ ਸਾਰੇ॥[1554]

**ਬਰਤਿ ਖੰਡ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨੌਂ ਖੰਡਾਂ (ਦੇਖੋ) ਵਿਚੋਂ ਇਕ ਖੰਡ ਦਾ ਨਾਮ। ਭਰਥ ਖੰਡ ਪਿਰਥਮਿ ਪਹਿਚਾਨ॥ ਕਿੰਨਰ ਇਲਾ ਬਰਤਿ ਪੁਨਿ ਮਾਨ॥33॥[1555]

**ਬਰਮ ਜੋਗ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬਰਮ ਜੋਗ ਤਿਨ ਬੀਸਾਂ ਪੂਰਾ ਥਾਟ ਏ॥59॥[1556]

**ਬਰਾਹ (ਅਵਤਾਰ)-** ਇਕ ਅਵਤਾਰ (ਦੇਖੋ) ਦਾ ਨਾਮ। ਮੀਨ ਪੁਨਿ ਕੂਰਮ ਬਰਾਹਿ ਨਰ ਸਿੰਘ ਪੁਨਿ ਬਾਵਨ ਪਰਸਰਾਮ ਰਾਮ ਪਹਚਾਨੀਐ॥[1557]

**ਬਰਿ ਸੁਦਾਂਤਾਂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਰਤਨਿ ਕ੍ਰਾਂਤਾ॥ ਬਰਿ ਸੁਦਾਂਤਾ॥88॥[1558]

**ਬਲਵੰਤ ਪੁਰਿ-** ਇਕ ਟਾਪੂ (ਦੇਖੋ) ਦਾ ਨਾਮ। ਬਿਜੈ ਪਾਲ ਬਲਵੰਤ ਪੁਰਿ ਖਸਟ ਅਉਰ ਇਹੁ ਮਾਨ॥64॥[1559]

**ਬਲਿ ਰਾਜਾ-** ਬਲਿ ਰਾਜਾ ਭਗਤ ਪ੍ਰਹਿਲਾਦ ਦਾ ਪੋਤਰਾ ਸੀ। ਇਸ ਨੇ ਤਪ ਕਰ ਕੇ ਸਾਰੇ ਦੇਵਤੇ ਜਿਤ ਲਏ, ਫਿਰ ਇੰਦਰ ਦੀ ਪਦਵੀ ਪ੍ਰਾਪਤ ਕਰਨ ਲਈ ਇਕੱਤਰ ਸੌ ਯੱਗ ਆਰੰਭੇ। ਜਦੋਂ ਯੱਗ ਨਿਰਵਿਘਨ ਸਮਾਪਤ ਹੋ ਗਏ ਤੇ ਅਖੀਰਲਾ ਚੱਲ ਰਿਹਾ ਸੀ ਤਦੋਂ ਇੰਦਰ ਨੇ ਆਪਣਾ ਸਿੰਘਾਸਣ ਹਿਲਦਾ ਵੇਖ ਵਿਸ਼ਨੂੰ ਤੋਂ ਸਹਾਇਤਾ ਮੰਗੀ। ਵਿਸ਼ਨੂੰ ਨੇ ਇੰਦਰ ਦੀ ਸਹਾਇਤਾ ਲਈ ਬੌਨੇ ਬ੍ਰਾਹਮਣ ਦਾ ਰੂਪ ਧਾਰ ਲਿਆ ਤੇ ਬਲਿ

---

[1553] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 501-02.

[1554] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1516.

[1555] ਉਹੀ, ਪਤਰਾ 1008.

[1556] ਉਹੀ, ਪਤਰਾ 1027.

[1557] ਉਹੀ, ਪਤਰਾ 4.

[1558] ਉਹੀ, ਪਤਰਾ 1054.

[1559] ਉਹੀ, ਪਤਰਾ 1318.

ਰਾਜਾ ਦੇ ਦੁਆਰੇ ਪੁੱਜ ਕੇ ਆਪਣੀ ਕੁਟੀਆ ਲਈ ਢਾਈ ਕਰਮਾਂ ਥਾਂ ਮੰਗੀ। ਬਲਿ ਰਾਜਾ ਦੇ ਗੁਰੂ ਸ਼ੁਕਰ ਨੂੰ ਇਸ ਭੇਖ ਤੇ ਸ਼ੱਕ ਪਿਆ ਉਸ ਨੇ ਬਲਿ ਰਾਜਾ ਨੂੰ ਦਾਨ ਦੇਣ ਤੋਂ ਰੋਕਿਆ। ਪਰ ਉਸ ਨੇ ਆਪਣੇ ਦਾਨੀ ਸੁਭਾਅ ਦੀ ਹਉਂ ਸਦਕਾ ਗੁਰੂ ਦਾ ਕਿਹਾ ਨਾ ਮੰਨਿਆ ਤੇ ਬ੍ਰਾਹਮਣ ਨੂੰ 'ਹਾਂ' ਕਹਿ ਦਿੱਤੀ। ਵਿਸ਼ਨੂੰ ਨੇ ਕਿਹਾ ਕਿ ਮੈਂ ਥਾਂ ਆਪਣੇ ਕਦਮਾਂ ਨਾਲ ਨਾਪਾਂਗਾ। ਇਸ ਤੇ ਉਸ ਨੇ ਇਕ ਕਦਮ ਨਾਲ ਮਾਤ-ਲੋਕ ਤੇ ਦੂਜੇ ਕਦਮ ਨਾਲ ਆਕਾਸ਼ ਮਿਣ ਲਿਆ ਤੇ ਅੱਧੇ ਕਰਮ ਦੀ ਹੋਰ ਥਾਂ ਬਲਿ ਰਾਜਾ ਤੋਂ ਮੰਗੀ। ਇਸ ਤੇ ਰਾਜੇ ਨੇ ਆਪਣਾ ਆਪ ਹਵਾਲੇ ਕਰ ਦਿੱਤਾ। ਵਿਸ਼ਨੂੰ ਨੇ ਬਲਿ ਰਾਜਾ ਦੀ ਛਾਤੀ ਤੇ ਪੈਰ ਰੱਖ ਕੇ ਪਤਾਲ ਵਿਚ ਧੱਕ ਦਿੱਤਾ ਤੇ ਕਿਹਾ ਤੂੰ ਇਥੋਂ  ਦਾ ਰਾਜ ਸੰਭਾਲ।  ਬਲਿ ਰਾਜਾ ਨੇ ਵਿਸ਼ਨੂੰ ਦਾ ਪੈਰ ਘੁਟ ਕੇ ਫੜ ਲਿਆ ਤੇ ਕਿਹਾ ਹੁਣ ਤੁਹਾਨੂੰ ਵੀ ਨਾਲ ਹੀ ਰਖਾਂਗਾ। ਵਿਸ਼ਨੂੰ ਨੇ ਬਲਿ ਰਾਜਾ ਦੇ ਤਪ ਅਤੇ ਦਾਨ ਸਦਕਾ ਉਸ ਦੀ ਬੇਨਤੀ ਨੂੰ ਸਵੀਕਾਰ ਕਰ ਲਿਆ ਤੇ ਕਿਹਾ ਕਿ ਅਸੀਂ ਤਿੰਨੇ ਮੁਖੀ ਦੇਵਤੇ- ਬ੍ਰਹਮਾ, ਵਿਸ਼ਨੂੰ, ਸ਼ਿਵ ਚਾਰ-ਚਾਰ ਮਹੀਨੇ ਤੇਰੇ ਦਰ ਤੇ ਪਹਿਰਾ ਦਿੰਦੇ ਰਹਾਂਗੇ।[1560] ਬਾਵਨ ਹ੍ਵੈ ਛਲਿਯੋ ਬਲਿ ਰਾਜਾ॥[1561]

**ਬਲਿਰਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਸਿਧਰਾਮ ਸਿਤਾਬ ਨਿਧਾ ਪਰਸਾ ਸੁਖਰਾਮ ਸੁਖੂ ਬਲਿਰਾਮ ਸੁ ਆਏ॥[1562]

**ਬਲੀ ਕੰਧਾਰੀ (ਵਲੀ ਕੰਧਾਰੀ)-** ਕੰਧਾਰ ਦਾ ਇਕ ਵਲੀ, ਕਰਾਮਾਤੀ ਫ਼ਕੀਰ, ਜਿਹੜਾ ਲੋਕ-ਪਰੰਪਰਾ ਵਿਚ ਵਲੀ-ਕੰਧਾਰੀ ਕਰਕੇ ਪ੍ਰਸਿਧ ਹੈ, ਬਾਲੇ ਵਾਲੀ ਜਨਮਸਾਖੀ ਵਿਚ ਵਲੀ ਕੰਧਾਰੀ ਨਾਲ ਸਾਹਵਲੀ ਵੀ ਲਿਖਿਆ ਹੈ। ਇਸ ਦਾ ਨਾਂ ਯਾਰ ਅਲੀ ਕਰਕੇ ਵੀ ਆਉਂਦਾ ਹੈ। ਇਸ ਫ਼ਕੀਰ ਨੂੰ ਆਪਣੀਆਂ ਕਰਾਂਮਾਤਾ ਦਾ ਬਹੁਤ ਘਮੰਡ ਸੀ। ਇਲਾਕੇ ਦੇ ਲੋਕਾਂ ਵਿਚ ਇਸ ਦੀ ਦਹਿਸ਼ਤ ਸੀ, ਇਸ ਨੇ ਪਾਣੀ ਦੇ ਸੋਮੇ ਉਤੇ ਕਬਜ਼ਾ ਕਰ ਰਖਿਆ ਸੀ। ਜਦੋਂ ਗੁਰੂ ਨਾਨਕ ਸਾਹਿਬ ਜੀ ਇਸ ਦੇ ਸਥਾਨ ਉਤੇ ਗਏ ਤਾਂ ਇਸ ਦੀ ਮਾਨਤਾ ਘਟਣ ਲਗੀ। ਇਸ ਨੇ ਗੁਸੇ ਵਿਚ ਆ ਕੇ ਭਾਈ ਮਰਦਾਨੇ ਨੂੰ ਪਾਣੀ ਨਾ ਪੀਣ ਦਿਤਾ। ਗੁਰੂ ਸਾਹਿਬ ਨੇ ਉਥੋਂ ਪਥਰ ਪੁਟ ਕੇ ਹੋਰ ਚਸ਼ਮਾ ਵਗਾ ਦਿਤਾ। ਅਤਿ ਗੁਸੇ ਵਿਚ ਆ ਕੇ ਇਸ ਨੇ ਗੁਰੂ ਜੀ ਵਲ ਭਾਰੀ ਪਥਰ ਵੀ ਰੋੜੇ।

---

[1560] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 221.

[1561] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 18.

[1562] ਉਹੀ, ਪਤਰਾ 594.

ਹਸਨ ਅਬਦਾਲ ਵਿਖੇ ਸਥਿਤ ਗੁਰਦੁਆਰਾ ਪੰਜਾ ਸਾਹਿਬ ਵਿਚਲੇ ਪਥਰ ਉਤੇ ਉਕਰਿਆ ਪੰਜੇ ਦਾ ਨਿਸ਼ਾਨ, ਇਸ ਘਟਨਾ ਦੀ ਗਵਾਹੀ ਦਰਸਾਉਂਦਾ ਹੈ।[1563] ਬਲੀ ਕੰਧਾਰੀ ਜਹਿ ਰਹੈ ਤਹਾ ਗਏ ਗੁਰਦੇਵ॥[1564]

**ਬਲੀ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਸੰਭੂ ਹਨੀਫਾ ਕਨੀਫਾ ਬਲੀ ਸਾਇ॥[1565]

**ਬਾਸਮਲੀ-** ਇਕ ਟਾਪੂ (ਦੇਖੋ) ਦਾ ਨਾਮ। ਬਾਸਮਲੀ ਪੁਨਿ ਅਉਰ ਕਨੇਰਿ॥71॥[1566]

**ਬਾਕਬਾਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਇਲਾ ਹਿੰਗੁਲਾ ਪਿੰਗੁਲਾ ਬਾਕਬਾਨੀ॥[1567]

**ਬਾਦੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਲਾਹ ਦੁਆਰਾ ਬਣਾਏ ਪਹਿਲੇ ਚਾਰ ਯਾਰਾਂ ਵਿਚੋਂ ਇਕ ਦਾ ਨਾਮ। ਬਾਦੀ ਆਬੀ ਆਤਸਿ ਜਾਨ॥ ਚਉਥਾ ਖਾਕੀ ਤਾਹਿ ਪਛਾਨ॥42॥[1568]

**ਬਾਬਰ-** ਜ਼ਹੀਰਉਦੀਨ ਮੁਹੰਮਦ ਬਾਬਰ (1483-1530 ਈ.) ਤੈਮੂਰ ਦੀ ਛੇਵੀਂ ਪੀੜ੍ਹੀ ਵਿਚੋਂ ਮੁਗ਼ਲ ਰਾਜ ਦਾ ਮੋਢੀ ਬਾਦਸ਼ਾਹ ਸੀ ਜੋ ਕਿ ਤੁਰਕਸਤਾਨ ਦਾ ਜੰਮ-ਪਲ ਤੇ ਚੰਗਾ ਮਨਚਲਾ ਫੌਜੀ ਜਰਨੈਲ ਸੀ। ਇਸ ਨੇ ਪਹਿਲੇ ਕਾਬਲ ਤੇ ਕਬਜਾ ਕੀਤਾ ਅਤੇ ਫਿਰ ਹਿੰਦੁਸਤਾਨ ਜਿੱਤਣ ਦੀ ਵਿਉਂਤ ਬਣਾਈ। ਭਾਰਤ ਉਤੇ ਚਾਰ ਹਮਲੇ ਕੀਤੇ ਤੇ ਆਖਰੀ ਹਮਲੇ ਸਮੇਂ ਇਬ੍ਰਾਹਿਮ ਲੋਧੀ ਨੂੰ ਹਰਾ ਕੇ ਅਪ੍ਰੈਲ 1526 ਈ. ਵਿਚ ਦਿੱਲੀ ਦਾ ਤਖਤ ਸੰਭਾਲਿਆ ਅਤੇ ਮੁਗਲ ਰਾਜ ਦੀ ਨੀਂਹ ਰੱਖੀ। 1521 ਈ. ਵਿਚ ਕੀਤੇ ਹਮਲੇ ਸਮੇਂ ਇਸ ਦੀ ਫੌਜ ਨੇ ਏਮਨਾਬਾਦ (ਸੈਦਪੁਰ) ਨਗਰ ਦਾ ਬੁਰਾ ਹਾਲ ਕੀਤਾ ਜਿਸ ਵਿਚ ਗਰੀਬ ਜਨਤਾ ਉਤੇ ਸਖਤ ਅਤਿਆਚਾਰ ਹੋਏ।[1569] ਬਾਬਰ ਪਾਤਿਸਾਹਿ ਸੋ ਜਾਨੈ॥[1570]

---

[1563] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 40.

[1564] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1672.

[1565] ਉਹੀ, ਪਤਰਾ 247.

[1566] ਉਹੀ, ਪਤਰਾ 1318.

[1567] ਉਹੀ, ਪਤਰਾ 1054.

[1568] ਉਹੀ, ਪਤਰਾ 941.

[1569] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 222.

**ਬਾਮਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕੂਰਮ (ਦੇਖੋ) ਦੀ ਪਿਠ ਉਪਰਲੇ ਅਠ ਹਾਥੀਆਂ ਵਿਚੋਂ ਇਕ ਹਾਥੀ ਦਾ ਨਾਮ ਜਿਨ੍ਹਾਂ ਉਪਰ ਧਰਤੀ ਟਿਕੀ ਹੋਈ ਹੈ। ਐਰਾਵਤਿ ਪੁੰਡਰੀ ਕਸੁ ਜਾਨ॥ ਬਾਮਨ ਅਉਰ ਮੁਕੰਦ ਪਛਾਨ॥[1571]

**ਬਾਲ-** ਇਕ ਟਾਪੂ (ਦੇਖੋ) ਦਾ ਨਾਮ। ਤੁੰਗ ਭਦਰਾ ਬੀਰਮ ਬਾਲ॥[1572]

**ਬਾਲ ਗੁੰਦਾਈ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਟਿਲਾ ਬਾਲ ਗੁੰਦਾਈ (ਦੇਖੋ) ਉਪਰ ਰਹਿਣ ਵਾਲਾ ਇਕ ਨਾਥ।[1573] ਫਿਰਿ ਕਰਿ ਨਾਥ ਗਏ ਸੋ ਤਹਾ॥ ਬਾਲ ਗੁੰਦਾਈ ਹੋਤੇ ਜਹਾ॥[1574]

**ਬਾਲਖਿਲਯ-** ਰਿਗਵੇਦ ਦੀਆਂ 11 ਰਿਚਾ, ਜਿਨ੍ਹਾਂ ਦੀ ਇਹ ਸੰਗਜਾ ਹੈ। 2 ਅੰਗੂਠੇ ਜੇਡਾ ਕੱਦ ਰਖਣ ਵਾਲੇ 60000 (ਸੱਠ ਹਜ਼ਾਰ) ਰਿਖੀ, ਜੋ ਕ੍ਰਿਯਾ ਦੇ ਪੇਟ ਤੋਂ ਕ੍ਰਤੁ ਦੇ ਵੀਰਯ ਦ੍ਵਾਰਾ ਉਤਪੰਨ ਹੋਏ। ਇਸ ਦੀ ਚਾਲ ਪੰਛੀ ਤੋਂ ਭੀ ਤੇਜ ਹੈ, ਅਰ ਇਹ ਸੂਰਜ ਦੇ ਰਥ ਦੀ ਰਾਖੀ ਕਰਦਾ ਹੈ। ਇਸ ਦਾ ਨਾਮ "ਖਰਵ" ਭੀ ਹੈ। ਇਕ ਕਥਾ ਇਹ ਵੀ ਹੈ ਕਿ ਪਾਰਵਤੀ ਦਾ ਸਰੂਪ ਦੇਖਕੇ ਬ੍ਰਹਮਾ ਦਾ ਵੀਰਯ ਪਾਤ ਹੋ ਗਿਆ, ਜਿਸ ਤੋਂ ਬਲਖਿਲਜ ਉਪਜੇ ਸਨ।[1575] ਬਾਲਖਿਲਯ ਪੁਨਿ ਬਿਕਰਮਾ ਗੰਗਾਬਜਾਸ ਸੁ ਜਾਨ॥[1576]

**ਬਾਲਮੀਕਿ-** ਬਾਲਮੀਕਿ ਨਾਂ ਦੇ ਦੋ ਪ੍ਰਸਿੱਧ ਰਿਸ਼ੀ ਹੋਏ ਹਨ। ਇਕ 'ਰਾਮਾਇਣ' ਦਾ ਕਰਤਾ ਜੋ ਬ੍ਰਾਹਮਣ ਸੀ। ਦੂਜਾ ਬਾਲਮੀਕਿ, ਚੰਡਾਲ ਜਾਤੀ ਦਾ ਸੀ। ਇਹ ਚੋਰੀ ਡਾਕੇ ਕਰਕੇ ਆਪਣੇ ਦਿਨ ਲੰਘਾਉਂਦਾ ਸੀ। ਇਕ ਦਿਨ ਇਸ ਨੂੰ ਕੁਝ ਸੰਤ ਮਿਲੇ। ਸੰਤਾਂ ਪੁੱਛਿਆ ਤੂੰ ਇਹ ਸਭ ਕੁਝ ਕਿਸ ਲਈ ਕਰਦਾ ਹੈਂ, ਉਸ ਨੇ ਕਿਹਾ, 'ਪਰਵਾਰ ਲਈ'। ਸੰਤਾਂ ਦਾ ਅਗਲਾ ਬਚਨ ਸੀ ਕਿ ਇਹ ਪੁੱਤਰ ਧੀਆਂ ਤੇਰੇ ਕੰਮ ਨਹੀਂ ਆਉਣੇ ਤੇ ਇਹ

---

[1570] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 692.

[1571] ਉਹੀ, ਪਤਰਾ 1009.

[1572] ਉਹੀ, ਪਤਰਾ 1318.

[1573] ਉਹੀ, ਪਤਰਾ 1653-56.

[1574] ਉਹੀ, ਪਤਰਾ 1653.

[1575] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 858.

[1576] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

ਪਾਪਾਂ ਦਾ ਫਲ ਤੈਨੂੰ ਹੀ ਭੁਗਤਣਾ ਪਵੇਗਾ। ਇਸ ਤੋਂ ਇਸ ਨੂੰ ਗਿਆਨ ਹੋ ਗਿਆ ਤੇ ਭਗਤੀ ਕਰਨ ਲੱਗ ਗਿਆ।[1577] ਬਾਲਮੀਕ ਬਕਦਾਲਭੰ ਬਾਵਨ ਬਲੀ ਮਹਾਨ॥3॥[1578]

**ਬਾਲਾ-** ਸ਼੍ਰੀ ਗੁਰੂ ਨਾਨਕ ਦੇਵ ਦਾ ਅਨੰਨ ਸਿਖ, ਜੋ ਚੰਦ੍ਰਭਾਨ ਸੰਧੂ ਜੱਟ ਦਾ ਸਪੁਤਰ ਸੀ। ਇਹ ਤਲਵੰਡੀ ਦਾ ਵਸਨੀਕ ਸੀ ਜਨਮਸਾਖੀ ਸਾਹਿਤ ਅਨੁਸਾਰ ਇਹ ਗੁਰੂ ਸਾਹਿਬ ਦੇ ਨਾਲ ਸਾਰੇ ਸਫਰਾਂ ਵਿਚ ਰਿਹਾ, ਅਰੁ ਗੁਰੂ ਅੰਗਦ ਸਾਹਿਬ ਨੂੰ ਇਸੇ ਨੇ ਹੀ ਗੁਰੂ ਨਾਨਕ ਦੇਵ ਦੀ ਕਥਾ ਸੁਣਾਈ, ਜਿਸ ਨੂੰ ਭਾਈ ਪੈੜੇ ਨੇ ਲਿਖਿਆ। ਇਸੇ ਪੋਥੀ ਦਾ ਨਾਮ ਭਾਈ ਬਾਲੇ ਵਾਲੀ ਜਨਮਸਾਖੀ ਹੈ। ਜਿਸ ਦਾ ਹੁਣ ਬਿਗੜਿਆ ਹੋਇਆ ਰੂਪ ਅਨੇਕ ਵਾਰ ਛਪਿਆ ਹੈ। ਭਾਈ ਬਾਲੇ ਦੀ ਉਮਰ ਗੁਰੂ ਨਾਨਕ ਦੇਵ ਤੋਂ ਤਿੰਨ ਵਰ੍ਹੇ ਵਡੀ ਲਿਖੀ ਹੈ, ਇਸ ਹਿਸਾਬ ਸੰਮਤ 1523 ਵਿਚ ਭਾਈ ਬਾਲਾ ਜਨਮਿਆ, ਇਸ ਦਾ ਦੇਹਾਂਤ ਸੰਮਤ 1601 ਵਿਚ ਖਡੂਰ ਹੋਇਆ। ਗੁਰੂ ਅੰਗਦ ਦੇਵ ਨੇ ਆਪਣੇ ਹਥੀਂ ਸੰਸਕਾਰ ਕੀਤਾ।[1579] ਮੇਲਾ ਆਯੋ ਅਚਲ ਕਾ ਬਾਲੈ ਭਾਖਿਉ ਆਇ॥[1580]

**ਬਾਲਾਪੁਰ ਪੈਠ (ਬਾਲਾਪੁਰ ਪੀਠ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦਖਣ ਵਿਚ ਇਕ ਸਥਾਨ ਦਾ ਨਾਮ। ਅਸਥੂਲ ਸਰੀਰ ਬਾਲਾਪੁਰ ਪੈਠ ਮੈ ਸੂਖਮ ਦੇਹਿ ਸੁ ਸੰਗਤਿ ਮਾਨੋ॥[1581]

**ਬਾਲੀ-** ਸੁਗ੍ਰੀਵ ਦਾ ਵਡਾ ਭਰਾ ਤੇ ਰਿਕਸ਼ਰਾਜ ਦਾ ਪੁਤਰ। ਪੌਰਾਣਿਕ ਕਥਾ ਅਨੁਸਾਰ ਬਾਲੀ ਨੂੰ ਸੁਗ੍ਰੀਵ ਇਕ ਵਾਰ ਇਕ ਗੁਫਾ ਵਿਚ ਬੰਦ ਕਰ ਆਇਆ। ਕਰੋਧਿਤ ਹੋਏ ਬਾਲੀ ਨੇ ਸੁਗ੍ਰੀਵ ਨੂੰ ਨਗਰ ਤੋਂ ਕਢ ਕੇ ਉਸਦੀ ਪਤਨੀ ਰੂਮਾ ਨੂੰ ਆਪ ਵਸਾ ਲਿਆ। ਸੁਗ੍ਰੀਵ ਨੇ ਰਾਮਚੰਦਰ ਦੀ ਸਹਾਇਤਾ ਨਾਲ ਬਾਲੀ ਨੂੰ ਮਾਰ ਕੇ ਆਪਣੀ ਪਤਨੀ ਵਾਪਸ ਲਈ।[1582] ਬਾਲੀ ਜੀਤ ਰਾਜ ਸਭਿ ਲਯੋ॥[1583]

---

[1577] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 223-224.

[1578] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

[1579] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 858.

[1580] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 781.

[1581] ਉਹੀ, ਪਤਰਾ 43.

[1582] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 171.

[1583] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 24.

**ਬਾਲੂ ਹਸਨਾ-** ਉਦਾਸੀ ਸੰਪ੍ਰਦਾਇ ਦੇ ਚਰਾ ਧੂਣੇ (ਦੇਖੋ) ਵਿਚੋਂ ਇਕ ਦਾ ਨਾਮ। ਪਹਲਾ ਬਾਲੂ ਹਸਨਾ ਜਾਨੈ॥[1584]

**ਬਾਵਨ (ਵਾਮਨ ਅਵਤਾਰ)-** ਵਿਸ਼ਨੂੰ ਦਾ ਇਕ ਅਵਤਾਰ (ਦੇਖੋ) ਜਿਸ ਦਾ ਦਸ-ਅਵਤਾਰਾਂ ਵਾਲੀ ਸੂਚੀ ਵਿਚ ਪੰਜਵਾਂ ਸਥਾਨ ਹੈ। ਬਾਲਮੀਕ ਬਕਦਾਲਭੰ ਬਾਵਨ ਬਲੀ ਮਹਾਨ॥3॥[1585]

**ਬਿਉਸਾ-** ਇਕ ਟਾਪੂ (ਦੇਖੋ) ਦਾ ਨਾਮ। ਬਿਉਸਾ ਚਾਠੂ ਪਰਿ ਏ ਚਾਲੀ॥[1586]

**ਬਿਅੰਗ-** ਇਕ ਟਾਪੂ (ਦੇਖੋ) ਦਾ ਨਾਮ। ਬੇਣੂ ਬਿਅੰਗ ਅੰਗਮੰਦਾਰ॥[1587]

**ਬਿਆਸ-** ਇਸ ਨੂੰ ਵਿਸ਼ਨੂੰ ਦਾ ਅਵਤਾਰ (ਦੇਖੋ) ਕਿਹਾ ਗਿਆ ਹੈ। ਬਿਆਸ ਰਿਸ਼ੀ ਦੇ ਪਿਤਾ ਪਰਾਸ਼ਰ ਅਤੇ ਮਾਤਾ ਮਤਸਯੋਦਰੀ ਸੀ। ਮਾਤਾ ਦੇ ਨਾਮ ਬਾਰੇ ਵਿਦਵਾਨਾਂ ਵਿਚ ਮਤਭੇਦ ਹੈ ਕਿਉਂਕਿ ਕਈ ਥਾਵਾਂ 'ਤੇ ਸਤਯਵਤੀ ਨਾਮ ਵੀ ਲਿਖਿਆ ਮਿਲਦਾ ਹੈ। ਇਹ ਬਹੁਤ ਹੀ ਵਿਦਵਿਤ ਪੁਰਸ਼ ਸਨ, ਕਿਉਂਕਿ ਪਰੰਪਰਾਗਤ ਚਲੰਤ ਪ੍ਰਮਾਣ ਹੈ ਕਿ ਚਾਰ ਵੇਦਾਂ ਦਾ ਸੰਪਾਦਨ-ਰਿਸ਼ੀ ਵੇਦ ਬਿਆਸ ਨੇ ਹੀ ਕੀਤਾ ਸੀ। ਪਹਿਲੇ ਵੇਦ-ਮੰਤ੍ਰ ਜ਼ੁਬਾਨੀ ਯਾਦ ਚਲੇ ਆਉਂਦੇ ਸਨ, ਇਸ ਨੇ ਇਨ੍ਹਾਂ ਨੂੰ ਚਾਰ ਵੇਦਾਂ ਦੇ ਰੂਪ ਵਿਚ ਵਿਸ਼ੇ-ਵਾਰ ਵੰਡ ਕੇ ਸੰਭਾਲਿਆ। ਬ੍ਰਹਮ ਸੂਤ੍ਰ ਦੀ ਰਚਨਾ ਬਿਆਸ ਰਿਸ਼ੀ ਦੁਆਰਾ ਕੀਤੀ ਹੋਣ ਕਰਕੇ ਇਨ੍ਹਾਂ ਨੂੰ ਵੇਦਾਂਤ ਸ਼ਾਸਤਰ ਦੇ ਮੋਢੀ ਵੀ ਕਿਹਾ ਜਾਂਦਾ ਹੈ। ਵਿਦਵਾਨਾਂ ਦੀ ਇਹ ਵੀ ਵਿਚਾਰ ਹੈ ਕਿ ਮਹਾਂਭਾਰਤ ਦਾ ਬਹੁਤਾ ਹਿਸਾ ਰਿਸ਼ੀ ਬਿਆਸ ਦੀ ਰਚਨਾ ਹੈ।[1588] ਕ੍ਰਿਸਨ ਮਹਾਂਨ ਬੋਧ ਕਲਗੀ ਪ੍ਰਿਥੂ ਬਿਆਸ ਹਰੀਹੰਸ ਮਨੂ ਯਗ ਰਿਖਭ ਸੋ ਜਾਨੀਐ॥[1589]

**ਬਿਸਕਰਮਾ (ਵਿਸ਼ਵਕਰਮਾ)-** 'ਸਰਬ ਕਰਤਾ'। ਇਹ ਨਾਂ ਅਸਲ ਵਿਚ ਕਿਸੇ ਸ਼ਕਤੀਸ਼ਾਲੀ ਦੇਵਤਾ ਇੰਦ੍ਰ ਜਾਂ ਸੂਰਯ ਦੀ ਇਕ ਉਪਾਧੀ ਸੀ, ਪਰ ਹੌਲੀ-ਹੌਲੀ ਇਹ ਸਿਰਜਨਾਸ਼ਕਤੀ ਦਾ ਮਾਨਵੀਕਰਨ ਬਣ ਗਿਆ।

---

[1584] ਉਹੀ, ਪਤਰਾ 696.

[1585] ਉਹੀ, ਪਤਰਾ 16.

[1586] ਉਹੀ, ਪਤਰਾ 1318.

[1587] ਉਹੀ.

[1588] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 224-25.

[1589] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 4.

ਇਸ ਰੂਪ ਵਿਚ ਵਿਸ਼ਵਕਰਮਾ ਵਿਸ਼ਵ ਦਾ ਸਭ ਤੋਂ ਵਡਾ ਉਸਰਈਆ ਹੈ ਅਤੇ ਰਿਗਵੇਦ ਦੀਆਂ ਦੋ ਰਿਚਾਵਾਂ ਵਿਚ ਇਸ ਨੂੰ "ਸਰਬਦਰਸ਼ੀ ਦੇਵਤਾ, ਜਿਸ ਦੇ ਹਰ ਪਾਸੇ ਅੱਖਾਂ, ਮੂੰਹ, ਬਾਹਾਂ ਅਤੇ ਪੈਰ ਲਗੇ ਹੋਏ ਹਨ ਅਤੇ ਜੋ ਸਵਰਗ ਤੇ ਪ੍ਰਿਥਵੀ ਨੂੰ ਬਣਾਉਣ ਵੇਲੇ ਆਪਣੀਆਂ ਬਾਹਾਂ ਅਤੇ ਖੰਭਾਂ ਨਾਲ ਹਵਾ ਦਿੰਦਾ (ਰੂਪ ਦਿੰਦਾ) ਹੈ।[1590] ਬਿਸਕਰਮਾ ਕੀ ਜਾਤਿ ਕਰੀਗਰਿ॥[1591]

**ਬਿਸਨ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਸਿਆਲਕੋਟ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1592] ਦੇਵਰਾ ਬਸੰਤੁਰਾਇ ਸਾਲਕੋਟ ਕੇ ਸੁ ਵਾਸੀ ਬਿਸਨ ਗੁਪਾਲਾ ਖੰਨੇ ਖਤਰੀ ਸੋ ਜਾਨੀਐ॥[1593]

**ਬਿਸਨ ਪਦੀ ਗੰਗਾ-** ਗੜ੍ਹਵਾਲ ਵਿਚ ਅਲਕਨੰਦਾ ਨਦੀ, ਜਿਸ ਉਪਰ ਬਦਰੀ ਕਾ ਆਸ਼ਰਮ ਸਥਿਤ ਹੈ।[1594] ਬਿਸਨ ਪਦੀ ਗੰਗਾ ਤਟਿ ਆਇ॥[1595]

**ਬਿਸਨ ਲੋਕ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜਿਥੇ ਵਿਸ਼ਨੂੰ (ਦੇਖੋ) ਦਾ ਨਿਵਾਸ ਹੈ, ਉਹ ਸਥਾਨ। ਬਿਸਨ ਲੋਕ ਮੈ ਪਹੁਚੇ ਜਾਏ॥[1596]

**ਬਿਸਨਪਾਤਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬਿਸਨਪਾਤਿ ਪਾਚਾਸ ਆਠ ਪੁਨਿ ਮਾਨਿਯੈ॥[1597]

---

[1590] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 520.

[1591] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 524.

[1592] ਉਹੀ, ਪਤਰਾ 1783.

[1593] ਉਹੀ, ਪਤਰਾ 1783.

[1594] Nundo Lal Dey, *The Geographical Dictionary Of Ancient And Mediaeval India,* Munshiram Manoharlal Publishers, New Delhi, Fourty Edition, 1984, Page 225.

[1595] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1425.

[1596] ਉਹੀ, ਪਤਰਾ 1036.

[1597] ਉਹੀ, ਪਤਰਾ 1027.

**ਬਿਸਨਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਜਗਸੀਤਲ ਮਾਣਕਚੰਦ ਹਰੀਕਿਸਨਾ ਬਿਸਨਾ ਕਿਰਪਾ ਜਗਰਾਇ॥[1598]

**ਬਿਸੰਭਰਿ ਪੁਰ-** ਪਟਨੇ ਦੇ ਆਲੇ-ਦੁਆਲੇ ਦਾ ਬਿਹਾਰ।[1599] ਸਾਲਸ ਰਾਇ (ਦੇਖੋ) ਜੌਹਰੀ ਦਾ ਸ਼ਹਿਰ। ਤਿਨ ਲਾਲ ਉਠਾਇ ਸੁ ਬਾਂਧ ਲਯੋ ਇਤਿਨੈ ਪਹੁਚੇ ਸੁ ਬਿਸੰਭਰ ਆਈ॥[1600]

**ਬਿਸਾਹਰਿ ਦੇਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ ਦਾ ਨਾਮ। ਪਰ ਇਹ ਬਿਸੈਹਰਿ ਦੇਸ (ਦੇਖੋ) ਨਾਲੋਂ ਵਖਰਾ ਹੈ। ਆਇ ਬਿਸਾਹਰਿ ਦੇਸ ਮੈ ਕਰੈਂ ਸੰਤ ਜਹ ਜਾਪ॥1॥[1601]

**ਬਿਸਾਲ ਦੇਸ-** ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਬਿਸਾਲ ਦੇ ਅਰਥ ਹਨ, ਫੈਲਿਆ ਹੋਇਆ[1602] ਭਾਵ ਵੱਡਾ। ਸੋ ਗੁਰੂ ਨਾਨਕ ਵਿਜੈ ਗ੍ਰੰਥ ਵਿਚ ਇਥੇ ਸ਼ਾਇਦ ਕਿਸੇ ਵਡੇ ਰਾਜ ਵਲ ਸੰਕੇਤ ਹੈ। ਲਈ ਉਡਾਰੀ ਤਹਾ ਤੇ ਪਹੁਚੇ ਦੇਸ ਬਿਸਾਲ॥12॥[1603]

**ਬਿਸੇਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਜਾ ਮਿਤਰਾਜਿਤ (ਦੇਖੋ) ਦੇ ਪੁਤਰ ਵੀਰ (ਦੇਖੋ) ਦਾ ਇਕ ਨਾਮ। ਨਾਮ ਬਿਸੇਰ ਤਾਹਿ ਕਾ ਰਾਖਿਉ॥[1604]

**ਬਿਸੈ ਹਰਿ ਦੇਸ-** ਆਧੁਨਿਕ ਖੋਜ ਅਨੁਸਾਰ ਕਮਾਉ, ਗੜਵਾਲ ਅਤੇ ਹਿਮਾਚਲ ਪ੍ਰਦੇਸ਼ ਦਾ ਇਲਾਕਾ। ਕਈ ਵਿਦਵਾਨ ਇਸ ਨੂੰ 'ਬੁਸ਼ਹਰ ਸ਼ਹਿਰ' ਦੇ ਨਾਂ ਦਾ ਵਿਕ੍ਰਿਤ ਰੂਪ ਕਹਿੰਦੇ ਹਨ।[1605] ਗੁਰੂ ਬਿਸੈਹਰਿ ਦੇਸ ਕੋ ਬਿਦਾ ਭਏ ਪੁਨਿ ਆਪ॥52॥[1606]

---

[1598] ਉਹੀ, ਪਤਰਾ 594.

[1599] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 172.

[1600] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1301.

[1601] ਉਹੀ, ਪਤਰਾ 1288.

[1602] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 863.

[1603] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1609.

[1604] ਉਹੀ, ਪਤਰਾ 1233.

**ਬਿਸੈਹਰਿ (ਟਾਪੂ)-** ਇਕ ਟਾਪੂ (ਦੇਖੋ) ਦਾ ਨਾਮ। ਬਹੁਰਿ ਬਿਸੈਹਰਿ ਜਾਨੋ ਬੀਰ॥[1607]

**ਬਿਸ੍ਵਾ ਮਿਤਰ (ਵਿਸਵਾਮਿਤ੍ਰ)-** ਇਕ ਪ੍ਰਸਿਧ ਰਿਸ਼ੀ। ਭਾਰਤੀ ਮਿਥ-ਪਰੰਪਰਾ ਵਿਚ ਜਿਸਦੀ ਗਿਣਤੀ ਸਤ ਵਡੇ ਰਿਸ਼ੀਆਂ (ਮਹਾਂ ਰਿਸ਼ੀਆਂ) ਵਿਚ ਕੀਤੀ ਜਾਂਦੀ ਹੈ। ਪੁਰਾਣ-ਸਾਹਿਤ ਵਿਚ ਵਿਸ਼ਵਾਮਿਤ੍ਰ ਦਾ ਵਸ਼ਿਸ਼ਟ ਨਾਲ ਬਹੁਤ ਵੈਰ ਦਰਸਾਇਆ ਗਿਆ ਹੈ। ਇਹ ਦੋਵੇਂ ਰਾਜਾ ਸੁਦਾਸ ਦੇ ਪੁਰੋਹਿਤ ਬਣਨ ਦੀ ਇਛਾ ਨੂੰ ਲੈ ਕੇ ਹੀ ਵੈਰ-ਭਾਵਨਾ ਰਖਦੇ ਹਨ। ਵਿਸ਼ਵਾਮਿਤ੍ਰ ਨੂੰ ਬਹੁਤ ਸਾਰੇ ਰਿਸ਼ੀਆਂ ਅਤੇ ਰਾਜਿਆਂ ਦਾ ਗੁਰੂ ਕਰਕੇ ਲਿਖਿਆ ਗਿਆ ਹੈ।[1608] ਬਿਸ੍ਵਾ ਮਿਤਰਿ ਬਸਿਸਟ ਪੁਨਿ ਭਾਰਦੁਆਜ ਸੁ ਜਾਨ॥[1609]

**ਬਿਸ੍ਵਾ ਮਿੱਤਰਿ-** ਇਕ ਪ੍ਰਸਿਧ ਰਿਸ਼ੀ ਜਿਹੜਾ ਜਨਮ ਰਾਹੀਂ ਕਸ਼ਤਰੀ ਸੀ, ਪਰ ਘੋਰ ਤਪੱਸਿਆ ਰਾਹੀਂ ਬ੍ਰਾਹਮਣ ਬਣ ਗਿਆ ਸੀ। ਇਹ ਸੱਤ ਮਹਾਂ ਰਿਸ਼ੀਆਂ ਵਿਚੋਂ ਇਕ ਸੀ। ਵੈਦਿਕ ਸਾਹਿਤ ਅਨੁਸਾਰ ਇਹ ਕੁਸ਼ਿਕ ਨਾਂ ਦੇ ਰਾਜਾ ਦਾ, ਜੋ ਕੁਸ਼ ਦੇ ਵੰਸ਼ ਵਿਚੋਂ ਸੀ, ਪੁਤਰ ਸੀ।[1610] ਬਿੱਸ੍ਰਾ ਮਿੱਤਰਿ ਤਪ ਪਰਤਾਪ॥[1611]

**ਬਿਹਰੀਮ ਜੋਗਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬਿਹਰੀਮ ਜੋਗਿ ਕਲੇਸ ਧੂਪੀ ਅਉਰ ਦੋਇ ਬਖਾਨਿਯੈ॥[1612]

**ਬਿਹਾਰੀਲਾਲ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਸਿਆਲਕੋਟ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1613] ਮਾਮਾ ਨੰਦ ਰਾਮ ਚੰਦ ਚਿਮਨਾ ਬਿਹਾਰੀਲਾਲ ਔਰ ਸੁਖਰਾਜ ਮਨਰਾਜ ਉਰ ਆਨੀਐ॥[1614]

---

1605 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 172.

1606 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1310.

1607 ਉਹੀ, ਪਤਰਾ 1318.

1608 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 208.

1609 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 50.

1610 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 522.

1611 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 788.

1612 ਉਹੀ, ਪਤਰਾ 1027.

**ਬਿਕਰਮਾ/ਵਿਕਰਮਾਜੀਤ/ਵਿਕ੍ਰਮਾਦਿਤਜ-** ਇਸ ਨਾਮ ਦੇ ਅਨੇਕ ਰਾਜੇ ਹੋਏ ਹਨ। ਖਾਸ ਕਰਕੇ ਪ੍ਰਤਾਪੀ ਰਾਜਿਆਂ ਦੀ ਵਿਕ੍ਰਮ-ਆਦਿਤਜ ਪਦਵੀ ਹੋ ਗਈ ਸੀ। ਪਰ ਸਭ ਤੋਂ ਪ੍ਰਸਿਧ ਗਰਦਭਿਲ ਰਾਜੇ ਦਾ ਪੁਤਰ ਉਜੈਨ ਦਾ ਪਤੀ ਸੀ, ਜਿਸ ਨੇ ਆਪਣਾ ਸੰਮਤ ਸਨ ਈਸਵੀ ਤੋਂ 57 ਵਰ੍ਹੇ ਪਹਿਲਾਂ ਆਰੰਭ ਕੀਤਾ, ਇਹ ਆਪ ਵਡਾ ਪੰਡਿਤ ਅਤੇ ਵਿਦਵਾਨਾਂ ਦੀ ਕਦਰ ਕਰਨ ਵਾਲਾ ਸੀ। ਇਸ ਦਾ ਦਰਬਾਰ ਰਤਨਰੂਪ ਗੁਣੀਆਂ ਨਾਲ ਭੂਸ਼ਿਤ ਸੀ।[1615] ਬਾਲਖਿਲਯ ਪੁਨਿ ਬਿਕਰਮਾ ਗੰਗਾਬਜਾਸ ਸੁ ਜਾਨ॥[1616]

**ਬਿਕਲਪ ਪੈਠ-** ਇਕ ਟਾਪੂ (ਦੇਖੋ) ਦਾ ਨਾਮ। ਬਹੁਰਿ ਬਿਕਲਪ ਪੈਠ ਤੁਮ ਜਾਨੋ॥[1617]

**ਬਿਖਾਦੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਬ੍ਰਹਮ ਬਾਦੀ॥ ਪੁਨਿ ਬਿਖਾਦੀ॥97॥[1618]

**ਬਿਜੈ ਪਾਲ-** ਇਕ ਟਾਪੂ (ਦੇਖੋ) ਦਾ ਨਾਮ। ਬਿਜੈ ਪਾਲ ਬਲਵੰਤ ਪੁਰਿ ਖਸਟ ਅਉਰ ਇਹੁ ਮਾਨ॥64॥[1619]

**ਬਿਦਰ-** ਬਿਦਰ, ਰਾਜਾ ਬਚਿਤਰ ਬੀਰਜ ਦੀ ਟਹਿਲਣ ਸੁਦੇਸ਼ਨਾ ਦੀ ਕੁਖ ਤੋਂ ਬਿਆਸ ਰਿਸ਼ੀ ਦਾ ਪੁਤਰ ਸੀ। ਇਸੇ ਲਈ ਇਸ ਨੂੰ 'ਦਾਸੀ-ਸੁਤ' ਵੀ ਕਿਹਾ ਗਿਆ ਹੈ। ਇਹ ਨੀਤੀਵੇਤਾ ਤੇ ਨੇਕ ਆਦਮੀ ਸੀ ਤੇ ਕ੍ਰਿਸ਼ਨ ਦਾ ਚੰਗਾ ਸਨੇਹੀ ਸੀ। ਇਹ ਸਦਾ ਕੌਰਵਾਂ ਤੇ ਪਾਂਡਵਾਂ ਨੂੰ ਆਪਸ ਵਿਚ ਠੀਕ ਬਿਉਹਾਰ ਕਰਨ ਦੀ ਸਿਖਿਆ ਦਿੰਦਾ ਰਹਿੰਦਾ ਸੀ। ਜਦ ਪਾਂਡਵਾਂ ਨੂੰ ਦੁਰਯੋਧਨ ਨੇ ਲਾਖ ਦੇ ਕਿਲੇ ਅੰਦਰ ਸਾੜਨ ਦੀ ਸਾਜ਼ਸ਼ ਕੀਤੀ ਤਦੋਂ ਇਸੇ ਨੇ ਉਨ੍ਹਾਂ ਨੂੰ ਬਚਾਇਆ। ਜਦੋਂ ਦੁਸ਼ਾਸਨ ਦ੍ਰੋਪਤੀ ਨੂੰ ਬੇਪਤ ਕਰਨ ਲਈ ਸਭਾ ਵਿਚ ਲਿਆਇਆ ਤਦੋਂ ਬਿਦਰ ਨੇ ਹੀ ਇਸ ਕੁਕਰਮ ਵਿਰੁਧ ਆਵਾਜ਼ ਉਠਾਈ। ਕ੍ਰਿਸ਼ਨ ਨੇ ਵੀ ਬਿਦਰ ਦੇ ਉਚੇ

---

1613 ਉਹੀ, ਪਤਰਾ 1783.

1614 ਉਹੀ, ਪਤਰਾ 1783.

1615 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 1096.

1616 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

1617 ਉਹੀ, ਪਤਰਾ 1318.

1618 ਉਹੀ, ਪਤਰਾ 1054.

1619 ਉਹੀ, ਪਤਰਾ 1318.

ਆਚਾਰ ਨੂੰ ਤਰਜੀਹ ਦਿੰਦਿਆਂ ਰਾਜੇ ਦੁਰਯੋਧਨ ਦੀ ਥਾਂ ਬਿਦਰ ਦੇ ਘਰ ਟਿਕਾਣਾ ਕੀਤਾ ਤੇ ਉਸ ਦੇ ਸਾਦੇ ਸਾਗ ਪਾਤ ਨੂੰ ਪਰਵਾਣ ਕੀਤਾ।[1620] ਬੇਦੀ ਬਿਪਰ ਬਿਦਰ ਪੁਨਿ ਤਾਹਿ ਨਮਾਮ ਮਹਾਨ॥5॥[1621]

**ਬਿਦਿਆਧਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਿਵਾਲੈ ਤੀਰਥ (ਦੇਖੋ) ਦੇ ਰਾਜਾ ਘੇਲੂ ਦੇ ਪੂਰਬਲੇ ਜਨਮ ਦਾ ਨਾਮ। ਬਿਦਿਆਧਰਿ ਤਹ ਨਾਮ ਸੁ ਰਾਖਾ॥[1622]

**ਬਿੰਧਿਆਚਲ-** ਇਕ ਪਹਾੜ, ਵਿੰਧਯਾਚਲ, ਜੋ ਉਤਰੀ ਹਿੰਦੁਸਤਾਨ ਨੂੰ ਦੱਖਣ ਤੋਂ ਵਖ ਕਰਦਾ ਹੈ।[1623] ਬਿੰਧਿਆਚਲ ਪਰਬਤਿ ਵਿਖੈ ਵਹਿ ਗਏ ਆਪ ਉਦਾਰ॥9॥[1624]

**ਬਿਧੀ (ਬਿਧ ਮਾਤਾ)-** ਇਕ ਦੇਵੀ, ਜੋ ਸੰਸਾਰ ਦੇ ਸਭ ਜੀਵਾਂ ਦੀ ਕਿਸਮਤ ਲਿਖਦੀ ਹੈ। ਮੱਥੇ ਤੇ ਹੱਥਾਂ ਦੀਆਂ ਰੇਖਾਵਾਂ ਤੇ ਭੋਰੀਆਂ ਨੂੰ ਬਿਧਮਾਤਾ ਦੇ ਅੱਖਰ ਕਿਹਾ ਜਾਂਦਾ ਹੈ। ਇਸ ਦੇਵੀ ਨੂੰ ਕਈ ਬ੍ਰਹਮਾ ਦੀ ਪਤਨੀ ਮੰਨਦੇ ਹਨ। ਬ੍ਰਹਮਾ ਸੰਸਾਰ ਦੀ ਉਤਪਤੀ ਕਰਦਾ ਹੈ ਤੇ ਉਸਦੀ ਪਤਨੀ ਬਿਧ ਸਭ ਪ੍ਰਾਣੀਆਂ ਦੀ ਕਿਸਮਤ ਅੰਕਦੀ ਹੈ। ਕਈ ਹਿੰਦੂ ਬਿਧ ਨੂੰ ਲਖਸ਼ਮੀ ਦੇਵੀ ਦਾ ਹੀ ਇਕ ਰੂਪ ਮੰਨਦੇ ਹਨ।[1625] ਬਿਧੀ ਬਿਦੇਹਿ ਪੈ ਕਹੀ ਇਹੀ ਕਥਾ ਸੁ ਜਾਨਿਯੈ॥[1626]

**ਬਿੰਧਜਾ ਦਿਰੀ-** ਸਤਪੁੜਾ ਪਰਬਤ ਸ਼੍ਰੇਣੀ ਵਿਚੋਂ ਤਾਪਤੀ ਅਤੇ ਹੋਰ ਨਦੀਆਂ ਨਿਕਲਦੀਆਂ ਹਨ। ਇਹ ਪਰਬਤ ਨਰਬਦਾ ਅਤੇ ਤਾਪਤੀ ਦੇ ਵਿਚਕਾਰ ਸਥਿਤ ਹੈ।[1627] ਬਿੰਧਜਾ ਦਿਰੀ ਪਰਬਤਿ ਵਿਖੈ ਸਪਤੰ ਪੁੜੇ ਮੈ ਜਾਨਿਯੈ॥[1628]

---

[1620] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 225.

[1621] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

[1622] ਉਹੀ, ਪਤਰਾ 1536-37.

[1623] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਤਵੀਂ ਵਾਰ, 2006, ਪੰਨਾ 201.

[1624] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1466.

[1625] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਜਿਲਦ ਸਤਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 1796-97.

[1626] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 62.

[1627] Nundo Lal Dey, *The Geographical Dictionary of Ancient and Medieval India,* Oriental Books, New Delhi, Forth edition, 1984, Page 38.

**ਬਿਬਾਲਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੂਰਨ ਨਾਸਕਾ ਨਾਥ ਭੇਰਵੋ ਸੋ ਜਾਨ ਲੋਹੁ ਚੌਧਵੇ ਬਿਬਾਲਕਾ ਮਹਾਨ ਸਿਧ ਜਾਨ ਸੋ॥[1629]

**ਬਿਬਾਲਕਾ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੂਰ ਨਾਮ ਕਾ ਪੁਨੈ ਬਿਬਾਲਕਾ ਪਛਾਨਿਯੈ॥[1630]

**ਬਿਬੂਝ ਰਾਜਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅੰਧੇਰ ਨਗਰੀ (ਦੇਖੋ) ਦਾ ਰਾਜਾ। ਅੰਧੇਰ ਨਗਰੀ ਬਿਬੂਝ ਰਾਜਾ॥ ਟਕੈ ਸੇਰ ਭਾਜੀ ਟਕੈ ਸੇਰ ਖਾਜਾ॥[1631]

**ਬਿਮਲ ਜੋਤਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬਿਮਲ ਜੋਤਿ ਕਮ ਏਕ ਪਚਾਸ ਬਖਾਨਿਯੋ॥[1632]

**ਬਿਮਲਜੋਤ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬਿਮਲਜੋਤ ਪੁਨਿ ਗੋਪੀਚੰਦ॥[1633]

**ਬਿਰਤਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸੁਰਤਾ (ਦੇਖੋ) ਮੀਰਾਬਾਈ ਦੀ ਅਵਤਾਰ ਦੀ ਮਾਤਾ। ਨਿਤ ਬ੍ਰਾਹਮਣ ਬੇਦ ਭਿਆਸ ਕਰੈ ਤਿਸ ਕੀ ਪਤਿਨੀ ਬਿਰਤਾ ਉਰ ਆਨੋ॥[1634]

**ਬਿਰਾਹਮ ਬੇਗ (ਬਿਰਾਹਮ ਖਾਂ)-** ਮੁਰਾਦ ਲੋਧੀ ਵੰਸ਼ ਦੇ ਤੀਜੇ ਸ਼ਾਸ਼ਕ ਇਬਰਾਹੀਮ ਖਾਂ ਲੋਧੀ ਤੋਂ, ਜਿਸ ਦੀ 21 ਅਪ੍ਰੈਲ 1526 ਈ. ਵਿਚ ਪਾਨੀਪਤ ਦੇ ਮੈਦਾਨ ਵਿਚ ਬਾਬਰ ਹਥੋਂ ਮੌਤ ਹੋ ਗਈ ਤੇ ਲੋਧੀ ਵੰਸ਼ ਦਾ ਖਾਤਮਾ ਹੋ ਗਿਆ ਸੀ। ਇਹ ਸਿਕੰਦਰ ਖਾਂ ਲੋਧੀ ਦਾ ਪੁਤਰ ਸੀ। ਇਸ ਨੇ ਦਿਲੀ ਉਤੇ 1517 ਤੋਂ 1526 ਈ. ਤਕ ਰਾਜ ਕੀਤਾ।[1635] ਨਾਮ ਬਿਰਾਹਮ ਬੇਗ ਤਾਂਹਿ ਪਹਿਚਾਨਿਯੇ॥[1636]

---

[1628] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1476.

[1629] ਉਹੀ, ਪਤਰਾ 1026.

[1630] ਉਹੀ, ਪਤਰਾ 246.

[1631] ਉਹੀ, ਪਤਰਾ 1620.

[1632] ਉਹੀ, ਪਤਰਾ 1026.

[1633] ਉਹੀ, ਪਤਰਾ 246-47.

[1634] ਉਹੀ, ਪਤਰਾ 398.

[1635] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 174.

**ਬਿਰਾਲ-** ਇਕ ਟਾਪੂ (ਦੇਖੋ) ਦਾ ਨਾਮ। ਸੰਕਰ ਮਾਧਵ ਇਅੰਗ ਬਿਰਾਲ॥[1637]

**ਬੀਕਾਨੇਰ-** ਰਾਜਪੂਤਾਨੇ ਵਿਚ 'ਬੀਕਾ' ਨਾਮ ਦੇ ਰਾਜੇ ਦਾ 1545 ਈ. ਵਿਚ ਵਸਾਇਆ ਇਕ ਨਗਰ।[1638] ਬੀਕਾਨੇਰ ਵਿਖੇ ਪੁਨਿ ਆਇ॥[1639]

**ਬੀਜਾਪੁਰ-** ਬੰਬਈ ਦੇ ਇਲਾਕੇ ਦਾ ਇਕ ਨਗਰ, ਜਿਥੇ ਪਹਿਲਾਂ ਚਾਲੂਕਜ ਆਦਿਕ ਵੰਸ਼ਾਂ ਦੀ ਰਾਜਧਾਨੀ ਰਹੀ, ਫੇਰ ਪੰਦ੍ਰਵੀਂ ਈਸਵੀ ਸਦੀ ਦੇ ਮੱਧ ਯੂਸਫ ਆਦਿਲਸ਼ਾਹ ਨੇ ਆਪਣੀ ਰਾਜਧਾਨੀ ਬਣਾਈ। ਇਸ ਪਿਛੋਂ ਪੇਸ਼ਵਾ ਅਤੇ ਸਤਾਰਾ ਦੇ ਰਾਜ ਅੰਦਰ ਇਹ ਰਿਹਾ। ਸਨ 1848 ਵਿਚ ਅੰਗ੍ਰੇਜ਼ੀ ਅਧਿਕਾਰ ਅੰਦਰ ਆਇਆ।[1640] ਬੀਜਾਪੁਰ ਮੈ ਆਪ ਗੁਰ ਆਇ ਸੁ ਕਰੁਣਾਧਾਮ॥19॥[1641]

**ਬੀਰ ਸੈਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਠਾਰ੍ਹਾਂ ਰਾਜਿਆਂ (ਦੇਖੋ) ਵਿਚੋਂ ਇਕ ਰਾਜੇ ਦਾ ਨਾਮ। ਬਰਿ ਸੈਨ ਪੰਚਮ ਪੁਨਿ ਜਾਨਹੁ॥[1642]

**ਬੀਰ ਬਿਸੈਹਰਿ-** ਇਕ ਟਾਪੂ (ਦੇਖੋ) ਦਾ ਨਾਮ। ਬੀਰ ਬਿਸੈਹਰਿ ਜਾਨੋ ਧੀਰ॥[1643]

**ਬੀਰਮ-** ਇਕ ਟਾਪੂ (ਦੇਖੋ) ਦਾ ਨਾਮ। ਤੁੰਗ ਭਦਰਾ ਬੀਰਮ ਬਾਲ॥[1644]

**ਬੁਢਾ ਰਵਿਦਾਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਉਪਰੰਤ ਦਰਸ਼ਨ ਕਰਨ ਆਇਆ ਇਕ ਵਿਅਕਤੀ। ਪੁਨਿ ਬੁੱਢਾ ਰਵਿਦਾਸ ਉਦਾਰੇ॥[1645]

---

1636 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 673.

1637 ਉਹੀ, ਪਤਰਾ 1318.

1638 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 175.

1639 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 815.

1640 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਤਵੀਂ ਵਾਰ, 2006, ਪੰਨਾ 878.

1641 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1392.

1642 ਉਹੀ, ਪਤਰਾ 1322.

1643 ਉਹੀ, ਪਤਰਾ 1318.

1644 ਉਹੀ.

1645 ਉਹੀ, ਪਤਰਾ 159.

**ਬੁਢਾ ਰਵਿਦਾਸ (ਦੂਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਵਿਦਾਸ ਪੁਰਾ (ਦੇਖੋ) ਦਾ ਇਕ ਬਾਲਕ ਜਿਸ ਦਾ ਨਾਮ ਗੁਰੂ ਜੀ ਨੇ ਉਸ ਦੀ ਸਮਝ ਦੇਖ ਕੇ ਬੁਢਾ ਰਵਿਦਾਸ ਰਖਿਆ। ਬਾਬਾ ਬੁਢਾ ਦਾ ਜ਼ਿਕਰ ਹੋਰ ਸ੍ਰੋਤਾਂ ਵਿਚ ਮਿਲਦਾ ਹੈ, ਪਰ ਰਵਿਦਾਸ ਬੁਢਾ ਦਾ ਜ਼ਿਕਰ ਨਹੀਂ ਮਿਲਦਾ। ਕਵਿ ਅਨੁਸਾਰ ਇਹ ਕੋਈ ਹੋਰ ਵਿਅਕਤੀ ਹੈ। ਗਯਾਨਵਾਨ ਬੂਢੇ ਕੇ ਸਮਾਨ ਬਾਤੈ ਕਹੀ ਤਿਨ ਬੁਢਾ ਰਵਿਦਾਸ ਨਾਮ ਗੁਰੂ ਤਾਕੋ ਰਾਖਿਆ॥46॥[1646]

**ਬੁਧਿ (ਰਾਜਾ)-** ਗੁਰੂ ਨਾਨਕ ਵਿਜੈ ਗ੍ਰੰਥ ਵਿਚ ਇਸ ਦਾ ਜ਼ਿਕਰ ਸ਼ਿਵਾਲੈ ਤੀਰਥ (ਦੇਖੋ) ਦੇ ਪ੍ਰਸੰਗ ਵਿਚ ਕੀਤਾ ਗਿਆ ਹੈ। ਇਹ ਯੇਲੀ (ਦੇਖੋ) ਦਾ ਪਤੀ ਸੀ। ਬੁਧਿ ਨਿਰਪ ਖੇਲਤਿ ਸਿਕਾਰਾ॥[1647]

**ਬੁਧਿ ਦਾਇਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਬੁਧਿ ਦਾਇਨੀ ॥ ਦੈਤਿ ਘਾਇਨੀ॥[1648]

**ਬੁਧਿ ਬਿਬੇਕ ਬਾਲਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਠਾਰ੍ਹਾਂ ਰਾਜਿਆਂ (ਦੇਖੋ) ਵਿਚੋਂ ਇਕ ਰਾਜੇ ਦਾ ਨਾਮ। ਬੁਧਿ ਬਿਬੇਕ ਬਾਲਕਾ ਜੋਇ॥[1649]

**ਬੁਧਿਮਲਿ-** ਸ੍ਰੀ ਚੰਦ ਤੋਂ ਸੰਤਰੇਣ ਤੱਕ ਦੀ ਚੇਲਾ ਪਧਤੀ ਦਾ ਇਕ ਉਦਾਸੀ ਸਾਧੂ।[1650] ਬੁਧਿਮਲਿ ਬੁਧਿ ਪ੍ਰਕਾਸ ਕਰੈ ਸੁ ਮਹਾਨਿਧੈ॥[1651]

**ਬੁਧੂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਯਾਂਗਰਮੱਲ ਹਰੀਹਰਿ ਸਾਵਣਿ ਕੇਵਲ ਰਾਮ ਬੁਧੂ ਨਰਸਾ॥[1652]

**ਬੂੜਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਸਮੇਂ ਦਰਸ਼ਨ ਕਰਨ ਆਇਆ ਇਕ ਵਿਅਕਤੀ। ਬੂੜਾ ਰੂੜਾ ਅਉਰ ਨਿਹਾਲੂ॥[1653]

---

[1646] ਉਹੀ, ਪਤਰਾ 762-63.

[1647] ਉਹੀ, ਪਤਰਾ 1553.

[1648] ਉਹੀ, ਪਤਰਾ 1054.

[1649] ਉਹੀ, ਪਤਰਾ 1323.

[1650] ਸੰਤਰੇਣ, *ਸ੍ਰੀ ਗੁਰੂ ਨਾਨਕ ਵਿਜੈ,* ਸੰਤਰੇਣਾਸ਼੍ਰਮ, ਭੂਦਨ, 2012, ਪੰਨਾ iv.

[1651] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 5.

[1652] ਉਹੀ, ਪਤਰਾ 594.

**ਬੇਗਮਪੁਰ-** ਸ਼ਾਲਾਮਾਰ ਦੀ ਸੜਕ ਕਿਨਾਰੇ ਜ਼ਕਰੀਆਖਾਨ ਲਹੌਰ ਦੇ ਗਵਰਨਰ ਦੀ ਮਾਂ ਬੇਗਮਜਾਨ ਦਾ ਲਹੌਰ ਪਾਸ ਵਸਾਇਆ ਪਿੰਡ, ਜੋ ਕਿਸੇ ਸਮੇਂ ਵਡੀ ਰੌਣਕ ਵਿਚ ਸੀ, ਹੁਣ ਵੀ ਕੁਝ ਚਿੰਨ੍ਹ ਬੇਗਮਪੁਰੇ ਦੀ ਪੁਰਾਣੀ ਉਚਤਾ ਨੂੰ ਪ੍ਰਗਟ ਕਰਦੇ ਹਨ।[1654] ਪਰ ਗੁਰੂ ਨਾਨਕ ਵਿਜੈ ਗ੍ਰੰਥ ਵਿਚ ਇਹ ਕੋਈ ਪਰਾ-ਲੌਕਿਕ ਨਗਰ ਹੈ ਜੋ ਬੈਕੁੰਠ ਦੇ ਰਸਤੇ ਵਿਚ ਹੈ। ਸੁੰਨਿ ਨਗਰਿ ਬੇਗਮਪੁਰਿ ਨਾਮੰ॥[1655]

**ਬੇਗਾਪੁਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਬੀਜਾਪੁਰ ਤੋਂ 80 ਕੋਹ ਦੂਰ ਇਕ ਨਗਰ ਦਾ ਨਾਮ, ਜਿਥੇ ਭਾਟੜੇ ਵਸਦੇ ਸਨ। ਬੀਜਾਪੁਰ ਤੇ ਸਤਿਗੁਰੂ ਬੇਗਾਪੁਰ ਮੈ ਆਇ॥[1656]

**ਬੇਣ ਪ੍ਰਿਅ-** ਇਕ ਟਾਪੂ (ਦੇਖੋ) ਦਾ ਨਾਮ। ਬੇਣ ਪ੍ਰਿਅ ਪੁਨਿ ਅਉਰ ਬਖਾਨੇ॥68॥[1657]

**ਬੇਣ ਬ੍ਰਿੰਗੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਪੁਨੈ ਭੂਚਰੀ ਖੇਚਰੀ ਬੇਣ ਬ੍ਰਿੰਗੀ॥98॥[1658]

**ਬੇਣੂ-** ਇਕ ਟਾਪੂ (ਦੇਖੋ) ਦਾ ਨਾਮ। ਬੇਣੂ ਬਿਅੰਗ ਅੰਗਮੰਦਾਰ॥[1659]

**ਬੇਰੀ ਲਾਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਸੇਠ ਖਤਰੀ ਰਾਮਾ ਬੇਰੀ ਲਾਲ ਜੀ॥[1660]

**ਬੈਸਨਵੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਸਟ ਮਾਤ੍ਰ ਕਾ (ਦੇਖੋ) ਵਿਚੋਂ ਇਕ ਦੇਵੀ ਦਾ ਨਾਮ। ਪ੍ਰਿਥਮ ਬੈਸਨਵੀ ਜਾਨ ਦੁਤੀ ਜਾਨੋ ਰੁਦ੍ਰਾਵੀ॥[1661]

---

[1653] ਉਹੀ, ਪਤਰਾ 159.

[1654] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਤਵੀਂ ਵਾਰ, 2006, ਪੰਨਾ 886.

[1655] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1063.

[1656] ਉਹੀ, ਪਤਰਾ 1392.

[1657] ਉਹੀ, ਪਤਰਾ 1318.

[1658] ਉਹੀ, ਪਤਰਾ 1054.

[1659] ਉਹੀ, ਪਤਰਾ 1318.

[1660] ਉਹੀ, ਪਤਰਾ 1629.

[1661] ਉਹੀ, ਪਤਰਾ 1233.

**ਬੈਸਿ ਬੰਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਵੰਸ਼ ਦਾ ਨਾਮ। ਬੈਸਿ ਬੰਸ ਮੈ ਜਨਮ ਹਮਾਰਾ ਪ੍ਰਭਤਾ ਕਾਰਨ ਬੇਦ ਪੜਾ॥[1662]

**ਬੈਹਲ ਪ੍ਰਮ ਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਚੋਣਾ ਭਾਗੂ ਜਾਨ ਸੁ ਬੈਹਲ ਪ੍ਰਮ ਚੰਦ ਜੀ॥[1663]

**ਬੈਕੁੰਠ (ਪਰਬਤ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ, ਧਰਤੀ ਉਪਰ ਪ੍ਰਮੁਖ ਅਠ ਪਰਬਤ ਹਨ, ਇਨ੍ਹਾਂ ਅਠਾਂ ਉਪਰ ਦਸ ਹੋਰ ਪਰਬਤ ਹਨ, ਉਨ੍ਹਾਂ ਦਸਾਂ ਵਿਚੋਂ ਇਕ ਦਾ ਨਾਮ। ਪਾਰਜਾਤ ਵੈਰਾਹ ਪ੍ਰਧਾਨ॥ ਮਰਕਟਮਯਾ ਬੈਕੁੰਠੇ ਜਾਨ॥30॥[1664]

**ਬੈਕੁੰਠ-** ਵਿਸ਼ਨੂੰ ਦਾ ਲੋਕ, ਇਕ ਸਵਰਗ। ਪੁਰਾਣਾਂ ਅਨੁਸਾਰ ਬੈਕੁੰਠ ਅੱਸੀ ਹਜ਼ਾਰ ਮੀਲ ਦੇ ਘੇਰੇ ਵਿਚ ਫੈਲਿਆ ਹੋਇਆ ਹੈ।[1665] ਬੈਕੁੰਠਾ ਖਯੰ ਵਿਸਨੂ ਲੋਕੰ॥[1666]

**ਬੈਜਨਾਥ-** ਯੂ. ਪੀ . ਦੇ ਜਿਲੇ ਅਲਮੋਰਾ ਵਿਚ ਇਕ ਨਗਰ ਜਿਥੇ ਸ਼ਿਵ ਦਾ ਪ੍ਰਸਿਧ ਮੰਦਿਰ ਇਸੇ ਨਾਮ ਦਾ ਹੈ।[1667] ਸੋਮਨਾਥ ਰਾਮਨਾਥ ਦ੍ਵਾਰਕਾ ਜਗਨਨਾਥ ਬੈਜਨਾਥ ਬਦਰੀ ਕਿਦਾਰ ਨਮਹੁ ਹਰਦੁਆਰ ਪਹਿਚਾਨੀਐ॥[1668]

**ਬੈਡੂਰਜਯਾਂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ, ਧਰਤੀ ਉਪਰ ਪ੍ਰਮੁਖ ਅਠ ਪਰਬਤ ਹਨ, ਇਨ੍ਹਾਂ ਅਠਾਂ ਉਪਰ ਦਸ ਹੋਰ ਪਰਬਤ ਹਨ, ਉਨ੍ਹਾਂ ਦਸਾਂ ਵਿਚੋਂ ਇਕ ਦਾ ਨਾਮ। ਕੈਲਾਸ ਮਰਦਨ ਬੈਡੂਰਜਯਾਂ॥ ਸੇਰਸਵਰਮ ਇਮ ਰਕਟਮਯਾ॥[1669]

---

1662 ਉਹੀ, ਪਤਰਾ 1610.

1663 ਉਹੀ, ਪਤਰਾ 1630.

1664 ਉਹੀ, ਪਤਰਾ 1008.

1665 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਸਤਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 1818-19.

1666 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 68.

1667 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 890.

1668 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1708.

1669 ਉਹੀ, ਪਤਰਾ 1008.

**ਬੈਰਮ ਭੱਟ**-ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਬੈਰਮ ਭੱਟ ਬਹੁਤ ਅਮੀਰ ਹੁੰਦਾ ਸੀ, ਜੋ ਗੋਦਾਵਰੀ ਦੇ ਕਿਨਾਰੇ ਦਖਣ ਵਿਚ ਰਹਿੰਦਾ ਸੀ। ਲੋਕ ਉਸ ਨੂੰ ਅਮੀਰ ਹੋਣ ਕਰਕੇ ਧਨਪਤਿ ਵੀ ਕਹਿੰਦੇ ਸਨ। ਉਸ ਦੀ ਪਤਨੀ ਦਾ ਨਾਮ ਰੂਪਵਤੀ ਹੁੰਦਾ ਸੀ। ਬੈਰਮ ਭੱਟ ਆਪਣੀ ਪਤਨੀ ਰੂਪ ਵਤੀ ਨੂੰ ਘਰੋਂ ਕੱਢ ਦਿੰਦਾ ਹੈ ਅਤੇ ਆਪ ਜੋਗੀ ਕੋਲੋਂ ਕੰਨਾ ਵਿਚ ਮੁੰਦਰਾ ਪਵਾ ਲੈਂਦਾ ਹੈ। ਮੁਸਲਮਾਨਾਂ ਤੋਂ ਪੁਛਣ ਤੇ ਪਤਾ ਲਗਦਾ ਹੈ ਕਿ ਮੁਸਲਮਾਨ ਧਰਮ ਵਡਾ ਹੈ ਇਸ ਲਈ ਉਹ ਮੁਸਲਮਾਨ ਬਣਦਾ ਹੈ। ਪਰ ਉਸ ਦੇ ਪਾਟੇ ਕੰਨ ਠੀਕ ਨਹੀਂ ਹੁੰਦੇ ਇਸ ਲਈ ਉਹ ਇਹ ਧਰਮ ਛੱਡ ਦਿੰਦਾ ਹੈ। ਫਿਰ ਉਹ ਹਿੰਦੂ ਬਣਦਾ ਹੈ, ਪਰ ਉਸ ਦੀ ਸੁੰਨਤ , ਪਾਟੇ ਕੰਨ ਠੀਕ ਨਹੀਂ ਹੁੰਦੇ ਇਸ ਲਈ ਇਸ ਧਰਮ ਨੂੰ ਵੀ ਛਡ ਦਿੰਦਾ ਹੈ। ਫਿਰ ਉਹ ਨਾਗ ਨਾਥ ਨੂੰ ਮਿਲਦਾ ਹੈ। ਨਾਗ ਨਾਥ ਸਮਝ ਜਾਂਦਾ ਹੈ ਕਿ ਇਹ ਬ੍ਰਾਹਮਣ ਵਿਗੜ ਗਿਆ ਹੈ ਅਤੇ ਸਜ਼ਾ ਤੋਂ ਬਿਨਾ ਇਸ ਨੇ ਸਮਝਣਾ ਵੀ ਨਹੀਂ । ਉਹ ਆਪਣੇ ਸੇਵਕਾਂ ਨੂੰ ਹੁਕਮ ਦਿੰਦਾ ਹੈ ਕਿ ਇਸ ਨੂੰ ਉਖਲੀ ਵਿਚ ਪਾ ਕੇ ਕੁਟ ਕੇ ਗੋਲਾ ਬਣਾ ਦਿਉ। ਸੇਵਕਾਂ ਨੇ ਗੋਲਾ ਬਣਾ ਕੇ ਨਾਗ ਨਾਥ ਅਗੇ ਰਖ ਦਿਤਾ। ਉਸਨੇ ਫਿਰ ਤੋਂ ਬ੍ਰਾਹਮਣ ਨੂੰ ਮਨੁਖ ਬਣਾ ਦਿਤਾ। ਫਿਰ ਉਸ ਤੋਂ ਪੁਛਿਆ ਕਿ ਤੂੰ ਹਿੰਦੂ ਹੈ ਕਿ ਮੁਸਲਮਾਨ। ਬ੍ਰਾਹਮਣ ਨੇ ਨਾਗ ਨਾਥ ਦੇ ਚਰਨ ਫੜ ਲਏ। ਨਾਗ ਨਾਥ ਬੈਰਮ ਕਾ ਜੈਸੇ॥[1670]

**ਬੈਰਾਗਰਿ-** ਇਕ ਪਰਬਤ (ਦੇਖੋ) ਦਾ ਨਾਮ। ਬੈਰਾਗਰਿ ਗਿਰਿ ਅਉਰ ਮਹਾਨ॥[1671]

**ਬੈਰੋਵਾਲ (ਵੈਰੋਵਾਲ)-** ਸੁਲਤਾਨਪੁਰ ਦੇ ਲਾਗੇ, ਕਿੜੀਆਂ ਪਠਾਣਾ ਨਾਲ ਇਕ ਪਿੰਡ। ਇਹ ਤਹਿਸੀਲ ਖਡੂਰ ਸਾਹਿਬ ਵਿਚ ਜੰਡਿਆਲਾ ਤੋਂ 20 ਕਿ. ਮੀ. ਦੂਰੀ ਉਤੇ ਸਥਿਤ ਹੈ।[1672] ਪੁਨਿ ਗੁਰ ਬੈਰੋਵਾਲ ਆਪ ਸੋ ਆਇਯੋ॥62॥[1673]

**ਬੈਲੋ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਉਪਰੰਤ ਦਰਸ਼ਨ ਕਰਨ ਆਇਆ ਇਕ ਵਿਅਕਤੀ। ਗੁੱਦੜ ਬੈਲੋ ਰਾਇ ਬੁਲਾਰ॥[1674]

---

[1670] ਉਹੀ, ਪਤਰਾ 797.

[1671] ਉਹੀ, ਪਤਰਾ 1426.

[1672] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 209.

[1673] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 716.

**ਬੋਧ (ਬੁਧ)-** ਬੁਧ ਦੀ ਧਾਰਮਕ ਗੁਰੂ ਦੇ ਰੂਪ ਵਿਚ ਮਹਾਨ ਸਫਲਤਾ ਕਾਰਨ ਹੀ ਬ੍ਾਹਮਣਾਂ ਨੇ ਉਸ ਨੂੰ ਵਿਰੋਧੀ ਨਾ ਸਮਝਦਿਆਂ ਹੋਇਆਂ, ਅਵਤਾਰ (ਦੇਖੋ) ਦੇ ਰੂਪ ਵਿਚ ਸਵੀਕਾਰ ਕੀਤਾ। ਸੋ ਇਸ ਤਰ੍ਹਾਂ ਬੁਧ ਦੇ ਰੂਪ ਵਿਚ ਵਿਸ਼ਣੂ ਦੈਤਾਂ ਤੇ ਪਾਪੀ ਮਨੁਖਾਂ ਨੂੰ ਵੇਦਾਂ ਦੀ ਅਵੱਗਿਆ ਕਰਨ ਜਾਤ ਪਾਤ ਤੋੜਨ ਅਤੇ ਰੱਬ ਦੀ ਹੋਂਦ ਤੋਂ ਮੁਨਕਰ ਹੋਣ ਦਾ ਉਤਸ਼ਾਹ ਹੋਣ ਲਈ ਅਤੇ ਇਸ ਤਰ੍ਹਾਂ ਉਨ੍ਹਾਂ ਦਾ ਆਪਣਾ ਵਿਨਾਸ਼ ਕਰਨ ਲਈ ਪ੍ਰਗਟ ਹੋਏ।[1675] ਪੁਨਿ ਤੈ ਬੋਧ ਸਰੂਪ ਬਨਾਏ॥[1676]

**ਬੋਧ ਗ੍ਰੰਥਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਅਗਮ ਪੰਥਨੀ॥ ਬੋਧ ਗ੍ਰੰਥਨੀ॥84॥[1677]

**ਬੋਧਾ (ਬੁੱਧ)-** ਬੁੱਧ ਮੱਤ ਦਾ ਬਾਨੀ ਗੌਤਮ ਬੁੱਧ। ਵਿਸ਼ਨੂੰ ਦਾ ਨੌਵਾਂ ਅਵਤਾਰ (ਦੇਖੋ)।[1678] ਜਗੰਨਾਥ ਬੋਧਾ ਅਵਤਾਰੇ॥[1679]

**ਬਜੰਕੜਿ ਦੇਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕੋਈ ਰੂਮ ਦੇ ਨੇੜੇ ਦਾ ਸਥਾਨ। ਪਹਿਲੇ ਸਭਿ ਬਜੰਕੜਿ ਦੇਸ ਮਿਲੇ ਤਿਨ ਰੂਮ ਲਈ ਪੁਨਿ ਸਾਂਮ ਸੁ ਆਏ॥[1680]

**ਬ੍ਰਹਸਪਤਿ ਨਗਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਭਗਤ ਧ੍ਰੂਅ (ਦੇਖੋ) ਦਾ ਨਗਰ। ਬ੍ਰਹਸਪਤਿ ਕੇ ਨਗਰਿ ਸੁ ਰਹੇ॥[1681]

**ਬ੍ਰਹਮ ਸੂਤਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਬ੍ਰਹਮ ਸੂਤਰੀ॥ ਰੂਪ ਪੂਤਰੀ॥93॥[1682]

---

[1674] ਉਹੀ, ਪਤਰਾ 159.

[1675] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 62-63.

[1676] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 18.

[1677] ਉਹੀ, ਪਤਰਾ 1054.

[1678] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 379.

[1679] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 74.

[1680] ਉਹੀ, ਪਤਰਾ 118.

[1681] ਉਹੀ, ਪਤਰਾ 1077.

[1682] ਉਹੀ, ਪਤਰਾ 1054.

**ਬ੍ਰਹਮ ਧਾਮਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਬ੍ਰਹਮ ਧਾਮਨੀ ਹਰਿਪਰੀ ਹਰਠਾਉਰੀ ਪਰਧਾਨਾ॥੭੭॥[1683]

**ਬ੍ਰਹਮ ਨੰਦ-** ਇਕ ਟਾਪੂ (ਦੇਖੋ) ਦਾ ਨਾਮ। ਗਯਾਰਮ ਬ੍ਰਹਮ ਨੰਦ ਪੁਨਿ ਕਹੇ॥[1684]

**ਬ੍ਰਹਮ ਪਨਾਹਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜੋਗ ਪਨਾਹਿ (ਦੇਖੋ) ਦੇ ਪੂਰਵਜਾਂ ਵਿਚੋਂ ਕੋਈ ਰਾਜਾ ਜੋ ਸੂਰਯ ਵੰਸ਼ ਵਿਚੋਂ ਸੀ। ਬ੍ਰਹਮ ਪਨਾਹਿ ਤਾਹਿ ਕਾ ਆਜਾ॥[1685]

**ਬ੍ਰਹਮ ਪੁਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਿਲਮਿਲਾ (ਸਾਲਮਲੀ) ਦੀਪ ਦਾ ਇਕ ਸ਼ਹਿਰ। ਆਇ ਬ੍ਰਹਮਪੁਰ ਮਾਹਿ ਸ੍ਰੀ ਗੁਰ ਚਾਤੁਰੇ॥[1686]

**ਬ੍ਰਹਮ ਪੁਰਿੰਦਰਿ-** ਇਕ ਟਾਪੂ (ਦੇਖੋ) ਦਾ ਨਾਮ। ਬ੍ਰਹਮ ਪੁਰਿੰਦਰਿ ਖਸਟਮਿ ਮਾਨੋ॥[1687]

**ਬ੍ਰਹਮ ਪੂਰਨਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਬ੍ਰਹਮ ਪੂਰਨਾ॥ ਅੰਨ ਪੂਰਨਾ॥[1688]

**ਬ੍ਰਹਮ ਬਾਦੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਬ੍ਰਹਮ ਬਾਦੀ॥ ਪੁਨਿ ਬਿਖਾਦੀ॥੭੭॥[1689]

**ਬ੍ਰੰਹਮ ਬਾਲਕਾ-** ਇਕ ਟਾਪੂ (ਦੇਖੋ) ਦਾ ਨਾਮ। ਬ੍ਰੰਹਮ ਬਾਲਕਾ ਬੀਸਮੀ ਕਹਯੈ॥[1690]

**ਬ੍ਰਹਮ ਬਾਲੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਅੰਤਰਾਲੀ॥ ਬ੍ਰਹਮ ਬਾਲੀ॥੮੭॥[1691]

---

[1683] ਉਹੀ.

[1684] ਉਹੀ, ਪਤਰਾ 1318.

[1685] ਉਹੀ, ਪਤਰਾ 1290.

[1686] ਉਹੀ, ਪਤਰਾ 1321.

[1687] ਉਹੀ, ਪਤਰਾ 1317.

[1688] ਉਹੀ, ਪਤਰਾ 1054.

[1689] ਉਹੀ.

[1690] ਉਹੀ, ਪਤਰਾ 1318.

**ਬ੍ਰਹਮ ਰਾਜਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨਾਗਾ ਨਾਗੀ ਦੇਸ ਦਾ ਇਕ ਰਾਜਾ। ਜੋ ਗੁਰੂ ਨਾਨਕ ਦੇਵ ਜੀ ਨੂੰ ਮਿਲਿਆ ਅਤੇ ਗੁਰੂ ਜੀ ਨੇ ਇਸ ਨੂੰ ਉਪਦੇਸ਼ ਦਿਤਾ। ਇਸ ਦੀ ਭੂਗੋਲਿਕ ਪੁਸ਼ਟੀ ਅਸੰਭਵ ਹੈ। ਆਹਿ ਕਮੱਖਜ ਦੇਵੀ ਜਹਾ॥ ਬ੍ਰਹਮ ਰਾਜਾ ਭੀ ਆਇਉ ਤਹਾ॥20॥[1692]

**ਬ੍ਰਹਮਜੋਗ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬ੍ਰਹਮਜੋਗ ਪੁਨਿ ਮੀਰ ਹੁਸੈਨਿ॥[1693]

**ਬ੍ਰਹਮਦਾਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਬ੍ਰਹਮੋਦਾਸ ਕਸ਼ਮੀਰ ਦਾ ਇਕ ਬ੍ਰਹਮਣ ਸੀ ਤੇ ਮੂਰਤੀ ਪੂਜਕ ਸੀ। ਗੁਰੂ ਜੀ ਨੇ ਇਸ ਨੂੰ ਉਪਦੇਸ਼ ਦੇ ਕੇ ਭਗਤੀ ਵਲ ਪ੍ਰੇਰਿਆ। ਗੁਰੂ ਜੀ ਨੇ ਮੂਰਤੀ ਵਾਲਾ ਪਥਰ ਅਤੇ ਚਰਨਾਂ ਵਿਚ ਧਰੇ ਪਥਰ ਦੀ ਉਦਾਹਰਨ ਦੇ ਕੇ ਕਿਹਾ ਕਿ ਸ਼ਰਧਾ ਤੋਂ ਬਿਨਾਂ ਭਗਤੀ ਵਿਅਰਥ ਹੈ। ਉਹ ਗੁਰੂ ਨਾਨਕ ਦੇਵ ਜੀ ਦਾ ਸਿਖ ਬਣ ਗਿਆ।[1694] ਜਿਥੇ ਕਵਿ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਬ੍ਰਹਮਦਾਸ ਨੂੰ ਉਪਦੇਸ਼ ਦੇਣ ਦੀ ਗੱਲ ਕੀਤੀ ਹੈ, ਉਥੇ ਜਨਮਸਾਖੀ ਸਾਹਿਤ ਵਿਚ ਬ੍ਰਹਮਦਾਸ ਦੀ ਗੁਰੂ ਜੀ ਨਾਲ ਚਰਚਾ ਹੋਈ ਦਰਸਾਈ ਹੈ। ਜਿਸ ਵਿਚ ਇਸ ਦਾ ਹੰਕਾਰ ਗੁਰੂ ਜੀ ਨੇ ਤੋੜਿਆ ਸੀ। ਬ੍ਰਹਮੋਦਾਸੋ ਵਾਚ॥ ਦੋਹਰਾ॥ ਤੁਲਸੀ ਮਾਲਾ ਗਲਿ ਨਹੀ ਨਾਹੀ ਸਾਲਗਰਾਮੁ॥[1695]

**ਬ੍ਰਹਮਵੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਸਟ ਮਾਤ੍ਰ ਕਾ (ਦੇਖੋ) ਵਿਚੋਂ ਇਕ ਦੇਵੀ ਦਾ ਨਾਮ। ਤ੍ਰਿਤਿਯੇ ਬ੍ਰਹਮਵੀ ਜਾਨ ਚਤੁਰਥੀ ਜਾਨ ਕੁਮਾਰੀ॥[1696]

**ਬ੍ਰਹਮਾ (ਟਾਪੂ)-** ਇਕ ਟਾਪੂ (ਦੇਖੋ) ਦਾ ਨਾਮ। ਜੰਗ ਜੋਧ ਅਰੁ ਜੰਗ ਬਲਿ ਨੰਦਾ ਬ੍ਰਹਮਾ ਜਾਨ॥[1697]

**ਬ੍ਰਹਮਾ (ਦੇਵਤਾ)-** ਹਿੰਦੂਆਂ ਦੇ ਤਿੰਨ ਪ੍ਰਮੁਖ ਦੇਵਤਿਆਂ ਵਿਚੋਂ, ਬ੍ਰਹਮਾ, ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਹੈ। ਪੌਰਾਇਕ ਕਥਾ ਅਨੁਸਾਰ ਇਸ ਦਾ ਜਨਮ ਸ਼ੇਸ਼ਨਾਗ ਦੀ ਸੇਜਾ ਉਤੇ ਬਿਰਾਜਮਾਨ ਵਿਸ਼ਨੂੰ ਦੀ ਧੁਨੀ ਵਿਚੋਂ ਫੁਟੇ ਕਮਲ ਦੇ ਫੂਲ ਤੋਂ ਸਮੁੰਦਰ ਵਿਚ ਹੋਇਆ ਸੀ। ਯਕੀਨ ਨਾ ਆਉਣ 'ਤੇ ਉਸ ਨੇ ਕਮਲ ਨੂੰ ਲੱਤ

---

[1691] ਉਹੀ, ਪਤਰਾ 1054.

[1692] ਉਹੀ, ਪਤਰਾ 1742.

[1693] ਉਹੀ, ਪਤਰਾ 246.

[1694] ਉਹੀ, ਪਤਰਾ 1635-40.

[1695] ਉਹੀ, ਪਤਰਾ 1636.

[1696] ਉਹੀ, ਪਤਰਾ 1233.

[1697] ਉਹੀ, ਪਤਰਾ 1318.

ਮਾਰੀ ਤੇ ਕਮਲ ਦੀ ਨਾਲੀ ਵਿਚ 36 ਜੁਗ ਘੁੰਮਦਾ ਰਿਹਾ। ਬ੍ਰਹਮਾ ਦੇ ਚਾਰ ਮੂੰਹ, ਲਾਲ ਰੰਗ ਤੇ ਚਾਰ ਬਾਹਾਂ ਮੰਨੀਆਂ ਜਾਂਦੀਆਂ ਹਨ ਤੇ ਇਹ ਵੀ ਮਨੌਤ ਹੈ ਕਿ ਚਾਰ ਮੁਖਾਂ ਤੋਂ ਹੀ ਚਾਰੇ ਵੇਦਾਂ ਦੀ ਸਿਰਜਣਾ ਹੋਈ ਹੈ। ਇਹ ਹੰਸ ਦੀ ਸਵਾਰੀ ਕਰਦਾ ਹੈ। ਇਸ ਦੇ ਚਾਰ ਮਾਨਸਿਕ ਪੁਤਰ-ਸਨਕ, ਸਨੰਦਨ, ਸਨਾਤਨ, ਸਨਤ ਅਤੇ ਦੋ ਪੁਤਰੀਆਂ-ਸਰਸਵਤੀ ਤੇ ਤਿਲੋਤਮਾ ਹਨ। ਬ੍ਰਹਮਾ ਦੇ ਮੁਖ ਤੋਂ ਬ੍ਰਾਹਮਣ, ਬਾਹਾਂ ਤੋਂ ਛਤ੍ਰੀ, ਪਟਾਂ ਤੋਂ ਵੈਸ਼ ਤੇ ਪੈਰਾਂ ਤੋਂ ਸ਼ੂਦ੍ਰ ਪੈਦਾ ਹੋਣ ਦੀ ਵਿਚਾਰ ਨੂੰ ਯਜੁਰ ਵੇਦ ਵਿਚ ਸਵੀਕ੍ਰਿਤੀ ਦਿਤੀ ਹੋਈ ਹੈ। ਬ੍ਰਹਮਾ ਦਾ ਇਕੋ ਇਕ ਮੰਦਿਰ ਪੁਸ਼ਕਰ ਹੈ।[1698] ਦੇਵਨਿ ਮਾਹਿ ਪ੍ਰਧਾਨ ਬ੍ਰਹਮਾ ਬਿਸਨ ਮਹੇਸ ਜੋ॥[1699]

**ਬ੍ਰਹਮਾਦਿਕ-** ਬ੍ਰਹਮ ਆਦਿਕ, ਬ੍ਰਹਮਾ ਅਤੇ ਹੋਰ, ਭਾਵ ਬ੍ਰਹਮਾ ਦੇ ਚਾਰ ਪੁਤਰ ਸਨਕ, ਸਨੰਦਨ, ਸਨਾਤਨ ਅਤੇ ਸਨਤਕੁਮਾਰ। ਵੇਖੋ ਸਨਕਾਦਿਕ।[1700] ਬ੍ਰਹਮਾਦਿਕ ਕੀ ਗਮ ਤਹਿ ਨਾਹਿ॥[1701]

**ਭਸਮਾਸੁਰ (ਰਾਕਸ਼)-** ਇਕ ਅਸੁਰ, ਜਿਸ ਨੇ ਸ਼ਿਵ ਦੀ ਉਪਾਸਨਾ ਕਰਕੇ ਉਸ ਤੋਂ ਇਹ ਵਰ ਪ੍ਰਾਪਤ ਕਰ ਲਿਆ ਸੀ ਕਿ ਜਿਸ ਸ਼ਖਸ਼ ਦੇ ਸਿਰ ਤੇ ਉਹ ਹੱਥ ਰਖੇਗਾ, ਉਹ ਉਸੇ ਛਿਣ ਭਸਮ ਹੋ ਜਾਵੇਗਾ। ਸ਼ਿਵ ਤੋਂ ਵਰ ਪ੍ਰਾਪਤ ਕਰਨ ਮਗਰੋਂ ਭਸਮਾਸੁਰ ਦੀ ਨੀਅਤ, ਪਾਰਬਤੀ ਦੀ ਸੁੰਦਰਤਾ ਵੇਖ ਕੇ, ਖੋਟੀ ਹੋ ਗਈ ਤੇ ਉਸ ਨੇ ਪਾਰਬਤੀ ਨੂੰ ਪ੍ਰਾਪਤ ਕਰਨ ਲਈ ਸ਼ਿਵ ਨੂੰ ਭਸਮ ਕਰ ਦੇਣਾ ਚਾਹਿਆ। ਸ਼ਿਵ ਜਾਨ ਬਚਾਉਣ ਲਈ ਲੁਕਦਾ ਫਿਰਿਆ ਅਤੇ ਕ੍ਰਿਸ਼ਨ ਨੇ ਸ਼ਿਵ ਦੀ ਸਹਾਇਤਾ ਕਰਨ ਲਈ ਭਸਮਾਸੁਰ ਨੂੰ ਕਿਸੇ ਢੰਗ ਨਾਲ ਆਪਣੇ ਸਿਰ ਉਤੇ ਹਥ ਰਖਣ ਲਈ ਵਰਗਲਾ ਲਿਆ। ਫਲਸਰੂਪ ਭਸਮਾਸੁਰ ਖੁਦ ਸਵਾਹ ਹੋ ਗਿਆ।[1702] ਭਸਮਾਸੁਰ ਸਿੰਙੀ ਰਿਖ ਦੋਇ॥[1703]

---

[1698] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 219.

[1699] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 6.

[1700] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 180.

[1701] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 47.

[1702] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਸਤਵੀਂ,* ਨੈਸ਼ਨਲ ਬੁਕ ਸ਼ਾਪ, ਦੂਜੀ ਵਾਰ 2016, ਪੰਨਾ 1829.

[1703] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 830.

**ਭਗਤਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਸਾਗਰਚੰਦ ਅਨੰਦਹਰੀ ਕਿਰਪਾਮੱਲ ਜੀ ਭਗਤਾ ਗੁਰਸਾ ਹੈ॥[1704]

**ਭਗਨਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ, ਇਸ ਤਰ੍ਹਾਂ ਦੇ ਧਰਤੀ ਉਪਰ ਅਠ ਪਰਬਤ ਹਨ। ਹਿਮ ਵੰਤ ਹੇਮ ਵੰਤ ਗੁਨਿ ਸੀਲ॥ ਨਿਖਧਮੇਰ ਭਗਨਾ ਵਤਨੀਲ॥28॥[1705]

**ਭੰਗਰ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ।ਪੁਨਿ ਡ਼ੰਗਰ ਭੰਗਰ ਲੰਗਰ ਜੂਫੁਨਿ ਹਾਰਤਿ ਜੀਤਨ ਈਸਰ ਭਾਰੇ॥[1706]

**ਭੰਗਰ ਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪ੍ਰਿਥਮ ਭੰਗਰ ਨਾਥ ਦੂਸਰੇ ਸੰਗਰ ਨਾਥ ਤੀਸਰਾ ਸੰਘਰੁ ਤੁਰੀ ਡ਼ੰਗਰੁ ਬਖਾਨੀਐ॥ [1707]

**ਭਗੀਰਥੰ-** ਇਕ ਰਾਜਾ, ਜਿਸ ਦੇ ਕਰੜੇ ਤਪਾਂ ਸਦਕਾ ਅਕਾਸ਼ ਵਿਚ ਵਗਦੀ ਗੰਗਾ ਨੂੰ, ਧਰਤੀ ਉਤੇ ਉਤਰਨਾ ਪਿਆ। ਇਸੇ ਰਾਜੇ ਦੇ ਨਾਉਂ ਉਤੇ ਗੰਗਾ ਨਦੀ ਨੂੰ ਭਗੀਰਥੀ ਵੀ ਕਿਹਾ ਜਾਂਦਾ ਹੈ। ਭਗੀਰਥ, ਅਜੁਧਿਆ ਦੇ ਸੂਰਜਵੰਸ਼ੀ ਰਾਜੇ ਦਲੀਪ ਦਾ ਪੁਤਰ ਸੀ।[1708] ਭਾਰਦੁਆਜ ਭਗੀਰਥੰ ਭਰਥ ਖੰਡ ਪੁਨਿ ਅਉਰ॥[1709]

**ਭਗੀਰਥੀ-** ਗੰਗਾ (ਦੇਖੋ)। ਇਹ ਨਾਂ ਸਗਰ ਦੇ ਵੰਸ਼ ਦੇ ਭਗੀਰਥ ਨਾਂ ਦੇ ਰਾਜੇ ਦੇ ਆਧਾਰ ਤੇ ਪ੍ਰਚਲਤ ਹੋਇਆ ਹੈ। ਭਗੀਰਥ ਦੀ ਤਪਸਿਆ ਨੇ ਸ਼ਿਵ ਨੂੰ ਰਾਜਾ ਸਗਰ ਦੇ ਲੜਕਿਆਂ ਦੀਆਂ ਅਸਥੀਆਂ ਦੇ ਇਸ਼ਨਾਨ ਕਰਨ ਲਈ ਜਿਹੜੀਆਂ ਕਪਿਲ ਰਿਸ਼ੀ ਦੀ ਕ੍ਰੋਧ ਅਗਨੀ ਨਾਲ ਭਸਮ ਹੋ ਗਈਆਂ ਸਨ, ਇਸ ਪੂਜਾ ਦਰਿਆ ਨੂੰ ਧਰਤੀ ਉਤੇ ਉਤਰਨ ਦੀ ਆਗਿਆ ਦੇਣ ਲਈ ਪ੍ਰੇਰਿਆ ਸੀ। ਭਗੀਰਥ ਨੇ ਇਸ ਦਰਿਆ ਦਾ ਨਾਂ ਸਾਗਰ ਰਖਿਆ ਅਤੇ ਇਸ ਨੂੰ ਪ੍ਰਿਥਵੀ ਉਤੋਂ ਸਮੁੰਦਰ ਤਕ ਲਿਜਾਕੇ ਪਾਤਾਲ ਵਿਚ ਲੈ ਗਿਆ ਜਿਥੇ

---

[1704] ਉਹੀ, ਪਤਰਾ 594.

[1705] ਉਹੀ, ਪਤਰਾ 1008.

[1706] ਉਹੀ, ਪਤਰਾ 246.

[1707] ਉਹੀ, ਪਤਰਾ 1026.

[1708] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਸਤਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 1833.

[1709] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

ਉਸ ਨੇ ਆਪਣੇ ਪਿਤਰਾਂ ਦੀਆਂ ਅਸਥੀਆਂ ਦਾ ਇਸ ਦੇ ਜਲ ਨਾਲ ਉਧਾਰ ਕੀਤਾ।[1710] ਜਮਨਾ ਸਰਸ੍ਵਤੀ ਭਗੀਰਥੀ ਪਿਰਾਗ ਰਾਜ ਪੈਸੁਨੀ ਕੁਬੇਰੀ ਤਾਪੀ ਕਿਸਨਾ ਸੁ ਜਾਨੀਐ॥[1711]

**ਭਟੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਚੋਰ ਦਾ ਨਾਮ। ਜੋ ਇਕ ਦਿਨ ਗੁਰੂ ਜੀ ਨੂੰ ਬਾਲਕ ਅਵਸਥਾ ਵਿਚ ਗਹਿਣੇ ਚੋਰੀ ਕਰਨ ਲਈ ਚੁਕ ਕੇ ਲੈ ਜਾਂਦਾ ਹੈ। ਗੁਰੂ ਜੀ ਅਪਣੀ ਸ਼ਕਤੀ ਨਾਲ ਆਪਣਾ ਵਜ਼ਨ ਵਧਾ ਲੈਂਦੇ ਹਨ ਅਤੇ ਉਹ ਥਕ ਜਾਂਦਾ ਹੈ। ਉਹ ਗਹਿਣੇ ਉਤਾਰ ਕੇ ਲੈ ਜਾਂਦਾ ਹੈ, ਪਰ ਥੋੜੀ ਦੂਰ ਜਾ ਕੇ ਥਕ ਕੇ ਡਿਗ ਜਾਂਦਾ ਹੈ। ਗੁਰੂ ਜੀ ਉਸ ਕੋਲ ਜਾਂਦੇ ਹਨ ਅਤੇ ਉਸਨੂੰ ਉਪਦੇਸ਼ ਦੇ ਕੇ ਸਿਧੇ ਰਸਤੇ ਪਾਉਂਦੇ ਹਨ। ਇਸ ਸਮੇਂ ਗੁਰੂ ਜੀ ਆਪਣੀ ਉਮਰ 12 ਸਾਲ ਦੀ ਬਣਾ ਲੈਂਦੇ ਹਨ, ਫਿਰ ਉਹ ਮਾਫੀ ਮੰਗਦਾ ਹੈ।[1712] ਇਤਿਨੈ ਸੁ ਭਟੀ ਝਬ ਆਇ ਗਯੋ ਤਿਸ ਆਵਤਿ ਨਾਹਿ ਲਗੀ ਕਛੁ ਬਾਰੇ॥[1713]

**ਭੰਡਾਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਭੰਡਾਰੀ ਜੈ ਦੇਉ ਕੇਸਰੀ ਲਕੜੰ॥[1714]

**ਭਦਰ ਕਾਲੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਭਦਰਕਾਲੀ ਕਹਯੋ ਬਿਨਾਨੀ॥[1715]

**ਭਦਰ ਖੰਡ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨੌਂ ਖੰਡਾਂ (ਦੇਖੋ) ਵਿਚੋਂ ਇਕ ਖੰਡ ਦਾ ਨਾਮ। ਰਾਮ ਭਦਰ ਮ੍ਰਿਤਸਟਾ ਕਹਯੈ॥ ਅਗ ਪਰਮਾਤਮ ਅਉਰ ਸੁ ਲਹਯੈ॥[1716]

**ਭਦਰਾ-** ਇਕ ਟਾਪੂ (ਦੇਖੋ) ਦਾ ਨਾਮ। ਤੁੰਗ ਭਦਰਾ ਬੀਰਮ ਬਾਲ॥[1717]

---

[1710] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 389.

[1711] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 57.

[1712] ਉਹੀ, ਪਤਰਾ 222-26.

[1713] ਉਹੀ, ਪਤਰਾ 222.

[1714] ਉਹੀ, ਪਤਰਾ 1629.

[1715] ਉਹੀ, ਪਤਰਾ 1049.

[1716] ਉਹੀ, ਪਤਰਾ 1008.

[1717] ਉਹੀ, ਪਤਰਾ 1318.

**ਭਦਰਿ ਕਾਲੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਭਦਰਿ ਕਾਲੀ॥ ਰਤਨਿ ਜਾਲੀ॥[1718]

**ਭਰਤ-** ਇਹ ਦਸ਼ਰਥ ਦਾ ਪੁਤਰ ਸੀ, ਜੋ ਕੈਕਯੀ ਦੀ ਕੁਖੋਂ ਪੈਦਾ ਹੋਇਆ ਸੀ ਅਤੇ ਰਾਮ ਦਾ ਮਤਰੇਆ ਭਰਾ ਸੀ। ਇਹ ਆਪਣੇ ਨਾਨੇ ਅਸ਼੍ਵਪਤੀ, ਜਿਹੜਾ ਕੈਕੇਯ ਦਾ ਰਾਜਾ ਸੀ, ਕੋਲੋਂ ਹੀ ਪੜ੍ਹਿਆ ਅਤੇ ਇਸ ਦਾ ਵਿਆਹ ਸੀਤਾ ਦੀ ਚਚੇਰੀ ਭੈਣ ਮਾਂਡਵੀ ਨਾਲ ਹੋਇਆ। ਇਸ ਦੀ ਮਾਤਾ ਨੇ ਮਮਤਾ ਦੇ ਵਸ ਹੋ ਕੇ ਰਾਮ ਨੂੰ ਬਣਵਾਸ ਦੁਆਕੇ, ਆਪਣੇ ਪੁਤਰ ਭਰਤ ਨੂੰ ਤਖਤ ਦਾ ਵਾਰਸ ਬਣਾਉਣਾ ਚਾਹਿਆ, ਪਰ ਭਰਤ ਨੇ ਆਪਣੇ ਵਡੇ ਭਰਾ ਦਾ ਹਕ ਮਾਰਨ ਤੋਂ ਇਨਕਾਰ ਕਰ ਦਿਤਾ।[1719] ਭਰਤਿ ਕੋ ਰਾਮ ਜੈਸੇ ਰਾਮ ਕੋ ਭਰਤਿ ਤੈਸੇ ਸੰਤਨਿ ਕੋ ਨਾਮ ਜੈਸੇ ਉਪਮਾ ਅੰਬੀਰ ਕੋ॥[1720]

**ਭਰਥ (ਭਰਤ)-** ਇਹ ਦਸ਼ਰਥ ਦਾ ਪੁਤਰ ਸੀ, ਜੋ ਕੈਕਯੀ ਦੀ ਕੁਖੋਂ ਹੋਇਆ ਸੀ ਅਤੇ ਰਾਮ ਦਾ ਮਤਰੇਆ ਭਰਾ ਸੀ। ਇਹ ਆਪਣੇ ਨਾਨੇ ਅਸ਼੍ਵਪਤੀ, ਜਿਹੜਾ ਕੈਕੇਯ ਦਾ ਰਾਜਾ ਸੀ, ਕੋਲੋਂ ਹੀ ਪੜ੍ਹਿਆ ਸੁਣਿਆ ਅਤੇ ਇਸ ਦਾ ਵਿਆਹ ਸੀਤਾ ਦੀ ਚਚੇਰੀ ਭੈਣ ਮਾਂਡਵੀ ਨਾਲ ਹੋਇਆ।[1721] ਭਗਤਿ ਭਰਥ ਪੁਨਿ ਭਰਥਰੀ ਭਾਰਥ ਗ੍ਰੰਥ ਮਹਾਨ॥8॥[1722]

**ਭਰਥ ਖੰਡ (ਭਰਤ ਖੰਡ/ਭਾਰਤ ਵਰਸ਼)-** ਹਿੰਦੂਸਤਾਨ, ਜਿਸ ਉਤੇ ਭਰਤ ਦਾ ਰਾਜ ਹੋਣ ਕਰਕੇ ਇਹ ਇਸ ਨਾਂ ਨਾਲ ਪ੍ਰਸਿਧ ਹੋਇਆ। ਇਹ ਨੌਂ ਖੰਡਾਂ ਵਿਚ ਵੰਡਿਆ ਹੋਇਆ ਹੈ: ਇੰਦ੍ਰ, ਦ੍ਵੀਪ, ਕੇਸ਼ਰੂਮਤ, ਤਾਮ੍ਰਵਰਣ, ਗਭਸਤਿਮਤ, ਨਾਗ ਦ੍ਵੀਪ, ਸੌਮਜ, ਗਾਂਧਰਵ ਅਤੇ ਵਾਰੁਣ।[1723] ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨੌਂ ਖੰਡਾਂ (ਦੇਖੋ) ਵਿਚੋਂ ਇਕ ਖੰਡ ਦਾ ਨਾਮ। ਭਾਰਦੁਆਜ ਭਗੀਰਥੰ ਭਰਥ ਖੰਡ ਪੁਨਿ ਅਉਰ॥[1724]

---

[1718] ਉਹੀ, ਪਤਰਾ 1054.

[1719] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 382-83.

[1720] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 722.

[1721] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 383.

[1722] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

[1723] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 389.

[1724] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

**ਭਰਥਰੀ-** ਇਕ ਪ੍ਰਸਿਧ ਜੋਗੀ ਜੋ ਕਿ ਪਹਿਲੇ ਮਾਲਵੇ ਦਾ ਰਾਜਾ ਸੀ ਤੇ ਫਿਰ ਬਿਰਕਤ ਹੋ ਕੇ ਚੰਗਾ ਸਾਧੂ ਬਣਿਆ। ਇਹ ਵੀ ਰਵਾਇਤ ਹੈ ਕਿ ਇਹ ਰਾਜਾ ਗੋਪੀਚੰਦ ਦਾ ਮਾਮਾ ਅਤੇ ਮੈਣਾਵੰਤੀ ਦਾ ਭਾਈ ਸੀ। ਨਾਥ ਸਿਧਾਂ ਦੀਆਂ ਬਾਣੀਆਂ ਵਿਚ ਇਸ ਦੇ ਪਦੇ ਤੇ ਸਲੋਕ ਮਿਲਦੇ ਹਨ, ਜਿਨ੍ਹਾਂ ਵਿਚ ਵੈਰਾਗ ਦੀ ਪ੍ਰਧਾਨਤਾ ਹੈ।[1725] ਭਗਤਿ ਭਰਥ ਪੁਨਿ ਭਰਥਰੀ ਭਾਰਥ ਗ੍ਰੰਥ ਮਹਾਨ॥8॥[1726]

**ਭਰਥਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬਹੁਰੋ ਅਠਾਈਸਵੋ ਈਸਰ ਸੋ ਜਾਨ ਲੇਹੁ ਬਹੁਰੋ ਭਰਥਰੀ ਉਨਤੀਸਮੋ ਸੁ ਜਾਨੀਐ॥[1727]

**ਭੱਲਾ ਖੰਨਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਹਰੀ ਚੰਦ ਪੁਨਿ ਭੱਲਾ ਖੰਨਾ ਪੋਨਈ॥[1728]

**ਭਵਾਨੀ ਦਾਸ-** ਸੁਲਤਾਨਪੁਰ ਦੇ ਨਵਾਬ ਦਉਲਤ ਖਾਂ ਲੋਧੀ ਦਾ ਖਜ਼ਾਨਚੀ। ਤੁਰਤਿ ਭਵਾਨੀ ਦਾਸ ਲਿਆਏ॥[1729]

**ਭਵਾਨੀ-** ਭਵ ਦਾ ਅਰਥ ਹੈ ਸ਼ਿਵ ਅਤੇ ਭਵਾਨੀ ਦਾ ਅਰਥ ਸ਼ਿਵਾਂ ਦੀ ਇਸਤਰੀ ਪਾਰਬਤੀ ਹੈ। ਸ਼ਾਕਤ ਤੇ ਤਾਂਤ੍ਰਿਕ ਲੋਕ ਇਸ ਦੀ ਆਦਿ ਸ਼ਕਤੀ ਜਾਂ ਮਹਾਂਮਾਈ ਮੰਨ ਕੇ ਪੂਜਾ ਉਪਾਸਨਾ ਕਰਦੇ ਹਨ।[1730] ਤਬ ਸਿਵ ਪੈ ਜਾ ਕਹਯੋ ਭਵਾਨੀ॥[1731]

**ਭਾਕਨ ਰਾਇ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਹਰੀ ਚੰਦ ਕੰਪਾਨੀ ਭਾਕਨ ਰਾਇ ਜੀ॥[1732]

---

[1725] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 233.

[1726] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

[1727] ਉਹੀ, ਪਤਰਾ 1026.

[1728] ਉਹੀ, ਪਤਰਾ 1629.

[1729] ਉਹੀ, ਪਤਰਾ 509.

[1730] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 234.

[1731] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1547.

[1732] ਉਹੀ, ਪਤਰਾ 1629.

**ਭਾਗਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਮਾਣਕ ਚੰਦ ਖਹੇਰੜ ਬਾਰੀ ਭਾਗ ਚੰਦ॥[1733]

**ਭਾਗਚੰਦ(ਸਿਆਲਕੋਟੀ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਸਿਆਲਕੋਟ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1734] ਭਾਗਚੰਦ ਭਾਗਰਾਇ ਦੰਦਚੰਦ ਆਇਕੈ ਸੋ ਪਾਇ ਪਰੇ ਗੁਰੂ ਕੈ ਮਹਾਨੀਐ॥39॥[1735]

**ਭਾਗਰਾਇ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਸਿਆਲਕੋਟ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1736] ਭਾਗਚੰਦ ਭਾਗਰਾਇ ਦੰਦਚੰਦ ਆਇਕੈ ਸੋ ਪਾਇ ਪਰੇ ਗੁਰੂ ਕੈ ਮਹਾਨੀਐ॥39॥[1737]

**ਭਾਗਾ ਨਗਰ-** ਇਕ ਟਾਪੂ (ਦੇਖੋ) ਦਾ ਨਾਮ। ਸੋਲਮ ਭਾਗਾ ਨਗਰ ਸੁ ਜਾਨੋ॥[1738]

**ਭਾਗੀਬੰਦਰ-** ਇਕ ਟਾਪੂ (ਦੇਖੋ) ਦਾ ਨਾਮ। ਸੂਰਤਿ ਭਾਗੀ ਬੰਦਰ ਸਾਇ॥72॥[1739]

**ਭਾਨ ਕੁੰਡ-** ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਕੁੰਡ ਦੇ ਸ਼ਾਬਦਿਕ ਅਰਥ ਹਨ- ਜੋ ਜਲ ਦੀ ਰਖਯਾ ਕਰੇ, ਟੋਆ, ਗਢਾ, ਚਬਚਾ।[1740] ਸੋ ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਭਾਨ (ਸੂਰਯ) ਦੇ ਨਾਮ ਉਪਰ ਬਣੇ ਕਿਸੇ ਕੁੰਡ ਵਲ ਸੰਕੇਤ ਕੀਤਾ ਗਿਆ ਹੈ। ਭਾਨ ਕੁੰਡ ਵਿਖੈ ਕਰੈ ਇਸਨਾਨ ਜੋ ਨਰ ਜਾਇਕੈ॥[1741]

---

1733 ਉਹੀ.

1734 ਉਹੀ, ਪਤਰਾ 1783.

1735 ਉਹੀ.

1736 ਉਹੀ.

1737 ਉਹੀ.

1738 ਉਹੀ, ਪਤਰਾ 1318.

1739 ਉਹੀ.

1740 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 337.

1741 ਸੰਤਰੇਣ, *ਗੁਰੂ ਨਾਨਕ ਵਿਜੈ ਗ੍ਰੰਥ,* ਹਥ ਲਿਖਤ ਖਰੜ੍ਹਾ, ਸੰਤਰੇਣਾਸ੍ਰਮ, ਭੂਦਨ, ਪਤਰਾ 859.

**ਭਾਨਪੁਰੀ-** ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਾਨ ਦੇ ਅਰਥ ਹਨ ਪ੍ਰਕਾਸ਼ ਜਾਂ ਜਿਸ ਪਾਸੇ ਤੋਂ ਸੂਰਜ ਚੜ੍ਹਦਾ ਹੈ।[1742] ਸੋ ਨਾਨਕ ਵਿਜੈ ਗ੍ਰੰਥ ਅਨੁਸਾਰ ਇਹ ਬਿਸਾਲ ਦੇਸ ਦੇ ਚੜ੍ਹਦੇ ਵਾਲੇ ਪਾਸੇ ਦਾ ਕੋਈ ਨਗਰ ਹੈ। ਬ੍ਰਿਖ ਭਾਨ ਪੁਰੀ ਇਕ ਔਰ ਤਹਾ ਤਹ ਜਾਇ ਰਹੇ ਗੁਰਦੇਵ ਉਦਾਰੇ॥[1743]

**ਭਾਰਥ (ਭਾਰਤ)-** ਭਰਤ ਦੇ ਵੰਸ਼ ਵਾਲੇ, ਵਿਸ਼ੇਸ਼ ਕਰਕੇ ਪਾਂਡਵ ਰਾਜਕੁਮਾਰਾਂ ਵਿਚੋਂ ਇਕ।[1744] ਭਗਤਿ ਭਰਥ ਪੁਨਿ ਭਰਥਰੀ ਭਾਰਥ ਗ੍ਰੰਥ ਮਹਾਨ॥8॥[1745]

**ਭਾਰਦੁਆਜ (ਭਾਰਦ੍ਵਾਜ/ਭਰਦ੍ਵਾਜ)-** ਇਕ ਰਿਸ਼ੀ, ਜਿਸ ਦੇ ਨਾਂ ਨਾਲ ਕਈ ਵੈਦਕ ਰਿਚਾਵਾਂ ਸਬੰਧਤ ਕੀਤੀਆਂ ਜਾਂਦੀਆਂ ਹਨ। ਇਹ ਬ੍ਰਿਹਸਪਤੀ ਦਾ ਪੁਤਰ ਅਤੇ ਪਾਂਡਵਾਂ ਦੇ ਗੁਰੂ ਦ੍ਰੋਣ ਦਾ ਪਿਤਾ ਸੀ।[1746] ਭਾਰਦੁਆਜ ਭਗੀਰਥੰ ਭਰਥ ਖੰਡ ਪੁਨਿ ਅਉਰ॥[1747]

**ਭਾਲ ਚੰਡੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਭਾਲ ਚੰਡੀ॥ ਬਹੁਰਿ ਠੰਡੀ॥[1748]

**ਭਾਲਚੰਦ-** ਇਕ ਟਾਪੂ (ਦੇਖੋ) ਦਾ ਨਾਮ। ਮਦਰਾ ਭਾਲਚੰਦ ਪੁਨਿ ਜਾਨ॥[1749]

**ਭਿਵੀਖਨ-** ਰਾਵਣ ਦਾ ਛੋਟਾ ਭਾਈ ਬਭੀਖਣ ਇਕ ਭਲੇ ਸੁਭਾ ਦਾ ਆਦਮੀ ਸੀ। ਇਸ ਨੇ ਰਾਵਣ ਨੂੰ ਬੜਾ ਸਮਝਾਇਆ ਕਿ ਉਹ ਸੀਤਾ ਨੂੰ ਰਾਮ ਜੀ ਦੇ ਹਵਾਲੇ ਕਰ ਦੇਵੇ, ਪਰ ਰਾਵਣ ਨਾ ਮੰਨਿਆ। ਲੜਾਈ ਵੇਲੇ ਬਭੀਖਣ ਰਾਮ ਵਲ ਹੋ ਗਿਆ ਤੇ ਰਾਵਣ ਦੇ ਸਾਰੇ ਅੰਦਰਲੇ ਭੇਤ ਦੱਸ ਦਿਤੇ। ਇਸਨੇ ਹੀ ਰਾਵਣ ਦੇ ਨਾ ਮਰਨ ਦਾ ਭੇਤ ਰਾਮ ਨੂੰ ਦੱਸਿਆ ਕਿ ਰਾਵਣ ਦੇ ਹਿਰਦੇ ਵਿਚ 'ਅੰਮ੍ਰਿਤ-ਕੁੰਡ' ਹੈ ਜਿਸ ਕਰਕੇ ਇਸ ਦੇ ਵੱਢੇ-ਕੱਟੇ ਅੰਗ ਮੁੜ ਜੁੜ ਜਾਂਦੇ ਹਨ। ਉਸ ਕੁੰਡ ਦੇ ਸੁਕਣ ਤੇ ਹੀ ਰਾਵਣ ਮਰ ਸਕਦਾ ਹੈ। ਰਾਮ ਚੰਦਰ ਨੇ

---

[1742] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 913.

[1743] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1612.

[1744] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 389.

[1745] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

[1746] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 385.

[1747] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

[1748] ਉਹੀ, ਪਤਰਾ 1054.

[1749] ਉਹੀ, ਪਤਰਾ 1318.

'ਅਗਨਿ ਬਾਣ' ਮਾਰ ਕੇ ਰਾਵਣ ਦਾ 'ਅੰਮ੍ਰਿਤ ਕੁੰਡ' ਸੁਕਾ ਦਿਤਾ ਤੇ ਉਹ 'ਰਾਮ ਬਾਣ' ਨਾਲ ਢਹਿ-ਢੇਰੀ ਹੋ ਗਿਆ। ਲੰਕਾ ਫਤਹਿ ਹੋਣ ਉਪਰੰਤ ਰਾਮ ਚੰਦਰ ਨੇ ਰਾਜਗੱਦੀ ਬਭੀਖਣ ਨੂੰ ਦੇ ਦਿਤੀ।[1750] ਲੰਕਾ ਖੋਸ ਭਿਵੀਖਨ ਦੀਨੀ॥[1751]

**ਭੀਸਮ-** ਗੰਗਾ ਦਾ ਪੁਤਰ ਤੇ ਕੌਰਵਾਂ ਪਾਂਡਵਾਂ ਦਾ ਪੜਦਾਦਾ ਹੋਣ ਕਰਕੇ ਭੀਸ਼ਮ ਨੂੰ 'ਗੰਗੇਵ ਪਿਤਾਮਾ' ਕਿਹਾ ਜਾਂਦਾ ਹੈ। ਇਹ ਰਾਜਾ ਸ਼ਾਂਤਨੂੰ ਦਾ ਪੁਤਰ ਸੀ ਤੇ ਇਸ ਦਾ ਪਹਿਲਾ ਨਾਮ ਦੇਵਬ੍ਰਤ ਸੀ। ਸ਼ਾਂਤਨੂੰ ਨੇ ਇਕ ਝੀਊਰਾਂ ਦੀ ਕੁੜੀ ਸਤਿਆਵਤੀ ਨਾਲ ਸ਼ਾਦੀ ਕਰਨੀ ਚਾਹੀ, ਪਰ ਉਸ ਨੇ ਇਸ ਗੱਲੋਂ ਇਨਕਾਰ ਕਰ ਦਿਤਾ ਕਿ ਮੇਰੀ ਸੰਤਾਨ ਨੂੰ ਤਾਂ ਰਾਜ ਨਹੀਂ ਮਿਲਣਾ, ਰਾਜ ਦਾ ਅਧਿਕਾਰੀ ਤਾਂ ਦੇਵਬ੍ਰਤ ਹੀ ਹੋਵੇਗਾ। ਦੇਵਬ੍ਰਤ ਨੇ ਪਿਤਾ ਦੀ ਲੋਚਾ ਪੂਰਾ ਕਰਨ ਲਈ ਇਹ ਪ੍ਰਣ ਕਰ ਲਿਆ ਕਿ ਮੈਂ ਰਾਜ-ਗੱਦੀ ਉਤੇ ਨਹੀਂ ਬੈਠਾਂਗਾਂ ਤੇ ਨਾਹੀ ਸ਼ਾਦੀ ਕਰਾਵਾਂਗਾ।[1752] ਭ੍ਰਿਗੂ ਭੀਸਮੰ ਭੀਲਨੀ ਭੀਮਾ ਸੰਕਰ ਜਾਨ॥[1753]

**ਭੀਖਮ-** ਭੀਸਮ (ਦੇਖੋ) ਦਾ ਹੀ ਨਾਮ। ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਛੇ ਜਤੀ (ਦੇਖੋ) ਵਿਚੋਂ ਇਕ ਜਤੀ ਦਾ ਨਾਮ। ਪੰਚਮ ਲਛਮਣ ਜਤੀ ਖਸਟਮ ਭੀਖਮ ਕਹਯੈ॥[1754]

**ਭੀਖਾ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1755] ਭੀਖਾ ਰੁਲਦੂ ਭਗਤੀਵੰਤਿ॥[1756]

**ਭੀਖਾਰੀ ਦਾਸ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਮਾਰਵਾੜੀ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1757] ਖੇਮਚੰਦ ਲਾਲਦਾਸ ਤੀਸਰਾ ਭੀਖਾਰੀ ਦਾਸ ਕਿਰਪਾ ਪੂਰਨ ਚੰਦ ਔਰ ਪਹਚਾਨੀਐ॥[1758]

---

[1750] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 218.

[1751] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 964.

[1752] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 121.

[1753] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

[1754] ਉਹੀ, ਪਤਰਾ 1026.

[1755] ਉਹੀ, ਪਤਰਾ 1783.

[1756] ਉਹੀ.

**ਭੀਮ ਸੰਕਰ-** ਬਾਰ੍ਹਾਂ ਮਹਾਂ ਲਿੰਗਾਂ ਵਿਚੋਂ ਇਕ ਦਾ ਨਾਂ।[1759] ਭੀਮਾ ਸੰਕਰ ਭਿਵਰੇ ਮੂਲੀ॥[1760]

**ਭੀਮ-** ਦਮਯੰਤੀ ਦੇ ਪਿਤਾ ਦਾ ਨਾਂ। ਰੁਦ੍ਰ ਦਾ ਜਾਂ ਵੁਸ ਪ੍ਰਕਾਸ਼ਾਂ ਵਿਚੋਂ ਇਕ ਦਾ ਨਾਂ।[1761] ਅਰਜਨ ਭੀਮ ਕਿ ਹੈ ਤੂੰ ਕਰਨੰ॥[1762]

**ਭੀਮਸੈਣ-** ਭੀਮ (ਦੇਖੋ) ਦਾ ਪੂਰਾ ਨਾਮ। ਭੀਮਸੈਣ ਗੁਰ ਭਗਤਿ ਜੋ ਭਗਤੀ ਭਗਤਿ ਮਹਾਨ॥7॥[1763]

**ਭੀਮਾ ਸੰਕਰ (ਭੀਮ ਸੰਕਰ)-** ਇਹ ਡਾਕਿਣੀ ਵਿਚ ਹੈ। ਇਹ ਲਗਭਗ ਭੀਮੇਸ੍ਵਰ ਲਿੰਗਮ ਵਾਂਗ ਹੀ ਹੈ ਜਿਹੜਾ ਰਾਜਮਹੇਂਦ੍ਰੀ ਜ਼ਿਲੇ ਵਿਚ ਦ੍ਰਚਰਮ ਵਿਚ ਪੂਜਿਆ ਜਾਂਦਾ ਹੈ ਅਤੇ ਉਥੇ ਇਸ ਨੂੰ ਬਾਰ੍ਹਾਂ ਮਹਾਂ ਲਿੰਗਾਂ ਵਿਚੋਂ ਇਕ ਮੰਨਕੇ ਬਹੁਤ ਸਤਿਕਾਰ ਦਿਤਾ ਜਾਂਦਾ ਹੈ।[1764] ਭ੍ਰਿਗੁ ਭੀਸਮੰ ਭੀਲਨੀ ਭੀਮਾ ਸੰਕਰ ਜਾਨ॥[1765]

**ਭੀਲਨੀ (ਭੀਲਣੀ)-** ਭੀਲ ਜਾਤੀ ਦੀ ਇਕ ਤੀਵੀਂ। ਰਵਾਇਤ ਹੈ ਕਿ ਇਸ ਦੇ ਜੂਠੇ ਬੇਰ ਰਾਮ ਨੇ ਖਾਧੇ ਸਨ। ਇਸ ਦਾ ਅਸਲੀ ਨਾਂ ਸ਼ਬਰੀ ਸੀ। ਇਹ ਮਤੰਗ ਰਿਸ਼ੀ ਦੀ ਚੇਲੀ ਸੀ ਤੇ ਪੰਪਾਸਰ ਦੇ ਕੰਢੇ ਰਹਿੰਦੀ ਸੀ। ਬਨਬਾਸ ਦੇ ਦਿਨੀਂ ਰਾਮ ਕੁਝ ਚਿਰ, ਸ਼ਬਰੀ ਦੇ ਆਸ਼ਰਮ ਵਿਚ ਠਹਿਰੇ ਅਤੇ ਇਥੇ ਹੀ ਉਨ੍ਹਾਂ ਨੇ ਭੀਲਣੀ ਦੇ ਜੂਠੇ ਬੇਰ, ਪਿਆਰ ਵਿਚ ਮੁਗਧ ਹੋ ਕੇ ਖਾਧੇ ਸਨ। ਇਥੇ ਹੀ ਰਾਮ ਦੇ ਸਾਹਮਣੇ ਭੀਲਣੀ ਆਪਣੀ ਚਿਤਾ ਬਣਾ ਕੇ ਭਸਮ ਹੋ ਗਈ।[1766] ਭ੍ਰਿਗੁ ਭੀਸਮੰ ਭੀਲਨੀ ਭੀਮਾ ਸੰਕਰ ਜਾਨ॥[1767]

---

[1757] ਉਹੀ.

[1758] ਉਹੀ.

[1759] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 395.

[1760] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1560.

[1761] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ 2013, ਪੰਨਾ 395.

[1762] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1226.

[1763] ਉਹੀ, ਪਤਰਾ 16.

[1764] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 488-89.

[1765] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

[1766] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਸਤਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 1844.

[1767] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

**ਭੁਗਾਵਤੀ (ਭੋਗਵਤੀ)-** ਵਿਸ਼ਈ। ਪਤਾਲ ਦੇ ਹੀ ਭਾਗ ਨਾਗਲੋਕ ਵਿਚ ਵਰਤਮਾਨ ਨਾਗਾਂ ਦੀ ਰਾਜਧਾਨੀ ਦਾ ਨਾਂ। ਇਸ ਦਾ ਦੂਜਾ ਨਾਂ ਪੂਤ-ਕਰੀ ਹੈ।[1768] ਮਦਾਕਨੀ ਭੁਗਾਵਤੀ ਧਨੰਸ ਤੀਰਥੰ ਗੁਨੇ॥[1769]

**ਭੁਟੰਹੰ/ਭੁਟੰਤ-** ਅਜੋਕਾ ਭੂਟਾਨ। ਇਸ ਦਾ ਨਾਮ ਭੋਟਾ ਵੀ ਹੈ ਇਹ ਕਸ਼ਮੀਰ ਦੇ ਪਛਮ ਤੋਂ ਕਾਮਰੂਪ ਅਤੇ ਮਾਨਸ ਸਰੋਵਰ ਦੇ ਦਖਣ ਤੱਕ ਫੈਲਿਆ ਹੋਇਆ ਹੈ।[1770] ਗਏ ਭੁਟੰਹੰ ਦੇਸਿ ਮਝਾਰੇ॥48॥[1771]

**ਭੂਚਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਪੁਨੈ ਭੂਚਰੀ ਖੇਚਰੀ ਬੇਣ ਬ੍ਰਿੰਗੀ॥98॥[1772]

**ਭੂਤਵੇ ਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਤੀਸਵੇ ਭੂਤਵੇ ਨਾਥ ਕਨਿਕ ਸੋ ਏਕ ਤੀਸ ਬਤੀਸਮੋ ਸੰਭੂ ਨਾਥ ਮਨ ਮੈ ਪਛਾਨੀਐ॥51॥[1773]

**ਭੂਮ ਬਿਵਰ-** ਭੂਮ ਦੇ ਕੋਸ਼ਗਤ ਅਰਥ ਹਨ ਪ੍ਰਿਥਵੀ ਜਾਂ ਧਰਤੀ[1774] ਅਤੇ ਬਿਵਰ ਦੇ ਅਰਥ ਹਨ ਖੁਡ।[1775] ਸੋ ਜੋ ਧਰਤੀ ਵਿਚੋਂ ਆਇਆ ਹੋਵੇ। ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰੋਮਧੂਜ ਰਾਕਸ਼ ਧਰਤੀ ਵਿਚੋਂ ਆਈ ਅਤੇ ਉਸ ਨੇ ਰਿਸ਼ੀਆਂ ਨੂੰ ਤੰਗ ਪਰੇਸ਼ਾਨ ਕਰਨਾ ਸ਼ੁਰੂ ਕਰ ਦਿਤਾ। ਭੂਮ ਬਿਵਰ ਤੇ ਰਾਕਸ ਆਈ॥[1776]

**ਭੈ ਕਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਭੂਤਿ ਭੈ ਕਰੀ॥ ਬਹੁਰਿ ਜੈ ਕਰੀ॥[1777]

---

1768 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 396.

1769 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 57.

1770 Nundo Lal Dey, *The Geographical Dictionary of Ancient and Medieval India,* Oriental Books, New Delhi, Forth edition, 1984, Page 33.

1771 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1683.

1772 ਉਹੀ, ਪਤਰਾ 1054.

1773 ਉਹੀ, ਪਤਰਾ 1026.

1774 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਤਵੀਂ ਵਾਰ, 2006, ਪੰਨਾ 922.

1775 ਉਹੀ, ਪੰਨਾ 876.

1776 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1578.

1777 ਉਹੀ, ਪਤਰਾ 1054.

**ਭੈ ਬਿਲਾਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਸਦਾ ਜੈ ਕਰੀ ਭੈਰਵੀ ਭੈ ਬਿਲਾਨੀ॥[1778]

**ਭੈਸਾ-** ਯਮ (ਦੇਖੋ) ਦਾ ਵਾਹਨ। ਯਮ ਕਾ ਬਾਹਨ ਜਾਨਹੁ ਭੈਸਾ॥[1779]

**ਭੈਕਲੀ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਜੋਗਤੰਤਰੀ ਗੁਨੀ ਜਾਂਹਿ ਤੇ ਭੈਕਲੀ॥[1780]

**ਭੈਰਵੀ (ਦਾਸੀ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਸਦਾ ਜੈ ਕਰੀ ਭੈਰਵੀ ਭੈ ਬਿਲਾਨੀ॥[1781]

**ਭੈਰੋਂ (ਜਤੀ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਛੇ ਜਤੀ (ਦੇਖੋ) ਵਿਚੋਂ ਇਕ ਜਤੀ ਦਾ ਨਾਮ। ਤੀਸਰ ਹਨਮਤਿ ਜਤੀ ਚਤੁਰਿਥੇ ਭੇਰੋਂ ਮਾਨੋ॥[1782]

**ਭੈਰੋਂ-** ਭਿਅੰਕਰ। ਸ਼ਿਵ (ਦੇਖੋ) ਦਾ ਨਾਂ। ਭੈਰਵ ਸ਼ਿਵ ਦੇ ਅੱਠ ਪ੍ਰਕਾਸ਼ ਹਨ ਅਤੇ ਇਹ ਸਾਰੇ ਦੇ ਸਾਰੇ ਭਿਅੰਕਰ ਸੁਭਾ ਵਾਲੇ ਹਨ। 1. ਅਸਿਤਾਂਗ, ਕਾਲੇ ਅੰਗਾਂ ਵਾਲਾ, 2. ਸੰਹਾਰ, ਵਿਨਾਸ, 3. ਰੁਰੂ, ਕੁੱਤਾ, 4. ਕਾਲਾ, 5. ਕ੍ਰੋਧ, ਗੁਸਾ, 6. ਤਾਮ੍ਰ-ਚੂੜ, ਲਾਲ, 7. ਚੰਦ੍ਰ-ਚੂੜ, ਚੰਦ੍ਰਮਾ ਦੇ ਚੂੜੇ ਵਾਲਾ, 8. ਮਹਾ, ਮਹਾਨ। ਕੁਝ ਹੋਰ ਨਾਂ ਵੀ ਭਿੰਨਤਾ ਨਾਲ ਮਿਲਦੇ ਹਨ, ਜਿਵੇਂ ਕਪਾਲ, ਰੁਦ੍ਰ, ਭੀਸ਼ਣ, ਉਨਮਤ, ਕੁਪਤਿ ਆਦਿਕ। ਇਨ੍ਹਾਂ ਰੂਪਾਂ ਵਿਚ ਸ਼ਿਵ ਆਮ ਤੌਰ ਤੇ ਕੁਤੇ ਦੀ ਸਵਾਰੀ ਕਰਦਾ ਹੈ, ਜਿਸ ਕਰਕੇ ਉਸ ਨੂੰ ਸ੍ਵਾਸ੍ਵ 'ਜਿਸ ਦਾ ਕੁਤਾ ਹੀ ਘੋੜਾ ਹੈ' ਕਿਹਾ ਜਾਂਦਾ ਹੈ।[1783] ਭੈਰੋਂ ਕਾ ਬਾਹਨ ਹੈ ਸ੍ਵਾਨ ਸੁਰ ਗੁਰ ਕਾ ਬਾਜੀ ਪਹਚਾਨ॥43॥[1784]

**ਭੋਗਾਵਤੀ-** ਭੁਗਾਵਤੀ (ਦੇਖੋ) ਦਾ ਹੀ ਨਾਮ। ਪਾਤਾਲ ਮੈਯ ਭੋਗਾਵਤੀ ਕੇ ਤੀਰ ਭੂਪ ਮਹਾਨਿਯੈ॥[1785]

---

1778 ਉਹੀ,

1779 ਉਹੀ, ਪਤਰਾ 1425.

1780 ਉਹੀ, ਪਤਰਾ 246.

1781 ਉਹੀ, ਪਤਰਾ 1054.

1782 ਉਹੀ, ਪਤਰਾ 1026.

1783 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 396.

1784 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1426.

1785 ਉਹੀ, ਪਤਰਾ 1225.

**ਭੋਦਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕ੍ਰੌਂਚ ਦੀਪ (ਦੇਖੋ) ਵਿਚ ਇਕ ਨਦੀ ਦਾ ਨਾਮ। ਗੰਗਾ ਨਾਮ ਸੁ ਭੋਦਕਾ ਕ੍ਰੌਂਚ ਦੀਪ ਮੈ ਸੋਇ॥[1786]

**ਭ੍ਰਿਗ-** ਕੋਈ ਰਿਸ਼ੀ। ਗਿਆਨਰਤਨਾਵਲੀ ਅਨੁਸਾਰ ਇਕ ਵਾਰ ਇਹ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਕੋਲ ਗਿਆਨ ਲੈਣ ਗਿਆ, ਪਰ ਰਿਦਾ ਕਠੋਰ ਹੋਣ ਕਾਰਨ ਖਾਲੀ ਹੀ ਮੁੜ ਆਇਆ।[1787] ਅਜਿਹਾ ਹੀ ਚਿਤਰਣ ਗੁਰੂ ਨਾਨਕ ਵਿਜੈ ਗ੍ਰੰਥ ਵਿਚ ਵੀ ਕੀਤਾ ਹੈ ਕਿਉਂਕਿ ਇਥੇ ਵੀ ਇਹ ਸਰਾਪ ਦਿੰਦਾ ਹੈ, ਜੋ ਇਸ ਦੀ ਕਠੋਰਤਾ ਨੂੰ ਜ਼ਾਹਿਰ ਕਰਦਾ ਹੈ। ਕਿਰ ਕੋ ਭ੍ਰਿਗੁ ਆਪ ਸਰਾਪ ਦਯੋ ਚਿਰਕਾਲ ਭਯੋ ਗਯੂ ਸੂਕ ਪਹਾਰੇ॥[1788]

**ਭ੍ਰਿਗੂ-** ਇਕ ਅਵਤਾਰ (ਦੇਖੋ) ਦਾ ਨਾਮ। ਭ੍ਰਿਗੂ ਭੀਸਮੰ ਭੀਲਨੀ ਭੀਮਾ ਸੰਕਰ ਜਾਨ॥[1789]

**ਮਹਾ ਕਾਲਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਰੁੰਡ ਮਾਲਕਾ॥ ਮਹਾ ਕਾਲਕਾ॥95॥[1790]

**ਮਹਾ ਕੇਤੂ (ਰਾਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜਾਪਾ ਪਟਣ (ਦੇਖੋ) ਦੇ ਸਤ ਰਾਜਿਆਂ ਵਿਚੋਂ ਇਕ ਰਾਜੇ ਦਾ ਨਾਮ, ਇਸ ਦੇ ਪਿਤਾ ਦਾ ਨਾਮ ਰਾਇ ਕੇਤੂ ਦਸਿਆ ਗਿਆ ਹੈ। ਸਪਤਮ ਕੇਤੂਮਹਾ ਮਹਾਨ॥38॥[1791]

**ਮਹਾ ਪ੍ਰਤਾਪੀ-** ਇਕ ਟਾਪੂ (ਦੇਖੋ) ਦਾ ਨਾਮ। ਮਹਾ ਪ੍ਰਤਾਪੀ ਦਸਮੀ ਮਾਨੋ॥[1792]

**ਮਹਾਗਿਰੀ-** ਇਕ ਪਰਬਤ (ਦੇਖੋ) ਦਾ ਨਾਮ। ਮਹਾਗਿਰੀ ਸੋ ਜਾਨ ਮਹਾਨ॥[1793]

---

[1786] ਉਹੀ, ਪਤਰਾ 1284.

[1787] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 183.

[1788] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1578.

[1789] ਉਹੀ, ਪਤਰਾ 16.

[1790] ਉਹੀ, ਪਤਰਾ 1054.

[1791] ਉਹੀ, ਪਤਰਾ 1388.

[1792] ਉਹੀ, ਪਤਰਾ 1318.

[1793] ਉਹੀ, ਪਤਰਾ 1426.

**ਮਹਾਦਿਉ (ਸ਼ਿਵ)-** ਸ਼ਿਵ (ਦੇਖੋ) ਦਾ ਇਕ ਨਾਮ। ਹਿੰਦੂ ਭਾਖੇ ਮਹਾਦਿਉ ਆਦਮ ਮੁੱਸਲਮਾਨ॥32॥[1794]

**ਮਹਿੰਦ੍ਰਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਸਟ ਮਾਤ੍ਰ ਕਾ (ਦੇਖੋ) ਵਿਚੋਂ ਇਕ ਦੇਵੀ ਦਾ ਨਾਮ। ਨਾਰ ਸਿਹੂੰ ਕਾ ਸਪਤਿਮੀ ਪੁਨਿ ਮਹਿੰਦ੍ਰਕਾ ਜਾਨ ਉਰ॥[1795]

**ਮਹਿਪਾਲ-** ਇਕ ਟਾਪੂ (ਦੇਖੋ) ਦਾ ਨਾਮ। ਮਾਲਕੇਤਿ ਦੂਜਾ ਮਹਿ ਪਾਲ॥[1796]

**ਮਹਿਰਾਵਣ-** ਇਕ ਸਹਸਤ੍ਰਮੁਖ ਰਾਵਣ। ਲੰਕਾ ਦੇ ਰਾਵਣ ਦੇ ਦਸ ਸਿਰ ਸਨ, ਪਰ ਮਹਰਾਵਣ ਦੇ ਸਹੰਸਰ। ਸੀਤਾ ਨੇ ਇਸ ਨੂੰ ਕਾਲੀ ਮਾਈ ਦਾ ਰੂਪ ਧਾਰ ਕੇ ਮਾਰਿਆ ਸੀ। ਕਥਾ ਹੈ ਕਿ ਇਕ ਵਾਰ ਅਜੁਧਿਆ ਵਿਚ ਬੈਠਿਆਂ ਰਾਮ ਚੰਦਰ ਨੇ ਰਾਵਣ ਵਰਗੇ ਦਹਸਿਰ ਨੂੰ ਮਾਰਨ ਕਾਰਨ ਹਉਂ ਪ੍ਰਗਟ ਕੀਤੀ। ਸੀਤਾ ਨੇ ਦਸਿਆ ਕਿ ਰਾਵਣ ਤੋਂ ਵੀ ਵਡੇ ਰਾਵਣ, ਜਿਸ ਦੇ ਹਜਾਰ ਸਿਰ ਹਨ, ਨੂੰ ਮਾਰ ਲਓ ਤਾਂ ਜਾਣਾਂ। ਰਾਮ ਚੰਦਰ ਅਪਣੀ ਸੈਨਾ ਨਾਲ, ਉਸੇ ਵੇਲੇ ਮਹਰਾਵਣ ਦੇ ਦੇਸ਼ ਵਲ ਚਲ ਪਏ। ਮਹਰਾਵਣ ਸਮੁੰਦਰ ਪਾਰ ਇਕ ਟਾਪੂ ਵਿਚ ਰਹਿੰਦਾ ਸੀ। ਰਾਮ ਚੰਦਰ ਨੇ ਮਹਰਾਵਣ ਨੂੰ ਵੰਗਾਰਿਆ ਉਸ ਨੇ ਆਪਣੇ ਤੀਰਾਂ ਦੀ ਬੁਛਾੜ ਕਰਕੇ ਰਾਮ ਚੰਦਰ ਦੀ ਸਾਰੀ ਫੌਜ ਨੂੰ ਉਨ੍ਹਾਂ ਦੇ ਘਰ ਪਹੁੰਚਾ ਦਿਤਾ। ਇਹ ਵੇਖ ਕੇ ਰਾਮ ਚੰਦਰ ਬੇਹੋਸ਼ ਹੋ ਗਏ। ਫਿਰ ਸੀਤਾ ਨੇ ਕਾਲੀ ਮਾਈ ਦਾ ਰੂਪ ਧਾਰ ਕੇ ਮਹਰਾਵਣ ਨਾਲ ਯੁਧ ਕੀਤਾ ਅਤੇ ਉਸ ਨੂੰ ਮਾਰ ਮੁਕਾਇਆ।[1797] ਅਹਿਰਾਵਣ ਸੇ ਮਹਿਰਾਵਣ ਸੇ ਤਿਨ ਤੇ ਨ ਬਚੇ ਤੁਮ ਨਾਹਿ ਨ ਓਸੇ॥[1798]

**ਮਹੇਸ਼-** ਸ਼ਿਵ (ਦੇਖੋ) ਦਾ ਇਕ ਨਾਮ। ਮਹਾ-ਈਸ਼, ਸ੍ਰਿਸ਼ਟੀ ਦਾ ਵੱਡਾ ਸੁਆਮੀ, ਸ਼ਿਵ ਦੀ ਇਕ ਉਪਾਧੀ।[1799] ਮਲੇਵਾਰ ਦੇਸੰ ਮਹੇਸੰ ਉਦਾਰੀ॥[1800]

---

[1794] ਉਹੀ, ਪਤਰਾ 115.

[1795] ਉਹੀ, ਪਤਰਾ 1233.

[1796] ਉਹੀ, ਪਤਰਾ 1318.

[1797] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਸਤਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 1854.

[1798] ਸੰਤਰੇਣ, *ਗੁਰੂ ਨਾਨਕ ਵਿਜੈ ਗ੍ਰੰਥ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 832.

[1799] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਸਤਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 1861.

[1800] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 17.

**ਮਕਰਧ੍ਵਜ-** ਜਿਸ ਦੇ ਝੰਡੇ ਉਪਰ ਮਗਰਮਛ ਦਾ ਨਿਸ਼ਾਨ ਹੋਵੇ। ਕਾਮਦੇਵ।[1801] ਨਾਤਰ ਹਨੂੰ ਸੁ ਮਕਰਧ੍ਵਜ ਵਾਸੁ ਕ੍ਰਿਸਨ ਬਲਿਰਾਮ॥44॥[1802]

**ਮੱਕਾ-** ਅਰਬ ਦੇਸ਼ ਦੇ ਮਕਾ ਸ਼ਹਿਰ ਅੰਦਰ ਬਣਿਆ ਮੁਸਲਮਾਨਾਂ ਦਾ ਧਰਮ-ਮੰਦਿਰ `ਕਾਅਬਾ` ਹੈ। ਮੁਸਲਮਾਨੀ ਨਿਸ਼ਚੇ ਅਨੁਸਾਰ ਇਸਨੂੰ ਪਹਿਲੇ ਪਹਿਲ ਬਾਬਾ ਆਦਮ ਨੇ ਬਣਾਇਆ, ਨੂਹ ਦੇ ਤੂਫਾਨ ਬਾਦ ਫਿਰ ਹਜ਼ਰਤ ਇਬਰਾਹਿਮ ਨੇ ਇਸਦੀ ਉਸਾਰੀ ਕੀਤੀ। ਇਸ ਮੰਦਰ ਵਿਚ ਪਹਿਲੇ ਕਈ ਬੁਤਾਂ ਦੀ ਪੂਜਾ ਹੁੰਦੀ ਸੀ ਜਿਸਨੂੰ ਹਜ਼ਰਤ ਮੁਹੰਮਦ ਸਾਹਿਬ ਨੇ ਬੰਦ ਕਰਕੇ ਇਕ ਅੱਲ੍ਹਾ ਦੀ ਪੂਜਾ ਦ੍ਰਿੜ ਕਰਾਈ ਤੇ ਨਵੇਂ ਮੰਦਰ ਦੀ ਤਾਮੀਰ ਕਰਾਈ। ਇਸਦੀ ਹੁਣ ਵਾਲੀ ਇਮਾਰਤ ਜੋ 40 ਫੁਟ ਲੰਮੀ ਤੇ 33 ਫੁਟ ਚੌੜੀ ਹੈ, ਭੂਰੇ ਰੰਗ ਦੇ ਕੀਮਤੀ ਪੱਥਰ ਨਾਲ ਰੂਮ ਦੇ ਉਸਮਾਨੀ ਪਾਤਸ਼ਾਹ ਸੁਲਤਾਨ ਮੁਰਾਦ ਚੌਥੇ ਨੇ 1040 ਈ. ਵਿਚ ਤਿਆਰ ਕਰਵਾਈ। ਇਸਦਾ ਇਕੋ ਇਕ ਦਰਵਾਜ਼ਾ ਹੈ ਤੇ ਖਿੜਕੀ ਕੋਈ ਨਹੀਂ। ਪੂਰਬੀ ਕੋਨੇ ਵਿਚ ਧਰਤੀ ਤੋਂ ਪੰਜ ਫੁਟ ਉਚਾ ਕਾਲਾ ਪੱਥਰ `ਸੰਗਿ ਅਸ਼ਵਦ` ਜੜਿਆ ਹੋਇਆ ਹੈ। ਕਾਅਬੇ ਦੀ ਯਾਤਰਾ ਕਰਨ ਵਾਲੇ ਸੱਤ ਪ੍ਰਕਰਮਾ ਕਰਕੇ ਇਸ ਪੱਥਰ ਨੂੰ ਚੁੰਮਦੇ ਹਨ। ਦੱਖਣੀ ਕੋਨੇ ਵਿਚ `ਰੁਕਨੁਲ ਯਮਾਨ` ਨਾਮ ਦਾ ਪੱਥਰ ਲਗਾ ਹੋਇਆ ਹੈ, ਇਸਨੂੰ ਹਾਜੀ ਸੱਜੇ ਹੱਥ ਨਾਲ ਛੂੰਹਦਾ ਹਨ। ਇਹ ਮੰਦਰ ਸਦਾ ਕਾਲੇ ਕਪੜੇ ਨਾਲ ਢਕਿਆ ਰਹਿੰਦਾ ਹੈ। ਇਸਦੇ ਆਲੇ ਦੁਆਲੇ ਚੰਗੀ ਖੁੱਲੀ ਪਰਕਰਮਾ ਬਣੀ ਹੋਈ ਹੈ ਜਿਸ ਰਾਹੀਂ ਹਾਜੀ ਯਾਤਰਾ ਕਰਦੇ ਰਹਿੰਦੇ ਹਨ।[1803] ਮੱਕਾ ਚਰਨਨ ਸਾਥ ਫਿਰਾਯੋ॥[1804]

**ਮਕੈਸਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਮਕੇ ਅੰਦਰ ਸ਼ਿਵ ਦਾ ਲਿੰਗ ਸਥਿਤ ਹੋਣ ਕਰਕੇ ਇਸ ਦਾ ਨਾਮ ਮਕੈਸਰ ਹੈ। ਨਾਮੁ ਮਕੈਸਰ ਤਾਹਿ ਸੁ ਕਹਯੈ॥[1805]

**ਮਗਹਰਿ-** ਉਤਰ ਪ੍ਰਦੇਸ਼ ਦੇ ਬਸਤੀ ਜਿਲ੍ਹੇ ਦਾ ਇਕ ਸ਼ਹਿਰ ਜੋ ਕਾਸ਼ੀ ਤੋਂ 80 ਮੀਲ ਅਤੇ ਅਜੁਧਿਆ ਤੋਂ 25 ਮੀਲ ਦੂਰੀ ਉਤੇ ਹੈ। ਪੌਰਾਣਿਕ-ਮਤਿ ਹੈ ਕਿ ਜਿਥੇ ਕਾਸ਼ੀ ਵਿਚ ਮਰਨ ਵਾਲਾ ਮਨੁਖ ਸਿਧਾ ਸਵਰਗ

---

[1801] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਤਵੀਂ ਵਾਰ, 2006, ਪੰਨਾ 938.

[1802] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1743.

[1803] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 89.

[1804] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 19.

[1805] ਉਹੀ, ਪਤਰਾ .886

ਜਾਂਦਾ ਹੈ, ਉਥੇ ਮਗਹਰ ਵਿਚ ਮਰਨ ਵਾਲਾ ਖੋਤੇ ਦੀ ਜੂਨ ਪੈਂਦਾ ਹੈ।[1806] ਮਾਯਾ ਮਗਹਰਿ ਭਗਵਤਿ ਕਾਸੀ॥[1807]

**ਮਗਨਿ ਰਾਇ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਠਾਰ੍ਹਾਂ ਰਾਜਿਆਂ (ਦੇਖੋ) ਵਿਚੋਂ ਇਕ ਰਾਜੇ ਦਾ ਨਾਮ। ਮਗਨਿ ਰਾਇ ਪੁਨਿ ਸੋਲਵਾ ਕਹਯੋ ਸੁ ਤੋਹਿ ਉਚਾਰ॥33॥[1808]

**ਮਗਰ-** ਵਰੁਣ (ਦੇਖੋ) ਦਾ ਵਾਹਨ। ਬਰਨੰ ਬਾਹਨ ਮਗਰ ਸੁ ਜਾਨਹੁ॥[1809]

**ਮੰਗਲਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨੌਂ ਨਾਥਾਂ (ਦੇਖੋ) ਵਿਚੋਂ ਇਕ ਨਾਥ ਦਾ ਨਾਮ। ਚਤੁਰਥਿ ਮੰਗਲਨਾਥ ਸੁ ਕਹਯੈ॥[1810]

**ਮਛ (ਅਵਤਾਰ)-** ਵਿਸ਼ਨੂੰ ਦੇ ਚੌਵੀ ਅਵਤਾਰਾਂ ਵਿਚ ਮਛ ਪਹਿਲਾ ਅਵਤਾਰ (ਦੇਖੋ) ਹੈ। ਮਛ ਬਨ ਤੈਂ ਸੰਖਾਸੁਰ ਮਾਰਾ॥[1811]

**ਮਛਲੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਬੰਦਰਗਾਹ (ਦੇਖੋ) ਦਾ ਨਾਮ। ਮਛਲੀ ਲਹਰੀ ਬੰਦਰ ਦੋਇ॥[1812]

**ਮਛਿੰਦਰ ਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨੌਂ ਨਾਥਾਂ (ਦੇਖੋ) ਵਿਚੋਂ ਇਕ ਨਾਥ ਦਾ ਨਾਮ। ਪਹਲੇ ਨਾਥ ਮਛਿੰਦਰ ਜਾਨੋ॥[1813]

**ਮਛੁਲੀ-** ਮਦਨ (ਦੇਖੋ) ਦਾ ਵਾਹਨ। ਮਛੁਲੀ ਬਾਹਨ ਮਦਨ ਕਾ ਪੁਨਿ ਤਹ ਪਵਨ ਮਹਾਨ॥44॥[1814]

---

[1806] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 185.

[1807] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 322.

[1808] ਉਹੀ, ਪਤਰਾ 1323.

[1809] ਉਹੀ, ਪਤਰਾ 1425.

[1810] ਉਹੀ, ਪਤਰਾ 1025.

[1811] ਉਹੀ, ਪਤਰਾ 18.

[1812] ਉਹੀ, ਪਤਰਾ 1090.

[1813] ਉਹੀ, ਪਤਰਾ 1025.

[1814] ਉਹੀ, ਪਤਰਾ 1426.

**ਮੰਜ ਘੋਸਾ-** ਇਕ ਦੇਵੀ। ਜਿਸ ਦਾ ਨਾਮ ਮੰਜਸੁਰੀ ਵੀ ਹੈ। ਇਸ ਦਾ ਰੰਗ ਸਫੇਦ ਜਾਂ ਸੋਨੇ ਵਰਗਾ ਹੈ।[1815]

ਮੰਜ ਘੋਸਾ ਨਾਹੀ ਐਸੀ ਪਦਮਾਵਤੀ ਸੋ ਤੈਸੀ ਤੀਸਰੀ ਤਿਲੋਤਮਾ ਲੀਲਾਵਤੀ ਨ ਊਸਰੀ॥[1816]

**ਮਝੋਲਾ ਰਬਾਬੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਭਾਈ ਮਰਦਾਨਾ ਭਾਈ ਫਿਰੰਦੇ ਤੋਂ ਰਬਾਬ ਲੈਣ ਤੋਂ ਪਹਿਲਾਂ ਇਸ ਕੋਲ ਗਿਆ ਸੀ, ਇਹ ਵੀ ਇਕ ਰਬਾਬੀ ਸੀ। ਮਝੋਲਾ ਰਬਾਬੀ ਪਠਾਣਿ ਮਿਸਾਰੇ॥[1817]

**ਮਣੀਆ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਸਿਦਕੀ ਸਿਖ ਧਰਮਾ (ਦੇਖੋ) ਦੀ ਪੁਤਰੀ। ਕੰਨਯਾ ਮਣੀਆ ਸੰਤ ਮਹਾਨ॥[1818]

**ਮਥਰਾ-** ਜਮਨਾ ਦੇ ਸੱਜੇ ਕੰਢੇ ਤੇ ਇਕ ਪ੍ਰਾਚੀਨ ਤੇ ਪ੍ਰਸਿਧ ਸ਼ਹਿਰ, ਜਿਸ ਦਾ ਵਰਤਮਾਨ ਰੂਪ ਮੱਤਰਾ ਹੈ। ਇਹ ਕ੍ਰਿਸ਼ਨ ਦਾ ਜਨਮ ਸਥਾਨ ਸੀ ਅਤੇ ਸੱਤ ਪਵਿੱਤਰ ਸ਼ਹਿਰਾਂ ਵਿਚੋਂ ਇਕ ਸੀ। ਪੁਰਾਣਿਕ ਸਾਹਿਤ ਅਨੁਸਾਰ ਮੂਲ ਰੂਪ ਵਿਚ ਇਸ ਦਾ ਨਾਂ ਮਧੂ ਦੈਤ ਦੇ ਅਧਾਰ ਤੇ ਮਧੂ ਜਾਂ ਮਧੂਵਨ ਸੀ, ਜਿਹੜਾ ਇਸ ਉਤੇ ਰਾਜ ਕਰਦਾ ਸੀ, ਪਰ ਜਦੋਂ ਉਸ ਦਾ ਪੁਤਰ ਅਤੇ ਉਤਰ-ਅਧਿਕਾਰੀ ਲਵਣ ਸ਼ਤਰੂਘਣ ਤੇ ਹਥੋਂ ਮਾਰਿਆ ਗਿਆ ਤਾਂ ਵਿਜੇਤਾ ਨੇ ਉਥੇ ਆਪਣਾ ਰਾਜ ਸਤਾਪਤ ਕਰ ਲਿਆ ਅਤੇ ਇਕ ਸ਼ਹਿਰ ਵਸਾਇਆ, ਜਿਸ ਦਾ ਨਾਂ ਉਸ ਨੇ ਮਧੁਰਾ ਜਾਂ ਮਥੁਰਾ ਰਖਿਆ।[1819] ਮਧ ਬਨ ਮੈ ਮਧ ਪੁਰੀ ਜੋ ਮਥਰਾ ਨਾਮ ਸੁ ਤਾਹਿ॥[1820]

**ਮਦਨ-** ਕਾਮਦੇਵ ਦਾ ਇਕ ਨਾਂ। ਪੁਰਾਣਾਂ ਅਨੁਸਾਰ ਪ੍ਰੇਮ ਦਾ ਦੇਵਤਾ। ਇਸਦੀ ਪਤਨੀ ਦਾ ਨਾਂ ਰਤੀ ਹੈ। ਤਸਵੀਰਾਂ ਵਿਚ ਕਾਮਦੇਵ ਇਕ ਸੁੰਦਰ ਗਭਰੂ ਦੇ ਰੂਪ ਵਿਚ, ਤੋਤੇ ਦੀ ਸਵਾਰੀ ਕਰਦਾ ਵਿਖਾਇਆ ਜਾਂਦਾ ਹੈ। ਕਾਮਦੇਵ ਇੰਦਰ ਦੀ ਸਭਾ ਵਿਚ ਰਹਿੰਦਾ ਹੈ ਅਤੇ ਸਭ ਅਪਛਰਾ ਇਸੇ ਦੇ ਹੀ ਅਧੀਨ ਹਨ। ਕਾਮਦੇਵ ਦੇ ਹਥਾਂ ਵਿਚ ਪੰਜ ਤੀਰ ਹਨ, ਜੋ ਲਾਲ ਕਮਲ, ਨੀਲ ਕਮਲ, ਅਸ਼ੋਕ, ਅੰਬਾਂ ਦੇ ਬੂਰ ਅਤੇ ਮਾਲਤੀ ਦੇ

---

1815 Michael Jordan,*Dictionary Of Gods And Goddesses,* Facts On File, Inc. Second Edition, 2004, Page 188.

1816 ਸੰਤਰੇਣ, *ਗੁਰੂ ਨਾਨਕ ਵਿਜੈ ਗ੍ਰੰਥ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 848.

1817 ਉਹੀ, ਪਤਰਾ 661.

1818 ਉਹੀ, ਪਤਰਾ 1627.

1819 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ 2013, ਪੰਨਾ 417.

1820 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1080.

ਫੂਲਾਂ ਨਾਲ ਸਜੇ ਹੁੰਦੇ ਹਨ। ਜਿਨ੍ਹਾਂ ਦੇ ਤਰਤੀਬਵਾਰ ਨਾਂ ਹਨ- ਸੰਮੋਹਨ, ਉਨਮਾਦਨ, ਸ਼ੋਸ਼ਣ, ਤਾਪਨ ਤੇ ਸਤੰਭਨ। ਇਨ੍ਹਾਂ ਨੂੰ ਕਾਮਬਾਣ ਜਾਂ ਪੰਚਬਾਣ ਵੀ ਕਹਿੰਦੇ ਹਨ।[1821] ਮਦਨ ਮਾਰੁਤੀ ਸਨਤਕੁਮਾਰੇ॥[1822]

**ਮਦਨ ਕ੍ਰਾਂਤੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਰੂਪ ਸ੍ਰਾਂਤੀ॥ ਮਦਨ ਕ੍ਰਾਂਤੀ॥[1823]

**ਮਦਰਾ-** ਇਕ ਟਾਪੂ (ਦੇਖੋ) ਦਾ ਨਾਮ। ਮਦਰਾ ਭਾਲਚੰਦ ਪੁਨਿ ਜਾਨ॥[1824]

**ਮਦਾਕਨੀ (ਮੰਦਾਕਿਨੀ)-** ਸਵਰਗੀ ਗੰਗਾ। ਗੰਗਾ ਦਾ ਇਕ ਭਾਗ ਜਿਹੜਾ ਕੇਦਾਰਨਾਥ ਵਿਚੋਂ ਵਗਦਾ ਹੈ। ਬੁੰਧੇਲ ਖੰਡ ਵਿਚ ਚਿਤ੍ਰਕੂਟ ਪਰਵਤ ਕੋਲ ਇਕ ਦਰਿਆ। ਇਹ ਰਾਮ ਅਤੇ ਸੀਤਾ ਦੇ ਨਿਵਾਸ ਸਥਾਨ ਦੇ ਨੇੜੇ ਸੀ, ਅਤੇ ਰਾਮਾਯਣ ਤੇ ਮਹਾਂਭਾਰਤ ਦੋਨਾਂ ਵਿਚ ਇਸ ਦਾ ਵਰਣਨ ਕੀਤਾ ਗਿਆ ਹੈ।[1825] ਮਦਾਕਨੀ ਭੁਗਾਵਤੀ ਧਨੰਸ ਤੀਰਥੰ ਗੁਨੇ॥[1826]

**ਮਦੋਦਰੀ-** ਇਹ ਰਾਵਣ ਦੀ ਚਹੇਤੀ ਪਤਨੀ ਅਤੇ ਇੰਦ੍ਰ-ਜੀਤ ਦੀ ਮਾਂ ਸੀ।[1827] ਤਾਤੇ ਨਾਮ ਮਦੋਦਰੀ ਧਰਿ ਹੈ ਯਾਹਿ ਉਦਾਰ॥64॥[1828]

**ਮੰਦ੍ਰਾਚਲਿ-** ਇਕ ਪਰਬਤ (ਦੇਖੋ) ਦਾ ਨਾਮ। ਪੁਨਿ ਮੰਦ੍ਰਾ ਚਲਿ ਆਯੋ ਜਾਨ॥[1829]

**ਮਧਸੂਦਨ-** ਕ੍ਰਿਸ਼ਨ (ਦੇਖੋ) ਦਾ ਇਕ ਨਾਮ। ਮਧਸੂਦਨ ਗੋਵਰਧਨਿ ਧਾਰੀ॥[1830]

---

[1821] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪੰਜਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2017, ਪੰਨਾ 630.

[1822] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1425.

[1823] ਉਹੀ, ਪਤਰਾ 1054.

[1824] ਉਹੀ, ਪਤਰਾ 1318.

[1825] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 418.

[1826] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 57.

[1827] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 418.

[1828] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1738.

[1829] ਉਹੀ, ਪਤਰਾ 1426.

[1830] ਉਹੀ, ਪਤਰਾ 526.

**ਮਧਕੈਟਭ-** ਮਧੁ ਤੇ ਕੈਟਭ ਦੋ ਦੈਂਤ ਸਨ ਜੋ ਕਿ ਪੁਰਾਣਾ ਅਨੁਸਾਰ ਵਿਸ਼ਨੂੰ ਭਗਵਾਨ ਦੇ ਕੰਨ ਵਿਚੋਂ ਮੈਲ ਸੁੱਟਣ ਤੋਂ ਪੈਦਾ ਹੋਏ। ਇਸ ਸਮੇਂ ਚਾਰੇ ਪਾਸੇ ਪਾਣੀ ਹੀ ਪਾਣੀ ਸੀ ਜਾਂ ਬ੍ਰਹਮਾ ਕੰਵਲ ਵਿਚੋਂ ਪੈਦਾ ਹੋ ਚੁੱਕਾ ਸੀ। ਇਹ ਦੈਂਤ ਬ੍ਰਹਮਾ ਨੂੰ ਮਾਰਨ ਲਈ ਦੌੜੇ ਤਾਂ ਵਿਸ਼ਨੂੰ ਨੇ ਮੁਕਾਬਲਾ ਕੀਤਾ ਤੇ ਇਹ ਲੜਾਈ ਪੰਜ ਹਜ਼ਾਰ ਵਰ੍ਹੇ ਤੱਕ ਚਲਦੀ ਰਹੀ। ਅਖੀਰ ਇਨ੍ਹਾਂ ਦੈਂਤਾਂ ਨੇ ਵਿਸ਼ਨੂੰ ਦੀ ਬੀਰਤਾ ਉਤੇ ਪ੍ਰਸੰਨ ਹੋ ਕੇ ਕਿਹਾ, "ਜੋ ਤੂੰ ਮੰਗੇਂਗਾ ਦੇਵਾਂਗੇ।" ਵਿਸ਼ਨੂੰ ਮਹਾਰਾਜ ਨੇ ਸਿਰ ਮੰਗ ਲਏ। ਇਨ੍ਹਾਂ ਕਿਹਾ ਸਾਡੇ ਸਿਰ ਖੁਸ਼ਕ ਥਾਂ ਤੇ ਕੱਟੇ ਜਾਣ। ਕਹਿੰਦੇ ਹਨ ਕਿ ਵਿਸ਼ਨੂੰ ਨੇ ਪੱਟ ਉਤੇ ਰੱਖ ਕੇ ਇਨ੍ਹਾਂ ਦੇ ਸੀਸ ਕੱਟੇ ਅਤੇ ਇਨ੍ਹਾਂ ਦੀ ਮਿੱਝ ਪਾਣੀ ਉਤੇ ਤਰਨ ਲੱਗੀ। ਇਸੇ ਕਰਕੇ ਇਹ ਧਰਤੀ 'ਮੇਦਨੀ' ਕਹਿਲਾਈ। ਮਧੁ ਦੈਂਤ ਨੂੰ ਮਾਰਨ ਕਰਕੇ ਵਿਸ਼ਨੂੰ ਨੂੰ 'ਮਧੁਸੂਦਨ' ਵੀ ਕਿਹਾ ਜਾਂਦਾ ਹੈ।[1831] ਮਧਕੈਟਭ ਕੇ ਪ੍ਰਾਨ ਨਿਕਾਰੇ॥[1832]

**ਮਧਰ ਬੈਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਠਾਰ੍ਹਾਂ ਰਾਜਿਆਂ (ਦੇਖੋ) ਵਿਚੋਂ ਇਕ ਰਾਜੇ ਦਾ ਨਾਮ। ਪੁਨਿ ਸਤਾਰਵਾ ਨਿਰਪ ਜੋ ਮਧਰ ਬੈਨ ਪਹਚਾਨ॥[1833]

**ਮਨਰਾਜ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਸਿਆਲਕੋਟ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1834] ਮਾਮਾ ਨੰਦ ਰਾਮ ਚੰਦ ਚਿਮਨਾ ਬਿਹਾਰੀਲਾਲ ਔਰ ਸੁਖਰਾਜ ਮਨਰਾਜ ਉਰ ਆਨੀਐ॥[1835]

**ਮਨੀ ਰਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਨੂੰ ਖਡੂਰ ਵਿਚ ਮਿਲਿਆ ਇਕ ਵਿਅਕਤੀ ਜੋ ਗੁਰੂ ਜੀ ਦੇ ਉਪਦੇਸ਼ਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਜੀ ਦਾ ਸਿਖ ਬਣਿਆ। ਮਨੀ ਰਾਮ ਤੀਜਾ ਸਰਵਰਿਯਾ॥[1836]

---

[1831] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 240.

[1832] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 18.

[1833] ਉਹੀ, ਪਤਰਾ 1323.

[1834] ਉਹੀ, ਪਤਰਾ 1783.

[1835] ਉਹੀ.

[1836] ਉਹੀ, ਪਤਰਾ 805.

**ਮਨੁਮਹੇਸ-** ਮਹਾਂਦੇਵ ਜਾਂ ਸ਼ਿਵ ਦਾ ਇਕ ਮੰਦਿਰ ਜਿਥੇ ਸ਼ਿਵ ਦੀ ਪੰਜ ਮੁਖਾਂ ਵਾਲੀ ਮੂਰਤੀ ਸਥਾਪਿਤ ਹੈ। ਇਹ ਸਥਾਨ ਬਾਰਮਾਵਾਰ ਜੋ ਕਿ ਚੰਬੇ ਦੀ ਪੁਰਾਣੀ ਰਾਜਧਾਨੀ ਸੀ, ਵਿਚ ਸਥਿਤ ਹੈ।[1837] ਮਨੁਮਹੇਸ ਮੈ ਫਿਰਿ ਕਰਿ ਸ੍ਵਾਮੀ॥[1838]

**ਮਨੂ-** ਮਨੁਖ। ਇਹ ਨਾਂ ਮਾਨਵਤਾ ਦੇ ਚੌਦਾਂ ਮਿਥਿਹਾਸਕ ਵਡੇ ਵਡੇਰਿਆਂ ਅਤੇ ਪ੍ਰਿਥਵੀ ਦੇ ਸ਼ਾਸਕਾਂ ਨਾਲ ਸਬੰਧਤ ਹੈ। ਇਨ੍ਹਾਂ ਮਨੂਆਂ ਵਿਚੋਂ ਪਹਿਲਾਂ ਸ੍ਵਯੰਭਵ ਸੀ ਜਿਹੜਾ ਸ੍ਵਯੰਭੂ 'ਸ੍ਵੈ-ਭੂ' ਤੋਂ ਪੈਦਾ ਹੋਇਆ ਸੀ। ਸਿਰਜਨਹਾਰ ਵਜੋਂ ਕੰਮ ਕਰਨ ਤੇ ਇਸ ਮਨੂ ਨੇ ਦਸ ਪ੍ਰਜਾ ਪਤੀਆਂ ਜਾਂ ਮਾਨਵਤਾ ਦੇ ਵਡੇ ਵਡੇਰਿਆਂ ਨੂੰ ਪੈਦਾ ਕੀਤਾ ਜਿਨ੍ਹਾਂ ਨੂੰ ਮਹਰਸ਼ੀ (ਮਹਾਂਰਿਸ਼ੀ) ਵੀ ਕਿਹਾ ਜਾਂਦਾ ਹੈ।[1839] ਸੂਰਯ ਤੇ ਪੁਨਿ ਮਨੂ ਮਹਾਨ॥[1840]

**ਮਨੂ (ਅਵਤਾਰ)-** ਇਕ ਅਵਤਾਰ (ਦੇਖੋ) ਦਾ ਨਾਮ। ਕ੍ਰਿਸਨ ਮਹਾਂਨ ਬੋਧ ਕਲਗੀ ਪ੍ਰਿਥੂ ਬਿਆਸ ਹਰੀ ਹੰਸ ਮਨੂ ਯਗ ਰਿਖਭ ਸੋ ਜਾਨੀਐ॥[1841]

**ਮਨੋਰਦਾਸ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਮਾਰਵਾੜੀ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1842] ਕੇਸਰੀ ਮਨੋਰਦਾਸ ਮਾਰਵਾੜੀ ਕਹੇ ਏ ਤੋ ਦਿਲੀ ਵਾਲ ਬਾਣੀਏ ਅਨੇਕ ਔਰ ਜਾਨੀਐ॥[1843]

**ਮਮਲੇਸ੍ਵਰ-** ਓਕਾਰ ਵਿਚ ਸਥਿਤ ਬਾਰ੍ਹਾਂ ਮਹਾਂ ਲਿੰਗਾਂ ਵਿਚੋਂ ਇਕ।[1844] ਮਮਲੇਸ੍ਵਰ ਓਕਾਰ ਹਮਾਨ॥ 155॥[1845]

---

[1837] Nundo Lal Dey, *The Geographical Dictionary of Ancient and Medieval India,* Oriental Books, New Delhi, Forth edition, 1984, Page 125-126.

[1838] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1683.

[1839] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ 2013, ਪੰਨਾ 420.

[1840] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1077.

[1841] ਉਹੀ, ਪਤਰਾ 4.

[1842] ਉਹੀ, ਪਤਰਾ 1783.

[1843] ਉਹੀ, ਪਤਰਾ 1783.

[1844] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 489.

[1845] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1560.

**ਮਯੰਗਲ-** ਇਕ ਟਾਪੂ (ਦੇਖੋ) ਦਾ ਨਾਮ। ਸਿੰਗਲ ਮਯੰਗਲ ਪਿੰਗਲ ਰਾਇ॥[1846]

**ਮਯੋਰ-** ਮੋਰ। ਸ਼ਿਵ ਦਾ ਪੁਤਰ ਕਾਰਤਿਕ (ਦੇਖੋ) ਇਸ ਦੀ ਸਵਾਰੀ ਕਰਦਾ ਹੈ। ਕਾਰਤਿਕ ਬਾਹਨ ਜਾਨ ਮਯੋਰ॥[1847]

**ਮਰਕਟਮਯਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ, ਧਰਤੀ ਉਪਰ ਪ੍ਰਮੁਖ ਅਠ ਪਰਬਤ ਹਨ, ਇਨ੍ਹਾਂ ਅਠਾਂ ਉਪਰ ਦਸ ਹੋਰ ਪਰਬਤ ਹਨ, ਉਨ੍ਹਾਂ ਦਸਾਂ ਵਿਚੋਂ ਇਕ ਦਾ ਨਾਮ। ਪਾਰਜਾਤ ਵੈਰਾਹ ਪ੍ਰਧਾਨ॥ ਮਰਕਟਮਯਾ ਬੈਕੁੰਠੇ ਜਾਨ॥30॥[1848]

**ਮਰਦਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ, ਧਰਤੀ ਉਪਰ ਪ੍ਰਮੁਖ ਅਠ ਪਰਬਤ ਹਨ, ਇਨ੍ਹਾਂ ਅਠਾਂ ਉਪਰ ਦਸ ਹੋਰ ਪਰਬਤ ਹਨ, ਉਨ੍ਹਾਂ ਦਸਾਂ ਵਿਚੋਂ ਇਕ ਦਾ ਨਾਮ। ਕੈਲਾਸ ਮਰਦਨ ਬੈਡੂਰਜਯਾਂ॥ ਸੇਰਸਵਰਮ ਇਮ ਰਕਟਮਯਾ॥[1849]

**ਮਰਦਾਨਾ-** ਗੁਰੂ ਨਾਨਕ ਦੇਵ ਜੀ ਦੇ ਸਫ਼ਰਾਂ ਦਾ ਸਾਥੀ ਰਬਾਬੀ ਮਰਦਾਨਾ, ਤਲਵੰਡੀ ਜਿਲ੍ਹਾ ਸ਼ੇਖੂਪੁਰੇ ਦਾ ਰਹਿਣ ਵਾਲਾ ਸੀ। ਇਸ ਦਾ ਜਨਮ 1459 ਈ. ਵਿਚ ਮੀਰ ਬਾਦਰੇ ਦੇ ਘਰ ਮਾਈ ਲੱਖੋ ਦੀ ਕੁੱਖੋਂ ਹੋਇਆ। ਜਦੋਂ ਗੁਰੂ ਨਾਨਕ ਸਾਹਿਬ ਸੁਲਤਾਨਪੁਰ ਨਿਵਾਸ ਰਖਦੇ ਸਨ ਤਾਂ ਮਰਦਾਨਾ ਤਲਵੰਡੀ ਤੋਂ ਆ ਕੇ ਗੁਰੂ ਜੀ ਨੂੰ ਮਿਲਿਆ ਤੇ ਉਨ੍ਹਾਂ ਇਸ ਨੂੰ ਪ੍ਰਚਾਰ-ਯਾਤਰਾ ਲਈ ਆਪਣਾ ਸਾਥੀ ਚੁਣਿਆ। ਇਹ ਰਬਾਬ ਦਾ ਚੰਗਾ ਵਜੰਤ੍ਰੀ ਸੀ। ਜਦੋਂ ਵੀ ਗੁਰੂ ਸਾਹਿਬ ਬਾਣੀ ਉਚਾਰਣ ਦੇ ਰੰਗ ਵਿਚ ਆਉਂਦੇ ਤਾਂ ਭਾਈ ਮਰਦਾਨਾ ਰਬਾਬ ਦੀਆਂ ਮਧੁਰ ਸੁਰਾਂ ਛੇੜ ਕੇ ਢੁਕਵਾਂ ਵਾਤਾਵਰਣ ਪੈਦਾ ਕਰਦਾ। ਇਸ ਦਾ ਦੇਹਾਂਤ 1534 ਈ. ਅਫਗਾਨਿਸਤਾਨ ਵਿਚ ਖੁਰਮ ਨਦੀ ਕੰਢੇ ਹੋਇਆ ਜਦੋਂ ਕਿ ਗੁਰੂ ਸਾਹਿਬ ਤੀਜੀ ਉਦਾਸੀ ਸਮੇਂ ਯਾਤਰਾ ਕਰਕੇ ਦੇਸ ਨੂੰ ਪਰਤ ਰਹੇ ਸਨ।[1850] ਮਰਦਾਨਾ ਤੁਮਰਾ ਪੁਨਿ ਮਾਨੋ॥[1851]

---

[1846] ਉਹੀ, ਪਤਰਾ 1318.

[1847] ਉਹੀ, ਪਤਰਾ 1425.

[1848] ਉਹੀ, ਪਤਰਾ 1008.

[1849] ਉਹੀ,

[1850] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 241.

[1851] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 178.

ਮਰੀਚ ਮੁਨੀ (ਮਰੀਚੀ) **-** ਮਰੁਤਾਂ ਦਾ ਮੁਖੀ। ਪ੍ਰਜਾਪਤੀਆਂ ਵਿਚੋਂ ਇਕ ਦਾ ਨਾਂ। ਕਈ ਥਾਵਾਂ ਤੇ ਇਸ ਨੂੰ ਬ੍ਰਹਮਾ ਤੋਂ ਸਿਧਾ ਹੀ ਜਨਮਿਆ ਦਸਿਆ ਗਿਆ ਹੈ। ਇਹ ਕਸ਼ਜਪ ਦਾ ਪਿਤਾ ਸੀ ਅਤੇ ਸਤ ਮਹਾਂ ਰਿਸ਼ੀਆਂ ਵਿਚੋਂ ਇਕ ਸੀ।[1852] ਮਾਂਨਸਰ ਬਰਨ ਮਕਾਰ ਬਰਿ ਮਾਲਤੀ ਮਰੀਚ ਮੁਨਿ ਔਰ ਅਨਮਾਨੀਐ॥10॥[1853]

**ਮਲ ਗੰਧਨੀ (ਅਮਲ ਗੰਧਨੀ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਮਿਤਰਾਜਿਤ (ਦੇਖੋ) ਦੀ ਪਤਨੀ। ਮਲ ਗੰਧਨੀ ਤਹ ਨਾਮ ਹੈ ਅਤਿ ਰੂਪ ਸੁੰਦਰ ਜਾਨਿਯੈ॥[1854]

**ਮੱਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸੀਹਾਂ (ਦੇਖੋ) ਦਾ ਇਕ ਚੌਧਰੀ। ਮੱਲੈ ਦੇਖੇ ਆਪ ਸੁ ਦੋਊ॥55॥[1855]

**ਮਲਕ ਭਾਗੋ-** ਸੈਦਪੁਰ (ਏਮਨਾਬਾਦ) ਦੇ ਅਫਗਾਨ ਫੌਜ਼ਦਾਰ ਨਵਾਬ ਜ਼ਾਲਮਖਾਨ ਦਾ ਦੀਵਾਨ।[1856] ਭਾਗੋ ਮਲਕਿ ਸੁ ਅੰਨ ਬੁਲਾਯੋ॥[1857]

**ਮਲਕਾ ਅਰਜਨ-** ਸ਼ਿਵ ਦਾ ਇਕ ਨਾਂ। ਬਾਰ੍ਹਾਂ ਮਹਾਂਲਿੰਗਾਂ ਵਿਚੋਂ ਇਕ।[1858] ਮਲਕਾ ਅਰਜਨ ਕੋ ਚਲੇ ਕਰੈਂ ਸੰਤ ਜਹ ਜਾਪ॥[1859]

**ਮਲਯਾਦ੍ਰਿ-** ਦਖਣ ਦੀ ਇਕ ਪਹਾੜਧਾਰਾ ਅਤੇ ਉਸ ਦੇ ਆਸਾਪਾਸ ਦਾ ਦੇਸ਼, ਜਿਥੇ ਉਤਮ ਚੰਦਨ ਪੈਦਾ ਹੁੰਦਾ ਹੈ, ਇਹ ਮਦਰਾਸ ਦੇ ਗੰਜਮ ਜਿਲੇ ਵਿਚ ਹੈ।[1860] ਸ਼ਾਇਦ ਗੁਰੂ ਨਾਨਕ ਵਿਜੈ ਗ੍ਰੰਥ ਦੇ ਕਰਤਾ ਦਾ ਸੰਕੇਤ ਇਸ ਵੱਲ ਹੋਵੇ। ਮਲਯਾਦ੍ਰਿ ਕਰਨਾਟਕ ਮਾਹਿ॥[1861]

---

[1852] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 424.

[1853] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

[1854] ਉਹੀ, ਪਤਰਾ 1224.

[1855] ਉਹੀ, ਪਤਰਾ 772.

[1856] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 189.

[1857] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 690.

[1858] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ,ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 425.

[1859] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1572.

[1860] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਤਵੀਂ ਵਾਰ, 2006, ਪੰਨਾ 956.

**ਮਲਿਲਾਂਚਲਿ-** ਇਕ ਪਰਬਤ (ਦੇਖੋ) ਦਾ ਨਾਮ। ਮਲਿਲਾਂਚਲਿ ਆਯੋ ਸੁਖ ਧਾਮ॥[1862]

**ਮਲੋਵਾਰ ਦੇਸ (ਮਲਯ/ਮਾਲਾਬਾਰ)-** ਮਾਲਾਬਾਰ ਦਾ ਦੇਸ਼, ਮਾਲਾਬਾਰ ਨਾਲ ਲਗਦੇ ਪਹਾੜ।[1863] ਮਲੋਵਾਰ ਦੇਸੰ ਮਹੇਸੰ ਉਦਾਰੀ॥[1864]

**ਮਾਣਕ (ਸਿਖ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਪਿਜੌਰ ਨਗਰ ਦੇ ਰਹਿਣ ਵਾਲਾ ਗੁਜਰ ਜਾਤੀ ਦਾ ਇਕ ਵਿਅਕਤੀ। ਇਕ ਗੂਜਰ ਮਾਣਕ ਨਾਮ ਬਿਧਾਨ ਰਹੈ ਵਹਿ ਆਪ ਪਿਜੌਰ ਮਝਾਰੇ॥[1865]

**ਮਾਣਕ ਚੰਦ ਖਹੇਰੜ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਮਾਣਕ ਚੰਦ ਖਹੇਰੜ ਬਾਰੀ ਭਾਗ ਚੰਦ॥[1866]

**ਮਾਣਕ-** ਬਾਬਾ ਲਖਮੀਦਾਸ ਦੇ ਸਪੁਤਰ ਧਰਮਚੰਦ ਦਾ ਬੇਟਾ, ਜਿਸ ਦਾ ਜਨਮ ਸੰਮਤ 1604 ਵਿਚ ਹੋਇਆ।[1867] ਗੁਰੂ ਨਾਨਕ ਵਿਜੈ ਗ੍ਰੰਥ ਵਿਚ ਮਾਣਕ ਅਤੇ ਮਿਹਰਚੰਦ ਦਾ ਜ਼ਿਕਰ ਇਕਠਾ ਹੋਣ ਕਰਕੇ ਸੰਭਾਵਨਾ ਹੈ ਕਿ ਇਨ੍ਹਾਂ ਵਲ ਹੀ ਸੰਕੇਤ ਕੀਤਾ ਗਿਆ ਹੈ। ਮਾਣਕ ਮਿਹਰਚੰਦ ਸੁਖਦਾਈ॥[1868]

**ਮਾਣਕਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਜਗਸੀਤਲ ਮਾਣਕਚੰਦ ਹਰੀਕਿਸਨਾ ਬਿਸਨਾ ਕਿਰਪਾ ਜਗਰਾਇ॥[1869]

---

1861 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1560.

1862 ਉਹੀ, ਪਤਰਾ 1426.

1863 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 425.

1864 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 17.

1865 ਉਹੀ, ਪਤਰਾ 1718.

1866 ਉਹੀ, ਪਤਰਾ 1629.

1867 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 964.

1868 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 17.

1869 ਉਹੀ, ਪਤਰਾ 594.

**ਮਾਣਕਚੰਦ (ਮਾਰਵਾੜੀ ਸਿਖ)**- ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਮਾਰਵਾੜੀ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1870] ਮੇਘਰਾਜ ਲਾਲਚੰਦ ਈਸਰ ਮਾਣਕਚੰਦ ਕਰਮਾ ਪਰਮਚੰਦ ਔਰ ਉਰ ਆਨੀਐ॥[1871]

**ਮਾਧਵ (ਅਵਤਾਰ)-** ਕ੍ਰਿਸ਼ਨ (ਦੇਖੋ) ਦਾ ਇਕ ਨਾਮ। ਇਕ ਮਾਧਵ ਨਾਮ ਕਹੈਂ ਹਮਰਾ ਇਕ ਜੋਗ ਨਿਧੀ ਇਕ ਭੋਗ ਬਿਲਾਸੀ॥27॥[1872]

**ਮਾਧਵ (ਸਿਖ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਸਿਆਲਕੋਟ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1873] ਮੇਘਰਾਜ ਦੀਪਚੰਦ ਪੂਰਨਾ ਪੂਰਨਚੰਦ ਮਾਧਵ ਦਾਮੋਦਰ ਸੋ ਖਤਰੀ ਪਛਾਨੀਐ॥[1874]

**ਮਾਧਵ (ਟਾਪੂ)-** ਇਕ ਟਾਪੂ (ਦੇਖੋ) ਦਾ ਨਾਮ। ਸੰਕਰ ਮਾਧਵ ਇਅੰਗ ਬਿਰਾਲ॥[1875]

**ਮਾਨ ਚੰਦ(ਸਿਖ)-** ਕਾਬਲ ਸ਼ਹਿਰ ਦੇ ਰਹਿਣ ਵਾਲੇ ਇਸ ਸਿਖ ਦਾ ਪੂਰਾ ਨਾਮ ਮਾਨਕ ਚੰਦ ਸੀ, ਇਹ ਖਾਨ ਚੰਦ ਦਾ ਪੁਤਰ ਸੀ। ਗੁਰੂ ਜੀ ਜਦੋਂ ਕਾਬਲ ਸ਼ਹਿਰ ਗਏ ਤਾਂ ਇਕ ਪਠਾਣ ਰਾਹੀਂ ਇਸ ਦਾ ਘਰ ਪੁਛ-ਪਛਾ ਕੇ ਲਭਿਆ। ਪਹਿਲਾਂ ਤਾਂ ਮਾਨਕਚੰਦ ਨੇ ਪਛਾਣਿਆ ਨਹੀਂ, ਪਰ ਜਦ ਬਾਲੇ ਨੇ ਪੂਰਾ ਪਤਾ ਦਸਿਆ ਤਾਂ ਫਿਰ ਇਹ ਗੁਰੂ ਜੀ ਦੇ ਚਰਨੀ ਢਹਿ ਪਿਆ ਤੇ ਸੇਵਾ ਕੀਤੀ।[1876] ਪਰ ਗੁਰੂ ਨਾਨਕ ਵਿਜੈ ਗ੍ਰੰਥ ਵਿਚ ਇਸ ਤਰ੍ਹਾਂ ਦਾ ਕਥਨ ਨਹੀਂ ਹੈ, ਉਥੇ ਜਦੋਂ ਮਾਨ ਚੰਦ ਨੂੰ ਪਤਾ ਲਗਦਾ ਹੈ ਕਿ ਗੁਰੂ ਜੀ ਆਏ ਹਨ ਤਾਂ ਉਹ ਬਹੁਤ ਹੀ ਪ੍ਰਸੰਨ ਹੁੰਦਾ ਹੈ ਅਤੇ ਕਵੀ ਨੇ ਇਸ ਦਾ ਨਾਮ ਮਾਨਚੰਦ ਹੀ ਦਸਿਆ ਹੈ। ਮਾਣਕਚੰਦ ਦਾ ਜ਼ਿਕਰ

---

[1870] ਉਹੀ, ਪਤਰਾ 1783.

[1871] ਉਹੀ.

[1872] ਉਹੀ, ਪਤਰਾ 114.

[1873] ਉਹੀ, ਪਤਰਾ 1783.

[1874] ਉਹੀ.

[1875] ਉਹੀ, ਪਤਰਾ 1318.

[1876] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 190.

ਨਹੀਂ ਕੀਤਾ। ਇਸ ਗ੍ਰੰਥ ਵਿਚ ਮਾਨਚੰਦ ਦੇ ਪਿਛਲੇ ਜਨਮ ਦਾ ਨਾਮ ਮੁਰਲੀਧਰ (ਦੇਖੋ) ਦਸਿਆ ਹੈ।[1877] ਮਾਨਚੰਦ ਖਤਰੀ ਸੋਂ ਹਮਰੀ ਪਛਾਣ ਜਾਣ ਕਹਜੋ ਗੁਰਦੇਵ ਆਪ ਤਿਸ ਕੋ ਬੁਲਾਈਐ॥[1878]

**ਮਾਨਸਰ (ਮਾਨਸਰੋਵਰ)-** ਹਿਮਾਲਾ ਪਰਬਤ ਦੀ ਇਕ ਪ੍ਰਸਿੱਧ ਝੀਲ ਜੋ ਕਿ ਤਿੱਬਤ ਵਿਚ ਹੈ। ਇਹ 15 ਹਜ਼ਾਰ ਫੁਟ ਦੀ ਉਚਾਈ ਤੋਂ 50-60 ਮੀਲਾਂ ਵਿਚ ਫੈਲੀ ਹੋਈ ਹੈ। ਹਿੰਦੂ ਮਿਥਿਹਾਸ ਅਨੁਸਾਰ ਬ੍ਰਹਮਾ ਨੇ ਇਸ ਦੀ ਰਚਨਾ ਕੈਲਾਸ਼ ਪਰਬਤ ਤੇ ਕੀਤੀ। ਇਹ ਵੀ ਲਿਖਿਆ ਮਿਲਦਾ ਹੈ ਕਿ ਜਦੋਂ ਸਮੁੰਦਰ ਨੂੰ ਸੁਰਗ ਤੋਂ ਥੱਲੇ ਸੁਟਿਆ ਗਿਆ ਤਾਂ ਸੁਮੇਰ ਪਰਬਤ ਤੇ ਡਿੱਗ ਕੇ ਚਾਰ ਝੀਲਾਂ ਦੇ ਰੂਪ ਵਿਚ ਵਟ ਗਿਆ। ਇਹ ਚਾਰ ਝੀਲਾਂ ਚਾਰ ਦਿਸ਼ਾਵਾਂ ਵਿਚ ਹਨ-ਪੂਰਬ ਵਿਚ ਅਰਣੋਦ, ਪੱਛਮ ਵਿਚ ਸ਼ਿਤੋਦ, ਉੱਤਰ ਵਿਚ ਮਹਾਂਭਾਰਤ ਤੇ ਦੱਖਣ ਵਿਚ ਮਾਨਸਰੋਵਰ। ਮਾਨਸਰੋਵਰ ਬਾਰੇ ਇਹ ਵੀ ਰਵਾਇਤ ਹੈ ਕਿ ਉਸ ਦੇ ਕਿਨਾਰੇ ਹੰਸ ਰਹਿੰਦੇ ਹਨ ਜੋ ਮੋਤੀ ਖਾਂਦੇ ਹਨ।[1879] ਕਥਾ ਮਾਨਸਰ ਮਾਨੋ ਮੋਤੀ ਤਾ ਮੈ ਬ੍ਰਹਮ ਗਜਾਨ ਸੰਤ ਹੋ ਮਰਾਲ ਮੋਤੀ ਚੁਰਾਨੇ ਕੋ ਆਏ ਹੈਂ॥[1880]

**ਮਾਨਕਾ ਵਤੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸ਼ਿਵਾਲੈ ਤੀਰਥ (ਦੇਖੋ) ਦੇ ਰਾਜਾ ਯੇਲੂ ਦੀ ਪਤਨੀ। ਮਾਨਕਾ ਵਤੀ ਕਹਿਉ ਭੂਪਾਲ॥[1881]

**ਮਾਨਕੇਸੂਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸ਼ਿਵਾਲੈ ਤੀਰਥ (ਦੇਖੋ) ਦੇ ਮੰਦਰ ਦਾ ਨਾਮ। ਮਾਨਕੇਸੂਰ ਨਾਮ ਸੁ ਭਾਖਾ॥[1882]

**ਮਾਨਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨੇਊ ਦੀ ਰਸਮ 'ਤੇ ਆਇਆ ਇਕ ਸਾਕ ਸਬੰਧੀ। ਧਰਮਾ ਮਾਨਚੰਦ ਸੁਖਦਾਈ॥ ਦੋਨੋ ਜਾਨ ਸਗੇ ਸੁ ਭਾਈ॥[1883]

---

[1877] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1650-52.

[1878] ਉਹੀ, ਪਤਰਾ 1650.

[1879] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 243.

[1880] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 39.

[1881] ਉਹੀ, ਪਤਰਾ 1548.

[1882] ਉਹੀ, ਪਤਰਾ 1549.

[1883] ਉਹੀ, ਪਤਰਾ 287.

**ਮਾਯਾ ਬੀਰ (ਰਾਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜਾਪਾ ਪਟਣ (ਦੇਖੋ) ਦੇ ਸਤ ਰਾਜਿਆਂ ਵਿਚੋਂ ਇਕ ਰਾਜੇ ਦਾ ਨਾਮ, ਇਸ ਦੇ ਪਿਤਾ ਦਾ ਨਾਮ ਅਮਰ ਸਿੰਘ ਦਸਿਆ ਹੈ। ਮਾਯਾ ਬੀਰ ਦੂਸਰਿ ਪੁਨਿ ਜਾਨ॥[1884]

**ਮਾਯਾਵੀ (ਰਾਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਜਾਪਾ ਪਟਣ (ਦੇਖੋ) ਦੇ ਸਤ ਰਾਜਿਆਂ ਵਿਚੋਂ ਇਕ ਰਾਜੇ ਦਾ ਨਾਮ। ਮਾਯਾਵੀ ਪਿਰਥਮ ਤੁਮ ਜਾਨੋ॥36॥[1885]

**ਮਾਰਕੰਡੇ ਰਿਸ਼ੀ-** ਇਕ ਰਿਸ਼ੀ ਜੋ ਮ੍ਰਿਕੰਡ ਦਾ ਪੁਤਰ ਅਤੇ ਮਾਰਕੰਡੇਯ ਪੁਰਾਣ ਦਾ ਪ੍ਰਸਿਧ ਲੇਖਕ ਸੀ। ਇਹ ਆਪਣੀ ਤਪਸਿਆ ਤੇ ਵਡੀ ਉਪਰ ਲਈ ਬਹੁਤ ਮਸ਼ਹੂਰ ਸੀ। ਇਸ ਨੂੰ ਦੀਰਘਾਯੁਸ੍ ਵਡੀ ਉਮਰ ਵਾਲਾ ਵੀ ਕਿਹਾ ਜਾਂਦਾ ਹੈ।[1886] ਮਾਰਕੰਡੇ ਰਿਖ ਪਰਮ ਉਦਾਰ॥[1887]

**ਮਾਰਤੰਡ-** ਵੇਦਾਂ ਵਿਚ ਸੂਰਜ ਦੇਵਤੇ ਲਈ ਵਰਤਿਆ ਨਾਂ। ਮਾਰਤੰਡ ਦਾ ਭਾਵ ਹੈ ਜੋ ਮੋਏ ਹੋਏ ਅੰਡੇ ਵਿਚੋਂ ਪੈਦਾ ਹੋਇਆ ਹੋਵੇ। ਇਕ ਕਥਾ ਅਨੁਸਾਰ ਬੁਧ ਦੇ ਸਰਾਪ ਨਾਲ, ਅਦਿਤੀ ਦੇ ਗਰਭ ਵਿਚ ਸੂਰਜ ਦਾ ਪਿੰਡ ਗਲ ਗਿਆ ਸੀ, ਕਸ਼ਯਪ ਨੇ ਆਪਣੀ ਸ਼ਕਤੀ ਨਾਲ ਇਸ ਗਲੇ ਹੋਏ ਅੰਡੇ ਨੂੰ ਜੀਵਨ ਦਾਨ ਦਿਤਾ। ਜਿਸ ਤੋਂ ਸੂਰਜ ਦਾ ਨਾਂ ਮਾਰਤੰਡ ਪਿਆ।[1888] ਮਾਰਕੰਡੇ ਮਾਰਤੰਡ ਮਾਣਕ ਸੁ ਮਾਰੂ ਰਾਗ ਮਾਧਵ ਮਲਾਰ ਮਾਝ ਰਾਗ ਉਰਿ ਆਨੀਐ॥[1889]

**ਮਾਰਤੰਡਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਮਾਰਤੰਡਕਾ॥ ਬਹੁਰਿ ਗੰਡਕਾ॥[1890]

**ਮਾਰੁਤੀ-** ਗਣੇਸ਼ (ਦੇਖੋ) ਦਾ ਇਕ ਨਾਮ। ਮਦਨ ਮਾਰੁਤੀ ਸਨਤਕੁਮਾਰੇ॥[1891]

---

1884 ਉਹੀ, ਪਤਰਾ 1388.

1885 ਉਹੀ.

1886 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 430.

1887 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1628.

1888 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਜਿਲਦ ਸਤਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 1902.

1889 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

1890 ਉਹੀ, ਪਤਰਾ 1054.

**ਮਾਰੂਫਿਤ-** ਇਕ ਕਲਪਿਤ ਥਾਂ/ਸਥਾਨ ਦਾ ਨਾਮ।[1892] ਦੇਸ ਨਾਉ ਮਾਰੂਫਤਿ ਭਾਖੇ॥[1893]

**ਮਾਲਕੁ-** ਸੁੰਨੀ ਮਤ ਦੇ ਤੀਜੇ ਇਮਾਮ, ਅਬੂ ਅਬਦੁਲਾ ਮਾਲਿਕ ਮਦੀਨੇ ਵਿਚ ਹਿਜਰੀ 94 ਹਿਜਰੀ ਵਿਚ ਜੰਮਿਆ ਅਤੇ ਬਗਦਾਦ ਵਿਚ 179 ਹਿਜਰੀ ਵਿਚ ਪਰਲੋਕ ਸਿਧਾਰ ਗਿਆ। ਇਹ ਮਾਲਕੀਆ ਸੰਪ੍ਰਦਾਇ ਦਾ ਮੋਢੀ ਸੀ।[1894]

**ਮਾਲਕੇਤਿ-** ਇਕ ਟਾਪੂ (ਦੇਖੋ) ਦਾ ਨਾਮ। ਮਾਲਕੇਤਿ ਦੂਜਾ ਮਹਿ ਪਾਲ॥[1895]

**ਮਾਲਦੇਸ-** 1. ਜਿਲ੍ਹਾ ਮੁਲਤਾਨ ਦਾ ਪੁਰਾਣਾ ਨਾਮ ਮਾਲਾ ਦੇਸ ਜਾਂ ਮਾਲਵਾ ਸੀ। ਇਥੋਂ ਦੇ ਲੋਕਾਂ ਨੂੰ ਮਾਲੀ ਕਿਹਾ ਜਾਂਦਾ ਸੀ। ਇਹ ਮੁਲਤਾਨ ਦੀ ਪੁਰਾਣੀ ਰਾਜਧਾਨੀ ਸੀ। 2. ਉਹ ਦੇਸ਼ ਜਿਥੇ ਪਾਰਸਨਾਥ ਪਰਬਤ ਸਥਿਤ ਹੈ, ਜੋ ਹਜ਼ਾਰੀਬਾਗ ਅਤੇ ਮਨਭੂਮ ਜਿਲਿਆਂ ਵਿਚ ਹੈ। 3. ਬੁਧ ਦੇ ਸਮੇਂ ਗੋਰਖਪੁਰ ਜਿਲੇ ਵਿਚਲੇ ਸਥਾਨ ਦਾ ਨਾਮ।[1896] ਮਾਲਦੇਸ ਮੋਹਨ ਮੁਕੰਦ ਮਾਲ ਕੌਸ ਔਰ ਮਾਤਰਾ ਮਕਾਰ ਮਾਘ ਮਾਸ ਔਰ ਜਾਨੀਐ॥[1897]

**ਮਾਲਵ ਦੇਸ-** ਸਤਲੁਜ ਦਰਿਆ ਦੇ ਦਖਣ ਵਲ ਦਾ ਇਲਾਕਾ ਜਿਸ ਵਿਚ ਫਿਰੋਜਪੁਰ, ਲੁਧਿਆਣਾ, ਪਟਿਆਲਾ, ਬਠਿੰਡਾ, ਸੰਗਰੂਰ ਆਦਿ ਦੇ ਜਿਲ੍ਹੇ ਸ਼ਾਮਲ ਹਨ। ਇਥੇ ਪ੍ਰਾਚੀਨ ਕਾਲ ਵਿਚ ਮਾਲਵ ਜਾਤੀ ਰਹਿੰਦੀ ਸੀ ਜਿਸ ਤੋਂ ਖੇਤਰ ਦਾ ਨਾਂ ਮਾਲਵਾ ਪੈ ਗਿਆ।[1898] ਮਾਲਵ ਦੇਸ ਰਹੈਂ ਇਕ ਰਾਜਾ॥[1899]

---

[1891] ਉਹੀ, ਪਤਰਾ 1425.

[1892] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 190.

[1893] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 979.

[1894] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 198.

[1895] ਉਹੀ, ਪਤਰਾ 1318.

[1896] Nundo Lal Dey, *The Geographical Dictionary Of Ancient And Mediaeval India,* Oriental Books, New Delhi, Second Edition, 1984, Page 122-23.

[1897] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 16.

[1898] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼ ਜਿਲਦ ਸਤਵੀਂ,* ਨੈਸ਼ਨਲ ਬੁਕ ਸ਼ਾਪ ਦਿੱਲੀ, ਦੂਜੀ ਵਾਰ, 2016, ਪੰਨਾ 1902.

**ਮਾਲਾ ਰਾਕਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਥਾਨ ਦੇਸ਼ ਦੇ ਇਕ ਰਾਖਸ਼ ਦਾ ਨਾਮ, ਜਿਸ ਨੇ ਲੋਕਾਂ ਦਾ ਜੀਣਾ ਹਰਾਮ ਕੀਤਾ ਹੋਇਆ ਸੀ। ਦਰਅਸਲ ਉਹ ਸ਼ਾਪਿਤ ਸੀ, ਪਰ ਗੁਰੂ ਜੀ ਦੇ ਸਪਰਸ਼ ਕਰਨ ਤੇ ਉਸ ਦਾ ਸ਼ਰਾਪ ਚਲਾ ਗਿਆ। ਰਾਕਸ਼ ਦਸਦਾ ਹੈ ਕਿ ਉਹ ਨੀਵੀਂ ਜਾਤ ਵਿਚ ਪੈਦਾ ਹੋਇਆ ਸੀ, ਉਸਦੇ ਮਾਤਾ-ਪਿਤਾ ਮਰ ਗਏ ਫਿਰ ਇਕ ਝੀਵਰ ਨੇ ਮੈਨੂੰ ਪਾਲਿਆ। ਇਕ ਦਿਨ ਮੈਨੂੰ ਚਿਮਨ ਰਿਸ਼ੀ ਮਿਲਿਆ। ਉਸ ਨੇ ਮੇਰੀ ਜਾਤ ਪੁਛੀ ਮੈਂ ਬ੍ਰਾਹਮਣ ਦਸਿਆ। ਮੈਂ ਸ਼ਾਸ਼ਤਰ ਪੜ੍ਹਣੇ ਸ਼ੁਰੂ ਕਰ ਦਿਤੇ ਪਰ ਆਪਣਾ ਸ਼ੂਦਰ ਸੁਭਾਅ ਨਾਂ ਛਡ ਸਕਿਆ। ਇਕ ਦਿਨ ਮੈਂ ਮੱਛੀ ਭੁੰਨ ਕੇ ਖਾਣ ਲਗਾ ਤਾਂ ਰਿਸ਼ੀ ਨੇ ਦੇਖ ਲਿਆ ਤੇ ਉਸ ਨੇ ਮੈਨੂੰ ਸ਼ਰਾਪ ਦੇ ਦਿਤਾ। ਬੇਨਤੀ ਕਰਨ ਤੇ ਰਿਸ਼ੀ ਨੂੰ ਦਇਆ ਆਈ ਉਸ ਨੇ ਦਸਿਆ ਕਿ ਚਾਰ ਹਜਾਰ ਪੰਜ ਸੌ ਸਤਰ ਸਾਲ ਜਦੋਂ ਕਲਯੁਗ ਬੀਤੇਗਾ ਤਾਂ ਗੁਰ ਨਾਨਕ ਦਾ ਅਵਤਾਰ ਹੋਵੇਗਾ, ਜਿਸ ਦੇ ਸਪਰਸ਼ ਕਰਨ ਤੋਂ ਤੇਰੀ ਗਤੀ ਹੋਵੇਗੀ। ਮਾਲੇ ਰਾਕਸ਼ ਨੂੰ ਗੁਰੂ ਜੀ ਨੇ ਬਰ ਦਿਤਾ ਕਿ ਤੇਰੇ ਨਾਮ ਦਾ ਨਗਰ ਵਸੇਗਾ। ਨਾਰੂ ਸ਼ੰਕਰ ਨੇ ਮਾਲੇ ਗਾਊਂ ਵਸਾਇਆ। ਮਾਲੇ ਰਾਕਸ ਕੀ ਕਲਿਆਨ॥[1900]

**ਮਾਲੇ ਗਾਉ-** ਵਿਦੇਹਾ ਦੇ ਪੂਰਬ ਅਤੇ ਮਗਧ ਦੇ ਉਤਰ ਪਛਮ ਦੇ ਨੇੜੇ ਸਥਿਤ ਸਥਾਨ ਅਤੇ ਇਸ ਦੇ ਉਤਰ ਵਿਚ ਗੰਗਾ ਹੈ। ਛਪਰਾ ਜਿਲੇ ਦਾ ਇਕ ਸਥਾਨ।[1901] ਗੁਰੂ ਨਾਨਕ ਵਿਜੈ ਗ੍ਰੰਥ ਦਾ ਸੰਕੇਤ ਹੋ ਸਕਦਾ ਹੈ ਇਸ ਸਥਾਨ ਵੱਲ ਹੋਵੇ, ਪਰ ਕਵੀ ਨੇ ਇਸ ਨੂੰ ਮਾਲਾ (ਦੇਖੋ) ਰਾਕਸ਼ ਦੇ ਨਾਮ 'ਤੇ ਵਸਿਆ ਦਸਿਆ ਹੈ।

ਮਾਲੇ ਗਾਉ ਬਸਿਉ ਹੈ ਤਹਾਂ॥2॥[1902]

**ਮਾਲੋ-** ਗੁਰੂ ਨਾਨਕ ਦਾ ਇਕ ਸਿਖ, ਜਿਹੜਾ ਗੁਰੂ ਕੇ ਲੰਗਰ ਵਿਚ ਰਸੋਈ ਆਦਿਕ ਦੇ ਕੰਮਾਂ ਵਿਚ ਸੇਵਾ-ਭਾਵਨਾ ਵਜੋਂ ਹਥ ਵਟਾਉਂਦਾ ਸੀ।[1903] ਲਾਲੋ ਸਾਲੋ ਮਾਲੋ ਲਾਲੂ॥[1904]

---

1899 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1494.

1900 ਉਹੀ, ਪਤਰਾ 831.

1901 Nundo Lal Dey, *The Geographical Dictionary Of Ancient And Mediaeval India,* Oriental Books New Delhi, Fourth Edition, 1984, Page 121.

1902 ਸੰਤਰੇਣ, *ਗੁਰੂ ਨਾਨਕ ਵਿਜੈ ਗ੍ਰੰਥ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 831.

1903 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 191.

1904 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 159.

**ਮਿਹਰਚੰਦ (ਸਿਖ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1905] ਮਿਹਰਿਚੰਦ ਮਿਸਰ ਪਰਧਾਨ॥[1906]

**ਮਿਹਰਚੰਦ-** ਬਾਬਾ ਧਰਮਚੰਦ ਦਾ ਪੁਤਰ, ਮਾਇਕਚੰਦ ਦਾ ਸਕਾ ਭਾਈ। ਬਾਬਾ ਲਖਮੀਦਾਸ ਦਾ ਪੋਤਾ।[1907] ਗੁਰੂ ਨਾਨਕ ਵਿਜੈ ਗ੍ਰੰਥ ਵਿਚ ਮਾਣਕ ਅਤੇ ਮਿਹਰਚੰਦ ਦਾ ਜ਼ਿਕਰ ਇਕਠਾ ਹੋਣ ਕਰਕੇ ਸੰਭਾਵਨਾ ਹੈ ਕਿ ਇਨ੍ਹਾਂ ਵਲ ਹੀ ਸੰਕੇਤ ਕੀਤਾ ਗਿਆ ਹੈ। ਮਾਣਕ ਮਿਹਰਚੰਦ ਸੁਖਦਾਈ॥[1908]

**ਮਿਹਰਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਹੋ ਮਿਹਰਾ ਹਰਿਸੁਖਰਾਮ ਗੁਬਿੰਦਾ ਕਕੜੰ॥[1909]

**ਮਿਹਰਿਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਹੋ ਮਿਹਰਿ ਚੰਦ ਪੁਨਿ ਜਾਨ ਸੁ ਆਪ ਮਹਾਨਿਯੈ॥[1910]

**ਮਿਤਰਜਿਤ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਰਾਜਾ ਮਿਤਰਜਿਤ ਹੋਇਆ ਹੈ ਜਿਸ ਨੂੰ ਅਲੰਕਾ ਪਤਿ (ਦੇਖੋ) ਵੀ ਕਿਹਾ ਗਿਆ ਹੈ। ਜਿਸ ਦੇ ਰਾਜ ਵਿਚ ਸਾਰੇ ਹੀ ਲੋਕ ਸੁਖੀ ਰਹਿੰਦੇ ਸਨ। ਇਕ ਦਿਨ ਨਾਰਦ ਮਿਤਰਾਜਿਤ ਕੋਲ ਆਇਆ ਅਤੇ ਦਸਣ ਲਗਾ ਕਿ ਪਾਤਾਲ ਵਿਚ ਪਛਮ ਦਿਸ਼ਾ ਵਾਲੇ ਪਾਸੇ ਇਕ ਗੰਧਮਾਦਨ ਨਾਮ ਦਾ ਅਸਥਾਨ ਹੈ। ਜਿਥੇ ਦੇਵਤੇ ਗੰਧ੍ਰਵ ਰਹਿੰਦੇ ਹਨ। ਉਨ੍ਹਾਂ ਦੀ ਇਕ ਪੁਤਰੀ ਮਲ ਗੰਧਨੀ (ਅਮਲਗੰਧਨੀ) ਨੂੰ ਕੰਕਾਲ ਕੇਤੂ ਰਾਖਸ਼ ਚੁਕ ਕੇ ਲੈ ਗਿਆ ਹੈ ਜੋ ਕਿ ਕਾਪਾਲ ਕੇਤੂ ਦਾ ਪੁਤਰ ਹੈ। ਹੁਣ ਉਹ ਚੰਪਾਵਤੀ ਨਾਮ ਦੇ ਅਸਥਾਨ ਤੇ ਰਹਿੰਦਾ ਹੈ ਜੋ ਕਿ ਪਤਾਲ ਵਿਚ ਹੈ। ਨਾਰਦ ਮਿਤਰਜਿਤ ਨੂੰ ਕਹਿੰਦਾ ਹੈ ਕੇ ਤੂੰ ਬੀਰ ਯੋਧਾ ਹੈ ਤੂੰ ਜਾ ਅਤੇ ਉਸ ਕੰਕਾਲ ਕੇਤੂ ਨੂੰ ਮਾਰ ਕੇ ਅਮਲਾ ਗੰਧਨੀ ਨੂੰ ਮੁਕਤੀ ਦੁਆ। ਜਾਣ

---

[1905] ਉਹੀ, ਪਤਰਾ 1783.

[1906] ਉਹੀ.

[1907] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 969.

[1908] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 17.

[1909] ਉਹੀ, ਪਤਰਾ 1629.

[1910] ਉਹੀ.

ਤੋਂ ਪਹਿਲਾਂ ਸ਼ਿਵ ਸਹਸਰ ਨਾਮ ਦਾ ਜਾਪ ਕਰੇ ਫਿਰ ਪਤਾਲ ਵਿਚ ਚਲਾ ਜਾਵੇ। ਰਾਜਾ ਨਾਰਦ ਦੀ ਗੱਲ ਮੰਨ ਕੇ ਸ਼ਿਵ ਦੀ ਆਰਾਂਧਨਾ ਕਰਕੇ ਪਾਤਾਲ ਨੂੰ ਗੰਗਾ ਨਦੀ ਦੇ ਨਾਲ ਚਲਾ ਜਾਂਦਾ ਹੈ ਅਤੇ ਅਮਲਾ ਗੰਧਨੀ ਨੂੰ ਲਭ ਲੈਂਦਾ ਹੈ। ਫਿਰ ਰਾਖਸ਼ ਅਤੇ ਮਿਤਰਾ ਜਿਤ ਵਿਚ ਘਮਾਸਾਨ ਦਾ ਯੁਧ ਹੁੰਦਾ ਹੈ, ਮਿਤਰਾਜਿਤ ਵਿਸ਼ਨੂੰ ਦਾ ਜਾਪ ਕਰਦਾ ਹੈ, ਫਿਰ ਚਤੁਰਭੁਜ ਰੂਪ ਧਾਰਨ ਕਰ ਲੈਂਦਾ ਹੈ ਅਤੇ ਰਾਖਸ਼ 'ਤੇ ਵਾਰ ਕਰਕੇ ਉਸ ਨੂੰ ਮਾਰ ਦਿੰਦਾ ਹੈ। ਨਾਰਦ ਮੁਨਿ ਪ੍ਰਗਟ ਹੋ ਕੇ ਅਮਲਾ ਗੰਧਨੀ ਅਤੇ ਮਿਤਰਾਜਿਤ ਦਾ ਵਿਆਹ ਕਰਵਾ ਦਿੰਦਾ ਹੈ। ਉਹ ਕਾਸੀ ਵਾਪਿਸ ਆ ਜਾਂਦੇ ਹਨ। ਕੁਝ ਸਮਾਂ ਬੀਤਣ ਤੋਂ ਬਾਦ ਰਾਣੀ (ਅਮਲਾ ਗੰਧਨੀ) ਪੁਤਰ ਲਈ ਰਾਜੇ ਨੂੰ ਕਹਿੰਦੀ ਹੈ। ਰਾਜਾ ਉਸ ਨੂੰ ਭਵਾਨੀ ਅਤੇ ਸ਼ਿਵ ਦੀ ਆਰਾਧਨਾ ਕਰਨ ਨੂੰ ਕਹਿੰਦਾ ਹੈ ਆਰਧਾਨਾ ਤੋਂ ਬਾਦ ਪੁਤਰ ਪਰਾਪਤੀ ਹੁੰਦੀ ਹੈ। ਪੰਡਿਤ ਬੁਲਾਏ ਜਾਂਦੇ ਹਨ। ਪੰਡਿਤ ਜਨਮ ਪਤਰੀ ਦੇਖ ਕਹਿੰਦੇ ਹਨ ਕਿ ਇਹ ਪੁਤਰ ਤੁਹਾਡੇ ਵੰਸ ਨੂੰ ਖਤਮ ਕਰੇਗਾ ਇਸ ਲਈ ਇਸ ਨੂੰ ਜੰਗਲ ਵਿਚ ਛਡ ਦਿਤਾ ਜਾਵੇ। ਭਾਵਨੀ ਦੇ ਮੰਦਰ ਵਿਚ ਛਡ ਦਿੰਦੇ ਹਨ। ਭਵਾਨੀ ਇਕ ਜੋਗਣ ਨੂੰ ਬੁਲਾ ਕੇ ਬਾਲਕ ਨੂੰ ਅਸਟ ਮਾਤ੍ਰਕਾ (ਬੈਸਨਵੀ, ਰੁਦ੍ਰਾਵੀ, ਬ੍ਰਹਮਵੀ, ਕੁਮਾਰੀ, ਵਾਰਾਹੀ, ਚਮੁੰਡਯ, ਨਾਰ ਸਿਹੂੰਕਾ ਅਤੇ ਮਹਿੰਦ੍ਰਕਾ) ਕੋਲ ਛਡਣ ਨੂੰ ਕਹਿੰਦੀ ਹੈ ਜੋਗਣ ਛਡ ਆਉਂਦੀ ਹੈ। ਫਿਰ ਬਾਲਕ ਜਦ ਥੋੜਾ ਵਡਾ ਹੁੰਦਾ ਹੈ ਤਾਂ ਉਹ ਗਉਰੀ ਕੋਲ ਵਾਪਿਸ ਆ ਜਾਂਦਾ ਹੈ ਗਉਰੀ ਉਸ ਦਾ ਨਾਮ ਵੀਰ ਰਖਦੀ ਹੈ। ਖੇਡਦਾ-ਖੇਡਦਾ ਬਾਲਕ ਵਿਸ਼ਨੂੰ ਕੋਲ ਜਾਂਦਾ ਹੈ, ਵਿਸ਼ਨੂੰ ਉਸ ਦਾ ਨਾਮ ਬਿਸੇਰ ਰਖਦਾ ਹੈ। ਬਾਲਕ ਨੂੰ ਕਾਸੀ ਜਾ ਕੇ ਸ਼ਿਵ ਦੀ ਅਰਾਧਨਾ ਕਰਨ ਨੂੰ ਕਿਹਾ ਜਾਂਦਾ ਹੈ ਬਾਲਕ ਆਰਾਧਨਾ ਕਰਦਾ ਹੈ ਅਤੇ ਇਕ ਲਿੰਗ ਪ੍ਰਗਟ ਹੁੰਦਾ ਹੈ ਉਹ ਲਿੰਗ ਦੀ ਪੂਜਾ ਕਰਦਾ ਹੈ ਤਾਂ ਕੁਝ ਸਮਾਂ ਪਾ ਕੇ ਸ਼ਿਵ ਜੀ ਪ੍ਰਗਟ ਹੋ ਕੇ ਵਰ ਦਿੰਦਾ ਹੈ ਕਿ ਇਸ ਅਸਥਾਨ ਦਾ ਨਾਮ ਬਿਸੇਸ੍ਰਰ ਜੋ ਕਿ ਬਿਸੇਰ ਤੋਂ ਬਣਿਆ ਅਤੇ ਵਿਰੇਸਰ ਜੋ ਕਿ ਵੀਰ ਤੋਂ ਬਣਿਆ ਨਾਮ ਨਾਲ ਪ੍ਰਸਿਧ ਹੋਵੇਗਾ।[1911] ਮਿਤਰੰ ਜਿਤ ਭੂਪ ਹੁਤੋ ਅਵਨੀ ਇਕ ਸੂਰਯ ਕੇ ਸਮ ਤੇਜ ਅਪਾਰੇ॥[1912]

---

[1911] ਉਹੀ, ਪਤਰਾ 1221-34.

[1912] ਉਹੀ, ਪਤਰਾ 1223.

**ਮਿਤਰੰਵਰਣੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਲੋਪਾ ਮੁੰਦ੍ਰਾ (ਦੇਖੋ) ਦਾ ਨਿਵਾਸ ਸਥਾਨ। ਮਿਤਰੰਵਰਣੀ ਸੁਤ ਧਾਮ ਗਏ ਪੁਨਿ ਨਾਨਕ ਸੋ ਮਨਿ ਮਾਹਿ ਉਮੰਗੇ॥[1913]

**ਮਿਥਿਲਾਪੁਰਿ-** ਇਕ ਸ਼ਹਿਰ, ਵਿਦੇਹ ਜਾਂ ਉਤਰੀ ਬਿਹਾਰ ਦੀ ਰਾਜਧਾਨੀ, ਜਿਹੜਾ ਗੰਡਕੀ ਅਤੇ ਕੋਸ਼ੀ ਦਰਿਆਵਾਂ ਵਿਚ ਵਰਤਮਾਨ ਤਿਰਹਟ ਅਤੇ ਪੁਰਨਿਯ ਨਾਲ ਮਿਲਦਾ ਹੈ। ਇਸ ਤੋਂ ਹੀ ਬ੍ਰਾਹਮਣਾਂ ਦੀਆਂ ਪੰਜ ਉਤਰੀ ਕੌਮਾਂ ਵਿਚੋਂ ਇਕ ਦਾ ਨਾਂ, ਅਤੇ ਧਰਮ ਸ਼ਾਸਤਰ ਦੀ ਇਕ ਸ਼ਾਖਾ ਦਾ ਨਾਂ ਪਿਆ ਹੈ। ਇਹ ਰਾਜਾ ਜਨਕ ਦਾ ਦੇਸ਼ ਸੀ ਅਤੇ ਉਸਦੀ ਰਾਜਧਾਨੀ 'ਜਨਕਪੁਰ' ਦਾ ਨਾਂ ਉਤਰੀ ਸਰਹਦ ਤੇ ਅਜੇ ਵੀ ਕਾਇਮ ਹੈ।[1914] ਮਿਥਿਲਾਪੁਰਿ ਮੈ ਤਾ ਕੋ ਗੇਹਿ॥[1915]

**ਮਿਰਿਜਾਪੁਰ-** ਯੂ. ਪੀ. ਵਿਚ ਇਕ ਨਗਰ, ਜੋ ਜਿਲੇ ਦਾ ਪ੍ਰਧਾਨ ਸ਼ਹਿਰ ਹੈ। ਇਹ ਗੰਗਾ ਦੇ ਸਜੇ ਕਿਨਾਰੇ ਆਬਾਦ ਹੈ। ਈਸਟ ਇੰਡੀਅਨ ਰੇਲਵੇ ਦੇ ਸਟੇਸ਼ਨ ਹੈ। ਕਲਕਤੇ ਤੋਂ 509 ਅਤੇ ਬੰਬਈ ਤੋਂ 891 ਮੀਲ ਹੈ।[1916] ਮਿਰਜਾਪੁਰ ਕੋ ਜਾਵਹੁ ਭਾਈ॥31॥[1917]

**ਮੀਆਂ ਮਿਠਾ (ਸੇਖ)-** ਪਾਕਿਸਤਾਨ ਵਿਚ ਜਿਲ੍ਹਾ ਸਿਆਲਕੋਟ ਦੇ ਪ੍ਰਸਿਧ ਪਿੰਡ ਪਸਰੂਰ ਕੋਲ ਕੋਟਲੇ ਵਿਚ ਰਹਿਣ ਵਾਲਾ ਗੁਰੂ ਨਾਨਕ ਦਾ ਇਕ ਸਿਖ।[1918] ਮੀਆ ਮਿਠੇ ਕੋ ਮਾਲਮ ਭਯੋ॥[1919]

**ਮੀਆਂ ਮਿਠੇ ਦਾ ਕੋਟਿਲਾ-** ਇਕ ਨਗਰ ਜਿਥੇ ਮੀਆਂ ਮਿਠਾ (ਦੇਖੋ) ਰਹਿੰਦਾ ਸੀ। ਮੀਆ ਮਿਠੇ ਦੇ ਕੋਟਿਲੇ ਬੈਠੇ ਆਇ ਸੁ ਬਾਗ ਵਿਚ॥20॥[1920]

---

[1913] ਉਹੀ, ਪਤਰਾ 843-44.

[1914] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 434.

[1915] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 62.

[1916] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 972.

[1917] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 702.

[1918] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 191-92.

[1919] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 750.

[1920] ਉਹੀ.

**ਮੀਨ (ਅਵਤਾਰ)-** ਇਕ ਅਵਤਾਰ (ਦੇਖੋ) ਦਾ ਨਾਮ। ਮੀਨ ਪੁਨਿ ਕੂਰਮ ਬਰਾਹਿ ਨਰ ਸਿੰਘ ਪੁਨਿ ਬਾਵਨ ਪਰਸਰਾਮ ਰਾਮ ਪਹਚਾਨੀਐ॥[1921]

**ਮੀਨਾ ਪਰਬਤ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ। ਮੀਨਾ ਪਰਬਤਿ ਹੈ ਇਹੁ ਭਾਈ॥19॥[1922]

**ਮੀਰ ਹੁਸੈਨਿ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬ੍ਰਹਮਜੋਗ ਪੁਨਿ ਮੀਰ ਹੁਸੈਨਿ॥[1923]

**ਮੀਰ ਖਾਂ**- ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1924] ਮੀਰ ਖਾਂਨ ਭੋਪਾ ਸੁਖਦਾਈ॥[1925]

**ਮੀਰ ਖਾਂਨ-** ਬਾਬਰ (ਦੇਖੋ) ਦਾ ਪੂਰਾ ਨਾਮ ਮੀਰ-ਜ਼ਹੀਨ-ਉਦ-ਦੀਨ ਸੀ। ਇਸ ਕਰਕੇ ਉਸ ਨੂੰ ਮੀਰ ਖਾਂਨ ਵੀ ਕਿਹਾ ਗਿਆ ਹੈ। ਮੀਰ ਖਾਂਨ ਇਕ ਮੁਗਲ ਉਦਾਰੇ॥[1926]

**ਮੀਰ ਜੰਬੀਲੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬਹੁਰੋ ਮੀਰ ਹੁਸੈਨ ਮੀਰ ਜੰਬੀਲੀ ਜਾਨੇ॥[1927]

**ਮੀਰਾ ਬਾਈ-** ਇਹ ਰਾਜਾ ਰਤਨ ਸਿੰਘ ਰਾਠੌਰ ਮੇਰਤਾ ਪਤਿ ਦੀ ਪੁਤ੍ਰੀ ਸੀ, ਇਸ ਦਾ ਜਨਮ ਸੰਮਤ 1548 ਵਿਚ ਹੋਇਆ ਅਰ ਮੇਵਾਰ ਦੇ ਰਾਜਕੁਮਾਰ ਭੋਜਰਾਜ ਨਾਲ, ਜੋ ਚਤੌੜਪਤਿ ਰਾਨਾਸਾਂਗਾ ਦਾ ਪੁਤ੍ਰ ਸੀ, ਸੰਮਤ 1573 ਵਿਚ ਸ਼ਾਦੀ ਹੋਈ। ਮੀਰਾਂਬਾਈ ਦਾ ਗ੍ਰਿਹਸਥ ਜੀਵਨ ਸੁਖ ਪੂਰਵਕ ਨਹੀਂ ਬੀਤਿਆ, ਕਿਉਂਕਿ ਰਾਨਾ ਦੁਰਗਾ ਭਗਤ ਸੀ ਅਤੇ ਇਹ ਕ੍ਰਿਸ਼ਨ ਉਪਾਸਿਕਾ ਸੀ। ਪਤਿ ਦੇ ਮਰਣ ਪਿਛੋਂ ਮੀਰਾਂਬਾਈ ਘਰ ਬਾਰ

---

[1921] ਉਹੀ, ਪਤਰਾ 4.

[1922] ਉਹੀ, ਪਤਰਾ 998.

[1923] ਉਹੀ, ਪਤਰਾ 246.

[1924] ਉਹੀ, ਪਤਰਾ 1782.

[1925] ਉਹੀ.

[1926] ਉਹੀ, ਪਤਰਾ 743.

[1927] ਉਹੀ, ਪਤਰਾ 1027.

ਤਿਆਗਕੇ ਵ੍ਰਿੰਦਾਵਨ ਆਦਿਕ ਤੀਰਥਾਂ ਦੀ ਯਾਤ੍ਰਾ ਕਰਦੀ ਹੋਈ ਸੰਮਤ 1603 ਵਿਚ ਦ੍ਵਾਰਿਕਾ ਦੇਹ ਤਿਆਗ ਕੇ ਜੀਵਨ ਯਾਤ੍ਰਾ ਸਮਾਪਤ ਕਰ ਗਈ।[1928] ਮੀਰਾ ਬਾਈ ਨਾਮ ਤਹਿ ਰਾਖਿਉ ਤਾਹਿ ਸੁਜਾਨ॥[1929]

**ਮੁਸਾਫੀ (ਸਾਫੀ)-** ਸੁੰਨੀ ਮਤ ਅਨੁਸਾਰ ਦੂਜੀ ਇਮਾਮ। ਜਿਸ ਦਾ ਜਨਮ ਅਸਕਲਾਨ ਵਿਚ 150 ਹਿਜਰੀ ਵਿਚ ਹੋਇਆ ਅਤੇ ਹਿਜਰੀ 205 ਵਿਚ ਕਾਹਿਰਾ ਵਿਚ ਦੇਹਾਂਤ ਹੋਇਆ। ਇਸ ਨੂੰ ਸਾਫਈ ਸੰਪ੍ਰਦਾਇ ਦਾ ਮੋਢੀ ਵੀ ਮੰਨਿਆ ਜਾਂਦਾ ਹੈ।[1930] ਆਜ ਮੁਸਾਫੀ ਮਾਲਕੁ ਜਾਨ॥[1931]

**ਮੁਹੰਮਦ-** ਇਹ ਇਸਲਾਮ ਧਰਮ ਦੇ ਮੋਢੀ ਸਨ। ਮੁਹੰਮਦ ਸਾਹਿਬ ਦਾ ਜਨਮ 24 ਅਪ੍ਰੈਲ 571 ਈ. ਨੂੰ ਮੱਕੇ ਵਿਚ ਹੋਇਆ ਮੰਨਿਆ ਜਾਂਦਾ ਹੈ। ਇਨ੍ਹਾਂ ਦੇ ਪਿਤਾ ਅਬਦੁਲਾਹ ਦਾ ਜਨਮ ਤੋਂ ਪਹਿਲਾਂ ਹੀ ਦੇਹਾਂਤ ਹੋ ਗਿਆ ਸੀ। ਆਪ ਦੀ ਮਾਤਾ ਆਮਨਾ ਅਤੇ ਦਾਦਾ ਅਬਦੁਲ ਮੁਤਲਿਬ ਨੇ ਆਪਣੀ ਜ਼ਿੰਮੇਵਾਰੀ ਵਿਚ ਲੈ ਲਿਆ। ਲਗਪਗ 25 ਸਾਲ ਦੀ ਉਮਰ ਵਿਚ ਖਦੀਜਾ ਨਾਲ ਨਿਕਾਹ ਹੋਇਆ। ਹਿਰਾ ਨਾਂ ਦੀ ਗੁਫਾ ਵਿਚ ਇਸ ਨੂੰ ਇਲਹਾਮ ਹੋਇਆ ਅਤੇ 26 ਮਈ 632 ਈ. ਪੂ. ਨੂੰ ਦੇਹਾਂਤ ਹੋ ਗਿਆ।[1932] ਸਿਫਤੀ ਕਈ ਮਹੰਮਦਾ ਚੱਲੇ ਸਭੇ ਰੋਇ॥26॥[1933]

**ਮੁਕਤੀਸਰੁ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਮੁਕਤੀਸਰੁ ਬਯਾਲੀਸਮੋ ਸਿਧ ਮਾਹਿ ਪ੍ਰਧਾਨ॥54॥[1934]

---

[1928] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 974.

[1929] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 401.

[1930] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 198.

[1931] ਸੰਤਰੇਣ,*ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 941.

[1932] ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਮਦ, *ਹਜ਼ਰਤ ਮੁਹੰਮਦ ਦਾ ਪਵਿਤੱਰ ਜੀਵਨ,* ਨਜ਼ਾਰਤ ਨਸ਼ਰੋ ਇਸ਼ਾਅਤ ਸਦਰ ਅੰਜੁਮਨ ਅਹਮਦੀਆ ਕਾਦੀਆਂ, ਗੁਰਦਾਸਪੁਰ, 2013, ਪੰਨਾ 4-9.

[1933] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 892.

[1934] ਉਹੀ, ਪਤਰਾ 1026.

**ਮੁਕੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕੂਰਮ (ਦੇਖੋ) ਦੀ ਪਿਠ ਉਪਰਲੇ ਅਠ ਹਾਥੀਆਂ ਵਿਚੋਂ ਇਕ ਹਾਥੀ ਦਾ ਨਾਮ ਜਿਨ੍ਹਾਂ ਉਪਰ ਧਰਤੀ ਟਿਕੀ ਹੋਈ ਹੈ। ਐਰਾਵਤਿ ਪੁੰਡਰੀ ਕਸੁ ਜਾਨ॥ ਬਾਮਨ ਅਉਰ ਮੁਕੰਦ ਪਛਾਨ॥[1935]

**ਮੁਰ (ਰਾਖਸ਼)-** ਇਕ ਵਡਾ ਦੈਂਤ, ਜਿਸ ਦੇ ਸੱਤ ਹਜ਼ਾਰ ਪੁਤਰ ਸਨ। ਇਹ ਦੈਂਤ ਨਰਕ ਦਾ ਸਾਥੀ ਸੀ, ਜਿਸ ਦਾ ਪ੍ਰਾਗਜਯੋਤਿਸ਼ ਉਤੇ ਰਾਜ ਸੀ। ਇਸ ਨੇ ਕ੍ਰਿਸ਼ਨ ਵਿਰੁਧ ਉਸਦੀ ਉਸ ਸ਼ਹਿਰ ਦੀ ਰਖਿਆ ਲਈ ਸਹਾਇਤਾ ਵੀ ਕੀਤੀ ਸੀ। ਇਸ ਨੇ ਉਸ ਸ਼ਹਿਰ ਦੁਆਲੇ 'ਫੰਧਿਆਂ ਨੂੰ ਲਟਕਾ ਦਿਤਾ, ਜਿਨ੍ਹਾਂ ਦੇ ਸਿਰੇ ਉਸਤਰਿਆਂ ਵਰਗੇ ਤੇਜ਼ ਸਨ।' ਪਰ ਕ੍ਰਿਸ਼ਨ ਨੇ ਆਪਣੇ ਚੱਕਰ ਨਾਲ ਉਨ੍ਹਾਂ ਨੂੰ ਕੱਟ ਦਿਤਾ ਅਤੇ ਮੁਰ ਨੂੰ ਕਤਲ ਕਰ ਦਿਤਾ ਅਤੇ ਇਸ ਤਰ੍ਹਾਂ 'ਉਸ ਦੇ ਸੱਤ ਹਜ਼ਾਰ ਪੁਤਰਾਂ ਨੂੰ ਵੀ ਆਪਣੇ ਚੱਕਰ ਦੇ ਸਿਰਿਆਂ ਦੀਆਂ ਲਾਟਾਂ ਨਾਲ ਪਰਵਾਨਿਆਂ ਵਾਂਗ ਸਾੜ ਦਿਤਾ।'[1936] ਮੁਰ ਮਧੁ ਕੈਟਵਿ ਰਾਵਨ ਭਾਰੀ॥[1937]

**ਮੁਰਤਜਾ ਅਲੀ-** ਇਸਲਾਮ ਦੇ ਚਾਰ ਖਲੀਫਿਆਂ ਵਿਚੋਂ ਇਕ ਖਲੀਫਾ, ਹਜ਼ਰਤ ਮੁਹੰਮਦ ਸਾਹਿਬ ਦੀ ਬੇਟੀ ਬੀਬੀ ਫਾਤਿਮਾ ਦੇ ਪਤੀ। ਇਨ੍ਹਾਂ ਦੇ ਖਾਨਦਾਨ ਨੂੰ ਸਯੀਅਦ ਕਿਹਾ ਜਾਂਦਾ ਹੈ।[1938] ਮੁਰਤਜਾ ਅਲੀ ਸੇਰੁ ਖੁਦਾਈ॥[1939]

**ਮੁਰਲੀਧਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਮੁਰਲੀਧਰ ਇਕ ਸ਼ੂਦਰ ਸੀ। ਇਕ ਦਿਨ ਇਕ ਬ੍ਰਹਮਣ ਪਿਰਥੀਮਲ ਦੇ ਘਰ ਸੰਤ ਆਏ ਸਨ। ਮੁਰਲੀਧਰ ਨੇ ਪਿਰਥੀਮਲ ਨੂੰ ਕਿਹਾ ਕਿ ਸੰਤ ਉਸ ਦੇ ਘਰ ਭੋਜਨ ਕਰਨ। ਪਰ ਸ਼ੂਦਰ ਹੋਣ ਕਰਕੇ ਉਨ੍ਹਾਂ ਨੇ ਭੋਜਨ ਨਹੀਂ ਕੀਤਾ ਅਤੇ ਉਸ ਨੇ ਆਪਣੀ ਦੇਹ ਤਿਆਗਣ ਦਾ ਫੈਸਲਾ ਕਰ ਲਿਆ। ਹਰਿਦੁਆਰ ਆ ਕੇ ਜਦ ਉਹ ਦੇਹ ਤਿਆਗਣ ਲਗਾ ਤਾਂ ਗੁਰੂ ਜੀ ਨੇ ਸਮਝਾਇਆ ਸੀ ਕਿ ਸ਼ੂਦਰ ਵੀ ਭਗਤੀ ਕਰ ਕੇ ਪਾਰ ਹੋ ਸਕਦੇ ਹਨ। ਇਸ ਲਈ ਉਸਨੇ ਭਗਤੀ ਕੀਤੀ ਅਤੇ ਮਨ ਵਿਚ

---

1935 ਉਹੀ, ਪਤਰਾ 1009.

1936 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ 2013, ਪੰਨਾ 437.

1937 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1187.

1938 ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 193.

1939 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1449.

ਖੱਤਰੀ ਜਾਤ ਵਿਚ ਪੈਦਾ ਹੋਣ ਦੀ ਲਾਲਸਾ ਰਖੀ ਅਤੇ ਅਗਲੇ ਜਨਮ ਵਿਚ ਮਾਨਚੰਦ (ਦੇਖੋ) ਦੇ ਰੂਪ ਵਿਚ ਪੈਦਾ ਹੋਇਆ ਜੋ ਕਿ ਖੱਤਰੀ ਸੀ।[1940] ਤੁਮ ਸੂਦਰ ਥੇ ਪਿਛਿਲੈ ਜਨਮੰ ਮੁਰਲੀਧਰ ਥਾ ਪੁਨਿ ਨਾਮ ਤੁਮਾਰਾ॥[1941]

**ਮੂਸਕ-** ਗਣੇਸ਼ (ਦੇਖੋ) ਦਾ ਵਾਹਨ। ਗਨਪਤਿ ਬਾਹਨ ਮੂਸਕ ਕਹਯੈ॥[1942]

**ਮੂਸਾ-** ਮੂਸਾ ਯਹੂਦੀ ਕੌਮ ਦਾ ਨੇਤਾ ਜਾਂ ਪੈਗੰਬਰ ਸੀ। ਜਿਸਨੇ ਯਹੂਦੀ ਕੌਮ ਨੂੰ ਮਿਸਰ ਦੇ ਰਾਜ ਦੀ ਗੁਲਾਮੀ ਤੋਂ ਮੁਕਤ ਕਰਵਾਇਆ। ਮੂਸਾ ਦਾ ਜਨਮ ਯਹੂਦੀ ਧਰਮ ਦੇ ਲੇਵੀ ਨਾਂ ਦੇ ਕਬੀਲੇ ਦੇ ਇਕ ਪਰਿਵਾਰ ਵਿਚ ਹੋਇਆ। ਮੂਸਾ ਦੇ ਪਿਤਾ ਦਾ ਨਾਂ ਅਮਰਾਮ ਅਤੇ ਮਾਤਾ ਦਾ ਨਾਂ ਯੋਕਬਦ ਸੀ। ਮੂਸਾ ਦੀ ਜਨਮ ਮਿਤੀ ਬਾਰੇ ਵਿਦਵਾਨਾਂ ਵਿਚ ਮਤਭੇਦ ਹੈ, ਕਿਉਂਕਿ ਕੁਝ ਵਿਦਵਾਨ ਇਸ ਨੂੰ 1571 ਈ. ਪੂ. ਦਸਦੇ ਹਨ ਅਤੇ ਕੁਝ 1380 ਈ. ਪੂ.।[1943] ਮੂਸਾ ਨੂੰ ਯਹੂਦੀਆਂ ਦੇ ਧਰਮ ਗ੍ਰੰਥ ਤੌਰੇਤ ਦਾ ਲੇਖਕ ਮੰਨਿਆ ਜਾਂਦਾ ਹੈ। ਮੇਹਤ੍ਰ ਮੂਸਾ ਹੁਕਮ ਲਿਆਯਾ॥[1944]

**ਮੂਲ ਮੰਤ੍ਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਬਾਹਤਰਿਵੇ ਪੁਨਿ ਮੂਲ ਮੰਤ੍ਰੀ ਬੁਧਿ ਨਾਹਿ ਇਦੂ ਪਰੇ॥61॥[1945]

**ਮੂਲਾ (ਟਾਪੂ)-** ਇਕ ਟਾਪੂ (ਦੇਖੋ) ਦਾ ਨਾਮ। ਪੁਹਕਰਿ ਮੂਲਾ ਅਉਰ ਪਛਾਨੋ॥62॥[1946]

**ਮੂਲਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਉਪਰੰਤ ਦਰਸ਼ਨ ਕਰਨ ਆਇਆ ਇਕ ਵਿਅਕਤੀ। ਮੂਲਾ ਅਰੁ ਰਵਦਾਸ ਉਦਾਰ॥[1947]

---

[1940] ਉਹੀ, ਪਤਰਾ 1650-52.

[1941] ਉਹੀ, ਪਤਰਾ 1651.

[1942] ਉਹੀ, ਪਤਰਾ 1425.

[1943] ਧਾਲੀਵਾਲ, ਤੇਜਿੰਦਰ ਕੌਰ, *ਯਹੂਦੀ ਅਤੇ ਇਸਾਈ ਧਰਮ,* ਗ੍ਰੇਸ਼ਿਅਸ ਬੁਕਸ, ਪਟਿਆਲਾ, 2008,ਪੰਨਾ 35.

[1944] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 909.

[1945] ਉਹੀ, ਪਤਰਾ 1027.

[1946] ਉਹੀ, ਪਤਰਾ 1318.

[1947] ਉਹੀ, ਪਤਰਾ 159.

**ਮੂਲਾ (ਦੂਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਿਆਲਕੋਟ ਦੇ ਪਰਸਰਾਮ (ਦੇਖੋ) ਦਾ ਪੁਤਰ ਜੋ ਗੁਰੂ ਜੀ ਦੇ ਅਸ਼ੀਰਵਾਦ ਸਦਕਾ ਪੈਦਾ ਹੋਇਆ। ਮੂਲਾ ਤਾਹਿ ਰਾਖਿਯੋ ਨਾਮ॥[1948]

**ਮੇਕਾਈਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਫਰਿਸ਼ਤਾ। ਇਸਰਾਫੀਲ ਇਜਰਾਈਲ ਮੇਕਾਈਲ ਪਛਾਨ॥[1949]

**ਮੇਘਨੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚਦਉਰ ਦਾ ਇਕ ਗਰੀਬ ਬ੍ਰਹਮਣ, ਜਿਸਦੀ ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਸਦਕਾ ਗਰੀਬੀ ਦੂਰ ਹੋਈ। ਜਨਮਸਾਖੀ ਸਾਹਿਤ ਵਿਚ ਇਸ ਦਾ ਪ੍ਰਸੰਗ ਨਹੀਂ ਮਿਲਦਾ। ਬਿਚਾਰ ਮਾਹਿ ਨਾ ਪਰੋ ਕਹਜੋ ਸੁ ਜਾਇਕੈ ਕਰੋ ਕਹਜੋ ਗੁਰੂ ਦਿਆਲ ਨੈ ਉਪਾਇ ਮੇਘਨੰਦ ਕੋ॥7॥[1950]

**ਮੇਘਰਾਜ (ਰਾਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਹ ਸਿਕਾਰਪੁਰ ਦਾ ਰਾਜਾ ਸੀ ਅਤੇ ਉਸ ਦੀ ਪਤਨੀ ਚੰਦ ਕੌਰ ਸੀ। ਮੇਘਰਾਜ ਦੀ ਜਾਤ ਕੰਦੋਈ ਸੀ। ਇਸ ਰਾਜੇ ਦਾ ਆਪਣੀ ਪਰਜਾ ਵੱਲ ਕੋਈ ਧਿਆਨ ਨਹੀਂ ਸੀ। ਇਹ ਐਸ਼-ਪ੍ਰਸਤੀ ਵਿਚ ਫਸਿਆ ਹੋਇਆ ਸੀ। ਚੰਦ ਕੌਰ ਦੀ ਬੇਨਤੀ ਤੇ ਮੇਘਰਾਜ ਗੁਰੂ ਨਾਨਕ ਦੇਵ ਜੀ ਕੋਲ ਆਇਆ ਅਤੇ ਗੁਰੂ ਜੀ ਨੇ ਇਸ ਨੂੰ ਉਪਦੇਸ਼ ਦਿਤਾ। ਜਾਤ ਕੰਦੋਈ ਮੇਘਾ ਨਾਮ॥[1951]

**ਮੇਘਰਾਜ (ਸ਼ਾਹੂਕਾਰ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਦਿਨ ਗੁਰੂ ਜੀ ਰਾਮਨਗਰ ਵਿਚ ਗਏ ਜਿਥੇ ਮਰਦਾਨੇ ਨੇ ਇਕ ਸ਼ਾਹੂਕਾਰ ਮੇਘਰਾਜ ਨੂੰ ਦੇਖਿਆ ਜਿਸਦੀ ਪਤਨੀ ਦੇਵ ਬਲਭਾ ਜਾਂ ਦੇਵ ਬਲਪਾ ਸੀ। ਪਤੀ 25 ਸਾਲ ਦਾ ਤੇ ਪਤਨੀ 20 ਸਾਲ ਦੀ ਸੀ। ਮਰਦਾਨੇ ਨੂੰ ਉਨ੍ਹਾਂ ਤੋਂ ਸੁਖੀ ਹੋਰ ਕੋਈ ਨਹੀਂ ਦਿਸਿਆ ਸੀ। ਉਹ ਬਹੁਤ ਹੀ ਧਨਵਾਨ ਸਨ ਤੇ ਦਾਨ ਵੀ ਬਹੁਤ ਕਰਦੇ ਸਨ। ਮਰਦਾਨੇ ਨੇ ਗੁਰੂ ਜੀ ਨੂੰ ਆ ਕੇ ਦਸਿਆ ਕਿ ਤੁਸੀ ਕਹਿੰਦੇ ਸੀ ਕਿ ਸਾਰੇ ਹੀ ਦੁਖੀ ਹਨ ਪਰ ਇਕ ਸ਼ਾਹੂਕਾਰ ਬਹੁਤ ਸੁਖੀ ਹੈ ਉਸ ਨੂੰ ਕੋਈ ਦੁਖ ਨਹੀਂ ਹੈ। ਗੁਰੂ ਜੀ ਨੇ ਕਿਹਾ ਕਿ ਮਰਦਾਨਿਆਂ ਤੂੰ ਸਿਰਫ਼ ਉਹਨਾਂ ਦੇ ਸੁਖ ਦੇਖ ਸਕਿਆਂ ਹੈ ਦੁਖ ਨਹੀਂ। ਫਿਰ ਉਹ ਸ਼ਾਹੂਕਾਰ ਗੁਰੂ ਜੀ ਕੋਲ ਆਉਂਦਾ ਹੈ ਤੇ ਰੋਣ ਲਗ ਜਾਂਦਾ ਹੈ। ਸਾਰੀ ਬਾਰਤਾ ਦਸਦਾ ਹੈ ਕਿ ਉਸਦੀ ਪਤਨੀ ਮਰਨ ਵਾਲੀ ਸੀ ਇਸ ਲਈ ਉਸਨੇ ਵਾਅਦਾ ਕੀਤਾ ਕਿ ਉਹ ਹੋਰ ਵਿਆਹ ਨਹੀਂ

---

[1948] ਉਹੀ, ਪਤਰਾ 366.

[1949] ਉਹੀ, ਪਤਰਾ 959-60.

[1950] ਉਹੀ, ਪਤਰਾ 1689.

[1951] ਉਹੀ, ਪਤਰਾ 1474.

ਕਰਵਾਏਗਾ ਇਸ ਲਈ ਉਸ ਨੇ ਆਪਣੀ ਲਿੰਗ ਇੰਦ੍ਰੀ ਕੱਟ ਦਿਤੀ ਪਰ ਉਸਦੀ ਪਤਨੀ ਨਾ ਮਰੀ ਤੇ ਉਹ ਠੀਕ ਹੋ ਗਈ। ਹੁਣ ਉਸਨੂੰ ਕਾਮ ਸਤਾ ਰਿਹਾ ਹੈ ਸਾਰਾ ਕੁਝ ਕੋਲ ਹੋਣ ਕਰਕੇ ਵੀ ਉਹ ਦੁਖੀ ਹੈ। ਗੁਰੂ ਜੀ ਨੇ ਦਿਆਲ ਹੋ ਕੇ ਉਸਦਾ ਸਰੀਰ ਠੀਕ ਕਰ ਦਿਤਾ ਤੇ ਵਰ ਦਿਤਾ ਕਿ ਉਸ ਦੇ ਦੋ ਪੁਤਰ ਹੋਣਗੇ। ਫਿਰ ਪਤੀ-ਪਤਨੀ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ।[1952] ਮੇਘਰਾਜ ਨਿਜ ਘਰਿ ਮੈ ਆਈ॥[1953]

**ਮੇਘਰਾਜ (ਮਾਰਵਾੜੀ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਮਾਰਵਾੜੀ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1954] ਮੇਘਰਾਜ ਲਾਲਚੰਦ ਈਸਰ ਮਾਣਕਚੰਦ ਕਰਮਾ ਪਰਮਚੰਦ ਔਰ ਉਰ ਆਨੀਐ॥[1955]

**ਮੇਘਰਾਜ (ਸਿਖ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਸਿਆਲਕੋਟ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[1956] ਮੇਘਰਾਜ ਦੀਪਚੰਦ ਪੂਰਨਾ ਪੂਰਨਚੰਦ ਮਾਧਵ ਦਾਮੋਦਰ ਸੋ ਖਤਰੀ ਪਛਾਨੀਐ॥[1957]

**ਮੇਡਕ-** ਸੁੱਕ੍ਰ (ਦੇਖੋ) ਦਾ ਵਾਹਨ। ਸੁੱਕ੍ਰਕਾ ਮੇਡਕ ਪਹਿਚਾਨਹੁ॥42॥[1958]

**ਮੇਦਰੂ ਦਿਆਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਵਹੁਰੀ ਜੰਡਾ ਜਾਨ ਮੇਦਰੂ ਦਿਆਲ ਜੀ॥[1959]

**ਮੇਧਾਵੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਰਿਸ਼ੀ ਜੋ ਚਿਮਨ ਰਿਸ਼ੀ ਦਾ ਚੇਲਾ ਸੀ। ਚਿਮਨ ਰਿਖੀ ਕੋ ਸੁਤ ਮੇਧਾਵੀ ਸੁ ਗੁਰੂ ਮੇਰਾ ਬਿਦਿਆ ਭਿਆਸ ਕਰੋਂ ਰੈਨਿ ਦਿਨ ਜਾਨੀਐ॥[1960]

---

[1952] ਉਹੀ, ਪਤਰਾ 1687-88.

[1953] ਉਹੀ, ਪਤਰਾ 1687.

[1954] ਉਹੀ, ਪਤਰਾ 1783.

[1955] ਉਹੀ.

[1956] ਉਹੀ.

[1957] ਉਹੀ.

[1958] ਉਹੀ, ਪਤਰਾ 1425.

[1959] ਉਹੀ, ਪਤਰਾ 1629.

[1960] ਉਹੀ, ਪਤਰਾ 1574.

**ਮੇਨਯਾ-** ਇਕ ਪਰਬਤ (ਦੇਖੋ) ਦਾ ਨਾਮ। ਹਿਮਾਦਰੀ (ਦੇਖੋ) ਦੀ ਪਤਨੀ। ਮੇਨਯਾ ਨਾਮ ਤਾਹਿ ਕਾ ਭਾਈ॥[1961]

**ਮੇਰਊ-** ਇਕ ਟਾਪੂ (ਦੇਖੋ) ਦਾ ਨਾਮ। ਚਾਰ ਪਚਾਸ ਮੇਰਊ ਭਾਨੇ [1962]

**ਮੇਰਠ-** ਇਹ ਸਥਾਨ ਮੁਜ਼ਫਰਨਗਰ ਦੇ ਉਤਰ ਅਤੇ ਬੁਲੰਦਸ਼ਹਿਰ ਦੇ ਦਖਣ ਵਿਚ ਸਥਿਤ ਹੈ ਜੋ ਮੇਰਠ ਡਿਵੀਜਨ ਅੰਦਰ ਹੀ ਆਉਂਦੇ ਹਨ। ਇਸ ਦੇ ਪੂਰਬ ਵਿਚ ਗੰਗਾ ਵਹਿੰਦੀ ਹੈ ਜੋ ਇਸ ਨੂੰ ਬਿਜਨੌਰ ਅਤੇ ਮੌਰਾਬਾਦ ਜੋ ਕਿ ਰੋਹਿਲਖੰਡ ਡਿਵੀਜਨ ਵਿਚ ਹੈ, ਤੋਂ ਵਖ ਕਰਦੀ ਹੈ। ਇਸ ਦੇ ਪਛਮ ਵਲ ਜਮੁਨਾ ਹੈ ਜੋ ਇਸ ਨੂੰ ਦਿਲੀ ਅਤੇ ਕਰਨਾਲ ਨਾਲੋਂ ਵਖਰਾ ਕਰਦੀ ਹੈ।[1963] ਮੇਰਠਿ ਆਇ ਸੁ ਅੰਤਰਿਜਾਮੀ॥[1964]

**ਮੇਰਾਜ -**ਮਿਅਰਾਜ਼ (ਮੇਰਾਜ), ਇਸ ਦੇ ਸ਼ਾਬਦਿਕ ਅਰਥ ਹਿਜ਼ਰਤ ਕਰਨਾ ਹਨਪ੍ਰੰਤੂ ਭਾਵ ਅਰਥਾਂ ਵਿਚ , ਇਸ ਦਾ ਸੰਬੰਧ ਹਜ਼ਰਤ ਮੁਹੰਮਦ ਸਾਹਿਬ ਦੀ ਅਸਮਾਨੀ ਯਾਤਰਾ ਨਾਲ ਹੈ। ਜਦੋਂ ਜ਼ਿਬਰਾਇਲ ਫਰਿਸ਼ਤਾ ਮੁਹੰਮਦ ਸਾਹਿਬ ਲਈ ਖੁਦਾ ਦਾ ਪੈਗਾਮ ਲੈ ਕੇ ਨਾਂ ਦੇ ਪਹਾੜ ਦੀ ਗੁਫਾ ਵਿਚ 'ਹਿਰਾ' ਨਾਂ ਦਾ ਇਕ ਖੰਭਾਂ ਵਾਲਾ ਚਿਟਾ ਘੋੜਾ ਵੀ ਨਾਲ ਸੀ। ਇਸ ਘੋੜੇ ਉਤੇ ਬੈਠ ਕੇ 'ਬੁਰਾਨ' ਆਇਆਤਾਂ ਰੁ' ਹਜ਼ਰਤ ਮੁਹੰਮਦ ਸਾਹਿਬ ਸਤਵੇਂ ਅਸਮਾਨ ਉਤੇ ਖੁਦਾ ਨੂੰ ਮਿਲਣ ਗਏ। ਇਸ ਨੂੰਹਾਨੀ ਸਫਰਦਾ ' ਮਾਨਵੀਕਰਨ ਵੀ ਕਿਹਾ ਜਾਂਦਾ ਹੈ। ਇਸ ਨੂੰ ਮਿਅਰਾਜ ਦੀ ਘਟਨਾ ਕਹਿੰਦੇ ਹਨ।[1965] ਤਹ ਸੇਵਹਿਗੇ ਜੋ ਭਾਸਾਜ॥ ਸੋ ਨਰ ਜਾਵਹਿਗੇ ਮੇਰਾਜ॥[1966]

**ਮੈਨਕਾ/ਮੇਨਕਾ-** ਇਕ ਅਪਛਰਾ, ਜਿਸ ਨੂੰ ਇੰਦ੍ਰ ਨੇ ਵਿਸ਼ਵਾਮਿਤ੍ਰ ਰਿਸ਼ੀ ਦੀ ਤਪੱਸਿਆ ਭੰਗ ਕਰਨ ਲਈ ਤਪੋਬਨ ਵਿਚ ਭੇਜਿਆ ਸੀ, ਇਸ ਨੇ ਆਪਣੀ ਸੁੰਦਰਤਾ ਚਲਿਤਰ ਤੇ ਅਦਾਵਾਂ ਨਾਲ ਰਿਸ਼ੀ ਨੂੰ ਮੋਹ ਲਿਆ,

---

1961 ਉਹੀ, ਪਤਰਾ 1426.

1962 ਉਹੀ, ਪਤਰਾ 1318.

1963 H. R. Nevill, *Meerut : A Gazetteer, vol IV,* Lucknow, 1922, Page 1.

1964 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1221.

1965 ਗੁਰਮੇਲ ਸਿੰਘ ,*ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼* .ਪ੍ਰੋ , ,ਪਟਿਆਲਾ ,ਸਾਹਿਬ ਸਿੰਘ ਗੁਰਮਤਿ ਟਰੱਸਟ2004, ਪੰਨਾ195 .

1966 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 904.

ਸ਼ਕੁੰਤਲਾ ਇਸੇ ਦੇ ਗਰਭ ਤੋਂ ਪੈਦਾ ਹੋਈ ਸੀ। ਸ਼ਕੁੰਤਲਾ ਨੂੰ ਜੰਗਲ ਵਿਚ ਸੁਟ ਕੇ ਮੇਨਕਾ ਇੰਦ੍ਰ ਲੋਕ ਨੂੰ ਪਰਤ ਆਈ।[1967] ਕੇਸੀ ਰੰਭਾ ਉਰਬਸੀ ਅਉਰ ਮੈਨਕਾ ਜਾਨ॥[1968]

**ਮੈਨੁਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸੋਮਨਾਥ (ਦੇਖੋ) ਦੀ ਮਾਤਾ ਅਤੇ ਕੁੰਦਨ ਮੁਨੀ ਦੀ ਪਤਨੀ। ਕੁੰਦਨਿ ਮੁਨੀ ਕੋ ਸੁਤ ਪੂਰਬ ਪਛਾਨੇ ਮੋਹਿ ਮੈਨੁਕਾ ਸੁ ਜਨਨੀ ਹਮਾਰੀ ਉਰ ਆਨੀਐ॥[1969]

**ਮੈਯਾਸੁਰ/ਮਯਾਸੁਰ-** ਇਕ ਦੈਂਤ, ਜਿਹੜਾ ਵਿਸ਼ਵਕਰਮਾ ਦੀ ਤਰ੍ਹਾਂ, ਜੋ ਸੁਰਾਂ ਜਾਂ ਦੇਵਤਿਆਂ ਦਾ ਸ਼ਿਲਪਕਾਰ ਸੀ, ਅਸੁਰਾਂ ਦਾ ਉਸਰਈਆ ਅਤੇ ਸ਼ਿਲਪਕਾਰ ਸੀ। ਇਹ ਵਿਪ੍ਰਚਿਤੀ ਦਾ ਪੁਤਰ ਅਤੇ ਵਜ੍ਰਕਾਮ ਤੇ ਮੰਦੋਦਰੀ, ਰਾਵਣ ਦੀ ਪਤਨੀ ਦਾ ਪਿਤਾ ਸੀ। ਇਹ ਦੇਵਗਿਰੀ ਪਹਾੜਾਂ ਤੇ ਰਹਿੰਦਾ ਸੀ ਜਿਹੜੇ ਦਿਲੀ ਤੋਂ ਬਹੁਤੀ ਦੂਰ ਨਹੀਂ ਹਨ ਅਤੇ ਉਸ ਦੇ ਮੁਖ ਕੰਮ ਉਸ ਸ਼ਹਿਰ ਦੇ ਆਲੇ-ਦੁਆਲੇ ਸਨ ਜਿਥੇ ਉਹ ਮਨੁਖਾਂ ਅਤੇ ਦੈਤਾਂ ਦੋਨਾਂ ਲਈ ਕੰਮ ਕਰਦਾ ਸੀ। ਮਹਾਂਭਾਰਤ ਵਿਚ ਇਕ ਮਹਲ ਦਾ ਵਰਨਣ ਹੈ, ਜਿਹੜਾ ਉਸ ਨੇ ਪਾਂਡਵਾਂ ਲਈ ਬਣਾਇਆ ਸੀ। ਪੁਰਾਣ ਸਾਹਿਤ ਵਿਚ ਇਸ ਦਾ ਦੇਵਤਿਆਂ ਨਾਲ ਹੋਏ ਮੁਕਬਾਲਿਆਂ ਵਿਚ ਜੇਤੂ ਅਤੇ ਹਾਰੂ ਦੋਹਾਂ ਰੂਪਾਂ ਵਿਚ ਵਰਨਣ ਕੀਤਾ ਗਿਆ ਹੈ।[1970] ਦੈਂਤਜ ਮਯਾਸੁਰ ਕੋ ਉਦਰਿ ਧਰਿ ਹੈ ਸੋਂ ਅਵਤਾਰ॥[1971]

**ਮੋਹਣਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਨਾਗਰਚੰਦ ਅਣੀ ਦਖਣੀ ਅਰੁ ਮੋਹਿਣ ਜੀ ਜਗਤਾ ਪਰਸਾ ਹੈ॥[1972]

**ਮੋਦਾਂ ਮਾਈ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਇਕ ਸਿਖ ਦਾ ਨਾਮ। ਜੱਲੁਣ ਸੰਮਣ ਮੋਦਾਂ ਮਾਈ॥[1973]

---

[1967] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਸਤਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 1935

[1968] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 163.

[1969] ਉਹੀ, ਪਤਰਾ 1574.

[1970] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 423.

[1971] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1738.

[1972] ਉਹੀ, ਪਤਰਾ 594.

[1973] ਉਹੀ, ਪਤਰਾ 792.

**ਮੋਰ-** ਸਰਸਵਤੀ (ਦੇਖੋ) ਦਾ ਵਾਹਨ। ਸਾਰਸੁਤੀ ਕਾ ਬਾਹਨ ਮੋਰ॥[1974]

**ਮੌਗਲ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਸਿਧ ਸੰਗਰ ਔਘੜ ਮੌਗਲ ਜੂ ਗਿਰਬੋਧ ਬਲੀ ਸਭ ਕਾ ਸਿਰਦਾਰੇ॥[1975]

**ਮ੍ਰਿਤਸਟਾ ਖੰਡ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨੌਂ ਖੰਡਾਂ (ਦੇਖੋ) ਵਿਚੋਂ ਇਕ ਖੰਡ ਦਾ ਨਾਮ। ਰਾਮ ਭਦਰ ਮ੍ਰਿਤਸਟਾ ਕਹਯੈ॥ ਅਗ ਪਰਮਾਤਮ ਅਉਰ ਸੁ ਲਹਯੈ॥[1976]

**ਯਗ-** ਇਕ ਅਵਤਾਰ (ਦੇਖੋ) ਦਾ ਨਾਮ। ਕ੍ਰਿਸਨ ਮਹਾਂਨ ਬੋਧ ਕਲਗੀ ਪ੍ਰਿਥੂ ਬਿਆਸ ਹਰੀ ਹੰਸ ਮਨੂ ਯਗ ਰਿਖਭ ਸੋ ਜਾਨੀਐ॥[1977]

**ਯਜੀਦ ਜਾਂ ਅਜੀਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਸਨ ਅਤੇ ਹੁਸੈਨ ਨੂੰ ਮਾਰਨ ਵਾਲਾ ਇਹ ਸੀ। ਮਾਰੇ ਹਸਨ ਹੁਸੈਨ ਦੁਇ ਯਜੀਦ ਭਯਾ ਪਾਤਿਸਾਹੁ॥[1978]

**ਯਾਂਗਰਮੱਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਯਾਂਗਰਮੱਲ ਹਰੀਹਰਿ ਸਾਵਣਿ ਕੇਵਲ ਰਾਮ ਬੁਧੂ ਨਰਸਾ॥[1979]

**ਯਾਗਵਲਕ ਰਿਸ਼ੀ-** ਇਕ ਪ੍ਰਸਿਧ ਰਿਸ਼ੀ। ਜਿਸ ਦਾ ਨਾਮ ਯਾਜਨ-ਵਲਕਜ ਮਿਲਦਾ ਹੈ। ਇਹ ਸ਼ੁਕਲ ਯਜੁਰ ਵੇਦ ਸਤਪਥ ਬ੍ਰਾਹਮਣ, ਬ੍ਰਿਹਦ ਆਰਣਯਕ ਅਤੇ ਯਾਜ੍ਞਵਲਕਜ ਸਿਮ੍ਰਿਤੀ ਦਾ ਲੇਖਕ ਸੀ। ਇਹ ਵਿਆਕਰਣਕਾਰ ਕਾਤਜਾਯਨ ਤੋਂ ਪਹਿਲੋਂ ਅਤੇ ਮਨੂ ਤੋਂ ਪਿਛੋਂ ਹੋਇਆ ਸੀ। ਕਿਵੇਂ ਵੀ ਹੋਵੇ ਇਸ ਦੇ ਨਾਂ ਨਾਲ ਸੰਬੰਧਿਤ ਸਿਮ੍ਰਿਤੀ ਮਨੂ ਤੋਂ ਪਿਛਲੇਰੀ ਹੈ। ਇਹ ਬਾਸ਼ਕਲੀ ਅਤੇ ਵਿਸ਼ੇਸ਼ ਕਰਕੇ ਵੈਸੰਪਾਯਨ ਦਾ ਸ਼ਿਸ਼ ਸੀ। ਮਹਾਂਭਾਰਤ ਅਨੁਸਾਰ ਯੁਧਿਸ਼ਠਰ ਦੇ ਰਾਜਸੂਯ ਯੱਗ ਵਿਚ ਇਹ ਵੀ ਉਪਸਥਤ ਸੀ। ਸ਼ਤਪਥ ਬ੍ਰਾਹਮਣ

---

[1974] ਉਹੀ, ਪਤਰਾ 1425.

[1975] ਉਹੀ, ਪਤਰਾ 246.

[1976] ਉਹੀ, ਪਤਰਾ 1008.

[1977] ਉਹੀ, ਪਤਰਾ 4.

[1978] ਉਹੀ, ਪਤਰਾ .957

[1979] ਉਹੀ, ਪਤਰਾ 594.

ਅਨੁਸਾਰ ਇਹ ਵਿਦੇਹ ਦੇ ਰਾਜੇ ਸੀਤਾ ਦਾ ਪਿਤਾ ਜਨਕ ਦੇ ਦਰਬਾਰ ਵਿਚ ਰਹਿੰਦਾ ਸੀ।[1980] ਯਾਗਵਲਕ ਮੁਨਿ ਗਯਾਨ ਭੰਡਾਰ॥[1981]

**ਯਾਪੂ-** ਇਕ ਟਾਪੂ (ਦੇਖੋ) ਦਾ ਨਾਮ। ਪੁਨਿ ਤੇਈਮੋ ਜਾਨੋ ਯਾਪੂ॥[1982]

**ਯਾਰ ਅਲੀ/ਅਲੀ ਯਾਰ-** ਕੰਧਾਰ ਦਾ ਇਕ ਵਲੀ, ਕਰਾਮਾਤੀ ਫ਼ਕੀਰ, ਜਿਹੜਾ ਲੋਕ-ਪਰੰਪਰਾ ਵਿਚ ਵਲੀ-ਕੰਧਾਰੀ ਕਰਕੇ ਪ੍ਰਸਿਧ ਹੈ। ਬਾਲਾ ਸਾਹਵਲੀ ਨਾਲ ਵਲੀ ਕੰਧਾਰੀ ਵੀ ਲਿਖਦਾ ਹੈ। ਇਸ ਦਾ ਨਾਂ ਯਾਰ ਆਲੀ ਕਰਕੇ ਵੀ ਆਉਂਦਾ ਹੈ।[1983] ਭਾਵੇਂ ਕਿ ਵਲੀ ਕੰਧਾਰੀ ਅਤੇ ਯਾਰ ਅਲੀ ਦਾ ਨਾਮ ਇਕ ਹੀ ਮੰਨਿਆ ਗਿਆ ਹੈ, ਪਰ ਗੁਰੂ ਨਾਨਕ ਵਿਜੈ ਗ੍ਰੰਥ ਵਿਚ ਇਹ ਦੋ ਨਾਮ ਦਸੇ ਹਨ। ਯਾਰਅਲੀ ਕੋ ਦਰਸਨਿ ਦਯੋ॥[1984]

**ਯਿਤੀ-** ਇਕ ਟਾਪੂ (ਦੇਖੋ) ਦਾ ਨਾਮ। ਇਯੰ ਜਯੇ ਯਿਤੀ ਯੇਯੰਪਾਲ॥[1985]

**ਯੇਯੰਪਾਲ-** ਇਕ ਟਾਪੂ (ਦੇਖੋ) ਦਾ ਨਾਮ। ਇਯੰ ਜਯੇ ਯਿਤੀ ਯੇਯੰਪਾਲ॥[1986]

**ਯੇਲ ਗੰਗਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਯੇਲੀ (ਦੇਖੋ) ਦੀ ਮੌਤ ਤੋਂ ਬਾਅਦ ਉਹ ਗੰਗਾ ਦੇ ਰੂਪ ਵਿਚ ਵਹਿ ਤੁਰਿਆ, ਉਸ ਦਾ ਨਾਮ ਯੇਲ ਗੰਗਾ ਰਖਿਆ ਗਿਆ। ਨਾਮ ਯੇਲ ਗੰਗਾ ਸਿਵ ਰਾਖਾ॥[1987]

**ਯੇਲੀ-** ਰਿਗ ਵੇਦ ਵਿਚ ਮੂਲ ਰੂਪ ਵਿਚ ਇਡਾ (ਇਲਾ) ਅੰਨ, ਜਲ ਪਾਨ ਜਾਂ ਦੁਧ ਦੇ ਤਰਪਣ ਦੇ ਰੂਪ ਵਿਚ ਮਿਲਦੀ ਹੈ। ਇਸ ਦਾ ਵਾਣੀ ਦੀ ਦੇਵੀ ਦੇ ਰੂਪ ਵਿਚ ਮਾਨਵੀਕਰਨ ਕੀਤਾ ਜਾਂਦਾ ਹੈ ਅਤੇ ਇਸ ਦਾ ਕਾਫੀ ਪ੍ਰਸ਼ੰਸਾਂ ਕੀਤੀ ਜਾਂਦੀ ਹੈ। ਇਸਨੂੰ ਮਨੂ ਦੀ ਉਪਦੇਸ਼ਕਾ ਆਖਿਆ ਜਾਂਦਾ ਹੈ। ਪੁਰਾਣਾਂ ਵਿਚ ਇਸ ਨੂੰ ਮਨੂ ਵੈਵਸਵਤ ਦੀ ਧੀ, ਬੁਧਿ ਦੀ ਪਤਨੀ ਅਤੇ ਪੁਰੂਰਵਾ ਦੀ ਮਾਂ ਕਿਹਾ ਗਿਆ ਹੈ। ਇਨ੍ਹਾਂ ਅਨੁਸਾਰ ਮਨੂ

---

[1980] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਚੌਥੀ ਵਾਰ, 2013, ਪੰਨਾ 447.

[1981] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1628.

[1982] ਉਹੀ, ਪਤਰਾ 1318.

[1983] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 40.

[1984] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1754.

[1985] ਉਹੀ, ਪਤਰਾ 1318.

[1986] ਉਹੀ.

[1987] ਉਹੀ, ਪਤਰਾ 1555.

ਵੈਵਸਵਤ ਦੇ ਕੋਈ ਪੁਤਰ ਨਹੀਂ ਸੀ। ਉਸ ਨੇ ਪੁਤਰ ਪ੍ਰਾਪਤੀ ਲਈ ਮ੍ਰਿਤ ਤੇ ਵਰੁਣ ਲਈ ਇਕ ਯਗ ਕੀਤਾ, ਪਰ ਯਗ ਕਰਦਿਆਂ ਹੋਇਆਂ ਉਸ ਦੇ ਵਿਧਾਨ ਵਿਚ ਕੋਈ ਗਲਤੀ ਹੋ ਗਈ, ਜਿਸ ਕਾਰਨ ਇਡਾ ਜਾਂ ਇਲਾ ਨਾਂ ਦੀ ਲੜਕੀ ਦਾ ਜਨਮ ਹੋਇਆ। ਦੋਵਾਂ ਦੇਵਤਿਆਂ ਦੀ ਕਿਰਪਾ ਨਾਲ ਉਹ ਮੁੜ ਆਦਮੀ ਬਣ ਗਈ। ਉਸ ਦਾ ਨਾਂ ਸੁਦਯੁਮਨ ਰਖਿਆ ਗਿਆ। ਸ਼ਿਵਜੀ ਦੇ ਸਰਾਪ ਕਾਰਨ ਸੁਦਯੁਮਨ ਫੇਰ ਲੜਕੀ ਬਣ ਗਿਆ ਅਤੇ ਇਸ ਦਾ ਵਿਆਹ ਬੁਧਿ ਨਾਲ ਹੋਇਆ। ਪੁਰੂਰਵਾ ਦੇ ਜਨਮ ਤੋਂ ਬਾਅਦ ਇਹ ਵਿਸ਼ਨੂੰ ਦੀ ਕਿਰਪਾ ਨਾਲ ਫੇਰ ਸੁਦਯੁਮਨ ਬਣ ਗਈ ਅਤੇ ਇਸ ਤਰ੍ਹਾਂ ਇਸ ਦੇ ਘਰ ਤਿੰਨ ਪੁਤਰ ਹੋਏ। ਕਹਾਣੀ ਦੇ ਇਕ ਹੋਰ ਪਾਠਾਂਤਰ ਅਨੁਸਾਰ ਮਨੂ ਦੇ ਸਭ ਤੋਂ ਵਡੇ ਪੁਤਰ ਦਾ ਨਾਂ ਇਲਾ ਸੀ। ਇਹ ਪਾਰਵਤੀ ਦੇ ਪਵਿਤਰ ਉਪਬਣ ਵਿਚੋਂ ਦੀ ਇਕ ਵਾਰੀ ਲੰਘਣ ਕਰ ਕੇ ਫੇਰ ਇਸਤਰੀ ਬਣ ਗਿਆ। ਇਨ੍ਹਾਂ ਦੇ ਮਿਤਰਾਂ ਦੀਆਂ ਪ੍ਰਾਰਥਨਾਵਾਂ ਤੇ ਅਰਦਾਸਾਂ ਕਰਨ ਤੇ ਸ਼ਿਵ ਤੇ ਉਸ ਦੀ ਪ੍ਰੀਤਮਾ ਨੇ ਸਵੀਕਾਰ ਕਰ ਲਿਆ ਕਿ ਦੋਸ਼ੀ ਇਕ ਮਹੀਨਾ ਮਨੁਖ ਅਤੇ ਇਕ ਮਹੀਨਾ ਇਸਤਰੀ ਰਿਹਾ ਕਰੇਗਾ। ਇਸ ਤਰ੍ਹਾਂ ਇਹ ਪ੍ਰਾਚੀਨ ਕਹਾਣੀ ਕਈ ਹੋਰ ਤਰ੍ਹਾਂ ਵੀ ਵਰਨਣ ਕੀਤੀ ਗਈ ਹੈ।[1988] ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਸ ਨੂੰ ਸ੍ਰਾਧ ਦੇਵ (ਦੇਖੋ) ਰਾਜਾ ਦੀ ਪੁਤਰੀ ਲਿਖਿਆ ਹੈ। ਯੇਲੀ ਨਾਮ ਸੁ ਤਾਕਾ ਧਰਿਯੋ॥[1989]

**ਯੇਲੂ ਜਾਂ ਏਲੂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਿਵਾਲੈ ਤੀਰਥ (ਦੇਖੋ) ਦੇ ਇਕ ਰਾਜੇ ਦਾ ਨਾਮ। ਯੇਲੂ ਨਾਮ ਨਿਰਪ ਇਕ ਭਯੋ॥[1990]

**ਰਸੂਲ-** ਨਬੀ, ਪੈਗੰਬਰ ਜੋ ਅੱਲ੍ਹਾ ਦਾ ਸੰਦੇਸ਼ਾ ਲੈ ਕੇ ਲੋਕਾਂ ਪਾਸ ਪਹੁੰਚਾਵੇ। ਮੁਸਲਮਾਨੀ ਅਕੀਦੇ ਅਨੁਸਾਰ, ਸਮੇਂ- ਸਮੇਂ ਅੱਲ੍ਹਾ ਦਾ ਪੈਗ਼ਾਮ ਲੈ ਕੇ ਮਹਾਂਪੁਰਖ ਸੰਸਾਰ ਵਿਚ ਆਉਂਦੇ ਰਹੇ ਹਨ। ਉਨ੍ਹਾਂ ਅਨੁਸਾਰ ਹਜ਼ਰਤ ਮੁਹੰਮਦ ਆਖਰੀ ਰਸੂਲ ਸਨ।[1991] ਇਕ ਕ੍ਰਿਸਨ ਕਹੈ ਰਸੂਲ॥[1992]

---

[1988] ਜੋਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 72-73.

[1989] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1551.

[1990] ਉਹੀ, ਪਤਰਾ 1536.

[1991] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਅਠਵੀਂ, ਨੈਸ਼ਨਲ ਬੁਕ ਸ਼ਾਪ, ਦਿੱਲੀ,* 2016, ਪੰਨਾ 1966.

[1992] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1199.

**ਰਹਿਮਾਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਸਿਖ ਜੋ ਗੁਰੂ ਜੀ ਦੇ ਦਰਸ਼ਨਾਂ ਨੂੰ ਸੁਲਤਾਨਪੁਰ ਵਿਚ ਮੋਦੀਖਾਨੇ ਦੀ ਕਾਰ ਸਮੇਂ ਆਇਆ ਸੀ। ਇਹ ਸਿਆਲਕੋਟ ਦਾ ਰਹਿਣ ਵਾਲਾ ਇਕ ਪਠਾਣ ਸੀ। ਦਰਸਨਿ ਕੋ ਸੋ ਆਯੋ ਨਾਮੁ ਤਾਹਿ ਰਹਿਮਾਨ॥[1993]

**ਰੰਗਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪ੍ਰਸਿਧ ਤੀਰਥ ਅਸਥਾਨ ਜਿਸਦੀ ਪ੍ਰਸਿਧੀ ਜਗਨਾਥ, ਬਦਰੀਨਾਥ ਇਤਿਆਦਿਕ ਜਿਤਨੀ ਹੈ। ਰੰਗਿਨਾਥ ਦੇਵਗਿਰੀ ਦੇਵਨਾਥ ਝਾਲਰਾ ਪਟਣਿ ਰਾਮਮੂਰਤੀ ਸੁ ਜਾਨਿਐ॥[1994]

**ਰਘੁ ਭੂਪ-** ਇਕ ਸੂਰਜਵੰਸ਼ੀ ਰਾਜਾ ਜੋ ਸੁਦਖਿਣਾ ਦੇ ਉਦਰ ਤੋਂ ਦਲੀਪ ਦਾ ਪੁਤਰ ਸੀ। ਇਹ ਅੱਜ ਦਾ ਪਿਤਾ ਅਤੇ ਰਾਮਚੰਦਰ ਦਾ ਪੜਦਾਦਾ ਸੀ। ਰਘੂ ਤੋਂ ਹੀ ਇਸ ਦੇ ਵੰਸ਼ ਦਾ ਨਾਂ ਰਘੂ ਵੰਸ਼ ਪ੍ਰਸਿਧ ਹੋਇਆ ਅਤੇ ਰਾਮ ਦਾ ਰਘੂਪਤੀ ਜਾਂ ਰਾਘਵ ਨਾਂ।[1995] ਰੋਮ ਰਿਸੀ ਰਘੁ ਭੂਪ ਪੁਨਿ ਅੱਛਰ ਬਹੁਰਿ ਕਕਾਰ॥[1996]

**ਰਘੁਬੀਰ-** ਰਾਮ (ਦੇਖੋ) ਦਾ ਇਕ ਨਾਮ। ਪਰਸਰਾਮ ਰਘੁਬੀਰ ਉਤਾਰੰ॥[1997]

**ਰਘੁਵਰਿ-** ਰਾਮ (ਦੇਖੋ) ਦਾ ਇਕ ਨਾਮ। ਰਘੁਵਰਿ ਭਰਤਿ ਮਿਲੇ ਦ੍ਵੈ ਜੈਸੇ॥[1998]

**ਰਤਨਾਹਰਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਜਟਮੱਲ ਅਟੱਲ ਪ੍ਰਿਥੀਮਲਿ ਜਾ ਰਤਨਾਹਰਿ ਕੇਸਰ ਜੀ ਕਰਮਾਏ॥[1999]

**ਰਤਨਿ ਕ੍ਰਾਂਤਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਰਤਨਿ ਕ੍ਰਾਂਤਾ॥ ਬਰਿ ਸੁਦਾਂਤਾ॥੪੪॥[2000]

---

[1993] ਉਹੀ, ਪਤਰਾ 363.

[1994] ਉਹੀ, ਪਤਰਾ 1708.

[1995] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਜਿਲਦ ਅਠਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, 2016, ਪੰਨਾ 1969.

[1996] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 17.

[1997] ਉਹੀ, ਪਤਰਾ 74.

[1998] ਉਹੀ, ਪਤਰਾ 1221.

[1999] ਉਹੀ, ਪਤਰਾ 594.

**ਰਤਨਿ ਜਾਲੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਭਦਰਿ ਕਾਲੀ॥ ਰਤਨਿ ਜਾਲੀ॥[2001]

**ਰੰਭਾ-** ਇਕ ਅਪਛਰਾ ਜੋ ਪੁਰਾਣਾਂ ਅਨੁਸਾਰ ਸਮੁੰਦਰ ਮੱਥਣ ਵੇਲੇ ਖੀਰ ਸਾਗਰ ਵਿਚੋਂ ਨਿਕਲੀ ਸੀ। ਰੰਭਾ ਇੰਦਰ ਲੋਕ ਵਿਚ ਰਹਿੰਦੀਆਂ ਅਪਛਰਾਂ ਵਿਚੋਂ ਸਭ ਤੋਂ ਵਧ ਸੁੰਦਰ ਮੰਨੀ ਗਈ ਹੈ। ਇੰਦਰ ਨੇ ਇਸ ਨੂੰ ਵਿਸ਼ਵਾਮਿਤ੍ਰ ਦਾ ਤਪ ਭੰਗ ਕਰਨ ਲਈ ਭੇਜਿਆ, ਪਰ ਰਿਸ਼ੀ ਦੇ ਸਰਾਪ ਕਾਰਨ ਇਕ ਹਜ਼ਾਰ ਵਰ੍ਹੇ ਪੱਥਰ ਬਣੀ ਰਹੀ।[2002] ਕੇਸੀ ਰੰਭਾ ਉਰਬਸੀ ਅਉਰ ਮੈਨਕਾ ਜਾਨ॥[2003]

**ਰਮਾ-** ਲਛਮੀ (ਦੇਖੋ) ਦਾ ਇਕ ਨਾਮ। ਰਾਮ ਰਾਵਣੰ ਰਿਸੀ ਰਮਾ ਸੁਰਾਸ ਰੋਹਣੀ॥[2004]

**ਰਮਾਪਤਿ-** ਵਿਸ਼ਨੂੰ (ਦੇਖੋ) ਨੂੰ ਰਮਾਂ ਦਾ ਪਤੀ ਹੋਣ ਕਰਕੇ ਰਮਾਪਤਿ ਕਿਹਾ ਗਿਆ ਹੈ। ਰਮਾਂ ਰਮਾਪਤਿ ਮੈ ਹੋ ਆਯੋ॥[2005]

**ਰਮੇਸਰੰ (ਰਾਮੇਸ੍ਵਰ)-** 'ਰਾਮ ਦਾ ਈਸ਼ਵਰ' ਬਾਰ੍ਹਾਂ ਮਹਾਂ ਲਿੰਗਾਂ ਵਿਚੋਂ ਇਕ ਦਾ ਨਾਂ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਰਾਮ ਨੇ ਰਾਮੇਸ੍ਵਰਮ ਜਾਂ ਰਾਮਿਸਰਮ ਵਿਖੇ ਸਥਾਪਤ ਕੀਤਾ ਸੀ। ਇਹ ਇਕ ਬੜਾ ਪ੍ਰਸਿਧ ਤੀਰਥ ਸਥਾਨ ਹੈ। ਇਥੇ ਇਕ ਬੜਾ ਸ਼ਾਨਦਾਰ ਮੰਦਰ ਬਣਿਆ ਹੋਇਆ ਹੈ।[2006] ਮਹੋਦਧੰ ਰਮੇਸਰੰ ਸਭੀ ਗੁਣੀ ਨਿਧਾਨਿਯੈ॥[2007]

---

2000 ਉਹੀ, ਪਤਰਾ 1054.

2001 ਉਹੀ,

2002 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਪੰਜਵੀਂ*, ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016, ਪੰਨਾ 1971.

2003 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 163.

2004 ਉਹੀ, ਪਤਰਾ 17.

2005 ਉਹੀ, ਪਤਰਾ 472.

2006 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 474.

2007 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 57.

**ਰਵਦਾਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਉਪਰੰਤ ਦਰਸ਼ਨ ਕਰਨ ਆਇਆ ਇਕ ਵਿਅਕਤੀ। ਮੂਲਾ ਅਰੁ ਰਵਦਾਸ ਉਦਾਰ॥[2008]

**ਰਵਾਲ ਤੀਰਥ-** ਰਵਾਲਸਰ (ਦੇਖੋ) ਦਾ ਵਿਕ੍ਰਿਤ ਨਾਮ। ਕਟਾਸ ਗੰਡਕਾ ਨਦੀ ਰਵਾਲ ਤੀਰਥੰ ਪੁਨੇ॥[2009]

**ਰਵਾਲਸਰ-** ਰਿਆਸਤ ਮੰਡੀ ਵਿਚ ਪਹਾੜ ਦੀ ਸਿੰਕਦਰ-ਧਾਰਾ ਦੀ ਇਕ ਤਾਲ, ਜੋ ਪ੍ਰਸਿਧ ਤੀਰਥ ਹੈ। ਇਹ ਰਾਜਧਾਨੀ ਮੰਡੀ ਤੋਂ ਦਸ ਮੀਲ ਪੱਛਮ ਹੈ। ਗੁਰੂ ਗੋਬਿੰਦ ਸਿੰਘ ਇਸ ਤੀਰਥ ਦੇ ਵੈਸਾਖੀ ਮੇਲੇ ਪੁਰ ਪਹਾੜੀ ਰਾਜਿਆਂ ਨੂੰ ਸੁਮਤਿ ਦੇਣ ਲਈ ਇਕ ਵਾਰ ਪਧਾਰੇ ਸਨ। ਤਾਲ ਦੇ ਕਿਨਾਰੇ ਇਕ ਉਚੇ ਥਾਂ ਗੁਰੂ ਸਾਹਿਬ ਦੇ ਵਿਰਾਜਨ ਦੇ ਥਾਂ ਦਮਦਮਾ ਬਣਿਆ ਹੋਇਆ ਹੈ। ਰਵਾਲਸਰ ਤਾਲ ਪਾਸ ਜੋ ਬਸਤੀ ਹੈ, ਉਸ ਦਾ ਨਾਮ ਭੀ ਰਵਾਲਸਰ ਹੋ ਗਿਆ ਹੈ। ਇਹ ਅਸਥਾਨ ਰੇਲਵੇ ਸਟੇਸ਼ਨ ਹੁਸ਼ਿਆਰਪੁਰ ਤੋਂ 75 ਮੀਲ ਪੂਰਵ ਹੈ। ਜੇਜੋਂ ਦੁਆਬਾ ਸਟੇਸ਼ਨ ਤੋਂ 64 ਮੀਲ ਹੈ। ਪੜਾਉ ਭਾਂਬਲਾ ਤੋਂ ਜੋ ਜਰਨੈਲੀ ਸੜਕ ਮੰਡੀ ਨੂੰ ਜਾਂਦੀ ਹੈ, ਉਸ ਦੇ ਨੌਵੇਂ ਮੀਲ ਤੋਂ ਤਿੰਨ ਮੀਲ ਉਤਰ ਹੈ।[2010] ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਇਸ ਸਥਾਨ ਉਪਰ ਗਏ ਸਨ। ਪੁਨਿ ਰਵਾਲਸਰੁ ਹੋਇ ਉਦਾਰੇ॥[2011]

**ਰਵਿਦਾਸ-** ਰਵਿਦਾਸ ਭਗਤ, ਜਾਤੀ ਦੇ ਚਮਾਰ ਤੇ ਬਨਾਰਸ ਦੇ ਜੰਮਪਲ ਸਨ। ਇਨ੍ਹਾਂ ਦਾ ਸਮਾਂ ਸੋਲ੍ਹਵੀਂ ਸਦੀ ਹੈ ਪਰੰਤੂ ਜਨਮ- ਮਰਨ ਦੀਆਂ ਨਿਸ਼ਚਤ ਤਰੀਕਾਂ ਨਹੀਂ ਮਿਲਦੀਆਂ। ਕਈਆਂ ਇਨ੍ਹਾਂ ਨੂੰ ਰਾਮਾਨੰਦ ਦੇ ਚੇਲੇ ਲਿਖਿਆ ਹੈ, ਪਰ ਇਹ ਗੱਲ ਇਤਿਹਾਸਕ ਤੌਰ ਤੇ ਸਿਧ ਨਹੀਂ ਹੁੰਦੀ, ਕਬੀਰ ਨਾਲ ਵੀ ਇਨ੍ਹਾਂ ਦਾ ਸਬੰਧ ਜੋੜਿਆ ਜਾਂਦਾ ਹੈ, ਪਰ ਇਸ ਦੇ ਵੀ ਪ੍ਰਮਾਣ ਪ੍ਰਾਪਤ ਨਹੀਂ। ਪ੍ਰਿਯਦਾਸ ਇਹ ਵੀ ਹਵਾਲਾ ਮਿਲਦਾ ਹੈ ਕਿ ਮਹਾਰਾਣਾ ਸਾਂਗਾ ਦੀ ਪਤਨੀ ਝਾਲਾ ਰਾਣੀ ਇਨ੍ਹਾਂ ਦੀ ਚੇਲੀ ਸੀ। ਇਸ ਤੋਂ ਅਸੀਂ ਰਵਿਦਾਸ ਦਾ ਸਮਾਂ 1482-1527 ਈ. ਅਨੁਮਾਨ ਕਰ ਸਕਦੇ ਹਾਂ। ਕਈ ਲਿਖਤਾਂ ਅਨੁਸਾਰ ਮੀਰਾ ਬਾਈ ਨੂੰ ਵੀ ਰਵਿਦਾਸ ਜੀ ਦੀ ਸ਼ਰਧਾਲੂ ਦੱਸਿਆ ਗਿਆ ਹੈ ਪਰ ਇਹ ਵੀ ਪ੍ਰਮਾਣਿਤ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ

---

[2008] ਉਹੀ, ਪਤਰਾ 159.

[2009] ਉਹੀ, ਪਤਰਾ 57.

[2010] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 1025.

[2011] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1683.

ਰਵਿਦਾਸ ਜੀ ਦੇ 40 ਸ਼ਬਦ ਵਖ- ਵਖ ਸੋਲਾਂ ਰਾਗਾਂ ਵਿਚ ਮਿਲਦੇ ਹਨ।[2012] ਰਵਿਦਾਸ ਚਮਾਰ ਤਰਯੋ ਪਲ ਮੈ ਹਰਿਨਾਮ ਉਚਾਰ ਗਯੋ ਨ ਕਿਦਾਰੇ॥[2013]

**ਰਵਿਦਾਸ ਪੁਰਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ ਜਿਥੇ ਗੁਰੂ ਨਾਨਕ ਦੇਵ ਜੀ ਨੂੰ ਇਕ ਬਾਲਕ ਮਿਲਿਆ ਸੀ ਜਿਸ ਦੀ ਸਮਝ ਬਿਰਧ ਉਮਰ ਦੇ ਵਿਅਕਤੀਆਂ ਜੇਹੀ ਸੀ, ਗੁਰੂ ਜੀ ਨੇ ਉਸ ਦਾ ਨਾਮ ਬੁਢਾ ਰਵਿਦਾਸ ਰਖਿਆ। ਸਭ ਸੰਗਤਿ ਕੋ ਬਿਦਿਆ ਕਰ ਕੈ ਰਵਿਦਾਸ ਪੁਰੇ ਗੁਰ ਆਪ ਸੁ ਆਯੋ॥[2014]

**ਰਾਉ ਨੈਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਤੇਈਸ ਚਤਰ ਬੈਨ ਚਾਰ ਬੀਸ ਰਾਉ ਨੈਨ ਪੰਚ ਬੀਸ ਕੇਲਕ੍ਰਨ ਨਾਥ ਅਨੁਮਾਨੀਐ॥[2015]

**ਰਾਇ ਐਨ (ਰਾਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਠਾਰ੍ਹਾਂ ਰਾਜਿਆਂ (ਦੇਖੋ) ਵਿਚੋਂ ਇਕ ਰਾਜੇ ਦਾ ਨਾਮ। ਸਪਤਮਿ ਰਾਇ ਐਨ ਮੁਨਿ ਰਾਇ॥[2016]

**ਰਾਇ ਐਨ (ਸਿਧ)-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਰਾਇ ਐਨ ਸੂਰ ਐਨ ਸੰਧ ਸੈਨ ਜਾਨਿਯੈ॥[2017]

**ਰਾਇ ਸਿੰਘ-** ਗੁਰੂ ਨਾਨਕ ਵਿਜੈ ਗ੍ਰੰਥ ਅਨਸੁਰਾ ਰਾਜੇ ਸਿਵਨਾਭ/ਸਿਉਨਾਭ (ਦੇਖੋ) ਦਾ ਪੁਤਰ। ਰਾਇ ਸਿੰਘ ਕੋ ਮਾਰ ਕਰਿ ਭੋਜਨ ਕੀਉ ਤਿਆਰੁ॥[2018]

**ਰਾਇ ਹਿਯਾਤਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਤਲਵੰਡੀ ਦਾ ਇਕ ਭੱਟੀ। ਰਾਇ ਹਿਯਾਤਿ ਤਾਹਿ ਕਾ ਨਾਮ॥[2019]

---

[2012] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 251-52.

[2013] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1178.

[2014] ਉਹੀ, ਪਤਰਾ 761.

[2015] ਉਹੀ, ਪਤਰਾ 1026.

[2016] ਉਹੀ, ਪਤਰਾ 1323.

[2017] ਉਹੀ, ਪਤਰਾ 246.

[2018] ਉਹੀ, ਪਤਰਾ 1368.

[2019] ਉਹੀ, ਪਤਰਾ 1438.

**ਰਾਇ ਕੇਤ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਜਾ ਮਹਾ ਕੇਤੂ (ਦੇਖੋ) ਦੇ ਪਿਤਾ ਦਾ ਨਾਮ। ਰਾਇ ਕੇਤਿ ਕਾ ਬੇਟਾ ਸੋਇ॥[2020]

**ਰਾਇ ਪਾਲ-** ਇਕ ਟਾਪੂ (ਦੇਖੋ) ਦਾ ਨਾਮ। ਰਾਇ ਪਾਲ ਤਿਨ ਅਉਰ ਬਤਾਇ॥65॥[2021]

**ਰਾਇ ਬੁਲਾਰ-** ਰਾਇ ਭੋਏ ਦਾ ਪੁਤਰ ਤੇ ਤਲਵੰਡੀ ਦਾ ਚੌਧਰੀ। ਰਾਇ ਬੁਲਾਰ ਦਸਾਂ ਪਿੰਡਾਂ ਦਾ ਮਾਲਿਕ ਸੀ, ਉਸਨੂੰ ਹਕੂਮਤ ਵਲੋਂ ਇਹ ਜਗੀਰ ਮਿਲੀ ਹੋਈ ਸੀ। ਗੁਰੂ ਜੀ ਦੇ ਪਿਤਾ ਬਾਬਾ ਕਾਲੂ ਜੀ ਇਨ੍ਹਾਂ ਦਸਾਂ ਪਿੰਡਾਂ ਦੇ ਹੀ ਪਟਵਾਰੀ ਸਨ।[2022] ਮਾਨ ਹਰਜੋ ਸਭਿ ਸਿਧਨ ਕਾ ਜਿਨ ਰਾਇ ਬੁਲਾਰਹਿ ਪੈਜ ਸਵਾਰੀ॥[2023]

**ਰਾਇ ਭੋਇ-** ਗਿਆਨਰਤਨਾਵਲੀ ਅਨੁਸਾਰ ਤਲਵੰਡੀ ਦੇ ਚੌਧਰੀ ਰਾਇ ਬੁਲਾਰ ਦਾ ਪਿਤਾ।[2024] ਰਾਇ ਭੋਇ ਪੁਨਿ ਅਉਰ ਉਦਾਰ॥3॥[2025]

**ਰਾਸਬ-** ਸੀਤਲਾ (ਦੇਖੋ) ਦਾ ਵਾਹਨ। ਰਾਸਬ ਬਾਹਨ ਤਿਸ ਕਾ ਸੋਇ॥[2026]

**ਰਾਘਵ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਅੱਗਰਮੱਲ ਸੁਖਾਮਲ ਰਾਘਵ ਜੈਮਲ ਜਾ ਤੁਰਸਾ ਹਰਸਾ ਹੈ॥[2027]

**ਰਾਘਵ(ਰਾਮ)-** ਰਘੂ ਦੀ ਸੰਤਾਨ। ਰਾਮ ਦਾ ਇਕ ਨਾਂ।[2028] ਦ੍ਵਿਜ ਸਾਰ ਸੁਤੰ ਸਤਿ ਸੰਖ ਹਰੀ ਸਰ ਰਾਘਵ ਕੇ ਜਿਨਿ ਰਾਵਣ ਮਾਰੇ॥[2029]

---

[2020] ਉਹੀ, ਪਤਰਾ 1388.

[2021] ਉਹੀ, ਪਤਰਾ 1318.

[2022] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 197.

[2023] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 2-3.

[2024] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 198.

[2025] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 159.

[2026] ਉਹੀ, ਪਤਰਾ 1426.

[2027] ਉਹੀ, ਪਤਰਾ 594.

[2028] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਤੀਜੀ ਵਾਰ, 2013, ਪੰਨਾ 463.

**ਰਾਜਗਿਰੀ-** ਪੰਜਾਬ ਵਿਚ ਬਿਆਸ ਦੇ ਉਤਰ ਵਾਲੇ ਤਟ ਉਪਰ ਇਕ ਸਥਾਨ ਦਾ ਨਾਮ, ਜੋ ਰਾਜਾ ਅਸਵਾਪਤੀ ਦੀ ਰਾਜਧਾਨੀ ਸੀ।[2030] ਵਸੂਧਾਰਾ ਰਾਜਗਿਰੀ ਫਲਗੂ ਮਹਾਨ ਪੁਨਿ ਅਲਖਨਿੰਦਰਾ ਪੁਨਿ ਔਰ ਉਰਿ ਆਨੀਐ॥[2031]

**ਰਾਜਾਰਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਸਿਖ, ਜੋ ਦ੍ਰਾਵਿੜ ਸੀ। ਦ੍ਰਾਵੜਿ ਦਿਜ ਇਕ ਘੇਤਲਾ ਰਾਜਾ ਰਾਮ ਸੁ ਨਾਮੁ॥[2032]

**ਰਾਧਕਾ-** ਕ੍ਰਿਸ਼ਨ ਦੀ ਇਕ ਪ੍ਰਸਿਧ ਗੋਪੀ, ਜੋ ਅਯਨ ਘੋਸ ਨਾਂ ਦੇ ਗਵਾਲੇ ਦੀ ਪਤਨੀ ਸੀ। ਇਸ ਦਾ ਕ੍ਰਿਸ਼ਨ ਨਾਲ ਬਹੁਤ ਜ਼ਿਆਦਾ ਪ੍ਰੇਮ ਸੀ। ਕਈ ਕ੍ਰਿਸ਼ਨ ਭਗਤ ਰਾਧਾ ਨੂੰ ਲਖਸ਼ਮੀ ਦਾ ਅਵਤਾਰ ਮੰਨਦੇ ਹੋਏ ਇਸ ਨੂੰ ਪੂਜਦੇ ਹਨ।[2033] ਰੁਦਰੰ ਰਸੰ ਰੁਦ੍ਰਾਛ ਰਾਸੁ ਰਾਧਕਾ ਗਨੀ॥[2034]

**ਰਾਧਿਕਾ ਬੱਲਭੰ-** ਕ੍ਰਿਸ਼ਨ (ਦੇਖੋ) ਦਾ ਇਕ ਨਾਮ। ਰਾਧਿਕਾ ਬੱਲਭੰ ਜੀਅ ਕੈ ਸਾਥ ਜੀ॥[2035]

**ਰਾਮ (ਰਾਮਚੰਦਰ)-** ਇਕ ਅਵਤਾਰ (ਦੇਖੋ) ਦਾ ਨਾਮ। ਰਾਮ ਦਾ ਪੂਰਾ ਨਾਮ ਰਾਮਚੰਦਰ ਸੀ ਜੋ ਕਿ ਤ੍ਰੇਤਾ ਯੁਗ ਵਿਚ ਰਘੂ ਖਾਨਦਾਨ ਵਿਚੋਂ ਅਯੁਧਿਆ ਦੇ ਰਾਜਾ ਦਸਰਥ ਤੇ ਮਾਤਾ ਕੌਸ਼ਲਿਆ ਦੇ ਜੇਠੇ ਸਪੁਤਰ ਸਨ, ਜਿਨ੍ਹਾਂ ਉਚ-ਆਚਾਰ ਤੇ ਉਚ-ਆਦਰਸ਼ਾਂ ਕਾਰਣ ਲੋਕ-ਪ੍ਰਿਯਤਾ ਪ੍ਰਾਪਤ ਕੀਤੀ।[2036] ਰਾਮ ਦੇ ਦੋ ਪੁਤਰ ਲਵ

---

[2029] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 11.

[2030] Nundo Lal Dey, *The Geographical Dictionary Of Ancient And Mediaeval India,* Oriental Books, New Delhi, Second Edition, 1984, Page no. 26.

[2031] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 58.

[2032] ਉਹੀ, ਪਤਰਾ 1613.

[2033] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਅਠਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, 2016, ਪੰਨਾ 1988.

[2034] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 17.

[2035] ਉਹੀ, ਪਤਰਾ 115.

[2036] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 254.

ਅਤੇ ਕੁਸ਼ ਦਾ ਜ਼ਿਕਰ ਵੀ ਮਿਲਦਾ ਹੈ।[2037] ਮੀਨ ਪੁਨਿ ਕੂਰਮ ਬਰਾਹਿ ਨਰ ਸਿੰਘ ਪੁਨਿ ਬਾਵਨ ਪਰਸਰਾਮ ਰਾਮ ਪਹਚਾਨੀਐ॥[2038]

**ਰਾਮ ਸਿੰਘ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕ੍ਰੌਂਚ ਦੀਪ (ਦੇਖੋ) ਦੇ ਰਾਜਾ ਸਿਉਰਾਮ (ਦੇਖੋ) ਦਾ ਪੁਤਰ। ਰਾਮਸਿੰਘ ਕੋ ਸੰਗ ਲਵਾਇ॥[2039]

**ਰਾਮ ਸੁੰਦਰਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਜਾ ਸਯਾਮ ਸੁੰਦਰ (ਦੇਖੋ) ਦਾ ਪਿਤਾ। ਬਰਿ ਸਯਾਮ ਸੁੰਦਰਿ ਭੂਪ ਕਾ ਸੁਤ ਰਾਮ ਸੁੰਦਰਿ ਜਾਨਿਯੇ॥[2040]

**ਰਾਮ ਕੁਅਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਹੋ ਰਾਮ ਕੁਅਰ ਚਹੁ ਊਪਰਿ ਤਾਹਿ ਮਹਾਨਿਯੈ॥57॥[2041]

**ਰਾਮ ਕੁੰਡ-** ਬਨਬਾਸ ਦੇ ਦਿਨੀਂ ਜਲ-ਪਾਣੀ ਦੇ ਜਿਨ੍ਹਾਂ-ਜਿਨ੍ਹਾਂ ਕੁੰਡਾਂ ਉਤੇ ਰਾਮਚੰਦਰ ਇਸ਼ਨਾਨ ਕਰਦੇ ਰਹੇ, ਉਨ੍ਹਾਂ ਸਭਨਾਂ ਕੁੰਡਾਂ ਨੂੰ ਰਾਮ ਕੁੰਡ ਕਿਹਾ ਜਾਂਦਾ ਹੈ। ਹਿੰਦੂ ਇਨ੍ਹਾਂ ਕੁੰਡਾਂ ਨੂੰ ਬੜਾ ਪਵਿਤ੍ਰ ਮੰਨਦੇ ਹਨ। ਰਾਮ ਭਗਤਾਂ ਦਾ ਵਿਸ਼ਵਾਸ ਹੈ ਕਿ ਰਾਮ ਕੁੰਡ 'ਤੇ ਇਸ਼ਨਾਨ ਕਰਨ ਨਾਲ ਸਭ ਪਾਪ ਧੁਲ ਜਾਂਦੇ ਹਨ।[2042] ਰਾਮ ਕੁੰਡ ਮੈ ਜੋ ਨਰ ਨਾਇ॥[2043]

**ਰਾਮ ਖੰਡ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਨੌਂ ਖੰਡਾਂ (ਦੇਖੋ) ਵਿਚੋਂ ਇਕ ਖੰਡ ਦਾ ਨਾਮ। ਰਾਮ ਭਦਰ ਮ੍ਰਿਤਸਟਾ ਕਹਯੈ॥ ਅਗ ਪਰਮਾਤਮ ਅਉਰ ਸੁ ਲਹਯੈ॥[2044]

---

2037 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, 1032-33.

2038 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 4.

2039 ਉਹੀ, ਪਤਰਾ 1288.

2040 ਉਹੀ, ਪਤਰਾ 1162.

2041 ਉਹੀ, ਪਤਰਾ 1026.

2042 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਜਿਲਦ ਅਠਵਾਂ,* ਨੈਸ਼ਨਲ ਬੁਕ ਸ਼ਾਪ, 2016, ਪੰਨਾ 1989.

2043 ਸੰਤਰੇਣ, *ਗੁਰੂ ਨਾਨਕ ਵਿਜੈ ਗ੍ਰੰਥ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 859.

2044 ਉਹੀ, ਪਤਰਾ 1008.

**ਰਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਯਾਂਗਰਮੱਲ ਹਰੀਹਰਿ ਸਾਵਣਿ ਕੇਵਲ ਰਾਮ ਬੁਧੂ ਨਰਸਾ॥[2045]

**ਰਾਮ ਦਿਆਲ (ਸਿਖ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਤਲਵੰਡੀ ਦਾ ਇਕ ਵਿਅਕਤੀ। ਇਤਿਨੈ ਆਯੋ ਰਾਮ ਦਿਆਲ॥[2046]

**ਰਾਮ ਦਿਆਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਸਾਥੀ ਜੋ ਗੁਰੂ ਜੀ ਨਾਲ ਸੁਲਤਾਨਪੁਰ ਗਿਆ ਸੀ। ਇਸਨੇ ਮੋਦੀ ਖਾਨੇ ਵਿਚ ਵੀ ਗੁਰੂ ਜੀ ਨਾਲ ਕੰਮ ਕੀਤਾ। ਪਰ ਇਸ ਦੀ ਪੁਸ਼ਟੀ ਹੋਰ ਕਿਸੇ ਸ੍ਰੋਤ ਤੋਂ ਨਹੀਂ ਹੁੰਦੀ। ਬਾਲਾ ਰਾਮ ਦਿਆਲ ਦ੍ਵੈ ਦਏ ਸੁ ਨਾਨਕ ਸੰਗ॥[2047]

**ਰਾਮ ਪਨਾਹਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਜਾ ਅਸਰਹਿ ਪਨਾਹ (ਦੇਖੋ) ਦਾ ਪਿਤਾ। ਰਾਮ ਪਨਾਹਿ ਜਾਹਿ ਕਾ ਬੇਟਾ॥[2048]

**ਰਾਮ ਪੈਠ-** ਇਕ ਟਾਪੂ (ਦੇਖੋ) ਦਾ ਨਾਮ। ਰਾਮ ਪੈਠ ਪ੍ਰਿਥਮ ਤੁਮ ਜਾਨੋ॥[2049]

**ਰਾਮਕੁੰਡ-** ਬਨਬਾਸ ਦੇ ਦਿਨੀਂ ਜਲ-ਪਾਣੀ ਦੇ ਜਿਨ੍ਹਾਂ-ਜਿਨ੍ਹਾਂ ਕੁੰਡਾਂ ਉਤੇ ਰਾਮ ਇਸ਼ਨਾਨ ਕਰਦੇ ਰਹੇ, ਉਨ੍ਹਾਂ ਸਭਨਾਂ ਕੁੰਡਾਂ ਨੂੰ ਰਾਮ ਕੁੰਡ ਕਿਹਾ ਜਾਂਦਾ ਹੈ। ਹਿੰਦੂ ਇਨ੍ਹਾਂ ਕੁੰਡਾਂ ਨੂੰ ਬਹੁਤ ਪਵਿਤ੍ਰ ਮੰਨਦੇ ਹਨ। ਰਾਮ ਭਗਤਾਂ ਦਾ ਵਿਸ਼ਵਾਸ ਹੈ ਕਿ ਰਾਮ ਕੁੰਡ 'ਤੇ ਇਸ਼ਨਾਨ ਕਰਨ ਨਾਲ ਸਭ ਪਾਪ ਧੁਲ ਜਾਂਦੇ ਹਨ।[2050] ਔਰ ਪਾਪ ਨਾਸਨੀ ਸੁ ਚੰਮਲਿ ਮਹਾਨ ਗੰਗਾ ਰਾਮ ਕੁੰਡ ਸੀਤਾ ਕੁੰਡ ਲਖਮਣ ਮਾਨੀਐ॥[2051]

---

[2045] ਉਹੀ, ਪਤਰਾ 594.

[2046] ਉਹੀ, ਪਤਰਾ 1438.

[2047] ਉਹੀ, ਪਤਰਾ 480.

[2048] ਉਹੀ, ਪਤਰਾ 1289.

[2049] ਉਹੀ, ਪਤਰਾ 1317.

[2050] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਅਠਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, 2016, ਪੰਨਾ 1989.

[2051] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 58.

**ਰਾਮਕ੍ਰਿਸ਼ਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਜਾਮਲ (ਦੇਖੋ) ਦਾ ਪੁਤਰ, ਬਾਕੀ ਸ੍ਰੋਤਾਂ ਵਿਚ ਇਸ ਦੇ ਅੰਤਮ ਪੁਤਰ ਦਾ ਨਾਮ ਨਾਰਾਇਣ ਆਇਆ ਹੈ। ਪਰ ਕਵੀ ਨੇ ਇਸ ਦਾ ਨਾਮ ਰਾਮ ਕ੍ਰਿਸ਼ਨ ਦਸਿਆ ਹੈ। ਰਾਮ ਕ੍ਰਿਸਨ ਤਹਿ ਸੁਤ ਕਾ ਨਾਮੁ॥[2052]

**ਰਾਮਖਾਨ/ਰਹਿਮਖਾਨ-** ਡਾ. ਗੁਰਮੇਲ ਸਿੰਘ ਨੇ ਆਪਣੀ ਪੁਸਤਕ 'ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼' ਵਿਚ ਸੈਦਪੁਰ ਦਾ ਅਫ਼ਗਾਨ ਫੌਜਦਾਰ ਨਵਾਬ ਜ਼ਾਲਮਖਾਨ ਲਿਖਿਆ ਹੈ, ਜਿਸ ਦਾ ਦੀਵਾਨ ਮਲਕਭਾਗੋ ਸੀ। ਪਰ ਕਵੀ ਰਾਮਖਾਨ ਜਾਂ ਰਹਿਮਖਾਨ ਲਿਖਦਾ ਹੈ।[2053] ਰਾਮਖਾਨ ਦਾ ਤਾਹਿ ਮਹਾਨ॥57॥[2054]

**ਰਾਮਚੰਦ (ਕਾਲਪਨਿਕ ਪਾਤਰ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਵਿਅਕਤੀ ਦਾ ਨਾਮ, ਜੋ ਸੀਤਾਪੁਰ ਨਗਰ ਵਿਚ ਰਹਿੰਦਾ ਸੀ ਅਤੇ ਬਹੁਤ ਹੀ ਧਨਵਾਨ ਸੀ ਪਰ ਉਸ ਦੇ ਕੋਈ ਔਲਾਦ ਨਹੀਂ ਸੀ। ਉਸ ਨੂੰ ਕੋਈ ਸਾਧ ਕਹਿੰਦਾ ਹੈ ਕਿ ਸ਼ਿਵ ਨੂੰ ਖੁਸ਼ ਕਰਨ ਲਈ ਬਕਰੇ ਦੀ ਬਲੀ ਦੇਵੇ ਤਾਂ ਪੁਤਰ ਹੋ ਜਾਵੇਗਾ। ਜਦ ਬਲੀ ਦੇਣ ਲਗਦੇ ਹਨ ਤਾਂ ਬਕਰਾ ਬੋਲ ਪੈਂਦਾ ਹੈ ਕਿ ਮੈਂ ਵੀ ਪੁਤਰ ਲਈ ਆਟੇ ਦਾ ਬਕਰਾ ਬਣਾ ਕੇ ਬਲੀ ਦਿਤੀ ਸੀ ਤੇ ਮੈਨੂੰ ਤਿੰਨ ਵਾਰ ਬਾਂਦਰ ਦੀ ਜੂਨ ਭੋਗਣੀ ਪਈ ਤੇ ਜਿਸ ਨੇ ਮੈਨੂੰ ਬਲੀ ਲਈ ਕਿਹਾ ਸੀ ਉਸ ਨੇ ਵੀ ਤਿੰਨ ਵਾਰ ਬਾਂਦਰ ਦੀ ਜੂਨ ਭੋਗੀ ਤੇਰਾ ਕੀ ਹਾਲ ਹੋਵੇਗਾ ਜਿਉਂਦੇ ਬਕਰੇ ਦੀ ਬਲੀ ਦੇ ਕੇ। ਫਿਰ ਉਹ ਗੁਰੂ ਜੀ ਦੀ ਸ਼ਰਨ ਵਿਚ ਆਉਂਦਾ ਹੈ ਅਤੇ ਗੁਰੂ ਜੀ ਦੀ ਕਿਰਪਾ ਸਦਕਾ ਬਾਲਕ ਪੈਦਾ ਹੁੰਦਾ ਹੈ ਜਿਸ ਦਾ ਨਾਮ ਉਹ ਨਾਨਕ ਬਖਸ਼ ਰਖਦਾ ਹੈ।[2055] ਰਾਮਚੰਦ ਤਹ ਨਾਮ ਹ੍ਵੈ ਸੁਤ ਤਾਹਿ ਕੋ॥[2056]

**ਰਾਮਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਰਾਮਚੰਦ ਗੁਰਹੋਦਾਸ ਘਨੈਯਾ ਮਾਨਿਯੈ॥[2057]

---

[2052] ਉਹੀ, ਪਤਰਾ 1377.

[2053] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 189.

[2054] ਉਹੀ, ਪਤਰਾ 689.

[2055] ਉਹੀ, ਪਤਰਾ 1695-96.

[2056] ਉਹੀ, ਪਤਰਾ 1695.

[2057] ਉਹੀ, ਪਤਰਾ 595.

**ਰਾਮਚੰਦ (ਸਿਖ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[2058] ਰਾਮਚੰਦ ਪਾਂਡੇ ਸੁਖਦਾਈ॥[2059]

**ਰਾਮਜਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਿਵਾਲੈ ਤੀਰਥ (ਦੇਖੋ) ਦੇ ਰਾਜਾ ਯੇਲੂ ਦੇ ਪੂਰਬਲੇ ਜਨਮ ਦਾ ਨਾਮ ਬਿਦਿਆਧਰ ਸੀ, ਉਸ ਦੀ ਮਾਤਾ ਦਾ ਨਾਮ ਰਾਮਜਨੀ ਸੀ। ਰਾਮ ਜਨੀ ਕਾ ਵੇਸ ਕਰਿ ਰਹੀ ਸੁ ਤਾਕੇ ਮਾਹਿ॥[2060]

**ਰਾਮਤੀਰਥ-** ਮੁਲਤਾਨ ਵਿਚ ਰਾਮ ਚੰਦਰ ਨਾਲ ਸੰਬਧਿਤ ਇਕ ਤੀਰਥ, ਜਿਸ ਨੂੰ ਰਾਮ ਕੁੰਡ ਵੀ ਕਿਹਾ ਜਾਂਦਾ ਹੈ। ਇਥੇ ਇਕ ਨਿਕਾ ਜਿਹਾ ਸਰੋਵਰ ਹੈ। ਰਵਾਇਤ ਹੈ ਕਿ ਰਾਮ ਬਨਬਾਸ ਦੇ ਦਿਨੀਂ ਇਥੇ ਸਰੋਵਰ ਦੇ ਕੰਢੇ ਠਹਿਰੇ ਸਨ।[2061] ਪਰ ਗੁਰੂ ਨਾਨਕ ਵਿਜੈ ਗ੍ਰੰਥ ਵਿਚ ਇਸ ਨੂੰ ਅਚਲ ਬਟਾਲੇ ਦੇ ਨੇੜੇ ਦਸਿਆ ਹੈ। ਵਹਿ ਰਾਮ ਤੀਰਥ ਰਾਮ ਕਹਤ ਰਹੇ ਸੰਤ ਮਹਾਨ॥[2062]

**ਰਾਮਦਾਸ (ਗੁਰੂ)-** ਗੁਰੂ ਨਾਨਕ ਗੱਦੀ ਦੇ ਚੌਥੇ ਜਾਨਸ਼ੀਨ ਸ੍ਰੀ ਰਾਮਦਾਸ ਜੀ ਦਾ ਜਨਮ ਚੂਨਾ ਮੰਡੀ ਲਾਹੌਰ ਵਿਚ ਸੋਢੀ ਹਰਿਦਾਸ ਦੇ ਘਰ ਮਾਤਾ ਦਯਾ ਕੌਰ ਦੀ ਕੁੱਖੋਂ 24 ਸਤੰਬਰ 1543 ਈ. ਨੂੰ ਹੋਇਆ। ਪਹਿਲਾ ਨਾਮ ਜੇਠਾ ਸੀ। ਜੇਠਾ ਸਿੱਖ ਸੰਗਤ ਨਾਲ ਗੋਇੰਦਵਾਲ ਆਇਆ ਤੇ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਮਸਤ ਹੋ ਕੇ ਇੱਥੇ ਹੀ ਟਿਕ ਗਿਆ। ਤੀਸਰੇ ਸਤਿਗੁਰੁ ਨੇ ਆਪਣੀ ਬੇਟੀ ਭਾਨੀ ਦੀ ਸ਼ਾਦੀ ਜੇਠੇ ਜੀ ਨਾਲ ਕਰ ਦਿੱਤੀ ਫਿਰ ਵੀ ਆਪ ਨੇ ਲੋਕ-ਲਾਜ ਦੀ ਪਰਵਾਹ ਨਾ ਕਰਦਿਆਂ ਸੇਵਾ ਦੀ ਕਾਰ ਨ ਛੱਡੀ ਸਗੋਂ ਬਾਉਲੀ ਦੀ ਕਠਿਨ ਸੇਵਾ ਪੂਰੇ ਤਨ ਮਨ ਨਾਲ ਕੀਤੀ। ਸਤਿਗੁਰਾਂ ਦੋਹਾਂ ਜਵਾਈਆਂ ਰਾਮਾ ਤੇ ਜੇਠਾ ਅਤੇ ਆਪਣੇ ਦੋਵੇਂ ਪੁੱਤਰਾਂ ਮੋਹਨ ਤੇ ਮੋਹਰੀ ਦੀ ਪਰੀਖਿਆ ਉਪਰੰਤ, ਆਪ ਨੂੰ ਹੀ ਸਭ ਤਰ੍ਹਾਂ ਯੋਗ ਸਮਝ ਕੇ 1 ਸਤੰਬਰ 1574 ਨੂੰ ਗੁਰਿਆਈ ਦੇ ਦਿੱਤੀ। ਆਪਨੇ 1577 ਈ. ਵਿਚ 'ਗੁਰੂ ਕਾ ਚੱਕ 'ਬਿਨਾਂ ਕਿਸੇ ਭਿੰਨ-ਭੇਦ

---

[2058] ਉਹੀ, ਪਤਰਾ 1783.

[2059] ਉਹੀ.

[2060] ਉਹੀ, ਪਤਰਾ 1539.

[2061] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਅਠਵੀਂ* , ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 1990.

[2062] ਉਹੀ, ਪਤਰਾ 590.

ਦੇ 52 ਜਾਤੀਆਂ ਦੇ ਲੋਕਾਂ ਨੂੰ ਵਸਾਇਆ ਗਿਆ ਤਾਂ ਕਿ ਹਰ ਕਿਸਮ ਦਾ ਹੁਨਰ ਤੇ ਦਸਤਕਾਰੀ ਪ੍ਰਫੁਲਤ ਹੋ ਸਕੇ। ਗੁਰੂ ਸਾਹਿਬ ਨੇ ਪ੍ਰਚਾਰ ਲਈ ਦੂਰ-ਦੂਰ ਮੁਖੀ ਸਿੱਖਾਂ ਨੂੰ ਭੇਜਿਆ ਤੇ ਮਸੰਦਾਂ-ਗੱਦੀਆਂ ਕਾਇਮ ਕੀਤੀਆਂ, ਇਸੇ ਤੋਂ ਮਸੰਦ-ਪ੍ਰਣਾਲੀ ਦਾ ਵਿਕਾਸ ਹੋਇਆ। ਆਪ ਦੇ ਤਿੰਨ ਪੁੱਤਰ ਸਨ-ਪ੍ਰਿਥੀਚੰਦ, ਮਹਾਂਦੇਵ ਤੇ ਅਰਜਨ। ਸ੍ਰੀ ਅਰਜਨ ਨੂੰ ਗੁਰਗੱਦੀ ਸੌਂਪ ਕੇ ਆਪ 1 ਸਤੰਬਰ 1581 ਈ. ਗੋਇੰਦਵਾਲ ਜੋਤੀ ਜੋਤਿ ਸਮਾ ਗਏ। ਗੁਰੂ ਰਾਮਦਾਸ ਜੀ ਨੇ ਕੇਦਾਰਾ ਤੇ ਜੈਜਾਵੰਤੀ ਨੂੰ ਛੱਡ ਕੇ ਬਾਕੀ 29 ਰਾਗਾਂ ਵਿਚ ਬਾਣੀ ਲਿਖੀ ਹੈ।[2063] ਰਾਮਦਾਸ ਤੇ ਅਰਜਨ ਪੀਰ॥[2064]

**ਰਾਮਨਗਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚਦਉਰ ਦੇ ਨੇੜੇ ਦੇ ਇਕ ਨਗਰ ਦਾ ਨਾਮ ਜਿਥੇ ਮੇਘਨੰਦ (ਦੇਖੋ) ਰਹਿੰਦਾ ਸੀ। ਰਾਮਨਗਰਿ ਤੇ ਬਿਦਾ ਹ੍ਵੈ ਆਏ ਗੁਰੂ ਚਦਉਰ॥[2065]

**ਰਾਮਨਾਥ-** ਇਸ ਨਾਮ ਦੇ ਕਈ ਨਗਰ ਭਾਰਤ ਵਿਚ ਹੈ। ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕਾਸ਼ੀ ਤੋਂ ਹਰਿਦੁਆਰ ਜਾਣ ਲਈ ਰਸਤੇ ਵਿਚ ਆਉਣ ਵਾਲਾ ਇਕ ਨਗਰ ਜੋ ਦੁਆਰਕਾ ਦੇ ਨੇੜੇ ਹੈ। ਆਗੈ ਰਾਮਨਾਥ ਪੁਨਿ ਆਇ॥34॥[2066]

**ਰਾਮਬਾਨਸਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਮਬਾਨਸਰ ਦਾ ਪਹਿਲਾ ਨਾਮ ਨਾਨਕ ਟੋਭਾ (ਦੇਖੋ) ਸੀ। ਰਾਮ ਬਾਨ ਸਰ ਰਾਖਿਯੋ ਨਾਮ॥[2067]

**ਰਾਮਮੂਰਤੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪ੍ਰਸਿਧ ਤੀਰਥ ਅਸਥਾਨ ਜਿਸਦੀ ਪ੍ਰਸਿਧੀ ਜਗਨਾਥ, ਬਦਰੀਨਾਥ ਇਤਿਆਦਿਕ ਜਿਤਨੀ ਹੈ। ਰੰਗਿਨਾਥ ਦੇਵਗਿਰੀ ਦੇਵਨਾਥ ਝਾਲਰਾ ਪਟਣਿ ਰਾਮਮੂਰਤੀ ਸੁ ਜਾਨਿਐ॥[2068]

**ਰਾਮਲਾਲ-** ਹੀਰਾ ਬਾਈ (ਦੇਖੋ) ਦਾ ਪਿਤਾ। ਰਾਮਲਾਲ ਤਹਿ ਪਿਤਾ ਭਗਤਿ ਭਗਵਾਨ ਕੀ॥[2069]

---

[2063] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 254-55.

[2064] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1837.

[2065] ਉਹੀ, ਪਤਰਾ 1689.

[2066] ਉਹੀ, ਪਤਰਾ 702.

[2067] ਉਹੀ, ਪਤਰਾ 775.

[2068] ਉਹੀ, ਪਤਰਾ 1708.

[2069] ਉਹੀ, ਪਤਰਾ 1848.

**ਰਾਮਾ (ਸਿਖ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਇਕ ਸਿਖ ਦਾ ਨਾਮ, ਇਸ ਨਾਲ ਇਕ ਸਿਖ ਸੈਦੋ (ਦੇਖੋ) ਵੀ ਸੀ। ਇਹ ਦੋਵੇਂ ਬਿਰਧ ਉਮਰ ਵਿਚ ਗੁਰੂ ਜੀ ਦੀ ਸ਼ਰਨ ਵਿਚ ਆਏ ਸਨ। ਰਾਮਾ ਸੈਦੋ ਜਾਣ ਸੁ ਦੋਊ॥[2070]

**ਰਾਮਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਸੇਠ ਖਤਰੀ ਰਾਮਾ ਬੇਰੀ ਲਾਲ ਜੀ॥[2071]

**ਰਾਮਾ (ਦੂਜਾ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਸਹਜਾਨੰਦ ਫਿਰੰਦਾ ਰਾਮਾ॥[2072]

**ਰਾਮਾ (ਤੀਜਾ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[2073] ਧੂਮਾ ਰਾਮਾ ਦੋਨੋ ਭਾਈ॥[2074]

**ਰਾਮਾ (ਸਿਧ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਤੀਨ ਸਿਧ ਇਹੁ ਅਉਰ ਸੁਨਿ ਚਾਉਥਾ ਰਾਮਾ ਮਾਨ॥52॥[2075]

**ਰਾਮਾ ਝਿੰਗੜ-** ਗੁਰੂ ਨਾਨਕ ਸਾਹਿਬ ਜੀ ਦੇ ਨਾਨਾ ਜੀ, ਮਾਤਾ ਤ੍ਰਿਪਤਾ ਦੇ ਪਿਤਾ। ਇਨ੍ਹਾਂ ਦੀ ਪਤਨੀ ਦਾ ਨਾਂ (ਮਾਤਾ) ਭਿਰਾਈ ਜੀ ਸੀ। ਰਾਮਾ ਝਿੰਗੜ ਜੀ ਚਾਹਲਾਂਵਾਲਾ (ਲਾਹੌਰ) ਦੇ ਰਹਿਣ ਵਾਲੇ ਸਨ।[2076] ਰਾਮਾ ਝਿੰਗੜ ਸੁਭ ਗੁਣ ਰਾਸੀ॥[2077]

---

[2070] ਉਹੀ, ਪਤਰਾ 813.

[2071] ਉਹੀ, ਪਤਰਾ 1629.

[2072] ਉਹੀ, ਪਤਰਾ 594.

[2073] ਉਹੀ, ਪਤਰਾ 1783.

[2074] ਉਹੀ.

[2075] ਉਹੀ, ਪਤਰਾ 1026.

[2076] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 201.

[2077] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 149.

**ਰਾਮੂਸਾਹ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੀਨਾ ਨਾਥ (ਦੇਖੋ) ਦਾ ਪਿਤਾ। ਬਣਿਯੋ ਕੈ ਘਰਿ ਰਾਮੂ ਸਾਹੁ॥[2078]

**ਰਾਮੇਸਰ-** ਰਾਮ ਦਾ ਈਸ਼ਵਰ। ਬਾਰ੍ਹਾਂ ਮਹਾਂ ਲਿੰਗਾਂ ਵਿਚੋਂ ਇਕ ਦਾ ਨਾਂ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਰਾਮ ਨੇ ਰਾਮੇਸ੍ਵਰਮ ਜਾਂ ਰਾਮਿਸਰਮ ਵਿਖੇ ਸਥਾਪਤ ਕੀਤਾ ਸੀ। ਇਹ ਇਕ ਬੜਾ ਪ੍ਰਸਿਧ ਤੀਰਥ ਅਸਥਾਨ ਹੈ। ਇਥੇ ਇਕ ਬੜਾ ਸ਼ਾਨਦਾਰ ਮੰਦਰ ਬਣਿਆ ਹੋਇਆ ਹੈ।[2079] ਰਾਮੇਸਰਿ ਕੋ ਗਏ ਸੁ ਤੇਤੇ॥[2080]

**ਰਾਵਣ-** ਰਾਵਣ ਲੰਕਾ ਦਾ ਰਾਜਾ ਅਤੇ ਰਾਖਸ਼ਾਂ ਦਾ ਆਗੂ ਸੀ। ਇਸ ਦਾ ਜਨਮ ਪਿਤਾ ਵਿਸ਼ਵ ਤੇ ਮਾਤਾ ਨਿਕਸਾ ਦੇ ਘਰ ਹੋਇਆ ਅਤੇ ਰਿਸ਼ੀ ਪੁਲਸਤਜ ਦਾ ਪੋਤਰਾ ਸੀ। ਇਸ ਦੀ ਪਤਨੀ ਦਾ ਨਾਮ ਮੰਦੋਦਰੀ ਸੀ। ਮਨੌਤ ਇਹ ਹੈ ਕਿ ਇਸ ਦੇ ਦਸ ਸਿਰ, ਵੀਹ ਬਾਂਹਵਾਂ, ਕੱਦ ਪਹਾੜ ਵਰਗਾ ਲੰਮਾ, ਅਖਾਂ ਤਾਂਬੇ ਰੰਗ ਦੀਆਂ ਅਤੇ ਸ਼ਕਲ ਭਿਅੰਕਰ ਬੱਦਲ ਵਰਗੀ ਸੀ। ਤਪ ਸਦਕਾ ਇਸ ਨੇ ਸ਼ਿਵ ਤੋਂ ਅਮਰ ਰਹਿਣ ਦਾ ਵਰਦਾਨ ਪ੍ਰਾਪਤ ਕੀਤਾ ਹੋਇਆ ਸੀ। ਅਗਨੀ, ਵਰੁਣ, ਵਾਯੂ, ਕੁਬੇਰ ਇਤਿਆਦਿਕ ਇਸ ਦੇ ਸੇਵਕ ਸਨ। ਇਸ ਦੇ ਪੁਤਰ ਮੇਘਨਾਦ ਨੇ ਇੰਦਰ ਨੂੰ ਫਤਿਹ ਕਰ ਲਿਆ ਸੀ। ਰਾਵਣ ਦੀ ਵਿਦਿਆ ਵਿਚ ਨਿਪੁੰਨਤਾ ਕਰਕੇ ਚਾਰ ਵੇਦਾਂ ਦਾ ਵਕਤਾ ਵੀ ਕਿਹਾ ਜਾਂਦਾ ਹੈ। ਪਰੰਤੂ ਅਹੰਕਾਰ, ਕ੍ਰੋਧ ਇਤਿਆਦਿਕ ਵਿਕ੍ਰਿਤੀਆਂ-ਗ੍ਰਸਤ ਰਾਮ ਚੰਦਰ ਦੀ ਪਤਨੀ ਸੀਤਾ ਨੂੰ ਉਧਾਲ ਕੇ ਲੰਕਾ ਲਿਆਂਦਾ। ਰਾਮ ਨੇ ਸੁਗ੍ਰੀਵ ਤੇ ਹਨੂੰਮਾਨ ਦੀ ਸੈਨਾ ਦੀ ਸਹਾਇਤਾ ਨਾਲ ਰਾਵਣ ਨੂੰ ਅਗਨਿ ਬਾਣ ਨਾਲ ਮਾਰ ਦਿਤਾ।[2081] ਦ੍ਵਿਜ ਸਾਰ ਸੁਤੰ ਸਤਿ ਸੰਖ ਹਰੀ ਸਰ ਰਾਘਵ ਕੇ ਜਿਨਿ ਰਾਵਣ ਮਾਰੇ॥[2082]

**ਰਾਵੀ-** ਪੰਜਾਬ ਦੇ ਪੰਜ ਦਰਿਆਵਾਂ ਵਿਚੋਂ ਇਕ। ਇਹ ਦਰਿਆ ਕੁਲੂ ਦੇ ਇਲਾਕੇ ਵਿਚੋਂ ਨਿਕਲ ਕੇ ਚੰਬਾ, ਮਾਧੋਪੁਰ, ਡੇਰਾ ਬਾਬਾ ਨਾਨਕ, ਲਾਹੌਰ ਮਿੰਟਗੁਮਰੀ, ਮੁਲਤਾਨ ਆਦਿ ਵਿਚੋਂ 450 ਮੀਲ ਵਹਿੰਦਾ ਹੋਇਆ

---

[2078] ਉਹੀ, ਪਤਰਾ 1757.

[2079] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 474.

[2080] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1594.

[2081] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 256-57.

[2082] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 11.

ਚਨਾਬ ਵਿਚ ਜਾ ਮਿਲਦਾ ਹੈ। ਪੁਰਾਣ-ਸਾਹਿਤ ਇਸ ਨੂੰ ਐਰਾਵਤੀ ਨਦੀ ਤੇ ਵੈਦਿਕ-ਸਾਹਿਤ ਇਸ ਦਾ ਨਾਂ ਪਰੂਸ਼ਨੀ ਲਿਖਦਾ ਹੈ।[2083] ਰਾਵੀ ਗੰਗਾ ਮੈ ਗਯੋ ਕਰਨੇ ਸੋ ਇਸਨਾਨ॥[2084]

**ਰਿਖਭ ਦੇਵ-** ਇਕ ਅਵਤਾਰ (ਦੇਖੋ) ਦਾ ਨਾਮ। ਮਰੁਦੇਵੀ ਦੇ ਉਦਰ ਤੋਂ ਰਾਜਾ ਨਾਭਿ ਦਾ ਪੁਤ੍ਰ।[2085] ਰਿਖਭ ਦੇਵ ਰੁਕਮਾਂਗਦੰ ਰਵਿ ਰਥ ਤਾਂਹਿ ਸੁ ਜਾਨ॥[2086]

**ਰਿਣ ਮੋਚਨਿ ਤੀਰਥ-** ਸਢੌਰੇ ਤੋਂ 10 ਮੀਲਾਂ ਦੀ ਵਿਥ ਉਤੇ ਦੱਖਣ ਪੂਰਬ ਵਲ ਇਕ ਸਰੋਵਰ, ਜੋ ਕਪਾਲ ਮੋਚਨ ਦੇ ਨੇੜੇ ਕਰ ਕੇ ਦੱਖਣ ਵਲ ਸਥਿਤ ਹੈ। ਹਿੰਦੂ ਇਸ ਤਾਲ ਨੂੰ ਬੜਾ ਪਵਿਤ੍ਰ ਤਾਲ ਮੰਨਦੇ ਹਨ। ਨਿਸ਼ਚਾ ਹੈ ਕਿ ਇਸ ਤਾਲ ਵਿਚ ਇਸ਼ਨਾਨ ਕਰਨ ਵਾਲੇ ਦੇ ਸਿਰ ਤੋਂ ਸਾਰਾ ਕਰਜ਼ਾ ਛੇਤੀ ਉਤਰ ਜਾਂਦਾ ਹੈ।[2087] ਸੰਖੂਧਾਰਾ ਤੀਰਥ ਕਪਾਲ ਮੋਚਨਿ ਮਹਾਨ ਔਰ ਰਿਣ ਮੋਚਨਿ ਸੁ ਤੀਰਥ ਪਛਾਨੀਐ॥[2088]

**ਰਿਧਪੂਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸਿਵਾਲੈ ਤੀਰਥ (ਦੇਖੋ) ਦੇ ਰਾਜਾ ਯੇਲੂ ਦੇ ਪੂਰਬਲੇ ਜਨਮ ਦਾ ਨਾਮ ਬਿਦਿਆਧਰ ਸੀ, ਉਸ ਦੇ ਪਿੰਡ ਦਾ ਨਾਮ ਰਿਧਪੂਰ ਸੀ। ਰਿਧਪੂਰ ਗਾਉ ਸੁ ਮਹਾ ਬਿਸਾਲਾ॥ 13॥[2089]

**ਰੁਕਨਦੀਨ-** ਕਾਅਬੇ ਦਾ ਇਕ ਕਾਜੀ।[2090] ਰੁਕਨਦੀਨ ਭਾਖਿਯੋ ਇਮ ਜਬੈ॥[2091]

---

[2083] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 201-02

[2084] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 764.

[2085] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 1038.

[2086] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 17.

[2087] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਅਠਵੀਂ*, ਨੈਸ਼ਨਲ ਬੁਕ ਸ਼ਾਪ, ਦਿੱਲੀ, 2016, ਪੰਨਾ 1993.

[2088] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 58.

[2089] ਉਹੀ, ਪਤਰਾ 1536-37.

[2090] ਗੁਰਮੇਲ ਸਿੰਘ ,*ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 202.

[2091] ਸੰਤਰੇਣ, *ਗੁਰੂ ਨਾਨਕ ਵਿਜੈ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 891.

**ਰੁਕਨਲ-** ਰੁਕਨਦੀਨ (ਦੇਖੋ) ਕਾਜੀ ਦਾ ਹੀ ਨਾਮ। ਰੁਕਨਲਿ ਪੀਰ ਬਹਾਵਦੀ ਅਰੁ ਜਲਾਲਦੀ ਪੀਰ॥[2092]

**ਰੁਕਮਣੀ-** ਕ੍ਰਿਸ਼ਨ (ਦੇਖੋ) ਦੀ ਪਤਨੀ, ਜੋ ਵਿਦਰਭ ਦੇ ਰਾਜੇ ਭੀਸ਼ਮ ਦੀ ਪੁਤਰੀ ਸੀ।[2093] ਰਤਨ ਰੁਕਮਣੀ ਬੇਦ ਰਿਗ ਤਾਹਿ ਨਮਾਮ ਮਹਾਨ॥16॥[2094]

**ਰੁਕਮਨ ਪਤੀ-** ਕ੍ਰਿਸ਼ਨ (ਦੇਖੋ) ਦਾ ਇਕ ਨਾਮ। ਰੁਕਮਨਿ ਪਤੀ ਇਕ ਭਾਖਤਿ ਹੈਂ ਇਕਿ ਭਾਖਤਿ ਹੈਂ ਰਣ ਛੋਡਿ ਉਦਾਰੀ॥[2095]

**ਰੁਕਮਾਂਗਦ-** ਸੁਇਨੇ ਦਾ ਭੁਜਬੰਦ। ਇਕ ਧਰਮਾਤਮਾ ਰਾਜਾ, ਜੋ ਮੋਹਿਨੀ ਦਾ ਪਤੀ ਅਤੇ ਧਰਮਾਂਗਦ ਦਾ ਪਿਤਾ ਸੀ। ਇਸ ਦੀ ਕਥਾ ਨਾਰਦਪੁਰਾਣ ਵਿਚ ਹੈ।[2096] ਰਾਖੈਂ ਬਰਤਿ ਇਕਾਦਸੀ ਰੁਕਮਾਂਗਦ ਅੰਬਰੀਸ॥[2097]

**ਰੁੰਡ ਮਾਲਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਰੁੰਡ ਮਾਲਕਾ॥ ਮਹਾ ਕਾਲਕਾ॥95॥[2098]

**ਰੁਤਾਸ-** ਜੇਹਲਮ ਦੇ ਜਿਲ੍ਹੇ ਇਕ ਕਿਲਾ, ਜੋ ਜੇਹਲਮ ਨਗਰ ਤੋਂ 10 ਕੋਹ ਉਤਰ ਪਛਮ ਹੈ। ਇਹ ਦੁਰਗ ਸ਼ੇਰਸ਼ਾਹ ਸੂਰੀ ਨੇ ਸਨ 1542 ਵਿਚ ਸਵਾ ਚਾਲੀ ਲਖ ਰੁਪਯਾ ਖਰਚ ਕੇ ਬਣਵਾਇਆ ਸੀ। ਕਿਲੇ ਦਾ ਵਿਸਤਾਰ ਢਾਈ ਮੀਲ ਹੈ। ਦੀਵਾਰ ਤੀਹ ਫੁਟ ਚੌੜੀ ਅਤੇ 30 ਤੋਂ 50 ਫੁਟ ਤੀਕ ਉਚੀ ਹੈ। ਚਾਰੇ ਪਾਸੇ ਦੇ ਬੁਰਜ 68, ਅਤੇ ਦਰਵਾਜੇ ਬਾਰਾਂ ਹਨ। ਵਡੇ ਦਰਵਾਜੇ ਦੀ ਉਚਾਈ 70 ਫੁਟ ਹੈ। ਇਸ ਕਿਲੇ ਅੰਦਰ ਜੋ ਪਿੰਡ ਵਸਦਾ ਹੈ ਉਸ ਦਾ ਨਾਮ ਭੀ ਰੋਹਤਾਸ ਹੈ। ਬੰਗਾਲ ਵਿਚ ਸ਼ੇਰਸ਼ਾਹ ਦਾ ਰੋਹਤਾਸ ਨਾਮ ਦਾ ਕਿਲਾ ਸ਼ਾਹਬਾਦ ਜਿਲੇ ਵਿਚ ਹੈ। ਉਸੇ ਦੀ ਨਕਲ ਕਰਕੇ ਇਹ ਕਿਲਾ ਸ਼ੇਰਸ਼ਾਹ ਨੇ ਬਣਵਾਇਆ ਹੈ। ਹੁਣ ਇਸ

---

2092 ਉਹੀ, ਪਤਰਾ 896.

2093 ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਅਠਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, 2016, ਪੰਨਾ 1994-94.

2094 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 17.

2095 ਉਹੀ, ਪਤਰਾ 114-15.

2096 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 1041.

2097 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 232.

2098 ਉਹੀ, ਪਤਰਾ 1054.

ਕਿਲੇ ਦੀ ਹਾਲਤ ਖਸਤਾ ਹੈ। ਸਤਿਗੁਰੂ ਨਾਨਕ ਦੇਵ ਦਾ ਇਕ ਚਸ਼ਮਾ ਇਥੇ ਪਵਿਤ੍ਰ ਅਸਥਾਨ ਹੈ, ਜਿਸ ਦੀ ਯਾਤ੍ਰਾ ਨੂੰ ਦੂਰ-ਦੂਰ ਤੋਂ ਪ੍ਰੇਮੀ ਸਿਖ ਆਉਂਦੇ ਹਨ। ਇਸ ਅਸਥਾਨ ਦਾ ਨਾਮ ਚੋਹਾ ਸਾਹਿਬ ਹੈ।[2099] ਰੁਤਾਸ ਮੈ ਨਰੇਸ ਥਾ ਅਵਿੰਦ ਜਾਤ ਤਾਹਿ ਕੀ ਦਯਾ ਬਿਹੀਨ ਸੁ ਹੁਤੋ ਅਵਿੰਦ ਸੋਇ ਜਾਨਿਯੈ॥[2100]

**ਰੁਦ੍ਰਾਂਚਲਿ-** ਇਕ ਪਰਬਤ (ਦੇਖੋ) ਦਾ ਨਾਮ। ਰੁਦ੍ਰਾਂਚਲਿ ਚੰਦ੍ਰਾਚਲੰ ਤਿਸ ਕੇ ਬੰਧ ਜਾਨ॥[2101]

**ਰੁਦ੍ਰਾਵੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਸਟ ਮਾਤ੍ਰ ਕਾ (ਦੇਖੋ) ਵਿਚੋਂ ਇਕ ਦੇਵੀ ਦਾ ਨਾਮ। ਪ੍ਰਿਥਮ ਬੈਸਨਵੀ ਜਾਨ ਦੁਤੀ ਜਾਨੋ ਰੁਦ੍ਰਾਵੀ॥[2102]

**ਰੁਲਦੂ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[2103] ਭੀਖਾ ਰੁਲਦੂ ਭਗਤੀਵੰਤਿ॥[2104]

**ਰੂਪ ਸੁੰਦਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਰੂਪ ਸੁੰਦਰੀ ਨਾਮੁ ਤਹਿ ਮਹਾ ਚਤੁਰ ਅਤਿ ਸੋਇ॥[2105]

**ਰੂਪ ਸ੍ਵਾਂਤੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਰੂਪ ਸ੍ਵਾਂਤੀ॥ ਮਦਨ ਕ੍ਰਾਂਤੀ॥[2106]

**ਰੂਪ ਕੰਨਿਆ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਰੂਪ ਕੰਨਿਆ॥ ਨਸਰਮੰਨਿਆ॥੧੦॥[2107]

---

2099 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 1048.

2100 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1675.

2101 ਉਹੀ, ਪਤਰਾ 1426.

2102 ਉਹੀ, ਪਤਰਾ 1233.

2103 ਉਹੀ, ਪਤਰਾ 1783.

2104 ਉਹੀ.

2105 ਉਹੀ, ਪਤਰਾ 1042.

2106 ਉਹੀ, ਪਤਰਾ 1054.

2107 ਉਹੀ.

**ਰੂਪ ਗੁੰਦਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਪਰਮ ਸੁੰਦਰੀ॥ ਰੂਪ ਗੁੰਦਰੀ॥ ਜੋਤਿ ਜਵਾਲਕਾ॥ ਬਹੁਰਿ ਕਾਲਕਾ॥83॥[2108]

**ਰੂਪ ਜਾਲਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਪੁੰਨਯ ਪਾਲਕਾ॥ ਰੂਪ ਜਾਲਕਾ॥[2109]

**ਰੂਪ ਜ੍ਵਾਲਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਅੰਸ ਮਾਲਕਾ॥ ਰੂਪ ਜ੍ਵਾਲਕਾ॥ ਚਿੰਤ ਚਾਉਲੀ॥ ਰੂਪ ਪਾਉਲੀ॥85॥[2110]

**ਰੂਪ ਦਾਇਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਰੂਪ ਦਾਇਨੀ॥ ਹੰਸ ਬਾਹਿਨੀ॥92॥[2111]

**ਰੂਪ ਨਾਇਕਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਰੂਪ ਨਾਇਕਾ॥ ਜਸੁ ਦਾਇਕਾ॥[2112]

**ਰੂਪ ਪਾਉਲੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਚਿੰਤ ਚਾਉਲੀ॥ ਰੂਪ ਪਾਉਲੀ॥85॥[2113]

**ਰੂਪ ਪੂਤਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਬ੍ਰਹਮ ਸੂਤਰੀ॥ ਰੂਪ ਪੂਤਰੀ॥93॥[2114]

**ਰੂਪ ਪ੍ਰਭਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਰੂਪ ਪ੍ਰਭਾ ਕਹੈ ਤਤ ਬਿਚਾਰੰ॥[2115]

---

2108 ਉਹੀ.

2109 ਉਹੀ.

2110 ਉਹੀ.

2111 ਉਹੀ.

2112 ਉਹੀ.

2113 ਉਹੀ.

2114 ਉਹੀ.

2115 ਉਹੀ, ਪਤਰਾ 1043.

**ਰੂਪ ਬਲਭਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕ੍ਰੌਂਚ ਦੀਪ (ਦੇਖੋ) ਦਾ ਰਾਜਾ ਸਿਉਰਾਮ (ਦੇਖੋ) ਦੇ ਪੁਤਰ ਰਾਮ ਸਿੰਘ (ਦੇਖੋ) ਦੀ ਪਤਨੀ। ਰੂਪ ਬਲਭਾ ਭਾਨ ਪ੍ਰਭਾ ਪੁਨਿ॥[2116]

**ਰੂਪ ਮੰਜਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਰੂਪ ਮੰਜਰੀ॥ ਨੈਨ ਕੰਜਰੀ॥[2117]

**ਰੂਪ ਵਤੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਬੈਰਮ ਭੱਟ (ਦੇਖੋ) ਦੀ ਪਤਨੀ। ਰੂਪ ਵਤੀ ਤਹਿ ਤੀਅ ਸੁ ਮਾਨੋ॥[2118]

**ਰੂਪਚੰਦ-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਦਿਲੀ ਦਾ ਇਕ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[2119] ਹਰੀਰਾਮ ਸਿਰੀਰਾਮ ਰੂਪਚੰਦ ਖੇਮਰਾਜ ਦੇਵਰਾਜ ਦੇਵਚੰਦ ਬਾਣੀਐ ਮਹਾਨੀਐ॥30॥[2120]

**ਰੂਮ-** ਰੋਮ ਤੇ ਤੁਰਕੀ ਦਾ ਇਲਾਕਾ।[2121] ਪਹਿਲੇ ਸਭਿ ਬਜੰਕੜਿ ਦੇਸ ਮਿਲੇ ਤਿਨ ਰੂਮ ਲਈ ਪੁਨਿ ਸਾਂਮ ਸੁ ਆਏ॥[2122]

**ਰੂਮੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਆਦਮ ਦੇ ਪੁਤਰ (ਦੇਖੋ) ਕਾਬਲ ਤੋਂ ਜੋ ਚਾਰ ਕੌਮਾਂ ਪੈਦਾ (ਦੇਖੋ) ਹੋਈਆਂ ਉਨ੍ਹਾਂ ਵਿਚੋਂ ਇਕ ਦਾ ਨਾਮ।ਜੰਗੀ ਇਰਮਨੀ ਰੂਮੀ ਜਾਨ॥ ਅਵਰ ਫਿਰੰਗ ਸਿਲਾਰ ਪਛਾਨ॥[2123]

---

[2116] ਉਹੀ, ਪਤਰਾ 1288.

[2117] ਉਹੀ, ਪਤਰਾ 1054.

[2118] ਉਹੀ, ਪਤਰਾ 797.

[2119] ਉਹੀ, ਪਤਰਾ 1783.

[2120] ਉਹੀ.

[2121] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 203.

[2122] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 118.

[2123]ਉਹੀ, ਪਤਰਾ 948.

**ਰੂੜਮਲ-** ਗੁਰੂ ਹਰਿਰਾਏ ਸਾਹਿਬ ਜੀ ਦੇ ਵਰੋਸਾਏ ਬਾਬਾ ਰੁੜਮਲ ਨੇ ਪਿੰਡ ਜਸੋਵਾਲ ਜ਼ਿਲ੍ਹਾ ਲੁਧਿਆਣਾ ਵਿਖੇ ਉਦਾਸੀ ਡੇਰਾ ਸਥਾਪਿਤ ਕੀਤਾ ਸੀ। ਇਹ ਕਵੀ ਸੰਤਰੇਣ ਦੀ ਚੇਲਾ ਪਧਤੀ ਵਿਚ ਇਕ ਉਦਾਸੀ ਸੰਤ ਹੈ।[2124] ਰੂੜਮਲ ਕੀ ਗਦੀ ਸੋਇ ਮਹਾਨਿਯੈ॥[2125]

**ਰੂੜਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਉਪਰੰਤ ਦਰਸ਼ਨ ਕਰਨ ਆਇਆ ਇਕ ਵਿਅਕਤੀ। ਬੂੜਾ ਰੂੜਾ ਅਉਰ ਨਿਹਾਲੂ॥[2126]

**ਰੇਵਤੀ-** ਇਹ ਰਾਜਾ ਰੈਵਤ ਦੀ ਪੁਤਰੀ ਤੇ ਬਲਰਾਮ ਦੀ ਪਤਨੀ ਸੀ। ਇਹ ਏਨੀ ਸੁਹਣੀ ਤੇ ਖ਼ੂਬਸੂਰਤ ਸੀ ਕਿ ਇਸ ਦੇ ਪਿਤਾ ਨੇ ਦੁਨੀਆਂ ਤੇ ਕੋਈ ਵੀ ਆਦਮੀ ਇਸ ਦਾ ਪਤੀ ਹੋਣ ਦੇ ਯੋਗ ਨਾ ਸਮਝਕੇ ਬ੍ਰਹਮਾ ਕੋਲ ਜਾ ਕੇ ਸਲਾਹ ਪੁਛੀ। ਬ੍ਰਹਮਾ ਨੇ ਵਿਸ਼ਨੂੰ ਦੀ ਮਹਿਮਾ ਤੇ ਇਕ ਬੜੇ ਲੰਮੇ ਵਿਆਖਿਆਨ ਦੇਣ ਤੋਂ ਬਾਦ ਇਸ ਨੂੰ ਦਵਾਰਕਾ ਜਾਣ ਲਈ ਕਿਹਾ, ਜਿਥੇ ਕਿ ਵਿਸ਼ਨੂੰ ਦੇ ਅੰਸ਼ ਤੋਂ ਬਲਰਾਮ ਦਾ ਅਵਤਾਰ ਹੋਇਆ ਸੀ। ਉਹ ਬਲਰਾਮ ਕੋਲ ਗਿਆ ਅਤੇ ਰੇਵਤੀ ਨਾਲ ਬਲਰਾਮ ਦਾ ਵਿਆਹ ਕਰ ਦਿਤਾ ਚੂੰਕਿ "ਰੇਵਤੀ ਲੰਮੇ ਕਦ ਦੀ ਲੜਕੀ ਸੀ, ਇਸ ਲਈ ਬਲਰਾਮ ਨੇ ਆਪਣੇ ਹਲ ਦੇ ਸਿਰੇ ਨਾਲ ਇਸ ਨੂੰ ਛੋਟੇ ਕਦ ਦਾ ਕਰ ਦਿਤਾ।" ਇਸ ਦੇ ਘਰ ਦੋ ਪੁਤਰ ਹੋਏ। ਰੇਵਤੀ ਬਾਰੇ ਕਹਿੰਦੇ ਹਨ ਕਿ ਇਹ ਪਤੀ ਨਾਲ ਸ਼ਰਾਬ ਪੀਣ ਵਿਚ ਵੀ ਸਾਥ ਦੇਂਦੀ ਸੀ।[2127] ਰੈਨ ਰੋਜ ਰੇਵਤੀ ਰ੍ਰਿਦਾਸ ਰਾਗ ਰਾਗਨੀ॥[2128]

**ਰੋਗਾ ਪੈਠ-** ਇਕ ਟਾਪੂ (ਦੇਖੋ) ਦਾ ਨਾਮ। ਬਹੁਰਾ ਰੋਗਾ ਪੈਠ ਸੁ ਮਾਨੇ॥[2129]

**ਰੋਮ ਰਿਸੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਕਿਸੇ ਹੋ ਚੁਕੇ ਰਿਸ਼ੀ ਦਾ ਨਾਮ। ਰੋਮ ਰਿਸੀ ਰਘੁ ਭੂਪ ਪੁਨਿ ਅੱਛਰ ਬਹੁਰਿ ਕਕਾਰ॥[2130]

---

[2124] ਸੰਤ ਰੇਣ, *ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ,* ਸੰਤਰੇਣਾਸ਼੍ਰਮ, ਭੂਦਨ, 2012, ਪੰਨਾ iv.

[2125] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 5.

[2126] ਉਹੀ, ਪਤਰਾ 159.

[2127] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 482-83.

[2128] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 17.

[2129] ਉਹੀ, ਪਤਰਾ 1317.

[2130] ਉਹੀ, ਪਤਰਾ 17.

**ਰੋਮਕੰਟਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਤ੍ਰਿਬੰਕ ਦਾ ਬਾਅਦ ਦਾ ਨਾਮ ਜਦੋਂ ਉਹ ਇਕ ਰਾਕਸ਼ ਬਣ ਗਿਆ ਸੀ। ਰੋਮ ਕੋਟਿ ਮਮ ਨਾਮ ਸੁ ਭਯੋ॥[2131]

**ਰੋਮਧੂਜ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਭੂਮ ਬਿਵਰ (ਦੇਖੋ) ਦੀ ਰਹਿਣ ਵਾਲੀ ਇਕ ਰਾਕਸ਼। ਮਾਲੀ ਤਨੈ ਰੋਮਧੁਜ ਨਾਮ॥[2132]

**ਰੋੜਾ ਖੱਤ੍ਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਕਾਲਪਨਿਕ ਪਾਤਰ। ਰੋੜਾ ਖੱਤ੍ਰੀ ਆਪ ਬਨ ਖੰਡ ਸੁ ਲਜਾਇ ਮਹਾਨ॥[2133]

**ਲਹਣਾ (ਅੰਗਦ, ਗੁਰੂ)-** ਗੁਰੂ ਅੰਗਦ ਦੇਵ (ਦੇਖੋ) ਦਾ ਪਹਿਲਾ ਨਾਮ। ਲਹਣਾ ਅਪਨੈ ਅੰਗ ਲਗਾਯੋ॥[2134]

**ਲਹਣਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਧਰਮਾ ਬਖਸੀ ਲਹਣਾ ਗਹਣਾ ਗੁਰਦਾਸ ਸਖਾਮਲਿ ਜੀ ਗੁਰਸਾਇ॥17॥[2135]

**ਲਹਰੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਬੰਦਰਗਾਹ (ਦੇਖੋ) ਦਾ ਨਾਮ। ਮਛਲੀ ਲਹਰੀ ਬੰਦਰ ਦੋਇ॥[2136]

**ਲਹਰੂਪਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਅਠਵੇਂ ਹਨੀਫਾ ਨਾਥ ਨਮਮੇ ਸੰਗਰ ਨਾਥ ਲਹਰੂਪਾ ਦਸਮੋ ਸੋ ਸਿਧ ਪਹਚਾਨੀਐ॥[2137]

**ਲਹਿਣਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਦੌਲਤ ਖਾਨ ਕੋਲ ਚੁਗਲੀ ਕਰਨ ਵਾਲਾ ਇਕ ਵਿਅਕਤੀ ਇਸ ਦੇ ਭਰਾ ਦਾ ਨਾਮ ਗਹਿਣਾ ਦਸਿਆ ਹੈ। ਹੋਰ ਕਿਸੇ ਸ੍ਰੋਤ ਵਿਚ ਇਨ੍ਹਾਂ ਦੇ ਨਾਮ ਨਹੀਂ ਦਸੇ ਗਏ। ਲਹਿਣਾ ਗਹਿਣਾ ਦੋਨੋ ਭਾਈ॥[2138]

---

2131 ਉਹੀ, ਪਤਰਾ 354.

2132 ਉਹੀ, ਪਤਰਾ 1578.

2133 ਉਹੀ, ਪਤਰਾ 416.

2134 ਉਹੀ, ਪਤਰਾ 1780.

2135 ਉਹੀ, ਪਤਰਾ 594.

2136 ਉਹੀ, ਪਤਰਾ 1090.

2137 ਉਹੀ, ਪਤਰਾ 1026.

**ਲਹੁਰੀਪਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਲਹੁਰੀਪਾ ਪੁਨਿ ਆਵਤਿ ਭਯੋ॥[2139]

**ਲਹੌਰ (ਲਾਹੌਰ)-** ਲਾਹੌਰ ਸ਼ਹਿਰ। ਪੰਜਾਬ ਦਾ ਇਕ ਪੁਰਾਤਨ ਨਗਰ ਜੋ ਕਿ ਰਾਵੀ ਕੰਢੇ ਵਸਿਆ ਹੋਇਆ ਹੈ ਤੇ ਪੰਜਾਬ ਦੀ ਚਿਰਾਂ ਤੀਕ ਰਾਜਧਾਨੀ ਰਿਹਾ ਹੈ। ਅਜ ਕਲ ਇਹ ਪਾਕਿਸਤਾਨ ਵਿਚਲੇ (ਪਛਮੀ) ਪੰਜਾਬ ਦੀ ਰਾਜਧਾਨੀ ਹੈ। ਰਵਾਇਤ ਹੈ ਕਿ ਇਹ ਲਾਹੌਰ ਨਾਂ ਰਾਮਚੰਦਰ ਦੇ ਪੁਤਰ 'ਲਵ' ਦੇ ਨਾਂ ਉਤੇ ਪਿਆ।[2140] ਗੁਰ ਨਾਨਕ ਅਰੁ ਸੰਤ ਸੋ ਗਏ ਲਹੌਰ ਉਦਾਰ॥[2141]

**ਲੰਕ ਪਤੀ-** ਲੰਕਾ (ਦੇਖੋ) ਦਾ ਰਾਜਾ ਹੋਣ ਕਰਕੇ ਰਾਵਣ (ਦੇਖੋ) ਨੂੰ ਲੰਕਾਪਤੀ ਕਿਹਾ ਗਿਆ ਹੈ। ਜਨ ਪਾਲਕ ਸੰਤ ਸਹਾਇ ਨਮੋ ਜਿਨ ਲੰਕ ਪਤੀ ਰਣ ਮਾਹਿ ਸੰਘਾਰਾ॥[2142]

**ਲੰਕਾ-** ਭਾਰਤ ਦੇ ਦਖਣ ਵਿਚ ਲੰਕਾ ਇਕ ਪੂਰਨ ਸੁਤੰਤਰ ਦੇਸ਼ ਹੈ ਜੋ ਹਿੰਦ ਮਹਾਂ-ਸਾਗਰ ਦਾ ਪ੍ਰਸਿਧ ਟਾਪੂ ਹੈ, ਜਿਸ ਦੀ ਰਾਜਧਾਨੀ ਕੋਲੰਬੂ ਹੈ। ਪੌਰਾਣ-ਕਥਾਵਾਂ ਵਿਚ ਲੰਕਾ ਸੁਮੇਰ ਪਰਬਤ ਦੀ ਚੋਟੀ ਉਤੇ ਮੰਨਿਆ ਗਿਆ ਹੈ। ਲੰਕਾ ਵਿਚ ਰਾਮਚੰਦਰ ਤੇ ਰਾਵਣ ਦਾ ਯੁਧ ਹੋਇਆ ਮੰਨਿਆ ਜਾਂਦਾ ਹੈ। ਇਤਿਹਾਸਿਕ ਤੌਰ ਉਤੇ ਇਹ ਦਸਣਾ ਕਠਿਨ ਹੈ ਕਿ ਰਾਮ-ਰਾਵਣ ਦੀ ਲੜਾਈ ਇਥੇ ਹੀ ਹੋਈ ਜਾਂ ਹਿੰਦ ਦੇ ਕਿਸੇ ਹੋਰ ਭਾਗ ਵਿਚ।[2143] ਪੁਨਿ ਲੰਕਾ ਨਗਰੀ ਪਹਿਚਾਨ॥[2144]

---

[2138] ਉਹੀ, ਪਤਰਾ 509.

[2139] ਉਹੀ, ਪਤਰਾ 989.

[2140] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 203.

[2141] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1435.

[2142] ਉਹੀ, ਪਤਰਾ 70.

[2143] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 204.

[2144] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1092.

**ਲਖਮਣ ਕੁੰਡ-** ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਕੁੰਡ ਦੇ ਸ਼ਾਬਦਿਕ ਅਰਥ ਹਨ- ਜੋ ਜਲ ਦੀ ਰਖ੍ਯਾ ਕਰੇ, ਟੋਆ, ਗਢਾ, ਚਬਚਾ।[2145] ਸੋ ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਲਖਮਣ ਦੇ ਨਾਮ ਉਪਰ ਬਣੇ ਕਿਸੇ ਕੁੰਡ ਵਲ ਸੰਕੇਤ ਕੀਤਾ ਗਿਆ ਹੈ। ਲਖਮਣ ਕੁੰਡ ਜਾਇ ਜੋ ਨਾਈ॥[2146]

**ਲਖਮੀ ਚੰਦ-** ਗੁਰੂ ਨਾਨਕ ਸਾਹਿਬ ਦੇ ਛੋਟੇ ਬੇਟੇ। ਇਹ ਸੁਭਾਅ ਕਰਕੇ ਦੁਨੀਆਂ ਤੋਂ ਉਪਰਾਮ ਸਨ।[2147] ਲਖਮਣ ਲਖਮੀਚੰਦ ਪੁਨਿ ਪਰਣਵ ਹਮਰੀ ਤਾਹਿ॥18॥[2148]

**ਲਖਮੀਪਤੀ-** ਲਖਮੀ ਦਾ ਪਤੀ ਹੋਣ ਕਰਕੇ ਵਿਸ਼ਨੂੰ (ਦੇਖੋ) ਨੂੰ ਲਖਮੀਪਤੀ ਕਿਹਾ ਗਿਆ ਹੈ। ਲਖਮੀਪਤੀ ਮਹਾ ਸਮਰਥ॥[2149]

**ਲੰਗਰ-** ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਪੁਨਿ ਝੰਗਰ ਭੰਗਰ ਲੰਗਰ ਜੂਫੁਨਿ ਹਾਰਤਿ ਜੀਤਨ ਈਸਰ ਭਾਰੇ॥[2150]

**ਲੰਘਰ ਨਾਥ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਚੁਰਾਸੀ ਸਿਧਾਂ (ਦੇਖੋ) ਵਿਚੋਂ ਇਕ ਸਿਧ ਦਾ ਨਾਮ। ਹਾਰਤ ਜੀਤਨ ਪੁਨਿ ਗਯਾਰਮੋ ਸੋ ਜਾਨ ਲੋਹੁ ਬਾਰਵੋ ਲੰਘਰ ਨਾਥ ਸਿਧ ਸੋ ਪਛਾਨੀਐ॥49॥[2151]

**ਲਛਮਣ (ਲਖਮਣ)-** ਰਾਮ ਦਾ ਛੋਟਾ ਭਾਈ ਲਛਮਣ ਸੀ ਜੋ ਕਿ ਰਾਜਾ ਦਸਰਥ ਤੇ ਰਾਣੀ ਸੁਮਿਤ੍ਰਾ ਦਾ ਪੁੱਤਰ ਸੀ। ਇਸ ਨੂੰ ਸ਼ੇਸਨਾਗ ਦਾ ਅਵਤਾਰ ਵੀ ਕਿਹਾ ਗਿਆ ਹੈ। ਜਦੋਂ ਸ੍ਰੀ ਰਾਮ ਨੂੰ ਚੌਦਾਂ ਸਾਲ ਦਾ ਬਨਵਾਸ ਮਿਲਿਆ ਤਾਂ ਭ੍ਰਾਤ੍ਰੀ ਪ੍ਰੇਮ ਕਾਰਣ ਇਹ ਵੀ ਨਾਲ ਗਿਆ ਤੇ ਇਸ ਨੇ ਆਪਣੇ ਵਡੇ ਭਾਈ ਦੀ ਮਨ ਲਾ ਕੇ ਸੇਵਾ ਕੀਤੀ, ਜਦੋਂ ਰਾਵਣ ਦੀ ਭੈਣ ਸਰੂਪਨਖਾ ਨੇ ਰਾਮ ਨੂੰ ਮੰਦਾ ਚੰਗਾ ਬੋਲਿਆ ਤਾਂ ਲਛਮਣ ਨੇ ਉਸ ਦਾ ਨੱਕ ਕੱਟ ਦਿਤਾ। ਲੰਕਾ ਵਿਚ ਰਾਵਣ ਨਾਲ ਹੋਏ ਜੁੱਧ ਵਿਚ ਇਸਨੇ ਮੂਹਰੇ ਹੋ ਕੇ ਹਿੱਸਾ ਲਿਆ ਤੇ

---

[2145] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 337.

[2146] ਸੰਤਰੇਣ, *ਗੁਰੂ ਨਾਨਕ ਵਿਜੈ ਗ੍ਰੰਥ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 859.

[2147] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 205.

[2148] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 17.

[2149] ਉਹੀ, ਪਤਰਾ 69.

[2150] ਉਹੀ, ਪਤਰਾ 246.

[2151] ਉਹੀ, ਪਤਰਾ 1026.

ਬਰਛੀ ਲੱਗਣ ਕਾਰਣ ਬੇਹੋਸ਼ ਵੀ ਹੋ ਗਿਆ ਜਿਸਨੂੰ ਹਨੂਮਾਨ ਵੱਲੋਂ ਲਿਆਂਦੀ ਸੰਜੀਵਨੀ ਬੂਟੀ ਦੁਆਰਾ ਮੁੜ ਰਾਜ਼ੀ ਕੀਤਾ ਗਿਆ। ਇਹ ਵੀ ਰਵਾਇਤ ਹੈ ਕਿ ਰਾਮ ਦੀ ਔਧ ਮੁੱਕ ਚੁੱਕੀ ਸੀ। ਜਦੋਂ ਕਾਲ, ਰਾਮ ਨਾਲ ਗੱਲ ਕਰ ਰਿਹਾ ਸੀ ਤਾਂ ਦੁਰਬਾਸਾ ਰਿਸ਼ੀ ਵੀ ਮਿਲਣ ਲਈ ਆਇਆ ਤੇ ਉਸਨੇ ਸਰਾਪ ਦੀ ਧਮਕੀ ਦਿਤੀ। ਲਛਮਣ ਨੇ ਸਰਾਪ ਦਾ ਫ਼ਲ ਭੁਗਤਣ ਲਈ ਆਪਣੇ ਆਪ ਨੂੰ ਪੇਸ਼ ਕੀਤਾ ਤੇ ਯੋਗ ਸਾਧਨਾ ਦੁਆਰਾ ਪ੍ਰਾਣ ਤਿਆਗ ਕੇ ਬਾਕੀ ਦੀ ਉਮਰ ਭਾਈ ਨੂੰ ਦੇ ਦਿਤੀ। ਇਸ ਦੀ ਆਚਰਣਕ ਪਵਿੱਤ੍ਰਤਾ ਨੂੰ ਬਾਰ-ਬਾਰ ਸਲਾਹਿਆ ਗਿਆ ਤੇ ਛੇ ਜਤੀਆਂ ਵਿਚ ਵੀ ਇਸਦਾ ਨਾਂ ਲਿਆ ਜਾਂਦਾ ਹੈ। ਹਾਲਾਂ ਕਿ ਲਛਮਣ ਉਰਮਿਲਾ ਨੂੰ ਵਿਆਹਿਆ ਹੋਇਆ ਸੀ ਤੇ ਇਹਦੇ ਚੰਦ੍ਰਕੇਤੂ ਤੇ ਅੰਗਦ ਦੋ ਪੁੱਤਰ ਸਨ।[2152] ਲਖਮਣ ਲਖਮੀਚੰਦ ਪੁਨਿ ਪਰਣਵ ਹਮਰੀ ਤਾਹਿ॥18॥[2153]

**ਲੰਬਿਉ ਕੇ ਦੇਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ ਦਾ ਨਾਮ ਜਿਥੇ ਸਾਰੇ ਹੀ ਲੋਕ ਸਧਾਰਨ ਲੋਕਾਂ ਨਾਲੋਂ ਲੰਬੇ ਹਨ। ਇਹ ਨਾਮ ਕਾਲਪਨਿਕ ਭਾਸਦਾ ਹੈ। ਇਉ ਤਿਸ ਚਲੇ ਗੁਰੂ ਗਏ ਲੰਬਿਉ ਕੇ ਦੇਸ॥[2154]

**ਲਮਕਾਨਿਉ ਕਾ ਟਾਪੂ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਟਾਪੂ ਦਾ ਨਾਮ ਜਿਥੋਂ ਦੇ ਸਾਰੇ ਲੋਕ ਛੋਟੇ ਕੱਦ ਦੇ ਸਨ ਅਤੇ ਬਿਨਾਂ ਵਸਤਰਾਂ ਤੋਂ ਰਹਿੰਦੇ ਸਨ। ਇਨ੍ਹਾਂ ਦੀ ਬੋਲੀ ਵੀ ਵਖਰੀ ਸੀ। ਲਮਕਾਨਿਉ ਕਾ ਟਾਪੂ ਜਹਾਂ॥[2155]

**ਲਮਿਕਾਂਨ ਬੰਦਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਬੰਦਰਗਾਹ (ਦੇਖੋ) ਦਾ ਨਾਮ। ਲਮਿਕਾਂਨ ਬੰਦਰ ਕੈ ਵਿਖੈ ਗੁਰਦੇਵ ਪਹੁਚੇ ਜਾਇਕੈ॥[2156]

**ਲਵਣਾਦ੍ਰੀ-** ਇਕ ਪਰਬਤ (ਦੇਖੋ) ਦਾ ਨਾਮ। ਧਵਲਾਦ੍ਰੀ ਲਵਣਾਦ੍ਰੀ ਦੋਇ॥[2157]

---

[2152] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 258.

[2153] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 17.

[2154] ਉਹੀ, ਪਤਰਾ 1744.

[2155] ਉਹੀ, ਪਤਰਾ 1532.

[2156] ਉਹੀ, ਪਤਰਾ 1607.

[2157] ਉਹੀ, ਪਤਰਾ 1426.

**ਲਾਹਿੜੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਬੰਦਰਗਾਹ (ਦੇਖੋ) ਦਾ ਨਾਮ। ਬਹੁਰਿ ਲਾਹਿੜੀ ਜਾਨ ਸੁਜਾਨ॥47॥[2158]

**ਲਾਲ ਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਸ਼੍ਰੋਮਣੀ ਬੇਦੀਆਂ ਵਿਚੋਂ ਇਕ। ਇਹ ਗੁਰੂ ਜੀ ਦੇ ਵਿਆਹ ਸਮੇਂ ਸੁਲਤਾਨਪੁਰ ਤੋਂ ਨਾਲ ਗਿਆ ਸੀ। ਜਟ ਮਲ ਲਾਲ ਚੰਦ ਪੁਨਿ ਜਾਨੋ॥[2159]

**ਲਾਲ ਦਾਸ (ਜੈਨੀ)**-ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਜੈਨੀ ਜੋ ਗੁਰੂ ਨਾਨਕ ਦੇਵ ਜੀ ਨੂੰ ਮਿਲਿਆ ਸੀ। ਲਾਲ ਦਾਸ ਤਹ ਨਾਮ ਸੁ ਜਾਨੋ॥ ਭੇਖ ਦਿਗੰਬਰਿ ਤਾਹਿ ਸੁ ਮਾਨੋ॥[2160]

**ਲਾਲ ਦਾਸ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਅਸ਼ੀਰਵਾਦ ਨਾਲ ਹੋਏ ਇਕ ਬਾਲਕ ਦਾ ਨਾਮ। ਲਾਲ ਦਾਸ ਰਖੀਯੋ ਤਹਿ ਨਾਮ॥[2161]

**ਲਾਲ ਦਾਸ(ਮਾਰਵਾੜੀ)-** ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਮਾਰਵਾੜੀ ਸਿਖ। ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪੀ ਸੀ ਉਸ ਸਮੇਂ ਇਹ ਸੰਗਤ ਵਿਚ ਮੌਜੂਦ ਸੀ।[2162] ਖੇਮਚੰਦ ਲਾਲਦਾਸ ਤੀਸਰਾ ਭੀਖਾਰੀ ਦਾਸ ਕਿਰਪਾ ਪੂਰਨ ਚੰਦ ਔਰ ਪਹਚਾਨੀਐ॥[2163]

**ਲਾਲ ਨੈਨ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਠਾਰ੍ਹਾਂ ਰਾਜਿਆਂ (ਦੇਖੋ) ਵਿਚੋਂ ਇਕ ਰਾਜੇ ਦਾ ਨਾਮ। ਲਾਲ ਨੈਨ ਖਸਟਮਿ ਸੁਖਦਾਈ॥[2164]

**ਲਾਲਕੋਟਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ ਦਾ ਨਾਮ। ਕੇਸਰੀ ਕੀਰਤਿ ਰਾਮ ਲਾਲ ਕੋਟਿ ਤਾਕੇ ਧਾਮ ਸੰਗਤਿ ਪਰੇਮਾ ਔਰ ਧਰਮਾ ਪਛਾਨੀਐ॥[2165]

---

[2158] ਉਹੀ, ਪਤਰਾ 1092.

[2159] ਉਹੀ, ਪਤਰਾ 540.

[2160] ਉਹੀ, ਪਤਰਾ 864.

[2161] ਉਹੀ, ਪਤਰਾ 825.

[2162] ਉਹੀ, ਪਤਰਾ 1783.

[2163] ਉਹੀ,

[2164] ਉਹੀ, ਪਤਰਾ 1323.

[2165] ਉਹੀ, ਪਤਰਾ 288.

**ਲਾਲਚੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨੇਊ ਦੀ ਰਸਮ 'ਤੇ ਆਇਆ ਇਕ ਸਾਕ ਸਬੰਧੀ। ਲਾਲਚੰਦ ਲਉ ਬੇਦੀ ਜੇਤੇ॥[2166]

**ਲਾਲਚੰਦ (ਸਿਖ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਲਾਲ ਚੰਦ ਪੁਨਿ ਦੂਜਾ ਬੇਦੀ ਜਾਨਿਯੈ॥[2167]

**ਲਾਲਦਾਸ (ਅਗਰਵਾਲ)-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਲਾਲ ਦਾਸ ਪੁਨਿ ਅੱਗਰਵਾਲਾ ਜਾਨਿਯੈ॥[2168]

**ਲਾਲੂ-** ਗੁਰੂ ਨਾਨਕ ਸਾਹਿਬ ਜੀ ਦੇ ਚਾਚਾ ਜੀ, ਮਹਿਤਾ ਕਾਲੂ ਜੀ ਦਾ ਛੋਟਾ ਭਰਾ।[2169] ਲਾਲੋ ਸਾਲੋ ਮਾਲੋ ਲਾਲੂ॥[2170]

**ਲਾਲੋ-** ਏਮਨਾਬਾਦ (ਸੈਦਪੁਰ) ਦੇ ਰਹਿਣ ਵਾਲਾ ਗੁਰੂ ਨਾਨਕ ਦਾ ਇਕ ਸੁਚੀ-ਕਿਰਤ ਕਰਨ ਵਾਲਾ ਗਰੀਬ ਸਿਖ, ਜਿਹੜਾ ਜਾਤ ਦਾ ਤਰਖਾਣ ਸੀ। ਜਦੋਂ ਗੁਰੂ ਜੀ ਸੈਦਪੁਰ ਜਾਂਦੇ ਤਾਂ ਇਸੇ ਦੇ ਘਰ ਹੀ ਲੰਗਰ ਛਕਦੇ ਸਨ ਤੇ ਇਸ ਦੇ ਘਰ ਹੀ ਰਹਿੰਦੇ ਸਨ।[2171] ਲਾਲੋ ਸਾਲੋ ਮਾਲੋ ਲਾਲੂ॥[2172]

**ਲਿੰਗ ਗਿਰੀ-** ਇਕ ਪਰਬਤ (ਦੇਖੋ) ਦਾ ਨਾਮ। ਲਿੰਗ ਗਿਰੀ ਪੁਨਿ ਤਾ ਕਾ ਨਾਮ॥[2173]

---

[2166] ਉਹੀ.

[2167] ਉਹੀ, ਪਤਰਾ 1629.

[2168] ਉਹੀ, ਪਤਰਾ 1630.

[2169] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 205.

[2170] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 159.

[2171] ਗੁਰਮੇਲ ਸਿੰਘ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004, ਪੰਨਾ 205.

[2172] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 159.

[2173] ਉਹੀ, ਪਤਰਾ 1426.

**ਲੀਲਾਵਤੀ-** ਦੁਰਗਾ (ਦੇਖੋ) ਦਾ ਇਕ ਨਾਮ। ਮੰਜ ਘੋਸਾ ਨਾਹੀ ਐਸੀ ਪਦਮਾਵਤੀ ਸੋ ਤੈਸੀ ਤੀਸਰੀ ਤਿਲੋਤਮਾ ਲੀਲਾਵਤੀ ਨ ਊਸਰੀ॥[2174]

**ਲੂਣ ਮਿਆਣੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਸਥਾਨ ਦਾ ਨਾਮ ਜਿਥੋਂ ਦਾ ਕੇਸਰੀ ਚੰਦ (ਦੇਖੋ) ਰਹਿਣ ਵਾਲਾ ਸੀ। ਪੰਜਾਬ ਵਿਚ ਇਸ ਨਾਮ ਦੇ ਸਥਾਨ ਦੀ ਅਜ-ਕਲ ਪੁਸ਼ਟੀ ਨਹੀਂ ਹੁੰਦੀ। ਰਾਮੇ ਝਿੰਗੜ ਦੇ ਤਾਏ ਕੇਸਰੀ ਚੰਦ ਦਾ ਨਗਰ। ਲੂਣ ਮਿਆਣੀ ਤਿਸ ਕਾ ਧਾਮ॥[2175]

**ਲੋਹਾਰਗਾਲਾ (ਲੋਹਾਗਰ)-** ਹਿਮਾਲਿਆ ਵਿਚ ਸਥਿਤ ਇਕ ਪਵਿਤਰ ਸਥਾਨ। ਸ਼ਾਇਦ ਇਹ ਲੋਹਾਘਾਟ ਵੀ ਹੋਵੇ। ਵਿਸ਼ਨੂੰ ਦਾ ਇਹ ਸਥਾਨ ਚੰਪਾਵਤੀ ਤੋਂ ਤਿੰਨ ਮੀਲ ਉਤਰ ਵਲ ਲੋਹਾ ਨਦੀ ਉਪਰ ਸਥਿਤ ਹੈ।[2176] ਲੋਹਾਗਰ ਕਾ ਮੇਲਾ ਭਰਯੋ॥[2177]

**ਲੋਦੀ ਦੌਲਤਿਖਾਨ-** ਇਬਰਾਹੀਮ ਲੋਦੀ ਦਿੱਲੀਪਤਿ ਦਾ ਥਾਪਿਆ ਹੋਇਆ ਪੰਜਾਬ ਦਾ ਗਵਰਨਰ, ਜੋ ਵਿਸ਼ੇਸ਼ ਕਰਕੇ ਸੁਲਤਾਨਪੁਰ ਰਿਹਾ ਕਰਦਾ ਸੀ, ਕਿਉਂਕਿ ਇਹ ਇਲਾਕਾ ਦੌਲਤਖਾਨ ਨੂੰ ਜਾਗੀਰ ਮਿਲਿਆ ਹੋਇਆ ਸੀ। ਇਸੇ ਦਾ ਮੋਦੀਖਾਨਾ ਗੁਰੂ ਨਾਨਕ ਦੇਵ ਜੀ ਨੇ ਕੀਤਾ ਸੀ। ਬਾਬਰ ਨੂੰ ਇਸ ਨੇ ਗੁਪਤ ਭੇਟ ਅਤੇ ਸਹਾਇਤਾ ਦਾ ਭਰੋਸਾ ਦੇ ਕੇ ਹਿੰਦੁਸਤਾਨ ਪੁਰ ਚੜ੍ਹਨ ਲਈ ਪ੍ਰੇਰਿਆਸੀ, ਪਰ ਅੰਤ ਨੂੰ ਇਸ ਦੀ ਬਾਬਰ ਨਾਲ ਅਣਬਣ ਹੋ ਗਈ ਸੀ, ਦੌਲਤਖਾਨ ਦਾ ਦੇਹਾਂਤ ਸਨ 1526 ਵਿਚ ਹੋਇਆ। ਇਸ ਦੇ ਪੁਤ੍ਰ ਗ਼ਾਜ਼ੀਖਾਂ ਅਤੇ ਦਿਲਾਵਰਖਾਨ ਬਾਬਰ ਦੇ ਕ੍ਰਿਪਾਪਾਤ੍ਰ ਰਹੇ ਹਨ।[2178] ਲੋਦੀ ਦੌਲਤਿਖਾਨ ਮਹਾਨੰ॥[2179]

**ਲੋਪਾ ਮੁੰਦ੍ਰਾ-** ਇਕ ਲੜਕੀ ਜਿਸ ਦੀ ਸਿਰਜਨਾ ਅਗਸਤ ਰਿਸ਼ੀ ਨੇ ਵਿਕੋਲਿਤਰੇ ਜਾਨਵਰਾਂ ਦੇ ਕੋਮਲ ਅੰਗਾਂ ਨੂੰ ਲੈ ਕੇ ਕੀਤੀ ਸੀ ਅਤ ਇਸ ਨੂੰ ਚੁਪ ਚਾਪ ਵਿਦਰਭ ਦੇ ਰਾਜ-ਮਹਿਲ ਵਿਚ ਭੇਜ ਦਿਤਾ ਸੀ, ਜਿਥੇ ਇਸ ਨੂੰ ਰਾਜੇ ਦੀ ਲੜਕੀ ਹੀ ਮੰਨ ਲਿਆ ਗਿਆ। ਅਗਸਤ ਰਿਸ਼ੀ ਨੇ ਇਹ ਲੜਕੀ ਇਸ ਕਰਕੇ ਸਿਰਜੀ ਸੀ

---

2174 ਉਹੀ, ਪਤਰਾ 848.

2175 ਉਹੀ, ਪਤਰਾ 155.

2176 Nundo Lal Dey, *The Geographical Dictionary of Ancient and Medieval India,* Oriental Books, New Delhi, Forth edition, 1984, Page 115.

2177 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1723.

2178 ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 654.

2179 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 368.

ਤਾਂਕਿ ਉਹ ਆਪਣੀ ਮਨ ਪਸੰਦ ਪਤਨੀ ਪ੍ਰਾਪਤ ਕਰ ਸਕੇ। ਜਦੋਂ ਇਹ ਵਿਆਹੁਣ ਯੋਗ ਹੋਈ ਤਾਂ ਅਗਸਤ ਰਿਸ਼ੀ ਨੇ ਇਸ ਨਾਲ ਵਿਆਹ ਕਰਨ ਦੀ ਮੰਗ ਕੀਤੀ। ਰਾਜੇ ਨੇ ਹਾਂ ਕਹਿਣ ਵਿਚ ਜੱਕੋ-ਤੱਕੀ ਕੀਤੀ, ਪਰ ਆਖਰ ਉਹ ਮੰਨ ਗਿਆ। ਇਸ ਤਰ੍ਹਾਂ ਇਹ ਅਗਸਤ ਦੀ ਪਤਨੀ ਬਣ ਗਈ।[2180] ਲੋਪਾ ਮੁੰਦ੍ਰਾ ਕੋ ਕਹਯੋ ਮੁਨਿ ਵਰਿ ਬਾਹਰਿ ਆਇ॥[2181]

**ਵੰਸ ਵਰਧਿ-** ਇਕ ਟਾਪੂ (ਦੇਖੋ) ਦਾ ਨਾਮ। ਵੰਸ ਵਰਧਿ ਸਪਤਮਿ ਪੁਨਿ ਹਯੈ॥[2182]

**ਵਸੂਧਾਰਾ-** ਇਕ ਸਥਾਨ ਜਿਥੇ ਅਲਕਨੰਦਾ ਆਪਣੇ ਸ੍ਰੋਤ ਪ੍ਰਾਪਤ ਕਰਦੀ ਹੈ, ਇਹ ਬਦਰੀਨਾਥ ਤੋਂ ਉਤਰ ਵੱਲ ਚਾਰ ਮੀਲ ਨੇੜੇ ਮਨਾਲ ਨਗਰ ਵਿਚ ਹੈ।[2183] ਰਾਜਗਿਰੀ ਫਲਗੂ ਮਹਾਨ ਪੁਨਿ ਅਲਖਨਿੰਦਰਾ ਪੁਨਿ ਔਰ ਉਰਿ ਆਨੀਐ॥[2184]

**ਵਹੁਰੀ ਜੰਡਾ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਹਰਿਦੁਆਰ ਵਿਚ ਗੁਰੂ ਨਾਨਕ ਦੇਵ ਜੀ ਦਾ ਬਣਿਆ ਇਕ ਸਿਖ। ਵਹੁਰੀ ਜੰਡਾ ਜਾਨ ਮੇਦਰੂ ਦਿਆਲ ਜੀ॥[2185]

**ਵਖਤਾਵਰਿ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਆਹ ਮੌਕੇ ਸੁਲਤਾਨਪੁਰ ਤੋਂ ਨਾਲ ਜਾਣ ਵਾਲੇ ਇਕ ਵਿਅਕਤੀ ਦਾ ਨਾਮ। ਜਗਤਿਰਾਇ ਵਖਤਾਵਰਿ ਅਵਰਿ ਸੁ ਜਾਨਿਯੈ॥[2186]

**ਵਟਾਲਾ/ਬਟਾਲਾ-** ਜਿਲ੍ਹਾ ਗੁਰਦਾਸਪੁਰ ਵਿਚ ਇਕ ਨਗਰ, ਜਿਸ ਦੀ ਨੀਂਹ ਬਹਿਲੋਲ ਲੋਧੀ ਦੇ ਰਾਜ ਸਮੇਂ 1465 ਈ. ਵਿਚ ਇਕ ਭੱਟੀ ਰਾਜਪੂਤ ਰਾਇ ਰਾਮ ਦੇਉ ਨੇ ਰਖੀ। ਰਾਇ ਰਾਮ ਦੇਉ ਨੂੰ ਇਹ ਇਲਾਕਾ ਲਾਹੌਰ ਦੇ ਸੂਬੇ ਤਤਾਰ ਨੇ ਬਖਸ਼ਿਆ ਸੀ। ਇਸ ਸ਼ਹਿਰ ਨੂੰ ਵਸਾਣ ਲਈ ਜਿਹੜੀ ਥਾਂ ਪਹਿਲਾਂ ਚੁਣੀ ਗਈ ਸੀ ਉਹ ਅਸ਼ੁਭ ਹੋਣ ਕਰਕੇ ਛਡ ਦਿਤੀ ਗਈ ਅਤੇ ਜੋਤਸ਼ੀਆਂ ਦੇ ਕਹਿਣ ਉਤੇ ਪੁਰਾਣੀ ਭੋਇੰ ਦਾ ਨਵੀਂ ਭੋਇੰ

---

[2180] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 493.

[2181] ਸੰਤਰੇਣ, *ਗੁਰੂ ਨਾਨਕ ਵਿਜੈ ਗ੍ਰੰਥ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 846.

[2182] ਉਹੀ, ਪਤਰਾ 1317.

[2183] Nundo Lal Dey, *The Geographical Dictionary Of Ancient And Mediaeval India,* Oriental Books, New Delhi, Second Edition, 1984, Page 165.

[2184] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 58.

[2185] ਉਹੀ, ਪਤਰਾ 1629.

[2186] ਉਹੀ, ਪਤਰਾ 595.

ਨਾਲ ਤਬਾਦਲਾ ਕਰ ਲਿਆ ਗਿਆ। ਇਸ ਤੋਂ ਇਸ ਨਗਰ ਦਾ ਨਾਂ ਬਟਾਲਾ ਪਿਆ।[2187] ਸਹਰਿ ਵਟਾਲੇ ਕਾ ਸੋ ਬਾਸੀ॥[2188]

**ਵਤਨੀਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ, ਇਸ ਤਰ੍ਹਾਂ ਦੇ ਧਰਤੀ ਉਪਰ ਅਠ ਪਰਬਤ ਹਨ। ਹਿਮ ਵੰਤ ਹੇਮ ਵੰਤ ਗੁਨਿ ਸੀਲ॥ ਨਿਖਧਮੇਰ ਭਗਨਾ ਵਤਨੀਲ॥28॥[2189]

**ਵਲੀ ਰਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ ਉਪਰੰਤ ਦਰਸ਼ਨ ਕਰਨ ਆਇਆ ਇਕ ਵਿਅਕਤੀ। ਵਲੀ ਰਾਮ ਸਿਉ ਨਾਭ ਨਰੇਸ॥[2190]

**ਵਾਸਵ-** ਇੰਦ੍ਰ (ਦੇਖੋ) ਦਾ ਇਕ ਨਾਮ। ਤਿਨ ਜਾਇ ਕਹਯੋ ਤਬ ਵਾਸਵ ਕੋ ਸੁਨਿ ਬੀਰ ਬਲੀ ਚੜਿ ਰਾਕਸ ਆਏ॥[2191]

**ਵਾਗਹੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਅਸਟ ਮਾਤ੍ਰ ਕਾ (ਦੇਖੋ) ਵਿਚੋਂ ਇਕ ਦੇਵੀ ਦਾ ਨਾਮ। ਵਾਗਹੀ ਭਯੀ ਪਾਂਚ ਖਸਟਿ ਚਮੁੰਡਯ ਉਦਾਰੀ॥[2192]

**ਵਾਮਦੇਵ-** ਇਕ ਵੈਦਿਕ ਰਿਖੀ, ਜਿਸ ਦਾ ਜਨਮ ਮਾਤਾ ਦੀ ਵੱਖੀ ਪਾੜਕੇ ਹੋਣਾ ਲਿਖਿਆ ਹੈ, ਕਿਉਂਕਿ ਉਹ ਯੋਨਿ ਦੇ ਰਸਤੇ ਦੁਨੀਆਂ ਵਿਚ ਆਉਣਾ ਪਸੰਦ ਨਹੀਂ ਕਰਦਾ ਸੀ।[2193] ਵਾਮਦੇਵ ਤਬ ਬੋਲਿਯੋ ਅੰਮ੍ਰਿਤ ਬਚਨਿ ਰਸਾਲ॥[2194]

**ਵਿਸ਼ਨੂੰ (ਬਿਸ਼ਨੂੰ/ਬਿਸਨੋ)-** ਹਿੰਦੂ ਮਨੌਤ ਅਨੁਸਾਰ ਬ੍ਰਹਮਾ, ਵਿਸ਼ਨੂੰ, ਸ਼ਿਵ ਤਿੰਨ ਦੇਵਤੇ ਪ੍ਰਧਾਨ ਹਨ। ਬ੍ਰਹਮਾ ਸ੍ਰਿਸ਼ਟੀ ਪੈਦਾ ਕਰਦਾ ਹੈ ਤੇ ਸ਼ਿਵ ਇਸ ਦਾ ਸੰਘਾਰ ਕਰਦਾ ਹੈ। ਵਿਸ਼ਨੂੰ ਉਹ ਦੇਵਤਾ ਹੈ ਜੋ ਸਭ ਦੀ

---

[2187] ਵਣਜਾਰਾ ਬੇਦੀ, ਸੋਹਿੰਦਰ ਸਿੰਘ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਜਿਲਦ ਸਤਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2016, ਪੰਨਾ 1755.

[2188] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 149.

[2189] ਉਹੀ, ਪਤਰਾ 1008.

[2190] ਉਹੀ, ਪਤਰਾ 159.

[2191] ਉਹੀ, ਪਤਰਾ 1460.

[2192] ਉਹੀ, ਪਤਰਾ 1233.

[2193] ਨਾਭਾ, ਕਾਨ੍ਹ ਸਿੰਘ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006, ਪੰਨਾ 855.

[2194] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 54.

ਪਾਲਣਾ ਕਰਦਾ ਹੈ। ਇਸੇ ਕਰਕੇ ਇਸ ਦੀ ਪੂਜਾ ਮਾਨਤਾ ਵਧੇਰੇ ਹੈ। ਖਿਆਲ ਹੈ, ਇਹ ਸ਼ੇਸ਼ਨਾਗ ਦੀ ਸੇਜਾ ਉਤੇ ਬਿਰਾਜਮਾਨ ਹੈ ਜਿਥੇ ਲਛਮੀ ਇਸ ਦੇ ਚਰਨ ਘੁੱਟ ਰਹੀ ਹੈ। ਇਸ ਦੀ ਧੁੰਨੀ ਵਿਚੋਂ ਫੁਟੇ ਕੰਵਲ ਤੋਂ ਹੀ ਬ੍ਰਹਮਾ ਨੇ ਜਨਮ ਲਿਆ ਤੇ ਮਹਾਂਭਾਰਤ ਅਨੁਸਾਰ ਸ਼ਿਵ ਵੀ ਇਸ ਦੇ ਮਸਤਕ ਵਿਚੋਂ ਪ੍ਰਗਟ ਹੋਇਆ ਸੀ। ਵਿਸ਼ਨੂੰ ਦੀਆਂ ਚਾਰ ਭੁਜਾਂ ਹਨ ਜਿਨ੍ਹਾਂ ਵਿਚ ਇਸ ਨੇ ਸੰਖ ਚੱਕ੍ਰ, ਗਦਾ ਤੇ ਪਦਮ ਧਾਰਣ ਕੀਤਾ ਹੋਇਆ ਹੈ। ਇਹ ਗਰੁੜ ਦੀ ਸਵਾਰੀ ਕਰਦਾ ਹੈ ਤੇ ਇਸ ਦਾ ਨਿਵਾਸ ਸਥਾਨ ਬੈਕੁੰਠ ਕਹਾਉਂਦਾ ਹੈ। ਜਿਸ-ਜਿਸ ਸਮੇਂ ਧਰਤੀ ਉਤੇ ਜੀਵਾਂ ਨੂੰ ਕੋਈ ਕਸ਼ਟ ਹੁੰਦਾ ਹੈ ਤਾਂ ਇਹ ਕਸ਼ਟ ਨਿਵਾਰਣ ਲਈ ਆਪ ਅਵਤਾਰ ਧਾਰਨ ਕਰਦਾ ਹੈ। ਮੱਛ, ਕੱਛ, ਬਰਾਹ, ਨਰ-ਸਿੰਘ, ਪਰਸੁਰਾਮ, ਰਾਮ, ਕ੍ਰਿਸ਼ਨ ਆਦਿ ਚੌਵੀ ਅਵਤਾਰ ਇਸ ਨੇ ਧਾਰਨ ਕੀਤੇ। ਸੋ ਵਿਸ਼ਨੂੰ ਦਾ ਇਹ ਮਿਥਿਹਾਸਕ ਜਾਂ ਇਤਿਹਾਸਕ ਸਰੂਪ ਸ਼ਰਧਾਲੂਆਂ ਲਈ ਵਧੇਰੇ ਉਪਯੋਗਤਾ ਤੇ ਖਿਚ ਦਾ ਕਾਰਣ ਹੈ, ਇਸੇ ਕਰਕੇ ਭਾਰਤ ਵਿਚ ਇਸ ਦੀ ਪੂਜਾ ਜ਼ਿਆਦਾ ਹੋਈ ਹੈ।[2195] ਬੰਦੌਂ ਸਕਲ ਬਿਸਨੋ ਅਵਤਾਰਾ॥[2196]

**ਵਿਸਨੂੰ ਧਾਮ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਅਲੌਕਿਕ ਸਥਾਨ ਜਿਥੇ ਵਿਸ਼ਨੂੰ (ਦੇਖੋ) ਦਾ ਵਾਸ ਹੈ। ਵਿਸਨੁ ਲੋਕੰ ਵਿਸਨੂ ਧਾਮ॥[2197]

**ਵਿਸੇਸ੍ਵਰ-** ਸਾਰਿਆਂ ਦਾ ਈਸ਼ਵਰ। ਸ਼ਿਵ (ਦੇਖੋ) ਦਾ ਇਕ ਨਾਮ। ਸ਼ਿਵ ਦਾ ਪ੍ਰਸਿਧ ਲਿੰਗ ਜਾਂ ਉਸ ਦਾ ਪ੍ਰਤੀਕ, ਜੋ ਬਨਾਰਸ ਵਿਚ ਹੈ।[2198] ਸੁ ਵਿਸੇਸ੍ਵਰ ਨਾਮ ਅਹੇ ਇਸ ਕਾ ਇਸ ਕਾ ਪਰਭਾਵ ਸੁ ਆਹਿ ਅਪਾਰੇ॥[2199]

**ਵਿਸ੍ਵ ਪਾਲਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਚੰਦ ਭਾਲਨੀ॥ ਵਿਸ੍ਵ ਪਾਲਨੀ॥[2200]

---

[2195] ਪਦਮ, ਪਿਆਰਾ ਸਿੰਘ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 265.

[2196] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 4.

[2197] ਉਹੀ, ਪਤਰਾ 68.

[2198] ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ, 2013, ਪੰਨਾ 526.

[2199] ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1223.

[2200] ਉਹੀ, ਪਤਰਾ 1054.

**ਵਿਸ੍ਰ ਮੋਹਨੀ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਦੁਰਗਾ ਧਾਮ (ਦੇਖੋ) ਵਿਚ ਇਕ ਦਾਸੀ ਦਾ ਨਾਮ। ਵਿਸ੍ਰ ਮੋਹਨੀ॥ ਪਰਮ ਸੋਹਨੀ॥ ਅਗਮ ਪੰਥਨੀ॥ ਬੋਧ ਗ੍ਰੰਥਨੀ॥84॥[2201]

**ਵਿਕੁਖੀ (ਵਿਕੁਕਸ਼ੀ)-** ਇਕ ਸੂਰਜਵੰਸ਼ੀ ਰਾਜਾ, ਜਿਹੜਾ ਇਕਸ਼ਵਾਕੂ ਦਾ ਪੁਤਰ ਸੀ। ਇਸ ਦਾ ਨਾਂ ਸ਼ਸ਼ਾਦ ਅਰਥਾਤ 'ਖਰਗੋਸ਼ ਖਾਣ ਵਾਲਾ' ਵੀ ਸੀ। ਇਸ ਦਾ ਇਹ ਨਾਂ ਰਖੇ ਜਾਣ ਦਾ ਕਾਰਨ ਇਹ ਸੀ ਕਿ ਇਕ ਦਿਨ ਇਸ ਦੇ ਪਿਤਾ ਨੇ ਯਗ ਲਈ ਮਾਸ ਦੀ ਜ਼ਰੂਰਤ ਨੂੰ ਸਮਝਦਿਆਂ ਇਸ ਨੂੰ ਸ਼ਿਕਾਰ ਕਰਨ ਲਈ ਭੇਜਿਆ। ਸ਼ਿਕਾਰ ਕਰਨ ਪਿਛੋਂ ਚੂੰਕਿ ਇਹ ਭੁਖਾ ਤੇ ਥਕਿਆ ਹੋਇਆ ਸੀ, ਇਸ ਲਈ ਇਸ ਨੇ ਖਰਗੋਸ਼ ਖਾ ਲਿਆ। ਰਿਸ਼ੀ ਵਸਿਸ਼ਠ ਜਿਹੜਾ ਕਿ ਪੁਰੋਹਿਤ ਸੀ, ਉਸ ਨੇ ਕਿਹਾ ਕਿ ਇਸ ਤਰ੍ਹਾਂ ਕਰਨ ਨਾਲ ਸਾਰਾ ਮਾਸ ਜੂਠਾ ਹੋ ਗਿਆ ਹੈ ਤੇ ਜੋ ਬਾਕੀ ਬਚਿਆ ਹੈ ਉਹ ਵੀ ਜੂਠਣ ਹੀ ਹੈ।[2202] ਇਖਵਾਕ ਕਾ ਪੁਤਰ ਪੁਨਿ ਭਯੋ ਵਿਕੁਖੀ ਜਾਨ॥[2203]

**ਵਿੱਠਲ (ਬੀਠਲ)-** ਭਗਤ ਬਾਣੀ ਵਿਚ ਕਈ ਭਗਤਾਂ ਨੇ ਇਸ ਪਦ ਨੂੰ ਆਪਣੇ ਇਸ਼ਟ ਦੇਵ ਤੇ ਅਕਾਲ ਪੁਰਖ ਲਈ ਵਰਤਿਆ ਹੈ।[2204] ਇਕ ਇੱਠਲ ਵਿੱਠਲ ਨਾਮ ਕਹੈ ਜਿਸਨੂ ਵਿਸਨੂ ਕਹਿ ਅੰਤ ਨ ਆਈ॥12॥[2205]

**ਵਿੱਧਜਾਦ੍ਰੀ-** ਇਕ ਪਰਬਤ (ਦੇਖੋ) ਦਾ ਨਾਮ। ਵਿੱਧਜਾਦ੍ਰੀ ਪੁਨਿ ਨਾਮ ਕਹਾਯੋ॥[2206]

**ਵਿਮਲ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਯੇਲੀ (ਦੇਖੋ) ਦੇ ਪੁਤਰ ਦਾ ਨਾਮ। ਤੀਸਰ ਵਿਮਲ ਨਾਮ ਸੋ ਕਹਯੈ॥[2207]

---

2201 ਉਹੀ.

2202 ਜੌਨ ਡੌਸਨ, *ਹਿੰਦੂ ਮਿਥਿਹਾਸ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥੀ ਵਾਰ 2013, ਪੰਨਾ 527.

2203 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 1077.

2204 ਮਾਸਟਰ ਮਹਿਤਾਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਇਤਿਹਾਸਕ ਨਾਵਾਂ ਤੇ ਥਾਂਵਾਂ ਦਾ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸਤਵੀਂ ਵਾਰ, 2010, ਪੰਨਾ 141.

2205 ਸੰਤਰੇਣ, *ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ, ਪਤਰਾ 113.

2206 ਉਹੀ, ਪਤਰਾ 1426.

2207 ਉਹੀ, ਪਤਰਾ 1554.

**ਵਿਰੰਦ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਹ ਸ਼ਿਵ ਦਾ ਇਕ ਗਣ ਸੀ ਅਤੇ ਇਸ ਨੂੰ ਚਿਮਨ ਰਿਸ਼ੀ ਨੇ ਸਰਾਪ ਦੇ ਦਿਤਾ ਸੀ। ਜਿਸ ਕਾਰਨ ਇਹ ਮਛ ਬਣ ਗਿਆ ਤੇ ਗੁਰੂ ਨਾਨਕ ਦੇਵ ਜੀ ਨੇ ਇਸ ਦਾ ਉਦਾਰ ਕੀਤਾ। ਸਿਵ ਕਾ ਗਣਿ ਹੋ ਰਿਖ ਸ੍ਰਾਪ ਦਯੋ ਮਮ ਨਾਮ ਵਿਰੰਦ ਸਭੈ ਜਗ ਜਾਂਨੈ॥[2208]

**ਵਿਰੇਸਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਜਾ ਮਿਤਰਾਜਿਤ (ਦੇਖੋ) ਦੇ ਪੁਤਰ ਵੀਰ (ਦੇਖੋ) ਦਾ ਇਕ ਨਾਮ। ਵੀਰ ਨਾਮ ਗਉਰੀ ਜੋ ਭਾਖਾ॥ ਇਸ ਤੇ ਨਾਮ ਵਿਰੇਸਰ ਰਾਖਾ॥ 70॥[2209]

**ਵੀਰ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਰਾਜਾ ਮਿਤਰਾਜਿਤ (ਦੇਖੋ) ਦੇ ਪੁਤਰ ਦਾ ਨਾਮ, ਜਿਸਦੇ ਨਾਮ ਉਪਰ ਵਿਸ਼ੇਸ਼੍ਵਰ ਤੀਰਥ ਦਾ ਨਾਮ ਪਿਆ। ਗਉਰੀ ਵੀਰ ਨਾਮ ਤਾਹਿ ਰਾਖਿਉ॥[2210]

**ਵੈਰਾਹ-** ਗੁਰੂ ਨਾਨਕ ਵਿਜੈ ਗ੍ਰੰਥ ਅਨੁਸਾਰ ਇਕ ਪਰਬਤ (ਦੇਖੋ) ਦਾ ਨਾਮ, ਧਰਤੀ ਉਪਰ ਪ੍ਰਮੁਖ ਅਠ ਪਰਬਤ ਹਨ, ਇਨ੍ਹਾਂ ਅਠਾਂ ਉਪਰ ਦਸ ਹੋਰ ਪਰਬਤ ਹਨ, ਉਨ੍ਹਾਂ ਦਸਾਂ ਵਿਚੋਂ ਇਕ ਦਾ ਨਾਮ। ਪਾਰਜਾਤ ਵੈਰਾਹ ਪ੍ਰਧਾਨ॥ ਮਰਕਟਮਯਾ ਬੈਕੁੰਠੇ ਜਾਨ॥30॥[2211]

**ਵੈਰਾਹ ਜਾਂ ਵਰਾਹਿ (ਅਵਤਾਰ)-** ਵਿਸ਼ਨੂੰ (ਦੇਖੋ) ਦੇ ਇਕ ਅਵਤਾਰ (ਦੇਖੋ) ਦਾ ਨਾਮ। ਇਕ ਮੱਛ ਕਹੈਂ ਇਕ ਕੱਛ ਕਹੈਂ ਇਕ ਬਾਵਨ ਔਰ ਵਰਾਹਿ ਉਚਾਰੀ॥[2212]

---

[2208] ਉਹੀ, ਪਤਰਾ 1311.

[2209] ਉਹੀ, ਪਤਰਾ 1234.

[2210] ਉਹੀ, ਪਤਰਾ 1233.

[2211] ਉਹੀ, ਪਤਰਾ 1008.

[2212] ਉਹੀ, ਪਤਰਾ 113.

## ਸਾਰ

ਸਾਰੀ ਵਿਚਾਰ ਚਰਚਾ ਦੇ ਸਾਰੰਸ਼ ਵਜੋਂ ਅਸੀਂ ਕਹਾਂਗੇ ਕਿ ਸਾਡੇ ਖੋਜ-ਕਾਰਜ ਤੋਂ ਪਹਿਲਾਂ ਕਵੀ ਨਾਲ ਜਾਂ ਉਸ ਦੀਆਂ ਰਚਨਾਵਾਂ ਨਾਲ ਸੰਬੰਧਤ ਬਹੁਤ ਥੋੜੇ ਖੋਜ-ਕਾਰਜ ਹੋਏ ਹਨ, ਜਿਨ੍ਹਾਂ ਵਿਚ ਡਾ. ਸਚਿਦਾਨੰਦ ਸ਼ਰਮਾ ਦਾ ਖੋਜ-ਕਾਰਜ ਪ੍ਰਮੁਖ ਹੈ। ਇਹ ਕਾਰਜ ਪੁਰਾਣਾ ਅਤੇ ਵਧੀਆ ਹੈ ਪਰੰਤੂ ਇਹ ਕਵੀ ਦੇ ਜੀਵਨ ਅਤੇ ਰਚਨਾਵਾਂ ਦੀ ਸੰਖਿਪਤ ਚਰਚਾ ਤਕ ਹੀ ਸੀਮਤ ਹੈ। ਇਸ ਤੋਂ ਇਲਾਵਾ ਕਵੀ ਦੁਆਰਾ ਰਚਿਤ ਗ੍ਰੰਥ ਉਦਾਸੀ ਬੋਧ ਉਪਰ ਵੀ ਕਾਰਜ ਸਾਡੇ ਸਾਹਮਣੇ ਆਏ ਹਨ, ਪਰ ਇਹ ਵਖਰਾ ਗ੍ਰੰਥ ਹੋਣ ਕਰਕੇ ਸਾਡੇ ਖੇਤਰ ਤੋਂ ਬਾਹਰ ਹੈ। ਇਸ ਲਈ ਸਾਡਾ ਇਹ ਕਾਰਜ ਪਿਛਲੇਰੇ ਕਾਰਜਾਂ ਤੋਂ ਨਿਵੇਕਲਾ ਹੋਣ ਨਾਲ ਇਸ ਲੜੀ ਨੂੰ ਅਗਾਂਹ ਤੋਰਦਾ ਹੈ। ਇਹ ਖੋਜ-ਕਾਰਜ ਹਥ-ਲਿਖਤ ਗ੍ਰੰਥਾਂ ਬਾਰੇ, ਕੁਝ ਨਵਾਂ ਸੋਚਣ ਵਾਲੇ ਵਿਦਵਾਨਾਂ ਅਤੇ ਖੋਜਾਰਥੀਆਂ ਦਾ ਧਿਆਨ ਆਕਰਸ਼ਿਤ ਕਰੇਗਾ। ਉਪੋਰਕਤ ਸਾਰੀ ਚਰਚਾ ਤੋਂ ਕਿਹਾ ਜਾ ਸਕਦਾ ਹੈ ਕਿ ਕਵੀ ਸੰਤਰੇਣ ਦੁਆਰਾ ਰਚਿਤ ਗੁਰੂ ਨਾਨਕ ਵਿਜੈ ਗ੍ਰੰਥ ਭੂਦਨ ਡੇਰੇ ਵਿਚ ਸੁਰਖਿਅਤ ਪਿਆ ਹੈ। ਇਸ ਗ੍ਰੰਥ ਦੇ ਰਚਨਾ-ਕਾਲ ਨਾਲ ਸੰਬੰਧਿਤ ਸੰਤਰੇਣ ਨੇ ਕਿਧਰੇ ਵੀ ਜ਼ਿਕਰ ਨਹੀਂ ਕੀਤਾ, ਪਰ ਕਵੀ ਦੇ ਜੀਵਨ ਕਾਲ ਦੇ ਸਮੇਂ ਤੋਂ ਇਸ ਦਾ ਅੰਦਾਜਾ 1781-1801 ਈ. ਲਗਾਇਆ ਜਾ ਸਕਦਾ ਹੈ। ਇਹ ਵਡ-ਅਕਾਰੀ ਗ੍ਰੰਥ ਦੇ 1860 ਪਤਰੇ ਹਨ ਅਤੇ ਇਹ 20 ਖੰਡਾਂ ਵਿਚ ਵੰਡਿਆ ਹੋਇਆ ਹੈ- 1. ਮੰਗਲ ਖੰਡ 2. ਬ੍ਰਹਮ ਖੰਡ 3. ਨਾਨਕ ਬਿਲਾਸ ਖੰਡ 4. ਧਰਮ ਉਦਯੋਗ ਖੰਡ 5. ਬਿਬਾਹ ਖੰਡ 6. ਉਦਾਸੀ ਖੰਡ 7. ਪ੍ਰਤਾਪ ਖੰਡ 8. ਖਡੂਰੀ ਖੰਡ 9. ਮਦੀਨਾ ਮਕੇਸਰ ਖੰਡ 10. ਸੁਮੇਰ ਖੰਡ 11. ਰਾਮੇਸਰ ਖੰਡ 12. ਗਿਆਨ ਖੰਡ 13. ਨਾਨਕ ਮਤਾ ਖੰਡ 14. ਪਲਖਦੀਪ ਖੰਡ 15. ਸਿੰਗਲਾਦੀਪ ਖੰਡ 16. ਮੁਲਤਾਨ ਖੰਡ 17. ਬਰਨ ਖੰਡ 18. ਤਿਲਗੰਜੀਦੇਵ ਖੰਡ 19. ਕਸ਼ਮੀਰ ਖੰਡ 20. ਕਰਤਾਰਪੁਰ ਖੰਡ।

ਕਵੀ ਸੰਤਰੇਣ ਜਿਥੇ ਕਾਵਿ-ਸ਼ਾਸਤਰ ਦਾ ਗੂੜ੍ਹ ਗਿਆਤਾ ਹੈ ਉਸ ਦੇ ਨਾਲ ਇਤਿਹਾਸਕਾਰ ਵੀ ਹੈ। ਚਰਚਿਤ ਕ੍ਰਿਤੀ ਲਈ ਕਵੀ ਨੇ ਜਿਨ੍ਹਾਂ ਗ੍ਰੰਥਾਂ ਨੂੰ ਆਧਾਰ ਬਣਾਇਆ ਹੈ, ਉਨ੍ਹਾਂ ਦੀਆਂ ਕੜੀਆਂ ਭਾਰਤ ਦੇ ਇਤਿਹਾਸ ਨਾਲ ਜੁੜੀਆਂ ਹੋਈਆਂ ਹਨ। ਕਵੀ ਨੇ ਆਪਣੇ ਸਮੇਂ ਵਿਚ ਉਪਲਬਧ ਇਤਿਹਾਸਿਕ/ਪੌਰਾਣਿਕ ਸ੍ਰੋਤਾਂ ਦਾ ਉਪਯੋਗ ਕੀਤਾ ਹੈ, ਜਿਨ੍ਹਾਂ ਦਾ ਖੇਤ੍ਰ, ਵੇਦ, ਪੁਰਾਣ, ਰਾਮਾਇਣ, ਮਹਾਂਭਾਰਤ ਆਦਿ ਆਰੀਆ ਗ੍ਰੰਥਾਂ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ, ਸ੍ਰੀ ਦਸਮ ਗ੍ਰੰਥ ਅਤੇ ਹੋਰ ਸਿਖ ਸਾਹਿਤ ਨਾਲ ਜੁੜ ਜਾਂਦਾ ਹੈ।

ਅਸੀਂ ਸਭ ਤੋਂ ਪਹਿਲਾਂ ਸੰਤਰੇਣ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖਿਪਤ ਚਰਚਾ ਕੀਤੀ ਹੈ। ਜੇਕਰ ਸਮੁਚੇ ਰੂਪ ਵਿਚ ਦੇਖਿਆ ਜਾਵੇ ਤਾਂ ਕਵੀ ਸੰਤਰੇਣ ਦੇ ਜੀਵਨ ਕਾਲ ਦੌਰਾਨ ਪਰਸਥਿਤੀਆਂ ਵਿਚ ਕਾਫੀ ਉਤਰਾਅ ਚੜਾਅ ਆਏ, ਇਹੋ ਜਿਹੇ ਨਾਜ਼ੁਕ ਹਾਲਾਤ ਵੀ ਆਏ ਕਿ ਸਾਹਿਤ ਦੀ ਸਿਰਜਨਾ ਕਰਨਾ ਕਾਫੀ ਜਟਿਲ ਕਾਰਜ ਸੀ, ਪਰ ਸੰਤਰੇਣ ਨੇ ਆਪਣੇ ਦ੍ਰਿੜ ਇਰਾਦੇ ਨਾਲ ਆਪਣੀਆਂ ਰਚਨਾਵਾਂ ਨੂੰ ਬਹੁਤ ਹੀ ਖੂਬਸੂਰਤੀ ਨਾਲ ਨੇਪਰੇ ਚਾੜਿਆ ਹੈ। ਕਵੀ ਦੀਆਂ ਰਚਨਾਵਾਂ ਨਾਲ ਸੰਬੰਧਿਤ ਸਰਵੇਖਣ ਵਿਚ ਅਸੀਂ ਦੇਖਿਆ ਕਿ ਕੁਝ ਕੁ ਹੀ ਪੁਸਤਕਾਂ ਕਵੀ ਦੀਆਂ ਰਚਨਾਵਾਂ ਨਾਲ ਸੰਬੰਧਿਤ ਹਨ, ਜਿਨ੍ਹਾਂ ਵਿਚ ਮਾਤਰ ਇਨ੍ਹਾਂ ਦੀ ਸੰਖਿਪਤ ਵਿਚਾਰ ਹੀ ਕੀਤੀ ਗਈ ਹੈ। ਕਵੀ ਉਦਾਸੀ ਸਾਧੂ ਸੀ, ਇਸ ਲਈ ਉਸ ਦੀ ਚੇਲਾ ਪਧਤੀ ਸ੍ਰੀ ਚੰਦ ਤੋਂ ਸ਼ੁਰੂ ਹੁੰਦੀ ਹੈ। ਵਖ–ਵਖ ਪੁਸਤਕਾਂ ਵਿਚ ਇਸ ਚੇਲਾ ਪਧਤੀ ਬਾਰੇ ਵਖਰੇਵਾਂ ਦੇਖਣ ਨੂੰ ਮਿਲਦਾ ਹੈ। ਸੋ ਖੋਜ-ਕਾਰਜ ਸਮੇਂ ਇਹ ਯਤਨ ਕੀਤਾ ਗਿਆ ਹੈ ਕਿ ਇਹ ਚੇਲਾ ਪਧਤੀ ਸਹੀ ਸਾਹਮਣੇ ਲਿਆਂਦੀ ਜਾਵੇ। ਇਸ ਸਾਰੇ ਖੋਜ-ਕਾਰਜ ਤੋਂ ਕਿਹਾ ਜਾ ਸਕਦਾ ਹੈ ਕਿ ਸੰਤਰੇਣ ਦੁਆਰਾ ਲਿਖੇ ਗਏ ਇਸ ਗ੍ਰੰਥ ਦਾ ਮਨੋਰਥ ਗੁਰੂ ਨਾਨਕ ਦੇਵ ਜੀ ਦੀ ਮਹਿਮਾ-ਮੰਡਿਤ ਕਰਨ ਲਈ ਜ਼ਿਆਦਾ ਹੈ, ਜਿਸ ਕਾਰਨ ਕਵੀ ਨੇ ਗੁਰੂ ਨਾਨਕ ਦੇਵ ਜੀ ਨੂੰ ਇਕ ਚਮਤਕਾਰੀ, ਅਵਤਾਰੀ, ਸਰਬ-ਸਮਰਥ ਦਸਿਆ ਹੈ। ਮਹਿਮਾ-ਮੰਡਿਤ ਕਰਨ ਲਈ ਹੀ ਗੁਰੂ ਨਾਨਕ ਦੇਵ ਜੀ ਦੇ ਸਾਥੀਆਂ, ਇਸਤਰੀਆਂ, ਪੁਰਸ਼ਾਂ, ਵਸਤਾਂ ਇਤਿਆਦਿਕ ਨੂੰ ਵੀ ਅਵਤਾਰ ਹੀ ਦਰਸਾਇਆ ਹੈ ਅਤੇ ਗੁਰੂ ਜੀ ਨੂੰ ਸਰਵੋਤਮ ਦਰਸਾਉਣ ਲਈ ਸਾਰੇ ਦੇਵੀ-ਦੇਵਤਿਆਂ ਨੂੰ ਨਮਸਕਾਰ ਕਰਦੇ ਦਸਿਆ ਹੈ। ਇਸ ਦਾ ਕਾਰਨ ਉਸ ਸਮੇਂ ਦੀ ਲਿਖਣ-ਸ਼ੈਲੀ ਅਤੇ ਅਧਾਰ ਸ੍ਰੋਤ ਹਨ। ਕਵੀ ਨੇ ਜਿਥੇ ਉਪਦੇਸ਼ਾਤਮਕ ਪ੍ਰਵਿਰਤੀ ਰਖੀ ਹੈ, ਉਸ ਦੇ ਨਾਲ ਗੁਰਮਤਿ ਦੇ ਸਿਧਾਤਾਂ ਦੀ ਪ੍ਰੋੜਤਾ ਕਰਨ ਦਾ ਵੀ ਯਤਨ ਕੀਤਾ ਹੈ।

ਭਾਵੇਂ ਕਿ ਵਿਦਵਾਨਾਂ ਨੇ ਇਸ ਗ੍ਰੰਥ ਦੀ ਸ਼ੈਲੀ ਅਤੇ ਅਵਤਾਰਵਾਦੀ ਧਾਰਨਾ ਕਰਕੇ ਇਸ ਦੀ ਇਤਿਹਾਸਕਤਾ ਮਧਮ ਪੈਂਦੀ ਦਸੀ ਹੈ, ਪਰ ਕਵੀ ਦਾ ਮਨੋਰਥ ਗੁਰੂ ਜੀ ਨੂੰ ਸਰਵੋਤਮ ਦਰਸਾਉਣਾ ਸੀ, ਜਿਸ ਕਰਕੇ ਹੀ ਉਸ ਦੀ ਸ਼ੈਲੀ ਅਵਤਾਰਵਾਦੀ ਹੈ। ਸਾਰੀ ਚਰਚਾ ਤੋਂ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਗੁਰੂ ਨਾਨਕ ਦੇਵ ਜੀ ਦਾ ਇਤਿਹਾਸ ਜਨਮਸਾਖੀ ਸਾਹਿਤ ਦੀ ਸ਼ੈਲੀ ਵਾਂਗ ਹੀ ਲਿਖਣ ਦਾ ਯਤਨ ਕੀਤਾ ਹੈ। ਪਰ ਕਵੀ ਦੇ ਦਿਤੇ ਬਿਰਤਾਂਤ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਚਰਚਿਤ ਕ੍ਰਿਤੀ ਵਿਚ ਅੰਕਿਤ ਸਥਾਨਾਂ ਉਪਰ ਉਹ ਆਪ ਗਿਆ ਹੋਵਗਾ। ਜਿਸ ਕਰਕੇ ਹੀ ਵਿਸਥਾਰ ਨਾਲ ਉਸ ਨੇ ਉਥੋਂ ਦਾ ਸਫਲ ਚਿਤਰਣ

ਕੀਤਾ ਹੈ। ਜਿਥੇ ਇਸ ਗ੍ਰੰਥ ਵਿਚ ਅਨੇਕਾਂ ਹੀ ਮਿਥਿਹਾਸਕ/ਕਾਲਪਨਿਕ ਪ੍ਰਸੰਗ ਅੰਕਿਤ ਕੀਤੇ ਗਏ ਹਨ। ਚਰਚਿਤ ਕ੍ਰਿਤੀ ਦਾ ਅਸੀਂ ਵਖ-ਵਖ ਦ੍ਰਿਸ਼ਟੀਕੋਣਾਂ- ਦਾਰਸ਼ਨਿਕ, ਇਤਿਹਾਸਕ ਅਤੇ ਮਿਥਿਹਾਸਕ ਤੋਂ ਅਧਿਐਨ ਕੀਤਾ ਹੈ।

ਜੇਕਰ ਸਮੁਚੇ ਰੂਪ ਵਿਚ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਕਵੀ ਨੇ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਨੂੰ ਹੀ ਦਰਸਾਇਆ ਹੈ। ਪਰਮਾਤਮਾ ਹੀ ਸ੍ਰਿਸ਼ਟੀ ਦਾ ਸਿਰਜਕ ਹੈ ਅਤੇ ਪਾਲਕ ਹੈ। ਸ੍ਰਿਸ਼ਟੀ ਵਿਚ ਘਟਿਤ ਸਾਰੀਆਂ ਹੀ ਘਟਨਾਵਾਂ ਪਰਮਾਤਮਾ ਦੇ ਅਧੀਨ ਹੀ ਹੋ ਰਹੀਆਂ ਹਨ।

ਕਵੀ ਦੁਆਰਾ ਕੁਝ ਕੁ ਨਵੇਂ ਇਤਿਹਾਸਕ ਤਥ ਵੀ ਪ੍ਰਤੀਪਾਦਿਤ ਕੀਤੇ ਗਏ ਹਨ। ਕਿਤੇ-ਕਿਤੇ ਇੰਝ ਭਾਸਦਾ ਹੈ ਕਿ ਕਵੀ ਨੇ ਇੰਨ-ਬਿੰਨ ਹੀ ਅਧਾਰ ਸ੍ਰੋਤ ਤੋਂ ਪ੍ਰਸੰਗਾਂ ਦੀ ਤਰਤੀਬ ਦਿਤੀ ਹੈ ਅਤੇ ਕਿਤੇ-ਕਿਤੇ ਲੋੜ ਅਨੁਸਾਰ ਉਨ੍ਹਾਂ ਵਿਚ ਬਦਲਾਅ ਵੀ ਕੀਤੇ ਹਨ। ਇਸ ਤਰ੍ਹਾਂ ਕਵੀ ਦੁਆਰਾ ਨਵੇਂ ਪ੍ਰਸੰਗ ਜੋ ਕਿ ਹੋਰ ਸਮਕਾਲੀ ਸ੍ਰੋਤਾਂ ਵਿਚ ਦਰਜ ਨਹੀਂ ਹਨ, ਨੂੰ ਅੰਕਿਤ ਕਰਕੇ ਗੁਰੂ ਜੀ ਦੀ ਸਖਸ਼ੀਅਤ ਨੂੰ ਹੋਰ ਚੰਗੀ ਤਰ੍ਹਾਂ ਸਪਸ਼ਟ ਰੂਪ ਵਿਚ ਵਿਅਕਤ ਕਰਨ ਦਾ ਸਫਲ ਯਤਨ ਹੈ। ਭਾਵੇਂ ਕਵੀ ਦੀ ਲਿਖਣ ਸ਼ੈਲੀ ਆਧੁਨਿਕ ਇਤਿਹਾਸ ਵਾਂਗ ਤਥਾਂ ਉਪਰ ਅਧਾਰਿਤ ਨਹੀਂ, ਇਸ ਵਿਚ ਅਨੇਕਾਂ ਹੀ ਮਿਥਿਹਾਸਕ ਪ੍ਰਸੰਗ ਅੰਕਿਤ ਕੀਤੇ ਹਨ, ਪਰ ਫਿਰ ਵੀ ਇਸ ਵਿਚ ਪ੍ਰਤੀਪਾਦਿਤ ਇਤਿਹਾਸਕ ਤਥਾਂ ਦੀ ਹੋਂਦ ਇਸ ਦੀ ਮਹਤਾ ਨੂੰ ਵਧਾਉਂਦੀ ਹੈ ਅਤੇ ਮਹਤਵਪੂਰਨ ਇਤਿਹਾਸਿਕ ਸ੍ਰੋਤਾਂ ਦੀ ਕਤਾਰ ਵਿਚ ਮੋਹਰੀ ਸਥਾਨ ਉਪਰ ਖੜ੍ਹਾ ਵੀ ਕਰਦੀ ਹੈ।

ਇਤਿਹਾਸਕ ਦ੍ਰਿਸ਼ਟੀਕੋਣ ਤੋਂ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਨਵੀਆਂ ਘਟਨਾਵਾਂ ਜੋ ਕਿਸੇ ਹੋਰ ਸ੍ਰੋਤਾਂ ਵਿਚ ਦਰਜ ਨਹੀਂ ਸਨ, ਨੂੰ ਅੰਕਿਤ ਕਰਕੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਨੂੰ ਲਿਖਤੀ ਰੂਪ ਦੇਣ ਦਾ ਯਤਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀਆਂ ਗਈਆਂ ਉਦਾਸੀਆਂ ਦੀ ਤਰਤੀਬ ਨੂੰ ਦੂਜੇ ਇਤਿਹਾਸਕ ਸ੍ਰੋਤਾਂ ਨਾਲ ਤੁਲਨਾ ਕਰਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਕਵੀ ਨੇ ਦੂਜੇ ਇਤਿਹਾਸਕ ਸ੍ਰੋਤਾਂ ਤੋਂ ਗੁਰੂ ਜੀ ਦੀਆਂ ਉਦਾਸੀਆਂ ਦਾ ਕੁਝ ਕੁ ਵਖਰੇਵਾਂ ਦਿਤਾ ਹੈ, ਜਿਸ ਨਾਲ ਕੁਝ ਨਵੀਆਂ ਸੰਭਾਵਨਾਵਾਂ ਉਪਜਦੀਆਂ ਹਨ। ਇਸ ਦੇ ਇਤਿਹਾਸਿਕ ਵਿਸ਼ਲੇਸ਼ਣ ਤੋਂ ਅਸੀਂ ਕਹਿ ਸਕਦੇ ਹਾਂ ਕਿ ਇਸ ਗ੍ਰੰਥ ਵਿਚ ਮਿਥਿਹਾਸ ਮਾਤਰ ਗੁਰੂ ਨਾਨਕ ਦੇਵ ਜੀ ਦੀ ਸਖਸ਼ੀਅਤ ਨੂੰ ਮਹਿਮਾ-ਮੰਡਿਤ ਕਰਨ ਹਿਤ ਅੰਕਿਤ ਕੀਤਾ ਹੈ। ਜਿਸ ਨਾਲ ਇਸ ਵਿਚ ਪ੍ਰਤੀਪਾਦਿਤ ਇਤਿਹਾਸਿਕ ਤਥਾਂ ਨੂੰ ਅਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਲਈ ਅਸੀਂ ਕਹਿ

ਸਕਦੇ ਹਾਂ ਕਿ ਇਸ ਗ੍ਰੰਥ ਦੀ ਮਹਤਾ ਵੀ ਬਾਕੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਇਤਿਹਾਸਕ ਸ੍ਰੋਤਾਂ ਜਿਤਨੀ ਹੀ ਹੈ।

ਮਿਥਿਹਾਸਕ ਦ੍ਰਿਸ਼ਟੀਕੋਣ ਤੋਂ ਜੇਕਰ ਗੱਲ ਕੀਤੀ ਜਾਵੇ ਤਾਂ ਅਸੀਂ ਦੇਖਦੇ ਹਾਂ ਕਿ ਇਸ ਗ੍ਰੰਥ ਵਿਚ ਮਿਥਿਹਾਸਕ ਹਵਾਲਿਆਂ ਦੀ ਭਰਮਾਰ ਹੈ। ਪਰ ਇਸ ਦਾ ਕਾਰਨ ਗੁਰੂ ਨਾਨਕ ਦੇਵ ਜੀ ਨੂੰ ਸਰਵੁਚ ਦਰਸਾਉਣਾ ਹੀ ਜਾਪਦਾ ਹੈ। ਇਸ ਗ੍ਰੰਥ ਵਿਚ ਅਨੇਕਾਂ ਹੀ ਮਿਥਿਹਾਸਕ ਸ਼ਖਸੀਅਤਾਂ, ਸਥਾਨਾਂ, ਕਥਾਵਾਂ, ਮਨੌਤਾਂ ਅੰਕਿਤ ਕੀਤੀਆਂ ਗਈਆਂ ਹਨ, ਜਿਸ ਤੋਂ ਕਿਤੇ-ਕਿਤੇ ਇੰਝ ਭਾਸਦਾ ਹੈ ਕਿ ਕਵੀ ਆਪਣੇ ਵਿਸ਼ੇ ਤੋਂ ਭਟਕ ਗਿਆ ਹੈ, ਪਰ ਕਵੀ ਨੇ ਉਸ ਦਾ ਸੰਬੰਧ ਚਲੰਤ ਪ੍ਰਸੰਗ ਨਾਲ ਜੋੜ ਕੇ ਉਸ ਦੀ ਰੰਚਕਤਾ ਬਣਾਈ ਰਖੀ ਹੈ। ਕਵੀ ਨੇ ਕਾਲਪਨਿਕ ਪ੍ਰਸੰਗਾਂ ਰਾਹੀਂ ਚਲਦੇ ਪ੍ਰਸੰਗ ਦਾ ਚਿਤਰਣ ਕਰਨ ਦਾ ਵੀ ਯਤਨ ਕੀਤਾ ਹੈ, ਜਿਸ ਵਿਚ ਕਵੀ ਨੇ ਕਈ ਵਾਰ ਇਤਨੀ ਜ਼ਿਆਦਾ ਕਲਪਨਾ ਕਰ ਲਈ ਜਾਪਦੀ ਹੈ, ਲਗਦਾ ਹੈ ਕਿ ਉਹ ਕਿਸੇ ਦੁਨਿਆਵੀ ਰਾਜੇ ਜਾਂ ਬਾਦਸ਼ਾਹ ਦਾ ਪ੍ਰਸੰਗ ਲਿਖ ਰਿਹਾ ਹੋਵੇ। ਪਰ ਇਨ੍ਹਾਂ ਦ੍ਰਿਸ਼ਟੀਕੋਣਾਂ - ਦਾਰਸ਼ਨਿਕ, ਮਿਥਿਹਾਸਕ ਅਤੇ ਇਤਿਹਾਸਕ ਦਾ ਅਧਿਐਨ ਕਰਨ ਤੋਂ ਬਾਅਦ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਸਾਰੇ ਹੀ ਦ੍ਰਿਸ਼ਟੀਕੋਣ ਗੁਰਮਤਿ ਦੀ ਕਸਵਟੀ ਉਤੇ ਜ਼ਿਆਦਾਤਰ ਖਰੇ ਉਤਰਦੇ ਹੋਣ ਕਰਕੇ, ਸੰਭਾਵਨਾ ਪ੍ਰਗਟ ਹੁੰਦੀ ਹੈ ਕਿ ਇਹ ਗ੍ਰੰਥ ਗੁਰਮਤਿ ਦੇ ਅਨੁਕੂਲ ਹੈ। ਸੰਤਰੇਣ ਇਕ ਉਦਾਸੀ ਸਾਧੂ ਸਨ, ਇਸ ਲਈ ਉਨ੍ਹਾਂ ਦੀ ਇਸ ਕ੍ਰਿਤੀ ਤੋਂ ਉਦਾਸੀਆਂ ਦੀ ਗੁਰੂ ਨਾਨਕ ਦੇਵ ਜੀ ਪ੍ਰਤੀ ਸਾਕਾਰਾਤਮਕ ਪਹੁੰਚ ਸਾਡੇ ਸਾਹਮਣੇ ਆਈ ਹੈ।

ਚਰਚਿਤ ਕ੍ਰਿਤੀ ਵਿਚ ਅਨੇਕਾਂ ਹੀ ਇਤਿਹਾਸਕ/ਮਿਥਿਹਾਸਕ ਨਾਵਾਂ ਅਤੇ ਥਾਵਾਂ ਦਾ ਜ਼ਿਕਰ ਹੋਇਆ ਹੈ। ਸੋ ਖੋਜ-ਕਾਰਜ ਵਿਚ ਇਨ੍ਹਾਂ ਦੀ ਸੂਚੀ ਬਣਾਈ ਗਈ ਹੈ, ਜਿਸ ਵਿਚ ਅਸੀਂ ਦੇਖਦੇ ਹਾਂ ਕਿ ਬਹੁਤ ਸਾਰੇ ਅਜਿਹੇ ਨਾਂ ਅਤੇ ਥਾਂ ਇਸ ਗ੍ਰੰਥ ਵਿਚ ਦਰਜ ਹਨ, ਜੋ ਪਹਿਲਾਂ ਕਿਸੇ ਹੋਰ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਸ੍ਰੋਤਾਂ ਵਿਚ ਨਹੀਂ ਸਨ, ਜਿਵੇਂ ਗੁਰੂ ਜੀ ਦਾ ਵੇਈਂ ਨਦੀ ਵਿਚੋਂ ਬਾਹਰ ਆ ਕੇ ਕਿਸ ਕਾਜ਼ੀ ਨਾਲ ਚਰਚਾ ਹੋਈ, ਇਸ ਦਾ ਜ਼ਿਕਰ ਕਿਸੇ ਵੀ ਸ੍ਰੋਤ ਵਿਚ ਨਹੀਂ ਕੀਤਾ ਗਿਆ, ਪਰ ਕਵੀ ਨੇ ਇਸ ਦਾ ਨਾਮ ਦਸਿਆ ਹੈ।

ਸਾਡੇ ਕੋਲ ਹਥ-ਲਿਖਤ ਗ੍ਰੰਥਾਂ ਦੀ ਵਿਸ਼ਾਲ ਪਰੰਪਰਾ ਹੈ। ਜਿਨ੍ਹਾਂ ਦੇ ਅਧਿਐਨ ਨਾਲ ਹੋਰ ਬਹੁਤ ਸਾਰੀਆਂ ਸੰਭਾਵਨਾਵਾਂ ਪੈਦਾ ਹੋ ਸਕਦੀਆਂ ਹਨ। ਇਨ੍ਹਾਂ ਸਭ ਉਪਰ ਧਿਆਨ ਦੇ ਕੇ ਅਸੀਂ ਆਪਣੇ ਖੋਜ ਕਾਰਜਾਂ ਨੂੰ ਹੋਰ ਬਿਹਤਰ ਬਣਾ ਕੇ ਸਾਡੇ ਸਨਮੁਖ ਆਉਂਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਸਕਦੇ ਹਾਂ।

# ਪੁਸਤਕ ਸੂਚੀ


**ਅਸ਼ੋਕ, ਸ਼ਮਸ਼ੇਰ ਸਿੰਘ** :*ਅਠਾਰ੍ਹਵੀਂ ਸਦੀ ਦਾ ਪੰਜਾਬ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1996.

**ਅਣਦ, ਚੌਧਰੀ ਬੂਟਾ ਮੱਲ** : *ਮਾਝਾਂ ਸੰਤਰੈਣਕੀਆਂ,* ਗੁਲਸ਼ਨ ਪੰਜਾਬ ਪਰੈਸ, ਰਾਵਲਪਿੰਡੀ, 1910.

**ਔਲਖ ਅਜੀਤ ਸਿੰਘ** :*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਕ੍ਰਿਤ ਕਵਿ ਚੂੜਾਮਣੀ ਭਾਈ ਸੰਤੋਖ ਸਿੰਘ ਜਿਲਦ ਪਹਿਲੀ (ਸਟੀਕ)*, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2003.

**ਸਹਿਗਲ, ਉਜਗਰ ਸਿੰਘ** :*ਗੋਰਖਨਾਥ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.

**ਸੰਤਰੇਣ** :*ਉਦਾਸੀ ਬੋਧ*, ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ.

:*ਗੁਰੂ ਨਾਨਕ ਵਿਜੈ,* ਹਥ ਲਿਖਤ ਖਰੜ੍ਹਾ, ਸੰਤਰੇਣਾਸ਼੍ਰਮ, ਭੂਦਨ.

:*ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ,* ਸੰਤਰੇਣਾਸ਼੍ਰਮ, ਭੂਦਨ, 2012.

**ਸਾਹਿਬ ਸਿੰਘ (ਪ੍ਰੋ. )** :*ਸਿਧ ਗੋਸਟਿ ਸਟੀਕ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਦਰਵੀਂ ਵਾਰ, 2006.

**ਸ਼ਾਨ, ਹਰਨਾਮ ਸਿੰਘ** :*ਪੁਰਾਣਾ ਮਾਖਿਉਂ,* ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਦੂਜੀ ਵਾਰ, 1961.

**ਸੁਖਦਿਆਲ ਸਿੰਘ (ਡਾ.)** :*ਸ਼ਿਰੋਮਣੀ ਸਿੱਖ ਇਤਿਹਾਸ(1708-1799) ਜਿਲਦ ਦੂਜੀ,* ਸੰਗਮ ਪਬਲੀਕੇਸ਼ਨਜ਼, ਸਮਾਣਾ, 2010.

**ਸੁਖਮਿੰਦਰ ਸਿੰਘ (ਸੰਪਾ.)** *:ਪੰਜਾਬ ਦੇ ਪਿੰਡ ਸ਼ਹਿਰ ਅਤੇ ਕਸਬੇ,* ਇੰਡੀਅਨ ਸਟੈਟਿਸਟੀਕਲ ਲਾਇਬ੍ਰੇਰੀ, ਲੁਧਿਆਣਾ, ਨੌਵੀਂ ਵਾਰ, 2011.

***ਸ੍ਰੀ ਗੁਰੂ ਗ੍ਰੰਥ ਸਾਹਿਬ***

**ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਮੂਦ ਅਹਮਦ** *:ਹਜ਼ਰਤ ਮੁਹੰਮਦ ਦਾ ਪਵਿਤੱਰ ਜੀਵਨ,* ਨਜ਼ਾਰਤ ਨਸ਼ਰੋ ਇਸ਼ਾਅਤ ਸਦਰ ਅੰਜੁਮਨ ਅਹਮਦੀਆ ਕਾਦੀਆਂ, ਗੁਰਦਾਸਪੁਰ, 2013,

**ਹਿਸਟੋਰੀਅਨ, ਕਰਮ ਸਿੰਘ** :*ਕੱਤਕ ਕਿ ਵਿਸਾਖ,* ਲਾਹੌਰ ਬੁਕ ਸ਼ਾਪ, ਲੁਧਿਆਣਾ, 2008.

**ਕਿਰਪਾਲ ਸਿੰਘ** :*ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਲਿਖਤ ਸ੍ਰੀ ਮਿਹਰਬਾਨ ਜੀ ਸੋਢੀ,* ਖਾਲਸਾ ਕਾਲਜ, ਅੰਮ੍ਰਿਤਸਰ, 1962.

*:ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

*:ਸ੍ਰੀ ਗੁਰ ਨਾਨਕ ਪ੍ਰਕਾਸ਼ ਉਤਰਾਰਧ (ਭਾਗ ਪਹਿਲਾ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011.

*:ਸ੍ਰੀ ਗੁਰ ਨਾਨਕ ਪ੍ਰਕਾਸ਼ ਇਤਿਹਾਸਕ ਪਰਿਪੇਖ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2006.

*:ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ (ਭਾਗ ਦੂਜਾ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010.

**ਕੁਲਵੰਤ ਸਿੰਘ (ਡਾ.)** :*ਮੱਕੇ ਮਦੀਨੇ ਦੀ ਗੋਸ਼ਟਿ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੀਜੀ ਵਾਰ, 2013.

**ਖਾਨਪੁਰੀ, ਜਗਜੀਤ ਸਿੰਘ** *:ਪ੍ਰਾਣ ਸੰਗਲੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ , 1999.

**ਗੰਡਾ ਸਿੰਘ** *:ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ,* ਪੰਜਾਬੀ ਸਾਹਿਤ ਐਕਾਡਮੀ, ਲੁਧਿਆਣਾ, 1957.

**ਗਿਆਨੀ, ਗਿਆਨ ਸਿੰਘ** :*ਤਵਾਰੀਖ਼ ਗੁਰੂ ਖ਼ਾਲਸਾ ਭਾਗ ਪਹਿਲਾ,* ਭਾਸ਼ਾ ਵਿਭਾਗ ਪੰਜਾਬ, ਪੰਜਵੀ ਵਾਰ, 2011.

**ਗੁਰਬਚਨ ਕੌਰ (ਡਾ.)** :*ਜਨਮ-ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਨ ਤੇ ਆਲੋਚਨਾਤਮਕ ਸੰਪਾਦਨ,* ਭਾਸ਼ਾ ਵਿਭਾਗ, 1987.

**ਗੁਰਮੀਤ ਸਿੰਘ** *:ਨਿਰਮਲ ਸੰਪ੍ਰਦਾਇ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2009.

**ਗੁਰਮੁਖ ਸਿੰਘ (ਡਾ.)** *:ਗੁਰੂ ਨਾਨਕ ਬੰਸ ਪ੍ਰਕਾਸ਼ ਕ੍ਰਿਤ ਸੁਖਬਾਸੀ ਰਾਮ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

**ਚਾਕਰ, ਅਮਰ ਸਿੰਘ** :*ਵਾਰਾਂ ਭਾਈ ਗੁਰਦਾਸ ਜੀ* , ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011.

**ਤੇਜਾ ਸਿੰਘ, (ਪ੍ਰਿੰ).** *:ਸਿੱਖ ਧਰਮ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2015.

**ਦਰਸ਼ਨ ਸਿੰਘ (ਡਾ.)** *:ਧਰਮ ਅਧਿਐਨ ਅਤੇ ਸਿੱਖ ਅਧਿਐਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.

**ਧਾਲੀਵਾਲ, ਤੇਜਿੰਦਰ ਕੌਰ** *:ਯਹੂਦੀ ਅਤੇ ਇਸਾਈ ਧਰਮ,* ਗ੍ਰੇਸ਼ਿਅਸ ਬੁਕਸ, ਪਟਿਆਲਾ, 2008.

**ਧੀਰ, ਕੁਲਦੀਪ ਸਿੰਘ (ਡਾ.)** :*ਸ੍ਰੀ ਗੁਰੂ ਗ੍ਰੰਥ ਸਾਹਿਬ ਵਿਗਿਆਨਕ ਅੰਤਰ-ਦ੍ਰਿਸ਼ਟੀਆਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015.

**ਨੰਦਾ, ਬਲਵੀਰ ਸਿੰਘ** :*ਪੁਰਾਤਨ ਸਿੱਖ ਸੰਪ੍ਰਦਾਇ,* ਜਸਲੀਨ ਪ੍ਰਕਾਸ਼ਨ, ਚੰਡੀਗੜ੍ਹ, 1984.

**ਨਾਭਾ, ਕਾਨ੍ਹ ਸਿੰਘ** :*ਗੁਰਮਤ ਮਾਰਤੰਡ ਭਾਗ ਪਹਿਲਾ ਅਤੇ ਦੂਜਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2013.

**ਨਾਰਾ, ਈਸ਼ਰ ਸਿੰਘ** :*ਇਤਿਹਾਸ ਬਾਬਾ ਸ੍ਰੀ ਚੰਦ ਜੀ ਅਤੇ ਉਦਾਸੀਨ ਸੰਪ੍ਰਦਾਇ,* ਦੇਹਲੀ ਗੇਟ, ਦੇਹਲੀ, ਮਿਤੀ ਹੀਨ.

**ਪੰਡਿਤ ਬ੍ਰਹਮਦਾਸ ਜੀ ਉਦਾਸੀਨ** :*ਗੁਰੂ ਉਦਾਸੀਨ ਮੱਤ ਦਰਪਨ,* ਸ੍ਰੀ ਅਮਰਦਾਸ ਜੀ ਉਦਾਸੀਨ ਸੰਪਾਦਿਕ ਧਰਮਬੀਰ, ਸਖਰ (ਸਿੰਧੁ), 1923.

**ਪਦਮ, ਪਿਆਰਾ ਸਿੰਘ** :*ਸਿਖ ਸੰਪ੍ਰਦਾਵਲੀ,* ਕਲਗੀਧਰ ਕਲਮ ਫਾਉਂਡੇਸ਼ਨ, ਪਟਿਆਲਾ, 2000.

:*ਕਲਮ ਦੇ ਧਨੀ ਭਾਗ ਪਹਿਲਾ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966.

:*ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ ਕ੍ਰਿਤ ਭਾਈ ਕੇਸਰ ਸਿੰਘ ਛਿਬਰ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, ਦੂਜੀ ਵਾਰ, 2005.

:*ਮਹਾਂਕਵੀ ਸੰਤਰੇਣ,* ਕਲਗੀਧਰ ਕਲਮ ਫਾਉਂਡੇਸ਼ਨ, ਪਟਿਆਲਾ, 1959.

:*ਮਹਾਤਮਾ ਸੰਤਰੇਣ,* ਪੰਜਾਬੀ ਯੂਨੀਵਰਸਿਟੀ ਪਟਿਆਲਾ, 1978.

**ਪ੍ਰਦਯੁਮਨ ਸ਼ਾਹ ਸਿੰਘ (ਡਾ.)** :*ਜੈਨ ਧਰਮ,* ਗ੍ਰੇਸ਼ਿਅਸ ਬੁਕਸ, ਪਟਿਆਲਾ, 2016

**ਪ੍ਰੀਤਮ ਸਿੰਘ(ਸੰਪਾ.)** :*ਸਿੱਖ ਫ਼ਲਸਫ਼ੇ ਦੀ ਰੂਪ ਰੇਖਾ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਦੂਜੀ ਵਾਰ, 2001

**ਬੱਦਨ, ਬਲਦੇਵ ਸਿੰਘ** :*ਪੰਜਾਬ ਦੇ ਸੰਤ ਕਵੀ,* ਨੈਸ਼ਨਲ ਬੁਕ ਟਰਸਟ ਇੰਡੀਆ, ਨਵੀਂ ਦਿੱਲੀ, 2006.

**ਬਲਕਾਰ ਸਿੰਘ (ਡਾ.)** :*ਸਿੱਖ ਅਧਿਐਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998

**ਬਾਜਵਾ, ਕੁਲਵਿਦੰਰ ਸਿੰਘ (ਸੰਪਾ.)** :*ਮਹਿਮਾ ਪ੍ਰਕਾਸ਼ ਵਾਰਤਕ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

**ਬੇਦੀ, ਗਣੇਸ਼ ਸਿੰਘ** :*ਗੁਰੂ ਨਾਨਕ ਸੂਰਜੋਦੇ ਜਨਮਸਾਖੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990.

**ਭਗਤ ਸਿੰਘ (ਅਨੁ.)** :*ਸਿਖ ਇਤਿਹਾਸ (1469-1765) ਲੇਖਕ ਪ੍ਰਿੰਸੀਪਲ ਤੇਜਾ ਸਿੰਘ ਡਾ. ਗੰਡਾ ਸਿੰਘ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006.

**ਭਗਤ ਸਿੰਘ** :*ਮਹਾਰਾਜਾ ਰਣਜੀਤ ਸਿੰਘ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1983.

**ਭਾਈ ਵੀਰ ਸਿੰਘ** :*ਪੁਰਾਤਨ ਜਨਮ ਸਾਖੀ* , ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 20ਵੀਂ ਵਾਰ 2016.

:*ਸ੍ਰੀ ਗੁਰ ਪ੍ਰਤਾਪ ਸੂਰਯ ਗ੍ਰੰਥਾਵਲੀ-ਜਿਲਦ 3 ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਕ੍ਰਿਤ ਸ੍ਰੀ ਗੁਰੂ ਨਾਨਕ ਪ੍ਰਕਾਸ਼,* ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ, 1927.

**ਮਹੰਤ ਗਣੇਸ਼ਾ ਸਿੰਘ** :*ਭਾਰਤ ਮਤ ਦਰਪਣ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਦੂਜੀ ਵਾਰ, 1992.

**ਮਨਜੀਤ ਕੌਰ(ਸੰਪਾ.)** *:ਗ੍ਰੰਥ ਭਰਮ ਤੋੜ ਅਤੇ ਹੋਰ ਰਚਨਾਵਾਂ ਕ੍ਰਿਤ ਸੰਤ ਮੋਹਰਿ ਸਿੰਘ ਨਿਰਮਲੇ,* ਡਾ. ਹਰਭਜਨ ਸਿੰਘ, *ਗੁਰਮਤਿ ਅਦ੍ਵੈਤ,* ਨਿਰਮਲ ਆਸ਼ਰਮ, ਰਿਸ਼ੀਕੇਸ਼, 2015.

**ਰਣਧੀਰ ਸਿੰਘ** :*ਉਦਾਸੀ ਸਿਖਾਂ ਦੀ ਵਿਥਿਆ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1959.

**ਰਾਮਦਾਸ ਵੈਦ** :*ਸ੍ਰੀ ਸੰਤ ਰੇਣੁ ਗ੍ਰੰਥਾਵਲੀ,* ਸੰਤਰੇਣਾਸ੍ਰਮ, ਭੂਦਨ, 1953.

**ਰੂਪ ਸਿੰਘ (ਸੰਪਾ.)** *:ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2015

*:ਪ੍ਰਮੁਖ ਸਿੱਖ ਸ਼ਖ਼ਸੀਅਤਾਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਜਵੀਂ ਵਾਰ 2010.

**ਵਜ਼ੀਰ ਸਿੰਘ** *:ਧਰਮ ਦਾ ਦਾਰਸ਼ਨਿਕ ਪੱਖ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1999.

**ਵੀਰਪਾਲ ਕੌਰ(ਸੰਪਾ.)** *:ਗਣੇਸ਼ ਸਿੰਘ ਬੇਦੀ ਕ੍ਰਿਤ ਬ੍ਰਹਮ ਬੋਧ ਗ੍ਰੰਥ,* ਰਿਗੀ ਪਬਲੀਕੇਸ਼ਨ, ਖੰਨਾ, 2016.

**गोयल, जय भगवान** : *गुरमुखी लिपि में हिन्दी-साहित्य,* हिन्दी साहित्य संसार, दिल्ली, 1970.

**पांगारकर, लक्ष्मण रामचंद्र** :*श्रीज्ञानेश्वरमहाराज-चरित्र आणि ग्रंथविवेचन,* पूने, आवृत्ति दूसरी, 1963.

**मनमोहन सहगल** :पंजाब मैँ रचित हिन्दी साहित्य का इतिहास खंड 1, निर्मल पब्लिकेशन, दिल्ली.

**मैथिल, सच्चिदानंद शर्मा** :*उदासी सम्प्रदाय और कवि संत रेण,* साहित्य सदन देहरादून, 1967.

**रामलाल** :*भारत के संत महातमा,* गोरखपुर, 1957.

**शोभा पराषर** : *उदासी संप्रदाय का हिन्दी ईतिहास,* पीयूष प्रकाशन, दिल्ली,1997.

**संत रेण** :*गुरू नानक विजै भाग 1,* भा षा विभाग, पंजाब, पटियाला, 1978.

:*गुरू नानक विजै भाग 2,* भा षा विभाग, पंजाब, पटियाला, 2002.

:*गुरू नानक विजै भाग 3,* भा षा विभाग, पंजाब, पटियाला, 1979.

**सहगल, मनमोहन** :*पंजाब का हिन्दी साहिय्त,* लीना पल्बिशर्ज, पटियाला, तिथी हीन.

**साहब दास** :*लव कुश कथा,* भाषा विभाग, पंजाब, पटियाला, 1977.

**हरिभजन सिंह** : *गुरमुखी लिपि में हिन्दी-काव्य,* भारती साहित्य मंन्दिर, दिल्ली, 1963.

**Bajwa, Fauja Singh (Dr.)** :*Kuka Movement,* Vishav Namdhari Sangat, Sri Bhaini Sahib, Second Edition, 2017.

**Diwana , Mohan Singh** :*A History Of Punjabi Literature,* Khalsa College, Amritsar, edition second 1956.

**Gupta, Hari Ram** :*History of The Sikhs Vol. I,* Munshiram Manoharlal Publishers, New Delhi, 2008.

**H. R. Nevill** :*Meerut : A Gazetteer, vol IV,* Lucknow, 1922.

**Harbans Singh** :*Guru Nanak And Origins Of The Sikh Faith,* Asia Publishing House, Bombay, 1969

**Rachna Khare (Dr.)** :*Design For All*, Ms. Megha Bilgi, *Chaturshringi Temple,* CHCR, Bhopal, January 2019, vol-14 no-01.

**Sher Singh** :*Philosophy Of Sikhism,* SGPC, Sri Amritsar, Fifth Time, 2003.

**ਕੋਸ਼**

**ਸਰਨਾ, ਜਸਬੀਰ ਸਿੰਘ** :*ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਪਸ਼ੂ-ਪੰਛੀ ਤੇ ਬਨਸਪਤੀ ਸੰਕੇਤਾਂ ਦਾ ਕੋਸ਼,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2007.

:*ਗੁਰਦੁਆਰਾ ਕੋਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2016.

**ਹਰਭਜਨ ਕੌਰ** :*ਪੰਜਾਬੀ ਵਿਸ਼ਵ ਕੋਸ਼, ਜਿਲਦ 13ਵੀਂ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2011.

**ਗਿੱਲ, ਰਛਪਾਲ ਸਿੰਘ** :*ਪੰਜਾਬ ਕੋਸ਼ ਦੋ ਜਿਲਦਾਂ,* ਭਾਸ਼ਾ ਵਿਭਾਗ, ਪੰਜਾਬ, 2004.

**ਗੁਰਮੇਲ ਸਿੰਘ** :*ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਕ ਅਤੇ ਮਿਥਿਹਾਸਕ ਸੰਕੇਤਾਂ ਦਾ ਕੋਸ਼* , ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2004.

**ਜੱਗੀ, ਰਤਨ ਸਿੰਘ** :*ਸਿੱਖ ਪੰਥ ਵਿਸ਼ਵ ਕੋਸ਼ ਭਾਗ ਪਹਿਲਾ ਅਤੇ ਦੂਜਾ,* ਗੁਰ ਰਤਨ ਪਬਲਿਸ਼ਰਜ਼ ਪਟਿਆਲਾ, 2005.

:*ਗੁਰੂ ਗ੍ਰੰਥ ਵਿਸ਼ਵ ਕੋਸ਼ ਭਾਗ ਪਹਿਲਾ ਅਤੇ ਦੂਜਾ,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2002.

**ਜਾਨ ਡੌਸਨ** :*ਹਿੰਦੂ ਮਿਥਿਹਾਸ ਕੋਸ਼* , ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, 2013.

**ਦਲੀਪ ਸਿੰਘ (ਸੰਪਾ)** :*ਪੰਜਾਬੀ ਵਿਸ਼ਵ ਕੋਸ਼ ਜਿਲਦ ਤੀਜੀ* , ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989.

**ਨਾਭਾ ਕਾਨ੍ਹ ਸਿੰਘ** :*ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸੱਤਵੀਂ ਵਾਰ, 2006.

**ਪਦਮ, ਪਿਆਰਾ ਸਿੰਘ** *:ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ ਪਟਿਆਲਾ, 2009.

**ਭਾਈ ਵੀਰ ਸਿੰਘ (ਸੰਪਾ.)** *:ਗੁਰੂ ਗ੍ਰੰਥ ਸਾਹਿਬ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸੱਤਵੀਂ ਵਾਰ, 2003.

**ਮਾਸਟਰ, ਮਹਿਤਾਬ ਸਿੰਘ** *:ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਇਤਿਹਾਸਕ ਨਾਵਾਂ ਤੇ ਥਾਵਾਂ ਦਾ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸਤਵੀਂ ਵਾਰ, 2010.

**ਰਜਿੰਦਰ ਸਿੰਘ** *:ਪੰਜਾਬੀ ਵਿਸ਼ਵ ਕੋਸ਼ ਜਿਲਦ ਸਤਵੀਂ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1990.

**ਵਣਜਾਰਾ ਬੇਦੀ, ਸੁਹਿੰਦਰ ਸਿੰਘ** :*ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼ ਜਿਲਦ ਪਹਿਲੀ ਅਤੇ ਦੂਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2016.

:*ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਜਿਲਦ ਤੀਜੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ 2016.

*:ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਜਿਲਦ ਚੌਥੀ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਦੂਜੀ ਵਾਰ, 2004.

*:ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼ ਜਿਲਦ ਪੰਜਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਤੀਜੀ ਵਾਰ, 2017.

*:ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਭਾਗ ਛੇਵਾਂ,* ਨੈਸ਼ਨਲ ਬੁਕ ਸ਼ਾਪ, ਦੂਜੀ ਵਾਰ, ਦਿੱਲੀ, 2010.

*:ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼ ਜਿਲਦ ਸਤਵੀਂ,* ਨੈਸ਼ਨਲ ਬੁਕ ਸ਼ਾਪ ਦਿੱਲੀ, ਦੂਜੀ ਵਾਰ, 2016.

:*ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਜਿਲਦ ਅਠਵੀਂ,* ਨੈਸ਼ਨਲ ਬੁਕ ਸ਼ਾਪ, ਦਿੱਲੀ, 2016.

**राजबली पांडेय (डा.)** :हिन्दू धर्म कोश, उत्तर प्रदेश हिन्दी संस्थान, दूसरी बार, 1988.

**James Hastings** :*Encyclopedia of Religion & Ethics, vol. 9,* Charles Scribner's Sons, New York, 1917.

**Michael Jordan** :*Dictionary of Gods And Goddesses,* Facts On File, Inc. New York, Second Edition, 2004.

**Nundo Lal Dey** :*The Geographical Dictionary Of Ancient And Mediaeval India,* Oriental Books, New Delhi, Second Edition, 1984.

*The Encyclopedia Americana, vol. 19,* J.B. Lyon Company, New York, 1919.

**Census**

*District Census Handbook Sangrur,* Series-04 Part XII-B, Directorate of Census Operations Punjab, 2011.

**ਪੱਤ੍ਰਿਕਾਵਾਂ**


ਅਸ਼ੋਕ, ਸਮਸ਼ੇਰ ਸਿੰਘ, *ਪੰਜਾਬੀ ਦੁਨੀਆ,* ਜਿਲਦ ਦੂਜੀ, ਅੰਕ 10, ਮਹਿਕਮਾ ਪੰਜਾਬੀ, ਪਟਿਆਲਾ, ਦਸੰਬਰ 1951.

ਡਾ. ਤਾਰਨ ਸਿੰਘ, *ਨਾਨਕ ਪ੍ਰਕਾਸ਼ ਪੱਤ੍ਰਿਕਾ,* ਡਾ. ਜਯ ਭਗਵਾਨ ਗੋਇਲ, *ਸ੍ਰੀ ਮਤ ਨਾਨਕ ਬਿਜੈ ਗ੍ਰੰਥ,* ਪੰਜਾਬੀ ਯੂਨੀਵਰਸਿਟੀ ਪਟਿਆਲਾ, ਜੂਨ-ਦਸੰਬਰ 1973.


ਡਾ. ਤਾਰਨ ਸਿੰਘ, *ਨਾਨਕ ਪ੍ਰਕਾਸ਼ ਪੱਤ੍ਰਿਕਾ,* ਪਿਆਰਾ ਸਿੰਘ ਪਦਮ, *ਬਾਬਾ ਸੰਤਰੇਣ ਤੇ ਸ੍ਰੀ ਮਤਿ ਨਾਨਕ ਬਿਜੈ ਗ੍ਰੰਥ,* ਪੰਜਾਬੀ ਯੂਨੀਵਰਸਿਟੀ ਪਟਿਆਲਾ, ਜੂਨ-ਦਸੰਬਰ 1974.

ਪੰਜਾਬ ਹਿਸਟਰੀ ਕਾਨਫਰੰਸ, ਪ੍ਰਸੀਡਿੰਗ, 48 ਸੈਸ਼ਨ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਮਾਰਚ 2016.

# ਅੰਤਿਕਾ




**ਕਵਿ ਸੰਤਰੇਣ ਦੀ ਫੋਟੋ (ਕਿਸੇ ਸ਼ਰਧਾਲੂ ਦੁਆਰਾ ਬਣਾਈ ਗਈ ਸੀ, ਇਹ ਅੱਜ ਵੀ ਭੂਦਨ ਡੇਰੇ ਵਿਚ ਸੁਰਖਿਅਤ ਪਈ ਹੈ।)**



**ਕਵਿ ਸੰਤਰੇਣ ਦੇ ਗੁਰੂ ਸਾਹਿਬ ਦਾਸ ਦੀ ਫੋਟੋ (ਕਿਸੇ ਸ਼ਰਧਾਲੂ ਦੁਆਰਾ ਬਣਾਈ ਗਈ ਸੀ, ਇਹ ਅੱਜ ਵੀ ਭੂਦਨ ਡੇਰੇ ਵਿਚ ਸੁਰਖਿਅਤ ਪਈ ਹੈ।)**




**ਪਿੰਡ ਭੂਦਨ ਵਿਚ ਕਵਿ ਸੰਤਰੇਣ ਦਾ ਡੇਰਾ**




ਗੁਰੂ ਨਾਨਕ ਵਿਜੈ ਗ੍ਰੰਥ ਦੇ ਹਥ ਲਿਖਤ ਦਾ ਆਰੰਭਕ ਪਤਰਾ



ਗੁਰੂ ਨਾਨਕ ਵਿਜੈ ਗ੍ਰੰਥ ਦੇ ਹਥ ਲਿਖਤ ਦਾ ਪਤਰਾ



ਗੁਰੂ ਨਾਨਕ ਵਿਜੈ ਗ੍ਰੰਥ ਦੇ ਹਥ ਲਿਖਤ ਦਾ ਪਤਰਾ



**ਗੁਰੂ ਨਾਨਕ ਵਿਜੈ ਗ੍ਰੰਥ ਦੇ ਹਥ ਲਿਖਤ ਦਾ ਅੰਤਮ ਪਤਰਾ**

# ਕਵੀ ਸੰਤਰੇਣ ਕ੍ਰਿਤ ਗੁਰੂ ਨਾਨਕ ਵਿਜੈ ਗ੍ਰੰਥ : ਇਕ ਅਧਿਐਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਸੋਸ਼ਲ-ਸਾਇੰਸਿਜ਼ ਫ਼ੈਕਲਟੀ ਅਧੀਨ ਧਰਮ ਅਧਿਐਨ ਵਿਭਾਗ ਵਿਚ

ਪੀਐਚ. ਡੀ. ਦੀ ਉਪਾਧੀ ਹਿਤ ਪ੍ਰਸਤੁਤ

ਖੋਜ-ਪ੍ਰਬੰਧ

*2019*


*ਨਿਗਰਾਨ*

19/4/19

**ਡਾ. ਬਲਵਿੰਦਰਜੀਤ ਕੌਰ ਭੱਟੀ**

ਪ੍ਰੋਫ਼ੈਸਰ ਅਤੇ ਮੁਖੀ

ਪੰਜਾਬ ਇਤਿਹਾਸ ਅਧਿਐਨ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ।

*ਖੋਜਾਰਥੀ*

Mallinder Singh

**ਮਲਕਿੰਦਰ ਸਿੰਘ**


**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,**

**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

Scanned by CamScanner

# ਸਾਰ

ਸਾਰੀ ਵਿਚਾਰ ਚਰਚਾ ਦੇ ਸਾਰੰਸ਼ ਵਜੋਂ ਅਸੀਂ ਕਹਾਂਗੇ ਕਿ ਸਾਡੇ ਖੋਜ-ਕਾਰਜ ਤੋਂ ਪਹਿਲਾਂ ਕਵੀ ਨਾਲ ਜਾਂ ਉਸ ਦੀਆਂ ਰਚਨਾਵਾਂ ਨਾਲ ਸੰਬੰਧਤ ਬਹੁਤ ਥੋੜੇ ਖੋਜ-ਕਾਰਜ ਹੋਏ ਹਨ, ਜਿਨ੍ਹਾਂ ਵਿਚ ਡਾ. ਸਚਿਦਾਨੰਦ ਸ਼ਰਮਾ ਦਾ ਖੋਜ-ਕਾਰਜ ਪ੍ਰਮੁਖ ਹੈ। ਇਹ ਕਾਰਜ ਪੁਰਾਣਾ ਅਤੇ ਵਧੀਆ ਹੈ ਪਰੰਤੂ ਇਹ ਕਵੀ ਦੇ ਜੀਵਨ ਅਤੇ ਰਚਨਾਵਾਂ ਦੀ ਸੰਖਿਪਤ ਚਰਚਾ ਤਕ ਹੀ ਸੀਮਤ ਹੈ। ਇਸ ਤੋਂ ਇਲਾਵਾ ਕਵੀ ਦੁਆਰਾ ਰਚਿਤ ਗ੍ਰੰਥ ਉਦਾਸੀ ਬੋਧ ਉਪਰ ਵੀ ਕਾਰਜ ਸਾਡੇ ਸਾਹਮਣੇ ਆਏ ਹਨ, ਪਰ ਇਹ ਵਖਰਾ ਗ੍ਰੰਥ ਹੋਣ ਕਰਕੇ ਸਾਡੇ ਖੇਤਰ ਤੋਂ ਬਾਹਰ ਹੈ। ਇਸ ਲਈ ਸਾਡਾ ਇਹ ਕਾਰਜ ਪਿਛਲੇਰੇ ਕਾਰਜਾਂ ਤੋਂ ਨਿਵੇਕਲਾ ਹੋਣ ਨਾਲ ਇਸ ਲੜੀ ਨੂੰ ਅਗਾਂਹ ਤੋਰਦਾ ਹੈ। ਇਹ ਖੋਜ-ਕਾਰਜ ਹਥ-ਲਿਖਤ ਗ੍ਰੰਥਾਂ ਬਾਰੇ, ਕੁਝ ਨਵਾਂ ਸੋਚਣ ਵਾਲੇ ਵਿਦਵਾਨਾਂ ਅਤੇ ਖੋਜਾਰਥੀਆਂ ਦਾ ਧਿਆਨ ਆਕਰਸ਼ਿਤ ਕਰੇਗਾ। ਉਪੋਰਕਤ ਸਾਰੀ ਚਰਚਾ ਤੋਂ ਕਿਹਾ ਜਾ ਸਕਦਾ ਹੈ ਕਿ ਕਵੀ ਸੰਤਰੇਣ ਦੁਆਰਾ ਰਚਿਤ ਗੁਰੂ ਨਾਨਕ ਵਿਜੈ ਗ੍ਰੰਥ ਭੂਦਨ ਡੇਰੇ ਵਿਚ ਸੁਰਖਿਅਤ ਪਿਆ ਹੈ। ਇਸ ਗ੍ਰੰਥ ਦੇ ਰਚਨਾ-ਕਾਲ ਨਾਲ ਸੰਬੰਧਿਤ ਸੰਤਰੇਣ ਨੇ ਕਿਧਰੇ ਵੀ ਜ਼ਿਕਰ ਨਹੀਂ ਕੀਤਾ, ਪਰ ਕਵੀ ਦੇ ਜੀਵਨ ਕਾਲ ਦੇ ਸਮੇਂ ਤੋਂ ਇਸ ਦਾ ਅੰਦਾਜਾ 1781-1801 ਈ. ਲਗਾਇਆ ਜਾ ਸਕਦਾ ਹੈ। ਇਹ ਵਡ-ਅਕਾਰੀ ਗ੍ਰੰਥ ਦੇ 1860 ਪਤਰੇ ਹਨ ਅਤੇ ਇਹ 20 ਖੰਡਾਂ ਵਿਚ ਵੰਡਿਆ ਹੋਇਆ ਹੈ- 1. ਮੰਗਲ ਖੰਡ 2. ਬ੍ਰਹਮ ਖੰਡ 3. ਨਾਨਕ ਬਿਲਾਸ ਖੰਡ 4. ਧਰਮ ਉਦਯੋਗ ਖੰਡ 5. ਬਿਬਾਹ ਖੰਡ 6. ਉਦਾਸੀ ਖੰਡ 7. ਪ੍ਰਤਾਪ ਖੰਡ 8. ਖਡੂਰੀ ਖੰਡ 9. ਮਦੀਨਾ ਮਕੇਸਰ ਖੰਡ 10. ਸੁਮੇਰ ਖੰਡ 11. ਰਾਮੇਸਰ ਖੰਡ 12. ਗਿਆਨ ਖੰਡ 13. ਨਾਨਕ ਮਤਾ ਖੰਡ 14. ਪਲਖਦੀਪ ਖੰਡ 15. ਸਿੰਗਲਾਦੀਪ ਖੰਡ 16. ਮੁਲਤਾਨ ਖੰਡ 17. ਬਰਨ ਖੰਡ 18. ਤਿਲਗੰਜੀਦੇਵ ਖੰਡ 19. ਕਸ਼ਮੀਰ ਖੰਡ 20. ਕਰਤਾਰਪੁਰ ਖੰਡ।

ਕਵੀ ਸੰਤਰੇਣ ਜਿਥੇ ਕਾਵਿ-ਸ਼ਾਸਤਰ ਦਾ ਗੂੜ੍ਹ ਗਿਆਤਾ ਹੈ ਉਸ ਦੇ ਨਾਲ ਇਤਿਹਾਸਕਾਰ ਵੀ ਹੈ। ਚਰਚਿਤ ਕ੍ਰਿਤੀ ਲਈ ਕਵੀ ਨੇ ਜਿਨ੍ਹਾਂ ਗ੍ਰੰਥਾਂ ਨੂੰ ਆਧਾਰ ਬਣਾਇਆ ਹੈ, ਉਨ੍ਹਾਂ ਦੀਆਂ ਕੜੀਆਂ ਭਾਰਤ ਦੇ ਇਤਿਹਾਸ ਨਾਲ ਜੁੜੀਆਂ ਹੋਈਆਂ ਹਨ। ਕਵੀ ਨੇ ਆਪਣੇ ਸਮੇਂ ਵਿਚ ਉਪਲਬਧ ਇਤਿਹਾਸਿਕ/ਪੌਰਾਣਿਕ ਸ੍ਰੋਤਾਂ ਦਾ ਉਪਯੋਗ ਕੀਤਾ ਹੈ, ਜਿਨ੍ਹਾਂ ਦਾ ਖੇਤ੍ਰ, ਵੇਦ, ਪੁਰਾਣ, ਰਾਮਾਇਣ, ਮਹਾਂਭਾਰਤ ਆਦਿ ਆਰੀਆ ਗ੍ਰੰਥਾਂ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ, ਸ੍ਰੀ ਦਸਮ ਗ੍ਰੰਥ ਅਤੇ ਹੋਰ ਸਿਖ ਸਾਹਿਤ ਨਾਲ ਜੁੜ ਜਾਂਦਾ ਹੈ।

ਅਸੀਂ ਸਭ ਤੋਂ ਪਹਿਲਾਂ ਸੰਤਰੇਣ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖਿਪਤ ਚਰਚਾ ਕੀਤੀ ਹੈ। ਜੇਕਰ ਸਮੁਚੇ ਰੂਪ ਵਿਚ ਦੇਖਿਆ ਜਾਵੇ ਤਾਂ ਕਵੀ ਸੰਤਰੇਣ ਦੇ ਜੀਵਨ ਕਾਲ ਦੌਰਾਨ ਪਰਸਥਿਤੀਆਂ ਵਿਚ ਕਾਫੀ ਉਤਰਾਅ ਚੜ੍ਹਾਅ ਆਏ, ਇਹੋ ਜਿਹੇ ਨਾਜ਼ੁਕ ਹਾਲਾਤ ਵੀ ਆਏ ਕਿ ਸਾਹਿਤ ਦੀ ਸਿਰਜਨਾ ਕਰਨਾ ਕਾਫੀ ਜਟਿਲ ਕਾਰਜ ਸੀ, ਪਰ ਸੰਤਰੇਣ ਨੇ ਆਪਣੇ ਦ੍ਰਿੜ ਇਰਾਦੇ ਨਾਲ ਆਪਣੀਆਂ ਰਚਨਾਵਾਂ ਨੂੰ ਬਹੁਤ ਹੀ ਖੂਬਸੂਰਤੀ ਨਾਲ ਨੇਪਰੇ ਚਾੜ੍ਹਿਆ ਹੈ। ਕਵੀ ਦੀਆਂ ਰਚਨਾਵਾਂ ਨਾਲ ਸੰਬੰਧਿਤ ਸਰਵੇਖਣ ਵਿਚ ਅਸੀਂ ਦੇਖਿਆ ਕਿ ਕੁਝ ਕੁ ਹੀ ਪੁਸਤਕਾਂ ਕਵੀ ਦੀਆਂ ਰਚਨਾਵਾਂ ਨਾਲ ਸੰਬੰਧਿਤ ਹਨ, ਜਿਨ੍ਹਾਂ ਵਿਚ ਮਾਤਰ ਇਨ੍ਹਾਂ ਦੀ ਸੰਖਿਪਤ ਵਿਚਾਰ ਹੀ ਕੀਤੀ ਗਈ ਹੈ। ਕਵੀ ਉਦਾਸੀ ਸਾਧੂ ਸੀ, ਇਸ ਲਈ ਉਸ ਦੀ ਚੇਲਾ ਪਧਤੀ ਸ੍ਰੀ ਚੰਦ ਤੋਂ ਸ਼ੁਰੂ ਹੁੰਦੀ ਹੈ। ਵਖ–ਵਖ ਪੁਸਤਕਾਂ ਵਿਚ ਇਸ ਚੇਲਾ ਪਧਤੀ ਬਾਰੇ ਵਖਰੇਵਾਂ ਦੇਖਣ ਨੂੰ ਮਿਲਦਾ ਹੈ। ਸੋ ਖੋਜ-ਕਾਰਜ ਸਮੇਂ ਇਹ ਯਤਨ ਕੀਤਾ ਗਿਆ ਹੈ ਕਿ ਇਹ ਚੇਲਾ ਪਧਤੀ ਸਹੀ ਸਾਹਮਣੇ ਲਿਆਂਦੀ ਜਾਵੇ। ਇਸ ਸਾਰੇ ਖੋਜ-ਕਾਰਜ ਤੋਂ ਕਿਹਾ ਜਾ ਸਕਦਾ ਹੈ ਕਿ ਸੰਤਰੇਣ ਦੁਆਰਾ ਲਿਖੇ ਗਏ ਇਸ ਗ੍ਰੰਥ ਦਾ ਮਨੋਰਥ ਗੁਰੂ ਨਾਨਕ ਦੇਵ ਜੀ ਦੀ ਮਹਿਮਾ-ਮੰਡਿਤ ਕਰਨ ਲਈ ਜ਼ਿਆਦਾ ਹੈ, ਜਿਸ ਕਾਰਨ ਕਵੀ ਨੇ ਗੁਰੂ ਨਾਨਕ ਦੇਵ ਜੀ ਨੂੰ ਇਕ ਚਮਤਕਾਰੀ, ਅਵਤਾਰੀ, ਸਰਬ-ਸਮਰਥ ਦਸਿਆ ਹੈ। ਮਹਿਮਾ-ਮੰਡਿਤ ਕਰਨ ਲਈ ਹੀ ਗੁਰੂ ਨਾਨਕ ਦੇਵ ਜੀ ਦੇ ਸਾਥੀਆਂ, ਇਸਤਰੀਆਂ, ਪੁਰਸ਼ਾਂ, ਵਸਤਾਂ ਇਤਿਆਦਿਕ ਨੂੰ ਵੀ ਅਵਤਾਰ ਹੀ ਦਰਸਾਇਆ ਹੈ ਅਤੇ ਗੁਰੂ ਜੀ ਨੂੰ ਸਰਵੋਤਮ ਦਰਸਾਉਣ ਲਈ ਸਾਰੇ ਦੇਵੀ-ਦੇਵਤਿਆਂ ਨੂੰ ਨਮਸਕਾਰ ਕਰਦੇ ਦਸਿਆ ਹੈ। ਇਸ ਦਾ ਕਾਰਨ ਉਸ ਸਮੇਂ ਦੀ ਲਿਖਣ-ਸ਼ੈਲੀ ਅਤੇ ਅਧਾਰ ਸ੍ਰੋਤ ਹਨ। ਕਵੀ ਨੇ ਜਿਥੇ ਉਪਦੇਸ਼ਾਤਮਕ ਪ੍ਰਵਿਰਤੀ ਰਖੀ ਹੈ, ਉਸ ਦੇ ਨਾਲ ਗੁਰਮਤਿ ਦੇ ਸਿਧਾਤਾਂ ਦੀ ਪ੍ਰੋੜਤਾ ਕਰਨ ਦਾ ਵੀ ਯਤਨ ਕੀਤਾ ਹੈ।

ਭਾਵੇਂ ਕਿ ਵਿਦਵਾਨਾਂ ਨੇ ਇਸ ਗ੍ਰੰਥ ਦੀ ਸ਼ੈਲੀ ਅਤੇ ਅਵਤਾਰਵਾਦੀ ਧਾਰਨਾ ਕਰਕੇ ਇਸ ਦੀ ਇਤਿਹਾਸਕਤਾ ਮਧਮ ਪੈਂਦੀ ਦਸੀ ਹੈ, ਪਰ ਕਵੀ ਦਾ ਮਨੋਰਥ ਗੁਰੂ ਜੀ ਨੂੰ ਸਰਵੋਤਮ ਦਰਸਾਉਣਾ ਸੀ, ਜਿਸ ਕਰਕੇ ਹੀ ਉਸ ਦੀ ਸ਼ੈਲੀ ਅਵਤਾਰਵਾਦੀ ਹੈ। ਸਾਰੀ ਚਰਚਾ ਤੋਂ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਗੁਰੂ ਨਾਨਕ ਦੇਵ ਜੀ ਦਾ ਇਤਿਹਾਸ ਜਨਮਸਾਖੀ ਸਾਹਿਤ ਦੀ ਸ਼ੈਲੀ ਵਾਂਗ ਹੀ ਲਿਖਣ ਦਾ ਯਤਨ ਕੀਤਾ ਹੈ। ਪਰ ਕਵੀ ਦੇ ਦਿਤੇ ਬਿਰਤਾਂਤ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਚਰਚਿਤ ਕ੍ਰਿਤੀ ਵਿਚ ਅੰਕਿਤ ਸਥਾਨਾਂ ਉਪਰ ਉਹ ਆਪ ਗਿਆ ਹੋਵਗਾ। ਜਿਸ ਕਰਕੇ ਹੀ ਵਿਸਥਾਰ ਨਾਲ ਉਸ ਨੇ ਉਥੋਂ ਦਾ ਸਫਲ ਚਿਤਰਣ

ਕੀਤਾ ਹੈ। ਜਿਥੇ ਇਸ ਗ੍ਰੰਥ ਵਿਚ ਅਨੇਕਾਂ ਹੀ ਮਿਥਿਹਾਸਕ/ਕਾਲਪਨਿਕ ਪ੍ਰਸੰਗ ਅੰਕਿਤ ਕੀਤੇ ਗਏ ਹਨ। ਚਰਚਿਤ ਕ੍ਰਿਤੀ ਦਾ ਅਸੀਂ ਵਖ-ਵਖ ਦ੍ਰਿਸ਼ਟੀਕੋਣਾਂ- ਦਾਰਸ਼ਨਿਕ, ਇਤਿਹਾਸਕ ਅਤੇ ਮਿਥਿਹਾਸਕ ਤੋਂ ਅਧਿਐਨ ਕੀਤਾ ਹੈ।

ਜੇਕਰ ਸਮੁਚੇ ਰੂਪ ਵਿਚ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਕਵੀ ਨੇ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਨੂੰ ਹੀ ਦਰਸਾਇਆ ਹੈ। ਪਰਮਾਤਮਾ ਹੀ ਸ੍ਰਿਸ਼ਟੀ ਦਾ ਸਿਰਜਕ ਹੈ ਅਤੇ ਪਾਲਕ ਹੈ। ਸ੍ਰਿਸ਼ਟੀ ਵਿਚ ਘਟਿਤ ਸਾਰੀਆਂ ਹੀ ਘਟਨਾਵਾਂ ਪਰਮਾਤਮਾ ਦੇ ਅਧੀਨ ਹੀ ਹੋ ਰਹੀਆਂ ਹਨ।

ਕਵੀ ਦੁਆਰਾ ਕੁਝ ਕੁ ਨਵੇਂ ਇਤਿਹਾਸਕ ਤਥ ਵੀ ਪ੍ਰਤੀਪਾਦਿਤ ਕੀਤੇ ਗਏ ਹਨ। ਕਿਤੇ-ਕਿਤੇ ਇੰਞ ਭਾਸਦਾ ਹੈ ਕਿ ਕਵੀ ਨੇ ਇੰਨ-ਬਿੰਨ ਹੀ ਅਧਾਰ ਸ੍ਰੋਤ ਤੋਂ ਪ੍ਰਸੰਗਾਂ ਦੀ ਤਰਤੀਬ ਦਿਤੀ ਹੈ ਅਤੇ ਕਿਤੇ-ਕਿਤੇ ਲੋੜ ਅਨੁਸਾਰ ਉਨ੍ਹਾਂ ਵਿਚ ਬਦਲਾਅ ਵੀ ਕੀਤੇ ਹਨ। ਇਸ ਤਰ੍ਹਾਂ ਕਵੀ ਦੁਆਰਾ ਨਵੇਂ ਪ੍ਰਸੰਗ ਜੋ ਕਿ ਹੋਰ ਸਮਕਾਲੀ ਸ੍ਰੋਤਾਂ ਵਿਚ ਦਰਜ ਨਹੀਂ ਹਨ, ਨੂੰ ਅੰਕਿਤ ਕਰਕੇ ਗੁਰੂ ਜੀ ਦੀ ਸਖਸ਼ੀਅਤ ਨੂੰ ਹੋਰ ਚੰਗੀ ਤਰ੍ਹਾਂ ਸਪਸ਼ਟ ਰੂਪ ਵਿਚ ਵਿਅਕਤ ਕਰਨ ਦਾ ਸਫਲ ਯਤਨ ਹੈ। ਭਾਵੇਂ ਕਵੀ ਦੀ ਲਿਖਣ ਸ਼ੈਲੀ ਆਧੁਨਿਕ ਇਤਿਹਾਸ ਵਾਂਗ ਤਥਾਂ ਉਪਰ ਅਧਾਰਿਤ ਨਹੀਂ, ਇਸ ਵਿਚ ਅਨੇਕਾਂ ਹੀ ਮਿਥਿਹਾਸਕ ਪ੍ਰਸੰਗ ਅੰਕਿਤ ਕੀਤੇ ਹਨ, ਪਰ ਫਿਰ ਵੀ ਇਸ ਵਿਚ ਪ੍ਰਤੀਪਾਦਿਤ ਇਤਿਹਾਸਕ ਤਥਾਂ ਦੀ ਹੋਂਦ ਇਸ ਦੀ ਮਹਤਾ ਨੂੰ ਵਧਾਉਂਦੀ ਹੈ ਅਤੇ ਮਹਤਵਪੂਰਨ ਇਤਿਹਾਸਿਕ ਸ੍ਰੋਤਾਂ ਦੀ ਕਤਾਰ ਵਿਚ ਮੋਹਰੀ ਸਥਾਨ ਉਪਰ ਖੜ੍ਹਾ ਵੀ ਕਰਦੀ ਹੈ।

ਇਤਿਹਾਸਕ ਦ੍ਰਿਸ਼ਟੀਕੋਣ ਤੋਂ ਅਸੀਂ ਕਹਿ ਸਕਦੇ ਹਾਂ ਕਿ ਕਵੀ ਨੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਨਵੀਆਂ ਘਟਨਾਵਾਂ ਜੋ ਕਿਸੇ ਹੋਰ ਸ੍ਰੋਤਾਂ ਵਿਚ ਦਰਜ ਨਹੀਂ ਸਨ, ਨੂੰ ਅੰਕਿਤ ਕਰਕੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਨੂੰ ਲਿਖਤੀ ਰੂਪ ਦੇਣ ਦਾ ਯਤਨ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀਆਂ ਗਈਆਂ ਉਦਾਸੀਆਂ ਦੀ ਤਰਤੀਬ ਨੂੰ ਦੂਜੇ ਇਤਿਹਾਸਕ ਸ੍ਰੋਤਾਂ ਨਾਲ ਤੁਲਨਾ ਕਰਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਕਵੀ ਨੇ ਦੂਜੇ ਇਤਿਹਾਸਕ ਸ੍ਰੋਤਾਂ ਤੋਂ ਗੁਰੂ ਜੀ ਦੀਆਂ ਉਦਾਸੀਆਂ ਦਾ ਕੁਝ ਕੁ ਵਖਰੇਵਾਂ ਦਿਤਾ ਹੈ, ਜਿਸ ਨਾਲ ਕੁਝ ਨਵੀਆਂ ਸੰਭਾਵਨਾਵਾਂ ਉਪਜਦੀਆਂ ਹਨ। ਇਸ ਦੇ ਇਤਿਹਾਸਿਕ ਵਿਸ਼ਲੇਸ਼ਣ ਤੋਂ ਅਸੀਂ ਕਹਿ ਸਕਦੇ ਹਾਂ ਕਿ ਇਸ ਗ੍ਰੰਥ ਵਿਚ ਮਿਥਿਹਾਸ ਮਾਤਰ ਗੁਰੂ ਨਾਨਕ ਦੇਵ ਜੀ ਦੀ ਸਖਸ਼ੀਅਤ ਨੂੰ ਮਹਿਮਾ-ਮੰਡਿਤ ਕਰਨ ਹਿਤ ਅੰਕਿਤ ਕੀਤਾ ਹੈ। ਜਿਸ ਨਾਲ ਇਸ ਵਿਚ ਪ੍ਰਤੀਪਾਦਿਤ ਇਤਿਹਾਸਿਕ ਤਥਾਂ ਨੂੰ ਅਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਲਈ ਅਸੀਂ ਕਹਿ

ਸਕਦੇ ਹਾਂ ਕਿ ਇਸ ਗ੍ਰੰਥ ਦੀ ਮਹਤਾ ਵੀ ਬਾਕੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਇਤਿਹਾਸਕ ਸ੍ਰੋਤਾਂ ਜਿਤਨੀ ਹੀ ਹੈ।

ਮਿਥਿਹਾਸਕ ਦ੍ਰਿਸ਼ਟੀਕੋਣ ਤੋਂ ਜੇਕਰ ਗੱਲ ਕੀਤੀ ਜਾਵੇ ਤਾਂ ਅਸੀਂ ਦੇਖਦੇ ਹਾਂ ਕਿ ਇਸ ਗ੍ਰੰਥ ਵਿਚ ਮਿਥਿਹਾਸਕ ਹਵਾਲਿਆਂ ਦੀ ਭਰਮਾਰ ਹੈ। ਪਰ ਇਸ ਦਾ ਕਾਰਨ ਗੁਰੂ ਨਾਨਕ ਦੇਵ ਜੀ ਨੂੰ ਸਰਵੁਚ ਦਰਸਾਉਣਾ ਹੀ ਜਾਪਦਾ ਹੈ। ਇਸ ਗ੍ਰੰਥ ਵਿਚ ਅਨੇਕਾਂ ਹੀ ਮਿਥਿਹਾਸਕ ਸ਼ਖਸੀਅਤਾਂ, ਸਥਾਨਾਂ, ਕਥਾਵਾਂ, ਮਨੌਤਾਂ ਅੰਕਿਤ ਕੀਤੀਆਂ ਗਈਆਂ ਹਨ, ਜਿਸ ਤੋਂ ਕਿਤੇ-ਕਿਤੇ ਇੰਞ ਭਾਸਦਾ ਹੈ ਕਿ ਕਵੀ ਆਪਣੇ ਵਿਸ਼ੇ ਤੋਂ ਭਟਕ ਗਿਆ ਹੈ, ਪਰ ਕਵੀ ਨੇ ਉਸ ਦਾ ਸੰਬੰਧ ਚਲੰਤ ਪ੍ਰਸੰਗ ਨਾਲ ਜੋੜ ਕੇ ਉਸ ਦੀ ਰੰਚਕਤਾ ਬਣਾਈ ਰਖੀ ਹੈ। ਕਵੀ ਨੇ ਕਾਲਪਨਿਕ ਪ੍ਰਸੰਗਾਂ ਰਾਹੀਂ ਚਲਦੇ ਪ੍ਰਸੰਗ ਦਾ ਚਿਤਰਣ ਕਰਨ ਦਾ ਵੀ ਯਤਨ ਕੀਤਾ ਹੈ, ਜਿਸ ਵਿਚ ਕਵੀ ਨੇ ਕਈ ਵਾਰ ਇਤਨੀ ਜ਼ਿਆਦਾ ਕਲਪਨਾ ਕਰ ਲਈ ਜਾਪਦੀ ਹੈ, ਲਗਦਾ ਹੈ ਕਿ ਉਹ ਕਿਸੇ ਦੁਨਿਆਵੀ ਰਾਜੇ ਜਾਂ ਬਾਦਸ਼ਾਹ ਦਾ ਪ੍ਰਸੰਗ ਲਿਖ ਰਿਹਾ ਹੋਵੇ। ਪਰ ਇਨ੍ਹਾਂ ਦ੍ਰਿਸ਼ਟੀਕੋਣਾਂ - ਦਾਰਸ਼ਨਿਕ, ਮਿਥਿਹਾਸਕ ਅਤੇ ਇਤਿਹਾਸਕ ਦਾ ਅਧਿਐਨ ਕਰਨ ਤੋਂ ਬਾਅਦ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਸਾਰੇ ਹੀ ਦ੍ਰਿਸ਼ਟੀਕੋਣ ਗੁਰਮਤਿ ਦੀ ਕਸਵਟੀ ਉਤੇ ਜ਼ਿਆਦਾਤਰ ਖਰੇ ਉਤਰਦੇ ਹੋਣ ਕਰਕੇ, ਸੰਭਾਵਨਾ ਪ੍ਰਗਟ ਹੁੰਦੀ ਹੈ ਕਿ ਇਹ ਗ੍ਰੰਥ ਗੁਰਮਤਿ ਦੇ ਅਨੁਕੂਲ ਹੈ। ਸੰਤਰੇਣ ਇਕ ਉਦਾਸੀ ਸਾਧੂ ਸਨ, ਇਸ ਲਈ ਉਨ੍ਹਾਂ ਦੀ ਇਸ ਕ੍ਰਿਤੀ ਤੋਂ ਉਦਾਸੀਆਂ ਦੀ ਗੁਰੂ ਨਾਨਕ ਦੇਵ ਜੀ ਪ੍ਰਤੀ ਸਾਕਾਰਾਤਮਕ ਪਹੁੰਚ ਸਾਡੇ ਸਾਹਮਣੇ ਆਈ ਹੈ।

ਚਰਚਿਤ ਕ੍ਰਿਤੀ ਵਿਚ ਅਨੇਕਾਂ ਹੀ ਇਤਿਹਾਸਕ/ਮਿਥਿਹਾਸਕ ਨਾਵਾਂ ਅਤੇ ਥਾਵਾਂ ਦਾ ਜ਼ਿਕਰ ਹੋਇਆ ਹੈ। ਸੋ ਖੋਜ-ਕਾਰਜ ਵਿਚ ਇਨ੍ਹਾਂ ਦੀ ਸੂਚੀ ਬਣਾਈ ਗਈ ਹੈ, ਜਿਸ ਵਿਚ ਅਸੀਂ ਦੇਖਦੇ ਹਾਂ ਕਿ ਬਹੁਤ ਸਾਰੇ ਅਜਿਹੇ ਨਾਂ ਅਤੇ ਥਾਂ ਇਸ ਗ੍ਰੰਥ ਵਿਚ ਦਰਜ ਹਨ, ਜੋ ਪਹਿਲਾਂ ਕਿਸੇ ਹੋਰ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਸ੍ਰੋਤਾਂ ਵਿਚ ਨਹੀਂ ਸਨ, ਜਿਵੇਂ ਗੁਰੂ ਜੀ ਦਾ ਵੇਈਂ ਨਦੀ ਵਿਚੋਂ ਬਾਹਰ ਆ ਕੇ ਕਿਸ ਕਾਜ਼ੀ ਨਾਲ ਚਰਚਾ ਹੋਈ, ਇਸ ਦਾ ਜ਼ਿਕਰ ਕਿਸੇ ਵੀ ਸ੍ਰੋਤ ਵਿਚ ਨਹੀਂ ਕੀਤਾ ਗਿਆ, ਪਰ ਕਵੀ ਨੇ ਇਸ ਦਾ ਨਾਮ ਦਸਿਆ ਹੈ।

ਸਾਡੇ ਕੋਲ ਹਥ-ਲਿਖਤ ਗ੍ਰੰਥਾਂ ਦੀ ਵਿਸ਼ਾਲ ਪਰੰਪਰਾ ਹੈ। ਜਿਨ੍ਹਾਂ ਦੇ ਅਧਿਐਨ ਨਾਲ ਹੋਰ ਬਹੁਤ ਸਾਰੀਆਂ ਸੰਭਾਵਨਾਵਾਂ ਪੈਦਾ ਹੋ ਸਕਦੀਆਂ ਹਨ। ਇਨ੍ਹਾਂ ਸਭ ਉਪਰ ਧਿਆਨ ਦੇ ਕੇ ਅਸੀਂ ਆਪਣੇ ਖੋਜ ਕਾਰਜਾਂ ਨੂੰ ਹੋਰ ਬਿਹਤਰ ਬਣਾ ਕੇ ਸਾਡੇ ਸਨਮੁਖ ਆਉਂਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਸਕਦੇ ਹਾਂ।

# Abstract

## Kavi Santrein Krit Guru Nanak Vijay Granth : Ek Adhyan


| | |
|---|---|
| **Researcher's Name** | **: Malkinder Singh** |
| **Supervisor's Name** | **: Dr. Balwinderjit Kaur Bhatti, Proffesor and Head Of The Department, Punjab Historical Studies, Punjabi University, Patiala** |
| **Department** | **: Guru Gobind Singh Department Of Religious Studies** |
| **Faculty** | **: Social Sciences** |
| **Registration Date** | **: 09-05-2013** |
| **Main Words** | **: Guru Nanak Vijay Granth, Philosophy, History, Mythology.** |



The subject of this research work is **Kavi Santrein Krit Guru Nanak Vijay Granth : Ek Adhyan.** The poet was an old Udasi saint. Due to his devotion to Guru Nanak, he composed two compositions related to His life and teachings thats *Guru Nanak Vijay Granth* and *Nanak Bodh*. In addition to the three other writings, he also made his contribution to the literary world by creating miscellaneous works. The research work is classified into four chapters. Chapter first is seeks to understand the poet's life, writings, and the contemporary conditions of that time. The second chapter describes the survey and description. The third chapter is divided into three sections: Philosophical, Historical and Mythological Analysis. In the fourth Chapter compiled a list of the historical/mythological names and places mentioned in the manuscript and finally it is summarized. The summary may be that the poet has tried to shed light on other aspects of Guru Nanak's life by adding many new texts to this manuscript.



Supervisor

Balwinderjit 19/8/19

Dr. Balwinderjit Kaur Bhatti

Proffesor& Head

Department Of Punjab Historical Studies,

Punjabi University, Patiala

Researcher

Malkinder Singh 19/8/19

Malkinder Singh


Scanned by CamScanner

# Abstract

## ਕਵੀ ਸੰਤਰੇਣ ਕ੍ਰਿਤ ਗੁਰੂ ਨਾਨਕ ਵਿਜੈ ਗ੍ਰੰਥ : ਇਕ ਅਧਿਐਨ

ਖੋਜਾਰਥੀ : ਮਲਕਿੰਦਰ ਸਿੰਘ

ਨਿਗਰਾਨ : ਡਾ. ਬਲਵਿੰਦਰਜੀਤ ਕੌਰ ਭੱਟੀ, ਪ੍ਰੋਫ਼ੈਸਰ ਅਤੇ ਮੁਖੀ, ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਵਿਭਾਗ : ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਫ਼ੈਕਲਟੀ : ਸੋਸ਼ਲ ਸਾਇੰਸਜ਼

ਰਜਿਸਟਰੇਸ਼ਨ ਮਿਤੀ : 09-05-2013

ਮੁਖ ਸ਼ਬਦ : ਗੁਰੂ ਨਾਨਕ ਵਿਜੈ ਗ੍ਰੰਥ, ਦਰਸ਼ਨ, ਇਤਿਹਾਸ, ਮਿਥਿਹਾਸ।

ਇਸ ਖੋਜ ਕਾਰਜ ਦਾ ਵਿਸ਼ਾ ਹੈ ਕਵੀ ਸੰਤਰੇਣ ਕ੍ਰਿਤ ਗੁਰੂ ਨਾਨਕ ਵਿਜੈ ਗ੍ਰੰਥ : ਇਕ ਅਧਿਐਨ। ਕਵੀ ਇਕ ਦੀਰਘ ਆਯੂ ਵਾਲਾ ਉਦਾਸੀ ਸਾਧੂ ਸੀ। ਗੁਰੂ ਨਾਨਕ ਦੇਵ ਜੀ ਉਪਰ ਅਨੰਨ ਸ਼ਰਧਾ ਕਾਰਨ ਹੀ ਇਸ ਨੇ ਦੋ ਰਚਾਨਾਵਾਂ *ਗੁਰੂ ਨਾਨਕ ਵਿਜੈ ਗ੍ਰੰਥ ਅਤੇ ਨਾਨਕ ਬੋਧ* ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿਖਿਆਵਾਂ ਨਾਲ ਸੰਬੰਧਿਤ ਰਚੀਆਂ। ਇਸ ਤੋਂ ਬਿਨਾਂ ਹੋਰ ਤਿੰਨ ਮੁਖ ਰਚਨਾਵਾਂ ਦੇ ਨਾਲ-ਨਾਲ ਫੁਟਕਲ ਰਚਨਾਵਾਂ ਰਚ ਕੇ ਸਾਹਿਤਕ ਜਗਤ ਵਿਚ ਅਪਣਾ ਯੋਗਦਾਨ ਪਾਇਆ। ਹਥਲੇ ਖੋਜ ਕਾਰਜ ਨੂੰ ਚਾਰ ਅਧਿਆਵਾਂ ਵਿਚ ਵਰਗੀਕ੍ਰਿਤ ਕੀਤਾ ਗਿਆ ਹੈ। ਪਹਿਲੇ ਅਧਿਆਇ ਵਿਚ ਕਵੀ ਦੇ ਜੀਵਨ, ਰਚਨਾਵਾਂ ਅਤੇ ਉਸ ਸਮੇਂ ਦੇ ਸਮਕਾਲੀ ਹਾਲਾਤਾਂ ਬਾਰੇ ਜਾਣਨ ਦਾ ਯਤਨ ਕੀਤਾ ਗਿਆ ਹੈ। ਦੂਜੇ ਅਧਿਆਇ ਵਿਚ ਸਰਵੇਖਣ ਅਤੇ ਵਿਵਰਣ ਕੀਤਾ ਗਿਆ ਹੈ। ਤੀਜਾ ਅਧਿਆਇ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ: ਦਾਰਸ਼ਨਿਕ, ਇਤਿਹਾਸਕ ਅਤੇ ਮਿਥਿਹਾਸਕ ਵਿਸ਼ਲੇਸ਼ਣ। ਚੌਥੇ ਅਧਿਆਇ ਵਿਚ ਚਰਚਿਤ ਕ੍ਰਿਤੀ ਵਿਚ ਅੰਕਿਤ ਇਤਿਹਾਸਕ/ਮਿਥਿਹਾਸਕ ਨਾਵਾਂ ਅਤੇ ਥਾਵਾਂ ਦੀ ਸੂਚੀ ਤਿਆਰ ਕਰਨ ਦਾ ਯਤਨ ਹੈ ਅਤੇ ਅੰਤ ਵਿਚ ਸਾਰ ਰੂਪ ਵਿਚ ਦਸਿਆ ਹੈ। ਨਿਚੋੜ ਵਜੋਂ ਕਿਹਾ ਜਾ ਸਕਦਾ ਹੈ ਕਿ ਕਵੀ ਦੁਆਰਾ ਇਸ ਗ੍ਰੰਥ ਵਿਚ ਬਹੁਤ ਸਾਰੀਆਂ ਨਵੀਆਂ ਸਾਖੀਆਂ ਅੰਕਿਤ ਕਰਕੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਹੋਰ ਪਹਿਲੂਆਂ ਉਪਰ ਚਾਨਣਾ ਪਾਉਣ ਦਾ ਯਤਨ ਕੀਤਾ ਹੈ।


ਨਿਗਰਾਨ

ਡਾ. ਬਲਵਿੰਦਰਜੀਤ ਕੌਰ ਭੱਟੀ 19/8/19
ਪ੍ਰੋਫ਼ੈਸਰ ਅਤੇ ਮੁਖੀ
ਪੰਜਾਬ ਇਤਿਹਾਸ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ।

ਖੋਜਾਰਥੀ

Malkinder Singh
ਮਲਕਿੰਦਰ ਸਿੰਘ 19/08/19

Scanned by CamScanner

ਮਲਕਿੰਦਰ ਸਿੰਘ ਦੇ ਰਿਸਰਚ ਪੇਪਰ ਹੇਠ ਲਿਖੇ ਪ੍ਰਸੀਡਿੰਗਜ਼ ਅਤੇ ਰਸਾਲਿਆਂ ਵਿਚ ਛਪੇ ਹਨ-

1. ਡਾ. ਬਲਬੀਰ ਸਿੰਘ ਸਾਹਿਤਯ ਕੇਂਦਰ, ਦੇਹਰਾਦੂਨ ਤੋਂ ਤਿਮਾਹੀ ਛਪਦੇ ਪੰਚਵਟੀ ਸੰਦੇਸ਼, ਦੇ Vol. 38 ਦੇ ਅਪ੍ਰੈਲ-ਜੂਨ 2016 ਦੇ ਅਡੀਸ਼ਨ ਵਿੱਚ '**ਕਵੀ ਸੰਤਰੇਣ : ਜੀਵਨ ਤੇ ਰਚਨਾਵਾਂ'** ਵਿਸ਼ੇ ਤੇ ਇਕ ਪੇਪਰ ਪਬਲਿਸ਼ ਹੋ ਚੁੱਕਾ ਹੈ।
2. ਪੰਜਾਬੀ ਯੂਨੀਵਰਿਸਟੀ, ਪਟਿਆਲਾ ਦੁਆਰਾ ਆਯੋਜਿਤ ਪੰਜਾਬ ਹਿਸਟਰੀ ਕਾਨਫਰੰਸ, ਦੇ 47ਵੇਂ ਸ਼ੈਸ਼ਨ ਵਿਚ ਜੋ ਫਰਵਰੀ 27,28-ਮਾਰਚ 1, 2015 ਵਿਚ ਆਯੋਜਿਤ ਕੀਤੀ ਗਈ ਸੀ ਵਿਚ **ਕਵੀ ਸੰਤਰੇਣ ਕ੍ਰਿਤ 'ਗੁਰੂ ਨਾਨਕ ਵਿਜੈ ਗ੍ਰੰਥ' ਦੀ ਆਧੁਨਿਕ ਯੁਗ ਵਿਚ ਪ੍ਰਸੰਗਕਤਾ** ਵਿਸ਼ੇ ਤੇ ਇਕ ਪੇਪਰ ਪਬਲਿਸ਼ ਹੋ ਚੁੱਕਾ ਹੈ।